੧ੴ ਸਤਿਗੁਰ ਪ੍ਰਸਾਦਿ॥

ਸੰਥਜਾ
ਸ੍ਰੀ ਗੁਰੂ ਗ੍ਰੰਥ ਸਾਹਿਬ

[ਪੋਥੀ ਛੇਵੀਂ]

ਜਿਸ ਵਿਚ
ਆਸਾ ਰਾਗ ਦਾ ਅੰਤਲਾ ਅੱਧ
[ਪੰਨਾ ਸ੍ਰੀ ਗੁਰੂ ਗ੍ਰੰਥ ਸਾਹਿਬ ੪੦੭ ਤੋਂ ੪੮੮ ਤੱਕ]
ਦਾ ਅਰਥ, ਵਜਾਖਜਾ ਤੇ ਨਿਰੁਕ੍ਤ ਸ਼ਾਮਲ ਹੈ।

ਸੰਥਯਾ ਦੀ ਸੇਵਾ
ਪਦਮ ਭੂਸ਼ਨ, ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ
ਦੀ ਲੇਖਣੀ ਦੁਆਰਾ ਸਤਿਗੁਰ ਨੇ ਕਰਾਈ।

ਸੰਪਾਦਕ
ਡਾਕਟਰ ਬਲਬੀਰ ਸਿੰਘ ਪੀਐਚ.ਡੀ. (ਲੰਡਨ)

ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ, ਨਵੀਂ ਦਿੱਲੀ

(2)

Santhya Sri Guru Granth Sahib Ji Vol. - VI
Bhai Vir Singh

ਪੰਜਵੀਂ ਐਡੀਸ਼ਨ : ਜਨਵਰੀ 2002

ਪ੍ਰਕਾਸ਼ਕ :
ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ
ਨਵੀਂ ਦਿੱਲੀ

ਪ੍ਰਿੰਟਰ :
ਭਾਈ ਵੀਰ ਸਿੰਘ ਪ੍ਰੈਸ
ਭਾਈ ਵੀਰ ਸਿੰਘ ਮਾਰਗ
ਨਵੀਂ ਦਿੱਲੀ

ਮੁੱਲ : 250/- ਰੁਪਏ

ੴ ਸਤਿਗੁਰ ਪ੍ਰਸਾਦਿ ॥

ਤਤਕਰਾ ਸੰਥਜਾ ਪੋਥੀ ਛੇਵੀਂ

ਰਾਗ ਆਸਾ--ਜਾਰੀ

ਚਉਪਦੇ (ਆਸਾ ਮਹਲਾ ੫ ਘਰੁ ੧੪) ਪੰਨਾ

੧੫੦. ਓਹੁ ਨੇਹੁ ਨਵੇਲਾ ॥ ੨੫੫੧
੧੫੧. ਮਿਲੁ ਰਾਮ ਪਿਆਰੇ ਤੁਮ ਬਿਨੁ ੨੫੫੨
(ਆਸਾ ਮਹਲਾ ੫ ਘਰੁ ੧੫ ਪੜਤਾਲ)
੧੫੨. ਬਿਕਾਰ ਮਾਇਆ ਮਾਦਿ ਸੋਇਓ ੨੫੫੨
੧੫੩. ਬਾਪਾਰਿ ਗੋਵਿੰਦ ਨਾਏ ॥ ੨੫੫੫
੧੫੪. ਕੋਊ ਬਿਖਮ ਗਾਰ ਤੋਰੈ॥ ੨੫੫੬
੧੫੫. ਕਾਮੁ ਕ੍ਰੋਧੁ ਲੋਭੁ ਤਿਆਗੁ ੨੫੫੮
੧੫੬. ਹਰਖ ਸੋਗ ਬੈਰਾਗ ਅਨੰਦੀ ੨੫੫੯
(ਆਸਾ ਮਹਲਾ ੫ ਘਰ ੧੭ ਆਸਾਵਰੀ)
੧੫੭. ਗੋਬਿੰਦ ਗੋਬਿੰਦ ਕਰਿਹਾਂ ॥ ੨੫੬੦
੧੫੮. ਮਨਸਾ ਏਕ ਮਾਨਿ ਹਾਂ ॥ ੨੫੬੩
੧੫੯. ਹਰਿ ਹਰਿ ਹਰਿ ਗੁਨੀ ਹਾਂ ॥ ੨੫੬੪
੧੬੦. ਏਕਾ ਓਟ ਗਹੁ ਹਾਂ ॥ ੨੫੬੬
੧੬੧. ਮਿਲਿ ਹਰਿ ਜਸੁ ਗਾਈਐ ਹਾਂ ॥ ੨੫੬੭
੧੬੨. ਕਾਰਨ ਕਰਨ ਤੂੰ ਹਾਂ ॥ ੨੫੬੮
੧੬੩. ਓਇ ਪਰਦੇਸੀਆ ਹਾਂ ॥ ੨੫੬੯
(ਆਸਾ ਮਹਲਾ ੯)
੧. ਬਿਰਥਾ ਕਹਉ ਕਉਨ ਸਿਉ ੨੫੭੦
(ਆਸਾ ਮਹਲਾ ੧ ਅਸਟਪਦੀਆਂ ਘਰੁ ੨)

ਅਸਟਪਦੀਆ

੧. ਉਤਰਿ ਅਵਘਟਿ ਸਰਵਰਿ ਨ੍ਹਾਵੈ ॥ ੨੫੭੨
੨. ਸਭਿ ਜਪ ਸਭਿ ਤਪ ਸਭ ਚਤੁਰਾਈ ੨੫੮੨
੩. ਲੇਖ ਅਸੰਖ ਲਿਖਿ ਲਿਖਿ ਮਾਨੁ॥ ੨੫੮੬
੪. ਏਕੁ ਮਰੈ ਪੰਚੇ ਮਿਲਿ ਰੋਵਹਿ॥ ੨੫੯੨
੫. ਆਪੁ ਵੀਚਾਰੈ ਸੋ ਪਰਖੈ ਹੀਰਾ॥ ੨੫੯੮
੬. ਗੁਰਮੁਖਿ ਗਿਆਨੁ ਧਿਆਨੁ ਮਨਿ ੨੬੦੩
੭. ਗਾਵਹਿ ਗੀਤੇ ਚੀਤਿ ਅਨੀਤੇ॥ ੨੬੦੫
੮. ਮਨੁ ਮੈਗਲੁ ਸਾਕਤੁ ਦੇਵਾਨਾ॥ ੨੬੦੯
੯. ਤਨੁ ਬਿਨਸੈ ਧਨੁ ਕਾਕੋ ਕਹੀਐ॥ ੨੬੧੫
੧੦. ਗੁਰੁ ਸੇਵੇ ਸੋ ਠਾਕੁਰ ਜਾਨੈ॥ ੨੬੧੯

ਅਸਟਪਦੀਆ ਪੰਨਾ

(ਆਸਾ ਮਹਲਾ ੧ ਅਸਟਪਦੀਆਂ ਘਰੁ ੩)
੧੧. ਜਿਨ ਸਿਰਿ ਸੋਹਨਿ ਪਟੀਆ ੨੬੨੧
੧੨. ਕਹਾ ਸੁ ਖੇਲ ਤਬੇਲਾ ਘੋੜੇ ੨੬੨੫
(ਆਸਾ ਮਹਲਾ ੧, ਅਸ਼ਟਪਦੀਆਂ ਘਰੁ ੮)
੧੩. ਜੈਸੇ ਗੋਇਲਿ ਗੋਇਲੀ ਤੈਸੇ ॥ ੨੬੨੭
੧੪. ਚਾਰੇ ਕੁੰਡਾ ਢੂਢੀਆ ਕੋ ਨੀਮ੍ਹੀ ੨੬੩੧
੧੫. ਮਨਸਾ ਮਨਹਿ ਸਮਾਇਲੇ ਭਉਜਲੁ ੨੬੩੪
੧੬. ਚਲੇ ਚਲਣਹਾਰ ਵਾਟ ਵਟਾਇਆ ੨੬੩੭
੧੭. ਕਿਆ ਜੰਗਲੁ ਢੂਢੀ ਜਾਇ ਮੈ ੨੬੪੦
੧੮. ਜਿਨ੍ਹੀ ਨਾਮੁ ਵਿਸਾਰਿਆ ਦੂਜੈ ੨੬੪੩
੧੯. ਕੂੜੋ ਠਾਕੁਰ ਮਾਹਰੋ ਕੂੜੀ ਗੁਰਬਾਣੀ ੨੬੪੬
੨੦. ਕੇਤਾ ਆਖਣੁ ਆਖੀਐ ਤਾਕੇ ਅੰਤ ੨੬੪੯
੨੧. ਮਨੁ ਰਾਤਉ ਹਰਿ ਨਾਇ ਸਚੁ ੨੬੫੩
੨੨. ਆਵਣ ਜਾਣਾ ਕਿਉ ਰਹੈ ਕਿਉ ੨੬੫੫
(ਆਸਾ ਮਹਲਾ ੩ ਅਸਟਪਦੀਆ ਘਰੁ ੨)
੨੩. ਸਾਸਤੁ ਬੇਦੁ ਸਿੰਮ੍ਰਿਤਿ ਸਰੁ ਤੇਰਾ ੨੬੫੯
੨੪. ਸਤਿਗੁਰ ਹਮਰਾ ਭਰਮੁ ਗਵਾਇਆ ੨੬੬੬
੨੫. ਆਸਾ ਆਸ ਕਰੈ ਸਭੁ ਕੋਈ ੨੬੬੮
(ਆਸਾ ਮਹਲਾ ੩ ਅਸਟਪਦੀਆ ਘਰੁ ੮ ਕਾਫੀ)
੨੬. ਗੁਰ ਤੇ ਸਾਂਤਿ ਊਪਜੈ ਜਿਨਿ ਤ੍ਰਿਸਨਾ ੨੬੭੧
੨੭. ਸੁਣਿ ਮਨ ਮੰਨਿ ਵਸਾਇ ਤੂ ਆਪੇ ੨੬੭੪
੨੮. ਘਰੈ ਅੰਦਰਿ ਸਭੁ ਵਥੁ ਹੈ ਬਾਹਰਿ ੨੬੭੭
੨੯. ਆਪੈ ਆਪੁ ਪਛਾਣਿਆ ਸਾਦੁ ਮੀਠਾ ੨੬੮੨
੩੦. ਦੋਹਾਗਣੀ ਮਹਲੁ ਨ ਪਾਇਨੀ ਨ ੨੬੮੪
੩੧. ਸਚੇ ਰਤੇ ਸੇ ਨਿਰਮਲੇ ਸਦਾ ਸਚੀ ੨੬੮੭
੩੨. ਸਭ ਨਾਵੈ ਨੋ ਲੋਚਦੀ ਜਿਸ ਕ੍ਰਿਪਾ ੨੬੮੯
੩੩. ਸਚਿ ਰਤੀਆ ਸੋਹਾਗਣੀ ਜਿਨਾ ੨੬੯੧
੩੪. ਅੰਮ੍ਰਿਤੁ ਜਿਨਾ ਚਖਾਇਓਨੁ ਰਸੁ ੨੬੯੩
੩੫. ਸਤਗੁਰ ਤੇ ਗੁਣ ਊਪਜੈ ਜਾ ਪ੍ਰਭੁ ੨੬੯੫
੩੬. ਸਬਦੌ ਹੀ ਭਗਤ ਜਾਪਦੇ ਜਿਨ੍ਹ ਕੀ ੨੬੯੮
੩੭. ਅਨ ਰਸ ਮਹਿ ਭੋਲਾਇਆ ਬਿਨੁ ੨੭੦੧

ਅਸਟਪਦੀਆ		ਪੰਨਾ
	{ਆਸਾ ਮਹਲਾ ੫ ਅਸਟਪਦੀਆ ਘਰੁ ੨}	
੩੮.	ਪੰਚ ਮਨਾਏ ਪੰਚ ਰੁਸਾਏ॥	੨੭੦੪
	{ਆਸਾਵਰੀ ਮਹਲਾ ੫ ਘਰੁ ੩}	
੩੯.	ਮੇਰੇ ਮਨ ਹਰਿ ਸਿਉ ਲਾਗੀ ਪ੍ਰੀਤਿ	੨੭੦੮
	{ਆਸਾ ਮਹਲਾ ੫ ਬਿਰਹੜੇ ਘਰੁ ੪ ਛੰਤਾ ਕੀ ਜਤਿ}	
੪੦.	ਪਾਰਬ੍ਰਹਮੁ ਪ੍ਰਭੁ ਸਿਮਰੀਐ ਪਿਆਰੇ	੨੭੧੦
੪੧.	ਜਨਮ ਮਰਣ ਦੁਖੁ ਕਟੀਐ ਪਿਆਰੇ	੨੭੧੨
੪੨.	ਸਭ ਬਿਧਿ ਤੁਮ ਹੀ ਜਾਨਤੇ ਪਿਆਰੇ	੨੭੧੪
ਪਟੀ	{ਆਸਾ ਮਹਲਾ ੧ ਪਟੀ ਲਿਖੀ}	
੧.	ਸਸੈ ਸੋਇ ਸ੍ਰਿਸਟਿ ਜਿਨਿ ਸਾਜੀ	੨੭੧੬
	{ਆਸਾ ਮਹਲਾ ੩ ਪਟੀ}	
੨.	ਅਯੋ ਅੰਙੈ ਸਭੁ ਜਗੁ ਆਇਆ	੨੭੨੨
ਛੰਤ	{ਆਸਾ ਮਹਲਾ ੧ ਛੰਤ ਘਰੁ ੧}	
੧.	ਮੁੰਧ ਜੋਬਨਿ ਬਾਲੜੀਏ ਮੇਰਾ ਪਿਰੁ	੨੭੨੬
੨.	ਅਨਹਦੋ ਅਨਹਦੁ ਵਾਜੈ ਰੁਣਝੁਣ	੨੭੨੯
੩.	ਮੇਰਾ ਮਨੋ ਮੇਰਾ ਮਨੁ ਰਾਤਾ ਰਾਮ	੨੭੩੧
੪.	ਤੂੰ ਸਭਨੀ ਥਾਈ ਜਿਥੈ ਹਉ ਜਾਈ	੨੭੩੩
੫.	ਤੂੰ ਸੁਣਿ ਹਰਣਾ ਕਾਲਿਆ ਕੀ	੨੭੩੫
	{ਆਸਾ ਮਹਲਾ ੩, ਛੰਤ ਘਰੁ ੧}	
੬.	ਹਮ ਘਰੇ ਸਾਚਾ ਸੋਹਿਲਾ ਸਾਚੇ	੨੭੩੮
	{ਆਸਾ ਮਹਲਾ ੩ ਛੰਤ ਘਰੁ ੩}	
੭.	ਸਾਜਨ ਮੇਰੇ ਪ੍ਰੀਤਮਹੁ ਤੁਮ ਸਹ	੨੭੪੧
	{ਆਸਾ ਮਹਲਾ ੪ ਛੰਤ ਘਰੁ ੧}	
੮.	ਜੀਵਨੋ ਮੈ ਜੀਵਨੁ ਪਾਇਆ	੨੭੪੮
੯.	ਝਿਮਿ ਝਿਮੇ ਝਿਮਿ ਝਿਮਿ ਵਰਸੈ	੨੭੫੨
	{ਆਸਾ ਮਹਲਾ ੪ ਛੰਤ ਘਰੁ ੨}	
੧੦.	ਹਰਿ ਹਰਿ ਕਰਤਾ ਦੂਖ ਬਿਨਾਸਨੁ	੨੭੬੧
੧੧.	ਸਤਜੁਗਿ ਸਭੁ ਸੰਤੋਖ ਸਰੀਰਾ	੨੭੬੩
੧੨.	ਹਰਿ ਕੀਰਤਿ ਮਨਿ ਭਾਈ ਪਰਮ	੨੭੬੬
੧੩.	ਮਨਿ ਨਾਮੁ ਜਪਾਨਾ ਹਰਿਹਰਿ ਮਨਿ	੨੭੬੯
੧੪.	ਵਡਾ ਮੇਰਾ ਗੋਵਿੰਦੁ ਅਗਮ ਅਗੋਚਰ	੨੭੭੨
	{ ਆਸਾ ਮਹਲਾ ੪ ਛੰਤ ਘਰੁ ੪}	
੧੫.	ਹਰਿ ਅੰਮ੍ਰਿਤ ਭਿ ਨੇ ਲੋਇਣਾ ਮਨੁ	੨੭੭੫
੧੬.	ਗੁਰਮੁਖਿ ਢੂੰਢਿ ਢੂਢੇਦਿਆ ਹਰਿ	੨੭੭੮
੧੭.	ਹਰਿ ਅੰਮ੍ਰਿਤ ਭਗਤਿ ਭੰਡਾਰ ਹੈ	੨੭੮੧
੧੮.	ਜਿਨ੍ ਮਸਤਕਿ ਧੁਰਿ ਹਰਿ ਲਿਖਿਆ	੨੭੮੨
੧੯.	ਜਿਨ ਅੰਤਰਿ ਹਰਿ ਹਰਿ ਪ੍ਰੀਤਿ ਹੈ	੨੭੮੪
੨੦.	ਜਿਨ੍ਾ ਭੇਟਿਆ ਮੇਰਾ ਪੂਰਾ ਸਤਿਗੁਰੂ	੨੭੮੮

ਛੰਤ		ਪੰਨਾ
	{ਆਸਾ ਮਹਲਾ ੪ ਛੰਤ ਘਰੁ ੫}	
੨੧.	ਮੇਰੇ ਮਨ ਪਰਦੇਸੀ ਵੇ ਪਿਆਰੇ	੨੭੯੧
	{ਆਸਾ ਮਹਲਾ ੫ ਛੰਤ ਘਰੁ ੧}	
੨੨.	ਅਨਦੋ ਅਨਦੁ ਘਣਾ ਮੈ ਸੋ ਪ੍ਰਭੁ	੨੭੯੩
੨੩.	ਅਕਥਾ ਹਰਿ ਅਕਥ ਕਥਾ ਕਿਛੁ	੨੭੯੬
	{ਆਸਾ ਮਹਲਾ ੫ ਛੰਤ ਘਰੁ ੪}	
੨੪.	ਹਰਿ ਚਰਨ ਕਮਲ ਮਨੁ ਬੇਧਿਆ	੨੭੯੯
	{ਆਸਾ ਮਹਲਾ ੫ ਛੰਤ ਘਰੁ ੬}	
੨੫.	ਜਲ ਦੁਧ ਨਿਆਈ ਰੀਤਿ ਅਬ	੨੮੦੧
੨੬.	ਜਾ ਕਉ ਖੋਜਹਿ ਅਸੰਖ ਮੁਨੀ ਅਨੇਕ	੨੮੦੫
੨੭.	ਉਦਮੁ ਕਰਹੁ ਵਡਭਾਗੀਹੋ ਸਿਮਰਹੁ	੨੮੦੭
੨੮.	ਥਿਰੁ ਸੰਤਨ ਸੋਹਾਗੁ ਮਰੈ ਨ ਜਾਵਏ	੨੮੧੦
੨੯.	ਮਿਲਉ ਸੰਤਨ ਕੈ ਸੰਗਿ ਮੋਹਿ	੨੮੧੨
੩੦.	ਪੁਰਖ ਪਤੇ ਭਗਵਾਨ ਤਾਕੀ ਸਰਣਿ	੨੮੧੫
	{ਆਸਾ ਮਹਲਾ ੫ ਛੰਤ ਘਰੁ ੭}	
੩੧.	ਭਿੰਨੀ ਰੈਨੜੀਐ ਚਾਮਕਨਿ ਤਾਰੇ	੨੮੧੭
੩੨.	ਉਠਿ ਵੰਞੁ ਵਟਾਊੜਿਆ ਤੈ ਕਿਆ	੨੮੧੯
੩੩.	ਵੰਞੁ ਮੇਰੇ ਆਲਸਾ ਹਰਿ ਪਾਸਿ	੨੮੨੨
੩੪.	ਦਿਨੁ ਰਾਤਿ ਕਮਾਇਅੜੋ ਸੋ ਆਇਓ	੨੮੨੫
	{ਆਸਾ ਮਹਲਾ ੫ ਛੰਤ ਘਰੁ ੮}	
੩੫.	ਕਮਲਾ ਭ੍ਰਮ ਭੀਤਿ ਕਮਲਾ ਭ੍ਰਮ	੨੮੨੭
ਆਸਾ ਮਹਲਾ ੧ ਵਾਰ ਸਲੋਕਾ ਨਾਲਿ		੨੮੩੩
ਸ਼ਬਦ		
	{ਆਸਾ ਕਬੀਰ ਜੀਉ}	
੧.	ਗੁਰ ਚਰਣ ਲਾਗਿ ਹਮ ਬਿਨਵਤਾ	੨੯੩੫
੨.	ਗਜ ਸਾਢੇ ਤੈ ਤੈ ਧੋਤੀਆ	੨੯੩੮
੩.	ਬਾਪਿ ਦਿਲਾਸਾ ਮੇਰੋ ਕੀਨ੍ਾ	੨੯੪੨
੪.	ਇਕਤੁ ਪਤਰਿ ਭਰਿ ਉਰਕਟਕੁਰਕਟ	੨੯੪੪
੫.	ਜੋਗੀ ਜਤੀ ਤਪੀ ਸੰਨਿਆਸੀ	੨੯੪੭
੬.	ਫੀਲੁ ਰਬਾਬੀ ਬਲਦੁ ਪਖਾਵਜ	੨੯੪੯
੭.	ਬਟੂਆ ਏਕੁ ਬਹਤਰਿ ਆਧਾਰੀ	੨੯੫੮
੮.	ਹਿੰਦੂ ਤੁਰਕ ਕਹਾ ਤੇ ਆਏ	੨੯੬੧
੯.	ਜਬ ਲਗੁ ਤੇਲੁ ਦੀਵੇ ਮੁਖਿ ਬਾਤੀ	੨੯੬੪
੧੦.	ਸਨਕ ਸਨ ਦ ਅੰਤੁ ਨਹੀ ਪਾਇਆ	੨੯੬੬
੧੧.	ਬਾਤੀ ਸੂਕੀ ਤੇਲੁ ਨਿਖੂਟਾ	੨੯੬੭
੧੨.	ਸੁਤੁ ਅਪਰਾਧ ਕਰਤ ਹੈ ਜੇਤੇ	੨੯੬੯
੧੩.	ਹਜ ਹਮਾਰੀ ਗੋਮਤੀ ਤੀਰ	੨੯੭੦
੧੪.	ਪਾਤੀ ਤੋਰੈ ਮਾਲਿਨੀ ਪਾਤੀ ਪਾਤੀ	੨੯੭੫

ਸ਼ਬਦ		ਪੰਨਾ
੧੫.	ਬਾਰਹ ਬਰਸ ਬਾਲਪਨ ਬੀਤੇ	੨੯੭੮
੧੬.	ਕਾਹੂ ਦੀਨ੍ਹੇ ਪਾਟ ਪਟੰਬਰ	੨੯੮੦
੧੭.	ਹਮ ਮਸਕੀਨ ਖੁਦਾਈ ਬੰਦੇ	੨੯੮੩
੧੮.	ਗਗਨ ਨਗਰਿ ਇਕ ਬੂ ਦ ਨ ਬਰਖੈ	੨੯੮੬
੧੯.	ਸਰਪਨੀ ਤੇ ਊਪਰਿ ਨਹੀ ਬਲੀਆ	੨੯੯੦
੨੦.	ਕਹਾ ਸੁਆਨ ਕਉ ਸਿੰਮ੍ਰਿਤਿ	੨੯੯੪
੨੧.	ਲ ਕਾ ਸਾ ਕੋਟੁ ਸਮੁੰਦ ਸੀ ਖਾਈ	੨੯੯੫
੨੨.	ਪਹਿਲਾ ਪੂਤੁ ਪਿਛੈਰੀ ਮਾਈ	੨੯੯੭
੨੩.	ਬਿੰਦੁ ਤੇ ਜਿਨਿ ਪਿੰਡੁ ਕੀਆ	੩੦੦੭
੨੪.	ਤਨੁ ਰੈਨੀ ਮਨੁ ਪੁਨ ਰਪਿ ਕਰਿਹਉ	੩੦੦੩
੨੫.	ਸਾਸੁ ਕੀ ਦੁਖੀ ਸਸੁਰ ਕੀ	੩੦੦੬
੨੬.	ਹਮ ਘਰਿ ਸੂਤੁ ਤਨਹਿ ਨਿਤ	੩੦੧੦
੨੭.	ਜਗਿ ਜੀਵਨੁ ਐਸਾ ਸੁਪਨੇ ਜੈਸਾ	੩੦੧੨
੨੮.	ਜਉ ਮੈ ਰੂਪ ਕੀਏ ਬਹੁਤੇਰੇ	੩੦੧੩
੨੯.	ਰੋਜਾ ਧਰੈ ਮਨਾਵੈ ਅਲਹੁ	੩੦੧੫
੩੦.	ਕੀਓ ਸਿੰਗਾਰੁ ਮਿਲਨ ਕੇ ਤਾਈ	੩੦੧੭
੩੧.	ਹੀਰੈ ਹੀਰਾ ਬੇਧਿ ਪਵਨ ਮਨੁ	੩੦੧੯
੩੨.	ਪਹਿਲੀ ਕਰੂਪਿ ਕੁਜਾਤਿ ਕੁਲਖਨੀ	੩੦੨੩
੩੩.	ਮੇਰੀ ਬਹੁਰੀਆ ਕੋ ਧਨੀਆ ਨਾਉ	੩੦੨੬
੩੪.	ਰਹੁ ਰਹੁ ਰੀ ਬਹੁਰੀਆ ਘੂ ਘਟੁ	੩੦੨੭
੩੫.	ਕਰਵਤੁ ਭਲਾ ਨ ਕਰਵਟ ਤੇਰੀ	੩੦੩੦

ਸ਼ਬਦ		ਪੰਨਾ
੩੬.	ਕੋਰੀ ਕੋ ਕਾਹੂ ਮਰਮੁ ਨ ਜਾਨਾ	੩੦੩੮
੩੭.	ਅੰਤਰਿ ਮੈਲੁ ਜੇ ਤੀਰਥ ਨਾਵੈ	੩੦੪੧
	(ਆਸਾ ਨਾਮਦੇਉ ਜੀ)	
੧.	ਏਕ ਅਨੇਕ ਬਿਆਪਕ ਪੂਰਕ	੩੦੪੩
੨.	ਆਨੀਲੇ ਕੁੰਭ ਭਰਾਈਲੇ ਊਦਕ	੩੦੪੬
੩.	ਮਨੁ ਮੇਰੋ ਗਜੁ ਜਿਹਬਾ ਮੇਰੀ	੩੦੪੭
੪.	ਸਾਪੁ ਕੁੰਚ ਛੋਡੈ ਬਿਖੁ ਨਹੀ ਛਾਡੈ	੩੦੪੯
੫.	ਪਾਰਬ੍ਰਹਮੁ ਜਿ ਚੀਨ੍ਹਸੀ ਆਸਾ ਤੇ	੩੦੫੧
	(ਆਸਾ ਰਵਿਦਾਸ ਜੀਉ)	
੧.	ਮ੍ਰਿਗ ਮੀਨ ਭ੍ਰਿੰਗ ਪਤੰਗ ਕੁ ਚਰ	੩੦੫੩
੨.	ਸੰਤ ਤੁਝੀ ਤਨੁ ਸੰਗਤਿ ਪ੍ਰਾਨ	੩੦੫੫
੩.	ਤੁਮ ਚੰਦਨ ਹਮ ਇਰੰਡ ਬਾਪੁਰੇ	੩੦੫੭
੪.	ਕਹਾ ਭਇਓ ਜਉ ਤਨੁ ਭਇਓ ਛਿਨੁ	੩੦੫੯
੫.	ਹਰਿ ਹਰਿ ਹਰਿ ਹਰਿ ਹਰਿ ਹਰਿਹਰੇ	੩੦੬੦
੬.	ਮਾਟੀ ਕੋ ਪੁਤਰਾ ਕੈਸੇ ਨਚਤੁ ਹੈ	੩੦੬੨
	(ਆਸਾ ਭਗਤ ਧੰਨਾ ਜੀਉ)	
੧.	ਭ੍ਰਮਤ ਫਿਰਤ ਬਹੁ ਜਨਮ ਬਿਲਾਨੇ	੩੦੬੪
੨.	ਗੋਬਿੰਦ ਗੋਬਿੰਦ ਗੋਬਿੰਦ ਸੰਗਿ	੩੦੬੬
੩.	ਰੇ ਚਿਤ ਚੇਤਸਿ ਕੀ ਨ ਦਯਾਲ	੩੦੬੮
	(ਆਸਾ ਸੇਖ ਫਰੀਦ ਜੀਉ)	
੧.	ਦਿਲਹੁ ਮੁਹਬਤਿ ਜਿਨ੍ਹ ਸੇਈ	੩੦੭੦
੨.	ਬੋਲੈ ਸੇਖ ਫਰੀਦੁ ਪਿਆਰੇ ਅਲਹ	੩੦੭੧

ਆਸਾ ਮਹਲਾ ੫ ਘਰੁ ੧੪ ੴ ਸਤਿਗੁਰ ਪ੍ਰਸਾਦਿ॥

[ਆਸਾ ਮਹਲਾ ੫, ਚਉਪਦਾ, ੧੫੦-੨੧੭]

ਮੂਲ	ਅਰਥ
ਓਹੁ ਨੇਹੁ ਨਵੇਲਾ ॥ ਅਪੁਨੇ ਪ੍ਰੀਤਮ ਸਿਉ ਲਾਗਿ ਰਹੈ ॥੧॥ ਰਹਾਉ ॥	ਆਪਣੇ ਪ੍ਰੀਤਮ ਨਾਲ (ਜਿਹੜਾ) ਲੱਗਾ (ਹੀ) ਰਹੇ, ਉਹ ਪ੍ਰੇਮ (ਸਦਾ) ਨਵਾ ਰਹਿੰਦਾ ਹੈ॥੧॥ ਰਹਾਉ॥
ਜੋ ਪ੍ਰਭ ਭਾਵੈ ਜਨਮਿ ਨ ਆਵੈ ॥ ਹਰਿ ਪ੍ਰੇਮ ਭਗਤਿ ਹਰਿ ਪ੍ਰੀਤਿ ਰਚੈ ॥੧॥	ਜੋ ਪ੍ਰਭੂ ਨੂੰ ਭਾ ਜਾਂਦਾ ਹੈ (ਉਹ ਫੇਰ) ਜਨਮ (ਮਰਨ) ਵਿਚ ਨਹੀ ਆਉਂਦਾ। [ਪ੍ਰਸ਼ਨ:ਪ੍ਰਭੂ ਨੂੰ ਕੌਣ ਭਾ ਜਾਂਦਾ ਹੈ? ਉੱਤਰ:] (ਜੋ) ਹਰੀ ਦੀ ਪ੍ਰੀਤਿ ਵਿਚ (ਲੱਗਾ ਹੋਇਆ) ਹਰੀ ਦੀ ਪ੍ਰੇਮਾ ਭਗਤੀ ਵਿਚ ਰਚ (ਹੀ) ਜਾਂਦਾ ਹੈ (ਭਾਵ ਤਦਰੂਪ ਹੋ ਜਾਂਦਾ ਹੈ)॥੧॥
ਪ੍ਰਭ ਸੰਗਿ ਮਿਲੀਜੈ ਇਹੁ ਮਨੁ ਦੀਜੈ॥ ਨਾਨਕ ਨਾਮੁ ਮਿਲੈ ਅਪਨੀ ਦਇਆ ਕਰਹੁ ॥੨॥੧॥੧੫੦॥	(ਸੋ ਚਾਹੀਦਾ ਹੈ ਕਿ) ਪ੍ਰਭੂ ਦੇ ਸੰਗ ਵਿਚ ਮਿਲ ਜਾਈਏ (ਐਸਾ ਕਿ) ਇਹ ਮਨ (ਉਸ ਨੂੰ) ਦੇ (ਹੀ) ਦੇਵੀਏ। (ਪਰ ਇਸ ਪ੍ਰੇਮ ਦੀ ਦਾਤ ਲਈ ਅਰਦਾਸ ਕਰੀਏ ਕਿ ਹੇ ਪ੍ਰਭੂ) ਆਪਣੀ ਕਿਰਪਾ ਕਰੋ (ਤੇ ਆਪ ਦੇ ਦਰੋਂ ਮੈਨੂੰ) ਨਾਮ ਪ੍ਰਾਪਤ ਹੋਵੇ, (ਆਖਦੇ ਹਨ ਸ੍ਰੀ ਗੁਰੂ) ਨਾਨਕ (ਦੇਵ ਜੀ) ॥੨॥੧॥ ੧੫੦॥

ਵ੍ਯਾਖ੍ਯਾ-ਦੁਨਿਯਾਵੀ ਪ੍ਯਾਰ ਪੁਰਾਣੇ ਪੈ ਜਾਂਦੇ ਹਨ, ਬਣੇ ਰਹਿੰਦੇ ਹਨ ਪਰ ਸੁਆਦ ਘਟ ਹਟ ਜਾਂਦਾ ਹੈ, ਕਈ ਵੇਰ ਟੁੱਟ ਬੀ ਜਾਂਦੇ ਹਨ, ਪਰ ਸਾਈਂ ਨਾਲ ਪਿਆਰ ਸਦਾ ਤਾਜ਼ਾ ਰਹਿੰਦਾ ਹੈ। ਇਸ ਪਿਆਰ ਦਾ ਇਕ ਗੁਣ ਇਹ ਹੈ। ਦੂਜਾ ਗੁਣ ਅੰਕ ੧ ਵਿਚ ਦੱਸਿਆ ਹੈ ਕਿ ਇਸ ਪ੍ਰੇਮ ਵਾਲੇ ਦਾ ਜਨਮ ਮਰਨ ਕੱਟ ਹੋ ਜਾਂਦਾ ਹੈ। ਪਰ ਇਹ ਤਾਕੀਦ ਕੀਤੀ ਕਿ ਇਹ ਪ੍ਰੀਤ ਹਰੀ ਨਾਲ ਪਾਕੇ ਵਧਾਵੇ ਜੋ ਇਹ ਪ੍ਰੇਮਾ ਭਗਤੀ ਬਣੇ ਤੇ ਉਹ ਪ੍ਰੇਮ ਮਨ ਵਿਚ ਰਚ ਜਾਵੇ। ਭਾਵ ਹੈ ਕਿ ਮਨ ਨੂੰ ਪ੍ਰੇਮ ਸਰੂਪ ਕਰ ਦੇਵੇ। ਅੰਕ ੨ ਵਿਚ ਦੱਸਿਆ ਕਿ ਪ੍ਰੇਮ ਰਚਿਆ ਮਨ ਮੁੜ ਹਉਂ ਵਿਚ ਨਾ ਜਾਵੇ, ਮਨ ਅਰਪਣ ਹੋ ਜਾਵੇ। ਕਿਉਂਕਿ ਜਦ ਮਨ ਅਰਪਣ ਹੋ ਜਾਏਗਾ ਤਦ ਪ੍ਰਭੂ ਵਿਚ ਤਦਪੂਰਤਾ ਹੋ ਜਾਏਗੀ। ਇਸ ਪ੍ਰਾਪਤੀ ਲਈ ਫੁਰਮਾਇਆ ਕਿ ਅਰਦਾਸ ਦੀ ਲੋੜ ਹੈ। ਭਾਵ ਸਿਮਰਨ ਸ਼ੁਰੂ ਹੋਕੇ ਆਪਾਵਾਰ ਪ੍ਯਾਰ ਵਿਚ ਅੱਪੜੇ ਤੇ ਇਹ ਕਾਮਯਾਬੀ ਪ੍ਰਾਪਤ ਕਰਨ ਲਈ ਸਿਮਰਨ ਦੇ ਨਾਲ ਅਰਦਾਸ ਦੀ ਬੀ ਭਾਰੀ ਲੋੜ ਹੈ ਜੋ ਹਉਂ ਨਾ ਫੇਰ ਫੇਰਾ ਪਾਵੇ।

ਨਿਰੁਕ੍ਤ-ਨਵੇਲਾ-ਨਵਾਂ। ਪਰ ਇਸ ਤੁਕ ਦਾ ਜੋੜ ਤੋੜ ਕਈ ਤਰ੍ਹਾਂ ਕਰਨ ਦਾ ਜਤਨ ਹੁੰਦਾ ਹੈ। ਯਥਾ:- ਓਹੁ ਨੇਹੁ ਨ ਵੇਲਾ-ਉਸ ਨੇਹੁ ਦਾ ਕੋਈ ਸਮਾ ਨਹੀਂ।

ਓ ਹੁਨੇ ਹੁਨ ਵੇਲਾ - ਉਹ ਵੇਲਾ ਹੁਣੇ ਹੀ ਹੁਣੇ ਹੈ। ਪਰ ਬਾਣੀ ਵਿਚ ਹੁਣ ਪਦ 'ਹੁਨ' ਦੇ ਰੂਪ ਵਿਚ ਘਟ ਹੀ ਦੇਖਣ ਵਿਚ ਆਇਆ ਹੈ।

[ਆਸਾ ਮਹਲਾ ੫, ਚਉਪਦਾ, ੧੫੧-੨੧੮]

ਮੂਲ	ਅਰਥ
ਆਸਾ ਮਹਲਾ ੫ ॥	
ਮਿਲੁ ਰਾਮ ਪਿਆਰੇ ਤੁਮ ਬਿਨੁ ਧੀਰਜੁ ਕੋ ਨ ਕਰੈ ॥੧॥ ਰਹਾਉ॥	ਹੇ ਪਿਆਰੇ ਰਾਮ (ਜੀ ਆਪੇ ਆ) ਮਿਲੋ, ਆਪ ਤੋਂ ਬਿਨਾਂ (ਰਹਿਕੇ) ਕੋਈ ਧੀਰਜ ਨਹੀਂ ਕਰ ਸਕਦਾ ॥ ੧ ॥ ਰਹਾਉ ॥
ਸਿੰਮ੍ਰਿਤਿ ਸਾਸਤ੍ਰ ਬਹੁ ਕਰਮ ਕਮਾਏ॥ ਪ੍ਰਭ ਤੁਮਰੇ ਦਰਸ ਬਿਨੁ ਸੁਖੁ ਨਾਹੀ ॥੧॥	ਸਿੰਮ੍ਰਤੀਆਂ ਤੇ ਸ਼ਾਸਤਾਂ (ਦੇ ਦੱਸੇ ਹੋਏ) ਅਨੇਕਾਂ ਕਰਮ ਕੀਤੇ (ਪਰ) ਹੇ ਪ੍ਰਭੂ! ਤੁਸਾਂ ਜੀ ਦੇ ਦਰਸ਼ਨ ਬਿਨਾਂ ਸੁਖ ਨਹੀਂ ਹੋਇਆ ॥ ੧ ॥
ਵਰਤ ਨੇਮ ਸੰਜਮ ਕਰਿ ਥਾਕੇ ਨਾਨਕ ਸਾਧ ਸਰਨਿ ਪ੍ਰਭ ਸੰਗਿ ਵਸੈ ॥੨॥੨॥੧੫੧॥	ਵਰਤ ਨੇਮ ਤੇ ਸੰਜਮ ਕਰ ਕਰ ਥੱਕ (ਹੀ) ਗਏ। ਨਾਨਕ ਸਾਧੂ ਦੀ ਸ਼ਰਨ ਵਿਚ (ਆ ਗਿਆ ਹੈ ਜਿਨ੍ਹਾਂ ਦੇ) ਸੰਗ ਵਿਚ ਪ੍ਰਭੂ ਵਸਦਾ ਹੈ ॥ ੨ ॥ ੨ ॥ ੧੫੧ ॥

ਵਯਾਖਯਾ-ਸੁਗਮ ਹੈ।

ਨਿਰੁਕ੍ਤ-ਤੁਮ ਬਿਨੁ-ਤੁਹਾਥੋਂ ਬਿਨਾ ਰਹਿਕੇ ਉਹ ਪੁਰਖ ਜੋ ਤੁਹਾਥੋਂ ਵਿਛੜ ਰਿਹਾ ਹੈ।

ਸੰਜਮ-[ਦੇਖੋ ਪੰਨਾ ੩੬੬] ਇੰਦ੍ਰੈ ਦਮਨ ਕਰਨ ਦੇ ਸਾਧਨ।

ਥਾਕੇ-ਭਾਵ ਹੈ ਥੱਕ ਹੀ ਗਏ, ਥਕਾਨ ਹੀ ਪੱਲੇ ਪਿਆ।

[ਆਸਾ ਮਹਲਾ ੫, ਚਉਪਦਾ, ੧੫੨-੨੧੯]

ਆਸਾ ਮਹਲਾ ੫ ਘਰੁ ੧੫ ਪੜਤਾਲ ੴ ਸਤਿਗੁਰ ਪ੍ਰਸਾਦਿ॥

ਪ੍ਰਾਕ੍ਥਨ-ਮਾਇਆਵੀ ਜੀਵਾਂ ਦੀ ਗ਼ਾਫ਼ਲ ਜ਼ਿੰਦਗੀ ਤੇ ਉਸ ਦਾ ਫਲ ਦਿਖਾਕੇ ਵਾਹਿਗੁਰੂ ਜੀ ਦੀ ਸ਼ਰਣ ਵਿਚ ਆਕੇ ਭਗਤੀ ਦਾ ਲਾਹਾ ਦਿਖਾਲਦੇ ਹਨ।

ਮੂਲ	ਅਰਥ
ਬਿਕਾਰ ਮਾਇਆ ਮਾਦਿ ਸੋਇਓ ਸੂਝ ਬੂਝ ਨ ਆਵੈ ॥ ਪਕਰਿ ਕੇਸ ਜਮਿ ਉਠਾਰਿਓ ਤਦ ਹੀ ਘਰਿ ਜਾਵੈ ॥੧॥	ਵਿਕਾਰਾਂ ਤੇ ਮਾਇਆ ਦੀ ਮਸਤੀ ਵਿਚ (ਜੀਵ) ਸੁੱਤਾ ਪਿਆ ਹੈ (ਇਸ ਨੂੰ ਕੋਈ) ਸਮਝ ਤੇ (ਕੋਈ) ਗਜਾਨ ਨਹੀਂ ਪੈਦਾ ਹੁੰਦਾ, (ਪਰ ਜਦ) ਜਮ ਕੇਸਾਂ ਤੋਂ ਫੜ ਕੇ ਉਠਾਉਂਦਾ ਹੈ (ਭਾਵ ਮੌਤ ਆਉਂਦੀ ਹੈ) ਤਾਂ ਹੀ (ਇਸਦੀ) ਹੋਸ਼ ਠਿਕਾਣੇ ਆਉਂਦੀ ਹੈ ॥ ੧ ॥
ਲੋਭ ਬਿਖਿਆ ਬਿਖੈ ਲਾਗੇ ਹਿਰਿ ਵਿਤ ਚਿਤ ਦੁਖਾਹੀ ॥ ਖਿਨ ਭੰਗੁਨਾ ਕੈ ਮਾਨਿ ਮਾਤੇ ਅਸੁਰ ਜਾਣਹਿ ਨਾਹੀ ॥੧॥ ਰਹਾਉ ॥	(ਜੋ ਲੋਕ) ਵਿਸ਼ਿਆਂ (ਆਦਿ) ਦੇ ਲੋਭਾਂ ਵਿਚ ਲੱਗੇ ਹੋਏ ਹਨ (ਤੇ ਇਨ੍ਹਾਂ ਵਿਸ਼ੇ ਭੋਗਾਂ ਦੀ ਖ਼ਾਤਰ ਲੋਕਾਂ ਦਾ) ਧਨ ਖੋਹਕੇ ਦਿਲ ਦੁਖਾਉਂਦੇ ਹਨ, (ਓਹ) ਰਾਖਸ਼ (ਹਨ,ਓਹ) ਨਹੀਂ ਸਮਝਦੇ (ਕਿ ਅਸੀਂ) ਖਿਨ ਵਿਚ ਨਾਸ਼ ਹੋ ਜਾਣ ਵਾਲੇ (ਪਦਾਰਥਾਂ ਦੇ) ਮਾਣ ਵਿਚ ਮਸਤ ਹੋ ਰਹੇ ਹਾਂ ॥ ੧ ॥ ਰਹਾਉ ॥

ਬੇਦ ਸਾਸਤ੍ਰ ਜਨ ਪੁਕਾਰਹਿ ਸੁਨੈ ਨਾਹੀ ਡੋਰਾ॥ਨਿਪਟਿ ਬਾਜੀ ਹਾਰਿ ਮੂਕਾ ਪਛੁਤਾਇਓ ਮਨਿ ਭੋਰਾ ॥੨॥	ਵੇਦ ਸ਼ਾਸਤ੍ਰ ਤੇ (ਸੰਤ) ਲੋਕ ਪੁਕਾਰ ਕੇ ਕਹਿ ਰਹੇ ਹਨ (ਪਰ ਇਹ ਮਾਯਾਵੀ ਜੀਵ) ਸੁਣਦਾ (ਹੀ) ਨਹੀਂ (ਮਾਨੋ) ਡੋਰਾ (ਹੈ। ਜਦੋਂ ਜੀਵਨ ਦੀ) ਖੇਡ ਮੂਲੋ ਹਾਰ ਕੇ ਮੁਕਾ ਬੈਠਦਾ ਹੈ (ਤਦੋਂ) ਮੂਰਖ ਮਨ ਵਿਚ ਪਛੋਤਾਉਂਦਾ ਹੈ॥੨॥
ਡਾਨੁ ਸਗਲ ਗੈਰ ਵਜਹਿ ਭਰਿਆ ਦੀਵਾਨ ਲੇਖੈ ਨ ਪਰਿਆ ॥ ਜੇਂਹ ਕਾਰਜਿ ਰਹੈ ਓਲ੍ਹਾ ਸੋਇ ਕਾਮੁ ਨ ਕਰਿਆ ॥੩॥	(ਆਪਣੀ ਵੱਲੋਂ ਜੋ ਚੰਗੇ ਜਾਣਕੇ ਕਰਮ ਕੀਤੇ ਉਹ ਮਾਨੋ) ਸਾਰੇ ਅਕਾਰਣ ਡਨ ਭਰਦਾ ਰਿਹਾ, (ਕਿਉਂਕਿ ਰੱਬ ਜੀ ਦੇ) ਦੀਵਾਨ ਦੇ ਲੇਖੇ ਵਿਚ ਨਾ ਪਿਆ (ਭਾਵ ਦਰਬਾਰ ਵਿਚ ਜਾਕੇ ਉਸ ਕੀਤੇ ਦਾ ਕੁਛ ਮੁੱਲ ਨਾ ਪਿਆ, ਕਿਉਂਕਿ) ਜਿਸ ਕੰਮ ਨਾਲ (ਉਸ ਦੀਵਾਨ ਵਿਚ) ਪੜਦਾ ਬਣਿਆ ਰਹੇ ਉਹ (ਕੋਈ) ਕੰਮ (ਇਸ ਨੇ) ਨਹੀਂ ਕੀਤਾ ਸੀ॥੩॥
ਐਸੋ ਜਗੁ ਮੋਹਿ ਗੁਰਿ ਦਿਖਾਇਓ ਤਉ ਏਕ ਕੀਰਤਿ ਗਾਇਆ॥ ਮਾਨੁ ਤਾਨੁ ਤਜਿ ਸਿਆਨਪ ਸਰਣਿ ਨਾਨਕੁ ਆਇਆ ॥੪॥੧॥੧੫੨॥	ਗੁਰੂ ਨੇ ਮੈਨੂੰ ਦਿਖਾ ਦਿੱਤਾ (ਕਿ) ਜਗਤ ਤਾਂ ਐਸਾ ਹੈ ਤਦ ਇਕ (ਪ੍ਰਭੂ ਦਾ) ਜਸ ਗਾਇਨ ਕੀਤਾ। ਮਾਣ ਤੇ ਸਿਆਣਪ ਤੇ ਬਲ (ਦਾ ਆਸਰਾ) ਛਡਕੇ ਨਾਨਕ (ਉਸ ਦੀ) ਸ਼ਰਣ ਵਿਚ ਆ ਗਿਆ॥੪॥੧॥੧੫੨॥

ਵਤਾਖਤਾ-ਮਾਇਆ ਇਕੱਠੀ ਕਰਨ ਵਿਚ ਗ਼ਲਤਾਨੀ, ਮਾਇਆ ਕੱਠੀ ਕੀਤੀ ਦੀ ਮਦ ਮਸਤੀ, ਮਦ ਮਸਤੀ ਵਿਚ ਕਮਾਏ ਭੋਗ ਆਦਿ ਵਿਕਾਰੀ ਜੀਵਨ ਦੀ ਅਗਤਾਨ ਮਯ ਅਵਸਥਾ ਦਿਖਾਈ ਹੈ, ਕਿ ਜਦ ਮੌਤ ਆ ਜਾਂਦੀ ਹੈ ਤਦ ਹੀ ਘਰ ਨੂੰ ਜਾਂਦਾ ਹੈ, ਭਾਵ ਹੋਸ਼ ਟਿਕਾਣੇ ਆਉਂਦੀ ਹੈ। ਰਹਾਉ ਵਿਚ ਇਹੋ ਗਲ ਦੋ ਹੋਰ ਪਹਿਲੂਆਂ ਵਿਚ ਦਰਸਾਈ ਹੈ ਕਿ (੧) ਤਾਂ ਇਨ੍ਹਾਂ ਕਰਮਾਂ ਵਿਚ ਦਿਲ ਦਾ ਦੁਖਾਉਣਾ ਹੁੰਦਾ ਹੈ, ਭਾਵ ਇਹ ਕਿ ਦੂਸਰਿਆਂ ਦੇ ਦੁਖਾਉਣ ਦਾ ਪਾਪ ਹੁੰਦਾ ਹੈ ਤੇ (੨) ਜੋ ਕੁਛ ਦਿਲ ਦੁਖਾਕੇ ਇਕੱਠਾ ਕੀਤਾ ਜਾਂਦਾ ਹੈ, ਉਹ ਛਿਨ ਭੰਗਰ ਹੁੰਦਾ ਹੈ। ਭਾਵ ਓਹ ਤੁਰੰਤੇ ਨਾਸ਼ ਹੋ ਜਾਣ ਵਾਲੇ ਪਦਾਰਥ ਹੁੰਦੇ ਹਨ।

ਅੰਕ ੨ ਪ੍ਰਸ਼ਨ ਹੁੰਦਾ ਹੈ ਕਿ ਜੀਵ ਅਦੋਸ਼ ਹਨ, ਉਹਨਾਂ ਨੂੰ ਇਸ ਸੋਝੀ ਦਾ, ਜੋ ਆਪ ਦੇ ਰਹੇ ਹੋ ਕੋਈ ਪਤਾ ਹੀ ਨਹੀਂ ਹੈ। ਤਾਂ ਆਪ ਫੁਰਮਾਉਂਦੇ ਹਨ ਕਿ ਵੇਦ ਸ਼ਾਸਤ੍ਰ ਆਦਿਕ ਧਰਮ ਗ੍ਰੰਥ ਤੇ ਪ੍ਰਭੂ ਦੇ ਰਸਤੇ ਲੱਗੇ ਜਨ ਭਾਵ ਸੰਤ ਲੋਕ ਪੁਕਾਰਾਂ ਦੇ ਰਹੇ ਹਨ ਪਰ ਇਹ ਸੁਣਕੇ ਅਣਸੁਣੀ ਕਰਦਾ ਹੈ, ਮਾਨੋ ਡੋਰਾ ਹੈ। ਇਹ ਤਾਂ ਐਸਾ ਹੈ ਕਿ ਜਦ ਮੌਤ ਸਿਰ ਤੇ ਆ ਢੁੱਕਦੀ ਹੈ, ਜੀਵਨ ਦੀ ਖੇਡ ਮੁੱਕ ਚੁਕਦੀ ਹੈ।ਬੁੱਢਾ ਨਿਰਬਲ ਤੇ ਅਜ ਕਲ ਤੇ ਆ ਜਾਂਦਾ ਹੈ,ਤਦੋਂ ਮੂਰਖ ਪਛੋਤਾਉਂਦਾ ਹੈ, ਤਦੋਂ ਨੂੰ ਉਹ ਵੇਲਾ ਸੰਵਾਰਨੇ ਦਾ ਬੀਤ ਚੁਕਦਾ ਹੈ। ਫੇਰ ਪ੍ਰਸ਼ਨ ਹੁੰਦਾ ਹੈ ਕਿ ਸਾਰੇ ਜੀਵ ਹੀ ਤਾਂ ਮੂਲੋਂ ਪਾਪੀ ਤੇ ਗ਼ਾਫ਼ਲ ਨਹੀਂ ਹੁੰਦੇ ਅਕਸਰ ਲੋਕ ਦਾਨ ਆਦਿ ਕਈ ਸ਼ੁਭ ਕਰਮ ਬੀ ਕਰਦੇ ਹਨ?ਤਦ ਅੰਕ ੩ ਵਿਚ ਫੁਰਮਾਉਂਦੇ ਹਨ ਕਿ ਜੋ ਕੋਈ ਭੁੱਲੇ ਭਟਕੇ ਸ਼ੁਭ ਕਰਮ ਗ਼ਾਫ਼ਲਾਂ ਤੇ ਵਿਕਾਰੀਆਂ ਤੋਂ ਹੁੰਦੇ ਹਨ ਓਹ ਮਾਨੋਂ ਜੁਰਮਾਨੇ ਹਨ, ਤੇ ਓਹ ਜਰਮਾਨੇ ਜੋ ਬਿਨਾ ਕਾਰਣ ਭਰਨੇ ਪੈਣ।ਇਸ਼ਾਰਾ ਹੈ ਕਿ ਓਹ ਕਰਮ ਜੋ ਲੋਕੀਂ ਕਰਦੇ ਕਾਮਨਾ ਵਸ਼ ਕਰਦੇ ਹਨ, ਸੰਸਾਰਕ ਲੋੜਾਂ ਤੇ ਕਾਮਨਾ ਦੇ ਪੂਰਨ ਵਾਸਤੇ ਕਰਦੇ ਹਨ, ਕਦੀ ਕਿਸੇ ਦੇਵਤੇ ਦੀ ਸੁੱਖਣਾ ਦਿਤੀ, ਕਦੀ ਕਿਸੇ ਨੂੰ ਰਿਝਾਕੇ ਕੁਛ ਹੋਰ ਮੰਗਿਆ, ਕਦੀ ਪਿਤ੍ਰਾਂ ਤੋਂ ਲੈਣ ਲਈ ਉਹਨਾਂ ਨਿਮਿਤ ਦਾਨ ਦਿਤੇ, ਕਦੀ ਈਸ਼੍ਵਰ ਤੋਂ ਮਾਇਆ ਲੱਛਮੀ ਪੁਤ੍ਰ ਪਦਾਰਥ ਮੰਗੇ ਤੇ ਜਪ ਯਗ ਆਦਿ ਕਰਵਾਏ।ਏਹ ਤੇ ਇਸ ਪ੍ਰਕਾਰ ਦੇ ਹੋਰ ਕਰਮ ਮੁਕਤੀ ਲਈ ਕੰਮ ਨਾ ਆਏ, ਕਿਉਂਕਿ ਵਾਸ਼ਨਾ,ਤ੍ਰਿਸ਼ਨਾ,ਪਕੜਾਂ ਬਣੀਆਂ ਰਹੀਆਂ।ਸੋ ਜੋ ਕੁਛ ਕੀਤਾ ਉਹ ਅਕਾਰਣ ਜੁਰਮਾਨੇ ਭਰਨ ਵਾਙੂ ਨਿਸ਼ਫਲ

ਗਿਆ। ਜਿਨ੍ਹਾਂ ਕੰਮਾਂ ਨਾਲ ਦਰਗਾਹ ਵਿਚ ਪੜਦਾ ਬਣਿਆ ਰਹਿ ਸਕਦਾ ਸੀ, ਭਾਵ ਇਹ ਕਿ ਓਥੇ ਰਹਿ ਬਣ ਆਉਣੀ ਸੀ, ਸਤਿਕਾਰ ਮਿਲਨਾ ਸੀ ਤੇ ਜੀਕੂੰ ਸਕਾਮ ਕਰਮਾਂ ਦਾ ਪੜਦਾ ਲਹਿ ਜਾਣ ਕਰਕੇ ਅੱਜ ਸ਼ਰਮਿੰਦਾ ਹੋਇਆ ਹੈ ਇਹ ਪਰਦਾ-ਦਰੀ ਨਾ ਹੁੰਦੀ। ਉਹ ਕੋਈ ਕਰਮ ਜੀਵਨ ਭਰ ਵਿਚ ਨਹੀਂ ਸੀ ਕੀਤਾ ਹੋਇਆ। ਇਸ ਕਰਕੇ ਜਗਤ ਦੇ ਜੀਵ ਅੱਗੇ ਜਾਕੇ ਸ਼ਰਮਿੰਦੇ ਹੁੰਦੇ ਹਨ ਤੇ ਕਾਲ ਚੱਕ੍ਰ ਵਿਚੋਂ ਨਿਕਲ ਨਹੀਂ ਸਕਦੇ। ਇਹ ਕੁਛ ਦੱਸਕੇ ਅੰਕ ੪ ਵਿਚ ਅਪਣੇ ਦੁਆਰਾ ਉਸ ਕਰਮ ਦਾ ਪਤਾ ਦੇਂਦੇ ਹਨ ਜਿਸ ਨਾਲ ਦਰਗਾਹੇ -

ਉਸੁ ਸਾਚੇ ਦੀਬਾਨ ਮਹਿ ਪਲਾ ਨ ਪਕਰੈ ਕੋਇ॥

[ਸਲੋਕ ਭਗਤ ਕਬੀਰ ਜੀਉ-੨੦੧]

ਉਹ ਕੀ ਹੈ? ਜਗਤ ਐਸਾ ਹੈ ਤੇ ਉਸ ਦਾ ਫਲ ਬੁਰਾ ਹੈ ਇਹ ਸੋਝੀ ਪੜ੍ਹ ਸੁਣਕੇ ਪੈਦਾ ਕਰਨੀ ਗੁਰੂ ਤੋਂ, ਫੇਰ ਹਰੀ ਕੀਰਤਨ ਵਿਚ ਲੱਗਣਾ, ਭਾਵ ਨਾਮ ਤੇ ਗੁਰਬਾਣੀ ਦੀ ਟੇਕ ਲੈਣੀ, ਇਕ ਪ੍ਰਭੂ ਦੀ ਭਗਤੀ ਕਰਨੀ। ਇਸ ਭਗਤੀ ਕਮਾਉਣ ਵਿਚ ਮਾਣ ਨਾ ਧਾਰਨਾ, ਝੂਠੀਆਂ ਸਿਆਣਪਾਂ ਦੇ ਮਗਰ ਨਾ ਲੱਗਣਾ, ਤਾਨ ਨਾ ਰਖਣਾ, ਅਰਥਾਤ ਨਿਰਮਾਣ ਨਿਰਹੰਕਾਰ ਹੋ ਵਰਤਣਾ, ਤਕਵਾ ਭਰੋਸਾ ਸਾਈਂ ਤੇ ਧਾਰਨਾ, ਅਪਣੇ ਬਲ ਪ੍ਰਾਕ੍ਰਮ ਤੇ ਤਕੀਆ ਨਾ ਧਾਰਨਾ। ਗੱਲ ਕੀ ਹਰ ਤਰ੍ਹਾਂ ਈਸ਼੍ਵਰ ਪਰਾਯਣ ਹੋ ਜਾਣਾ। ਇਸ ਵਿਚ ਭੇਤ ਇਹ ਹੈ ਕਿ ਈਸ਼੍ਵਰ ਪਰਾਯਣ ਜਦ ਹੋ ਜਾਈਦਾ ਹੈ ਤਾਂ ਉਸ ਨੂੰ ਲਾਜ ਪੈਂਦੀ ਹੈ ਸਾਡਾ ਸਭੋ ਕੁਛ ਸੰਵਾਰ ਦੇਣ ਦੀ। ਜਿਵੇਂ ਕਿ ਵਿਆਹਕੇ ਇਸਤ੍ਰੀ ਆਪ ਨੂੰ ਪਤੀ ਪਰਾਯਣ ਕਰ ਦੇਂਦੀ ਹੈ ਤਾਂ ਉਸ ਦੀ ਸਾਰੀ ਲਾਜ ਪਤੀ ਨੂੰ ਪੈਂਦੀ ਹੈ।

ਨਿਰੁਕ੍ਤ-ਪੜਤਾਲ-ਇਸ ਪਦ ਦੀ ਵਿਵੇਚਨਾ ਸ੍ਰੀਮਾਨ ਡਾਕਟਰ ਚਰਨ ਸਿੰਘ ਜੀ ਨੇ ਐਉਂ ਕੀਤੀ ਹੈ:-*

ਜਿਸ ਵਿਚ ਦੋ ਤਿੰਨ ਲੈਆਂ ਅਰਥਾਤ ਠਾ-ਦੁਗਨ-ਆਡ ਵ:ਗੈਰਹ ਆਉਣ, ਅਰਥਾਤ ਇਕ ਸੈਕਿੰਡ ਵਿਚ ਇਕ ਇਕ ਤੇ ਦੋ ਦੋ ਹਰਫ ਅਤੇ ਡੂਢ ਡੂਢ ਆਉਣ, ਸੋ ਪੜਤਾਲ ਹੁੰਦਾ ਹੈ। ਨਾਂ ਇਹ, ਕਿ ਪਰਨ ਵਾਕਰ ਯਾ ਪੜਤਾਲ ਵਾਕਰ ਪੂਰੇ ਤਾਰ [ਗੁਰ] ਪਰ ਆਵੇ। ਇਹ ਭੇਦ ਸੰਗੀਤ ਵਿਚ ਬਹੁਤ ਉੱਘੇ ਹਨ। ਅਰਥ ਇਸ ਦਾ ਪਰਤਾਉ ਤਾਲ ਦਾ ਹੈ, ਭਾਵ ਜਿਸ ਦੇ ਗਾਉਣ ਵਿਚ ਤੁਕ ਤੁਕ ਤੇ ਤਾਲ ਪਰਤਦਾ ਜਾਂਦਾ ਹੋਵੇ ਸੋ ਪੜਤਾਲ। ਇਹ ਬਹੁਤ ਰਾਗਾਂ ਵਿਚ ਵਿਦਮਾਨ ਹੈ।

ਸ੍ਰੀ ਮਾਨ ਪੰਡਤ ਤਾਰਾ ਸਿੰਘ ਜੀ ਨਰੋਤਮ ਆਪਣੇ ਕੋਸ਼ ਵਿਚ ਐਉਂ ਲਿਖਦੇ ਹਨ:-

ਜੁਦੀ ਜੁਦੀ ਚਾਰ ਜ਼ਰਬ ਵਾਲਾ ਚੁਤਾਰਾ ਤਾਲ-ਪੱਟਤਾਲ। [ਪੰਨਾ ੨੫੯]

ਬਿਕਾਰ-ਵਿਕਾਰ [ਸੰਸ:, ਵਿਕਾਰ:] ਮਾੜੇ ਕੰਮ, ਵਿਸ਼ਯ ਭੋਗ ਆਦਿ।

ਮਾਦਿ- [ਸੰਸ:, ਮਦ:] ਮਸਤੀ, ਨਸ਼ਾ, ਨਸ਼ੇ ਵਿਚ।

ਸੂਝ-[ਹਿੰ:,] ਸੋਝੀ, ਸਮਝ, ਆਮ ਸਮਝ।

ਬੂਝ-ਵਿਸ਼ੇਸ਼ ਸਮਝ। ਗਿਆਨ।

ਹਿਰਿ-ਖੋਹਕੇ, ਖੋਹ ਲੈਂਦਾ ਹੈ। ਦੂਜੇ ਦਾ ਧਨ ਬਿਨਾਂ ਹੱਕ ਆਪਣਾ ਕਰ ਲੈਣਾ ਚੋਰੀ, ਖੋਹਣ ਆਦਿ ਨਾਲ।

ਵਿਤ-[ਸੰਸ:, ਵਿਤ੍ਤੰ] ਧਨ। ਦੌਲਤ।

ਖਿਨ ਭੰਗੁਨਾ-[ਸੰਸ:, ਕਸ਼ਨ ਭੰਗੁਰ] ਛਿਨ ਵਿਚ ਨਾਸ਼ ਹੋ ਜਾਣ ਵਾਲੇ।

ਅਸੁਰ-[ਸੰਸ:, ਅਸੁਰ:] ਰਾਖਸ਼, ਭਾਵ ਹੈ ਬਹੁਤ ਮਾੜਾ ਪੁਰਖ।

ਜਨ-ਪੁਰਖ, ਭਾਵ ਹੈ ਭਲੇ ਜਨ, ਸੰਤ ਲੋਕ।

---

*ਦੇਖੋ ਬਾਣੀ ਬੇਉਰਾ ਕ੍ਰਿਤ ਸ੍ਰੀਮਾਨ ਡਾਕਟਰ ਚਰਨ ਸਿੰਘ ਜੀ

ਨਿਪਟਿ-[ਹਿੰ:,] ਮੂਲੋਂ, ਬਿਲਕੁਲ, ਸਰਾਸਰ।

ਭੋਰਾ-ਭੋਲਾ, ਭਾਵ ਮੂਰਖ।　　ਡਾਨੁ-[ਸੰਸ:, ਦੰਡ:=ਜੁਰਮਾਨਾ, ਸਜ਼ਾ] ਡੰਡ, ਜੁਰਮਾਨਾ।

ਗੈਰ ਵਜਹ-[ਅ:, ਗ਼ੈਰ, ਵਜਹ] ਬਿਨਾ ਸਬਬ, ਅਕਾਰਣ।

ਦੀਵਾਨ-ਦਰਬਾਰ। ਭਾਵ ਹੈ ਵਾਹਿਗੁਰੂ ਦੇ ਦਰਬਾਰ ਦੇ ਲੇਖੇ ਵਿਚ ਕੀ ਆਇਆ। ਭਾਵ ਦਰਬਾਰ ਵਿਚ ਪਰਵਾਨ ਨਾ ਹੋਇਆ।

ਓਲ੍ਹਾ-[ਹਿ:, ਪੰ:,] ਪਰਦਾ। ਭਾਵ ਹੈ ਇੱਜ਼ਤ ਬਣੀ ਰਹੇ, ਐਸਾ ਕੰਮ ਨਾ ਕੀਤਾ।

ਏਕ-ਇਕ ਦੀ, ਇਕ ਵਾਹਿਗੁਰੂ ਦੀ।

[ਆਸਾ ਮਹਲਾ ੫, ਚਉਪਦਾ, ੧੫੩-੨੨੦]

ਮੂਲ	ਅਰਥ
ਆਸਾ ਮਹਲਾ ੫	
ਬਾਪਾਰਿ ਗੋਵਿੰਦ ਨਾਏ ॥ ਸਾਧ ਸੰਤ ਮਨਾਏ ਪ੍ਰਿਅ ਪਾਏ ਗੁਨ ਗਾਏ ਪੰਚ ਨਾਦ ਤੂਰ ਬਜਾਏ ॥੧॥ ਰਹਾਉ ॥	(ਅਸਾਂ ਗੋਬਿੰਦ ਦੇ ਨਾਮ ਦਾ ਵਪਾਰ ਕੀਤਾ ਹੈ ਉਸ) ਗੋਬਿੰਦ ਨਾਮ ਦੇ ਵਪਾਰ ਵਿਚ (ਪਹਿਲਾਂ) ਸਾਧੂ ਸੰਤ ਮਨਾਏ (ਫੇਰ) ਗੋਬਿੰਦ ਦੇ ਗੀਤ ਗਾਵੇਂ (ਨਾਲ) ਪੰਜ ਨਾਦਾਂ ਦੇ ਵਾਜੇ ਵਜਾਏ ਹਨ (ਇਸ ਤਰ੍ਹਾਂ ਕਰਕੇ) ਪ੍ਰੀਤਮ ਜੀ ਪਾ ਲਏ ਹਨ ॥੧॥ ਰਹਾਉ ॥
ਕਿਰਪਾ ਪਾਏ ਸਹਜਾਏ ਦਰਸਾਏ ਅਬ ਰਾਤਿਆ ਗੋਵਿੰਦ ਸਿਉ ॥ ਸੰਤ ਸੇਵਿ ਪ੍ਰੀਤਿ ਨਾਥ ਰੰਗੁ ਲਾਲਨ ਲਾਏ ॥੧॥	[ਪ੍ਰਸ਼ਨ: ਆਪੂੰ ਪਾਏ ਹਨ? ਉੱਤਰ: ਨਹੀਂ] ਕਿਰਪਾ ਨਾਲ ਪਾਏ ਹਨ (ਕਿਰਪਾ ਕਰਕੇ) ਸਹਜੇ ਹੀ (ਪ੍ਰੀਤਮ ਜੀ ਆਪੇ) ਦਿੱਸ ਪਏ, ਹੁਣ ਰੱਤੇ ਹੋਏ ਹਾਂ (ਉਸ) ਗੋਬਿੰਦ ਨਾਲ। (ਭੁਲੇਵਾ ਨਾ ਰਹੇ ਕਿ ਅਸਾਂ) ਸੰਤਾਂ ਦੀ ਸੇਵਾ ਦੁਆਰਾ ਮਾਲਕ (ਗੋਬਿੰਦ) ਨਾਲ ਪ੍ਰੀਤ ਕਮਾਈ ਹੈ, (ਪਰ ਸਾਨੂੰ) ਰੰਗ ਲਾਲਨ ਜੀ ਨੇ (ਆਪ) ਲਾ ਦਿੱਤਾ ਹੈ ॥੧॥
ਗੁਰ ਗਿਆਨੁ ਮਨਿ ਦ੍ਰਿੜਾਏ ਰਹਸਾਏ ਨਹੀ ਆਏ ਸਹਜਾਏ ਮਨਿ ਨਿਧਾਨੁ ਪਾਏ ॥ ਸਭ ਤਜੀ ਮਨੈ ਕੀ ਕਾਮ ਕਰਾ ॥ ਚਿਰੁ ਚਿਰੁ ਚਿਰੁ ਚਿਰੁ ਭਇਆ ਮਨਿ ਬਹੁਤੁ ਪਿਆਸ ਲਾਗੀ॥ ਹਰਿ ਦਰਸਨੋ ਦਿਖਾਵਹੁ ਮੋਹਿ ਤੁਮ੍ ਬਤਾਵਹੁ ॥ ਨਾਨਕ ਦੀਨ ਸਰਣਿ ਆਏ ਗਲਿ ਲਾਏ ॥੨॥੨॥ ੧੫੩॥	ਗੁਰੂ ਦਾ ਗਿਆਨ ਮਨ ਵਿਚ ਦ੍ਰਿੜਾਏ ਜਾਣ ਨਾਲ ਪ੍ਰਸੰਨ ਹੋ ਗਏ ਹਾਂ (ਉਸ ਦ੍ਰਿੜਤਾ ਤੋਂ ਫੇਰ ਬਾਹਰ) ਨਹੀਂ ਆਏ, (ਸਗੋਂ) ਸਹਜ (ਅਵਸਥਾ) ਵਿਚ ਆ ਗਏ ਹਾਂ, ਮਨ ਦੇ (ਆਤਮ ਪਦਾਰਥਾਂ ਦੇ) ਖ਼ਜ਼ਾਨੇ ਪਾ ਲਏ ਹਨ। (ਹੁਣ ਇਸ) ਮਨ ਦੀ ਤਾਂ ਕਾਮਨਾ ਵਾਲੀ ਕਾਰ ਸਾਰੀ ਹੀ ਛੁੱਟ ਗਈ ਹੈ। (ਹਾਂ ਜੀ), ਢੇਰ ਚਿਰ ਹੋ ਗਿਆ ਸੀ (ਜਦ ਤੋਂ) ਮਨ ਨੂੰ ਦਰਸ਼ਨਾਂ ਦੀ ਪਿਆਸ ਲੱਗੀ ਹੋਈ ਸੀ (ਕਿ) ਹੇ ਹਰੀ! (ਆਪਣਾ) ਦਰਸ਼ਨ ਦਿਖਾਵੋ, (ਹਾਂ ਦਰਸ਼ਨ ਦੇਣ ਦਾ ਰਸਤਾ ਹੀ) ਤੁਸੀਂ ਮੈਨੂੰ ਚਾ ਦੱਸੋ! ਹੇ ਨਾਨਕ! (ਜਦ ਐਉਂ) ਦੀਨ ਹੋਕੇ ਸ਼ਰਣ ਵਿਚ ਆ ਪਏ (ਤਾਂ ਦੇਖੋ ਕਿ ਗੋਬਿੰਦ ਨੇ ਆਪੇ ਅਸੀਂ) ਗਲੇ ਲਾ ਲਏ ॥੨॥੨॥੧੫੩॥

ਵਯਾਖਯਾ-ਰਹਾਉ ਦੇ ਅੰਕ ੧-ਪ੍ਰਭੂ ਪ੍ਰਾਪਤੀ ਨੂੰ ਨਾਮ ਦਾ ਵਪਾਰ ਦੱਸਿਆ ਹੈ। ਇਸ ਵਪਾਰ ਦੀ ਖੱਟੀ ਯਾ ਫਲ 'ਨਿਧਾਨ ਪਾਏ' ਕਹਿਕੇ ਜਣਾਇਆ ਹੈ। ਇਸ ਵਪਾਰ ਦੀ ਵਿਧੀ ਦੱਸੀ ਹੈ: ਸੰਤਾਂ ਦਾ ਸੰਗ ਤੇ ਸੇਵਾ, ਹਰੀ ਦਾ ਗੁਣ ਗਾਯਨ, ਉਧਰੋਂ ਗੋਬਿੰਦ (ਸ਼ਾਹ) ਵਲੋਂ ਕਿਰਪਾ ਹੋਈ ਗੋਬਿੰਦ

ਦੇ ਪ੍ਰੇਮ ਰੰਗ ਵਿਚ ਰੱਤੇ ਗਏ।

ਅੰਕ ੨- ਪਹਿਲੇ ਜੋ ਸੰਤ ਸੇਵਾ ਕਹੀ ਸੀ ਹੁਣ ਉਸ ਨੂੰ ਗੁਰੂ ਤੇ ਗੁਰੂ ਨੇ ਗਯਾਨ ਦ੍ਰਿੜਾਇਆ, ਉਸ ਤੋਂ ਆਨੰਦ ਦੀ ਪ੍ਰਾਪਤੀ ਦੱਸੀ ਤੇ ਦ੍ਰਿੜਤਾ ਐਸੀ ਹੋਈ ਕਿ ਉਸ ਤੋਂ ਚਲਾਇਮਾਨਤਾ ਹੀ ਹਟ ਗਈ। ਏਹ ਆਤਮ ਖ਼ਜ਼ਾਨੇ ਲੱਭ ਗਏ। ਉਧਰ ਮਨ ਦੀਆਂ ਵਾਸ਼ਨਾ ਤ੍ਰਿਸ਼ਨਾ ਅਰਥਾਤ ਕਾਮਨਾ ਦੀ ਸਾਰੀ ਕਾਰ ਯਾ ਕਲਾ ਹੀ ਬੰਦ ਹੋ ਗਈ। ਅੰਤਲੀਆਂ ਤਿੰਨ ਤੁਕਾਂ ਵਿਚ ਮੁੜ ਪਹਿਲੀ ਲਗਨ ਦੀ ਅਵਸਥਾ ਤੇ ਨਜ਼ਰ ਪਾਈ ਹੈ ਕਿ ਇਹ ਗੋਬਿੰਦ ਪ੍ਰਾਪਤੀ ਦੀ ਲਾਲਸਾ ਢੇਰ ਚਿਰਾਂ ਤੋਂ ਸੀ ਤੇ ਅਰਦਾਸੇ ਕਰੀਦੇ ਸਨ ਕਿ ਦਰਸ਼ਨ ਦਿਓ, ਨਹੀਂ ਤਾਂ ਰਸਤਾ ਹੀ ਦੱਸੋ ਜਿਵੇਂ ਦਰਸ਼ਨ ਦਾ ਉਪਰਾਲਾ ਕਰੀਏ। ਇਸ ਤਰ੍ਹਾਂ ਦੀਨ ਨਿਮਾਣੇ ਹੁੰਦੇ ਹੁੰਦੇ ਸ਼ਰਣ ਪੈ ਗਏ। ਭਾਵ ਹੈ ਕਿ ਆਪੂੰ ਅਸਾਂ ਕੁਛ ਸਾਧਨ ਨਹੀਂ ਕੀਤਾ, ਦੀਨ ਹੋਕੇ ਸ਼ਰਣ ਪਏ ਤਾਂ ਦੀਨ ਦਿਆਲ ਨੇ ਆਪੂੰ ਦਿਆਲ ਹੋਕੇ ਸਾਨੂੰ ਗਲੇ ਲਾ ਲਿਆ। ਇਸ ਵਿਚ ਮੇਹਰ ਦਾ ਕਮਾਲ ਦੱਸ ਰਹੇ ਹਨ। ਸਾਨੂੰ ਸਿਖਾ ਰਹੇ ਹਨ ਕਿ ਦੀਨ ਹੋਕੇ ਅਨਿੰਨ ਪ੍ਰੇਮ ਨਾਲ ਸ਼ਰਣੀ ਪੈ ਜਾਓ।

ਨਿਰੁਕ੍ਤ-ਨਾਏ-ਨਾਮ ਦਾ। ਗੋਬਿੰਦ ਦੇ ਨਾਮ ਦਾ।

ਪੰਚ ਨਾਦ ਤੂਰ ਬਜਾਏ-ਪੰਜ ਪ੍ਰਕਾਰ ਦੇ ਨਾਦ ਦੇਣ ਵਾਲੇ ਵਾਜੇ ਵਜਾਏ। ਓਹ ਹਨ:-

੧. ਤਾਰ ਯਾ ਤੰਦੀ ਵਾਲੇ ਵਾਜੇ, ੨. ਚੰਮ ਵਾਲੇ ਢੋਲਕ ਆਦਿ, ੩. ਧਾਤੂ ਦੇ, ਛੈਣੇ ਕੈਸੀਆਂ ਆਦਿ, ੪. ਘੜਾ ਆਦਿ, ੫. ਫੂਕ ਨਾਲ ਵਜਣ ਵਾਲੇ। ਏਥੇ ਕ੍ਰਿਯਾ ਪਦ ਵਜਾਏ ਹੈ, ਇਸ ਕਰਕੇ ਪੰਜ ਪ੍ਰਕਾਰ ਦੇ ਵਾਜੇ ਮੁਰਾਦ ਹੈ। ਜੇ ਪਾਠ 'ਵਜ ਪਏ' ਹੁੰਦਾ ਤਦ ਯੋਗ ਮਾਰਗ ਦੇ ਪੰਜ ਸ਼ਬਦ ਭਾਵ ਹੁੰਦਾ।

ਸਹਜਾਏ-ਸਹਜ ਪਦ ਵਿਚ ਆ ਗਏ।

ਦਰਸਾਏ- [ਸੰਸ:, ਧਾ:-ਦ੍ਰਿਸ਼੍=ਦੇਖਣਾ, ਪਹਿਚਾਨਣਾ] ਦਿੱਸ ਪਏ, ਦਰਸ਼ਨ ਵਿਚ ਆਏ ਵੇਖੇ।

ਰਹਸਾਏ-[ਦੇਖੋ 'ਰਹਸੁ' ਪੰਨਾਂ ੧੧੩੬] ਆਨੰਦ ਹੋਏ, ਖਿੜੇ, ਖ਼ੁਸ਼ ਹੋਏ

ਨਿਧਾਨੁ-[ਦੇਖੋ ਪੰਨਾ ੧੬੩੧] ਖ਼ਜ਼ਾਨਾ।

ਕਾਮ ਕਰਾ-ਕਾਮਨਾ ਦੀ ਕਾਰ। ਕਾਮਨਾ ਦੀ ਕਲਾ। ਕਲਪਨਾ। ਸੰਕਲਪ ਵਿਕਲਪ।

ਚਿਰੁ-[ਸੰਸ:, ਚਿਰੰ=ਦੀਰਘ ਸਮਾ, ਦੇਰੀ] ਚਾਰ ਵੇਰੀ ਕਹਿਣ ਤੋਂ ਬਹੁਤਾ ਹੀ ਚਿਰ ਮੁਰਾਦ ਹੈ।

(ਅ) ਚਾਰ ਵੇਰ ਕਹਿਣ ਤੋਂ ਚਾਰ ਜੁਗਾਂ ਦਾ ਭਾਵ ਲੈਣ ਦਾ ਬੀ ਯਤਨ ਹੁੰਦਾ ਹੈ।

[ਆਸਾ ਮਹਲਾ ੫, ਚਉਪਦਾ, ੧੫੪-੨੨੧]

ਪ੍ਰਾਕ੍ਥਨ-ਚਿਦ-ਜੜ੍ਹ ਗ੍ਰੰਥੀ, ਕਿ ਭਰਮ ਦੀ ਕੰਧ ਅਰਥਾਤ ਕੂੜੇ ਦੀ ਪਾਲ ਤੋੜਨ ਵਾਲੇ 'ਨਾਮ' ਦਾ ਰੰਗ ਲਾ ਦੇਣ ਵਾਲੇ ਸੰਤ ਦੇ ਮੇਲ ਦੀ ਤੀਬਰ ਅਭਿਲਾਖ ਵਰਣਨ ਕੀਤੀ ਹੈ।

ਮੂਲ	ਅਰਥ
ਆਸਾ ਮਹਲਾ ੫ ॥	
ਕੋਊ ਬਿਖਮ ਗਾਰ ਤੋਰੈ ॥ ਆਸ ਪਿਆਸ ਧੋਹ ਮੋਹ ਭਰਮ ਹੀ ਤੇ ਹੋਰੈ ॥੧॥ ਰਹਾਉ ॥	ਕੋਈ (ਸੰਤ ਹੋਵੇ ਜੋ ਮੇਰੀ) ਕਠਨ ਗ੍ਰੰਥੀ ਤੋੜ ਦੇਵੇ (ਜੋ ਮੇਰੇ ਆਪੇ ਨੂੰ) ਆਸ਼ਾ, ਤ੍ਰਿਸ਼ਨਾ, ਧ੍ਰੋਹ, ਮੋਹ ਤੇ ਭਰਮ (ਆਦਿ ਵਿਚ ਵਿਚਰਨ ਤੋਂ) ਰੋਕ ਲਵੇ॥ ੧॥ ਰਹਾਉ॥
ਕਾਮ ਕ੍ਰੋਧ ਲੋਭ ਮਾਨ ਇਹ ਬਿਆਧਿ ਛੋਰੈ ॥ ੧ ॥	(ਜਿਸ ਕਰਕੇ) ਕਾਮ, ਕ੍ਰੋਧ, ਲੋਭ, ਮਾਨ, ਏਹ ਬੀਮਾਰੀਆਂ (ਮੈਨੂੰ) ਛੱਡ ਜਾਵਣ॥ ੧॥

ਸੰਤ ਸੰਗਿ ਨਾਮ ਰੰਗਿ ਗੁਨ ਗੋਵਿੰਦ ਗਾਵਉ ॥ਅਨਦਿਨੋ ਪ੍ਰਭ ਧਿਆਵਉ ॥ ਭ੍ਰਮ ਭੀਤਿ ਜੀਤਿ ਮਿਟਾਵਉ ॥ ਨਿਧਿ ਨਾਮੁ ਨਾਨਕ ਮੋਰੈ ॥੨॥੩॥ ੧੫੪ ॥	ਅਤੇ ਮੈਂ ਸਤਿਸੰਗ ਵਿਚ (ਰਹਾਂ), ਨਾਮ ਦੇ ਪਜ਼ਾਰ ਵਿਚ (ਵੱਸਾਂ ਤੇ) ਗੋਵਿੰਦ ਦੇ ਗੁਣ ਗਾਵਾਂ (ਇਉਂ) ਦਿਨੇ ਰਾਤ ਪ੍ਰਭੂ ਦੀ ਅਰਾਧਨਾਂ ਵਿਚ ਰਹਾਂ। (ਹਾਂ), ਭਰਮ ਰੂਪੀ ਕੰਧ ਨੂੰ (ਜੋ ਮੇਰੇ ਆਪੇ ਦੇ ਉਦਾਲੇ ਛਾ ਰਹੀ ਹੈ) ਜਿੱਤ ਲਵਾਂ (ਤੇ ਉਸ ਨੂੰ) ਮੇਟ ਦਿਆਂ (ਭਾਵ ਦੂਰ ਕਰ ਦਿਆਂ)। ਹੇ ਨਾਨਕ! (ਇਹ ਸਾਰੀ ਪ੍ਰਾਪਤੀ:- ਸੰਤ ਸੰਗ), ਨਾਮ (ਰੰਗ, ਗੁਣ ਗੋਬਿੰਦ ਗਾਯਨ, ਭ੍ਰਮ ਭੀਤ ਮੇਟਨ ਆਦਿ) ਮੇਰੇ ਲਈ (ਅਸਲੀ) ਖ਼ਜ਼ਾਨਾ ਹੈ ॥੨॥੩॥੧੫੪॥

ਵਜਾਖਜਾ-ਰਹਾਉ ਵਿਚ ਬਿਖਮ ਗਾਰ ਤੋੜਨ ਵਾਲੇ ਸੰਤ ਦੇ ਮੇਲ ਦੀ ਯਾਚਨਾ ਹੈ। ਬਿਖ਼ਮ ਗਾਰ ਜਦ ਤ੍ਰੁੱਟੇਗੀ ਤਾਂ ਆਸਾ, ਤ੍ਰਿਸ਼ਨਾ, ਧ੍ਰੋਹ, ਮੋਹ, ਭਰਮ ਦੂਰ ਹੋ ਜਾਣਗੇ। ਏਹ ਯੋਗ ਦੇ ਤਰੀਕੇ ਨਾਲ ਬੀ ਕਰਦੇ ਹਨ। ਤੰਤ੍ਰ ਸ਼ਾਸਤ੍ਰਾਂ ਵਿਚ ਛੇ ਚੱਕ੍ਰਾਂ ਦੀ ਤਰ੍ਹਾਂ 'ਗ੍ਰੰਥੀਆਂ' ਦਾ ਬੀ ਵਰਣਨ ਹੈ। ਪਰ ਭਗਤੀ ਤੇ ਭਗਤੀ ਗਜਾਨ ਦੇ ਤਰੀਕੇ ਨਾਲ ਆਸਾ, ਤ੍ਰਿਸ਼ਨਾ, ਧਰੋਹ, ਮੋਹ, ਭਰਮ ਜਦ ਜਿੱਤ ਲਏ ਜਾਂਦੇ ਹਨ ਤਾਂ ਯੋਗਕ ਤਰੀਕੇ ਨਾਲ ਗ੍ਰੰਥੀ ਭੇਦਨ ਵਾਲੀ ਦਸ਼ਾ ਆਪੇ ਉਤਪਤ ਹੋ ਜਾਂਦੀ ਹੈ। ਬਾਕੀ ਰਹੇ ਅੰਕ ੧ ਵਿਚ ਕਥਨ ਕੀਤੇ ਕਾਮ ਕ੍ਰੋਧ ਆਦਿ ਵਿਕਾਰ, ਏਹ ਆਸ਼ਾ ਤ੍ਰਿਸ਼ਨਾ ਵਾਲੇ ਜੀਵਨ ਵਿਚ ਆਪੇ ਆ ਲਗਦੇ ਹਨ, ਏਹ ਉਹਨਾਂ ਦੇ ਫਲ ਹਨ ਇਸ ਕਰਕੇ ਇਨ੍ਹਾਂ ਨੂੰ ਬਜਾਧੀ ਆਖਿਆ ਹੈ। ਬਜਾਧਿ ਨਾਮ ਬੀਮਾਰੀ ਦਾ ਹੈ, ਜੋ ਆ ਲਗੇ ਸੋ 'ਵਜਾਧਿ'। ਸੋ ਜਦ ਮੂਲ ਕਾਰਣ 'ਆਸ਼ਾ ਤ੍ਰਿਸ਼ਨਾ ਆਦਿ' ਕੋਈ ਦੂਰ ਕਰ ਦੇਵੇਗਾ ਤਾਂ ਉਹਨਾਂ ਤੋਂ ਉਪਜੇ ਰੋਗ ਰੂਪ ਵਿਕਾਰ ਆਪੇ ਛੱਡ ਜਾਣਗੇ।

ਅੰਕ ੨ ਵਿਚ ਉਹੋ ਅਭਿਲਾਖ ਜਾਰੀ ਹੈ, ਪਹਿਲੀ ਅਭਿਲਾਖ ਪ੍ਰਤਿਬੰਧਕਾਂ ਦੀ ਦੂਰੀ ਹੋ ਜਾਣਦੀ ਹੈ, ਦੂਸਰੀ ਅਭਿਲਾਖ ਉਹਨਾਂ ਉਪਯੋਗੀ ਸਾਮਾਨਾ ਦੀ ਹੈ, ਜਿਨ੍ਹਾਂ ਦੀ ਕਮਾਈ ਨਾਲ ਬਿਖਮਗਾਰ ਤ੍ਰੁੱਟਣੀ ਹੈ। ਓਹ ਤ੍ਰੈ ਦੱਸੇ ਹਨ: ਸੰਤ ਸੰਗ, ਨਾਮ ਰੰਗ, ਗੁਨ ਗੋਬਿੰਦ ਗਾਯਨ। ਤਿੰਨਾਂ ਦੇ ਸੰਮੇਲਨ ਦਾ ਨਾਮ 'ਪ੍ਰਭੂ ਧਿਆਵਨਾ' ਦੱਸਿਆ ਹੈ!

ਹੁਣ ਅੰਤਲੀਆਂ ਦੋ ਤੁਕਾਂ ਵਿਚੋਂ ਪਹਿਲੀ ਤੁਕ ਵਿਚ ਆਖੀ ਯੋਗਿਕ ਪਰਿਭਾਖਾ ਵਿਚ ਦੀ ਬਾਤ ਨੂੰ ਭਗਤੀ ਪਰਿਭਾਖਾ ਵਿਚ ਵਰਣਨ ਕਰਦੇ ਹਨ, ਭਾਵ ਉਹੋ ਅਭਿਲਾਖ ਵਾਲਾ ਹੈ ਕਿ ਕਿਵੇਂ ਮੈਂ ਭਰਮ ਭੀਤ ਮਿਟਾਵਾਂ। ਜਪੁਜੀ ਵਿਚ ਜਿਸ ਨੂੰ 'ਕੂੜੇ ਦੀ ਪਾਲ' ਕਿਹਾ ਹੈ, ਕਿਤੇ ਹੋਰਥੇ 'ਕਾਚੀ ਭੀਤ' ਕਿਹਾ ਹੈ, ਏਥੇ ਉਸ ਨੂੰ 'ਭਰਮ ਭੀਤ' ਕਿਹਾ ਹੈ। ਪੰਚਮ ਗੁਰੂ ਜੀ ਨੇ ਫੇਰ ਆਸਾ ਛੰਤ ਮਹਲਾ ੫ ਘਰੁ ੮ ਛੰਤ ੧੪ ਵਿਚ 'ਭ੍ਰਮ ਭੀਤਿ' ਪਦ ਵਰਤਿਆ ਹੈ। ਗਜਾਨ ਤੇ ਭਗਤੀ ਅਨੁਸਾਰ ਕੂੜੇ ਦੀ ਪਾਲ, ਭਰਮ ਦੀ ਕੰਧ, ਮਾਇਆ ਦਾ ਪੜਦਾ ਦੂਰ ਹੋ ਗਿਆਂ ਅਸਲ ਆਤਮ ਅਵਸਥਾ ਪ੍ਰਾਪਤ ਹੁੰਦੀ ਹੈ, ਯੋਗ ਅਨੁਸਾਰ ਚੱਕ੍ਰ ਤੇ ਗ੍ਰੰਥੀਆਂ ਭੇਦਨ ਨਾਲ ਗਜਾਨ ਅਵਸਥਾ ਆਉਂਦੀ ਹੈ। ਦੋਹਾਂ ਬੋਲੀਆਂ ਦੇ ਪਦ ਆਦਿ ਅੰਤ ਵਰਤਕੇ ਗੁਰੂ ਜੀ ਨੇ ਆਪਣਾ ਰਸਤਾ ਆਤਮ ਅਵਸਥਾ ਦੀ ਪ੍ਰਾਪਤੀ ਦਾ: ਸਤਿਸੰਗ, ਨਾਮ ਦਾ ਰੰਗ ਤੇ ਗੁਨ ਗੋਬਿੰਦ ਗਾਯਨ ਦੱਸਿਆ ਹੈ; ਤੇ ਇਸ ਤੋਂ ਜੋ ਆਤਮ ਅਵਸਥਾ ਪ੍ਰਾਪਤ ਹੁੰਦੀ ਹੈ ਉਸ ਨੂੰ 'ਨਿਧਿ' ਕਹਿਕੇ ਏਹ ਜਣਾਇਆ ਕਿ ਇਹ ਨਿਹਾਯਤ ਕੀਮਤੀ ਯਾ ਅਮੋਲਕ ਪ੍ਰਾਪਤੀ ਹੈ।

ਨਿਰੁਕ੍ਤ-ਗਾਰ-[ਸੰਸ:, ਗ੍ਰੰਥਿ:=ਰੱਸੀ ਜਾਂ ਕਪੜੇ ਦੀ ਗੰਢ। ਪ੍ਰਾ:, ਗੰਠ। ਹਿੰਦੀ, ਗਾਂਠ। ਪੰਜਾਬੀ, ਗੰਢ। ਫਾ:, ਗਿਰਹ=ਗੰਢ, ਗਿਰਹ ਤੋਂ ਬਣਿਆ ਹੈ ਪਦ ਗਾਰ] ਗੰਢ। ਪੰਜਾਬੀ ਵਿਚ ਗਿਰਹ ਪਦ ਵਰਤੀਂਦਾ ਹੈ, ਯਥਾ 'ਗਿਰਹ ਪੈ ਗਈ ਹੈ'।

ਬਿਖਮ ਗਾਰ-ਕਠਨ ਗੰਢ। ਕਠਨ ਗੰਢ ਦਾ ਇਸ਼ਾਰਾ ਯੋਗ ਦੀਆਂ ਗੰਢਾਂ ਯਾ ਵਿਸ਼ੇਸ਼ ਕਰਕੇ

ਗਯਾਨ ਮਾਰਗ ਦੀ 'ਚਿਜੜ ਗ੍ਰੰਥਿ' ਵਲ ਹੈ, ਜਿਸ ਨੂੰ 'ਆਮ ਬੋਲੀ' ਵਿਚ 'ਚਿਦ-ਜੜ ਗ੍ਰੰਥੀ' ਕਰਕੇ ਬੋਲਦੇ ਹਨ। ਅਰਥ ਹੈ ਜੜ੍ਹ ਤੇ ਚੇਤਨ ਦੀ ਗੰਢ। ਜਿਸ ਤੋਂ ਮੁਰਾਦ 'ਅਹੰਕਾਰ' ਦੀ ਵਿਸ਼ੇਸ਼ ਕਰਕੇ ਹੁੰਦੀ ਹੈ, ਇਸੇ ਨੂੰ ਅਖ਼ੀਰਲੀ ਸਤਰ ਵਿਚ ਭ੍ਰਮ ਭੀਤ ਕਿਹਾ ਹੈ, ਕਿ ਸ਼ੁੱਧ ਚਿਤ ਦੇ ਉਦਾਲੇ ਅਹੰਭਾਵ ਦੀ ਮਾਨੋ ਕੰਧ ਬਣ ਜਾਂਦੀ ਹੈ। ਅਹੰਭਾਵ ਤੋਂ 'ਮਮਤ੍ਵ'='ਮੇਰੀ' ਟੁਰਦੀ ਹੈ, ਫੇਰ ਆਸਾ ਤ੍ਰਿਸ਼ਨਾ ਆਦਿ।

ਸ੍ਰੀ ਮਾਨ ਗਯਾਨੀ ਹਜ਼ਾਰਾ ਸਿੰਘ ਜੀ ਦੇ ਕੋਸ਼ ਵਿਚ ਇਹੋ ਅਰਥ ਹੈ:-ਕਰੜੀ ਗੰਢ (ਚਿਦ ਜੜ੍ਹ ਗ੍ਰੰਥੀ)। ਸ੍ਰੀ ਸੁਤੇ ਪ੍ਰਕਾਸ਼ ਜੀ ਨੇ ਬੀ 'ਚਿਤ ਜੜ੍ਹ ਰੂਪੀ ਗਾਂਠ' ਅਰਥ ਕੀਤੇ ਹਨ ਤੇ ਦੂਸਰਾ ਅਰਥ 'ਜਿੱਲ੍ਹਣ' ਲਾਇਆ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪ 'ਬਿਖਮ ਗਾਂਠ' ਪਦ ਬੀ ਵਰਤਿਆ ਹੈ। ਯਥਾ:-

ਹੈ ਕੋਊ ਐਸਾ ਮੀਤੁ ਜਿ ਤੋਰੈ ਬਿਖਮ ਗਾਂਠਿ॥ [ਫੁਨਹੇ ਮਹਲਾ ੫-੧੫]

ਸਾਰੰਗ ਮਹਲਾ ੫ ਦੇ ੩੨ਵੇਂ ਸ਼ਬਦ ਵਿਚ ਬੀ 'ਬਿਖਮ ਗਾਰ' ਪਦ ਆਇਆ ਹੈ, ਪਰ ਓਥੇ 'ਗਾਰ' ਦੇ ਰਾਰੇ ਦੇ ਪੈਰੀ 'ਹਾਹਾ' ਹੈ। ਸ੍ਰੀ ਕਬੀਰ ਜੀ ਨੇ ਬਿਲਾਵਲ (੨.੧੨) ਵਿਚ 'ਕੁਟਿਲ ਗਾਂਠਿ' ਪਦ ਇਸੀ ਪ੍ਰਕਾਰ ਦੇ ਭਾਵ ਵਾਸਤੇ ਵਰਤਿਆ ਹੈ। (ਅ) ਗਾਰ ਪਦ ਨੂੰ ਅਰਬੀ ਦਾ ਪਦ 'ਗ਼ਾਰ' ਸਮਝਕੇ ਇਸ ਦਾ ਅਰਥ ਡੂੰਘਾ ਟੋਇਆ ਬੀ ਕਰਦੇ ਹਨ, ਪਰ ਟੋਏ ਨੂੰ ਤੋੜਨਾ ਕਹਿਣਾ ਢੁਕਦਾ ਨਹੀਂ। ਟੋਏ ਤਾਂ ਭਰੀਦੇ ਹਨ, ਤੋੜੀਦੇ ਨਹੀਂ। (ੲ) ਗਾਰ ਨੂੰ 'ਗੜ੍ਹ' ਸਮਝਕੇ ਕਿਲ੍ਹਾ ਅਰਥ ਬੀ ਕਰਦੇ ਹਨ। (ਸ) 'ਜਿੱਲ੍ਹਣ' ਦੇ ਅਰਥ ਬੀ ਕਰਦੇ ਹਨ ਇਹ ਸਮਝਕੇ ਕਿ ਇਹ ਗਾਰ ਪਦ 'ਗਾਰਾ' ਦਾ ਸੰਖੇਪ ਹੈ, ਤੇ ਗਾਰਾ ਉਪਲਖਤ 'ਜਿੱਲ੍ਹਣ' ਭਾਵ ਲੈ ਲਵੀਏ। ਫੇਰ ਤੋਰੈ ਦੇ ਅਰਥ ਨੂੰ ਬੀ ਵਟਾਉਂਦੇ ਹਨ ਤੇ 'ਤੋਰੇ' ਕਰ ਲੈਂਦੇ ਹਨ ਕਿ ਜਿੱਲ੍ਹਣ ਤੋਂ ਤੋਰੇ ਭਾਵ ਕੱਢੇ।

ਧੋਹ-ਧ੍ਰੋਹ। ਦਗ਼ਾ। ਹੋਰੈ-ਮੋੜੇ, ਰੋਕੇ।

ਬਿਆਧਿ-[ਸੰਸ:,ਵਯਾਧਿ:] ਬੀਮਾਰੀ। ਜੋ ਆ ਲਗੇ ਤੇ ਚੰਗੀ ਸ਼ੈ ਨਾ ਹੋਵੇ ਉਹ ਵਯਾਧਿ, ਪਰ ਵਿਸ਼ੇਸ਼ ਅਰਥ ਬੀਮਾਰੀ ਹੈ। ਅਨਦਿਨੋ-ਹਰ ਦਿਨ, ਸਦਾ।

ਭ੍ਰਮ ਭੀਤਿ-[ਸੰਸ:, ਭ੍ਰਮ:(ਭੁਲੇਖਾ, ਸੰਸਾ)+ਭਿਤ੍ਤਿ:(=ਦੀਵਾਰ)] ਭ੍ਰਮ ਰੂਪੀ ਕੰਧ।

ਨਿਧਿ-[ਦੇਖੋ ਪੰਨਾ ੧੨੯੨] ਖਜ਼ਾਨਾ।

[ਆਸਾ ਮਹਲਾ ੫, ਚਉਪਦਾ, ੧੫੫-੨੨੨]

ਪ੍ਰਾਕ੍ਥਨ-ਮਨ ਨੂੰ ਸੰਬੋਧਨ ਕਰਕੇ ਸਿੱਖਾਂ ਪ੍ਰਤੀ ਨਾਮ ਦਾ ਉਪਦੇਸ਼ ਦਿੱਤਾ ਹੈ।

ਮੂਲ	ਅਰਥ
ਆਸਾ ਮਹਲਾ ੫ ॥	
ਕਾਮੁ ਕ੍ਰੋਧੁ ਲੋਭੁ ਤਿਆਗੁ ॥ ਮਨਿ ਸਿਮਰਿ ਗੋਬਿੰਦ ਨਾਮ ॥ ਹਰਿ ਭਜਨ ਸਫਲ ਕਾਮ॥੧॥ ਰਹਾਉ॥	(ਹੇ ਮਨ !) ਕਾਮ, ਕ੍ਰੋਧ, ਲੋਭ ਨੂੰ ਛਡ ਦੇਹ (ਅਤੇ) ਮਨ ਵਿਚ ਗੋਬਿੰਦ (=ਵਾਹਿਗੁਰੂ) ਦਾ ਨਾਮ ਸਿਮਰ, (ਕਿਉਂਕਿ) ਹਰੀ ਦਾ ਭਜਨ ਕਾਮਨਾ ਸਫਲ ਕਰਨ ਵਾਲਾ ਹੈ॥ ੧॥ ਰਹਾਉ॥
ਤਜਿ ਮਾਨ ਮੋਹ ਵਿਕਾਰ ਮਿਥਿਆ ਜਪਿ ਰਾਮ ਰਾਮ ਰਾਮ॥ ਮਨ ਸੰਤਨਾ ਕੈ ਚਰਨਿ ਲਾਗੁ ॥੧॥	(ਹਾਂ, ਅੰਦਰੋਂ) ਝੂਠੇ ਮਾਨ ਤੇ ਮੋਹ ਨੂੰ (ਤੇ ਬਾਹਰੋਂ ਝੂਠੇ ਵਿਸ਼ੇ) ਵਿਕਾਰਾਂ ਨੂੰ ਛੱਡਕੇ ਰਾਮ ਰਾਮ ਰਾਮ ਦਾ ਜਾਪ ਕਰ, (ਇਸ ਕਾਰਜ ਸਿੱਧੀ ਲਈ) ਸੰਤਾਂ ਦੇ ਚਰਨੀਂ ਲੱਗ, ਹੇ ਮਨ! ॥੧॥

ਪ੍ਰਭ ਗੋਪਾਲ ਦੀਨ ਦਇਆਲ ਪਤਿਤ ਪਾਵਨ ਪਾਰਬ੍ਰਹਮ ਹਰਿ ਚਰਣ ਸਿਮਰਿ ਜਾਗੁ ॥ ਕਰਿ ਭਗਤਿ ਨਾਨਕ ਪੂਰਨ ਭਾਗੁ ॥੨॥੪॥੧੫੫॥	ਹਰੀ, ਜੋ ਸਭ ਦੀ ਪਾਲਨਾ ਕਰਨੇ ਵਾਲਾ ਪ੍ਰਭੂ ਹੈ, ਦੀਨਾਂ ਤੇ ਦਿਆਲੂ ਹੈ, ਪਤਿਤਾਂ ਨੂੰ ਪਵਿਤ੍ਰ ਕਰਨੇ ਵਾਲਾ ਹੈ (ਫੇਰ) ਪਾਰ-ਬ੍ਰਹਮ ਹੈ (ਉਸ ਦੇ) ਚਰਨਾਂ ਦਾ ਸਿਮਰਣ ਕਰ, (ਇਉਂ ਮੋਹ ਮਾਇਆ ਦੀ ਨੀਂਦ ਤੋਂ*) ਜਾਗ ਪਉ (ਭਾਵ-ਆਤਮ ਲੱਖਤਾ ਵਿਚ ਆ ਜਾ, ਤੇ ਜਾਗ੍ਰਤ ਵਾਲੀ) ਭਗਤੀ ਕਰ, (ਆਖਦੇ ਹਨ ਗੁਰੂ) ਨਾਨਕ (ਦੇਵ ਜੀ) ਇਹ ਹੈ ਪੂਰਨ ਸੁਭਾਗਤਾ॥ ੨॥ ੪॥ ੧੫੫॥

ਵਜਾਖਜਾ-ਸੁਗਮ ਹੈ।

ਨਿਰੁਕ੍-ਸਫਲ ਕਾਮ-ਕਾਮਨਾ ਸਫਲ (ਕਰਨੇ ਵਾਲਾ ਕੰਮ)। ਕਾਮ ਦੇ 'ਮ' ਨੂੰ ਔਂਕੜ ਨਹੀਂ ਹੈ, ਇਸ ਕਰਕੇ ਇਸ ਦਾ ਅਰਥ 'ਸਫਲ ਕੰਮ' ਨਹੀਂ, ਪਰ ਸਫਲ ਕਾਮਨਾ ਹੈ। 'ਕਾਮ' ਏਥੇ ਇਸਤ੍ਰੀ ਲਿੰਗ ਹੈ, ਕਾਮਨਾ।

[ਆਸਾ ਮਹਲਾ ੫, ਚਉਪਦਾ, ੧੫੬-੨੨੩]

ਮੂਲ	ਅਰਥ
ਆਸਾ ਮਹਲਾ ੫ ॥	
ਹਰਖ ਸੋਗ ਬੈਰਾਗ ਅਨੰਦੀ ਖੇਲੁ ਰੀ ਦਿਖਾਇਓ ॥੧॥ਰਹਾਉ ॥	(ਕਰਤਾਰ ਨੇ) ਖੁਸ਼ੀ ਵਾਲਾ, ਸੋਗ ਵਾਲਾ, ਵੈਰਾਗ ਵਾਲਾ ਆਨੰਦ ਵਾਲਾ (ਇਕ) ਖੇਲ (ਇਹ ਜਗਤ ਰਚਕੇ) ਦਿਖਾਇਆ ਹੈ, ਹੇ (ਲੁਕਾਈ !) ॥ ੧॥ ਰਹਾਉ॥
ਖਿਨਹੂੰ ਭੈ ਨਿਰਭੈ ਖਿਨਹੂੰ ਖਿਨਹੂੰ ਉਠਿ ਧਾਇਓ ॥ ਖਿਨਹੂੰ ਰਸ ਭੋਗਨ ਖਿਨਹੂੰ ਖਿਨਹੂ ਤਜਿ ਜਾਇਓ ॥੧॥	(ਇਸ ਵਿਚ ਦੇਖੋ) ਕਿਸੇ ਖਿਨ ਵਿਚ (ਕੋਈ) ਨਿਰਭੈ ਹੈ, ਕਿਸੇ ਖਿਨ ਵਿਚ (ਕੋਈ) ਭੈ ਮਾਨ ਹੈ, ਕਿਸੇ ਖਿਨ ਵਿਚ (ਕੋਈ ਵਿਕਾਰਾਂ ਵੱਲੇ) ਭੱਜ ਪੈਂਦਾ ਹੈ। ਕਿਸੇ ਖਿਨ ਵਿਚ (ਕੋਈ) ਖਿਨ ਭੰਗਰੀ ਰਸਾਂ ਨੂੰ ਭੋਗਣ (ਲਗ ਪੈਂਦਾ ਹੈ) ਕਿਸੇ ਖਿਨ ਵਿਚ (ਕੋਈ ਇਨ੍ਹਾਂ ਨੂੰ ਬੀ) ਛੱਡਕੇ ਉਠ ਦੌੜਦਾ ਹੈ॥ ੧॥
ਖਿਨਹੂੰ ਜੋਗ ਤਾਪ ਬਹੁ ਪੂਜਾ ਖਿਨਹੂੰ ਭਰਮਾਇਓ ॥ ਖਿਨਹੂੰ ਕਿਰਪਾ ਸਾਧੂ ਸੰਗ ਨਾਨਕ ਹਰਿ ਰੰਗੁ ਲਾਇਓ ॥੨॥੫॥੧੫੬॥	ਕਿਸੇ ਖਿਨ ਵਿਚ (ਕੋਈ) ਜੋਗ, (ਕੋਈ) ਤਪ (ਕੋਈ) ਅਨੇਕ ਤਰ੍ਹਾਂ ਦੀ ਪੂਜਾ (ਕਰਨ ਲੱਗ ਪੈਂਦਾ ਹੈ) ਕਿਸੇ ਛਿਨ ਵਿਚ (ਇਨ੍ਹਾਂ ਵਿਚ ਲੱਗਾ ਬੀ ਕੋਈ ਫੇਰ) ਭਰਮ ਵਿਚ ਪੈ ਜਾਂਦਾ ਹੈ। ਕਿਸੇ ਖਿਨ ਵਿਚ (ਕਿਸੇ ਨੂੰ) ਸਾਧੂ ਦਾ ਸੰਗ (ਮਿਲ ਜਾਂਦਾ ਹੈ ਉਹ ਸੰਗ ਆਪਣੀ) ਕਿਰਪਾ ਕਰਕੇ ਹਰੀ ਨਾਲ ਪ੍ਰੇਮ ਲਾ ਦੇਂਦਾ ਹੈ, ਹੇ ਨਾਨਕ! ॥ ੨ ॥ ੫ ॥ ੧੫੬ ॥

ਵਜਾਖਜਾ-ਦੁਨੀਆਂ ਨੂੰ ਇਕ ਖੇਲ ਯਾ ਤਮਾਸ਼ਾ ਦਿਖਾਇਆ ਹੈ। ਖੇਲ ਵਿਚ ਅਨੇਕਾਂ ਨਾਟਕ ਪਾਤ੍ਰ ਹੁੰਦੇ ਹਨ ਤੇ ਵੱਖ ਵੱਖ ਕਰਤੱਵ, ਕਰਨੀਆਂ ਕਰਦੇ ਹਨ। ਤਿਵੇਂ ਇਕ ਜਗਤ ਵਿਚ ਜੀਵ ਤੇ ਉਹਨਾਂ ਦੀਆਂ ਕਰਨੀਆਂ ਨਾਨਾ ਪ੍ਰਕਾਰ ਦੀਆਂ ਹਨ,ਅਨੇਕਾਂ ਜੀਵਾਂ ਦੀਆਂ ਕਿਸੇ ਖਿਨ ਕੁਛ ਕਿਸੇ ਖਿਨ

---

* ਜਾਗਣ ਹੈ ਮਾਇਆ ਦੀ ਨੀਂਦ ਤੋਂ । ਯਥਾ:-

ਮਨੁ ਸੋਇਆ ਮਾਇਆ ਬਿਸਮਾਦਿ ॥　　[ਗਉੜੀ ਮਹਲਾ ੫-੮੯]

ਸੋਵਤ ਕਹਾ ਮੋਹ ਨਿੰਦ੍ਰਾ ਮੈਂ ....॥　　[ਰਾਮਕਲੀ ਪਾ:੧੦]

ਕੁਛ ਖੇਲ ਕਰਨੇ ਦੇ ਨਮੂਨੇ ਸੰਖੇਪ ਇਸ਼ਾਰਿਆਂ ਵਿਚ ਦਿਖਾ ਦਿੱਤੇ ਹਨ। ਉਹਨਾਂ ਕਰਨੀਆਂ ਵਿਚ ਲਗਣਾਂ ਤੇ ਫਿਰ ਵਿਰੋਧ ਬੀ ਦਿਖਾਏ ਹਨ। ਅਖ਼ੀਰਲੀ ਤੁਕ ਵਿਚ ਇਸ ਖੇਲ ਦਾ ਪ੍ਰਯੋਜਨ ਤੇ ਉਸਦੀ ਪ੍ਰਾਪਤੀ ਉਸੇ ਲਯ ਵਿਚ ਕਿਸ ਖ਼ੂਬਸੂਰਤੀ ਨਾਲ ਦਿਖਾ ਗਏ ਹਨ, ਜਿਸ ਵਿਚ ਇਕ ਦਾਰਸ਼ਨਿਕ ਇਸ਼ਾਰਾ ਸੱਟ ਗਏ ਹਨ ਜੋ ਇਹ ਹੈ ਕਿ ਏਹ ਸਾਰੇ ਖੇਲ, ਸਾਰੀ ਰਚਨਾ, ਇਸ ਵਿਚ ਭਿੰਨਤਾ ਤੇ ਨਾਨਤ੍ਵ, ਇਸ ਵਿਚ ਜ਼ਾਹਰਾ ਦਿੱਸਦੇ ਵਿਰੋਧ ਤੇ ਸੰਮੇਲਨ ਬੇ-ਥਵੀਆਂ ਹੋਣੀਆਂ ਨਹੀਂ ਹਨ, ਸਾਰਾ ਕੁਛ ਪ੍ਰਯੋਜਨਾਰਥ ਹੈ। ਕੋਈ ਪ੍ਰਯੋਜਨ ਹੈ ਜਿਸ ਨੇ ਸਿਰੇ ਚੜ੍ਹਨਾ ਹੈ, ਇਹ ਉਸ ਦੇ ਸਿਰੇ ਚੜ੍ਹਨੇ ਨਮਿਤ ਹੈ। ਉਹ ਪ੍ਰਯੋਜਨ ਹੈ "ਹਰਿ ਰੰਗ"।

ਨਿਰੁਕ੍ਤ-ਹਰਖ-[ਸੰਸ:, ਹਰ੍ਖ:] ਖ਼ੁਸ਼ੀ, ਚਾਉ।

ਬੈਰਾਗ-[ਸੰਸ:, ਵੈਰਾਗ੍ਯੰ] ਪ੍ਯਾਰ ਹੀਣਤਾ, ਉਦਾਸੀ, ਤ੍ਯਾਗ।

ਅਨੰਦੀ-[ਸੰਸ:, ਆਨੰਦਿਨ=੧. ਖ਼ੁਸ਼, ਪ੍ਰਸੰਨ, ਜੋ ਆਨੰਦ ਹੈ। ੨. ਪ੍ਰਸੰਨਤਾ ਮਈ ਹਾਲਤ, ਜੋ ਖ਼ੁਸ਼ ਕਰੇ] ਪ੍ਰਸੰਨਤਾ। ਪ੍ਰਸੰਨਤਾ ਵਾਲਾ। (ਅ) ਕਿਉਂਕਿ ਆਨੰਦਿਨ ਦਾ ਅਰਥ ਹੈ ਖ਼ੁਸ਼, ਉਹ ਜੋ ਖ਼ੁਸ਼ ਹੈ। ਇਸ ਤੋਂ ਦਾਨੇ ਆਨੰਦੀ ਪਦ ਦਾ ਜੋ ਆਨੰਦਿਨ ਦਾ ਹੀ ਰੂਪ ਹੈ, ਮਾਇਆ ਅਰਥ ਕਰਦੇ ਹਨ ਕਿ ਉਹ ਆਨੰਦ ਦੇਣੇ ਵਾਲੀ ਹੈ। ਫੇਰ ਆਨੰਦੀ ਨੂੰ ਕਰਤਾ ਕਾਰਕ ਰੱਖ ਲੈਂਦੇ ਹਨ ਕਿ ਏਹ ਸਾਰੇ ਖੇਲ ਜੋ ਅੱਗੇ ਗਿਣੇ ਹਨ ਮਾਯਾ ਕਰ ਰਹੀ ਹੈ। (ੲ) ਮਾਇਆ ਮਾਇਕ ਆਨੰਦ ਦੇਣੇ ਹਾਰੀ ਹੈ, ਹਰੀ ਆਪ ਆਨੰਦ ਸਰੂਪ ਹੈ। ਇਸ ਕਰਕੇ ਕਈ ਦਾਨੇ ਅਨੰਦੀ ਦਾ ਅਰਥ ਵਾਹਿਗੁਰੂ ਲਾ ਲੈਂਦੇ ਹਨ ਕਿ ਸਭ ਖੇਲ ਉਹ ਆਪ ਕਰ ਰਿਹਾ ਹੈ।

ਪਰ ਗੇਣਤੀ ਸ਼ੁਰੂ ਆਹਮੋ ਸਾਹਮਣੇ ਟਾਕਰੇ ਦੇ ਭਾਵਾਂ ਦੀ ਹੋ ਰਹੀ ਹੈ, ਅਰਥਾਤ ਦ੍ਵੰਦ ਪਦ ਵਰਤ ਰਹੇ ਹਨ, ਜੈਸਾ ਹਰਖ ਸੋਗ, ਭੈ ਨਿਰਭੈ, ਇਸ ਕਰਕੇ ਬੈਰਾਗ ਅਨੰਦੀ ਬੀ ਦ੍ਵੰਦ ਭਾਵ ਦੇ ਪਦ ਹਨ, ਵੈਰਾਗ ਵਾਲੀ ਹਾਲਤ ਤੇ ਆਨੰਦ ਵਾਲੀ ਹਾਲਤ।

ਹਰਿ ਰੰਗੁ-ਵਾਹਿਗੁਰੂ ਦਾ ਪ੍ਰੇਮ।

[ਆਸਾਵਰੀ ਮਹਲਾ ੫, ਚਉਪਦਾ, ੧੫੭-੨੨੪]

ਆਸਾ ਮਹਲਾ ੫ ਘਰੁ ੧੭ ਆਸਾਵਰੀ ੧ੴ ਸਤਿਗੁਰ ਪ੍ਰਸਾਦਿ॥

ਪ੍ਰਾਕ੍ਥਨ-ਘਰ ਤੇ ਬਨ ਸਮਸਰ ਕੀਕੂੰ ਕਰੀਦਾ ਹੈ।

ਮੂਲ	ਅਰਥ
ਗੋਬਿੰਦ ਗੋਬਿੰਦ ਕਰਿ ਹਾਂ ॥ ਹਰਿ ਹਰਿ ਮਨਿ ਪਿਆਰਿ ਹਾਂ ॥ ਗੁਰਿ ਕਹਿਆ ਸੁ ਚਿਤਿ ਧਰਿ ਹਾਂ ॥ ਅਨ ਸਿਉ ਤੋਰਿ ਫੇਰਿ ਹਾਂ ॥ ਐਸੇ ਲਾਲਨੁ ਪਾਇਓ ਰੀ ਸਖੀ ॥੧॥ਰਹਾਉ ॥	[ਪ੍ਰਸ਼ਨ: ਤੁਸਾਂ ਪ੍ਰੀਤਮ ਪ੍ਰਭੂ ਕਿਵੇਂ ਪਾਇਆ ? ਉੱਤਰ:] (ਅਸੀਂ) ਗੋਬਿੰਦ ਗੋਬਿੰਦ ਕਰ ਰਹੇ ਹਾਂ (ਉਪਰੋਂ ਉਪਰੋਂ ਹੀ ਨਹੀਂ) ਹਰੀ ਹਰਿ ਨੂੰ ਮਨ ਵਿਚ ਪਿਆਰ ਰਹੇ ਹਾਂ, ਗੁਰੂ ਨੇ (ਜੋ ਕੁਛ) ਕਿਹਾ ਸੀ ਉਹ (ਸਾਰਾ) ਚਿਤ ਵਿਚ ਧਾਰ ਰਹੇ ਹਾਂ, ਹੋਰਨਾਂ (ਪਾਸਿਆਂ ਵੱਲ ਧਾਂਵਦੇ ਮਨ ਨੂੰ ਮੋੜ) ਮੋੜਕੇ ਤੋੜ ਰਹੇ ਹਾਂ, ਇਸ ਪ੍ਰਕਾਰ ਹੇ ਸਖੀ ਅਸਾਂ ਪ੍ਰੀਤਮ (ਵਾਹਿਗੁਰੂ) ਨੂੰ ਪਾਇਆ ਹੈ॥ ੧॥ ਰਹਾਉ॥

ਪੰਕਜ ਮੋਹ ਸਰਿ ਹਾਂ ॥ ਪਗੁ ਨਹੀ ਚਲੈ ਹਰਿ ਹਾਂ ॥ਗਹਡਿਓ ਮੂੜ ਨਰਿ ਹਾਂ ॥ ਅਨਿਕ ਉਪਾਵ ਕਰਿ ਹਾਂ ॥ ਤਉ ਨਿਕਸੈ ਸਰਨਿ ਪੈ ਰੀ ਸਖੀ ॥੧॥

[ਪ੍ਰਸ਼ਨ: ਸਭ ਨਾਲ ਤੋੜਕੇ ਇਕ ਵਲ ਚਿੱਤ ਗਡਣਾਂ ਕਠਨ ਹੈ, ਕੋਈ ਉਪਾਉ? ਉੱਤਰ:] (ਹਾਂ) ਹੇ ਸਖੀ ! (ਸੰਸਾਰ ਰੂਪੀ) ਤਲਾ ਵਿਚ ਮੋਹ (ਰੂਪੀ) ਚਿਕੜ ਹੈ (ਜਿਸ ਵਿਚ ਫਸਿਆ ਜੀਵ ਦਾ ਮਨ ਰੂਪੀ) ਪੈਰ ਹਰੀ ਵੱਲ ਨੂੰ ਨਹੀਂ ਚਲਦਾ। (ਯਾ ਇਉਂ ਆਖੋ ਕਿ ਮੋਹ) ਮੂਰਖ ਨਰ (ਦੇ ਮਨ) ਵਿਚ ਗਡਿਆ ਗਿਆ ਹੈ। (ਇਸ ਤੋਂ ਛੁਟਕਾਰੇ ਦੇ) ਅਨੇਕ ਉਪਾਉ ਕਰਦਾ ਹਾਂ (ਪਰ ਇਹ ਮਨ) ਤਦ ਹੀ ਨਿਕਲਦਾ ਹੈ ਜਦ ਸ਼ਰਨੀ ਪੈ ਜਾਏ ਤਾਂ॥ ੧॥

ਥਿਰ ਥਿਰ ਚਿਤ ਥਿਰ ਹਾਂ ॥ ਬਨੁ ਗ੍ਰਿਹੁ ਸਮਸਰਿ ਹਾਂ ॥ ਅੰਤਰਿ ਏਕ ਪਿਰ ਹਾਂ॥ਬਾਹਰਿ ਅਨੇਕ ਧਰਿ ਹਾਂ॥ ਰਾਜਨ ਜੋਗੁ ਕਰਿ ਹਾਂ ॥ ਕਹੁ ਨਾਨਕ ਲੋਗ ਅਲੋਗੀ ਰੀ ਸਖੀ ॥੨॥੧॥੧੫੭॥

[ਪ੍ਰਸ਼ਨ: ਕੀ ਸ਼ਰਨ ਪੈ ਗਿਆਂ ਬਨ ਜਾਣੇ ਦੀ ਲੋੜ ਨਹੀਂ ਰਹਿੰਦੀ? ਉੱਤਰ:] ਚਿਤ ਨੂੰ (ਮੈਂ) ਮੁੜ ਮੁੜ ਟਿਕਾਉਂਦਾ ਟਿਕਾਉਂਦਾ (ਅੰਤ) ਟਿਕਾ ਹੀ ਲੈਂਦਾ ਹਾਂ (ਮਨ ਟਿਕੇ ਨਾਲ ਮੈਂ) ਬਨ ਤੇ ਘਰ ਨੂੰ ਇਕ ਤੁੱਲ ਕਰ ਲੈਂਦਾ ਹਾਂ। ਅੰਦਰ ਤਾਂ ਇਕੋ (ਪ੍ਰੀਤਮ ਨੂੰ) ਪਿਆਰਾ ਕਰ ਲੈਂਦਾ ਹਾਂ, ਤੇ ਬਾਹਰ ਅਨੇਕ (ਕੰਮ) ਸਾਰ ਲੈਂਦਾ ਹਾਂ, (ਸੋ ਮੈਂ) ਰਾਜ ਵਿਚ ਜੋਗ ਕਰ ਰਿਹਾ ਹਾਂ। ਹੇ ਸਖੀ ! (ਇਸ ਪ੍ਰਕਾਰ) ਲੋਗਾਂ ਵਿਚ ਵੱਸਦਾ ਲੋਕਾਂ ਤੋਂ ਅਲੱਗ ਹੋਇਆ ਰਹਿੰਦਾ ਹਾਂ। (ਭਾਵ ਘਰ ਵਿਚ ਵਸਦਾ ਬਨ ਵਿਚ ਐਉਂ ਰਹਿੰਦਾ ਹਾਂ) ਕਹਿੰਦੇ ਹਨ (ਸ੍ਰੀ ਗੁਰੂ) ਨਾਨਕ (ਦੇਵ ਜੀ)॥ ੨॥ ੧॥ ੧੫੭॥

ਵਯਾਖਯਾ-ਜਾਪਦਾ ਹੈ ਕਿਸੇ ਜਗਜਾਸੂ ਨਾਲ ਹੋਏ ਪ੍ਰਸ਼ਨ ਉੱਤਰਾਂ ਦਾ ਸਾਰ ਇਸ ਸ਼ਬਦ ਵਿਚ ਹੈ ਜੋ ਅਪਣੇ ਦੁਆਰਾ ਪ੍ਰਸ਼ਨ ਕਰਤਾ ਪ੍ਰਤੀ ਸਮਝਾਇਆ ਹੈ। ਰਹਾਉ ਤੋਂ ਉਪ੍ਰੰਤ ਅੰਕ ੧ ਦੇ ਮੁੱਢ ਵਿਚ ਮਾਨੁਖ ਦਾ ਮਨ ਮੋਹ ਰੂਪੀ ਚਿੱਕੜ ਵਿਚ ਫਾਥਾ ਦੱਸਿਆ ਹੈ, ਜਿਵੇਂ ਗੁਰੂ ਨਾਨਕ ਦੇਵ ਜੀ ਨੇ ਪਿਛੇ ਆਸਾ ਰਾਗ ਦੇ ੨੯ਵੇਂ ਸ਼ਬਦ ਵਿਚ ਦੱਸਿਆ ਸੀ।

ਤਿਤੁ ਸਰਵਰੜੈ ਭਈ ਲੇ ਨਿਵਾਸਾ ਪਾਣੀ ਪਾਵਕੁ ਤਿਨਹਿ ਕੀਆ॥
ਪੰਕਜੁ ਮੋਹ ਪਗੁ ਨਹੀ ਚਾਲੈ ਹਮ ਦੇਖਾ ਤਹ ਡੂਬੀਅਲੇ॥ ੧॥

ਇਸ ਤੋਂ ਨਿਕਲਨੇ ਦਾ ਉਪਾਉ ਸ਼ਰਣ ਦੱਸਿਆ ਹੈ, ਉਹਨਾਂ ਦੀ ਸ਼ਰਣ, ਜਿਨ੍ਹਾਂ ਨੂੰ ਹਰੀ ਵਿੱਸਰਦਾ ਨਹੀਂ:-

ਪ੍ਰਣਵਤਿ ਨਾਨਕ ਤਿਨ੍ ਕੀ ਸਰਣਾ ਜਿਨ੍ ਤੂੰ ਨਾਹੀ ਵੀਸਰਿਆ ॥੨॥ [ਆਸਾ ਮ: ੧-੨੯]

ਇਥੇ ਬੀ ਇਹੋ ਗਲ ਦੱਸੀ ਹੈ:- **ਤਉ ਨਿਕਸੈ ਸਰਨਿ ਪੈ ਰੀ ਸਖੀ॥**

ਅੰਕ ੨ ਵਿਚ ਹਰੀ ਸਿਮਰਣ ਨਾਲ ਗ੍ਰਿਹ ਤੇ ਬਨ ਦਾ ਇਕ ਤੁੱਲ ਹੋ ਜਾਣਾ ਦਿਖਾਇਆ ਹੈ, ਇਸੇ ਨੂੰ ਰਾਜ ਜੋਗ ਦੱਸਿਆ ਹੈ। ਇਥੇ ਰਾਜ ਜੋਗ ਦੇ ਅਰਥ ਏਹ ਲਏ ਹਨ: ਰਾਜ ਯਾ ਪ੍ਰਵਿਰਤੀ ਵਿਚ ਵਸਦਿਆਂ। ਜੋਗ=ਸਾਈਂ ਨਾਲ ਜੁੜੇ ਰਹਿਣਾ ਤੇ ਜਗਤ ਵਲੋਂ ਅੰਤ੍ਰੀਵ ਬ੍ਰਿਤੀ ਤਯਾਗ ਦੀ ਰਹਿਣੀ। ਮਨ ਦੇ ਮਾਨੋ ਦੋ ਹਿੱਸੇ ਕਰ ਲੈਣੇ। ਇਕ ਅੰਦਰ ਸਾਈਂ ਨਾਲ ਲਗਾ ਰਹੇ, ਇਕ ਬਾਹਰਲੇ ਜਗਤ ਵਿਹਾਰ ਕਰਦਾ ਰਹੇ। ਇਹ ਬਾਹਰਲਾ ਮਨ ਅੰਦਰਲੇ ਦੀ ਲਗਨ ਵਿਚ ਵਿਘਨਕਾਰੀ ਨਾ ਹੋਵੇ। ਇਹ ਲੋਕਾਂ ਵਿਚ ਵਸਦਿਆਂ ਲੋਕਾਂ ਵਿਚ ਨਾ ਵਸਦੇ ਤੁੱਲ ਹੈ। ਯਥਾ:-

ਹਰਿ ਸਿਮਰਨੁ ਬਹੁ ਮਾਹਿ ਇਕੇਲਾ॥ [ਭੈਰਉ ਮਹਲਾ ੫-੪੯]

ਨਿਰੁਕ੍ਤ*-ਕਰਿਹਾਂ-ਕਰਦਾ ਹਾਂ। ਇਸ ਸ਼ਬਦ ਵਿਚ 'ਹਾਂ' ਪਦ ਇਕੋ ਅਰਥ ਦਾ ਵਾਚਕ ਨਹੀਂ, ਗੋ ਵਿਸ਼ੇਸ਼ ਅਰਥ-ਉੱਤਮ ਪੁਰਖ ਦੀ ਵਰਤਮਾਨ ਕਾਲਕ ਕ੍ਰਿਯਾ ਵਾਚੀ ਹੈ। ਰਹਾਉ ਵਿਚ ਇਹੋ ਅਰਥ ਹਨ। ਅੰਕ ੧ ਵਿਚ ਪਹਿਲੋਂ 'ਹੈ' ਤੇ ਫੇਰ 'ਹਾਂ' ਅਰਥ ਦੇਂਦਾ ਹੈ। ਅੰਕ ੨ ਵਿਚ ਫੇਰ ਉੱਤਮ ਪੁਰਖ ਦੀ ਕ੍ਰਿਯਾ ਦੇ ਅਰਥ ਦੇਂਦਾ ਹੈ।

ਅਸਲ ਵਿਚ 'ਹਾਂ' ਅਨ੍ਰਯ ਪਦ ਬੀ ਹੈ, ਹੁੰਗਾਰਾ ਭਰਨ ਮਾਤ੍ਰ ਲਈ ਗੀਤਾਂ ਵਿਚ ਆਉਂਦਾ ਹੈ। ਇਨ੍ਹਾਂ ੭ ਸ਼ਬਦਾਂ ਦੇ ਅਖੀਰ ਜੋ 'ਹਾਂ' ਆਇਆ ਹੈ ਉਹਨਾਂ ਗੀਤਾਂ ਦੀ ਚਾਲ ਮੂਜਬ ਹੈ। ਪਰ ੭ ਵਿਚ ਹੀ ਇਕੋ ਅਰਥ ਨਹੀਂ ਦੇਂਦਾ, ਕਿਤੇ ਇਹ ਉੱਤਮ ਪੁਰਖ ਦੀ ਵਰਤਮਾਨ ਕਾਲਕ ਕ੍ਰਿਯਾ ਹੈ, ਕਿਤੇ 'ਹੈ' ਦੇ ਅਰਥ ਦੇਂਦਾ ਹੈ ਤੇ ਕਿਤੇ ਅਵਜ ਮਾਤ੍ਰ ਹੈ।

ਪਿਆਰਿ ਹਾਂ-ਕ੍ਰਿਯਾ ਪਦ ਬਨਾਯਾ ਹੈ, ਪਿਆਰਦਾ ਹਾਂ, ਭਾਵ ਪਿਆਰ ਕਰਦਾ ਹਾਂ।

ਅਨ ਸਿਉ-ਦੂਸਰੇ ਨਾਲੋਂ। ਤੋਰਿ ਫੇਰਿ ਹਾਂ-ਮੋੜ ਕੇ ਤੋੜਦਾ ਹਾਂ।

(ਅ) ਐਉਂ ਬੀ ਭਾਵ ਲੈਂਦੇ ਹਨ:ਦ੍ਵੈਤ ਵਲੋਂ ਮੋੜਕੇ ਏਕਤਾ ਵੱਲ ਲਾਇਆ ਹੈ।

ਪੰਕਜ-[ਸੰਸ:, ਪੰਕਜ ਜੋ ਚਿੱਕੜ ਤੋਂ ਜਨਮੇ ਸੋ ਕਵਲ] ਕਵਲ ਫੁੱਲ, ਪਰ ਏਥੇ ਅਰਥ ਕਵਲ ਨਹੀਂ ਚਿੱਕੜ ਹੈ। ਇਸ ਦਾ ਮੂਲ ਹੈ ਪ੍ਰਾਕ੍ਰਿਤ ਦਾ ਪਦ ਪਙ੍ਕਿਯ ਯਾ (ਪੰਕਿਯ) ਜੋ ਸੰਸਕ੍ਰਿਤ ਦੇ ਪਦ 'ਪੰਕਿਤ' ਤੋਂ ਬਣਿਆ ਹੈ, ਜਿਸ ਦਾ ਅਰਥ ਹੈ ਚਿੱਕੜ ਵਾਲਾ। ਚਿਕੜਾਲਾ ਥਾਂ। ਖੋਭਾ। ਇਸ ਕਰਕੇ ਇਸ ਦਾ ਅਰਥ ਚਿੱਕੜ ਲਾਈਦਾ ਹੈ।

ਸਰਿ-[ਸੰਸ:, ਸਰੰ=ਤਲਾ] ਸਰੋਵਰੀ, ਸਰੋਵਰ। ਤਾਲ।

ਹਰਿ ਹਾਂ-ਹਾਂ ਹਰੀ ਵੱਲ ਨੂੰ। ਗਹਡਿਓ-ਗਡਿਆ ਹੈ।

ਨਰਿ ਹਾਂ-ਨਰ ਵਿਚ ਹੈ। ਇਹ ਅਰਥ ਕਿ ਮੂਰਖ ਨਰ ਉਸ ਵਿਚ ਗੱਡਿਆ ਹੈ ਨਹੀਂ ਢੁੱਕਦਾ, ਕਿਉਂਕਿ 'ਨਰਿ' ਪਦ ਨੂੰ ਸਿਆਰੀ ਹੈ, ਅਤੇ 'ਪਗ ਦਾ ਨਾ ਚੱਲ ਸਕਣਾ' ਇਹ ਗੱਲ ਗਡੇ ਹੋਣ ਤੁੱਲ ਹੈ, ਸੋ ਪਹਿਲੀ ਸਤਰ ਵਿਚ ਆ ਚੁਕਾ ਹੈ। ਇਥੇ ਕਾਵਯ ਦੀ ਲਾਵੰਨਤਾ ਹੈ ਕਿ ਚਾਹੋ ਸਮਝੋ ਮੂਰਖ ਦਾ ਮਨ ਮੋਹ ਵਿਚ ਫਸਿਆ ਹੈ, ਚਾਹੋ ਮੋਹ ਮੂਰਖ ਦੇ ਮਨ ਵਿਚ ਗਡਿਆ ਗਿਆ ਹੈ।

ਅਨਿਨ-ਅਨੇਕ। ਥਿਰ-'ਥਿਰ' ਤ੍ਰੈ ਵੇਰੀ ਤਾਕੀਦ ਲਈ ਕਿਹਾ ਹੈ, ਪਰ ਸੰਪ੍ਰਦਾਈ ਦਾਨੇ ਐਉਂ ਬੀ ਸਫਲ ਕਰਦੇ ਹਨ: ਥਿਰ ਰੂਪ ਸਤਿਸੰਗ ਹੈ, ਉਸ ਦੇ ਵਸੀਲੇ ਥਿਰ ਰੂਪ ਪ੍ਰਭੂ ਵਿਚ ਮਨ ਨੂੰ ਸਥਿਰ ਕਰ ਲੀਤਾ ਹੈ। ਲੋਗ-ਲੋਕਾਂ ਵਿਚ।

ਅਲੋਗੀ-ਲੋਗਾਂ ਤੋਂ ਬਾਹਰ, ਲੋਗਾਂ ਤੋਂ ਅਲੋਗ ਥਾਂ ਬਨ ਹੁੰਦਾ ਹੈ ਜਿਥੇ ਲੋਗ ਨਹੀਂ ਹੁੰਦੇ, ਅਲੋਗੀ ਤੋਂ ਮੁਰਾਦ ਹੈ ਕਿ ਲੋਕਾਂ ਦੇ ਵਿਚ ਵੱਸਦੇ ਤੁਸੀਂ ਬਨ ਵਿਚ ਹੋਸੋ, ਜੈਸੇ ਦਸਮ ਪਾਤਸ਼ਾਹ ਜੀ ਦਾ ਵਾਕ ਹੈ:-

ਬਨ ਸੇ ਸਦਨ ਸਭੈ ਕਰਿ ਸਮਝਹੁ ਮਨ ਹੀ ਮਾਹਿ ਉਦਾਸਾ॥

[ਰਾਮਕਲੀ ਪਾਤਸ਼ਾਹੀ ੧੦]

ਸਖੀ-ਸਖੀ ਤੋਂ ਮੁਰਾਦ ਜਗਜਾਸੂ ਦੀ ਹੈ ਜਿਸ ਨਾਲ ਵਾਰਤਾਲਾਪ ਹੋਈ ਹੈ।

[ਆਸਾਵਰੀ ਮਹਲਾ ੫, ਚਉਪਦਾ, ੧੫੮-੨੨੫]

ਪ੍ਰਾਕ੍ਥਨ-ਚਾਹਨਾ ਯਾ ਦ੍ਰਿੜ ਇਰਾਦਾ ਮੂਲ ਹੈ, ਫੇਰ ਧਿਆਨ ਦੀ ਦ੍ਰਿੜਤਾ, ਏਹ ਸਹਜ ਪਦ ਤੇ ਲੈ ਜਾਂਦੇ ਹਨ।

---

*ਆਸਾਵਰੀ ਦੇ ਵੇਰਵੇ ਲਈ ਦੇਖੋ ਪਿਛੇ ਰਾਗ ਆਸਾ ਦੇ ਆਰੰਭ ਵਿਚ, ਇਸੇ ਪੋਥੀ ਦਾ ਪੰਨਾ ੨੧੯੬ ।

ਮੂਲ	ਅਰਥ
ਆਸਾਵਰੀ ਮਹਲਾ ੫ ॥	
ਮਨਸਾ ਏਕ ਮਾਨਿ ਹਾਂ ॥ ਗੁਰ ਸਿਉ ਨੇਤ ਧਿਆਨਿ ਹਾਂ ॥ ਦ੍ਰਿੜੁ ਸੰਤ ਮੰਤ ਗਿਆਨਿ ਹਾਂ ॥ ਸੇਵਾ ਗੁਰ ਚਰਾਨਿ ਹਾਂ ॥ ਤਉ ਮਿਲੀਐ ਗੁਰ ਕ੍ਰਿਪਾਨਿ ਮੇਰੇ ਮਨਾ ॥੧॥ ਰਹਾਉ॥	ਇਕੋ ਹੀ ਚਾਹਨਾਂ ਨੂੰ (ਮਨ ਵਿਚ) ਮਾਨ ਦੇਂਦੇ ਹਾਂ, ਗੁਰੂ ਨਾਲ (ਮਿਲਕੇ) ਸਦਾ ਧਿਆਨ ਵਿਚ ਹਾਂ। ਸੰਤਾਂ ਦੇ ਦ੍ਰਿੜ ਮੰਤ੍ਰ ਦੇ ਗਿਆਨ ਵਿਚ (ਰਹਿੰਦੇ) ਹਾਂ। ਗੁਰੂ ਦੇ ਚਰਨਾਂ ਵਿਚ (ਅਪਣੀ) ਸੇਵਾ (ਅਰਪਦੇ) ਹਾਂ। ਹੇ ਮੇਰੇ ਮਨ ! (ਜੇ ਐਦਾਂ ਕਰਦੇ ਰਹੀਏ) ਤਦ (ਪ੍ਰੀਤਮ ਨੂੰ) ਮਿਲ ਪਈਦਾ ਹੈ ਗੁਰੂ ਦੀ ਕਿਰਪਾ ਦੁਆਰਾ॥ ੧॥ ਰਹਾਉ॥
ਟੂਟੇ ਅਨ ਭਰਾਨਿ ਹਾਂ ॥ ਰਵਿਓ ਸਰਬ ਥਾਨਿ ਹਾਂ ॥ ਲਹਿਓ ਜਮ ਭਇਆਨਿ ਹਾਂ ॥ ਪਾਇਓ ਪੇਡ ਥਾਨਿ ਹਾਂ ॥ ਤਉ ਚੂਕੀ ਸਗਲ ਕਾਨਿ ॥੧॥	ਹੋਰ ਭ੍ਰਾਂਤੀਆਂ ਦੂਰ ਹੋ ਗਈਆਂ ਹਨ ਤੇ ਸਾਰੇ ਥਾਵਾਂ ਵਿਚ (ਜੋ) ਰਵ ਰਿਹਾ ਹੈ (ਉਹ ਦਿੱਸ ਪਿਆ ਹੈ)। ਜਮ ਦੀਆਂ ਡਰਾਉਣੀਆਂ ਦੂਰ ਹੋ ਗਈਆਂ ਹਨ, (ਅਤੇ) ਮੂਲ ਥਾਉਂ (ਬ੍ਰਹਮ) ਮਿਲ ਗਈ ਹੈ। ਤਦ (ਹੁਣ) ਸਾਰੀ ਮੁਥਾਜੀ ਚੁੱਕ ਗਈ॥ ੧॥
ਲਹਨੋ ਜਿਸੁ ਮਥਾਨਿ ਹਾਂ॥ਭੈ ਪਾਵਕ ਪਾਰਿ ਪਰਾਨਿ ਹਾਂ॥ਨਿਜ ਘਰਿ ਤਿਸਹਿ ਥਾਨਿ ਹਾਂ॥ਹਰਿ ਰਸ ਰਸਹਿ ਮਾਨਿ ਹਾਂ॥ਲਾਥੀ ਤਿਸ ਭੁਖਾਨਿ ਹਾਂ॥ਨਾਨਕ ਸਹਜਿ ਸਮਾਇਓ ਰੇ ਮਨਾ ॥੨ ॥੨ ॥੧੫੮॥	ਜਿਸ ਦੇ ਮੱਥੇ ਉਤੇ ਲਹਿਣਾ (ਲਿਖਿਆ) ਹੁੰਦਾ ਹੈ (ਉਹ) ਭੈ ਦੀ ਅੱਗ ਤੋਂ ਪਾਰ ਜਾ ਪੈਂਦਾ ਹੈ ਤੇ ਉਸ ਨੂੰ ਨਿਜ ਸਰੂਪ (ਰੂਪੀ ਟਿਕਾਣੇ ਵਿਚ) ਥਾਂ ਮਿਲ ਜਾਂਦਾ ਹੈ। (ਓਥੇ) ਉਹ ਹਰੀ ਰਸ ਨੂੰ ਸੁਆਦ ਨਾਲ ਮਾਣਦਾ ਹੈ। (ਇਸ ਸੁਆਦ ਵਿਚ ਮੱਤਿਆਂ ਉਸ ਦੀਆਂ) ਸਾਰੀਆਂ ਭੁੱਖਾਂ ਤ੍ਰੇਹਾਂ ਲਹਿ ਜਾਂਦੀਆਂ ਹਨ। (ਗੁਰੂ) ਨਾਨਕ (ਦੇਵ ਜੀ ਫੁਰਮਾਉਂਦੇ ਹਨ) ਹੇ ਮਨ ! (ਉਹ ਹੁਣ) ਸਹਜ ਵਿਚ ਸਮਾ ਜਾਂਦਾ ਹੈ॥ ੨॥ ੨॥ ੧੫੮॥

ਵਯਾਖਯਾ-ਰਹਾਉ ਵਿਚ ਇਹ ਉਪਦੇਸ਼ ਹੈ:-ਪਰਮਾਰਥ ਸਿੱਧੀ ਲਈ ਪਹਿਲੀ ਵਸਤੂ ਮਨ ਦੀ ਮਨਸਾ, ਇੱਛਾ ਯਾ ਇਰਾਦਾ ਹੈ ਜੋ 'ਇਕੋ' ਪ੍ਰਭੂ ਪ੍ਰਾਪਤੀ ਦਾ ਹੋਵੇ, ਫੇਰ ਗੁਰੂ ਨੂੰ ਮਿਲਕੇ ਧਯਾਨ ਨੂੰ 'ਇਕ' ਤੇ ਲਗਾਵੇ ਤੇ ਸੰਤਾਂ ਦੀ ਸਿਖਯਾ ਦੁਆਰਾ 'ਇਕ' ਦਾ ਗਯਾਨ ਸਮਝੇ। ਗੁਰੂ ਤੋਂ ਏਹ ਪਦਾਰਥ ਸੇਵਾ ਨਾਲ ਮਿਲਦਾ ਹੈ। ਗੁਰੂ ਸੇਵਾ ਨਾਲ ਰੀਝਾਈਦਾ ਹੈ।

ਅੰਕ ੧-ਇਸ ਉਪਰਲੀ ਕਾਰ ਦਾ ਫਲ ਦੱਸਿਆ ਹੈ:-ਭ੍ਰਾਂਤੀਆਂ ਭ੍ਰਮ ਮਿਟ ਜਾਂਦੇ ਹਨ, ਜਮ ਦਾ ਡਰ-ਜਨਮ ਮਰਨ ਮਿਟ ਜਾਂਦਾ ਹੈ। ਫੇਰ ਸਰਬ ਵਯਾਪੀ ਦੀ ਲੱਖਤਾ ਹੋ ਆਉਂਦੀ ਹੈ, ਤੇ ਸਰਵ ਦ੍ਰਿਸ਼ਯ ਅਦ੍ਰਿਸ਼ਯ ਦਾ ਮੂਲ-ਬ੍ਰਹਮ ਪ੍ਰਾਪਤ ਹੋ ਜਾਂਦਾ ਹੈ। ਪਹਿਲਾਂ ਜੋ ਪਰਮਾਰਥੀ ਲੋਕਾਂ ਦੀ ਮੁਥਾਜੀ ਰਹਿੰਦੀ ਸੀ ਮਿਟ ਜਾਂਦੀ ਹੈ, ਮਿਲ ਜੁ ਗਿਆ ਮਨੋ ਵਾਂਛਤ 'ਇਕ', ਜਿਸ ਦੀ ਮਨਸਾ ਧਾਰੀ ਸੀ, ਜੋ ਮੂਲ ਸੀ ਸਭ ਦਾ। ਅੰਕ ੨ ਵਿਚ ਇਸ ਗੱਲ ਦਾ ਉੱਤਰ ਹੈ ਕਿ ਐਡੀ ਜ਼ਰੂਰੀ ਪ੍ਰਾਪਤੀ ਹਰ ਇਕ ਨੂੰ ਕਿਉਂ ਨਹੀਂ ਹੁੰਦੀ? ਤਾਂ ਦੱਸਦੇ ਹਨ ਕਿ ਜਿਸ ਦੇ ਮੱਥੇ ਉਸ ਨੇ ਭਾਗ ਪਾਏ ਹਨ, ਉਸੇ ਨੂੰ ਪ੍ਰਾਪਤੀ ਹੁੰਦੀ ਹੈ, ਜਿਸ ਨੂੰ ਹੋ ਜਾਏ, ਉਹ ਭੈ ਤੋਂ ਨਿਰਭੈ ਹੋ ਜਾਂਦਾ ਹੈ, ਸ੍ਵੈ ਸਰੂਪ ਵਿਚ ਟਿਕ ਜਾਂਦਾ ਹੈ, ਪ੍ਰਭੂ ਦੇ ਮੇਲ ਦਾ ਰਸ ਉਹ ਸੁਆਦਾਂ ਨਾਲ ਮਾਣਦਾ ਹੈ। ਫੇਰ-

ਮੈ ਬਹੁੜਿ ਨ ਤ੍ਰਿਸਨਾ ਭੁਖੜੀ ਹਉ ਰਜਾ ਤ੍ਰਿਪਤਿ ਅਘਾਇ ਜੀਉ॥

[ਰਾਗੁ ਸੂਹੀ ਮਹਲਾ ੫-ਗੁਣਵੰਤੀ]

ਵਾਲੀ ਉਸ ਦੀ ਅਵਸਥਾ ਹੋ ਜਾਂਦੀ ਹੈ, ਕਿਉਂਕਿ ਉਹ ਸਹਜ ਵਿਚ ਸਮਾ ਜਾਂਦਾ ਹੈ। ਭਾਵ ਹੈ ਪਾਰਬ੍ਰਹਮ ਪਰਮੇਸ਼ੁਰ ਨੂੰ ਪ੍ਰਾਪਤ ਹੋ ਜਾਂਦਾ ਹੈ, ਉਸੇ ਵਿਚ ਸਮਾ ਜਾਂਦਾ ਹੈ।

ਨਿਰੁਕ੍ਤ-ਮਨਸਾ-[ਅ:, ਮਨਸ਼ਾ=ਇੱਛਾ, ਚਾਹਨਾ। ਸੰਸ:, ਮਨਸ੍=ਮਨ, ਸੰਕਲਪ] ਚਾਹਨਾ, ਖਾਹਸ਼, ਤੀਬ੍ਰ ਚਾਹ।

ਨੇਤ-ਨਿੱਤ।

ਧਿਆਨਿ ਹਾਂ-ਧਿਆਨ ਵਿਚ ਹਾਂ।

ਗਿਆਨਿ ਹਾਂ-ਗਿਆਨ ਵਿਚ ਹਾਂ।

ਚਰਾਨਿ ਹਾਂ-ਚਰਨਾਂ ਵਿਚ (ਅਰਪਦੇ) ਹਾਂ।

ਕਿਰਪਾਨਿ*-[ਸੰਸ:, ਕ੍ਰਿਪਾ। 'ਨ' ਇਸ ਨਾਲ ਪ੍ਰਤੇ ਲਾਕੇ ਸਿਆਰੀ 'ਵਿਚ' ਅਰਥ ਲਈ ਲਗਾਈ ਹੈ। ਕ੍ਰਿਪਾ ਪ੍ਰਾਪਤੀ ਦੁਆਰਾ। 'ਨੀ' ਦਾ ਅਰਥ ਹੈ ਪ੍ਰਾਪਤ ਕਰਨਾ।

ਭਰਾਨਿ-ਭ੍ਰਾਂਤੀਆਂ। 'ਭਰਾਨਿ' ਪਦ ਇਸਤ੍ਰੀ ਲਿੰਗ ਹੈ !

ਥਾਨਿ-ਥਾਵਾਂ ਵਿਚ ਹੈ।

ਭਇਆਨਿ-[ਸੰਸ:, ਭਜਾਨਕ=ਡਰੌਣਾ] ਡਰਾਉਣੀਆਂ। ਇਹ ਬੀ ਸਿਆਰੀ ਲਾਕੇ ਇਸਤ੍ਰੀ ਲਿੰਗ ਬਣਾਇਆ ਹੈ।

ਪੇਡ ਥਾਨਿ-ਮੂਲ ਥਾਉਂ। ਪੇਡ ਦਾ ਭਾਵ ਹੈ ਬ੍ਰਹਮ, ਜੈਸੇ ਵਾਕ ਹੈ:-

ਤੂੰ ਪੇਡੁ ਸਾਖ ਤੇਰੀ ਫੂਲੀ॥ [ਮਾਝ ਮਹਲਾ ੫-੨੮

ਜੀਵਰੂਪੀ ਸਾਖ ਨੇ ਬ੍ਰਹਮ ਰੂਪੀ ਪੇੜ ਨੂੰ ਆਪਣਾ ਮੂਲ ਪਛਾਣ ਲੀਤਾ ਹੈ। ਥਾਨ ਪਦ ਨੂੰ ਸਿਆਰੀ ਲਾਕੇ ਇਸਤ੍ਰੀ ਲਿੰਗ ਬਣਾਇਆ ਹੈ, ਅਰਥ ਹੈ 'ਥਾਉ', ਜੋ ਇਸਤ੍ਰੀ ਲਿੰਗ ਹੈ।

ਕਾਨਿ-[ਸੰਸ:, ਕਾਣੰ=ਕਾਣਾਪਨ] ਮੁਥਾਜੀ।

ਮਥਾਨਿ ਹਾਂ-ਮੱਥੇ ਉੱਤੇ ਹੈ।

ਪਾਵਕ-[ਸੰਸ:, ਪਾਵਕ:] ਅਗਨੀ, ਅੱਗ।

ਭੈ ਪਾਵਕ-ਭੈ ਦੀ ਅੱਗ। ਭੈ ਜੋ ਅੱਗ ਵਾਂਙੂ ਦਗਧ ਕਰਦਾ ਹੈ। (ਅ) ਭੈ ਪਾਵਕ ਨੂੰ ਭਵ ਪਾਵਕ ਸਮਝਕੇ ਸੰਸਾਰ ਯਾ ਜਨਮ ਰੂਪੀ ਅਗਨੀ ਬੀ ਅਰਥ ਕਰਨ ਦਾ ਜਤਨ ਹੁੰਦਾ ਹੈ।

ਪਾਰਿ ਪਰਾਨਿ ਹਾਂ- ਪਾਰ ਹੋਕੇ ਦੂਰ ਜਾ ਪਏ ਹਾਂ।

ਨਿਜ ਘਰਿ-ਭਾਵ ਆਪਣੇ ਸਰੂਪ ਵਿਚ।

ਮਾਨਿ ਹਾਂ-ਮਾਣਦਾ ਹੈ। ਏਥੇ ਅਨਜ ਪੁਰਖ ਦੀ ਕ੍ਰਿਯਾ ਹੈ।

ਤਿਸ-ਤ੍ਰੇਹ।

ਭੁਖਾਨਿ-ਭੁਖਾਂ, ਇਥੇ 'ਨਿ' ਲਾਕੇ ਬਹੂ ਬਚਨ ਬਨਾਇਆ ਹੈ।

[ਆਸਾਵਰੀ ਮਹਲਾ ੫, ਚਉਪਦਾ, ੧੫੯-੨੨੬]

ਪ੍ਰਾਕ੍ਥਨ-ਅਲਖ ਅਭੇਵ ਪ੍ਰਭੂ ਗੁਰੂ ਕਰ ਜਾਣੀਦਾ ਤੇ ਨਾਮ ਜਪਕੇ ਲਖੀਦਾ ਹੈ।

ਮੂਲ	ਅਰਥ
ਆਸਾਵਰੀ ਮਹਲਾ ੫ ॥ **ਹਰਿ ਹਰਿ ਹਰਿ ਗੁਨੀ ਹਾਂ ॥ ਜਪੀਐ ਸਹਜ ਧੁਨੀ ਹਾਂ॥ਸਾਧੂ ਰਸਨ ਭਨੀ ਹਾਂ॥ ਛੂਟਨ ਬਿਧਿ ਸੁਨੀ ਹਾਂ ॥ ਪਾਈਐ ਵਡ ਪੁਨੀ ਮੇਰੇ ਮਨਾ ॥੧॥ ਰਹਾਉ ॥**	ਹਰੀ ਦਾ ਹਰੀ ਹਰਿ ਨਾਮ ਸਿਮਰਦੇ ਹਾਂ, ਹਾਂ ! (ਉਸ ਦਾ ਨਾਮ) ਸਹਜ ਧੁਨੀ ਨਾਲ ਜਪੀਦਾ ਹੈ, ਸਾਧੂਆਂ ਦੀ ਰਸਨਾ (ਇਹ ਗੱਲ) ਆਖਦੀ ਹੈ, (ਅਸਾਂ ਬੀ) ਇਹੋ ਬਿਧੀ (ਜਨਮ ਮਰਨ ਤੋਂ) ਛੁੱਟਣ ਦੀ (ਸਾਧੂ ਤੋਂ) ਸੁਣੀ ਹੈ, (ਪਰ) ਹੇ ਮੇਰੇ ਮਨ ! ਵਡੇ ਪੁੰਨਾਂ ਕਰਕੇ (ਇਹ ਬਿਧੀ) ਪਾਈਦੀ ਹੈ॥ ੧॥ ਰਹਾਉ॥

* ਜਿਸ ਪਦ ਦਾ ਅਰਥ ਤਲਵਾਰ ਹੈ, ਉਸ ਦਾ ਰੂਪ ਹੈ 'ਕ੍ਰਿਪਾਣ', ਉਸ ਦੀ ਵਿਤਪਤੀ ਹੈ, ਕ੍ਰਿਪਾ+ਨੁਦ =ਜੋ ਕ੍ਰਿਪਾ ਨੂੰ ਦੂਰ ਕਰੇ ਸੋ ਕ੍ਰਿਪਾਣ। [ਦੇਖੋ ਕੋਸ਼ ਸ੍ਰੀ ਭਾਈ ਹਜ਼ਾਰਾ ਸਿੰਘ ਜੀ]

ਖੋਜਹਿ ਜਨ ਮੁਨੀ ਹਾਂ ॥ ਸ੍ਰਬ ਕਾ ਪ੍ਰਭ ਧਨੀ ਹਾਂ ॥ ਦੁਲਭ ਕਲਿ ਦੁਨੀ ਹਾਂ ॥ ਦੂਖ ਬਿਨਾਸਨੀ ਹਾਂ ॥ ਪ੍ਰਭ ਪੂਰਨ ਆਸਨੀ ਮੇਰੇ ਮਨਾ ॥੧॥

(ਉਸ ਹਰੀ ਨੂੰ ਜਿਸ ਦਾ ਨਾਮ ਜਪਦੇ ਹਾਂ) ਮੁਨੀ ਲੋਕ ਖੋਜਦੇ ਹਨ, (ਉਹ) ਪ੍ਰਭੂ ਸਰਬ ਦਾ ਧਨੀ ਹੈ, (ਉਹ) ਕਲਿਜੁਗ ਵਿਚ ਦੁਨੀਆਂ (ਦਾਰ ਲੋਕਾਂ ਲਈ) ਦੁਰਲਭ ਹੈ, (ਪਰ ਦੁਨੀਆਂਦਾਰਾਂ ਦੇ) ਦੁਖਾਂ ਦੇ ਨਾਸ਼ ਕਰਨੇ ਵਾਲਾ (ਬੀ ਉਹੀ) ਹੈ, ਹੇ ਮੇਰੇ ਮਨ ! (ਉਹ) ਪ੍ਰਭੂ (ਸਭ ਦੀਆਂ) ਆਸਾਂ ਪੂਰਨ ਕਰਨੇ ਵਾਲਾ ਹੈ॥੧॥

ਮਨ ਸੋ ਸੇਵੀਐ ਹਾਂ ॥ ਅਲਖ ਅਭੇਵੀਐ ਹਾਂ ॥ ਤਾਂ ਸਿਉ ਪ੍ਰੀਤਿ ਕਰਿ ਹਾਂ ॥ ਬਿਨਸਿ ਨ ਜਾਇ ਮਰਿ ਹਾਂ ॥ ਗੁਰ ਤੇ ਜਾਨਿਆ ਹਾਂ ॥ ਨਾਨਕ ਮਨੁ ਮਾਨਿਆ ਮੇਰੇ ਮਨਾ ॥੨॥੩॥੧੫੯॥

(ਉਹ ਪ੍ਰਭੂ) ਸਮਝ ਤੋਂ ਪਰੇ ਹੈ, (ਉਸਦਾ) ਭੇਦ ਨਹੀਂ ਪਾਇਆ ਜਾਂਦਾ, ਉਹ ਨਾ ਬਿਨਸਦਾ ਹੈ ਨਾ ਮਰਦਾ ਹੈ, ਹੇ ਮਨ! ਉਸ ਨੂੰ ਸੇਵੀਦਾ ਹੈ, ਉਸੇ ਨਾਲ ਪ੍ਰੀਤ ਕਰੀਦੀ ਹੈ। [ਪ੍ਰਸ਼ਨ: ਉਸ ਨੂੰ ਫੇਰ ਜਾਣੀਦਾ ਸੇਵੀਂਦਾ ਕੀਕੂੰ ਹੈ? ਉੱਤਰ:] (ਉਸ ਨੂੰ) ਗੁਰੂ ਦੁਆਰਾ ਜਾਣਿਆ ਹੈ, (ਅਥਵਾ ਜਾਣੀਦਾ ਹੈ। ਗੁਰੂ) ਨਾਨਕ (ਦੇਵ ਜੀ ਆਖਦੇ ਹਨ) ਹੇ ਮੇਰੇ ਮਨ ! (ਗੁਰੂ ਦੁਆਰਾ ਹੀ ਮੇਰਾ) ਮਨ ਪਤੀਜਿਆ ਹੈ॥ ੨ ॥ ੩॥ ੧੫੯ ॥

ਵਯਾਖਯਾ-ਰਹਾਉ-ਹਰੀ ਦਾ ਨਾਮ ਸਿਮਰੋ ਤੇ ਸਹਜ ਧੁਨੀ ਨਾਲ ਜਪੋ ਬੀ, ਇਹੋ ਛੁੱਟਣੇ ਦੀ ਵਿਧੀ ਸਾਧੂ ਰਸਨਾ ਤੋਂ ਸੁਣੀ ਹੈ, ਪਰ ਇਹ ਪੁੰਨਾ ਕਰਕੇ ਮਿਲਦੀ ਹੈ ਭਾਵ ਦੁਰਲਭ ਹੈ।

ਅੰਕ ੧ ਵਿਚ ਵਾਹਿਗੁਰੂ ਦੇ ਗੁਣ ਗਾਏ ਹਨ, ਉਸ ਦੀ ਪ੍ਰਾਪਤੀ ਦੁਰਲਭ ਦੱਸੀ ਹੈ।

ਅੰਕ ੨ ਵਿਚ ਉਸ ਦੀ ਸੁਲਭਤਾ ਦਿਖਾਈ ਹੈ ਕਿ ਗੁਰੂ ਦੁਆਰੇ ਮਿਲਦਾ ਹੈ। ਉਸ ਦੀ ਸੇਵਾ ਤੇ ਉਸ ਨਾਲ ਪ੍ਰੀਤਿ ਕਰਨੀ ਲੋੜੀਏ। ਇਸ ਪ੍ਰਕਾਰ ਮਨ ਪਤੀਜਦਾ ਹੈ, ਪ੍ਰਭੂ ਪ੍ਰੀਤਿ ਤੇ ਪ੍ਰਭੂ ਲੱਖਤਾ ਨਾਲ।

ਨਿਰੁਕ੍ਤ-ਹਰਿ-ਹਰਿ ਤ੍ਰੈ ਵੇਰ ਕਿਹਾ ਹੈ, ਹਰੀ ਦਾ ਹਰਿ ਹਰਿ ਨਾਮ। ਪਰ ਦਾਨੇ ਐਉਂ ਬੀ ਤ੍ਰੈਹਾਂ ਨੂੰ ਸਫਲਾਉਂਦੇ ਹਨ: ਪਾਪਾਂ ਦੇ ਹਰਨ ਵਾਲੇ, (ਪਾਪ ਹਰਿ ਕੇ ਦਿਲਾਂ ਨੂੰ) ਹਰੇ ਕਰਨ ਵਾਲੇ ਹਰੀ ਨੂੰ।

ਗੁਨੀ-ਗੁਣਨਾ, ਗਿਣਨਾ, ਵੀਚਾਰਨਾ। (ਅ) ਯਾਦ ਕਰਨਾ, ਸਿਮਰਨਾ।

(ੲ) ਗੁਣਾਂ ਨੂੰ ਗਿਣਨਾ ਭਾਵ ਗਾਉਣਾ।

ਸਹਜ ਧੁਨੀ-ਸਹਜ ਦੀ ਧੁਨਿ ਨਾਲ, ਬਹੁਤ ਹਲਕੀ ਮਿੱਠੀ ਮਿੱਠੀ ਅਵਾਜ਼ ਨਾਲ।

ਭਨੀ ਹਾਂ-ਆਖਦੀ ਹੈ। ਸੁਨੀ ਹਾਂ-ਸੁਣੀ ਹੈ। ਪੁਨੀ-ਪੁੰਨਾਂ ਨਾਲ।

ਜਨ ਮੁਨੀ-ਮੁਨੀ ਜਨ, ਮੁਨੀ ਲੋਕ। ਸਾਧੂ। ਧਨੀ ਹਾਂ-ਧਨੀ ਹੈ।

ਦੁਨੀ-ਦੁਨੀਆਂ ਲਈ ਦੁਰਲਭ ਹੈ, ਭਾਵ ਦੁਨੀਆਂਦਾਰ ਲੋਕਾਂ ਲਈ।

ਕਲਿ-[ਸੰਸ:, ਕਲਿ:] ਕਲਜੁਗ ਵਿਚ।

ਦੂਖ ਬਿਨਾਸਨੀ-[ਸੰਸ:, ਦੁਖੰ+ਵਿਨਾਸ਼ਨ:] ਦੁਖਾਂ ਦਾ ਨਾਸ਼ ਕਰਨੇ ਵਾਲਾ। ਬਿਨਾਸਨੀ ਏਥੇ ਇਸਤ੍ਰੀ ਲਿੰਗ ਵਿਸ਼ੇਸ਼ਨ ਨਹੀਂ, ਪੁਲਿੰਗ ਹੀ ਹੈ, ਜਿਵੇਂ 'ਰਾਹੀ' ਆਦਿ ਪਦ ਬਿਹਾਰੀ ਅੰਤ ਵਾਲੇ ਪੁਲਿੰਗ ਹਨ। ਆਸਨੀ-ਆਸਾ ਦਾ।

ਅਲਖ-ਜੋ ਲਖਿਆ, ਜਾਣਿਆ ਨਾ ਜਾਏ।

ਅਭੇਵੀਐ-[ਸੰਸ:, ਅਭੇਦ:] ਜਿਸ ਦਾ ਭੇਦ ਨਾ ਮਿਲੇ।

[ਆਸਾਵਰੀ ਮਹਲਾ ੫, ਚਉਪਦਾ, ੧੬੦-੨੨੭]

ਪ੍ਰਾਕ੍ਕਥਨ-ਹਰੀਜਸ, ਹਰੀ ਨਾਮ ਦੁਆਰਾ ਪ੍ਰਭੂ ਨੂੰ ਭਾਈਦਾ ਹੈ, ਇਉਂ ਜਨਮ ਸਫਲ ਹੁੰਦਾ ਹੈ।

ਮੂਲ	ਅਰਥ
ਆਸਾਵਰੀ ਮਹਲਾ ੫ ॥	
ਏਕਾ ਓਟ ਗਹੁ ਹਾਂ ॥ ਗੁਰ ਕਾ ਸਬਦੁ ਕਹੁ ਹਾਂ ॥ ਆਗਿਆ ਸਤਿ ਸਹੁ ਹਾਂ ॥ਮਨਹਿ ਨਿਧਾਨੁ ਲਹੁ ਹਾਂ ॥ ਸੁਖਹਿ ਸਮਾਈਐ ਮੇਰੇ ਮਨਾ ॥੧॥ ਰਹਾਉ॥	ਹੇ ਮੇਰੇ ਮਨ ! ਇੱਕੋ (ਪ੍ਰਭੂ) ਦੀ ਓਟ ਫੜ ਖਾਂ, ਤੇ ਗੁਰੂ ਦੇ ਦਿੱਤੇ ਸ਼ਬਦ ਨੂੰ ਜਪ ਖਾਂ, (ਗੁਰੂ ਪਰਮੇਸ਼ੁਰ ਦੀ) ਆਗਿਆ ਨੂੰ ਸੱਤਿ ਕਰਕੇ ਮੰਨ ਖਾਂ, (ਆਪਣੇ) ਮਨ ਵਿਚ ਹੀ ਸੁਖਾਂ ਦਾ ਖ਼ਜ਼ਾਨਾ ਲੱਭ ਲੈ ਖਾਂ, (ਐਉਂ) ਸੁਖ ਵਿਚ ਸਮਾ ਜਾਈਦਾ ਹੈ॥ ੧॥ ਰਹਾਉ॥
ਜੀਵਤ ਜੋ ਮਰੈ ਹਾਂ ॥ ਦੁਤਰੁ ਸੋ ਤਰੈ ਹਾਂ ॥ ਸਭ ਕੀ ਰੇਨੁ ਹੋਇ ਹਾਂ ॥ ਨਿਰਭਉ ਕਹਉ ਸੋਇ ਹਾਂ ॥ ਮਿਟੇ ਅੰਦੇਸਿਆ ਹਾਂ ॥ ਸੰਤ ਉਪਦੇਸਿਆ ਮੇਰੇ ਮਨਾ ॥੧॥	ਜੋ ਜੀਵਤ ਭਾਵ ਵੱਲੋਂ ਮਰੇ ਹਨ, ਓਹ ਔਖੇ ਤਰੇ ਜਾਣ ਵਾਲੇ (ਸੰਸਾਰ) ਨੂੰ ਤਰ ਗਏ ਹਨ, (ਓਹ ਪਹਿਲੋਂ) ਸਭ ਦੀ ਧੂੜੀ ਹੋਏ ਹਨ (ਭਾਵ ਨਿਮ੍ਰਤਾ ਵਿਚ ਗਏ ਹਨ), ਉਹੋ (ਫੇਰ) ਭੈ ਰਹਿਤ ਹੋਏ ਕਹੀਦੇ ਹਨ। (ਉਨ੍ਹਾਂ ਦੇ ਆਸ) ਅੰਦੇਸੇ (ਤੌਖਲੇ) ਮਿਟ ਗਏ ਹਨ, (ਪਰ) ਸੰਤ ਦੇ ਉਪਦੇਸ਼ ਦੇਣੇ ਨਾਲ, ਹੇ ਮੇਰੇ ਮਨ ॥ ੧॥
ਜਿਸੁ ਜਨ ਨਾਮ ਸੁਖੁ ਹਾਂ ॥ ਤਿਸੁ ਨਿਕਟਿ ਨ ਕਦੇ ਦੁਖੁ ਹਾਂ ॥ ਜੋ ਹਰਿ ਹਰਿ ਜਸੁ ਸੁਨੇ ਹਾਂ ॥ ਸਭੁ ਕੋ ਤਿਸੁ ਮੰਨੇ ਹਾਂ ॥ ਸਫਲੁ ਸੁ ਆਇਆ ਹਾਂ ॥ ਨਾਨਕ ਪ੍ਰਭ ਭਾਇਆ ਮੇਰੇ ਮਨਾ ॥੨॥੪॥੧੬੦॥	ਜਿਸ ਪੁਰਖ ਨੂੰ ਨਾਮ ਦਾ ਸੁਖ (ਪ੍ਰਾਪਤ ਹੋ ਗਿਆ) ਹੈ, ਉਸ ਦੇ ਨੇੜੇ ਕਦੇ ਦੁਖ ਨਹੀਂ ਆਉਂਦਾ। ਜੋ ਵਾਹਿਗੁਰੂ ਦਾ ਜਸ ਸੁਣਦਾ ਹੈ, ਸਭ ਕੋਈ ਉਸ ਨੂੰ ਸਨਮਾਨ ਦੇਂਦਾ ਹੈ। ਉਸੇ ਦਾ ਆਇਆ ਸਫਲ ਹੈ, (ਕਿਉਂਕਿ) ਉਹ ਪ੍ਰਭੂ ਨੂੰ ਭਾ ਗਿਆ ਹੈ (ਸੁਣ) ਹੇ ਮੇਰੇ ਮਨ ! (ਕਹਿੰਦੇ ਹਨ ਗੁਰੂ) ਨਾਨਕ (ਦੇਵ ਜੀ)॥ ੨॥ ੪॥ ੧੬੦॥

ਵਯਾਖਯਾ-ਰਹਾਉ-ਆਪਣੇ ਮਨ ਦੁਆਰਾ ਸ੍ਰਿਸ਼ਟੀ ਨੂੰ ਉਪਦੇਸ਼ ਦਿੱਤਾ ਹੈ:-ਇਕੋ ਪ੍ਰਭੂ ਦੀ ਓਟ ਲਓ, ਨਾਮ ਜਪੋ, ਗੁਰੂ ਆਗਿਆ ਵਿਚ ਟੁਰੋ। ਅੰਕ ੧-ਨਿੰਮ੍ਰਤਾ ਧਾਰਨ ਕਰੋ, ਇਉਂ ਹਉਂ ਘਟੇ ਹਟੇਗੀ ਤੇ ਜੀਵਤ ਮਰੋਗੇ, ਭਾਵ ਨਿਰਹੰਕਾਰ ਹੋ ਜਾਓਗੇ। ਤੌਖਲੇ ਮਿਟ ਜਾਣਗੇ। ਅੰਕ ੨-ਨਾਮ ਤੇ ਹਰੀ ਕਥਨ ਨਾਲ ਜਨਮ ਸਫਲ ਹੁੰਦਾ ਹੈ, ਕਿਉਂਕਿ ਹਰੀ ਨੂੰ ਭਾ ਜਾਈਦਾ ਹੈ। ਇਹੋ ਮਨੁੱਖਾ ਜਨਮ ਦਾ ਪ੍ਰਯੋਜਨ ਤੇ ਲਾਹਾ ਹੈ।

ਨਿਰੁਕ੍ਤ-ਓਟ-ਆਸਰਾ।

ਸਤਿ ਸਹੁ-ਸਚ ਕਰਕੇ ਸਹਾਰ। ਸੱਚੀ ਕਰਕੇ ਮੰਨ। ਉਸ ਉਤੇ ਹੁੱਜਤਾਂ ਨਾ ਪੜੁ, ਓਹ ਔਖੀ ਹੋਵੇ ਸੌਖੀ, ਸਮਝੇ ਪਵੇ ਕਿ ਨਾ, ਸੱਚੀ ਸਮਝਕੇ ਉਸ ਦੀ ਕਮਾਈ ਕਰ।

ਦੁਤਰੁ-[ਸੰਸ:, ਦੁਸ਼੍ਤਰ:] ਜੋ ਕਠਨਤਾ ਨਾਲ ਤਰਿਆ ਜਾਵੇ, ਸੰਸਾਰ ਸਮੁੰਦਰ।

ਅੰਦੇਸਿਆ-[ਫ਼ਾ:, ਅੰਦੇਸ਼ਹ] ਫਿਕਰ, ਤੌਖਲੇ।

ਮੰਨੇ ਹਾਂ-ਮੰਨਦੇ ਹਨ, ਸਤਿਕਾਰ ਕਰਦੇ ਹਨ।

[ਆਸਾਵਰੀ ਮਹਲਾ ੫, ਚਉਪਦਾ, ੧੬੧-੨੨੮]

ਮੂਲ	ਅਰਥ
ਆਸਾਵਰੀ ਮਹਲਾ ੫ ॥	
ਮਿਲਿ ਹਰਿ ਜਸੁ ਗਾਈਐ ਹਾਂ ॥ ਪਰਮ ਪਦੁ ਪਾਈਐ ਹਾਂ ॥ ਉਆ ਰਸ ਜੋ ਬਿਧੇ ਹਾਂ ॥ ਤਾਕਉ ਸਗਲ ਸਿਧੇ ਹਾਂ॥ਅਨਦਿਨੁ ਜਾਗਿਆ ਹਾਂ ॥ ਨਾਨਕ ਬਡਭਾਗਿਆ ਮੇਰੇ ਮਨਾ ॥੧॥ ਰਹਾਉ ॥	ਹੇ ਮੇਰੇ ਮਨ ! (ਗੁਰੂ ਨੂੰ) ਮਿਲਕੇ (ਜੋ) ਹਰੀ ਜਸ ਗਾਉਂਦੇ ਹਨ (ਓਹ) ਪਰਮ ਪਦ ਨੂੰ ਪਾ ਲੈਂਦੇ ਹਨ। ਉਸ ਰਸ ਵਿਚ ਜੋ ਵਿੰਨ੍ਹੇ ਗਏ ਹਨ ਉਨ੍ਹਾਂ ਦੇ ਸਾਰੇ (ਕਾਰਜ) ਸਿਧ ਹੋਏ ਹਨ। (ਐਉਂ ਜੋ) ਹਰ ਦਿਨ ਜਾਗਦੇ ਹਨ, ਹੇ ਨਾਨਕ ਓਹ ਵਡੇ ਭਾਗਾਂ ਵਾਲੇ ਹਨ॥ ੧॥ ਰਹਾਉ॥
ਸੰਤ ਪਗ ਧੋਈਐ ਹਾਂ ॥ ਦੁਰਮਤਿ ਖੋਈਐ ਹਾਂ ॥ਦਾਸਹ ਰੇਨੁ ਹੋਇ ਹਾਂ ॥ ਬਿਆਪੈ ਦੁਖੁ ਨ ਕੋਇ ਹਾਂ ॥ ਭਗਤਾਂ ਸਰਨਿ ਪਰੁ ਹਾਂ ॥ ਜਨਮਿ ਨ ਕਦੇ ਮਰੁ ਹਾਂ ॥ ਅਸਥਿਰੁ ਸੇ ਭਏ ਹਾਂ ॥ ਹਰਿ ਹਰਿ ਜਿਨ੍ ਜਪਿ ਲਏ ਮੇਰੇ ਮਨਾ ॥੧॥	ਹੇ ਮੇਰੇ ਮਨ ! ਸੰਤਾਂ ਦੇ ਪੈਰ ਜੋ ਧੋਂਦੇ ਹਨ, (ਓਹ ਆਪਣੀ) ਖੋਟੀ ਬੁਧਿ ਗੁਆ ਲੈਂਦੇ ਹਨ। ਜੋ (ਪ੍ਰਭੂ ਦੇ) ਦਾਸਾਂ ਦੀ ਧੂੜੀ ਹੋਏ ਹਨ, ਉਨ੍ਹਾਂ ਨੂੰ ਕੋਈ ਦੁਖ ਨਹੀਂ ਵਿਆਪਦਾ। (ਜੋ) ਭਗਤਾਂ ਦੀ ਸ਼ਰਨੀ ਪੈ ਜਾਂਦੇ ਹਨ (ਓਹ) ਨਾ ਕਦੇ ਜੰਮਦੇ ਹਨ ਨਾ (ਕਦੇ) ਮਰਦੇ ਹਨ। ਜੋ ਹਰੀ ਹਰਿ ਨਾਮ ਜਪ ਲੈਂਦੇ ਹਨ ਓਹ ਨਿਹਚਲ ਹੋ ਜਾਂਦੇ ਹਨ॥ ੧॥
ਸਾਜਨੁ ਮੀਤੁ ਤੂੰ ਹਾਂ ॥ ਨਾਮੁ ਦ੍ਰਿੜਾਇ ਮੂੰ ਹਾਂ ॥ ਤਿਸੁ ਬਿਨੁ ਨਾਹਿ ਕੋਇ ਹਾਂ ॥ ਮਨਹਿ ਅਰਾਧਿ ਸੋਇ ਹਾਂ ॥ ਨਿਮਖ ਨ ਵੀਸਰੈ ਹਾਂ ॥ ਤਿਸੁ ਬਿਨੁ ਕਿਉ ਸਰੈ ਹਾਂ ॥ ਗੁਰ ਕਉ ਕੁਰਬਾਨੁ ਜਾਉ ਹਾਂ ॥ ਨਾਨਕੁ ਜਪੇ ਨਾਉ ਮੇਰੇ ਮਨਾ॥੨॥੫॥੧੬੧॥	ਹੇ ਮੇਰੇ ਮਨ ! (ਅਰਦਾਸ ਕਰ ਕਿ ਹੇ ਗੁਰੂ) ਤੂੰ (ਹੀ ਮੇਰਾ) ਸਜਨ ਤੇ ਮਿਤ੍ਰ ਹੈਂ, (ਜਿਸ ਨੇ) ਮੈਨੂੰ ਨਾਮ ਦ੍ਰਿੜ ਕਰਾਇਆ ਹੈ, (ਜਿਸ ਤੋਂ ਸਮਝ ਪਈ ਹੈ ਕਿ) ਉਸ (ਪ੍ਰਭੂ) ਬਿਨਾਂ ਹੋਰ ਕੋਈ ਨਹੀਂ ਹੈ, (ਸੋ) ਉਸੇ ਨੂੰ ਮਨ ਵਿਚ ਅਰਾਧ ਰਹੇ ਹਾਂ, (ਮਿਹਰ ਕਰ ਕਿ) ਇਕ ਪਲ ਉਹ ਵਿਸਰੇ ਨਾ, (ਹਾਂ,) ਉਸ ਬਿਨਾਂ (ਸਾਡੀ) ਕਿਵੇਂ ਨਿਭ ਸਕਦੀ ਹੈ? (ਹਾਂ, ਹੇ) ਗੁਰੂ (ਤੇਰੇ) ਤੋਂ ਸਦਕੇ ਜਾਂਦਾ ਹਾਂ, ਨਾਨਕ (ਤੇਰਾ ਦਿੱਤਾ) ਨਾਮ ਜਪ ਰਿਹਾ ਹੈ॥ ੨॥ ੫॥ ੧੬੧॥

ਵਯਾਖਯਾ-ਸੁਗਮੰ।

ਨਿਰੁਕ੍ਤ-ਗਾਈਐ ਹਾਂ-ਗਾਉਂਦੇ ਹਾਂ। ਏਥੇ 'ਹਾਂ'='ਹਨ' ਹੈ।

ਬਿਧੇ ਹਾਂ-[ਸੰਸ:, ਵੇਧਨੰ=ਵਿੰਨ੍ਹਣਾ, ਸੁਰਾਖ ਕਰਨਾ] ਵਿੰਨ੍ਹੇ ਗਏ ਹਨ, ਭਾਵ ਰਸੀਏ ਹੋ ਗਏ ਹਨ।

ਸਿਧੇ ਹਾਂ-ਸਿੱਧ ਹੋਏ ਹਨ (ਸਾਰੇ ਕਾਰਜ ਉਹਨਾਂ ਦੇ)।　ਪਗ-ਪੈਰ, ਚਰਨ।

ਅਸਥਿਰੁ-ਥਿਰ। ਨਿਹਚਲ।　ਮੂੰ-ਮੈਨੂੰ।

ਸਰੈ ਹਾਂ-ਕੀਕੂੰ ਸਰਦੀ ਹੈ, ਕੀਕੂੰ ਨਿਭਦੀ ਹੈ? ਭਾਵ ਨਹੀਂ ਨਿਭਦੀ।

[ਆਸਾ ਮਹਲਾ ੫,ਚਉਪਦਾ, ੧੬੨-੨੨੯]

ਮੂਲ	ਅਰਥ
ਆਸਾਵਰੀ ਮਹਲਾ ੫ ॥	
ਕਾਰਨ ਕਰਨ ਤੂੰ ਹਾਂ ॥ ਅਵਰੁ ਨਾ ਸੁਝੈ ਮੂੰ ਹਾਂ॥ਕਰਹਿ ਸੁ ਹੋਈਐ ਹਾਂ ॥ ਸਹਜਿ ਸੁਖਿ ਸੋਈਐ ਹਾਂ ॥ ਧੀਰਜ ਮਨਿ ਭਏ ਹਾਂ ॥ ਪ੍ਰਭ ਕੈ ਦਰਿ ਪਏ ਮੇਰੇ ਮਨਾ ॥੧॥ ਰਹਾਉ ॥	(ਹੇ ਪ੍ਰਭੂ !) ਕਾਰਨਾਂ ਦੇ ਕਰਨ ਵਾਲਾ (ਮੂਲ ਕਾਰਨ) ਤੂੰ (ਆਪ) ਹੈਂ, ਮੈਨੂੰ ਹੋਰ ਕੋਈ ਨਹੀਂ ਨਜ਼ਰ ਆਉਂਦਾ। (ਜੋ ਤੂੰ) ਕਰਦਾ ਹੈਂ ਉਹੋ (ਕੁਛ) ਹੁੰਦਾ ਹੈ, (ਇਸ ਨਿਸਚੇ ਨਾਲ ਅਸੀਂ) ਸਹਜ ਸੁਖ ਵਿਚ ਸੌਂਦੇ ਹਾਂ ਤੇ ਮਨ ਵਿਚ ਧੀਰਜ ਵਾਲੇ ਹੋ ਗਏ ਹਾਂ; (ਸੋ) ਹੇ ਮੇਰੇ ਮਨ ! ਪ੍ਰਭੂ ਦੇ ਦਰ ਤੇ ਹੀ ਪਏ (ਰਹੀਏ)॥ ੧॥ ਰਹਾਉ॥
ਸਾਧੂ ਸੰਗਮੇ ਹਾਂ ॥ ਪੂਰਨ ਸੰਜਮੇ ਹਾਂ॥ ਜਬ ਤੇ ਛੁਟੇ ਆਪ ਹਾਂ ॥ ਤਬ ਤੇ ਮਿਟੇ ਤਾਪ ਹਾਂ ॥ ਕਿਰਪਾ ਧਾਰੀਆ ਹਾਂ ॥ ਪਤਿ ਰਖੁ ਬਨਵਾਰੀਆ ਮੇਰੇ ਮਨਾ ॥੧॥	ਸਾਧੂ ਦੇ ਸੰਗ ਵਿਚ (ਰਹਿੰਦੇ) ਹਾਂ, (ਇਸ ਕਰਕੇ) ਪੂਰੇ ਸੰਜਮ ਵਿਚ (ਰਹਿੰਦੇ) ਹਾਂ (ਭਾਵ ਸਾਧੂ ਦਾ ਸੰਗ ਉਸ ਦਾ ਨਿਰਮਲ ਭੈ ਇੰਦ੍ਰਿਆਂ ਨੂੰ ਵੱਸ ਵਿਚ ਰਖਦਾ ਹੈ)। ਜਦ ਤੋਂ ਆਪਾ ਭਾਵ (ਹਉਮੈਂ) ਤੋਂ ਛੁੱਟੇ ਹਾਂ, ਤਦ ਤੋਂ ਤਾਪ (ਸੰਤਾਪ ਸਭ) ਮਿਟ ਗਏ ਹਨ। ਹੇ ਮੇਰੇ ਮਨ ! (ਪ੍ਰਭੂ) ਕਿਰਪਾ ਕਰਨੇ ਵਾਲਾ ਹੈ, (ਹਾਂ) ਵਾਹਿਗੁਰੂ ਪਤ ਰਖਣੇ ਵਾਲਾ ਹੈ॥ ੧॥
ਇਹੁ ਸੁਖੁ ਜਾਨੀਐ ਹਾਂ ॥ ਹਰਿ ਕਰੇ ਸੁ ਮਾਨੀਐ ਹਾਂ ॥ ਮੰਦਾ ਨਾਹਿ ਕੋਇ ਹਾਂ ॥ ਸੰਤ ਕੀ ਰੇਨ ਹੋਇ ਹਾਂ ॥ ਆਪੇ ਜਿਸੁ ਰਖੈ ਹਾਂ ॥ ਹਰਿ ਅੰਮ੍ਰਿਤੁ ਸੋ ਚਖੈ ਮੇਰੇ ਮਨਾ ॥੨॥	(ਅਸੀਂ) ਇਹੋ ਸੁਖ ਕਰਕੇ ਜਾਣਦੇ ਹਾਂ, (ਤੇ ਜੋ ਕੁਛ) ਹਰੀ ਕਰੇ ਉਸ ਨੂੰ (ਭਲਾ ਕਰ) ਮੰਨਦੇ ਹਾਂ (ਤੇ ਸਮਝਦੇ ਹਾਂ ਕਿ) ਮੰਦਾ ਕੋਈ ਨਹੀਂ ਹੈ, ਪਰ ਸੰਤਾਂ ਦੀ (ਚਰਣ-) ਧੂੜ ਹੋ ਰਹੇ ਹਾਂ। ਆਪੇ (ਪ੍ਰਭੂ) ਜਿਸ ਨੂੰ (ਇਸ ਸਿਦਕ ਵਿਚ) ਰਖਦਾ ਹੈ, ਹੇ ਮੇਰੇ ਮਨ ! ਹਰਿ (ਨਾਮ) ਅੰਮ੍ਰਿਤ ਉਹੀ ਚੱਖਦਾ ਹੈ ॥ ੨॥
ਜਿਸ ਕਾ ਨਾਹਿ ਕੋਇ ਹਾਂ ॥ ਤਿਸ ਕਾ ਪ੍ਰਭੂ ਸੋਇ ਹਾਂ ॥ ਅੰਤਰਗਤਿ ਬੁਝੈ ਹਾਂ ॥ ਸਭੁ ਕਿਛੁ ਤਿਸੁ ਸੁਝੈ ਹਾਂ ॥ ਪਤਿਤ ਉਧਾਰਿ ਲੇਹੁ ਹਾਂ ॥ ਨਾਨਕ ਅਰਦਾਸਿ ਏਹੁ ਮੇਰੇ ਮਨਾ ॥੩॥੬॥੧੬੨॥	ਜਿਸ ਦਾ ਕੋਈ (ਹੋਰ ਆਸਰਾ) ਨਹੀਂ ਰਹਿੰਦਾ, ਉਹ ਪ੍ਰਭੂ ਉਸ ਦਾ (ਆਸਰਾ) ਹੁੰਦਾ ਹੈ। (ਜੋ ਪ੍ਰਭੂ ਨੂੰ) ਆਪਣੇ ਅੰਦਰ ਪ੍ਰਾਪਤ ਹੋਇਆ ਬੁੱਝ ਲੈਂਦਾ ਹੈ, ਉਸ ਨੂੰ ਸੱਭੋ ਕੁਛ ਸੁੱਝ ਪੈਂਦਾ ਹੈ। (ਆਖਦੇ ਹਨ ਗੁਰੂ) ਨਾਨਕ (ਦੇਵ ਜੀ) ਹੇ ਮੇਰੇ ਮਨ ! ਇਹ ਅਰਦਾਸ ਕਰ (ਕਿ ਹੇ ਪ੍ਰਭੂ !) ਮੈਂ ਪਤਿਤ ਨੂੰ ਤਾਰ ਲਓ (ਜ਼ਰੂਰ)॥ ੩॥ ੬॥ ੧੬੨॥

ਵਯਾਖਯਾ-ਰਹਾਉ ਵਿਚ ਈਸ਼੍ਵਰ ਤੇ ਪੂਰਨ ਵਿਸ਼੍ਵਾਸ ਧਾਰਕੇ ਜਦ ਰਜ਼ਾ ਤੇ ਟਿਕ ਗਏ ਹਾਂ ਤਾਂ ਸਹਜ ਸੁਖ ਨੂੰ ਪ੍ਰਾਪਤ ਹੋ ਗਏ ਦੱਸਿਆ ਹੈ। ਫੇਰ ਆਮ ਲੋਕਾਂ ਵਾਙੂ ਅਧੀਰਜ ਤੇ ਘਬਰਾ ਵਿਚ ਜਾਣਾ ਹਟ ਗਿਆ।

ਅੰਕ ੧ ਵਿਚ ਏਹ ਸੰਥਯਾ ਹਨ:-ਸਾਧੂ ਦਾ ਸੰਗ, ਇੰਦਰਿਆਂ ਨੂੰ ਵਿਸ਼ਿਆਂ ਤੋਂ ਰੋਕਣਾ, ਹਉਂ ਤੋਂ ਖਲਾਸੀ, ਕ੍ਰਿਪਾਲ ਪ੍ਰਭੂ ਦੀ ਕ੍ਰਿਪਾ ਤੇ ਭਰੋਸਾ।

ਅੰਕ ੨ ਵਿਚ ਰਜ਼ਾ ਦਾ ਸਬਕ ਦੁਹਰਾਕੇ ਇਕ ਜਗਤ ਵਰਤਾਰੇ ਦੀ ਰਹਨੁਮਾਈ ਕੀਤੀ ਹੈ ਜਿਸ ਨਾਲ ਵਰਤੋਂ ਸਾਨੂੰ ਅਪਣੇ ਨਾਮ ਰੰਗ ਤੋਂ ਨਾ ਹਿਲਾਵੇ, ਕਿ ਦੁਨੀਆਂ ਵਿਚ ਕਿਵੇਂ ਕੋਈ ਵਰਤੇ। ਕਿਸੇ ਨੂੰ ਮੰਦਾ ਨਾ ਕਹੀਏ ਤੇ ਐਉਂ ਸਮਝੀਏ, ਜੈਸੇ ਕਿ ਵਾਕ ਹੈ:-

ਹਮ ਨਹੀ ਚੰਗੇ ਬੁਰਾ ਨਹੀ ਕੋਇ॥ ਪ੍ਰਣਵਤਿ ਨਾਨਕੁ ਤਾਰੇ ਸੋਇ॥

[ਸੂਹੀ ਮਹਲਾ ੧-੨]

ਇਸ ਤਰ੍ਹਾਂ ਅਸੀਂ ਦੋਸਤ ਦੁਸ਼ਮਨ ਸਭ ਨਾਲ ਸਮ ਵਰਤਣ ਸਿੱਖਾਂਗੇ। ਪਰ ਇਸ ਵਿਚ ਇਕ ਉਕਾਈ ਹੋ ਜਾਣ ਦਾ ਡਰ ਹੁੰਦਾ ਹੈ ਕਿ ਸੰਤ ਨਾਲ ਕੀਕੂੰ ਵਰਤਣਾ ਹੈ? ਉਹ ਕਿਹਾ ਹੈ ਕਿ 'ਸੰਤ ਕੀ ਰੇਨ ਹੋਇ ਹਾਂ'। ਸੰਤ ਨਾਲ ਵਰਤਾਉ ਵਿਸ਼ੇਸ਼ ਅਦਬ ਸਤਿਕਾਰ ਦਾ ਲੋੜੀਦਾ ਹੈ ਕਿਉਂਕਿ ਆਤਮ ਲੱਖਤਾ ਤੇ ਸਾਰੀਆਂ ਨੇਕੀਆਂ ਤੇ ਸਮ ਵਰਤਣਾ ਓਥੋਂ ਸਿੱਖਣੀਆਂ ਹਨ।

ਅੰਕ ੩ - ਜਦ ਜਗਯਾਸੂ ਸਾਂਈਂ ਵੱਲ ਲਗ ਪੈਂਦਾ ਹੈ ਕਈ ਵੇਰ ਜਗਤ ਦੇ ਲੋਕ ਉਸ ਨੂੰ ਤ੍ਰਾਹ ਦੇਂਦੇ ਹਨ। ਉਹ ਇਕੱਲਾ ਪ੍ਰਤੀਤ ਕਰਕੇ ਡਾਂਵਾਂਡੋਲ ਹੁੰਦਾ ਹੈ, ਉਸ ਤੋਂ ਬਚਾਉਣੇ ਲਈ ਦੱਸਦੇ ਹਨ ਕਿ ਐਉਂ ਜੋ ਇਕੱਲਾ ਰਹਿ ਜਾਏ ਯਾ ਸਨਬੰਧੀ ਗੁਜ਼ਰ ਜਾਣ ਤੇ ਇਕੱਲ ਭਾਸੇ ਤਾਂ ਉਹ ਭਰੋਸਾ ਰਖੇ ਕਿ ਸਿਮਰਨ ਨਾਲ ਉਹ ਪ੍ਰਭੂ ਦਾ ਹੋ ਗਿਆ ਹੈ; ਪ੍ਰਭੂ ਉਸ ਦੀ ਰੱਖੇਗਾ ਤੇ ਅੰਗ ਸੰਗ ਵਰਤੇਗਾ। ਇਹ ਸਾਰਾ ਕੁਛ ਜਾਣਨਾ ਮਾਤ੍ਰ ਨਹੀਂ, ਸਗੋਂ ਅੰਤਰ ਗਤਿ ਹੋ ਜਾਏ, ਲੱਖਤਾ ਵਿਚ ਆ ਜਾਏ, ਅੰਦਰ ਪ੍ਰਾਪਤ ਹੋ ਜਾਏ, ਤਦ ਸਾਰਾ ਕੁਛ ਸੁੱਝੇਗਾ। ਅੰਤ ਵਿਚ ਅਰਦਾਸ ਕੀਤੀ ਹੈ ਕਿ ਪ੍ਰਭੂ ਤੋਂ ਅਪਣੇ ਕਲਯਾਣ ਲਈ ਅਰਦਾਸ ਸਦਾ ਕਰਦੇ ਰਹੋ।

ਨਿਰੁਕ੍ਤ-ਕਾਰਨ ਕਰਨ-ਕਾਰਨਾਂ ਦੇ ਕਰਨੇ ਵਾਲਾ। ਕਾਰਨਾ ਦਾ ਕਾਰਣ ਮੂਲ ਕਾਰਨ।

ਮੂੰ-ਮੈਨੂੰ।   ਸੁਝੈ ਮੂੰ ਹਾਂ-ਮੈਨੂੰ (ਨਹੀਂ) ਸੁਝਦਾ ਹੈ।

ਸੰਜਮੇ-[ਸੰਸ:, ਸਂਯਮ:] ਰੋਕ ਥਾਮ। ਇੰਦ੍ਰਿਆਂ ਨੂੰ ਵਿਸ਼ਿਆਂ ਵਿਕਾਰਾਂ ਵਿਚ ਲੱਗਣੋਂ ਰੋਕਣਾ। ਮਨ ਨੂੰ ਮਾੜੇ ਪਾਸੇ ਧਾਵਨੋ ਰੋਕਣਾ।

ਤਾਪ ਹਾਂ-ਤਾਪ ਹਨ। ਸੰਤਾਪ ਆਦਿ ਦੁੱਖ ਮਿਟੇ ਹਨ।

ਜਾਨੀਐ ਹਾਂ-ਜਾਣਦੇ ਹਾਂ।   ਮਾਨੀਐ ਹਾਂ-ਮੰਨਦੇ ਹਾਂ।

ਨਾਹਿ ਕੋਇ ਹਾਂ-ਕੋਈ ਨਹੀਂ ਹੈ।   ਰਖੈ ਹਾਂ-ਰਖ ਲੈਂਦਾ ਹੈ।

ਲੇਹੁ ਹਾਂ- ਹਾਂ ਉਧਾਰ ਲਓ, ਭਾਵ ਹੈ ਜ਼ਰੂਰ ਉਧਾਰ ਲਓ।

[ਆਸਾਵਰੀ ਮਹਲਾ ੫, ਚਉਪਦਾ, ੧੯੩-੨੩੦]

ਮੂਲ	ਅਰਥ
ਆਸਾਵਰੀ ਮਹਲਾ ੫ ਇਕਤੁਕਾ ॥ ਓਇ ਪਰਦੇਸੀਆ ਹਾਂ ॥ ਸੁਨਤ ਸੰਦੇਸਿਆ ਹਾਂ ॥੧॥ ਰਹਾਉ ॥ ਜਾ ਸਿਉ ਰਚਿ ਰਹੇ ਹਾਂ ॥ ਸਭ ਕਉ ਤਜਿ ਗਏ ਹਾਂ ॥ ਸੁਪਨਾ ਜਿਉ ਭਏ ਹਾਂ ॥ ਹਰਿ ਨਾਮੁ ਜਿਨਿ ਲਏ ॥੧॥	"ਓਇ (ਜੀਵ ਤੂੰ) ਪਰਦੇਸੀ ਹੈਂ "(ਇਸ ਪ੍ਰਕਾਰ ਦੇ) ਸੁਨੇਹੇ (ਤੈਨੂੰ ਰੋਜ਼) ਸੁਣੀਂਦੇ ਹਨ॥ ੧॥ ਰਹਾਉ॥ (ਦੇਖ ! ਜੀਵ) ਜਿਨ੍ਹਾਂ (ਪਦਾਰਥਾਂ ਆਦਿ) ਨਾਲ (ਲੋਕ) ਰਚ ਰਹੇ ਹਨ ਸਾਰਿਆਂ ਨੂੰ ਛੱਡ (ਛੱਡ ਟੁਰ) ਗਏ ਹਨ; (ਪਰ) ਜਿਨ੍ਹਾਂ ਨੇ ਹਰੀ ਨਾਮ ਲਿਆ ਹੈ (ਉਨ੍ਹਾਂ ਨੂੰ ਏਹ ਪਦਾਰਥ) ਸੁਪਨੇ ਸਮਾਨ ਹੋ ਜਾਂਦੇ ਹਨ॥ ੧॥
ਹਰਿ ਤਜਿ ਅਨ ਲਗੇ ਹਾਂ ॥ ਜਨਮਹਿ ਮਰਿ ਭਗੇ ਹਾਂ ॥ ਹਰਿ ਹਰਿ ਜਨਿ ਲਹੇ ਹਾਂ ॥ ਜੀਵਤ ਸੇ	(ਜੋ) ਵਾਹਿਗੁਰੂ ਨੂੰ ਛੱਡਕੇ ਹੋਰ ਨੂੰ ਲੱਗ ਰਹੇ ਹਨ, ਓਹ ਜੰਮਦੇ ਮਰਦੇ ਭੱਜੇ ਫਿਰਦੇ ਹਨ, (ਪਰ ਜਿਨ੍ਹਾਂ) ਜਨਾਂ ਨੇ ਹਰੀ ਹਰਿ ਨੂੰ ਪ੍ਰਾਪਤ ਕਰ ਲਿਆ ਹੈ, ਓਹ ਜੀਂਵਦੇ ਰਹੇ ਹਨ। (ਗੱਲ ਕੀਹ)

ਰਹੇ ਹਾਂ ॥ ਜਿਸਹਿ ਕ੍ਰਿਪਾਲੁ ਹੋਇ ਹਾਂ ॥ ਨਾਨਕ ਭਗਤੁ ਸੋਇ ॥੨॥੭॥੧੬੩॥੨੩੨॥	ਜਿਸ ਉਤੇ (ਵਾਹਿਗੁਰੂ) ਕ੍ਰਿਪਾਲ ਹੋਇਆ ਹੈ, ਹੇ ਨਾਨਕ ! ਉਹੀ ਭਗਤ ਹੈ॥ ੨॥੭॥੧੬੩॥੨੩੨॥

ਵਯਾਖਯਾ-ਰਹਾਉ-ਜੀਵ ਪਰਦੇਸੀ ਹੈ, ਇਹ ਗਲ ਹਰ ਜੀਵ ਨੂੰ ਸੁਣਾਈ ਦੇ ਰਹੀ ਹੈ, ਸਾਹਮਣੇ ਜੁ ਰੋਜ਼ ਜੀਵ ਮਰਦੇ ਦਿੱਸਦੇ ਹਨ। ਫੇਰ ਸੰਤ, ਧਰਮ ਪੁਸਤਕ, ਤੇ ਆਮ ਲੋਕੀ ਬੋਲ ਚਾਲ ਵਿਚ ਆਖਦੇ ਰਹਿੰਦੇ ਹਨ।

ਅੰਕ ੧ ਵਿਚ ਦੱਸਿਆ ਹੈ ਕਿ ਪਦਾਰਥਾਂ ਤੇ ਪਿਆਰਿਆਂ ਦਾ ਮੋਹ ਪ੍ਰਬਲ ਹੈ, ਪਰ ਦੇਖ, ਓਹ ਸਭ ਮਰਨ ਵੇਲੇ ਛੱਡਣੇ ਪੈਂਦੇ ਹਨ। ਪਰ ਜੋ ਹਰੀ ਨਾਮ ਵਿਚ ਲੱਗੇ ਹਨ ਉਹਨਾਂ ਨੂੰ ਪਦਾਰਥ ਸੁਪਨੇ ਸਮਾਨ ਲੱਗਦੇ ਹਨ। ਕਟਾਖਯ ਇਹ ਹੈ ਕਿ ਹਰੀ ਨਾਮ ਜਪ, ਫੇਰ ਪਦਾਰਥ ਆਪੇ ਛਿਨ ਭੰਗਰ ਦਿੱਸ ਪੈਣਗੇ।

ਅੰਕ ੨ ਵਿਚ ਉਸ ਦੇ ਟਾਕਰੇ ਤੇ ਦੱਸਦੇ ਹਨ ਕਿ ਜੋ ਹਰੀ ਤੇ ਹਰੀ ਦੇ ਨਾਮ ਨੂੰ ਛੱਡਕੇ ਹੋਰਨਾ ਮੋਹ ਮਾਇਆ ਵਿਚ ਲਗੇ ਹਨ ਓਹ ਜਨਮ ਮਰਨ ਵਿਚ ਭਟਕਦੇ ਰਹਿੰਦੇ ਹਨ। ਪਰ ਜੋ ਹਰੀ ਹਰਿ ਨੂੰ ਪ੍ਰਾਪਤ ਕਰਦੇ ਹਨ ਓਹ ਆਤਮ ਜੀਵਨ ਵਿਚ ਜੀਉਂਦੇ ਹਨ, ਭਾਵ ਕਾਲ ਜਿੱਤ ਲੈਂਦੇ ਹਨ, ਮੁੜਕੇ ਜਨਮ ਮਰਨ ਵਿਚ ਨਹੀਂ ਆਉਂਦੇ। ਸਿੱਟਾ ਇਹ ਕਿ ਜਿਨ੍ਹਾਂ ਤੇ ਵਾਹਿਗੁਰੂ ਜੀ ਕ੍ਰਿਪਾਲ ਹੋਏ ਹਨ ਓਹੀ ਭਗਤ ਹਨ। ਭਾਵ ਇਹ ਕਿ ਜੋ ਭਗਤੀ ਕਰਦੇ ਕਰਦੇ ਪ੍ਰਭੂ ਦੀ ਨਜ਼ਰੇ ਮਨਜ਼ੂਰ ਹੋ ਜਾਂਦੇ ਹਨ ਉਹੀ ਅਸਲ ਭਗਤ ਹਨ।

ਨਿਰੁਕ੍ਤ- ਸੰਦੇਸਿਆ-ਸੁਨੇਹੇ। 'ਹਾਂ' ਇਥੇ ਕਈ ਸਤਰਾਂ ਵਿਚ 'ਹਨ' ਦੇ ਅਰਥ ਦੇਂਦਾ ਹੈ ਸੁਨਤ ਸੰਦੇਸਿਆ ਹਾਂ=ਸੁਨੇਹੇ ਸੁਣਾਈ ਦੇ ਰਹੇ ਹਨ। ਰਹੇ ਹਾਂ-ਰਹੇ ਹਨ।

ਭਏ ਹਾਂ-ਭਏ ਹਨ। ਆਦਿ। 'ਸੁਪਨਾ ਜਿਉਂ ਭਏ ਹਾਂ' ਪੂਰਣਤਾ ਹੈ 'ਹਰੀ ਨਾਮ ਜਿਨਿ ਲਏ ਹਾਂ'ਵਾਕ ਦੀ। ਕਿ ਜਿਨ੍ਹਾਂ ਨੇ ਹਰੀ ਨਾਮ ਲਿਆ ਹੈ ਉਹਨਾਂ ਨੂੰ ਸੁਪਨਾ ਹੋਏ ਹਨ, ਕੀਹ? 'ਜਿਸ ਨਾਲ ਰਚ ਰਹੇ ਹਨ'। (ਅ) ਕਈ ਸਿਆਣੇ ਐਉਂ ਲਾਉਂਦੇ ਹਨ ਕਿ 'ਤਜ ਗਏ' ਦਾ ਖਿਆਲ ਜਾਰੀ ਹੈ ਤੇ ਸੁਪਨਾ ਹੋ ਗਏ ਹਨ। ਪਰ ਅੰਕ ੨ ਦਾ ਵਾਕ 'ਹਰਿ ਹਰਿ ਜਨਿ ਲਹੇ ਹਾਂ॥ ਜੀਵਤ ਸੇ ਰਹੇ ਹਾਂ॥' ਜੀਕੂੰ ਪੂਰਬ ਅਪਰ ਸਿੱਧਾ ਕਿਹਾ ਹੈ ਠੀਕ ਇਸ ਮੁਤਾਬਕ ਹੀ ਪਹਿਲੇ ਅੰਕ ਦੀਆਂ ਦੋ ਸਤਰਾਂ ਨੂੰ ਸਮਝੋ ਕਿ "ਹਰਿ ਨਾਮ ਜਿਨਿ ਲਏ॥" "ਸੁਪਨਾ ਜਿਉ ਭਏ ਹਾਂ॥" ਕੀਹ ਸੁਪਨਾ ਭਏ? 'ਜਾ ਸਿਉ ਰਚਿ ਰਹੇ ਹਾਂ' ਓਹ ਪਦਾਰਥ ਤੇ ਪਿਆਰੇ।

ਜਿਨਿ-ਜਿਨ੍ਹਾਂ ਜਨਾਂ ਨੇ, ਭਾਵ ਹੈ ਜਿਨ੍ਹਾਂ ਪੁਰਖਾਂ ਨੇ।

ਲਹੇ ਹਾਂ-ਪ੍ਰਾਪਤ ਕੀਤਾ ਹੈ। (ਅ) ਜਪ ਲਿਆ ਹੈ (ਹਰੀ ਨਾਮ)।

[ਆਸਾ ਮਹਲਾ ੯, ਚਉਪਦਾ-੨੩੧]

ੴ ਸਤਿਗੁਰ ਪ੍ਰਸਾਦਿ॥ ਰਾਗ ਆਸਾ ਮਹਲਾ ੯ ॥

ਮੂਲ	ਅਰਥ
ਬਿਰਥਾ ਕਹਉ ਕਉਨ ਸਿਉ ਮਨ	(ਆਪਣੇ) ਮਨ ਦੀ ਪੀੜਾ ਕਿਸ ਨੂੰ ਦੱਸਾਂ? (ਇਹ ਮਨ ਤਾਂ)

ਕੀ ॥ ਲੋਭਿ ਗ੍ਰਸਿਓ ਦਸ ਹੂ ਦਿਸ ਧਾਵਤ ਆਸਾ ਲਾਗਿਓ ਧਨ ਕੀ ॥੧॥ ਰਹਾਉ ॥	ਲੋਭ ਵਿਚ ਫਸਿਆ ਹੋਇਆ ਧਨ (ਪ੍ਰਾਪਤੀ) ਦੀ ਆਸਾ ਵਿਚ ਲੱਗਾ ਹੋਇਆ ਦਸੋ ਦਿਸ਼ਾ ਵਿਚ ਭੱਜਾ ਫਿਰਦਾ ਹੈ॥ ੧॥ ਰਹਾਉ॥
ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ ਸੇਵ ਕਰਤ ਜਨ ਜਨ ਕੀ॥ਦੁਆਰਹਿ ਦੁਆਰਿ ਸੁਆਨ ਜਿਉ ਡੋਲਤ ਨਹ ਸੁਧ ਰਾਮ ਭਜਨ ਕੀ ॥੧॥	ਸੁਖ (ਪ੍ਰਾਪਤੀ) ਦੀ ਖ਼ਾਤਰ ਬਹੁਤ ਦੁਖ ਪਾਉਂਦਾ ਹੈ ਤੇ ਜਣੇ ਖਣੇ ਦੀ ਸੇਵਾ ਕਰਦਾ ਹੈ। ਕੁੱਤੇ ਵਾਂਙੂ ਦੁਆਰੇ ਦੁਆਰੇ (ਦਰ ਦਰ) ਡੋਲਦਾ ਫਿਰਦਾ ਹੈ, ਵਾਹਿਗੁਰੂ ਜੀ ਦੇ ਭਜਨ ਦੀ (ਇਸ ਨੂੰ) ਸਾਰ ਹੀ ਨਹੀਂ॥ ੧॥
ਮਾਨਸ ਜਨਮ ਅਕਾਰਥ ਖੋਵਤ ਲਾਜ ਨ ਲੋਕ ਹਸਨ ਕੀ ॥ ਨਾਨਕ ਹਰਿ ਜਸੁ ਕਿਉ ਨਹੀ ਗਾਵਤ ਕੁਮਤਿ ਬਿਨਾਸੈ ਤਨ ਕੀ ॥੨॥੧॥੨੩੩॥	ਮਨੁੱਖਾ ਜਨਮ ਬਿਰਥਾ ਗੰਵਾ ਰਿਹਾ ਹੈ (ਇਸ ਨੂੰ) ਲੋਕਾਂ ਦੇ ਹਾਸੀ ਕਰਨ ਦੀ ਬੀ ਸ਼ਰਮ ਨਹੀਂ ਆਉਂਦੀ। ਹੇ ਨਾਨਕ ! ਹਰੀ ਜਸ ਕਿਉਂ ਨਹੀਂ ਗਾਉਂਦਾ (ਤੇਰੇ) ਵਜੂਦ ਦੀ ਖੋਟੀ ਮੱਤਿ ਦੂਰ ਹੋ ਜਾਵੇ॥ ੨॥ ੧॥ ੨੩੩*॥

ਵਜਾਖਜਾ-ਅਪਣੇ ਦੁਆਰਾ ਜਗਤ ਜੀਵਾਂ ਨੂੰ ਉਪਦੇਸ਼ ਦਿਤਾ ਹੈ। ਇਹ ਉੱਤਮ ਤਰੀਕਾ ਪਰਮੇਸ਼੍ਵਰ ਦੇ ਪਜਾਰੇ ਗੁਰੂ ਸਾਹਿਬ ਅਕਸਰ ਵਰਤਿਆ ਕਰਦੇ ਹਨ। ਰਹਾਉ-ਲੋਭ ਵਿਚ ਪੈਕੇ ਜੀਵ ਦਾ ਭਟਕਣਾ ਵਿਚ ਰਹਿਣਾ ਦਰਸਾਇਆ ਹੈ, ਕਿ ਧਨ ਪ੍ਰਾਪਤੀ ਦੀ ਆਸਾ ਵਿਚ ਲਗਾ ਜੀਵ ਭੱਜਾ ਫਿਰਦਾ ਹੈ ਤੇ ਮਨ ਬੀ ਭਟਕਦਾ ਰਹਿੰਦਾ ਹੈ।

ਅੰਕ ੧ ਵਿਚ ਇਸ ਭਟਕਨਾ ਨੂੰ ਕੁੱਤੇ ਦੇ ਦਰ ਦਰ ਭਟਕਦੇ ਫਿਰਨ ਨਾਲ ਮਿਸਾਲ ਦਿੱਤੀ ਹੈ, ਉਸ ਨੂੰ ਦੁਰ ਦੁਰ ਹੁੰਦੀ ਹੈ, ਕਿਤੋਂ ਸੋਟੀ ਬੀ ਪੈ ਜਾਂਦੀ ਹੈ ਪਰ ਉਹ ਫੇਰ ਬੀ ਟੁੱਕਰ ਬਦਲੇ ਦਰਦਰ ਰੁਲਦਾ ਫਿਰਦਾ ਹੈ। ਇਸ ਪ੍ਰਕਾਰ ਲੋਭੀ ਜੀਵ, ਸਾਈਂ ਤੋਂ ਗ਼ਾਫ਼ਲ, ਧਨ ਦੀ ਆਸਾ ਵਿਚ ਜਣੇ ਖਣੇ ਦੀ ਮੁਥਾਜੀ ਕਰਦਾ ਸੁਖ ਦੀ ਥਾਂ ਨਿਰਾਸਾ ਤੇ ਨਿਰਾਦਰ ਦੇ ਦੁਖ ਬੀ ਸਹਿੰਦਾ ਹੈ।

ਅੰਕ ੨ ਵਿਚ ਸਿੱਟੇ ਦੀ ਗਲ ਫੁਰਮਾਈ ਹੈ ਕਿ ਇਸ ਪ੍ਰਕਾਰ ਮਾਨੁੱਖਾ ਜਨਮ ਬਿਰਥਾ ਗੁਆ ਰਿਹਾ ਹੈ, ਇਸ ਗਲ ਦੀ ਪਰਵਾਹ ਹੀ ਨਹੀਂ; ਪਰ ਇਕ ਗਲ ਹੋਰ ਹੈ ਕਿ ਇਸ ਨੂੰ ਜੋ ਹਾਸੀ ਹੁੰਦੀ ਹੈ ਉਸ ਦੀ ਬੀ ਸ਼ਰਮ ਨਹੀਂ ਪੈਂਦੀ। ਹਾਸੀ ਕਉਣ ਕਰਦੇ ਹਨ? ਲੋਕ। ਲੋਕ ਤੋਂ ਮੁਰਾਦ ਉਸ ਵਰਗੇ ਜੀਵਾਂ ਦੀ ਨਹੀਂ, ਪਰ ਜਾਗਤ ਵਿਚ ਆਏ ਲੋਕਾਂ ਦੀ। ਉਸ ਵਰਗੇ ਲੋਭੀ ਤਾਂ ਆਪ ਕੁੱਤੇ ਸਮਾਨ ਡੋਲ ਰਹੇ ਹਨ ਉਹਨਾਂ ਨੇ ਕੀਹ ਹੱਸਣਾ ਹੈ, ਇਹ ਤਾਂ ਪ੍ਰਬੁੱਧ ਲੋਕ ਹੱਸਦੇ ਹਨ ਜੋ ਉਸ ਨੂੰ ਮੂਰਖ ਸਮਝਦੇ ਹਨ ਕਿ ਏਹ ਅਪਣਾ ਜਨਮ ਬਿਰਥਾ ਗੁਆ ਰਿਹਾ ਹੈ। ਸੋ ਲੋਕ ਤੋਂ ਮੁਰਾਦ ਪ੍ਰਬੁਧ ਲੋਕਾਂ ਦੀ ਹੈ।

ਨਿਰੁਕ੍ਤ- ਸੁਧ-ਸਾਰ ਹੋਸ਼। ਕੁਮਤਿ-ਖੋਟੀ ਬੁੱਧੀ। ਜੋ ਅਪਣਾ ਲਾਹਾ ਨਹੀਂ ਵਿਚਾਰਨ ਦੇਂਦੀ ਤੇ ਟੋਟੇ ਵਾਲੇ ਕੰਮਾਂ ਨੂੰ ਲਾਹੇ ਦੇ ਦੱਸ ਰਹੀ ਹੈ।

ਤਨ ਕੀ-ਸਰੀਰ ਦੀ। ਵਜੂਦ ਦੀ। ਏਥੇ ਤਨ ਤੋਂ ਮੁਰਾਦ ਨਿਰੇ ਪੰਚ ਭੌਤਕ ਸਰੀਰ ਦਾ ਨਹੀਂ ਪਰ ਸਾਰੇ ਵਜੂਦ ਦਾ ਹੈ। ਜਿਸ ਵਿਚ ਸਰੀਰ, ਮਨ ਤੇ ਬੁੱਧੀ ਸਾਰੇ ਸ਼ਾਮਲ ਹਨ।ਕਿਉਂਕਿ ਕੁਮਤੀ ਵਿਚ

* ਚਉਪਦਿਆਂ ਦੀ ਗਿਣਤੀ ਇਥੇ ੨੩੧ ਮੁੱਕੀ ਹੈ, ੬੭ ਪਹਿਲੇ ਆਏ ਹਨ ਮਹਲਾ ੧, ੩ ਤੇ ੪ ਦੇ। ਅਗੇ ੧੬੩ ਮਹਲਾ ੫ ਦੇ ਤੇ ੧ ਨੌਵੇਂ ਮਹੱਲੇ ਦਾ ਹੈ। ਏਹ ਹੋਏ ੨੩੧। ਇਹ ਉਪਰਲਾ ਅੰਕ ੨੩੩ ਦੱਸਦਾ ਹੈ ਕਿ ਸ਼ੁਰੂ ਦੇ 'ਸੋਦਰੁ' ਤੇ 'ਸੋ ਪੁਰਖੁ' ਵਾਲੇ ਦੋਵੇਂ ਸ਼ਬਦ ਬੀ ਇਸ ਜੁਮਲੇ ਵਿਚ ਸ਼ਾਮਲ ਹਨ।

ਸਾਰੇ ਸ਼ਾਮਲ ਹਨ, ਕੁਮਤੀ ਦੇ ਕੰਮਾਂ ਵਿਚ ਸਭਨਾਂ ਦਾ ਹਿੱਸਾ ਹੈ, ਇਸ ਕਰਕੇ ਵਜੂਦ ਦੀ ਕੁਮਤੀ,ਸਾਰੀ ਕੁਮਤੀ ਦੂਰ ਹੋਵੇ, ਭਾਵ ਹੈ।

-ਚਉਪਦੇ ਸਮਾਪਤ ਤੇ ਅਸਟਪਦੀਆਂ ਸ਼ੁਰੂ-

[ਆਸਾ ਮਹਲਾ ੧, ਅਸਟਪਦੀ-੧]

ਰਾਗੁ ਆਸਾ ਮਹਲਾ ੧ ਅਸਟਪਦੀਆ ਘਰੁ ੨ ੴ ਸਤਿਗੁਰ ਪ੍ਰਸਾਦਿ॥

ਪ੍ਰਾਕ੍ਥਨ-ਹੁਣ ਪਹਿਲੀ ਪਾਤਸ਼ਾਹੀ ਦੀਆਂ ਅਸਟਪਦੀਆਂ ਆਰੰਭ ਹੁੰਦੀਆਂ ਹਨ, ਪਹਿਲੀ ਅਸਟਪਦੀ ਵਿਚ ਭਰਥਰੀ ਜੋਗੀ ਪ੍ਰਤੀ ਉਪਦੇਸ਼ ਹੈ। ਉਸ ਨੂੰ ਨਾਮ ਵਾਲੀ ਭਗਤੀ ਦੁਆਰਾ ਜੋਗੀਆਂ ਦੀ ਵਰਤੋਂ ਵਿਚ ਵਰਤੀ ਜਾ ਰਹੀ ਭਾਸ਼ਾ ਦੇ ਪਦ ਲੈਕੇ ਸਮਝਾਉਂਦੇ ਹਨ, ਬਾਣੀ ਦੇ ਅਖ਼ੀਰ ਗੁਰੂ ਜੀ ਆਪ ਉਚਾਰਦੇ ਹਨ: 'ਸੁਣਿ ਭਰਥਰਿ'। ਇਸ ਦੇ ਅਰਥ ਹਨ ਕਿ ਇਸ ਨਾਮ ਦਾ ਜੋਗੀ ਸਚ ਮੁਚ ਸਾਹਮਣੇ ਬੈਠਾ ਹੈ, ਉਸ ਨੂੰ ਕਹਿ ਰਹੇ ਹਨ। ਇਹ ਭਰਥਰੀ ਯੋਗੀਆਂ ਵਿਚ ਇਕ ਵਡਾ ਪ੍ਰਸਿੱਧ ਜੋ ਜੋਗੀ ਹੋਇਆ ਉਹ ਹੈ ਕਿ ਕੋਈ ਹੋਰ? ਇਸ ਦਾ ਵੇਰਵਾ ਬਾਣੀ ਵਿਚ ਨਹੀਂ। ਪਰ ਇਹ ਗਲ ਨਿਰਸੰਦੇਹ ਹੈ ਕਿ ਜਿਸ ਨੂੰ ਗੁਰੂ ਜੀ 'ਸੁਣਿ ਭਰਥਰਿ' ਕਹਿ ਰਹੇ ਹਨ ਉਹ ਪਰਤੱਖ ਸਾਹਮਣੇ ਬੈਠਾ ਹੈ। ਵਡਿਆਂ ਦੇ ਨਾਮ ਤੇ ਮਗਰੋਂ ਬੀ ਉਹੋ ਨਾਮ ਲੋਕੀਂ ਰਖ ਲੈਂਦੇ ਹਨ। ਅਸਾਂ ਆਪ ਡਿਠਾ ਹੈ ਕਿ ਕਈ ਪੁਰਖਾਂ ਦੇ ਨਾਮ 'ਨਾਨਕ ਚੰਦ','ਨਾਨਕ ਦਾਸ', 'ਨਾਨਕ ਸਿੰਘ' ਤੇ ਮਾਪੇ ਲਾਡ ਨਾਲ 'ਨਾਨਕ' ਤੇ 'ਨਾਨਕੂ' ਤਕ ਕਹਿੰਦੇ ਸੁਣੇ ਹਨ। ਅਸੀਂ ਐਸੇ ਪੁਰਖ ਬੀ ਦੇਖੇ ਹਨ ਜਿਨ੍ਹਾਂ ਦਾ ਨਾਮ ਸਿਖ ਮਾਪਿਆਂ ਨੇ 'ਗੋਬਿੰਦ ਸਿੰਘ' ਰਖਿਆ ਹੈ ਤੇ ਓਹ ਇਸ ਨਾਮ ਨਾਲ ਸੰਬੋਧਿਤ ਹੁੰਦੇ ਰਹੇ ਹਨ। ਸੋ ਇਹ ਚਾਹੋ ਕੋਈ ਭਰਥਰੀ ਸੀ, ਪਰ ਇਸ ਦਾ ਨਾਮ ਭਰਥਰੀ ਸੀ, ਤੇ ਗੁਰੂ ਕੇ ਸਨਮੁਖ ਹਾਜ਼ਰ ਸੀ ਤੇ ਆਪ ਉਸ ਨੂੰ ਸੰਬੋਧਨ ਕਰਕੇ ਉਪਦੇਸ਼ ਦੇ ਰਹੇ ਹਨ।

ਮੂਲ	ਅਰਥ
ਉਤਰਿ ਅਵਘਟਿ ਸਰਵਰਿ ਨ੍ਾਵੈ ॥ ਬਕੈ ਨ ਬੋਲੈ ਹਰਿ ਗੁਣ ਗਾਵੈ ॥ ਜਲੁ ਆਕਾਸੀ ਸੁੰਨਿ ਸਮਾਵੈ ॥ ਰਸੁ ਸਤੁ ਝੋਲਿ ਮਹਾ ਰਸੁ ਪਾਵੈ ॥੧॥ ਐਸਾ ਗਿਆਨੁ ਸੁਨਹੁ ਅਭ ਮੋਰੇ ॥ ਭਰਿਪੁਰਿ ਧਾਰਿ ਰਹਿਆ ਸਭ ਠਉਰੇ ॥੧॥ ਰਹਾਉ ॥	[ਅਰਥ ਰਹਾਉ ਤੋਂ ਚੱਲੇਗਾ। ਸ੍ਰੀ ਗੁਰੂ ਜੀ ਬੋਲੇ: ਹੇ ਭਰਥਰਿ !] ਐਸਾ ਗਿਆਨ ਜੋ ਮੇਰੇ ਹ੍ਰਿਦੇ ਦਾ ਹੈ ਸੁਣੋ: (ਨਿਰੰਕਾਰ ਸਭ ਠਉਰ ਵਿਚ) ਭਰਪੂਰ ਹੋ ਰਿਹਾ ਤੇ ਸਰਬ ਠਉਰ ਨੂੰ ਧਾਰਨ ਕਰ ਰਿਹਾ ਹੈ (ਭਾਵ ਸੰਭਾਲ ਰਿਹਾ ਹੈ, ਉਸ ਦੀ ਪ੍ਰਾਪਤੀ ਦਾ ਰਸਤਾ ਇਹ ਹੈ:) ਉੱਤਰ (ਦਿਸ਼ਾ) ਵਿਚ ਜੋ ਸਰੋਵਰ (ਹੈ, ਜਿਸਦਾ) ਰਾਹ ਔਖਾ ਹੈ ਉਸ ਵਿਚ ਇਸ਼ਨਾਨ ਕਰੇ ਤੇ ਹਰੀ ਦੇ ਗੁਣ ਗਾਵੇ, ਬਕਵਾਸੀ ਗੱਲਾਂ ਨਾ ਕਰੇ, ਉਹ ਸੁੰਨ (ਪ੍ਰਭੂ) ਵਿਚ ਐਉਂ ਸਮਾਇਆ ਰਹੇਗਾ (ਜੀਕੂੰ) ਅਕਾਸ਼ ਵਿਚ ਜਲ ਸਮਾਇਆ ਰਹਿੰਦਾ ਹੈ, (ਉਹ) 'ਸਤੁ ਰਸੁ' ਨੂੰ ਝੋਲਕੇ (ਸਭ ਤੋਂ) ਵਡੇ ਰਸ ਨੂੰ ਪਾ ਲੈਂਦਾ ਹੈ॥ ੧॥
ਸਚੁ ਬ੍ਰਤੁ ਨੇਮੁ ਨ ਕਾਲੁ ਸੰਤਾਵੈ ॥ ਸਤਿਗੁਰ ਸਬਦਿ ਕਰੋਧੁ ਜਲਾਵੈ ॥	(ਤੁਸਾਂ ਦੇ ਦੱਸੇ) ਵਰਤ (ਅਤੇ) ਨੇਮ ਦੀ ਥਾਵੇਂ ਜੋ ਸਤਜ ਨੂੰ (ਧਾਰਨ ਕਰ ਲਵੇ ਉਸ ਨੂੰ) ਕਾਲ (ਫੇਰ) ਨਹੀਂ ਸਤਾਉਂਦਾ। (ਇਸ ਤਰ੍ਹਾਂ ਜੋ ਧੂਣੀ ਨਹੀਂ ਲਾਉਂਦਾ ਪਰ) ਸਤਿਗੁਰ ਦੇ ਸ਼ਬਦ

ਗਗਨਿ ਨਿਵਾਸਿ ਸਮਾਧਿ ਲਗਾਵੈ॥ ਪਾਰਸੁ ਪਰਸਿ ਪਰਮ ਪਦੁ ਪਾਵੈ ॥੨॥

ਦੁਆਰਾ ਕ੍ਰੋਧ ਨੂੰ ਸਾੜ ਸੁਟਦਾ ਹੈ (ਅਤੇ) ਗਗਨ ਨਿਵਾਸ ਕਰਕੇ ਸਮਾਧੀ ਲਾਉਂਦਾ ਹੈ (ਉਹ ਉਥੇ ਭਾਵ ਦਸਮ ਦੁਆਰ ਵਿਚ ਯਾ ਅੰਤਸ਼ਕਰਨ ਵਿਚ ਨਾਮ ਰੂਪੀ ਯਾ ਵਾਹਿਗੁਰੂ ਰੂਪੀ) ਪਾਰਸ ਨੂੰ ਛੁਹਕੇ (ਮੁਕਤੀ ਰੂਪੀ) ਪਰਮ ਪਦਵੀ ਨੂੰ ਪਾ ਲੈਂਦਾ ਹੈ॥ ੨॥

ਸਚੁ ਮਨ ਕਾਰਣਿ ਤਤੁ ਬਿਲੋਵੈ ॥ ਸੁਭਰ ਸਰਵਰਿ ਮੈਲੁ ਨ ਧੋਵੈ ॥ਜੈ ਸਿਉ ਰਾਤਾ ਤੈਸੋ ਹੋਵੈ ॥ ਆਪੇ ਕਰਤਾ ਕਰੇ ਸੁ ਹੋਵੈ ॥੩॥

(ਜਿਸ ਕਿਸ ਤਰ੍ਹਾਂ ਹੋ ਸਕੇ) ਮਨ ਦੀ ਤਤ ਨੂੰ (ਪ੍ਰਾਪਤੀ) ਦੀ ਖ਼ਾਤਰ ਸੱਚ ਨੂੰ ਰਿੜਕੇ। ਨਕਾ ਨਕ ਭਰੇ ਸਰੋਵਰ ਵਿਚ (ਆਪੇ ਨੂੰ) ਧੋਵੇ, ਜੋ ਮੈਲ (ਮੂਲੋਂ) ਨਾ (ਰਹੇ)। (ਇਸ ਦੇ ਨਾਲ ਇਹ ਦ੍ਰਿੜਤਾ ਕਰੇ ਕਿ) ਆਪੇ ਕਰਤਾਰ ਜੋ ਕਰੇ ਸੋ ਪਿਆ ਹੋਵੇ (ਤਦ ਉਹ ਪੁਰਖ) ਜਿਸ ਨਾਲ ਪ੍ਰੇਮ ਕਰ ਰਿਹਾ ਹੈ ਉਸ ਵਰਗਾ ਹੋ ਜਾਏਗਾ॥ ੩॥

ਗੁਰ ਹਿਵ ਸੀਤਲੁ ਅਗਨਿ ਬੁਝਾਵੈ ॥ ਸੇਵਾ ਸੁਰਤਿ ਬਿਭੂਤ ਚੜਾਵੈ ॥ ਦਰਸਨੁ ਆਪਿ ਸਹਜ ਘਰਿ ਆਵੈ॥ ਨਿਰਮਲ ਬਾਣੀ ਨਾਦੁ ਵਜਾਵੈ ॥੪॥

[ਅੱਗ ਤਪਣ ਦੀ ਥਾਂ ਮਨ ਦੀ ਅੱਗ ਬੁਝਾਵੇ। ਕੀਕੂੰ? ਉੱਤਰ:] ਗੁਰੂ ਜੋ ਬਰਫ਼ ਵਾਂਙੂ ਠੰਢਾ ਹੈ (ਉਹ ਜੀਵ ਦੇ ਮਨ ਦੀ ਤ੍ਰਿਸ਼ਨਾ ਰੂਪੀ) ਅਗਨੀ ਨੂੰ ਬੁਝਾ ਦੇਂਦਾ ਹੈ, (ਉਹ) 'ਸੇਵਾ ਦੀ ਬ੍ਰਿਤੀ' (ਰੂਪੀ) ਸੁਆਹ ਚੜ੍ਹਾ ਦੇਂਦਾ ਹੈ, (ਗੁਰੂ) ਨਿਰਮਲ ਬਾਣੀ ਦਾ ਨਾਦ ਵਜਾ (ਕੇ ਸੁਣਾ) ਦੇਂਦਾ ਹੈ, (ਤਦ ਜੀਵ) ਸਹਜ ਘਰ ਵਿਚ ਆ ਜਾਂਦਾ ਹੈ (ਤਦ ਇਹ ਹਰੀ ਦਰਸ਼ਨ' ਰੂਪੀ) ਭੇਖ (ਇਸ ਦਾ)* ਆਪੇ ਹੋ ਜਾਂਦਾ ਹੈ॥ ੪॥

ਅੰਤਰਿ ਗਿਆਨੁ ਮਹਾ ਰਸੁ ਸਾਰਾ ॥ ਤੀਰਥ ਮਜਨੁ ਗੁਰ ਵੀਚਾਰਾ ॥ ਅੰਤਰਿ ਪੂਜਾ ਥਾਨੁ ਮੁਰਾਰਾ ॥ ਜੋਤੀ ਜੋਤਿ ਮਿਲਾਵਣਹਾਰਾ ॥੫॥

੨. ਤੀਰਥਾਂ ਦਾ ਇਸ਼ਨਾਨ ਗੁਰੂ ਦੀ ਵੀਚਾਰ (ਦਾ ਧਾਰਨਾ ਹੋਵੇਗਾ), ੧. ਅੰਤਰ ਗਜ਼ਾਨ (ਦਾ ਉਦੈ ਹੋਵੇਗਾ, (ਇਹੀ ਸਾਰੇ ਰਸਾਂ ਦਾ) ਸਾਰ (ਰੂਪੀ) ਮਹਾਂ ਰਸ ਹੋਵੇਗਾ। ੩. ਪੂਜਾ (ਇਹ ਹੋਵੇ ਕਿ) ਅੰਦਰ (ਹਿਰਦੇ ਵਿਚ ਜੋ) ਵਾਹਿਗੁਰੂ ਦਾ ਟਿਕਾਣਾ ਹੈ (ਸੋ ਲੱਭ ਪਵੇ, ਉਥੇ ਉਹ ਆਪ ਹੁੰਦਾ ਹੈ ਵਾਹਿਗੁਰੂ) ਜੋਤੀ ਸਰੂਪ (ਜਿਸ ਦੀ ਜੋਤਿ ਵਿਚ ਉਹ ਪੁਰਖ ਆਪਣੀ) ਜੋਤਿ ਮਿਲਾਵਣਹਾਰ ਹੋ ਜਾਂਦਾ ਹੈ॥ ੫॥

ਰਸਿ ਰਸਿਆ ਮਤਿ ਏਕੈ ਭਾਇ ॥ ਤਖਤ ਨਿਵਾਸੀ ਪੰਚ ਸਮਾਇ ॥ ਕਾਰ ਕ ਮਾਈ ਖਸਮ ਰਜਾਇ ॥ ਅਵਿਗਤ ਨਾਥੁ ਨ ਲਖਿਆ ਜਾਇ ॥੬॥

(ਇਹ ਪੁਰਖ ਹੁਣ) ਰਸ ਵਿਚ ਰਸ ਰੂਪ ਹੋਇਆ (ਰਹਿੰਦਾ ਹੈ, ਕਿਉਂਕਿ ਉਸ ਦੀ) ਮਤਿ ਵਿਚ ਇਕ ਪ੍ਰੇਮ (ਪਿਆ ਵਸਦਾ) ਹੈ; (ਹਾਂ, ਇਹ) ਸ੍ਰੇਸ਼ਟ ਪੁਰਖ ਤਖਤ ਨਿਵਾਸੀ (ਪ੍ਰਭੂ ਵਿਚ) ਸਮਾਇਆ ਰਹਿੰਦਾ ਹੈ। (ਇਸਦੀ ਜੋ ਬੀ ਹੁਣ) 'ਕਾਰ ਕਮਾਈ' (ਹੁੰਦੀ ਹੈ ਭਾਵ ਕੰਮ ਕਰਦਾ ਹੈ) ਮਾਲਕ ਦੀ ਰਜ਼ਾ ਸਮਝਕੇ ਕਰਦਾ ਹੈ। (ਅਰਥਾਤ 'ਹਉਂ ਆਸ਼੍ਰਿਤ' ਕੋਈ ਕੰਮ ਨਹੀਂ ਕਰਦਾ)। [ਪ੍ਰਸ਼ਨ: ਕਿਸ ਖਸਮ ਦੀ? ਉੱਤਰ:] ਜੋ ਅਵਜ਼ਕਤ ਨਾਥ ਹੈ ਤੇ ਜੋ ਲਖਿਆ ਨਹੀਂ ਜਾਂਦਾ (ਭਾਵ ਇਨਸਾਨੀ ਸਮਝ ਤੋਂ ਪਰੇ ਹੈ)॥ ੬॥

* ਦਰਸਨੁ=੧. ਦੀਦਾਰ। ੨. ਭੇਖ। ਦੁਇ ਅਰਥ ਸ਼ਲੇਖ ਵਿਚ ਲਗਦੇ ਹਨ। ਜੋਗੀ ਭੇਖ ਲੈਣ ਨੂੰ ਦਰਸ਼ਨ ਲੈਣਾ ਆਖਦੇ ਹਨ।

ਜਲ ਮਹਿ ਉਪਜੈ ਜਲ ਤੇ ਦੂਰਿ ॥ ਜਲ ਮਹਿ ਜੋਤਿ ਰਹਿਆ ਭਰਪੂਰਿ ॥

(ਜਿਵੇਂ ਸੂਰਜ ਨੂੰ ਸਾਗਰ ਵਲੋਂ ਚੜ੍ਹਦਾ ਦੇਖੋ ਤਾਂ) ਜਲ ਵਿਚੋਂ ਉਗਮਦਾ (ਦਿੱਸਦਾ ਹੈ, ਪਰ ਵਾਸਤਵ ਵਿਚ) ਜਲ ਤੋਂ (ਢੇਰ) ਦੂਰ ਹੁੰਦਾ ਹੈ, (ਫੇਰ ਦੇਖੋ ਕਿ) ਜਲ ਵਿਚ (ਆਪਣੀ) ਜਯੋਤਿ (ਦੇ ਪ੍ਰਤਿਬਿੰਬ) ਕਰਕੇ ਭਰਪੂਰ (ਦਿੱਸਦਾ ਹੈ। ਹੁਣ ਮੈਂ ਸੂਰਜ ਨੂੰ ਕਿ ਉਸ ਦੀ ਜੋਤ ਨੂੰ) ਕਿਸ ਨੂੰ ਨੇੜੇ ਕਹਾਂ ਤੇ ਕਿਸ ਨੂੰ ਦੂਰ? (ਮੈਂ ਤਾਂ ਉਸ ਨੂੰ) ਗੁਣਾਂ ਦੀ ਨਿਧੀ (ਜਾਣਕੇ) ਹਾਜ਼ਰਾ ਹਜ਼ੂਰ ਦੇਖਦਾ* (ਤੇ ਉਸ ਦੇ ਗੁਣ) ਗਾਉਂਦਾ ਰਹਿੰਦਾ ਹਾਂ (ਭਾਵ ਅੰਤ੍ਰਸਥ, ਵਜਾਪਕ ਤੇ ਅਪਰੰਪਰ, ਹਰ ਰੰਗੇ ਉਸ ਗੁਣ ਨਿਧੀ ਨੂੰ ਹਾਜ਼ਰਾ ਹਜ਼ੂਰ ਦੇਖਦਾ ਤੇ ਉਸ ਦੇ ਗੁਣ ਗਾਉਂਦਾ ਵਿਸਮਾਦ ਹੋਇਆ ਰਹਿੰਦਾ ਹਾਂ)॥ ੭॥

ਕਿਸੁ ਨੇੜੈ ਕਿਸੁ ਆਖਾ ਦੂਰਿ ॥ ਨਿਧਿ ਗੁਣ ਗਾਵਾ ਦੇਖਿ ਹਦੂਰਿ ॥੭॥

ਅੰਤਰਿ ਬਾਹਰਿ ਅਵਰੁ ਨ ਕੋਇ ॥ ਜੋ ਤਿਸੁ ਭਾਵੈ ਸੋ ਫੁਨਿ ਹੋਇ ॥ ਸੁਣਿ ਭਰਥਰਿ ਨਾਨਕੁ ਕਹੈ ਬੀਚਾਰੁ ॥ ਨਿਰਮਲ ਨਾਮੁ ਮੇਰਾ ਆਧਾਰੁ ॥ ੮॥੧॥

(ਕੇਵਲ ਬਾਹਰ ਹੀ ਹਾਜ਼ਰ ਨਹੀਂ ਦੇਖਦਾ ਮੈਨੂੰ ਤਾਂ) ਅੰਦਰ ਬਾਹਰ (ਉਸ ਬਿਨਾਂ) ਹੋਰ ਕੋਈ (ਦਿੱਸਦਾ) ਹੀ ਨਹੀਂ। (ਤੇ ਜੋ ਕੁਛ ਹੁੰਦਾ ਪਿਆ ਹੈ, ਉਹ ਮੈਂ ਦੇਖਦਾ ਹਾਂ ਕਿ) ਜੋ ਉਸ ਨੂੰ ਭਾਉਂਦਾ ਹੈ ਉਹੀ ਫਿਰ ਹੁੰਦਾ ਹੈ। ਸੁਣ ਹੇ ਭਰਥਰੀ ! (ਇਸ ਸਾਰੀ) ਵੀਚਾਰ (ਦਾ ਤੱਤ ਜੋ) ਨਾਨਕ ਆਖਦਾ ਹੈ ਕਿ ਨਿਰਮਲ (ਪਵਿਤ੍ਰ) ਨਾਮ ਮੇਰਾ (ਮੂਲਕ) ਆਸਰਾ ਹੈ (ਜਿਸ ਤੋਂ ਉੱਪਰ ਕਿਹਾ ਸਾਰਾ ਕੁਛ ਪ੍ਰਾਪਤ ਹੁੰਦਾ ਹੈ)॥ ੮॥ ੧॥

ਵਜਾਖਜਾ-ਸਪਸ਼ਟ ਹੈ ਕਿ ਕਿਸੇ ਭਰਥਰੀ ਨਾਮੇ ਜੋਗੀ ਨਾਲ ਵੀਚਾਰ ਹੋਈ ਹੈ, ਉਸ ਨੂੰ 'ਅਪਨੇ ਆਪ ਤੇ ਨਿਰਭਰ ਸਾਧਨਾ' ਦੇ ਟਾਕਰੇ ਤੇ ਪ੍ਰੇਮ ਸਰੂਪ ਵਾਹਿਗੁਰੂ ਦੇ ਨਾਲ ਸਦਾ ਮਿਲੇ ਜੀਵਨ ਦੀ ਜੀਉਂਦੀ ਥਰਰਾਟ ਵਾਲੇ ਨਾਮ ਸਿਮਰਣ ਦਾ ਮਾਰਗ ਦੱਸਦੇ ਹਨ।

ਜੋਗੀ ਲੋਕਾਂ ਦੀ ਵਡੀ ਯਾਤ੍ਰਾ ਕੈਲਾਸ਼ ਤੇ ਮਾਨ ਸਰੋਵਰ ਅੱਪੜਕੇ ਇਸ਼ਨਾਨ ਕਰਨਾ ਹੁੰਦੀ ਹੈਸੀ। ਉਧਰ ਇਸ਼ਾਰਾ ਕਰਕੇ ਅੰਕ ੧ ਵਿਚ ਫੁਰਮਾਉਂਦੇ ਹਨ ਕਿ ਡਾਢੇ ਔਖੇ ਰਸਤੇ ਵਾਲਾ ਸਰੋਵਰ ਜੋ ਉੱਤਰ ਦਿਸ਼ਾ ਵਿਚ ਮੰਨਦੇ ਹੋ ਉਸ ਦੀ ਥਾਂਵੇਂ ਜੀਵ ਅਪਣੇ ਸਰੀਰ ਵਿਚ ਜੋ ਕਠਨਤਾ ਨਾਲ ਲੱਭਣੇ ਵਾਲਾ ਸਰੋਵਰ ਹੈ ਤੇ ਉਪਰ ਰੁਖ਼ ਨੂੰ ਹੈ ਉਸ ਵਿਚ ਇਸ਼ਨਾਨ ਕਰੇ। ਇਕੋ ਸਤਰ ਵਿਚ ਉਹਨਾਂ ਦਾ ਸਰੋਵਰ ਦੱਸਕੇ ਲਾਕੜਿਕ ਢੰਗ ਤੇ ਅਪਣਾ ਸਰੋਵਰ ਦੱਸ ਦਿਤਾ, ਇਹ ਗੁਰੂ ਨਾਨਕ ਦੀ ਕਵਿਤਾ ਤੇ ਉਸ ਦੇ ਭਾਸ਼ਣ ਦਾ ਕਮਾਲ ਹੈ। ਇਹ ਗਲ ਕਿਵੇਂ ਲੱਭਦੀ ਹੈ? ਕਿ ਅਗਲੀ ਸਤਰ ਵਿਚ 'ਹਰਿ ਗੁਣ ਗਾਵੈ' ਫੁਰਮਾ ਰਹੇ ਹਨ। 'ਹਰਿ ਗੁਣ ਗਾਵੈ' ਗੁਰੂ ਨਾਨਕ ਦਾ ਮਤਿ ਹੈ, ਜੋਗੀਆਂ ਦਾ ਨਹੀਂ; ਇਸ ਵਾਸਤੇ ਪਹਿਲੀ ਸਤਰ ਵਿਚ ਬੀ ਅਪਣਾ ਮਤਿ ਕਹਿ ਰਹੇ ਹਨ ਪਰ ਕਹਿ ਉਹਨਾਂ ਦੀ ਬੋਲੀ ਵਿਚ ਰਹੇ ਹਨ। ਅਰਥਾਤ 'ਉਤਰਿ ਅਵਘਟਿ' ਅਪਣਾ ਬੀ ਲਖਾ ਰਹੇ ਹਨ।

ਹੁਣ ਲੱਭਣਾ ਇਹ ਹੈ ਕਿ ਗੁਰੂ ਨਾਨਕ ਦਾ ਸਰੋਵਰ ਕਿਹੜਾ ਹੈ? ਉਹ ਸਰੋਵਰ ਸ੍ਰੀ ਗੁਰੂ ਜੀ ਜਪੁਜੀ ਸਾਹਿਬ ਵਿਚ ਦੱਸ ਆਏ ਹਨ।

ਸੁਣਿਆ ਮੰਨਿਆ ਮਨਿ ਕੀਤਾ ਭਾਉ॥ ਅੰਤਰਗਤਿ ਤੀਰਥਿ ਮਲਿ ਨਾਉ॥ [ਜਪੁਜੀ-੨੧]

ਇਸ ਸਰੀਰ ਵਿਚ ਮਨ ਜੋ ਸਭ ਤੋਂ ਉੱਚਾ ਟਿਕਾਣਾ ਹੈ, ਉਥੇ ਜੋ ਸਾਈਂ ਦਾ ਨਾਮ ਸੁਣਕੇ ਮੰਨਨ

* ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ॥ [ਆਸਾ ਮਹਲਾ ੫-੧੦੫]
ਪੁਨਾ:-ਵੇਖਿ ਵਿਡਾਣੁ ਰਹਿਆ ਵਿਸਮਾਦੁ॥ [ਵਾਰ ਆਸਾ ਮਹਲਾ ੧-੩]

ਕਰਕੇ ਤੇ ਪ੍ਰੇਮ ਭਾਵਨਾ ਧਾਰਨੀ ਹੈ, ਇਹ ਅੰਦਰ ਵਯਾਪ ਰਹੇ ਤੀਰਥ ਵਿਚ ਮਲਕੇ ਇਸ਼ਨਾਨ ਕਰਨਾ ਹੈ*। ਇਹ ਗਲ 'ਨਾਮ ਸਿਮਰਣ' ਦੀ ਪਹਿਲੀ ਸਤਰ ਵਿਚ ਦੱਸਕੇ ਦੂਜੀ ਵਿਚ ਹਰੀ ਗੁਣ ਗਾਉਣ ਦਾ ਉਪਦੇਸ਼ ਦਿੱਤਾ ਹੈ। ਨਾਲ ਵਰਜਿਆ ਕਿ ਬਕਵਾਸੀ ਗੱਲਾਂ ਨਾ ਕਰੋ। ਮੌਨ ਧਾਰਨੀ ਨਹੀਂ ਸਿਖਾਈ, ਪਰ ਬਿਲੋੜੀਆਂ ਗੱਲਾਂ ਕਰਨੋਂ ਵਰਜਿਆ ਅਤੇ ਅਪਣੀ ਕਮਾਈ ਦੀਆਂ ਬਾਹਰ ਮੁਖੀ ਗੱਪਾਂ ਮਾਰਨੋਂ ਰੋਕਿਆ ਹੈ। ਯਥਾ:-

ਬਾਣੀ ਰੋਕਿਆ ਰਹੈ ਦੁਆਰ॥ ਤਉ ਮਨੁ ਮਤਵਾਰੋ ਪੀਵਨਹਾਰ॥

[ਗਉੜੀ ਵਾਰ ਕਬੀਰ ਜੀਉਕੇ-੨]

ਇਹ ਕੁਛ ਕਰਨੇ ਨਾਲ ਮਨ ਦੇ ਤ੍ਰੰਗ ਰੁਕ ਜਾਣਗੇ। ਮਨ ਬੇ-ਤ੍ਰੰਗੀ ਸੁੰਨ ਵਿਚ ਸਮਾਏਗਾ, ਅਰਥਾਤ- ਅਪਰੰਪਰ ਪਾਰਬ੍ਰਹਮ ਪਰਮੇਸ਼ੁਰ ਨਾਲ ਮੇਲ ਹੋਵੇਗਾ। ਉਸ ਨੂੰ 'ਸਤੁ' ਕਹਿਕੇ ਜਣਾਇਆ ਹੈ ਕਿ ਉਥੇ 'ਸਤੁ' ਰੂਪੀ 'ਰਸੁ' ਹੈ, ਉਸ ਨੂੰ ਰਿੜਕਕੇ ਮਹਾਂ ਰਸ -ਪਰਮਾਨੰਦ- ਨੂੰ ਪਾਏਗਾ। ਜੋਗੀ ਕਿਹਾ ਕਰਦੇ ਹਨ ਕਿ ਸੁੰਨ ਵਿਚ ਸਮਾਇਆਂ ਇਕ ਰਸ ਟਪਕਦਾ ਹੈ। ਗੁਰੂ ਜੀ ਫੁਰਮਾਉਂਦੇ ਹਨ ਕਿ ਸੰਕਲਪ ਵਿਕਲਪ ਵਲੋਂ ਸੁੰਨ ਹੋਕੇ ਬੱਸ ਨਹੀਂ, ਉਸ ਤੋਂ ਅਗੇ ਸਤਯ ਹੈ, ਉਸ ਸਤਿ ਵਿਚ ਸਮਾਈਦਾ ਹੈ, ਤਦ ਸ੍ਵੈ ਰਸ ਤੋਂ ਵਡਾ ਰਸ, ਮਹਾਂ ਰਸ, ਅਰਥਾਤ ਪਰਮਾਤਮਾ ਨਾਲ ਮੇਲ ਦਾ ਰਸ ਪਾਈਦਾ ਹੈ। ਇਸ ਕਰਕੇ ਮਿਸਾਲ ਦਿੱਤੀ ਕਿ ਸੁੰਨ ਵਿਚ ਸਮਾਉਣਾ 'ਅਭਾਵ' ਹੋ ਜਾਣਾ ਨਹੀਂ। ਪਰ ਜੀਕੂੰ ਜਲ ਭਾਫ ਰੂਪ ਵਿਚ ਹੋਕੇ ਅਭਾਵ ਨਹੀਂ ਹੋ ਜਾਂਦਾ, ਉਹ ਅਦ੍ਰਿਸ਼ਯ ਹਵਾ ਵਿਚ, ਜੋ ਅਕਾਸ਼ਾਂ ਵਿਚ ਭਰੀ ਹੋਈ ਹੈ, ਸਮਾਉਂਦਾ ਹੈ। ਪਾਣੀ ਹਵਾੜ ਯਾ ਭਾਫ ਦਾ ਅਦ੍ਰਿਸ਼ਯ ਰੂਪ ਧਾਰਕੇ ਵਾਯੂ ਮੰਡਲ ਵਿਚ ਅਦ੍ਰਿਸ਼ਯ ਹੋਕੇ ਧਰਤੀ ਤੋਂ ਉਠ ਅਸਮਾਨਾਂ ਵਿਚ ਮੌਜੂਦ ਹੈ, ਕਿਸੇ ਉੱਚ ਅਵਸਥਾ ਵਿਚ ਉੱਚ ਸਰੂਪ ਵਾਲੇ ਗਗਨ ਵਿਚ ਤਦਰੂਪ ਹੋਕੇ ਮੌਜੂਦ ਹੈ। ਸੋ ਗੁਰੂ ਜੀ ਦਾ ਸੁੰਨ ਦਾ ਅਰਥ ਅਭਾਵ ਨਹੀਂ; ਪਰ 'ਅਪਰੰਪਰ' ਪ੍ਰਭੂ ਹੈ।

ਗੁਰੂ ਜੀ ਦੇ ਏਹ ਵਾਕ ਸੂਤ੍ਰ ਰੂਪ ਹੋਣ ਕਰਕੇ ਅਰਥ ਐਉਂ ਬੀ ਰਸਤਾ ਦੇਂਦੇ ਤੇ ਦਾਨੇ ਕਰਦੇ ਆਏ ਹਨ:-

ਉਤਰ ਕੇ† (ਕਾਮ ਆਦਿਕ) ਕਠਨ-ਸਾਧਯ ਘਾਟੀਆਂ (ਤੋਂ ਸਤਿਸੰਗ ਰੂਪੀ) ਸਰੋਵਰ ਵਿਚ ਇਸ਼ਨਾਨ ਕਰੇ। ਬਕੇ ਬੋਲੇ ਨਾ, ਤੇ ਹਰੀ ਦੇ ਗੁਣ ਗਾਵੇ। ਉਹ ਸੁੰਨ, ਜੋ ਜਲ (ਸਾਗਰ ਤੋਂ) ਲੈ ਅਕਾਸ਼ਾਂ ਵਿਚ ਸਮਾ ਰਹੀ ਹੈ (ਭਾਵ ਅਪਰੰਪਰ ਬ੍ਰਹਮ, ਉਸ ਵਿਚ) ਸਮਾਵੇਗਾ।

'ਰਸੁ ਸਤੁ ਝੋਲਿ ਮਹਾ ਰਸੁ ਪਾਵੈ' ਇਸ ਦਾ ਭਾਵ ਇਹ ਹੈ ਕਿ ਜੋ ਜੋ ਅੰਤਰ ਗਤਿ ਤੀਰਥ ਵਿਚ ਇਸ਼ਨਾਨ ਕਰੇਗਾ ਉਹ ਆਤਮ ਲੱਖਤਾ ਵਿਚ ਪਹੁੰਚਣ ਤੋਂ ਪਹਿਲੇ ਤਮੋ ਰਜੋ ਤੇ ਰਸਾਂ ਤੋਂ ਸ੍ਵਛ ਹੋਕੇ ਸਤੋ ਗੁਣ ਵਿਚ ਆਵੇਗਾ। ਅਰਥਾਤ ਸਤੋ ਗੁਣੀ ਰਸ ਆਵੇਗਾ। ਪਰ ਸਤੋ ਗੁਣੀ ਰਸ ਬੀ 'ਆਤਮ ਰਸ' ਉਤੇ ਬੂਰ ਦੀ ਨਿਆਈਂ ਹੈ। ਉਹ ਫੇਰ ਸਤੋ ਗੁਣੀ ਰਸ ਨੂੰ ਬੀ ਝੋਲਕੇ-ਪਰੇ ਹਟਾਕੇ-ਆਤਮ ਰਸ ਮਾਣੇਗਾ। ਸੋ 'ਸਤੁ' ਦਾ ਅਰਥ ਏਥੇ 'ਸਤੋ ਗੁਣ' ਢੁੱਕਦਾ ਹੈ, ਮਹਾਂ ਰਸ ਦਾ ਭਾਵ ਆਤਮ ਰਸ ਢੁੱਕਦਾ ਹੈ। (ਅ) ਪਰ ਦਾਨੇ ਪਦ 'ਵਿਸ਼ੇ ਰਸਾਂ' ਦਾ ਅਧਯਾਹਾਰ ਕਰਕੇ ਐਉਂ ਬੀ ਢੁਕਾਉਂਦੇ ਹਨ:- ਵਿਸ਼ੇ ਰਸਾਂ (ਦੇ ਬੂਰ) ਨੂੰ ਪਰੇ ਹਟਾ ਕੇ ਸਤਯ ਰੂਪ ਦੀ ਲੱਖਤਾ ਦੇ ਰਸ ਨੂੰ ਪਾਕੇ ਮਹਾਂ ਰਸ ਮਾਣਦੇ ਹਨ। ਸੋ ਇਉਂ 'ਰਸੁ ਸਤੁ' ਦਾ ਅਰਥ ਲਗਾ 'ਸਤਯ ਰੂਪ ਦਾ ਰਸ'। (ੲ) ਪਰ ਸਤਯ ਨੂੰ ਜੋ ਰਿੜਕੇਗਾ ਤਾਂ ਸਤਯ ਹੀ ਨਿਕਲੇਗਾ; ਸਤਯ ਨੇ ਮੱਖਣ ਤੇ ਛਾਹ ਅਰਥਾਤ ਤਤ ਤੇ ਮਿਥਿਆ ਦੋ ਵਸਤਾਂ ਵਿਚ ਵੰਡਿਆ ਨਹੀਂ ਜਾਣਾ। ਸਤਯ ਨੂੰ ਜੋ ਝੋਲੇਗਾ ਤਾਂ ਸਤਯ ਹੀ ਨਿਕਲੇਗਾ। ਸਤਯ, ਜਲ ਰੂਪ ਤੇ ਬੂਰ ਰੂਪ ਦੋ ਰੂਪਾਂ ਵਾਲਾ ਨਹੀਂ ਹੈ। ਇਨ੍ਹਾਂ ਵਿਚਾਰਾਂ ਕਰਕੇ 'ਰਸੁ ਸਤੁ' ਦਾ ਅਰਥ 'ਸਤੋ ਗੁਣੀ ਰਸ' ਸਭਨਾਂ ਤੋਂ ਵਧੀਕ ਢੁੱਕਦਾ ਹੈ।

---

* ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥ ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ॥
ਗੁਰ ਗਿਆਨ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ॥ [ਧਨਾਸਰੀ ਮਹਲਾ ੧, ਛੰਤ-੧

†ਇਸ ਅਰਥ ਕਰਨ ਵੇਲੇ 'ਉੱਤਰ' ਨੂੰ 'ਉਤਰ' ਪੜ੍ਹੀਦਾ ਹੈ।

"ਜਲੁ ਆਕਾਸੀ ਸੁੰਨਿ ਸਮਾਵੈ" ਦਾ ਅਰਥ -ਜਲ ਤੋਂ ਲੈ ਆਕਾਸ਼ਾਂ ਤਕ ਵਜਾਪਕ ਪ੍ਰਭੂ ਦਾ ਬੀ ਕਰ ਲਈਦਾ ਹੈ। ਪਰ 'ਜਲੁ' ਪਦ ਨੂੰ ਔਂਕੜ ਹੋਣ ਕਰਕੇ 'ਜਲ ਤੋਂ' ਅਰਥ ਢੁੱਕਦਾ ਨਹੀਂ, ਸੋ ਠੀਕ ਅਰਥ ਬਣਦਾ ਹੈ 'ਜਲੁ ਆਕਾਸੀ'=ਆਕਾਸਾਂ ਵਿਖੇ ਜਲ।

ਰਹਾਉ ਵਿਚ ਹੋਰ ਸਪਸ਼ਟ ਕਰ ਦੇਂਦੇ ਹਨ ਕਿ ਉਹ ਹਰੀ, ਜਿਸ ਦੇ ਗੁਣ ਗਾਉਣੇ ਮੈਂ ਕਹੇ ਹਨ, ਉਹ ਭਰਪੂਰ ਹੋ ਰਿਹਾ ਹੈ, ਹਰ ਥਾਂ ਨਿਰਾ ਭਰਪੂਰ ਹੀ ਨਹੀਂ ਹੋ ਰਿਹਾ, ਸਭ ਨੂੰ ਧਾਰਨ ਕਰ ਰਿਹਾ ਹੈ, ਸਭ ਦਾ ਆਸਰਾ ਬਣ ਰਿਹਾ ਹੈ। ਉਹ ਹੈ ਜਿਸ ਵਿਚ 'ਅਕਾਸ਼ ਵਿਚ ਸਮਾਏ ਜਲ ਵਾਂਙੂ' ਤਦਰੂਪ ਹੋਕੇ ਸਮਾ ਜਾਣਾ ਹੈ। ਨਿਰੀ ਸੁੰਨਿ (=ਅਭਾਵਤਾ) ਵਿਚ ਸਮਾ ਕੇ ਅਭਾਵ ਨਹੀਂ ਹੋ ਜਾਣਾ!

ਅੰਕ ੨- ਹੁਣ ਉਹਨਾਂ ਦੇ ਹੋਰ ਅੰਗ ਲੈਂਦੇ ਹਨ। ਓਹ ਜੋਗੀ ਬ੍ਰਤ ਧਾਰਨ ਕਰਦੇ ਹਨ, ਨੇਮ ਬਨ੍ਹਦੇ ਹਨ। ਆਪ ਫੁਰਮਾਉਂਦੇ ਹਨ ਕਿ ਸਾਡੇ ਪ੍ਰੇਮ ਮਾਰਗ ਵਿਚ ਸੱਚ ਦਾ ਬ੍ਰਤ ਤੇ ਸੱਚ ਦਾ ਹੀ ਨੇਮ ਧਾਰਦੇ ਹਨ। ਇਸ ਦਾ ਲਾਭ ਇਹ ਹੈ ਕਿ ਸੱਚ ਦੇ ਬ੍ਰਤੀ ਨੂੰ ਫੇਰ ਕਾਲ ਨਹੀਂ ਸਤਾਉਂਦਾ। ਕਿਉਂਕਿ ਉਹ 'ਸਤਜ' ਵਿਚ ਟਿਕ ਕੇ ਸਥਿਰ ਹੋ ਜਾਂਦਾ ਹੈ। 'ਸਤਜ' ਨਾਮ ਹੈ ਤਿੰਨਾਂ ਕਾਲਾਂ ਤੋਂ ਅਬਾਧਜ ਦਾ। ਐਉਂ ਬੀ ਕਿ ਨਾਮੀ ਪੁਰਖ ਹੁਣ ਦੀ ਛਿਨ ਵਿਚ ਨਾਮ ਜਪ ਰਿਹਾ ਹੈ, ਉਸ ਦੀ ਇਹ ਛਿਨ ਭੂਤ ਕਾਲ ਬਣੇਗੀ, ਉਹ ਨਾਮ ਵਿਚ ਪੁਰੋਤੀ ਗਈ ਤੇ ਹੁਣ ਦੀ ਛਿਨ ਤਾਂ ਉਸ ਦੀ ਨਾਮ ਭਰਪੂਰ ਹੈ ਹੀ, ਸੋ ਉਸ ਦੀ ਭੂਤ ਤੇ ਵਰਤਮਾਨ ਦੀ ਛਿਨ ਨਾਮ ਨਾਲ ਭਰਪੂਰ ਹੈ, ਉਸ ਦੀ ਭਵਿਖਤ ਛਿਨ ਨੇ ਨਾਮ-ਭਰਪੂਰ ਹੋ ਜਾਣਾ ਹੈ, ਤ੍ਰੈਏ ਕਾਲ ਉਸ ਦੇ ਇਕ ਨਾਮ ਦੀ ਲਗਾਤਾਰਤਾ ਵਿਚ ਰਹਿਣ ਕਰਕੇ ਉਹ ਤ੍ਰੈਕਾਲਾਂ ਦੀ ਵਿੱਥ ਮੇਟ ਲੈਂਦਾ ਹੈ। ਸੋ ਉਹ ਹੁਣ ਦੀ ਛਿਨ ਨੂੰ ਵਿਸਾਰੇ ਵਿਚ ਨਾ ਸਿੱਟਣ ਕਰਕੇ 'ਸਤਜ' 'ਸੱਤਜਤਾ' ਯਾ 'ਅਮਰਤਾ' ਵਿਚ ਆ ਗਿਆ।

ਜੋਗੀ ਪੰਚ ਅਗਨੀਆਂ ਤਪਦੇ ਹਨ, ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਮੇਰੇ ਪ੍ਰੇਮ ਮਾਰਗ ਵਿਚ ਕ੍ਰੋਧ ਨੂੰ ਸਾੜਦੇ ਹਨ,ਤੇ ਇਹ ਜਾਚ ਗੁਰੂ ਦੇ ਸ਼ਬਦ ਦੁਆਰਾ ਸਿਖਦੇ ਹਨ,ਅੱਗਾਂ ਬਾਲਕੇ ਸਰੀਰ ਨੂੰ ਨਹੀਂ ਤਪਾਉਂਦੇ।ਸਤਿਗੁਰ ਦਾ ਉਪਦੇਸ਼ ਹੈ:-

ਖਿਮਾ ਗਹੀ ਬ੍ਰਤੁ ਸੀਲ ਸੰਤੋਖੰ॥ [ਗਉੜੀ ਮਹਲਾ ੧, ਅਸਟ:-੭]

ਦਿਖਾਵੇ ਲਈ ਆਸਣ ਸਿੱਧ ਕਰਕੇ ਨਹੀਂ ਬੈਠ ਰਹਿੰਦੇ ਕਿ ਸਮਾਧ ਸਥਿਤ ਨਜ਼ਰ ਆਉਣ, ਸਗੋਂ ਅਪਣੇ ਅੰਦਰ ਆਪੇ ਨੂੰ ਦਸਮ ਦੁਆਰ ਵਿਚ ਨਿਵਾਸੀ ਕਰਦੇ ਹਨ, ਅਥਵਾ ਅਪਣੇ ਅੰਦਰ ਹਿਰਦੇ ਵਿਚ 'ਸ੍ਵੈ' ਦਾ ਨੁਕਤਾ ਲੱਭਦੇ ਹਨ, ਅੰਤਰ ਮੁਖ ਹੋਕੇ ਓਥੇ ਟਿਕੇ ਰਹਿੰਦੇ ਹਨ। ਸੁਰਤ ਇਕ ਤਾਂ ਬਾਹਰ ਜਗਤ ਦੇ ਕੰਮ ਕਰਦੀ ਹੈ, ਇਕ ਹਿੱਸਾ ਅੰਦਰ ਮਾਨੋ ਇਕ ਨੁਕਤੇ ਤੇ ਟਿਕਿਆ ਅੰਤਰ ਮੁਖ ਸਿਮਰਨ ਵਿਚ, ਯਾਦ ਵਿਚ, ਸਾਈਂ ਲੱਖਤਾ ਵਿਚ, ਕਦੇ ਸਿਫਤ ਸਲਾਹ, ਕਦੇ ਪ੍ਰੇਮ ਤ੍ਰੰਗ ਵਿਚ ਲਗਾ ਹੋਇਆ ਲਗਾਤਾਰੀ ਸਮਾਧੀ ਵਿਚ ਰਹਿੰਦਾ ਹੈ। ਕਈ ਵੇਰ ਇਹ ਅੰਤ੍ਰੀਵ ਨੁਕਤਾ ਦਸਮ ਦੁਆਰ ਵਿਚ* ਪ੍ਰਤੀਤੀ ਦੇਂਦਾ ਹੈ। ਇਸ ਕਰਕੇ ਗਗਨ ਨਿਵਾਸ ਪਦ ਵਰਤਿਆ ਹੈ। ਇਸ ਅਵਸਥਾ ਵਿਚ ਅੰਦਰ ਇਕ ਉੱਚਤਾ ਦੀ ਪ੍ਰਤੀਤੀ ਹੁੰਦੀ ਹੈ ਜੋ ਅਹੰਕਾਰ ਨਹੀਂ ਹੁੰਦੀ। ਇਹ ਉੱਚਤਾ ਦੀ ਪ੍ਰਤੀਤੀ ਉਥੇ ਨਿਰਹੰਕਾਰ ਭਾਵਨਾ ਵਾਲੀ 'ਜਯੋਤਿ ਰੂਪ*' ਹੁੰਦੀ ਹੈ, ਤਦੇ ਗਗਨ ਪਦ ਵਰਤਕੇ ਸਾਰੀ ਕਿਸਮ ਦੀ ਅੰਤ੍ਰੀਵ ਪ੍ਰਤੀਤੀ ਨੂੰ ਇਕੋ ਪਦ ਦੇ ਵਿਚ ਲੈ ਲਿਆ ਹੈ। ਗੁਰੂ ਜੀ ਅਪਣੀ ਸਹਿਜ ਅਵਸਥਾ ਦਾ ਜ਼ਿਕਰ ਕਰ ਰਹੇ ਹਨ ਜੋ ਹਠ ਦੀ ਅਵਸਥਾ ਨਹੀਂ, ਨਾ ਆਲਸ ਨਿੰਦ੍ਰਾ ਦੀ ਹਾਲਤ ਹੈ, ਉਹ ਲਿਵ ਹੈ ਜੋ ਇਕ ਲਗਾਤਾਰੀ ਸਮਾਧੀ ਹੈ।

ਇਹ ਉੱਪਰ ਕਥੀ ਅਵਸਥਾ ਬੀ ਕਿਤੇ ਅਭਾਵ ਅਰਥਾਂ ਵਾਲੀ ਸੁੰਨ ਨਾ ਸਮਝ ਲਈ ਜਾਵੇ, ਇਸ ਲਈ ਫੁਰਮਾਉਂਦੇ ਹਨ ਕਿ ਓਥੇ ਪਾਰਬ੍ਰਹਮ ਪਰਮੇਸ਼ੁਰ ਰੂਪੀ ਪਾਰਸ ਹੈ, ਉਸ ਨੂੰ ਸਪਰਸ਼ ਕਰਕੇ ਜੀਵ

* 'ਮੂਰਧ ਜਯੋਤਿ'=ਸਿਰ ਦੇ ਕਪਾਲ ਵਿਚ ਜੋ ਬ੍ਰਹਮ ਰੰਧਰ ਥਾਂ ਯਾ ਛਿੱਦ੍ਰ ਹੈ ਉਸ ਦੇ ਅੰਦਰ ਜੋ ਜਯੋਤੀ ਰੂਪਤਾ ਹੈ।

ਪਰਮ ਪਦ ਪਾ ਲੈਂਦਾ ਹੈ। ਪਾਰਸ ਨੂੰ ਪਰਸਕੇ ਪਰਮ ਪਦ ਕੀ ਮਿਲਦਾ ਹੈ? ਉੱਤਰ: ਉਸ ਦਾ ਰੂਪ ਹੋ ਜਾਂਦਾ ਹੈ। ਪਾਰਸ ਨੂੰ ਪਰਸਕੇ ਸੋਨਾ ਹੋ ਜਾਣਾ ਪਦਵੀ ਹੈ ਉੱਚੀ, ਪਰ ਪਾਰਸ ਨੂੰ ਪਰਸਕੇ ਪਾਰਸ ਹੋ ਜਾਣਾ 'ਪਰਮ ਪਦ' ਹੈ।

ਇਸ ਨੂੰ ਅਗਲੇ ਅੰਕ ਵਿਚ ਖੋਹਲਦੇ ਹਨ:-

ਅੰਕ ੩-ਕਿ 'ਜੈ ਸਿਉ ਰਾਤਾ ਤੈਸੋ ਹੋਵੈ' ਇਹ ਕੀਕੂੰ ਹੋਵੇ? 'ਉਹ ਕੀਕੂੰ ਤਤ ਦੀ ਪ੍ਰਾਪਤੀ ਮਨ ਨੂੰ ਹੋਵੇ ਜੋ ਉਹ ਤਤ ਸਰੂਪ ਹੋ ਜਾਵੇ'? ਉੱਤਰ: ਹਰ ਗਲ ਵਿਚ, ਹਰ ਯਤਨ ਵਿਚ, ਹਰ ਖ਼ਯਾਲ ਵਿਚ, ਹਰ ਤਰ੍ਹਾਂ ਪ੍ਰਯੋਜਨ 'ਸਚ' ਨੂੰ ਲੱਭਣ ਦਾ ਰਖੇ। ਜੋ ਨਿਰੋਲ ਸਚ ਨਹੀਂ, ਉਸ ਨੂੰ ਛਾਹ ਵਾਂਙੂ ਛਡਦਾ ਰਹੇ, ਨਿਰੋਲ ਸਚ ਨੂੰ ਮੱਖਣ ਵਾਂਙੂ ਸੰਗ੍ਰਹ ਕਰਦਾ ਰਹੇ, ਉਸ ਨੂੰ 'ਤਤ' ਰੂਪੀ ਮੱਖਣ ਹੱਥ ਆਏਗਾ। ਯਾ ਇਉਂ ਸਮਝੋ ਕਿ ਇਕ ਭਰਿਆ ਤਲਾ ਹੈ, ਉਸ ਵਿਚ ਮਨ ਦੀ ਮੈਲ ਧੋਣੀ ਹੈ, ਐਨੀ ਧੋਵੇ ਕਿ 'ਮੈਲ ਨ' ਮੈਲ ਨਾ ਰਹੇ (ਰੱਤੀ ਮੈਲ ਨਾ ਰਹੇ); ਤੇ ਜੋ ਕੁਛ ਹੋਣੀਆਂ ਵਾਪਰਦੀਆਂ ਹਨ ਮਨ ਨੂੰ ਭੁਲਾਉਂਦੀਆਂ ਹਨ, ਸੋ ਉਨ੍ਹਾਂ ਬਾਬਤ ਇਹ ਸਿਦਕ ਰਖੇ ਕਿ ਜੋ ਕੁਛ ਹੋ ਰਿਹਾ ਹੈ ਕਰਤਾ ਆਪ ਕਰ ਰਿਹਾ ਹੈ। ਇਉਂ ਬੀ ਸਮਝੋ ਕਿ ਜਦ ਜੀਵ, 'ਜਿਸ ਵਿਚ' ਪ੍ਰੇਮੀ ਹੈ 'ਉਸ ਵਿਚ' ਤਦਰੂਪ ਹੋ ਗਿਆ, ਤਦ ਜੋ ਕੁਛ ਕਰਦਾ ਹੈ ਉਸ ਵਿਚ 'ਓਹੋ' ਸਭ ਕੁਛ ਕਰ ਰਿਹਾ ਹੈ, ਜਿਸ ਵਿਚ ਕਿ 'ਉਹ' ਰਾਤਾ ਹੈ। ਇਸ ਅੰਕ ਵਿਚ ਇਸ਼ਾਰਾ ਹੈ ਜੋਗੀਆਂ ਦੇ ਨਾਤੀ ਧੋਤੀ ਨੌਲੀ ਆਦਿ ਕਰਮਾਂ ਵਲ, ਜੋ ਓਹ ਸਰੀਰ ਨੂੰ ਧੋਣ ਲਈ ਕਰਦੇ ਹਨ। ਨੌਲੀ ਵਿਚ ਪੇਟ ਨੂੰ ਐਉਂ ਹਿਲਾਉਂਦੇ ਹਨ ਕਿ ਮਾਨੋਂ ਰਿੜਕ ਰਹੇ ਹਨ।

ਅੰਕ ੪-ਜੋਗੀ ਹਿਮਾਲੇ ਵਿਚ ਜਾਕੇ ਕੰਦਰਾ ਆਦਿ ਵਿਚ ਤਪ ਕਰਦੇ ਹਨ।

ਆਪ ਫੁਰਮਾਉਂਦੇ ਹਨ ਕਿ ਗੁਰੂ ਹੈ ਬਰਫ਼ ਠੰਢੀ ਠਾਰ, ਉਹ ਆਪਣੇ ਉਪਦੇਸ਼ ਤੇ ਮੇਹਰ ਨਾਲ, ਆਪਣੇ ਦਿੱਤੇ ਸ਼ਬਦ ਨਾਲ ਤ੍ਰਿਸ਼ਨਾ ਰੂਪੀ ਅੱਗ ਨੂੰ ਠਾਰ ਦੇਂਦਾ ਹੈ। ਬਰਫਾਨੀ ਥਾਂ ਸਰੀਰ ਲਿਜਾਣ ਨਾਲ ਮਨ ਦੀ ਅੱਗ ਨਹੀਂ ਬੁਝਦੀ. ਉਹ ਉਵੇਂ ਹੀ ਬਲਦੀ ਹੈ, ਪਰ ਗੁਰੂ ਰੂਪ ਬਰਫ ਦੀ ਮੇਹਰ ਨਾਲ ਬੁਝ ਜਾਂਦੀ ਹੈ।

ਫੇਰ ਸੁਆਹ ਮਲਣ ਦੀ ਥਾਂ ਦੱਸਦੇ ਹਨ ਕਿ ਗੁਰੂ ਤੁਹਾਡੇ ਅੰਦਰ 'ਸੇਵਾ ਦੀ ਸੁਰਤ' ਪੈਦਾ ਕਰ ਦੇਵੇਗਾ। ਸਰੀਰ ਨੂੰ ਸੁਆਹ ਨਾਲ ਕੋਝਾ ਕਰੋ ਯਾ ਸਰਦੀ ਕਿ ਸਫਰਾਂ ਤੋਂ ਬਚਣ ਦਾ ਉਪਾਉ ਕਰੋ ਸੁਆਹ ਮਲਕੇ, ਇਸ ਨਾਲੋਂ ਸੇਵਾ ਦੀ ਬ੍ਰਿਤੀ ਜਗਾਓ, ਸਰਬੱਤ ਦਾ ਭਲਾ ਚਿਤਵੋ, ਕਿਸੇ ਨਾਲ ਦ੍ਵੈਖ ਬ੍ਰਿਤੀ ਨਾ ਰਹੇ, ਸੇਵਾ ਬ੍ਰਿਤੀ ਜਗ ਜਾਏ, ਇਹ ਬਿਭੂਤ ਹੈ।

ਜੋਗੀਆਂ ਪਾਸ ਇਕ 'ਨਾਦੀ' ਹੁੰਦੀ ਹੈ, ਉਹ ਵਜਾਉਂਦੇ ਹਨ, ਗੁਰੂ ਜੀ ਫੁਰਮਾਉਂਦੇ ਹਨ ਕਿ ਸਾਡੇ ਪ੍ਰੇਮ ਦੇ ਮਾਰਗ ਵਿਚ ਨਿਰਮਲ ਬਾਣੀ ਦਾ 'ਨਾਦ' ਵਜਾਉਂਦੇ ਹਨ। ਉਹ ਕੀ ਹੈ? ਕਿ ਨਾਮ ਸਿਮਰਣ ਦੇ ਨਾਲ ਪਵਿਤ੍ਰ ਹਰੀ ਜਸ ਕਰਦੇ ਰਹਿੰਦੇ ਹਨ, ਕੀਰਤਨ ਕਰਦੇ ਹਨ। ਤਦ ਪ੍ਰੇਮ ਮਾਰਗ ਵਾਲਾ ਜੋਗੀ 'ਸਹਜ ਘਰ' ਵਿਚ ਆ ਜਾਂਦਾ ਹੈ, ਇਹ ਹੁੰਦਾ ਹੈ ਉਸ ਦਾ 'ਜੋਗੀ ਭੇਖ'। 'ਦਰਸਨ' ਜੋਗੀ ਆਪਣੇ ਮਤ ਯਾ ਭੇਖ ਨੂੰ ਕਹਿੰਦੇ ਹਨ। ਉਂਵ 'ਦਰਸਨ' ਨਾਮ ਹੈ 'ਦੀਦਾਰ' ਦਾ। ਇਥੇ ਬੀ ਗੁਰੂ ਜੀ ਦੂਹਰਾ ਭਾਵ ਲੈ ਰਹੇ ਹਨ ਕਿ ਤਦ ਉਸ ਨੂੰ ਭਗਵੰਤ ਦਾ ਦਰਸ਼ਨ ਹੋ ਜਾਂਦਾ ਹੈ ਤੇ ਉਹ ਹਠ ਯੋਗ ਦੇ ਟਿਕਾਣੇ ਨਹੀਂ, ਪਰ 'ਸਹਜ ਘਰ' ਸਹਜ ਜੋਗ ਵਿਚ ਆ ਟਿਕਦਾ ਹੈ; ਕਿਉਂਕਿ ਉਸ ਨੂੰ ਸਾਈਂ ਦਾ ਦਰਸ਼ਨ ਪ੍ਰਾਪਤ ਹੋ ਜਾਂਦਾ ਹੈ। ਇਹੋ ਵਾਹਿਗੁਰੂ ਦਾ ਦਰਸ਼ਨ ਉਸ ਦਾ ਦਰਸ਼ਨ ਅਰਥਾਤ ਭੇਖ ਬਣ ਜਾਂਦਾ ਹੈ। ਸਦਾ 'ਦਰਸ਼ਨ ਪ੍ਰਤੀਤੀ' ਵਿਚ ਰਹਿਣਾ ਇਹ ਹੈ ਭੇਖ; ਹਾਂ, ਹਜ਼ੂਰੀ ਵਿਚ ਹਾਜ਼ਰ ਰਹਿਣਾ।

ਅੰਕ ੫ ਵਿਚ ਤੀਰਥ ਤੇ ਪੂਜਾ ਨੂੰ ਲਿਆ ਹੈ। ਜੋਗੀਆਂ ਦੇ ਤੀਰਥਾਟਨ ਦੀ ਥਾਂ ਗੁਰੂ ਦੀ ਵੀਚਾਰ ਵਿਚ ਮਨ ਨੂੰ ਧੋਂਦੇ ਰਹਿਣਾ, ਤੀਰਥ ਜਾਣਾ ਤੇ ਨ੍ਹਾਉਣਾ ਦੱਸਿਆ ਹੈ।

ਪੂਜਾ ਬਾਹਰ ਦੀ ਵਰਜੀ ਹੈ, ਪਰ ਡੱਬਿਆਂ ਵਿਚ ਟਿਕੇ ਠਾਕੁਰ ਦੀ ਪੂਜਾ ਦੀ ਥਾਂ ਹਿਰਦੇ ਦੇ ਅੰਦਰ ਜੋ ਨੁਕਤਾ ਸਰਬ-ਵ੍ਯਾਪੀ ਪ੍ਰਭੂ ਦਾ ਮੌਜੂਦ ਹੈ,ਓਹ ਥਾਂ ਦੱਸਿਆ ਹੈ। ਪ੍ਰਭੂ ਪਾਰਬ੍ਰਹਮ ਅਨੰਤ ਹੈ,

ਅਨੰਤ ਦਾ ਕੇਂਦ੍ਰ ਹਰ ਥਾਂ ਹੁੰਦਾ ਹੈ। ਸੋ ਹਰ ਹਿਰਦੇ ਵਿਚ ਪ੍ਰਭੂ ਦਾ ਕੇਂਦ੍ਰ ਹੈ। ਕੇਂਦ੍ਰ ਵਿਚ ਉਸ ਦਾ ਸਾਰਾ ਰੂਪ ਹੈ, ਉਥੇ ਸਿਮਰਨ, ਕੀਰਤਨ ਤੇ ਯਾਦ ਨਾਲ ਜੋ ਹਰ ਸਮੇਂ ਲਗਾਉ ਪੈਦਾ ਕਰ ਲੈਣਾ ਹੈ ਸੋ ਗੁਰੂ ਜੀ ਨੇ ਆਪਣੀ ਪੂਜਾ ਕਰਨੀ ਦੱਸੀ ਹੈ।

ਜੋਗੀ, ਜੋ ਦਸਮ ਦੁਆਰ ਤੋਂ ਰਸ ਝਰਦਾ ਦੱਸਦੇ ਹਨ, ਉਸ ਦੀ ਥਾਵੇਂ ਸਾਈਂ ਦੇ ਸਦੈਵੀ ਲਗਾਉ ਤੋਂ ਜੋ ਆਤਮ ਰਸ ਤੇ ਗਯਾਨ ਉਪਜਦਾ ਹੈ, ਉਸ ਨੂੰ ਸਾਰੇ ਰਸਾਂ ਦਾ ਸਾਰ ਰਸ ਤੇ ਮਹਾਂ ਰਸ ਦੱਸਿਆ ਹੈ। ਉਸ ਦਾ ਫਲ ਇਹ ਦੱਸਿਆ ਕਿ 'ਜੋਤੀ ਸਰੂਪ' ਪ੍ਰਭੂ ਆਪਣੇ ਪ੍ਰੇਮੀ ਨੂੰ ਆਪਣੀ ਜੋਤ ਵਿਚ ਮਿਲਾ ਲੈਂਦਾ ਹੈ।

ਅੰਕ ੬ ਵਿਚ ਉਸ ਪੁਰਖ ਦੀ ਅੰਤ੍ਰੀਵ ਪ੍ਰਾਪਤੀ ਤੇ ਬਾਹਰ ਕਾਰ ਕਰਨ ਦੀ ਦਸ਼ਾ ਦੱਸਦੇ ਹਨ ਕਿ ਉਹ ਪ੍ਰੇਮ ਦੇ ਰਸ ਵਿਚ ਮੱਤਾ ਸਦਾ ਰਸੀਆ ਹੋਇਆ ਰਹਿੰਦਾ ਹੈ, ਇਹ 'ਪੰਚ' ਸ੍ਰੇਸ਼ਟ ਪੁਰਖ ਕਹੋ, ਯਾ ਸੰਤ ਕਹੋ, ਇਹ ਆਪਣੇ ਦਿਲ ਤਖਤ ਤੇ ਬੈਠੇ ਪ੍ਰਭੂ ਦੇ ਵਿਚ ਸਮਾਇਆ ਰਹਿੰਦਾ ਹੈ। ਜੋ ਕੁਝ 'ਕਾਰ ਕਮਾਈ' ਕਰਦਾ ਹੈ ਤਾਂ ਹਉਂ ਪ੍ਰੇਰਿਤ ਹੋਕੇ ਨਹੀਂ, ਪਰ ਖਸਮ ਦੀ ਰਜ਼ਾ ਸਮਝਕੇ ਕਰਦਾ ਹੈ। ਏਥੇ ਪ੍ਰਸ਼ਨ ਹੁੰਦਾ ਹੈ: ਕਿਹੜਾ ਖਸਮ? ਇਸ ਨੂੰ ਸਪਸ਼ਟ ਕਰਨੇ ਲਈ ਦੱਸਦੇ ਹਨ ਕਿ ਉਸ ਖਸਮ ਦੀ ਵਯਕਤੀ ਨਹੀਂ, ਰੂਪ-ਰੰਗ ਰੇਖ ਨਹੀਂ, ਉਹ ਮਨ ਇੰਦ੍ਰੇ ਆਦਿ ਕਰਕੇ ਲਖਿਆ ਨਹੀਂ ਜਾਂਦਾ। ਇਹ ਦੱਸ ਹੀ ਆਏ ਹਨ ਕਿ (ਨਾਮ ਕੀਰਤਨ ਤੇ) ਰਜ਼ਾ ਨਾਲ ਉਸ ਦਾ ਅਨੁਭਵ ਹੁੰਦਾ ਹੈ।

ਅੰਕ ੭-ਅੰਕ ੫ ਤੇ ੬ ਵਿਚ ਉਸ ਭਗਤ ਦਾ ਜ਼ਿਕਰ ਹੈ ਜੋ ਇਕੋ ਦੇ ਪ੍ਰੇਮ ਵਿਚ ਰਸੀਆ ਹੈ, ਉਸ ਨੂੰ ਅੰਕ ੬ ਵਿਚ ਪੰਚ (=ਸੰਤ) ਕਿਹਾ ਹੈ। ਇਸ ਤੋਂ ਸੰਭਾਵਨਾ ਹੁੰਦੀ ਹੈ ਕਿ ਅੰਕ ਸੱਤ ਵਿਚ ਉਸੇ ਭਗਤ 'ਪੁਰਖ' ਯਾ 'ਪੰਚ' ਦਾ ਜ਼ਿਕਰ ਹੈ, ਜਿਸ ਨੇ ਖਸਮ ਦੀ ਰਜ਼ਾ ਤੇ ਕਮਾਈ ਕੀਤੀ ਹੈ। ਇਸ ਵੀਚਾਰ ਅਨੁਸਾਰ ਦਾਨੇ ਅੰਕ ੭ ਦਾ ਭਾਵ ਐਉਂ ਲੈਂਦੇ ਹਨ ਕਿ ਜਿਵੇਂ ਕਮਲ ਜਲ ਵਿਚ ਉਪਜਦਾ ਹੈ, ਪਰ ਜਲ ਤੋਂ (ਦੂਰ ਭਾਵ) ਨਿਰਲੇਪ ਰਹਿੰਦਾ ਹੈ; ਤਿਵੇਂ ਸੰਤ ਮਾਇਆ ਤੋਂ ਉਪਜਕੇ ਮਾਇਆ ਤੋਂ ਨਿਰਲੇਪ ਫੇਰ ਮਾਯਕ ਲੋਕਾਂ ਵਿਚ ਖੜਾ ਸਾਈਂ ਦੀ ਜੋਤਿ ਨਾਲ ਭਰਿਆ ਵਿਚਰਦਾ ਹੈ ਭਾਵ ਜਗਤ ਵਿਚ ਆਤਮ ਪ੍ਰਕਾਸ਼ ਦੇਂਦਾ ਹੈ।

(ਅ) ਇਹੋ ਭਾਵ ਇਕ ਹੋਰ ਤਰ੍ਹਾਂ ਬੀ ਲੈਂਦੇ ਹਨ, ਯਥਾ-ਜਿਵੇਂ ਕਮਲ ਜਲ ਤੋਂ ਉਪਜਕੇ ਜਲ ਤੋਂ ਨਿਰਲੇਪ ਰਹਿੰਦਾ ਹੈ, ਤਿਵੇਂ ਸੰਤ ਮਾਯਕ ਸੰਸਾਰ ਵਿਚ ਨਿਰਲੇਪ ਹੈ। ਅਰਥਾਤ ਜਿਵੇਂ ਕਮਲ ਨਿਰਲੇਪ ਖੜਾ ਆਪ ਨੂੰ ਜੋਤ ਨਾਲ ਭਰਪੂਰ ਰਖਦਾ ਹੈ, ਧਯਾਨ ਸੂਰਜ ਵਿਚ ਰਖਦਾ ਹੈ, ਤਿਵੇਂ ਸੰਤ ਦਾ ਧਯਾਨ ਪ੍ਰਭੂ ਵਿਚ ਹੁੰਦਾ ਹੈ। ਇਸੇ ਤਰ੍ਹਾਂ ਪੰਚ ਜਲ (=ਮਾਇਆ) ਵਿਚ ਖੜਾ ਪ੍ਰਭੂ ਦੀ ਜਯੋਤੀ ਨਾਲ ਭਰਪੂਰ ਰਹਿੰਦਾ ਹੈ।

ਹੁਣ ਸੰਤ ਰੂਪੀ ਕਮਲ ਨੂੰ ਸੰਸਾਰ ਰੂਪੀ ਜਲ ਦੇ ਨੇੜੇ ਕਹੀਏ ਕਿ ਦੂਰ ਅਰਥਾਤ ਲਿਪਾਇਮਾਨ ਕਹੀਏ ਕਿ ਅਲੇਪ?

ਪ੍ਰੰਤੂ ਜੇ ਵੇਖੀਏ ਕਿ ਅੰਕ ੬ ਦੇ ਅਖੀਰ ਤੁਕ ਹੈ 'ਅਵਿਗਤ ਨਾਥੁ ਨ ਲਖਿਆ ਜਾਇ' ਤੇ ਅੰਕ ੮ ਦੇ ਅਰੰਭ ਵਿਚ ਤੁਕ ਹੈ 'ਅੰਤਰਿ ਬਾਹਰਿ ਅਵਰੁ ਨ ਕੋਇ' ਤੇ ਅੰਕ ੭ ਵਿਚ ਹੀ ਤੱਕੀਏ ਤਾਂ 'ਨਿਧਿ ਗੁਣ ਗਾਵਾ ਦੇਖਿ ਹਦੂਰਿ' ਲਿਖਿਆ ਹੈ ਤਦ ਇਹ ਪਤਾ ਚਲਦਾ ਹੈ ਕਿ ਅੰਕ ੭ ਸਾਰੇ ਵਿਚ ਪਰਮਾਤਮਾ ਦਾ ਹੀ ਜ਼ਿਕਰ ਹੈ, ਪੰਚ ਯਾ ਸੰਤ ਦਾ ਜ਼ਿਕਰ ਨਹੀਂ; ਫੇਰ ਅਰਥ ਐਉਂ ਬਣਦਾ ਹੈ:- ਜਿੱਕੁਰ ਕਮਲ ਜਲ ਵਿਚੋਂ ਉਪਜ ਕੇ ਜਲ ਤੋਂ ਨਿਰਲੇਪ ਰਹਿੰਦਾ ਹੈ, ਇਸ ਤਰ੍ਹਾਂ ਹਰੀ ਬੀ ਜਲ ਰੂਪੀ ਜਗਤ ਵਿਚ ਹੈ, ਪਰ ਨਿਰਲੇਪ ਹੈ; ਹਾਂ, ਜੋਤਿ ਕਰਕੇ ਭਰਪੂਰ ਹੈ। ਇਸ ਵਿਚ ਇਹ ਸ਼ੰਕਾ ਰਹਿ ਜਾਂਦੀ ਹੈ ਕਿ ਕਮਲ ਤਾਂ ਜਲ ਵਿਚ ਜੰਮਦਾ ਹੈ, ਪਰ ਹਰੀ ਰੂਪ ਸੂਰਜ ਜਲ ਵਿਚ ਨਹੀਂ ਜੰਮਦਾ। ਇਸ ਦਾ ਸਮਾਧਾਨ ਐਉਂ ਹੁੰਦਾ ਹੈ ਕਿ ਸੂਰਜ ਦਾ ਪ੍ਰਤਿਬਿੰਬ ਜਲ ਵਿਚ ਪੈਂਦਾ ਹੈ, ਪਰ ਸੂਰਜ ਆਪ ਦੂਰ ਹੁੰਦਾ ਹੈ, ਕਿੰਤੂ ਜੋਤ ਕਰਕੇ ਜਲ ਵਿਚ

ਭਰਪੂਰ ਸਾਰਾ ਦਿਨ ਦਿੱਸਦਾ ਰਹਿੰਦਾ ਹੈ। ਇਸ ਪਰ ਸ਼ੰਕਾ ਆਉਂਦੀ ਹੈ ਕਿ ਉਪਜਣਾ ਤੇ ਪ੍ਰਤਿਬਿੰਬ ਪੈਣਾਂ ਦੋ ਗੱਲਾਂ ਸਮਤਾ ਨਹੀਂ ਰਖਦੀਆਂ? ਇਸ ਦਾ ਉੱਤਰ ਇਉਂ ਹੈ ਕਿ ਸੂਰਜ ਨਹੀਂ ਉਪਜਦਾ, ਉਸ ਦਾ ਪ੍ਰਤਿਬਿੰਬ ਉਪਜਦਾ ਹੈ ਜਲ ਵਿਚ। ਫਿਰ ਸ਼ੰਕਾ ਹੁੰਦੀ ਹੈ ਕਿ ਉਪਜਦਾ ਤਾਂ ਪ੍ਰਤਿਬਿੰਬ ਹੈ, ਪਰ ਦੂਰ ਰਹਿੰਦਾ ਹੈ ਸੂਰਜ? ਦਾਨੇ ਫੇਰ ਅਰਥ ਐਉਂ ਲਾਉਂਦੇ ਆਏ ਹਨ:-ਜਲ=ਪਾਣੀ, ਮਹਿ=ਪ੍ਰਿਥਵੀ। (ਜਿਸ ਪਰਮਾਤਮਾ ਤੋਂ) ਜੋ ਪ੍ਰਿਥਵੀ ਆਦਿ ਤੱਤ ਉਪਜਦੇ ਹਨ (ਉਹ ਇਨ੍ਹਾਂ) ਜਲ ਪ੍ਰਿਥਵੀ ਆਦਿ ਤੱਤਾਂ ਤੋਂ ਦੂਰ ਕਿਆ ਨਿਰਲੇਪ ਹੈ, ਪਰ ਜੋਤਿ ਰੂਪ ਹੋਕੇ (ਭਾਵ ਚੇਤਨ ਸੱਤਾ ਹੋਕੇ ਸਾਰਿਆਂ ਵਿਚ) ਭਰਪੂਰ ਹੋ ਰਿਹਾ ਹੈ।

ਕਈ ਦਾਨੇ ਦੋਹਾਂ ਦਾ ਸੰਮੇਲਨ ਬੀ ਕਰਦੇ ਹਨ, ਪਹਿਲੀ ਤੁਕ* ਸੰਤ ਵਲ ਤੇ ਦੂਸਰੀ† ਪਰਮਾਤਮਾ ਵਲ ਬੀ ਲਾਉਂਦੇ ਹਨ: ਜਿਸ ਤਰ੍ਹਾਂ ਕਮਲ ਜਲ ਤੋਂ ਉਪਜਕੇ ਜਲ ਤੋਂ ਨਿਰਲੇਪ ਰਹਿੰਦਾ ਹੈ ਉਸ ਤਰ੍ਹਾਂ ਸੰਤ ਮਾਯਕ ਸੰਸਾਰ ਵਿਚ ਜੰਮਕੇ ਮਾਯਾ ਵਿਚ ਖੜਾ ਨਿਰਲੇਪ ਰਹਿੰਦਾ ਹੈ; ਤੇ ਜਿਸ ਤਰ੍ਹਾਂ ਸੂਰਜ ਜੋਤਿ ਰੂਪ ਹੋਕੇ ਜਲ ਵਿਚ ਭਰਪੂਰ ਰਹਿੰਦਾ ਹੈ ਤਿਵੇਂ ਪਰਮਾਤਮਾ ਮਾਯਕ ਸੰਸਾਰ ਵਿਚ ਵ੍ਯਾਪਕ ਹੋਕੇ ਵਿਚੇ ਹੈ ਤੇ ਨਿਰਲੇਪ ਹੋਕੇ ਅਲਗ ਬੀ ਹੈ। ਹੁਣ ਦੱਸੋ ਜਲ ਵਿਚ ਜੋਤਿ ਕਰਕੇ ਭਰਪੂਰ ਨੂੰ ਨੇੜੇ ਕਹਾਂ ਕਿ ਜਲ ਤੋਂ ਦੂਰ (ਨਿਰਲੇਪ) ਨੂੰ ਦੂਰ ਕਹਾਂ, (ਭਾਵ ਮੈਂ ਕੁਛ ਨਹੀਂ ਕਹਿੰਦਾ, ਮੈਂ ਤਾਂ) ਉਸ ਨੂੰ ਗੁਣ ਨਿਧੀ ਤੇ ਹਾਜ਼ਰਾ ਹਜ਼ੂਰ ਵੇਖਦਾ ਹਾਂ ਤੇ ਉਸ ਦੇ ਗੁਣ ਗਾਯਨ ਕਰਦਾ ਰਹਿੰਦਾ ਹਾਂ। ਇਸ ਅਰਥ ਕਰਨ ਵਿਚ, 'ਜਲ ਮਹਿ ਜੋਤਿ ਰਹਿਆ ਭਰਪੂਰਿ' ਦੇ ਨਾਲ 'ਜਲ ਤੇ ਦੂਰਿ' ਦਾ ਅਧ੍ਯਾਹਾਰ ਕਰਨਾ ਪੈਂਦਾ ਹੈ ਤੇ ਕਮਲ ਤੇ ਸੂਰਜ ਤਾਂ ਲਾਈਦੇ ਹੀ ਉੱਤੋਂ ਹਨ।

ਸਾਰੇ ਪਹਿਲੂ ਸੋਚ ਕੇ ਐਉਂ ਜਾਪਦਾ ਹੈ ਕਿ ਸ੍ਰੀ ਗੁਰੂ ਜੀ ਧਰਤੀ ਤੇ ਥਲਾਂ ਵਿਚ, ਪਹਾੜਾਂ ਤੇ ਸਮੁੰਦਰਾਂ ਕਿਨਾਰੇ ਸਾਰੇ ਫਿਰੇ ਹੋਏ ਸਨ। ਆਪ ਏਥੇ ਸਮੁੰਦਰ ਕਿਨਾਰੇ ਸੂਰਜੋਦੈ ਦਾ ਦ੍ਰਿਸ਼ਟਾਂਤ ਦੇ ਰਹੇ ਹਨ, ਇਸੇ ਕਰਕੇ ਪਦ 'ਜਲ' ਵਰਤਦੇ ਹਨ। ਪੂਰੇ ਵਲੋਂ ਸੂਰਜ ਚੜ੍ਹਦੇ ਨੂੰ ਜਦ ਸਾਗਰ ਕੰਢੇ ਖਲੋਕੇ ਦੇਖੀਏ ਤਾਂ ਐਉਂ ਜਾਪਦਾ ਹੈ ਕਿ ਜਲ ਵਿਚੋਂ ਉਗਮ ਰਿਹਾ ਹੈ‡। ਉਸ ਨੂੰ ਫ਼ੁਰਮਾ ਰਹੇ ਹਨ ਕਿ ਸੂਰਜ ਜਲ ਤੋਂ ਉਪਜਦਾ ਦਿੱਸਦਾ ਹੈ ਪਰ ਸੂਰਜ ਆਪ ਤਾਂ ਉਸ ਵੇਲੇ ਜਲ ਤੋਂ ਕ੍ਰੋੜਾਂ ਕੋਹਾਂ ਦੂਰ ਹੁੰਦਾ ਹੈ। ਫੇਰ ਸਾਗਰ ਦੇ ਵਿਚ ਦੇਖੋ ਤਾਂ ਜੋਤਿ ਰੂਪ ਹੋਕੇ ਜਲ ਵਿਚ ਭਰਪੂਰ ਨਜ਼ਰ ਪੈਂਦਾ ਹੈ। ਇਸ ਤਰ੍ਹਾਂ ਜਲ ਰੂਪੀ ਅੰਤਹਕਰਣ ਵਿਚ ਪਰਮਾਤਮਾਂ ਉਪਜਦਾ ਹੈ, ਏਥੇ ਅੰਤਹਕਰਣ ਵਿਚ ਪ੍ਰਤਿਬਿੰਬਤ ਹੋਣ ਨੂੰ ਉਪਜਣਾ ਕਿਹਾ ਹੈ, ਪਰ ਆਪ ਪਰਮਾਤਮਾ ਅੰਤਹਕਰਣ ਤੋਂ ਬੀ ਨਿਰਲੇਪ ਹੈ ਇਸ ਨੂੰ ਦੂਰ ਕਿਹਾ, ਫੇਰ ਸਾਰੇ ਸੱਤਾ ਸਫੁਰਤੀ ਦੇ ਰਿਹਾ ਹਰ ਥਾਂ ਮੌਜੂਦ ਹੈ ਇਸ ਨੂੰ 'ਜੋਤਿ ਰਹਿਆ ਭਰਪੂਰਿ' ਕਿਹਾ ਹੈ। ਹੁਣ ਮੈਂ ਜੋਤਿ ਰੂਪ ਹੋਕੇ ਵ੍ਯਾਪਕ ਨੂੰ ਕਿ ਅੰਤ੍ਰਸਥ ਨੂੰ ਨੇੜੇ ਕਹਾਂ ਕਿ ਅਪਰੰਪਰ (ਪਾਰਬ੍ਰਹਮ) ਨੂੰ ਦੂਰ ਕਹਾਂ? ਮੈਂ ਤਾਂ ਉਸ ਨੂੰ ਨਿਰਗੁਣ ਤੇ ਸਰਗੁਣ ਸਭ ਕੁਛ ਦਾ ਗੁਣ ਨਿਧਿ ਜਾਣਕੇ ਗਾਉਂ ਰਿਹਾ ਹਾਂ ਤੇ ਹਰ ਹਾਲ ਹਾਜ਼ਰਾ ਹਜ਼ੂਰ ਵੇਖਦਾ ਹਾਂ।

ਸਿੱਟੇ ਦੀ ਗਲ ਇਹ ਹੈ ਕਿ ਇਸ ਅੰਕ ਵਿਚ ਪਰਮੇਸ਼ੁਰ ਦੇ ਤ੍ਰੈ§ ਦਾਰਸ਼ਨਿਕ ਰੰਗ ਦਿਖਾਲਦੇ

---

* ਜਲ ਮਹਿ ਉਪਜੈ ਜਲ ਤੇ ਦੂਰਿ॥ †ਜਲ ਮਹਿ ਜੋਤਿ ਰਹਿਆ ਭਰਪੂਰਿ॥

‡ ਜੇ ਸਾਗਰ ਕੰਢੇ ਸੂਰਜ ਨੂੰ ਜਾਂਦਾ ਦੇਖੋ ਤਾਂ ਜਾਪਦਾ ਹੈ ਕਿ ਜਲ ਵਿਚ ਵੜ ਗਿਆ ਹੈ ਜਾਂ ਡੁਬ ਗਿਆ ਹੈ। ਅਤੇ ਆਮ ਮੁਹਾਵਰਾ ਬੀ ਹੈ 'ਕਿ ਸੂਰਜ ਡੁਬ ਗਿਆ ਹੈ'। ਹਾਲਾਂ ਕਿ ਸੂਰਜ ਨਾ ਉਪਜਦਾ ਹੈ ਤੇ ਨਾ ਡੁਬਦਾ ਹੈ। ਪਰ ਦੋਇ ਪਦ ਇਕ ਮੁਹਾਵਰਾ ਹੋਕੇ ਆਪਣਾ ਅਰਥ ਦੇਂਦੇ ਹਨ; ਸੂਰਜ ਦਾ ਨਿਕਲਨਾ ਤੇ ਅਦ੍ਰਿਸ਼ ਹੋਣਾ।

§ ਗੋਯਾ ਪਰਮਾਤਮਾਂ ਦੇ ਤ੍ਰੈ ਰੰਗ ਦੱਸੇ ਹਨ:-

(੧) ਅੰਤਹਕਰਣ ਵਿਚ 'ਉਪਜਦਾ' ਦਿਸਣਾ ਉਸ ਦਾ 'ਅੰਤ੍ਰਸਥ' ਰੂਪ ਹੈ। ਯਥਾ:-

ਸਲੋਕੁ॥ ਅੰਤਰਿ ਮਨ ਤਨ ਬਸਿ ਰਹੇ ਈਤ ਊਤ ਕੇ ਮੀਤ॥ [ਗਉੜੀ ਮ: ੫, ਬਾ: ਅਖ:-੧੫]

ਪੁਨਾ:-ਅੰਤਰਿ ਬਸੇ ਬਾਹਰਿ ਭੀ ਓਹੀ॥ [ਸੁਖਮਨੀ, ੨੩-੪]

ਪੁਨਾ:-ਅੰਤਰਿ ਵਸੈ ਨ ਬਾਹਰਿ ਜਾਇ॥ ਅੰਮ੍ਰਿਤੁ ਛੋਡਿ ਕਾਹੇ ਬਿਖੁ ਖਾਇ॥ [ਸੂਹੀ ਮਹਲਾ ੧-੨]

[ਬਾਕੀ ਟੂਕ ਦੇਖੋ ਸਫਾ ੨੫੮੦ ਦੇ ਹੇਠ]

ਹਨ: ਅੰਤ੍ਰਸਥ, ਵਜਾਪਕ, ਅਪਰੰਪਰ।

ਤ੍ਰੈਏ ਰੰਗ ਦਿਖਾਕੇ ਆਪ ਫੁਰਮਾਉਂਦੇ ਹਨ 'ਕਿਸੁ ਨੇੜੈ ਕਿਸੁ ਆਖਾ ਦੂਰਿ'? ਮਾਨੋਂ 'ਵਿਤ੍ਰੇਕਵੇਂ' ਹਿਸਾਬ ਤੋਂ ਅਪਣੇ ਸਮੁੱਚੇ ਯਾ ਸਮਯਕ ਸਿਧਾਂਤ ਨੂੰ ਦੱਸਦੇ ਹਨ, ਜੋ ਪ੍ਰਤਖ ਤਜਰਬੇ ਵਿਚ ਆਇਆ ਹੈ, ਉਹ ਹੈ ਉਸ ਨੂੰ ਹਾਜ਼ਰਾ ਹਜ਼ੂਰ ਦੇਖਣਾ, ਅਰਥਾਤ ਇਨਸਾਨੀ ਦਲੀਲ, ਅਕਲ, ਵਿਤ੍ਰੇਕ ਦੇ ਧ੍ਰਵਿਆਂ ਤੋਂ ਵੱਖਰਾ ਪ੍ਰਤੱਖ ਪ੍ਰਤੀਤੀ ਵਿਚ, ਅਰਦਾਸ ਵਿਚ ਆ ਜਾਣ ਵਾਲਾ ਪਰਮੇਸ਼ੁਰ। ਫੇਰ ਇਸ ਪ੍ਰਤੱਖ ਪ੍ਰਾਪਤੀ ਦਾ ਸਾਧਨ ਦੱਸਦੇ ਹਨ ਜੋ ਹੈ ਉਸ ਨੂੰ ਸਾਰੇ ਵਸਫ਼ਾਂ, ਸਾਰੇ ਸਰੂਪਾਂ, ਸਾਰੇ ਰੰਗ ਪਹਿਲੂਆਂ ਦਾ ਗੁਣ ਨਿਧਿ ਜਾਣਕੇ ਉਸ ਦੇ ਗੁਣ ਗਾਯਨ ਕਰਨੇ, ਇਹ ਤਰੀਕਾ ਵਿਸਮਾਦ ਦਾ ਹੈ। ਗੁਣ ਗਾਯਨ ਨਾਲ ਪਹਿਲਾਂ ਮਨ ਦੀ ਮੈਲ ਉਤਰਦੀ ਹੈ, ਫੇਰ ਅਸਚਰਜ ਵਿਚ ਪ੍ਰਵੇਸ਼ ਹੁੰਦਾ ਹੈ, ਫਿਰ ਵਿਸਮਾਦ ਲਗਦਾ ਹੈ, ਫੇਰ ਪ੍ਰਤੱਖ ਪ੍ਰਤੀਤੀ, ਪ੍ਰਤੱਖ ਅਨੁਭਵਤਾ ਖੁੱਲ੍ਹਦੀ ਹੈ, ਸਹਜ ਰੰਗ ਬੱਝਦਾ ਹੈ, ਉਹ ਫਿਰ ਹਰ ਰੰਗੇ ਹਰ ਜਾਏ ਦਿੱਸਦਾ ਹੈ। ਸੋ ਇਸ ਪ੍ਰਾਪਤੀ ਲਈ ਆਪ ਅਮਲ ਕਰਨ ਯੋਗ ਵਿਧੀ ਦੱਸਦੇ ਹਨ:- ਹਰੀ ਗੁਣ ਗਾਓ। ਆਪ ਦਾ ਇਹ ਤਰੀਕਾ, ਕਰਮ ਯੋਗ, ਗਜ਼ਾਨ ਯੋਗ, ਹਠ ਯੋਗ ਆਦਿ ਤੋਂ ਨਿਰਾਲਾ 'ਵਿਸਮਾਦ ਯੋਗ' ਦਾ ਹੈ। ਆਸਾ ਦੀ ਵਾਰ ਵਿਚ ਆਪ ਫੁਰਮਾਉਂਦੇ ਹਨ:-

ਵੇਖਿ ਵਿਡਾਣੁ ਰਹਿਆ ਵਿਸਮਾਦੁ॥ [ਵਾਰ ਆਸਾ ਮਹਲਾ ੧-੩]

ਗੁਰੂ ਪੰਚਮ ਜੀ ਵਾਹਿਗੁਰੂ ਨੂੰ ਹੀ ਅਸਚਰਜ ਰੂਪ ਵਾਲਾ ਦੱਸਦੇ ਹਨ:-

ਅਸ੍ਰਜ ਰੂਪੰ ਰਹੰਤ ਜਨਮੰ॥ [ਸਲੋਕ ਸਹਸਕ੍ਰਿਤੀ ਮਹਲਾ ੫-੫੭]

ਉਸ ਨੂੰ ਗੁਰੂ ਨਾਨਕ ਦੇਵ ਜੀ ਗਾਉਂ ਰਹੇ ਤੇ ਹਾਜ਼ਰਾ ਹਜ਼ੂਰ ਵੇਖ ਰਹੇ ਹਨ।

ਅੰਕ ੮ ਵਿਚ ਅਪਨੀ ਦੱਸੀ ਅਪਣੇ ਪ੍ਰੇਮ ਮਾਰਗ ਯਾ 'ਵਿਸਮਾਦ ਯੋਗ' ਦੀ ਮੂਲਕ ਗਲ ਸੰਖੇਪ ਕਰਕੇ ਦੱਸਦੇ ਹਨ। ਹੇ ਭਰਥਰੀ ! ਮੇਰੇ ਪ੍ਰੇਮ ਮਾਰਗ ਦੇ ਰਸਤੇ ਇਹ ਦ੍ਰਿਸ਼ਟੀ ਪ੍ਰਾਪਤ ਹੋ ਜਾਂਦੀ ਹੈ ਕਿ ਅੰਦਰ ਬਾਹਰ ਸਾਰੇ ਉਹੋ ਵਜਾਪਕ ਹੀ ਵਜਾਪਕ ਦ੍ਰਿਸ਼ਟੀ ਆਉਂਦਾ ਹੈ, ਤੇ ਜੋ ਕੁਛ ਵਾਪਰਦਾ ਹੈ ਉਹ ਸਭ ਉਸ ਦਾ ਹੁਕਮ ਦਿੱਸ ਆਂਵਦਾ ਹੈ ਅਤੇ ਸਾਰੇ ਕਾ ਮੂਲ 'ਨਾਮ ਸਿਮਰਨ' ਹੈ।

ਹੁਣ ਰਹਿ ਗਈ ਵੀਚਾਰ 'ਨਿਰਮਲ ਨਾਮੁ' ਦੀ।

ਗੁਰੂ ਸਾਹਿਬ ਅਨੇਕ ਥਾਈਂ ਸਿੱਧਾਂਤ ਦੀ ਗਲ ਕਰਨ ਵੇਲੇ ਅਕਸਰ 'ਨਾਮ' ਹੀ ਕਿਹਾ ਕਰਦੇ ਹਨ, ਪਰ ਕਿਤੇ ਕਿਤੇ ਪਦ 'ਨਿਰਮਲ ਨਾਮ' ਬੀ ਆਯਾ ਹੈ। ਏਥੇ ਭਰਥਰ ਯੋਗੀ ਹੈ, ਉਸ ਨੂੰ ਨਾਮ ਕਹਿੰਦਿਆਂ ਨਿਰਮਲ ਵਿਸ਼ੇਸ਼ਣ ਲਾਉਣਾ ਜ਼ਰੂਰੀ ਸੀ। ਆਪ ਜੀ ਨੇ ਜਪੁਜੀ ਵਿਚ ਉਚਾਰਿਆ ਹੈ 'ਰਿਧਿ ਸਿਧਿ ਅਵਰਾ ਸਾਦ' ਕਿ ਰਿਧੀ ਸਿਧੀ ਦੀ ਚਾਹਨਾ ਅਵਰਿਆਂ ਹੋਇਆਂ, ਭਾਵ ਮੈਲਿਆਂ ਲੋਕਾਂ, ਦਾ ਚਸਕਾ ਹੈ। ਯੋਗੀ ਲੋਕ ਅਕਸਰ ਕਰਕੇ ਰਿਧੀਆਂ ਸਿਧੀਆਂ ਲਈ ਯੋਗ ਅਭਜਾਸ ਕਰਦੇ ਹਨ। ਗੁਰੂ ਜੀ ਦੱਸਦੇ ਹਨ ਕਿ 'ਨਾਮ' ਬੀ ਰਿਧੀ ਸਿਧੀ ਲਈ ਨਹੀਂ ਵਰਤਣਾ। ਜੇ ਕੋਈ ਇਸ ਭਾਵਨੀ ਨਾਲ ਜਪੇਗਾ ਤਾਂ ਉਹ ਅਵਰਿਆ ਹੋਇਆ ਹੋਵੇਗਾ, ਨਿਰਮਲ ਨਹੀਂ ਹੋਵੇਗਾ। ਸੋ ਨਿਰਮਲ ਨਾਮ ਦਾ ਸਾਧਨਾ ਪੱਖ ਵਿਚ ਇਹ ਅਰਥ ਹੈ ਕਿ ਉਹ ਪ੍ਰਭੂ ਦੀ ਹਜ਼ੂਰੀ ਵਿਚ ਰਹਿਣ ਤੇ ਉਥੋਂ ਪ੍ਰਭੂ ਦੀ ਪ੍ਰਾਪਤੀ ਵਿਚ ਪਹੁੰਚਣ ਦੀ ਭਾਵਨਾ ਨਾਲ ਜਪਿਆ ਸਿਮਰਿਆ ਜਾਵੇ।

[ਸਫਾ ੨੫੭੯ ਦੀ ਟੂਕ ਦੀ ਬਾਕੀ]

(੨) 'ਜਲ ਮਹਿ' 'ਭਰਪੂਰਿ' ਅਰਥਾਤ ਸਾਰੇ ਸੱਤਾ ਸਫੁਰਤੀ ਦੇ ਰਿਹਾ ਹਰ ਥਾਂ ਮੌਜੂਦ ਉਸ ਦਾ 'ਵਜਾਪਕ' ਰੂਪ ਹੈ, ਯਥਾ:-ਘਟਿ ਘਟਿ ਬਿਆਪਿ ਰਹਿਆ ਭਗਵੰਤ॥ [ਸੁਖਮਨੀ, ੨੩-੨]

(੩) ਦੂਰ ਅਰਥਾਤ ਸਭ ਤੋਂ ਨਿਰਲੇਪ ਸਾਖੀ ਰੂਪ ਉਸ ਦਾ 'ਅਪਰੰਪਰ' ਰੂਪ ਹੈ। ਯਥਾ:-

ਸਭ ਤੇਰੀ ਕੁਦਰਤਿ ਤੂੰ ਕਾਦਿਰ ਕਰਤਾ ਪਾਕੀ ਨਾਈ ਪਾਕੁ॥ [ਵਾਰ ਆਸਾ ਮਹਲਾ ੧-੩]

ਪੁਨਾ:-ਹੇ ਅਪਰਪਰ ਹਰਿ ਹਰੇ॥ [ਗਉੜੀ ਮ: ੫, ਬਾ: ਅ:-੫੫]

ਪੁਨਾ:-ਅਚੁਤ ਪਾਰਬ੍ਰਹਮ ਪਰਮੇਸੁਰ॥ [ਮਾਰੂ ਮ: ੫, ਸੋਲਹਾ ੧੧-੧]

ਹੁਣ ਨਾਮ ਦੀ ਤਾਸੀਰ ਦਾ ਪੱਖ ਲੈਣਾ ਹੈ। ਜੋ ਨਿਰਮਲ ਭਾਵਨਾ ਪ੍ਰਭੂ ਪ੍ਰੇਮ ਦੀ ਲੈਕੇ ਨਾਮ ਸਿਮਰਦਾ ਹੈ ਉਸ ਨੂੰ ਕੀ ਲਾਭ ਹੋਏਗਾ? ਪਹਿਲੋਂ ਤਾਂ ਪਾਪਾਂ ਦੀ ਮੈਲ ਧੋਪੇਗੀ। ਮਾਨੋਂ ਨਾਮ ਸਾਬਨ ਦਾ ਕੰਮ ਕਰੇਗਾ:-

ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥ [ਜਪੁਜੀ-੨੦]

ਪੰਜਵੇਂ ਸਤਿਗੁਰਾਂ ਫੁਰਮਾਯਾ ਹੈ:-

ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ॥ [ਗਉੜੀ ਮਹਲਾ ੫, ਸੁਖਮਨੀ ੧-੪]

ਜਦ ਮਨ ਦੀ ਮੈਲ ਧੋਪ ਹੋ ਜਾਏਗੀ ਤਾਂ ਮਨ ਨਿਰਮਲ ਹੋ ਜਾਏਗਾ। ਫੇਰ ਗੁਰੂ ਪੰਚਮ ਪਾਤਸ਼ਾਹ ਫੁਰਮਾਉਂਦੇ ਹਨ ਕਿ- **ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ॥** [ਗਉੜੀ ਮਹਲਾ ੫, ਸੁਖਮਨੀ ੧-੪]

ਨਾਮ ਅੰਮ੍ਰਿਤ ਵਾਂਙੂ ਸ੍ਵੱਛ ਤੇ ਸ੍ਵਾਦੀਕ ਹੋ ਜਾਏਗਾ ਤੇ ਹਿਰਦੇ ਵਿਚ ਸਮਾਇਆ ਰਹੇਗਾ, ਵਿਸਰੇਗਾ ਨਹੀਂ ਤੇ ਇਕ ਨਿਰਮਲਤਾ ਦੀ ਧਾਰਾ ਵਾਂਙੂ ਆਪਣੇ ਆਪ ਟੁਰਿਆ ਰਹੇਗਾ। ਜਿਸ ਪ੍ਰੇਮੀ ਦਾ ਨਾਮ ਇਸ ਅਵਸਥਾ ਵਿਚ ਪਹੁੰਚ ਪਵੇ, ਉਸ ਨੂੰ ਆਪਾ ਇਕ ਉਚਿਆਨ ਉੱਤੇ ਤੇ ਹਲਕਾ ਫੁੱਲ ਤੇ ਸ੍ਵੱਛ ਸਾਫ ਭਾਸਦਾ ਹੈ। ਇਹ ਹੈ ਸਿੱਧੀ ਕਾਲ ਵਿਚ ਨਾਮ ਦੀ ਨਿਰਮਲਤਾ ਯਾ ਨਿਰਮਲ ਨਾਮ। ਇਹ ਹਜ਼ੂਰੀ ਵਿਚ ਰਖਦਾ ਹੈ, ਸਾਂਈਆਂ ਜੀ ਨਾਲ ਸਮਾਈ ਤੱਕ ਲੈ ਜਾਂਦਾ ਹੈ। ਜੋ ਸਾਧਨ ਕਾਲ ਵਿਚ 'ਪ੍ਰਯੋਜਨ' ਸੀ ਸਾਈਂ ਦੀ ਪ੍ਰਾਪਤੀ ਤਾਂ ਹੁਣ ਉਹ 'ਪ੍ਰਾਪਤੀ' ਹੋ ਜਾਂਦੀ ਹੈ।

ਨਿਰਮਲ ਨਾਮ ਨਾਲ ਅੰਤਰ ਨਿਰਮਲਤਾ ਛਾ ਜਾਂਦੀ ਹੈ। ਉਸਨੂੰ ਉਸ ਹਾਲ ਵਿਚ ਸਿਵਾ ਆਤਮ ਨਿਰਮਲਤਾ ਦੇ ਅਹਿਸਾਸ ਦੇ ਸਭ ਕੁਛ ਉਸ ਨਾਲੋਂ ਮੈਲਾ ਭਾਸਦਾ ਹੈ। ਇਸ ਨਿਰਮਲਤਾ ਦੇ ਦਰਜੇ ਹਨ, ਉਸ ਨੂੰ ਆਪਣੇ ਸੰਕਲਪ ਵਿਚ ਕੋਈ ਨੀਵਾਂਪਨ ਆਵੇ ਤਾਂ ਮੈਲ ਭਾਸਦੀ ਹੈ, ਬਾਹਰ ਮਨ ਦੇ ਮੈਲੇ ਲੋਕ ਮੈਲੇ ਭਾਸਦੇ ਹਨ। ਦਿੱਸਦੀ ਸੁੰਦਰਤਾ ਨਾਲੋਂ ਬੀ ਆਪਾ ਸ੍ਵੱਛ ਲਗਦਾ ਹੈ। ਇਥੋਂ ਤਾਈਂ ਕਿ ਕਦੇ ਇਸ ਨੂੰ, *'ਮੈਲਾ ਬ੍ਰਹਮਾ ਮੈਲਾ ਇੰਦੁ॥ ਰਵਿ ਮੈਲਾ ਮੈਲਾ ਹੈ ਚੰਦੁ॥ ੧॥ [ਭੈਰਉ ਬਾਣੀ ਕਬੀਰ ਜੀ-੩]* ਉਸ ਸ੍ਵੱਛਤਾ ਦੇ ਟਾਕਰੇ ਤੇ ਮੈਲੇ ਭਾਨ ਹੁੰਦੇ ਹਨ। ਇਸ ਦਾ ਇਹ ਮਤਲਬ ਨਹੀਂ ਕਿ ਆਮ ਸਰੀਰਕ ਸੁੱਚਮਾ ਵਾਲੇ ਬ੍ਰਹਮਚਾਰੀਆਂ ਤੇ ਅਪਰਸਾਂ ਵਾਂਙੂ ਓਹ ਜਗਤ ਤੋਂ ਸੂਗ ਤੇ ਨਫਰਤ ਵਿਚ ਵਰਤਦਾ ਹੈ, ਹਰਗਿਜ਼ ਨਹੀਂ। ਜਗਤ ਵਰਤੋਂ ਵਿਚ ਉਹ ਸਰਬੱਤ ਦੇ ਭਲੇ ਵਿਚ ਵਰਤੇਗਾ, ਮੇਹਰ ਦੇ ਘਰ ਹੋਏਗਾ; ਪਰ ਆਪ ਨਿਰਮਲ ਹੋ ਜਾਏਗਾ ਨਿਰਮਲ ਨਾਮ ਦੇ ਹੁਣ ਆਪੇ ਚਲ ਰਹੇ ਪ੍ਰਵਾਹ ਵਿਚ, ਜਿਸ ਦੀ ਧਾਰਾ ਕਿ ਨਿਰਮਲ ਅੰਤਹਕਰਣ ਵਿਚ ਵਗਦੀ ਨਿਰਮਲ ਪ੍ਰਭੂ ਦੇ ਚਰਨ ਸਮਾਈ ਰਖਦੀ ਹੈ।

ਨਿਰੁਕ੍ਤ- ਉਤਰਿ ਅਵਘਟਿ....-ਵ੍ਯਾਖ੍ਯਾ ਵਿਚ ਭਾਵ ਖੋਹਲ ਆਏ ਹਾਂ। (ਅ) ਦਾਨੇ ਲੋਕ ਐਉਂ ਬੀ ਯਤਨ ਕਰਦੇ ਹਨ: ਸਰਵਰ ਦਾ ਭਾਵ ਸਤਿਸੰਗ ਲੈਂਦੇ ਹਨ ਕਿ ਸਤਿਸੰਗ ਰੂਪੀ ਸਰੋਵਰ ਜੋ ਉਪਰਲੇ ਪਾਸੇ ਲੈ ਜਾਂਦਾ ਹੈ ਉਸ ਵਿਚ ਨ੍ਹਾਵੇ, ਪਰ ਇਹ ਅਰਥ 'ਉਤਰਿ*' ਨੂੰ 'ਉਤਰ ਕੇ' ਪੜ੍ਹਕੇ ਕਰਦੇ ਹਨ, ਪਰ ਪਾਠ ਅਧਿਕ ਨਾਲ ਠੀਕ ਬੈਠਣ ਕਰਕੇ ਇਸ ਦਾ ਅਰਥ 'ਉਤਰ ਕੇ' ਘੱਟ ਢੁਕਦਾ ਹੈ। ਜੇ ਪਾਠ ਉਤਰਕੇ ਕਰੀਏ ਤਾਂ ਕਿਥੋਂ ਉੱਤਰੇ? ਫਿਰ ਅਧ੍ਯਾਹਾਰ ਕਰੀਦਾ ਹੈ ਕਿ ਸੰਸਾਰਕ ਪਕੜਾਂ ਦੇ ਹੰਕਾਰ ਤੋਂ ਉਤਰਕੇ।

ਅਵਘਟਿ-[ਸੰਸ:, ਅਵਘਟ੍ਰ:=ਦੁਰਗਮ] ਜੋ ਰਾਹ ਕਿ ਔਖਾ ਹੈ, ਯਥਾ:-

ਇਕ ਅਵਘਟ ਘਾਟੀ ਰਾਮ ਕੀ ਤਿਹ ਚੜਿ ਰਹਿਓ ਕਬੀਰ॥ [ਸਲੋਕ ਕਬੀਰ ਜੀ-੧੬੫]

ਬਕੈ ਨ ਬੋਲੈ-ਨਾ ਬੋਲੇ (ਉਹ ਗਲਾਂ) ਜੋ ਬਕਵਾਸੀ ਹੋਣ। ਲੋੜ ਤੋਂ ਬਿਨਾ ਵਾਧੂ ਗੱਲਾਂ ਗੱਪਾਂ।

ਜਲੁ ਆਕਾਸੀ-(ਜਿਵੇਂ) ਜਲ (ਵਾਯੂ ਰੂਪ ਹੋਕੇ) ਅਕਾਸ਼ਾਂ ਵਿਚ ਸਮਾਇਆ ਹੁੰਦਾ ਹੈ ਤਿਵੇਂ

* 'ਉਤਰਿ' ਦੇ ਉੱਤੇ ਅਧਕ ਲੱਗੀ ਨਹੀਂ ਹੋਈ, ਪਰ ਛੰਦ ਦੀ 'ਚਾਲ ਸ਼ੁਧੀ' ਵਾਸਤੇ ਪਾਠ ਸਭ ਕੋਈ ਅਧਿਕ ਨਾਲ ਕਰਦਾ ਹੈ-ਉੱਤਰਿ। ਸੋ ਉਤਰ ਨਾਲੋਂ 'ਉਤਰਿ' ਦਾ ਅਰਥ ਭਾਵ ਨਾਲ ਤੇ ਪਾਠ ਨਾਲ ਦੋਹਾਂ ਤਰ੍ਹਾਂ ਵਿਸ਼ੇਸ਼ ਹੈ।

ਉਹ ਸੁਨਿ ਵਿਚ ਸਮਾਉਂਦਾ ਹੈ। ਭਾਵ ਨਜ਼ਰ ਨਹੀਂ ਆਉਂਦਾ, ਉਸ ਦਾ ਰੂਪ ਹੁਣ ਜਲ ਨਹੀਂ ਮਾਨੋ ਸੁੰਨ ਹੈ ਪਰ ਵਾਯੂ ਰੂਪ ਹੋਕੇ ਆਕਾਸ਼ ਵਿਚ ਮੌਜੂਦ ਹੈ ਅਭਾਵ ਨਹੀਂ ਹੋ ਗਿਆ। (ਅ) ਦੋ ਹੋਰ ਤਰ੍ਹਾਂ ਬੀ ਇਸ ਦਾ ਅਰਥ ਲਗਦਾ ਹੈ:- ਜਲ (=ਸਮੁੰਦ੍ਰ ਤੋਂ ਲੈਕੇ) ਅਕਾਸ਼ਾਂ ਤਕ (ਵਯਾਪਕ ਹੋ ਰਹੇ) ਸੁੰਨ (=ਪਰਮਾਤਮਾ) ਵਿਚ ਸਮਾਵੇ। (ੲ) ਆਕਾਸ਼ ਦਾ ਅਰਥ ਪ੍ਰਕਾਸ਼ ਕਰਕੇ ਐਉਂ ਕਰਦੇ ਹਨ ਕਿ ਜਿਵੇਂ ਪ੍ਰਕਾਸ਼ ਜਲ ਨੂੰ (ਅਰਥਾਤ ਜਗਤ ਨੂੰ) ਪ੍ਰਕਾਸ਼ ਰਿਹਾ ਤੇ ਉਸ ਵਿਚ ਸਮਾ ਰਿਹਾ ਬੀ ਹੈ ਸੋ ਝੋਲਕੇ (=ਨਾਮ ਮਥਨ ਨਾਲ) ਉਸ ਦੇ ਸੱਚੇ ਰਸ ਨੂੰ ਪੀਵੇ। [ਅਕਾਸੀ=ਆਙ+ਕਾਸ਼ੀ=ਜੋ ਸਾਰੇ ਪ੍ਰਕਾਸ਼ ਰਿਹਾ ਹੈ]।

ਰਸੁ ਸਤੁ-ਉਹ ਰਸ ਜੋ ਸਤੋ ਗੁਣ ਦਾ ਹੈ। 'ਏਥੇ' ਸਤੁ ਹੈ ਰੂਪ 'ਸਤ੍ਵ' ਦਾ 'ਵ' ਦਾ ਰੂਪ ਔਂਕੁੜ ਵਿਚ ਰਹਿ ਗਿਆ ਹੈ ਜਿਵੇਂ 'ਹ੍ਰਸ੍ਵ' ਨੂੰ 'ਹਰਸੁ' ਲਿਖ ਦੇਂਦੇ ਹਨ। ਪਰਮੇਸ਼੍ਵਰ ਨੂੰ ਪਰਮੇਸੁਰ ਲਿਖਦੇ ਹਨ। ਇਸ ਪਦ ਦੀ ਵਿਸ਼ੇਸ਼ ਵੀਚਾਰ ਵਯਾਖਯਾ ਵਿਚ ਆ ਚੁਕੀ ਹੈ।

ਝੋਲਿ*-[ਪੰ:, ਝੋਲਨਾ] ਖੜੇ ਪਾਣੀ ਤੋਂ ਬੂਰ ਨੂੰ ਪਰੇ ਹਟਾਉਣਾ। (ਅ) ਰਿੜਕਣਾ। ਵਿਸ਼ੇਸ਼ ਵੀਚਾਰ ਵਯਾਖਯਾ ਵਿਚ ਹੈ।

ਅਭ- [ਦੇਖੋ ਪੰਨਾ ਪ੪੬] ਹਿਰਦੇ ਦਾ। (ਅ) 'ਭ' ਮੁਕਤਾ ਹੋਣ ਕਰਕੇ 'ਹੇ ਮੇਰੇ ਮਨ' ਬੀ ਅਰਥ ਲਾ ਲੈਂਦੇ ਹਨ। ਪਰ ਏਥੇ ਤਾਂ ਸਪਸ਼ਟ ਸੰਬੋਧਨ 'ਭਰਥਰਿ' ਨੂੰ ਹੋ ਰਿਹਾ ਹੈ, ਮਨ ਨੂੰ ਸੰਬੋਧਨ ਦੀ ਲੋੜ ਨਹੀਂ।

ਗਗਨਿ ਨਿਵਾਸਿ- ਵਯਾਖਯਾ ਵਿਚ ਵਿਚਾਰ ਆ ਚੁਕੀ ਹੈ।

ਪਾਰਸੁ ਪਰਸਿ- ਵਯਾਖਯਾ ਵਿਚ ਵਿਚਾਰ ਆ ਚੁਕੀ ਹੈ।

ਮੈਲੁ ਨ ਧੋਵੈ- ਇਸ ਤਰ੍ਹਾਂ ਧੋਵੇ ਕਿ ਮੈਲ ਨਾ ਰਹੇ।

ਬਿਲੋਵੈ-[ਸੰਸ:, ਵਿਲੋਡਨੰ=ਰਿੜਕਨਾ] ਰਿੜਕੇ। ਤਤ ਮਿਥਿਆ ਨੂੰ ਨਿਖੇੜੇ।

ਹਿਵ-[ਸੰਸ:, ਹਿਮੰ] ਬਰਫ਼। ਭਾਵ ਸ਼ਾਂਤੀ ਦਾ ਰੂਪ। ਅਗਨਿ- ਅੱਗ ਭਾਵ ਤ੍ਰਿਸ਼ਨਾ।

ਦਰਸਨੁ- ਵਯਾਖਯਾ ਵਿਚ ਅਰਥ ਆ ਚੁਕੇ ਹਨ।

ਮੁਰਾਰਾ- [ਦੇਖੋ ਪੰਨਾ ੧੫੯੧] ਮੁਰਾਰ ਦਾ ਭਾਵ ਅਕਾਲ ਪੁਰਖ ਹੈ।

ਪੰਚ-ਸ੍ਰੇਸ਼ਟ। ਸੰਤ। ਗਯਾਨਵਾਨ। ਗੁਰਮੁਖ। [ਦੇਖੋ ਪੰਨਾ ੮੫]।

ਅਵਿਗਤ-[ਸੰਸ:, ਅਵਯਕਤ:] ਨਿਰਗੁਣ ਪਰਮਾਤਮਾ।

ਜਲ ਮਹਿ-ਸਾਰੀ ਵੀਚਾਰ ਵਯਾਖਯਾ ਵਿਚ ਆ ਚੁਕੀ ਹੈ।

ਨਿਧਿ ਗੁਣ-ਗੁਣ ਨਿਧਿ। ਗੁਣਾਂ ਦਾ ਖਜ਼ਾਨਾ।

[ਆਸਾ ਮਹਲਾ ੧, ਅਸਟਪਦੀ-੨]

ਪ੍ਰਾਕਥਨ-ਪਹਿਲਾਂ ਨਾਮ ਦੇ ਟਾਕਰੇ ਤੇ ਫੋਕੇ ਜਪਾਂ ਤਪਾਂ ਦੀ ਨਿਸ਼ਫਲਤਾ ਦੱਸਕੇ ਫੇਰ ਮੋਹ ਮਾਇਆ ਵਿਚ ਫਾਥੇ ਜਗਤ ਦੇ ਜਨਮ ਦੀ ਨਿਸ਼ਫਲਤਾ ਦਿਖਾਕੇ ਦੁਹਾਂ ਦੀ ਕਲਯਾਣ ਦਾ ਸੁਗਮ ਰਾਹ ਦੱਸਦੇ ਹਨ।

ਮੂਲ	ਅਰਥ
ਆਸਾ ਮਹਲਾ ੧ ॥	
ਸਭਿ ਜਪ ਸਭਿ ਤਪ ਸਭ ਚਤੁਰਾਈ॥	(ਵਾਹਿਗੁਰੂ ਦੀ ਭਗਤੀ ਬਿਨਾਂ) ਸਾਰੇ ਜਪ, ਸਾਰੇ ਤਪ, ਸਾਰੀ ਚਤੁਰਾਈ
ਊਝੜਿ ਭਰਮੈ ਰਾਹਿ ਨ ਪਾਈ ॥	(ਜੋ ਧਾਰਦਾ ਹੈ, ਉਹ) ਔਝੜਾਂ ਵਿਚ ਭਟਕਦਾ ਹੈ,

* ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਬੂਰ ਤਲਾਇ॥ ਝੋਲਿ ਪਿਛਾਹਾਂ ਸਟੀਐ ਭੀ ਗਲਿ ਲਗੈ ਧਾਇ॥ [?

ਬਿਨੁ ਬੂਝੇ ਕੋ ਥਾਇ ਨ ਪਾਈ ॥ ਨਾਮ ਬਿਹੂਣੈ ਮਾਥੇ ਛਾਈ ॥੧॥

(ਉਸ ਨੂੰ ਠੀਕ) ਰਾਹ ਨਹੀਂ ਲੱਭਦਾ। ਨਾਮ ਤੋਂ ਵਿਹੂਣਿਆਂ ਦੇ ਮੱਥੇ ਤੇ ਕਾਲੋਂ ਲੱਗਦੀ ਹੈ, (ਇਸ ਗੱਲ) ਨੂੰ ਬਿਨਾਂ ਬੁੱਝੇ ਦੇ ਕੋਈ ਟਿਕਾਣੇ ਨਹੀਂ ਅੱਪੜਦਾ॥ ੧॥

ਸਾਚ ਧਣੀ ਜਗੁ ਆਇ ਬਿਨਾਸਾ ॥ ਛੂਟਸਿ ਪ੍ਰਾਣੀ ਗੁਰਮੁਖਿ ਦਾਸਾ ॥੧॥ ਰਹਾਉ ॥

(ਵਾਹਿਗੁਰੂ ਰੂਪੀ) ਮਾਲਕ ਸੱਚਾ (=ਸਦਾ ਥਿਰ) ਹੈ, (ਪਰ) ਜਗਤ (ਏਥੇ) ਆਕੇ ਨਾਸ਼ ਨੂੰ ਪ੍ਰਾਪਤ ਹੁੰਦਾ ਹੈ। (ਕਿੰਤੂ ਹਰ) ਪ੍ਰਾਣੀ ਗੁਰੂ ਦੁਆਰਾ (ਹਰੀ ਦਾ) ਦਾਸ ਬਣਕੇ ਛੁਟਕਾਰਾ ਪਾ ਜਾਂਦਾ ਹੈ॥ ੧॥ ਰਹਾਉ॥

ਜਗੁ ਮੋਹਿ ਬਾਧਾ ਬਹੁਤੀ ਆਸਾ ॥ ਗੁਰਮਤੀ ਇਕਿ ਭਏ ਉਦਾਸਾ ॥ ਅੰਤਰਿ ਨਾਮੁ ਕਮਲੁ ਪਰਗਾਸਾ ॥ ਤਿਨ੍ ਕਉ ਨਾਹੀ ਜਮ ਕੀ ਤ੍ਰਾਸਾ ॥੨॥

ਜਗਤ (ਤਾਂ) ਬਹੁਤੀਆਂ ਆਸਾਂ ਦੁਆਰਾ ਮੋਹ ਵਿਚ ਬੱਧਾ ਪਿਆ ਹੈ (ਪਰ ਵਿਚ ਵਿਚ) ਇਕ (ਐਸੇ ਬੀ ਹਨ ਜੋ) ਗੁਰੂ ਦੀ ਮਤਿ ਲੈਕੇ (ਇਸ ਮੋਹ ਤੋਂ) ਉਦਾਸ ਹੋਏ ਹਨ। (ਉਨ੍ਹਾਂ ਦੇ) ਅੰਦਰ ਨਾਮ (ਵੱਸ ਪਿਆ ਹੈ ਤੇ ਉਨ੍ਹਾਂ ਦਾ ਹਿਰਦੇ ਰੂਪੀ) ਕਮਲ ਖਿੜ ਪਿਆ ਹੈ। (ਜਿਸ ਕਰਕੇ) ਉਨ੍ਹਾਂ ਨੂੰ ਜਮ ਦਾ ਤੌਖਲਾ ਨਹੀਂ ਰਿਹਾ॥ ੨॥

ਜਗੁ ਤ੍ਰਿਅ ਜਿਤੁ ਕਾਮਣਿ ਹਿਤਕਾਰੀ ॥ ਪੁਤ੍ਰ ਕਲਤ੍ਰ ਲਗਿ ਨਾਮੁ ਵਿਸਾਰੀ ॥ ਬਿਰਥਾ ਜਨਮੁ ਗਵਾਇਆ ਬਾਜੀ ਹਾਰੀ ॥ ਸਤਿਗੁਰੁ ਸੇਵੇ ਕਰਣੀ ਸਾਰੀ ॥੩॥

(ਆਮ) ਜਗਤ ਤਾਂ ਇਸਤ੍ਰੀ ਤੋਂ ਜਿੱਤਿਆ ਗਿਆ ਹੈ, (ਇਸ ਕਰਕੇ ਪ੍ਰਭੂ ਦਾ ਨਹੀਂ ਪਰ) ਇਸਤ੍ਰੀ ਦਾ ਪ੍ਰੇਮੀ ਹੋ ਰਿਹਾ ਹੈ। (ਇਸ ਤਰ੍ਹਾਂ ਮੋਹ ਰੱਤਾ) ਇਸਤ੍ਰੀ ਤੇ ਪੁਤ੍ਰ ਵਿਚ ਲੱਗ ਕੇ ਨਾਮ ਦਾ ਵਿਸਾਰਨੇ ਵਾਲਾ (ਹੋ ਰਿਹਾ) ਹੈ। (ਐਉਂ ਇਸ ਨੇ) ਜਨਮ ਬਿਰਥਾ ਗੁਆ ਲਿਆ ਹੈ (ਤੇ ਜਨਮ ਰੂਪੀ) ਬਾਜੀ ਹਾਰ ਦਿੱਤੀ ਹੈ। (ਪਰ ਜੇ ਇਹ ਭੁੱਲਾ ਹੋਇਆ ਬੀ) ਸਤਿਗੁਰੂ ਨੂੰ ਸੇਵੇ (ਤਾਂ ਉਸ ਦੀ ਸਿਖਿਆ ਨਾਲ ਇਸ ਦੀ) ਕਰਣੀ ਵੀ ਚੰਗੀ (ਹੋ ਸਕਦੀ) ਹੈ॥ ੩॥

[ਉਹ ਚੰਗੀ ਕਰਨੀ ਕੀ ਹੈ? ਤੇ ਜਿਨ੍ਹਾਂ ਨੇ ਧਾਰੀ ਹੈ ਕੈਸੇ ਹਨ? ਉੱਤਰ:]

ਬਾਹਰਹੁ ਹਉਮੈ ਕਹੈ ਕਹਾਏ ॥ ਅੰਦਰਹੁ ਮੁਕਤੁ ਲੇਪੁ ਕਦੇ ਨ ਲਾਏ ॥ ਮਾਇਆ ਮੋਹੁ ਗੁਰ ਸਬਦਿ ਜਲਾਏ॥ ਨਿਰਮਲ ਨਾਮੁ ਸਦ ਹਿਰਦੈ ਧਿਆਏ ॥੪॥

(ਉਹ ਚੰਗੀ ਕਰਨੀ 'ਨਾਮ' ਹੈ, ਉਸ ਨੂੰ ਧਾਰਨ ਵਾਲਾ) ਨਿਰਮਲ 'ਨਾਮ' ਨੂੰ ਸਦਾ ਹਿਰਦੇ ਵਿਚ ਧਿਆਵੇਗਾ, ਮਾਇਆ ਦੇ ਮੋਹ ਨੂੰ ਗੁਰੂ ਦੇ ਸ਼ਬਦ ਨਾਲ ਸਾੜ ਸੁੱਟੇਗਾ, (ਉਹ) ਬਾਹਰੋਂ ਤਾਂ ਹਉਮੈ ਦੀ ਗੱਲ ਬਾਤ ਕਰੇਗਾ, (ਪਰ) ਅੰਦਰੋਂ (ਉਹ) ਮੁਕਤ ਹੋਵੇਗਾ (ਤੇ ਅਪਣੇ ਮਨ ਨੂੰ ਮਾਯਾ ਦਾ) ਲੇਪ ਕਦੇ ਨਹੀਂ ਲਾਏਗਾ॥ ੪॥

ਧਾਵਤੁ ਰਾਖੈ ਠਾਕਿ ਰਹਾਏ ॥ ਸਿਖ ਸੰਗਤਿ ਕਰਮਿ ਮਿਲਾਏ ॥ ਗੁਰ ਬਿਨੁ ਭੂਲੋ ਆਵੈ ਜਾਏ ॥ ਨਦਰਿ ਕਰੇ ਸੰਜੋਗਿ ਮਿਲਾਏ ॥੫॥

(ਜੇ ਉਸ ਦਾ ਮਨ ਬਾਹਰਮੁਖੀ ਹੋਕੇ) ਦੌੜੇਗਾ ਤਾਂ (ਉਸਨੂੰ) ਵਰਜ ਵਰਜ ਕੇ ਰੋਕੇਗਾ। (ਐਸੇ) ਸਿਖ ਦੀ ਸੰਗਤਿ ਕਰਮ ਮਿਲਾਉਂਦਾ ਹੈ*। (ਪਰ ਜਗਤ) ਗੁਰੂ ਤੋਂ ਬਿਨਾਂ ਭੁੱਲਾ ਹੋਇਆ (ਜਨਮ ਮਰਨ ਵਿਚ) ਆਉਂਦਾ ਜਾਂਦਾ ਰਹਿੰਦਾ ਹੈ। (ਹਾਂ, ਵਾਹਿਗੁਰੂ) ਨਦਰ ਕਰੇ (ਤਾਂ ਗੁਰੂ ਦੇ) ਸੰਜੋਗ ਵਿਚ ਮਿਲਾ ਦੇਂਦਾ ਹੈ॥ ੫॥

ਰੂੜੋ ਕਹਉ ਨ ਕਹਿਆ ਜਾਈ ॥ ਅਕਥ ਕਥਉ ਨਹ ਕੀਮਤਿ ਪਾਈ॥

(ਤੁਸੀਂ ਕਹਿੰਦੇ ਹੋ ਮੈਂ) ਸੁੰਦਰ (ਪ੍ਰਭੂ ਨੂੰ) ਵਰਣਨ ਕਰਾਂ (ਪਰ ਉਹ) ਵਰਣਨ ਕੀਤਾ ਨਹੀਂ ਜਾ ਸਕਦਾ। (ਉਹ) ਅਕਥ ਹੈ,

* ਅਥਵਾ-ਐਸੇ ਸਿਖ ਦੀ ਸੰਗਤਿ ਕਰਮਾਂ ਦੁਆਰਾ ਆ ਮਿਲਦੀ ਹੈ। [ਮਿਲ ਆਏ=ਆ ਮਿਲਦੀ ਹੈ] ।

ਸਭ ਦੁਖ ਤੇਰੇ ਸੂਖ ਰਜਾਈ ॥ ਸਭਿ ਦੁਖ ਮੇਟੇ ਸਾਚੈ ਨਾਈ ॥੬॥

ਮੈਂ (ਉਸ ਨੂੰ) ਕਥਾਂ (ਬੀ) ਤਾਂ ਉਸ ਦੀ ਕੀਮਤ ਨਹੀਂ ਪੈਂਦੀ, (ਭਾਵ ਅੰਤ ਨਹੀਂ ਪਾ ਸਕੀਦਾ, ਪਰ ਮੈਂ) ਸਾਰੇ ਦੁਖ (ਸੁਖ) ਸੱਚੇ ਨਾਮ ਦੁਆਰਾ ਮੇਟ ਲਏ ਹਨ (ਇਉਂ ਸਮਝਕੇ ਕਿ) ਸਾਰੇ ਦੁਖ (ਹੇ ਪ੍ਰਭੂ) ਤੇਰੇ (ਘੱਲੇ ਹੋਏ) ਹਨ (ਤੇ ਸਾਰੇ) ਸੁਖ (ਤੇਰੀ) ਰਜ਼ਾ ਦੁਆਰਾ (ਮਿਲਦੇ ਹਨ)॥ ੬॥

ਕਰ ਬਿਨੁ ਵਾਜਾ ਪਗ ਬਿਨੁ ਤਾਲਾ ॥ ਜੇ ਸਬਦੁ ਬੁਝੈ ਤਾ ਸਚੁ ਨਿਹਾਲਾ ॥ ਅੰਤਰਿ ਸਾਚੁ ਸਭੇ ਸੁਖ ਨਾਲਾ ॥ ਨਦਰਿ ਕਰੇ ਰਾਖੈ ਰਖਵਾਲਾ ॥੭॥

(ਐਉਂ) ਜੇ (ਕੋਈ) ਸ਼ਬਦ ਨੂੰ (ਅੰਦਰ ਵਸਦਾ) ਬੁੱਝ ਲਵੇ (ਤਾਂ ਉਹ) ਸਚ ਨੂੰ (ਪਾ ਲਏਗਾ ਤੇ) ਨਿਹਾਲ ਰਹੇਗਾ। (ਉਸ ਦੇ ਅੰਦਰ) ਹੱਥਾਂ ਬਿਨ ਵਾਜਾ (ਵਜੇਗਾ ਤੇ) ਪੈਰਾ ਬਿਨਾਂ ਤਾਲ (ਪੁਰੀਵੇਗਾ); (ਜਿਸ ਕਰਕੇ) ਅੰਦਰ ਸਚ (ਆ ਵੱਸੇਗਾ ਤੇ) ਸਾਰੇ ਸੁਖ (ਉਸ ਦੇ) ਨਾਲ ਹੋ ਜਾਣਗੇ; (ਕਿਉਂਕਿ ਉਸ ਉਤੇ) ਮੇਹਰ ਕਰੇਗਾ (ਪ੍ਰਭੂ ਤੇ) ਰਖਵਾਲਾ ਬਣਕੇ ਰਖਸ਼ਾ ਕਰੇਗਾ॥ ੭॥

ਤ੍ਰਿਭਵਣ ਸੂਝੈ ਆਪੁ ਗਵਾਵੈ ॥ ਬਾਣੀ ਬੂਝੈ ਸਚਿ ਸਮਾਵੈ ॥ ਸਬਦੁ ਵੀਚਾਰੇ ਏਕ ਲਿਵ ਤਾਰਾ ॥ ਨਾਨਕ ਧੰਨੁ ਸਵਾਰਣਹਾਰਾ ॥੮॥੨॥

(ਇਸ ਲਈ ਚਾਹੀਦਾ ਹੈ ਕਿ ਜੀਵ ਗੁਰੂ ਕੀ) ਬਾਣੀ ਨੂੰ ਬੁੱਝੇ ਤੇ ਸੱਚ ਵਿਚ ਸਮਾਵੇ, ਸ਼ਬਦ ਨੂੰ ਵੀਚਾਰੇ ਤੇ ਇਕ ਲਿਵ ਦੀ ਤਾਰ ਲਾਵੇ। (ਐਉਂ) ਆਪਾ ਭਾਵ ਗੁਆ ਲਵੇ (ਤਾਂ ਉਸ ਨੂੰ) ਤਿੰਨਾਂ ਭਵਨਾਂ ਦੀ ਸੋਝੀ ਹੋ ਜਾਏਗੀ। ਹੇ ਨਾਨਕ ! ਧੰਨ ਹੈ (ਉਹ ਨਿਰੰਕਾਰ ਜੋ ਜੀਵਾਂ ਨੂੰ) ਸਵਾਰਣੇ ਵਾਲਾ ਹੈ॥ ੮॥ ੨॥

ਵਯਾਖਯਾ-ਰਹਾਉ ਵਿਚ ਦੱਸਿਆ ਹੈ ਕਿ ਮਾਲਕ ਪ੍ਰਭੂ ਤਾਂ ਸੱਚਾ ਭਾਵ ਸਦਾ ਥਿਰ ਹੈ, ਪਰ ਜਗਤ ਨਾਸ਼ਮਾਨ ਹੈ। ਏਥੇ ਆਕੇ ਦਾ ਭਾਵ ਹੈ ਜਗਤ ਰੂਪ ਬਣਨੇ ਪਰ ਹਰ ਪ੍ਰਾਣੀ ਛੁਟਕਾਰਾ ਬੀ ਪਾ ਸਕਦਾ ਹੈ ਜੇ ਗੁਰੂ ਦੁਆਰਾ ਪ੍ਰਭੂ ਦਾ ਭਗਤ ਬਣ ਜਾਵੇ ਤਾਂ।

ਅੰਕ ੧ ਵਿਚ ਨਿਰਾਰਥਕ ਜਤਨ ਕਰਨ ਵਾਲਿਆਂ ਨੂੰ ਲੈਂਦੇ ਹਨ ਜੋ ਛੁਟਕਾਰੇ ਦਾ ਯਤਨ ਕਰਦੇ ਸਗੋਂ ਕੁਰਾਹਾਂ ਵਿਚ ਗੁਆਚ ਜਾਂਦੇ ਹਨ। ਜਪ ਤਪ ਤੇ ਚਤੁਰਾਈ ਦੇ ਕੀਤੇ ਹੋਰ ਸਾਧਨ ਕੁਰਾਹਾਂ ਵਿਚ ਪਾਕੇ ਭਟਕਾਉਂਦੇ ਹਨ ਤੇ ਠੀਕ ਰਸਤੇ ਨਹੀਂ ਪਾਉਂਦੇ, ਕਿਉਂਕਿ ਓਹ ਸਭ ਹਉਮੈਂ ਨਾਲ ਤੇ ਹਠ ਧਾਰਕੇ ਕੀਤੇ ਜਾਂਦੇ ਹਨ। ਸਿੱਧਾ ਰਾਹ ਕੀ ਹੈ? ਫੁਰਮਾਉਂਦੇ ਹਨ, ਉਹ ਰਸਤਾ ਹੈ-ਨਾਮ। ਨਾਮ ਬਿਨਾਂ ਮੱਥੇ ਤੇ ਛਾਈ ਲਗਦੀ ਹੈ, ਭਾਵ ਸ਼ਰਮਿੰਦਗੀ ਹੁੰਦੀ ਹੈ। ਮੂੰਹ ਯਾ ਮੱਥੇ ਕਾਲਕ ਲੱਗਣੀ ਦੋਸ਼ ਮੜ੍ਹੇ ਜਾਣ ਦੀ ਨਿਸ਼ਾਨੀ ਹੁੰਦੀ ਹੈ, ਤੇ ਸ਼ਰਮ ਉਠਾਉਣੀ ਪੈਂਦੀ ਹੈ। ਇਸ ਗੱਲ ਨੂੰ ਸਮਝੇ ਬਿਨਾਂ ਕਿ ਨਾਮ ਮੂਲ ਵਸਤੂ ਹੈ, ਨਾਮ ਤੁੱਲ ਹੋਰ ਕੁਛ ਨਹੀਂ, ਨਾਮ ਬਿਨਾਂ ਸਾਧਕ ਦਰ ਟਿਕਾਣੇ ਨਹੀਂ ਅੱਪੜਦਾ ਪਰਵਾਨ ਨਹੀਂ ਹੁੰਦਾ।

ਅੰਕ ੨ ਵਿਚ ਜਗਤ ਜੀਵਾਂ ਨੂੰ ਲੈਂਦੇ ਹਨ; ਜੋ ਹਉਮੈਂ ਵਾਲੇ ਸਾਧਨ ਪਰਮਾਰਥ ਦੇ ਨਹੀਂ ਕਰ ਰਹੇ, ਪਰ ਮੌਤ ਵਿਚ ਫਾਥੇ ਪਏ ਹਨ ਤੇ ਆਸਾ ਬੰਨ੍ਹ ਬੰਨ੍ਹ ਕੇ ਆਪ ਉਹਨਾਂ ਵਿਚ ਬੱਝਦੇ ਜਾਂਦੇ ਹਨ। ਪਰ ਇਹਨਾਂ ਮੋਹ ਤੇ ਆਸਾ ਵਿਚ ਫਸੇ ਜੀਵਾਂ ਵਿਚ ਮੋਹ ਤੇ ਆਸਾ ਦੇ ਦੁਖ ਦੇਖਕੇ ਵੈਰਾਗ ਖਾ ਜਾਂਦੇ ਹਨ ਤੇ ਗੁਰੂ ਦੀ ਮਤਿ ਜਾ ਲੈਂਦੇ ਹਨ, ਓਹ ਨਾਮ ਪ੍ਰਾਪਤ ਹੋ ਕੇ ਅੰਦਰ ਵਸਾਕੇ ਆਪਣੇ ਰਿਦੇ ਕਮਲ ਨੂੰ ਖਿੜਾ ਲੈਂਦੇ ਹਨ, ਉਹਨਾਂ ਨੂੰ ਜਮ ਦਾ ਡਰ ਨਹੀਂ ਰਹਿੰਦਾ, ਭਾਵ ਜਨਮ ਮਰਨ ਕੱਟਕੇ ਮੁਕਤ ਹੋ ਜਾਂਦੇ ਹਨ।

ਅੰਕ ੩ ਵਿਚ ਜਗਤ ਦੇ ਜਨਮ ਬਿਰਥਾ ਗੁਆ ਜਾਣ ਦਾ ਕਾਰਣ ਦੱਸਦੇ ਹਨ ਕਿ ਜਗਤ ਤ੍ਰਿਯਾ ਤੋਂ ਜਿੱਤਿਆ ਗਿਆ ਹੈ ਤੇ ਇਸਤ੍ਰੀ ਪ੍ਰੇਮੀ ਹੋ ਰਿਹਾ ਹੈ। ਇਸ ਵਿਚ ਸੈਨਤ ਇਹ ਹੈ ਕਿ ਆਮ ਲੋਕੀ ਕਾਮੀ ਹੋਕੇ ਇਸਤ੍ਰੀਆਂ ਨੂੰ ਕਾਮ ਪੂਰਤੀ ਦਾ ਵਸੀਲਾ ਸਮਝ ਕੇ ਉਸੇ ਕਾਮ ਦੇ ਪਜ਼ਾਰ ਵਿਚ ਖਚਿਤ ਹੋ ਜਾਂਦੇ ਹਨ, ਇਸਤ੍ਰੀ ਤੇ ਫੇਰ ਪੁਤ੍ਰ ਦੇ ਪ੍ਰੇਮ ਵਿਚ ਖਚਿਤ ਹੋਕੇ ਨਾਮ ਦੇ ਵਿਸਾਰੇ ਵਿਚ ਜੀਵਨ ਕੱਟਦੇ ਹਨ,

ਉਹਨਾਂ ਦਾ ਜਨਮ ਬਿਰਥਾ ਜਾਂਦਾ ਹੈ। ਪਰ ਜੇ ਇਹ ਖਚਿਤ ਪੁਰਖ ਸਤਿਗੁਰੂ ਦੀ ਸ਼ਰਣ ਆ ਜਾਣ ਤਾਂ ਸਤਿਗੁਰੂ ਦੀ ਸੇਵਾ ਨਾਲ ਇਨ੍ਹਾਂ ਦੀ ਕਰਣੀ ਬੀ ਸ੍ਰੇਸ਼ਟ ਹੋ ਜਾਏਗੀ, ਭਾਵ ਨਾਮ ਦਾ ਜੀਵਨ ਬਣ ਜਾਏਗਾ।

ਅੰਕ ੪ ਵਿਚ ਸ੍ਰੇਸ਼ਟ ਕਰਨੀ ਵਾਲੇ ਦਾ ਵਰਣਨ ਕਰਦੇ ਹਨ ਕਿ ਉਹ ਵਾਹਿਗੁਰੂ ਦਾ ਨਿਰਮਲ ਨਾਮ ਸਦਾ ਹਿਰਦੇ ਵਿਚ ਧਿਆਉਂਦਾ ਰਹਿੰਦਾ ਹੈ, ਉਹ ਮਾਇਆ ਦੇ ਮੋਹ ਨੂੰ ਗੁਰੂ ਦੇ ਸ਼ਬਦ ਨਾਲ ਦੂਰ ਕਰ ਲਏਗਾ। ਉਹ ਫੇਰ ਬਾਹਰੋਂ ਬਾਹਰੋਂ ਤਾਂ ਗੱਲ ਬਾਤ ਹਉਮੈ ਦੀ ਕਰ ਲਏਗਾ, ਕਿਉਂਕਿ ਜਗਤ ਦੀ ਕਾਰ ਇਵੇਂ ਹੀ ਟੁਰਦੀ ਹੈ, ਪਰ ਅੰਦਰੋਂ ਉਹ ਹਉਮੈ ਤੋਂ ਅਲੇਪ ਰਹੇਗਾ ਤੇ ਹਉਮੈ ਦਾ ਲੇਸ਼ ਆਪਣੇ ਅੰਦਰ ਨੂੰ ਨਹੀਂ ਲਗਣ ਦੇਵੇਗਾ।

ਅੰਕ ੫-ਪ੍ਰਸ਼ਨ ਹੁੰਦਾ ਹੈ ਕਿ ਆਪ ਜਗਤ ਵਿਚ ਰਖਦੇ ਹੋ ਨਾਮ ਦੇ ਸਾਧਕ ਨੂੰ, ਇਸ ਵਿਚ ਵਰਤਦਿਆਂ ਕਈ ਮਾਮਲੇ ਵਾਪਰਦੇ ਹਨ ਤੇ ਮਨ ਹੋਰ ਹੋਰ ਪਾਸੇ ਦੌੜਦਾ ਹੈ? ਤਾਂ ਸੁਮਤਿ ਦੇਂਦੇ ਹਨ ਕਿ ਮਨ ਹੋਰਨੀਂ ਪਾਸੀਂ ਜਾਏ ਤਾਂ ਉਸ ਨੂੰ ਰੋਕ ਰੋਕ ਕੇ ਨਾਮ ਵਿਚ ਲਾਓ, ਵਾਹਿਗੁਰੂ ਜੀ ਦੇ ਗੁਣ ਚਿੰਤਨ ਵਿਚ ਪਾਓ। ਐਸੇ ਸਿਖ ਦੀ ਸੰਗਤ, ਜਿਸ ਦਾ ਵਰਣਨ ਹੋਇਆ ਹੈ, ਕਰਮ ਮਿਲਾਉਂਦਾ ਹੈ, ਵਾਹਿਗੁਰੂ ਦਾ ਫਜ਼ਲ ਮਿਲਾਉਂਦਾ ਹੈ। ਫੇਰ ਜਗਤ ਵੱਲ ਨਜ਼ਰ ਪਾਈ ਹੈ ਕਿ ਗੁਰੂ ਬਿਨਾਂ ਜਗਤ ਨਾਮ ਤੋਂ ਭੁੱਲਾ ਹੀ ਰਹਿੰਦਾ ਹੈ, ਤੇ ਭੁੱਲਾ ਰਹਿਣ ਕਰਕੇ ਜਨਮ ਮਰਨ ਨਹੀਂ ਮਿਟਦਾ। ਇਥੇ ਆਕੇ ਫੇਰ ਜਗਤ ਤੇ ਤਰਸ ਖਾਕੇ ਫੁਰਮਾਉਂਦੇ ਹਨ ਕਿ ਵਾਹਿਗੁਰੂ ਮੇਹਰ ਕਰੇ, ਇਨ੍ਹਾਂ ਭੁੱਲੇ ਜੀਵਾਂ ਨੂੰ ਗੁਰੂ ਦੇ ਸੰਜੋਗ ਵਿਚ, ਭਾਵ ਮੇਲ ਵਿਚ, ਮਿਲਾ ਦੇਵੇ। ਜੇ ਏਥੇ 'ਸੰਜੋਗਿ' ਦਾ ਅਰਥ ਸੰਜੋਗਾਂ ਨਾਲ ਕਰੀਏ ਤਾਂ 'ਨਦਰਿ ਕਰੇ' ਦਾ ਅਰਥ ਗੁੰਮ ਹੋ ਜਾਂਦਾ ਹੈ

ਅੰਕ ੬-ਏਥੇ ਕੁ ਜਾਪਦਾ ਹੈ ਕਿ ਸੁਣਨ ਵਾਲੇ ਦੇ ਮਨ ਵਿਚ ਵਾਹਿਗੁਰੂ ਵਲ ਖਿੱਚ ਪਈ ਹੈ। ਉਹ ਫੇਰ ਆਖਦਾ ਹੈ ਕਿ ਐਸੇ ਸੁੰਦਰ ਪ੍ਰਭੂ ਨੂੰ ਵਰਣਨ ਕਰੋ, ਜਿਸ ਦੇ ਨਾਮ ਵਿਚ ਸਾਨੂੰ ਪ੍ਰੇਰ ਰਹੇ ਹੋ! ਤਦ ਫੁਰਮਾਉਂਦੇ ਹਨ ਕਿ ਉਹ ਸੁੰਦਰ ਪ੍ਰਭੂ ਵਰਣਨ ਨਹੀਂ ਹੋ ਸਕਦਾ, ਉਹ ਅਕੱਥ ਹੈ, ਭਾਵ ਮਿਤ ਵਾਲਾ ਮਨ ਤੇ ਜਿਹਵਾ ਉਸ ਅਮਿਤ ਨੂੰ ਕਥਨ ਨਹੀਂ ਕਰ ਸਕਦੇ ਜੇ ਕਰਨ ਤਾਂ ਗੁਣਾਨੁਵਾਦ ਕਰ ਸਕਦੇ ਹਨ, ਪਰ ਅੰਤ ਨਹੀਂ ਪਾ ਸਕਦੇ। ਬੇਅੰਤ ਨੂੰ ਕਿੰਨਾ ਵਰਣਨ ਕਰੋ ਕੁਛ ਅਜੇ ਰਹਿ ਜਾਏਗਾ। ਪਰ ਉਸ ਤੋਂ ਸੁਖ ਦੀ ਪ੍ਰਾਪਤੀ ਕਰ ਸਕਦੇ ਹਾਂ ਕਿ ਇਕ ਤਾਂ ਸੱਚੇ ਦੇ ਨਾਮ ਨੂੰ ਧਾਰਨ ਕਰੋ, ਇਸ ਨਾਲ ਸਾਰੇ ਦੁਖ ਮਿਟ ਜਾਣਗੇ, ਫੇਰ ਰਜ਼ਾ ਪਰ ਖੜੋ ਜਾਓ, ਇਉਂ ਸਮਝੋ ਕਿ ਸਾਰੇ ਦੁਖ, ਜੋ ਵਾਪਰਦੇ ਹਨ, ਉਸ ਦੇ ਘੱਲੇ ਹੋਏ ਹਨ, ਤੇ ਸਾਰੇ ਸੁਖ ਜੋ ਮਿਲਦੇ ਹਨ ਉਸ ਦੀ ਰਜ਼ਾ ਨਾਲ ਮਿਲਦੇ ਹਨ।

ਅੰਕ ੭ ਵਿਚ ਨਾਮ ਪ੍ਰੇਮੀ ਦੀ ਅੰਦਰਲੀ ਨਾਮ ਅਵਸਥਾ ਦੱਸੀ ਹੈ ਕਿ ਉਸ ਦੇ ਅੰਦਰ ਨਾਮ ਸੰਗੀਤਕ ਰੂਪ ਧਾਰੇਗਾ, ਵਾਜੇ ਤੇ ਨਾਚ ਵਾਂਙੂ ਨਾਮ ਸੰਗੀਤਕ ਸੁਰ ਤੇ ਧਾਪ ਦੇਵੇਗਾ। ਪਰ ਉਹ ਰਾਸ-ਧਾਰੀਆਂ ਵਾਂਙੂ ਹੱਥਾਂ ਨਾਲ ਵਾਜੇ ਦਾ ਵੱਜਣਾ ਯਾ ਪੈਰਾਂ ਨਾਲ ਨੱਚਣੇ ਦਾ ਤਾਲ ਨਹੀਂ ਹੋਵੇਗਾ। ਉਹ ਤਾਂ ਸਿਮਰਨ ਹੀ ਸੰਗੀਤਕ ਰੂਪ ਧਾਰੇਗਾ। ਉਸ ਦੇ ਅੰਦਰ ਨਾਮ ਇਕ ਅੱਖਰ ਉਚਾਰਣ ਮਾਤ੍ਰ ਬਿਨਾਂ ਕਿਸੇ ਉੱਚ ਪ੍ਰਤੀਤੀ ਦੇ ਨਹੀਂ ਹੋਵੇਗਾ। ਨਾਮ ਦਾ ਸਿਮਰਣ ਰਸਮਯ ਸੰਗੀਤ ਵਾਂਙੂ ਹੋਵੇਗਾ, ਜੋ ਸ਼ਬਦ ਨੂੰ ਐਉਂ ਬੁੱਝ ਲਵੇਗਾ ਭਾਵ ਸਮਝ ਲਵੇਗਾ ਤਾਂ ਸਦਾ ਨਿਹਾਲ ਹੋ ਜਾਏਗਾ; ਅਰਥਾਤ ਉਹ ਇਕ ਅਨੋਖਾ ਟਿਕਾਉ ਬੀ ਹੋਵੇਗਾ, ਜਿਸ ਵਿਚ ਸੱਚ ਪ੍ਰਦਿਪਤ ਹੋਵੇਗਾ, ਜਿਥੇ ਸੱਚ ਓਥੇ ਸੁਖ। ਉਸ ਅੰਤ੍ਰੀਵ ਸੱਚ ਦੀ ਅਨੁਭਵਤਾ ਆਤਮਕ, ਮਾਨਸਕ, ਸਰੀਰਕ ਸਾਰੇ ਸੁਖਾਂ ਦੀ ਦਾਤੀ ਹੋਵੇਗੀ।

ਅੰਕ ੮ ਵਿਚ ਸਾਰੀ ਕਥਨੀ ਦਾ ਸੰਖੇਪ ਕਰਕੇ ਦੁਹਰਾਉਣਾ ਕਰਦੇ ਹਨ:- ਕਿ ਪਹਿਲਾਂ ਗੁਰੂ ਦੀ ਬਾਣੀ ਨੂੰ ਬੁੱਝੇ ਤੇ ਸੱਚ ਵਿਚ ਸਮਾਵੇ। ਬਾਣੀ ਜੋ ਆਖੇ ਉਸ ਨੂੰ ਸੱਚ ਸਮਝਕੇ ਉਸ ਤੇ ਅਮਲ ਕਰੇ, ਐਸਾ ਕਿ ਮਾਨੋ ਉਸ ਦਾ ਰੂਪ ਹੋ ਗਿਆ ਹੈ। ਫੇਰ ਗੁਰੂ ਕੇ ਸ਼ਬਦ ਨਾਮ ਨੂੰ ਐਸਾ ਸਿਮਰੇ ਕਿ ਇਕ ਲਿਵ ਦੀ ਤਾਰ ਬਣ ਜਾਵੇ। ਲਿਵ ਦੀ ਤਾਰ ਮਗਰੋਂ ਆਪਾ ਭਾਵ ਗੁਆ ਲਏਗਾ, ਫਿਰ ਉਸ ਨੂੰ ਆਪਣੀ ਕੀਤ

ਤਿੰਨਾਂ ਭਵਨਾਂ ਦੀ ਸੋਝੀ ਹੋ ਆਵੇਗੀ। ਹੇ ਨਾਨਕ ਐਸ ਪ੍ਰਕਾਰ ਜੀਵਾਂ ਨੂੰ ਸਵਾਰਣ ਵਾਲਾ ਧੰਨ ਹੈ। ਅਥਵਾ ਐਸਾ ਸੋਝੀ ਵਾਲਾ ਪੁਰਖ ਕੀਹ ਪ੍ਰਤੀਤ ਕਰੇਗਾ? ਉਹ ਹਰ ਵੇਲੇ ਇਸ ਧੰਨਵਾਦਤਾ ਦੇ ਰੰਗ ਵਿਚ ਹੋਵੇਗਾ ਕਿ ਮੈਨੂੰ ਸਵਾਰਣ ਵਾਲਾ ਮੇਰਾ ਗੁਰੂ ਤੇ ਮੇਰਾ ਪ੍ਰਭੂ ਧੰਨ ਹੈ, ਧੰਨ ਹੈ।

ਨਿਰੁਕ੍ਤ- ਊਝੜਿ-[ਹਿੰ:, ਉਜਾੜ=ਉੱਜੜੀ ਹੋਈ ਜਗ੍ਹਾ। ੨. ਜੰਗਲ, ਬੀਆਬਾਨ] ਉਜਾੜ। ਕੁਰਸਤਾ। ਧਣੀ-[ਦੇਖੋ ਪੰਨਾ ੧੯੦੬] ਪਤੀ, ਮਾਲਕ, ਪ੍ਰਭੂ।

ਸਾਚ ਧਣੀ-ਮਾਲਕ ਪ੍ਰਭੂ ਸਤਜ ਹੈ, ਭਾਵ ਸਦਾ ਥਿਰ ਹੈ।

ਬਿਨਾਸਾ-[ਸੰਸ:, ਵਿਨਸ਼੍=ਨਾਸ਼ ਹੋਣਾ, ਬਰਬਾਦ ਹੋਣਾ] ਜਗਤ ਨਾਸ਼ ਹੁੰਦਾ ਹੈ, ਭਾਵ ਨਾਸ਼ ਰੂਪ ਹੈ। ਦਾਸਾ-ਦਾਸ ਹੋਕੇ ਭਾਵ ਪ੍ਰਭੂ ਦਾ ਭਗਤ ਬਣਕੇ।

ਕਮਲੁ ਪਰਗਾਸਾ-ਕਮਲ ਦਾ ਖਿੜਨਾ। ਹ੍ਰਿਦੇ ਰੂਪੀ ਕਮਲ ਦਾ ਆਤਮ ਰਸ ਵਿਚ ਆਕੇ ਖਿੜ ਪੈਣਾ। ਤ੍ਰਾਸਾ-[ਸੰਸ:, ਤ੍ਰਾਸ:] ਡਰ, ਭੈ।

ਤ੍ਰਿਅ ਜਿਤੁ-[ਸੰਸ:, ਸ੍ਤ੍ਰੀ=ਇਸਤ੍ਰੀ] ਇਸਤ੍ਰੀ ਤੋਂ ਜਿੱਤਿਆ ਗਿਆ।

ਕਾਮਣਿ ਹਿਤਕਾਰੀ-ਇਸਤ੍ਰੀ ਦਾ ਪ੍ਰੇਮੀ। ਕਲਤ੍ਰ-[ਦੇਖੋ ਪੰਨਾ ੧੧੬੧] ਇਸਤ੍ਰੀ।

ਸਾਰੀ-[ਦੇਖੋ 'ਸਾਰੁ' ਪੰਨਾ ੧੭੯੨] ਸ੍ਰੇਸ਼ਟ, ਚੰਗੀ।

ਰਜਾਈ-[ਦੇਖੋ ਪੰਨਾ ੪੭] ਰਜ਼ਾ ਦੁਆਰਾ। ਰਜ਼ਾ ਮੰਨਣ ਵਾਲਾ।

ਨਾਈ-ਨਾਮ ਨਾਲ। ਕਰ-ਹਥ। ਪਗ-ਪੈਰ।

ਤ੍ਰਿਭਵਣ-[ਦੇਖੋ ਪੰਨਾ ੫੪੧] ਤ੍ਰੈ ਲੋਕ। ਭਾਵ ਸਾਰੇ ਬ੍ਰਹਮੰਡ ਤੋਂ ਹੈ।

[ਆਸਾ ਮਹਲਾ ੧, ਅਸਟਪਦੀ-੩]

ਪ੍ਰਾਕ੍ਥਨ-ਅਗਲੀ ਅਸਟਪਦੀ ਵਿਚ ਗਿਆਨੀਆਂ, ਪੰਡਤਾਂ, ਲੇਖਕਾਂ ਨੂੰ ਸੁਮਤਿ ਦਿੱਤੀ ਹੈ ਕਿ ਆਪਣੇ ਗਜਾਨ, ਪੰਡਤਾਈ ਤੇ ਲਿਖਾਰੀਪਣੇ ਦਾ ਮਾਣ ਨਾ ਕਰੋ, ਨਿਰਮਾਣ ਹੋਕੇ ਭੈ ਤੇ ਭਾਉ ਧਾਰਕੇ ਭਗਤੀ ਕਰੋ ਤੇ ਜੋ ਕੁਛ ਕਹੋ, ਲਿਖੋ, ਉਸ ਤੇ ਅਮਲ ਕਰੋ।

ਮੂਲ	ਅਰਥ
ਆਸਾ ਮਹਲਾ ੧ ॥	
ਲੇਖ ਅਸੰਖ ਲਿਖਿ ਲਿਖਿ ਮਾਨੁ ॥ ਮਨਿ ਮਾਨਿਐ ਸਚੁ ਸੁਰਤਿ ਵਖਾਨੁ ॥ ਕਥਨੀ ਬਦਨੀ ਪੜਿ ਪੜਿ ਭਾਰੁ ॥ ਲੇਖ ਅਸੰਖ ਅਲੇਖੁ ਅਪਾਰੁ ॥੧॥	ਅਣਗਿਣਤ ਲੇਖ (ਲਿਖੇ ਪਏ ਹਨ ਜਿਨ੍ਹਾਂ ਨੂੰ) ਲਿਖ ਲਿਖਕੇ (ਲਿਖਣਹਾਰਿਆਂ ਨੇ) ਮਾਨ (ਕੀਤਾ ਸੀ, ਪਰ) ਮਨ ਵਿਚ ਜੇ ਨਿਹਚਾ ਬੱਝ ਜਾਏ (ਤਦ) ਸੁਰਤ ਵਿਚ ਸੱਚ (ਤੇ ਸੱਚ ਦਾ) ਵਰਣਨ (ਦੋਏ ਆ ਜਾਂਦੇ ਹਨ; ਨਹੀਂ ਤਾਂ) ਪੜ੍ਹ ਪੜ੍ਹਕੇ (ਤੇ) ਜ਼ੁਬਾਨੀ ਕਥਾ (ਆਦਿ ਕਰ ਕਰਕੇ ਸਿਰ ਤੇ ਵਾਧੂ ਦਾ) ਭਾਰ (ਚੁੱਕਣਾ ਹੁੰਦਾ ਹੈ; ਕਿਉਂਕਿ) ਲੇਖ ਤਾਂ ਅਣਗਿਣਤ ਹਨ, (ਪਰ ਵਾਹਿਗੁਰੂ) ਬੇਅੰਤ ਹੈ (ਤੇ) ਲੇਖਾਂ ਤੋਂ ਪਰੇ ਹੈ, (ਪਰ ਲੇਖ ਸਾਰੇ ਅੰਤ ਵਿਚ ਹਨ)॥ ੧॥
ਐਸਾ ਸਾਚਾ ਤੂੰ ਏਕੋ ਜਾਣੁ ॥ ਜੰਮਣੁ ਮਰਣਾ ਹੁਕਮੁ ਪਛਾਣੁ॥੧॥ ਰਹਾਉ॥	(ਜੋ ਅਲੇਖ ਤੇ ਅਪਾਰ ਹੈ) ਐਹੋ ਜਿਹਾ ਸੱਚਾ ਤੂੰ ਜਾਣ ਲੈ ਕਿ ਇਕੋ ਹੈ, ਤੇ (ਜੀਵਾਂ ਦਾ) ਜੰਮਣਾ ਮਰਣਾ (ਉਸੇ ਦਾ) ਹੁਕਮ ਪਛਾਣ ਲੈ॥ ੧॥ ਰਹਾਉ॥

ਮਾਇਆ ਮੋਹਿ ਜਗੁ ਬਾਧਾ ਜਮਕਾਲਿ ॥ ਬਾਂਧਾ ਛੂਟੈ ਨਾਮੁ ਸਮ੍ਾਲਿ ॥ ਗੁਰੁ ਸੁਖਦਾਤਾ ਅਵਰੁ ਨ ਭਾਲਿ ॥ ਹਲਤਿ ਪਲਤਿ ਨਿਬਹੀ ਤੁਧੁ ਨਾਲਿ ॥੨॥

(ਜੰਮਣ ਮਰਣ ਵਾਲਾ) ਜਗਤ ਮਾਇਆ ਮੋਹ ਵਿਚ ਹੈ (ਇਸ ਕਰਕੇ) ਜਮ ਕਾਲ ਨੇ (ਉਸ ਨੂੰ) ਬੰਨ੍ਹ ਰਖਿਆ ਹੈ, (ਪਰ ਉਹ) ਬੱਧਾ ਹੋਇਆ (ਜਗਤ ਬੀ) ਨਾਮ ਨੂੰ ਸਮ੍ਹਾਲਣ ਨਾਲ ਛੁਟ ਜਾਂਦਾ ਹੈ। (ਹੋਰ ਗੱਲ ਸੁਣ: ਨਾਮ ਗੁਰੂ ਤੋਂ ਮਿਲਦਾ ਹੈ, ਇਸ ਕਰਕੇ) ਗੁਰੂ ਸੁਖਾਂ ਦਾ ਦਾਤਾ ਹੈ, ਹੋਰ ਕੋਈ (ਉਸ ਜੈਸਾ ਸੁਖਦਾਤਾ) ਨਾ ਢੂੰਡ, (ਉਹੀ ਹੈ ਜੋ) ਲੋਕ ਪ੍ਰਲੋਕ ਵਿਚ ਤੇਰੇ ਨਾਲ ਨਿਭੇਗਾ ॥ ੨ ॥

ਸਬਦਿ ਮਰੈ ਤਾਂ ਏਕ ਲਿਵ ਲਾਏ ॥
ਅਚਰੁ ਚਰੈ ਤਾਂ ਭਰਮੁ ਚੁਕਾਏ ॥
ਜੀਵਨ ਮੁਕਤੁ ਮਨਿ ਨਾਮੁ ਵਸਾਏ ॥
ਗੁਰਮੁਖਿ ਹੋਇ ਤ ਸਚਿ ਸਮਾਏ ॥੩॥

ਸ਼ਬਦ (=ਨਾਮ) ਦੁਆਰਾ (ਜੇ ਤੇਰੀ ਹਉਮੈਂ) ਮਰੇ ਤਾਂ ਇਕ (ਪ੍ਰਭੂ ਨਾਲ) ਲਿਵ ਲਗਾਏਂ। (ਜੇ ਤੂੰ) ਨਾ ਸਾਧੇ ਜਾ ਸਕਣ ਵਾਲੇ (ਕਾਮ ਕ੍ਰੋਧ ਆਦਿ) ਨੂੰ ਸਾਧ ਲਵੇਂ ਤਾਂ (ਮਨ ਦਾ) ਭਰਮ ਦੂਰ ਕਰ ਲਵੇਂਗਾ। (ਇਸ ਪ੍ਰਕਾਰ ਜੇ) ਨਾਮ ਨੂੰ ਮਨ ਵਿਚ ਵਸਾ ਲਵੇਂਗਾ ਤਾਂ ਜੀਉਂਦੇ ਜੀ ਮੁਕਤ ਹੋ ਜਾਏਂਗਾ। (ਏਹ ਗੱਲਾਂ ਕਰਕੇ) ਗੁਰਮੁਖ ਹੋ ਜਾਏਂਗਾ, ਤਦੋਂ (ਤੂੰ) ਸੱਚ ਵਿਚ ਸਮਾ ਜਾਏਂਗਾ ॥ ੩ ॥

ਜਿਨਿ ਧਰ ਸਾਜੀ ਗਗਨੁ ਅਕਾਸੁ ॥
ਜਿਨਿ ਸਭ ਥਾਪੀ ਥਾਪਿ ਉਥਾਪਿ ॥
ਸਰਬ ਨਿਰੰਤਰਿ ਆਪੇ ਆਪਿ ॥
ਕਿਸੈ ਨ ਪੂਛੇ ਬਖਸੇ ਆਪਿ ॥੪॥

[ਗੁਰਮੁਖ ਹੋਣ ਦੀ ਜਾਚ ਜੋ ਰਹਾਉ ਵਿਚ ਦੱਸੀ ਸੀ ਤੇ 'ਏਕੋ ਸਾਚਾ' ਕਿਹਾ ਸੀ ਹੁਣ ਉਸਦਾ ਗੁਣ ਵਰਣਨ ਕਰਦੇ ਹਨ:] ਜਿਸ ਨੇ ਧਰਤੀ, ਅਸਮਾਨ ਤੇ ਆਕਾਸ਼ ਸਾਜੇ ਹਨ, ਜਿਸ ਨੇ ਸਾਰੀ (ਸ੍ਰਿਸ਼ਟੀ) ਰਚੀ ਹੈ ਤੇ ਰਚਕੇ ਨਾਸ਼ (ਬੀ) ਕਰ ਦੇਂਦਾ ਹੈ, (ਉਹ) ਸਭ ਦੇ ਅੰਦਰ ਆਪ ਹੀ ਆਪ (ਵਜਾਪਕ ਹੋ ਰਿਹਾ) ਹੈ, (ਜੀਵਾਂ ਨੂੰ ਜਦ ਬਖਸ਼ਦਾ ਬੀ ਹੈ ਤਾਂ) ਕਿਸੇ ਨੂੰ ਨਹੀਂ ਪੁੱਛਦਾ, ਆਪਣੇ ਆਪ ਹੀ ਬਖਸ਼ ਦੇਂਦਾ ਹੈ॥ ੪ ॥

ਤੂ ਪੁਰੁ ਸਾਗਰੁ ਮਾਣਕ ਹੀਰੁ ॥ ਤੂ ਨਿਰਮਲੁ ਸਚੁ ਗੁਣੀ ਗਹੀਰੁ ॥ ਸੁਖੁ ਮਾਨੈ ਭੇਟੈ ਗੁਰ ਪੀਰੁ ॥ ਏਕੋ ਸਾਹਿਬੁ ਏਕੁ ਵਜੀਰੁ ॥੫॥

[ਹੁਣ ਉਸ 'ਏਕੇ' ਅਗੇ ਅਰਦਾਸ ਕਰਦੇ ਹਨ ਜੋ ਸਨਮੁਖ ਉਸਤੁਤੀ ਬੀ ਹੈ:] (ਹੇ ਪ੍ਰਭੂ) ਤੂੰ (ਨਕਾ ਨਕ) ਭਰਿਆ ਸਮੁੰਦਰ ਹੈਂ, ਤੂੰਹੋਂ (ਸਮੁੰਦਰ ਵਿਚ) ਲਾਲ ਤੇ ਹੀਰਾ ਹੈਂ, ਤੂੰ ਪਵਿਤ੍ਰ ਹੈਂ, (ਤੂੰ ਸਾਰੇ) ਗੁਣਾਂ ਦਾ ਅਥਾਹ ਸਾਗਰ ਹੈਂ, ਤੂੰ ਸੱਤਜ ਸਰੂਪ ਹੈਂ (ਭਾਵ ਸਦਾ ਥਿਰ ਹੈਂ)। (ਹਾਂ) ਤੂੰ ਹੀ ਇਕੋ ਮਾਲਕ ਹੈਂ (ਤੇ ਤੂੰ ਹੀ) ਇਕੋ (ਆਪਣਾ) ਵਜ਼ੀਰ (ਆਪੇ) ਹੈਂ। (ਪਰ ਜੋ ਕੋਈ) ਗੁਰੂ ਪੀਰ ਨੂੰ ਮਿਲ ਪਵੇ (ਤੇ ਉਪਰ ਦੱਸੀ ਕਾਰ ਕਮਾ ਲਵੇ ਤਾਂ ਉਹ ਉਪਰ ਕਿਹਾ) ਸੁਖ ਮਾਣੇਂਗਾ॥ ੫ ॥

ਜਗੁ ਬੰਦੀ ਮੁਕਤੇ ਹਉ ਮਾਰੀ ॥
ਜਗਿ ਗਿਆਨੀ ਵਿਰਲਾ ਆਚਾਰੀ ॥
ਜਗਿ ਪੰਡਿਤੁ ਵਿਰਲਾ ਵੀਚਾਰੀ ॥
ਬਿਨੁ ਸਤਿਗੁਰੁ ਭੇਟੇ ਸਭ ਫਿਰੈ ਅਹੰਕਾਰੀ ॥੬॥

[ਹੁਣ ਸਤਿਗੁਰ ਬਿਨਾਂ ਹੰਕਾਰ ਨਹੀਂ ਮਰਦਾ ਇਹ ਦੱਸਦੇ ਹਨ:] (ਪਰ ਗੁਰੂ ਵਿਹੂਣਾ) ਜਗਤ (ਹਉਂ ਦੀ) ਕੈਦ ਵਿਚ ਹੈ। (ਹਾਂ, ਜਿਨ੍ਹਾਂ ਨੇ) ਹਉਮੈਂ ਮਾਰ ਲਈ ਹੈ (ਓਹ) ਮੁਕਤੇ ਹਨ। (ਬੇਸ਼ਕ) ਜਗਤ ਵਿਚ ਗਿਆਨੀ (ਤਾਂ ਬਹੁਤੇ) ਹੈਨ, (ਪਰ) ਕਰਨੀ ਵਾਲਾ (ਗਿਆਨੀ) ਵਿਰਲਾ ਹੈ। ਜਗਤ ਵਿਚ ਪੰਡਤ (ਤਾਂ ਕੋਈ ਮਿਲ ਹੀ ਜਾਂਦਾ ਹੈ, ਪਰ ਇਨ੍ਹਾਂ ਵਿਚ) ਵਿਚਾਰਵਾਨ ਕੋਈ ਵਿਰਲਾ ਹੈ, (ਕਾਰਣ ਇਹ ਹੈ ਕਿ) ਸਤਿਗੁਰੂ ਨੂੰ ਮਿਲੇ ਬਿਨਾਂ ਸਭ (ਦੁਨੀਆਂ) ਅਹੰਕਾਰੀ ਹੋਈ ਫਿਰਦੀ ਹੈ॥ ੬ ॥

ਜਗੁ ਦੁਖੀਆ ਸੁਖੀਆ ਜਨੁ ਕੋਇ ॥ ਜਗੁ ਰੋਗੀ ਭੋਗੀ ਗੁਣ ਰੋਇ ॥ ਜਗੁ ਉਪਜੈ ਬਿਨਸੈ ਪਤਿ ਖੋਇ ॥ ਗੁਰਮੁਖਿ ਹੋਵੈ ਬੂਝੈ ਸੋਇ ॥੭॥

ਜਗਤ ਦੁਖੀ ਹੈ (ਪਰ) ਕੋਈ (ਵਿਰਲਾ) ਪੁਰਖ ਸੁਖੀ ਹੈ। ਜਗਤ ਰੋਗੀ ਹੈ, ਭੋਗੀ (ਹੋਣ ਕਰਕੇ ਤੇ ਜਤ ਸਤ ਆਦਿ) ਗੁਣਾਂ ਨੂੰ (ਭੋਗਾਂ ਵਿਚ ਗੁਆਕੇ) ਪਿਆ ਰੋਂਦਾ ਹੈ। (ਹਾਂ) ਜਗਤ ਜੰਮਦਾ ਹੈ, ਮਰਦਾ ਹੈ (ਅਤੇ ਆਪਣੀ) ਅਬਰੋ (ਪ੍ਰਲੋਕ ਵਿਚ) ਗੁਆ ਲੈਂਦਾ ਹੈ। (ਪਰ) ਜੇ ਕੋਈ ਗੁਰਮੁਖ ਬਣ ਜਾਵੇ (ਉਹ ਇਸ ਸਾਰੀ ਗੱਲ ਨੂੰ) ਸਮਝ ਜਾਂਦਾ ਹੈ॥ ੭॥

ਮਹਘੋ ਮੋਲਿ ਭਾਰਿ ਅਫਾਰੁ ॥ ਅਟਲ ਅਛਲੁ ਗੁਰਮਤੀ ਧਾਰੁ ॥ ਭਾਇ ਮਿਲੈ ਭਾਵੈ ਭਇਕਾਰੁ ॥ ਨਾਨਕੁ ਨੀਚੁ ਕਹੈ ਬੀਚਾਰੁ ॥੮॥੩॥

ਦਾਸ ਨਾਨਕ (ਇਹ ਸਿੱਧਾਂਤਾਤਮਿਕ) ਵੀਚਾਰ ਦੱਸਦਾ ਹੈ ਕਿ (ਪ੍ਰਭੂ) ਬੜੇ ਮਹਿੰਗੇ ਮੁੱਲ ਨਾਲ (ਲੱਭਦਾ ਹੈ), (ਮਿਲ ਪਵੇ ਤਾਂ ਉਸ ਦੀ) ਝਾਲ ਝੱਲਣੀ ਔਖੀ ਹੈ, (ਪਰ) ਉਹੀ (ਇਕ) ਅਟੱਲ ਹੈ (ਭਾਵ ਸਦਾ ਰਹਿਣੇ ਵਾਲਾ ਹੈ, ਉਹ) ਛਲਿਆ ਨਹੀਂ ਜਾ ਸਕਦਾ, (ਐਸਾ ਕਠਨ ਪ੍ਰਾਪਤੀ ਵਾਲਾ ਹੋਕੇ ਬੀ ਉਹ) ਗੁਰਮਤਿ ਦੁਆਰਾ ਧਾਰਣੀਯ ਹੈ (ਭਾਵ ਪ੍ਰਾਪਤ ਹੋਣ ਯੋਗ ਤੇ ਪ੍ਰਾਪਤ ਹੋਕੇ ਜਰੇ ਜਾਣ ਯੋਗ ਹੈ; ਹਾਂ ਉਹ) ਪ੍ਰੇਮ ਨਾਲ ਮਿਲ ਪੈਂਦਾ ਹੈ (ਅਤੇ ਉਸ ਨੂੰ) ਭੈ ਸੰਯੁਕਤ ਕਰਨੀ ਭਾਉਂਦੀ ਹੈ॥ ੮॥ ੩॥

ਵਯਾਖਯਾ-ਅੰਕ ੧ ਵਿਚ ਵਾਹਿਗੁਰੂ ਸੰਬੰਧੀ ਗਯਾਨ ਧਯਾਨ ਆਦਿ ਪੁਸਤਕਾਂ ਯਾ ਚੰਗੇ ਚੰਗੇ ਪ੍ਰਸਤਾਵ ਯਾ ਫਿਲਾਸਫੀਆਂ ਲਿਖਣ ਵਾਲਿਆਂ ਪ੍ਰਤਿ ਉਪਦੇਸ਼ ਹੈ ਕਿ ਲਿਖਕੇ ਮਾਨ ਨਾ ਧਾਰੋ। ਤੁਹਾਥੋਂ ਅਗੇ ਬਥੇਰੇ ਵਿਦਵਾਨ ਲਿਖ ਲਿਖ ਗਏ ਹਨ। ਪੜ੍ਹਨਾ, ਲਿਖਣਾ, ਬੋਲਣਾ, ਕਥਾ, ਵਯਾਖਯਾਨ ਆਦਿ ਕਰਕੇ ਜਦ ਮਾਨ ਧਾਰੀਦਾ ਹੈ ਤਾਂ ਸਿਰ ਤੇ ਭਾਰ ਚੁੱਕੀਦਾ ਹੈ। ਮਾਨ ਧਾਰਨ ਤੇ ਅਹੰਕਾਰ ਕਰਨ ਨਾਲ ਸਿਰ ਵਿਚ ਆਕੜ ਭਰਦੀ ਹੈ, ਜੋ ਇਕ ਭਾਰ ਜੇਹਾ ਹੋ ਢੁੱਕਦੀ ਹੈ, ਮਨ ਨਿਰਮਲ ਤੇ ਹਲਕਾ ਨਹੀਂ ਹੁੰਦਾ। ਪਰ ਜੇ ਮਨ ਅਹੰਕਾਰ ਵਿਚ ਜਾਣ ਦੀ ਥਾਂ ਅਕਾਲ ਪੁਰਖ ਦੇ ਨਿਸਚੇ ਦੇ ਘਰ ਚਲਾ ਜਾਵੇ ਤਾਂ ਸੁਰਤਿ ਵਿਚ ਸੱਚ ਦਾ ਨਿਵਾਸ ਹੋ ਜਾਂਦਾ ਹੈ। ਜਦ ਸੁਰਤਿ ਵਿਚ ਸੱਚ ਦਾ ਨਿਵਾਸ ਹੋ ਜਾਏ ਤਦ ਜੋ ਕੁਛ 'ਵਖਾਨੁ' ਅਰਥਾਤ ਵਰਣਨ ਕਰੇਗਾ, ਚਾਹੋ ਲਿਖਕੇ ਚਾਹੇ ਬੋਲਕੇ, ਤਾਂ ਉਹ ਸੱਚ ਹੀ ਹੋਵੇਗਾ; ਤੇ ਸੱਚ ਦਾ ਭਾਰ ਨਹੀਂ ਹੁੰਦਾ। ਲਿਖਣ ਬੋਲਣ ਵਾਲਾ ਇਹ ਬੀ ਸਮਝ ਲਵੇ ਕਿ ਵਾਹਿਗੁਰੂ ਜੀ ਬਾਬਤ ਅਣਗਿਣਤ ਲੇਖ ਲਿਖੇ ਗਏ ਹਨ, ਉਹ ਫੇਰ ਬੀ ਲੇਖਾਂ ਤੋਂ ਉੱਚਾ ਰਿਹਾ ਹੈ, ਭਾਵ ਪੂਰਨ ਤੌਰ ਤੇ ਉਸ ਨੂੰ ਕੋਈ ਵਰਣਨ ਨਹੀਂ ਕਰ ਸਕਿਆ ਹੈ, ਸਭ ਉਰੇ ਹੀ ਉਰੇ ਰਹੇ ਹਨ, ਕਿਉਂਕਿ ਲਿਖਣਾ ਬੋਲਣਾ ਮਿਤ ਵਿਚ ਹੈ ਤੇ ਉਹ ਅਪਾਰ ਹੈ ਭਾਵ ਪਰੇ ਤੋਂ ਪਰੇ ਹੈ, ਅਮਿਤ ਹੈ।

ਹੁਣ ਰਹਾਉ ਵਿਚ ਉਸ 'ਅਪਾਰ' ਨੂੰ ਵਰਣਨ ਕਰਦੇ ਹਨ ਤੇ ਕਹਿੰਦੇ ਹਨ ਕਿ ਉਸ ਦੀ ਪਛਾਣ ਕਰ। ਵੱਡਾ ਲੱਛਣ ਇਹ ਹੈ ਕਿ ਉਹ ਇਕੋ ਹੈ। ਸੋ ਉਸ ਦੀ ਪਛਾਣ ਇਕ ਲੱਛਣ ਹੋਇਆ, ਦੂਜੀ ਤੁਕ ਵਿਚ ਦੂਜਾ ਲੱਛਣ ਦੱਸਦੇ ਤੇ ਉਸ ਦੇ ਹੁਕਮ ਦੀ ਪਛਾਣ ਕਰਨ ਦੀ ਆਗਿਆ ਦੇਂਦੇ ਹਨ। ਇਹਨਾਂ ਦੋ ਗੱਲਾਂ ਦੀ ਪਛਾਣ ਹੋ ਜਾਏ ਤਾਂ ਦੂਜੀ ਤੁਕ ਵਿਚ ਆਖੀ ਗੱਲ ਮਨ ਦੇ ਮੰਨਣ ਯਾ ਨਿਹਚੇ ਦੇ ਘਰ ਆ ਜਾਣ ਵਾਲੀ ਅਵਸਥਾ ਆ ਜਾਂਦੀ ਹੈ, ਜਿਸ ਨਾਲ ਕਿ ਸੁਰਤ ਵਿਚ ਸੱਚ ਦਾ ਪ੍ਰਵੇਸ਼ ਹੁੰਦਾ ਹੈ, ਤਾਂ ਫੇਰ ਯਥਾਰਥ ਤੇ ਅਸਰ ਕਰਨ ਵਾਲੇ ਵਖਾਨ ਕਰਨ ਦੀ-ਚਾਹੋ ਬੋਲਕੇ, ਚਾਹੋ ਲਿਖਕੇ-ਜਾਚ ਆ ਜਾਂਦੀ ਹੈ ਤੇ ਸਿਰ ਤੇ ਭਾਰ ਕੋਈ ਨਹੀਂ ਚੜ੍ਹਦਾ।

ਅੰਕ ੨ ਵਿਚ ਦੱਸਦੇ ਹਨ ਕਿ ਹੁਕਮੀ ਤੇ ਹੁਕਮ ਦੀ ਪਛਾਣ ਕੀਕੂੰ ਆਉਣੀ ਹੈ? 'ਨਾਮ ਸੰਮਾਲ' ਨਾਲ; ਨਾਮ ਦਾ ਸਿਮਰਨ ਕਰ, ਇਸ ਨਾਲ ਤੂੰ ਜਗਤ ਵਾਂਙੂ, ਜੋ ਮਾਯਾ ਮੋਹ ਵਿਚ ਫਾਥਾ ਪਿਆ ਹੈ, ਤੇ ਕਾਲ ਵਿਚ ਇਸ ਦੇ ਚੱਕਰ ਫੇਰ ਨਹੀਂ ਚੁੱਕਦੇ, ਇਸ ਬੰਧਨ ਤੋਂ ਛੁੱਟ ਜਾਏਂਗਾ। ਇਸ ਅੰਕ ਵਿਚ ਗੁਰੂ

ਦੀ ਲੋੜ ਦੱਸਦੇ ਹਨ, ਜਿਸ ਨੇ ਨਾਮ ਦੇਣਾ ਹੈ। ਉਸ ਜੈਸਾ ਸੁਖ ਦੇਣ ਵਾਲਾ ਹੋਰ ਕੋਈ ਨਹੀਂ, ਕਿਉਂਕਿ ਸਾਰੇ ਦੁਖਾਂ ਤੋਂ ਛੁਡਾਕੇ ਉਸਨੇ ਆਤਮ ਸੁਖ ਵਿਚ ਪਾ ਦੇਣਾ ਹੈ। ਦੁਨੀਆਂ ਵਿਚ ਵਸਦਿਆਂ 'ਸਾਈਂ ਨਾਲ ਮਿਲਿਆ' ਜੀਵਨ ਦੇਕੇ ਸੁਖੀ ਕਰ ਦੇਣਾ ਹੈ, ਪਰਲੋਕ ਵਿਚ ਮੁਕਤੀ ਦਾ ਸੁਖ ਦੇ ਦੇਣਾ ਹੈ। ਭਾਵ ਇਹ ਕਿ ਗੁਰੂ ਜਗਤ ਤੇ ਪਰਲੋਕ ਹਰ ਥਾਂ ਸਹਾਈ ਹੁੰਦਾ ਹੈ।

ਅੰਕ ੩-ਅੰਕ ੨ ਵਿਚ ਸਾਮ੍ਹਣੇ ਬੈਠੇ (ਮੱਧਮ ਪੁਰਖ) ਨੂੰ 'ਤੂੰ' ਕਹਿਕੇ ਉਪਦੇਸ਼ ਕਰ ਰਹੇ ਹਨ, ਅੰਕ ੩ ਵਿਚ ਓਹੋ ਮੱਧਮ ਪੁਰਖ ਨੂੰ ਸੰਬੋਧਨ ਚੱਲ ਰਿਹਾ ਹੈ, ਇਸੇ ਕਰਕੇ ਲਾਏ, ਚੁਕਾਏ, ਵਸਾਏ, ਸਮਾਏ ਨੂੰ ਅਨੁਸੂਰ ਵਾਲੇ ਸਮਝਣਾ ਹੈ:-ਲਾਏਂ, ਚੁਕਾਏਂ, ਵਸਾਏਂ, ਸਮਾਏਂ। ਹੁਣ ਅੰਕ ੩ ਵਿਚ ਗੁਰਮੁਖ ਬਣਨ ਦੀ ਜਾਚ ਦੱਸਦੇ ਹਨ। ਪਹਿਲੀ ਗੱਲ ਹੈ ਸ਼ਬਦ ਦਾ ਧਾਰਨੀ ਹੋਵੇ, ਨਾਮ ਅਰਾਧੇ। ਇਸ ਨਾਲ ਹਉਮੈਂ ਮਰੇਗੀ, ਹਉਮੈਂ ਮਰੇ ਤਾਂ ਸਾਈਂ ਵਿਚ ਲਿਵ ਲਗਦੀ ਹੈ, ਲਿਵ ਲਗੇ ਤਾਂ ਜੀਵਨ ਮੁਕਤ ਹੋ ਜਾਂਦਾ ਹੈ। ਸਾਧਨ ਕਰਦਿਆਂ ਬੀ ਪਹਿਲੋਂ ਜੋ ਭਰਮ ਉਠਦੇ ਰਹਿੰਦੇ ਹਨ ਉਹ ਵਿਕਾਰਾਂ ਦਾ ਤਯਾਗ ਕਰ ਕਰਕੇ ਨਾਮ ਜਪੇ ਤਾਂ ਦੂਰ ਹੁੰਦੇ ਹੈਨ। ਜਦ ਭਰਮ ਨਾ ਰਹੇ, ਹਉਂ ਨਵਿਰਤ ਹੋ ਜਾਏ, ਨਾਮ ਵਾਲੀ ਲਿਵ ਲਗ ਜਾਏ ਤਾਂ ਪ੍ਰਭੂ ਵਿਚ ਸਮਾਈ ਪ੍ਰਾਪਤ ਹੁੰਦੀ ਹੈ। ਐਸੇ ਪੁਰਖ ਨੂੰ ਗੁਰਮੁਖ ਕਹੀਦਾ ਹੈ।

ਅੰਕ ੪ ਵਿਚ 'ਏਕੋ ਸਾਚਾ' ਜੀ ਦਾ ਗੁਣਾਨੁਵਾਦ ਕਰਦੇ ਹਨ। ਪਹਿਲਾਂ ਉਸ ਨੂੰ ਸਾਰੇ ਬ੍ਰਹਮੰਡ ਦਾ ਕਰਤਾ ਦੱਸਦੇ ਹਨ, ਫੇਰ ਉਸਦੀ ਸਾਜਨਾ ਕਰਨ ਨਾਲ ਪ੍ਰਲੈ ਸ਼ਕਤੀ ਬੀ ਨਿਰੂਪਣ ਕਰਦੇ ਹਨ। ਫੇਰ ਉਸ ਦੀ ਸਰਬ ਵਯਾਪਕਤਾ ਦੱਸਦੇ ਹਨ, ਅਖ਼ੀਰ ਉਸ ਦੀ ਉਹ ਸ਼ਕਤੀ ਦੱਸਦੇ ਹਨ ਜੋ ਜਗਯਾਸੂ ਦੇ ਵਿਸ਼ਵਾਸ ਨੂੰ ਅਨਿੰਨਤਾਈ ਵਿਚ ਪਰਪੱਕ ਕਰਨੇ ਦੀ ਸਹਾਯਕ ਹੈ, ਉਹ ਇਹ ਹੈ:-

ਬੀਓ ਪੂਛਿ ਨ ਮਸਲਤਿ ਧਰੈ॥ ਜੋ ਕਿਛੁ ਕਰੈ ਸੁ ਆਪਹਿ ਕਰੈ॥ [ਗੌਂਡ ਮ:੫-੫]

ਅਨਿੰਨ ਪ੍ਰੇਮੀ ਵਾਹਿਗੁਰੂ ਦਾ ਉਸੇ ਵਾਹਿਗੁਰੂ ਤੇ ਟੇਕ ਰਖੇ, ਸਭ ਕੁਛ ਉਸੇ ਨੇ ਕਰਨਾ ਹੈ, ਉਸ ਦੀ ਮਹਾਨਤਾ ਲਖੇਗਾ ਤਾਂ ਨਿਰਾਸ ਨਾ ਹੋਵੇਗਾ। ਉਹ ਇਡਾ ਮਹਾਨ ਆਪਣੇ ਪ੍ਰੇਮੀਆਂ ਨੂੰ ਪਯਾਰ ਕਰਦਾ ਹੈ, ਮਾਤਾ ਪਿਤਾ ਤੋਂ ਵਧੀਕ ਕੋਮਲ ਪਯਾਰ ਕਰਦਾ ਹੈ ਤੇ ਬਖਸ਼ਿਸ਼ ਕਰਨ ਵਿਚ ਕਿਸੇ ਹੋਰਸ ਦੇ ਆਖੇ ਨਹੀਂ ਲਗਦਾ ਤਾਂ ਤੇ ਉਸ ਨਾਲ ਅਨਿੰਨ ਪ੍ਰੇਮ ਕਰੋ।

ਅੰਕ ੫ ਵਿਚ ਉਸ ਦੇ ਗੁਣ ਕਥਨ ਕਰਦੇ ਅਰਦਾਸ ਵਿਚ ਚਲੇ ਜਾਂਦੇ ਹਨ। ਏਹ ਲੱਛਣ ਹਨ ਐਸੇ ਲੇਖਕ ਦੇ, ਜਿਨ੍ਹਾਂ ਦਾ ਲਿਖਣਾ ਬੋਲਣਾ ਸਫਲ ਹੁੰਦਾ ਹੈ, ਜੋ ਸਾਈਂ ਨਾਲ ਹਰ ਰੰਗੇ ਜੁੜੇ ਹੁੰਦੇ ਹਨ। ਸਿਮਰਨ, ਗੁਣ ਕਥਨ, ਅਰਦਾਸ, ਸ਼ੁਕਰ, ਲਿਵਲੀਨਤਾ ਕਿਸੇ ਨਾ ਕਿਸੇ ਰੰਗ ਵਿਚ ਖੇਲਦੇ ਸਾਈਂ ਨਾਲ ਜੁੜੇ ਰਹਿੰਦੇ ਹਨ। ਅਰਥਾਤ ਇਹ ਗੁਣ ਕਥਨ ਵਿਚੋਂ ਹੀ ਅਰਦਾਸ ਵਿਚ ਚਲੇ ਜਾਣਾ ਗੁਰੂ ਨਾਨਕ ਦੇਵ ਦੀ ਕਮਾਲ ਦੀ ਅਲੂਹੀਅਤ ਦੀ ਇਕ ਨਿਸ਼ਾਨੀ ਹੈ। ਸੋ ਗੁਣ ਕਥਨ ਵਿਚੋਂ ਅਰਦਾਸ ਵਿਚ ਜਾਕੇ ਬੀ ਗੁਣ ਕਥਨ ਹੀ ਕਰਦੇ ਹਨ ਤੇ ਨਾਲ ਹੀ ਸਾਹਮਣੇ ਬੈਠੇ ਮੱਧਮ ਪੁਰਖ ਨੂੰ ਉਪਦੇਸ਼ ਦੇਂਦੇ ਹਨ ਕਿ ਜੇ ਤੂੰ ਉਸ ਦਾ ਮਿਲਾਪ-ਸੁਖ ਮਾਣਨਾ ਹੈ ਤਾਂ ਗੁਰੂ ਯਾ ਪੀਰ ਦਾ ਲੜ ਨਾ ਛੱਡੀਂ। ਚਾਹੋ ਉਹ ਆਪ ਹੀ ਪਾਤਸ਼ਾਹ ਹੈ, ਆਪ ਹੀ ਵਜ਼ੀਰ ਹੈ, ਦੂਜਾ ਕੋਈ ਹੋਰ ਨਹੀਂ, ਜਿਸ ਦੀ ਸਲਾਹ ਦਾ ਮੁਥਾਜ ਹੋਵੇ, ਪਰ ਹੇ ਪ੍ਰੇਮੀ ! ਇਹ ਸਮਝਕੇ ਗੁਰੂ ਦੀ ਲੋੜ ਨਾ ਚੁਕਾ ਦੇਈਂ। ਇਹ ਸੁਖ ਜੋ ਅਸਾਂ ਵਰਣਨ ਕੀਤਾ ਹੈ ਗੁਰੂ ਨੇ ਸਾਨੂੰ ਮਿਲਣ ਦੀ ਜਾਚ ਦੱਸਕੇ ਦੇਣਾ ਹੈ, ਉਸ ਦੀ ਸਹਾਯਤਾ ਨੇ ਹੀ ਉਸ 'ਬੇਵਜੀਰ ਵਡੇ ਧੀਰ' ਦੀ ਪ੍ਰੇਮ ਕਲਾਈ ਵਿਚ ਸੱਟਣਾ ਹੈ। ਕਈ ਦਾਨੇ 'ਗੁਰੂ' ਦਾ ਵਿਸ਼ਯ ਪਹਿਲੀ ਤੁਕ ਵਿਚ ਹੋਣ ਕਰਕੇ ਏਕ ਵਜੀਰ ਦਾ ਭਾਵ ਇਕ ਸਤਿਗੁਰੂ ਹੀ ਲੈਂਦੇ ਹਨ, ਪਰ ਪਿਛੇ ਅੰਕ ੪ ਵਿਚ 'ਕਿਸੈ ਨ ਪੂਛੈ' ਕਹਿ ਆਏ ਹਨ ਤੇ ਗੁਰੂ ਗ੍ਰੰਥ ਵਿਚ ਬੇ ਵਜ਼ੀਰ ਵਾਹਿਗੁਰੂ ਦੀ ਇਕ ਸਿਫ਼ਤ ਆਈ ਹੈ।

ਅੰਕ ੬ ਤੇ ੭ ਵਿਚ ਬੰਦ ਵਿਚ ਤੇ ਮੁਕਤੀ ਨੂੰ ਪ੍ਰਾਪਤ, ਹਉਂ ਵਾਲਾ ਪੰਡਤ ਤੇ ਵਿਚਾਰਵਾਨ ਪੰਡਤ, ਗਯਾਨੀ ਤੇ ਆਚਾਰ ਵਾਲਾ ਗਯਾਨੀ, ਦੁਖੀਆ ਤੇ ਸੁਖੀਆ, ਰੋਗੀ ਤੇ ਅਰੋਗ, ਆਦਿ 'ਟਾਕਰੇ ਦੇ

ਜੋੜੇ' ਦਿਖਾਏ ਹਨ ਤੇ ਸਭ ਵਿਚ ਕਰਨੀ ਵਾਲੇ ਦੀ ਪ੍ਰੌਢਤਾ ਦੱਸੀ ਹੈ, ਬਾਕੀ ਸਭ ਦੁਖਾਂ ਵਿਚ ਹਨ, ਕਿਉਂਕਿ ਓਹ ਅਹੰਕਾਰ ਵਿਚ ਹਨ, ਗੁਰੂ ਵਿਹੂਣੇ ਹਨ, ਭੋਗਾਂ ਵਿਚ ਹਨ, ਇਸ ਕਰਕੇ ਮਨ ਕਰਕੇ ਰੋਗੀ ਹਨ ਤੇ ਜਨਮ ਮਰਨ ਵਿਚ ਹਨ।

ਅੰਕ ੮-ਅੰਤ ਵਿਚ ਵੀਚਾਰ ਕਹੀ ਹੈ, ਜੋ ਸਾਰੇ ਪਿਛੇ ਕਹੇ ਦਾ ਸਾਰ ਅੰਸ਼ ਯਾ ਤੱਤ ਹੈ ਕਿ ਚਾਹੋ ਪ੍ਰਭੂ ਕਠਨਤਾ ਨਾਲ ਲੱਭਦਾ ਹੈ, ਉਸ ਨੂੰ ਲਖ ਲੈਣਾ ਸੁਗਮ ਗੱਲ ਨਹੀਂ; ਚਾਹੋ ਮਿਲ ਪਵੇ ਤਾਂ ਉਸ ਦੀ ਝਾਲ ਝੱਲਣੀ-ਜਰ ਜਾਣਾ-ਕਠਨ ਹੈ, ਚਾਹੋ ਉਹ ਅਛਲ ਹੈ, ਅਟੱਲ ਹੈ ਤਦ ਬੀ ਉਹ ਗੁਰੂ ਦੀ ਮਤਿ ਧਾਰਨ ਨਾਲ ਪ੍ਰਾਪਤ ਹੋਕੇ ਆਪਣੇ ਵਿਚ ਸਮਾ ਲੈਂਦਾ ਹੈ, ਐਉਂ ਸਾਰੀ ਝਾਲ ਝਲਾ ਦੇਂਦਾ ਹੈ।

ਅਛਲ ਕਿਉਂ ਕਿਹਾ, ਇਸ ਕਰਕੇ ਕਿ ਉਹ ਸਰਵੱਗ ਹੈ, ਉਸ ਦੀ ਸਰਵੱਗਤਾ ਕਮਾਲ ਦੀ ਹੈ, ਇਸ ਕਰਕੇ ਮਾਯਾ ਉਸ ਨੂੰ ਛਲ ਨਹੀਂ ਸਕਦੀ, ਜੀਕੂੰ ਉਹ ਹੋਰ ਜੀਵਾਂ ਨੂੰ, ਰੂਹਾਂ ਨੂੰ ਯਾ ਜਿਨ੍ਹਾਂ ਨੂੰ ਸਾਂਖ ਨੇ 'ਪੁਰਖ' ਕਿਹਾ ਹੈ ਛਲ ਲੈਂਦੀ ਹੈ। ਉਹ ਯੋਗ ਦਰਸ਼ਨ ਅਨੁਸਾਰ ਅਤਿਸ਼ੈ ਸਰਵੱਗਤਾ ਵਾਲਾ ਹੈ, ਉਹ ਕਿਸੇ ਦਾਉ ਛਲ ਵਿਚ ਆ ਹੀ ਨਹੀਂ ਸਕਦਾ, ਪਰ ਉਹ ਭੈ ਤੇ ਭਾਉ ਨਾਲ ਪ੍ਰਾਪਤ ਹੋ ਜਾਂਦਾ ਹੈ। ਉਹ ਚਲਾਕੀਆਂ ਸਿਆਣਪਾਂ ਨਾਲ ਪ੍ਰਾਪਤ ਨਹੀਂ ਹੁੰਦਾ, ਪਰ ਭੈ ਭਾਉ ਨਾਲ ਦਿਆਲੂ ਹੋਕੇ ਅਨੁਗ੍ਰਹ ਕਰ ਦੇਂਦਾ ਹੈ। ਗੁਰੂ ਦੀ ਮਤਿ ਸਾਨੂੰ ਉਸ ਦਾ ਭੈ ਤੇ ਭਾਉ (ਪ੍ਰੇਮ) ਸਿਖਾਲਦੀ ਹੈ, ਇਸ ਸਤਰ ਵਿਚ ਸੈਨਤ ਸੱਟੀ ਸੀ ਕਿ ਪ੍ਰੇਮਾ ਭਗਤੀ ਵਿਚ ਭੈ ਤੇ ਭਾਇ ਮੂਲਕ ਗੱਲਾਂ ਹਨ।

ਸਾਰੇ ਸ਼ਬਦ ਵਿਚ, ਨਾਮ, ਗੁਣ, ਭੈ, ਪ੍ਰੇਮ, ਹਉਮੈਂ ਤਯਾਗ, ਲਿਵ, ਵਿਕਾਰਾਂ ਤੇ ਬਿਜੈ, 'ਤਨੋਂ ਮਨੋਂ, ਸੱਚੀ ਤੇ ਸੁੱਚੀ ਕਰਨੀ' ਆਦਿ ਧਾਰਨੇ ਯੋਗ ਗੱਲਾਂ ਤੇ ਗੁਰਮੁਖ ਬਣਨ ਦੇ ਸਹਾਈ ਸਮਾਨ ਦੱਸੇ ਤੇ ਹਉਮੈਂ ਦੇ ਲੇਖਕ ਤੇ ਨਿਰੇ ਕਥਨੀ ਵਾਲੇ ਵਖਯਾਨਕ ਬਣਨੋਂ ਰੋਕਿਆ ਹੈ, ਪਰ ਗੁਰਮੁਖ ਹੋਕੇ ਨਿੰਮ੍ਰਤਾ ਵਿਚ ਸੱਚੇ ਦੇ ਪ੍ਰਤੀਪਾਦਨ ਤੇ ਭਾਉ ਭਗਤੀ ਲਿਖਕੇ ਯਾ ਬੋਲਕੇ ਵਰਣਨ ਕਰਨੋਂ ਨਹੀਂ ਵਰਜਿਆ।

ਨਿਰੁਕ੍ਤ— ਲੇਖ-[ਸੰਸ:, ਲੇਖਯੰ=ਲੇਖ, ਪਤ੍ਰ] ਲੇਖ=ਜੋ ਲਿਖਿਆ ਜਾਵੇ ਸੋ ਲੇਖ। ਮੁਰਾਦ ਹੈ ਲਿਖੇ ਪਏ ਪ੍ਰਸਤਾਵਾਂ ਤੋਂ, ਫਿਲਾਸਫੀਆਂ ਤੋਂ, ਪੁਸਤਕਾਂ ਤੋਂ, ਖਾਸ ਕਰ ਧਰਮ ਪੁਸਤਕਾਂ ਤੇ ਲਿਖਤਾਂ ਤੋਂ।

ਅਸੰਖ-[ਦੇਖੋ ਪੰਨਾ ੧੫੯੧] ਜਿਨ੍ਹਾਂ ਦੀ ਗਿਣਤੀ ਨਾ ਹੋ ਸਕੇ, 'ਬਹੁਤਿਆਂ' ਤੋਂ ਮੁਰਾਦ ਹੈ।

ਮਾਨ-[ਸੰਸ:, ਮਾਨ:=ਸਨਮਾਨ। ਘੁਮੰਡ] ਫ਼ਖ਼ਰ, ਹੰਕਾਰ। ਮੁਰਾਦ ਹੈ ਫ਼ਖ਼ਰ ਕਰਨ ਤੋਂ, ਹੰਕਾਰ ਧਾਰਨ ਤੋਂ। ਮਨ ਮਾਨਿਐ-ਮਨ ਦੇ ਮੰਨ ਗਿਆਂ, ਮਨ ਵਿਚ ਤਸੱਲੀ ਹੋ ਗਿਆਂ। ਪਤੀਜਣਾ ਜਾਂ ਨਿਹਚਾ ਬੱਝ ਗਿਆਂ।

ਸਚੁ ਸੁਰਤਿ-ਸੁਰਤ ਵਿਚ ਸੱਚ (ਤੇ ਸੱਚ ਦਾ) ਵਰਣਨ (ਆ ਜਾਂਦੇ ਹਨ)। ਮੁਰਾਦ ਹੈ ਸੁਰਤ ਵਿਚ ਸੱਚ ਦਾ ਨਿਵਾਸ ਤੇ ਉਸ ਨੂੰ ਵਰਣਨ ਕਰਨ ਦੀ ਜਾਚ ਦੁਏ ਆ ਜਾਂਦੇ ਹਨ।

ਕਥਨੀ ਬਦਨੀ-[ਸੰਸ:, ਕਥਨਮ੍:=ਵਰਣਨ+ਸੰਸ:, ਵਦਨੰ=ਮੂੰਹ] ਮੂੰਹ ਨਾਲ ਕਥਨੀਆਂ ਯਾ ਕਥਾ (ਕਰਨੀਆਂ)।

ਭਾਰੁ-[ਦੇਖੋ ਪੰਨਾ ੩੪੩] ਬੋਝ। ਭਾਵ ਹੈ ਸਿਰ ਦਾ ਬੋਝ। ਮਾਨੋਂ ਸਿਰ ਤੇ ਬੋਝ ਚਾਣਾ ਹੈ। ਜਿਵੇਂ ਕਹੀਦਾ ਹੈ ਸਿਰ ਪੀੜ ਸਹੇੜਨੀ ਹੈ। ਆਕੜ ਦਾ ਬੋਝਾ ਹੁੰਦਾ ਹੈ, ਸੁਰਤ ਹੌਲੀ ਨਹੀਂ ਹੁੰਦੀ, ਜੈਸਾ ਕਿ ਵਾਕ ਹੈ:-

ਲਿਖਿ ਲਿਖਿ ਪੜਿਆ ਤੇਤਾ ਕੜਿਆ॥ [ਵਾਰ ਆਸਾ ਮ: ੧-੯]

ਅਪਾਰੁ-[ਸੰਸ:, ਅਪਾਰ] ਪਾਰ ਤੋਂ ਰਹਿਤ (ਜੋ ਪ੍ਰਭੂ ਹੈ ਸੋ) ਅਲੇਖ ਹੈ, ਕਿਸੇ ਲੇਖੇ ਵਿਚ ਨਹੀਂ; ਭਾਵ ਸਾਰਾ ਵਰਣਨ ਨਹੀਂ ਹੁੰਦਾ।

ਹਲਤ ਪਲਤ- [ਦੇਖੋ ਪੰਨਾ ੧੭੯੪] ਇਥੇ ਓਥੇ। ਲੋਕ ਪ੍ਰਲੋਕ ਵਿਚ।

ਅਚਰੁ ਚਰੈ-ਨਾ ਚਰੇ ਜਾਣ ਵਾਲੇ ਨੂੰ ਚਰ ਲਵੇ। ਭਾਵ ਜੋ ਅਸਾਧਯ ਹਨ ਉਹਨਾਂ ਨੂੰ ਸਾਧ ਲਵੇ। ਲਾਏ, ਚੁਕਾਏ, ਵਸਾਏ, ਸਮਾਏ, ਅੰਕ ਤਿੰਨ ਵਾਲੇ ਅਨੁਸ੍ਰਰ ਸੰਯੁਕਤ ਹਨ, ਵੇਰਵਾ ਵਯਾਖਯਾ ਵਿਚ ਆ ਚੁਕਾ ਹੈ।

ਧਰ-[ਸੰਸ:, ਧਰਾ=ਪ੍ਰਿਥਵੀ) ਧਰਤੀ।

ਗਗਨੁ ਅਕਾਸੁ-[ਸੰਸ:, ਗਗਨਮ੍:, ਆਕਾਸ਼:] ਦੁਹਾਂ ਦਾ ਅਰਥ ਅਸਮਾਨ ਹੈ ਪਰ ਸੰਸਕ੍ਰਿਤ ਵਿਚ 'ਆਙ੍+ਕਾਸ਼=ਪ੍ਰਕਾਸ਼' ਦਾ ਅਰਥ ਬੀ ਰਖਦਾ ਹੈ। (ਅ) ਹੋ ਸਕਦਾ ਹੈ ਗਗਨ ਤੋਂ ਮੁਰਾਦ ਪੁਲਾੜ ਦੀ ਹੋਵੇ ਤੇ ਅਕਾਸ਼ ਤੋਂ ਮੁਰਾਦ ਪੰਜਵੇਂ ਤੱਤ ਦੀ ਹੋਵੇ, ਜਿਸ ਨੂੰ ਅੰਗ੍ਰੇਜ਼ੀ ਵਿਚ ether ਆਖਦੇ ਹਨ। (ੲ) ਇਹ ਬੀ ਹੋ ਸਕਦਾ ਹੈ ਕਿ ਦੁਇ ਪਦ ਇਕੋ ਅਰਥ ਵਿਚ ਕਹੇ ਗਏ ਹੋਣ ਜਿਵੇਂ ਕਹੀਦਾ ਹੈ 'ਕੁਛ ਜਲ ਪਾਣੀ ਛਕੋ'। ਥਾਪੀ-ਸਥਾਪਨ ਕੀਤੀ, ਰਚੀ।

ਉਥਾਪਿ-[ਉ+ਥਾਪ] ਥਾਪਣੇ ਦੇ ਉਲਟ, ਢਾਹ (ਦੇਂਦਾ ਹੈ), ਵਿਨਾਸ਼ (ਕਰ ਦੇਂਦਾ ਹੈ)।

ਪੂਰੁ ਸਾਗਰੁ-[ਫਾ:, ਪੁਰ=ਭਰਿਆ ਹੋਯਾ+ਸੰਸ:, ਸਾਗਰ:=ਸਮੁੰਦਰ] ਭਰਿਆ ਸਮੁੰਦਰ। ਨਕਾ ਨਕ ਭਰਿਆ ਸਮੁੰਦਰ। ਭਾਵ ਸਾਰੇ ਬ੍ਰਹਮੰਡ ਵਿਚ ਤੂੰ ਪਰੀਪੂਰਣ ਹੈ ਤੇ ਜਿਤਨੇ ਗੁਣ ਹਨ ਸਭ ਤੇਰੇ ਹਨ।

ਸਭਿ ਗੁਣ ਤੇਰੇ ਮੈ ਨਾਹੀ ਕੋਇ॥ [ਜਪੁਜੀ-੨੧]

ਮਾਣਕੁ ਹੀਰੁ-ਗੁਣਾਂ ਦੇ ਲਖਾਯਕ ਕਹੇ ਹਨ।

ਮਾਣਕੁ-[ਦੇਖੋ ਪੰਨਾ ੬੮] ਲਾਲ। ਹੀਰੁ-[ਸੰਸ:, ਹੀਰੰ=] ਹੀਰਾ, ਅਲਮਾਸ।

ਗਹੀਰੁ-ਡੂੰਘਾ,ਪਰ ਸਮੁੰਦਰ ਸਭ ਤੋਂ ਵਧੀਕ ਡੂੰਘਾ ਹੋਣ ਕਰਕੇ ਗਹੀਰ ਨਾਮ ਬੜੇ ਡੂੰਘੇ ਸਮੁੰਦਰਾਂ ਦਾ ਬੀ ਹੋ ਗਿਆ ਹੈ। ਗੁਣੀ ਗਹੀਰ ਕਰਕੇ ਦੁਬਾਰਾ ਕਿਹਾ ਹੈ ਕਿ ਤੇਰੇ ਗੁਣ ਐਨੇ ਨਹੀਂ ਕਿ ਮਾਣਕ ਹੀਰਾ ਕਹਿਕੇ ਹੀ ਵਰਣਨ ਹੋ ਜਾਣ, ਓਹ ਅਨੰਤ ਹਨ ਤੇ ਤੇਰੀ ਵਿਸ਼ਾਲਤਾ ਦੀਆਂ ਡੂੰਘਾਣਾ ਵਿਚ ਭਰੇ ਪਏ ਹਨ, ਜਿਨ੍ਹਾਂ ਦਾ ਅੰਤ ਨਹੀਂ ਲਿਆ ਜਾ ਸਕਦਾ।

ਜਗੁ-ਜਗਤ, ਇਕ ਵਚਨ ਹੈ।

ਜਗੁ ਬੰਦੀ-ਜਗਤ ਬੰਦੀ ਵਿਚ ਹੈ। ਜਗਿ-ਜਗਤ ਵਿਚ।

ਆਚਾਰੀ-ਆਚਾਰ ਵਾਲਾ, ਸ਼ੁਭ ਕਰਮ ਕਰਨ ਵਾਲਾ। ਕੇਵਲ ਇਖ਼ਲਾਕੀ ਸ਼ੁਭ ਕਰਮਾਂ ਵਾਲਾ ਮਾਤ੍ਰ ਨਾਂ ਪਰ ਜੋ ਕੁਛ ਕਹਿੰਦਾ ਹੈ ਉਹੋ ਉਸਦਾ ਕਰਤੱਵਯ ਹੋਵੇ, ਜਿਸਨੂੰ 'ਕਰਨੀ ਵਾਲਾ' ਬੀ ਕਹੀਦਾ ਹੈ।

ਪੰਡਿਤੁ-[ਸੰਸ:, ਪੰਡਿਤ:] ਵਿਦਯਾਵਾਨ। ਔਂਕੜ ਹੋਣ ਕਰਕੇ ਪੰਡਿਤੁ ਇਕ ਵਚਨ ਵਿਚ ਹੈ।

ਵੀਚਾਰੀ-ਵੀਚਾਰਵਾਨ। ਪੰਡਿਤ ਬੀ ਵੀਚਾਰ ਹੀਨ ਹੋ ਸਕਦਾ ਹੈ, ਜੈਸੇ ਫੁਰਮਾਯਾ ਹੈ:-

ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਹੰਕਾਰਾ॥ [ਵਾਰ ਮਾਝ ਮਹਲਾ ੧-੬]

ਭੋਗੀ-[ਸੰਸ:, ਭੋਗੀ] ਭੋਗੀਂ, ਭੋਗਾਂ ਕਰਕੇ, ਭੋਗੀ ਹੋਣ ਕਰਕੇ।

ਗੁਣ ਰੋਇ-ਗੁਣਾਂ ਨੂੰ ਰੋਂਦਾ ਹੈ। ਭੋਗੀ ਪੁਰਖ ਭੋਗਾਂ ਵਿਚ ਇਖ਼ਲਾਕ ਦੇ ਗੁਣ ਬੀ ਕਈ ਵੇਰ ਗੁਆ ਬੈਠਦਾ ਹੈ, ਜਦ ਦੁਖ ਵਾਪਰਦੇ ਹਨ ਤਾਂ ਫਿਰ ਪਛੋਤਾਉਂਦਾ ਹੈ। ਇਹ ਹੈ ਭਾਵ 'ਗੁਣ ਰੋਇ ਦਾ।

ਪਤਿ ਖੋਇ-ਜਨਮ ਮਰਨ ਨਾਲ ਇਹ ਪਦ ਆਇਆ ਹੈ, ਭਾਵ ਹੈ ਪ੍ਰਲੋਕ ਵਿਚ ਪਤਿ ਗੁਆ ਬੈਠਾ ਹੈ, ਓਥੇ ਗਿਆਂ ਢੋਈ ਨਹੀਂ ਮਿਲਦੀ ਤਾਂ ਓਥੋਂ ਧੱਕਿਆਂ ਜਾਂਦਾ ਹੈ।

ਮਹਘੋ ਮੋਲਿ-ਮਹਿੰਗੇ ਮੁੱਲ ਵਾਲਾ ਹੈ। ਉਸ ਦੀ ਪ੍ਰਾਪਤੀ ਕਠਨਤਾ ਨਾਲ ਹੁੰਦੀ ਹੈ।

ਭਾਰ ਅਫਾਰ-ਉਸ ਦਾ ਭਾਰ ਬੇਹੱਦ ਹੈ, ਅਝੱਲ ਹੈ। ਮੁਰਾਦ ਹੈ: ਮਿਲ ਪਵੇ ਤਾਂ ਉਸ ਦੇ ਮੇਲ ਸੁਖ ਨੂੰ ਜਰ ਸਕਣਾ ਕਠਨ ਹੁੰਦਾ ਹੈ। ਭਾਇ-[ਸੰਸ:, ਭਾਵ:] ਪ੍ਰੇਮ ਨਾਲ।

ਭਇਕਾਰ-ਭੈ ਦੀ ਕਾਰ। ਉਹ ਕਰਨੀ ਜੋ ਭੈ ਸੰਯੁਕਤ ਹੋਵੇ, ਦੁਹਾਂ ਦੀ ਮੁਰਾਦ ਹੈ ਕਿ ਭੈ ਤੇ

ਭਾਇ ਦੋਇ ਗੁਣ ਗੁਰਮੁਖ ਵਿਚ ਚਾਹੀਏ, ਪ੍ਰਭੂ ਨੂੰ ਏਹੋ ਭਾਉਂਦੇ ਹਨ, ਯਥਾ:-

ਭੈ ਭਾਇ ਸੀਗਾਰੁ ਬਣਾਏ॥ [ਮਾਝ ਮਹਲਾ ੩,ਅਸਟ:-੫]

ਤਥਾ- **ਨਾਨਕ ਜਿਨ੍ ਮਨਿ ਭਉ ਤਿਨ੍ਾ ਮਨਿ ਭਾਉ॥** [ਵਾਰ ਆਸਾ ਮਹਲਾ ੧-੫]

ਅਛਲੁ-ਜੋ ਛਲਿਆ ਨਾ ਜਾਵੇ। ਜਿਸ ਨੂੰ ਮਾਇਆ ਦੇ ਛਲ ਹੇਠ ਆਏ ਤੋਂ ਬਿਨਾਂ ਮਾਇਆ ਦੇ ਛਲਾਂ ਦਾ ਪਤਾ ਹੈ। ਹੋਰ ਜੀਵ ਜੈਸਾ ਕਿ ਸਾਂਖ ਨੇ ਕਿਹਾ ਹੈ ਕਿ ਮਾਇਆ ਦੇ ਛਲ ਹੇਠ ਆਕੇ ਤਜਰਬੇ ਨਾਲ ਮਾਇਆ ਦੇ ਛਲਾਂ ਤੋਂ ਜਾਣੂ ਹੋਕੇ ਕੈਵੱਲ ਹੁੰਦੇ ਹਨ, ਪਰ ਯੋਗ ਕਹਿੰਦਾ ਹੈ ਕਿ ਪੁਰਖ ਵਿਸ਼ੇਸ਼ ਯਾ ਈਸ਼੍ਵਰ ਵਿਚ ਸਰਵੱਗਤਾ ਮੁਕੰਮਲ ਹੈ, ਉਹ ਮਾਇਆ ਦੇ ਛਲ ਹੇਠ ਨਹੀਂ ਆਉਂਦਾ। ਹੋਰ ਪੁਰਖ (ਰੂਹਾਂ) ਛਲ ਹੇਠ ਆਕੇ ਤਜਰਬਾ ਕਰਕੇ, ਸਾਧਨ ਕਰਕੇ, ਕੈਵੱਲ ਹੁੰਦੇ ਹਨ, ਪਰ ਈਸ਼੍ਵਰ ਸਰਵੱਗ ਹੈ ਇਸ ਕਰਕੇ ਅਛਲ ਹੈ।

ਨੀਚੁ-ਇਹ ਪਦ ਕਈ ਵੇਰ ਗੁਰੂ ਜੀ ਅਪਣੇ ਨਾਮ ਨਾਲ ਵਰਤਦੇ ਹਨ। ਸਿਖ ਲਈ ਐਸੇ ਵਾਕ ਅਦਬ ਦੇ ਨੁਕਤੇ ਤੋਂ ਕਹਿਣੇ ਫਬਦੇ ਨਹੀਂ, ਪਰ ਸਾਨੂੰ ਇਸ ਦਾ ਭਾਵ ਇਹ ਸਮਝਣਾ ਚਾਹੀਦਾ ਹੈ ਕਿ ਇਹ ਨਿਰਹੰਕਾਰਤਾ ਦੇ ਲਖਾਯਕ ਹਨ, ਜੈਸਾ ਕਿ ਉਹਨਾਂ ਨੇ ਅਪਣੀ ਨਿਰਹੰਕਾਰਤਾ ਆਪ ਨਿਰਹੰਕਾਰਤਾ ਵਿਚ ਖੜੋਕੇ ਕਹੀ ਹੈ:-

ਹੋਂਦਾ ਫੜੀਅਗੁ ਨਾਨਕ ਜਾਣੁ॥ ਨਾ ਹਉ ਨਾ ਮੈ ਜੂਨੀ ਪਾਣੁ॥

[ਵਾਰ ਮਲਾਰ ਮਹਲਾ ੧-੨੪]

[ਆਸਾ ਮਹਲਾ ੧, ਅਸਟਪਦੀ-੪]

ਪ੍ਰਾਕ੍ਥਨ-ਕਿਸੇ ਦੀ ਮੌਤ ਵਾਪਰਨ ਤੇ ਸੰਬੰਧੀਆਂ ਵਲੋਂ ਪਏ ਕੁਰਲਾਟ ਤੋਂ ਜਗਤ ਦੀ ਆਮ ਹਾਲਤ ਦਰਸਾਈ ਹੈ, ਸੁਧਾਰ ਸੰਬੰਧੀ ਸਿਖ ਮਤਿ ਦਿਤੀ ਤੇ ਪ੍ਰਬੁਧ ਪੁਰਖਾਂ ਦੀ ਮੌਤ ਪਰ ਸਹਿਜ ਸੁਖ ਦੀ ਦਸ਼ਾ ਬੀ ਦਿਖਾਈ ਹੈ।

ਮੂਲ

ਆਸਾ ਮਹਲਾ ੧ ॥

**ਏਕੁ ਮਰੈ ਪੰਚੇ ਮਿਲਿ ਰੋਵਹਿ॥
ਹਉਮੈ ਜਾਇ ਸਬਦਿ ਮਲੁ ਧੋਵਹਿ॥
ਸਮਝਿ ਸੂਝਿ ਸਹਜ ਘਰਿ ਹੋਵਹਿ ॥
ਬਿਨੁ ਬੂਝੇ ਸਗਲੀ ਪਤਿ ਖੋਵਹਿ
॥੧॥**

ਅਰਥ

(ਜੇ ਟੱਬਰ ਵਿਚੋਂ) ਇਕ (ਜਣਾ) ਮਰ ਜਾਵੇ (ਤਾਂ ਅਕਸਰ) ਪੰਜ (ਜਣੇ) ਮਿਲਕੇ (ਉਸ ਨੂੰ) ਰੋਂਦੇ ਹਨ*। (ਪਰ ਜੇ ਉਨ੍ਹਾਂ ਦੀ) ਹਉਮੈਂ ਮਿਟ ਗਈ ਹੋਵੇ (ਤਾਂ ਇਸ ਵੇਲੇ ਬੀ ਉਹ ਸ਼ੋਕ ਦੀ) ਮੈਲ ਨੂੰ ਸ਼ਬਦ ਨਾਲ ਧੋ ਲੈਂਦੇ ਹਨ। (ਤਾਂ ਉਹ) ਸੋਝੀ (ਗ੍ਯਾਨ ਦੁਆਰਾ) ਸਮਝ ਕਰਕੇ ਸਹਜ ਦੇ ਘਰ ਵਿਚ (ਆਏ) ਹੁੰਦੇ ਹਨ (ਭਾਵ ਇਹ ਕਿ ਜਗਤ ਦਾ ਮਿਥ੍ਯਾਪਨ ਆਦਿ ਦਾ ਵੀਚਾਰ ਕਰਕੇ ਆਪਣੇ ਸੋਝੀ ਵਾਲੇ ਮਨ ਨੂੰ ਸ਼ਾਂਤੀ ਤੇ ਸਹਜ ਸੁਖ ਵਿਚ ਰਖਦੇ ਹਨ। ਪਰ ਜੋ ਐਸੀ) ਸਮਝ ਬੂਝ ਤੋਂ ਬਿਨਾਂ ਰਹਿੰਦੇ ਹਨ (ਉਹ ਆਪਣੀ) ਸਾਰੀ ਪਤਿ ਗੁਆ ਲੈਂਦੇ ਹਨ† ॥ ੧॥

---

* ਮਾਤਾ, ਪਿਤਾ, ਭਰਾਤਾ, ਇਸਤ੍ਰੀ ਤੇ ਪੁਤ੍ਰ।

† ਭਾਵ ਨਾ ਸ਼ੁਕਰੇ ਹੋਣ ਕਰਕੇ ਸਾਈਂ ਦੇ ਦਰ ਪਤਿ ਨਹੀਂ ਰਹਿੰਦੀ, ਜੈਸੇ ਵਾਕ ਹੈ-

ਦਸ ਬਸਤੂ ਲੇ ਪਾਛੈ ਪਾਵੈ॥ ਏਕ ਬਸਤੁ ਕਾਰਨਿ ਬਿਖੋਟਿ ਗਵਾਵੈ॥ [ਸੁਖਮਨੀ, ੫-੧

ਅਪਨੀ ਪਰਤੀਤਿ ਆਪ ਹੀ ਖੋਵੈ॥ ਬਹੁਰਿ ਉਸਕਾ ਬਿਸ੍ਵਾਸੁ ਨ ਹੋਵੈ॥[ਸੁਖਮਨੀ, ੫-੨

ਸਮਝ ਬੂਝ ਵਾਲੇ ਜਾਣਦੇ ਹਨ ਕਿ ਮਰਦਾ ਕੁਛ ਨਹੀਂ, ਕੋਈ ਨਹੀਂ:-

ਕਉਨੁ ਮੂਆ ਰੇ ਕਉਨੁ ਮੂਆ॥ ਬ੍ਰਹਮ ਗਿਆਨੀ ਮਿਲਿ ਕਰਹੁ ਬੀਚਾਰਾ ਇਹੁ ਤਉ ਚਲਤੁ ਭਇਆ॥

[ਰਾਮਕਲੀ ਮਹਲਾ ੫-੧੦

ਕਉਣੁ ਮਰੈ ਕਉਣੁ ਰੋਵੈ ਓਹੀ ॥ ਕਰਣ ਕਾਰਣ ਸਭਸੈ ਸਿਰਿ ਤੋਹੀ ॥੧॥ ਰਹਾਉ ॥

(ਹਾਂ ਸਮਝ ਬੂਝ ਵਾਲੇ ਜਾਣਦੇ ਹਨ ਕਿ) ਕਉਣ ਹੈ ਜੋ ਮਰਦਾ ਹੈ (ਤੇ) ਉਸ (ਅਨਮੋਏ) ਨੂੰ ਕਉਣ ਰੋਵੇ (ਜਦ ਕਿ) ਸਭਨਾਂ ਦੇ ਸਿਰ ਉਤੇ (ਹੇ ਪ੍ਰਭੂ !) ਤੂੰ ਹੀ ਕਾਰਣਾਂ ਦਾ ਕਾਰਣ (ਵਿਦਮਾਨ) ਹੈਂ॥ ੧॥ ਰਹਾਉ॥

ਮੂਏ ਕਉ ਰੋਵੈ ਦੁਖੁ ਕੋਇ ॥ ਸੋ ਰੋਵੈ ਜਿਸੁ ਬੇਦਨ ਹੋਇ ॥ ਜਿਸੁ ਬੀਤੀ ਜਾਣੈ ਪ੍ਰਭ ਸੋਇ ॥ ਆਪੇ ਕਰਤਾ ਕਰੇ ਸੁ ਹੋਇ ॥੨॥

ਮਰ ਗਏ ਦੇ ਦੁਖ ਨੂੰ ਕਉਣ ਰੋਂਦਾ ਹੈ? (ਹਾਂ) ਜਿਸ ਨੂੰ (ਕੋਈ ਆਪਣੀ) ਪੀੜਾ ਹੁੰਦੀ ਹੈ ਉਹੀ ਰੋਂਦਾ ਹੈ। ਜਿਸ (ਮਰ ਗਏ) ਦੇ (ਸਿਰ ਤੇ ਅੱਗੇ ਜਾਕੇ ਜੋ) ਬੀਤਦੀ ਹੈ (ਉਸ ਨੂੰ) ਉਹ ਪ੍ਰਭੂ ਹੀ ਜਾਣਦਾ ਹੈ (ਰੋਣ ਵਾਲੇ ਨਹੀਂ ਜਾਣਦੇ ਹਨ। ਓਥੇ) ਕਰਤਾਰ ਆਪੇ ਜੋ ਕਰੇਗਾ ਸੋ ਹੋਵੇਗਾ, (ਰੋਣ ਵਾਲੇ ਦੀ ਓਥੇ ਕੋਈ ਪੇਸ਼ ਨਹੀਂ ਜਾ ਸਕਦੀ)॥ ੨॥

ਜੀਵਤ ਮਰਣਾ ਤਾਰੇ ਤਰਣਾ ॥ ਜੈ ਜਗਦੀਸ ਪਰਮ ਗਤਿ ਸਰਣਾ ॥ ਹਉ ਬਲਿਹਾਰੀ ਸਤਿਗੁਰ ਚਰਣਾ ॥ ਗੁਰੁ ਬੋਹਿਥੁ ਸਬਦਿ ਭੈ ਤਰਣਾ ॥੩॥

(ਪਰ ਜੀਉਂਦੇ ਜੀ ਹੀ ਜਿਨ੍ਹਾਂ ਨੇ) ਜੀਉਂਦਿਆਂ ਮਰਨਾ (ਸਿੱਖ ਲਿਆ ਓਹ ਇਹ ਗਲ ਬੀ ਲਖ ਗਏ ਹਨ ਕਿ ਸਾਈਂ ਦੇ) ਤਾਰੇ ਤਰਣਾ ਹੈ। ਹੇ ਜਗਦੀਸ਼ ! ਜੈ ਹੋਵੇ ! (ਤੇਰੀ) ਸ਼ਰਣ ਪਰਮਗਤੀ (ਦੀ ਦਾਤੀ ਹੈ। ਫਿਰ) ਮੈਂ ਸਤਿਗੁਰੂ ਦੇ ਚਰਣਾਂ ਤੋਂ ਬੀ ਸਦਕੇ ਹਾਂ, ਜੋ ਗੁਰੂ ਕਿ ਜਹਾਜ਼ (ਰੂਪ ਹੈ, ਜਿਸ ਦੇ ਦਿੱਤੇ) ਸ਼ਬਦ ਦੁਆਰਾ ਭੈ (ਸਾਗਰ) ਤੋਂ ਤਰਨਾ (ਨਸੀਬ ਹੁੰਦਾ) ਹੈ॥ ੩॥

ਨਿਰਭਉ ਆਪਿ ਨਿਰੰਤਰਿ ਜੋਤਿ ॥ ਬਿਨੁ ਨਾਵੈ ਸੂਤਕੁ ਜਗਿ ਛੋਤਿ ॥ ਦੁਰਮਤਿ ਬਿਨਸੈ ਕਿਆ ਕਹਿ ਰੋਤਿ॥ ਜਨਮਿ ਮੂਏ ਬਿਨੁ ਭਗਤਿ ਸਰੋਤਿ ॥੪॥

(ਉਹ ਜਗਦੀਸ਼) ਆਪ ਭੈ ਰਹਿਤ ਹੈ (ਤਾਂ ਹੀ ਉਸ ਦੀ ਸ਼ਰਣ ਭੈ ਤੋਂ ਤਾਰਦੀ ਹੈ, ਉਸ ਦੀ) ਜੋਤਿ (ਸਭ ਦੇ) ਅੰਦਰ ਇਕ ਰਸ (ਦਿਪਤ) ਹੈ। (ਨਾਮ ਲਿਆਂ ਉਸ ਜੋਤਿ ਨਾਲ ਲਗ ਲਗ ਕੇ ਪਵਿਤ੍ਰ ਹੋਈਦਾ ਹੈ, ਪਰ) ਨਾਮ ਤੋਂ ਬਿਨਾਂ ਜਗਤ ਵਿਚ (ਸਦਾ) ਸੂਤਕ ਹੈ (ਤੇ ਉਸ ਦੀ) ਛੂਤ (ਲਗਦੀ ਹੈ। ਜੋ ਖੋਟੀ ਬੁੱਧੀ ਵਿਚ ਜੀਵੇ ਤੇ) ਖੋਟੀ ਮਤਿ (ਵਿਚ ਹੀ) ਨਾਸ਼ ਹੋ ਗਏ (ਭਾਵ ਮਰ ਗਏ, ਉਨ੍ਹਾਂ ਨੂੰ: ਫਲਾਣਾ ਵਡਾ ਸੀ, ਚੰਗਾ ਸੀ, ਅਕਲਈਆ ਸੀ) ਕਿਉਂ (ਐਸੀਆਂ ਐਸੀਆਂ) ਗੱਲਾਂ ਕਹਿਕੇ ਰੋਂਦੇ ਹੋ। (ਉਹ ਤਾਂ) ਜੀਉਂਦੇ ਹੀ ਮਰ ਗਏ ਹੋਏ ਸਨ (ਕਿਉਂਕਿ ਉਨ੍ਹਾਂ ਨੇ) ਭਗਤੀ (ਦੀ ਸੁਮਤੀ ਜੀਉਂਦੇ ਜੀ ਕਦੇ) ਨਹੀਂ ਸੀ ਸੁਣੀ*।

ਮੂਏ ਕਉ ਸਚੁ ਰੋਵਹਿ ਮੀਤ ॥ ਤ੍ਰੈ ਗੁਣ ਰੋਵਹਿ ਨੀਤਾ ਨੀਤ ॥ ਦੁਖੁ ਸੁਖੁ ਪਰਹਰਿ ਸਹਜਿ ਸੁਚੀਤ ॥ ਤਨੁ ਮਨੁ ਸਉਪਉ ਕ੍ਰਿਸਨ ਪਰੀਤਿ ॥੫॥

(ਸੋ ਇਸ ਤਰ੍ਹਾਂ) ਮੋਏ ਨੂੰ ਮਿਤ੍ਰ (ਜੋ) ਰੋਂਦੇ ਹਨ ਸਚੀ ਮੁਚੀ ਬੀ ਰੋਂਦੇ ਹਨ। (ਹਾਂ, ਹਾਂ) ਤ੍ਰੈ ਗੁਣਾਂ ਵਾਲੇ (ਜਿਨ੍ਹਾਂ ਨੇ ਤ੍ਰੈ ਗੁਣਾਂ ਨੂੰ ਜਿੱਤਿਆ ਨਹੀਂ ਓਹ) ਸਦਾ ਸਦਾ ਰੋਂਦੇ ਹਨ, (ਕਿਉਂਕਿ ਤ੍ਰੈ ਗੁਣੀ ਲੋਕ ਆਤਮ ਜੀਵਨ ਵਲੋਂ ਮੁਰਦੇ ਹੁੰਦੇ ਹਨ। ਜੇ ਤਸੀਂ ਇਸ ਰੋਣ ਤੋਂ ਬਚਣਾ ਚਾਹੋ ਤੇ ਗੁਣਾਤੀਤ ਹੋਣਾ ਚਾਹੋ ਤਾਂ) ਦੁਖ ਸੁਖ (ਤੇ ਰੋਣਾ ਹੱਸਣਾ) ਛਡ ਦਿਓ (ਸਮ ਬ੍ਰਿਤੀ ਵਾਲੇ ਹੋ ਜਾਓ ਤੇ) ਸੁਹਣਾ ਚਿਤ (ਆਪਣਾ) ਸਹਿਜ ਵਿਚ (ਲਾ ਦਿਓ, ਤੇ) ਮਨ ਤਨ ਪਰਮੇਸ਼ੁਰ ਦੀ ਪ੍ਰੀਤੀ ਵਿਚ ਅਰਪਨ (=ਭੇਟਾ) ਕਰ ਦਿਓ॥ ੫॥

*ਬਿਨੁ ਭਗਤਿ ਸਰੋਤਿ=ਭਗਤੀ ਦੀ ਸੋ ਸੁਣੇ ਬਿਨਾ ਭਾਵ ਭਗਤੀ ਦੀ ਸੁਮਤਿ ਕਦੇ ਕੰਨੀਂ ਨਹੀਂ ਸੀ ਧਰੀ।

ਭੀਤਰਿ ਏਕੁ ਅਨੇਕ ਅਸੰਖ ॥ ਕਰਮ ਧਰਮ ਬਹੁ ਸੰਖ ਅਸੰਖ ॥ ਬਿਨੁ ਭੈ ਭਗਤੀ ਜਨਮੁ ਬਿਰੰਥ ॥ ਹਰਿ ਗੁਣ ਗਾਵਹਿ ਮਿਲਿ ਪਰਮਾਰੰਥ ॥੬॥

(ਜੀਵ ਭਾਵੇਂ) ਅਨੇਕਾਂ ਤੇ ਅਣਗਿਣਤ ਹਨ, (ਪਰ ਸਭ ਦੇ) ਅੰਦਰ ਇਕੋ (ਪਰਮਾਤਮਾ ਵਜਾਪਕ ਹੋ ਰਿਹਾ) ਹੈ, (ਫੇਰ ਇਨ੍ਹਾਂ ਅਨੇਕ ਜੀਵਾਂ ਦੇ ਕਰਨੇ ਲਈ) ਕਰਮ ਧਰਮ ਬਹੁਤੇ ਤੇ ਗਿਣਤੀਓਂ ਬੇਗਿਣਤ (ਦੱਸੇ ਜਾਂਦੇ) ਹਨ; (ਪ੍ਰੰਤੂ ਮੂਲਕ ਧਰਮ ਇਕੋ ਹੈ, ਉਹ ਹੈ ਭਗਤੀ; ਉਸ 'ਇਕ' ਦੀ) ਭਗਤੀ ਤੇ ਭੈ (ਭੈ ਭਾਉ) ਤੋਂ ਬਿਨਾਂ ਜਨਮ ਬਿਰਥਾ (ਜਾਂਦਾ ਹੈ। ਇਸ ਲਈ ਚਾਹੀਦਾ ਹੈ ਕਿ) ਪਰਮਾਰਥ ਵਾਲੇ ਲੋਕ ਮਿਲਕੇ ਹਰੀ ਦੇ ਗੁਣ ਗਾਉਣ (ਭਾਵ ਭਗਤੀ ਕਰਨ, ਪਰ ਭੈ ਵਿਚ ਹੋ ਕੇ ਤੇ ਪਿਆਰ ਵਿਚ ਭਰਕੇ)॥ ੬॥

ਆਪਿ ਮਰੈ ਮਾਰੇ ਭੀ ਆਪਿ ॥ ਆਪਿ ਉਪਾਏ ਥਾਪਿ ਉਥਾਪਿ ॥

ਸ੍ਰਿਸਟਿ ਉਪਾਈ ਜੋਤੀ ਤੂ ਜਾਤਿ ॥ ਸਬਦੁ ਵੀਚਾਰਿ ਮਿਲਣੁ ਨਹੀ ਭ੍ਰਾਤਿ ॥੭॥

(ਜੋ) 'ਆਪਾ ਭਾਵ' ਤੋਂ ਮਰ ਜਾਂਦਾ ਹੈ (ਉਹ ਜਾਣਦਾ ਹੈ ਕਿ ਜਦ ਦੇਹ ਦੀ ਮੌਤ ਆਵੇਗੀ ਤਾਂ ਐਵੇਂ ਤੇ ਆਪੇ ਨਹੀਂ ਆਵੇਗੀ ਤਦੋਂ) ਭੀ (ਪ੍ਰਭੂ) ਆਪ (ਸਾਨੂੰ) ਮਾਰੇਗਾ, (ਕਿਉਂਕਿ ਉਹ) ਆਪੇ ਹੀ (ਜਗਤ) ਰਚਦਾ ਹੈ, ਸੰਭਾਲਦਾ ਤੇ ਨਾਸ਼ ਕਰਦਾ ਹੈ। (ਸੋ ਹੇ ਸ੍ਰੋਤੇ) ਤੂੰ (ਬੀ ਇਹ ਗੱਲ) ਜਾਣ ਲੈ (ਕਿ ਉਸੇ) ਜੋਤ (ਸਰੂਪ) ਨੇ ਸ੍ਰਿਸ਼ਟੀ ਰਚੀ ਹੈ, (ਉਸ ਨਾਲ ਮਿਲਣਾ ਕਲਜਾਣਕਾਰੀ ਹੈ। ਤੇ) ਸ਼ਬਦ ਨੂੰ ਵਿਚਾਰਨ ਨਾਲ (ਉਸ ਨਾਲ) ਮਿਲਣਾ ਹੁੰਦਾ ਹੈ (ਇਸ ਵਿਚ) ਸੰਸਾ ਨਹੀਂ ਹੈ (ਭਾਵ ਨਿਸ਼ਚੇ ਹੈ)॥ ੭॥

[ਹੁਣ ਮਰਨੇ ਤੇ ਜੋ ਸੂਤਕ ਹੁੰਦਾ ਹੈ, ਜਿਸ ਨੂੰ ਪੰਡਤ ਪਾਤਕ ਬੀ ਆਖਦੇ ਹਨ, ਉਸ ਦੀ ਨਿਸ਼ਫਲਤਾ ਦੱਸਦੇ ਹਨ]

ਸੂਤਕੁ ਅਗਨਿ ਭਖੈ ਜਗੁ ਖਾਇ ॥ ਸੂਤਕੁ ਜਲਿ ਥਲਿ ਸਭ ਹੀ ਥਾਇ ॥ ਨਾਨਕ ਸੂਤਕਿ ਜਨਮਿ ਮਰੀਜੈ ॥ ਗੁਰ ਪਰਸਾਦੀ ਹਰਿ ਰਸੁ ਪੀਜੈ ॥੮॥੪॥

ਸੂਤਕ ਤਾਂ ਅਗਨੀ ਵਿਚ ਹੈ (ਜਿਸ ਵਿਚ ਜੀਵ ਮਰ ਰਹੇ ਹਨ*, ਪਰ ਉਸੇ ਅਗਨੀ ਦੇ) ਭਖੈ (ਭਖਣੇ=ਬਲਣੇ ਨਾਲ) ਜਗਤ (ਰਸੋਈ ਪਕਾਕੇ) ਖਾਂਦਾ ਹੈ। ਜਲਾਂ ਥਲਾਂ ਸਭੇ ਹੀ ਥਾਵਾਂ ਵਿਚ ਸੂਤਕ ਹੈ, (ਕਿਉਂਕਿ ਸਭ ਥਾਂ ਜੀਵ ਜੰਮ ਮਰ ਰਹੇ ਹਨ, ਸੋ) ਹੇ ਨਾਨਕ ! (ਸਭ ਕੋਈ) ਸੂਤਕ (=ਅਪਵਿੱਤ੍ਰਤਾ) ਵਿਚ ਹੀ ਜੰਮ ਤੇ ਮਰ ਰਿਹਾ ਹੈ, (ਤਾਂ ਤੇ ਏਹ ਵਹਿਮ ਛੋੜ ਦਿਓ ਤੇ) ਗੁਰੂ ਦੀ ਕ੍ਰਿਪਾ ਦੁਆਰਾ ਹਰੀ ਰਸ ਪੀਓ ॥੮॥ ੪॥

ਵਜਾਖਜਾ—ਇਸ ਸ਼ਬਦ ਵਿਚ ਕਿਸੇ ਦੀ ਮੌਤ ਪਰ ਉਸ ਸੰਬੰਧੀਆਂ ਦੀ ਕੁਰਲਾਟ ਤੋਂ ਉਪਜੇ ਨਾ-ਸ਼ੁਕਰੀ ਦੇ ਵੀਚਾਰ, ਜਗਤ ਦੀ ਆਮ ਹਾਲਤ ਤੇ ਉਸ ਹਾਲਤ ਦੇ ਸੁਧਾਰ ਸੰਬੰਧੀ ਡੂੰਘੇ ਭਾਵ ਵਰਣਿਤ ਹਨ। ਗ਼ਾਫ਼ਲ ਸੰਸਾਰ ਤੇ ਪ੍ਰਬੁੱਧ ਨਾਮੀ ਪੁਰਖਾਂ ਦਾ, ਮੌਤ ਵਾਪਰੀ ਤੇ, ਹਾਲ ਬੀ ਦਿਖਾਲਦੇ ਹਨ।

ਅੰਕ ੧ ਦੀ ਪਹਿਲੀ ਸਤਰ ਵਿਚ ਇਕ ਦੀ ਮੌਤ ਤੇ ਕ੍ਰੀਬੀ ਰਿਸ਼ਤੇਦਾਰਾਂ ਦਾ ਰੋਣਾ ਦੱਸਿਆ ਹੈ। ਪੰਜਾਂ ਤੋਂ ਮੁਰਾਦ ਗਾਲਬਨ ਮਾਤਾ, ਪਿਤਾ, ਭ੍ਰਾਤਾ, ਇਸਤ੍ਰੀ ਤੇ ਪੁਤ੍ਰ ਹਨ। ਹਰ ਮੌਤ ਪਰ ਜ਼ਰੂਰੀ ਨਹੀਂ ਕਿ ਇਹ ਪੰਜੇ ਹੋਣ, ਪਰ ਜੇ ਸਾਰੇ ਜੀਉਂਦੇ ਹੋਣ ਤਾਂ ਬਹੁਤੇ ਕ੍ਰੀਬੀ ਰਿਸ਼ਤੇਦਾਰ ਏਹੀ ਹਨ ਤੇ ਸਭ ਤੋਂ ਕਸ਼ਟਾਤੁਰ ਏਹੀ ਹੁੰਦੇ ਹਨ।

---

* ਸ੍ਰੀ ਗੁਰੂ ਜੀ ਨੇ ਆਸਾ ਦੀ ਵਾਰ ਵਿਚ ਬੀ ਫੁਰਮਾਇਆ ਹੈ:-

ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ॥ [ਆਸਾ ਦੀ ਵਾਰ ਮਹਲਾ ੧-੧੮]

ਸੂਤਕ ਦਾ ਸਾਰਾ ਪ੍ਰਕਾਰ ਉਥੇ ਦਿੱਤਾ ਹੈ।

ਦੂਸਰੀ ਤੀਸਰੀ ਸਤਰ ਵਿਚ ਇਨ੍ਹਾਂ ਹੀ ਸਨਬੰਧੀਆਂ ਦੀ ਉਹ ਹਾਲਤ ਦੱਸਦੇ ਹਨ ਜੋ, ਜੇ ਓਹ ਸ਼ਬਦ ਦੇ ਪ੍ਰੇਮੀ ਹਨ, ਹਉਮੈਂ ਜਿੱਤ ਚੁਕੇ ਹਨ ਤਾਂ ਐਸੀ ਮੌਤ ਸਮੇਂ ਜੋ ਰੰਜ, ਦੁਖ, ਬਿਰਹ ਦੀ ਪੀੜਾ ਰੂਪੀ ਮੈਲ ਸੁੱਧ ਚਿਤ ਬ੍ਰਿਤੀ ਤੇ ਹਮਲਾ ਕਰਦੀ ਹੈ, ਉਸ ਨੂੰ ਬੀ ਓਹ ਨਹੀਂ ਪੈਣ ਦੇਂਦੇ। ਪਵੇ ਤਾਂ ਸ਼ਬਦ ਨਾਲ ਧੋ ਕੱਢਦੇ ਹਨ। ਓਹ ਅਪਣੀ ਪ੍ਰਾਪਤ ਸੋਝੀ ਦੇ ਚਾਨਣੇ ਵਿਚ ਸਮਝਦੇ ਹਨ ਕਿ ਮਰਦਾ ਕੁਛ ਨਹੀਂ, ਹਾਲਤਾਂ ਬਦਲਦੀਆਂ ਹਨ। ਜੋ ਕੁਛ ਹੁੰਦਾ ਹੈ ਹੁਕਮ ਵਿਚ ਹੈ, ਐਉਂ ਰਜ਼ਾ ਵਿਚ ਰਾਜ਼ੀ, ਅਪਣੀ ਸਹਿਜ ਅਵਸਥਾ ਵਿਚਲਣ ਨਹੀਂ ਦੇਂਦੇ।

ਚੌਥੀ ਸਤਰ ਵਿਚ ਫੇਰ ਅਗਜਾਨੀ ਪੁਰਖਾਂ ਦੀ ਹਾਲਤ ਦੁਹਰਾਉਂਦੇ ਹਨ ਕਿ ਓਹ ਰੋ ਪਿੱਟਕੇ ਅਪਣੀ ਕਰਮਗਤੀ ਨਾ ਸਿਆਣਦੇ ਹੋਏ ਸਾਈਂ ਨੂੰ ਉਲਾਂਭੇ ਦੇਂਦੇ, ਨਾ-ਸ਼ੁਕਰੀ ਕਰਦੇ, ਅਪਣੀ ਪਤ ਗੁਆ ਲੈਂਦੇ ਹਨ, ਜੈਸਾ ਕਿ ਪੰਚਮ ਗੁਰੂ ਜੀ ਨੇ ਫੁਰਮਾਇਆ ਹੈ।

ਅਪੁਨੀ ਅਮਾਨ ਕਛੁ ਬਹੁਰਿ ਸਾਹੁ ਲੇਇ॥ ਅਗਿਆਨੀ ਮਨਿ ਰੋਸੁ ਕਰੇਇ॥
ਅਪਨੀ ਪਰਤੀਤਿ ਆਪ ਹੀ ਖੋਵੈ॥ ਬਹੁਰਿ ਉਸ ਕਾ ਬਿਸ੍ਵਾਸੁ ਨ ਹੋਵੈ॥

[ਸੁਖਮਨੀ, ੫-੨]

ਰਹਾਉ ਵਿਚ ਫੇਰ ਪ੍ਰਬੁਧ ਪੁਰਖ ਦੀ ਮਨ ਦਸ਼ਾ ਐਸੇ ਮੌਕਿਆ ਤੇ ਦੱਸੀ ਹੈ। ਉਸ ਦੀ ਸ੍ਰਿਸ਼ਟੀ ਇਹ ਹੁੰਦੀ ਹੈ ਕਿ ਕੌਣ ਮਰਦਾ ਹੈ? ਭਾਵ ਮਰਦਾ ਕੋਈ ਨਹੀਂ। ਨਾਸ਼ ਨੂੰ ਕੋਈ ਨਹੀਂ ਪ੍ਰਾਪਤ ਹੁੰਦਾ, ਕੇਵਲ ਜਾਮਾਂ ਬਦਲੀਆਂ ਦਾ ਕਰਣ ਕਾਰਣ ਭਾਵ ਮੂਲ ਕਾਰਣ ਹੇ ਪ੍ਰਭੂ ਤੂੰ ਹੈਂ ! 'ਸਭ ਸੈ ਸਿਰਿ' ਕਹਿਕੇ ਪ੍ਰਭੂ ਦੀ ਸਮਰਥਾ ਤੇ ਪਿਤਾ ਵਤ ਪਯਾਰ ਦੀ ਸੂਚਨਾ ਦਿਤੀ ਹੈ।

ਅੰਕ ੨- ਜੋ ਮਰ ਗਿਆ ਉਹ ਪ੍ਰਲੋਕ ਗਿਆ, ਉਥੇ ਉਹ ਦੁਖੀ ਹੈ ਕਿ ਸੁਖੀ? ਉਸ ਦੇ ਸਿਰ ਕੀਹ ਬੀਤਦੀ ਹੈ? ਉਸ ਦਾ ਕੋਈ ਉਪਰਾਲਾ? ਇਹ ਸੋਚਾਂ ਸੋਚਕੇ ਕੋਈ ਨਹੀਂ ਰੋਂਦਾ। ਹਰ ਕੋਈ ਉਸ ਦੁਖ ਨੂੰ ਯਾ ਉਸ ਵਿਗੋਚੇ ਨੂੰ ਯਾਦ ਕਰਕੇ ਰੋਂਦਾ ਹੈ, ਜੋ ਮਰਨਹਾਰ ਦੇ ਮਰਨ ਕਰਕੇ ਉਸ ਨੂੰ ਪੇਸ਼ ਆਇਆ ਹੈ। ਅਥਵਾ ਜੇ ਕੋਈ ਰੋਂਦਾ ਹੈ ਉਹ ਅਪਣੀ ਉਸ ਪੀੜਾ ਨੂੰ ਰੋਂਦਾ ਹੈ ਜੋ ਉਸ ਨੂੰ ਅਪਣੇ ਕਿਸੇ ਅਜ਼ੀਜ਼ ਦੀ ਮੌਤ ਤੇ ਵਾਪਰੀ ਸੀ; ਜਿਸ ਨੂੰ ਰੋਂਦਾ ਦਿੱਸਦਾ ਹੈ ਉਸ ਨੂੰ ਨਹੀਂ ਰੋਂਦਾ। ਪਰ ਜੋ ਮਰ ਗਿਆ ਹੈ ਤੇ ਅੱਗੇ ਜਾਕੇ ਜੋ ਉਸਦੇ ਸਿਰ ਬੀਤ ਰਹੀ ਹੈ ਉਸ ਨੂੰ ਕਰਤਾਰ ਹੀ ਜਾਣਦਾ ਹੈ ਤੇ ਉਥੇ ਉਹੋ ਕੁਛ ਹੋਣਾ ਹੈ ਜੋ ਕਰਤਾਰ ਨੇ ਕਰਨਾ ਹੈ। ਰੋਣ ਵਾਲੇ ਨੇ ਨਿਰਾ ਰੋ ਰੋਕੇ ਓਸ ਦਾ ਓਥੇ ਕੀਹ ਸੰਵਾਰਨਾ ਹੈ? ਸੈਨਤ ਇਸ ਕਹਿਣ ਵਿਚ ਇਹ ਬੀ ਜਾਪਦੀ ਹੈ ਕਿ ਉਸ ਨਮਿਤ ਪਾਠ ਅਰਦਾਸ ਕਰਨੀ ਚਾਹੀਏ ਜੋ ਉਸ ਨੂੰ ਇਸ ਗਲ ਵਿਚ ਸਹਾਈ ਹੋਵੇ, ਕਿਉਂਕਿ ਤੀਸਰੇ ਪਾਤਸ਼ਾਹ ਨੇ ਫੁਰਮਾਇਆ ਸੀ:-

ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ॥ [ਰਾਮਕਲੀ ਸਦੁ-੫]

ਅੰਕ ੩- ਜਿਨ੍ਹਾਂ ਨੇ ਜੀਉਂਦਿਆਂ ਮਰਨਾ ਸਿੱਖ ਲਿਆ ਓਹ ਜਾਣ ਗਏ ਕਿ ਹਰੀ ਦੇ ਤਾਰਿਆਂ ਤਰੀਦਾ ਹੈ। ਇੱਥੇ ਆਕੇ ਹਰੀ ਦੀ ਮਿਹਰ ਦੇ ਰੰਗ ਵਿਚ ਆਪ ਸਨਮੁਖ ਸਤੁਤੀ ਕਰਦੇ ਹੋਏ ਨਮਸਕਾਰ ਕਰਦੇ ਹਨ ਕਿ ਜੈ ਹੋਵੈ ਜਗਤ ਦੇ ਮਾਲਕ ! ਤੇਰੀ ਸ਼ਰਣ ਪਰਮਗਤੀ ਦੀ ਦਾਤੀ ਹੈ। ਜਗਦੀਸ਼ ਦਾ ਸ਼ੁਕਰ ਕਰਦੇ ਹੋਏ ਗੁਰੂ ਦੇ ਸ਼ੁਕਰ ਵਿਚ ਆ ਗਏ ਹਨ, ਜਿਸ ਦੀ ਮੇਹਰ ਨਾਲ ਜਗਦੀਸ਼ ਦੀ ਸ਼ਰਣ ਪ੍ਰਾਪਤ ਹੋਈ, ਜਿਸ ਨੇ ਜਹਾਜ਼ ਬਣਕੇ ਭੈ ਸਾਗਰ ਤੋਂ ਤਾਰ ਦਿਤਾ ਹੈ।

(ਅ) ਇਸ ਅੰਕ ਦਾ ਅਰਥ ਭਾਵ ਦਾਨੇ ਐਉਂ ਬੀ ਲੈਂਦੇ ਹਨ:-ਜੋ ਜੀਵੱਤ ਭਾਵ ਤੋਂ ਮਰਨਾ (ਠੀਕ ਸਮਝਕੇ) ਜਗਦੀਸ਼ ਦੀ ਸ਼ਰਣੀ ਜਾ ਪਏ (ਉਹਨਾਂ ਨੇ) ਪਰਮਗਤੀ (ਪਾ ਲਈ, ਓਹ ਫੇਰ) ਜਹਾਜ਼ ਹੋਕੇ ਜਗਤ ਨੂੰ ਤਾਰਦੇ ਹਨ। (ਉਹਨਾਂ ਨੂੰ) ਜੈ (ਹੋਵੇ)।

(ੲ) ਐਉਂ ਬੀ:-ਜੇ ਜਗਦੀਸ਼ (ਕਿਸੇ ਨੂੰ) ਤਾਰੇ (ਤਾਂ ਉਸ ਨੂੰ) ਤਰਨਾ (ਪ੍ਰਾਪਤ ਹੁੰਦਾ ਹੈ। ਅਗੋਂ ਅਰਥ ਉਹੋ ਹੀ)।

ਅੰਕ ੪ ਵਿਚ ਭਗਤੀ ਹੀਣਾਂ ਨੂੰ ਮੁਰਦਾ ਵਰਣਨ ਕਰਦੇ ਹਨ, ਕਿਉਂਕਿ ਉਹ ਨਿਰਭਉ ਅਕਾਲ

ਪੁਰਖ ਦੀ ਭਗਤੀ ਦੀ ਸੁਮਤੀ ਸੁਣੇ ਬਿਨਾਂ, ਭਾਵ ਸੁਮਤੀ ਲਏ ਬਿਨਾਂ, ਜੀਉਂਦੇ ਹਨ; ਓਹ ਨਾਮ ਵਿਹੂਣੇ ਹਨ। 'ਨਾਮ' ਨਾਮ ਹੈ ਉਸ ਪ੍ਰਭੂ ਦਾ ਜੋ ਨਿਰਭਉ ਹੈ ਤੇ ਜਿਸ ਦੀ ਜੋਤਿ ਇਕਰਸ ਜਗ ਰਹੀ ਹੈ, ਭਾਵ ਜੋ ਜੀਵਨ ਦਾ ਮਾਨੋ ਸੂਰਜ ਹੈ, ਉਸ ਦਾ ਨਾਮ ਜਪਕੇ ਉਸ ਨਾਲ ਲਗਣਾ ਹੈ ਤੇ ਲਗੇ ਨੂੰ ਉਸ ਤੋਂ ਜੀਵਨ ਪ੍ਰਾਪਤ ਹੋਣਾ ਹੈ। ਜੋ ਉਸ ਨਾਲ ਨਹੀਂ ਲਗੇ ਮੁਰਦੇ ਰਹੇ। ਮੁਰਦੇ ਦੀ ਛੋਤ (ਅਪਵਿਤ੍ਰਤਾ) ਲਗਦੀ ਹੈ। ਇਸ ਪ੍ਰਕਾਰ ਦੀ ਖੋਟੀ ਮਤਿ ਵਿਚ ਜੋ ਬਿਨਸੇ, ਭਾਵ ਮਰੇ ਉਨ੍ਹਾਂ ਨੂੰ ਕੀਹ ਕਹਿ ਕਹਿਕੇ ਰੋਂਦੇ ਹੋ? ਭਾਵ ਓਹ ਤਾਂ ਅੱਗੇ ਹੀ ਮੁਰਦੇ ਸਨ, ਮੁਰਦਿਆਂ ਦੇ ਮਰਿਆਂ ਉਨ੍ਹਾਂ ਨੂੰ ਭਲਾ ਕਹਿ ਕਹਿਕੇ ਰੋਣਾ ਬ੍ਰਿਥਾ ਹੈ।

ਅੰਕ ੫-ਅੰਕ ੪ ਵਿਚ ਜੋ ਜੀਉਂਦੇ ਮੁਰਦੇ ਦੱਸੇ ਹਨ, ਰੋਣ ਵਾਲਿਆਂ ਨੂੰ ਕਹਿੰਦੇ ਹਨ ਕਿ ਇਨ੍ਹਾਂ ਲਈ ਤੁਹਾਡਾ ਰੋਣਾ ਹੋਵੇ ਤਾਂ ਸੱਚ ਬੀ ਹੈ, ਰੋਵੋ। ਰੋਣ ਵਾਲਿਆਂ ਨੂੰ ਫਿਰ ਕਹਿੰਦੇ ਹਨ ਕਿ ਤੁਸੀਂ ਜੋ ਤ੍ਰੈ ਗੁਣਾਂ ਵਿਚ ਹੋ, ਭਾਵ ਤ੍ਰਿਗੁਣਾਤੀਤ ਨਹੀਂ ਹੋਏ, ਤਾਂ ਤੁਸੀਂ ਨਿਤ ਨਿਤ ਰੋਂਦੇ ਹੀ ਰਹਿੰਦੇ ਹੋ। ਭਾਵ ਤ੍ਰੈ ਗੁਣਾਂ ਵਿਚ ਬੱਧੇ ਹੋਏ ਜੋ ਉਪਰ ਨਹੀਂ ਉਠੇ ਉਨ੍ਹਾਂ ਦੇ ਦੁਖ ਸੁਖ ਕਲਹ ਕਲੇਸ਼ ਸਭ ਰੋਣੇ ਹੀ ਹਨ; ਪਰ ਇਨ੍ਹਾਂ ਨੂੰ ਕਲਜਾਣ ਦੇਣ ਵਾਸਤੇ ਮਗਰਲੀਆਂ ਦੋ ਤੁਕਾਂ ਵਿਚ ਫੁਰਮਾਉਂਦੇ ਹਨ ਕਿ ਤੁਸੀਂ ਬੀ ਜੇ ਬਚਣਾ ਚਾਹੋ ਤਾਂ ਸਹਿਜ ਮਾਰਗ ਵਿਚ ਚਿਤ ਲਾਓ, ਭਾਵ ਨਾਮ ਜਪੋ ਤੇ ਸਹਜ ਜੋਗ ਕਮਾਓ, ਉਹ ਇਹ ਹੈ ਕਿ ਤਨ ਮਨ ਵਾਹਿਗੁਰੂ ਦੀ ਭਗਤੀ ਵਿਚ ਪਾ ਦਿਓ।

ਅੰਕ ੬-ਦੱਸਦੇ ਹਨ ਕਿ ਜੀਵ ਅਨੇਕ ਹਨ, ਪਰ ਪਰਮਾਤਮਾ ਇਕ ਹੈ। ਇਸੀ ਤਰ੍ਹਾਂ ਪਰਮਾਰਥ ਦੇ ਤਰੀਕੇ, ਸਾਧਨ ਅਨੇਕ ਹਨ, ਪਰ ਜਨਮ ਸਫਲ ਤਾਂ ਹੀ ਹੁੰਦਾ ਹੈ ਜੇ ਵਾਹਿਗੁਰੂ ਦਾ 'ਭੈ ਤੇ ਪ੍ਰੇਮ' ਸਾਧਨ ਵਿਚ ਸ਼ਾਮਲ ਹੋਵੇ। ਮੂਲ ਵਸਤੂ ਤਾਰਨਹਾਰ 'ਭੈ ਤੇ ਪ੍ਰੇਮ' ਹੈ। ਇਸ ਲਈ ਉਪਦੇਸ਼ ਕਰਦੇ ਹਨ ਕਿ ਪਰਮਾਰਥ ਮੰਡਲੀ ਵਿਚ ਮਿਲਕੇ, ਜਾਂ ਸਤਿਸੰਗੀਆਂ ਵਿਚ ਮਿਲਕੇ, ਹਰੀ ਦੇ ਗੁਣ ਗਾਓ। ਭਾਵ ਪ੍ਰੇਮਾ ਭਗਤੀ ਕਰੋ ਜੋ ਭੈ ਭਾਉ ਵਾਲੀ ਹੋਵੇ।

ਅੰਕ ੭ ਵਿਚ ਦੱਸਦੇ ਹਨ ਕਿ ਜੋ ਮਾਨੁੱਖ ਪ੍ਰੇਮਾ ਭਗਤੀ ਕਰਕੇ ਆਪਾ ਭਾਵ ਮਾਰਦਾ ਹੈ ਤਾਂ ਉਹ ਇਹ ਨਹੀਂ ਸਮਝਦਾ ਕਿ ਹੁਣ ਮੌਤ ਨੇ ਨਹੀਂ ਆਉਣਾ, ਉਹ ਜਾਣਦਾ ਹੈ ਕਿ ਸਰੀਰ ਨੇ ਤਾਂ ਮਰਨਾ ਹੈ, ਪਰ ਉਹ ਨਾਲ ਜਾਣਦਾ ਹੈ ਕਿ ਸਰੀਰ ਨੂੰ ਬੀ ਜਦੋਂ ਚਾਹੇ ਉਸ ਨੇ ਆਪ ਮਾਰਨਾ ਹੈ। ਭਾਵ ਪ੍ਰਭੂ ਦੀ ਘੱਲੀ ਮੌਤ ਉਹ ਮਿੱਤ੍ਰ* ਦੀ ਘੱਲੀ ਸ਼ੈ ਸਮਝਦਾ ਹੈ, ਫਿਰ ਉਹ ਵਿਸ਼ਾਲ ਦ੍ਰਿਸ਼ਟੀ ਕਰਕੇ ਜਾਣਦਾ ਹੈ, ਕਿ ਓਪਤ ਪਰਲੌ ਸਭ ਓਸੇ ਦਾ ਕੰਮ ਹੈ, ਮੈਂ ਕਿਉਂ ਉਦਾਸ ਹੋਵਾਂ। ਇਹ ਕਹਿਕੇ ਗੁਰੂ ਜੀ ਸੁਣਨ ਵਾਲੇ ਸ਼੍ਰੋਤੇ ਨੂੰ ਕਹਿੰਦੇ ਹਨ ਕਿ ਤੂੰ ਬੀ ਇਹ ਗੱਲ ਜਾਣ ਲੈ ਕਿ ਉਸ ਜੋਤੀ ਸਰੂਪ ਨੇ ਸ੍ਰਿਸ਼ਟਿ ਆਪੇ ਰਚੀ ਹੈ ਤੇ ਉਸ ਨਾਲ ਮਿਲਾਪ ਕਲਜਾਨ ਦਾਤਾ ਹੈ ਤੇ ਮਿਲਾਪ ਦਾ ਰਸਤਾ ਸ਼ਬਦ ਨੂੰ ਵਿਚਾਰਨ ਨਾਲ ਪ੍ਰਾਪਤ ਹੁੰਦਾ ਹੈ, ਇਹ ਗਲ ਨਿਰਸੰਸੇ ਹੈ।

(ਅ) ਕਈ ਦਾਨੇ 'ਆਪਿ ਮਰੈ' ਦਾ ਅਰਥ 'ਪਰਮੇਸ਼ੁਰ ਆਪ ਮਰੇ' ਬੀ ਕਰਦੇ ਹਨ। ਤਦੋਂ ਉਹ ਸ਼ਾਯਦ ਇਹ ਭਾਵ ਲੈਂਦੇ ਹਨ ਕਿ ਸ੍ਰਿਸ਼ਟੀ ਦੀ ਪਰਲੈ ਕਰਕੇ ਜਦ ਓਹ ਆਪ ਅਪਣੇ ਨਿਰਗੁਣ ਸਰੂਪ ਵਿਚ ਸਥਿਤ ਹੁੰਦਾ ਹੈ ਤਾਂ ਮਾਇਕ ਰਚਨਾ ਮਾਨੋਂ ਮੁੱਕ ਜਾਂਦੀ ਹੈ। ਸੋ ਮਾਇਕ ਨੁਕਤੇ ਤੋਂ ਯਾ ਮਾਇਕ ਉਦਾਲੇ ਪੁਦਾਲੇ ਤੋਂ ਯਾ ਤੱਤਾਂ ਦੇ ਮੰਡਲ ਤੋਂ ਆਪ ਨੂੰ ਆਕਰਖ ਕਰ ਲੈਂਦਾ ਹੈ। ਮਾਨੋ ਇਹ ਇਕ ਉਸ ਦੀ ਮੌਤ ਹੈ, ਹੁਣ ਓਹ ਮਾਯਾ ਸਬਲ ਨਹੀਂ, ਪਰ ਨਿਰਗੁਣ ਹੈ; ਉਂਞ ਵਾਹਿਗੁਰੂ ਤਾਂ ਹੈ:-

ਤੂ ਸਦਾ ਸਲਾਮਤਿ ਨਿਰੰਕਾਰ॥　　[ਜਪੁਜੀ-੧੭]

ਅੰਕ ੮ ਵਿਚ ਫੇਰ ਸੂਤਕ ਦਾ ਜ਼ਿਕਰ ਹੈ ਕਿ ਸੂਤਕ ਅੱਗ ਵਿਚ ਹਰ ਵੇਲੇ ਹੈ, ਗੋਹੇ ਲਕੜੀ ਨਾਲ ਬਲਦੀ ਤੇ ਵਿਚ ਕੀੜੇ ਮਰਦੇ ਹਨ, ਪਰ ਜਗਤ ਰੋਟੀ ਪਕਾਕੇ ਉਸੇ ਅੱਗ ਤੇ ਖਾਂਦਾ ਹੈ। ਇਸੇ ਤਰ੍ਹਾਂ ਜਲਾਂ ਥਲਾਂ ਵਿਚ ਜੀਵ ਮਰ ਜੰਮ ਰਹੇ ਸੂਤਕ ਪਾ ਰਹੇ ਹਨ, ਹਰ ਥਾਂ ਜਨਮ ਮਰਨ ਹੋ ਰਿਹਾ ਹੈ ਸੋ ਹਰ ਥਾਂ ਸੂਤਕ ਪੈ ਰਿਹਾ ਹੈ। ਇਹ ਸੂਤਕ ਦਾ ਭਰਮ ਬ੍ਰਿਥਾ ਹੈ, ਇਸ ਨੂੰ ਛੱਡੋ ਤੇ ਗੁਰੂ ਦੀ ਕ੍ਰਿਪਾ ਦਾ ਪਾਤ੍ਰ ਬਣਕੇ ਨਾਮ

* ਏਕਾ ਟੇਕ ਮੇਰੈ ਮਨਿ ਚੀਤ॥ ਜਿਸੁ ਕਿਛੁ ਕਰਣਾ ਸੁ ਹਮਰਾ ਮੀਤ॥ ੧॥ [ਗਉੜੀ ਮਹਲਾ ੫-੧੦੯]

ਜਪੋ, ਤੇ ਹਰੀ ਰਸ ਪੀਓ ਤੇ ਸਦਾ ਇਸ ਪਵਿਤ੍ਰਤਾ ਵਿਚ ਵੱਸੋ, ਜਿਸ ਨੂੰ ਕੋਈ ਸੂਤਕ ਕੋਈ ਅਪਵਿਤ੍ਰਤਾ ਨਹੀਂ ਲਗ ਸਕਦੀ।

(ਅ) ਇਸ ਦਾ ਭਾਵ ਐਉਂ ਬੀ ਲੈਂਦੇ ਹਨ ਕਿ ਅਗਨੀ ਤੋਂ ਮੁਰਾਦ 'ਤ੍ਰਿਸ਼ਨਾ ਦੀ ਅਗਨੀ' ਹੈ, ਜੋ ਅਸਲ ਸੂਤਕ ਹੈ, ਜੋ ਸਾਰੇ ਜਗਤ ਨੂੰ ਖਾ ਰਹੀ ਹੈ। ਇਹ ਸੂਤਕ ਸਭ ਥਾਂ ਹੈ, ਜਲਾਂ ਕਿਨਾਰੇ, ਥਲਾਂ ਲਾਗ ਤ੍ਰਿਸ਼ਨਾਲੂ ਮਾਨੁੱਖ ਰਹਿੰਦੇ ਹਨ, ਜੀਵ ਜੰਤੂ ਬੀ ਤ੍ਰਿਸ਼ਨਾ ਵਿਚ ਹਨ, ਇਸੇ ਸੂਤਕ ਵਿਚ ਹੀ ਜੰਮੀ ਮਰੀਦਾ ਹੈ। ਚਾਹੀਦਾ ਹੈ ਕਿ ਗੁਰੂ ਕ੍ਰਿਪਾ ਵਿਚ ਆਕੇ ਹਰੀ ਰਸ ਪੀਓ।

ਨਿਰੁਕ੍ਤ–ਏਕੁ–ਇਕ ਮੁਰਾਦ ਹੈ ਕਿਸੇ ਆਦਮੀ ਤੋਂ। (ਅ) ਦਾਨੇ ਇਹ ਭਾਵ ਬੀ ਲੈਂਦੇ ਆਏ ਹਨ ਕਿ ਅੰਤ੍ਰੀਵ ਭਾਵ ਹੈ-ਇਕ ਹਉਮੈਂ, ਜਿਸ ਦੇ ਮਰਨ ਨਾਲ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਰੋਂਦੇ ਹਨ; ਭਾਵ ਆਪਣੇ ਵੱਸ ਵਿਚ ਹੋ ਜਾਂਦੇ ਹਨ, ਮਾਨੋਂ ਓਹ ਕੈਦ ਪਏ ਰੋਂਦੇ ਹਨ ਕਿ ਅਸੀਂ ਬੀ ਹੁਣ ਮੋਏ। ਜਾਪਦਾ ਹੈ ਕਿ ਗੁਰੂ ਸਾਹਿਬ ਦਾ ਇਹ ਵਾਕ ਇਕ ਸ਼ਲੇਖ ਦਾ ਕਟਾਖਜ ਲਈ ਬੈਠਾ ਹੈ। ਆਪਣੇ ਅੱਖਰੀ ਅਰਥਾਂ ਵਿਚ ਕਿਸੇ ਪ੍ਰਾਣੀ ਦੀ ਮੌਤ ਦੇ ਪ੍ਰਤਖ ਦਰਸ਼ਨਾਂ ਦਾ ਲਖਾਯਕ ਹੈ। ਆਪਣੇ ਅੰਤ੍ਰੀਵ ਅਰਥਾਂ ਵਿਚ ਸਾਰੀ ਅਸਟਪਦੀ ਤੇ ਹਾਵੀ ਹੈ ਤੇ ਲਖਾਯਕ ਹੈ ਇਸ ਸਿੱਧਾਂਤ ਦਾ ਕਿ ਜੋ ਹਉਮੈਂ ਨੂੰ ਜਿੱਤ ਲਓ ਤਾਂ ਪਾਰਗਿਰਾਮੀ ਹੋ ਜਾਓਗੇ, ਜਗਤ ਦੇ ਹਰਖ ਸ਼ੋਕ ਫੇਰ ਨਹੀਂ ਵਿਆਪਣਗੇ। ਜੇ ਅਗ੍ਯਾਨੀ ਦੇ ਮੋਇਆਂ ਮਾਤਾ ਪਿਤਾ ਆਦਿ ਰੋਂਦੇ ਹਨ ਤਾਂ ਤੁਹਾਡੀ ਹਉਮੈਂ ਦੀ ਮੌਤ ਤੇ ਕਾਮ ਕ੍ਰੋਧ ਆਦਿ ਰੋ ਚੁਕੇ ਹਨ।

ਓਹੀ–ਉਸ ਨੂੰ, ਜੋ ਮਰ ਗਿਆ ਹੈ। (ਅ) ਓਹੀ ਨੂੰ ਓਹੀ ਸਮਝਕੇ ਜ਼ਨਾਨੀਆਂ ਦੇ ਪਿਟਣ ਵਾਲੇ ਪਦ ਦਾ ਅਰਥ ਐਉਂ ਕਰਦੇ ਹਨ, 'ਓਹੀ ਓਹੀ' ਕਰਕੇ ਰੋਂਦੇ ਹਨ।

ਮੂਏ ਕਉ...ਰੋਵੈ ਦੁਖੁ...–ਮੂਏ ਕਉ ਦੁਖ ਕੋਇ ਰੋਵੈ?=ਮਰ ਗਏ ਦਾ ਦੁਖ ਕੌਣ ਰੋਂਦਾ ਹੈ?

ਬੇਦਨ–[ਸੰਸ:, ਵੇਦਨਾ=ਪੀੜ] ਵੇਦਨਾ, ਪੀੜਾ, ਦੁਖ।

ਤਾਰੇ ਤਰਣਾ–ਵ੍ਯਾਖ੍ਯਾ ਵਿਚ ਵੀਚਾਰ ਆ ਚੁਕੀ ਹੈ।

ਜੈ ਜਗਦੀਸ–ਹੇ ਜਗਦੀਸ਼ ! (ਤੇਰੀ) ਜੈ ਹੋਵੇ । 'ਸ' ਮੁਕਤਾ ਸੰਬੋਧਨ ਹੈ। ਪਰ ਜੈ ਜਗਦੀਸ ਦੇ 'ਸ' ਮੁਕਤੇ ਨੂੰ ਸਬੰਧ ਕਾਰਕ ਵਿਚ ਸਮਝਕੇ ਐਉਂ ਬੀ ਅਰਥ ਲਾਉਂਦੇ ਹਨ:-ਜੀਵਤ ਭਾਵ ਤੋਂ ਮਰਨਾ (ਸ੍ਰੇਸ਼ਟ ਸਮਝਕੇ) ਜਗਦੀਸ਼ ਦੀ ਸ਼ਰਣ ਵਿਚ (ਜਾਕੇ) ਪਰਮਗਤੀ ਨੂੰ ਜੈ (=ਫਤੇ ਕਰ ਲਿਆ ਹੈ)।

ਬੋਹਿਥੁ–ਜਹਾਜ਼।　　ਨਿਰੰਤਰਿ ਜੋਤਿ–ਜਿਸਦੀ ਜੋਤਿ ਅੰਤਰੇ ਤੋਂ ਬਿਨਾਂ-ਲਗਾਤਾਰ ਹੈ। ਇਕ ਰਸ ਰਹਿਣੇ ਵਾਲਾ ਜ੍ਯੋਤੀ ਸਰੂਪ।

ਭਗਤਿ ਸਰੋਤਿ–ਭਗਤੀ ਦੀ ਕਨਸੋ, ਭਾਵ ਭਗਤੀ ਦਾ ਸੰਦੇਸ਼। ਭਗਤੀ ਦੀ ਸੋਹਣੀ ਮਤਿ ਦੀ ਆਵਾਜ਼।

ਸਚੁ–ਸਚੀ ਮੁਚੀ। (ਅ) ਜੇ ਸਚੁ ਨੂੰ ਕਰਤਾ ਕਾਰਕ ਤੇ ਮੌਤ ਨੂੰ ਵਿਸ਼ੇਸ਼ਣ ਸਮਝਕੇ ਕਹੀਏ ਕਿ ਸਚ ਰੋਂਦਾ ਹੈ ਤਾਂ 'ਮੀਤ' ਪਦ ਬਹੂ ਬਚਨ ਵਿਚ ਹੈ ਤੇ 'ਸਚੁ' ਪਦ ਇਕ ਵਚਨ ਵਿਚ।

ਤ੍ਰੈਗੁਣ–ਜੇ 'ਤ੍ਰੈ ਗੁਣ' ਨੂੰ ਕਰਤਾ ਕਾਰਕ ਸਮਝੀਏ ਤਾਂ ਅਗ੍ਯਾਨੀ ਮਰਕੇ ੧੭ ਤਰ੍ਹਾਂ ਦੇ ਲਿੰਗ ਸ਼ਰੀਰ ਵਿਚ ਹੁੰਦਾ ਹੈ, ਸੋ ਤੱਤਾਂ ਤੋਂ ਬਾਹਰ ਨਹੀਂ ਹੋਇਆ, ਤੱਤ ਕਿਉਂ ਰੋਣ? ਤ੍ਰੈਗੁਣ=ਸਤ, ਰਜ, ਤਮ। ਤ੍ਰੈਗੁਣੀ ਸੰਸਾਰ ਤੋਂ ਭਾਵ ਹੈ। (ਅ) ਜੇ ਤ੍ਰੈ ਗੁਣਾਂ ਨੂੰ ਰੋਂਦਾ ਮਿਥੀਏ ਤਾਂ ਮਰ ਗਏ ਨੂੰ ਓਹ ਕਿਉਂ ਰੋਣ, ਜੋ ਮੋਹ ਮਾਯਾ ਵਿਚ ਮਰਦੇ ਹਨ ਓਹ ਲਿੰਗ ਸ਼ਰੀਰ ਵਿਚ ਹੁੰਦੇ ਹਨ, ਸੋ ਤ੍ਰੈ ਗੁਣਾਂ ਦੇ ਵੱਸ ਵਿਚੋਂ ਅਜੇ ਨਹੀਂ ਨਿਕਲੇ।　　ਪਰਹਰਿ–ਤਿਆਗਕੇ, ਛੱਡਕੇ।

ਕ੍ਰਿਸਨ–ਪਰਮੇਸ਼ੁਰ। ਵਾਹਿਗੁਰੂ। ਇਸ ਪਦ ਦੀ ਵੀਚਾਰ ਲਈ ਦੇਖੋ ਆਸਾ ਦੀ ਵਾਰ ਦੀ ਪਉੜੀ ਬਾਰਾਂ ਦੀ ਨਿਰੁਕ੍ਤ–'ਏਕ ਕ੍ਰਿਸਨੰ '।

ਬਿਰੰਥ–'ਬਿਰਥਾ' ਤੋਂ ਬਣਿਆ ਹੈ। ਵਜਰਥ।

ਪਰਮਾਰੰਥ–'ਪਰਮਾਰਥ' ਪਦ ਤੋਂ ਬਣਿਆ ਹੈ, ਇਸ ਦੇ ਅਰਥ ਪਰਮਾਰਥ ਬੀ ਹਨ ਤੇ ਪਰਮਾਰਥੀ ਬੀ ਹਨ। ਜਾਤਿ–ਜਾਣ।

ਤੂ ਜਾਤਿ–ਤੂੰ ਜਾਣ। (ਅ) ਐਉਂ ਬੀ ਕਰਦੇ ਹਨ:–ਹੇ ਪ੍ਰਭੂ ਤੂੰ ਸ੍ਰਿਸ਼ਟੀ ਵਿਚ ਜੋਤਿ=ਰੂਹ ਬੀ ਆਪ ਹੈਂ ਤੇ ਜਾਤਿ ਬੀ ਆਪ ਹੈਂ। ਜਾਤਿ ਤੋਂ ਮੁਰਾਦ ਪ੍ਰਕ੍ਰਿਤੀ ਦੀ ਲੈਂਦੇ ਹਨ।

ਭ੍ਰਾਤਿ–[ਸੰਸ:, ਭ੍ਰਾਂਤਿ:] ਸੰਦੇਹ, ਸ਼ੱਕ, ਭਰਮ, ਗ਼ਲਤੀ।

ਭਖੈ–[ਪੰ:, ਭਖਣਾ=ਕੋਲਿਆਂ ਦਾ ਅੱਗ ਨਾਲ ਲਾਲ ਹੋ ਜਾਣਾ, ਬਲਣਾ] ਬਲਦੀ ਹੈ।

[ਆਸਾ ਮਹਲਾ ੧, ਅਸਟਪਦੀ–੫]

ਪ੍ਰਾਕ੍ਥਨ–ਇਸ ਅਸਟਪਦੀ ਵਿਚ ਦੋ ਪੁਰਖਾਂ ਦਾ ਜ਼ਿਕਰ ਹੈ, ਇਕ ਨੂੰ 'ਪੈਕਾਰੁ' ਕਿਹਾ ਹੈ, ਜਿਸ ਦਾ ਵੇਰਵਾ ਅੰਕ ੫ ਤੱਕ ਚਲਦਾ ਹੈ। ਦੂਸਰੇ ਨੂੰ 'ਮੂਰਖ' ਕਿਹਾ ਹੈ, ਜਿਸ ਦਾ ਜ਼ਿਕਰ ਤੇ ਸੁਧਾਰ ਅੰਕ ੬ ਤੋਂ ਆਰੰਭ ਹੁੰਦਾ ਹੈ ਤੇ ੮ ਤੱਕ ਮੁੱਕਦਾ ਹੈ।

ਮੂਲ	ਅਰਥ
ਰਾਗੁ ਆਸਾ ਮਹਲਾ ੧ ॥ ਆਪੁ ਵੀਚਾਰੈ ਸੁ ਪਰਖੇ ਹੀਰਾ ॥ ਏਕ ਦ੍ਰਿਸਟਿ ਤਾਰੇ ਗੁਰ ਪੂਰਾ ॥ ਗੁਰੁ ਮਾਨੈ ਮਨ ਤੇ ਮਨੁ ਧੀਰਾ ॥੧॥	(ਜੋ) ਆਪਣੇ ਆਪ ਨੂੰ ਵੀਚਾਰ ਲਏਗਾ ਉਹੀ (ਫੇਰ ਅਕਾਲ ਪੁਰਖ ਰੂਪੀ) ਹੀਰੇ (ਪ੍ਰਕਾਸ਼ ਸਰੂਪ) ਨੂੰ ਪਰਖ ਲਏਗਾ। (ਭਾਵ, ਪਹਿਲੋਂ ਆਤਮ ਤੱਤ ਨੂੰ ਅਨੁਭਵ ਕਰੇਗਾ, ਉਥੋਂ ਫੇਰ ਬ੍ਰਹਮ ਤੱਤ ਨੂੰ ਵੇਖੇਗਾ)। [ਪ੍ਰਸ਼ਨ: ਆਪੇ ਦੀ ਵੀਚਾਰ ਕਿਵੇਂ ਪ੍ਰਾਪਤ ਹੋਵੇ? ਉੱਤਰ:] (ਭਾਗ ਸ਼ੁਭ ਹੋਣ ਤਾਂ) ਪੂਰਾ ਗੁਰੂ (ਮਿਲ ਪਵੇ ਉਹ ਆਪਣੀ) ਇਕ (ਮਿਹਰ ਦੀ) ਦ੍ਰਿਸ਼ਟੀ ਨਾਲ ਤਾਰ ਦੇਂਦਾ ਹੈ, (ਪਰ ਤਾਂ ਜੇ ਸਿਖ) ਗੁਰੂ ਨੂੰ (ਗੁਰੂ ਕਰਕੇ) ਮੰਨੇ (ਤਦ ਗੁਰੂ ਦੇ) ਮਨ ਤੋਂ (ਹੀ ਸਿੱਖ ਦੇ) ਮਨ ਨੂੰ ਧੀਰਜ (ਬੱਝ ਜਾਂਦਾ) ਹੈ। (ਅਰਥਾਤ ਸਿਖ ਸ਼ਰਧਾ ਸੰਯੁਕਤ ਹੋਵੇ ਤਾਂ ਗੁਰੂ ਮਨੋ ਮਨ ਅਸਰ ਪਾਕੇ ਸਿਖ ਦੇ ਮਨ ਨੂੰ ਪਤੀਜਣਾ ਦੇ ਘਰ ਲੈ ਜਾਂਦਾ ਹੈ)॥ ੧॥
ਐਸਾ ਸਾਹੁ ਸਰਾਫੀ ਕਰੈ ॥ ਸਾਚੀ ਨਦਰਿ ਏਕ ਲਿਵ ਤਰੈ ॥੧॥ ਰਹਾਉ ॥	(ਗੁਰੂ) ਐਸਾ ਸ਼ਾਹ ਹੈ (ਭਾਵ ਦਾਤਾ ਹੈ, ਪਰ) ਸਰਾਫੀ (=ਪਛਾਣ ਬੀ) ਕਰਦਾ ਹੈ, (ਕਿ ਸਿਖ ਦੀ ਸ਼ਰਧਾ ਪਛਾਣਕੇ ਤੇ) ਸੱਚੀ ਕ੍ਰਿਪਾ ਦ੍ਰਿਸ਼ਟੀ ਕਰਕੇ ਇਕਸਾਰ ਲਿਵ (ਲੁਆ ਦੇਂਦਾ ਹੈ ਤੇ ਸਿਖ ਲਿਵ ਦੁਆਰਾ) ਤਰ ਜਾਂਦਾ ਹੈ॥ ੧॥ ਰਹਾਉ॥
ਪੂੰਜੀ ਨਾਮੁ ਨਿਰੰਜਨ ਸਾਰੁ ॥ ਨਿਰਮਲੁ ਸਾਚਿ ਰਤਾ ਪੈਕਾਰੁ ॥ ਸਿਫਤਿ ਸਹਜ ਘਰਿ ਗੁਰੁ ਕਰਤਾਰੁ ॥੨॥	(ਤਦ ਇਸ ਨਦਰ ਨਾਲ ਲਿਵ ਲਗਕੇ ਤਰੇ ਪੁਰਖ ਪਾਸ ਇਕ) ਸ੍ਰੇਸ਼ਟ ਪੂੰਜੀ (ਹੋ ਜਾਂਦੀ ਹੈ, ਜੋ ਹੈ) ਨਿਰੰਜਨ ਦਾ ਨਾਮ; (ਜਿਸ ਨਾਲ ਉਹ) ਪਵਿਤ੍ਰ (ਹੋਕੇ) ਸੱਚ ਵਿਚ ਰੱਤਾ ਰਹਿੰਦਾ ਹੈ, (ਨਾਲ ਨਾਲ ਉਹ ਸਾਈਂ ਦੀ) ਸਿਫਤ (-ਸਲਾਹ ਵਿਚ ਰੱਤਾ ਰਹਿੰਦਾ ਹੈ ਜਿਸ ਕਰਕੇ) ਸਹਿਜ ਘਰ ਵਿਚ (ਉਸ ਦਾ ਵਾਸ ਹੁੰਦਾ ਹੈ ਜਿਥੇ ਉਸ ਨੂੰ) ਕਰਤਾਰ (ਰੂਪੀ ਗੁਰੂਆਂ ਦਾ) ਗੁਰੂ (ਪ੍ਰਾਪਤ ਹੁੰਦਾ ਹੈ। ਐਸੇ ਪੁਰਖ ਨੂੰ) ਪੈਕਾਰ (=ਗੁਰਮੁਖ ਕਹੀਦਾ ਹੈ, ਭਾਵ ਨਾਮ ਤੇ ਸਿਫਤ ਸਲਾਹ ਤੇ ਸੱਚ ਉਸ ਪਾਸ ਵਾਫਰ ਹੁੰਦੇ ਹਨ)॥੨॥

ਆਸਾ ਮਨਸਾ ਸਬਦਿ ਜਲਾਏ ॥ ਰਾਮ ਨਰਾਇਣੁ ਕਹੈ ਕਹਾਏ ॥ ਗੁਰ ਤੇ ਵਾਟ ਮਹਲੁ ਘਰੁ ਪਾਏ ॥੩॥

(ਸੋ ਹੁਣ ਉਹ ਜਿਸ ਨੇ) ਗੁਰੂ ਤੋਂ (ਸ੍ਵੈ ਸਰੂਪ ਪਛਾਣਨ ਦਾ) ਰਸਤਾ ਤੇ ਘਰ (=ਨਿਜ ਸਰੂਪ ਤੇ) ਮਹਲ (=ਵਾਹਿਗੁਰੂ ਦਾ ਸਰੂਪ) ਪਾ ਲਿਆ ਏ, ਰਾਮ ਨਰਾਇਣ ਦਾ ਨਾਮ (ਆਪ ਤਾਂ) ਕਹਿੰਦਾ (ਹੀ) ਹੈ* (ਹੁਣ ਹੋਰਨਾਂ ਤੋਂ ਬੀ) ਕਹਾਏਗਾ†। (ਇਉਂ) ਸ਼ਬਦ ਦੁਆਰਾ (ਆਪਣੇ ਉਪਦੇਸ਼ੀਆਂ ਦੀਆਂ) ਆਸਾ ਤੇ ਮਨਸਾ ਸਾੜੇਗਾ॥ ੩॥

ਕੰਚਨ ਕਾਇਆ ਜੋਤਿ ਅਨੂਪੁ ॥ ਤ੍ਰਿਭਵਣ ਦੇਵਾ ਸਗਲ ਸਰੂਪੁ ॥ ਮੈ ਸੋ ਧਨੁ ਪਲੈ ਸਾਚੁ ਅਖੂਟੁ ॥੪॥

(ਉਸ ਪੈਕਾਰ ਦੀ) ਦੇਹ ਸੋਨੇ ਵਾਂਙੂ (ਸੁੰਦਰ ਤੇ ਸ਼ੁੱਧ ਭਾਵ ਨਿਰਵਿਕਾਰ) ਹੋ ਜਾਂਦੀ ਹੈ, (ਕਿਉਂਕਿ ਉਸ ਦੀ ਦੇਹ ਦੇ ਅੰਦਰ ਭਗਵਤ ਦੀ) ਸੁੰਦਰ ਜਯੋਤੀ (ਪ੍ਰਦਿਪਤ ਰਹਿੰਦੀ ਹੈ। ਬਾਹਰ ਬੀ) ਤਿੰਨਾਂ ਭਵਨਾਂ ਵਿਚ ਸਾਰੇ (ਉਸ ਨੂੰ) ਦੇਵ ਦਾ ਸਰੂਪ (ਹੀ) ਦਿੱਸਦਾ ਹੈ। (ਉਹ ਐਉਂ ਕਿਸੇ ਅਗਜਾਤ ਹਾਲਤ ਵਿਚ ਨਹੀਂ ਚਲਾ ਜਾਂਦਾ, ਉਹ ਜਾਣਦਾ ਹੈ ਕਿ) ਮੇਰੇ ਪੱਲੇ (ਹਿਰਦੇ ਵਿਚ) ਉਹ ਧਨ (ਪੈ ਗਿਆ ਹੈ) ਜੋ ਕਦੇ ਮੁੱਕਣ ਵਾਲਾ ਨਹੀਂ ਤੇ ਸਦਾ ਥਿਰ (=ਤ੍ਰੈ ਕਾਲ ਅਬਾਧ) ਹੈ॥ ੪॥

ਪੰਚ ਤੀਨਿ ਨਵ ਚਾਰਿ ਸਮਾਵੈ ॥ ਧਰਣਿ ਗਗਨੁ ਕਲ ਧਾਰਿ ਰਹਾਵੈ ॥ ਬਾਹਰਿ ਜਾਤਉ ਉਲਟਿ ਪਰਾਵੈ ॥੫॥

(ਹਾਂ, ਉਹ ਜਾਣਦਾ ਹੈ ਕਿ ਉਹ ਪਰਮਾਤਮਾ ਰੂਪੀ ਧਨ ਜੋ ਮੇਰੇ ਅੰਦਰ ਹੈ, ਸਰਬ ਬਯਾਪੀ ਬੀ ਹੈ, ਹਾਂ ਉਹੋ) ਪੰਜਾਂ (ਤੱਤਾਂ), ਤਿੰਨਾਂ (ਭਵਨਾਂ)। ਨੌਂ (ਖੰਡਾਂ ਤੇ) ਚੌਹਾਂ (ਦਿਸ਼ਾਂ ਵਿਚ) ਸਮਾ ਰਿਹਾ ਹੈ, ਧਰਤੀ ਤੇ ਅਸਮਾਨ ਨੂੰ (ਆਪਣੀ) ਸ਼ਕਤੀ ਨਾਲ ਸੰਮ੍ਹਾਲਕੇ (ਆਪਣੇ ਬੰਨ੍ਹੇ ਨਿਯਮਾਂ ਵਿਚ) ਕਾਯਮ ਰਖ ਰਿਹਾ ਹੈ, (ਜੇ ਨਿਯਮਾਂ ਤੋਂ) ਬਾਹਰ ਜਾਣਾ (ਚਾਹੁਣ ਤਾਂ ਉਨ੍ਹਾਂ ਨੂੰ ਉਨ੍ਹਾਂ ਦੀ ਮਰਜ਼ੀ ਦੇ) ਉਲਟ (ਨਿਯਮਾਂ ਵਿਚ) ਜੋੜੀ ਰਖਦਾ ਹੈ‡॥ ੫॥

[ਹੁਣ 'ਮੂਰਖ' ਦਾ, ਜੋ 'ਪੈਕਾਰ' ਵਾਂਙੂ ਦੁਰੰਦੇਸ਼ ਨਹੀਂ ਹੈ, ਜ਼ਿਕਰ ਕਰਦੇ ਹਨ, ਜੋ ਆਪਣਾ ਨੁਕਸਾਨ ਪਿਆ ਕਰਦਾ ਹੈ ਤੇ ਉਸ ਦੇ ਉਧਾਰ ਦਾ ਬੀ ਦਾਰੂ ਦੱਸਦੇ ਹਨ]

ਮੂਰਖੁ ਹੋਇ ਨ ਆਖੀ ਸੂਝੈ ॥ ਜਿਹਵਾ ਰਸੁ ਨਹੀ ਕਹਿਆ ਬੂਝੈ ॥

(ਜੋ ਆਪਣੇ ਆਪੇ ਦੀ ਵੀਚਾਰ ਨਹੀਂ ਕਰਦਾ ਉਹ) ਮੂਰਖ ਹੈ, (ਉਸ ਨੂੰ) ਅੱਖੀਂ ਨਹੀਂ ਦਿੱਸਦਾ (ਭਾਵ ਉਹ ਪ੍ਰਤੱਖ ਜਗਤ ਨੂੰ ਨਾਸ਼ਮਾਨ ਦੇਖਦਾ ਹੈ ਤੇ ਫੇਰ ਅੱਗੇ ਦਾ ਫ਼ਿਕਰ ਨਹੀਂ ਕਰਦਾ, ਇਹ ਹੈ ਸਰੀਰਕ ਅੱਖਾਂ ਦੇ ਹੁੰਦਿਆਂ ਮਨ ਦੀਆਂ ਅੱਖਾਂ ਨਾਲ ਨਾ ਦਿੱਸਣਾ)। (ਉਸ ਦੀ)

---

* ਬ੍ਰਹਮ ਗਿਆਨੀ ਕੈ ਨਾਮੁ ਅਧਾਰੁ॥ [ਸੁਖਮਨੀ, ੮-੫]

† ਬ੍ਰਹਮ ਗਿਆਨੀ ਮੁਕਤਿ ਜੁਗਤਿ ਜੀਅ ਕਾ ਦਾਤਾ॥ [ਸੁਖਮਨੀ, ੮-੮]

‡ ਅਥਵਾ-(ਪਰਮਾਤਮਾ ਸਾਡੇ ਮਨਾਂ ਨੂੰ) ਬਾਹਰ ਜਾਂਦਿਆਂ ਉਲਟਕੇ (ਫੇਰ ਆਪਣੇ ਵਿਚ) ਜੋੜੀ ਰਖਦਾ ਹੈ।

(ਅ) ਸੰਪ੍ਰਦਾਈ ਦਾਨੇ ਉਪਰਲੇ ਅਰਥ ਦੇ ਨਾਲ ਐਉਂ ਦੂਸਰਾ ਅਰਥ ਬੀ ਲਾਉਂਦੇ ਹਨ, ਜਿਸ ਵਿਚ ਇਹ ਅੰਕ ਪਿਛੇ ਕਹੇ ਅੰਕਾਂ ਨਾਲ ਹੀ ਜੋੜ ਖਾਂਦਾ ਹੈ:-(ਜਿਸ ਦੇ ਪੱਲੇ ਉਹ ਧਨ ਹੁੰਦਾ ਹੈ ਉਹ) ਪੰਜਾਂ (ਕਾਮ ਆਦਿਕਾਂ) ਨੂੰ, ਤਿੰਨਾਂ (ਗੁਣਾਂ) ਨੂੰ, ਨੌ (ਗੋਲਕਾਂ) ਨੂੰ, ਚਾਰਾਂ (ਹਰਖ, ਸ਼ੋਕ, ਰਾਗ, ਦ੍ਵੈਖ) ਨੂੰ ਸਮਾ ਦੇਂਦਾ ਹੈ (ਭਾਵ ਮੁਕਾ ਦੇਂਦਾ ਹੈ ਫੇਰ ਇਨ੍ਹਾਂ ਦੇ ਵੱਸ ਵਿਚ ਨਹੀਂ ਪੈਂਦਾ), ੩. (ਜੇ ਮਨ) ਬਾਹਰ (ਮੁਖ ਹੋ) ਟੁਰੇ (ਤਾਂ ਉਸ ਨੂੰ) ਉਲਟਾਕੇ (ਮੁੜ ਮੁੜ) ਜੋੜਦਾ ਹੈ, (ਉਸ ਵਿਚ ਜੋ) ਧਰਤੀ ਤੇ ਅਕਾਸ਼ ਨੂੰ ਆਪਣੀ ਸ਼ਕਤੀ ਨਾਲ ਧਾਰਨ ਕਰੀ ਤੇ ਥੰਮ੍ਹੀ ਰਖਦਾ ਹੈ, (ਭਾਵ ਨਿਯਮਾਂ ਵਿਚ ਟੋਰਦਾ ਹੈ)। 'ਬਾਹਰਿ ਜਾਤਉ ਉਲਟਿ ਪਰਾਵੈ' ਦਾ ਸਿੱਧਾ ਭਾਵ ਇਸ ਦੂਜੇ ਅਰਥ ਨੂੰ ਵਿਸ਼ੇਸ਼ਤਾ ਦੇਂਦਾ ਹੈ।

ਰਸਨਾਂ ਵਿਚ ਰਸ ਨਹੀਂ ਹੁੰਦਾ, (ਭਾਵ ਫਿੱਕਾ ਯਾ ਕੌੜਾ ਬੋਲਦਾ ਹੈ। ਕਹੀ ਗੱਲ ਨੂੰ ਸਮਝਦਾ ਨਹੀਂ (ਭਾਵ ਉਪਦੇਸ਼ ਦਿਓ ਤਾਂ ਕੰਨ ਨਹੀਂ ਧਰਦਾ। ਮਾਇਆ ਤੇ ਵਿਸ਼ਿਆਂ ਦੀ) ਜ਼ਹਿਰ ਵਿਚ ਮਸਤਿਆ ਹੋਇਆ ਜਗਤ ਨਾਲ (ਭਾਵ ਜਣੇ ਖਣੇ ਨਾਲ) ਝਗੜੇ ਸਹੇੜਦਾ ਹੈ॥ ੬॥

ਬਿਖੁ ਕਾ ਮਾਤਾ ਜਗ ਸਿਉ ਲੂਝੈ ॥੬॥

[ਪ੍ਰਸ਼ਨ: ਕੀ ਇਹ ਮੂਰਖ ਸਦਾ ਲਈ ਮਾਰਿਆ ਗਿਆ? ਉੱਤਰ: ਨਹੀਂ ਇਹ ਬੀ ਉੱਤਮ ਹੋ ਸਕਦਾ ਹੈ ਜੇ] ਉੱਤਮ ਸੰਗਤ ਵਿਚ ਬੈਠੇਗਾ ਤਾਂ ਉੱਤਮ ਹੋ ਜਾਏਗਾ। (ਜੇ) ਅਵਗੁਣਾਂ ਨੂੰ ਧੋ ਧੋ ਕੇ ਦੂਰ ਕਰੇਗਾ (ਭਾਵ ਪਛੁਤਾਵੇ ਵਾਲੇ ਦਿਲ ਨਾਲ, ਨੈਣਾਂ ਦੇ ਜਲ ਨਾਲ ਔਗੁਣਾਂ ਨੂੰ ਧੋ ਕਢੇਗਾ ਅਤੇ ਪਾਪਾਂ ਨਾਲ ਭਰੀ ਮਤਿ ਨੂੰ ਨਾਮ ਨਾਲ ਸਫਾ ਕਰੇਗਾ* ਤੇ) ਗੁਣਾਂ ਦੇ ਮਗਰ ਭੱਜੇਗਾ (ਤਾਂ ਉੱਤਮ ਹੋ ਜਾਏਗਾ। ਭਾਵ ਸਤਿ, ਸੰਤੋਖ, ਦਇਆ, ਧਰਮ, ਹਰੀ ਕੀਰਤਨ, ਨਾਮ ਆਦਿ ਧਾਰਨ ਕਰੇ। ਪਰ ਇਸ ਅਮਲ ਲਈ ਗੁਰੂ ਦੀ ਲੋੜ ਹੈ, ਕਿਉਂਕਿ) ਗੁਰੂ ਦੀ ਸੇਵਾ ਕੀਤੇ ਬਿਨਾਂ ਸਹਜ ਪ੍ਰਾਪਤ ਨਹੀਂ ਹੁੰਦਾ (ਭਾਵ ਸਫਲ ਗਯਾਨ ਦੀ ਅਵਸਥਾ ਪ੍ਰਾਪਤ ਨਹੀਂ ਹੁੰਦੀ। ਜੋ ਅਵਸਥਾ ਉਪਰ ਪੈਕਾਰ ਦੀ ਕਹਿ ਆਏ ਹਨ, ਉਹ ਮੂਰਖ ਨੂੰ ਪ੍ਰਾਪਤ ਹੋ ਜਾਏਗੀ ਜੇ ਉਹ ਗੁਰੂ ਦੀ ਸੰਗਤਿ ਕਰੇ, ਆਗਯਾ ਮੰਨੇ ਤੇ ਆਤਮਿਕ ਗੁਣ ਧਾਰਨ ਕਰੇ)॥ ੭॥

ਊਤਮ ਸੰਗਤਿ ਊਤਮੁ ਹੋਵੈ ॥

ਗੁਣ ਕਉ ਧਾਵੈ ਅਵਗਣ ਧੋਵੈ ॥

ਬਿਨੁ ਗੁਰ ਸੇਵੇ ਸਹਜੁ ਨ ਹੋਵੈ ॥੭॥

[ਹੁਣ ਆਪ ਉਹ ਆਤਮਿਕ ਗੁਣ ਦੱਸਦੇ ਹਨ:] ਹੇ ਨਾਨਕ! (ਪਰਮੇਸ਼ੁਰ ਦਾ) ਨਾਮ (ਇਕ) ਹੀਰਾ ਹੈ, ਜਵਾਹਰ ਹੈ, ਲਾਲ ਹੈ, (ਜੀਵ ਦਾ) ਮਨ (ਜੋ) ਮੋਤੀ ਹੈ, (ਭਾਵ ਮੋਤੀ ਵਰਗਾ ਸ਼ੁੱਧ ਹੈ ਨਾਮ ਰੂਪੀ ਹੀਰਾ) ਉਸ ਦਾ ਮਾਲ ਹੈ। (ਜਿਸ ਪਾਸ ਏਹ ਹੋਣ ਵਾਹਿਗੁਰੂ) ਪਰਖ ਲੈਂਦਾ ਹੈ ਤੇ ਨਦਰ ਨਿਹਾਲ ਕਰ ਦੇਂਦਾ ਹੈ†॥ ੮॥ ੫॥

ਹੀਰਾ ਨਾਮੁ ਜਵੇਹਰ ਲਾਲੁ ॥ ਮਨੁ ਮੋਤੀ ਹੈ ਤਿਸ ਕਾ ਮਾਲੁ ॥ ਨਾਨਕ ਪਰਖੈ ਨਦਰਿ ਨਿਹਾਲੁ ॥੮॥੫॥

ਵ੍ਯਾਖ੍ਯਾ–ਜਾਪਦਾ ਹੈ ਕਿ ਆਪ ਦੇ ਹਜ਼ੂਰ ਅੰਕ ਛੇ ਵਿਚ ਦੱਸੇ ਕਿਸੇ ਮਾਇਆ ਪ੍ਰੇਮੀ ਹੋਕੇ, ਅੱਗੇ ਦੇ ਗਯਾਨ ਤੋਂ ਖਾਲੀ, ਕੌੜ ਬਚਨੀਏ ਤੇ ਲੜਾਕੇ ਹੋ ਗਏ ਵਡੇ ਪੁਰਖ ਦਾ ਜ਼ਿਕਰ ਆਇਆ ਹੈ ਤੇ ਉਸ ਦੇ ਟਾਕਰੇ ਤੇ ਕਿਸੇ ਗੁਰੂ ਦੇ ਤਾਰੇ ਬਖਸ਼ੇ ਹੋਏ ਮਹਾਂ ਪੁਰਖ ਦਾ ਜ਼ਿਕਰ ਹੈ। ਗੁਰੂ ਜੀ ਨੇ, ਜੋ ਪਵਿਤ੍ਰ ਗਲਾਂ ਉਸ ਵੇਲੇ ਕੀਤੀਆਂ, ਸੋ ਇਸ ਸ਼ਬਦ ਵਿਚ ਲਿਖੀਆਂ ਹਨ ਕਿ ਸਾਰੇ ਸਮਿਆਂ ਲਈ ਰਾਹਨੁਮਾਈ ਹੋਵੇ। ਪਹਿਲਾਂ ਅੰਕ ੧ ਤੇ ਰਹਾਉ ਵਿਚ ਗੁਰੂ ਦੀ ਮਿਹਰ ਲਈ ਹੈ, ਜਿਸ ਦੀ ਨਦਰ ਹੀ ਸੁਖ ਦੇਂਦੀ ਹੈ। ਗੁਰੂ (ਸਾਹੁ=) ਦਾਤਾ ਦੱਸਿਆ ਹੈ, ਫੇਰ ਕਿਹਾ ਉਹ ਸਰਾਫ ਬੀ ਹੈ। ਸਰਾਫ ਪਰਖ ਕੇ ਮੁੱਲ ਦੇਂਦਾ ਹੈ। ਸੋ ਗੁਰੂ ਸਿਖ ਦੀ ਸ਼ਰਧਾ ਤੇ ਤ੍ਰੁੱਠਦਾ ਹੈ। 'ਗੁਰ ਮਾਨੈ' ਕਹਿਕੇ ਸਿਖ ਵਿਚ ਗੁਰੂ ਮੇਹਰ ਨੂੰ ਗ੍ਰਹਿਣ ਕਰਨੇ ਵਾਲੀ ਸ਼ਰਧਾ ਵਾਲੇ ਰੁਖ਼ ਦਾ ਜ਼ਿਕਰ ਕੀਤਾ ਹੈ, ਯਥਾ ਵਾਕ ਹੈ:–

---

* ਭਰੀਐ ਮਤਿ ਪਾਪਾ ਕੈ ਸੰਗਿ॥ ਓਹ ਧੋਪੈ ਨਾਵੈ ਕੈ ਰੰਗਿ॥ [ਜਪੁਜੀ-੨੦]

† (ਅ) ਸੰਪ੍ਰਦਾ ਵਾਲੇ ਦਾਨੇ ਇਸ ਦਾ ਵੇਰਵਾ ਬੀ ਕਰਦੇ ਹਨ:–'ਨਾਮ' ਹੀਰਾ ਹੈ, 'ਗਿਆਨ' ਜਵਾਹਰ ਹੈ, 'ਪ੍ਰੇਮ' ਲਾਲ ਹੈ, 'ਕਰੁਣਾ, ਮੈਤ੍ਰੀ, ਮੁਦਤਾ, ਉਪੇਖ੍ਯਾ' ਮਨੁ=ਮਣੀਆਂ ਹਨ, 'ਵੈਰਾਗ' ਮੋਤੀ ਹੈ। ਇਹ ਸਾਰੇ ਉਸ ਦਾ ਧਨ ਹਨ। ਜਿਸ ਪਾਸ ਹੋਣ, ਵਾਹਿਗੁਰੂ ਪਰਖ ਕਰ ਲੈਂਦਾ ਹੈ ਤੇ ਆਪਣੀ ਨਦਰ ਨਾਲ ਨਿਹਾਲ ਕਰ ਦੇਂਦਾ ਹੈ।

ਊਧੈ ਭਾਂਡੈ ਕਛੁ ਨ ਸਮਾਵੈ ਸੀਧੈ ਅੰਮ੍ਰਿਤੁ ਪਰੈ ਨਿਹਾਰ॥　　[ਗੂਜਰੀ ਮ: ੧, ਅਸਟ:-੨]

'ਗੁਰੁ ਮਾਨੈ' ਕਹਿਕੇ ਸਿਖ ਦੇ ਹਿਰਦੇ ਰੂਪੀ ਭਾਂਡੇ ਦਾ ਸਿੱਧਾ ਹੋਣਾ ਜਤਾਇਆ ਹੈ।

ਅੰਕ ੨ ਵਿਚ ਉਸ ਨੂੰ ਪੈਕਾਰ ਕਿਹਾ ਹੈ। ਫਾਰਸੀ ਵਿਚ ਇਸ ਪਦ ਦੇ ਅਰਥ 'ਲੜਾਈ ਤੇ ਸੰਕਲਪ' ਹੈ। ਪੰਜਾਬੀ ਵਿਚ ਕਦੇ ਨਿਆਰੀਏ ਨੂੰ ਕਹਿੰਦੇ ਸਨ ਜੋ ਸੁਆਹ ਰੇਤ ਤੋਂ ਸੋਨਾ ਅਲੱਗ ਕਰ ਲਵੇ। ਅੰਮ੍ਰਿਤਸਰ ਵਰਗੇ ਵਪਾਰੀ ਸ਼ਹਿਰਾਂ ਵਿਚ ਛੋਟੇ ਵਪਾਰੀਆਂ ਨੂੰ ਪੈਕਾਰ ਆਖਦੇ ਹਨ ਜੋ ਸ਼ਾਹਾਂ ਤੋਂ ਮਾਲ ਲੈਕੇ ਬਾਹਰ ਜਾ ਵੇਚਦੇ ਹਨ। ਏਹ ਅਕਸਰ ਬੜੀ ਪਛਾਣ ਵਾਲੇ, ਵਾਕਫੀ ਵਾਲੇ ਤੇ ਦਾਨੇ ਹੁੰਦੇ ਹਨ; ਆਮ ਭਾਵ ਸਿਆਣੇ ਤੇ ਚਤੁਰ ਪੁਰਖ ਤੋਂ ਹੈ। ਅੰਕ ਛੇ ਵਿਚ ਜਿਸ ਨੂੰ 'ਮੂਰਖ' ਕਿਹਾ ਹੈ, ਉਸ ਦੇ ਉਲਟ ਲੱਛਣ 'ਪੈਕਾਰ' ਦੇ ਕਹੇ ਹਨ ਤਾਂ ਮਤਲਬ ਅਸਲੀ ਪਰਮਾਰਥੀ ਦਾਨੇ ਤੋਂ ਹੈ ਤੇ ਲੱਛਣ ਦੱਸਦੇ ਹਨ ਕਿ ਭਾਵ 'ਗੁਰਮੁਖ' ਤੋਂ ਹੈ।

ਅੰਕ ੩ ਵਿਚ ਉਸੇ ਦੇ ਲੱਛਣ ਜਾਰੀ ਹਨ। ਪਰ ਇਕ ਲੱਛਣ ਵਿਸ਼ੇਸ਼ ਉਸ ਦੇ ਅੱਗੋਂ ਨਾਮ ਜਪਾਉਣ ਦਾ ਹੈ। ਕਿ ਉਹ ਗੁਰੂ ਤੋਂ ਦਾਤ ਲੈਕੇ ਗੁਰਮੁਖ ਹੋਕੇ ਫੇਰ ਨਾਮ ਦਾਨ ਕਰਦਾ ਹੈ। ਅੰਕ ੫ ਤਕ ਉਸੇ ਦੇ ਲੱਛਣ ਤੇ ਕਰਨੀ ਕਹੀ ਹੈ। 'ਮੈ ਸੋ ਧਨੁ ਪਲੈ........' ਤੁਕ ਦੇ ਦਾਨੇ ਇਹ ਭਾਵ ਬੀ ਲੈਂਦੇ ਹਨ ਕਿ ਗੁਰੂ ਜੀ ਫੁਰਮਾਉਂਦੇ ਹਨ ਕਿ ਉਹ ਧਨ 'ਮੇਰੇ' ਪੱਲੇ ਵਿਚ ਹੈ। ਪਰ ਜਾਪਦਾ ਹੈ ਕਿ ਉਸੇ ਪੁਰਖ ਦੀ ਅੰਤ੍ਰੀਵ ਦ੍ਰਿੜਤਾ ਵਲ ਸੈਨਤ ਹੈ, ਕਿ ਉਹ ਇਸ ਨਿਸਚੇ ਵਿਚ ਹੁੰਦਾ ਹੈ ਕਿ ਮੇਰੇ ਪਾਸ ਉਹੀ ਸਚਾ ਧਨ ਹੈ।

ਅੰਕ ੫ ਵਿਚ ਗੇਣਤੀ ਹੈ। ਇਸ ਦੇ ਦਾਨੇ ਦੋ ਤਰ੍ਹਾਂ ਅਰਥ ਕਰਦੇ ਹਨ, ਸੋ ਦੁਇ ਪਿਛੇ ਅਰਥਾਂ ਵਿਚ ਤੇ ਟੂਕ ਵਿਚ ਨਿਰੂਪਣ ਹੋ ਚੁਕੇ ਹਨ।

ਅੰਕ ੬ ਵਿਚ ਪੈਕਾਰ ਦੇ ਉਲਟ ਮੂਰਖ ਦੇ ਲੱਛਣ ਹਨ। ਭਾਵ ਵਿਚ ਗ਼ਾਫ਼ਲ ਮਨੁਖ ਦੇ ਯਾ ਸਾਈਂ ਵਲੋਂ ਬੇਮੁਖ ਤੇ ਮਨਮੁਖ ਦੇ ਲੱਛਣ ਹਨ।

ਅੰਕ ੭ ਵਿਚ ਉਸ ਮੂਰਖ ਦੇ ਸੁਧਾਰ ਦੀ ਜਾਚ ਦੱਸੀ ਹੈ। ਕੋਈ ਮਤਾਂ ਵਾਲੇ ਆਖਦੇ ਹਨ ਕਿ ਪਾਪ ਕਰਨ ਕਰਕੇ ਮਨੁੱਖ ਸਦਾ ਲਈ ਦੰਡਿਆ ਜਾਂਦਾ ਹੈ, ਪਰ ਗੁਰੂ ਜੀ ਦੱਸਦੇ ਹਨ ਕਿ ਹਰ ਪਾਪੀ ਬੀ ਤਰ ਸਕਦਾ ਹੈ, ਰਬ ਜੀ ਦਾ ਰਹਿਮ 'ਗੇਣਤੀ ਵਿਚ ਆ ਸਕਣ ਵਾਲੇ ਕਰਮਾਂ' ਦੀ ਸਜ਼ਾ 'ਸਦੈਵੀ' ਨਹੀਂ ਬਣਾ ਸਕਦਾ; ਇਸ ਲਈ ਮੂਰਖ, ਮਨਮੁਖ, ਗ਼ਾਫ਼ਲ, ਪਾਪੀ ਦਾ ਜਦ ਜ਼ਿਕਰ ਕਰਦੇ ਹਨ ਨਾਲ ਹੀ ਉਸ ਦੇ ਸੁਧਾਰ ਦੀ ਜਾਚ ਲਿਖ ਦੇਂਦੇ ਹਨ।

ਅੰਕ ੮ ਵਿਚ ਬੀ ਉਹੋ ਵਿਸ਼ਯ ਹੈ। ਇਸ ਵਿਚ ਨਾਮ ਦੀ ਮਹਿਮਾ ਹੈ, ਜੋ ਸੰਖੇਪ ਵਾਂਙੂ ਸਾਰੀ ਗਲ ਬਾਤ ਦਾ ਨਿਚੋੜ ਦੱਸਿਆ ਹੈ: ਨਾਮ ਰੂਪੀ ਜਵਾਹਰਾਤ ਨੂੰ ਧਾਰਨ ਕਰੋ, ਇਸੇ ਨਾਮ ਉਤੇ ਟਿਕਿਆਂ ਨਦਰ ਹੋਣੀ ਹੈ। ਇਸ ਅੰਕ ਦੀ ਅਰਥ ਵੀਚਾਰ ਪਿਛੇ ਅਰਥਾਂ ਹੇਠ ਟੂਕ ਵਿਚ ਆ ਚੁਕੀ ਹੈ।

ਨਿਰੁਕ੍ਤ- ਹੀਰਾ-ਹੀਰਾ [ਸੰਸ:, ਹੀਰੰ] ਇਕ ਬਹੁਤ ਅਮੋਲਕ ਰਤਨ ਹੈ। ਰੰਗ ਚਿੱਟਾ ਤੇ ਬਹੁਤ ਕਰੜਾ ਹੁੰਦਾ ਹੈ। ਇਹ ਸ਼ੀਸ਼ੇ ਨੂੰ ਚੀਰ ਸਕਦਾ ਹੈ। ਇਸ ਦੀ ਇਕ ਕਾਲੀ ਝਾਲ ਵਾਲੀ ਕਿਸਮ ਹੈ ਜਿਸ ਨੂੰ ਫਰਕ ਕਰਨ ਲਈ 'ਅਲਮਾਸ' ਕਹਿ ਲੈਂਦੇ ਹਨ। ਹੀਰੇ ਤੇ ਕੱਚ ਆਦਿ ਨੂੰ ਛੇਕ ਪਾਉਣ ਲਈ ਇਸ ਅਲਮਾਸ ਦੇ ਮੂੰਹ ਬਣਦੇ ਹਨ ਜੋ ਵਰਮਿਆਂ ਅਗੇ ਲਾਉਂਦੇ ਹਨ। ਨਿਰਮਲਤਾ, ਸ੍ਵੱਛਤਾ, ਅਮੋਲਕਤਾ ਦੇ ਦ੍ਰਿਸ਼ਟਾਂਤ ਲਈ ਇਹ ਪਦ ਵਰਤਦੇ ਹਨ। ਇਸ ਸ਼ਬਦ ਵਿਚ ਦੋ ਵੇਰ ਇਹ ਪਦ ਆਇਆ ਹੈ, ਪਹਿਲੀ ਸਤਰ ਵਿਚ ਇਸ ਦੀ ਮੁਰਾਦ 'ਅਕਾਲ ਪੁਰਖ' ਹੈ। ਅਖੀਰਲੇ ਅੰਕ ਵਿਚ ਸਪਸ਼ਟ ਤੌਰ ਤੇ ਨਾਮ ਨੂੰ ਹੀਰਾ ਕਿਹਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੋਰਥੇ ਬੀ ਏਹ ਦੁਇ ਵਰਤਾਉ ਇਸ ਪਦ ਦੇ ਆਏ ਹਨ। ਯਥਾ: ਅਕਾਲ ਪੁਰਖ ਵਾਸਤੇ:-

ਹਰਿ ਸੋ ਹੀਰਾ ਛਾਡਿਕੈ ਕਰਹਿ ਆਨ ਕੀ ਆਸ॥　　[ਸਲੋਕ ਕਬੀਰ -੨੪੨]

ਪੁਨਾ:-ਮਨਿ ਤਨਿ ਹਿਰਦੈ ਰਵਿ ਰਹਿਆ ਹਰਿ ਹੀਰਾ ਹੀਰੁ॥　　[ਵਾਰ ਸੂਹੀ ਮ: ੩-੧੦]

ਨਾਮ ਲਈ-ਇਸੇ ਸ਼ਬਦ ਵਿਚ 'ਹੀਰਾ ਨਾਮੁ ਜਵੇਹਰ ਲਾਲੁ' ਲਿਖਿਆ ਹੈ।

ਪੁਨਾ:- ਹਰਿ ਕੇ ਨਾਮ ਕੇ ਬਿਆਪਾਰੀ॥
ਹੀਰਾ ਹਾਥਿ ਚੜਿਆ ਨਿਰਮੋਲਕੁ ਛੂਟਿ ਗਈ ਸੰਸਾਰੀ॥ [ਕੇਦਾਰਾ ਕਬੀਰ ਜੀ-੨]

ਗੁਰੁ ਮਾਨੈ-ਗੁਰੂ ਨੂੰ ਮੰਨਦਾ ਹੈ, ਗੁਰੂ ਵਿਚ ਸ਼ਰਧਾ ਧਾਰਨ ਕਰਦਾ ਹੈ। ਗੁਰੂ ਨੂੰ ਗੁਰੂ ਤਸਲੀਮ ਕਰਦਾ ਹੈ।

ਸਾਹੁ- ਵਡਾ ਵਪਾਰੀ ਜੋ ਛੋਟਿਆਂ ਨੂੰ ਉਧਾਰ ਦੇਂਦਾ ਹੈ, ਵੱਖਰ ਦੇਕੇ ਵਣਜ ਨੂੰ ਬਦੇਸੀਂ ਟੋਰਦਾ ਹੈ।

ਸਰਾਫੀ-ਸਰਾਫ ਦਾ ਕੰਮ। ਸੋਨੇ ਚਾਂਦੀ ਆਦਿ ਦੀ ਸੁਦਾਗਰੀ ਤੇ ਪਰਖ।

ਸਰਾਫੀ ਕਰੈ-ਸੋਨੇ ਚਾਂਦੀ ਆਦਿ ਦੀ ਪਰਖ ਤੇ ਵਣਜ ਕਰੇ। ਪਰਖ ਕਰੇ ਚਾਹੋ ਸੋਨੇ ਆਦਿ ਦੀ, ਚਾਹੋ ਗੁਣਾਂ ਦੇ ਅਧਿਕਾਰ ਦੀ।

ਪੂੰਜੀ-[ਸੰਸ:, ਪੁੰਜਿ:=ਢੇਰ, ਸਮੂਹ] ਰਾਸ। ਧਨ, ਜਿਸ ਨਾਲ ਸੁਦਾਗਰੀ ਤੇ ਵਾਪਾਰ ਕਰੀਏ।

ਸਾਰੁ-ਸ੍ਰੇਸ਼ਟ। ਪੈਕਾਰੁ-ਪੈਕਾਰ, ਚਤੁਰ ਵਾਪਾਰੀ। ਏਥੇ ਭਾਵ ਹੈ ਗੁਰਮੁਖ । ਹੋਰ ਵੀਚਾਰ ਵਜਾਖਜਾ ਵਿਚ ਆ ਚੁਕੀ ਹੈ।

ਸਹਜ ਘਰਿ - ਸਹਜ ਅਵਸਥਾ । ਆਤਮ ਟਿਕਾਉ ਦੀ ਹਾਲਤ, ਗਜਾਨ ਅਖਸਥਾ।

ਕਹੈ ਕਹਾਏ-(ਆਪ) ਉਚਾਰਨ ਕਰਦਾ (ਯਾ ਜਪਦਾ ਹੈ ਤੇ ਹੋਰਨਾਂ ਤੋਂ) ਜਪਾਉਂਦਾ ਹੈ।

ਵਾਟ-[ਸੰਸ:, ਵਾਟ:] ਰਸਤਾ, ਭਾਵ ਉਹ ਰਸਤਾ ਯਾ ਉਪਰਾਲਾ ਜੋ ਨਿਜ ਸਰੂਪ ਦੇ ਗਜਾਨ ਤਕ ਲੈ ਜਾਏ ਤੇ ਅਗੋਂ ਵਾਹਿਗੁਰੂ ਵਿਚ। ਦੇਵਾ-ਦੇਵ। ਪ੍ਰਭੂ।

ਤ੍ਰਿਭਵਣ ਦੇਵਾ ਸਗਲ ਸਰੂਪੁ-ਸਗਲ ਤ੍ਰਿਭਵਣ ਦੇਵ ਸਰੂਪ (ਦਿੱਸਦਾ ਹੈ)।

'ਪੰਚ ਤੀਨਿ....'-ਇਹ ਗੇਣਤੀ ਦੋ ਤਰ੍ਹਾਂ ਹੁੰਦੀ ਹੈ। ਦੁਇ ਵੇਰਵੇ ਟੀਕੇ ਤੇ ਉਸ ਦੇ ਹੇਠਲੀ ਟੂਕ ਵਿਚ ਦੇ ਆਏ ਹਾਂ। ਪਰਾਵੈ-ਮੋੜਦਾ ਹੈ।

ਹੀਰਾ ਨਾਮੁ ਜਵੇਹਰ ਲਾਲੁ-ਪਿੱਛੇ ਅਰਥਾਂ ਵਿਚ ਵਿਚਾਰ ਆ ਚੁਕੀ ਹੈ। ਉਪਰ ਨਿਰੁਕ੍ਤ ਦੇ ਪਹਿਲੇ ਪਦ 'ਹੀਰਾ' ਵਿਚ ਬੀ ਹੀਰੇ ਦੀ ਵੀਚਾਰ ਆ ਚੁਕੀ ਹੈ। ਹੀਰਾ ਚਿੱਟੇ ਰੰਗ ਦਾ ਰਤਨ ਹੁੰਦਾ ਹੈ। ਲਾਲ ਦਾ ਰੰਗ ਲਾਲ ਹੁੰਦਾ ਹੈ, ਇਸ ਦਾ ਅ਼ਰਬੀ ਰੂਪ ਲਾਅ਼ਲ ਹੈ। ਇਸ ਨੂੰ ਪੰਜਾਬੀ ਵਿਚ ਤੇ ਸੰਸਕ੍ਰਿਤ ਵਿਚ ਮਾਣਕ ਬੀ ਆਖਦੇ ਹਨ। ਜਵਾਹਰ ਅ਼ਰਬੀ ਪਦ ਹੈ, ਜੋ ਜੌਹਰ ਦਾ ਬਹੁਬਚਨ ਹੈ। ਜੌਹਰ, ਗੌਹਰ ਦਾ ਅ਼ਰਬੀ ਰੂਪ ਹੈ। ਗੌਹਰ ਨਾਮ ਮੋਤੀ ਦਾ ਹੈ। ਜਵੇਹਰ ਰੂਪ ਲਹਿੰਦੀ ਪੰਜਾਬੀ ਵਿਚ ਜਵਾਹਰ ਦਾ ਹੈ। ਜਵਾਹਰ ਦਾ ਹੁਣ ਭਾਵ ਉਹੀ ਹੁੰਦਾ ਹੈ ਜੋ ਰਤਨ ਦਾ ਭਾਵ ਹੈ। ਕੋਈ ਕੀਮਤੀ ਪੱਥਰ ਜੋ ਰਤਨ ਹੈ। ਕਈ ਵਾਰ ਜਵੇਹਰ ਤੇ ਜਵਾਹਰਾਤ ਜੜਾਊ ਗਹਿਣਿਆਂ ਤੇ ਰਤਨਾਂ ਦੇ ਬਣੇ ਸਮਾਨ ਨੂੰ ਬੀ ਕਹਿ ਲੈਂਦੇ ਹਨ।

ਨਾਮ ਲਾਲ ਹੈ, ਹੀਰਾ ਹੈ, ਜਵਾਹਰਾਤ ਹੈ। ਇਨ੍ਹਾਂ ਵਾਂਙੂ ਸ੍ਵੱਛ, ਨਿਰਮਲ, ਮੈਲਾ ਨਾ ਹੋ ਸਕਣ ਵਾਲਾ, ਟੁੱਟ ਨਾ ਸਕਣ ਵਾਲਾ ਤੇ ਵਡਮੁੱਲਾ ਪਦਾਰਥ ਹੈ।

[ਆਸਾ ਮਹਲਾ ੧, ਅਸਟਪਦੀ-੬]

ਪ੍ਰਾਕ੍ਕਥਨ-ਗੁਰੂ ਦੁਆਰਾ ਪ੍ਰੇਮਾ ਭਗਤੀ ਦੀ ਪ੍ਰਾਪਤੀ ਤੇ ਗ਼ਾਫ਼ਲਾਂ ਦੀ ਅੰਤ ਮਾੜੀ ਦਸ਼ਾ ਦਾ ਨਿਰੂਪਣ ਹੈ।

ਮੂਲ	ਅਰਥ
ਆਸਾ ਮਹਲਾ ੧ ॥ ਗੁਰਮੁਖਿ ਗਿਆਨੁ ਧਿਆਨੁ ਮਨਿ ਮਾਨੁ ॥ ਗੁਰਮੁਖਿ ਮਹਲੀ ਮਹਲੁ ਪਛਾਨੁ ॥ ਗੁਰਮੁਖਿ ਸੁਰਤਿ ਸਬਦੁ ਨੀਸਾਨੁ ॥੧॥	[ਗੁਰੂ ਤੋਂ ਪ੍ਰੇਮਾ ਭਗਤੀ ਦੀ ਪ੍ਰਾਪਤੀ ਦਾ ਨਿਰੂਪਣ ਕਰਦੇ ਹਨ:] ਗੁਰੂ ਤੋਂ ਗਿਆਨ, ਧਿਆਨ ਤੇ ਮਨ ਵਿਚ ਤਸੱਲੀ (ਆਉਂਦੀ) ਹੈ। (ਫੇਰ) ਗੁਰੂ ਦੁਆਰਾ ਹੀ ਪਰਮੇਸ਼ੁਰ ਦੇ ਸਰੂਪ ਦੀ ਪਛਾਣ (ਪੈਦਾ ਹੁੰਦੀ ਹੈ)। ਗੁਰੂ ਦੁਆਰਾ ਹੀ ਸੁਰਤਿ ਵਿਚ ਸ਼ਬਦ ਦੀ ਪ੍ਰਗਟਤਾਈ ਹੁੰਦੀ ਹੈ॥ ੧॥
ਐਸੇ ਪ੍ਰੇਮ ਭਗਤਿ ਵੀਚਾਰੀ ॥ ਗੁਰਮੁਖਿ ਸਾਚਾ ਨਾਮੁ ਮੁਰਾਰੀ ॥੧॥ ਰਹਾਉ ॥	੨. ਗੁਰਦੁਆਰਾ ਹੀ ਵਾਹਿਗੁਰੂ ਦਾ ਸੱਚਾ ਨਾਮ (ਪ੍ਰਾਪਤ ਹੁੰਦਾ) ਹੈ। ੧. ਇਸ ਪ੍ਰਕਾਰ ਪ੍ਰੇਮਾ ਭਗਤੀ ਦੀ ਵੀਚਾਰ ਕਰੀਦੀ ਹੈ (ਭਾਵ ਏਹ ਹਨ ਲੱਛਣ ਪ੍ਰੇਮਾ ਭਗਤੀ ਦੇ)॥ ੧॥ ਰਹਾਉ॥
ਅਹਿਨਿਸਿ ਨਿਰਮਲੁ ਥਾਨਿ ਸੁਥਾਨੁ ॥ ਤੀਨ ਭਵਨ ਨਿਹਕੇਵਲ ਗਿਆਨੁ॥ ਸਾਚੇ ਗੁਰ ਤੇ ਹੁਕਮੁ ਪਛਾਨੁ ॥੨॥	[ਹੁਣ ਪ੍ਰੇਮਾ ਭਗਤੀ ਨੂੰ ਪ੍ਰਾਪਤ ਹੋਏ ਪੁਰਖ ਦੀ ਸੁਖ ਅਵਸਥਾ ਦਿਖਾਲਦੇ ਹਨ:] (ਐਉਂ ਸਿਖ ਜਦ) ਸੱਚੇ ਗੁਰੂ ਤੋਂ ਹੁਕਮ ਦੀ ਪਛਾਣ (ਸਿਖ ਲੈਂਦਾ ਤਾਂ ਉਹ) ਦਿਨ ਰਾਤ ਥਾਨਾਂ ਤੋਂ ਸ਼ੁਭ ਥਾਨ ਵਿਚ (ਭਾਵ ਨਿਜ ਸਰੂਪ ਵਿਚ ਜੋ) ਨਿਰਮਲ (ਪਵਿਤ੍ਰ) ਹੈ (ਟਿਕਿਆ ਰਹਿੰਦਾ ਹੈ, ਉਸ ਨੂੰ ਤਦ) ਤਿੰਨਾਂ ਲੋਕਾਂ ਦਾ ਸ਼ੁੱਧ ਗਿਆਨ (ਪ੍ਰਾਪਤ ਹੁੰਦਾ) ਹੈ॥ ੨॥
ਸਾਚਾ ਹਰਖੁ ਨਾਹੀ ਤਿਸੁ ਸੋਗੁ ॥ ਅੰਮ੍ਰਿਤੁ ਗਿਆਨੁ ਮਹਾ ਰਸੁ ਭੋਗੁ ॥ ਪੰਚ ਸਮਾਈ ਸੁਖੀ ਸਭੁ ਲੋਗੁ ॥੩॥	ਉਸ ਨੂੰ ਸੱਚੀ ਖੁਸ਼ੀ (ਪ੍ਰਾਪਤ ਹੁੰਦੀ ਹੈ ਤੇ) ਗ਼ਮੀ (ਕੋਈ) ਨਹੀਂ (ਵਾਪਰਦੀ)। ਗਿਆਨ ਰੂਪੀ ਅੰਮ੍ਰਿਤ (ਉਸ ਨੂੰ ਪੀਣੇ ਲਈ ਮਿਲਦਾ) ਹੈ (ਤੇ) ਆਤਮਾਨੰਦ (ਰੂਪੀ ਭੋਜਨ) ਖਾਣੇ ਲਈ ਮਿਲਦਾ ਹੈ। (ਉਸ ਦੇ) ਪੰਜਾਂ (ਵੈਰੀਆਂ, ਕਾਮ ਕ੍ਰੋਧ ਆਦਿ) ਦੀ ਸਮਾਈ (ਭਾਵ ਵਿਨਾਸ਼ਤਾ ਹੋ ਜਾਂਦੀ ਹੈ ਤੇ) ਸਾਰਾ ਲੋਗ (ਭਾਵ ਅੰਦਰ ਦੀਆਂ ਬ੍ਰਿਤੀਆਂ ਆਦਿ) ਸੁਖੀ ਹੋ ਜਾਂਦਾ ਹੈ* ॥ ੩॥
ਸਗਲੀ ਜੋਤਿ ਤੇਰਾ ਸਭੁ ਕੋਈ ॥ ਆਪੇ ਜੋੜਿ ਵਿਛੋੜੇ ਸੋਈ ॥ ਆਪੇ ਕਰਤਾ ਕਰੇ ਸੁ ਹੋਈ ॥੪॥	[ਹੁਣ ਕਰਤਾਰ ਦੇ ਹੁਕਮ ਵਿਚ ਸਭ ਕੁਛ ਹੋ ਰਿਹਾ ਦਿਖਾਲਦੇ ਹਨ:] ਸਾਰੀ (ਸ੍ਰਿਸ਼ਟੀ ਵਿਚ ਤੇਰੀ) ਜੋਤ ਵਜ਼ਾਪਕ ਹੈ, ਤੇ ਸਭ ਕੋਈ ਤੇਰਾ (ਹੀ ਆਪਣਾ) ਹੈ, (ਤੂੰ) ਆਪੇ ਹੀ ਜੋੜਦਾ ਹੈਂ ਤੇ ਉਹੋ (ਤੂੰ) ਵਿਛੋੜਦਾ (ਬੀ) ਹੈਂ, (ਤੂੰ ਹੇ) ਕਰਤਾਰ ! ਆਪੇ (ਜੋ ਕੁਛ) ਕਰਦਾ ਹੈਂ ਸੋ ਹੁੰਦਾ ਹੈ॥ ੪॥
ਢਾਹਿ ਉਸਾਰੇ ਹੁਕਮਿ ਸਮਾਵੈ ॥ ਹੁਕਮੋ ਵਰਤੈ ਜੋ ਤਿਸੁ ਭਾਵੈ ॥ ਗੁਰ ਬਿਨੁ ਪੂਰਾ ਕੋਇ ਨ ਪਾਵੈ ॥੫॥	(ਜਗਤ ਨੂੰ ਤੂੰ ਹੀ) ਢਾਹੁੰਦਾ (ਤੇ ਮੁੜ) ਉਸਾਰਦਾ ਹੈਂ (ਤੇ) ਹੁਕਮ ਦੁਆਰਾ (ਆਪਣੇ ਵਿਚ) ਸਮਾ ਲੈਂਦਾ ਹੈ। ਹਾਂ ਜੋ ਉਸ ਨੂੰ ਭਾਉਂਦਾ ਹੈ (ਉਸ ਦੇ ਆਪਣੇ) ਹੁਕਮ ਤੋਂ ਹੀ ਵਰਤਦਾ ਹੈ (ਭਾਵ ਹੁੰਦਾ ਹੈ। ਪਰ) ਗੁਰੂ ਤੋਂ ਬਿਨਾ ਪੂਰਾ (ਪਦ ਭਾਵ ਮੁਕਤੀ) ਕੋਈ ਨਹੀਂ ਪਾ ਸਕਦਾ॥ ੫॥
ਬਾਲਕ ਬਿਰਧਿ ਨ ਸੁਰਤਿ ਪਰਾਨਿ	[ਹੁਣ ਗ਼ਾਫ਼ਲ ਤੇ ਨਾਮ ਵਿਹੂਣਿਆਂ ਦੀ ਮਾੜੀ ਦਸ਼ਾ ਦਿਖਾਲਦੇ ਹਨ:] (ਪਰਾਨਿ=) ਪ੍ਰਾਣੀ (ਭਾਵ ਮਨੁੱਖ ਨੂੰ) ਬਾਲਕਪਨੇ ਵਿਚ

* ਐਉਂ ਬੀ ਲਾਉਂਦੇ ਹਨ: ਸਭ ਲੋਗਾਂ ਤੋਂ ਸੁਖੀ ਹੋ ਜਾਂਦੇ ਹਨ ਪਰ 'ਲੋਗੁ' ਨੂੰ ਔਂਕੁੜ ਹੈ।

ਭਰਿ ਜੋਬਨਿ ਬੂਡੈ ਅਭਿਮਾਨਿ ॥ ਬਿਨੁ ਨਾਵੈ ਕਿਆ ਲਹਸਿ ਨਿਦਾਨਿ ॥੬॥

ਸਮਝ ਨਹੀਂ ਹੁੰਦੀ, ਬੁਢਾਪੇ ਵਿਚ (ਬੀ ਸਮਝ ਮਾਰੀ ਜਾਂਦੀ ਹੈ, ਤੇ ਜਦੋਂ) ਭਰੇ ਜੋਬਨ ਵਿਚ (ਹੁੰਦਾ ਹੈ ਤਾਂ) ਅਹੰਕਾਰ ਵਿਚ ਡੁਬਾ ਰਹਿੰਦਾ ਹੈ (ਸੋ ਤਿੰਨਾਂ ਅਵਸਥਾ ਵਿਚ ਨਾਮ ਤੋਂ ਵਿਰਵਾ ਰਿਹਾ ਹੁਣ) ਅੰਤ ਨੂੰ ਨਾਮ ਵਿਹੂਣਾ ਕੀਹ (ਸੁਖ) ਪ੍ਰਾਪਤ ਕਰੇਗਾ? ॥ ੬ ॥

ਜਿਸ ਕਾ ਅਨੁ ਧਨੁ ਸਹਜਿ ਨ ਜਾਨਾ॥ਭਰਮਿ ਭੁਲਾਨਾ ਫਿਰਿ ਪਛੁਤਾਨਾ॥ ਗਲਿ ਫਾਹੀ ਬਉਰਾ ਬਉਰਾਨਾ ॥੭॥

(ਕਿਉਂਕਿ) ਜਿਸ ਦਾ (ਦਿੱਤਾ) ਅੰਨ (ਖਾਂਦਾ ਤੇ) ਧਨ (ਵਰਤਦਾ ਰਿਹਾ ਉਸ ਨੂੰ) ਸਹਜ (ਗਿਆਨ ਦੁਆਰਾ ਕਦੇ) ਨਾ ਪਛਾਣਿਆ, (ਸਗੋਂ ਸਾਰੀ ਉਮਰ) ਭਰਮ ਵਿਚ ਭੁੱਲਾ ਹੀ ਰਿਹਾ, ਫੇਰ (=ਅੰਤ ਸਮੇਂ) ਪਛੋਤਾਵਾ (ਹੀ) ਮਿਲਿਆ, (ਪਰ ਕੀਹ ਲਾਭ? ਹੁਣ ਜਮ ਦੀ) ਫਾਹੀ ਗਲੇ ਪੈ ਗਈ ਤੇ ਬਾਵਰਾ ਹੋ ਹੋ ਕੇ ਘਾਬਰਦਾ ਹੈ॥ ੭॥

ਬੂਡਤ ਜਗੁ ਦੇਖਿਆ ਤਉ ਡਰਿ ਭਾਗੇ ॥ ਸਤਿਗੁਰਿ ਰਾਖੇ ਸੇ ਵਡਭਾਗੇ ॥ ਨਾਨਕ ਗੁਰ ਕੀ ਚਰਣੀ ਲਾਗੇ ॥੮॥੬॥

[ਹੁਣ ਫੇਰ ਗੁਰਮੁਖਾਂ ਦਾ ਹਾਲ ਦੱਸਦੇ ਹਨ ਕਿ ਓਹ ਕੀਕੂੰ ਬਚੇ] (ਜਿਨ੍ਹਾਂ ਭਲਿਆਂ ਨੇ) ਜਗਤ ਨੂੰ (ਐਉਂ) ਡੁਬਦੇ ਵੇਖਿਆ ਤਾਂ (ਉਹ) ਡਰਕੇ ਉੱਠ ਨੱਠੇ ਤੇ ਗੁਰੂ ਕੇ ਚਰਣਾਂ ਨੂੰ ਜਾ ਲੱਗੇ, ਸੋ ਹੇ ਨਾਨਕ (ਜੋ ਸ਼ਰਣ ਆਏ) ਸਤਿਗੁਰੂ ਨੇ ਰਖ ਲਏ, ਓਹ ਵਡੇ ਭਾਗਾਂ ਵਾਲੇ ਹੋ ਗਏ॥ ੮ ॥ ੬ ॥

ਵ੍ਯਾਖ੍ਯਾ-ਅੰਕ ੧ ਤੋਂ ੩ ਦੇ ਅੰਤ ਤਕ ਪ੍ਰੇਮਾ ਭਗਤੀ ਦੀ ਪ੍ਰਾਪਤੀ ਗੁਰੂ ਮੇਹਰ ਤੋਂ ਦੱਸੀ ਹੈ ਤੇ ਉਸ ਵਿਚ ਪ੍ਰੇਮਾ ਭਗਤੀ ਦੇ ਲੱਛਣ ਬੀ ਨਿਰੂਪਣ ਹੋ ਗਏ ਹਨ। ਪ੍ਰੇਮੀ ਭਗਤ ਦੀ ਅਵਸਥਾ ਤੇ ਉਸ ਨੂੰ ਪ੍ਰਾਪਤ ਹੋਏ ਸੁਖ ਤੇ ਉੱਚ ਪਦਵੀ ਬੀ ਵਰਣਨ ਹੋ ਗਈ ਹੈ।

ਅੰਕ ੪ ਤੇ ੫ ਵਿਚ ਦਿਖਾਲਦੇ ਹਨ ਕਿ ਜੋ ਕੁਛ ਹੋ ਰਿਹਾ ਹੈ ਹੁਕਮ ਵਿਚ ਹੋ ਰਿਹਾ ਹੈ। ਇਸ ਵਿਚ ਇਹ ਸੈਨਤ ਬੀ ਹੈ ਕਿ ਜੋ ਕੁਛ ਗੁਰੂ ਜਗਤ ਨਿਸਤਾਰਨ ਲਈ ਕਰ ਰਿਹਾ ਹੈ, ਉਹ ਬੀ ਓਸੇ ਦੇ ਹੁਕਮ ਵਿਚ ਹੈ। ਅੰਤਲੀ ਤੁਕ ਵਿਚ ਫੁਰਮਾਉਂਦੇ ਹਨ ਕਿ ਚਾਹੋ ਸਭ ਕੁਛ ਹੁਕਮ ਵਿਚ ਹੋ ਰਿਹਾ ਹੈ, ਪਰ ਗੁਰੂ ਤੋਂ ਬਿਨਾ ਕੋਈ ਪੂਰਾ ਪਦ ਪ੍ਰਾਪਤ ਨਹੀਂ ਕਰ ਸਕਦਾ। ਗੋਇਆ ਗੁਰੂ ਤੇ ਪਰਮੇਸ਼ੁਰ ਦੋਹਾਂ ਦੀ ਲੋੜ ਦੱਸੀ, ਪਰ ਗੁਰੂ ਨੂੰ ਕਰਤਾਰ ਦੇ ਹੁਕਮ ਵਿਚ ਦੱਸਿਆ।

ਅੰਕ ੬ ਤੇ ੭ ਵਿਚ- ਜਗਤ ਕਿਵੇਂ ਭਵ ਸਾਗਰ ਵਿਚ ਡੁਬਦਾ ਹੈ, ਗੁਰੂ ਦੀ ਸ਼ਰਣ ਨਹੀਂ ਲੈਂਦਾ, ਕਰਤਾ ਪੁਰਖ ਵੱਲ ਨਹੀਂ ਮੁੜਦਾ, ਇਹ ਸਾਰਾ ਕੁਛ ਉਸ ਦੀਆਂ ਤ੍ਰੈ ਹੀ ਉਮਰਾ ਦੀ ਗ਼ਾਫ਼ਲੀ ਕਰਕੇ ਦੱਸਿਆ ਤੇ ਉਸ ਦਾ ਅੰਤ ਪਛੋਤਾਵਾ, ਤੇ ਕਾਲ ਦੀ ਫਾਹੀ ਤੇ ਬਉਰੀ ਅਵਸਥਾ ਦਿਖਾਈ।

ਅੰਕ ੮ ਵਿਚ ਦੱਸਿਆ ਕਿ ਜਿਨ੍ਹਾਂ ਭਲੇ ਪੁਰਖਾਂ ਨੇ ਇਨ੍ਹਾਂ ਜਗਤ ਜੀਵਾਂ ਦੀ ਬਾਵਰੀ ਹਾਲਤ ਤੇ ਪਛੋਤਾਵੇ ਸੁਣੇ, ਦੇਖੇ, ਸਮਝੇ, ਓਹ ਭੱਜਕੇ ਗੁਰੂ ਦੀ ਸ਼ਰਣ ਪੈ ਗਏ। ਭਾਵ ਭੈ ਖਾਕੇ ਹੋਸ਼ ਵਿਚ ਆ ਗਏ। ਚਾਹੋ ਦੇਖਣਾ ਉਹਨਾਂ ਦਾ ਦੁਖੀਆਂ ਨੂੰ ਆਪ ਸੀ, ਯਾ ਸੰਤਾਂ ਮਹਾਤਮਾਂ ਯਾ ਧਰਮ ਪੁਸਤਕਾਂ ਤੋਂ ਸੁਣਕੇ ਸਮਝਿਆ ਸੀ, ਸੋ ਭੈ ਆਇਆ ਤੇ ਸ਼ਰਣ ਲਈ। ਫੇਰ ਉਹ 'ਗੁਰੂ ਅਨੁਗ੍ਰਹ' ਨਾਲ ਉਸ ਰਸਤੇ ਪੈ ਗਏ, ਜਿਸ ਨੂੰ ਪ੍ਰੇਮਾ ਭਗਤੀ ਕਿਹਾ ਹੈ, ਤੇ ਜਿਸ ਦਾ ਨਿਰੂਪਣ ਇਸੇ ਸ਼ਬਦ ਦੇ ਪਹਿਲੇ ੩ ਅੰਕਾਂ ਵਿਚ ਕਰ ਆਏ ਹਨ। 'ਸਤਿਗੁਰ ਰਾਖੇ' ਦਾ ਭਾਵ ਇਹ ਹੈ ਕਿ ਸਤਿਗੁਰ ਨੇ ਇਸ ਸ਼ਬਦ ਵਿਚ ਦੱਸੀ ਪ੍ਰੇਮਾ ਭਗਤੀ ਵਿਚ ਲਾ ਦਿੱਤਾ ਤੇ ਸਿਰੇ ਚਾੜ੍ਹ ਦਿਤਾ।

ਨਿਰੁਕ੍ਤ- ਗੁਰਮੁਖਿ-ਗੁਰੂ ਦੁਆਰਾ। (ਅ) ਏਥੇ ਗੁਰਮੁਖ ਦਾ ਅਰਥ 'ਗੁਰੂ ਸਨਮੁਖ ਮਹਾਂ ਪੁਰਖ' ਅਰਥ ਕਰਕੇ ਬੀ ਅਰਥ ਭਾਵ ਢੁਕਾ ਲੈਂਦੇ ਹਨ। ਗੁਰਮੁਖ ਦੁਆਰਾ ਗਿਆਨ ਤੇ ਨਿਸ਼ਾ ਖ਼ਾਤਰ

ਮਿਲਦੀ ਹੈ। (ੲ) ਗੁਰਮੁਖ ਗਿਆਨ ਧਿਆਨ ਤੇ ਮਨ ਦੀ ਤਸੱਲੀ ਵਾਲਾ ਹੁੰਦਾ ਹੈ।

ਮਨਿ ਮਾਨੁ-ਮਨ ਵਿਚ ਪ੍ਰਸੰਨ ਹੋ ਜਾਣ ਦੀ ਦਸ਼ਾ। ਤਸੱਲੀ, ਨਿਸ਼ਾ ਖ਼ਾਤਰ, ਪਤੀਜਨਾ।

ਮਹਲੀ- [ਅ:, ਮਹੱਲ=ਧੌਲਰ] ਮਹਲਾਂ ਦਾ ਮਾਲਕ। ਭਾਵ ਹੈ ਸਚਖੰਡ ਵਾਲਾ, ਵਾਹਿਗੁਰੂ।

ਮਹਲੁ-ਮਹੱਲ। ਭਾਵ ਹੈ ਸਰੂਪ।　　ਮਹਲੀ ਮਹਲੁ-ਪਰਮੇਸ਼ੁਰ ਦੇ ਸਰੂਪ (ਦੀ ਪਛਾਣ)।

ਸੁਰਤਿ ਸਬਦੁ-ਸੁਰਤ ਵਿਚ ਸ਼ਬਦ (ਦਾ ਨੀਸਾਨੁ=) ਪ੍ਰਗਟਤਾਈ। ਸੁਰਤ ਵਿਚ ਸ਼ਬਦ ਦਾ ਲਗਾਤਾਰੀ ਵਾਸਾ।

ਮੁਰਾਰੀ- [ਦੇਖੋ ਪੰਨਾ ੧੫੮੧] ਮੁਰ ਰਾਖਸ਼ ਦਾ ਸ਼ਤਰੂ, ਭਾਵ ਹੈ ਅਕਾਲ ਪੁਰਖ।]

ਅਹਿਨਿਸਿ-ਦਿਨ ਰਾਤ।

ਤੀਨ ਭਵਨ- [ਸੰਸ:, ਤ੍ਰਿਭੁਵਨੰ=ਤਿਨ ਲੋਕ] ਤਿੰਨ ਘਰ ਭਾਵ ਹੈ ਤਿੰਨ ਲੋਕ।

ਨਿਹਕੇਵਲ-ਮੂਲੋਂ ਹੀ ਕੇਵਲ। ਬਿਲਕੁਲ ਸ਼ੁਧ। ਨਿਹ=ਵਿਸ਼ੇਸ਼ ਕਰਕੇ। ਕੇਵਲ=ਯੋਗ ਵਿਚ 'ਪੁਰਖ' ਪ੍ਰਕ੍ਰਿਤੀ ਤੋਂ ਮੂਲੋਂ ਅਲੱਗ ਹੋ ਜਾਣਾ 'ਕੈਵਲ' ਹੈ, ਇਸ ਲਈ ਕੇਵਲ ਦਾ ਭਾਵ ਸ਼ੁੱਧ ਹੈ। 'ਨਿਹਕੇਵਲ ਗਿਆਨੁ' ਦਾ ਭਾਵ ਪਰਮ ਸ਼ੁੱਧ ਗਿਆਨ ਹੈ।

ਹਰਖੁ- [ਸੰਸ:, ਹਰ੍ਖ:] ਖ਼ੁਸ਼ੀ।

ਭੋਗੁ-ਜੋ ਭੋਗਿਆ ਜਾਏ, ਖੁਰਾਕ। (ਅ) ਜਿਸ ਦੇ ਪੰਜ ਸਮਾ ਗਏ ਉਸ ਤੋਂ ਸਭ ਲੋਗ ਸੁਖੀ ਹੋ ਗਏ, ਕਿਉਂਕਿ ਉਹ ਹੁਣ ਰਾਗ ਦ੍ਵੈਖ ਤੋਂ ਰਹਿਤ ਹੋ ਗਿਆ ਹੈ।

ਲੋਗੁ-ਲੋਕੀ। ਭਾਵ ਸਰੀਰ ਦੇ ਅੰਦਰ ਦੀਆਂ ਬ੍ਰਿਤੀਆਂ ਆਦਿ ਦੇ ਸਮੂਹ ਤੋਂ ਹੈ।

ਸਮਾਈ-ਸਮਾ ਜਾਣੇ ਦੀ ਦਸ਼ਾ। ਭਾਵ ਹੈ ਵਿਨਾਸ਼।

ਪਰਾਨਿ- [ਸੰਸ:, ਪ੍ਰਾਣੀ] ਪਰਾਨੀ। ਪ੍ਰਾਣੀ। ਮਾਨੁਖ। (ਅ) ਪਰਾਇਣ।

ਸੁਰਤਿ ਪਰਾਨਿ-ਸੁਰਤਿ ਪਰਾਇਣ। ਭਾਵ ਹੈ ਅਕਲ ਵਾਲੇ ਨਾ ਹੋਏ।

ਅਨੁ ਧਨੁ-ਅੰਨ=ਅਨਾਜ, ਧਨ=ਦੌਲਤ। ਭਾਵ ਹੈ ਮਾਲ ਧਨ।

ਸਹਜਿ- [ਵਿਸ਼ੇਸ਼ ਦੇਖੋ ਪੰਨਾ ੨੬੯] ਸਹਿਜ ਦੁਆਰਾ, ਸਹਿਜ ਅਵਸਥਾ ਦੁਆਰਾ, ਗਿਆਨ ਦੁਆਰਾ।

[ਆਸਾ ਮਹਲਾ ੧, ਅਸਟਪਦੀ-੭]

ਪ੍ਰਾਕ੍ਥਨ-ਝੂਠ ਤੇ ਅਨੀਤੀ ਵਾਲੇ ਮਨਾਂ ਦੇ ਗੀਤ ਗਾਇਨ ਮਨ ਨੂੰ ਧੀਰਜ ਨਹੀਂ ਦੇਂਦੇ। ਮਨ ਦਾ ਧੀਰਜ ਨਾਮ ਤੋਂ ਹੁੰਦਾ ਹੈ।

ਮੂਲ	ਅਰਥ
ਆਸਾ ਮਹਲਾ ੧॥ **ਗਾਵਹਿ ਗੀਤੇ ਚੀਤਿ ਅਨੀਤੇ ॥** **ਰਾਗ ਸੁਣਾਇ ਕਹਾਵਹਿ ਬੀਤੇ ॥** **ਬਿਨੁ ਨਾਵੈ ਮਨਿ ਝੂਠੁ ਅਨੀਤੇ ॥੧॥**	[ਮਨਮੁਖਾਂ ਦੇ, ਜੋ ਨਾਮ ਹੀਣੇ ਹਨ, ਗੀਤ ਗਯਾਨ ਬੇਅਸਰ ਹਨ ਤੇ ਉਨ੍ਹਾਂ ਦੇ ਪਾਸ ਸੁਣਨੇ ਲਈ ਜਾਣਾ ਨਿਸ਼ਫਲ ਹੈ] (ਏਹ ਬਾਹਰੋਂ ਤਾਂ) ਗੀਤ ਗਾਉਂਦੇ ਹਨ, (ਪਰ) ਚਿਤ ਵਿਚ ਅਨੀਤੀਆਂ (ਪਾਪ ਵਾਸ਼ਨਾ ਭਰੀਆਂ ਪਈਆਂ) ਹਨ। (ਏਹ ਲੋਕ) ਰਾਗ (ਮਾਤ੍ਰ) ਸੁਣਾਕੇ (ਆਪਨੂੰ) ਕਹਾਉਂਦੇ ਹਨ ਗਿਆਨੀ*।

* 'ਬੀਤੇ' ਪਦ ਦੂਸਰਾ ਰੂਪ ਹੈ 'ਬੇਤੇ' ਦਾ। ਬੇਤੇ ਦਾ ਅਰਥ ਹੈ ਜਾਣਨ ਵਾਲਾ, ਗਯਾਨੀ। ਯਥਾ:-
ਕਬਹੂ ਬੇਤਾ ਬ੍ਰਹਮ ਬੀਚਾਰ॥ [ਸੁਖਮਨੀ, ੧੧-੫॥ ।ਪੁਨਾ:-ਕਈ ਕੋਟਿ ਤਤ ਕੇ ਬੇਤੇ॥ [ਸੁਖਮਨੀ, ੧੦-੮]

(ਏਹ ਲੋਕ) ਨਾਮ ਵਿਹੂਣੇ ਹਨ, (ਇਸ ਕਰਕੇ) ਮਨ ਵਿਚ ਝੂਠ ਤੇ ਪਾਪ ਵਾਸ਼ਨਾ (ਭਰੀਆਂ ਪਈਆਂ ਹਨ)॥ ੧॥

ਕਹਾ ਚਲਹੁ ਮਨ ਰਹਹੁ ਘਰੇ ॥ ਗੁਰਮੁਖਿ ਰਾਮ ਨਾਮਿ ਤ੍ਰਿਪਤਾਸੇ ਖੋਜਤ ਪਾਵਹੁ ਸਹਜਿ ਹਰੇ ॥੧॥ ਰਹਾਉ ॥

ਹੇ ਮੇਰੇ ਮਨ! (ਐਸੇ ਲੋਕਾਂ ਦੇ ਗੀਤ ਸੁਣਨ ਲਈ) ਕਿਥੇ ਜਾਣਾ ਈਂ, (ਆਪਣੇ) ਘਰ ਹੀ ਟਿਕਿਆ ਰਹੁ, ਗੁਰੂ ਦੁਆਰਾ (ਪ੍ਰਾਪਤ) ਰਾਮ ਨਾਮ ਨਾਲ (ਹੀ) ਤ੍ਰਿਪਤ ਹੋ ਜਾਏਂਗਾ, (ਅਤੇ ਆਪਣੇ ਅੰਦਰ ਹੀ) ਖੋਜਦਿਆਂ ਸਹਿਜੇ ਹੀ ਹਰੀ ਨੂੰ ਪਾ ਲਵੇਂਗਾ॥ ੧॥ ਰਹਾਉ॥

ਕਾਮੁ ਕ੍ਰੋਧੁ ਮਨਿ ਮੋਹੁ ਸਰੀਰਾ ॥ ਲਬੁ ਲੋਭੁ ਅਹੰਕਾਰੁ ਸੁ ਪੀਰਾ ॥ ਰਾਮ ਨਾਮ ਬਿਨੁ ਕਿਉ ਮਨੁ ਧੀਰਾ ॥੨॥

(ਇਨ੍ਹਾਂ ਗੀਤ ਗਾਇਕਾਂ ਦੇ) ਸਰੀਰਾਂ ਤੇ ਮਨਾਂ ਵਿਚ ਕਾਮ, ਕ੍ਰੋਧ, ਲਬ, ਲੋਭ, ਮੋਹ ਤੇ ਅਹੰਕਾਰ (ਵਿਆਪ ਰਹੇ ਹਨ) ਸੋ (ਇਨ੍ਹਾਂ ਨੂੰ) ਪੀੜਾ (ਦੇ ਰਹੇ ਹਨ। ਉਹ ਪੀੜਾ ਮਨ ਦੇ ਅਧੀਰਜੀ ਹੋਣ ਦੀ ਹੈ ਤੇ ਇਹ ਨਿਯਮ ਹੈ ਕਿ) ਰਾਮ ਦੇ ਨਾਮ ਬਿਨਾਂ ਮਨ ਨੂੰ ਧੀਰਜ ਨਹੀਂ ਆਉਂਦਾ* ॥ ੨॥

ਅੰਤਰਿ ਨਾਵਣੁ ਸਾਚੁ ਪਛਾਣੈ ॥ ਅੰਤਰ ਕੀ ਗਤਿ ਗੁਰਮੁਖਿ ਜਾਣੈ ॥ ਸਾਚ ਸਬਦ ਬਿਨੁ ਮਹਲੁ ਨ ਪਛਾਣੈ ॥੩॥

[ਮਨਮੁਖ ਗਾਯਕਾਂ ਦੀ ਵਿੱਥਿਆ ਦੱਸਕੇ ਹੁਣ ਗੁਰਮੁਖ ਦੇ ਲੱਛਣ ਦੱਸਦੇ ਹਨ, ਜਿਸ ਦੀ ਸੁਹਬਤ ਤਾਰਨਹਾਰ ਹੁੰਦੀ ਹੈ] (ਪਰ ਜਿਸ ਨੂੰ) ਅੰਦਰ ਦਾ ਇਸ਼ਨਾਨ (ਪ੍ਰਾਪਤ ਹੈ ਉਹ) ਸੱਚ ਨੂੰ ਪਛਾਣਦਾ ਹੈ, ਉਹੀ ਗੁਰਮੁਖ (ਹੁੰਦਾ ਹੈ, ਉਹੀ) ਅੰਦਰ ਦੀ ਗਤੀ ਨੂੰ ਜਾਣਦਾ ਹੈ (ਕਿ) ਸੱਚੇ ਸ਼ਬਦ ਦੀ (ਪ੍ਰਾਪਤੀ) ਬਿਨਾ ਸਰੂਪ ਨੂੰ (ਕੋਈ) ਨਹੀਂ ਪਛਾਣ ਸਕਦਾ॥ ੩॥

ਨਿਰੰਕਾਰ ਮਹਿ ਆਕਾਰੁ ਸਮਾਵੈ ॥ ਅਕਲ ਕਲਾ ਸਚੁ ਸਾਚਿ ਟਿਕਾਵੈ ॥ ਸੋ ਨਰੁ ਗਰਭ ਜੋਨਿ ਨਹੀ ਆਵੈ ॥੪॥

(ਹਾਂ,) ਉਹ ਪੁਰਖ ਗਰਭ ਜੂਨੀ ਵਿਚ ਨਹੀਂ ਆਵੇਗਾ ਜੋ (ਪ੍ਰਭੂ ਵਿਚ ਜੋ) ਕਲਾ (ਧਾਰਕੇ ਜਗਤ ਰਚਦਾ ਹੈ ਤੇ ਫੇਰ ਆਪ ਅਕਲ=) ਕਲਾ ਰਹਿਤ (ਰਹਿੰਦਾ ਹੈ ਅਰਥਾਤ ਜੋ ਸਦਾ) ਸਚ ਸਰੂਪ ਹੈ (ਉਸ ਵਿਚ ਆਪ ਨੂੰ) ਸਚ ਦੁਆਰਾ† ਟਿਕਾ ਦੇਵੇ। (ਇਉਂ ਟਿਕਕੇ ਉਸ) ਨਿਰਾਕਾਰ (ਪ੍ਰਭੂ) ਵਿਚ (ਆਪਣਾ) ਆਕਾਰ (=ਵਜੂਦ ਹੀ) ਸਮਾ ਦੇਵੇ॥ ੪॥

ਜਹਾਂ ਨਾਮੁ ਮਿਲੈ ਤਹ ਜਾਉ ॥ ਗੁਰ ਪਰਸਾਦੀ ਕਰਮ ਕਮਾਉ ॥ ਨਾਮੇ ਰਾਤਾ ਹਰਿ ਗੁਣ ਗਾਉ ॥੫॥

(ਇਸ ਲਈ ਮੈਂ ਤਾਂ) ਜਿਥੇ ਨਾਮ ਮਿਲਦਾ ਹੋਵੇ ਓਥੇ ਜਾਵਾਂਗਾ, (ਅਨੀਤੀ ਵਾਲੇ ਗੀਤਕਾਂ ਦੇ ਨਹੀਂ ਜਾਵਾਂਗਾ)। ਗੁਰੂ ਦੀ ਕਿਰਪਾ ਨਾਲ (ਗੁਰੂ ਦੇ ਦੱਸੇ) ਕਰਮ ਕਮਾਵਾਂਗਾ (ਤੇ) ਨਾਮ ਵਿਚ ਰੱਤਾ (ਹੋਕੇ) ਹਰੀ ਦੇ ਗੁਣ ਗਾਵਾਂਗਾ ॥ ੫॥

ਗੁਰ ਸੇਵਾ ਤੇ ਆਪੁ ਪਛਾਤਾ ॥ ਅੰਮ੍ਰਿਤ ਨਾਮੁ ਵਸਿਆ ਸੁਖਦਾਤਾ ॥ ਅਨਦਿਨੁ ਬਾਣੀ ਨਾਮੇ ਰਾਤਾ ॥੬॥

ਗੁਰੂ ਦੀ ਸੇਵਾ ਦੁਆਰਾ (ਮੈਂ) ਆਪਣਾ ਆਪਾ ਪਛਾਣ ਲਿਆ ਹੈ (ਭਾਵ ਮੈਨੂੰ ਨਿਜ ਸਰੂਪ ਦਾ ਗਿਆਨ ਹੋ ਗਿਆ ਹੈ, ਹੁਣ) ਸੁਖਦਾਈ ਅੰਮ੍ਰਿਤ ਨਾਮ (ਮੇਰੇ ਮਨ ਵਿਚ) ਵੱਸ ਗਿਆ ਹੈ, (ਹੁਣ ਮੈਂ) ਹਰ ਦਿਨ ਨਾਮ ਬਾਣੀ ਵਿਚ ਰੱਤਾ ਰਹਿੰਦਾ ਹਾਂ॥ ੬॥

ਮੇਰਾ ਪ੍ਰਭੁ ਲਾਏ ਤਾ ਕੋ ਲਾਗੈ ॥

(ਪਰ ਮੈਂ ਹੀ ਨਹੀਂ ਕਹਿੰਦਾ, ਸਚ ਇਹ ਹੈ ਕਿ) ਮੇਰਾ ਪ੍ਰਭੂ (ਨਾਮ ਵਿਚ) ਆਏ ਤਾਂ ਕੋਈ ਲਗਦਾ ਹੈ, (ਉਹ‡) ਸ਼ਬਦ

* 'ਕਿਵੇਂ ਆਵੇਂ' ਦਾ ਭਾਵ ਹੈ ਨਹੀਂ ਆਉਂਦਾ।

† ਉਸ ਸਚ ਦੁਆਰਾ ਜੋ ਨਾਮ ਸਿਮਰਨ ਨਾਲ ਪ੍ਰਾਪਤ ਹੋਇਆ ਹੈ। ਅਥਵਾ ਸਾਚਿ=ਸਚੇ ਨਾਮ ਦੁਆਰਾ।

‡ ਭਾਵ ਜਿਸ ਨੂੰ ਮੇਰਾ ਪ੍ਰਭੂ ਲਾਉਂਦਾ ਹੈ।

ਹਉਮੈ ਮਾਰੇ ਸਬਦੇ ਜਾਗੈ ॥ ਐਥੈ ਓਥੈ ਸਦਾ ਸੁਖੁ ਆਗੈ ॥੭॥

ਦੁਆਰਾ ਜਾਗ ਪੈਂਦਾ ਹੈ (ਉਹੋ) ਹਉਮੈਂ ਨੂੰ ਮਾਰ ਲੈਂਦਾ ਹੈ (ਉਸੇ ਨੂੰ) ਲੋਕ ਪ੍ਰਲੋਕ ਵਿਚ ਤੇ ਸਦਾ ਹੀ ਸੁਖ ਅਗੋਂ (ਹੋਕੇ ਮਿਲਦਾ) ਹੈ॥ ੭॥

ਮਨੁ ਚੰਚਲੁ ਬਿਧਿ ਨਾਹੀ ਜਾਣੈ ॥ ਮਨਮੁਖਿ ਮੈਲਾ ਸਬਦੁ ਨ ਪਛਾਣੈ ॥ ਗੁਰਮੁਖਿ ਨਿਰਮਲੁ ਨਾਮੁ ਵਖਾਣੈ ॥੮॥

(ਮਨਮੁਖ ਦਾ) ਮਨ ਚੰਚਲ (ਹੁੰਦਾ ਹੈ, ਉਹ ਨਾਮ ਵਿਚ ਲੱਗਣ ਤੇ ਟਿਕਣ ਦੀ) ਵਿਧੀ ਨਹੀਂ ਜਾਣਦਾ, ਮਨਮੁਖ (ਦਾ ਮਨ) ਮੈਲਾ ਹੁੰਦਾ ਹੈ ਉਹ ਸ਼ਬਦ ਨੂੰ ਨਹੀਂ ਪਛਾਣਦਾ। (ਪਰ) ਗੁਰਮੁਖ (ਪਛਾਣਦਾ ਹੈ ਉਹ) ਨਿਰਮਲ ਨਾਮ ਸਿਮਰਦਾ ਹੈ॥ ੮॥

ਹਰਿ ਜੀਉ ਆਗੈ ਕਰੀ ਅਰਦਾਸਿ ॥ ਸਾਧੂ ਜਨ ਸੰਗਤਿ ਹੋਇ ਨਿਵਾਸੁ ॥ ਕਿਲਵਿਖ ਦੁਖ ਕਾਟੇ ਹਰਿ ਨਾਮੁ ਪ੍ਰਗਾਸੁ ॥੯॥

[ਹੁਣ ਸਤਿਸੰਗ ਦੀ ਮੰਗ ਕਰਦੇ ਹਨ ਜੋ ਨਾਮ ਪ੍ਰਾਪਤ ਹੋਵੇ] (ਇਸ ਲਈ ਮੈਂ) ਵਾਹਿਗੁਰੂ ਜੀ ਅਗੇ ਅਰਦਾਸ ਕਰਦਾ ਹਾਂ (ਕਿ ਹੇ ਪ੍ਰਭੂ ! ਮੇਰਾ ਨਿਵਾਸ ਸਾਧੂ ਜਨ ਦੀ ਸੰਗਤਿ ਵਿਚ ਹੋਵੇ, (ਤਾਂ ਜੋ ਉਹ) ਮੈਨੂੰ ਹਰੀ ਨਾਮ ਦਾ ਪ੍ਰਗਾਸ ਕਰ ਦੇਵੇ ਤੇ ਮੇਰੇ ਪਾਪਾਂ ਨੂੰ (ਤੇ ਪਾਪਾਂ ਤੋਂ ਉਪਜੇ) ਦੁਖਾਂ ਨੂੰ ਦੂਰ ਕਰ ਦੇਵੇ॥ ੯॥

ਕਰਿ ਬੀਚਾਰੁ ਆਚਾਰੁ ਪਰਾਤਾ ॥ ਸਤਿਗੁਰ ਬਚਨੀ ਏਕੋ ਜਾਤਾ ॥ ਨਾਨਕ ਰਾਮ ਨਾਮਿ ਮਨੁ ਰਾਤਾ ॥੧੦॥੭॥

[ਆਪਣੇ ਦੁਆਰਾ ਗੁਰਮੁਖ ਦੀ ਪ੍ਰਾਪਤੀ ਦਾ ਪ੍ਰਕਾਰ ਦੱਸਦੇ ਹਨ:] ਸਤਿਗੁਰੂ ਦੇ ਬਚਨਾਂ ਦੁਆਰਾ (ਮੈਂ) ਇਕੋ (ਹਰੀ ਨੂੰ ਆਪਣਾ ਆਰਾਧਜ) ਜਾਣ ਲਿਆ, (ਉਨ੍ਹਾਂ ਬਚਨਾਂ ਦਾ) ਵੀਚਾਰ ਕਰਕੇ (ਮੈਂ ਉਨ੍ਹਾਂ ਬਚਨਾਂ ਵਿਚ ਦੱਸੇ ਨਾਮ ਬਾਣੀ ਦੇ) ਆਚਾਰ ਪਰਾਇਣ ਹੋ ਗਿਆ ਹਾਂ (ਭਾਵ ਅਮਲੀ ਤੌਰ ਤੇ ਕਰਨ ਲੱਗ ਪਿਆ ਹਾਂ; ਐਉਂ ਮੇਰਾ) ਮਨ ਰਾਮ ਨਾਮ ਵਿਚ ਰੰਗਿਆ ਗਿਆ ਹੈ, ਹੇ ਨਾਨਕ॥ ੧੦॥ ੭॥

ਵਜਾਖਜਾ–ਅੰਕ ੧ ਤੇ ੨ ਵਿਚ-ਦਿਲ ਵਿਚ ਅਨੀਤੀਆਂ ਭਾਵ ਪਾਪ ਪੂਰਤੀ ਦੀਆਂ ਵਾਸ਼ਨਾ ਰੱਖਕੇ ਗੀਤ ਗਾ ਗਾ ਕੇ ਲੋਕਾਂ ਨੂੰ ਪ੍ਰੇਰਨ ਵਾਲੇ ਗਵੈਯਾਂ ਯਾ ਕੀਰਤਨੀਆਂ ਦਾ ਜ਼ਿਕਰ ਕਰਦੇ ਹਨ ਕਿ ਜੋ ਰਾਗ ਸੁਣਾਉਂਦੇ ਹਨ ਲੋਕਾਂ ਵਿਚ 'ਬੀਤੇ' ਕਹਾਉਂਦੇ ਹਨ। 'ਬੀਤੇ' ਪਦ 'ਬੇਤੇ' ਦਾ ਦੂਜਾ ਸਰੂਪ ਹੈ। ਮਤਲਬ ਹੈ ਜਾਣਨ ਵਾਲੇ ਯਾ ਗਜਾਨੀ। ਭਾਵ ਕਰਦੇ ਤਾਂ ਰਾਗ ਹਨ ਪਰ ਕਹਾਉਂਦੇ ਗਿਆਨੀ ਹਨ। ਰਾਸਧਾਰੀਆਂ ਵਿਚ ਨੱਚਣ ਗਾਉਣ ਵਾਲੇ ਨੂੰ ਗਜਾਨੀ ਸੱਦਦੇ ਸਨ। ਜੈਸਾ ਕਿ ਆਸਾ ਦੀ ਵਾਰ ਵਿਚ ਗੁਰੂ ਜੀ ਨੇ ਫੁਰਮਾਇਆ ਹੈ।

ਗਿਆਨੀ ਨਚਹਿ ਵਾਜੇ ਵਾਵਹਿ.....॥ [ਵਾਰ ਆਸਾ ਮਹਲਾ ੧-੧੧]

'ਬੀਤੇ' ਤੋਂ ਮਤਲਬ 'ਬੀਤ ਰਾਗ' ਵੀ ਹੁੰਦਾ ਹੈ। ਜਿਸ ਤੋਂ ਮੁਰਾਦ ਉਹਨਾਂ ਲੋਕਾਂ ਦੀ ਹੈ ਜਿਨ੍ਹਾਂ ਵਿਚ ਰਾਗ ਦ੍ਵੈਸ਼ ਨਹੀਂ ਰਿਹਾ। ਏਥੇ ਕਟਾਖ ਇਹ ਹੈ, ਕਿ ਸੁਣਾਉਂਦੇ ਤਾਂ ਰਾਗ ਹਨ ਪਰ ਕਹਾਉਂਦੇ ਆਪਣੇ ਆਪ ਨੂੰ ਬੀਤ ਰਾਗ ਹਨ। ਯਾ ਇਹ ਕਟਾਖਜ ਹੈ ਕਿ ਹੈਣ ਤਾਂ ਲੋਕੀਂ ਨਾਚੇ ਤੇ ਕਹਾਉਂਦੇ ਹਨ ਗਿਆਨੀ। ਬੀਤੇ ਪਦ ਨਾਲ 'ਰਾਗ' ਯਾ 'ਰਾਗ ਦ੍ਵੈਖ' ਦਾ ਅਧਜਾਹਾਰ ਕਰਕੇ ਇਹ ਬੀ ਅਰਥ ਕਰਦੇ ਹਨ ਕਿ ਆਪ ਨੂੰ ਰਾਗ ਦੁਐਖ ਤੋਂ ਬੀਤੇ ਹੋਏ ਸਦਾਉਂਦੇ ਹਨ, ਪਰ ਵਾਸਤਵ ਵਿਚ ਏਹ ਲੋਕ ਨਾਮ ਤੋਂ ਸੱਖਣੇ ਹੁੰਦੇ ਹਨ ਤੇ ਇਨ੍ਹਾਂ ਦੇ ਮਨਾਂ ਵਿਚ ਝੂਠ ਤੇ ਪਾਪ ਭਰੇ ਹੁੰਦੇ ਹਨ। ਵੇਰਵਾ ਖੋਹਲਦੇ ਹਨ ਕਿ ਕਾਮ ਕ੍ਰੋਧ ਲੋਭ ਮੋਹ ਹੰਕਾਰ ਆਦਿ ਇਨ੍ਹਾਂ ਵਿਚ ਵੱਸਦੇ ਹਨ ਤੇ ਅਪਣੀ ਪੂਰਨਤਾ ਲਈ ਇਨ੍ਹਾਂ ਨੂੰ ਬੇਚੈਨ ਰਖਦੇ ਹਨ. ਮਾਨੋਂ ਇਨ੍ਹਾਂ ਨੂੰ ਪੀੜਾ ਦੇ ਰਹੇ ਹਨ। ਉਸ ਬੇਚੈਨੀ ਨੂੰ ਰਾਮ ਨਾਮ ਨਾਲ ਟਿਕਾਉ ਮਿਲ ਸਕਦਾ ਹੈ ਜੋ

ਇਨ੍ਹਾਂ ਪਾਸ ਹੈ ਨਹੀਂ।

ਰਹਾਉ-ਜਾਪਦਾ ਹੈ ਕਿ ਕਿਸੇ ਨੇ ਗੁਰੂ ਜੀ ਪਾਸ ਕਿਸੇ ਕੀਰਤਨੀਏ ਦੀ ਮਹਿੰਮਾ ਕੀਤੀ ਹੈ ਤੇ ਚੱਲਕੇ ਸੁਣਨ ਲਈ ਪ੍ਰੇਰਿਆ ਹੈ, ਉਸ ਨੂੰ ਸਮਝਾਉਣ ਲਈ ਨਿਜ ਮਨ ਨੂੰ ਸੰਬੋਧਨ ਕਰਕੇ ਕਹਿੰਦੇ ਹਨ: 'ਬੈਠ ਮਨਾ, ਕਿਥੇ ਜਾਣਾ ਈ? ਘਰ ਬੈਠਾ ਰਹੇਂਗਾ ਤਾਂ ਤੂੰ ਜੋ ਰਾਮ ਨਾਮ ਜਪ ਰਿਹਾ ਹੈਂ ਇਸ ਨਾਲ ਤ੍ਰਿਪਤੀ ਪਾਏਂਗਾ, ਤੇ ਇਸੇ ਤ੍ਰਿਪਤੀ ਵਿਚ ਅੰਦਰ ਖੋਜ ਕੀਤਿਆਂ ਵਾਹਿਗੁਰੂ ਨੂੰ ਸਹਿਜੇ ਹੀ ਪਾ ਲਏਂਗਾ।' ਜਿਸ ਦੇ ਗੀਤ ਸੁਣਨ ਜਾਣੋਂ ਨਾਂਹ ਕੀਤੀ ਹੈ ਉਸ ਦਾ ਤੇ ਉਸ ਵਰਗੇ ਹੋਰ ਕੀਰਤਨੀਆਂ ਦੀ ਕਰਤੂਤ ਅੰਕ ੧ ਤੇ ੨ ਵਿਚ ਖੋਹਲ ਦਿਤੀ ਹੈ।

ਅੰਕ ੩-੪-ਰਹਾਉ ਦੀ ਦੂਜੀ ਤੁਕ ਵਿਚ ਜੋ ਸਿਮਰਨ ਦੀ ਗੱਲ ਕਹੀ ਸੀ ਹੁਣ ਸਿਮਰਨ ਵਾਲੇ ਗੁਰਮੁਖ ਦੀ ਗਤੀ ਦੱਸਦੇ ਹਨ, ਜੋ ਦੋ ਅੰਕਾਂ ਵਿਚ ਮੁੱਕੀ ਹੈ।

ਅੰਕ ੫ - ਕਿਸੇ ਕੀਰਤਨੀਏ ਪਾਸ ਜਾਕੇ ਉਸ ਦੇ ਰਾਗ ਸੁਣਨ ਦਾ ਵਿਸ਼ਯ ਅਜੇ ਚਲ ਰਿਹਾ ਹੈ। ਦੋ ਅੰਕਾਂ ਵਿਚ ਗੁਰਮੁਖ ਦੇ ਲੱਛਣ ਕਹਿਕੇ ਹੁਣ ਦੱਸਦੇ ਹਨ ਕਿ ਮਨਮੁਖ ਕੀਰਤਨੀਏ ਪਾਸ ਮੈਂ ਨਹੀਂ ਜਾਣਾ, ਪਰ ਜਿਸ ਗੁਰਮੁਖ ਦੇ ਮੈਂ ਲੱਛਣ ਕਹੇ ਹਨ ਤੇ ਜਿਸ ਤੋਂ ਨਾਮ ਮਿਲ ਸਕੇ, ਉਸ ਪਾਸ ਤਾਂ ਮੈਂ ਖੁਸ਼ੀ ਨਾਲ ਜਾਵਾਂਗਾ; ਤੇ ਉਸ ਤੋਂ ਸਿੱਖਕੇ ਨਾਮ ਸਿਮਰਾਂਗਾ, ਹਰੀ ਗੁਣ ਗਾਵਾਂਗਾ ਤੇ ਉਸ ਦੇ ਦੱਸੇ ਕਰਮ ਕਮਾਵਾਂਗਾ। ਫਿਰ ਅਪਣੇ ਦੁਆਰਾ, ਨਿਜੀ ਤਜਰਬੇ ਵਾਂਙੂ ਕਹਿਕੇ, ਆਗਜਾ ਕਰਦੇ ਹਨ ਕਿ ਗੁਰੂ ਕੀ ਸੇਵਾ, ਨਾਮ ਦਾ ਆਰਾਧਨ, ਤੇ ਗੁਰਬਾਣੀ ਦਾ ਪ੍ਰੇਮ ਨਾਲ ਵੀਚਾਰ ਕਰਕੇ ਨਿਜ ਸਰੂਪ ਦੀ ਪਛਾਣ ਪ੍ਰਾਪਤ ਕਰੋ।

ਅੰਕ ੭ ਵਿਚ ਵਾਹਿਗੁਰੂ ਦੀ ਮਿਹਰ ਦਾ ਜ਼ਿਕਰ ਹੈ। ਜੋ ਵਾਹਿਗੁਰੂ ਆਪ ਜੀਵਾਂ ਨੂੰ ਕਲਜਾਣ ਦੇਣੀ ਚਾਹੁੰਦਾ ਹੈ। ਇਸ ਵਿਚ ਈਸ਼੍ਵਰ ਅਨੁਗ੍ਰਹ ਨੂੰ ਨਾਮ ਦੀ ਦਾਤ ਦਾ ਮਹਾਂ ਕਾਰਣ ਦਰਸਾਇਆ ਹੈ ਕਿ ਜੋ ਲੋਕ ਲਗ ਰਹੇ ਹਨ ਓਹ ਅਪਣੇ ਲਗਣ ਨੂੰ ਈਸ਼੍ਵਰ ਅਨੁਗ੍ਰਹੁ ਸਮਝਣ, ਕਦੇ ਨਾ ਸਮਝਣ ਕਿ ਮੈਂ ਘਾਲ ਕੀਤੀ ਹੈ। ਸੋ ਨਾਮ ਦੀ ਘਾਲ, ਸ਼ਬਦ ਦੀ ਕਮਾਈ, ਇਸ ਦਾ ਫਲ ਹੰਕਾਰ ਨਵਿਰਤੀ ਸਾਰਾ ਕੁਛ ਪ੍ਰਭੂ ਦੀ ਮਿਹਰ ਸਮਝਣੀ ਚਾਹੀਏ।

ਅੰਕ ੮ ਵਿਚ ਗੁਰਮੁਖ ਤੇ ਮਨਮੁਖ ਦਾ ਟਾਕਰਾ ਆਮੋ ਸਾਹਮਣਾ ਕਰਕੇ ਦਿਖਾਇਆ ਹੈ। ਮੁੱਖ ਫਰਕ ਮਨਮੁਖ ਦਾ 'ਸ਼ਬਦ ਵਿਹੂਣੇ' ਹੋਣਾ ਹੈ ਤੇ ਗੁਰਮੁਖ ਦਾ 'ਨਾਮੇ ਰਾਤਾ' ਹੋਣਾ ਹੈ।

ਅੰਕ ੯ ਵਿਚ ਅਰਦਾਸ ਹੈ ਕਿ ਸਤਿਸੰਗ ਮੇਲੋ ਜੋ ਨਾਮ ਪ੍ਰਾਪਤ ਹੋਵੇ ਤੇ ਪਾਪ ਜੀਵਨ ਪਲਟਾ ਖਾਵੇ। ਇਹ ਜਾਚ ਦੱਸੀ ਹੈ ਕਿ ਸਤਿਸੰਗ ਪ੍ਰਾਪਤੀ ਜੇ ਅਜੇ ਨਹੀਂ ਹੋਈ ਨੇ ਤਾਂ ਅਰਦਾਸ ਕਰੋ ਜੋ ਵਾਹਿਗੁਰੂ ਸਤਿਸੰਗ ਦਾ ਮੇਲ ਕਰਾਵੇ ਤੇ ਨਾਮ ਦਾ ਰੰਗ ਸਤਿਸੰਗ ਨਾਲ ਲਗ ਪਵੇ।

ਅੰਕ ੧੦ ਵਿਚ ਅਪਣੇ ਦੁਆਰਾ, ਨਿਜੀ ਤਜਰਬੇ ਦੇ ਰੂਪ ਵਿਚ, ਵਾਹਿਗੁਰੂ ਪ੍ਰੇਮ ਵਿਚ ਲਗਣ ਦੀ ਜਾਚ ਸਿਖਾਈ ਹੈ:-ਸਤਿਗੁਰ, ਸਤਿਗੁਰ ਦਾ ਉਪਦੇਸ਼, ਉਸ ਦੁਆਰਾ ਇਕ ਅਕਾਲ ਪੁਰਖ ਤੇ ਸਿਦਕ, ਤੇ ਇਸ ਸਿਦਕ ਵਿਚ ਉਸ ਦੇ ਨਾਮ ਦੀ ਅਰਾਧਨਾ ਦੱਸੀ ਹੈ। ਅਤੇ ਆਗਜਾ ਕੀਤੀ ਹੈ ਕਿ ਜੋ ਸਿਖਣਾ ਯਾ ਵੀਚਾਰਨਾ ਕਿ ਪਰਮਾਰਥ ਦਾ ਸਹਾਈ ਹੈ, ਉਸ ਤੇ ਅਮਲ ਕਰਨਾ ਹੈ, 'ਕਥਨੀ ਪਰਾਇਣ' ਨਾ ਹੋਣਾ, ਪਰ 'ਆਚਾਰ ਪਰਾਇਣ ਹੋਣਾ' ਹੈ।

ਨਿਰੁਕ੍-ਗੀਤੇ- [ਸੰਸ:, ਗੀਤਿ:=ਭਜਨ, ਗੀਤ] ਗੀਤ ਦਾ ਬਹੁ ਬਚਨ। ਗੀਤ। ਗਾਉਣਾ।

ਅਨੀਤੇ- [ਸੰਸ:, ਅਨੀਤਿ:=ਨਾਵਾਜਬ] ਅਨੀਤੀਆਂ, ਪਾਪ ਵਾਸ਼ਨਾਂ ਤੇ ਉਹਨਾਂ ਦੀ ਪੂਰਤੀ ਦੀਆਂ ਇਛਜਾ। ਪਾਪ।

ਬੀਤੇ - ਬੇਤੇ ਯਾ ਬੇਤੇ ਦਾ ਦੂਜਾ ਰੂਪ। ਗਜਾਨੀ।

ਵੇਤਾ- [ਸੰਸ:,] ਜਾਣਨ ਵਾਲਾ। ਗਿਆਨੀ, ਯਥਾ:-

ਕਬਹੂ ਬੇਤਾ ਬ੍ਰਹਮ ਬੀਚਾਰ॥ [ਸੁਖਮਨੀ, ੧੧-੫]

ਪੁਨਾ:-ਕਈ ਕੋਟਿ ਤਤ ਕੇ ਬੇਤੇ॥ [ਸੁਖਮਨੀ, ੧੦-੮]

(ਅ) ਬੀਤੇ ਦੇ ਅਰਥ ਬੀਤੇ ਹੋਏ ਬੀ ਕਰਦੇ ਹਨ, ਰਾਗ ਦਾ ਦ੍ਵੈਖ ਅਧਜਾਹਾਰ ਕਰਕੇ, ਕਿ ਆਪ ਨੂੰ ਰਾਗ ਦ੍ਵੈਖ ਤੋਂ ਬੀਤੇ ਹੋਏ' ਕਹਾਉਂਦੇ ਹਨ। ਭਾਵ ਗਿਆਨੀ ਤੇ ਹੀ ਆ ਟਿਕਦਾ ਹੈ।

ਤ੍ਰਿਪਤਾਸੇ-ਇਹ ਕ੍ਰਿਯਾ ਮੱਧਮ ਪੁਰਖ ਵਿਚ ਹੈ। ਤ੍ਰਿਪਤਾਸੇਂ-ਤੂੰ ਤ੍ਰਿਪਤ ਹੋਵੇਂਗਾ। ਇਸ ਨਾਲ ਪਾਵਹੁ ਬੀ ਮੱਧਮ ਪੁਰਖ ਦੀ ਕ੍ਰਿਯਾ ਹੈ, ਪਾਵੇਂਗਾ ਯਾ ਪਾਵੋਗੇ।

ਸਹਿਜ-ਸਹਜੇ ਹੀ। ਸੁਖੈਨਤਾ ਨਾਲ।　　ਹਰੇ-ਹਰੀ ਨੂੰ।

ਪੀਰਾ-ਪੀੜਾ। ਪੀੜ। ਭਾਵ ਪੀੜਦੇ ਰਹੇ ਹਨ।

ਮਹਲੁ-(ਅਪਣੇ) ਸਰੂਪ ਨੂੰ। ਅਪਣੀ ਆਤਮ ਸਰੂਪਤਾ ਨੂੰ।

ਆਕਾਰੁ-ਸਰੂਪ। ਵਜੂਦ।

ਅਕਲ ਕਲਾ-ਜੋ ਕਲਾਧਾਰੀ ਬੀ ਹੈ ਤੇ ਕਲਾ ਰਹਿਤ ਬੀ ਹੈ। (ਅ) ਜੋ ਪ੍ਰਛਿੰਨ ਰੂਪ ਦਿਖਾਲਦਾ ਅਪ੍ਰਛਿੰਨ ਹੈ। (ੲ) ਕਲਾ=ਕਲਪਣਾ ਤੋਂ ਅਕਲ=ਰਹਿਤ। (ਸ) ਜਿਥੇ ਕਲਾ ਰਹਿਤ ਕਲਾ ਹੋ ਰਹੀ ਹੈ, ਭਾਵ ਹੋ ਤਾਂ ਰਹੀ ਹੈ ਕਾਰੀਗਰੀ ਪਰ ਉਹ ਦਿੱਸਦੀ ਨਹੀਂ ਕਿ ਕਾਰੀਗਰੀ ਹੈ। ਅਰਥਾਤ ਨਿਰਗੁਣ ਤੇ ਸਰਗੁਣ ਦੇ ਵਿਚਕਾਰਲੀ ਅਵਸਥਾ।

ਗਰਭ ਜੋਨਿ- [ਸੰਸ;, ਗਰੁਭ:+ਯੋਨਿ;] ਗਰਭ ਜੋਨੀ ਵਿਚ। ਭਾਵ ਮਾਤਾ ਦੇ ਗਰਭ ਵਿਚ।

ਕਰਮ-ਭਾਵ ਉਹ ਕਰਮ ਜੋ ਗੁਰੂ ਦੱਸੇ।　　ਕਿਲਵਿਖ-ਪਾਪ

ਦੁਖ-ਭਾਵ ਓਹ ਦੁਖ ਜੋ ਪਾਪਾਂ ਤੋਂ ਉਪਜਦੇ ਹਨ।

ਆਚਾਰੁ ਪਰਾਤਾ-ਆਚਾਰ ਪਰਾਇਣ ਹੋਣੇ ਤੇ। ਭਾਵ ਉਹਨਾਂ ਕਰਮਾਂ ਦੀ ਕਮਾਈ ਕਰਨੇ ਤੇ।

ਮਨੁ ਰਾਤਾ-ਮਨ ਪ੍ਰੇਮੀ ਹੋ ਗਿਆ।

[ਆਸਾ ਮਹਲਾ ੧, ਅਸਟਪਦੀ-੮]

ਪ੍ਰਾਕ੍ਥਨ-ਮਨ ਨੂੰ ਟਿਕਾਉਣ ਦਾ ਸਾਧਨ ਬੜਾ ਖੋਲ੍ਹਕੇ ਦੱਸਿਆ ਹੈ।

ਮੂਲ	ਅਰਥ
ਆਸਾ ਮਹਲਾ ੧ ॥ ਮਨੁ ਮੈਗਲੁ ਸਾਕਤੁ ਦੇਵਾਨਾ ॥ ਬਨ ਖੰਡਿ ਮਾਇਆ ਮੋਹਿ ਹੈਰਾਨਾ ॥ ਇਤ ਉਤ ਜਾਹਿ ਕਾਲ ਕੇ ਚਾਪੇ ॥ ਗੁਰਮੁਖਿ ਖੋਜਿ ਲਹੈ ਘਰੁ ਆਪੇ॥੧॥	ਸਾਕਤ ਮਨ ਮਾਇਆ ਮੋਹ ਵਿਚ ਸ਼ੁਦਾਈ ਹੋਇਆ ਫਿਰਦਾ ਹੈ (ਜਿਵੇਂ ਕਿਸੇ) ਜੰਗਲ ਵਿਚ (ਮਸਤ) ਹਾਥੀ ਪਰੇਸ਼ਾਨ ਹੋਇਆ (ਅਰਥਾਤ=ਭਟਕਦਾ ਫਿਰਦਾ ਹੈ। ਐਸੇ ਮਨਾਂ ਵਾਲੇ ਭਾਵ ਮਨਮੁਖ ਲੋਕ) ਕਾਲ ਦੇ ਦਬਾਇਆਂ ਹੋਇਆਂ (ਇਤ ਉਤ=) ਲੋਕ ਪ੍ਰਲੋਕ ਵਿਚ ਪਏ ਫਿਰਦੇ ਹਨ। (ਪਰ) ਗੁਰਮੁਖ ਖੋਜ ਖੋਜਕੇ 'ਆਪੇ' ਦਾ ਘਰ (ਭਾਵ ਆਪਣਾ ਸਰੂਪ) ਲੱਭ ਲੈਂਦਾ ਹੈ॥ ੧॥
ਬਿਨੁ ਗੁਰ ਸਬਦੈ ਮਨੁ ਨਹੀ ਠਉਰਾ॥ ਸਿਮਰਹੁ ਰਾਮ ਨਾਮੁ ਅਤਿ ਨਿਰਮਲੁ ਅਵਰ ਤਿਆਗਹੁ ਹਉਮੈ ਕਉਰਾ ॥੧॥ ਰਹਾਉ ॥	(ਜੇ ਗੁਰਮੁਖ ਹੋਣਾ ਚਾਹੁੰਦੇ ਹੋ ਤਾਂ ਸਮਝ ਲਓ ਕਿ) ਗੁਰੂ ਦੇ ਸ਼ਬਦ (ਦੀ ਕਮਾਈ) ਬਿਨਾ ਮਨ ਠਉਰੇ ਨਹੀਂ (ਜੇ) ਆਉਂਦਾ। (ਇਸ ਲਈ) ਰਾਮ ਦੇ ਨਾਮ ਨੂੰ (ਜੋ) ਡਾਢੀ ਪਵਿਤ੍ਰ (ਸ਼ੈ) ਹੈ ਸਿਮਰੋ ਤੇ ਹਉਮੈ (ਦੇ ਹੋਰ) ਕੰਮ, (ਜੋ ਵਿਹੁ ਵਾਂਙੂ) ਕਉੜੇ ਹਨ, ਤਿਆਗੋ॥ ੧॥ ਰਹਾਉ॥

ਇਹੁ ਮਨੁ ਮੁਗਧੁ ਕਹਹੁ ਕਿਉ ਰਹਸੀ ॥ ਬਿਨੁ ਸਮਝੇ ਜਮ ਕਾ ਦੁਖੁ ਸਹਸੀ ॥ ਆਪੇ ਬਖਸੇ ਸਤਿਗੁਰੁ ਮੇਲੈ ॥ ਕਾਲੁ ਕੰਟਕੁ ਮਾਰੇ ਸਚੁ ਪੇਲੈ ॥੨॥

(ਹੁਣ ਪ੍ਰਸ਼ਨ ਇਹ ਹੈ ਕਿ) ਇਹ ਮਨ ਮੁਗਧ ਹੈ (ਭਾਵ ਮਾਇਆ ਦੇ ਛਲਾਂ ਵਲਾਂ ਤੋਂ ਅਣਜਾਣ ਹੈ, ਇਹ) ਦੱਸੋ (ਕਿ ਮਾਇਆ ਤੋਂ ਬਚਿਆ) ਕੀਕੂੰ ਰਹੇ? (ਕਿਉਂਕਿ ਜੇ ਇਹ) ਸਮਝੇ ਨਾ ਤਾਂ ਜਮ ਦਾ ਦੁਖ (ਅਵੱਸ਼) ਸਹਾਰੇਗਾ। [ਉੱਤਰ;] (ਵਾਹਿਗੁਰੂ) ਆਪੇ ਬਖਸ਼ਿਸ਼ ਕਰਦਾ ਹੈ ਤਾਂ ਸਤਿਗੁਰੂ ਮਿਲਾ ਦੇਂਦਾ ਤੇ ਦੁਖ ਦਾਤੇ ਕਾਲ ਨੂੰ ਮਾਰ ਦੇਂਦਾ ਹੈ, (ਫੇਰ ਮਨ) ਨੂੰ ਸੱਚ ਧਕੇਲਦਾ ਹੈ (ਭਾਵ ਸੱਚ ਆਪਣੀ ਪ੍ਰੇਰਨਾ ਵਿਚ ਟੋਰਦਾ ਹੈ)॥ ੨॥

ਇਹੁ ਮਨੁ ਕਰਮਾ ਇਹੁ ਮਨੁ ਧਰਮਾ॥ ਇਹੁ ਮਨੁ ਪੰਚ ਤਤੁ ਤੇ ਜਨਮਾ ॥ ਸਾਕਤੁ ਲੋਭੀ ਇਹੁ ਮਨੁ ਮੂੜਾ ॥ ਗੁਰਮੁਖਿ ਨਾਮੁ ਜਪੈ ਮਨੁ ਰੂੜਾ ॥੩॥

ਇਹੋ ਮਨ (ਇੰਦ੍ਰਿਆਂ ਤੋਂ) ਕੰਮ ਕਰਾਉਣ ਵਾਲਾ ਹੈ, ਟਿਹੋ ਮਨ (ਕੀਤੇ ਕੰਮਾਂ ਦਾ) ਧਰਮਾ (=ਧਰਮ ਨੂੰ ਜਾਚਣ ਵਾਲਾ) ਹੈ (ਭਾਵ ਧਰਮ ਅਧਰਮ ਨੂੰ ਪਰਖਣ ਵਾਲਾ ਹੈ)। ਇਹ ਮਨ (ਨਿਰੋਲ ਆਤਮ ਤੱਤ ਨਹੀਂ, ਇਹ ਤਾਂ) ਪੰਜਾਂ ਤੱਤਾਂ ਤੋਂ ਜੰਮਿਆ ਹੈ (ਭਾਵ ਆਤਮ ਤੱਤ ਦੇ ਪੰਜਾਂ ਤੱਤਾਂ ਨਾਲ ਮਿਲਣ ਤੋਂ ਬਣਿਆ ਹੈ। ਪੰਜਾਂ ਤੱਤਾਂ ਕਰਕੇ) ਇਹ ਮਨ ਮੂਰਖ (ਹੈ ਤੇ ਤਦੇ) ਲੋਭੀ ਤੇ ਸ਼ਕਤੀ (ਮਾਇਆ) ਪ੍ਰੇਮੀ ਹੈ। (ਪਰ ਇਹੋ) ਮਨ (ਜਦ) ਗੁਰੂ ਦੁਆਰੇ ਨਾਮ ਜਪਣ ਲੱਗ ਪੈਂਦਾ ਹੈ (ਤਦ) ਸੁੰਦਰ ਹੋ ਜਾਂਦਾ ਹੈ* ॥ ੩ ॥

ਗੁਰਮੁਖਿ ਮਨੁ ਅਸਥਾਨੇ ਸੋਈ ॥ ਗੁਰਮੁਖਿ ਤ੍ਰਿਭਵਣਿ ਸੋਝੀ ਹੋਈ ॥ ਇਹੁ ਮਨੁ ਜੋਗੀ ਭੋਗੀ ਤਪੁ ਤਾਪੈ ॥ ਗੁਰਮੁਖਿ ਚੀਨੈ ਹਰਿ ਪ੍ਰਭੁ ਆਪੈ ॥੪॥

(ਹਾਂ,) ਇਹੋ ਮਨ ਗੁਰੂ ਦੁਆਰੇ ਟਿਕਾਣੇ (ਆ ਜਾਂਦਾ) ਹੈ (ਭਾਵ ਸੰਕਲਪ ਵਿਕਲਪ ਠੱਲ੍ਹਕੇ ਆਪਣੇ ਆਪ ਵਿਚ ਟਿਕ ਜਾਂਦਾ ਹੈ। ਫੇਰ ਇਸੇ ਨੂੰ) ਗੁਰੂ ਦੁਆਰੇ ਤ੍ਰੈ ਭਵਨਾਂ ਦੀ ਸੋਝੀ ਹੋ ਜਾਂਦੀ ਹੈ। (ਹਾਂ ਜੀਓ) ਇਹੋ ਮਨ (ਜੋ) ਭੋਗੀ (ਹੁੰਦਾ ਹੈ ਇਹੋ) ਤਪ ਤਪਦਾ (ਹੈ ਤਾਂ) ਯੋਗੀ ਹੋ ਜਾਂਦਾ ਹੈ। (ਪਰ ਨਾਮ ਜਪਕੇ ਇਹ ਮਨ) ਆਪੇ ਨੂੰ ਤੇ ਹਰੀ ਪ੍ਰਭੂ ਨੂੰ ਸਿਆਣ ਲੈਂਦਾ ਤੇ ਗੁਰਮੁਖ ਹੋ ਜਾਂਦਾ ਹੈ (ਭਾਵ ਆਤਮ ਤੱਤ ਦੀ ਸਿਆਣ ਤੇ ਪਰਪੱਕ ਸਥਿਤ ਹੋਕੇ ਇਹ ਫੇਰ ਬ੍ਰਹਮ ਤੱਤ ਨੂੰ ਵੇਖ ਲੈਂਦਾ ਹੈ, ਤਦੋਂ ਇਸ ਨੂੰ ਗੁਰਮੁਖ ਕਹੀਦਾ ਹੈ॥ ੪॥

ਮਨੁ ਬੈਰਾਗੀ ਹਉਮੈ ਤਿਆਗੀ ॥ ਘਟਿ ਘਟਿ ਮਨਸਾ ਦੁਬਿਧਾ ਲਾਗੀ॥ ਰਾਮ ਰਸਾਇਣੁ ਗੁਰਮੁਖਿ ਚਾਖੈ ॥ ਦਰਿ ਘਰਿ ਮਹਲੀ ਹਰਿ ਪਤਿ ਰਾਖੈ ॥੫॥

(ਇਹ ਦਸ਼ਾ ਉਸ) ਮਨ (ਦੀ ਹੈ ਜੋ) ਵੈਰਾਗਵਾਨ ਹੋ ਜਾਂਦਾ ਹੈ ਤੇ ਹਉਮੈ ਦਾ ਤਜਾਗੀ ਹੋ ਜਾਂਦਾ ਹੈ, (ਤੇ) ਗੁਰਮੁਖ (ਹੋਕੇ) ਰਾਮ (ਰਸ ਰੂਪੀ) ਰਸਾਯਣ ਪੀਂਦਾ ਹੈ: (ਸਚਖੰਡ ਰੂਪੀ ਮਹਿਲ ਦਾ) ਮਹਿਲੀ (=ਮਾਲਕ ਜੋ) ਹਰੀ ਹੈ (ਉਹ) ਇਸ ਦੀ ਪਤਿ ਦਰ ਵਿਚ ਬੀ ਤੇ ਘਰ ਵਿਚ ਬੀ ਰਖਦਾ ਹੈ (ਭਾਵ ਜੀਉਂਦੇ ਜੀ ਦਰਿ=ਸਤਿਸੰਗ ਵਿਚ ਤੇ ਚੋਲਾ ਛੋੜਕੇ ਘਰਿ=ਸਚਖੰਡ ਵਿਚ ਆਪ ਇਸ ਦੀ ਪਤਿ ਰਖਦਾ ਹੈ)। (ਪਰ ਗੁਰਮੁਖ ਤੋਂ ਛੁੱਟ) ਹਰ ਹਿਰਦੇ ਵਿਚ ਵਾਸ਼ਨਾ ਤੇ ਦੁਬਿਧਾ ਵਿਆਪ ਰਹੀ ਹੈ॥ ੫॥

ਇਹੁ ਮਨੁ ਰਾਜਾ ਸੂਰ ਸੰਗ੍ਰਾਮਿ ॥

(ਤਦੋਂ) ਇਹੋ (ਵਾਸ਼ਨਾ ਤੇ ਦੁਬਿਧਾ ਵਾਲਾ) ਮਨ ਰਾਜਾ (ਬਣ ਜਾਂਦਾ) ਹੈ, (ਇਹੋ) ਜੰਗਾਂ ਜੁੱਧਾਂ ਵਿਚ ਸੂਰਮਾ (ਹੋ ਜਾਂਦਾ ਹੈ, ਫੇਰ

* ਇਹੁ ਮਨੁ ਸੁੰਦਰਿ ਆਪਣਾ ਹਰਿਨਾਮਿ ਮਜੀਠੈ ਰੰਗਿ ਰੀ॥ [ਆਸਾ ਮ: ੫-੧੧੮]

ਇਹੁ ਮਨੁ ਨਿਰਭਉ ਗੁਰਮੁਖਿ ਨਾਮਿ ॥ ਮਾਰੇ ਪੰਚ ਅਪੁਨੈ ਵਸਿ ਕੀਏ ॥ ਹਉਮੈ ਗ੍ਰਾਸਿ ਇਕਤੁ ਥਾਇ ਕੀਏ ॥੬॥

ਕਦੇ) ਇਹੋ ਮਨ (ਰਾਜ ਤੇ ਜੁੱਧ ਛੋੜਕੇ) ਗੁਰੂ ਦੁਆਰਾ ਨਾਮ (ਦੇ ਜੀਵਨ) ਵਿਚ (ਆ ਜਾਂਦਾ ਹੈ ਤੇ) ਨਿਰਭਉ ਹੋ ਜਾਂਦਾ ਹੈ (ਨਾ ਜੁੱਧ ਦੀ ਲੋੜ ਰਖਦਾ ਹੈ ਨਾ ਰਾਜ ਦੀ, ਕਿਉਂਕਿ ਇਸ ਨੇ ਤਾਂ) ਪੰਜੇ (ਕਾਮ ਆਦਿ) ਮਾਰਕੇ ਆਪਣੇ ਵੱਸ ਕਰ ਲਏ ਹੁੰਦੇ ਹਨ। ਹਾਂ, ਇਨ੍ਹਾਂ ਨੂੰ ਇਕ ਥਾਂ ਕਰਕੇ ਹਉਮੈਂ ਨੂੰ ਹੀ ਖਾ ਲਿਆ ਹੁੰਦਾ ਹੈ (ਇਉਂ ਆਤਮ ਬਿਜਈ ਤੇ ਅਰਸ਼ਾਂ ਕੁਰਸ਼ਾਂ ਦਾ ਰਾਜਾ ਹੋ ਜਾਂਦਾ ਹੈ) ॥ ੬ ॥

ਗੁਰਮੁਖਿ ਰਾਗ ਸੁਆਦ ਅਨ ਤਿਆਗੇ ॥ ਗੁਰਮੁਖਿ ਇਹੁ ਮਨੁ ਭਗਤੀ ਜਾਗੇ ॥ ਅਨਹਦ ਸੁਣਿ ਮਾਨਿਆ ਸਬਦੁ ਵੀਚਾਰੀ ॥ ਆਤਮੁ ਚੀਨਿ ਭਏ ਨਿਰੰਕਾਰੀ ॥੭॥

[ਹੁਣ ਗੁਰਮੁਖ ਹੋਏ ਦੀ ਰਹਿਣੀ ਬਹਿਣੀ ਤੇ ਵਰਤਾਉ ਦੱਸਦੇ ਹਨ] ਗੁਰਮੁਖ (ਆਤਮ ਰਸ ਤੋਂ ਅਤ੍ਰਿਕਤ) ਹੋਰ ਰਸਾਂ ਤੇ ਰਾਗਾਂ (ਮੋਹ ਪਿਆਰਾ) ਨੂੰ ਤਿਆਗ ਦੇਂਦਾ ਹੈ। ਗੁਰਮੁਖ ਦਾ ਇਹੋ ਮਨ (ਹੁਣ ਹਰੀ ਦੀ) ਭਗਤੀ ਵਿਚ ਜਾਗਦਾ ਹੈ, ਅਨਾਹਦ ਸ਼ਬਦ ਸੁਣ ਸੁਣ ਕੇ (ਇਸ ਦਾ) ਪਤੀਜਨਾਂ ਵਿਚ ਆ ਗਿਆ ਹੋਇਆ (ਮਨ) ਵੀਚਾਰਨਹਾਰ ਹੋਇਆ ਰਹਿੰਦਾ ਹੈ। ਹਾਂ, ਆਤਮ (ਤੱਤ) ਨੂੰ ਪਛਾਣਕੇ (ਹੁਣ) ਨਿਰੰਕਾਰੀ ਹੋਇਆ ਰਹਿੰਦਾ ਹੈ (ਭਾਵ ਬ੍ਰਹਮ ਤੱਤ ਵਿਚ ਤਦਰੂਪ ਰਹਿੰਦਾ ਹੈ) ॥ ੭ ॥

ਇਹੁ ਮਨੁ ਨਿਰਮਲੁ ਦਰਿ ਘਰਿ ਸੋਈ ॥ ਗੁਰਮੁਖਿ ਭਗਤਿ ਭਾਉ ਧੁਨਿ ਹੋਈ ॥ ਅਹਿਨਿਸਿ ਹਰਿ ਜਸੁ ਗੁਰ ਪਰਸਾਦਿ ॥ ਘਟਿ ਘਟਿ ਸੋ ਪ੍ਰਭੁ ਆਦਿ ਜੁਗਾਦਿ ॥੮॥

(ਹਾਂ, ਗੁਰਮੁਖ ਦਾ) ਇਹ ਮਨ (ਹੁਣ) ਪਵਿਤ੍ਰ ਹੋ ਚੁਕਾ ਹੈ, ਇਸ ਨੂੰ ਦਰ ਵਿਚ ਤੇ ਘਰ ਵਿਚ ਉਹੋ (ਇਕੋ ਦਿੱਸਦਾ ਹੈ, ਭਾਵ ਅੰਦਰ ਤੇ ਬਾਹਰ ਇਹ ਹੁਣ ਹਜ਼ੂਰੀ ਵਿਚ ਵਸਦਾ ਹੈ। ਪਰ) ਗੁਰਮੁਖ (ਸ਼ੂਨ ਨਹੀਂ ਹੋ ਜਾਂਦਾ, ਉਹ) ਪ੍ਰੇਮਾ ਭਗਤੀ ਦੀ ਲਿਵ* ਵਿਚ ਰਹਿੰਦਾ ਹੈ, (ਉਹ) ਦਿਨ ਰਾਤ ਹਰੀ ਜਸ ਵਿਚ ਹੁੰਦਾ ਹੈ (ਤੇ ਇਸ ਸਾਰੀ ਪ੍ਰਾਪਤੀ ਨੂੰ) ਗੁਰੂ ਦੀ ਮੇਹਰ ਦੁਆਰਾ (ਹੋਈ ਸਮਝਦਾ) ਹੈ। (ਫੇਰ ਉਹ ਜਗਤ ਜੀਵਾਂ ਦਾ ਘ੍ਰਿਣੀ ਨਹੀਂ ਹੋ ਜਾਂਦਾ) ਉਹ ਹਰਿ ਸਰੀਰਧਾਰੀ ਦੇ ਹਿਰਦੇ ਵਿਚ ਆਦਿ ਜੁਗਾਦੀ ਪ੍ਰਭੂ ਨੂੰ (ਦੇਖਦਾ ਹੈ) ॥ ੮ ॥

ਰਾਮ ਰਸਾਇਣਿ ਇਹੁ ਮਨੁ ਮਾਤਾ ॥ ਸਰਬ ਰਸਾਇਣੁ ਗੁਰਮੁਖਿ ਜਾਤਾ ॥ ਭਗਤਿ ਹੇਤੁ ਗੁਰ ਚਰਣ ਨਿਵਾਸਾ ॥ ਨਾਨਕ ਹਰਿ ਜਨ ਕੇ ਦਾਸਨਿ ਦਾਸਾ ॥੯॥੮॥

[ਗੁਰਮੁਖ ਕਿਵੇਂ ਬਣੀਦਾ ਹੈ? ਉਤੱਰ;] ੪. ਹੇ ਨਾਨਕ ! (ਪਹਿਲੋਂ) ਹਰੀਜਨ ਦੇ (ਭਾਵ ਗੁਰੂ) ਦੇ ਦਾਸਨ ਦਾਸ (ਹੋ ਜਾਈਦਾ ਹੈ) ੩. ਤੇ ਗੁਰੂ ਚਰਨਾਂ ਨੂੰ (ਆਪਣੇ ਇਸੇ ਮਨ ਵਿਚ) ਨਿਵਾਸ (ਦੇਈਦਾ ਹੈ) ਭਗਤੀ ਵਾਸਤੇ। ੧. ਇਹ ਮਨ (ਫੇਰ) ਰਾਮ (ਨਾਮ) ਰੂਪੀ ਰਸਾਇਣੁ ਵਿਚ ਮਸਤ ਹੋ ਜਾਂਦਾ ਹੈ, ੨. (ਅਤੇ) ਸਾਰੇ ਰਸਾਂ ਦੇ ਘਰ (=ਵਾਹਿਗੁਰੂ ਨੂੰ) ਜਾਣ ਲੈਂਦਾ ਹੈ (ਇਉਂ) ਗੁਰਮੁਖ (ਹੋ ਜਾਂਦਾ ਹੈ) ॥ ੯ ॥

ਵਯਾਖਯਾ—ਅੰਕ ੧-ਜਾਪਦਾ ਹੈ ਕਿ ਕਿਸੇ ਨੇ ਸਾਹਿਬ ਜੀ ਪਾਸ ਆਪਣੇ ਮਨ ਦੇ ਦੁਖੜੇ ਰੋਏ ਹਨ ਕਿ ਇਹ ਏਕਾਗਰ ਨਹੀਂ ਹੁੰਦਾ, ਟਿਕਦਾ ਨਹੀਂ। ਯੋਗੀ ਆਖਦੇ ਹਨ ਕਿ ਮਨ ਨੂੰ ਟਿਕਾਓ। ਇਸੇ ਕਰਕੇ ਦੱਸਦੇ ਹਨ ਕਿ ਜਨਮ ਮਰਨ ਨਹੀਂ ਮਿਟਦਾ। ਇਹ ਦੱਸੋ ਕਿਵੇਂ ਕਰੀਏ? ਤਾਂ ਸਾਹਿਬ ਜੀ ਨੇ ਬਚਨ ਕੀਤਾ ਕਿ ਭਾਈ ਤੁਹਾਡਾ ਮਨ ਮਸਤ ਹਾਥੀ ਤਰ੍ਹਾਂ ਹੋ ਰਿਹਾ ਹੈ, ਇਸ ਦਾ ਕਾਰਣ ਇਹ

* ਧੁਨਿ=ਲਿਵ

ਹੈ ਕਿ ਇਸ ਨੂੰ ਮਾਇਆ ਦੇ ਮੋਹ ਦਾ ਨਸ਼ਾ ਚੜ੍ਹ ਰਿਹਾ ਹੈ, ਇਸ ਕਰਕੇ ਕਾਲ ਰੂਪੀ ਸ਼ਿਕਾਰੀ ਇਸ ਤੇ ਚੜ੍ਹ ਬੈਠਾ ਹੈ ਤੇ ਉਹ ਇਸ ਨੂੰ ਦੱਬੀ ਫਿਰਦਾ ਹੈ। ਭਾਵ ਜਨਮ ਮਰਨ ਵਿਚ ਪਾਈ ਰਖਦਾ ਹੈ। ਉਸ ਨੇ ਦਾਰੂ ਪੁੱਛਿਆ ਤਾਂ ਆਪ ਜੀ ਨੇ ਉੱਤਰ ਦਿੱਤਾ: ਜੇ ਤੂੰ ਆਪੇ ਨੂੰ ਖੋਜੇਂ ਤਾਂ ਤੈਨੂੰ ਆਪਣਾ ਘਰ ਅਰਥਾਤ ਆਪਣਾ ਅਸਲੀ ਰੂਪ ਅਨੁਭਵ ਹੋ ਆਵੇਗਾ, ਫੇਰ ਤੂੰ ਕਾਲ ਸ਼ਿਕਾਰੀ ਦੇ ਢਹੇ ਨਹੀਂ ਚੜ੍ਹ ਸਕਦਾ।

ਫਿਰ ਉਸ ਨੇ ਆਪਣਾ ਘਰ ਖੋਜਣ ਦੀ ਜਾਚ ਪੁੱਛੀ, ਤਾਂ ਆਪ ਨੇ ਪਹਿਲੀ ਗੱਲ ਇਹ ਦੱਸੀ ਕਿ ਹਉਮੈ ਦੇ ਕਰਮ, ਜੋ ਕਰਨ ਲਗਿਆਂ ਮਿੱਠੇ ਲਗਦੇ ਤੇ ਅਸਰ ਕੌੜਾ ਕਰਦੇ ਹਨ, ਤਿਆਗ ਦਿਓ। ਇਸ ਜਤਨ ਵਿਚ ਲੱਗ ਜਾਓ ਕਿ ਪਾਪ ਕਰਮ ਯਾ ਮੰਦੇ ਕਰਮ ਸਾਥੋਂ ਨਾ ਹੋਣ। ਫੇਰ ਨਾਲ ਪਰਮੇਸ਼ੁਰ ਦੇ ਨਾਮ ਦਾ ਸਿਮਰਨ ਸ਼ੁਰੂ ਕਰੋ। ਇਹ ਨਾਮ ਨਿਰਮਲ ਪ੍ਰਭੂ ਦਾ ਨਾਮ ਹੈ, ਇਹ ਤੁਹਾਨੂੰ ਨਿਰਮਲ ਕਰੇਗਾ। ਮੰਦੇ ਕਰਮ ਸ਼ੁਭ ਸੰਕਲਪ ਨਾਲ ਯਾ ਪੱਕੇ ਇਰਾਦੇ ਨਾਲ ਬੀ ਛਡਿਆਂ ਕਈ ਵੇਰ, ਸੁਭਾਵ ਹੋ ਜਾਣ ਕਰਕੇ, ਮੁੜ ਮੁੜ ਆ ਗ੍ਰਸਦੇ ਹਨ। ਇਹ ਨਿਰਮਲ ਨਾਮ ਉਨ੍ਹਾਂ ਸੁਭਾਵ ਦੀਆਂ ਜ਼ੰਜੀਰਾਂ ਨੂੰ ਅੰਦਰੋਂ ਕੱਟ ਦੇਵੇਗਾ। ਯਥਾ:- **ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥** [ਜਪੁਜੀ-੨੦]

ਸੋ ਭਾਈ ਇਸ ਸਾਡੇ ਪ੍ਰੇਮਾ ਭਗਤੀ ਦੇ ਮਾਰਗ ਵਿਚ ਗੁਰ ਸ਼ਬਦ ਦੀ ਮੁੱਖਤਾ ਹੈ, ਇਸੇ ਨਾਲ ਮਨ ਟਿਕ ਜਾਂਦਾ ਹੈ, ਹਠ ਯੋਗ ਆਦਿ ਦੀ ਲੋੜ ਨਹੀਂ ਰਹਿੰਦੀ। ਗੁਰ ਸ਼ਬਦ ਹੀ ਮਨ ਨੂੰ ਠਉਰੇ ਭਾਵ ਅਪਣੇ ਆਪੇ ਵਿਚ ਲੈ ਆਉਂਦਾ ਹੈ।

ਤਦ ਉਸ ਨੇ ਕਿਹਾ:- "ਹੇ ਗੁਰੂ ! ਇਹ ਮਨ ਤਾਂ ਮੁਗਧ ਹੈ, ਮੂਰਖ ਹੈ, ਭਾਵ ਅਪਣੇ ਅਸਲੇ ਵਿਚ ਅਜਾਣ ਹੈ, ਮੁਰਾਦ ਹੈ ਕਿ ਇਹ ਮੂਲ ਤੋਂ ਹੀ ਮੂਰਖ ਹੈ। ਮੁਗਧ ਅਸਲੋਂ ਮੂਲੋਂ ਮੂਰਖ ਦਾ ਨਾਮ ਹੈ। ਇਹ ਗੁਰੂ ਜੀ ! ਕਿਵੇਂ ਹਉਮੈਂ ਦੇ ਕੰਮਾਂ ਤੋਂ ਬੱਚ ਸਕੇਗਾ? ਜੋ ਤੁਸਾਂ ਫੁਰਮਾਇਆ ਹੈ ਕਿ ਏਹ ਕੰਮ ਅਪਣੇ ਫਲ ਵਿਚ ਕਉੜੇ ਯਾ ਵਿਹੁਲੇ ਹਨ; ਇਹ ਤਾਂ ਮੁੜ ਮੁੜ ਓਧਰੇ ਦੌੜਦਾ ਹੈ, ਤੇ ਇਹ ਮੁਗਧ ਜੇ 'ਆਪ ਦੀ ਦੱਸੀ ਸਮਝ' ਵਿਚ ਨਾ ਆ ਗਿਆ ਤਾਂ ਕਾਲ ਇਸ ਨੂੰ ਧਕੇਲੀ ਫਿਰੇਗਾ, ਇਹ ਜਮ ਦੇ ਦੁਖ ਤੋਂ ਛੁਟੇਗਾ ਹੀ ਨਹੀਂ।"

ਸ੍ਰੀ ਗੁਰੂ ਜੀ-ਭਾਈ, ਭਗਤੀ ਕਰ। ਭਗਤੀ ਕੀਹ ਹੁੰਦੀ ਹੈ? ਈਸ਼੍ਵਰ ਦੇ ਆਸਰੇ ਪਰਨੇ ਹੋ ਜਾਣਾ। ਸੋ ਤੂੰ ਆਪ ਨੂੰ ਸੱਟ ਉਸ ਦੇ ਆਸਰੇ ਪਰਣੇ। ਨਿਮਾਣਾ ਹੋਕੇ ਢੈ ਪਉ, ਕਹੁ: ਰੱਖ ਲੈ ਦਾਤਾ ! ਉਸ ਦੇ ਪਰਨੇ ਹੋ ਜਾਈਏ ਤਾਂ ਉਹ ਦਾਤਾ ਹੈ, ਬਖਸ਼ਿੰਦ ਹੈ, ਮੇਹਰ ਕਰੇਗਾ ਤੇ ਗੁਰੂ ਮਿਲਾ ਦੇਵੇਗਾ। ਉਹ ਗੁਰੂ ਫੇਰ ਸਾਡੇ ਪਰਮ ਵੈਰੀ ਕਾਲ ਨੂੰ ਮਾਰ ਦੇਵੇਗਾ। ਸਾਨੂੰ ਦੇਸ਼ ਕਾਲ ਦੇ ਚੱਕ੍ਰ ਵਿਚੋਂ ਕੱਢ ਲਏਗਾ, ਹਉਮੈ ਦੀ ਕੜੱਤਨ ਦੂਰ ਕਰੇਗਾ, ਫੇਰ ਸਾਨੂੰ ਸੱਚ ਤੇ ਟੋਰੇਗਾ। ਹਾਂ ਫੇਰ ਸਚ ਸਾਡੀ ਅਗ਼ਵਾਨੀ ਕਰੇਗਾ। ਕਿਉਂਕਿ ਸਤਿਗੁਰੂ ਸਾਨੂੰ ਨਾਮ ਨਾਲ ਸ਼ੁੱਧ ਕਰਕੇ ਸਚ ਵਿਚ ਟਿਕਾ ਦੇਵੇਗਾ। ਉਹ ਸੱਚ ਜੀਉਂਦਾ ਸੱਚ ਹੋਕੇ, ਸਤਜ ਸਰੂਪ ਬਣਕੇ ਸਾਨੂੰ ਸੱਚ ਤੇ ਟੋਰੇਗਾ।

ਤੂੰ ਆਖਦਾ ਹੈ ਕਿ ਇਹ ਮਨ ਮੁਗਧ ਹੈ, ਜਮਾਂਦਰੂ ਤੇ ਅਸਲੇ ਤੋਂ ਮੂਰਖ ਹੈ; ਅਸੀਂ ਆਖਦੇ ਹਾਂ: ਠੀਕ ਇਹ ਮਨ ਪੰਜਾਂ ਤੱਤਾਂ ਤੋਂ ਜੰਮਿਆ ਹੈ, ਅਰਥਾਤ ਜਦ ਆਤਮਾ ਪੰਚ ਭੌਤਕ ਸਰੀਰ ਵਿਚ ਆਇਆ ਤਾਂ ਉਸ ਚੇਤਨ ਤੇ ਜੜ੍ਹ ਤਤਾਂ ਦੇ ਸੰਗਮ ਵਿਚ ਮਨ ਬਣਿਆ। ਇਸ ਮਨ ਦਾ ਕੰਮ ਹੈ, ਬਾਹਰ ਮੁਖੀ, ਅਰਥਾਤ ਪੰਜਾਂ ਇੰਦ੍ਰਿਆਂ ਤੋਂ ਕਰਮ ਕਰਾਉਣੇ। ਸੋ ਇਹ ਮਨ 'ਕਰਮਾ' ਹੈ, ਕਰਮ ਕਰਾਉਣ ਵਾਲਾ। ਇਹ ਕਰਮਾਂ ਦਾ ਪ੍ਰੇਰਕ ਤੇ ਕਰਾਉਣ ਵਾਲਾ ਸੰਦ ਹੈ। ਜੇ ਮਨ ਨਾ ਚਾਹੇ ਤਾਂ ਇੰਦ੍ਰੇ ਕੋਈ ਕੰਮ ਨਹੀਂ ਕਰ ਸਕਦੇ। ਪਰ ਦੇਖ ! ਅਚਰਜ ਹੋਕੇ, ਕਿ ਪੰਜ ਤੱਤਾਂ ਕਰਕੇ ਤਾਂ ਸਰੀਰਕ ਕੰਮ ਕਰਦਾ ਹੈ। ਸਰੀਰ ਦੀ ਰਖਜਾ, ਸਰੀਰ ਦੀ ਪਾਲਨਾ ਤੇ ਸਰੀਰ ਦੇ ਭੋਗ। ਪਰ ਇਸ ਦਾ ਅਸਲਾ ਤੱਤ ਨਹੀਂ ਸਨ, ਉਹ ਤਾਂ ਚੇਤਨ ਸੀ, ਇਸ ਕਰਕੇ ਇਹ 'ਧਰਮਾ' ਬੀ ਹੈ, ਭਾਵ ਧਰਮ ਨੂੰ ਤੱਕੜੀ ਅੰਦਰ ਇਹੋ ਪਿਆ ਤੋਲਦਾ ਹੈ। ਦੇਖ ਆਪੇ ਸਰੀਰ ਨੂੰ ਰੋਟੀ ਨਾਲ ਪਾਲਣ ਲਈ ਤੰਦੂਰ ਤੋਂ ਰੋਟੀ ਚੁਰਾ ਲੈਂਦਾ ਹੈ, ਆਪੇ ਅੰਦਰ ਬੈਠਾ ਇਸ

ਕਰਮ ਦਾ ਧਰਮ ਅਧਰਮ ਵੀਚਾਰਦਾ ਹੈ ਤੇ ਫਿਟਕਾਰਾਂ ਪਾਉਂਦਾ ਆਖਦਾ ਹੈ, ਚੋਰੀ ਕਰਨੀ ਧਰਮ ਨਹੀਂ ਸੀ, ਮੈਂ ਇਹ ਅਧਰਮ ਕੀਤਾ ਹੈ। ਇਸ ਕਰਕੇ ਹੇ ਭਾਈ ! ਇਹ ਮਨ ਮੂੜ੍ਹ ਬੀ ਹੈ, ਜੈਸਾ ਤੂੰ ਕਿਹਾ ਸੀ ਕਿ 'ਮੁਗਧ' ਹੈ। ਮੁਗਧ ਹੋਣ ਕਰਕੇ ਲੋਭੀ ਤੇ (ਸਾਕਤ=) ਮਾਇਆ ਪ੍ਰੇਮੀ ਹੈ, ਇਸ ਕਰਕੇ ਮਨਮੁਖ ਹੋ ਰਿਹਾ ਹੈ; ਪਰ ਇਹ ਮਨ ਧਰਮਾ ਬੀ ਹੈ ਸੋ ਇਹੋ ਮਨ ਜੇ ਨਾਮ ਜਪੇ, ਜੈਸਾ ਕਿ ਅਸਾਂ ਕਿਹਾ ਹੈ, ਤਾਂ ਇਹੋ ਗੁਰਮੁਖ ਹੋ ਜਾਏਗਾ। ਉਹੋ ਇਸ ਦੀ 'ਧਰਮਾ-ਸ਼ਕਤੀ' ਪ੍ਰਬਲ ਹੋ ਜਾਏਗੀ, ਇਸੇ ਵਿਚ ਗੁਰੂ ਉਪਦੇਸ਼ ਉਸ ਸ਼ਕਤੀ ਨੂੰ ਗਯਾਨਮਯ ਕਰੇਗਾ, ਫੇਰ ਇਸੇ ਮਨ ਨੇ ਹਉਂ ਅਤੀਤ 'ਸ਼ੁਧ' ਹੋ ਜਾਣਾ ਹੈ, ਤਦ ਇਸੇ ਨੇ, ਜੋ ਮੁਗਧ ਸੀ, ਸ੍ਰੇਸ਼ਟ ਤੇ ਸੁੰਦਰ ਹੋ ਜਾਣਾ ਹੈ:-

ਇਹੁ ਮਨੁ ਸੁੰਦਰਿ ਆਪਣਾ ਹਰਿਨਾਮਿ ਮਜੀਠੈ ਰੰਗਿ ਰੀ॥ [ਆਸਾ ਮ: ੫-੧੧੮]

ਰੂੜਾ=ਸ੍ਰੇਸ਼ਟ, ਉੱਤਮ, ਸੁੰਦਰ ਭਾਵ ਸ਼ੁਧ ਆਤਮ ਸਰੂਪ।

ਪ੍ਰਸ਼ਨ ਕਰਤਾ- ਅੱਛਾ ਜੀ ! ਕੀਹ ਇਹ ਮਨ ਹਠ ਯੋਗ ਸਾਧੇ ਬਿਨ ਸਿਧ ਜਾਏਗਾ?

ਗੁਰੂ ਜੀ-ਭਾਈ, ਗੁਰੂ ਦੁਆਰਾ ਨਾਮ ਜਪਕੇ ਗੁਰਮੁਖ ਹੋ ਜਾਏਗਾ ਇਹੋ ਮਨ। ਗੁਰਮੁਖ ਦਾ ਮਨ ਆਪਣੇ ਟਿਕਾਣੇ ਆ ਜਾਂਦਾ ਹੈ, ਨਾ ਕੇਵਲ ਟਿਕਾਣੇ ਉਸ ਨੂੰ ਬਾਹਰ ਜਗਤ ਦੀ ਸੋਝੀ ਬੀ ਆ ਜਾਂਦੀ ਹੈ, ਸਗੋਂ ਤਿੰਨਾਂ ਲੋਕਾਂ ਦੀ ਸੋਝੀ ਆ ਜਾਂਦੀ ਹੈ। ਭਾਈ ਦੇਖ ਲੈ, ਇਹੋ ਮਨ ਪਹਿਲਾਂ ਭੋਗੀ ਹੁੰਦਾ ਹੈ, ਫੇਰ ਇਹੋ ਮਨ ਤਪ ਕਰਦਾ ਹੈ, ਫੇਰ ਯੋਗੀ (ਜੀਵਨ ਵਾਲਾ) ਹੋ ਜਾਂਦਾ ਹੈ, ਫੇਰ ਗੁਰਮੁਖ। ਸੋ ਜਦੋਂ ਗੁਰਮੁਖ ਹੋ ਜਾਂਦਾ ਹੈ ਤਦੋਂ ਆਪੇ ਨੂੰ ਆਪਣੇ ਅਸਲੀ ਸ਼ੁੱਧ ਚੇਤਨ ਸਰੂਪ ਨੂੰ ਪਛਾਣ ਲੈਂਦਾ ਹੈ, ਫੇਰ ਹਰੀ ਪ੍ਰਭੂ ਨੂੰ ਸਿਆਣ ਲੈਂਦਾ ਹੈ।

ਅੰਕ ੫-ਇਹ ਦਸ਼ਾ ਅਸਾਂ ਉਸ ਮਨ ਦੀ ਕਹੀ ਹੈ ਜਿਸ ਨੂੰ ਦੁਖ ਵਾਪਰਦੇ ਦੇਖਕੇ ਵੈਰਾਗ ਹੁੰਦਾ ਹੈ, ਉਹ ਖੋਜ ਕਰਦਾ ਹੈ। ਉਸ ਨੂੰ ਉਪਦੇਸ਼ ਮਿਲ ਪੈਂਦਾ ਹੈ, ਉਹ ਫੇਰ ਰਾਮ ਰਸ ਰੂਪੀ ਰਸਾਯਣ ਪੀਂਦਾ ਹੈ, ਨਾਮ ਦਾ ਰੰਗ ਮਾਣਦਾ ਹੈ। ਉਸ ਦੀ ਹਉਮੈ ਦੂਰ ਹੋ ਜਾਂਦੀ ਹੈ, ਉਹ ਇਸ ਜਗਤ ਵਿਚ ਗੁਰਮੁਖ ਹੋ ਜਾਂਦਾ ਹੈ, ਹਰੀ ਆਪ ਉਸ ਦੀ ਪਤਿ ਰਖਦਾ ਹੈ. (ਦਰ=) ਇਸ ਦੁਨੀਆਂ ਦੇ ਸਤਿਸੰਗ ਵਿਚ ਬੀ, ਤੇ (ਘਰਿ=) ਸਚਖੰਡ ਰੂਪੀ ਘਰ ਵਿਚ ਬੀ। ਪਰ ਜੇ ਇਸ ਮਾਰਗ ਤੇ ਨਾ ਟੁਰੇਂ ਜੋ ਤੈਨੂੰ ਦੱਸਿਆ ਹੈ ਤਾਂ (ਦੇਖ ਲੈ) ਹਰ ਹਿਰਦੇ ਵਿਚ ਮਾਯਕ ਵਾਸ਼ਨਾ ਤੇ ਦੁਬਿਧਾ ਲੱਗ ਰਹੀ ਹੈ।

ਅੰਕ ੬-ਹੁਣ ਮਨਸਾ ਦੁਬਿਧਾ ਵਿਚ ਗ੍ਰਸੇ ਮਨਾਂ ਦੀ, ਜਗਤ ਵਿਚ ਹਉਂ ਵਾਲੀ ਦਸ਼ਾ ਜੋ ਹਉਂ ਵਾਲਿਆਂ ਦੀ ਵੱਡੀ ਤੋਂ ਵੱਡੀ ਹੋ ਸਕਦੀ ਹੈ, ਅਰਥਾਤ ਰਾਜ ਪਦਵੀ ਦੱਸਕੇ ਉਸ ਤੋਂ ਛੁਟਕਾਰੇ ਦੀ ਬਿਧਿ ਉਸ ਨੂੰ ਸਮਝਾਉਂਦੇ ਹਨ। ਇਹ ਮਨ ਮਾਇਆ ਮੋਹ ਵਿਚ ਲੱਗਕੇ ਵਾਸ਼ਨਾ ਤੇ ਦੁਬਿਧਾ ਵਿਚ ਪ੍ਰਯਤਨ ਕਰਦਾ, ਵੱਧ ਤੋਂ ਵੱਧ ਰਾਜਾ ਬਣ ਜਾਂਦਾ ਹੈ ਯਾ ਸੂਰਮਾ। ਪਰ ਜੇ ਇਹ ਰਾਜਾ ਤੇ ਸੂਰਮਾ ਹੋਕੇ ਬੀ ਨਾਮ ਜਪਣ ਲੱਗ ਜਾਵੇ ਤਾਂ ਅਸਲ ਸੂਰਮਾ ਤੇ ਰਾਜਾ ਬਣ ਜਾਏਗਾ, ਕਿਉਂਕਿ ਆਪਣੇ ਮਹਾਨ ਬਲੀ ਪੰਜਾਂ (ਕਾਮ ਆਦਿਕਾਂ) ਨੂੰ ਮਾਰ ਲਏਗਾ, ਮਾਰ ਦਾ ਮਤਲਬ ਨਸ਼ਟ ਕਰਨਾ ਨਹੀਂ, ਆਪਣੇ ਵੱਸ ਵਿਚ ਕਰ ਲਏਗਾ ਤੇ ਇਕ ਥਾਂ ਕਰ ਲਏਗਾ, ਭਾਵ ਇਨ੍ਹਾਂ ਨੂੰ ਨੱਸਣ ਭੱਜਣ ਤੋਂ ਤੇ ਬੇਵਸੇ ਹੋ ਜਾਣ ਤੋਂ ਇਕ ਥਾਂ ਵਿਚ ਬੰਨ੍ਹ ਲਏਗਾ। ਏਹ ਆਤਮ ਤੱਤ ਦੇ ਕਿੱਲੇ ਨਾਲ ਬੱਝ ਜਾਣਗੇ, ਉਸ ਵੇਲੇ ਇਨ੍ਹਾਂ ਦਾ ਮੂਲ ਹਉਮੈ ਮਾਨੋ ਮਰ ਜਾਏਗਾ। ਸੋ ਇਹ ਆਤਮ ਬਿਜਈ ਸੂਰਮਾ ਤੇ ਲੋਕ ਪਰਲੋਕ ਵਿਚ ਪ੍ਰਤਾਪਸ਼ੀਲ ਰਾਜਾ ਹੋ ਜਾਏਗਾ।

ਅੰਕ ੭ -ਪ੍ਰਸ਼ਨ-ਐਸੇ ਗੁਰਮੁਖ ਨੂੰ ਤੁਸਾਂ ਜਗਤ ਵਿਚ ਰਖਣਾ ਹੈ, ਬਨੀਂ ਪਰਬਤੀਂ ਨਹੀਂ ਜਾਣ ਦੇਣਾ, ਸੋ ਜਗਤ ਵਿਚ ਵਸਦਿਆਂ ਉਸ ਦੀ ਰਹਿਤ ਬਹਿਤ ਕੀਕੂੰ ਦੀ ਹੋਵੇਗੀ, ਕਿਰਪਾ ਕਰਕੇ ਦੱਸੋ?

ਗੁਰੂ ਜੀ-ਗੁਰਮੁਖ ਦਾ ਇਹੋ ਮਨ, ਜਿਸ ਦੀਆਂ ਗਲਾਂ ਕਰਦੇ ਆਏ ਹਾਂ, ਰਾਗ ਦ੍ਵੈਖ ਤੇ ਰਾਗ ਦ੍ਵੈਖ ਤੋਂ ਉਪਜਦੇ ਸੁਆਦਾਂ ਨੂੰ ਕੌੜੇ ਸਹੀ ਕਰਕੇ ਸਭਨਾਂ ਨੂੰ ਛੱਡ ਬੈਠਾ ਹੁੰਦਾ ਹੈ, ਕਿਉਂਕਿ ਉਸ ਦਾ ਮਨ

ਈਸ਼੍ਵਰ ਭਗਤੀ ਵਿਚ ਸਾਵਧਾਨ ਹੋ ਗਿਆ ਹੁੰਦਾ ਹੈ। ਇਹੋ ਉਸ ਦਾ ਮਨ ਅਨਾਹਦ ਸ਼ਬਦ ਦਾ ਰਸੀਆ ਹੋ ਗਿਆ ਹੁੰਦਾ ਹੈ। ਸਿਮਰਨ ਕਰਦਿਆਂ ਸਿਮਰਨ ਲਗਾਤਾਰੀ ਹੋਕੇ ਇਹ ਰਸ ਸੰਗੀਤਕ ਰੂਪ ਵਿਚ ਉਸ ਦੇ ਮਨ ਦੀ ਲਿਵ ਵਜ਼ਾਪਕ ਸ਼ਬਦ ਵਿਚ ਲਾਈ ਰਖਦਾ ਹੈ। ਉਸ ਦਾ ਮਨ 'ਮਾਨਿਆ' ਭਾਵ ਨਿਹਚੇ ਦੇ ਘਰ ਵਿਚ ਹੁੰਦਾ ਹੈ। ਫਿਰ ਉਹ ਵੀਚਾਰਵਾਨ ਹੁੰਦਾ ਹੈ: ਸ਼ਬਦ ਬ੍ਰਹਮ ਦਾ ਵੀਚਾਰਵਾਨ। ਫਿਰ ਉਹ ਆਤਮਾ ਦੀ ਪਛਾਣ ਵਾਲਾ ਹੋ ਜਾਂਦਾ ਹੈ ਤੇ ਆਤਮ ਤੱਤ ਤੇ ਖੜੋਕੇ ਉਹ ਟਿਕੇ ਮਨ ਵਾਲਾ ਨਿਰੰਕਾਰੀ ਹੋ ਜਾਂਦਾ ਹੈ, ਭਾਵ ਬ੍ਰਹਮ ਤਤ ਨੂੰ ਪ੍ਰਾਪਤ ਹੋ ਜਾਂਦਾ ਹੈ।

ਅੰਕ ੮-ਪ੍ਰਸ਼ਨ-ਕੀ ਫੇਰ ਓਹ ਜਗਤ ਵਿਚ ਵੱਸ ਸਕਦਾ ਹੈ?

ਗੁਰੂ ਜੀ-ਉਹ ਜਗਤ ਜੀਵਾਂ ਤੋਂ ਘ੍ਰਿਣਾ ਨਹੀਂ ਕਰਦਾ, ਕਿਉਂਕਿ ਉਸ ਦਾ ਮਨ ਨਿਰਮਲ ਹੋ ਗਿਆ ਹੁੰਦਾ ਹੈ, ਐਸਾ ਕਿ ਹੁਣ ਕੋਈ ਮੈਲ ਨਹੀਂ ਪੋਂਹਦੀ। ਫਿਰ ਉਸ ਦੀ ਪਵਿੱਤ੍ਰਤਾ ਇਸ ਕਰਕੇ ਬੀ ਸ਼ੁਧ ਰਹਿੰਦੀ ਹੈ ਕਿ ਭਾਉ ਭਗਤੀ-ਲਿਵ ਉਸ ਦੀ ਜਾਰੀ ਰਹਿੰਦੀ ਹੈ, ਪੂਰਨ ਪਦ ਪਾਕੇ ਉਹ ਸ਼ੂਨ ਨਹੀਂ ਹੋ ਜਾਂਦਾ, ਉਹ ਭਾਉ ਭਗਤੀ ਵਿਚ ਰਹਿੰਦਾ ਹੈ*। ਹਾਂ, ਉਹ ਹਰੀ ਜਸ ਕਰਦਾ ਰਹਿੰਦਾ ਹੈ, ਤੇ ਗੁਰੂ ਦੀ ਕ੍ਰਿਪਾ ਦਾ ਸਦਾ ਗਜਾਤਾ ਰਹਿੰਦਾ ਹੈ, ਭਾਵ ਸਾਰੀ ਪ੍ਰਾਪਤੀ ਨੂੰ ਉਸ ਦਾ ਅਨੁਗ੍ਰਹੁ ਸਮਝਦਾ ਹੈ, ਅਪਣੀ ਘਾਲ ਤੋਂ ਨਹੀਂ ਸਮਝਦਾ। ਅਰਥਾਤ ਹਉਂ ਦੀ ਥਾਂ ਗੁਰ ਪ੍ਰਸਾਦ ਦੇ ਭਾਵ ਵਿਚ ਵਸਦਾ ਹੈ। ਇਹ ਹਉਂ ਅਤੀਤਤਾ ਦੀ ਇਕ ਉੱਚੀ ਅਵਸਥਾ ਹੈ। ਫੇਰ ਜਦ ਜੀਵਾਂ ਵੱਲ ਤੱਕਦਾ ਹੈ ਤਾਂ ਹਰ ਹਿਰਦੇ ਵਿਚ, ਹਰ ਸਰੀਰ ਵਿਚ ਆਦਿ ਜੁਗਾਦੀ ਪ੍ਰਭੂ ਨੂੰ ਦੇਖਦਾ ਹੈ, ਇਸ ਕਰਕੇ ਕਿਸੇ ਨਾਲ ਸੂਗ ਨਹੀਂ ਕਰਦਾ†।

ਅੰਕ ੯-ਪ੍ਰਸ਼ਨ ਕਰਤਾ-ਬੜੀ ਮੇਹਰ ਹੋਈ ਹੈ। ਜ਼ਰਾ ਸੰਖੇਪ ਕਰਕੇ ਸਾਰੀ ਗਲ ਇਸ ਮੁਗਧ ਨੂੰ ਫੇਰ ਸਮਝਾ ਦਿਓ?

ਗੁਰੂ ਜੀ-ਹੇ ਭਾਈ ! ਭਗਤੀ ਭਾਵ ਧਾਰਨ ਕਰ, ਹਰੀ ਜਨ ਦਾ ਦਾਸ ਬਣਕੇ ਉਸ ਤੋਂ ਨਾਮ ਰੂਪੀ ਰਸਾਇਣ ਪੀ, ਉਸ ਵਿਚ ਭਰਿਆ ਰਹੁ। ਰਾਮ ਨਾਮ ਰਸਾਇਣ ਦਾ ਪੀਣਹਾਰਾ ਹੋਕੇ ਤੂੰ ਫੇਰ ਸਰਬ ਰਸਾਇਣ ਵਾਹਿਗੁਰੂ ਜੀ ਨੂੰ ਪ੍ਰਾਪਤ ਹੋ ਜਾਏਂਗਾ। ਤਦ ਤੂੰਹੋਂ ਗੁਰਮੁਖ ਪਿਆ ਸਦਾਏਂਗਾ। ਭਾਈ ਇਹੋ ਤੇਰਾ ਮਨ ਨਾਮ ਰੱਤਾ ਹੋਕੇ ਤੈਨੂੰ ਗੁਰਮੁਖ ਬਣਾ ਦੇਵੇਗਾ।

ਨਿਰੁਕ੍-ਮੈਗਲੁ- [ਸੰਸ:, ਮਦਕਲ:, ਪ੍ਰਾ: ਮਜਗਲ। ਪੁ: ਪੰ:, ਮੈਗਲ] ਹਾਥੀ, ਭਾਵ ਮਦਮੱਤੇ ਹਾਥੀ ਤੋਂ ਹੈ।

ਸਾਕਤੁ- [ਦੇਖੋ ਪੰਨਾ ੧੬੦੯] ਸ਼ਕਤੀ ਉਪਾਸਕ। ਮਾਇਆ ਪ੍ਰੇਮੀ।

(ਅ) ਗਿਰਿਆ ਹੋਇਆ ਇਨਸਾਨ।

ਦੇਵਾਨਾ-ਸ਼ੁਦਾਈ, ਪਾਗ਼ਲ।

ਕੰਟਕੁ- [ਦੇਖੋ ਪੰਨਾ ੧੫੯੨] ਕੰਡਾ। ਭਾਵ ਹੈ ਚੁਭਣ ਵਾਲਾ। ਦੁਖ ਦੇਣ ਵਾਲਾ। ਦੁਖਦਾਈ।

ਕਰਮਾ-ਜੋ ਕਰਮ ਕਰਾਵੇ। ਇੰਦ੍ਰਿਆਂ ਤੋਂ ਕਰਮ ਕਰਾਉਣ ਵਾਲਾ। Instrument of action.

ਧਰਮਾ-ਜੋ ਧਰਮ ਦਾ ਪਤਾ ਦੇਵੇ। ਭਾਵ ਜੋ ਅੰਦਰ ਬੈਠਾ ਫੈਸਲਾ ਕਰਦਾ ਹੈ ਕਿ ਇਹ ਕਰਮ ਧਰਮ ਹੈ ਇਹ ਅਧਰਮ ਹੈ। ਨਿਆਂ ਕਰਨ ਵਾਲਾ Inner notion of justice.

ਰੂੜਾ- [ਸੰਸ:, ਰੂਢ:=ਪ੍ਰਸਿਧ] ਉੱਤਮ, ਭਲਾ, ਸ੍ਰੇਸ਼ਟ, ਸੁੰਦਰ।

ਅਸਥਾਨੇ-ਅਸਥਾਨ ਤੇ ਆ ਜਾਂਦਾ ਹੈ। ਟਿਕਾਣੇ ਆ ਜਾਂਦਾ ਹੈ।

ਜੋਗੀ-ਤੋਂ ਭਾਵ ਏਥੇ ਮਨ ਟਿਕਾਉਣ ਵਾਲਾ ਹੈ ਚਾਹੋ ਕਿਸੇ ਤਰ੍ਹਾਂ ਟਿਕਾਵੇ।

---

*ਯਥਾ:-ਬ੍ਰਹਮ ਗਿਆਨੀ ਕੈ ਨਾਮੁ ਅਧਾਰੁ॥
ਬ੍ਰਹਮ ਗਿਆਨੀ ਪਰਉਪਕਾਰ ਉਮਾਹਾ॥ [ਸੁਖਮਨੀ, ੮-੫,੪]

† ਸਭ ਮਹਿ ਰਵਿ ਰਹਿਆ ਪ੍ਰਭੁ ਏਕੈ ਪੇਖਿ ਪੇਖਿ ਨਾਨਕ ਬਿਗਸਾਈ॥ [ਕਾਨੜਾ ਮ: ੫-੮]

ਦਰਿ-ਦਰਵਾਜੇ ਵਿਚ। ਭਾਵ ਹੈ ਸਤਿਸੰਗ ਵਿਚ।

ਘਰਿ- ਅਪਣੇ ਮਨ ਵਿਚ। ਭਾਵ ਅਪਣਾ ਮਨ ਬੀ ਅਪਣੇ ਰਾਮ ਰਸ ਪੀਤੇ ਦੇ ਅਹਿਸਾਸ ਤੇ ਮਾਣ ਵਿਚ ਰਹਿੰਦਾ ਹੈ।

ਮਹਲੀ-ਮਹਲ ਵਿਚ। ਭਾਵ ਹੈ ਵਾਹਿਗੁਰੂ ਦੇ ਮਹਲ ਸਚ ਖੰਡ ਵਿਚ ਯਾ ਸਚੇ ਦਰਬਾਰ ਵਿਚ।

ਸੂਰ ਸੰਗ੍ਰਾਮਿ-ਜੰਗ ਵਿਚ ਸੂਰਮਾ ਯਾ ਬਹਾਦਰ।

ਪੰਚ-ਪੰਜ, ਭਾਵ ਕਾਮ ਕ੍ਰੋਧ ਲੋਭ ਮੋਹ ਹੰਕਾਰ।

ਗ੍ਰਾਸਿ- [ਸੰਸ:, ਗ੍ਰਾਸ:=ਭੋਜਨ, ਗ੍ਰਾਹੀ] ਗ੍ਰਾਹੀ। ਗ੍ਰਾਹੀ ਕਰਨਾ ਭਾਵ ਖਾ ਲਿਆ ਹੁੰਦਾ ਹੈ।

ਅਨ-ਦੂਸਰੇ। ਹੋਰ।　　ਮਾਨਿਆ-ਪਤੀਜਿਆ। 'ਅਨਹਦ ਸੁਣਿ ਮਾਨਿਆ ਸਬਦੁ ਵੀਚਾਰੀ' ਦਾ ਅੰਨ੍ਵਜ:-ਅਨਹਦ ਸਬਦੁ ਸੁਣਿ ਮਾਨਿਆ ਵੀਚਾਰੀ।

ਨਿਰੰਕਾਰੀ-ਨਿਰੰਕਾਰ ਦਾ। ਨਿਰੰਕਾਰ ਰੂਪ ਹੋਇਆ ਰਹਿਣਾ। ਬ੍ਰਹਮ ਤਤ ਨੂੰ ਪ੍ਰਾਪਤ ਹੋਇਆ ਰਹਿਣਾ।

ਧੁਨਿ-ਲਿਵ।

ਰਾਮ ਰਸਾਇਣਿ*-ਰਾਮ ਦੀ ਰਸੈਣ। ਰਾਮ ਨਾਮ ਤੋਂ ਰਾਮ ਦੀ ਹਜ਼ੂਰੀ ਵਿਚ ਆਕੇ ਰਸ ਪੈਂਦਾ ਹੈ।

ਸਰਬ ਰਸਾਇਣੁ*-ਸਾਰੇ ਰਸਾਂ ਦਾ ਘਰ।

[ਆਸਾ ਮਹਲਾ ੧, ਅਸਟਪਦੀ-੯]

ਪ੍ਰਾਕ੍ਥਨ-ਨਾਮ ਸੱਚਾ ਧਨ ਹੈ, ਸੰਗੀ ਸਾਥੀ ਹੈ, ਨਾਲ ਜਾਂਦਾ ਹੈ, ਗੁਰੂ ਤੋਂ ਮਿਲਦਾ ਹੈ, ਉਸ ਦੁਆਰਾ ਮੁਕਤ ਹੋਣੇ ਦਾ ਪ੍ਰਕਾਰ ਦੱਸਿਆ ਹੈ।

ਮੂਲ	ਅਰਥ
ਆਸਾ ਮਹਲਾ ॥੧॥ **ਤਨੁ ਬਿਨਸੈ ਧਨੁ ਕਾ ਕੋ ਕਹੀਐ ॥** **ਬਿਨੁ ਗੁਰ ਰਾਮ ਨਾਮੁ ਕਤ ਲਹੀਐ॥** **ਰਾਮ ਨਾਮ ਧਨੁ ਸੰਗਿ ਸਖਾਈ ॥** **ਅਹਿਨਿਸਿ ਨਿਰਮਲੁ ਹਰਿ ਲਿਵ ਲਾਈ ॥੧॥**	੧. (ਜਦ) ਸਰੀਰ ਨਾਸ਼ ਹੋ ਜਾਂਦਾ ਹੈ (ਤਦ ਦੱਸ) ਧਨ (ਜੋ ਸਰੀਰ ਨੇ ਕੱਠਾ ਕੀਤਾ ਸੀ) ਕਿਸ ਦਾ ਆਖੀਦਾ ਹੈ? (ਭਾਵ ਇਹ ਕਿ ਧਨ ਹੋਰਨਾਂ ਦਾ ਹੋ ਜਾਂਦਾ ਹੈ, ਜੀਵ ਦੇ ਨਾਲ ਨਹੀਂ ਜਾਂਦਾ। ੩. ਪਰ ਇਕ ਧਨ ਹੋਰ ਹੈ ਜੋ) ਸੰਗੀ ਤੇ ਸਾਥੀ (ਹੋਕੇ ਨਾਲ ਜਾਣ ਵਾਲਾ ਹੈ, ਇਹ) ਧਨ ਰਾਮ ਦਾ ਨਾਮ ਹੈ। ੨ (ਉਹ) ਰਾਮ ਨਾਮ (ਰੂਪੀ ਧਨ) ਗੁਰੂ ਤੋਂ ਬਿਨਾਂ (ਹੋਰਥੋਂ) ਕਿਥੋਂ ਮਿਲ ਸਕਦਾ ਹੈ? ੪. (ਧੰਨ ਹੈ ਉਹ ਜਿਸ ਨੇ ਗੁਰੂ ਤੋਂ ਪ੍ਰਾਪਤ ਕਰਕੇ) ਦਿਨੇ ਰਾਤ ਪਵਿਤ੍ਰ ਹਰੀ (ਦੇ ਨਾਮ ਵਿਚ) ਲਿਵ ਲਾਈ ਹੈ॥ ੧॥
ਰਾਮ ਨਾਮ ਬਿਨੁ ਕਵਨੁ ਹਮਾਰਾ ॥ **ਸੁਖ ਦੁਖ ਸਮ ਕਰਿ ਨਾਮੁ ਨ ਛੋਡਉ** **ਆਪੇ ਬਖਸਿ ਮਿਲਾਵਣਹਾਰਾ ॥੧॥ ਰਹਾਉ ॥**	ਰਾਮ ਦੇ ਨਾਮ ਤੋਂ ਬਿਨਾ ਸਾਡਾ (ਸਖਾ ਤੇ ਸੰਗੀ ਹੋਰ) ਕੌਣ ਹੈ? (ਤਾਂਤੇ) ਸੁਖ ਤੇ ਦੁਖ ਨੂੰ ਇਕੋ ਜਿਹਾ ਜਾਣਕੇ ਨਾਮ ਨੂੰ (ਕਦੇ) ਨਾ ਛਡਾਂ (ਉਸ ਨਾਮ ਦਾ ਨਾਮੀ) ਆਪੇ (ਮੇਰੇ ਅਵਗੁਣ) ਬਖ਼ਸ਼ਕੇ (ਅਪਣੇ ਨਾਲ) ਮਿਲਾ ਲੈਣ ਵਾਲਾ ਹੈ॥ ੧॥ ਰਹਾਉ॥

* ਵ੍ਯੁਤਪੱਤੀ ਇਉਂ ਹੈ:-੧. ਰਸ+ਆਯਣ=ਰਸਾਂ ਦਾ ਘਰ। ਸ਼ਿਰੋਮਣੀ ਰਸ। ੨. ਰਸ=ਪਾਰਾ। ਰਸਾਯਣ=ਪਾਰੇ ਨੂੰ ਮਾਰਕੇ ਬਣੀ ਕੋਈ ਦਵਾ ਜੋ ਸਰੀਰ ਨੂੰ ਮੁੜ ਨਵਾਂ ਨਰੋਆ ਕਰ ਦੇਵੇ। (ਅ) ਉਹ ਸ਼ੈ ਜੋ ਤਾਂਬੇ ਨੂੰ ਸੋਨਾ ਬਣਾ ਦੇਵੇ।

ਕਨਿਕ ਕਾਮਨੀ ਹੇਤੁ ਗਵਾਰਾ ॥ ਦੁਬਿਧਾ ਲਾਗੇ ਨਾਮੁ ਵਿਸਾਰਾ ॥ ਜਿਸੁ ਤੂੰ ਬਖਸਹਿ ਨਾਮੁ ਜਪਾਇ ॥ ਦੂਤੁ ਨ ਲਾਗਿ ਸਕੈ ਗੁਨ ਗਾਇ ॥੨॥

ਮੂਰਖਾਂ ਨੇ ਇਸਤ੍ਰੀ ਤੇ ਸੋਨੇ ਦੇ ਪਿਆਰ ਕਰਕੇ ਦੁਬਿਧਾ ਵਿਚ ਲੱਗੇ ਰਿਹਾਂ ਨਾਮ ਨੂੰ ਵਿਸਾਰੀ ਰਖਿਆ ਹੈ। (ਪਰ) ਜਿਸ ਨੂੰ ਤੂੰ ਬਖਸ਼ ਦੇਂਦਾ ਹੈਂ (ਉਸਨੂੰ ਤੂੰ) ਨਾਮ ਜਪਾਉਂਦਾ ਹੈਂ, (ਉਹੀ ਤੇਰੇ) ਗੁਣ ਗਾਉਂਦਾ ਹੈ, (ਉਸ ਨੂੰ ਫੇਰ) ਜਮਦੂਤ ਨਹੀਂ ਲੱਗ ਸਕਦਾ॥ ੨॥

ਹਰਿ ਗੁਰੁ ਦਾਤਾ ਰਾਮ ਗੁਪਾਲਾ ॥ ਜਿਉ ਭਾਵੈ ਤਿਉ ਰਾਖੁ ਦਇਆਲਾ॥ ਗੁਰਮੁਖਿ ਰਾਮੁ ਮੇਰੈ ਮਨਿ ਭਾਇਆ॥ ਰੋਗ ਮਿਟੇ ਦੁਖੁ ਠਾਕਿ ਰਹਾਇਆ ॥੩॥

[ਅਰਦਾਸ:] ਹੇ ਪ੍ਰਿਥਵੀ ਪਾਲਕ ਤੇ ਦਿਆਲੂ ਰਾਮ ! ਜਿਵੇਂ (ਤੈਨੂੰ) ਭਾਵੇ ਤਿਵੇਂ (ਮੈਨੂੰ) ਹਰੀ (ਨਾਮ) ਦਾ ਦਾਤਾ ਗੁਰੂ (ਮਿਲਾਕੇ) ਰੱਖ ਲੈ। (ਅਰਦਾਸ ਸੁਣਕੇ ਜਦ ਰਾਮ ਨੇ ਗੁਰੂ ਮਿਲਾ ਦਿੱਤਾ ਤਾਂ ਉਸ) ਗੁਰੂ ਦੁਆਰਾ ਰਾਮ ਮੇਰੇ ਮਨ ਵਿਚ ਪਿਆਰਾ ਲੱਗ ਗਿਆ, (ਤਦ ਲੱਗੇ ਹੋਏ) ਰੋਗ (ਤਾਂ ਮੇਰੇ) ਮਿਟ ਗਏ (ਤੇ ਆਉਣ ਵਾਲਾ) ਦੁਖ ਸਾਰਾ ਰੋਕਿਆ ਵਰਜਿਆ ਗਿਆ॥ ੩॥

ਅਵਰੁ ਨ ਅਉਖਧੁ ਤੰਤ ਨ ਮੰਤਾ ॥ ਹਰਿ ਹਰਿ ਸਿਮਰਣੁ ਕਿਲਵਿਖ ਹੰਤਾ ॥ ਤੂੰ ਆਪਿ ਭੁਲਾਵਹਿ ਨਾਮੁ ਵਿਸਾਰਿ ॥ ਤੂੰ ਆਪੇ ਰਾਖਹਿ ਕਿਰਪਾ ਧਾਰਿ ॥੪॥

(ਨਿਸਚੇ ਜਾਣੋ ਕਿ) ਹਰੀ ਹਰਿ ਦਾ ਸਿਮਰਣ ਪਾਪਾਂ ਦੇ ਨਾਸ਼ ਕਰਨੇ ਵਾਲਾ ਹੈ, (ਇਸ ਦੇ ਤੁੱਲ) ਹੋਰ (ਕੋਈ) ਤੰਤ੍ਰ ਨਹੀਂ, ਮੰਤ੍ਰ ਨਹੀਂ, ਤੇ ਦਵਾਈ ਨਹੀਂ। (ਪਰ ਮੂਰਖ ਲੋਕ ਵਰਤਦੇ ਨਹੀਂ। ਹਾਂ ਸੱਚੀਂ ਮੈਂ ਮਾੜਾ ਕਿਸੇ ਨੂੰ ਕਿਉਂ ਆਖਾਂ, ਕਿਉਂਕਿ ਜਿਨ੍ਹਾਂ ਨੂੰ) ਤੂੰ ਆਪੇ ਭੁਲਾ ਦੇਂਦਾ ਹੈ (ਓਹ) ਨਾਮ ਵਿਸਾਰ ਦੇਂਦੇ ਹਨ। (ਜਿਨ੍ਹਾਂ ਉਤੇ) ਤੂੰ ਕਿਰਪਾ ਕਰਦਾ ਹੈਂ (ਉਨ੍ਹਾਂ ਨੂੰ) ਆਪੇ ਬਚਾ ਲੈਂਦਾ ਹੈ॥ ੪॥

ਰੋਗੁ ਭਰਮੁ ਭੇਦੁ ਮਨਿ ਦੂਜਾ ॥ ਗੁਰ ਬਿਨੁ ਭਰਮਿ ਜਪਹਿ ਜਪੁ ਦੂਜਾ ॥ ਆਦਿ ਪੁਰਖ ਗੁਰ ਦਰਸ ਨ ਦੇਖਹਿ॥ ਵਿਣੁ ਗੁਰ ਸਬਦੈ ਜਨਮੁ ਕਿ ਲੇਖਹਿ ॥੫॥

(ਜਿਨ੍ਹਾਂ ਦੇ) ਮਨ ਵਿਚ ਦੂਜਾ (ਭਾਉ) ਹੈ, ਉਨ੍ਹਾਂ ਨੂੰ ਰੋਗ ਭਰਮ ਤੇ ਭੇਦ (ਵਾਪਰਦੇ ਹਨ, ਓਹ) ਗੁਰੂ ਵਿਹੂਣੇ (ਹੋਣ ਕਰਕੇ) ਭਰਮ ਵਿਚ ਰਹਿੰਦੇ ਹਨ, ਤੇ ਦ੍ਵੈਤ ਭਾਵ ਦੇ ਜਪ ਨੂੰ ਜਪਦੇ ਹਨ, (ਭਾਵ, ਵਾਹਿਗੁਰੂ ਜੀ ਤੋਂ ਅਤ੍ਰਿਕਤ ਜੋ 'ਮਾਇਆ ਵਿਚ ਪ੍ਰੇਮ' ਦਾ ਦੁਤੀਆ ਭਾਵ ਹੈ ਉਸ ਦੇ ਪੁਜਾਰੀ ਬਣੇ ਰਹਿੰਦੇ ਹਨ। ਓਹ ਕਿਉਂਕਿ) ਗੁਰੂ ਦਾ ਦਰਸ ਨਹੀਂ ਦੇਖ ਰਹੇ (ਇਸ ਕਰਕੇ) ਆਦਿ ਪੁਰਖ ਦਾ (ਦਰਸ ਨਹੀਂ ਦੇਖਣਗੇ)। ਗੁਰੂ ਦੇ ਸ਼ਬਦ (ਧਾਰਨ ਕੀਤੇ) ਬਿਨਾਂ ਜਨਮ ਹੀ ਕਿਸ ਲੇਖੇ ਹੈ? (ਭਾਵ ਬ੍ਰਿਥਾ ਹੈ)॥ ੫॥

ਦੇਖਿ ਅਚਰਜੁ ਰਹੇ ਬਿਸਮਾਦਿ ॥ ਘਟਿ ਘਟਿ ਸੁਰ ਨਰ ਸਹਜ ਸਮਾਧਿ॥ ਭਰਿਪੁਰਿ ਧਾਰਿ ਰਹੇ ਮਨ ਮਾਹੀ ॥ ਤੁਮ ਸਮਸਰਿ ਅਵਰੁ ਕੋ ਨਾਹੀ ॥੬॥

[ਇਹ ਆਖਦਿਆਂ ਸਨਮੁਖ ਦੀਦਾਰੇ 'ਅਸਚਰਜ ਰੂਪ' ਵਿਚ ਝਲਕਾ ਵੱਜਾ ਤੇ ਬੋਲੇ:] (ਤੇਰੇ) ਅਸਚਰਜ (ਰੂਪ) ਨੂੰ ਦੇਖਕੇ ਵਿਸਮਾਦ ਹੋ ਰਿਹਾ ਹਾਂ। (ਤੇਰੀ) ਸਹਜ ਸਮਾਧੀ ਦੇਵਤਿਆਂ ਤੇ ਮਨੁੱਖਾਂ ਦੇ ਹਿਰਦੇ ਹਿਰਦੇ ਵਿਚ (ਲੱਗੀ ਹੋਈ ਹੈ। ਆਪ ਸਾਰੇ) ਵਜਾਪਕ ਹੋ ਰਹੇ ਹੋ (ਤੇ ਆਪਣੇ) ਮਨ ਵਿਚ ਸਭ ਕਿਸੇ ਨੂੰ ਸੰਭਾਲ ਰਹੇ ਹੋ। (ਹੇ ਅਸਚਰਜ ਰੂਪ !) ਤੁਹਾਡੇ ਤੁੱਲ ਦਾ ਹੋਰ ਦੂਜਾ ਕੋਈ ਨਹੀਂ ਹੈ॥ ੬॥

ਜਾ ਕੀ ਭਗਤਿ ਹੇਤੁ ਮੁਖਿ ਨਾਮੁ ॥

[ਹੁਣ ਦੱਸਦੇ ਹਨ ਕਿ ਉਹ ਅਸਚਰਜ ਰੂਪ ਸਤਿਸੰਗ ਵਿਚ ਵੱਸਦਾ ਹੈ:-] ਜਿਸ (ਰਾਮ) ਦੀ ਭਗਤੀ ਦੀ ਖ਼ਾਤਰ ਮੂੰਹ ਵਿਚ

ਸੰਤ ਭਗਤ ਕੀ ਸੰਗਤਿ ਰਾਮੁ ॥ ਬੰਧਨ ਤੋਰੇ ਸਹਜਿ ਧਿਆਨੁ ॥ ਛੂਟੈ ਗੁਰਮੁਖਿ ਹਰਿ ਗੁਰ ਗਿਆਨੁ ॥੭॥

ਨਾਮ (ਵੱਸਦਾ ਹੈ) ਉਹ ਰਾਮ ਸੰਤ ਭਗਤ ਦੀ ਸੰਗਤਿ ਵਿਚੋਂ (ਲੱਭ ਪੈਂਦਾ ਹੈ। ਉਹ) ਬੰਧਨ ਤੋੜ ਦੇਂਦਾ ਹੈ ਤੇ ਸਹਜ ਵਿਚ ਧਿਆਨ ਨੂੰ (ਜੋੜ ਦੇਂਦਾ ਹੈ, ਐਉਂ ਜੀਵ) ਗੁਰੂ ਦੇ ਦਿੱਤੇ ਹਰੀ ਗਿਆਨ (ਨੂੰ ਪਾਕੇ) ਗੁਰਮੁਖ ਬਣਕੇ ਮੁਕਤ ਹੋ ਜਾਂਦਾ ਹੈ॥ ੭॥

ਨਾ ਜਮਦੂਤ ਦੂਖੁ ਤਿਸੁ ਲਾਗੈ ॥ ਜੋ ਜਨੁ ਰਾਮ ਨਾਮਿ ਲਿਵ ਜਾਗੈ ॥ ਭਗਤਿ ਵਛਲੁ ਭਗਤਾ ਹਰਿ ਸੰਗਿ ॥ ਨਾਨਕ ਮੁਕਤਿ ਭਏ ਹਰਿ ਰੰਗਿ ॥੮॥੯॥

(ਸਿੱਟੇ ਦੀ ਗੱਲ ਇਹ ਹੈ ਕਿ) ਜੋ ਪੁਰਖ ਰਾਮ ਨਾਮ ਦੀ ਲਿਵ (ਦੁਆਰਾ) ਜਾਗ੍ਰਤ ਵਿਚ ਆ ਗਿਆ ਹੈ ਉਸ ਨੂੰ ਜਮ ਦੂਤ ਦਾ ਦੁਖ ਨਹੀਂ ਲੱਗਦਾ, (ਕਿਉਂਕਿ) ਭਗਤ ਵਛਲ ਹਰੀ ਭਗਤਾਂ ਦੇ (ਸਦਾ) ਅੰਗ ਸੰਗ ਰਹਿੰਦਾ ਹੈ, (ਇਸ ਕਰਕੇ) ਹੇ ਨਾਨਕ ! (ਭਗਤ) ਹਰੀ ਦੇ ਪ੍ਰੇਮ ਨਾਲ ਹੀ ਮੁਕਤ ਹੋ ਜਾਂਦੇ ਹਨ॥ ੮॥ ੯॥

ਵਯਾਖਯਾ-ਅੰਕ ੧-ਕਿਸੇ ਧਨ ਦੇ ਪ੍ਰੇਮੀ ਪ੍ਰਤੀ, ਜੋ ਨਾਮ ਵਿਹੂਣਾ ਹੈ। ਇਹ ਉਪਦੇਸ਼ ਹੋਇਆ ਜਾਪਦਾ ਹੈ। ਉਸ ਨੂੰ ਦੱਸਦੇ ਹਨ ਕਿ ਧਨ ਦਾ ਪ੍ਰੇਮ ਸਰੀਰ ਤੱਕ ਹੈ, ਇਹ ਮਰਦੇ ਸਾਰ ਹੀ ਕਿਸੇ ਹੋਰ ਦਾ ਹੋ ਜਾਂਦਾ ਹੈ, ਨਾਲ ਨਹੀਂ ਜਾਂਦਾ। ਫੇਰ ਦੂਜੇ ਧਨ ਦਾ ਪਤਾ ਦੇਂਦੇ ਹਨ ਜੋ ਨਾਲ ਜਾਂਦਾ ਹੈ, ਉਹ ਹੈ ਵਾਹਿਗੁਰੂ ਦਾ ਨਾਮ। ਉਸ ਵਿਚ ਦਿਨੇ ਰਾਤ ਲਿਵ ਲਾਓ। ਫੇਰ ਪਤਾ ਦੇਂਦੇ ਹਨ ਕਿ ਉਹ ਗੁਰੂ ਤੋਂ ਮਿਲਦਾ ਹੈ।

ਰਹਾਉ ਵਿਚ ਅਪਣੇ ਦੁਆਰਾ ਉਪਦੇਸ਼ ਕਰਦੇ ਹਨ ਕਿ ਮੈਂ ਨਾਮ ਪਰਾਇਣ ਹਾਂ ਅਰ ਮੇਰੀ ਪਰਾਇਣਤਾ ਅਨਿੰਨ ਹੈ। ਸੁਖ ਦੁਖ ਨੂੰ ਮੈਂ ਇਕ ਤੁੱਲ ਜਾਣਦਾ ਹਾਂ ਅਤੇ ਨਾਮ ਸਿਮਰਣ ਨੂੰ ਛੱਡਣਾ ਬੁਰਾ ਸਮਝਦਾ ਹਾਂ, ਇਸ ਕਰਕੇ ਹਰ ਹਾਲ ਇਸ ਨੂੰ ਫੜੀ ਰਖਦਾ ਹਾਂ। ਇਸ ਨਾਲ ਮੈਂ ਹਰੀ ਨਾਲ ਲਗਾ ਰਹਾਂਗਾ। ਉਹੋ ਹੈ ਪਾਪਾਂ ਨੂੰ, ਅਵਗੁਣਾਂ ਨੂੰ ਬਖਸ਼ਣ ਵਾਲਾ, ਜਿਨ੍ਹਾਂ ਕਰਕੇ ਸੁਖ ਦੁਖ ਆਉਂਦੇ ਹਨ। ਉਹੋ ਹੈ ਜਿਸ ਨੇ ਅਪਣੇ ਆਪ ਨਾਲ ਸਾਨੂੰ ਮੇਲ ਲੈਣਾ ਹੈ।

ਅੰਕ ੨ ਵਿਚ ਜਗਤ ਦੇ ਭੁੱਲੇ ਰਹਿਣ ਦਾ ਕਾਰਣ 'ਸੋਨਾ ਤੇ ਇਸਤ੍ਰੀ ਦਾ ਪ੍ਰੇਮ' ਦੱਸਦੇ ਹਨ। ਕਨਕ ਕਾਮਨੀ ਦੀ ਪ੍ਰਾਪਤੀ ਵਿਚ ਜਤਨ, ਫੇਰ ਸੰਸਾ:ਭਈ ਮਿਲੂ ਕਿ ਨਾ; ਮਿਲੇ ਤਾਂ ਖੁੱਸ ਨਾ ਜਾਏ, ਵਿੱਛੁੜ ਨਾ ਜਾਏ, ਏਹ ਤੌਖਲੇ ਮਨ ਵਿਚ ਦੁਬਿਧਾ ਪਾਈ ਰਖਦੇ ਹਨ। ਕਦੇ ਸਤਿਸੰਗ ਦੀ ਗਲ ਕੰਨੀਂ ਪਏ ਤਾਂ ਇਧਰ ਲਗਾਂ ਕਿ ਕਨਕ ਕਾਮਨੀ ਵਿਚ ਰਹਾਂ, ਇਹ ਅੰਦਰ ਦੁਚਿਤੀ ਰਹਿਣੀ, ਆਦਿਕ ਹਾਲਤਾਂ ਨੂੰ ਦੁਬਿਧਾ ਕਿਹਾ ਹੈ।

ਇਥੇ ਆਕੇ ਜੀਵਾਂ ਤੇ ਤਰਸ ਖਾਕੇ ਅਰਦਾਸ ਕਰਦੇ ਹਨ ਕਿ ਤੂੰਹੋਂ ਮਿਹਰ ਕਰ; ਤੂੰ ਮੇਹਰ ਕਰੇਂ ਤੇ ਨਾਮ ਤੇ ਹਰੀ ਜਸ ਬਖਸ਼ੇਂ ਤਾਂ ਫੇਰ ਓਹ ਮੁਕਤ ਹੁੰਦੇ ਹਨ।

ਅੰਕ ੩-ਅਰਦਾਸ ਜਾਰੀ ਹੈ ਕਿ ਜਿਵੇਂ ਭਾਵੀ ਰੱਖ ਲੈ। ਫੇਰ ਅਪਣੇ ਦੁਆਰਾ ਉਪਦੇਸ਼ ਕਰਦੇ ਹਨ ਕਿ ਨਾਮ ਨੂੰ ਪਯਾਰ ਕਰੋ, ਤੁਹਾਡੇ ਹਉਮੈਂ ਰੂਪੀ ਰੋਗ ਮਿਟ ਜਾਣਗੇ, ਤੇ ਹਉਮੈਂ ਨਾਲ ਕੀਤੇ ਪਾਪਾਂ ਤੋਂ ਉਪਜੇ ਦੁਖ ਦੂਰ ਹੋ ਜਾਣਗੇ।

ਅੰਕ ੪ ਵਿਚ ਦੋ ਗਲਾਂ ਦੱਸੀਆਂ ਹਨ: ੧. ਪਾਪਾਂ ਦੇ ਕੱਟਣ ਨੂੰ ਕੋਈ ਤੰਤ੍ਰ ਮੰਤ੍ਰ (ਜੰਤ੍ਰ) ਦੁਵਾਈ ਕਾਰਗਰ ਨਹੀਂ, ਪਰ ਕੇਵਲ ਨਾਮ। ਇਹ ਕਹਿੰਦੇ ਜੀਵਾਂ ਦੀ ਦੁਖੀ ਦਸ਼ਾ ਤੇ ਤਰਸ ਖਾਕੇ ਫੇਰ ਇਕ ਲਾਡਮਈ ਅਰਦਾਸ ਵਿਚ ਪੈ ਜਾਂਦੇ ਹਨ ਤੇ ਆਖਦੇ ਹਨ ਕਿ ਤੂੰ ਆਪੇ ਮੇਹਰ ਕਰੇਂ ਤਾਂ ਜੀਵ ਨਾਮ ਵਿਚ ਲਗ ਪੈਂਦੇ ਹਨ, ਜੋ ਨਹੀਂ ਲਗੇ ਹੋਏ ਤੇਰੀ ਹੀ ਕਿਰਪਾ ਤੋਂ ਵਿਰਵੇ ਹੈਨ, ਸੋ ਮਾਨੋ ਤੇਰੇ ਭੁਲਾਏ ਹੋਏ ਭੁੱਲ ਵਿਚ ਪੈ ਰਹੇ ਹਨ, ਤੂੰ ਉਹਨਾਂ ਨੂੰ ਮੇਹਰ ਨਾਲ ਯਾਦ ਕਰੇਂ ਤਾਂ ਲਗ ਪੈਣ।

ਅੰਕ ੫-ਅਰਦਾਸ ਕਰਦੇ ਫੇਰ ਜੀਵਾਂ ਪ੍ਰਤੀ ਉਹਨਾਂ ਦੇ ਕਰਨੇ ਜੋਗ ਦਾ ਉਪਦੇਸ਼ ਕਰਦੇ ਹਨ ਕਿ ਮਤਾਂ ਇਹ ਭਗਵੰਤ ਦੇ ਕ੍ਰਿਪਾ ਪਾਤ੍ਰ ਨਾ ਹੋਣ ਦਾ ਦੋਸ਼ ਉਸ ਨੂੰ ਦੇਕੇ ਹੋਰ ਗ਼ਾਫ਼ਲ ਹੋ ਜਾਣ, ਹਦਾਯਤ ਕਰਦੇ ਹਨ ਕਿ ਤੁਸੀਂ ਜੋ ਵਾਹਿਗੁਰੂ ਅਤ੍ਰਿਕਤ ਦੂਜਿਆਂ ਨੂੰ ਤੇ ਦੂਜੀਆਂ ਵਸਤਾਂ ਤੇ ਭਾਵਾਂ ਨੂੰ ਪਯਾਰ ਕਰਦੇ ਹੋ, ਤਿਆਗੋ ਤੇ ਗੁਰੂ ਦੀ ਸ਼ਰਨ ਲੈਕੇ ਵਾਹਿਗੁਰੂ ਦੇ ਦਰਸ਼ਨ ਕਰੋ। ਇਥੇ ਦ੍ਵੈਤ ਭਾਵ ਨੂੰ ਦੂਜਾ ਕਿਹਾ ਹੈ। ਅਗਲੇ ਸ਼ਬਦ ਦੇ ਅੰਕ ੩ ਵਿਚ ਇਸੇ ਦੂਜਾ ਨੂੰ 'ਬੀਆ' ਕਹਿਣਗੇ। ਮਤਲਬ ਹੈ ਹਰੀ ਤੋਂ ਬਿਨਾਂ ਹੋਰ ਭਾਵ ਦੂਤੀਆ ਭਾਵ ਹੈ। ਯਥਾ:-

ਇਕ ਬਿਨੁ ਦੂਸਰ ਸੋ ਨ ਚਿਨਾਰ॥ [ਦੇਵਗੰਧਾਰੀ ਪਾ:-੧੦]

ਅੰਕ ੬-ਹੁਣ ਫੇਰ ਵਾਹਿਗੁਰੂ ਜੀ ਦੀ ਸਨਮੁਖ ਉਸਤੁਤੀ ਵਿਚ ਚਲੇ ਜਾਂਦੇ ਹਨ, ਜਾਪਦਾ ਹੈ ਕਿ:-

"ਅਸ੍ਰਜ ਰੂਪੰ ਰਹੰਤ ਜਨਮੰ॥" [ਸਲੋਕ ਸਹਸਕ੍ਰਿਤੀ ਮਹਲਾ ੫-੫੭]

ਦਾ ਝਲਕਾ ਲਿਸ਼ਕਾਰਾ ਮਾਰ ਗਿਆ ਹੈ। ਇਥੇ ਤੀਸਰੀ ਸਤਰ ਦਾ ਭਾਵ ਕਈ ਦਾਨੇ ਇਹ ਲੈਂਦੇ ਹਨ ਕਿ:- "ਹੇ ਹਰੀ ਅਸੀਂ ਤੈਨੂੰ ਮਨ ਵਿਚ ਧਾਰਨ ਕਰ ਰਹੇ ਹਾਂ।"

ਅੰਕ ੭-ਅੰਕ ੬ ਵਿਚ ਸਨਮੁਖ ਉਸਤੁਤੀ ਕਰ ਰਹੇ ਸਨ, ਉਸੇ ਵਲ ਸੈਨਤ ਕਰਕੇ ਫੁਰਮਾਉਂਦੇ ਹਨ ਕਿ ਐਸਾ ਅਚਰਜ ਰੂਪ ਰਾਮ 'ਸਹਜ-ਪ੍ਰਾਪਤੀ' ਵਾਲਾ ਹੈ। ਉਹ ਭਗਤੀ ਭਾਵ ਵਾਲੇ ਸੰਤ ਦੀ ਸੁਹਬਤ ਵਿਚੋਂ ਮਿਲਦਾ ਹੈ, ਉਸ ਦੀ ਸੰਗਤ ਨਾਲ ਗੁਰਮੁਖ ਹੋਕੇ ਮੁਕਤ ਹੋ ਜਾਈਦਾ ਹੈ। ਕਈ ਦਾਨੇ ਇਸ ਦੀ ਪਹਿਲੀ ਤੁਕ ਨੂੰ ਪ੍ਰਭੂ ਵੱਲ ਨਹੀਂ ਪਰ ਅੰਕ ੭ ਵਿਚ ਦੱਸੇ 'ਸੰਤ ਭਗਤ' ਵੱਲ ਸਮਝਦੇ ਹਨ; ਫੇਰ ਅਰਥ ਐਉਂ ਬਣਦਾ ਹੈ:-ਜਿਸ ਦਾ ਹਿਤ ਭਗਤੀ ਵਿਚ ਹੈ ਤੇ ਮੂੰਹ ਵਿਚ ਨਾਮ ਵਸਦਾ ਹੈ ਐਸੇ ਸੰਤ ਭਗਤ ਦੀ ਸੰਗਤਿ ਵਿਚ ਰਾਮ ਮਿਲਦਾ ਹੈ।

ਅੰਕ ੮ ਵਿਚ ਭਗਤੀ ਦਾ ਕਟਾਖ੍ਯ ਸੱਟਦੇ ਹਨ ਕਿ ਭਗਤ ਪ੍ਰਭੂ ਦੇ ਆਸ਼੍ਰਿਤ ਹੋ ਜਾਂਦਾ ਹੈ, ਜਿਸ ਵਿਚ ਲਿਵ ਲਾਉਂਦਾ ਹੈ ਉਸ ਦਾ ਬਿਰਦ ਹੈ ਕਿ ਲਿਵ ਧਾਰੀ ਦੇ ਅੰਗ ਸੰਗ ਹੋਕੇ ਉਸ ਦਾ ਰਖ੍ਯਕ ਹੋ ਜਾਏ। ਭਗਤਾਂ ਦੇ ਪ੍ਰੇਮ ਦਾ ਉਹ ਪ੍ਰੇਮ ਸਰੂਪ ਜਵਾਬ ਪ੍ਰੇਮੀ ਹੀ ਦੇਂਦਾ ਹੈ, ਇਸ ਕਰਕੇ ਉਸ ਨੂੰ ਭਗਤਵਛਲ ਆਖਦੇ ਹਨ। ਫਿਰ ਇਸੇ ਸ਼ਬਦ ਵਿਚ (ਅੰਕ ੨) ਦੱਸ ਆਏ ਹਨ ਕਿ ਨਾਮ ਜਪਣ ਵਿਚ ਅਰਥਾਤ ਅਪਣੀ ਭਗਤੀ ਵਿਚ ਤੂੰ ਆਪ ਲਾਉਂਦਾ ਹੈਂ। ਇਹ ਬੀ ਭਗਤ ਵੱਛਲਤਾ ਹੋਈ। ਸੋ ਫੁਰਮਾਉਂਦੇ ਹਨ ਕਿ ਭਗਤ 'ਹਰੀ ਰੰਗ'=ਹਰੀ ਪ੍ਰੇਮ ਨਾਲ ਹੀ ਮੁਕਤ ਹੋ ਜਾਂਦੇ ਹਨ, ਕਿਉਂਕਿ ਹਰੀ ਭਗਤਾਂ ਦੇ ਅੰਗ ਸੰਗ ਹੁੰਦਾ ਹੈ, ਉਸ ਦੇ ਅੰਗ ਸੰਗ ਹੋਣ ਕਰਕੇ ਕੋਈ ਹਾਨੀਕਾਰਕ ਤਾਕਤ ਕਿ ਸਾਮਾਨ ਨੇੜੇ ਨਹੀਂ ਆ ਸਕਦਾ, ਸੋ ਉਸ ਦਾ ਸਦੈਵੀ ਸੰਗ ਭਗਤਾਂ ਦਾ, ਸਾਰੇ ਵਿਘਨਾਂ ਤੋਂ ਸੁਤੇ ਹੀ ਰਖ੍ਯਕ ਹੁੰਦਾ ਹੈ। ਇਸ ਕਰਕੇ ਆਪ ਜੀ ਪ੍ਰੇਮਾ ਭਗਤੀ ਨੂੰ ਸਭ ਤੋਂ ਉੱਤਮ ਮਾਰਗ ਦੱਸ ਰਹੇ ਹਨ।

ਨਿਰੁਕ੍ਤ-ਅਹਿਨਿਸਿ-ਦਿਨ ਰਾਤ।

ਸਮ ਕਰਿ-ਇਕੋ ਜਿਹਾ ਕਰਕੇ, ਭਾਵ ਇਕੋ ਜਿਹਾ ਜਾਣਕੇ।

ਕਨਿਕ- [ਸੰਸ:, ਕਨਕੰ] ਸੋਨਾ। ਕਾਮਨੀ- [ਸੰਸ:, ਕਾਮਿਨੀ] ਇਸਤ੍ਰੀ।

ਦੂਤ ਤੋਂ ਭਾਵ ਜਮ ਦੂਤ ਹੈ।

ਗੁਪਾਲਾ- [ਸੰਸ:, ਗੋਪਾਲ:] ਪ੍ਰਿਥਵੀ ਪਾਲਕ (ਪ੍ਰਭੂ)।

ਰੋਗ-ਬੀਮਾਰੀ। ਹਉਮੈ ਦਾ ਰੋਗ। ਯਥਾ:-

'ਹਉਮੈ ਰੋਗੁ ਮਾਨੁਖ ਕਉ ਦੀਨਾ॥' [ਭੈਰਉ ਮਹਲਾ ੫-੨੦]

ਦੁਖੁ-ਭਾਵ ਜਨਮ ਮਰਨ ਦਾ ਦੁਖ। ਹੋਰ ਸਾਰੇ ਕਸ਼ਟ।

ਅਉਖਧੁ- [ਸੰਸ:, ਔਸ਼ਧਮ੍] ਦਵਾਈ। ਤੰਤ-ਤੰਤ।

ਮੰਤਾ-ਮੰਤ੍ਰ। ਭਾਵ ਜਾਦੂ ਟੂਣੇ ਜੰਤ੍ਰ ਆਦਿ। ਕਿਲਵਿਖ-ਪਾਪ।

ਹੰਤਾ-ਮਾਰਨ ਵਾਲਾ। ਦਰਸਨ ਦੇਖਹਿ-ਦਰਸ ਨ ਦੇਖਹਿ।

ਬਿਸਮਾਦਿ-ਅਸਚਰਜਤਾ ਦੀ ਅਵਸਥਾ ਵਿਚ, ਮਗਨਤਾ ਵਿਚ, ਜਦੋਂ ਵਿਡਾਣ ਦੇ ਝਲਕੇ ਨਾਲ ਸਾਈਂ ਦੀ ਛੁਹ ਮਿਲਦੀ ਹੈ ਤੇ ਬ੍ਰਿਤੀਆਂ ਖੜੋ ਜਾਂਦੀਆਂ ਹਨ।

ਸੁਰ-ਦੇਵਤੇ। ਨਰ-ਮਾਨੁੱਖ।

ਸਹਜ ਸਮਾਧਿ-ਪ੍ਰੇਮਾ ਭਗਤੀ ਦੀ ਸਮਾਧੀ ਜੋ ਹਠਯੋਗ ਆਦਿ ਤੋਂ ਬਿਨਾਂ ਪ੍ਰੇਮ ਭਾਵਨਾ ਵਿਚ ਆਪਣੇ ਸਰੂਪ ਵਿਚ ਟਿਕਦਿਆਂ ਪ੍ਰਭੂ ਸਰੂਪ ਵਿਚ ਲੱਗ ਜਾਂਦੀ ਹੈ।

ਸਮਸਰਿ-ਤੁੱਲ। ਬਰੱਬਰ। ਭਗਤਿ ਵਛਲ-ਭਗਤੀ ਦਾ ਪ੍ਰੇਮੀ। ਭਗਤਾਂ ਨੂੰ ਪਜਾਰ ਕਰਨ ਵਾਲਾ।

ਹਰਿ ਰੰਗਿ-ਹਰੀ ਦੇ ਪ੍ਰੇਮ ਦੁਆਰਾ।

[ਆਸਾ ਮਹਲਾ ੧, ਅਸਟਪਦੀ-੧੦]

ਪ੍ਰਾਕ੍ਥਨ-ਹਰੀ ਦੀ ਭਗਤੀ ਤੋਂ ਬਿਨਾਂ ਸਾਰਾ ਸੰਸਾਰ ਹੀ ਬੰਧਨ ਰੂਪ ਹੈ। ਰਾਮ ਨਾਮ ਦੀ ਸ਼ਰਣ ਬੰਧਨ ਰਹਿਤ ਕਰਦੀ ਹੈ।

ਮੂਲ	ਅਰਥ
ਆਸਾ ਮਹਲਾ ੧ ਇਕਤੁਕੀ ॥ ਗੁਰੁ ਸੇਵੇ ਸੋ ਠਾਕੁਰ ਜਾਨੈ ॥ ਦੂਖੁ ਮਿਟੈ ਸਚੁ ਸਬਦਿ ਪਛਾਨੈ ॥੧॥	(ਜੋ) ਗੁਰੂ ਦੀ ਸੇਵਾ ਕਰੇ ਉਹ ਵਾਹਿਗੁਰੂ ਨੂੰ ਜਾਣ ਲੈਂਦਾ ਹੈ। (ਭਾਵ ਗੁਰੂ ਦੀ ਸੇਵਾ ਕਰਨੇ ਨਾਲ ਬ੍ਰਹਮ ਗਿਆਨ ਮਿਲਦਾ ਹੈ, ਕਿਉਂਕਿ ਗੁਰੂ ਦੇ ਦਿੱਤੇ) ਸ਼ਬਦ ਦੁਆਰਾ ਸਤਜ ਸਰੂਪ ਨੂੰ (ਜੀਵ) ਪਛਾਣ ਲੈਂਦਾ ਹੈ, (ਇਸ ਦਾ ਫਲ ਇਹ ਹੁੰਦਾ ਹੈ ਕਿ ਜਨਮ ਮਰਨ ਰੂਪੀ) ਦੁਖ ਮਿਟ ਜਾਂਦਾ ਹੈ॥ ੧॥
ਰਾਮੁ ਜਪਹੁ ਮੇਰੀ ਸਖੀ ਸਖੈਨੀ ॥ ਸਤਿਗੁਰੁ ਸੇਵਿ ਦੇਖਹੁ ਪ੍ਰਭੁ ਨੈਨੀ ॥੧॥ ਰਹਾਉ ॥	ਹੇ ਮੇਰੇ ਮਿਤਰੋ ਤੇ ਸੱਜਣੋਂ ! ਸਤਿਗੁਰੂ ਦੀ ਸੇਵਾ ਕਰਕੇ ਰਾਮ ਨੂੰ ਜਪੋ, (ਤੁਸੀਂ) ਪ੍ਰਭੂ ਨੂੰ ਅੱਖਾਂ ਨਾਲ ਦੇਖ ਲਓਗੇ॥ ੧॥ ਰਹਾਉ॥
ਬੰਧਨ ਮਾਤ ਪਿਤਾ ਸੰਸਾਰਿ ॥ ਬੰਧਨ ਸੁਤ ਕੰਨਿਆ ਅਰੁ ਨਾਰਿ ॥੨॥	(ਇਸ ਪ੍ਰਕਾਰ ਇਕੋ ਗੁਰੂ ਹੈ ਜੋ ਬੰਧਨ ਕੱਟਕੇ ਮੁਕਤ ਕਰ ਦੇਂਦਾ ਹੈ, ਹੋਰ) ਸੰਸਾਰ ਵਿਚ (ਜੋ ਸਨਬੰਧ ਹਨ ਬੰਧਨ ਰੂਪ ਹਨ, ਇਥੋਂ ਤਾਈਂ ਕਿ) ਮਾਤਾ ਪਿਤਾ ਬੀ ਬੰਧਨ ਹਨ। ਪੁਤ੍ਰ, ਧੀ ਅਤੇ ਇਸਤ੍ਰੀ ਬੀ ਬੰਧਨ ਹਨ॥ ੨॥
ਬੰਧਨ ਕਰਮ ਧਰਮ ਹਉ ਕੀਆ ॥ ਬੰਧਨ ਪੁਤੁ ਕਲਤੁ ਮਨਿ ਬੀਆ॥੩॥	ਹਉਂ ਨਾਲ ਕੀਤੇ ਕਰਮ ਧਰਮ ਬੀ ਬੰਧਨ ਹਨ। ਪੁਤ੍ਰ ਵਹੁਟੀ (ਆਦਿ ਬੀ) ਬੰਧਨ ਹਨ, (ਕਿਉਂਕਿ ਇਨ੍ਹਾਂ ਦੇ ਪਿਆਰ ਨਾਲ) ਮਨ ਵਿਚ ਦੂਜਾ ਭਾਵ (ਉਪਜਦਾ) ਹੈ॥ ੩॥
ਬੰਧਨ ਕਿਰਖੀ ਕਰਹਿ ਕਿਰਸਾਨ ॥ ਹਉਮੈ ਡੰਨੁ ਸਹੈ ਰਾਜਾ ਮੰਗੈ ਦਾਨ॥੪॥	ਕਿਰਸਾਨ ਜੋ ਖੇਤੀ ਕਰਦਾ ਹੈ (ਇਹ ਬੀ) ਬੰਧਨ (ਹੋ ਜਾਂਦੀ ਹੈ, ਕਿਉਂਕਿ) ਰਾਜਾ ਮਾਮਲਾ ਮੰਗਦਾ ਹੈ, (ਜੇ ਕਿਰਸਾਨ) ਹੰਕਾਰ (ਕਰੇ, ਭਾਵ ਹੈਂਕੜ ਵਿਚ ਹੋ ਕੇ ਮਾਮਲਾ ਨਾ ਤਾਰੇ ਤਾਂ ਉਹ) ਸਜ਼ਾ ਸਹਾਰਦਾ ਹੈ॥ ੪॥

ਬੰਧਨ ਸਉਦਾ ਅਣਵੀਚਾਰੀ ॥ ਤਿਪਤਿ ਨਾਹੀ ਮਾਇਆ ਮੋਹ ਪਸਾਰੀ ॥੫॥

ਵੀਚਾਰ ਰਹਿਤ ਹੋ ਕੇ ਵਪਾਰ ਕਰਨਾ ਬੀ ਬੰਧਨ (ਹੋ ਢੁੱਕਦਾ ਹੈ, ਕਿਉਂਕਿ ਜਿਉਂ ਜਿਉਂ ਕਮਾਉਂਦਾ ਹੈ) ਮਾਇਆ ਦਾ ਮੋਹ ਪਸਰਦਾ (ਭਾਵ ਵਧਦਾ ਜਾਂਦਾ ਹੈ ਤੇ ਕਿਤੇ) ਤ੍ਰਿਪਤੀ ਨਹੀਂ ਆਉਂਦੀ (ਭਾਵ ਕਿਤੇ ਬੱਸ ਨਹੀਂ ਕਰਦਾ, ਵਪਾਰ ਪਸਰਦਾ ਹੈ ਤਾਂ ਫੱਸਦਾ ਹੀ ਜਾਂਦਾ ਹੈ)॥ ੫॥

ਬੰਧਨ ਸਾਹ ਸੰਚਹਿ ਧਨੁ ਜਾਇ ॥ ਬਿਨੁ ਹਰਿ ਭਗਤਿ ਨ ਪਵਈ ਥਾਇ ॥੬॥

ਸ਼ਾਹ ਜੋ ਧਨ ਜਮਾਂ ਕਰਦਾ ਹੈ (ਉਹ ਬੀ) ਬੰਧਨ (ਹੋ ਜਾਂਦਾ) ਹੈ, (ਕਿਉਂਕਿ ਜੇ ਕੱਠਾ ਕੀਤਾ ਧਨ) ਚਲਾ ਜਾਏ (ਤਾਂ ਉਸਦਾ ਸੁਖ ਨਾਲ ਹੀ ਚਲਾ ਜਾਂਦਾ ਹੈ)। ਹਰੀ ਦੀ ਭਗਤੀ ਤੋਂ ਬਿਨਾਂ (ਕੋਈ ਬੀ ਕੀਤਾ ਕੰਮ) ਕਬੂਲ ਨਹੀਂ ਪੈਂਦਾ ॥ ੬॥

ਬੰਧਨ ਬੇਦੁ ਬਾਦੁ ਅਹੰਕਾਰ ॥ ਬੰਧਨਿ ਬਿਨਸੈ ਮੋਹ ਵਿਕਾਰ ॥੭॥

(ਇਥੋਂ ਤਾਈਂ ਕਿ) ਵੇਦ ਪੜ੍ਹਨਾ (ਤੇ ਉਸ ਤੇ) ਚਰਚਾ ਕਰਨੀ ਬੀ ਬੰਧਨ ਹੈ, (ਕਿਉਂਕਿ) ਹੰਕਾਰ (ਨਾਲ ਹੀ ਪਾਠ ਤੇ ਚਰਚਾ ਕਰੀਦੀਆਂ ਹਨ। ਗੱਲ ਕੀ ਸਾਰਾ ਸੰਸਾਰ ਹੀ) ਬੰਧਨ ਵਿਚ ਹੈ, (ਕਿਉਂਕਿ ਜੋ ਕੁਛ ਇਹ ਕਰ ਰਿਹਾ ਹੈ ਸੋ) ਮੋਹ ਦੀ ਵਿਕ੍ਰਤੀ (ਵਿਚ ਪੈਕੇ ਕਰ ਰਿਹਾ ਹੈ ਤੇ ਇਸੇ ਕਰਕੇ) ਨਾਸ਼ ਹੋ ਰਿਹਾ ਹੈ॥ ੭॥

ਨਾਨਕ ਰਾਮ ਨਾਮ ਸਰਣਾਈ ॥ ਸਤਿਗੁਰਿ ਰਾਖੇ ਬੰਧੁ ਨ ਪਾਈ ॥੮॥੧੦॥

ਹੇ ਨਾਨਕ ! ਜੋ ਰਾਮ ਨਾਮ ਦੀ ਸ਼ਰਣ ਵਿਚ ਆ ਗਏ ਹਨ ਓਹ ਸਤਿਗੁਰੂ ਨੇ ਰਖ ਲਏ ਹਨ, ਉਨ੍ਹਾਂ ਨੂੰ (ਕਿਸੇ ਨੇ) ਬੰਦਸ਼ ਨਹੀਂ ਪਾਈ॥ ੮॥ ੧੦॥

ਵਯਾਖਯਾ–ਇਸ ਸ਼ਬਦ ਵਿਚ ਗੁਰੂ ਦੀ ਸੇਵਾ ਕਰਕੇ, ਨਾਮ ਲੈਕੇ, ਨਾਮ ਸਿਮਰਕੇ ਜੋ ਲਿਵ ਲਾਉਣੀ ਹੈ ਇਹ ਪ੍ਰਭੂ ਨੂੰ ਜਾਣ ਲੈਣ ਦਾ ਮਾਰਗ ਦੱਸਿਆ ਹੈ। ਭਾਵ ਛੁਟਕਾਰੇ ਯਾ ਮੁਕਤੀ ਦਾ ਰਸਤਾ ਹੈ। ਬਾਕੀ ਸਾਰਾ ਕੁਛ, ਕੀਹ ਪਰਿਵਾਰ ਦਾ ਪਿਆਰ, ਕਰਮ ਧਰਮ ਦੀ ਲਗਨ, ਖੇਤੀ, ਵਪਾਰ ਆਦਿ ਕਿੱਤੇ, ਸ਼ਾਹੂਕਾਰੀ, ਇਥੋਂ ਤਾਈਂ ਕਿ ਧਰਮ ਪੁਸਤਕਾਂ ਦੇ ਪਾਠ ਤੇ ਧਾਰਮਕ ਵੀਚਾਰਾਂ ਤੇ ਬਹਿਸਾਂ ਸਭ ਬੰਧਨ ਹਨ, ਕਿਉਂਕਿ ਓਹ ਮੋਹ ਤੇ ਹੰਕਾਰ, ਆਦਿ ਵਿਕਾਰਾਂ ਨੂੰ ਅੰਦਰ ਰੱਖਕੇ ਕੀਤੇ ਜਾਂਦੇ ਹਨ। ਇਸ ਦਾ ਇਹ ਭਾਵ ਨਹੀਂ ਕਿ ਖੇਤੀ ਬਾੜੀ, ਵਪਾਰ, ਪਰਵਾਰ ਪਾਲਣਾ ਆਦਿ ਦਾ ਛਡ ਬੈਠਣਾ ਨਿਰ-ਬੰਧ ਹੋ ਜਾਣਾ ਹੈ। ਜਦ ਤਕ ਅੰਦਰ ਮੋਹ ਹੈ ਤਦ ਤਕ ਮੋਹ ਦੀ ਪਾਈ ਕੈਦ ਨੇ ਏਹ ਬੰਧਨ ਰੂਪ ਕਰ ਦਿਤੇ ਹਨ। ਜੇ ਸਤਿਗੁਰੂ ਦੀ ਸ਼ਰਨ ਲੈਕੇ ਨਾਮ ਜਪੋ ਤਦ ਤੁਸੀਂ ਠਾਕਰ ਨੂੰ ਪਛਾਣ ਲਓਗੇ। ਫਿਰ ਉਸ ਦੇ ਪਯਾਰ ਬੰਧਨ ਵਿਚ ਆ ਜਾਓਗੇ, ਫਿਰ ਤੁਹਾਡੇ ਮੋਹ ਮਾਇਆ ਦੇ ਬੰਧਨ ਛੁੱਟ ਜਾਣਗੇ ਕਿਉਂਕਿ ਰਾਮ ਨਾਮ ਦੀ ਸ਼ਰਣ ਲੈਕੇ ਠਾਕਰ ਨੂੰ ਦੇਖ ਲਓਗੇ, ਸਤਿਗੁਰ ਰਾਖਾ ਹੋਵੇਗਾ, ਤੁਸੀਂ ਜਗਤ ਵਿਚ ਵੱਸਦੇ ਠਾਕੁਰ ਪ੍ਰੇਮ ਵਿਚ ਰਹੋਗੇ। ਕਿਸੇ ਸ਼ੈ ਯਾ ਵਯਕਤੀ ਦਾ ਪਯਾਰ ਤੁਸਾਨੂੰ ਬੰਧਨ ਰੂਪ ਨਹੀਂ ਹੋ ਢੁੱਕੇਗਾ। ਹੋਰ ਸਭ ਪਯਾਰੇ, ਹੋਰ ਸਭ ਵਾਂਛਤ ਸਾਮਾਨ ਅਪਣੀ ਵਲ ਖਿੱਚਦੇ ਹਨ, ਜੀਵ ਨੂੰ ਅੰਤਰ ਮੁੱਖਤਾ ਤੋਂ ਬਾਹਰ ਲਿਆਉਂਦੇ ਹਨ, ਪਰ ਇਕ ਸਤਿਗੁਰੂ ਹੈ ਜੋ ਜੀਵ ਨੂੰ ਅੰਤਰ ਮੁੱਖਤਾ ਵਲ ਪ੍ਰੇਰਦਾ ਹੈ, ਇਕ ਰੁਝੇਵਾਂ ਹੈ ਨਾਮ ਦਾ ਜੋ ਅੰਤਰ ਮੁਖ ਕਰਦਾ ਹੈ, ਇਕ ਵਾਹਿਗੁਰੂ ਦਾ ਪ੍ਰੇਮ ਹੈ ਜੋ ਅੰਤਰ ਮੁਖ ਰਖਦਾ ਹੈ ਤੇ ਦਰਸ਼ਨ ਕਰਾਉਂਦਾ ਹੈ। ਉਹ ਦਰਸ਼ਨ ਨਿਰਬੰਧਤਾ ਹੈ, ਉਹ ਸੁਤੰਤ੍ਰਤਾ ਹੈ। ਇਸ ਕਰਕੇ ਉਪਦੇਸ਼ ਦਿਤਾ ਹੈ ਕਿ ਹੇ ਮੇਰੇ ਸਖੇ ਮਿਤ੍ਰ! ਸਤਿਗੁਰ ਦੀ ਸ਼ਰਣ ਲਓ ਜੋ ਤੁਹਾਨੂੰ ਦਰਸ਼ਨ ਕਰਾਵੇ ਤੇ ਨਿਰਬੰਧ ਕਰੇ। ਇਕ ਰਾਮ ਨਾਮ ਦਾ ਲੜ ਫੜੋ ਜੋ ਤੁਹਾਨੂੰ ਅੰਤਰ ਮੁਖ ਕਰੇ, ਜਿਥੇ ਜਾਕੇ ਦਰਸ਼ਨ ਹੋਣੇ ਹਨ। ਇਹ ਜੀਵਨ ਬਣਾਓ ਫੇਰ ਤੁਹਾਨੂੰ ਕੋਈ ਬੰਧਨ ਨਹੀਂ ਪੈ ਸਕਦਾ।

ਨਿਰੁਕ੍ਤ-ਸਖੀ- [ਸੰਸ:,], ਸਹੇਲੀ।

ਸਖੈਨੀ- [ਸੰਸ:, ਸਖੀ ਜਨੰ=ਸਹੇਲੀ] ਸਜਨੀ। ਸਖੀ ਸਖੈਨੀ, ਮੁਹਾਵਰਾ ਹੈ ਜਿਵੇਂ ਕਹੀਦਾ ਹੈ: ਹੇ ਮੇਰੇ ਸਜਣੋਂ ਮਿਤ੍ਰੋ ! ਭਾਵ ਹੇ ਮੇਰੇ ਸਤਿਸੰਗੀ ਮਿਤ੍ਰੋ ਸਜਣੋਂ, ਸਿੱਖੋ ਸੇਵਕੋ !

ਕਲਤੁ- [ਦੇਖੋ ਪੰਨਾ ੧੧੬੧] ਇਸਤ੍ਰੀ। (ਅ) ਪੁਤੁ ਕਲਤੁ ਦਾ ਅਰਥ ਪੁਤ੍ਰ ਦੀ ਵਹੁਟੀ ਬੀ ਕਰਦੇ ਹਨ, ਪਰ 'ਪੁਤੁ' ਨੂੰ ਔਂਕੜ ਹੈ ਜੋ ਇਹ ਆਗਿਆ ਨਹੀਂ ਦੇਂਦਾ ਕਿ 'ਪੁਤ੍ਰ ਦੀ' ਅਰਥ ਕੀਤਾ ਜਾਏ।

ਬੀਆ-ਦੂਆ। ਅਰਥ ਹੈ ਦੁਤੀਆ ਭਾਵ। ਪਿਛਲੇ ਸ਼ਬਦ ਵਿਚ ਪਦ 'ਦੂਜਾ' ਵਰਤਿਆ ਹੈ ਏਥੇ 'ਬੀਆ' ਹੈ। ਅਰਥ ਅਰ ਭਾਵ ਦੋਹਾਂ ਦਾ ਇੱਕੋ ਹੈ।

ਕਿਰਖੀ-ਕਿਰਸਾਨੀ, ਖੇਤੀ ਬਾੜੀ ਦਾ ਕੰਮ। ਡੰਨੁ-ਸਜ਼ਾ।

ਦਾਨ ਦਾ ਭਾਵ ਏਥੇ 'ਮਾਮਲਾ' ਹੈ, ਸਰਕਾਰੀ ਕਰ ਹੈ।

ਅਣਵੀਚਾਰੀ-ਬੇ-ਵਿਚਾਰਾ। ਇਹ ਵਿਚਾਰ ਨਾ ਕਰਨੀ ਕਿ ਕਿੰਨਾ ਕੁ ਕਮਾਉਣਾ ਹੈ ਤੇ ਕਿਥੇ ਬੱਸ ਕਰਨੀ ਹੈ। ਮੁੱਖ ਕੰਮ ਰਾਮ ਸਿਮਰਨ ਹੈ, ਦੌਲਤ ਕਮਾਉਣੀ ਨਿਰਬਾਹ ਲਈ ਹੈ, ਦੌਲਤ ਕਮਾਉਣੀ ਹੀ ਸੁਭਾਵ ਹੋ ਜਾਣਾ ਬਿਨਾ ਪਰਿਣਾਮ ਸੋਚੇ ਦੇ।

ਪਸਾਰੀ-ਪਸਾਰਾ ਵਧਦੇ ਜਾਣਾ। ਬਾਦੁ- [ਸੰਸ:, ਵਾਦ:] ਝਗੜਾ, ਚਰਚਾ।

ਵਿਕਾਰ- [ਸੰਸ:, ਵਿਕਾਰ:] ਵਿਕ੍ਰਤੀ। ਖਰਾਬੀ।

ਬੰਧੁ ਨ ਪਾਈ-ਬੰਧੁ ਨ ਪਾਈ' ਪਾਠ ਹੈ।

[ਆਸਾ ਮਹਲਾ ੧, ਅਸਟਪਦੀ-੧੧]

ਪ੍ਰਾਕ੍ਕਥਨ-ਅਗਲੇ ਦੋਵੇਂ ਸ਼ਬਦ ਬਾਬਰ ਦੀ ਸੈਦਪੁਰ ਸੰਡਜਾਲੀ ਦੀ ਕਤਲਾਮ ਤੇ ਲੁੱਟ ਦੀ ਦਸ਼ਾ ਦੇਖਕੇ ਰਚੇ ਗਏ ਮੰਨੇ ਜਾਂਦੇ ਹਨ। ਬੜੇ ਦਿਲਾਂ ਨੂੰ ਟੁੰਬਣ ਵਾਲੇ ਅਖਰਾਂ ਵਿਚ ਬਾਬਰਵਾਣੀ ਦੇ ਕਹਿਰ ਤੇ ਜ਼ੁਲਮ ਨਿਰੂਪਣ ਕੀਤੇ ਹਨ ਕਿ ਅਖਾਂ ਅੱਗੇ ਤਸਵੀਰ ਬੱਝ ਖੜੋਂਦੀ ਹੈ। ਅੰਤ ਭਾਣੇ ਤੇ ਸ਼ਾਕਰ ਰਹਿਣ ਦੀ ਸੁਸਿਖ੍ਯਾ ਬਖਸ਼ੀ ਹੈ। ਵਿਚ ਵਿਚ ਅਰਦਾਸ ਮਈ ਭਾਵ ਬੀ ਹਨ।

ਰਾਗੁ ਆਸਾ ਮਹਲਾ ੧ ਅਸਟਪਦੀਆ ਘਰੁ ੩ ੴ ਸਤਿਗੁਰ ਪ੍ਰਸਾਦਿ॥

ਮੂਲ	ਅਰਥ
ਜਿਨ੍ਹ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ ॥ ਸੇ ਸਿਰ ਕਾਤੀ ਮੁੰਨੀਅਨ੍ਹਿ ਗਲ ਵਿਚਿ ਆਵੈ ਧੂੜਿ ॥ ਮਹਲਾ ਅੰਦਰਿ ਹੋਦੀਆ ਹੁਣਿ ਬਹਣਿ ਨ ਮਿਲਨ੍ਹਿ ਹਦੂਰਿ ॥੧॥	ਜਿਨ੍ਹਾਂ (ਸੁੰਦਰੀਆਂ) ਦੇ ਸਿਰਾਂ ਉਤੇ ਪੱਟੀਆਂ ਸ਼ੋਭਦੀਆਂ ਸਨ (ਤੇ ਵਿਚਾਲੇ) ਮਾਂਗਾਂ ਵਿਚ ਸੰਧੂਰ ਪਾਏ ਹੋਏ ਹੁੰਦੇ ਸਨ, ਓਹ ਸਿਰ (ਹੁਣ ਚੌਂਕ ਫੁਲ ਆਦਿ ਸਿਰ ਦੇ ਗਹਿਣੇ ਉਤਾਰਨ ਲਈ) ਕੈਂਚੀਆਂ ਨਾਲ ਮੁੰਨੇ ਜਾ ਰਹੇ ਹਨ ਤੇ ਗਲੇ ਵਿਚ ਮਿਟੀ ਭਰ ਰਹੀ ਹੈ। (ਕਦੇ ਏਹ) ਮਹਿਲਾਂ ਦੇ ਵਿਚ (ਮਹਿਲਾਂ ਵਾਲੀਆਂ ਹੋਕੇ) ਵਸਦੀਆਂ ਸਨ, ਹੁਣ (ਮਹਿਲਾਂ ਦੇ) ਹਜ਼ੂਰ ਵੀ ਨਹੀਂ ਬੈਠਣਾ ਮਿਲਦਾ। (ਭਾਵ ਮਹਿਲਾਂ ਦੇ ਨੇੜੇ ਬਾਹਰ ਵਾਰ ਬੀ ਫਟਕਣ ਨਹੀਂ ਮਿਲਦਾ ਨੇ)॥ ੧॥

ਆਦੇਸੁ ਬਾਬਾ ਆਦੇਸੁ ॥ ਆਦਿ ਪੁਰਖ ਤੇਰਾ ਅੰਤੁ ਨ ਪਾਇਆ ਕਰਿ ਕਰਿ ਦੇਖਹਿ ਵੇਸ ॥੧॥ ਰਹਾਉ ॥

ਹੇ ਆਦਿ ਪੁਰਖ ! ਤੇਰਾ ਅੰਤ ਕਿਸੇ ਨੇ ਨਹੀਂ ਪਾਇਆ, ਤੂੰ (ਅਪਣੇ ਭਾਣੇ ਦੇ ਕਈ) ਭੇਸ ਵਟਾ ਵਟਾ ਕੇ ਵੇਖਦਾ ਹੈਂ, (ਤੈਨੂੰ) ਹੇ ਪਿਤਾ ! ਨਮਸਕਾਰ ਹੈ, (ਤੈਨੂੰ) ਆਦੇਸ ਹੈ॥ ੧॥ ਰਹਾਉ॥

ਜਦਹੁ ਸੀਆ ਵੀਆਹੀਆ ਲਾੜੇ ਸੋਹਨਿ ਪਾਸਿ ॥ ਹੀਡੋਲੀ ਚੜਿ ਆਈਆ ਦੰਦ ਖੰਡ ਕੀਤੇ ਰਾਸਿ ॥ ਉਪਰਹੁ ਪਾਣੀ ਵਾਰੀਐ ਝਲੇ ਝਿਮਕਨਿ ਪਾਸਿ ॥੨॥

ਜਦੋਂ (ਇਹ ਸੁੰਦਰੀਆਂ) ਵਿਆਹੀਆਂ ਸਨ (ਕੀਕੂੰ) ਲਾੜੇ (ਇਨ੍ਹਾਂ ਦੇ) ਪਾਸ (ਬੈਠੇ) ਸ਼ੋਭ ਰਹੇ ਸਨ। (ਏਹ) ਪੀਨਸਾਂ ਵਿਚ ਚੜ੍ਹਕੇ (ਸਹੁਰੇ ਘਰ) ਆਈਆਂ ਸਨ (ਜਿਨ੍ਹਾਂ ਪਾਲਕੀਆਂ ਵਿਚ) ਦੰਦ ਖੰਦ ਦੀ ਜੜਤ ਕੀਤੀ ਹੋਈ ਸੀ। (ਡੋਲਿਓਂ ਨਿਕਲਦਿਆਂ ਇਨ੍ਹਾਂ ਉਤੋਂ) ਪਾਣੀ ਵਾਰੇ ਜਾਂਦੇ ਸਨ ਤੇ (ਜੜਾਊ) ਪੱਖੇ (ਇਨ੍ਹਾਂ) ਉਪਰ ਝਿਲਮਿਲ ਝਿਲਮਿਲ ਕਰਦੇ ਸਨ॥ ੨॥

ਇਕੁ ਲਖੁ ਲਹਨਿ੍ ਬਹਿਠੀਆ ਲਖੁ ਲਹਨਿ੍ ਖੜੀਆ ॥ ਗਰੀ ਛੁਹਾਰੇ ਖਾਂਦੀਆ ਮਾਣਨਿ੍ ਸੇਜੜੀਆ ॥ ਤਿਨ੍ ਗਲਿ ਸਿਲਕਾ ਪਾਈਆ ਤੁਟਨਿ੍ ਮੋਤਸਰੀਆ ॥੩॥

ਇਕ ਲੱਖ (ਰੁਪੱਯਾ) ਬਹਿਣ ਵੇਲੇ (ਸ਼ਗਨ) ਲੈਂਦੀਆਂ ਸਨ ਤੇ (ਇਕ) ਲਖ ਲੈਂਦੀਆਂ ਸਨ ਖੜੋਣ ਵੇਲੇ (ਭਾਵ ਗਲ ਗਲ ਤੇ ਵਾਰਨੇ ਕੀਤੇ ਜਾਂਦੇ ਸਨ, ਤੇ ਫੇਰ) ਗਰੀਆਂ ਛੁਹਾਰੇ ਖਾਂਦੀਆਂ ਸਨ ਤੇ ਸਿਹਜਾ (ਦੇ ਸੁਖ) ਮਾਣਦੀਆਂ ਸਨ, ਉਹਨਾਂ ਦੇ ਗਲੀਂ ਰੱਸੀਆਂ (ਜ਼ਾਲਮਾਂ ਨੇ) ਪਾਈਆਂ ਹਨ (ਤੇ ਧੱਕੀ ਲਈ ਜਾਂਦੇ ਹਨ; ਗਲੇ ਪਏ) ਮੋਤੀਆਂ ਦੇ ਹਾਰ ਟੁਟ ਰਹੇ ਹਨ॥ ੩॥

ਧਨੁ ਜੋਬਨੁ ਦੁਇ ਵੈਰੀ ਹੋਏ ਜਿਨ੍ਹੀ ਰਖੇ ਰੰਗੁ ਲਾਇ ॥ ਦੂਤਾ ਨੋ ਫੁਰਮਾਇਆ ਲੈ ਚਲੇ ਪਤਿ ਗਵਾਇ॥ ਜੇ ਤਿਸੁ ਭਾਵੈ ਦੇ ਵਡਿਆਈ ਜੇ ਭਾਵੈ ਦੇਇ ਸਜਾਇ ॥੪॥

ਧਨ ਤੇ ਜੋਬਨ ਦੋਵੇਂ (ਹੀ ਹੁਣ) ਵੈਰੀ ਹੋ ਗਏ ਹਨ, ਜਿਨ੍ਹਾਂ ਨੇ (ਇਨ੍ਹਾਂ ਨੂੰ) ਰੰਗ ਰਲੀਆਂ ਲਾ ਰਖੀਆਂ ਸਨ। (ਜਮ) ਦੂਤਾਂ (ਵਰਗੇ ਸਿਪਾਹੀਆਂ) ਨੂੰ ਹੁਕਮ ਹੋਇਆ (ਉਹ ਇਨ੍ਹਾਂ ਰੰਗ ਰਲੀਆਂ ਰੱਤੀਆਂ ਨੂੰ) ਪਤਿ ਗੁਆ ਕੇ ਲੈ ਚੱਲੇ। ਜੇ ਉਸ ਨੂੰ ਭਾਵੇ ਤਾਂ ਵਡਿਆਈ ਦੇ ਦੇਂਦਾ ਹੈ, ਜੇ ਭਾਵੇ ਤਾਂ ਸਜ਼ਾ (ਦੰਡ) ਦੇ ਦੇਂਦਾ ਹੈ॥ ੪॥

ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ ॥ ਸਾਹਾਂ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ ॥ ਬਾਬਰਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ ॥੫॥

(ਪਠਾਣ) ਸ਼ਾਹਾਂ ਨੇ (ਪਰਜਾ ਪਾਲਣ ਦੀ ਥਾਂ) ਰੰਗ ਤਮਾਸ਼ੇ ਤੇ ਚਾਵਾਂ ਵਿਚ (ਰਚ ਕੇ ਫਰਜ਼ਾਂ ਦੀ) ਸੋਝੀ ਗਵਾ ਦਿਤੀ (ਤੇ ਬਾਬਰ ਦੇ ਮੁਕਾਬਲੇ ਦੀ ਪਹਿਲੋਂ ਤਿਆਰੀ ਨਾਂ ਕੀਤੀ)। (ਹੁਣ) 'ਬਾਬਰ (ਸ਼ਾਹ' ਹੈ ਇਹ) ਦੁਹਾਈ ਫਿਰ ਗਈ ਹੈ (ਜਿਸ ਦਾ ਐਸਾ ਡਰ ਬੈਠਾ ਹੈ ਕਿ) ਬੱਚੇ (ਯਾ ਸ਼ਾਹਜ਼ਾਦੇ ਬੀ) ਰੋਟੀਆਂ ਤੋਂ ਭੁੱਖੇ ਹਨ। ਜੇ ਪਹਿਲੋਂ (ਵਾਹਿਗੁਰੂ ਨੂੰ) ਯਾਦ ਰਖੀਏ ਤਾਂ (ਏਹੋ ਜੇਹੀ) ਸਜ਼ਾ ਕਿਉਂ ਮਿਲੇ॥ ੫॥

[ਸਜ਼ਾ ਯਾ ਦੁਖ ਜੋ ਹਿੰਦੂ ਪ੍ਰਜਾ ਨੂੰ ਮਿਲ ਰਿਹਾ ਸੀ ਉਪਰ ਵਰਣਨ ਕਰ ਦਿੱਤਾ ਹੈ, ਸ਼ਾਹਜ਼ਾਦਿਆਂ ਦੀ ਦੁਰਦਸ਼ਾ ਪਿਛਲੀ ਅੱਧੀ ਸਤਰ ਵਿਚ ਦੱਸੀ ਹੈ। ਅੱਗੇ ਅੰਕ ੬ ਵਿਚ ਹਿੰਦੂਆਂ ਮੁਸਲਮਾਨਾਂ ਦੋਹਾਂ ਦੀ ਦੁਰਦਸ਼ਾ ਦਿਖਾਉਂਦੇ ਹਨ, ਓਹ ਜੋ ਪੂਜਾ ਤੇ ਨਮਾਜ਼ ਪਰਾਇਣ ਹੁੰਦੇ ਸਨ, ਉਨ੍ਹਾਂ ਦਾ ਹਾਲ ਦੱਸਦੇ ਹਨ:]

ਇਕਨਾ ਵਖਤ ਖੁਆਈਅਹਿ ਇਕਨ੍ਹਾ ਪੂਜਾ ਜਾਇ ॥ ਚਉਕੇ ਵਿਣੁ ਹਿੰਦਵਾਣੀਆ ਕਿਉ ਟਿਕੇ ਕਢਹਿ ਨਾਇ ॥ ਰਾਮੁ ਨ ਕਬਹੂ

ਇਕਨਾ (ਮੁਸਲਮਾਨੀਆਂ) ਦੇ (ਨਿਮਾਜ਼ਾਂ ਦੇ) ਵਕਤ ਖੁੰਝ ਰਹੇ ਹਨ, ਇਕਨਾ (ਹਿੰਦਵਾਣੀਆਂ) ਦੇ ਪੂਜਾ (ਦੇ ਸਮੇਂ ਬ੍ਰਿਥਾ) ਜਾ ਰਹੇ ਹਨ। (ਕਰਮ ਕਾਂਡੀ) ਹਿੰਦਵਾਣੀਆਂ ਨੇ ਇਸ਼ਨਾਨ ਨਹੀਂ ਕੀਤੇ, ਟਿੱਕੇ (ਮੱਥਿਆਂ ਤੇ) ਕਿਵੇਂ ਕੱਢਣ (ਤੇ ਹੁਣ ਚਉਕੇ ਨਹੀਂ ਰਹੇ) ਚਉਕੇ ਬਿਨਾ (ਰੋਟੀ ਕਿਵੇਂ ਖਾਣ; ਉਹ ਤਾਂ ਰੁਲ

ਚੇਤਿਓ ਹੁਣਿ ਕਹਣਿ ਨ ਮਿਲੈ ਖੁਦਾਇ ॥੬॥

ਰਹੀਆਂ ਹਨ)। (ਸੁਖਾਂ ਵਿਚ ਰੁੱਝਿਆਂ ਤਾਂ) ਕਦੇ ਰਾਮ ਬੀ ਨਹੀਂ ਸੀ ਚਿਤਵਿਆ (ਹੁਣ ਜੇ ਜ਼ਾਲਮਾਂ ਦੇ ਜ਼ੁਲਮ ਵਿਚ ਨਪੀੜੀ ਦੀਆਂ ਹਿੰਦਵਾਣੀਆਂ, ਖ਼ੁਦਾ ਖ਼ੁਦਾ ਕਹਿਕੇ ਮੁਸਲਮਾਨ ਮੁਗ਼ਲਾਂ ਤੋਂ ਆਪਣਾ ਬਚਾਉ ਚਾਹੁਣ ਤਾਂ ਹੁਣ) ਖ਼ੁਦਾ ਬੀ ਨਹੀਂ ਕਹਿਣਾ ਮਿਲਦਾ (ਭਾਵ ਮੁਗ਼ਲ ਜ਼ਾਲਮ ਮੁਸਲਮਾਨੀ ਧਰਮ ਧਾਰਨ ਕਰਨ ਦਾ ਬੀ ਕੋਈ ਲਿਹਾਜ਼ ਨਹੀਂ ਕਰਦੇ)॥ ੬ ॥

ਇਕਿ ਘਰਿ ਆਵਹਿ ਆਪਣੈ ਇਕਿ ਮਿਲਿ ਮਿਲਿ ਪੁਛਹਿ ਸੁਖ ॥ ਇਕਨ੍ਹਾ ਏਹੋ ਲਿਖਿਆ ਬਹਿ ਬਹਿ ਰੋਵਹਿ ਦੁਖ ॥ ਜੋ ਤਿਸੁ ਭਾਵੈ ਸੋ ਥੀਐ ਨਾਨਕ ਕਿਆ ਮਾਨੁਖ ॥੭॥੧੧॥

(ਕਤਲਾਮ ਤੇ ਲੁੱਟ ਮਗਰੋਂ) ਕੋਈ (ਲੋਕ ਬਚੇ ਖੁਚੇ) ਆਪਣੇ ਘਰਾਂ ਨੂੰ ਮੁੜੇ ਬੀ ਸਨ, ਇਕ (ਅਗੋਂ ਲੁਕੇ ਛਿਪੇ ਬਚੇ ਖੁਚੇ ਜੋ ਬਚ ਰਹੇ ਸਨ, ਆਪੋ ਵਿਚ) ਮਿਲ ਮਿਲਕੇ ਸੁੱਖ ਪੁੱਛਦੇ ਹਨ। ਇਕਨਾ ਦਾ (ਧੁਰੋਂ) ਲਿਖਿਆ ਏਹੋ ਸੀ (ਕਿ ਬੈਠ ਬੈਠਕੇ ਦੁਖ ਰੋਣੀਆਂ ਰੋਣ (ਭਾਵ ਜੋ ਲੁੱਟੇ ਗਏ, ਜਿਨ੍ਹਾ ਦੇ ਮਾਰੇ ਗਏ, ਕੈਦ ਪੈ ਗਏ ਓਹ ਦੁਖ ਰੋਣੀਆਂ ਪਏ ਰੋਂਦੇ ਹਨ। ਜੇ ਹੁਣ ਲੰਮੀ ਨਦਰ ਕਰਕੇ ਦੇਖੀਏ ਤਾਂ ਅੰਤ ਭਾਣੇ ਤੇ ਨਜ਼ਰ ਜਾਂਦੀ ਹੈ ਸੋ) ਜੋ ਉਸ (ਪ੍ਰਭੂ) ਨੂੰ ਭਾਉਂਦਾ ਹੈ, ਉਹੋ ਵਰਤਦਾ ਹੈ, ਹੇ ਨਾਨਕ ! ਮਾਨੁਖ ਵੀਚਾਰਾ ਕੀਹ (ਕਰ ਸਕਦਾ) ਹੈ ॥ ੭॥ ੧੧॥

ਵਰਾਖਜਾ-ਏਮਨਾਬਾਦ, ਜਿਸ ਦਾ ਪਹਿਲਾ ਨਾਮ ਸੈਦਪੁਰ ਸੰਡਜਾਲੀ ਸੀ ਤੇ ਜਿਥੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰੇਮੀ ਸਿਖ ਭਾਈ ਲਾਲੋ ਰਹਿੰਦਾ ਸੀ, ਉਸ ਸਮੇਂ ਇਹ ਇਕ ਤਕੜਾ ਕਿਲ੍ਹਾ ਸੀ ਤੇ ਪਠਾਣ ਰਾਜ ਦਾ ਇਕ ਭਾਰੀ ਅੱਡਾ ਸੀ। ਲਾਹੌਰ ਤੇ ਅਟਕ ਦੇ ਵਿਚਕਾਰ ਇਹ ਖਾਸ ਅਹਿਮੀਅਤ ਰਖਦਾ ਸੀ। ਸੰਮਤ ੧੫੭੮ ਬਿ: (ਸੰ: ੧੫੨੧ ਈ:) ਵਿਚ ਏਥੇ ਬਾਬਰ ਨੇ ਹੱਲਾ ਕੀਤਾ। ਜਦੋਂ ਬਾਬਰ ਇਧਰ ਵੱਲ ਚੜ੍ਹ ਆਇਆ ਇਥੋਂ ਦੇ ਲੋਕਾਂ ਨੇ ਸੁਣਿਆਂ ਤਾਂ ਹਿੰਦੂ ਤੇ ਅਹਿਲਕਾਰ ਤਾਂ ਚਾਹੁੰਦੇ ਸਨ ਕਿ ਬਾਬਰ ਦੀ ਅਨ੍ਹੇਰੀ ਅੱਗੇ ਸਿਰ ਝੁਕਾ ਕੇ ਇਸ ਨੂੰ ਲੰਘ ਜਾਣ ਦੇਈਏ ਤੇ ਬਲਾ ਟਾਲੀਏ, ਪਰ ਸੱਯਦ ਤੇ ਪੀਰ ਫਕੀਰ, ਜਿਨ੍ਹਾਂ ਦਾ ਭਾਰੀ ਅੱਡਾ ਸੀ, ਓਹ ਕਹਿੰਦੇ ਸਨ ਕਿ ਅਸੀਂ ਬਾਬਰ ਨੂੰ ਆਪਣੀਆਂ ਦੁਆਵਾਂ, ਸਿਹਰਾਂ ਤੇ ਮੰਤ੍ਰਾਂ ਨਾਲ ਫੂਕ ਮਾਰਕੇ ਉਡਾ ਦਿਆਂਗੇ ਤੇ ਪਠਾਣ ਸੂਰਮੇ ਕਹਿੰਦੇ ਸਨ ਕਿ ਤੀਰਾਂ ਨਾਲ ਖੇਤ ਕਰ ਦਿਆਂਗੇ। ਇਸ ਤਰ੍ਹਾਂ ਦੇ ਝਗੜੇ ਝਾਂਜੇ ਵਿਚ ਬਾਬਰ ਸਿਰ ਤੇ ਆ ਗਿਆ। ਸ਼ਹਿਰ ਦੇ ਹਾਕਮ ਨੂੰ ਡਰ ਸੀ ਕਿ ਲੋਧੀ ਬਾਦਸ਼ਾਹ ਬਾਬਰ ਦੇ ਜਾਣ ਮਗਰੋਂ ਸਾਨੂੰ ਮਾਰ ਦੇਵੇਗਾ, ਸੋ ਜੇ ਅਸੀਂ ਟਕਰਾ ਜਾਈਏ ਤਾਂ ਅੰਤ ਜਿੱਤ ਵਿਚ ਰਹਾਂਗੇ। ਉਹਨਾਂ ਨੂੰ ਪਤਾ ਨਹੀਂ ਸੀ ਕਿ ਬਾਬਰ ਇਕ ਨਵੀਂ ਬਲਾ ਲੈਕੇ ਆ ਰਿਹਾ ਹੈ। ਪੱਛੋਂ ਦੇ ਦੇਸਾਂ ਵਿਚ ਬੰਦੂਕ, ਜਿਸ ਨੂੰ ਤਦੋਂ ਤੁਪਕ ਕਹਿੰਦੇ ਸਨ, ਨਹੀਂ ਨਿਕਲੀ ਸੀ, ਬਾਬਰ ਇਹ ਨਵਾਂ ਹਥਜਾਰ ਲੈਕੇ ਆ ਰਿਹਾ ਸੀ। ਹਿੰਦ ਦੇ ਪਠਾਣਾਂ ਪਾਸ ਯਾ ਤੀਰ ਸਨ ਯਾ ਸਵਾਰ ਲੜਨ ਵਾਲੇ, ਨੇਜੇ ਬਾਜ਼ ਯਾ ਹਾਥੀ ਯਾ ਰਥ। ਸੋ ਸੈਦਪੁਰ ਦੇ ਪਠਾਣਾਂ ਨੇ ਕਿਲ੍ਹੇ ਦੇ ਦਰ ਬੰਦ ਕਰ ਲਏ ਤੇ ਬਾਬਰ ਨੂੰ ਰਸਦ ਪਾਣੀ ਦੋਨੋਂ ਨਾਂਹ ਕਰ ਦਿੱਤੀ। ਸਿਪਾਹੀ ਤੀਰ ਕਮਾਨਾਂ ਲੈਕੇ ਫਸੀਲਾਂ ਤੇ ਚੜ੍ਹ ਗਏ। ਕਾਜ਼ੀ ਮੁੱਲਾਂ ਅਤੇ ਪੀਰ ਮਸੀਤਾਂ ਵਿਚ ਦੁਆਈਂ ਦੇਣ ਤੇ ਬਹਿ ਗਏ, ਹਿੰਦੂ ਪੰਡਤ ਤੰਤ੍ਰਾਂ ਮੰਤ੍ਰਾਂ ਤੇ ਲਾ ਦਿਤੇ ਗਏ। ਪਠਾਣਾਂ ਨੂੰ ਨਿਸਚਾ ਸੀ ਕਿ ਸਾਡੇ ਪੀਰ ਕਲਮਾ ਪੜ੍ਹ ਪੜ੍ਹ ਕੇ ਬਾਬਰ ਦੀਆਂ ਤੁਪਕਾਂ ਤੇ ਤੋਪਾਂ ਦੇ ਮੂੰਹ ਬੰਦ ਕਰ ਦੇਣਗੇ ਤੇ ਮੁਗ਼ਲਾਂ ਨੂੰ ਅੰਨ੍ਹੇ ਕਰ ਦੇਣਗੇ।

ਬਾਬਰ ਨੇ ਅਵਾਣ ਪਿੰਡ ਆਕੇ ਡੇਰਾ ਪਾਇਆ ਤੇ ਆਪਣੀ ਸਿਪਾਹ ਬੀੜ ਕੇ ਸੈਦਪੁਰੇ ਤੇ ਗੋਲੀਆਂ ਦਾ ਮੀਂਹ ਵਰਸਾਇਆ, ਕਿਲ੍ਹੇ ਨੂੰ ਛੇਕਕਰ ਦਿਤਾ ਤੇ ਉਹ ਅਗੇ ਵਧਕੇ ਅੰਦਰ ਦਾਖਲ ਹੋ ਗਿਆ। ਪਠਾਣ ਵਧਕੇ ਲੜੇ ਪਰ ਮਾਰੇ ਗਏ, ਨਾਂ ਤੀਰ ਕੰਮ ਆਏ ਨਾਂ ਨੇਜ਼ੇ । ਸਿਪਾਹੀਆਂ ਨਾਲ ਤਾਂ ਸਿਪਾਹੀਆਂ

ਨੇ ਜੰਗ ਕਰਨਾ ਹੀ ਸੀ ਪਰ ਬਾਬਰ ਦੀ ਪਾਪ ਜੰਞ ਨੇ ਅੰਦਰ ਦਾਖ਼ਲ ਹੋਕੇ ਓਹ ਕਤਲਾਮ ਕੀਤੀ ਕਿ ਆਪਣੇ ਵਹਿਸ਼ੀ ਪੁਣੇ ਦੇ ਜ਼ੁਲਮ ਤੇ ਕਹਿਰ ਦਾ ਸਿੱਕਾ ਬਿਠਾ ਦਿੱਤਾ। ਆਲੇ ਦੁਆਲੇ ਦੇ ਪਿੰਡ ਬੀ ਲੁੱਟੇ ਤੇ ਬਰਬਾਦ ਕੀਤੇ। ਹਿੰਦੂ ਪਠਾਣ ਮੁਸਲਮਾਨ ਨੀਚ ਊਚ ਸਭ ਇਕੇ ਰੱਸੇ ਮਾਰੇ। ਹਿੰਦੂ ਮੁਸਲਮਾਨ ਤ੍ਰੀਮਤਾਂ ਦੇ ਸਤਰ ਪਾੜੇ, ਵਾਲਾਂ ਤੋਂ ਫੜ ਬਜ਼ਾਰਾਂ ਵਿਚ ਧੂਹੀਆਂ ਤੇ ਸੁਆਹਾਂ ਉਹਨਾਂ ਦੇ ਮੂੰਹਾਂ ਤੇ ਮਾਰ ਮਾਰ ਤੇ ਕੁੱਟ ਕੁੱਟਕੇ ਘਰਾਂ ਵਿਚ ਰਖੇ ਤੇ ਦੱਬੇ ਮਾਲ ਪਦਾਰਥ ਗਹਿਣੇ ਰੁਪਏ ਕਢਵਾਏ, ਕਿਸੇ ਦੀ ਹੁਰਮਤ ਕਿਸੇ ਦੀ ਪਤ ਅਬਰੋ ਦਾ ਬਚਾਉ ਨਾ ਰਿਹਾ। ਕਤਲ ਕਰਨ ਵਿਚ, ਮਾਰਨ ਵਿਚ ਨਾ ਬਾਲ, ਨਾ ਬੁੱਢਾ, ਨਾ ਤ੍ਰੀਮਤ, ਕਿਸੇ ਤੇ ਭੀ ਤਰਸ ਨਾਂ ਖਾਧਾ ਗਿਆ। ਅਮੀਰ ਤੇ ਕੰਵਰ, ਨਵਾਬਜ਼ਾਦੇ ਤੇ ਰਈਸ ਸਭ ਰੁਲਾਏ ਗਏ। ਮੁਸਲਮਾਨਾਂ ਦਾ ਦੀਨੀ ਲਿਹਾਜ਼ ਬੀ ਕੱਖ ਨਾਂ ਹੋਇਆ। ਕੋਈ ਭੋਰਿਆਂ ਵਿਚ, ਕੋਈ ਤੂੜੀਆਂ ਦੇ ਕੋਠਿਆਂ ਤੇ ਮੂਸਲਾਂ ਵਿਚ ਟਾਵੇਂ ਟਾਵੇਂ ਬਚੇ ਹੋਣ ਤਾਂ ਭਾਵੇਂ ਬਚੇ ਹੋਣ।

ਬਾਬਰ ਦੇ ਪਾਪ ਜਾਈਆਂ ਨੇ ਕਤਲਾਮ ਕਰਕੇ ਲੱਖਾਂ ਹਜ਼ਾਰਾਂ ਦੇ ਗਹਿਣੇ ਹੀਰੇ ਜਵਾਹਰ ਕਪੜੇ ਚਾਂਦੀ ਸੋਨੇ ਲੁੱਟੇ ਤੇ ਤ੍ਰੀਮਤਾਂ ਨੂੰ ਬੰਨ੍ਹਕੇ ਲੈ ਚਲੇ। ਲੁੱਟ ਦਾ ਮਾਲ ਢੋਣ ਲਈ, ਜੋ ਹੁਣ ਕਤਲੋਂ ਬਚ ਰਹੇ ਸਨ, ਉਹਨਾਂ ਨੂੰ ਕੈਦੀ ਬਣਾਇਆ। ਖਾਨਜ਼ਾਦੀਆਂ ਤੇ ਪ੍ਰਭਾਣੀਆਂ ਕਪੜੇ ਫਟੇ, ਜ਼ਖ਼ਮ ਵਗਦੇ, ਧੂੜਾਂ ਸੁਆਹਾਂ ਨਾਲ ਭਰੀਆਂ, ਬੇ-ਹੁਰਮਤ ਹੋਈਆਂ ਰਸਿਆਂ ਨਾਲ ਵੀਣੀਆਂ ਬੱਧੀਆਂ ਫੜੀਆਂ ਨਾਲ ਲਿਜਾਈਆਂ ਜਾ ਰਹੀਆਂ ਸਨ।

ਇਸ ਹਮਲੇ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਬੀ ਏਮਨਾਬਾਦ ਹੀ ਸਨ ਤੇ ਇਨ੍ਹਾਂ ਕੈਦੀਆਂ ਵਿਚ ਆਪ ਬੀ ਜਾ ਰਹੇ ਸਨ, ਇਕ ਬੋਝਾ ਆਪ ਨੂੰ ਬੀ ਸਿਰ ਤੇ ਉਠਾਉਣ ਲਈ ਮਿਲਿਆ ਸੀ। ਇਹ ਦਸ਼ਾ ਆਪਣੇ ਨੈਣੀਂ ਤੱਕਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਹ ਸ਼ਬਦ ਵੈਰਾਗ ਵਿਚ ਉਚਾਰਿਆ। ਸ਼ਬਦ ਦੇ ਅੱਖਰ ਸੌਖੇ ਤੇ ਭਾਵ ਸਪਸ਼ਟ ਹਨ। ਗ਼ੁਲਾਮੀ ਵਿਚ ਰੁਲਦੇ ਹਿੰਦੀਆਂ, ਮਰਦ ਤ੍ਰੀਮਤਾਂ ਦੀ ਬੇਪਤੀ, ਭਾਰਤ ਦੇ ਐਸ਼੍ਵਰਯ ਪਦਾਰਥ ਦੀ ਲੁੱਟ ਤੇ ਸ਼ਹਿਰ ਦੀ ਵਰਾਨੀ ਦੀ ਦਰਦਨਾਕ ਤਸਵੀਰ ਇਸ ਸ਼ਬਦ ਦੇ ਪਾਠ ਨਾਲ ਅੱਖਾਂ ਅੱਗੇ ਆ ਖੜੋਂਦੀ ਹੈ। ਇਹ ਦਰਦਨਾਕ ਵਿਥਯਾ ਮੂਰਤੀਮਾਨ ਕਰਕੇ ਸ਼ਬਦ ਦੇ ਅੰਤ ਵਿਚ ਆਪ ਭਾਣੇ ਤੇ ਆਉਂਦੇ ਹਨ ਤੇ ਦੱਸਦੇ ਹਨ ਕਿ ਜੋ ਕੁਝ ਵਰਤਦਾ ਹੈ ਓਹ ਓਸ ਦੇ ਹੁਕਮ ਵਿਚ ਵਰਤਦਾ ਹੈ, ਮਨੁੱਖ ਦੇ ਵੱਸ ਕੀਹ ਹੈ। ਪਰ ਵਿਚ ਵਿਚ ਇਸ਼ਾਰੇ ਹਨ ਕਿ ਜੇ ਓਸ ਭਾਣੇ ਦੇ ਮਾਲਕ ਨੂੰ ਓਹ ਪਹਿਲੋਂ ਚੇਤਦੇ, ਐਸ਼ਾਂ ਵਿਚ ਖਚਿਤ ਨਾ ਹੁੰਦੇ ਤਾਂ ਇਹ ਸਜ਼ਾ ਨਾ ਮਿਲਦੀ ਤੇ ਇਹ ਤਬਾਹੀ ਨਾ ਹੁੰਦੀ।

ਨਿਰੁਕ੍ਤ-ਪਟੀਆ=ਪੱਟੀਆਂ- [ਸੰਸ:, ਪਟ੍ਰਿਕਾ। ਹਿੰ:, ਪਟਿਯਾ=ਮਾਂਗੀ, ਪੱਟੀ] ਤ੍ਰੀਮਤਾਂ ਦੇ ਸਿਰ ਦੇ ਵਾਲ ਜੋ ਮੱਥੇ ਦੇ ਅੱਧ ਵਿਚੋਂ ਚੀਰਕੇ ਦੋ ਹਿੱਸੇ ਕਰਕੇ ਦੋਹੀਂ ਪਾਸੀਂ ਕਿਸੇ ਜਮਾਊ ਥੰਧੀ ਸ਼ੈ ਨਾਲ ਕੰਘੀ ਕਰਕੇ ਜਮਾਏ ਜਾਣ, ਪੱਟੀ ਕਹਾਉਂਦੇ ਹਨ।

ਮਾਂਗੀ- [ਹਿੰ:, ਮਾਂਗ=ਚੀਰ] ਸਿਰ ਦਾ ਉਹ ਵਿਚਕਾਰਲਾ ਹਿੱਸਾ ਜਿਥੋਂ ਵਾਲਾਂ ਨੂੰ ਵੰਡਕੇ ਦੋ ਪੱਟੀਆਂ ਤ੍ਰੀਮਤਾਂ ਕਰਦੀਆਂ ਹਨ ਤੇ ਇਸ ਥਾਂ ਨੂੰ ਵਿਵਾਹਿਤਾ ਇਸਤ੍ਰੀਆਂ ਸੰਧੂਰ ਨਾਲ ਭਰਦੀਆਂ ਹਨ। ਇਸ ਨੂੰ ਮਾਂਗ ਭਰਨਾ ਕਹਿੰਦੇ ਹਨ। ਮਾਂਗੀ=ਮਾਂਗੀਂ=ਚੀਰਾਂ ਵਿਚ, ਮਾਂਗਾਂ ਵਿਚ।

ਕਾਤੀ- [ਦੇਖੋ ਪੰਨਾ ੧੧੧੫] ਛੁਰੀ, ਕੈਂਚੀ। ਕਤਰਨੀ।

ਹਦੂਰਿ-ਸਾਹਮਣੇ।

ਹੀਡੋਲੀ- [ਸੰਸ:, ਹਿੰਦੋਲ:=ਹਿੰਡੋਲਾ, ਝੂਲਾ, ਪੰਘੂੜਾ] ਡੋਲੀਆਂ ਵਿਚ, ਪਾਲਕੀਆਂ ਵਿਚ।

ਦੰਦ ਖੰਡ-ਹਾਥੀ ਦੰਦ ਦੇ ਟੁਕੜੇ।

ਰਾਸਿ-ਜੜਕੇ, ਥਾਂ ਟਿਕਾਣੇ ਬਿਠਾਕੇ।

ਝਲੇ-ਪੌਣ ਝੱਲਣ ਵਾਲੇ, ਪੱਖੇ।

ਸਿਲਕਾ- [ਅ:, ਸਿਲਕ=ਧਾਗਾ, ਰੱਸੀ] ਡੋਰਾਂ, ਰੱਸੀਆਂ।

ਮੋਤਸਰੀਆ-ਮੋਤੀਆਂ ਦੀਆਂ ਲੜੀਆਂ।

ਸੁਰਤਿ-ਸੋਝੀ।

ਬਾਬਰਵਾਣੀ-ਬਾਬਰ ਦੀ ਦੁਹਾਈ। (ਅ) ਬਾਬਰ ਆਏ ਦੀ ਪੁਕਾਰ।

ਖੁਆਈਅਹਿ-ਖੁੰਝ ਰਿਹਾ ਹੈ, ਬਿਰਥਾ ਜਾ ਰਿਹਾ ਹੈ।

[ਆਸਾ ਮਹਲਾ ੧, ਅਸਟਪਦੀ-੧੨]

ਪ੍ਰਾਕ੍ਥਨ-ਪਿਛਲੀ ਅਸਟਪਦੀ ਵਿਚ ਮੂਰਤੀਮਾਨ ਕੀਤੇ ਏਮਨਾਬਾਦ ਦੇ ਹਮਲੇ ਵੇਲੇ ਹੀ ਇਹ ਸ਼ਬਦ ਉਚਾਰਿਆ ਗਿਆ, ਜਦ ਸੁਤੰਤ੍ਰਤਾ ਦੇ ਦਾਤੇ ਆਪ ਕੈਦ ਪੈਕੇ ਬਾਬਰ ਨਾਲ ਗਲ ਬਾਤ ਕਰਕੇ ਸਾਰੇ ਕੈਦੀਆਂ ਨੂੰ ਛੁਡਾਕੇ ਸ਼ਹਿਰ ਲਿਆਏ ਤੇ ਸ਼ਹਿਰ ਦੀ ਦਰਦਨਾਕ ਦਸ਼ਾ ਦੇਖੀ ਤਾਂ ਇਹ ਸ਼ਬਦ ਉਚਾਰਿਆ।

ਮੂਲ	ਅਰਥ
ਆਸਾ ਮਹਲਾ ੧ ॥ **ਕਹਾ ਸੁ ਖੇਲ ਤਬੇਲਾ ਘੋੜੇ ਕਹਾ ਭੇਰੀ ਸਹਨਾਈ ॥ ਕਹਾ ਸੁ ਤੇਗਬੰਦ ਗਾਡੇਰੜਿ ਕਹਾ ਸੁ ਲਾਲ ਕਵਾਈ ॥ ਕਹਾ ਸੁ ਆਰਸੀਆ ਮੁਹ ਬੰਕੇ ਐਥੈ ਦਿਸਹਿ ਨਾਹੀ ॥੧॥**	ਓਹ (ਚੌਗਾਨ ਆਦਿ) ਖੇਡਾਂ ਕਿਥੇ ਗਈਆਂ, ਓਹ ਘੋੜੇ (ਤੇ ਉਹਨਾਂ ਦੇ ਬੱਝਣ ਦੇ) ਤਬੇਲੇ (ਕਿੱਥੇ ਗਏ) ਓਹ ਭੇਰੀਆਂ (=ਨਗਾਰੇ ਤੇ) ਨਫੀਰੀਆਂ ਕਿਥੇ ਗਈਆਂ। ਕਿੱਥੇ ਹਨ ਓਹ (ਸੁਹਣੇ ਤਲਵਾਰਾਂ ਬੰਨ੍ਹਣ ਵਾਲੇ=) ਤਲਵਰੀਏ, (ਕਿੱਥੇ ਹਨ ਓਹ ਗਾਡੇਰੜਾਂ ਤੇ ਚੜ੍ਹਨ ਵਾਲੇ=) ਰਥਾਂ ਤੇ ਚੜ੍ਹਕੇ ਲੜਨ ਵਾਲੇ ਸੂਰਮੇ, ਕਿਥੇ ਹਨ ਓਹ ਲਾਲ ਕੁੜਤੀ ਵਾਲੇ (ਬੀਰ) ਤੇ ਕਿੱਥੇ ਹਨ (ਓਹ) ਆਰਸੀਆਂ (ਵਿਚ ਅਪਣੇ) ਸੁਹਣੇ ਮੂੰਹ ਦੇਖਣ ਵਾਲੀਆਂ ਸੁੰਦਰੀਆਂ? ਐਥੇ (ਤਾਂ ਹੁਣ ਕੁਛ ਬੀ) ਨਹੀਂ ਦਿੱਸਦਾ॥ ੧॥
ਇਹੁ ਜਗੁ ਤੇਰਾ ਤੂ ਗੋਸਾਈ ॥ ਏਕ ਘੜੀ ਮਹਿ ਥਾਪਿ ਉਥਾਪੇ ਜਰੁ ਵੰਡਿ ਦੇਵੈ ਭਾਂਈ ॥੧॥ ਰਹਾਉ ॥	ਹੇ ਪ੍ਰਭੂ ! ਇਹ (ਸਾਰਾ) ਜਗਤ ਤੇਰਾ ਹੈ ਤੂੰ (ਇਸਦਾ) ਮਾਲਕ ਹੈਂ। ਇਕ ਘੜੀ ਵਿਚ (ਕਿਸੇ ਨੂੰ) ਬਣਾ ਦੇਂਦਾ ਹੈ (ਕਿਸੇ ਨੂੰ) ਢਾਹ ਦੇਂਦਾ ਹੈ ਤੇ ਦੌਲਤ ਨੂੰ ਭਰਾਵਾਂ ਵਿਚ ਵੰਡ ਦੇਂਦਾ ਹੈਂ॥ ੧॥ ਰਹਾਉ॥
ਕਹਾਂ ਸੁ ਘਰ ਦਰ ਮੰਡਪ ਮਹਲਾ ਕਹਾ ਸੁ ਬੰਕ ਸਰਾਈ ॥ ਕਹਾਂ ਸੁ ਸੇਜ ਸੁਖਾਲੀ ਕਾਮਣਿ ਜਿਸੁ ਵੇਖਿ ਨੀਦ ਨ ਪਾਈ ॥ਕਹਾ ਸੁ ਪਾਨ ਤੰਬੋਲੀ ਹਰਮਾ ਹੋਈਆ ਛਾਈ ਮਾਈ ॥੨॥	ਕਿੱਥੇ ਹਨ ਓਹ ਘਰ (ਜਿਨ੍ਹਾਂ ਦੇ ਵਡੇ ਵਡੇ) ਦਰਵਾਜ਼ੇ ਸਨ? ਕਿਥੇ ਹਨ ਮੰਡਪ, ਤੇ ਮਹਲ, ਤੇ ਕਿਥੇ ਹਨ ਸੁਹਣੀਆਂ ਸਰਾਵਾਂ? (ਹਾਂ) ਉਹ ਸੇਜਾ ਦਾ ਸੁਖ ਦੇਣ ਵਾਲੀ ਸੁੰਦਰੀ ਕਿਥੇ ਹੈ, ਜਿਸ (ਦੀ ਸੁੰਦਰਤਾ) ਨੂੰ ਵੇਖ ਵੇਖਕੇ (ਤੈਨੂੰ) ਨੀਂਦ ਨਹੀਂ ਸੀ ਪੈਂਦੀ ਹੁੰਦੀ। ਓਹ (ਅਪਣੀਆਂ) ਇਸਤ੍ਰੀਆਂ ਕਿਥੇ ਹਨ ਜੋ ਪਾਨਾਂ ਦੇ ਬੀੜੇ (ਲਾ ਲਾ ਦੇਂਦੀਆਂ ਹੁੰਦੀਆਂ ਸਨ, ਸਭੇ) ਛਾਊਂ ਮਾਊਂ ਹੋ ਗਈਆਂ (ਭਾਵ ਛਾਂ ਵਾਙੂ ਗੁੰਮ ਹੋ ਗਈਆਂ)॥ ੨॥
ਇਸੁ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ ॥ ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ॥ ਜਿਸ ਨੋ ਆਪਿ ਖੁਆਏ ਕਰਤਾ ਖੁਸਿ ਲਏ ਚੰਗਿਆਈ ॥੩॥	ਇਸ ਦੌਲਤ ਦੀ ਖ਼ਾਤਰ ਬਹੁਤੀ (ਦੁਨੀਆਂ) ਖੁਆਰ ਹੋਈ, ਇਸ ਦੌਲਤ ਨੇ (ਹੀ) ਬਹੁਤੀ (ਦੁਨੀਆਂ) (ਰਬ ਦੇ ਰਸਤਿਓਂ) ਖੁੰਝਾ ਦਿਤੀ। (ਇਹ ਦੌਲਤ) ਪਾਪਾਂ ਬਿਨਾਂ (ਕੱਠੀ) ਨਹੀਂ ਹੁੰਦੀ (ਅਤੇ) ਮੋਇਆਂ ਨਾਲ (ਬੀ ਕੋਈ) ਨਹੀਂ ਜਾਂਦੀ। ਜਿਸ ਨੂੰ ਕਰਤਾਰ ਨੇ ਆਪ ਭੁਲਾਉਣਾ ਹੁੰਦਾ ਹੈ ਉਸ ਦੀ (ਪਹਿਲੋਂ) ਚੰਗਿਆਈ ਖੋਹ ਲੈਂਦਾ ਹੈ॥ ੩॥
ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ ॥	ਜਦੋਂ (ਪਠਾਣਾਂ ਨੇ) ਸੁਣਿਆਂ ਕਿ ਮੀਰ (ਬਾਬਰ ਹਿੰਦ ਉਤੇ) ਧਾਇਆ (ਚੜ੍ਹਕੇ ਆ ਰਿਹਾ ਹੈ ਤਾਂ) ਕ੍ਰੋੜਾਂ ਹੀ (ਪਠਾਣਾਂ ਦੇ) ਪੀਰਾਂ ਨੇ (ਜਾਦੂ ਟੂਣਿਆਂ ਕਲਾਮਾਂ ਨਾਲ ਜ਼ੋਰ ਲਾਇਆ ਕਿ

ਬਾਬਰ ਅਪਣੇ ਦੇਸ਼ ਵਿਚ ਹੀ) ਵਰਜਿਆ ਰਹਿ ਜਾਵੇ (ਹਿੰਦ ਤੇ ਚੜ੍ਹ ਆਉਣ ਵਿਚ ਕਾਮਯਾਬ ਨਾ ਹੋਵੇ। ਪਰ ਹੋਇਆ ਕੀਹ? ਕਿ ਉਹ ਆ ਪਿਆ ਤੇ

ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ ਰੁਲਾਇਆ ॥ ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ ॥੪॥

ਉਸ ਦੇ ਜ਼ੁਲਮ ਨਾਲ ਹਿੰਦੂਆਂ ਦੇ ਦੇਵ) ਸਥਾਨ, (ਮੁਸਲਮਾਨਾਂ ਦੇ ਪੀਰ-) ਮੁਕਾਮ ਤੇ ਪਠਾਣ ਪਾਤਸ਼ਾਹਾਂ ਤੇ ਨਵਾਬਾਂ ਦੇ) ਪੱਥਰਾਂ (ਵਰਗੇ ਪੱਕੇ) ਮਹਲ (ਸਭ) ਸੜ ਗਏ ਤੇ (ਪਠਾਣ) ਸ਼ਹਜ਼ਾਦੇ ਟੁਕੜੇ ਕਰ ਕਰਕੇ (ਮਿੱਟੀ ਵਿਚ) ਰੁਲਾ ਦਿੱਤੇ। (ਪਰ ਉਨ੍ਹਾਂ ਪੀਰਾਂ ਦੇ ਜੰਤ੍ਰਾਂ ਮੰਤ੍ਰਾਂ ਕਲਾਮਾਂ ਆਦਿ ਜਤਨਾਂ ਨਾਲ) ਕੋਈ ਮੁਗ਼ਲ ਅੰਨ੍ਹਾ ਨਾ ਹੋਇਆ, (ਤੇ ਕਿਸੇ ਪੀਰ ਨੇ ਕੋਈ) ਕਰਾਮਾਤ ਨਾ ਕਰ ਦਿਖਾਈ ॥ ੪ ॥

ਮੁਗਲ ਪਠਾਣਾ ਭਈ ਲੜਾਈ ਰਣ ਮਹਿ ਤੇਗ ਵਗਾਈ ॥ ਓਨ੍ਹੀ ਤੁਪਕ ਤਾਣਿ ਚਲਾਈ ਓਨ੍ਹੀ ਹਸਤਿ ਚਿੜਾਈ ॥ ਜਿਨ੍ ਕੀ ਚੀਰੀ ਦਰਗਹ ਪਾਟੀ ਤਿਨ੍ਾ ਮਰਣਾ ਭਾਈ ॥੫॥

(ਦੇਖੋ, ਜਦੋਂ) ਮੁਗ਼ਲਾਂ ਤੇ ਪਠਾਣਾਂ ਦੀ ਲੜਾਈ ਹੋਈ, (ਦੋਹਾਂ ਨੇ) ਮੈਦਾਨ ਜੰਗ ਵਿਚ ਤਲਵਾਰ (ਖੂਬ) ਚਲਾਈ। ਓਹਨਾਂ (ਭਾਵ ਮੁਗ਼ਲਾਂ) ਨੇ ਬੰਦੂਕਾਂ ਨਿਸ਼ਾਨੇ ਬੰਨ੍ਹ ਕੇ ਚਲਾਈਆਂ, (ਅਗੋਂ) ਪਠਾਣਾਂ ਨੇ ਹਾਥੀਆਂ ਨੂੰ ਤੇਜ਼ ਕਰਕੇ (ਹਾਥੀ ਫੌਜ ਨਾਲ) ਉਨ੍ਹਾਂ ਉਤੇ ਹਮਲਾ ਕੀਤਾ। (ਪਰ) ਜਿਨ੍ਹਾਂ ਦੀ ਚਿੱਠੀ ਦਰਗਾਹੋਂ ਪਾਟ ਗਈ ਸੀ ਉਨ੍ਹਾਂ ਨੇ ਹੇ ਭਾਈ ! ਅਜ ਮਰਨਾ (=ਹਾਰਨਾ) ਹੀ ਸੀ (ਭਾਵ ਪਠਾਣਾਂ ਦੀ ਹਾਰ ਦਰਗਾਹੋਂ ਹੋ ਚੁਕੀ ਸੀ ਸੋ ਮਾਰੇ ਗਏ)॥ ੫ ॥

[ਫਤੇਯਾਬ ਬਾਬਰ ਦੇ ਹਿੰਦੀ ਇਸਤ੍ਰੀਆਂ ਉਤੇ ਕੀਤੇ ਜ਼ੁਲਮਾਂ ਤੇ ਅਤਯਾਚਾਰਾਂ ਦਾ ਨਕਸ਼ਾ ਸੰਖੇਪ ਵਿਚ ਖਿੱਚਕੇ ਅੱਗੇ ਦਿਖਾਲਦੇ ਹਨ:] (ਹਿੰਦ ਦੀਆਂ

ਇਕ ਹਿੰਦਵਾਣੀ ਅਵਰ ਤੁਰਕਾਣੀ ਭਟਿਆਣੀ ਠਕੁਰਾਣੀ ॥ ਇਕਨ੍ਾ ਪੇਰਣ ਸਿਰ ਖੁਰ ਪਾਟੇ ਇਕਨ੍ਾ ਵਾਸੁ ਮਸਾਣੀ ॥ ਜਿਨ੍ ਕੇ ਬੰਕੇ ਘਰੀ ਨ ਆਇਆ ਤਿਨ੍ ਕਿਉ ਰੈਣਿ ਵਿਹਾਣੀ ॥੬॥

ਇਸਤ੍ਰੀਆਂ) ਕਈ ਹਿੰਦਵਾਣੀਆਂ, ਹੋਰ (ਕਈ) ਮੁਸਲਮਾਨੀਆਂ, (ਕਈ) ਭਟਿਆਣੀਆਂ, (ਕਈ) ਰਾਜਪੂਤਣੀਆਂ (ਇਨ੍ਹਾਂ ਸਾਰੀਆਂ ਵਿਚੋਂ) ਕਈਆਂ ਦੇ ਲੰਮੇ ਚੋਲੇ ਫਾੜੇ ਗਏ (ਭਾਵ ਬੇਪਤੀ ਕੀਤੀ ਗਈ; ਕਈ) ਸਿਰ ਤੋਂ ਪੈਰਾਂ ਤਕ ਜ਼ਖ਼ਮੀ ਹੋਈਆਂ, ਕਈ ਮਾਰੀਆਂ ਗਈਆਂ। (ਜੋ ਘਰਾਂ ਵਿਚ ਲੁਕੀਆਂ ਛਿਪੀਆਂ ਕਿਵੇਂ ਬਚ ਰਹੀਆਂ ਤੇ) ਜਿਨ੍ਹਾਂ ਦੇ ਸੁਹਣੇ (ਪਤੀ ਜੰਗ ਵਿਚ ਮਾਰੇ ਗਏ, ਜਦ ਓਹ ਰਾਤੀਂ) ਘਰੀਂ ਨਾ ਆਏ ਤਾਂ ਉਨ੍ਹਾਂ ਦੀ ਰਾਤ ਕਿਵੇਂ ਕਸ਼ਟ ਵਿਚ ਬੀਤੀ (ਇਹ ਤੁਸੀਂ ਆਪ ਖਿਆਲ ਕਰ ਲਓ)॥ ੬ ॥

ਆਪੇ ਕਰੇ ਕਰਾਏ ਕਰਤਾ ਕਿਸ ਨੋ ਆਖਿ ਸੁਣਾਈਐ ॥ ਦੁਖੁ ਸੁਖੁ ਤੇਰੈ ਭਾਣੈ ਹੋਵੈ ਕਿਸ ਥੈ ਜਾਇ ਰੂਆਈਐ ॥ ਹੁਕਮੀ ਹੁਕਮਿ ਚਲਾਏ ਵਿਗਸੈ ਨਾਨਕ ਲਿਖਿਆ ਪਾਈਐ ॥੭॥੧੨॥

(ਇਹ ਜ਼ੁਲਮ ਤੱਕੇ ਨਹੀਂ ਜਾਂਦੇ, ਪਰ ਜੇ) ਕਰਤਾਰ ਆਪ ਹੀ (ਇਹ ਕੁਛ) ਕਰਦਾ ਕਰਾਉਂਦਾ ਹੈ ਤਾਂ ਕਿਸ ਨੂੰ (ਦੁਖੜੇ) ਆਖ ਕੇ ਸੁਣਾਈਏ? (ਹਾਂ,) ਦੁਖ ਤੇ ਸੁਖ (ਜੋ) ਤੇਰੇ ਭਾਣੇ ਵਿਚ ਹੁੰਦਾ ਹੈ ਤਾਂ ਕਿਸ ਦੇ ਪਾਸ ਜਾਕੇ ਰੋਵੀਏ। ਹੇ ਨਾਨਕ ! ਹੁਕਮ ਦਾ ਮਾਲਕ (ਆਪਣੇ) ਹੁਕਮ ਵਿਚ ਟੋਰਦਾ ਹੈ, (ਪਰ) ਲਿਖਿਆ (ਆਪਣੇ ਕਰਮਾਂ ਦਾ) ਪਾਈਦਾ ਹੈ; (ਉਹ ਮਾਲਕ ਆਪ) ਸਦਾ ਪ੍ਰਸੰਨ ਰਹਿੰਦਾ ਹੈ, (ਭਾਵ ਉਸ ਦਾ ਦ੍ਵੈਖ ਵੈਰ ਕਿਸੇ ਨਾਲ ਨਹੀਂ ਹੈ)॥ ੭ ॥ ੧੨ ॥

ਵਯਾਖਯਾ-ਸੁਗਮ ਹੈ। ਪਿਛਲੀ ਅਸ਼ਟਪਦੀ ਦੇ ਨਾਲ ਹੀ ਇਕੋ ਵੇਲੇ ਦੀ ਏਮਨਾਬਾਦ ਦੀ ਦਰਦਨਾਕ ਦਸ਼ਾ ਦਾ ਵਰਣਨ ਹੈ। ਪੂਰਾ ਸਮਾਚਾਰ ਵਾਚਣ ਲਈ ਪੜ੍ਹੋ ਸ੍ਰੀ ਗੁਰੂ ਨਾਨਕ ਚਮਤਕਾਰ ਉਤਰਾਰਧ ਵਿਚ 'ਸੈਦ ਪੁਰ ਬੰਦੀ ਛੋੜ' ਦਾ ਪ੍ਰਸੰਗ।

ਨਿਰੁਕ੍ਤ-ਭੇਰੀ- [ਸੰਸ:, ਭੇਰਿ:] ਸ਼ੁਤਰੀ। ਵਡਾ ਨਗਾਰਾ।

ਸਹਨਾਈ- [ਫਾ:, ਸ਼ਹਨਾਈ] ਇਕ ਮਸ਼ਹੂਰ ਵਾਜਾ, ਸਰਨਾ, ਨਫੀਰੀ।

ਤੇਗ ਬੰਦ- [ਫਾ:, ਤੇਗ਼ਬੰਦ] ਤਲਵਾਰਾਂ ਧਾਰਨ ਵਾਲੇ, ਸ਼ਸਤ੍ਰਧਾਰੀ ਸੂਰਮੇ।

ਗਾਡੇਰੜ-ਗਡਿਆਂ ਰਥਾਂ ਪਰ ਸਵਾਰ ਸੂਰਮੇ। ਰਥੀ ਸੂਰਮੇ।

ਕਵਾਈ- [ਅ:, ਕਬਾ] ਪ੍ਰਸਿਧ ਪੋਸ਼ਾਕ, ਚੋਗਾ, ਕੁੜਤਾ।

ਆਰਸੀਆਂ-ਸ਼ੀਸ਼ਾ। ਤ੍ਰੀਮਤ ਦੇ ਅੰਗੂਠੇ ਦਾ ਸ਼ੀਸ਼ੇ ਵਾਲਾ ਗਹਿਣਾ (ਦੇਖੋ ਵਯਾਖਯਾ ਪੰਨਾ ੮੬੪)

ਹਰਮਾ- [ਅ:, ਹ਼ਰਮ] ਵਿਆਹੀਆਂ ਤੇ ਲੌਂਡੀਆਂ ਇਸਤ੍ਰੀਆਂ।

ਬਿਜ ਮੰਦਰ-ਪੱਥਰ ਦੇ ਮੰਦਰ। ਕਰੜੇ ਭਾਵ ਪੱਕੇ ਮੰਦਰ।

ਪਰਚਾ-ਪਰਤਾਵਾ, ਪ੍ਰੀਖ੍ਯਾ, ਕਰਾਮਾਤ।

ਤੁਪਕ- [ਫਾ:, ਪਸ਼ਤੋ] ਬੰਦੂਕ। ਜੋ ਪੁਰਾਣੇ ਜ਼ਮਾਨੇ ਗਜ ਫੇਰਕੇ ਭਰਦੇ ਤੇ ਤੋੜਾ ਲਾ ਕੇ ਚਲਾਉਂਦੇ ਸਨ।

ਚੀਰੀ-ਚਿਠੀ।

ਪੇਰਣ-ਪੈਰਾਹਨ। ਪਹਿਰਨ, ਚੋਗੇ, ਲੰਮੇ ਚੋਲੇ। ਖੁਰ-ਪੈਰ।

[ਆਸਾ ਕਾਫੀ ਮਹਲਾ ੧, ਅਸਟਪਦੀ-੧੩]

ਪ੍ਰਾਕ੍ਥਨ-ਅਨਸਥਿਰ ਜਗਤ ਨੂੰ ਸਥਿਰ ਸਮਝਕੇ ਇਸੇ ਵਿਚ ਭੁੱਲੇ ਰਹਿਕੇ ਸ਼੍ਰਮ ਕਰਨੇ ਬ੍ਰਿਥਾ ਹਨ, ਸਦਾ ਦੇ ਜੀਵਨ ਲਈ ਕੁਛ ਪੈਦਾ ਕਰਨਾ ਅਸਲ ਨਫਾ ਹੈ। ਉਸ ਦੀ ਵਿਉਂਤ ਹੈ, ਸਾਈਂ ਦੀ ਮੇਹਰ ਦੇ ਤਕੀਏ, ਗੁਰੂ, ਨਾਮ ਤੇ ਨਾਮ ਦੀ ਕਮਾਈ।

੧ੴ ਸਤਿਗੁਰ ਪ੍ਰਸਾਦਿ॥ ਆਸਾ ਕਾਫੀ ਮਹਲਾ ੧ ਘਰੁ ੮ ਅਸਟਪਦੀਆ॥

ਮੂਲ	ਅਰਥ
ਜੈਸੇ ਗੋਇਲਿ ਗੋਇਲੀ ਤੈਸੇ ਸੰਸਾਰਾ॥ ਕੂੜੁ ਕਮਾਵਹਿ ਆਦਮੀ ਬਾਂਧਹਿ ਘਰ ਬਾਰਾ ॥੧॥	ਜਿਸ ਤਰ੍ਹਾਂ ਗਵਾਲਾ ਗੋਇਲ (ਥਾਵੀਂ ਆਉਂਦਾ ਹੈ) ਉਸ ਤਰ੍ਹਾਂ (ਇਹ) ਸੰਸਾਰ (ਜੀਵਾਂ ਲਈ ਮਾਨੋ ਗੋਇਲ ਸਥਾਨ ਹੈ, ਭਾਵ ਥੋੜੇ ਚਿਰ ਲਈ ਹੈ, ਇਸ ਲਈ ਜੋ) ਆਦਮੀ (ਇਥੇ) ਪੱਕੇ ਘਰ ਬਾਰ ਬਣਾਉਂਦੇ ਹਨ (ਓਹ) ਕੂੜ ਕਮਾ ਰਹੇ ਹਨ (ਜਿਵੇਂ ਗੁਆਲਾ ਜੇ ਗੋਇਲ ਥਾਵੇਂ ਪੱਕਾ ਘਰ ਬਣਾਵੇ ਤਾਂ ਕੂੜ ਕਮਾਉਂਦਾ ਹੈ ਕਿਉਂਕਿ ਬਰਸਾਤ ਮੁੱਕੀ ਤੇ ਉਸ ਨੇ ਗੋਇਲ ਵਿਚ ਨਹੀਂ ਰਹਿਣਾ)॥ ੧॥

ਜਾਗਹੁ ਜਾਗਹੁ ਸੂਤਿਹੋ ਚਲਿਆ ਵਣਜਾਰਾ ॥੧॥ ਰਹਾਉ ॥

(ਹੇ ਮੋਹ ਮਾਇਆ ਦੀ ਨੀਂਦ ਵਿਚ) ਸੁੱਤੇ ਹੋਏ (ਲੋਕੋ) ਜਾਗੋ, ਜਾਗੋ, (ਇਹੰ ਤੁਸਾਡਾ ਜੀਵ ਰੂਪੀ) ਵਣਜਾਰਾ (ਏਥੋਂ) ਤੁਰਿਆਂ ਜਾਂਦਾ ਹੈ। (ਭਾਵ ਸਭ ਪ੍ਰਾਣੀ ਮਰਨਹਾਰ ਹਨ)॥ ੧॥ ਰਹਾਉ॥

ਨੀਤ ਨੀਤ ਘਰ ਬਾਂਧੀਅਹਿ ਜੇ ਰਹਣਾ ਹੋਈ ॥ ਪਿੰਡੁ ਪਵੈ ਜੀਉ ਚਲਸੀ ਜੇ ਜਾਣੈ ਕੋਈ ॥੨॥

ਨਿੱਤ ਰਹਿਣ ਵਾਲੇ ਘਰ (ਤਾਂ) ਬਣਾਈਏ ਜੇ (ਏਥੇ) ਨਿੱਤ ਰਹਿਣਾ ਹੋਵੇ। ਜੇ ਕੋਈ (ਗਹੁ ਕਰਕੇ) ਸਮਝੇ (ਤਾਂ ਦੇਖੇਗਾ ਕਿ) ਸਰੀਰ ਨੇ ਮਰ ਜਾਣਾ ਹੈ ਤੇ ਜੀਵ ਨੇ ਚਲੇ ਜਾਣਾ ਹੈ॥ ੨॥

ਓਹੀ ਓਹੀ ਕਿਆ ਕਰਹੁ ਹੈ ਹੋਸੀ ਸੋਈ ॥ ਤੁਮ ਰੋਵਹੁਗੇ ਓਸ ਨੋ ਤੁਮ੍ ਕਉ ਕਉਣੁ ਰੋਈ ॥੩॥

(ਹੇ ਰੋਣ ਵਾਲਿਓ ! ਤੁਸੀਂ) ਉਹਹੋ ਉਹਹੋ ਕਰਕੇ ਕਿਉਂ ਡੁਸਕਾਰੇ ਭਰਦੇ ਹੋ, ਉਹ ਤਾਂ ਹੈ ਤੇ ਹੋਵੇਗਾ ਬੀ। ਤੁਸੀਂ ਉਸ ਨੂੰ ਰੋਂਦੇ ਹੋ, ਤੁਹਾਨੂੰ ਕੌਣ ਰੋਵੇਗਾ? (ਭਾਵ ਤੁਸੀਂ ਜਾਣੋ ਯਾ ਨਾ ਪਰ ਤੁਹਾਨੂੰ ਕੋਈ ਹੋਰ ਰੋਵੇਗਾ, ਇਸ ਤਰ੍ਹਾਂ ਰੋਣਾ ਪਿੱਟਣਾ ਤੁਰਿਆ ਹੀ ਰਹੇਗਾ)॥ ੩॥

ਧੰਧਾ ਪਿਟਿਹੁ ਭਾਈਹੋ ਤੁਮ੍ ਕੂੜੁ ਕਮਾਵਹੁ ॥ ਓਹੁ ਨ ਸੁਣਈ ਕਤ ਹੀ ਤੁਮ੍ ਲੋਕ ਸੁਣਾਵਹੁ ॥੪॥

ਹੇ ਭਾਈਓ ! ਤੁਸੀਂ ਧੰਦਾ ਹੀ ਪਿਟਦੇ ਹੋ (ਭਾਵ ਆਪੋ ਆਪਣੇ ਕੰਮਾਂ ਦੇ ਵਿਗੋਚਿਆਂ ਨੂੰ ਰੋਂਦੇ ਹੋ ਸੋ) ਤੁਸੀਂ ਕੂੜ ਕਮਾ ਰਹੇ ਹੋ। (ਫਿਰ) ਉਹ (ਤਾਂ ਤੁਹਾਡੇ ਰੋਣੇ ਕੋਈ) ਨਹੀਂ ਸੁਣ ਰਿਹਾ, ਤੁਸੀਂ (ਅਪਨਾ ਰੋਣਾ) ਲੋਕਾਂ ਨੂੰ ਸੁਣਾ ਰਹੇ ਹੋ॥ ੪॥

ਜਿਸ ਤੇ ਸੁਤਾ ਨਾਨਕਾ ਜਾਗਾਏ ਸੋਈ॥ ਜੇ ਘਰੁ ਬੂਝੈ ਆਪਨਾ ਤਾਂ ਨੀਦ ਨ ਹੋਈ ॥੫॥

[ਪ੍ਰਾਣੀ ਪਰਥਾਇ ਰੋਣੇ ਨੂੰ ਨਿਸ਼ਫਲ ਤੇ ਕੂੜਾ ਦਿਖਾਕੇ ਹੁਣ ਜੀਵ ਦੇ ਉਧਾਰ ਦਾ ਪੱਖ ਸ਼ੁਰੂ ਕਰਦੇ ਹਨ] ਹੇ ਨਾਨਕ ! (ਜੀਵ) ਜਿਸ (ਵਾਹਿਗੁਰੂ) ਵਲੋਂ ਸੁੱਤਾ (ਭਾਵ ਗ਼ਫ਼ਲਤ ਵਿਚ) ਗਿਆ ਹੈ, ਉਹ (ਵਾਹਿਗੁਰੂ) ਹੀ (ਇਸ ਨੂੰ) ਜਗਾ ਸਕਦਾ ਹੈ। (ਸੋ) ਜੇ (ਜਾਗ ਕੇ ਇਹ) ਅਪਨੇ ਸਰੂਪ ਨੂੰ ਪਛਾਣ ਲਏ ਤਾਂ (ਫਿਰ ਇਸ ਨੂੰ ਮੋਹ) ਨਿੰਦ੍ਰਾ ਨਹੀਂ ਵਿਆਪੇਗੀ॥ ੫॥

ਜੇ ਚਲਦਾ ਲੈ ਚਲਿਆ ਕਿਛੁ ਸੰਪੈ ਨਾਲੇ ॥ ਤਾ ਧਨੁ ਸੰਚਹੁ ਦੇਖਿ ਕੈ ਬੂਝਹੁ ਬੀਚਾਰੇ ॥੬॥

(ਹੇ ਭਾਈਓ ! ਇਕ ਪ੍ਰਤੱਖ ਗੱਲ ਨੂੰ) ਵੇਖਕੇ ਵੀਚਾਰ ਕਰੋ ਕਿ ਜੇ (ਇਹ) ਮਰ ਜਾਣ ਵਾਲਾ ਕੁਛ ਦੌਲਤ ਨਾਲ ਲੈ ਚਲਿਆ ਹੈ ਤਾਂ (ਤੁਸੀਂ ਬੀ) ਦੌਲਤ ਕੱਠੀ ਕਰੋ॥ ੬॥

ਵਣਜੁ ਕਰਹੁ ਮਖਸੂਦੁ ਲੈਹੁ ਮਤ ਪਛੋਤਾਵਹੁ ॥ ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ ॥੭॥

(ਜੇ ਇਹ ਕੁਛ ਨਹੀਂ ਨਾਲ ਲੈ ਗਿਆ ਤਾਂ ਤੁਸੀਂ ਉਹ) ਵਣਜ ਕਰੋ ਜਿਸ ਨਾਲ (ਮਾਨੁਖ ਜਨਮ ਦਾ) ਪ੍ਰਯੋਜਨ ਮਿਲ ਜਾਏ (ਤਦ ਤੁਸੀਂ ਇਸ ਮਰੇ ਪ੍ਰਾਣੀ ਵਾਂਙੂ) ਪਛੋਤਾਉਂਦੇ ਨਹੀਂ (ਮਰੋਗੇ। ਸੋ ਹੁਣ) ਅਵਗੁਣਾਂ ਨੂੰ ਛਡ ਦਿਓ ਤੇ (ਉਨ੍ਹਾਂ) ਗੁਣਾਂ ਨੂੰ ਧਾਰਨ ਕਰੋ, ਇਸ ਤਰ੍ਹਾਂ (ਤੁਸੀਂ) ਤੱਤ (ਸਰੂਪ) ਨੂੰ ਪਾ ਲਓਗੇ ॥ ੭॥

ਧਰਮੁ ਭੂਮਿ ਸਤੁ ਬੀਜੁ ਕਰਿ ਐਸੀ ਕਿਰਸ ਕਮਾਵਹੁ ॥ ਤਾਂ ਵਾਪਾਰੀ ਜਾਣੀਅਹੁ ਲਾਹਾ ਲੈ ਜਾਵਹੁ ॥੮॥

(ਹੋਰ ਸੁਣੋ=) ਧਰਮ ਨੂੰ ਧਰਤੀ ਬਣਾਕੇ (ਉਸ) ਵਿਚ ਸੱਚ ਦਾ ਬੀਜ ਬੀਜੋ, ਐਸੀ ਕਿਰਸਾਨੀ ਕਰੋ। (ਤੇ ਜੇ ਵਪਾਰ ਕਰੋ) ਤਾਂ (ਸੱਚੇ) ਵਪਾਰੀ ਜਾਣੇ ਜਾਓਗੇ (ਤੇ ਏਥੋਂ ਸਤਿਨਾਮ ਦਾ) ਨਫਾ ਲੈਕੇ ਜਾਓਗੇ॥ ੮॥

ਕਰਮੁ ਹੋਵੈ ਸਤਿਗੁਰੁ ਮਿਲੈ ਬੂਝੈ ਬੀਚਾਰਾ ॥ ਨਾਮੁ ਵਖਾਣੈ ਸੁਣੇ

(ਇਸ ਸਾਡੀ) ਵੀਚਾਰ ਨੂੰ (ਉਹ ਬੁੱਝੇਗਾ (ਜਿਸ ਉੱਤੇ) ਮਿਹਰ ਹੋਵੇਗੀ (ਤੇ ਉਸ ਨਾਲ ਉਹ) ਸਤਿਗੁਰੂ ਨੂੰ ਮਿਲ ਪਵੇਗਾ (ਫੇਰ)

ਨਾਮੁ ਨਾਮੇ ਬਿਉਹਾਰਾ ॥੯॥	ਨਾਮ ਹੀ ਜਪੇਗਾ, ਨਾਮ ਹੀ ਸੁਣੇਗਾ ਤੇ ਨਾਮ ਹੀ (ਉਸ ਦਾ) ਵਪਾਰ (ਹੋਵੇਗਾ)॥ ੯॥
ਜਿਉ ਲਾਹਾ ਤੋਟਾ ਤਿਵੈ ਵਾਟ ਚਲਦੀ ਆਈ ॥ ਜੋ ਤਿਸੁ ਭਾਵੈ ਨਾਨਕਾ ਸਾਈ ਵਡਿਆਈ ॥੧੦॥੧੩॥	(ਜੇ ਇਸ ਰਾਹੇ ਨਾ ਟੁਰੋ ਤੇ ਬ੍ਰਿਤੀ ਨੂੰ ਸੰਸਾਰਾਕਾਰ ਹੀ ਰਖੋ ਤਾਂ) ਜਿਵੇਂ ਲਾਹਾ ਹੁੰਦਾ ਹੈ, ਉਸੇ ਤਰ੍ਹਾਂ ਤੋਟਾ ਹੁੰਦਾ ਹੈ, ਇਹ ਲੀਹ ਟੁਰਦੀ ਆਈ ਹੈ। ਹੇ ਨਾਨਕ! ਜੋ ਉਸ (ਪ੍ਰਭੂ) ਨੂੰ ਭਾਵੇ ਉਹੋ ਵਡਿਆਈ ਹੈ, (ਭਾਵ ਜੋ ਉਸ ਨੂੰ ਭਾਵੇ ਉਹੋ ਤੈਨੂੰ ਭਾਵੇ) ਇਹ ਵਡਿਆਈ ਦੀ ਗੱਲ ਹੈ॥ ੧੦॥ ੧੩॥

ਵਯਾਖਯਾ-ਖ਼ਿਆਲ ਕੀਤਾ ਜਾਂਦਾ ਹੈ ਕਿ ਇਹ ਸ਼ਬਦ ਬੀ ਸੰਙਜਾਲੀ ਦੀ ਕਤਲ ਦੇ ਮਗਰੋਂ ਜਦ ਬਚੇ ਲੋਕ ਫੇਰ ਘਰੀਂ ਆ ਬੈਠੇ ਤਾਂ ਗੁਰੂ ਜੀ ਨੇ ਉਪਦੇਸ਼ ਦਿਤਾ ਹੈ; ਪਰ ਸਾਰੇ ਸ਼ਬਦ ਦਾ ਭਾਵ ਹਰ ਸਮੇਂ ਤੇ ਹਰ ਜੀਵ ਲਈ ਪੂਰਾ ਢੁੱਕਵਾਂ ਹੈ।

ਅੰਕ ੪ ਤੱਕ ਮਰ ਗਿਆ ਤੇ ਰੋਣ ਦਾ ਨਕਸ਼ਾ ਬੱਧਾ ਹੈ ਤੇ ਦੱਸਿਆ ਹੈ ਕਿ ਰੋਣਾ ਕੂੜਾ ਹੈ, ਪ੍ਰਾਣੀ ਲਈ ਨਹੀਂ, ਅਪਣੇ ਵਿਗੋਚਿਆਂ ਲਈ ਹੈ। ਫੇਰ ਦੱਸਿਆ ਕਿ ਇਹ ਰੋਣ ਪਿੱਟਣ ਦਾ ਸਿਲਸਿਲਾ ਜਾਰੀ ਰਹਿੰਦਾ ਹੈ, ਇਸ ਤੋਂ ਛੁਟਕਾਰੇ ਵੱਲ ਧਯਾਨ ਨਹੀਂ। ਇਸੇ ਵਿਚ ਇਹ ਬੀ ਦੱਸਿਆ ਹੈ ਕਿ ਗੋਇਲ ਵਾਸਾ ਹੈ ਸੰਸਾਰ ਦਾ ਵਾਸਾ। ਪਹਿਲੇ ਸਮੇਂ ਗੁਆਲੇ ਗੁੱਜਰ ਮਾਲ ਡੰਗਰ ਲੈਕੇ ਬਾਰਾਂ ਵਿਚ ਚਲੇ ਜਾਂਦੇ ਸਨ, ਓਥੇ ਬਰਸਾਤ ਵਿਚ ਘਾਹ ਬੜੇ ਹੁੰਦੇ ਸਨ। ਬਰਸਾਤ ਹਟੀ ਤੇ ਘਾਹ ਸੁੱਕ ਮੁੱਕ ਜਾਂਦੇ ਤੇ ਗੁੱਜਰ ਮਾਲ ਡੰਗਰ ਘਰੀਂ ਲੈ ਆਉਂਦੇ ਸਨ। ਸੋ ਗੁੱਜਰ ਬਾਰਾਂ ਵਿਚ ਗੋਇਲੀ ਕਰਨ ਗਏ ਮਹਲ ਉਸਾਰ ਨਹੀਂ ਸਨ ਬਹਿੰਦੇ। ਛੰਨਾ ਛੱਪਰੀਆਂ ਛਾਕੇ ਮਾਲ ਡੰਗਰ ਪਾਲਕੇ ਤੇ ਘਿਉ ਕੱਠੇ ਕਰਕੇ ਘਰੀਂ ਆ ਜਾਂਦੇ ਹੁੰਦੇ ਸਨ। ਉਪਦੇਸ਼ ਇਹ ਹੈ ਕਿ ਤਿਵੇਂ ਸੰਸਾਰ ਨੂੰ ਲਿਪਟ ਕੇ ਇਸੇ ਵਿਚ ਖਚਿਤ ਹੋਕੇ ਨਾ ਮਰੋ, ਤੁਸੀਂ ਏਥੇ ਨਫਾ ਖੱਟਣ ਆਏ ਹੋ, ਓਹ ਖੱਟੋ ਜੋ ਘਰ ਲਾਹੇਵੰਦੇ ਹੋਕੇ ਜਾਓ।

ਅੰਕ ੫ ਵਿਚ ਦੱਸਦੇ ਹਨ ਕਿ ਜੇ ਜੀਵ ਨੂੰ ਸਮਝ ਪੈ ਜਾਵੇ ਕਿ ਮੇਰਾ ਘਰ ਇਹ ਸੰਸਾਰ ਨਹੀਂ, ਮੇਰਾ ਘਰ ਪਰਲੋਕ ਵਿਚ ਹੈ ਤੇ ਮੇਰਾ ਠਿਕਾਣਾ ਮੇਰਾ ਮਨ ਨਹੀਂ ਪਰ ਮੇਰਾ ਸਰੂਪ ਹੈ ਜੋ ਆਤਮ ਹੈ, ਤਾਂ ਉਹ ਮਾਇਆ ਦੀ ਮਸਤੀ ਦੀ ਨੀਂਦ ਵਿਚ ਗ਼ਾਫ਼ਲ ਨਾ ਹੋਵੇ।

ਅੰਕ ੬ ਵਿਚ, ਪਹਿਲੇ ਕਹੇ ਤੇ ਇਕ ਪੁਨਰ ਦ੍ਰਿਸ਼ਟੀ ਪੁਆਈ ਹੈ ਕਿ ਮਾਯਾ ਤੇ ਮਾਯਕ ਸਾਮਾਨ ਜੇ ਅੱਗੇ ਕੋਈ ਨਹੀਂ ਲੈ ਗਿਆ ਤਾਂ ਤੂੰ ਕਿਵ ਲੈ ਜਾਏਂਗਾ, ਇਹ ਵੀਚਾਰ ਕਰੋ। ਉਹ ਵੀਚਾਰ ਕੀਹ ਹੈ ਕਿ ਇਹ ਧਨ ਕੱਠਾ ਕਰਨਾ ਜੀਵਨ ਦਾ ਪ੍ਰਯੋਜਨ ਨਹੀਂ ਹੈ।

ਅੰਕ ੭ ਵਿਚ ਉਹ ਪ੍ਰਯੋਜਨ ਯਾ ਮਕ਼ਸੂਦ ਦੱਸਿਆ ਹੈ; ਅਵਗੁਣ ਛੱਡਣੇ, ਗੁਣ ਕੱਠੇ ਕਰਨੇ ਤੇ ਉਸ ਦਾ ਫਲ ਦੱਸਿਆ ਹੈ 'ਤਤ' ਦੀ ਪ੍ਰਾਪਤੀ।

ਅੰਕ ੮ ਵਿਚ ਵਪਾਰੀ ਤੇ ਕ੍ਰਿਸਾਣ ਦੋਹਾਂ ਦੀ ਮਿਸਾਲ ਦੇਕੇ ਦੋਹਾਂ ਦੀ ਭਾਸ਼ਾ ਵਿਚ ਮਕ਼ਸੂਦ ਪ੍ਰਾਪਤੀ ਦਿਖਲਾਈ ਹੈ ਕਿ ਧਰਮ ਨੂੰ ਧਰਤੀ ਬਣਾਓ, ਸਤਿ ਨੂੰ ਬੀਜ ਬਣਾਕੇ ਬੀਜੋ, ਫੇਰ ਜਿਵੇਂ ਇਕ ਬੀਜ ਤੋਂ ਹਜ਼ਾਰਾਂ ਹੁੰਦੇ ਹਨ, ਤੁਸਾਡੇ ਪੱਲੇ ਬੀ ਸੱਚ ਦੇ ਬੋਹਲ ਪੈਣਗੇ, ਏਹ ਨਾਲ ਲੈ ਜਾਣੇ ਮਕ਼ਸੂਦ ਹਨ। ਯਾ ਵਪਾਰ ਕਰੋ ਧਰਮ ਤੇ ਸਚ ਦਾ। ਸਚ ਧਰਮ ਖਰੀਦੋ,ਸਚ ਧਰਮ ਸੰਚੋ, ਸਚ ਧਰਮ ਵੇਚੋ, ਨਫਾ ਮਿਲੇਗਾ ਉਹ 'ਤਤ'। ਇਹ ਲਾਹਾ ਲੈਕੇ ਟੁਰੋਗੇ।

ਅੰਕ ੯ ਵਿਚ ਜੋ ਗੱਲਾਂ ਦ੍ਰਿਸ਼ਟਾਂਤਾਂ ਵਿਚ ਯਾ ਦ੍ਰਿਸ਼ਟਾਂਤਕ ਪਦਾਂ ਤੇ ਸਾਫ ਪਦਾਂ ਵਿਚ ਰਲਾਕੇ ਕਹਿ ਰਹੇ ਸਨ, ਹੁਣ ਨਿਰੋਲ ਕਰਕੇ ਦੱਸਦੇ ਹਨ ਕਿ ਇਸ ਨਫੇ ਦੀ ਪ੍ਰਾਪਤੀ ਲਈ ਇਹ ਲੋੜਾਂ ਹਨ:-੧. ਸਾਈਂ ਦੀ ਮੇਹਰ, ੨. ਸਤਿਗੁਰੂ ਦਾ ਦਿੱਤਾ ਨਾਮ ਤੇ ਉਸ ਦੀ ਦਿਤੀ ਵੀਚਾਰ। ਇਸ ਨਾਲ ਫੇਰ ਨਾਮ ਹੀ ਜੀਵਨ ਹੋ ਜਾਏ। ਨਾਮ ਸਿਮਰੇ, ਨਾਮ ਦਾ ਹੀ ਕਥਨ ਕਰੇ, ਨਾਮ ਤੇ ਨਾਮ ਦੀ ਮਹਿਮਾ ਸੁਣੇ।

ਨਾਮ ਦਾ ਵਿਹਾਰ ਕਰੇ ਕਿ ਨਾਮ ਅਧਿਕਾਰੀਆਂ ਨੂੰ ਨਾਮ ਦਾ ਦਾਨ ਦੇਵੇ।

ਅੰਕ ੧੦ ਵਿਚ ਫੁਰਮਾਉਂਦੇ ਹਨ ਕਿ ਜੇ ਇਹ ਸਾਡੀ ਵੀਚਾਰ ਧਾਰਨ ਨਾ ਕਰੇ ਤਾਂ ਕੀਹ ਹੋਵੇਗਾ, ਤਦ ਉਹ ਲਾਹਾ, ਜੋ ਨਿਰਦ੍ਵੰਦ ਹੈ, ਜੋ ਨਾਲ ਜਾਂਦਾ ਹੈ, ਜੋ ਮਨੁੱਖਾ ਜਨਮ ਦਾ ਮਖ਼ਸੂਦ (ਪ੍ਰਯੋਜਨ) ਹੈ ਜਿਸ ਦਾ ਜ਼ਿਕਰ ਅੰਕ ੮ ਵਿਚ "ਲਾਹਾ ਲੈ ਜਾਵਹੁ" ਕਰਕੇ ਕੀਤਾ ਹੈ, ਪ੍ਰਾਪਤ ਨਹੀਂ ਹੋਵੇਗਾ। ਫੇਰ ਕੀ ਹੋਵੇਗਾ? ਕਿ ਤੁਸੀਂ ਸੰਸਾਰਕ ਘਾਟੇ ਨਫਿਆਂ ਦੇ ਦ੍ਵੰਦਾਂ ਵਿਚ ਰਹੋਗੇ। ਨਫਾ ਖੱਟਕੇ ਨਾ ਸਮਝਣਾ ਕਿ ਨਿਰਾ ਇਹੋ ਹੀ ਮਿਲਦਾ ਰਹੇਗਾ ਕਈ ਪ੍ਰਕਾਰ ਦੇ ਘਾਟੇ ਬੀ ਮਿਲਣਗੇ। ਸੁਖ ਆਉਣਗੇ, ਦੁਖ ਆਉਣਗੇ, ਵਡਿਆਈ ਮਿਲੇਗੀ, ਵਡਿਆਈ ਖੁੱਸੇਗੀ। ਹਰ ਤਰ੍ਹਾਂ ਜੀਵ ਦ੍ਵੰਦਾਂ ਦੀ ਖੇਲ ਦਾ ਖਿੱਦੋ ਬਣਿਆ ਰਹੇਗਾ। ਕਦੇ ਕਰਮਾਂ ਦੀ ਫਟੀ ਮਾਰਕੇ ਕਿਸੇ ਪਾਸੇ ਲੈ ਗਈ ਤੇ ਕਦੇ ਕਿਸੇ ਪਾਸੇ। ਜੇ ਇਸ ਦ੍ਵੰਦ ਖੇਲ ਵਿਚ ਸੱਟਾਂ ਖਾਣ ਤੋਂ ਬਚਿਆ ਚਾਹੋ ਤਾਂ ਸਾਈਂ ਦੀ ਰਜ਼ਾ ਤੇ ਟਿਕੋ। ਰਜ਼ਾ ਕੀ ਹੈ? ਜੋ ਉਸ ਨੂੰ ਭਾਵੇ ਸੋ ਸਾਨੂੰ ਭਾਵੇ, ਇਹ ਕਿਵੇਂ ਪ੍ਰਾਪਤ ਹੋਵੇ? ਇਸ ਦੀ ਜਾਚ ਅੰਕ ਚਾਰ ਦੇ ਅੰਤ ਤੋਂ ਅੰਕ ੯ ਤਕ ਆਪ ਜੀ ਨੇ ਦੱਸ ਦਿੱਤੀ ਹੈ।

ਨਿਰੁਕ੍ਤ—ਗੋਇਲਿ—ਗੋਇਲ ਵਿਚ। ਓਹ ਟਿਕਾਣੇ ਜਿਥੇ ਘਾਹ ਉਗੇ ਖੜੇ ਹੁੰਦੇ ਸਨ, ਕਿਸੇ ਦੀ ਰੋਕ ਨਹੀਂ ਸੀ ਹੁੰਦੀ, ਗੁੱਜਰ ਗੁਆਲੇ ਮਾਲ ਡੰਗਰ ਲੈਕੇ ਚਲੇ ਜਾਂਦੇ ਤੇ ਬਰਸਾਤ ਰਹਿਕੇ ਮੁੜ ਆਉਂਦੇ। ਡੰਗਰ ਪਾਲ ਲਿਆਉਂਦੇ ਤੇ ਮਣਾਂ ਮੂੰਹੀ ਘਿਉ ਨਫਾ ਯਾ ਲਾਹਾ ਲੈਕੇ ਘਰੀਂ ਆਉਂਦੇ ਸਨ। ਓਥੇ ਘਰ ਨਾ ਉਸਾਰਦੇ ਪਰ ਛਪਰੀ ਆਦਿ ਬਣਾਕੇ ਸਮਾਂ ਗੁਜ਼ਾਰ ਲੈਂਦੇ, ਕਿਉਂਕਿ ਉਹ ਵਾਸਾ ਥੋੜੇ ਦਿਨਾਂ ਦਾ ਜਾਣਦੇ ਸਨ।

ਗੋਇਲੀ— [ਦੇਖੋ ਵਜਾਖਜਾ ਪੰਨਾ ੪੯੫] ਗਊਆਂ ਵਾਲਾ। ਗੁਆਲਾ। ਗੁੱਜਰ।

ਬਾਧਹਿ—ਬੰਨ੍ਹਦੇ ਹਨ, ਭਾਵ ਹੈ ਪੱਕੇ ਘਰ ਉਸਾਰਦੇ ਹਨ।

ਨੀਤ ਨੀਤ—ਨੀਤ=ਨਿੱਤ। (ਨਿਤ ਰਹਿਣੇ ਵਾਲਾ ਘਰ)। ਨੀਤ=ਨਿਤ (ਭਾਵ ਜੇ ਨਿਤ ਰਹਿਣਾ ਹੋਵੇ)।

ਪਿੰਡ— [ਦੇਖੋ ਪੰਨਾ ੧੯੬੯] ਸਰੀਰ। ਪਵੈ—ਡਿੱਗੇ। ਭਾਵ ਮਰੇ।

ਓਹੀ ਓਹੀ—ਰੋਣ ਪਿੱਟਣ ਵਾਲੇ ਓਹੋ ਹੋ, ਹਾਏ ਹੋ,ਆਦਿ ਕਈ ਪਦ ਕਹਿਕੇ ਡੁਸਕਾਰੇ ਭਰਦੇ ਤੇ ਰੋਂਦੇ ਹਨ। ਜ਼ਨਾਨੀਆਂ ਅਲਾਹਣੀਆਂ ਦੇ ਦੇ ਪਿੱਟਦੀਆਂ ਹਨ, ਉਸ ਸਾਰੇ ਕੁਰਲਾਹਟ ਵੱਲ ਇਸ਼ਾਰਾ ਹੈ।

ਸੋਈ—ਉਹੋ। ਅਗਲੀ ਸਤਰ ਵਿਚ 'ਓਸਨੋ' ਪਦ ਦੱਸਦਾ ਹੈ ਕਿ ਇਸ ਸੋਈ ਦਾ ਮਤਲਬ ਮਰ ਗਿਆ ਪ੍ਰਾਣੀ ਹੈ, ਪਰ ਕਈ ਸਿਆਣੇ ਸੋਈ ਦਾ ਏਥੇ ਬੀ ਵਾਹਿਗੁਰੂ ਭਾਵ ਲੈਂਦੇ ਹਨ।

ਜਾਗਾਏ ਸੋਈ—ਉਹੋ ਵਾਹਿਗੁਰੂ ਜਗਾਵੇ। ਏਥੇ ਸੋਈ ਦਾ ਭਾਵ ਵਾਹਿਗੁਰੂ ਸਪਸ਼ਟ ਹੈ। 'ਜਿਸਤੇ ਸੁਤਾ' ਦਾ ਭਾਵ ਵਾਹਿਗੁਰੂ ਹੈ, ਜਿਸ ਤੋਂ ਜਿਸ ਕਰਕੇ, ਜਿਸ ਦੀ ਮਾਯਾ ਰਚਣੇ ਕਰਕੇ ਮਾਯਾ ਵਿਚ ਜੀਵ ਭੁੱਲਾ ਹੈ। (ਅ) 'ਜਿਸ ਵਲੋਂ ਗ਼ਫ਼ਲਤ ਧਾਰਕੇ ਸੁੱਤਾ ਹੈ', ਬੀ ਕਰਦੇ ਹਨ।

ਘਰੁ ਬੂਝੈ—ਅਪਣੇ ਸਰੂਪ ਨੂੰ ਲਖ ਲਵੇ।

ਸੰਪੈ— [ਸੰਸ:, ਸੰਪਤ੍ਰਿ] ਦੌਲਤ। ਧਨ ਪਦਾਰਥ ਦੀ ਬ੍ਰਿਧੀ।

ਸੰਚਹੁ— [ਦੇਖੋ ਪੰਨਾ ੨੦੯੨] ਇਕੱਠਾ ਕਰੋ। ਜੋੜ।

ਮਖਸੂਦ— [ਅ਼:, ਮਕਸੂਦ, ਜਿਸ ਦਾ ਕ਼ਸਦ (ਇਰਾਦਾ) ਕੀਤਾ ਗਿਆ ਹੋਵੇ] ਪ੍ਰਯੋਜਨ।

(ਅ) ਨਫਾ ਅਰਥ ਬੀ ਲਾ ਲੈਂਦੇ ਹਨ, ਪਰ ਏਥੇ ਮੁਰਾਦ ਹੈ ਕਿ ਜਿਸ ਪ੍ਰਯੋਜਨ ਲਈ ਜੀਵ

ਆਉਂਦਾ ਹੈ, ਉਹ ਪ੍ਰਯੋਜਨ ਹੈ ਜੀਵਨ ਦੀ ਸਫਲਤਾ। ਆਤਮ ਲੱਖਤਾ, ਵਾਹਿਗੁਰੂ ਦੇ ਚਰਨਾਂ ਨਾਲ ਪ੍ਰੇਮ ਤੇ ਵਾਹਿਗੁਰੂ ਪ੍ਰਾਪਤੀ। ਇਹ ਪ੍ਰਯੋਜਨ ਹੈ ਤਾਂਤੇ ਇਹੋ ਲਾਹਾ ਬੀ ਹੋਇਆ।

ਪਰਾਵਹੁ- [ਪੁ:, ਪੰ:,] ਪ੍ਰਾਪਤ ਕਰੋਗੇ। ਪਾਓਗੇ।

ਕਿਰਸ- [ਸੰਸ:, ਕ੍ਰਿਖ਼ਿ:] ਕਿਰਸਾਨੀ। (ਅ) ਪਦ ਕਿਰਸ ਦੇ ਅਰਥ ਸਰਫਾ ਕਰ ਕਰਕੇ ਧਨ ਬਚਾਉਣਾ ਬੀ ਹੈ, ਪਰ ਏਥੇ ਨਹੀਂ ਲਗਦਾ ਕਿਉਂਕਿ ਪਦ 'ਭੁਮਿ' ਤੇ 'ਬੀਜੁ' ਪਏ ਹਨ।

ਕਰਮ- [ਅ:,] ਮਿਹਰ, ਫਜ਼ਲ। ਵਾਟ- [ਸੰਸ:, ਵਾਟ:] ਰਸਤਾ, ਲੀਹ।

[ਆਸਾ ਮਹਲਾ ੧, ਅਸਟਪਦੀ-੧੪]

ਪ੍ਰਾਕ੍ਥਨ-ਪਿਛੇ ਮਾਯਾ ਰਾਤੇ ਬੇ-ਪਰਵਾਹ ਗ੍ਰਿਹਸਤੀ ਦਾ ਹਾਲ ਤੇ ਕਲਜਾਣ ਦੱਸੀ ਸੀ, ਇਸ ਅਸਟਪਦੀ ਵਿਚ ਤਜਾਗੀਆਂ ਸਾਧਕਾਂ ਦੇ ਨਿਸ਼ਫਲ ਪ੍ਰਯਤਨ ਦੱਸਕੇ ਸਫਲ ਯਤਨ-ਹਰੀ ਦਾ ਨਾਮ-ਦਿਖਾਕੇ ਮੁਕਤੀ ਦੀ ਜਾਚ ਸਿਖਾਈ ਤੇ ਗ੍ਰਿਹਸਤੀ ਨਾਮੀ ਦਾ ਰੂਪਕ ਦੱਸਿਆ ਹੈ।

ਮੂਲ	ਅਰਥ
ਆਸਾ ਮਹਲਾ ੧ ॥	
ਚਾਰੇ ਕੁੰਡਾ ਢੂਢੀਆ ਕੋ ਨੀਮ੍ਹੀ ਮੈਡਾ॥ ਜੇ ਤੁਧੁ ਭਾਵੈ ਸਾਹਿਬਾ ਤੂ ਮੈ ਹਉ ਤੈਡਾ ॥੧॥	ਚਾਰੋ ਦਿਸ਼ਾ (ਭਾਵ ਸਾਰਾ ਸੰਸਾਰ) ਭਾਲਿਆ ਹੈ ਕੋਈ ਮੇਰਾ ਨਹੀਂ ਹੈ। ਹੇ ਸਾਹਿਬ! ਮੈਂ ਤੇਰਾ (ਦਾਸ) ਹਾਂ, ਤੂੰ ਮੇਰਾ (ਸਾਹਿਬ) ਹੈਂ, (ਪਰ ਤਾਂ ਇਹ ਗੱਲ ਬਣਦੀ ਹੈ) ਜੇ ਤੈਨੂੰ ਭਾ ਜਾਵੇ (ਮੇਰਾ ਦਾਸਾ ਭਾਵ)॥ ੧॥
ਦਰੁ ਬੀਭਾ ਮੈ ਨੀਮ੍ਹਿ ਕੋ ਕੈ ਕਰੀ ਸਲਾਮੁ ॥ ਹਿਕੋ ਮੈਡਾ ਤੂ ਧਣੀ ਸਾਚਾ ਮੁਖਿ ਨਾਮੁ ॥੧॥ ਰਹਾਉ ॥	(ਤੈਥੋਂ ਛੁਟ) ਮੇਰੇ ਲਈ ਦੂਸਰਾ ਦਰ ਕੋਈ (ਹੋਰ) ਹੈ ਹੀ ਨਹੀਂ (ਤਾਂ ਮੈਂ) ਕਿਸ ਨੂੰ (ਤੇਰੇ ਸਿਵਾ) ਸਲਾਮ ਕਰਾਂ। ਮੇਰਾ ਤਾਂ ਤੂੰ ਹੀ ਇਕੋ ਮਾਲਕ ਹੈਂ, (ਜਿਸ ਦਾ) ਸੱਚਾ ਨਾਮ (ਹਰ ਵੇਲੇ ਮੇਰੇ) ਮੂੰਹ ਵਿਚ ਹੈ। (ਭਾਵ ਜਿਸ ਨੂੰ ਸਿਮਰਦਾ ਹਾਂ)॥ ੧॥ ਰਹਾਉ॥
ਸਿਧਾ ਸੇਵਨਿ ਸਿਧ ਪੀਰ ਮਾਗਹਿ ਰਿਧਿ ਸਿਧਿ ॥ ਮੈ ਇਕੁ ਨਾਮੁ ਨ ਵੀਸਰੈ ਸਾਚੇ ਗੁਰ ਬੁਧਿ ॥੨॥	(ਕਈ) ਸਿੱਧਾਂ (ਪੀਰਾਂ) ਨੂੰ ਸੇਂਵਦੇ ਹਨ (ਕਿ ਆਪ) ਸਿਧ ਪੀਰ (ਬਣ ਜਾਈਏ, ਤੇ ਕਈ ਉਨ੍ਹਾਂ ਤੋਂ) ਰਿਧੀਆਂ ਸਿਧੀਆਂ (ਦਾਨ ਵਜੋਂ) ਮੰਗਦੇ ਹਨ (ਭਾਵ ਕਿ ਅਮੀਰ ਬਣ ਜਾਈਏ; ਪਰ) ਮੈਨੂੰ ਸੱਚੇ ਗੁਰੂ ਨੇ (ਇਕੋ) ਬੁੱਧੀ ਦਿੱਤੀ ਹੈ (ਕਿ ਮੈਨੂੰ) ਤੇਰਾ 'ਇਕ ਨਾਮ' (ਕਦੇ) ਨਾ ਭੁੱਲੇ॥ ੨॥
ਜੋਗੀ ਭੋਗੀ ਕਾਪੜੀ ਕਿਆ ਭਵਹਿ ਦਿਸੰਤਰ ॥ ਗੁਰ ਕਾ ਸਬਦੁ ਨ ਚੀਨ੍ਹੀ ਤਤੁ ਸਾਰੁ ਨਿਰੰਤਰ ॥੩॥	ਜੋਗੀ (ਤੇ ਠਾਕੁਰਾਂ ਨੂੰ ਭੋਗ ਲੁਆਕੇ ਸੀਤ ਆਪ) ਭੋਗਣ ਵਾਲੇ ਤੇ ਕਾਪੜੀ ਦੇਸਾਂ ਦੇਸਾਂਤ੍ਰਾਂ ਵਿਚ ਕੀ ਫਿਰ ਰਹੇ ਹਨ (ਭਾਵ ਬ੍ਰਿਥਾ ਫਿਰ ਰਹੇ ਹਨ) ਜਦ ਕਿ (ਓਹ ਗੁਰੂ) ਦੇ ਸ਼ਬਦ (ਉਪਦੇਸ਼ ਨੂੰ ਅਤੇ ਉਸ ਉਪਦੇਸ਼ ਨਾਲ) ਲਗਾਤਾਰੀ (ਤੌਰ ਤੇ ਪ੍ਰਾਪਤ ਹੋ ਜਾਣ ਵਾਲੇ) ਤਤ ਸਾਰ (ਭਾਵ ਵਾਹਿਗੁਰੂ) ਨੂੰ ਨਹੀਂ ਪਛਾਣਦੇ॥ ੩॥
ਪੰਡਿਤ ਪਾਧੇ ਜੋਇਸੀ ਨਿਤ ਪੜ੍ਹਹਿ ਪੁਰਾਣਾ ॥ ਅੰਤਰਿ ਵਸਤੁ ਨ ਜਾਣਨ੍ਹੀ ਘਟਿ ਬ੍ਰਹਮੁ ਲੁਕਾਣਾ ॥੪॥	ਪੰਡਤ ਪਾਂਧੇ ਤੇ ਜੋਤਸ਼ੀ (ਕਹਾਉਣ ਵਾਲੇ ਚਾਹੋ) ਪੁਰਾਣਾਂ ਨੂੰ ਸਦਾ ਪੜ੍ਹਦੇ (ਪੜ੍ਹਾਉਂਦੇ) ਰਹਿੰਦੇ ਹਨ, (ਪਰ ਓਹ) ਆਪਣੇ ਅੰਦਰ ਦੀ ਵਸਤੂ-ਬ੍ਰਹਮ-ਨੂੰ ਨਹੀਂ ਜਾਣਦੇ ਜੋ ਦਿਲ ਦੇ ਅੰਦਰ ਲੁਕਿਆ ਬੈਠਾ ਹੈ॥ ੪॥

ਇਕਿ ਤਪਸੀ ਬਨ ਮਹਿ ਤਪੁ ਕਰਹਿ ਨਿਤ ਤੀਰਥ ਵਾਸਾ ॥ ਆਪੁ ਨ ਚੀਨਹਿ ਤਾਮਸੀ ਕਾਹੇ ਭਏ ਉਦਾਸਾ ॥੫॥

ਇਕ ਤਪੱਸ੍ਵੀ ਹੋਕੇ ਬਨਾਂ ਵਿਚ (ਬੈਠੇ) ਤਪ ਕਰਦੇ ਹਨ, (ਇਕ) ਸਦਾ ਲਈ ਤੀਰਥਾਂ ਤੇ ਜਾ ਵਸਦੇ ਹਨ; ਏਹ ਤਾਮਸੀ (ਬ੍ਰਿਤੀ ਵਾਲੇ) ਹੋ ਜਾਂਦੇ ਹਨ, (ਪਰ) ਆਪੇ ਨੂੰ ਨਹੀਂ ਪਛਾਣਦੇ,(ਭਾਵ ਆਤਮ ਵਸਤੂ ਨੂੰ ਨਹੀਂ ਸਿਆਣਦੇ; ਕੋਈ ਪੁੱਛੇ ਏਹ ਘਰਾਂ ਤੋਂ) ਉਦਾਸੀ ਕਿਸ ਲਈ ਹੋਏ ਸਨ? ॥ ੫ ॥

ਇਕਿ ਬਿੰਦੁ ਜਤਨ ਕਰਿ ਰਾਖਦੇ ਸੇ ਜਤੀ ਕਹਾਵਹਿ ॥ ਬਿਨੁ ਗੁਰ ਸਬਦ ਨ ਛੂਟਹੀ ਭ੍ਰਮਿ ਆਵਹਿ ਜਾਵਹਿ ॥੬॥

ਇਕ (ਆਪਣੇ) ਬੀਰਜ ਨੂੰ ਜਤਨਾਂ ਨਾਲ ਰੋਕ ਰੋਕਕੇ ਰਖਦੇ ਹਨ ਓਹ ਜਤੀ ਕਹਾਉਂਦੇ ਹਨ, (ਪਰ ਓਹ ਬੀ) ਗੁਰੂ ਦੇ ਸ਼ਬਦ ਤੋਂ ਵਿਹੂਣੇ (ਰਹਿਣ ਕਰਕੇ) ਛੁਟਕਾਰਾ (ਮੁਕਤੀ) ਨਹੀਂ ਪਾਉਣਗੇ, (ਸਗੋਂ) ਭ੍ਰਮ ਵਿਚ (ਰਹਿਣੇ ਕਰਕੇ) ਜੰਮਦੇ ਮਰਦੇ ਰਹਿਣਗੇ॥ ੬ ॥

ਇਕਿ ਗਿਰਹੀ ਸੇਵਕ ਸਾਧਿਕਾ ਗੁਰਮਤੀ ਲਾਗੇ ॥ ਨਾਮੁ ਦਾਨੁ ਇਸਨਾਨੁ ਦ੍ਰਿੜੁ ਹਰਿ ਭਗਤਿ ਸੁ ਜਾਗੇ ॥੭॥

ਇਕ ਗ੍ਰਿਹਸਤੀ ਹਨ (ਪਰ ਓਹ) ਗੁਰੂ ਦੀ (ਦਿੱਤੀ) ਮਤਿ (ਦੀ ਕਮਾਈ) ਵਿਚ ਲੱਗ ਪਏ ਹਨ (ਤੇ ਵਾਹਿਗੁਰੂ ਦੇ) ਸੇਵਕ (ਤੇ ਪ੍ਰਾਪਤੀ ਲਈ) ਸਾਧਨਾਂ ਦੇ ਕਰਨੇ ਵਾਲੇ ਹੋ ਰਹੇ ਹਨ। [ਕੀਕੂੰ? ਉੱਤਰ:] (ਉਹ) ਨਾਮ ਦਾਨ ਤੇ ਇਸ਼ਨਾਨ ਵਿਚ ਦ੍ਰਿੜ ਹੋ ਰਹੇ ਹਨ, (ਇਸ ਦ੍ਰਿੜਤਾ ਨਾਲ ਓਹ) ਹਰੀ ਦੀ ਭਗਤੀ ਵਿਚ ਜਾਗ ਉਠੇ ਹਨ॥ ੭ ॥

ਗੁਰ ਤੇ ਦਰੁ ਘਰੁ ਜਾਣੀਐ ਸੋ ਜਾਇ ਸਿਞਾਣੈ ॥ ਨਾਨਕ ਨਾਮੁ ਨ ਵੀਸਰੈ ਸਾਚੇ ਮਨੁ ਮਾਨੈ ॥੮॥੧੪॥

(ਸਿੱਟੇ ਦੀ ਗੱਲ ਇਹ ਹੈ ਕਿ) ਗੁਰੂ ਤੋਂ ਦਰ (ਨਿਜ ਸਰੂਪ ਤੇ) ਘਰ (ਵਾਹਿਗੁਰੂ ਦਾ ਸਰੂਪ) ਜਾਣ ਲਈਦਾ ਹੈ। (ਜੋ ਇਉਂ ਜਾਣ ਲੈਂਦਾ ਹੈ) ਉਹ (ਅੱਗੇ) ਜਾਕੇ (ਬੀ ਦਰ ਘਰ ਨੂੰ) ਸਿਞਾਣਦਾ ਹੈ (ਭਾਵ ਜੀਉਂਦੇ ਤੇ ਮੋਏ ਦੋਹਾਂ ਹਾਲਤਾਂ ਵਿਚ ਓਹ ਆਤਮਾ ਤੇ ਪਰਮਾਤਮਾ ਨੂੰ ਸਿਆਣਦਾ ਹੈ)। ਹੇ ਨਾਨਕ ! (ਜਿਸ ਨੂੰ) ਨਾਮ ਨਹੀਂ ਭੁੱਲਦਾ (ਉਸ ਦਾ) ਮਨ ਸੱਚੇ ਨੂੰ ਮੰਨ ਜਾਂਦਾ ਹੈ। (ਭਾਵ ਨਾਮ ਵਾਲਾ ਨਾਮੀ ਵਿਚ ਮਨਨਸ਼ੀਲ ਹੋ ਜਾਂਦਾ ਹੈ। ਅਰਥਾਤ ਸੱਚੇ ਦੀ ਲੱਖਤਾ ਵਿਚ ਪਹੁੰਚ ਜਾਂਦਾ ਹੈ ਜੋ ਫੇਰ 'ਨਾ ਮਨਨ' ਵਿਚ ਕਦੇ ਆ ਨਹੀਂ ਸਕਦੀ)॥ ੮ ॥

ਵ੍ਯਾਖ੍ਯਾ-ਰਹਾਉ ਤਕ ਅਪਣੀ ਈਸ਼੍ਵਰ ਅਨਿੰਨ ਪਰਾਇਣਤਾ ਦਿਖਾਈ ਹੈ। ਅਰ ਓਹ ਚਾਰੇ ਕੂੰਟਾਂ ਦੀ ਤਲਾਸ਼ ਤੇ ਜਗਤ ਵਿਚ ਚਲ ਰਹੇ ਤ੍ਰੀਕਿਆਂ ਦੀ ਵਾਕਫੀ ਆਦਿ ਤੇ ਮਬਨੀ ਦੱਸੀ ਹੈ। ਫੇਰ ਦੱਸਿਆ ਹੈ ਕਿ ਇਕੋ ਨਿਸ਼ਚੇ ਰਸਤਾ ਹੈ: ਤੇਰੇ ਨਾਲ ਪ੍ਰੇਮ, ਤੇਰੀ ਸੇਵਾ।

ਅੰਕ ੨ ਦੇ ਸ਼ੁਰੂ ਤੇ ਅੰਕ ੬ ਦੇ ਅੰਤ ਤਕ ਓਹ ਸਾਧਨ ਤੇ ਉਹਨਾਂ ਦੇ ਸਾਧਕ ਗਿਣੇ ਹਨ ਜੋ ਵਾਹਿਗੁਰੂ ਦੇ ਸੱਚੇ ਨਾਮ ਉਪਦੇਸ਼ ਤੋਂ ਹੀਣੇ, ਵਾਹਿਗੁਰੂ ਦੀ ਭਗਤੀ ਤੇ ਗਿਆਨ ਤੋਂ ਵਿਰਵੇ ਹੋਰ ਹੋਰ ਸਾਧਨਾਂ ਵਿਚ ਲਗੇ ਹੋਏ ਜੀਵਨ ਅਸਫਲ ਬਿਤਾ ਰਹੇ ਹਨ। ਕਾਰਣ ਅਸਫਲਤਾ ਦਾ, ਗੁਰੂ ਹੀਣਤਾ, ਨਾਮ ਹੀਣਤਾ, ਪ੍ਰਭੂ ਵਿਚ ਸ਼ਰਧਾ ਭਗਤੀ ਦੀ ਵਿਹੂਣਤਾ ਆਦਿ ਦੱਸਿਆ ਹੈ। ਅੰਕ ੭ ਵਿਚ ਗ੍ਰਿਹਸਤੀ ਨੂੰ ਲਿਆ ਹੈ, ਗ਼ਾਫ਼ਲ ਗ੍ਰਿਹਸਤੀ ਨੂੰ ਨਹੀਂ, ਜਿਸ ਨੂੰ ਇਸ ਤੋਂ ਪਹਿਲੀ ਅਸਟਪਦੀ ਵਿਚ ਅਸਫਲ ਜੀਵਨ ਵਾਲਾ ਦਰਸਾ ਆਏ ਹਨ, ਪਰ ਉਹ ਗ੍ਰਿਹਸਤੀ, ਜਿਸ ਨੇ ਗੁਰ ਉਪਦੇਸ਼ ਲੀਤਾ ਹੈ, ਨਾਮ ਪ੍ਰਾਪਤ ਕਰਕੇ ਕਮਾਈ ਕੀਤੀ ਹੈ, ਜੀਵਨ ਦਾਨ ਦਾ ਬਣਾਇਆ ਹੈ, ਸਰਬਤ ਦੇ ਭਲੇ ਵਿਚ ਜੀਵਿਆ ਹੈ ਤੇ ਸਰੀਰਕ ਸਫਾਈ ਤੇ ਆਚਰਣ ਦੀ ਸ਼ੁੱਧਤਾ ਰੂਪੀ ਇਸ਼ਨਾਨ ਵਿਚ ਜੀਵਿਆ ਹੈ। ਉਸ ਨੂੰ ਮਨਨ ਅਵਸਥਾ ਪ੍ਰਾਪਤ

ਹੁੰਦੀ ਹੈ, ਅਰਥਾਤ ਵਾਹਿਗੁਰੂ ਤੇ ਪਤੀਜਣਾ ਆ ਜਾਂਦੀ ਹੈ ਜਿਸ ਵਿਚ ਸੰਸੇ ਬ੍ਰਿਤੀ ਰੰਚਕ ਮਾਤ੍ਰ ਨਹੀਂ ਹੁੰਦੀ। ਉਹ ਪਤੀਜਣਾ ਲੱਖਤਾ ਤੁੱਲ ਹੁੰਦੀ ਹੈ। ਫੇਰ ਸਿਵਾਣ ਅਰਥਾਤ ਗਜ਼ਾਨ ਪ੍ਰਾਪਤ ਹੁੰਦਾ ਹੈ। ਤੇ ਅੰਤ ਵਿਚ ਫੁਰਮਾਯਾ ਹੈ ਕਿ ਨਾਮ ਦਾ ਅਭਯਾਸ ਦ੍ਰਿੜ ਕਰੋ ਇਸ ਤੋਂ ਸਭ ਕੁਛ ਮਿਲੇਗਾ।

ਨਿਰੁਕ੍ਤ-ਇਸ ਸ਼ਬਦ ਵਿਚ ਅੰਕ ਚਾਰ ਤਕ ਤਾਂ ਲਹਿੰਦੀ ਪੰਜਾਬੀ ਵਰਤੀ ਹੈ ਤੇ ਅਗਲੇ ਅੰਕਾਂ ਵਿਚ ਐਸੀ ਬੋਲੀ ਹੈ ਜੋ ਪੂਰਬੀ ਪੱਛਮੀ ਪੰਜਾਬ ਦੁਹਾਂ ਵਿਚ ਢੁੱਕ ਖੜੋਂਦੀ ਹੈ।

ਕੁੰਡਾ- [ਸੰਸ:, ਕੂਟ:। ਪ੍ਰ:, ਪੰਜਾਬੀ ਕੁੰਟ, ਕੁੰਡਾ] ਦਿਸ਼ਾਂ, ਲਾਭਾਂ। 'ਕੁੰਡਾ' ਪਦ ਬਹੁ ਬਚਨ ਹੈ ਤੇ 'ਦਿਸ਼ਾ ਅਰਥਾਂ ਵਿਚ ਬਹੁ ਬਚਨ ਹੀ ਵਰਤੀਂਦਾ ਹੈ।

ਨੀਮ੍ਹੀ- [ਲਹਿੰਦੀ ਪੰਜਾ:,] ਨਹੀਂ ਹੈ। ਮੈਡਾ- [ਲ: ਪੰਜਾ:,] ਮੇਰਾ।

ਨੀਮੀ ਮੈਡਾ-ਨਹੀਂ ਹੈ ਮੇਰਾ। ਮੈ-ਮੇਰਾ।

ਤੈਡਾ- [ਲ: ਪੰਜਾ:,] ਤੇਰਾ।

'ਸਾਹਿਬ' ਤੇ 'ਕਰੀ ਸਲਾਮੁ' ਤੋਂ ਇਸ਼ਾਰਾ ਮਿਲਦਾ ਹੈ ਕਿ ਮੈਂ ਦਾ ਭਾਵ ਹੈ 'ਮੇਰਾ ਸਾਹਿਬ' ਤੇ ਤੈਂਡਾ ਦਾ ਭਾਵ ਹੈ=ਤੈਨੂੰ ਸਲਾਮ ਕਰਨ ਵਾਲਾ। ਭਾਵ 'ਤੇਰਾ ਦਾਸ'।

ਦਰੁ - [ਫਾ:, ਦਰ] ਦਰਵਾਜ਼ਾ। ਬੀਭਾ- [ਲ:ਪੰਜਾ:। ਸੰਸ:, ਦ੍ਵਿ*। ਪ੍ਰਾ:, ਬਿਇ। ਲ: ਪੰਜਾ:, ਬਿਆ, ਬਿਆ, ਬੀਓ, ਬੀਜਉ, ਬੀਜਾ, ਬੀਭਾ, ਆਦਿ] ਦੂਜਾ। ਦੂਸਰਾ।

ਸਲਾਮੁ- [ਅ:, ਸਲਾਮ=ਕੁਸ਼ਲ, ਅਸੀਸ, ਆਸ਼ੀਰਵਾਦ, ਝੁਕਣਾ। ਨਮਸਕਾਰ] ਤਾਅਜ਼ੀਮ ਕਰਨੀ। ਅਦਬ ਨਾਲ ਝੁਕਣਾ। ਏਥੇ ਭਾਵ ਹੈ ਕਿ ਹੋਰ ਕੋਈ ਮੇਰਾ ਸਾਹਿਬ ਨਹੀਂ ਜਿਸ ਅਗੇ ਝੁਕ ਕੇ ਉਸ ਦੀ ਤਾਅਜ਼ੀਮ ਕਰਾਂ।

ਧਣੀ- [ਲ: ਪੰਜਾ:,] ਮਾਲਕ। ਸੁਆਮੀ। ਸਾਹਿਬ।

ਸਿਧਾ- [ਸੰਸ:, ਸਿਦ੍ਧ:=ਸਾਧੂ, ਮਹਾਤਮਾ] ਜੈਨੀ ਯਾ ਜੋਗੀ ਫਕੀਰ। ਮੁਰਾਦ ਹੈ ਰਿਧੀ ਸਿਧੀ ਦੇ ਦਾਅਵੇਦਾਰ ਸਾਧੂ ਤੇ ਪੀਰ। 'ਸਿਧ ਪੀਰ' ਤੋਂ ਭਾਵ ਹੈ ਸਿਧ ਪੀਰ ਬਣਨਾ ਚਾਹੁੰਦੇ ਹਨ।

ਰਿਧਿ ਸਿਧਿ-ਰਿਧੀਆਂ ਸਿਧੀਆਂ। ਕਰਾਮਾਤੀ ਤਾਕਤਾਂ। ਨਾਲ ਧਨ ਦੌਲਤ ਐਸ਼੍ਵਰਜ ਮੰਗਦੇ ਹਨ। ਭਾਵ ਹੈ ਕਿ ਇਕ ਤਾਂ ਸਿਧਾਂ ਦੀ ਸੇਵਾ ਕਰਦੇ ਹਨ ਉਹਨਾਂ ਵਰਗੇ ਸਿਧ ਪੀਰ ਬਣਨੇ ਲਈ। ਇਕ ਸੇਂਵਦੇ ਹਨ ਕਿ ਉਹਨਾਂ ਦੀਆਂ ਕਰਾਮਾਤੀ ਤਾਕਤਾਂ ਦੇ ਜ਼ਰੀਏ ਅਮੀਰ ਤੇ ਐਸ਼੍ਵਰਜ ਵਾਲੇ ਬਣ ਜਾਈਏ।

(ਅ) ਐਉਂ ਬੀ ਲਾਉਂਦੇ ਹਨ ਕਿ ਹੇ ਵਾਹਿਗੁਰੂ ਜੋ ਸਿਧਾਂ ਪੀਰਾਂ ਵਿਚ (ਵਡੇ) ਸਿੱਧ ਹਨ ਓਹ ਤੈਨੂੰ ਸੇਂਵਦੇ ਹਨ, ਸਿਧੀਆਂ ਰਿਧੀਆਂ ਲੈਣ ਲਈ।

(ੲ) ਸਿੱਧਾਂ ਨੂੰ ਸੇਵਨ ਵਾਲੇ ਸਿੱਧਾਂ ਪੀਰਾਂ ਪਾਸੋਂ ਰਿੱਧੀ ਸਿੱਧੀ ਮੰਗਦੇ ਹਨ।

ਜੋਗੀ- [ਸੰਸ:, ਯੋਗੀ] ਯੋਗ ਮਾਰਗ ਵਾਲੇ। ਭਾਵ ਹੈ ਹਠ ਯੋਗੀ ਜੋ ਵਿਭੂਤੀਆਂ ਤਕ ਰਹਿ ਜਾਂਦੇ ਹਨ ਤੇ ਸਿੱਧੀਆਂ ਦਿਖਾਕੇ ਪੂਜਜ ਬਣਦੇ ਹਨ।

ਭੋਗੀ- [ਸੰਸ:, ਭੋਗਿਨ੍:, ਭੋਗੀ] ਭੋਗਣ ਵਾਲੇ, ਖਾਣ ਪੀਣ ਵਾਲੇ। ਪਰ ਏਥੇ ਮੁਰਾਦ ਹੈ ਠਾਕਰ ਪੂਜਕਾਂ ਤੋਂ ਜੋ ਠਾਕੁਰਾਂ ਨੂੰ ਰੋਜ਼ ਭੋਗ ਲੁਆਕੇ ਉਹਨਾਂ ਨੂੰ ਅਰਪੇ ਸੁੰਦਰ ਭੋਜਨ ਆਪ ਭੋਗਦੇ ਅਰਥਾਤ ਖਾਂਦੇ ਹਨ। (ਅ) ਜੇ ਅਰਥ ਕਰੀਏ ਭੋਗਾਂ ਨੂੰ ਭੋਗਣ ਵਾਲੇ ਤਦ ਉਨ੍ਹਾਂ ਦੀ ਗੇਣਤੀ ਸਾਧੂਆਂ ਵਿਚ ਨਹੀਂ ਹੋ ਸਕਦੀ ਤੇ ਓਹ ਦੇਸ਼ ਦਿਸੰਤਰ ਨਹੀਂ ਭਉਂਦੇ ਫਿਰਦੇ, ਠਾਕਰ ਪੂਜਕ ਤਾਂ ਤੀਰਥਾਂ ਤੇ ਜਾਂਦੇ

* ਸੰਸਕ੍ਰਿਤ ਪਦ 'ਦ੍ਵਿ' ਦੇ ਅਰਥ ਹਨ ਦੋ। ਹੋਰ ਭਾਸ਼ਾ ਵਿਚ ਇਸ ਦੇ ਦੋ ਟੋਟੇ ਹੋਕੇ ਬੀ ਹਰ ਟੋਟੇ ਦਾ ਅਰਥ ਰਿਹਾ ਹੈ, ਦੋ। ਜੈਸ 'ਦ' ਦਾ 'ਦੋ' 'ਡੂ', ਅੰਗ੍ਰੇਜ਼ੀ ਵਿਚ 'ਟੂ' (two) ਤਿਵੇਂ 'ਦ੍ਵਿ' ਵਿਚ 'ਵਿ' ਨੇ ਰੂਪ ਲਿਆ:ਬਿਅ, ਬਿਆ, ਬੀਭਾ ਬੀਜਉ ਆਦਿ ਤੇ ਪਛਮ ਭਾਸ਼ਾ ਵਿਚ ਰੂਪ ਲਿਆ:ਬਾਈ, ਜਿਵੇਂ ਬਾਈਸਿਕਲ=ਦੋ ਪਹੀਆਂ ਵਾਲਾ। ਬਿਸਕੁਟ=ਜੋ ਦੋ ਵੇਰੀ ਪੱਕੇ।

ਰਹਿੰਦੇ ਹਨ। ਨ ਚੀਨ੍ਹੀ-ਨਹੀਂ ਪਛਾਣਦੇ। 'ਗੁਰੂ ਦੇ ਸਬਦ' ਤੇ 'ਤਤ ਸਾਰ ਨਿਰੰਤਰ' ਦੋਹਾਂ ਨੂੰ ਨਹੀਂ ਪਛਾਣਦੇ।

ਤਤੁ ਸਾਰੁ ਨਿਰੰਤਰ- [ਸੰਸ:, ਤਤ੍ਵੰ, ਸਾਰ:, ਨਿਰੰਤਰੰ] ਨਿਰੰਤਰ=ਲਗਾਤਾਰ, ਜੋ ਇਕ ਰਸ ਵਜਾਪਕ ਹੈ, ਜਿਸ ਵਿਚ ਕੋਈ ਅੰਤਰ ਨਹੀਂ। (ਅ) ਜਿਸ ਦੀ ਪ੍ਰਾਪਤੀ ਲਗਾਤਾਰੀ ਹੋ ਜਾਂਦੀ ਹੈ। ਤਤ ਸਾਰ=ਉਹ ਵਸਤੂ ਜੋ ਤਤ ਤੇ ਸਾਰ ਹੈ। ਉਹ ਪਾਰਬ੍ਰਹਮ ਪਰਮੇਸ਼ੁਰ ਹੈ।

ਕਾਪੜੀ- [ਸੰਸ:, ਕਾਰ੍ ਪਟਿਕ:] ਲੀਰਾਂ ਗੰਢਕੇ ਗੋਦੜੀ ਆਦਿ ਪਹਿਨਣ ਵਾਲੇ ਸਾਧੂ। ਇਕ ਜਾਤ ਦਾ ਨਾਮ ਬੀ ਹੈ ਜੋ ਬ੍ਰਾਹਮਣਾਂ ਤੋਂ ਪਤਿਤ ਹੋਏ ਹਨ, ਜੋ ਮੰਦਰਾਂ ਦੀ ਸੇਵਾ ਕਰਦੇ ਤੇ ਡੋਨੇ ਪੱਤਲਾਂ ਬਣਾਉਂਦੇ ਹਨ। ਬਾਗਰ ਵਿਚ ਹਿੰਦੂ ਡੂਮਾਂ ਨੂੰ ਕਾਪੜੀਏ ਆਖਦੇ ਹਨ।

ਪਾਧੇ-ਮੁੰਡੇ ਪੜ੍ਹਾਉਣ ਵਾਲੇ ਪਾਂਡੇ ਯਾ ਪੰਡਿਤ।

ਜੋਇਸੀ- [ਸੰਸ:, ਜਯੋਤਿਸ਼ੀ] ਜੋਤਸ਼ੀ। ਜਯੋਤਸ਼ ਦੇ ਜਾਣਨ ਵਾਲੇ।

ਪੁਰਾਣਾ-ਪੁਰਾਣਾਂ ਨੂੰ (ਪੜ੍ਹਦੇ ਹਨ)। ਅੰਤਰਿ-ਅੰਦਰ ਦੀ, ਭਾਵ ਅੰਤਰਸਥ ਬ੍ਰਹਮ ਨੂੰ ਨਹੀਂ ਪਛਾਣਦੇ।

ਘਟਿ-ਹਿਰਦੇ ਵਿਚ।

ਆਪੁ ਨ ਚੀਨ੍ਹਹਿ ਤਾਮਸੀ-ਆਪਣੇ ਆਪ ਨੂੰ ਨਹੀਂ ਪਛਾਣਦੇ (ਓਹ ਤਪ ਕਰਦੇ ਕਰਦੇ) ਤਾਮਸ (ਬ੍ਰਿਤੀ ਵਾਲੇ) ਹੋ ਗਏ ਹਨ। (ਅ) ਆਪ ਨੂੰ ਤਾਮਸੀ ਨਹੀਂ ਪਛਾਣਦੇ।

ਬਿੰਦ-ਬੀਰਜ। ਭਾਵ ਹੈ ਹਠ ਸਾਧਨਾ ਨਾਲ ਜਤੀ ਬਣਦੇ ਹਨ, ਮਨ ਤਾਂ ਕਾਮ ਵਾਸ਼ਨਾ ਵਿਚ ਜਾਂਦਾ ਹੈ, ਪਰ ਹਠਾਂ ਤਪਾਂ ਨਾਲ ਇੰਦ੍ਰਿਆਂ ਨੂੰ ਰੋਕਦੇ ਹਨ। ਸੁਤੇ ਸਿਧ ਸਹਜੇ ਨਾਮ ਅਭਯਾਸ ਵਿਚ ਕਾਮ ਕ੍ਰੋਧ ਦੇ ਬਿਜਈ ਨਹੀਂ ਹੋਏ।

ਨਾ ਛੂਟਹੀ-ਭਾਵ ਹੈ ਮੁਕਤ ਨਹੀਂ ਹੁੰਦੇ।

ਭ੍ਰਮਿ-ਭਰਮ ਵਿਚ ਹੋਣ ਕਰਕੇ। ਭਰਮ ਸਦਾ ਜਨਮ ਮਰਨ ਤੇ ਦੁਖਾਂ ਦਾ ਹੇਤੂ ਹੈ।

ਗਿਰਹੀ- [ਸੰਸ:, ਗ੍ਰਿਹਸ੍ਥ:=ਘਰ ਬਾਰ ਵਾਲਾ] ਗ੍ਰਿਹਸਤੀ। ਘਰ ਬਾਰ ਟੱਬਰਾਂ ਵਾਲੇ।

ਸੁ ਜਾਗੇ-ਭਲੀ ਪ੍ਰਕਾਂਰ ਜਾਗੇ ਹਨ। ਭਾਵ ਸਾਵਧਾਨ ਹੋਏ ਹਨ।

ਦਰੁ ਘਰੁ-ਦਰੁ=ਨਿਜ ਸਰੂਪ। ਘਰੁ=ਪਾਰਬ੍ਰਹਮ ਸਰੂਪ। (ਅ) 'ਦਰ ਦੁਆਰਾ ਘਰ' ਅਰਥ ਨਹੀਂ ਬਣਦਾ, ਕਿਉਂਕਿ ਦਰੁ ਘਰੁ ਦੋਹਾਂ ਨੂੰ ਔਂਕੜ ਹੈ, ਸੋ ਏਹ ਦੋ ਵਸਤਾਂ ਹਨ, ਦਰ ਤੇ ਘਰ। ਪਹਿਲੇ ਦਰੁ=ਨਿਜ ਸਰੂਪ ਜਾਣੀਦਾ ਹੈ, ਫੇਰ ਘਰੁ=ਬ੍ਰਹਮ ਸਰੂਪ ਨੂੰ ਜਾਣੀਦਾ ਹੈ।

[ਆਸਾ ਮਹਲਾ ੧, ਅਸਟਪਦੀ-੧੫]

ਪ੍ਰਾਕ੍ਥਨ-ਵਾਸ਼ਨਾ ਵੱਸ ਕਰਕੇ ਨਾਮ ਜਪਣੇ ਨਾਲ ਕਲਜਾਣ ਹੁੰਦੀ ਹੈ। ਵਾਸ਼ਨਾ ਦਾ ਕਾਰਣ ਲੋਭ ਲਾਲਚ ਹੈ ਤੇ ਲੋਭ ਦਾ ਮੂਲ ਹਉਮੈ ਹੈ। ਹਉਮੈ ਦੀ ਜ਼ਹਿਰ ਨੂੰ ਕੱਟਣਹਾਰ ਨਾਮ ਹੈ ਜੋ ਸਤਯ ਸਰੂਪ ਵਿਚ ਲੈ ਜਾਂਦਾ ਹੈ।

ਮੂਲ	ਅਰਥ
ਆਸਾ ਮਹਲਾ ੧ ॥ **ਮਨਸਾ ਮਨਹਿ ਸਮਾਇਲੇ ਭਉਜਲੁ ਸਚਿ ਤਰਣਾ ॥ ਆਦਿ ਜੁਗਾਦਿ ਦਇਆਲੁ ਤੂ ਠਾਕੁਰ ਤੇਰੀ ਸਰਣਾ ॥੧॥**	੨. ਹੇ ਠਾਕੁਰ ! (ਅਸੀਂ) ਤੇਰੀ ਸ਼ਰਣ ਆਏ ਹਾਂ, ਤੂੰ ਮੁੱਢ ਤੋਂ ਤੇ ਜੁਗਾਂ ਦੇ ਸ਼ੁਰੂ ਤੋਂ ਦਿਆਲੂ ਰਿਹਾ ਹੈਂ। ੧. (ਸਾਡੀਆਂ) ਵਾਸ਼ਨਾਂ ਨੂੰ ਮਨ ਵਿਚ ਹੀ ਸਮਾ ਲੈ (ਤਾਂ ਜੋ) ਸੱਚ (ਦੀ ਪ੍ਰਾਪਤੀ) ਦੁਆਰਾ (ਸਾਡਾ) ਭਵ ਸਾਗਰ ਤੋਂ ਤਰਣਾ ਹੋ ਜਾਵੇ॥ ੧॥

ਤੂ ਦਾਤੌ ਹਮ ਜਾਚਿਕਾ ਹਰਿ ਦਰਸਨੁ ਦੀਜੈ ॥ ਗੁਰਮੁਖਿ ਨਾਮੁ ਧਿਆਈਐ ਮਨ ਮੰਦਰੁ ਭੀਜੈ ॥੧॥ ਰਹਾਉ ॥	ਹੇ ਹਰੀ ! ਤੂੰ ਦਾਤਾ ਹੈਂ, ਅਸੀਂ ਮੰਗਤੇ ਹਾਂ, (ਆਪਣਾ) ਦਰਸ਼ਨ ਦਿਓ, (ਪਰ ਪਹਿਲੋਂ ਇਹ ਮਿਹਰ ਕਰੋ ਕਿ) ਗੁਰੂ ਦੁਆਰੇ (ਤੇਰਾ) ਨਾਮ ਧਿਆਈਏ (ਜੋ ਸਾਡਾ) ਮਨ ਰੂਪੀ ਮੰਦਰ (ਨਾਮ ਰਸ ਨਾਲ) ਤ੍ਰਿਬੁਡ ਹੋ ਜਾਏ॥ ੧॥ ਰਹਾਉ॥
ਕੂੜਾ ਲਾਲਚੁ ਛੋਡੀਐ ਤਉ ਸਾਚੁ ਪਛਾਣੈ ॥ ਗੁਰ ਕੈ ਸਬਦਿ ਸਮਾਈਐ ਪਰਮਾਰਥੁ ਜਾਣੈ ॥੨॥	[ਅਰਦਾਸ ਕਰਕੇ ਹੁਣ ਸ੍ਰੋਤਿਆਂ ਪ੍ਰਤਿ ਉਪਦੇਸ਼ ਕਰਦੇ ਹਨ:] (ਜੇ) ਕੂੜਾ ਲਾਲਚ ਛੱਡ ਦੇਈਏ (ਤਾਂ ਤੁਸਾਂ ਦਾ ਮਨ) ਸਚ (ਸਚ ਸਰੂਪ ਪ੍ਰਭੂ) ਨੂੰ ਪਛਾਣ ਲਏਗਾ, (ਜੇ) ਗੁਰੂ ਦੇ ਸ਼ਬਦ ਵਿਚ ਸਮਾ ਜਾਈਏ (ਤਾਂ ਮਨ ਆਪਣੇ) ਪਰਮ ਪ੍ਰਯੋਜਨ ਨੂੰ ਜਾਣ ਲਏਗਾ॥ ੨॥
ਇਹੁ ਮਨੁ ਰਾਜਾ ਲੋਭੀਆ ਲੁਭਤਉ ਲੋਭਾਈ ॥ ਗੁਰਮੁਖਿ ਲੋਭੁ ਨਿਵਾਰੀਐ ਹਰਿ ਸਿਉ ਬਨਿ ਆਈ ॥੩॥	ਇਹ (ਸਾਡਾ) ਮਨ ਲੋਭੀ ਰਾਜਾ ਹੈ, ਲਲਚਦਾ (ਲਲਚਦਾ ਹੋਰ) ਲਾਲਚੀ ਹੁੰਦਾ ਜਾਂਦਾ ਹੈ। (ਪਰ ਜੇ) ਗੁਰੂ ਦੁਆਰਾ ਲੋਭ ਦੂਰ ਕਰ ਲਈਏ (ਤਦ ਜਾਣੋ) ਹਰੀ ਨਾਲ ਬਣ ਆਈ ਹੈ॥ ੩॥
ਕਲਰਿ ਖੇਤੀ ਬੀਜੀਐ ਕਿਉ ਲਾਹਾ ਪਾਵੈ ॥ ਮਨਮੁਖੁ ਸਚਿ ਨ ਭੀਜਈ ਕੂੜੁ ਕੂੜਿ ਗਡਾਵੈ ॥੪॥	(ਜੇ) ਕੱਲਰ ਵਿਚ ਖੇਤੀ ਬੀਜੀਏ (ਤਾਂ ਕੋਈ) ਨਫਾ ਕਿਵੇਂ ਪਾਏਗਾ। (ਤਿਵੇਂ) ਮਨਮੁਖ ਸੱਚ ਵਿਚ ਨਹੀਂ ਰਚਦਾ, (ਉਹ ਮਨ ਰੂਪੀ) ਕੂੜੀ (ਧਰਤੀ) ਵਿਚ ਕੂੜ ਹੀ ਗੱਡਦਾ (ਭਾਵ ਬੀਜਦਾ ਹੈ, ਸੋ ਲਾਹਾ ਨਹੀਂ ਪਾ ਸਕਦਾ)॥ ੪॥
ਲਾਲਚੁ ਛੋਡਹੁ ਅੰਧਿਹੋ ਲਾਲਚਿ ਦੁਖੁ ਭਾਰੀ ॥ ਸਾਚੌ ਸਾਹਿਬੁ ਮਨਿ ਵਸੈ ਹਉਮੈ ਬਿਖੁ ਮਾਰੀ ॥੫॥	ਹੇ (ਗਿਆਨ ਨੇਤ੍ਰਾਂ ਤੋਂ) ਅੰਨ੍ਹਿਓ ! ਲਾਲਚ ਨੂੰ ਛਡੋ, ਲਾਲਚ ਵੱਡਾ ਦੁਖ ਹੈ, (ਹਾਂ) ਸੱਚਾ ਸਾਹਿਬ (ਉਸ ਦੇ) ਮਨ ਵਿਚ ਹੀ ਵੱਸੇਗਾ (ਜਿਸ ਨੇ ਲਾਲਚ ਦਾ ਮੂਲ) ਹਉਮੈ ਦੀ ਜ਼ਹਿਰ ਮਾਰ ਲਈ ਹੈ॥ ੫॥
ਦੁਬਿਧਾ ਛੋਡਿ ਕੁਵਾਟੜੀ ਮੂਸਹੁਗੇ ਭਾਈ ॥ਅਹਿਨਿਸਿ ਨਾਮੁ ਸਲਾਹੀਐ ਸਤਿਗੁਰ ਸਰਣਾਈ ॥੬॥	(ਹਰੀ ਨੂੰ ਛੱਡਕੇ) ਦੂਸਰੀ ਬਿਧਿ (ਮਾਯਕ ਲਗਨਤਾ ਵਿਚ ਖਚਿਤ ਰਹਿਣਾ) ਨੂੰ ਛੱਡ ਦਿਓ, ਇਹ ਰਾਹ ਖੋਟਾ ਹੈ, (ਇਸ ਵਿਚ ਪਏ) ਲੁੱਟੇ ਜਾਓਗੇ, ਹੇ ਭਾਈ ! ਦਿਨ ਰਾਤ ਨਾਮ ਨੂੰ ਸਲਾਹੀਐ ਸਤਿਗੁਰੂ ਦੀ ਸ਼ਰਣ ਵਿਚ ਪੈਕੇ ॥ ੬॥
ਮਨਮੁਖ ਪਥਰੁ ਸੈਲੁ ਹੈ ਧ੍ਰਿਗੁ ਜੀਵਣੁ ਫੀਕਾ ॥ ਜਲ ਮਹਿ ਕੇਤਾ ਰਾਖੀਐ ਅਭ ਅੰਤਰਿ ਸੂਕਾ ॥੭॥	ਮਨਮੁਖ ਕਰੜਾ ਪੱਥਰ ਹੈ, (ਉਸ ਦਾ) ਜੀਵਨ (ਨਾਮ ਰਸ ਤੋਂ ਬਿਨਾ) ਫਿੱਕਾ ਹੈ, (ਐਸੇ ਜੀਵਨ ਨੂੰ) ਧ੍ਰਿਕਾਰ ਹੈ। (ਪੱਥਰ ਨੂੰ ਭਾਵੇਂ) ਕਿੰਨਾ ਚਿਰ ਪਾਣੀ ਵਿਚ ਰਖੀਏ (ਉਸ ਦਾ) ਮਨ ਅੰਦਰੋਂ ਸੁੱਕਾ ਹੀ ਰਹਿੰਦਾ ਹੈ (ਤਿਵੇਂ ਮਨਮੁਖ ਦਾ ਦਿਲ ਸਤਿਸੰਗ ਵਿਚ ਜਾਕੇ ਬੀ ਅੰਦਰੋਂ ਖੁਸ਼ਕ ਹੀ ਰਹਿੰਦਾ ਹੈ)॥ ੭॥
ਹਰਿ ਕਾ ਨਾਮੁ ਨਿਧਾਨੁ ਹੈ ਪੂਰੈ ਗੁਰਿ ਦੀਆ ॥ ਨਾਨਕ ਨਾਮੁ ਨ ਵੀਸਰੈ ਮਥਿ ਅੰਮ੍ਰਿਤੁ ਪੀਆ ॥੮॥੧੫॥	ਹਰੀ ਦਾ ਨਾਮ (ਤਾਂ ਸੁਖਾਂ ਦਾ ਇਕ) ਖ਼ਜ਼ਾਨਾ ਹੈ (ਜੋ ਮੈਨੂੰ) ਪੂਰੇ ਗੁਰੂ ਨੇ ਦਿੱਤਾ ਹੈ। ਹੇ ਨਾਨਕ ! (ਤੈਨੂੰ ਇਹ) ਨਾਮ ਨਾ ਭੁੱਲੇ, (ਜਿਸ ਨੂੰ) ਮਥ ਮਥ ਕੇ ਤੂੰ ਅੰਮ੍ਰਿਤ ਪੀਤਾ ਹੈ, (ਭਾਵ ਜਿਸ ਨੂੰ ਸਿਮਰ ਸਿਮਰਕੇ ਤੂੰ ਆਤਮ ਰਸ ਪੀਤਾ ਹੈ)॥ ੮॥ ੧੫॥

ਵਜਾਖਜਾ-ਅੰਕ ੧ ਤੇ ਰਹਾਉ ਵਿਚ ਅਰਦਾਸ ਹੈ। ਬਾਜ਼ੇ ਵੇਲੇ ਪਹਿਲੀ ਤੁਕ ਦੇ ਅਰਥ ਅਰਦਾਸ ਦੀ ਥਾਵੇਂ ਮੱਧਮ ਪੁਰਖ ਪ੍ਰਤੀ ਆਖਿਆ ਸਮਝ ਲਈਦਾ ਹੈ, ਪਰ ਅਸਲ ਵਿਚ ਚਾਰੇ ਤੁਕਾਂ

ਅਰਦਾਸ ਹੈਨ ਅਕਾਲ ਪੁਰਖ ਜੀ ਦੇ ਚਰਨਾਂ ਵਿਚ। ਇਨ੍ਹਾਂ ਵਿਚ ਨਾਮ ਦੀ ਅਰਾਧਨਾ ਮੰਗੀ ਹੈ, ਪਰ ਨਾਲ ਵਾਸ਼ਨਾ ਦਾ ਜਿੱਤ ਲੈਣਾ ਮੰਗਿਆ ਹੈ, ਨਿਰਵਾਸ ਮਨ ਦੀ ਨਾਮ ਅਰਾਧਨਾਂ ਛੇਤੀ ਸਫਲਦੀ ਹੈ, ਨਹੀਂ ਤਾਂ ਪਹਿਲੋਂ ਨਾਮ ਅਰਾਧਨਾ ਵਾਸ਼ਨਾ ਨੂੰ ਖੈ ਕਰਦੀ ਹੈ। ਜਦੋਂ ਵਾਸ਼ਨਾ ਜਿੱਤ ਪੁਰਖ ਦੀ ਅਰਾਧਨਾ ਸਿਰੇ ਚੜ੍ਹਦੀ ਹੈ ਤਾਂ ਵਾਹਿਗੁਰੂ ਜੀ ਦੇ ਦਰਸ਼ਨ ਹੁੰਦੇ ਹਨ। ਏਹ ਦਰਸ਼ਨ ਵਾਹਿਗੁਰੂ ਜੀ ਨੂੰ ਦ੍ਰਿਸ਼ਟਮਾਨ ਦੇ ਦਰਸ਼ਨ ਨਹੀਂ ਹੁੰਦੇ ਕਿਉਂਕਿ:-

ਦ੍ਰਿਸਟਿਮਾਨ ਹੈ ਸਗਲ ਮਿਥੇਨਾ॥ [ਮਾਰੂ ਸੋ ਮ: ੫-੧੧]

ਇਹ ਦਰਸ਼ਨ ਦ੍ਰਿਸ਼ਟਾ ਦੇ ਅਪਣੇ ਸਰੂਪ ਵਿਚ ਇਸਥਿਤ ਹੋਕੇ ਦ੍ਰਿਸ਼ਟਾ ਪੱਖ ਵਿਚ ਪਰਮਾਤਮ ਦੇਵ ਦੇ ਅਨੁਭਵੀ ਦਰਸ਼ਨ ਹੁੰਦੇ ਹਨ।

ਨਾਮ ਵਾਹਿਗੁਰੂ ਜੀ ਦਾ ਜਪਣਾ ਪ੍ਰੇਮ ਕਰਨਾ ਹੈ। ਨਾਮ ਪ੍ਰੇਮ ਹੈ, ਪ੍ਰੇਮੀ ਨੂੰ ਪ੍ਰੀਤਮ ਤੇ ਉਸ ਦਾ ਨਾਮ ਨਹੀਂ ਭੁੱਲਦਾ। ਇਸ ਨਾਮ ਵਿਚ ਰਸ ਹੁੰਦਾ ਹੈ, ਜਿਸ ਨਾਲ ਮਨ ਮੰਦਰ ਰਸਮਯ ਹੋਇਆ ਰਹਿੰਦਾ ਹੈ।

ਅੰਕ ੨ ਤੋਂ ਸਾਹਮਣੇ ਬੈਠੇ ਸ਼੍ਰੋਤਿਆਂ ਪ੍ਰਤੀ ਉਪਦੇਸ਼ ਰੂਪ ਹਨ। ਪਹਿਲੇ ਫੁਰਮਾਇਆ ਸੀ ਮਨਸਾ ਮਨ ਵਿਚ ਹੀ ਸਮਾ ਜਾਵੇ। ਹੁਣ ਸ਼੍ਰੋਤਿਆਂ ਪ੍ਰਤੀ ਮਨਸਾ ਦੇ ਮਨ ਵਿਚ ਨਾ ਸਮਾ ਜਾਣ ਦਾ ਕਾਰਨ ਤੇ ਉਪਾਉ ਦੱਸਦੇ ਹਨ ਕਿ ਉਹ ਲਾਲਚ ਹੈ ਕੂੜੇ ਪਦਾਰਥਾਂ ਦਾ, ਉਸ ਦਾ ਉਪਾਉ ਹੈ ਗੁਰੂ ਕਾ ਸ਼ਬਦ। ਗੁਰੂ ਕਾ ਉਪਦੇਸ਼, ਜਿਸ ਵਿਚ ਮੁੱਖ ਵਸਤ 'ਨਾਮ ਅਰਾਧਨ' ਹੁੰਦਾ ਹੈ। ਇਸ ਨਾਲ ਦੋ ਲਾਭ ਹੁੰਦੇ ਹਨ। ਸਮਝ ਆ ਜਾਂਦੀ ਹੈ ਕਿ ਮੇਰੇ ਜੀਵਨ ਦਾ ਸਭ ਤੋਂ ਉੱਤਮ ਪ੍ਰਯੋਜਨ ਕੀ ਹੈ, ਇਸ ਸਮਝ ਦੇ ਮਗਰੋਂ ਜੀਵ ਨਾਮ ਅਭ੍ਯਾਸ ਵਿਚ ਵਧੇਰੇ ਲਗਦਾ ਹੈ ਤਾਂ ਪ੍ਰਾਪਤੀ ਹੁੰਦੀ ਹੈ 'ਸਚ' ਦੀ। ਇਹ ਸੱਚ ਦੀ ਪ੍ਰਾਪਤੀ ਹੈ ਪਰਮ ਪ੍ਰਯੋਜਨ ਜੀਵਨ ਦਾ।

ਅੰਕ ੩ ਵਿਚ ਉਹੋ ਵਿਸ਼ਯ ਜਾਰੀ ਹੈ। ਲੋਭ ਦੀ ਖ਼ਸਲਤ ਹੋਰ ਦੱਸਦੇ ਹਨ ਕਿ ਇਹ ਸਾਡਾ ਮਨ ਰਾਜੇ ਵਾਙੂ ਲੋਭੀ ਹੈ। ਲੋਭ ਵਿਚ ਰਾਜਾ ਸਭ ਤੋਂ ਅਗੇਰੇ ਹੁੰਦਾ ਹੈ, ਜਿਉਂ ਜਿਉਂ ਰਾਜ ਵਧਦਾ ਹੈ ਉਸ ਦਾ ਲੋਭ ਹੋਰ ਹੋਰ ਰਾਜ ਲੈਣ ਲਈ ਵਧਦਾ ਹੈ। ਇਹ ਪ੍ਰਬਲ ਲੋਭ ਬੀ ਗੁਰੂ ਦੁਆਰਾ ਹੀ ਮਿਟਦਾ ਦੱਸਿਆ ਹੈ, ਜਿਸ ਦੇ ਮਿਟ ਜਾਣ ਨਾਲ ਹਰੀ ਨਾਲ ਬਣ ਆਉਂਦੀ ਹੈ, ਕਿਉਂਕਿ ਨਾਮ ਸਿਮਰਨ ਕਰਕੇ ਲੋਭ ਦੂਰ ਹੋ ਜਾਣ ਤੇ ਮਨ ਵਿਚ ਲੋਭ ਦੀ ਥਾਂ ਹਰੀ ਪ੍ਰੇਮ ਨਿਵਾਸ ਕਰ ਲੈਂਦਾ ਹੈ, ਉਸ ਪ੍ਰੇਮ ਕਰਕੇ ਹਰੀ ਨਾਲ ਬਣ ਆਉਂਦੀ ਹੈ।

ਅੰਕ ੪-ਉਹੋ ਵਿਸ਼ਯ ਟੁਰ ਰਿਹਾ ਹੈ। ਲੋਭੀ ਮਨ ਨੂੰ ਕੱਲਰੀ ਜ਼ਿਮੀਂ ਨਾਲ ਉਪਮਾ ਦਿਤੀ ਹੈ। ਜ਼ਿਮੀ ਚੰਗੀ ਹੁੰਦੀ ਹੈ, ਪਰ ਕੱਲਰ ਉਸ ਨੂੰ ਖ਼ਰਾਬ ਕਰਦਾ ਹੈ, ਤਿਵੇਂ ਮਨ ਨੂੰ ਲੋਭ ਖਰਾਬ ਕਰਦਾ ਹੈ, ਉਸ ਵਿਚ ਬੀਜਿਆ ਨਾਮ ਨਫੇਵੰਦੀ ਫਸਲ ਤਿਆਰ ਨਹੀਂ ਕਰਦਾ। ਫੇਰ ਕੱਲਰੀ ਭੋਂ ਸਦਰਸ਼ ਲੋਭੀ ਮਨ ਵਾਲੇ ਨੂੰ ਮਨਮੁਖ ਕਿਹਾ ਹੈ ਤੇ ਦੱਸਿਆ ਹੈ ਕਿ ਉਹ ਸਚ ਦੁਆਰਾ ਦ੍ਰਵਣਤਾ ਵਿਚ ਨਹੀਂ ਆਉਂਦਾ, ਸਚ ਓਸ ਵਿਚ ਸਿੰਜਰਦਾ ਨਹੀਂ, ਕਿਉਂਕਿ ਉਹ ਕੂੜ ਹੀ ਕੂੜ ਮਨ ਵਿਚ ਗੱਡਦਾ ਹੈ। ਇਸ ਗੱਡਣਾ ਦਾ ਅਰਥ ਕਿੱਲੇ ਵਾਙੂ ਗੱਡਣਾ ਨਹੀਂ ਪਰ ਕਿਸੇ ਬੂਟੇ ਦੀ ਪਨੀਰੀ ਨੂੰ ਜ਼ਿਮੀਂ ਵਿਚ ਗੱਡਣਾ ਹੈ, ਕਿਉਂਕਿ ਪਿਛੇ ਰੂਪਕ ਖੇਤੀ ਦਾ ਆ ਰਿਹਾ ਹੈ। ਉਹ ਕੂੜ ਹੀ ਜੀਵ ਮਨ ਵਿਚ ਲਾਈ ਜਾਂਦਾ ਹੈ, ਅੰਤ ਕੂੜ ਹੀ ਕੂੜ ਪੱਲੇ ਪੈਂਦਾ ਹੈ, ਇਹ ਭਾਵ ਹੈ।

ਅੰਕ ੫ ਵਿਚ ਬੜੇ ਹਿਤ ਭਰੇ ਜੋਸ਼ ਨਾਲ ਲਾਲਚ ਅਟਿਆਂ ਨੂੰ ਗ੍ਯਾਨ ਨੇਤ੍ਰਾਂ ਤੋਂ ਹੀਨ ਸਮਝਕੇ ਅੰਨ੍ਹੇ ਕਹਿਕੇ ਸੰਬੋਧਨ ਕੀਤਾ ਹੈ ਕਿ ਲਾਲਚ ਭਾਰੇ ਦੁਖਾਂ ਦਾ ਦਾਤਾ ਹੈ, ਇਸ ਨੂੰ ਤ੍ਯਾਗੋ। ਇਥੇ ਲਾਲਚ ਦਾ ਮਾਨਸਿਕ ਕਾਰਣ ਹਉਮੈ ਨੂੰ ਦੱਸਿਆ ਹੈ ਤੇ ਇਹ ਭੇਤ ਖੋਹਲਿਆ ਹੈ ਕਿ ਸੱਚੇ ਸਾਹਿਬ ਨੂੰ ਮਨ ਵਿਚ ਵਸਾਓ, ਇਸ ਨਾਲ ਹਉਮੈ ਨਵਿਰਤ ਹੋ ਜਾਏਗੀ, ਜਿਸ ਦੇ ਨਾਲ ਲਾਲਚ ਬੀ ਨਵਿਰਤ ਹੋ ਜਾਏਗਾ।

ਪਹਿਲੋਂ ਇਹ ਹਦਾਯਤ ਹੈ ਕਿ ਲਾਲਚ ਛੱਡਕੇ ਨਾਮ ਜਪੋ, ਯਤਨ ਕਰੋ ਕਿ ਲਾਲਚ ਤੁਹਾਡੀ ਮਨ ਦੀ ਸ਼ਕਤੀ ਨਾਲ ਘਟੇ ਹਟੇ, ਤੇ ਨਾਮ ਸਫਲੇ। ਹੁਣ ਦੱਸਿਆ ਹੈ ਕਿ ਨਾਮ ਜਪ ਜਪ ਕੇ ਨਾਮੀ ਨੂੰ ਅੰਦਰ ਵਸਾਓ, ਮਨ ਦਾ ਵਾਸੀ ਉਹ ਹੋ ਜਾਵੇ ਤਾਂ ਹਉਮੈਂ ਦੀ ਸਾਰੀ ਜ਼ਹਿਰ ਉਤਰ ਜਾਏਗੀ, ਵਿਚੇ ਬਚਿਆ ਖੁਚਿਆ ਲੁਕਿਆ ਛਪਿਆ ਜ਼ਹਿਰ ਬੀ ਉਤਰ ਜਾਏਗਾ।

ਅੰਕ ੬-ਦੁਬਿਧਾ ਨੂੰ ਲਿਆ ਹੈ। ਇਸ ਦਾ ਇਕ ਅਰਥ ਹੈ ਦੁਚਿਤਾਈ ਕਿ ਮਨ ਵਿਚ ਕਦੇ ਲਾਲਚ ਤੇ ਕਦੇ ਪਰਮਾਰਥ ਇੱਛਾ ਦੀ ਰਲਗਡ ਹੋਣੀ। ਪਰੰਤੂ ਪਿਛਲੇ ਵਾਕਾਂ ਤੋਂ ਸਹੀ ਹੁੰਦਾ ਹੈ ਕਿ ਹਰੀ ਪ੍ਰੇਮ ਤੋਂ ਛੁੱਟ ਜੋ ਦੂਸਰੀ ਬਿਧਿ ਹੈ, ਹਉਮੈਂ ਦੁਆਰਾ ਪਦਾਰਥਾਂ ਦੇ ਲੋਭ ਵਿਚ ਖਚਿਤ ਰਹਿਣਾ, ਇਸ ਦੁਐਤ ਭਾਵਨਾ ਨੂੰ ਛੱਡਕੇ ਇਕ ਹਰੀ ਪ੍ਰੇਮ ਦੀ ਭਾਵਨਾ ਨੂੰ ਅਪਣੀ ਰਹਿਬਰ ਬਣਾਓ ! ਇਹ ਦੁਐਤ ਭਾਵਨਾ ਦਾ ਰਸਤਾ ਖੋਟਾ ਹੈ। ਇਸ ਰਸਤੇ ਲੁੱਟੇ ਜਾਓਗੇ। ਇਸ ਦੀ ਥਾਵੇਂ ਸਲਾਮਤੀ ਵਾਲਾ ਰਾਹ ਫੜੋ, ਉਹ ਹੈ ਕਿ ਸਤਿਗੁਰ ਦੀ ਸ਼ਰਣ ਲੈਕੇ ਦਿਨੇ ਰਾਤ ਨਾਮ ਅਰਾਧਨਾ ਕਰੋ। ਨਾਮ ਨੂੰ ਸਲਾਹੁਣ ਦਾ ਭਾਵ ਹੈ ਨਾਮ ਦੀ ਪੂਰਨ ਮਹਿਮਾਂ ਅੰਦਰ ਵਸਾਕੇ ਹਰੀ ਦੀ ਆਰਾਧਨਾ ਕਰਨੀ।

ਇਸੇ ਅੰਕ ਵਿਚ ਫੇਰ ਮਨਮੁਖ ਨੂੰ ਲਿਆ ਹੈ ਕਿ ਜੋ ਅਪਣੇ ਮਨ ਦੇ ਮਗਰ ਲਗ ਲਗਕੇ ਮਾਯਕ ਲਾਲਚ ਤੇ ਮਾੜੇ ਕਰਮਾਂ ਵਿਚ ਦ੍ਰਿੜ ਹੋ ਚੁਕਾ ਹੈ ਉਹ ਪੱਥਰ ਹੈ, ਪੱਥਰ ਬੀ ਸੈਲ ਹੈ=ਕਰੜਾ ਪੱਥਰ। ਉਹ ਪਾਣੀ ਵਿਚ ਕਿੰਨਾ ਚਿਰ ਰੱਖ ਖੁਸ਼ਕ ਹੀ ਰਹਿੰਦਾ ਹੈ, ਤਿਵੇਂ ਮਨਮੁਖ ਉਪਦੇਸ਼ ਦੇ ਅਸਰ ਤੋਂ ਕਰੜੇ ਪੱਥਰ ਵਾਙੂ, ਖੁਸ਼ਕ ਤੇ ਨਾਮ ਰਸ ਤੋਂ ਫਿੱਕਾ ਰਹਿੰਦਾ ਹੈ। ਇਹ ਜੀਵਨ ਧ੍ਰਿਕਾਰ ਯੋਗ ਹੈ। ਕਿਉਂਕਿ ਜੀਵਨ ਵਿਚ ਆਤਮ ਰਸ ਤੋਂ ਵਾਂਜਿਆ ਰਿਹਾ ਹੈ। ਮਰਕੇ ਜਦ ਆਤਮ ਰਸ ਨੇ ਹੀ ਸੁਖੀ ਕਰਨਾ ਹੈ ਪਰ ਪਦਾਰਥ ਤੇ ਉਹਨਾਂ ਤੋਂ ਪ੍ਰਾਪਤ ਰਸ ਪਿਛੇ ਰਹਿ ਜਾਂਦੇ ਹਨ ਤਦ ਦੁਖੀ ਹੁੰਦਾ ਹੈ, ਇਸ ਕਰਕੇ ਉਸ ਦਾ ਜੀਵਨ ਬ੍ਰਿਥਾ ਗਿਆ।

ਅੰਕ ੮ ਵਿਚ ਫੁਰਮਾਨ ਹੈ ਕਿ ਹਰੀ ਦਾ ਨਾਮ ਖ਼ਜ਼ਾਨਾ ਹੈ। ਕਾਹਦਾ ਖ਼ਜ਼ਾਨਾ? ਸਾਰੇ ਸੁਖਾਂ ਦਾ ਖ਼ਜ਼ਾਨਾ ਭਾਵ ਹੈ। ਉਹ ਗੁਰੂ ਤੋਂ ਪ੍ਰਾਪਤ ਹੋਇਆ ਹੈ, ਹੇ ਨਾਨਕ ! ਉਹ ਨਾਮ ਨਾ ਭੁੱਲੇ। ਉਸ ਨੂੰ ਮਨ ਵਿਚ ਐਉਂ ਚਿਤਵਦਾ ਰਹੇ ਕਿ ਜਿਵੇਂ ਦਹੀਂ ਨੂੰ ਰਿੜਕੀਦਾ ਹੈ ਤਾਂ ਮੱਖਣ ਨਿਕਲਦਾ ਹੈ; ਤਿਵੇਂ ਨਾਮ ਮਥਨ ਨਾਲ ਵਾਹਿਗੁਰੂ ਜੀ ਦੀ ਪ੍ਰਾਪਤੀ ਰੂਪ ਤਤ ਨਿਕਲਦਾ ਹੈ। ਉਸ ਦੀ ਪ੍ਰਾਪਤੀ ਰਸ ਰੂਪ ਤੇ ਤ੍ਰਿਪਤੀ ਦਾਤੀ ਹੈ।

ਨਿਰੁਕ੍ਤ-ਮਨਸਾ-ਵਾਸ਼ਨਾ। ਭਉਜਲ-ਸੰਸਾਰ ਸਾਗਰ।

ਲੁਭਤਉ-ਲਲਚਦਾ ਹੋਇਆ। ਗਡਾਵੈ-ਜ਼ਿਮੀ ਵਿਚ ਗੱਡਦਾ ਹੈ, ਬੀਜਦਾ ਹੈ।

ਕੁਵਾਟੜੀ-ਖੋਟਾ ਰਾਹ। ਮੂਸਹਗੇ-ਲੁੱਟੇ ਜਾਓਗੇ।

ਅਭ ਅੰਤਰਿ-ਮਨ ਅੰਦਰੋਂ, ਧੁਰ ਅੰਦਰੋਂ। ਮਥਿ-ਰਿੜਕ ਰਿੜਕਕੇ।

[ਆਸਾ ਮਹਲਾ ੧, ਅਸਟਪਦੀ-੧੬]

ਪ੍ਰਾਕ੍ਥਨ-ਸੱਚ, ਹੁਕਮ, ਨਾਮ ਕਲਜਾਨ ਕਰਤਾ ਹਨ। ਕੂੜ, ਗ਼ਾਫ਼ਲੀ, ਮਨਮੁਖਤਾ ਦੁਖਾਂ ਦੀਆਂ ਦਾਤੀਆਂ ਹਨ।

ਮੂਲ	ਅਰਥ
ਆਸਾ ਮਹਲਾ ੧ ॥ **ਚਲੇ ਚਲਣਹਾਰ ਵਾਟ ਵਟਾਇਆ**	(ਆਵਾ ਗਵਨ ਦੇ ਰਾਹੇ) ਚਲਦੇ ਰਹਿਣ ਵਾਲੇ (ਪਾਂਧੀ) ਤੁਰੇ (ਰਹਿੰਦੇ ਹਨ, ਕੇਵਲ) ਰਸਤਾ ਵਟਾਉਂਦੇ ਹਨ। (ਭਾਵ ਕਦੇ ਜਾਂਦੇ =ਮਰਦੇ, ਕਦੇ ਆਉਂਦੇ=ਜੰਮਦੇ ਹਨ। ਇਸ ਤਰ੍ਹਾਂ) ਸੰਸਾਰ

ਧੰਧੁ ਪਿਟੇ ਸੰਸਾਰੁ ਸਚੁ ਨ ਭਾਇਆ ॥੧॥	(ਆਉਣ ਜਾਣ ਦਾ ਮਾਨੋ) ਧੰਦਾ ਹੀ ਪਿੱਟਦਾ ਰਹਿੰਦਾ ਹੈ, (ਕਿਉਂਕਿ ਇਸ ਨੂੰ) 'ਸਚ' (ਸਤ੍ਯ ਸਰੂਪ ਪ੍ਰਭੂ) ਚੰਗਾ ਨਹੀਂ ਲੱਗਾ॥ ੧॥
ਕਿਆ ਭਵੀਐ ਕਿਆ ਢੂਢੀਐ ਗੁਰ ਸਬਦਿ ਦਿਖਾਇਆ ॥ ਮਮਤਾ ਮੋਹੁ ਵਿਸਰਜਿਆ ਅਪਨੈ ਘਰਿ ਆਇਆ ॥੧॥ ਰਹਾਉ ॥	(ਇਸ ਧੰਦ ਪਿਟਾਈ ਤੋਂ ਬਚਣੇ ਲਈ ਅਸੀਂ ਹੁਣ ਤੀਰਥਾਂ ਤੇ) ਕਿਉਂ ਪਏ ਫਿਰੀਏ (ਤੇ ਜੰਗਲੀਂ ਫਿਰਕੇ) ਕੀਹ ਪਏ ਢੂੰਡੀਏ, ਗੁਰੂ ਦੇ ਸ਼ਬਦ ਨੇ ਸਾਨੂੰ ਦਿਖਾ ਦਿੱਤਾ ਹੈ (ਹਰੀ ਘਰ ਵਿਚ ਹੀ ਬੈਠਿਆਂ। ਹਾਂ ਅਸਾਂ ਹੁਣ) ਮੋਹ ਮਮਤਾ ਨੂੰ ਤਿਆਗ ਦਿੱਤਾ ਹੈ (ਤੇ ਸਾਡਾ ਮਨ) ਆਪਣੇ (ਅਸਲੀ) ਸਰੂਪ ਵਿਚ ਆ ਗਿਆ ਹੈ॥ ੧॥ ਰਹਾਉ॥
ਸਚਿ ਮਿਲੈ ਸਚਿਆਰੁ ਕੂੜਿ ਨ ਪਾਈਐ ॥ ਸਚੇ ਸਿਉ ਚਿਤੁ ਲਾਇ ਬਹੁੜਿ ਨ ਆਈਐ ॥੨॥	ਸਚਿਆਰ (ਅਰਥਾਤ ਸਤ੍ਯ ਸਰੂਪ ਪ੍ਰਭੂ) ਸੱਚ ਦੁਆਰਾ ਮਿਲਦਾ ਹੈ, ਕੂੜ ਦੁਆਰਾ (ਉਹ) ਨਹੀਂ ਪ੍ਰਾਪਤ ਹੁੰਦਾ। (ਉਸ) ਸੱਚੇ ਨਾਲ ਦਿਲ ਲਾਕੇ ਫੇਰ (ਜਗਤ ਵਿਚ) ਨਹੀਂ ਆਈਦਾ॥ ੨॥
ਮੋਇਆ ਕਉ ਕਿਆ ਰੋਵਹੁ ਰੋਇ ਨ ਜਾਣਹੂ ॥ ਰੋਵਹੁ ਸਚੁ ਸਲਾਹਿ ਹੁਕਮੁ ਪਛਾਣਹੂ ॥੩॥	ਮੋਇਆਂ ਨੂੰ ਕੀਹ ਰੋਂਦੇ ਹੋ (ਤੁਸੀਂ ਤਾਂ) ਰੋਣਾ ਜਾਣਦੇ ਹੀ ਨਹੀਂ। (ਜਿਸ ਦੀ ਜਾਚ ਇਹ ਹੈ ਕਿ) ਸਤ੍ਯ ਸਰੂਪ (ਦੀ ਸਿਫਤ-) ਸਲਾਹ ਕਰਦੇ ਹੋਏ ਰੋਵੋ (ਤੇ ਉਸ ਦੇ) ਹੁਕਮ ਨੂੰ ਪਛਾਣੋ॥ ੩॥
ਹੁਕਮੀ ਵਜਹੁ ਲਿਖਾਇ ਆਇਆ ਜਾਣੀਐ ॥ ਲਾਹਾ ਪਲੈ ਪਾਇ ਹੁਕਮੁ ਸਿਞਾਣੀਐ ॥੪॥	(ਜੀਵ) ਹੁਕਮੀ (ਵਾਹਿਗੁਰੂ ਤੋਂ) ਰੋਜ਼ੀਨਾ ਲਿਖਾਕੇ ਆਇਆ (ਜੰਮਿਆ) ਜਾਣੀਦਾ ਹੈ, (ਪਰ ਜੇ) ਹੁਕਮ ਨੂੰ ਸਿਞਾਣ ਲਈਏ (ਤਾਂ ਮਨੁੱਖਾ ਜਨਮ ਦਾ) ਲਾਹਾ ਪੱਲੇ ਪੈਂਦਾ ਹੈ॥ ੪॥
ਹੁਕਮੀ ਪੈਧਾ ਜਾਇ ਦਰਗਹ ਭਾਣੀਐ ॥ ਹੁਕਮੇ ਹੀ ਸਿਰਿ ਮਾਰ ਬੰਦਿ ਰਬਾਣੀਐ ॥੫॥	(ਜੋ ਜੀਵ) ਹੁਕਮ (ਮੰਨਣ ਦੀ ਪੁਸ਼ਾਕ) ਨਾਲ ਪਹਿਨਿਆ ਹੋਇਆ ਜਾਏਗਾ (ਉਹ) ਦਰਗਾਹ ਵਿਚ (ਵਾਹਿਗੁਰੂ ਜੀ ਨੂੰ) ਪਿਆਰਾ ਲੱਗਦਾ ਹੈ, ਹੁਕਮ ਦੁਆਰਾ ਹੀ ਰਬ ਦੀ ਕੈਦ ਵਿਚ ਸਿਰ ਤੇ ਮਾਰ ਪੈਂਦੀ ਹੈ॥ ੫॥
ਲਾਹਾ ਸਚੁ ਨਿਆਉ ਮਨਿ ਵਸਾਈਐ ॥ ਲਿਖਿਆ ਪਲੈ ਪਾਇ ਗਰਬੁ ਵਞਾਈਐ ॥੬॥	[ਜਨਮ ਦਾ ਲਾਹਾ ਕੀ ਹੈ? ਉੱਤਰ:] ਮਨ ਵਿਚ ਤਾਂ (ਪ੍ਰਭੂ ਨੂੰ) ਵਸਾਈਏ (ਤੇ ਜਗਤ ਨਾਲ ਵਰਤੋਂ ਕਰੀਏ) ਸੱਚ ਤੇ ਨਿਆਂ ਵਾਲੀ। ਹੰਕਾਰ (ਦੀ ਵਰਤੋਂ ਬੀ) ਛੋੜ ਦੇਈਏ (ਇਹ ਵੀਚਾਰਕੇ ਕਿ ਜੋ ਧੁਰੋਂ) ਲਿਖਿਆ ਹੈ (ਸੋ) ਪੱਲੇ ਪੈ ਜਾਣਾ ਹੈ (ਬ੍ਰਿਥਾ ਹੰਕਾਰ ਦੀ ਵਰਤੋਂ ਕਿਉਂ ਕਰੀਏ), ਲਾਹਾ (ਇਹ) ਹੈ॥ ੬॥
ਮਨਮੁਖੀਆ ਸਿਰਿ ਮਾਰ ਵਾਦਿ ਖਪਾਈਐ ॥ ਠਗਿ ਮੁਠੀ ਕੂੜਿਆਰ ਬੰਨ੍ਹਿ ਚਲਾਈਐ ॥੭॥	ਮਨਮੁਖ (ਲੋਕ ਜੀਉਂਦੇ ਜੀ ਤਾਂ) ਝਗੜਿਆਂ ਵਿਚ ਖਪਦੇ ਹਨ (ਤੇ ਮਰਕੇ ਉਨ੍ਹਾਂ ਦੇ) ਸਿਰ ਤੇ ਮਾਰ ਪੈਂਦੀ ਹੈ। (ਗੱਲ ਕੀ, ਸਾਰੀ) ਕੂੜਿਆਰ (ਲੁਕਾਈ ਜੋ ਮਾਇਆ) ਠੱਗ ਨੇ ਮੁੱਠੀ ਹੋਈ ਹੁੰਦੀ ਹੈ ਉਹ ਬੰਨ੍ਹਕੇ (ਦੁਖ ਭੋਗਣ ਲਈ) ਧੱਕੀ ਜਾਂਦੀ ਹੈ॥ ੭॥
ਸਾਹਿਬੁ ਰਿਦੈ ਵਸਾਇ ਨ ਪਛੋਤਾਵਹੀ ॥ ਗੁਨਹਾਂ ਬਖਸਣਹਾਰੁ ਸਬਦੁ ਕਮਾਵਹੀ ॥੮॥	(ਪਰ) ਜੋ ਸਾਹਿਬ ਨੂੰ ਹਿਰਦੇ ਵਿਚ ਵਸਾ ਲਏਗਾ ਓਹ ਪਛੋਤਾਏਗਾ ਨਹੀਂ, (ਹਾਂ ਜੋ) ਸ਼ਬਦ ਦੀ ਕਮਾਈ ਕਰੇਗਾ (ਭਾਵ ਨਾਮ ਜਪੇਗਾ ਉਸ ਦੇ) ਪਾਪ ਬਖਸ਼ਣਹਾਰ (ਪ੍ਰਭੂ ਆਪ ਹੈ)॥ ੮॥

ਨਾਨਕੁ ਮੰਗੈ ਸਚੁ ਗੁਰਮੁਖਿ ਘਾਲੀਐ॥ ਮੈ ਤੁਝ ਬਿਨੁ ਅਵਰੁ ਨ ਕੋਇ ਨਦਰਿ ਨਿਹਾਲੀਐ ॥੯॥੧੬॥	(ਹੇ ਪ੍ਰਭੂ) ਨਾਨਕ (ਆਪ ਤੋਂ) ਸੱਚ ਮੰਗਦਾ ਹੈ ਜੋ ਗੁਰੂ ਦੁਆਰਾ ਦੇ ਦਿਓ (ਭਾਵ, ਸੱਚਾ ਨਾਮ ਬਖਸ਼ ਦਿਓ ਗੁਰੂ ਦੀ ਰਾਹੀਂ)। ਤੇਰੇ ਬਿਨਾਂ ਮੇਰਾ ਹੋਰ ਕੋਈ (ਆਸਰਾ) ਨਹੀਂ ਹੈ; (ਮੈਨੂੰ) ਮੇਹਰ ਦੀ ਨਜ਼ਰ ਨਾਲ ਨਿਹਾਲ ਕਰੋ (ਅਥਵਾ ਤੱਕ ਲਵੋ)॥ ੯॥ ੧੬॥

ਵਯਾਖਯਾ-ਅੰਕ ੧ ਜਗਤ ਵਿਚ ਰੁੱਝੇ ਗ਼ਾਫ਼ਲ ਲੋਕ ਆਵਾਗਵਨ ਵਿਚ ਰਹਿੰਦੇ ਹਨ। ਕਿਉਂਕਿ ਸਚ (=ਸਤਯ ਸਰੂਪ ਪ੍ਰਭੂ) ਨੂੰ ਪਿਆਰ ਨਹੀਂ ਕਰਦੇ।

ਰਹਾਉ ਵਿਚ ਇਸ ਦੇ ਉਲਟ ਗੁਰ ਸ਼ਬਦ ਨਾਮ ਦੀ ਕਮਾਈ ਕਰਨ ਵਾਲੇ ਸਚ-ਪਯਾਰੇ ਦੀ ਉੱਤਮ ਦਸ਼ਾ ਦਿਖਾਈ ਹੈ ਕਿ ਉਹ ਭਟਕਣੋਂ ਹਟ ਜਾਂਦੇ ਹਨ, ਮੋਹ ਮਾਇਆ ਜਿੱਤ ਲੈਂਦੇ ਹਨ ਤੇ ਅਪਣੇ ਸਰੂਪ ਵਿਚ ਟਿਕ ਜਾਂਦੇ ਹਨ।

ਅੰਕ ੨-ਵਾਹਿਗੁਰੂ ਸਚਿਆਰ ਹੈ, ਸੱਚ ਹੀ ਉਸ ਦਾ ਆਕਾਰ ਹੈ, ਸੋ ਸਚ ਨਾਲ ਹੀ ਪਾਈਦਾ ਹੈ, ਐਉਂ ਕਿ ਉਸ ਸੱਚੇ ਨਾਲ ਚਿਤ ਲਾ ਦੇਈਦਾ ਹੈ। ਭਾਵ ਨਾਮ ਨਾਲ ਉਸ ਨੂੰ ਪਿਆਰ ਕਰੀਦਾ ਹੈ।

ਅੰਕ ੩-ਕਿਸੇ ਸ਼ੋਕਾਤੁਰ ਪ੍ਰਤੀ ਕਹਿੰਦੇ ਹਨ: ਮਰ ਗਏ ਨੂੰ ਕਿਉਂ ਰੋਂਦੇ ਹੋ, ਵਾਹਿਗੁਰੂ ਦਾ ਨਾਮ ਲਵੋ, ਸਿਫਤ ਸਲਾਹ ਕਰੋ, ਪ੍ਰੇਮ ਵਿਚ ਆਕੇ ਅੱਥਰੂ ਕਿਰਨ, ਇਹ ਰੋਣਾ ਸਫਲ ਹੋਊ; ਕਿਉਂਕਿ ਇਸ ਨਾਲ ਤੁਸੀਂ ਨਾ ਸ਼ੁਕਰੇ ਹੋਕੇ ਮਰ ਗਿਆਂ ਨੂੰ ਨਹੀਂ ਰੋਵੋਗੇ, ਸਗੋਂ ਉਸ ਦਾ ਹੁਕਮ ਪਛਾਣ ਕੇ ਗ਼ਮ ਚਿੰਤਾ ਤੋਂ ਰਹਿਤ ਹੋ ਜਾਓਗੇ।

ਅੰਕ ੪- ਸਭ ਕੋਈ ਅਪਣਾ ਰੋਜ਼ੀਨਾ, ਭਾਵ ਸੰਸਾਰਕ ਲੋੜਾਂ ਪੂਰਕ ਸਾਮਾਨ, ਹੁਕਮ ਤੋਂ ਲਿਖਾਕੇ ਲਿਆਇਆ ਹੈ। ਸੋ ਜੇ ਹੁਕਮ ਨੂੰ ਪਛਾਣ ਲਵੇ, ਜੋ ਵਰਤੇ ਹੁਕਮ ਸਮਝੇ ਤਾਂ ਉਸ ਨੂੰ ਇਹ ਸਿਦਕ ਦਾ ਲਾਹਾ ਪੱਲੇ ਪਵੇਗਾ, ਸਾਈਂ ਨਾਲ ਨੇਹੁੰ ਲਗੇ ਰਹਿਣ ਦਾ ਲਾਹਾ ਪੱਲੇ ਪਵੇਗਾ, ਸਾਈਂ ਨਾਲ ਨੇਹੁੰ ਲਗੇ ਰਹਿਣ ਦਾ ਲਾਹਾ ਨਾਲ ਹੋਵੇਗਾ। ਇਸ ਅੰਕ ਦਾ ਭਾਵ ਐਉਂ ਬੀ ਲਾਉਂਦੇ ਹਨ ਕਿ ਹਰੀ ਦੇ ਹੁਕਮ ਦੁਆਰਾ ਨਾਮ ਦਾ ਰੁਜ਼ੀਨਾ ਜੋ ਲਿਖਾ ਲਿਆਇਆ ਹੈ ਉਹ ਹੁਕਮ ਨੂੰ ਪਛਾਣ ਕੇ ਲਾਹਾ ਖੱਟਕੇ ਜਾਏਗਾ।

ਅੰਕ ੫-ਜੇ ਹੁਕਮ ਨਾਲ ਪਹਿਨਿਆ ਜਾਏਗਾ। ਹੁਕਮ ਦਾ ਪੁਸ਼ਾਕਾ ਕਿਹੜਾ ਹੈ? ਆਸਾ ਦੀ ਵਾਰ ਵਿਚ ਸਤਿਗੁਰੂ ਜੀ ਨੇ ਦੱਸਿਆ ਹੈ:-

ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ॥
ਖਸਮੈ ਭਾਵੈ ਸੋ ਕਰੇ ਮਨਹੁ ਚਿੰਦਿਆ ਸੋ ਫਲੁ ਪਾਇਸੀ॥
ਤਾ ਦਰਗਹ ਪੈਧਾ ਜਾਇਸੀ॥ ੧੫॥　　[ਆਸਾ ਵਾਰ ਮਹਲਾ ੧-੧੫]

ਅੰਕ ੬-ਮਨ ਵਿਚ ਵਸਾਈਏ ਨਾਮ। ਏਥੇ 'ਨਾਮ' ਦੀ ਲੁਪਤੀ ਹੈ ਸੀ, ਨਾਮ ਦੇ ਸਹਾਯਕ ਦੋ ਸੱਚ *ਤੇ ਨਿਆਂ। 'ਸਚ ਨਿਆਉ' ਜਗਤ ਨਾਲ ਵਰਤਾਰੇ ਦੀ ਗਲ ਦੱਸੀ ਤੇ 'ਮਨਿ ਵਸਾਈਐ ਨਾਮ' ਇਹ ਸਾਈਂ ਨਾਲ ਸੰਬੰਧ ਦੀ ਗਲ ਦੱਸੀ ਅਤੇ 'ਗਰਬੁ ਵੰਞਾਈਐ' ਅਪਣੇ ਆਪੇ ਨਾਲ ਸਾਈਂ ਨਾਲ ਤੇ ਜਗਤ ਨਾਲ ਤ੍ਰੈਹਾਂ ਨਾਲ ਸੰਬੰਧ ਦੀ ਗਲ ਦੱਸੀ। ਗਰਬ ਛੱਡਣ ਨਾਲ ਆਪਣੇ ਤੇ ਸਾਈਂ ਦੇ ਵਿਚਕਾਰ ਦਾ ਪਰਦਾ ਮਿਟਦਾ ਹੈ; ਗਰਬ ਛਡਣ ਨਾਲ ਜਗਤ ਵਰਤੋਂ ਨਿੰਮ੍ਰਤਾ ਤੇ ਸਰਬਤ ਦੇ ਭਲੇ ਦੀ ਹੋ ਜਾਂਦੀ ਹੈ।

ਅੰਕ ੭-ਫੇਰ ਮਨਮੁਖੀਆਂ ਦੀ ਦੁਰਦਸ਼ਾ ਦੱਸੀ ਹੈ।

ਅੰਕ ੮ ਵਿਚ ਫੇਰ ਸ਼ਬਦ ਦੀ ਕਮਾਈ ਕਰਕੇ ਸਾਈਂ ਦੇ ਅੰਦਰ ਪ੍ਰਕਾਸ਼ ਪਾ ਜਾਣ ਦੀ ਅਵਸਥਾ ਦੱਸੀ ਕਿ ਇਸ ਨਾਲ ਪਿੱਛੇ ਕੀਤੇ ਪਾਪ ਬੀ ਬਖਸ਼ੇ ਜਾਣਗੇ, ਸੋ ਕੋਈ ਕੀਤਿਆਂ ਦਾ ਪਛੁਤਾਵਾ ਬੀ ਅੱਗੇ ਚੱਲਕੇ ਨਾ ਸਤਾਏਗਾ।

ਅੰਕ ੯ ਵਿਚ 'ਸਚ' ਦੀ, 'ਸਚੇ ਨਾਮ' ਦੀ ਦਾਤ ਮੰਗੀ ਹੈ ਤੇ ਮੇਹਰ ਦੀ ਦ੍ਰਿਸ਼ਟੀ ਦੀ ਯਾਚਨਾ

ਕੀਤੀ ਹੈ। ਇਹ ਅਰਦਾਸ ਹੈ, ਨਾਮ ਤੇ ਮੇਹਰ ਦੀ ਮੰਗ।

ਨਿਰੁਕ੍ਤ–ਚਲਣਹਾਰ–ਚੱਲਣ ਵਾਲਾ। ਭਾਵ ਪਾਂਧੀ, ਮੁਸਾਫਰ।

ਵਾਟ–ਰਸਤਾ। 'ਵਾਟ ਵਟਾਇਆ' ਦਾ ਭਾਵ ਐਉਂ ਬੀ ਲੈਂਦੇ ਹਨ ਕਿ ਗੁਰਮੁਖ ਸੰਸਾਰ ਦੇ ਵਾਟ ਨੂੰ ਵਟਾਕੇ ਭਾਵ ਉਸ ਦੇ ਉਲਟ ਟੁਰਦੇ ਨਾਮ ਜਪਦੇ ਹਨ ਤੇ ਦੋਹੁੰ ਸਤਰਾਂ ਵਿਚ ਗੁਰਮੁਖਾਂ ਤੇ ਮਨਮੁਖਾਂ ਦਾ ਟਾਕਰਾ ਆ ਗਿਆ ਹੈ। ਪਰ ਰਹਾਉ ਦੀ ਤੁਕ ਦੱਸਦੀ ਹੈ ਕਿ ਦੋਹਾਂ ਵਿਚ ਮਨਮੁਖੀ ਜੀਵਨ ਦਾ ਜ਼ਿਕਰ ਹੈ ਤੇ ਗੁਰਮੁਖੀ ਜੀਵਨ ਰਹਾਉ ਵਿਚ ਹੈ।

ਵਿਸਰਜਿਆ–ਤਜਾਗਿਆ।

ਸਚਿਆਰੁ–ਸਚ ਹੀ ਜਿਸ ਦਾ ਆਕਾਰ (ਸਰੂਪ) ਹੈ।

ਵਜਹੁ– [ਅ:, ਵਜਹ=ਰੋਜ਼ੀਨਾ] ਰੋਜ਼ੀਨਾ। ਭਾਵ ਹੈ ਸੰਸਾਰਕ ਨਿਰਬਾਹ ਦਾ ਰੋਜ਼ੀਨਾ।

(ਅ) ਦੂਜਾ ਅਰਥ ਵਯਾਖਯਾ ਵਿਚ ਹੈ।

ਪੈਧਾ–ਪਹਿਨਿਆ ਹੋਇਆ। ਭਾਵ ਵਯਾਖਯਾ ਵਿਚ ਆ ਚੁਕਾ ਹੈ।

ਬੰਦਿ ਰਬਾਣੀਐ–ਰੱਬਾਣੀ ਬੰਦ ਵਿਚ। ਰਬ ਦੀ ਪਾਈ ਕੈਦ ਵਿਚ। (ਅ) ਇਸ ਪਦ ਦੇ ਅਨੇਕ ਅਰਥਾਂ ਦੇ ਪ੍ਰੇਮੀ ਕਈ ਅਰਥ ਲਾਉਂਦੇ ਹਨ ਪਰ ਵਾਰ ਮਲਾਰ ਮਹਲਾ ੧ ਵਿਚ ਗੁਰੂ ਜੀ ਨੇ ਆਪ ਅਰਥ ਕੀਤੇ ਹਨ:-

'ਇਕਨ੍ਹਾਂ ਗਲੀ ਜੰਜੀਰ ਬੰਦਿ ਰਬਾਣੀਐ॥'

[ਮਲਾਰ ਵਾਰ ੧-੨੧]

'ਗਲੀ ਜੰਜੀਰ' ਪਦ ਨੇ ਬੰਦਿ ਦੇ ਅਰਥ 'ਕੈਦ' ਸਪਸ਼ਟ ਕਰ ਦਿੱਤੇ ਹਨ। ਰਬਾਣੀਐ=ਅਰਬੀ ਪਦ ਹੈ, ਰੱਬਾਨੀ=ਰਬ ਦੇ। ਪੰਜਾਬੀ ਵਿਚ ਬੀ ਆਮ ਬੋਲਦੇ ਹਨ, 'ਦੇਖੋ ਬਈ ਹੁਣ ਰੰਗ ਰਬਾਨੇ'।

ਵਾਦਿ–ਵਾਦਾਂ ਨਾਲ, ਝਗੜਿਆਂ ਵਿਚ।

[ਆਸਾ ਮਹਲਾ ੧, ਅਸਟਪਦੀ-੧੭]

ਮੂਲ	ਅਰਥ
ਆਸਾ ਮਹਲਾ ੧ ॥	
ਕਿਆ ਜੰਗਲੁ ਢੂਢੀ ਜਾਇ ਮੈ ਘਰਿ ਬਨੁ ਹਰੀਆਵਲਾ ॥ ਸਚਿ ਟਿਕੈ ਘਰਿ ਆਇ ਸਬਦਿ ਉਤਾਵਲਾ ॥੧॥	ਮੈਂ ਜੰਗਲ ਨੂੰ (ਕਿਉਂ) ਜਾਵਾਂ (ਓਥੇ) ਜਾਕੇ ਕੀਹ ਢੂੰਡਾਂ, (ਜਦ ਕਿ ਮੇਰੇ) ਘਰ ਵਿਚ ਹੀ ਹਰਿਆ ਭਰਿਆ ਬਨ ਹੈ; (ਅਤੇ ਜਦ ਕਿ) ਸ਼ਬਦ ਦੁਆਰਾ 'ਸੱਚ' ਛੇਤੀ ਤੋਂ ਛੇਤੀ ਮਨ ਵਿਚ ਆ ਟਿਕਦਾ ਹੈ॥ ੧॥
ਜਹ ਦੇਖਾ ਤਹ ਸੋਇ ਅਵਰੁ ਨ ਜਾਣੀਐ ॥ ਗੁਰ ਕੀ ਕਾਰ ਕਮਾਇ ਮਹਲੁ ਪਛਾਣੀਐ ॥੧॥ ਰਹਾਉ ॥	(ਜਦ ਸੱਚ ਮਨ ਵਿਚ ਇਉਂ ਟਿਕ ਜਾਂਦਾ ਹੈ ਤਾਂ) ਜਿੱਧਰ ਦੇਖੀਏ ਉਹੋ ਉਹੋ ਦਿੱਸਦਾ ਹੈ, ਦੂਜਾ (ਫੇਰ) ਭਾਸਦਾ ਹੀ ਨਹੀਂ। (ਫੇਰ) ਗੁਰੂ ਦੀ (ਦੱਸੀ) ਕਾਰ ਕਰਦਿਆਂ ਉਸ ਸਤਯ ਸਰੂਪ ਦਾ (ਆਪਣਾ) ਸਰੂਪ ਪਛਾਣ ਲਈਦਾ ਹੈ ॥ ੧॥ ਰਹਾਉ॥
ਆਪਿ ਮਿਲਾਵੈ ਸਚੁ ਤਾ ਮਨਿ ਭਾਵਈ ॥ ਚਲੈ ਸਦਾ ਰਜਾਇ ਅੰਕਿ ਸਮਾਵਈ ॥੨॥	ਜਦੋਂ (ਹਰੀ) ਆਪ ਸੱਚ ਨੂੰ ਮਿਲਾਵੇ ਤਾਂ (ਸੱਚ) ਮਨ ਨੂੰ ਚੰਗਾ ਲਗਦਾ ਹੈ, (ਇਸ ਦਾ ਰਾਹ ਇਹ ਹੈ ਕਿ) ਸਦਾ (ਹਰੀ ਦੀ) ਰਜ਼ਾ ਵਿਚ ਚੱਲੇ ਤਾਂ (ਹਰੀ ਦੇ) ਸਰੂਪ ਵਿਚ ਸਮਾ ਜਾਂਦਾ ਹੈ॥ ੨॥

ਸਚਾ ਸਾਹਿਬੁ ਮਨਿ ਵਸੈ ਵਸਿਆ ਮਨਿ ਸੋਈ ॥ ਆਪੇ ਦੇ ਵਡਿਆਈਆ ਦੇ ਤੋਟਿ ਨ ਹੋਈ ॥੩॥	(ਜਿਸ ਦੇ) ਮਨ ਵਿਚ ਉਹੀ (ਭਾਵ ਨਾਮ) ਆ ਵਸਦਾ ਹੈ (ਉਸੇ ਦੇ ਮਨ ਵਿਚ) ਸੱਚਾ ਸਾਹਿਬ ਆ ਵਸਦਾ ਹੈ। (ਉਸੇ ਨੂੰ ਹਰੀ) ਆਪੇ ਵਡਿਆਈਆਂ ਦੇਂਦਾ ਹੈ, (ਜੋ ਕੁਛ ਉਹ) ਦੇਵੇ (ਉਸ ਵਿਚ ਫੇਰ) ਤੋਟਾ ਨਹੀਂ ਪੈਂਦਾ॥ ੩॥
ਅਬੇ ਤਬੇ ਕੀ ਚਾਕਰੀ ਕਿਉ ਦਰਗਹ ਪਾਵੈ ॥ ਪਥਰ ਕੀ ਬੇੜੀ ਜੇ ਚੜੈ ਭਰ ਨਾਲਿ ਬੁਡਾਵੈ ॥੪॥	ਐਰੇ ਗ਼ੈਰੇ ਦੀ ਚਾਕਰੀ ਕਰਕੇ (ਕੋਈ ਹਰੀ ਦੀ) ਦਰਗਾਹ ਕੀਕੂੰ ਪਾ ਸਕਦਾ ਹੈ? (ਜੀਕੂੰ ਕੋਈ) ਜੇ ਪੱਥਰ ਦੀ ਬੇੜੀ ਤੇ ਚੜ੍ਹ ਬੈਠੇ (ਤਾਂ ਉਹ ਬੇੜੀ ਦੇ) ਭਾਰ ਨਾਲ ਹੀ ਡੁਬ ਜਾਏਗਾ॥ ੪॥
ਆਪਨੜਾ ਮਨੁ ਵੇਚੀਐ ਸਿਰੁ ਦੀਜੈ ਨਾਲੇ ॥ ਗੁਰਮੁਖਿ ਵਸਤੁ ਪਛਾਣੀਐ ਅਪਨਾ ਘਰੁ ਭਾਲੇ ॥੫॥	(ਗੁਰੂ ਪਾਸ) ਆਪਣਾ ਮਨ ਵੇਚ ਦੇਈਏ ਤੇ ਸਿਰ ਬੀ ਨਾਲ ਦੇ ਦੇਈਏ (ਭਾਵ ਪ੍ਰੇਮ ਕਰੀਏ ਹੰਕਾਰ ਨੂੰ ਛਡਕੇ; ਫੇਰ ਉਸ) ਗੁਰੂ ਦੁਆਰਾ ਆਪਣੇ ਮਨ ਨੂੰ ਖੋਜੀਏ (ਤਾਂ ਆਤਮ) ਵਸਤੂ ਨੂੰ ਪਛਾਣ ਲਈਦਾ ਹੈ॥ ੫॥
ਜੰਮਣੁ ਮਰਣਾ ਆਖੀਐ ਤਿਨਿ ਕਰਤੈ ਕੀਆ ॥ ਆਪੁ ਗਵਾਇਆ ਮਰਿ ਰਹੇ ਫਿਰਿ ਮਰਣੁ ਨ ਥੀਆ ॥੬॥	(ਜੋ) ਜੰਮਣਾ ਮਰਣਾ ਕਹੀਦਾ ਹੈ (ਕਿ ਕਿਵੇਂ ਕਟੀਵੇ? ਉਹ) ਉਸੇ ਕਰਤਾਰ ਦਾ ਬਣਾਇਆ ਹੋਇਆ ਹੈ, (ਉਸੇ ਕਰਤਾਰ ਅਗੇ ਜਿਨ੍ਹਾਂ ਨੇ) ਆਪਾ ਭਾਵ ਗੁਆ ਦਿੱਤਾ ਹੈ, (ਓਹ ਜਾਣੋ ਐਸੀ ਮੌਤ) ਮਰ ਰਹੇ ਹਨ ਕਿ ਫੇਰ (ਉਨ੍ਹਾਂ ਦਾ ਇਹ ਆਵਾਗਵਨੀ) ਮਰਣਾ ਨਹੀਂ ਹੁੰਦਾ॥ ੬॥
ਸਾਈ ਕਾਰ ਕਮਾਵਣੀ ਧੁਰ ਕੀ ਫੁਰਮਾਈ ॥ ਜੇ ਮਨੁ ਸਤਿਗੁਰ ਦੇ ਮਿਲੈ ਕਿਨਿ ਕੀਮਤਿ ਪਾਈ ॥੭॥	(ਅਸਾਂ ਨੂੰ) ਓਹੋ ਕਾਰ ਕਮਾਉਣੀ (ਬਣਦੀ) ਹੈ (ਜੋ) ਧੁਰ ਤੋਂ (ਪ੍ਰਭੂ ਨੇ) ਫੁਰਮਾਈ ਸੀ, (ਉਹ ਹੈ, ਸਤਿਗੁਰੂ ਨੂੰ ਮਨ ਦੇਕੇ ਪ੍ਰਭੂ ਨੂੰ ਮਿਲ ਪੈਣਾ, ਸੋ ਕੋਈ) ਜੇ ਸਤਿਗੁਰੂ ਨੂੰ ਮਨ ਦੇ ਕੇ (ਪ੍ਰਭੂ ਨੂੰ) ਮਿਲ ਪਵੇ (ਤਦ ਉਸ ਦੀ) ਕੀਮਤ ਕੌਣ ਪਾ ਸਕਦਾ ਹੈ? (ਭਾਵ ਉਹ ਐਸਾ ਅਮੋਲਕ ਹੋ ਜਾਂਦਾ ਹੈ ਕਿ ਉਸ ਦੀ ਕੀਮਤ ਕੋਈ ਨਹੀਂ ਪਾ ਸਕਦਾ)॥ ੭॥
ਰਤਨਾ ਪਾਰਖੁ ਸੋ ਧਣੀ ਤਿਨਿ ਕੀਮਤਿ ਪਾਈ ॥ ਨਾਨਕ ਸਾਹਿਬੁ ਮਨਿ ਵਸੈ ਸਚੀ ਵਡਿਆਈ ॥੮॥੧੭॥	(ਪਰ ਹਾਂ ਉਸ ਦੀ) ਕੀਮਤ ਉਹ ਮਾਲਕ ਪਾ ਲੈਂਦਾ ਹੈ ਜੋ (ਮਾਲਕ ਕਿ) ਰਤਨਾਂ ਦਾ ਆਪ ਪਾਰਖੂ ਹੈ। ਹੇ ਨਾਨਕ ! ਸੱਚੀ ਵਡਿਆਈ (ਇਹੋ ਹੈ) ਕਿ (ਉਹ) ਮਾਲਕ ਮਨ ਵਿਚ ਵਸ ਜਾਵੇ॥ ੮॥ ੧੭॥

ਵਯਾਖਯਾ–ਅੰਕ ੧-ਮੇਰੇ ਘਰ ਵਿਚ ਜਦ ਹਰਿਆ ਭਰਿਆ ਬਨ ਹੈ ਤਾਂ ਜੰਗਲਾਂ ਵਿਚ ਜਾਕੇ ਕੀ ਲੱਭਣਾ ਹੈ। 'ਹਰੀਆਵਲੇ ਬਨ' ਤੋਂ ਮੁਰਾਦ ਸਾਈਂ ਦੀ ਹੋਂਦ ਦੇ ਨਿਸਚੇ ਨਾਲ ਪ੍ਰਫੁਲਤ ਮਨ ਹੈ। ਘਰਿ=ਮੇਰੇ ਘਰ ਵਿਚ ਯਾ ਸਰੀਰ ਵਿਚ ਸਾਈਂ ਦੀ ਹੋਂਦ ਨਾਲ ਪ੍ਰਫੁਲਤ ਮਨ ਹੈ। ਸਾਈਂ ਦੀ ਹੋਂਦ ਕੀ ਹੈ? ਸਾਈਂ ਦੀ ਹੋਂਦ ਸਤਯ ਵਸਤੂ ਹੈ, ਸਤਯ ਸਰੂਪ ਹੈ। ਇਹ ਸਤਿ ਜੰਗਲੀਂ ਜਾਕੇ ਹਠ ਤਪ ਕਰਨੇ ਨਾਲੋਂ ਸ਼ਬਦ ਦੁਆਰਾ ਛੇਤੀ ਮਨ ਵਿਚ ਆ ਟਿਕਦਾ ਹੈ। ਸ਼ਬਦ ਦਾ ਭਾਵ ਹੈ ਗੁਰੂ ਦੇ ਦਿਤੇ ਨਾਮ ਦੀ ਕਮਾਈ ਨਾਲ ਜੋ ਅੰਦਰ ਨਿਰੰਤਰ ਵਾਸਾ ਨਾਮ ਦਾ ਹੋ ਜਾਂਦਾ ਹੈ।

ਰਹਾਉ-ਜਦ ਅੰਦਰ ਸਤਯ ਸਰੂਪ ਟਿਕ ਜਾਂਦਾ ਹੈ ਤਦ ਬਾਹਰ ਬੀ ਜਿੱਧਰ ਨਜ਼ਰ ਜਾਏ ਉਹੋ ਦਿੱਸਦਾ ਹੈ। ਫੇਰ ਗੁਰੂ ਦੀ ਦੱਸੀ ਉਹੋ ਕਾਰ ਕਰਦਿਆਂ ਸਰੂਪ ਪਛਾਣੀਦਾ ਹੈ, ਭਾਵ ਪਾਰਬ੍ਰਹਮ ਪਰਮੇਸ਼ੁਰ ਨੂੰ ਸਿਆਣ ਲਈਦਾ ਹੈ। ਭਾਵ ਇਹ ਹੈ ਕਿ ਪਹਿਲੋਂ ਅੰਤਰਸਥ ਪ੍ਰਭੂ ਨਾਲ ਨਾਮ ਦੁਆਰਾ ਨੇਹੁੰ ਲਗਦਾ ਹੈ।

ਫੇਰ ਵਜ਼ਾਪਕ ਨਾਲ ਤੇ ਫੇਰ ਪਾਰਬ੍ਰਹਮ ਪਰਮੇਸ਼ੁਰ ਨਾਲ; ਪਰ ਅਪਣੇ ਅੰਦਰ ਵਸਦੇ ਸਤਜ ਸਰੂਪ ਨਾਲ ਨੇਹੁੰ ਤਾਂ ਲਗਦਾ ਹੈ ਜੇ ਉਹ ਅਪਣਾ ਸਤਜ ਸਰੂਪ ਸਾਨੂੰ ਆਪ ਮਿਲਾਵੇ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਫੇਰ ਸਾਡੇ ਕੀਹ ਵੱਸ? ਇਸ ਦਾ ਉੱਤਰ ਅਗਲੀ ਤੁਕ ਵਿਚ ਦੇਂਦੇ ਹਨ। ਉਸ ਦੀ ਰਜ਼ਾ ਵਿਚ ਟੁਰ ਪਈਏ। ਰਜ਼ਾ ਵਿਚ ਟੁਰਨੇ ਤੇ ਉਸ ਦੇ ਸਰੂਪ ਨੂੰ ਪ੍ਰਾਪਤ ਹੋ ਜਾਈਦਾ ਹੈ।

ਅੰਕ ੩ ਵਿਚ ਰਜ਼ਾ ਦੀ ਮੰਜ਼ਲੇ ਚੜ੍ਹਨ ਦਾ ਵਸੀਲਾ ਨਾਮ ਦੱਸਿਆ ਹੈ ਪਦ 'ਨਾਮ' ਦੀ ਇਥੇ ਲੁਪਤੀ ਹੈ, ਪਰ ਸੋਈ ਤੋਂ ਭਾਵ ਨਾਮ ਦਾ ਹੀ ਸਹੀ ਹੁੰਦਾ ਹੈ। ਜੇ ਨਾਮ ਮਨ ਵਿਚ ਵਸ ਗਿਆ ਤਾਂ ਜਾਣੋਂ ਸਾਹਿਬ ਵਸ ਗਿਆ, ਨਾਮ ਨਾਮੀ ਦੀ ਅਭੇਦਤਾ ਹੋਣੇ ਤੇ ਜਦ ਮਨ ਵਸ ਗਿਆ ਤਾਂ ਵਡਿਆਈ ਬੀ ਉਹ ਨਾਮੀ ਆਪ ਦੇਂਦਾ ਹੈ।

ਅੰਕ ੪ ਵਿਚ ਦੱਸਦੇ ਹਨ ਕਿ ਸਾਹਿਬ ਦੀ ਸੇਵਾ ਕਰੋ, ਸਚੇ ਸਾਹਿਬ ਦੀ; ਜੇ ਅਬੇ ਤਬੇ-ਐਰੇ ਗ਼ੈਰੇ ਨੱਥੂ ਖ਼ੈਰੇ-ਦੀ ਚਾਕਰੀ ਕਰੋਗੇ ਤਾਂ ਉਪਰ ਕਹੀ ਪ੍ਰਾਪਤੀ ਨਹੀਂ ਹੋਣੀ। ਮੁਰਾਦ ਹੈ ਕਿ ਇਤਰ ਦੇਵਾਂ ਦੀ ਯਾ ਮਨੁੱਖਾਂ ਦੀ ਪੂਜਾ ਕਰੋਗੇ ਤਾਂ ਕੁਛ ਨਹੀਂ ਲੱਭਣਾ। ਮਿਸਾਲ ਦੇਂਦੇ ਹਨ ਕਿ ਪੱਥਰ ਦੀ ਬੇੜੀ ਤੇ ਚੜ੍ਹ ਬਹੀਏ ਤਾਂ ਉਸ ਦੇ ਭਾਰ ਨਾਲ ਹੀ ਡੁੱਬ ਜਾਵਾਂਗੇ। ਬੇੜੀ ਹਲਕੇ ਪਦਾਰਥ ਤੇ ਹਲਕੇ ਰੱਖਣ ਵਾਲੀ ਸ਼ਕਲ ਦੀ ਲੋੜੀਏ। ਸੋ ਰੂਹ ਨੂੰ ਹਲਕਾ ਰੱਖਣ ਵਾਲੀ ਚਾਕਰੀ ਵਾਹਿਗੁਰੂ ਦੀ ਹੈ।

ਅੰਕ ੫ ਵਿਚ ਰੂਹ ਦੇ ਹਲਕਾਪਨ ਦੀ ਵਜਾਖਜਾ ਹੈ ਕਿ ਮਨ ਵਿਚੋਂ ਹੰਕਾਰ ਦਾ ਭਾਰ ਦੂਰ ਕਰੀਏ, ਮਨ ਵਿਚੋਂ ਮਮਤ੍ਵ ਦਾ ਭਾਰ ਕੱਢੀਏ, ਮਨ ਗੁਰੂ ਅਰਪਨ ਕਰੀਏ, ਫੇਰ ਇਸੇ ਹਲਕੇ ਹੋਏ ਮਨ ਵਿਚ ਖੋਜ ਕਰੀਏ ਤਾਂ ਆਤਮ ਵਸਤੂ ਨੂੰ ਸਿਆਣ ਲਈਦਾ ਹੈ।

ਅੰਕ ੬-ਜਗਜਾਸੂ ਪੁੱਛਦਾ ਹੈ, ਐਉਂ ਜਨਮ ਮਰਣ ਕਟ ਹੋ ਜਾਏਗਾ? ਤਾਂ ਉੱਤਰ ਦੇਂਦੇ ਹਨ ਕਿ ਇਹ ਤਾਂ ਕੀਤਾ ਹੀ ਪ੍ਰਭੂ ਦਾ ਹੈ ਤੇ ਜਦ ਤੂੰ ਉਸ ਨੂੰ ਪਛਾਣ ਲਿਆ ਤੇ ਉਸ ਨੂੰ ਪ੍ਰਾਪਤ ਹੋ ਗਿਆ ਫੇਰ ਇਹ ਸਵਾਲ ਹੀ ਨਹੀਂ ਉਠਦਾ, ਕਿਉਂਕਿ 'ਆਪਾ ਭਾਵ ਹੰਕਾਰ' ਜਦ ਮਰ ਗਿਆ ਤਦ ਉਹ ਮੌਤ ਹੋ ਗਈ ਕਿ ਜਿਸ ਮਗਰੋਂ ਜਨਮ ਹੋਣਾ ਹਰਾਮ ਹੋ ਗਿਆ। ਜਦ ਜਨਮ ਹੀ ਨਹੀਂ ਹੋਣਾ ਤਾਂ ਮੌਤ ਆਪੇ ਵਰਜਿਤ ਹੋ ਗਈ।

ਅੰਕ ੭-ਸਾਨੂੰ ਉਹ ਕਾਰ ਕਰਨੀ ਉਚਿਤ ਹੈ ਜੋ ਧੁਰੋਂ ਕਰਨੀ ਫੁਰਮਾਈ ਹੈ ਉਸ ਅਨੁਸਾਰ ਜੇ ਜੀਵ ਅਪਣਾ ਮਨ ਸਤਿਗੁਰੂ ਨੂੰ ਦੇਕੇ ਮਿਲ ਪਵੇ ਕਰਤਾ ਪੁਰਖ ਨੂੰ ਤਾਂ ਉਸ ਦੀ ਕੀਮਤ ਕੌਣ ਪਾ ਸਕਦਾ ਹੈ। ਇਥੇ ਕਈ ਦਾਨੇ ਇਉਂ ਭਾਵ ਲੈਂਦੇ ਹਨ ਕਿ ਜੋ ਕਰਤੇ ਨੇ ਕਾਰ ਸਾਡੇ ਭਾਗਾਂ ਵਿਚ ਲਿਖੀ ਹੈ ਉਹੋ ਅਸਾਂ ਕਰਨੀ ਹੈ। ਜੇ ਅਸੀਂ ਉਸ ਕਰਨੇ ਵਿਚ ਮੂਲੋਂ ਬੇਵਸ ਹਾਂ ਤਾਂ ਫੇਰ ਮਨ ਦਾ ਸਤਿਗੁਰੂ ਨੂੰ ਮਿਲਨਾ ਬੀ ਵੱਸ ਨਹੀਂ। ਫੇਰ ਪਦ ਫੁਰਮਾਈ ਦੱਸਦਾ ਹੈ ਕਿ ਕੋਈ ਕਰਨ ਯੋਗ ਗਲ ਹੈ ਜੋ ਕਰਨੀ ਫੁਰਮਾਈ ਹੈ, ਜਿਸ ਦੇ ਕਰਨੇ ਦਾ ਹੁਕਮ ਕੀਤਾ ਹੈ ਕਿ ਤੁਸਾਂ ਜਨਮ ਧਾਰਕੇ ਇਹ ਕੁਛ ਕਰਨਾ ਹੈ।

ਅੰਕ ੮-ਅੰਕ ੭ ਵਿਚ ਫੁਰਮਾਇਆ ਹੈ ਕਿ ਉਸ ਦੀ ਕੀਮਤ ਕੌਣ ਪਾ ਸਕਦਾ ਹੈ? ਭਾਵ ਕੋਈ ਨਹੀਂ ਪਾ ਸਕਦਾ। ਇਸ ਲਈ ਗਲ ਖੋਹਲਦੇ ਹਨ ਕਿ ਇਕ ਹੈ ਜੋ ਕੀਮਤ ਪਾਉਣ ਨੂੰ ਸਮਰੱਥ ਹੈ, ਉਹ ਹੈ ਕਰਤਾਰ ਆਪ, ਜੋ ਸਾਡਾ ਸਾਹਿਬ ਹੈ, ਇਨ੍ਹਾਂ ਰਤਨਾਂ ਦਾ ਪਾਰਖੂ ਹੈ ਉਹ; ਭਗਤੀ, ਪ੍ਰੇਮ, ਹਉਂ ਅਭਾਵਤਾ, ਸਾਰੇ ਗੁਣਾਂ ਦਾ ਮੁੱਲ ਪਾਉਣ ਵਾਲਾ ਉਹ ਹੈ। ਮੁੱਲ ਕੀ ਪਾਉਂਦਾ ਹੈ? ਕਿ ਐਸੇ ਪੁੱਗੇ ਮਹਾਂਪੁਰਖ ਨੂੰ ਅਪਣੇ ਸਰੂਪ ਵਿਚ ਨਿਵਾਸ ਬਖਸ਼ਦਾ ਹੈ। ਇਸ ਲਈ ਦੁਨੀਆਂ ਵਿਚ ਸਚੀ ਵਡਿਆਈ ਕਿਸ ਗਲ ਵਿਚ ਹੈ? ਉਸ ਸਾਹਿਬ ਦਾ ਮਨ ਵਿਚ ਵਸ ਜਾਣਾ। ਸੋ ਸਿਮਰਨ ਦੁਆਰਾ ਉਸ ਸਾਹਿਬ ਨੂੰ ਮਨ ਵਿਚ ਵਸਾਓ।

ਨਿਰੁਕ੍ਤ-ਸਬਦਿ-ਸ਼ਬਦ ਦੁਆਰਾ।

ਉਤਾਵਲਾ- [ਪੰ:,] ਛੇਤੀ। ਜਲਦੀ।

ਅੰਕਿ- [ਸੰਸ:, ਅਙ੍ਕੰ=ਜਿਸਮ] ਗੋਦ ਵਿਚ। ਭਾਵ ਸਰੂਪ ਵਿਚ।

ਤੋਟਿ- [ਪੰ:,] ਟੋਟ। ਘਾਟਾ।

ਅਬੇ ਤਬੇ-'ਅਬੇ ਤਬੇ' ਇਕ ਮੁਹਾਵਰੇ ਦਾ ਲਫਜ਼ ਹੈ। ਇਸਦਾ ਭਾਵ 'ਐਰੇ ਗ਼ੈਰੇ ਨਥੂ ਖ਼ੈਰੇ' ਤੋਂ ਹੈ। ਐਸੀਆਂ ਵਜ਼ਕਤੀਆਂ ਜਿਨ੍ਹਾਂ ਵਿਚ ਗੁਣ ਕੋਈ ਨਹੀਂ। ਭਾਵ ਹੈ ਈਸ਼੍ਵਰ ਤੋਂ ਛੁੱਟ ਹੋਰ ਦੇਵਤੇ, ਮਨੁੱਖ, ਬਨਾਵਟੀ ਸਾਧੂ ਆਦਿ। ਅਰਥ ਐਉਂ ਕਰਦੇ ਹਨ ਕਿ ਜਿਨ੍ਹਾਂ ਨੂੰ ਈਸ਼੍ਵਰ 'ਅਬੇ' ਕਰਕੇ ਬੁਲਾਵੇ ਤਾਂ ਉਹਨਾਂ ਨੂੰ 'ਤਬੇ'=ਉਸ ਵੇਲੇ 'ਹਾਂ ਹਜ਼ੂਰ' ਕਰਨਾ ਪਵੇ। ਯਾ ਜਿਨ੍ਹਾਂ ਨੂੰ ਈਸ਼੍ਵਰ 'ਅਬੇ ਤਬੇ' (=ਓਇ) ਆਖ ਸਕਦਾ ਹੈ। (ਅ) ਮਹਾਂ ਪੁਰਖ ਆਖਦਾ ਹੈ: ਅਰੇ ਸੇਵਕ ਯਿਹ ਕਾਮ 'ਅਬੇ' ਕਰ, ਤਾਂ ਉਹ ਕਹਿੰਦਾ ਹੈ ਹੁਣੇ ਵਿਹਲ ਨਹੀਂ, ਨਾ ਅਬੀ ਕਰਨ ਦੀ ਲੋੜ ਹੈ, ਜਬੇ ਲੋੜ ਹੋਗੀ 'ਤਬੇ' ਕਰੂੰਗਾ। ਐਸਾ ਨੌਕਰ ਜੋ ਸਾਹਮਣੇ ਬੋਲਦਾ ਹੈ ਦਰਗਾਹੇ ਨਹੀਂ ਪਹੁੰਚਦਾ। ਪਰ ਐਉਂ ਜਾਪਦਾ ਹੈ ਕਿ 'ਅਬੇ ਤਬੇ' ਕਹਿਣਾ ਹਕੂਮਤ ਕਰਨ ਦੀ ਨਿਸ਼ਾਨੀ ਹੈ ਤੇ ਅਬੇ ਤਬੇ ਸੁਣਕੇ ਸਹਿਣਾ ਚਾਕਰੀ ਯਾ ਗ਼ੁਲਾਮੀ ਹੈ। ਏਸ ਤੁਕ ਵਿਚ ਦੂਸਰੇ ਅਰਥ ਲਗਦੇ ਹਨ ਕਿ ਜੋ ਅਬੇ ਤਬੇ ਕਰਕੇ ਪੁਕਾਰੇ ਜਾਂਦੇ ਹਨ, ਉਹਨਾਂ ਦੀ ਸੇਵਾ। ਇਕ ਹੋਰ ਥਾਂ ਗੁਰਬਾਣੀ ਵਿਚ ਅਬੇ ਤਬੇ ਦਾ ਵਰਤਾਉ ਅਬੇ ਤਬੇ ਕਰਨ ਵਾਲਿਆਂ ਤੇ ਹੈ। ਹਕੂਮਤ ਕਰਨ ਵਾਲਾ; ਯਥਾ:-

'ਅਬੇ ਤਬੇ ਕੂੜੇ ਹੈ ਪਾਜਾ॥' [ਗਉੜੀ ਮਹਲਾ ੧, ਅਸਟਪਦੀ-੧੦]

ਭਾਵ-ਅਬੇ ਤਬੇ ਕਰਨਾ ਯਾ ਹਕੂਮਤ ਕਰਨੀ ਕੂੜਾ ਪਾਜ ਹੈ।

ਭਰ ਨਾਲਿ-ਭਾਰ ਨਾਲ। ਇਹ ਅਰਥ ਐਉਂ ਸਿਧ ਹੁੰਦੇ ਹਨ ਕਿ ਮਾਰੂ ਮਹਲਾ ੧ ਵਿਚ ਗੁਰੂ ਨਾਨਕ ਦੇਵ ਜੀ ਲਿਖਦੇ ਹਨ:-

ਹਿਕਨੀ ਲਦਿਆ ਹਿਕਿ ਲਦਿ ਗਏ ਹਿਕਿ ਭਾਰੇ ਭਰ ਨਾਲਿ॥ [ਮਾਰੂ ਮਹਲਾ ੧, ਅਸਟ:-੧੦]

ਦਾਨੇ ਏਥੇ 'ਭਰਨਾਲਿ' ਦਾ ਅਰਥ ਸਮੁੰਦਰ ਬੀ ਕਰਦੇ ਹਨ, ਕਿ ਉਸ ਨੂੰ ਸਮੁੰਦਰ ਡੋਬ ਲਏਗਾ। ਇਸ ਅਰਥ ਵਿਚ ਭਾਈ ਗੁਰਦਾਸ ਜੀ ਨੇ ਬੀ ਇਹ ਪਦ ਵਰਤਿਆ ਹੈ:-

ਪੋਪਲੀਆ ਭਰਨਾਲਿ ਲਖ ਤਰੰਦੀਆ॥ [ਵਾਰ ੨੧-੧੬]

ਮਨੁ ਵੇਚੀਐ-ਦੀ ਮੁਰਾਦ ਹੈ ਪਜਾਰ ਨਾਲ ਅਰਪ ਦੇਣਾ।

ਸਿਰੁ ਦੀਜੈ-ਭਾਵ ਹੰਕਾਰ ਗਵਾ ਦੇਵੀਏ।

ਰਤਨਾ ਪਾਰਖੁ-ਰਤਨਾਂ ਦਾ ਪਾਰਖੂ। ਜੌਹਰੀ। ਭਾਵ ਹੈ ਉਹਨਾਂ ਗੁਣਾਂ ਦਾ ਪਾਰਖੂ ਜੋ ਗੁਣ ਕਿ ਨਿਰੇ ਦੈਵੀ ਗੁਣ ਮਾਤ੍ਰ ਨਹੀਂ, ਪਰ ਜੋ ਪ੍ਰੇਮ ਆਦਿ ਅਮੋਲਕ ਗੁਣ ਹਨ। ਇਥੇ ਇਨ੍ਹਾਂ ਰਤਨਾਂ ਦਾ ਪਾਰਖੂ ਵਾਹਿਗੁਰੂ ਜੀ ਨੂੰ ਕਿਹਾ ਹੈ।

ਧਣੀ- [ਸੰਸ:, ਧਨਿਕ:=ਧਨੀ ਪੁਰਸ਼, ਪਤਿ] ਪਤੀ, ਮਾਲਕ, ਸ਼ਾਹ।

[ਆਸਾ ਮਹਲਾ ੧, ਅਸਟਪਦੀ-੧੮]

ਮੂਲ	ਅਰਥ
ਆਸਾ ਮਹਲਾ ੧ ॥ **ਜਿਨੀ ਨਾਮੁ ਵਿਸਾਰਿਆ ਦੂਜੈ ਭਰਮਿ ਭੁਲਾਈ ॥ ਮੂਲੁ ਛੋਡਿ ਡਾਲੀ ਲਗੇ ਕਿਆ ਪਾਵਹਿ ਛਾਈ ॥੧॥**	ਜਿਨ੍ਹਾਂ ਨੇ (ਵਾਹਿਗੁਰੂ ਦਾ) ਨਾਮ ਭੁਲਾ ਦਿੱਤਾ ਹੈ (ਤੇ ਇਕ ਵਾਹਿਗੁਰੂ ਤੋਂ ਅਤ੍ਰਿਕਤ) ਦੂਜੇ (ਅਰਥਾਤ ਸੰਸਾਰ) ਵਿਚ (ਆਪਣੇ ਆਪ ਨੂੰ) ਭਰਮ ਵਿਚ ਭੁਲਾ ਦਿੱਤਾ ਹੈ (ਭਾਵ ਗ਼ਾਫ਼ਲ ਹੋ ਗਏ ਹਨ) ਓਹ ਮਾਨੋਂ ਮੂਲ ਨੂੰ (ਪਾਣੀ ਦੇਣੋਂ) ਛੱਡਕੇ ਡਾਲੀਆਂ ਨੂੰ (ਪਾਣੀ ਦੇਣ) ਲਗ ਪਏ ਹਨ, ਉਨ੍ਹਾਂ ਨੂੰ ਕੀਹ ਮਿਲੇਗਾ? ਸੁਆਹ। (ਭਾਵ, ਜੋ ਮੂਲ ਰੂਪ ਵਾਹਿਗੁਰੂ ਦੀ ਪੂਜਾ ਨਹੀਂ

ਕਰਦੇ, ਪਰ ਇਤਰ ਦੇਵਾਂ ਨੂੰ, ਜੋ ਸਾਖ ਰੂਪ ਹਨ, ਪੂਜਦੇ ਹਨ, ਉਨ੍ਹਾਂ ਨੂੰ ਫਲ ਸੁਆਹ-ਭਾਵ ਕੁਛ ਨਹੀਂ-ਮਿਲੇਗਾ)॥ ੧॥

ਬਿਨੁ ਨਾਵੈ ਕਿਉ ਛੂਟੀਐ ਜੇ ਜਾਣੈ ਕੋਈ ॥ ਗੁਰਮੁਖਿ ਹੋਇ ਤ ਛੂਟੀਐ ਮਨਮੁਖਿ ਪਤਿ ਖੋਈ ॥੧॥ ਰਹਾਉ॥

ਜੇ ਕੋਈ (ਯਥਾਰਥ ਗੱਲ) ਜਾਣ ਲਵੇ (ਤਾਂ ਉਹ ਇਹ ਹੈ ਕਿ)ਨਾਮ (ਅਰਾਧਨਾ) ਤੋ ਬਿਨਾਂ ਕੋਈ ਛੁਟ ਨਹੀਂ ਸਕਦਾ, ਜਦ ਗੁਰਮੁਖ ਹੋਈਦਾ ਹੈ ਤਦ ਹੀ ਛੁਟਕਾਰਾ ਮਿਲਦਾ ਹੈ (ਭਾਵ ਮੁਕਤ ਹੋਈਦਾ ਹੈ), ਪਰ ਮਨਮੁਖ (ਹੋਕੇ ਆਪਣੀ) ਪਤਿ (ਲੋਕ ਪ੍ਰਲੋਕ ਵਿਚ) ਗੁਆ ਲਈਦੀ ਹੈ॥ ੧॥ ਰਹਾਉ॥

ਜਿਨ੍ਹੀ ਏਕੋ ਸੇਵਿਆ ਪੂਰੀ ਮਤਿ ਭਾਈ ॥ ਆਦਿ ਜੁਗਾਦਿ ਨਿਰੰਜਨਾ ਜਨ ਹਰਿ ਸਰਣਾਈ ॥੨॥

ਹੇ ਭਾਈ ! ਜਿਨ੍ਹਾਂ ਨੇ ਇਕੋ (ਵਾਹਿਗੁਰੂ) ਨੂੰ ਸੇਵਿਆ ਹੈ ਉਨ੍ਹਾਂ ਦੀ ਮਤਿ ਪੂਰੀ ਹੈ। ਓਹ (ਹਰੀ ਦੇ) ਦਾਸ ਹਰੀ ਦੀ ਸ਼ਰਣ ਵਿਚ ਰਹਿੰਦੇ ਹਨ (ਜੋ ਹਰੀ ਕਿ) ਆਦਿ ਤੋਂ ਜੁਗਾਦ ਤੋਂ ਹੈ ਤੇ ਮਾਯਾ ਰਹਿਤ ਹੈ॥ ੨॥

ਸਾਹਿਬੁ ਮੇਰਾ ਏਕੁ ਹੈ ਅਵਰੁ ਨਹੀ ਭਾਈ ॥ ਕਿਰਪਾ ਤੇ ਸੁਖੁ ਪਾਇਆ ਸਾਚੇ ਪਰਥਾਈ ॥੩॥

ਹੇ ਭਾਈ ! ਮੇਰਾ ਮਾਲਕ ਇਕੋ (ਓਹੋ ਹਰੀ) ਹੈ, ਹੋਰ ਕੋਈ ਨਹੀਂ। (ਉਸ) ਸੱਚੇ (ਹਰੀ ਦੀ) ਕਿਰਪਾ ਦੇ ਤੁਫੈਲ ਸੁਖ ਪਾਈਦਾ ਹੈ॥ ੩॥

ਗੁਰ ਬਿਨੁ ਕਿਨੈ ਨ ਪਾਇਓ ਕੇਤੀ ਕਹੈ ਕਹਾਏ ॥ ਆਪਿ ਦਿਖਾਵੈ ਵਾਟੜੀਂ ਸਚੀ ਭਗਤਿ ਦ੍ਰਿੜਾਏ॥੪॥

(ਜਿਸ ਹਰੀ ਦੀ ਤੁਫੈਲ ਸੁਖ ਪਾਈਦਾ ਹੈ ਉਹ ਹਰੀ) ਗੁਰੂ ਤ੍ਹੋਂ ਬਿਨਾਂ ਕਿਸੇ ਨੇ ਨਹੀਂ ਪਾਇਆ, ਕਿੰਨੀ ਹੀ (ਦੁਨੀਆਂ ਭਾਵੇਂ) ਹੋਰ ਤਰ੍ਹਾਂ ਪਈ ਆਖੇ। (ਗੁਰੂ) ਆਪ ਹੀ ਰਸਤਾ ਦਿਖਾਲਦਾ ਹੈ ਤੇ ਸਚੀ ਭਗਤੀ ਦ੍ਰਿੜ ਕਰਾਉਂਦਾ ਹੈ॥ ੪॥

ਮਨਮੁਖੁ ਜੇ ਸਮਝਾਈਐ ਭੀ ਉਝੜਿ ਜਾਏ ॥ ਬਿਨੁ ਹਰਿ ਨਾਮ ਨ ਛੂਟਸੀ ਮਰਿ ਨਰਕ ਸਮਾਏ ॥੫॥

(ਗੁਰੂ ਵਿਹੂਣਾ) ਮਨਮੁਖ (ਰਾਹੇ ਨਹੀਂ ਲਗਦਾ) ਜੇ (ਉਸ ਨੂੰ) ਸਮਝਾਈਏ (ਬੀ ਤਾਂ) ਭੀ ਕੁਰਾਹੇ ਹੀ ਜਾਂਦਾ ਹੈ। (ਉਹ) ਹਰੀ ਦੇ ਨਾਮ ਤੋਂ ਬਿਨਾ ਛੁੱਟੇਗਾ ਨਹੀਂ, ਮਰਕੇ ਨਰਕ ਵਿਚ ਸਮਾਏਗਾ॥ ੫॥

ਜਨਮਿ ਮਰੈ ਭਰਮਾਈਐ ਹਰਿ ਨਾਮੁ ਨ ਲੇਵੈ ॥ ਤਾ ਕੀ ਕੀਮਤਿ ਨਾ ਪਵੈ ਬਿਨੁ ਗੁਰ ਕੀ ਸੇਵੈ ॥੬॥

ਉਹ ਜੰਮ (ਜੰਮ) ਕੇ ਮਰੇਗਾ ਤੇ ਭਟਕੇਗਾ (ਜੂਨਾਂ ਵਿਚ, ਕਿਉਂਕਿ) ਉਹ ਹਰੀ ਦਾ ਨਾਮ ਨਹੀਂ ਲੈਂਦਾ। ਉਸ ਦੀ ਕੀਮਤ (ਕੁਛ ਬੀ) ਨਹੀਂ ਪੈਂਦੀ ਗੁਰੂ ਕੀ ਸੇਵਾ ਕੀਤੇ ਬਿਨਾਂ॥ ੬॥

ਜੇਹੀ ਸੇਵ ਕਰਾਈਐ ਕਰਣੀ ਭੀ ਸਾਈ ॥ ਆਪਿ ਕਰੇ ਕਿਸੁ ਆਖੀਐ ਵੇਖੈ ਵਡਿਆਈ ॥੭॥

ਜੇਹੋ ਜੇਹੀ ਸੇਵਾ ਕਰਾਈ ਜਾਂਦੀ ਹੈ ਉਹੋ ਜਿਹੀ ਕਰਨੀ ਹੁੰਦੀ ਹੈ। ਆਪ ਹੀ (ਓਹ ਆਪਣੀ) ਵਡਿਆਈ ਕਰਦਾ ਹੈ (ਤੇ ਆਪ ਹੀ) ਵੇਖਦਾ ਹੈ, ਕਿਸੇ (ਹੋਰ) ਨੂੰ (ਕੀ) ਆਖੀਏ (ਕਿ ਉਹ ਸਿਫਤ ਸਲਾਹ ਕਰ ਰਿਹਾ ਹੈ)॥ ੭॥

ਗੁਰ ਕੀ ਸੇਵਾ ਸੋ ਕਰੇ ਜਿਸੁ ਆਪਿ ਕਰਾਏ ॥ ਨਾਨਕ ਸਿਰੁ ਦੇ ਛੂਟੀਐ ਦਰਗਹ ਪਤਿ ਪਾਏ ॥੮॥੧੮॥

ਗੁਰੂ ਦੀ ਸੇਵਾ ਬੀ ਉਹੋ ਕਰਦਾ ਹੈ ਜਿਸ ਤੋਂ ਆਪ ਕਰਾਉਂਦਾ ਹੈ, ਹੇ ਨਾਨਕ ! ਸਿਰ ਦੇਕੇ ਛੁਟਕਾਰਾ ਹੁੰਦਾ ਹੈ ਤਾਂ ਦਰਗਾਹ ਵਿਚ (ਕੋਈ) ਪਤਿ ਪਾਉਂਦਾ ਹੈ (ਭਾਵ ਪੂਰੀ ਹਉਮੈਂ ਦੂਰ ਕਰਕੇ ਦਰਗਾਹ ਵਿਚ ਪਤਿ ਬਣਦੀ ਹੈ)॥ ੮॥ ੧੮॥

ਵਯਾਖਯਾ-ਵਾਹਿਗੁਰੂ ਅਕਾਲ ਪੁਰਖ ਦੀ ਸੇਵਾ ਭਜਨ ਬੰਦਗੀ ਸਿਖਾਈ ਹੈ, ਇਤਰ ਦੇਵਾਂ ਤੋਂ ਵਰਜਿਆ ਹੈ। ਮਿਸਾਲ ਜੜ੍ਹ ਸੇਵਨ ਤੇ ਸ਼ਾਖ ਸੇਵਨ ਦੀ ਦਿੱਤੀ ਹੈ। ਸਾਧਾਰਨ ਸੋਚ ਵਾਲਾ ਪ੍ਰਸ਼ਨ

ਕਰਦਾ ਹੈ ਕਿ ਫਲ ਤਾਂ ਡਾਲਾਂ ਨੂੰ ਲਗਦੇ ਹਨ, ਡਾਲਾਂ ਨੂੰ ਲਗੀਏ, ਜੜ੍ਹਾਂ ਨੂੰ ਲੱਗਿਆ ਫਲ ਨਹੀਂ ਮਿਲਦਾ, ਪਰ ਉਹ ਦ੍ਰਿਸ਼ਟਾਂਤ ਨੂੰ ਨਹੀਂ ਸਮਝਦੇ, ਪ੍ਰਕਰਣ ਹਰੀ ਦੀ ਸੇਵਾ ਦਾ ਹੈ ਨਾਮ ਭਗਤੀ ਦੁਆਰਾ। ਇਸ ਲਈ ਮੁਰਾਦ ਜੜ੍ਹਾਂ ਸੇਵਨ ਤੇ ਡਾਲਾਂ ਸੇਵਨ ਤੋਂ ਹੈ। ਡਾਲਾਂ ਨੂੰ ਪਾਣੀ ਨਾਲ ਸੇਵਾ ਕਰਨ ਵਾਲਾ ਤੇ ਜੜ੍ਹਾਂ ਨੂੰ ਪਾਣੀ ਨਾਲ ਨਾ ਸੇਵਨ ਵਾਲਾ ਫਲ ਪ੍ਰਾਪਤੀ ਨੂੰ ਨਹੀਂ ਪਹੁੰਚਦਾ।

ਰਹਾਉ ਵਿਚ ਦੱਸਿਆ ਹੈ ਕਿ ਵਾਹਿਗੁਰੂ ਰੂਪੀ ਮੂਲ ਦੀ ਕਿਸ ਜਲ ਨਾਲ ਸੇਵਾ ਕਰਨੀ ਹੈ? ਉਹ ਹੈ 'ਨਾਮ'। 'ਜੇ ਜਾਣੈ ਕੋਈ' ਕਹਿਕੇ ਸਮਝਾਇਆ ਹੈ ਕਿ ਜੇ ਕੋਈ ਸਾਡੇ ਕਹੇ ਦ੍ਰਿਸ਼ਟਾਂਤ ਤੇ ਦ੍ਰਾਂਸ਼ਟਾਂਤ ਨੂੰ ਜਾਣ ਲਵੇ ਤਾਂ ਉਹ ਸਮਝੇਗਾ ਕਿ ਹਰੀ ਨਾਮ ਬਿਨਾਂ ਉਹ ਮੁਕਤੀ ਰੂਪੀ ਫਲ ਨਹੀਂ ਲੱਭੇਗਾ, ਜੋ ਹਰੀ ਰੂਪੀ ਮੂਲ ਨੂੰ ਸੇਵਿਆਂ ਲੱਭਣਾ ਹੈ। ਹੁਣ ਸਵਾਲ ਹੈ ਨਾਮ ਰੂਪੀ ਜਲ ਸੇਵਨ ਲਈ ਕੀਕੂੰ ਮਿਲੇ? ਤਾਂ ਦੱਸਦੇ ਹਨ ਕਿ ਗੁਰਮੁਖ ਹੋਇਆਂ 'ਨਾਮ' ਲੱਭਦਾ ਹੈ, ਤਾਂ ਮੁਕਤੀ ਲੱਭਦੀ ਹੈ।

ਅੰਕ ੨-੩ਵਿਚ ਉਸੇ ਮੂਲ ਦੇ ਵਿਸ਼ਯ ਨੂੰ ਲਈ ਚਲਦੇ ਹਨ, ਉਸ ਨੂੰ ਦੱਸਦੇ ਹਨ ਕਿ 'ਇਕੋ' ਹੈ, ਉਹ ਨਿਰੰਜਨ ਹੈ, ਆਦਿ ਜੁਗਾਦ ਤੋਂ ਹੈ, ਉਹ ਸਾਹਿਬ ਹੈ, ਉਹ ਹਰੀ ਹੈ। ਪਾਪਾਂ ਦੇ ਹਰਨੇ ਵਾਲਾ ਹੈ। ਉਸ ਜੈਸਾ ਹੋਰ ਕੋਈ ਨਹੀਂ, ਉਹ ਇੱਕੋ ਦਾ ਇੱਕੋ ਹੈ। ਉਸ ਦੀ ਕਿਰਪਾ ਨਾਲ ਸੁਖ ਮਿਲਦਾ ਹੈ।

ਅੰਕ ੪-ਜਿਸ ਨੂੰ ਪਹੁੰਚਣਾ ਹੈ ਉਸ ਦਾ ਨਿਰੂਪਣ ਕਰਕੇ ਉਸ ਨੂੰ ਪ੍ਰਾਪਤ ਹੋਣ ਦਾ ਤ੍ਰੀਕਾ ਦੱਸਕੇ ਹੁਣ ਗੁਰੂ ਦਾ ਪਤਾ ਦੇਂਦੇ ਹਨ, ਜਿਸ ਪਾਸੋਂ ਰਾਹ ਲੱਭਣਾ ਹੈ।

ਅੰਕ ੫-੬ ਪਿੱਛੇ ਕਹੇ ਤੇ ਜੋ ਚਲੇ ਸੋ ਗੁਰਮੁਖ। ਗੁਰਮੁਖ ਹੋਕੇ ਮਿਲੂ ਕਲਜਾਣ। ਜੋ ਨਾ ਗੁਰਮੁਖ ਬਣੇ ਸੋ ਮਨਮੁਖ। ਹੁਣ ਮਨਮੁਖ ਦੇ ਲੱਛਣ ਤੇ ਉਸ ਦਾ ਮਾੜਾ ਅੰਤ ਦੱਸਦੇ ਹਨ। ਉਹ ਸਮਝਾਇਆਂ ਸਮਝਦਾ ਨਹੀਂ, ਉਹ ਨਾਮ ਵਿਹੂਣਾ ਰਹੇਗਾ, ਮਰਕੇ ਨਰਕ ਜਾਏਗਾ, ਨਰਕ ਦੇ ਦੁੱਖ ਭੋਗਕੇ ਫੇਰ ਜੰਮੇ ਫੇਰ ਮਰੇਗਾ। ਇਸ ਤਰ੍ਹਾਂ ਭਟਕਦਾ ਰਹੇਗਾ, ਕਿਉਂਕਿ ਗੁਰੂ ਵਿਹੂਣਾ ਰਿਹਾ ਹੈ। ਉਸ ਦਾ ਮੁੱਲ ਕੁਛ ਨਹੀਂ। ਪਰ ਜੇ ਗੁਰੂ ਪ੍ਰਾਪਤ ਹੋ ਜਾਏ ਤਾਂ ਕੀਮਤ ਉਸ ਦੀ ਬੀ ਪੈ ਜਾਊ।

ਅੰਕ ੭-ਮਨਮੁਖ ਦਾ ਜ਼ਿਕਰ ਕਰਕੇ ਫੇਰ ਗੁਰਮੁਖਤਾਈ ਵੱਲ ਪਰਤਦੇ ਹਨ ਕਿ ਗੁਰਮੁਖ ਜੋ ਠੀਕ ਸੇਵਾ ਕਰਦੇ ਹਨ ਸੋ ਹਉਂ ਨਹੀਂ ਧਾਰਦੇ। ਓਹ ਸਮਝਦੇ ਹਨ ਕਿ ਸਾਥੋਂ ਜੋ ਸੇਵਾ ਹੋ ਆਈ ਹੈ ਸਾਈਂ ਨੇ ਕਰਾਈ ਹੈ। ਉਹ ਆਪ ਹੀ ਵਡਿਆਈ (ਆਪਣੀ ਸਿਫਤ ਸਲਾਹ ਸਾਡੇ ਦੁਆਰਾ) ਕਰਦਾ ਹੈ, ਅਸਲ ਵਿਚ ਉਹ ਆਪ ਹੀ ਕਰ ਰਿਹਾ ਹੁੰਦਾ ਹੈ। ਉਸ ਵੇਲੇ ਇਹ ਨਹੀਂ ਕਹਿਣਾ ਬਣਦਾ ਕਿ ਫਲਾਣਾ ਸਿਫਤ ਸਲਾਹ ਕਰ ਰਿਹਾ ਹੈ, ਕਰਾਉਣ ਵਾਲਾ ਆਪ ਹੁੰਦਾ ਹੈ, ਇਸ ਲਈ ਗੁਰਮੁਖ ਸਮਝਦੇ ਹਨ ਕਿ ਉਹ ਆਪ ਹੀ ਕਰ ਰਿਹਾ ਹੈ। ਇਸ ਅੰਕ ਦਾ ਭਾਵ ਐਉਂ ਬੀ ਲੈਂਦੇ ਹਨ: ਕਿ ਪਹਿਲੇ ਜਨਮਾਂ ਵਿਚ ਜਿਸ ਤਰ੍ਹਾਂ ਦੀ ਸੇਵਾ ਕਰਕੇ ਆਈ ਦਾ ਹੈ ਉਹੋ ਕਰਣੀ ਹੁੰਦੀ ਹੈ। ਜੀਵ ਆਪ ਹੀ ਕਰਮ ਕਰਦਾ ਆਉਂਦਾ ਹੈ, ਕਿਸੇ ਹੋਰ ਨੂੰ ਕਿਵੇਂ ਕਹੀਏ ਕਿ ਤੂੰ ਕੀਤਾ ਹੈ। ਜੀਵ ਅਪਣੀ ਵਡਿਆਈ ਛੁਟਿਆਈ ਆਪ ਵੇਖਦਾ ਹੈ। ਇਸ ਭਾਵ ਵਿਚ ਬਹੁਤ ਕੁਛ ਅਧਜਾਹਾਰ ਕਰਨਾ ਪੈਂਦਾ ਹੈ ਤੇ 'ਆਪਿ' ਪਦ ਜੋ ਈਸ਼੍ਵਰ ਵਾਚਕ ਹੈ ਜੀਵ ਪਰ ਲਾਉਣਾ ਪੈਂਦਾ ਹੈ। ਅਗਲੇ ਅੰਕ ਵਿਚ ਇਸੇ ਤਰ੍ਹਾਂ 'ਆਪਿ' ਪਦ ਪਿਆ ਹੈ, ਉਥੇ ਫੇਰ 'ਆਪਿ' ਦਾ ਭਾਵ ਪਰਮੇਸ਼ੁਰ ਹੀ ਲੈਂਦੇ ਹਨ, ਇਸ ਕਰਕੇ ਇਹ ਭਾਵ ਢੁਕਦਾ ਘੱਟ ਹੈ।

ਅੰਕ ੮ ਗੁਰੂ ਦੀ ਸੇਵਾ ਕਰਕੇ ਬੀ ਮਤ ਕੋਈ ਮਾਣ ਕਰੇ ਕਿ ਮੈਂ ਸੇਵਾ ਕਰਦਾ ਹਾਂ, ਉਹ ਫੇਰ ਹਉਮੈ ਬਣ ਜਾਏਗੀ, ਉਹ ਸੇਵਾ ਬੀ ਪ੍ਰਭੂ ਆਪ ਕਰਾਉਂਦਾ ਸਮਝੋ। ਸਿੱਟੇ ਦੀ ਗਲ ਇਹ ਦੱਸਦੇ ਹਨ ਕਿ ਸਿਰ ਦੇਕੇ ਛੁਟਕਾਰਾ ਹੁੰਦਾ ਹੈ, ਭਾਵ ਹੈ ਕਿ ਹੰਕਾਰ ਮੂਲੋਂ ਹੀ ਗਵਾ ਦਿੱਤਿਆਂ ਮੁਕਤੀ ਮਿਲਦੀ ਹੈ। ਸਿਰ ਦੇ ਛੁੱਟਣ ਦਾ ਭਾਵ ਸਾਰਾ ਹੰਕਾਰ ਜੋ ਸਿਰ ਦੇਣੇ ਵਾਙੂ ਕਠਨ ਹੈ।

ਨਿਰੁਕਤ-ਦੂਜੈ-ਦੂਏ ਵਿਚ। ਵਾਹਿਗੁਰੂ ਨੂੰ ਛੱਡਕੇ ਦੂਜੇ ਦੇਵਾਂ ਵਿਚ ਯਾ ਹੋਰ ਪੂਜਜ ਮੰਨੀਆਂ ਗਈਆਂ ਵਜਕਤੀਆਂ ਵਿਚ। ਮੂਲ-ਜੜ੍ਹ। ਭਾਵ ਅਸਲੀਅਤ, ਵਾਹਿਗੁਰੂ।

ਡਾਲੀ-ਟਹਿਣੀਆਂ ਭਾਵ ਹੈ ਹੋਰ ਦੇਵਤੇ ਆਦੀ ਜੋ ਉਸ ਪਰਮੇਸ਼ੁਰ ਨੇ ਪੈਦਾ ਕੀਤੇ ਹਨ ਪਰ ਆਪ ਪਰਮੇਸ਼ੁਰ ਨਹੀਂ ਹਨ। ਨਾਵੈ-ਨਾਮ ਤੋਂ। ਛੂਟੀਐ-ਮੁਕਤੀ ਪਾਈਏ।

ਆਦਿ ਜੁਗਾਦਿ-ਜੋ ਆਦਿ ਤੋਂ ਤੇ ਰਚਨਾਂ ਦੇ ਆਦਿ ਕਾਲ ਤੋਂ ਹੈ।

ਨਿਰੰਜਨਾ-ਨਿਰ+ਅੰਜਨਾ=ਮਾਇਆ ਰਹਿਤ। ਨਿਰਗੁਣ ਪਾਰਬ੍ਰਹਮ ਪਰਮੇਸੁਰ।

ਪਰਥਾਈ- [ਸੰਸ:, ਪ੍ਰਥਾ=ਰੀਤੀ। ਮਸ਼ਹੂਰੀ। ਪ੍ਰਸਿਧੀ।] ਨਮਿਤ, ਦੁਆਰਾ, ਤੁਫੈਲ।

ਜੈਸੇ ਵਾਕ ਹੈ:- 'ਰਾਜੇ ਧਰਮੁ ਕਰਹਿ ਪਰਥਾਏ॥' [ਮਾਰੂ ਮਹਲਾ ੧, ਸੋਲਹਾ-੪]

ਰਾਜੇ ਨਮਿਤ ਕਰਕੇ ਧਰਮ ਕਰਦੇ ਹਨ।

(ਅ) ਇਸੇ ਤੁਕ ਵਿਚ ਪ੍ਰਸਿੱਧੀ ਅਰਥ ਬੀ ਲਗਦਾ ਹੈ ਕਿ ਰਾਜੇ ਪ੍ਰਸਿਧੀ ਵਾਸਤੇ ਧਰਮ ਕਰਦੇ ਹਨ।

(ੲ) ਹੋਰਥੇ ਗੁਰਬਾਣੀ ਵਿਚ ਪਰਥਾਇ ਦਾ ਅਰਥ ਪਰਾਇਆ ਥਾਂ ਬੀ ਲਗਦਾ ਹੈ; ਯਥਾ:-

ਕਿਉ ਰਹੀਐ ਚਲਣਾ ਪਰਥਾਏ॥ [ਮਾਰੂ ਮਹਲਾ ੧, ਸੋਲਹਾ-੮]

(ਸ) ਕਿਤੇ ਪਰਮ ਪਦ ਬੀ ਅਰਥ ਲਗਦਾ ਹੈ:-ਪਰਮ+ਥਾਉ। ਯਥਾ:-

ਲਾਹਾ ਲੈ ਪਰਥਾਇ॥ [ਰਾਮਕਲੀ ਓਅੰਕਾਰ-੪੬]

ਤਥਾ-ਕਿਰਪਾ ਤੇ ਸੁਖੁ ਪਾਇਆ ਸਾਚੇ ਪਰਥਾਈ॥ [ਆਸਾ ਮਹਲਾ ੧, ਅਸਟ:-੧੮]

(ਹ) ਰੀਤ ਰਸਮ ਦੇ ਅਰਥ ਬੀ ਢੁੱਕਦੇ ਹਨ। ਯਥਾ:-

ਜਜਿ ਕਾਜਿ ਪਰਥਾਇ ਸੁਹਾਈ॥ [ਆਸਾ ਮਹਲਾ ੫-੩]

ਭਰਮਾਈਐ-ਭਟਕਾਈਦਾ ਹੈ।

ਸਿਰੁ ਦੇ-ਸਿਰ ਦੇਕੇ। ਭਾਵ ਹੈ ਹੰਕਾਰ ਛੱਡਕੇ। ਹੰਕਾਰ ਦਾ ਛੱਡਣਾ ਸਿਰ ਦੇਣੇ ਤੁੱਲ ਔਖਾ ਹੈ। ਜਦ ਮਾਲਕ ਸਿਰ ਮੰਗੇ ਤਾਂ ਹਾਜ਼ਰ ਕਰ ਦੇਣਾ ਇਹ 'ਮੈਂ ਅਭਾਵਤਾ' ਹੈ।

[ਆਸਾ ਕਾਫੀ ਮਹਲਾ ੧, ਅਸਟਪਦੀ-੧੯]

ਮੂਲ	ਅਰਥ
ਆਸਾ ਮਹਲਾ ੧ ॥	
ਰੂੜੋ ਠਾਕੁਰ ਮਾਹਰੋ ਰੂੜੀ ਗੁਰਬਾਣੀ॥ ਵਡੈ ਭਾਗਿ ਸਤਿਗੁਰੁ ਮਿਲੈ ਪਾਈਐ ਪਦੁ ਨਿਰਬਾਣੀ ॥੧॥	ਮੇਰਾ ਮਾਲਕ ਸੁੰਦਰ ਹੈ (ਤੇ ਸਭ ਕੁਛ) ਜਾਣਨੇ ਵਾਲਾ ਹੈ, (ਉਸ ਨੂੰ ਜਨਾਉਣ ਵਾਲੀ) ਗੁਰਬਾਣੀ (ਹੈ, ਉਹ ਬੀ) ਸੁੰਦਰ ਹੈ। (ਜਿਸ ਗੁਰੂ ਦੀ ਬਾਣੀ ਸੁੰਦਰ ਹੈ, ਉਹ ਆਪ ਬੀ ਸੁੰਦਰ ਹੈ, ਉਹ) ਸਤਿਗੁਰੂ ਵਡੇ ਭਾਗਾਂ ਨਾਲ ਮਿਲਦਾ ਹੈ; (ਇਉਂ) ਮੁਕਤੀ ਦੀ ਪਦਵੀ ਪ੍ਰਾਪਤ ਹੁੰਦੀ ਹੈ॥ ੧॥
ਮੈ ਓਲ੍ਹਗੀਆ ਓਲ੍ਹਗੀ ਹਮ ਛੋਰੂ ਥਾਰੇ ॥ ਜਿਉ ਤੂੰ ਰਾਖਹਿ ਤਿਉ ਰਹਾ ਮੁਖਿ ਨਾਮੁ ਹਮਾਰੇ ॥੧॥ ਰਹਾਉ ॥	ਮੈਂ (ਤੇਰੇ) ਦਾਸਾਂ ਦਾ ਦਾਸ ਹਾਂ, (ਹਾਂ) ਅਸੀਂ ਤੇਰੇ ਛੋਟੇ ਜਿਹੇ ਨੌਕਰ ਹਾਂ। ਜਿਵੇਂ ਤੂੰ ਰਖਦਾ ਹੈਂ (ਮੈਂ) ਤਿਵੇਂ ਹੀ ਰਹਿੰਦਾ ਹਾਂ, (ਪਰ ਹਰ ਹਾਲ) ਸਾਡੇ ਮੂੰਹ ਵਿਚ (ਤੇਰਾ) ਨਾਮ (ਵਸਦਾ) ਰਹਿੰਦਾ ਹੈ॥ ੧॥ ਰਹਾਉ॥
ਦਰਸਨ ਕੀ ਪਿਆਸਾ ਘਣੀ ਭਾਣੈ ਮਨਿ ਭਾਈਐ ॥ ਮੇਰੇ ਠਾਕੁਰ ਹਾਥਿ ਵਡਿਆਈਆ ਭਾਣੈ ਪਤਿ ਪਾਈਐ ॥੨॥	(ਅਤੇ) ਤੇਰੇ ਦਰਸ਼ਨ ਦੀ ਚਾਹਨਾ ਬਹੁਤ (ਲੱਗੀ ਰਹਿੰਦੀ ਹੈ, ਬਾਣੀ ਦੱਸਦੀ ਹੈ ਕਿ ਤੇਰੇ) ਭਾਣੇ ਨਾਲ (ਤੇਰੇ)ਮਨ ਨੂੰ ਭਾਈਦਾ ਹੈ (ਤੇ ਤੇਰੇ) ਭਾਣੇ (ਤੇ ਤੁਰਿਆਂ ਯਾ ਤੈਨੂੰ) ਭਾਵੇ ਤਾਂ ਪਤਿ ਮਿਲਦੀ ਹੈ (ਤੇ ਨੌਕਰ ਨੂੰ) ਵਡਿਆਈਆਂ (ਦੇਣੀਆਂ ਬੀ) ਮੇਰੇ ਠਾਕੁਰ ਦੇ ਹੱਥ ਹਨ॥ ੨॥

ਸਾਚਉ ਦੂਰਿ ਨ ਜਾਣੀਐ ਅੰਤਰਿ ਹੈ ਸੋਈ ॥ ਜਹ ਦੇਖਾ ਤਹ ਰਵਿ ਰਹੇ ਕਿਨਿ ਕੀਮਤਿ ਹੋਈ ॥੩॥

[ਪ੍ਰਸ਼ਨ: ਨਾਮ ਬੀ ਰਸਨਾ ਤੇ ਹੈ, ਸੇਵਾ ਬੀ ਹੈ, ਭਾਣੇ ਮੰਨਣ ਦਾ ਜਤਨ ਬੀ ਹੈ, ਫੇਰ ਉਹ ਕਿੱਥੇ ਹੈ? ਉੱਤਰ:] (ਉਸ) ਸੱਚੇ ਨੂੰ ਦੂਰ ਨਹੀਂ ਜਾਣੀਦਾ, ਉਹ (ਤਾਂ ਸਾਡੇ) ਅੰਦਰ (ਹੀ) ਹੈ, ਜਿਧਰ ਦੇਖਾਂ ਉਥੇ ਹੀ ਤੂੰ ਵਜਾਪਕ ਹੋ ਰਿਹਾ ਹੈਂ, (ਪਰ) ਕੀਮਤ ਕਿਵੇਂ ਪਵੇ? ॥ ੩ ॥

ਆਪਿ ਕਰੇ ਆਪੇ ਹਰੇ ਵੇਖੈ ਵਡਿਆਈ ॥ ਗੁਰਮੁਖਿ ਹੋਇ ਨਿਹਾਲੀਐ ਇਉ ਕੀਮਤਿ ਪਾਈ ॥੪॥

[ਉੱਤਰ ਦੇਂਦੇ ਹਨ:] ਆਪੇ ਰਚਦਾ ਹੈ, ਆਪੇ ਮਾਰਦਾ ਹੈ (ਜਦ ਆਪੇ ਮੇਹਰ ਨਾਲ) ਵੇਖਦਾ ਹੈ (ਤਾਂ) ਵਡਿਆਈ (ਮਿਲਦੀ) ਹੈ, (ਜੇ ਇਹ ਕੁਛ) ਗੁਰਮੁਖ਼ ਬਣਕੇ ਵੇਖੀਏ ਤਾਂ ਇਉਂ (ਉਸ ਦੀ) ਕੀਮਤ ਪਾਈ (ਜਾਂਦੀ) ਹੈ ॥ ੪ ॥

ਜੀਵਦਿਆ ਲਾਹਾ ਮਿਲੈ ਗੁਰ ਕਾਰ ਕਮਾਵੈ ॥ ਪੂਰਬਿ ਹੋਵੈ ਲਿਖਿਆ ਤਾ ਸਤਿਗੁਰੁ ਪਾਵੈ ॥੫॥

(ਇਹ) ਲਾਹਾ (ਮਰਕੇ ਹੀ ਨਹੀਂ, ਸਗੋਂ) ਜੀਉਂਦੇ ਜੀ ਮਿਲ ਜਾਂਦਾ ਹੈ (ਜੇ) ਗੁਰੂ ਦੀ (ਦੱਸੀ) ਕਾਰ ਕਮਾਈ ਕਰੀਏ, (ਪਰ) ਸਤਿਗੁਰੂ ਤਾਂ ਮਿਲਦਾ ਹੈ ਜੇ ਪੂਰਬਲਾ (ਪਹਿਲਾਂ ਦਾ) ਲਿਖਿਆ ਹੋਇਆ ਹੋਵੇ॥ ੫ ॥

ਮਨਮੁਖ ਤੋਟਾ ਨਿਤ ਹੈ ਭਰਮਹਿ ਭਰਮਾਏ ॥ ਮਨਮੁਖੁ ਅੰਧੁ ਨ ਚੇਤਈ ਕਿਉ ਦਰਸਨੁ ਪਾਏ ॥੬॥

(ਇਸ ਦੇ ਉਲਟ) ਮਨਮੁਖਾਂ ਨੂੰ ਸਦਾ ਤੋਟਾ (ਘਾਟਾ) ਰਹਿੰਦਾ ਹੈ, (ਓਹ ਆਪਣੇ ਕਰਮਾਂ ਦੇ) ਭਟਕਾਏ ਹੋਏ ਭਟਕਦੇ ਰਹਿੰਦੇ ਹਨ। ਮਨਮੁਖ ਅੰਨ੍ਹਾ ਹੈ (ਜੋ ਠਾਕੁਰ ਨੂੰ) ਸਿਮਰਦਾ ਨਹੀਂ, ਉਸ ਨੂੰ ਦਰਸ਼ਨ ਕੀਕੂੰ ਪ੍ਰਾਪਤ ਹੋਵੇ? ॥ ੬ ॥

ਤਾ ਜਗਿ ਆਇਆ ਜਾਣੀਐ ਸਾਚੈ ਲਿਵ ਲਾਏ ॥ ਗੁਰ ਭੇਟੇ ਪਾਰਸੁ ਭਏ ਜੋਤੀ ਜੋਤਿ ਮਿਲਾਏ ॥੭॥

(ਕਿਸੇ ਦਾ) ਜਗਤ ਵਿਚ ਆਉਣਾ (ਸਫਲ) ਤਾਂ ਜਾਣੀਦਾ ਹੈ ਜੇ ਸੱਚੇ (ਠਾਕੁਰ) ਵਿਚ ਲਿਵ ਲਾਏ, (ਐਸੇ ਪੁਰਖ) ਗੁਰੂ ਦੇ ਮਿਲਣੇ ਨਾਲ ਪਾਰਸ ਹੋ ਗਏ (ਜੋ) ਜਜੋਤੀ ਸਰੂਪ (ਠਾਕੁਰ) ਨਾਲ (ਉਨ੍ਹਾਂ ਨੇ ਆਪਣੀ) ਜੋਤਿ (=ਆਤਮਾ) ਮਿਲਾ ਲਈ॥ ੭ ॥

ਅਹਿਨਿਸਿ ਰਹੈ ਨਿਰਾਲਮੋ ਕਾਰ ਧੁਰ ਕੀ ਕਰਣੀ ॥ ਨਾਨਕ ਨਾਮਿ ਸੰਤੋਖੀਆ ਰਾਤੇ ਹਰਿ ਚਰਣੀ ॥੮॥੧੯॥

(ਨਾਮ ਸਿਮਰਨ ਦੀ) ਕਾਰ ਕਰਨੀ (ਜਿਨ੍ਹਾਂ ਦੇ ਹਿੱਸੇ ਸਾਈਂ ਨੇ) ਧੁਰੋਂ ਪਾਈ ਹੈ (ਓਹ) ਦਿਨੇ ਰਾਤ (ਸੰਸਾਰ ਤੋਂ) ਨਿਰਲੇਪ ਰਹਿੰਦੇ ਹਨ (ਅਤੇ) ਨਾਮ ਵਿਚ ਤ੍ਰਿਪਤ ਹੋਏ ਹਰੀ ਦੇ ਚਰਨਾਂ ਵਿਚ ਰੱਤੇ ਰਹਿੰਦੇ ਹਨ, ਹੇ ਨਾਨਕ॥ ੮ ॥ ੧੯ ॥

ਵਜਾਖਜਾ-ਠਾਕੁਰ ਸੁੰਦਰ ਹੈ ਤੇ ਉਹ ਸਭ ਕੁਛ ਜਾਣਦਾ ਹੈ, ਭਾਵ ਸਰਵੱਗ ਹੈ, ਗੁਰਬਾਣੀ ਬੀ ਸੁੰਦਰ ਹੈ ਕਿਉਂਕਿ ਉਹ ਉਸ ਸੁੰਦਰ ਤੇ ਸਰਵੱਗ ਨੂੰ ਪ੍ਰਾਪਤ ਕਰਨੇ ਦਾ ਰਸਤਾ ਦੱਸਦੀ ਹੈ। ਉਸ ਪ੍ਰਾਪਤੀ ਨੂੰ ਨਿਰਬਾਣ ਪਦ-ਮੁਕਤੀ ਦੀ ਪਦਵੀ-ਕਹੀਦਾ ਹੈ। ਪ੍ਰਾਪਤੀ ਦਾ ਰਸਤਾ ਹੈ ਸਤਿਗੁਰੂ ! ਸਤਿਗੁਰੂ ਮਿਲਦਾ ਹੈ ਵਡੇ ਭਾਗਾਂ ਨਾਲ, ਫੇਰ ਬਾਣੀ ਦੱਸਦੀ ਹੈ ਕਿ ਅਪਣੇ ਆਪ ਨੂੰ ਵਾਹਿਗੁਰੂ ਦੇ ਦਾਸ ਸਮਝੋ, ਦਾਸਾਂ ਦੇ ਦਾਸ, ਦਾਸ ਬੀ ਇਕ ਨਿੱਕਾ ਜਿਹਾ ਛੋਕਰਾ। ਹਾਂ, ਵੱਡੀ ਉਮਰਾ ਦਾ ਨੌਕਰ ਤਾਂ ਹੀਲ ਹੁੱਜਤ ਕੁਛ ਕਰ ਬੈਠਦਾ ਹੈ, ਪਰ ਛੋਟਾ ਛੋਕਰਾ ਤਾਂ ਜੋ ਕਹੋ ਕਰੀ ਜਾਂਦਾ ਹੈ। ਪਰ ਇਸ ਛੋਕਰੇ ਨੌਕਰ ਨੇ ਅਜੇ ਦਰਸ਼ਨ ਨਹੀਂ ਕੀਤੇ, ਜੋ ਸੇਵਾ ਦੱਸੀ ਜਾਂਦੀ ਹੈ ਕਰੀ ਜਾਂਦਾ ਹੈ, ਆਪ ਨੂੰ ਦਾਸ ਸਮਝਦਾ ਹੈ ਤੇ ਮਾਲਕ ਦਾ ਨਾਮ ਯਾਦ ਹੈਸੁ, ਸੋ ਨਾਮ ਲੈ ਲੈਕੇ ਯਾਦ ਕਰਦਾ ਹੈ ਤੇ ਦਰਸ਼ਨ ਦੀ ਚਾਹਨਾ ਵਿਚ ਸਿਕਦਾ ਰਹਿੰਦਾ ਹੈ। ਉਸ ਨੂੰ ਬਾਣੀ ਇਕ ਹੋਰ ਗਲ ਦੱਸਦੀ ਹੈ ਕਿ ਦਰਸ਼ਨ ਉਸ ਦੀ ਮਰਜ਼ੀ ਯਾ ਭਾਣੇ ਨਾਲ ਹੁੰਦੇ ਹਨ। ਸੋ ਉਸ ਦੇ ਭਾਣੇ ਤੇ ਤੁਰਦਾ ਰਹੁ ਫੇਰ ਉਸ ਨੂੰ ਗੁਰਬਾਣੀ ਦੱਸਦੀ ਹੈ ਕਿ ਉਸੇ ਮਾਲਕ ਦੇ ਹੱਥ

ਹੈ ਵਡਿਆਈ ਦੇਣੀ, ਉਹ ਬੀ ਉਸ ਦੇ ਭਾਣੇ ਮੰਨਣ ਨਾਲ ਮਿਲਦੀ ਹੈ; ਸੋ ਤੂੰ ਉਸ ਦੀ ਰਜ਼ਾ ਵਿਚ ਟੁਰ। ਹੁਣ ਫੁਰਮਾਉਂਦੇ ਹਨ ਕਿ ਸੇਵਾ ਕਰਨ ਵਾਲਾ, ਨਾਮ ਜਪਣ ਵਾਲਾ ਤੇ ਭਾਣੇ ਮੰਨਣ ਦਾ ਜਤਨ ਕਰਨ ਵਾਲਾ ਉਸ ਸੁੰਦਰ ਠਾਕੁਰ ਦੀ ਪੁੱਛ ਕਰਦਾ ਹੈ ਕਿ ਉਹ ਕਿਥੇ ਹੈ? ਤਾਂ ਦੱਸਦੇ ਹਨ ਕਿ ਓਹ ਦੂਰ ਨਹੀਂ, ਸਭ ਦੇ ਅੰਦਰ ਹੈ, ਅੰਦਰ ਨੇਹੁੰ ਲਾਓ। ਉਹ ਬਾਹਰ ਬੀ ਵਜਾਪਕ ਹੈ। ਪ੍ਰਸ਼ਨ: ਉਸ ਦੀ ਪਰਖਣ ਦੀ ਜਾਚ ਕਿੰਵ ਆਵੇ? ਇਹ ਹੈ ਕੀਮਤ ਪਾਉਣੀ? ਤਾਂ ਉੱਤਰ ਦੇਂਦੇ ਹਨ:-

ਅੰਕ ੪-ਕਿ ਉਹ ਆਪੇ ਰਚਦਾ ਹੈ ਆਪੇ ਮਾਰਦਾ ਹੈ, ਆਪੇ ਮੇਹਰਾਂ ਕਰਦਾ ਹੈ ਭਾਵ ਦਰਸ਼ਨ ਦੀ ਦਾਤ ਦੇਂਦਾ ਹੈ। ਪਰ ਗੁਰਮੁਖ ਬਣਨਾ ਚਾਹੀਦਾ ਹੈ ਤਦ ਉਸ ਦੀ ਪਛਾਣ ਹੋ ਜਾਂਦੀ ਹੈ। ਇਹ ਜੋ ਦਰਸ਼ਨ ਯਾ ਪਛਾਣ ਹੁੰਦੀ ਹੈ ਦ੍ਰਿਸ਼ਟਮਾਨੀ ਦਰਸ਼ਨ ਨਹੀਂ, ਦ੍ਰਿਸ਼ਟਮਾਨ ਤਾਂ ਮਿਥਿਆ ਹੁੰਦਾ ਹੈ, ਇਹ ਅਨੁਭਵ ਹੁੰਦਾ ਹੈ।

ਅੰਕ ੫-ਫੇਰ ਦੱਸਦੇ ਹਨ ਕਿ ਇਹ ਜੋ ਅਨੁਭਵ ਖੁੱਲ੍ਹਦਾ ਹੈ ਜੀਉਂਦੇ ਜੀ ਹੀ ਖੁੱਲ੍ਹ ਜਾਂਦਾ ਹੈ। ਐਉਂ ਨਹੀਂ ਸਮਝਣਾ ਕਿ ਮਰਕੇ ਦਿੱਸੇਗਾ। ਪਰ ਲੋੜ ਹੈ ਭਾਗਾਂ ਦੀ ਤੇ ਗੁਰੂ ਦੀ ਦੱਸੀ ਕਮਾਈ ਦੀ। ਇਹ ਤਾਂ ਜਾਚ ਦੱਸੀ ਗੁਰਮੁਖ ਬਣਨ ਦੀ ਤੇ ਗੁਰਮੁਖਾਂ ਨੂੰ ਪ੍ਰਾਪਤੀ ਦੀ।

ਅੰਕ ੬ ਵਿਚ ਮਨਮੁਖ ਦਾ ਹਾਲ ਦੱਸਦੇ ਹਨ ਕਿ ਉਹ ਨਾਮ ਸਿਮਰਦਾ ਨਹੀਂ, ਅਪਣੇ ਮਨ ਦੇ ਮਗਰ ਟੁਰਦਾ ਹੈ, ਭਾਵ ਗੁਰੂ ਦੀ ਮਤਿ ਤੇ ਨਹੀਂ ਟੁਰਦਾ। ਉਸ ਦੇ ਕਰਮ ਬੀ ਚੰਗੇ ਨਹੀਂ ਹੁੰਦੇ ਸੋ ਉਹ ਭਟਕਦਾ ਹੀ ਰਹਿੰਦਾ ਹੈ।

ਅੰਕ ੭ ਵਿਚ ਫੇਰ ਗੁਰਮੁਖਾਂ ਦਾ ਹਾਲ ਹੈ ਕਿ ਓਹ ਗੁਰੂ ਨੂੰ ਮਿਲੇ, ਉਹਨਾਂ ਨੇ ਸੁੰਦਰ ਠਾਕੁਰ ਦੇ ਨਾਮ ਵਿਚ ਲਿਵ ਲਾਈ, ਓਹ ਫੇਰ ਪਾਰਸ ਹੋ ਗਏ। ਕਿਉਂਕਿ ਇਕ ਪਾਸੇ ਤਾਂ ਠਾਕਰ ਵਿਚ ਮਿਲ ਗਏ ਦੂਜੇ ਪਾਸੇ ਉਹਨਾਂ ਦੀ ਛੁਹ ਨਾਲ ਹੋਰ ਗੁਰਮੁਖ ਬਣਨ ਲਗ ਪਏ।

ਅੰਕ ੮ ਵਿਚ ਉਹਨਾਂ ਦੇ ਜੀਵਨ ਦੀ ਸਫਲਤਾ ਦਿਖਾਲਦੇ ਹਨ ਕਿ ਓਹ ਆਪ ਵਾਹਿਗੁਰੂ ਦੇ ਨਾਮ ਵਿਚ ਤ੍ਰਿਪਤ ਹੋਏ ਉਸ ਦੇ ਪ੍ਰੇਮ ਵਿਚ ਰੱਤੇ ਰਹਿੰਦੇ ਹਨ, ਇਧਰ ਜਗਤ ਵਿਚ ਨਹੀਂ ਫਸਦੇ, ਨਿਰਲੇਪ ਰਹਿੰਦੇ ਹਨ।

ਨਿਰੁਕ੍ਤ-ਰੂੜੋ- [ਸੰਸ:, ਰੂਢ=ਖਿੜਨਾ, ਵਧਣਾ। ੨. ਪ੍ਰਸਿੱਧ। ਸਿੰਧੀ, ਰੂੜੋ=ਚੰਗਾ]। ਸੁੰਦਰ। ਉੱਤਮ।

ਮਾਹਰੋ- [ਅ:, ਮਾਹਿਰ=ਵਾਕ਼ਫ਼ਕਾਰ] ਪ੍ਰਬੀਨ। ਜਾਣਨਹਾਰ। ਭਾਵ ਸਰਵੱਗ ਤੋਂ ਹੈ।

(ਅ) [ਮਾਹ+ਰੂ ਯਾ ਰੋ=ਚੰਦ ਵਰਗਾ ਹੋਵੇ ਮੂੰਹ ਜਿਸ ਦਾ] ਸੁਹਣਾ। ਸੁੰਦਰ। ਇਹ ਅਰਥ ਦਾਨੇ ਇਸ ਕਰਕੇ ਨਹੀਂ ਲਾਉਂਦੇ ਕਿ ਜਿਸ ਦੀ ਸੁੰਦਰਤਾ ਅੱਗੇ ਅਸੰਖ ਚੰਦ ਮਾਤ ਹਨ, ਉਸ ਨੂੰ ਚੰਦ ਵਰਗਾ ਸੁਹਣਾ ਆਖਣਾ ਨਜ਼ੂਨ ਉਪਮਾ ਦੇਣੀ ਹੈ। ਨਿਰਬਾਣੀ ਪਦ- [ਨਿਰਬਾਣ= ਜਿਥੇ ਜਾਕੇ ਮੁਕਤ ਹੋ ਜਾਈਦਾ ਹੈ] ਮੁਕਤੀ ਦੀ ਪਦਵੀ। (ਦੇਖੋ ਪੰਨਾ ੧੩੬੨)।

ਓਲ੍ਹਗੀ- [ਪੁ: ਪੰ:, ਸਿੰਧੀ=ਓਲਗੀ=ਨੀਵੇਂ ਦਰਜੇ ਦਾ ਦਾਸ] ਦਾਸ। ਜਦੋਂ ਸਿੰਧੀ ਲੋਕ ਅਰਬੀ ਹਮਲੇ ਤੋਂ ਨੱਸਕੇ ਪੰਜਾਬ ਵਿਚ ਆਏ ਤਾਂ ਐਸੇ ਪਦ ਉਹਨਾਂ ਦੀ ਬੋਲੀ ਦੇ ਪੰਜਾਬੀ ਵਿਚ ਮਿਲ ਗਏ ਸਨ।

ਛੋਰੂ- [ਸੰਸ:, ਸ਼ਾਵਕ:=ਕਿਸੇ ਭੀ ਪਸ਼ੂ ਦਾ ਬੱਚਾ। ਪ੍ਰਾ:, ਛਾਣਕ। ਸਿੰਧੀ ਤੇ ਪੰਜਾਬੀ=ਛੋਕਰਾ, ਤੇ ਛੋਹਰਾ ਛੁਹਰੇ ਤੋਂ ਛੋਰੂ, ਛੋਟੂ] ਛੋਟਾ ਬਾਲਕਾ। (੨) ਨਿਕਾ, ਛੋਟਾ। ਨਿਕੀ ਉਮਰਾ ਦਾ ਦਾਸ।

ਨਿਹਾਲੀਐ-ਦੇਖੀਏ।

[ਆਸਾ ਮਹਲਾ ੧, ਅਸਟਪਦੀ-੨੦]

ਮੂਲ	ਅਰਥ
ਆਸਾ ਮਹਲਾ ੧ ॥ ਕੇਤਾ ਆਖਣੁ ਆਖੀਐ ਤਾ ਕੇ ਅੰਤ ਨ ਜਾਣਾ ॥ ਮੈ ਨਿਧਰਿਆ ਧਰ ਏਕ ਤੂੰ ਮੈ ਤਾਣੁ ਸਤਾਣਾ ॥੧॥	(ਭਾਵੇਂ) ਕਿੰਨਾ ਹੀ ਵਰਣਨ ਪਏ ਕਰੀਏ ਉਸ (ਸਾਹਿਬ) ਦੇ ਅੰਤ ਨੂੰ (ਮੈਂ) ਨਹੀਂ ਜਾਣ ਸਕਦਾ (ਇਹ ਕਹਿੰਦੇ ਅਰਦਾਸ ਵਿਚ ਹੋ ਜਾਂਦੇ ਹਨ-) ਮੈ ਨਿਰਆਸਰੇ ਦਾ ਇਕੋ ਤੂੰ ਆਸਰਾ ਹੈਂ, (ਹਾਂ ਤੂੰ ਹੀ) ਮੇਰਾ ਬਲਵਾਨ ਤਾਣ (=ਬਲ) ਹੈਂ॥ ੧॥
ਨਾਨਕ ਕੀ ਅਰਦਾਸਿ ਹੈ ਸਚਿ ਨਾਮਿ ਸੁਹੇਲਾ ॥ ਆਪੁ ਗਇਆ ਸੋਝੀ ਪਈ ਗੁਰ ਸਬਦੀ ਮੇਲਾ ॥੧॥ ਰਹਾਉ ॥	[ਇਹ ਸੰਜੋਗੀ ਅਵਸਥਾ ਨਾਮ ਨਾਲ ਮਿਲੀ ਹੈ ਸੋ ਫੇਰ ਅਰਦਾਸ ਕਰਦੇ ਹਨ:] ਨਾਨਕ ਦੀ ਅਰਦਾਸ (ਇਹ) ਹੈ ਕਿ (ਮੈਨੂੰ ਆਪਣੇ) ਸੱਚੇ ਨਾਮ ਦੁਆਰਾ ਸੁਖੀ (ਰੱਖ)। ਆਪਾ ਭਾਵ ਦੂਰ ਹੋਇਆਂ ਸੋਝੀ ਪਈ ਹੈ ਤੇ ਗੁਰੂ ਦੇ ਸ਼ਬਦ ਦੁਆਰਾ ਮੇਲਾ ਹੋਇਆ ਹੈ॥ ੧॥ ਰਹਾਉ॥
ਹਉਮੈ ਗਰਬੁ ਗਵਾਈਐ ਪਾਈਐ ਵੀਚਾਰੁ ॥ ਸਾਹਿਬ ਸਿਉ ਮਨੁ ਮਾਨਿਆ ਦੇ ਸਾਚੁ ਅਧਾਰੁ ॥੨॥	ਹਉਮੈ ਤੇ ਹੰਕਾਰ ਦੂਰ ਕਰੀਏ (ਤਾਂ ਯਥਾਰਥ) ਵੀਚਾਰ ਪ੍ਰਾਪਤ ਹੁੰਦੀ ਹੈ। (ਉਸ ਵੀਚਾਰ ਦੁਆਰਾ) ਮਾਲਕ (ਵਾਹਿਗੁਰੂ) ਨਾਲ ਮਨ ਪਤੀਜ ਜਾਂਦਾ ਹੈ, (ਫੇਰ ਆਪਣੇ ਤੇ ਪਤੀਜੇ ਨੂੰ ਉਹ) ਸਤਜ ਸਰੂਪ (ਵਾਹਿਗੁਰੂ ਆਪਣਾ) ਆਸਰਾ ਦੇਈ ਰਖਦਾ ਹੈ॥ ੨॥
ਅਹਿਨਿਸਿ ਨਾਮਿ ਸੰਤੋਖੀਆ ਸੇਵਾ ਸਚੁ ਸਾਈ ॥ ਤਾ ਕਉ ਬਿਘਨੁ ਨ ਲਾਗਈ ਚਾਲੈ ਹੁਕਮਿ ਰਜਾਈ ॥੩॥	(ਫਿਰ ਉਹ ਸੱਚੇ ਆਧਾਰ ਵਾਲਾ ਪ੍ਰੇਮੀ) ਦਿਨੇ ਰਾਤ ਨਾਮ ਦੁਆਰਾ (ਪ੍ਰਾਪਤ ਹੋਈ) ਤ੍ਰਿਪਤੀ ਵਿਚ ਰਹਿੰਦਾ ਹੈ, (ਇਹੋ) ਉਸ ਦੀ ਸੱਚੀ ਸੇਵਾ ਹੈ। (ਜੋ ਉਸ) ਰਜ਼ਾ ਦੇ ਮਾਲਕ ਦੇ ਹੁਕਮ ਵਿਚ ਚਲਦਾ ਹੈ ਉਸ ਨੂੰ (ਫੇਰ ਪ੍ਰਾਪਤ ਹੋਈ ਤ੍ਰਿਪਤੀ ਵਿਚ) ਕੋਈ ਵਿਘਨ ਨਹੀਂ ਲਗਦਾ॥ ੩॥
ਹੁਕਮਿ ਰਜਾਈ ਜੋ ਚਲੈ ਸੋ ਪਵੈ ਖਜਾਨੈ ॥ ਖੋਟੇ ਠਵਰ ਨ ਪਾਇਨੀ ਰਲੇ ਜੂਠਾਨੈ ॥੪॥	ਜੋ ਰਜ਼ਾਈ (=ਰਜ਼ਾ ਦੇ ਮਾਲਕ) ਦੇ ਹੁਕਮ ਵਿਚ ਚਲਦਾ ਹੈ ਉਹ (ਮਾਲਕ ਦੇ) ਖ਼ਜ਼ਾਨੇ ਵਿਚ ਪੈ ਜਾਂਦਾ ਹੈ, (ਪਰ) ਜੋ ਖੋਟੇ ਹਨ ਉਨ੍ਹਾਂ ਨੂੰ (ਖ਼ਜ਼ਾਨੇ ਵਿਚ) ਥਾਂ ਨਹੀਂ ਮਿਲਦੀ (ਉਹ ਤਾਂ) ਜੂਠਿਆਂ ਵਿਚ ਜਾ ਰਲਦੇ ਹਨ॥ ੪॥
ਨਿਤ ਨਿਤ ਖਰਾ ਸਮਾਲੀਐ ਸਚੁ ਸਉਦਾ ਪਾਈਐ ॥ ਖੋਟੇ ਨਦਰਿ ਨ ਆਵਨੀ ਲੇ ਅਗਨਿ ਜਲਾਈਐ ॥੫॥	(ਨਿਤਿ ਨਿਤਿ=) ਹਰ ਸਮੇਂ ਵਿਚ (ਸਾਈਂ ਦੀ ਰਜ਼ਾ ਤੇ ਟੁਰਨ ਵਾਲੇ) ਖਰੇ ਦੀ ਸੰਭਾਲ ਹੁੰਦੀ ਹੈ, (ਖਰੇ ਹੋਣ ਨਾਲ ਹੀ) ਸਤਜ (ਸਰੂਪ ਰੂਪੀ) ਵੱਖਰ ਪ੍ਰਾਪਤ ਹੁੰਦਾ ਹੈ। ਖੋਟੇ (ਪਰਮਾਤਮਾ ਦੀ) ਕ੍ਰਿਪਾ ਦ੍ਰਿਸ਼ਟੀ ਹੇਠ ਨਹੀਂ ਆਉਂਦੇ, (ਉਹ ਤਾਂ) ਫੜਕੇ ਅੱਗ ਵਿਚ ਸਾੜੇ ਜਾਂਦੇ ਹਨ॥ ੫॥
ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ ॥ ਏਕੋ ਅੰਮ੍ਰਿਤ ਬਿਰਖੁ ਹੈ ਫਲੁ ਅੰਮ੍ਰਿਤੁ ਹੋਈ ॥੬॥	ਜਿਨ੍ਹਾਂ ਨੇ (ਆਪਣੇ) ਆਤਮਾ ਨੂੰ ਪਛਾਣ ਲਿਆ ਹੈ, ਉਹੀ ਪਰਮਾਤਮਾਂ ਨੂੰ (ਸਿਆਣ ਲੈਂਦੇ ਹਨ)। (ਪਰਮਾਤਮਾਂ) ਅੰਮ੍ਰਿਤ ਦਾ ਬ੍ਰਿਛ ਹੈ, (ਉਸ ਦਾ) ਫਲ (=ਜੀਵਾਤਮਾ ਬੀ) ਅੰਮ੍ਰਿਤ ਹੀ ਹੋਣਾ ਹੋਇਆ, (ਸੋ) ਇਕੋ (ਹਨ)॥ ੬॥
ਅੰਮ੍ਰਿਤ ਫਲੁ ਜਿਨੀ ਚਾਖਿਆ ਸਚਿ ਰਹੇ ਅਘਾਈ ॥	(ਸੋ) ਜਿਨ੍ਹਾਂ ਨੇ (ਆਤਮ ਲੱਖਤਾ ਰੂਪੀ) ਅੰਮ੍ਰਿਤ ਫਲ ਚਖਿਆ ਹੈ (ਓਹੀ) ਸੱਚ ਵਿਚ (ਅਰਥਾਤ ਸਤਜ ਸਰੂਪ ਪਰਮਾਤਮਾ

ਤਿੰਨਾ ਭਰਮੁ ਨ ਭੇਦੁ ਹੈ ਹਰਿ ਰਸਨ ਰਸਾਈ ॥੭॥	ਵਿਚ) ਤ੍ਰਿਪਤ (ਹੋਏ) ਰਹਿੰਦੇ ਹਨ, ਉਨ੍ਹਾਂ ਨੂੰ (ਪਰਮਾਤਮਾਂ ਨਾਲੋਂ ਅੱਡਰੇ ਹੋਣ ਦਾ ਨਾ) ਭਰਮ (ਪੈਂਦਾ ਹੈ ਨਾ) ਭੇਦ (ਦਿੱਸਦਾ) ਹੈ, (ਪਰ) ਉਨ੍ਹਾਂ ਦੀ ਰਸਨਾ ਹਰੀ (ਨਾਮ ਵਿਚ) ਰਸਮਯ ਹੋਈ ਰਹਿੰਦੀ ਹੈ॥ ੭॥
ਹੁਕਮਿ ਸੰਜੋਗੀ ਆਇਆ ਚਲੁ ਸਦਾ ਰਜਾਈ ॥ ਅਉਗਣਿਆਰੇ ਕਉ ਗੁਣੁ ਨਾਨਕੈ ਸਚੁ ਮਿਲੈ ਵਡਾਈ ॥੮॥੨੦॥	ਹੇ ਨਾਨਕ ! ਤੂੰ (ਸਾਈਂ ਦੇ) ਹੁਕਮ ਦੇ ਸੰਜੋਗ ਕਰਕੇ (ਏਥੇ) ਆਇਆ ਹੈਂ, (ਸੋ) ਸਦਾ (ਉਸ ਦੀ) ਰਜ਼ਾ ਵਿਚ ਤੁਰ। ਅਉਗੁਣਿਆਰੇ ਨੂੰ ਗੁਣ (ਲਾ ਦਿਓ, ਕਿਹੜਾ ਗੁਣ?) ਸੱਚ (ਰੂਪੀ ਗੁਣ) ਮਿਲੇ, (ਇਸੇ ਵਿਚ ਮੇਰੀ) ਵਡਿਆਈ ਹੈ॥ ੮॥ ੨੦॥

ਵਯਾਖਯਾ-ਵਾਹਿਗੁਰੂ ਜੀ ਦਾ ਕਥਨ ਕਰਨਾ ਚਾਹੋ ਗਾਕੇ ਚਾਹੋ ਵਰਣਨ ਕਰਕੇ ਇਸ ਲਈ ਹੁੰਦਾ ਹੈ ਕਿ ਉਸ ਵਿਚ ਸਮਾ ਜਾਈਏ, ਉਸ ਨਾਲ ਉਸ ਬੇਅੰਤ ਦਾ ਅੰਤ ਨਹੀਂ ਲੈ ਸਕੀਦਾ ਜੈਸਾ ਕਿ ਵਾਕ ਹੈ:-

'ਕੀਮਤਿ ਪਾਇ ਨ ਕਹਿਆ ਜਾਇ॥ ਕਹਣੈ ਵਾਲੇ ਤੇਰੇ ਰਹੇ ਸਮਾਇ॥'

[ਆਸਾ ਮਹਲਾ ੧]

ਕੀਮਤ ਪਾਉਣ ਦਾ ਭਾਵ ਅੰਤ ਲੈਣਾ ਹੁੰਦਾ ਹੈ ਸੋ ਅੰਤ ਵਾਲਾ ਜੀਵ ਬੇਅੰਤ ਦਾ ਅੰਤ ਲੈ ਨਹੀਂ ਸਕਦਾ। ਏਹ ਵਾਕ ਉਚਾਰਕੇ ਆਪਦਾ ਸਾਈਂ ਨਾਲ ਸਦਾ ਜੁੜਿਆ ਮਨ ਸਾਈਂ ਦੀ ਅਪਣੇ ਨਾਲ ਮਿਲੀ ਅਵਸਥਾ ਤੇ ਉਸਦੇ ਆਪਨੂੰ ਮਿਲ ਰਹੇ ਬਲ ਦੀ ਪ੍ਰਤੀਤੀ ਵਿਚ ਅਰਦਾਸ ਵਿਚ ਚਲਾ ਜਾਂਦਾ ਹੈ ਤੇ ਉਸਦੀ ਮੇਹਰ ਤੇ ਬਲ ਦਾਤ ਦਾ ਇਕਰਾਰ ਕਰਦੇ ਹਨ, ਜਿਸ ਵਿਚ ਸੂਚਿਤ ਕਰਦੇ ਹਨ ਕਿ ਮੈਨੂੰ ਤਾਣ ਤਕੀਆ ਉਸੇ ਦਾ ਹੈ। ਉਸ ਤੋਂ ਮਿਲੀ ਦਾਤ ਦਾ ਅਰਦਾਸ ਵਾਙੂ ਇਕਰਾਰ ਕਰਕੇ ਫੇਰ ਅਰਦਾਸ ਕਰਦੇ ਹਨ ਕਿ ਤੇਰੀ ਦਾਤ ਦਾ ਕਾਰਣ ਤੇਰਾ ਨਾਮ ਹੈ, ਮੈਨੂੰ ਉਸ ਨਾਮ ਦੁਆਰਾ ਸੁਖੀ ਰਖ। ਵਿਚ ਸੈਨਤ ਇਹ ਹੈ ਕਿ ਮਾਯਕ ਸੁਖਾਂ ਦੀ ਮੈਨੂੰ ਵਾਸ਼ਨਾ ਨਾ ਉੱਠੇ। ਅਗਲੀ ਤੁਕ ਹੁਣ ਅਰਦਾਸ ਨਹੀਂ ਉਹ ਵਰਣਨ ਹੈ ਕਿ ਨਾਮ ਕਿਥੋਂ ਮਿਲਿਆ ਤੇ ਫਲ ਕੀ ਹੋਇਆ। ਦੱਸਦੇ ਹਨ ਕਿ ਗੁਰੂ ਦੇ ਦਿੱਤੇ ਸ਼ਬਦ ਦੁਆਰਾ ਮੇਲਾ ਹੋਇਆ, ਕੀਕੂੰ? ਕਿ ਸ਼ਬਦ ਨੇ ਆਪਾ ਭਾਵ ਗੁਆ ਦਿਤਾ। ਆਪਾ ਭਾਵ ਗੁਆਚਿਆਂ ਤਾਂ ਜੋ ਆਪਾ ਭਾਵ ਗੁਆਚ ਕੇ ਬਾਕੀ ਰਹੀ 'ਅਪਣੀ ਆਤਮ ਸਰੂਪਤਾ', ਉਸ ਦੀ ਸੋਝੀ ਪੈ ਗਈ। ਆਤਮ ਸਰੂਪਤਾ ਦੀ ਸੋਝੀ ਪਈ ਤਾਂ ਫੇਰ ਪਰਮਾਤਮ ਦੇਵ ਨਾਲ ਮਿਲ ਗਏ।

ਅੰਕ ੨-ਉਸੇ ਭਾਵ ਨੂੰ ਖੋਹਲਦੇ ਹਨ ਕਿ ਹਉਮੈ ਤੇ ਉਸ ਦਾ ਵਰਤਾਉ ਜੋ ਜਗਤ ਵਿਚ ਕਰੀਦਾ ਹੈ, ਜਿਸ ਨੂੰ ਹੰਕਾਰ ਕਹਿ ਲਈਦਾ ਹੈ, ਸੋ ਅੰਦਰਲੇ ਹਉਂ ਦੇ ਭਾਵ ਤੇ ਬਾਹਰਲੇ ਉਸ ਦੇ ਵਰਤਾਵ ਹੰਕਾਰ ਨੂੰ ਮੇਟ ਲਈਏ ਤਾਂ ਆਵਰਣ ਦੂਰ ਹੋ ਗਿਆ, ਬਾਕੀ ਰਹਿ ਗਈ ਆਪਣੀ ਆਤਮ ਸਰੂਪਤਾ, ਉਸ ਦੀ ਫੇਰ ਵੀਚਾਰ ਪ੍ਰਾਪਤ ਹੋ ਜਾਂਦੀ ਹੈ। ਆਤਮ ਸਰੂਪਤਾ ਆਪਣੀ ਲੱਖਤਾ ਵਿਚ ਆ ਜਾਵੇ ਤਾਂ ਵਯਾਪਕ ਪਰਮਾਤਮਾਂ ਦੀ ਵੀਚਾਰ ਉਪਜਦੀ ਹੈ। ਸੋ ਯਕੀਨ ਆ ਜਾਂਦਾ ਹੈ ਕਿ ਪਰਮਾਤਮ ਦੇਵ ਹੈ, ਜੋ ਸਭ ਦਾ ਮਾਲਕ ਹੈ। ਜਦ ਇਉਂ ਸਾਹਿਬ ਨਾਲ ਪਤੀਜਣਾ ਆ ਗਈ ਤਦ ਪ੍ਰੇਮੀ ਹਉਂ ਦੇ ਆਸਰੇ ਨਹੀਂ ਜੀਉਂਦਾ ਵਿਚਰਦਾ, ਪਰ ਉਸ ਨੂੰ ਸੱਚਾ ਸਾਹਿਬ ਆਸਰਾ ਦੇਂਦਾ ਹੈ ਤੇ ਉਸ ਪਰਮਾਤਮ ਦੇ ਆਸਰੇ ਸਿਰ ਵਿਚਰਦਾ ਹੈ।

ਅੰਕ ੩-ਹੁਣ ਉਸ ਸਾਈਂ ਦੇ ਆਧਾਰ ਤੇ ਵਿਚਰ ਰਹੇ ਮਹਾਂ ਪੁਰਖ ਦੀ ਆਪਣੀ ਅਵਸਥਾ ਦੱਸਦੇ ਹਨ ਕਿ ਉਹ ਦਿਨੇ ਰਾਤ ਨਾਮ ਦੁਆਰਾ ਪ੍ਰਾਪਤ ਤ੍ਰਿਪਤੀ ਵਿਚ ਰਹੇਗਾ, ਉਹ ਨਾਮ ਛਡੇਗਾ ਨਹੀਂ, ਨਾਮ ਤੇ ਤ੍ਰਿਪਤੀ ਉਸ ਦੇ ਸਭਾਵਭੂਤ ਹੋ ਜਾਣਗੀਆਂ। ਜੈਸਾ ਕਿ ਪੰਜਵੇਂ ਸਤਿਗੁਰੂ ਜੀ ਦਾ ਵਾਕ ਹੈ:-

ਬ੍ਰਹਮ ਗਿਆਨੀ ਕੈ ਨਾਮੁ ਅਧਾਰੁ॥ [ਸੁਖਮਨੀ ੮-੫]

ਇਹੋ ਉਸ ਦੀ ਸਾਈਂ ਸੇਵਾ ਹੋਵੇਗੀ। ਉਹ ਹੁਣ ਰਜ਼ਾ ਵਿਚ ਚਲ ਰਿਹਾ ਹੈ, ਹਉਂ ਵਿਚ ਨਹੀਂ,

ਇਸ ਕਰਕੇ ਉਸ ਦੀ ਅਵਸਥਾ ਵਿਚ ਵਿਘਨ ਕੋਈ ਨਹੀਂ ਪੈਣ ਲੱਗਾ*। ਜੈਸਾ ਕਿ ਪੰਚਮ ਗੁਰੂ ਜੀ ਦਾ ਵਾਕ ਹੈ:-

ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ॥ [ਸੁਖਮਨੀ ੧-੨]

ਅੰਕ ੪-ਖ਼ਜ਼ਾਨੇ ਪੈਣਾ ਖਰੇ ਹੋਣ ਦੀ ਨਿਸ਼ਾਨੀ ਹੈ।ਖਰਾ ਕਉਣ ਹੈ? ਦੱਸਦੇ ਹਨ ਕਿ ਜੋ ਮਾਲਕ ਦੀ ਰਜ਼ਾ ਤੇ ਟੁਰਦਾ ਹੈ। ਖ਼ਜ਼ਾਨੇ ਪੈਣ ਦਾ ਭਾਵ ਹੈ ਮੁਕਤ ਪਦਵੀ ਨੂੰ ਪਾ ਲੈਣਾ। ਯਾ ਇਉਂ ਕਹੋ ਕਿ ਓਹ ਖਰੇ ਸਾਈਂ ਦੇ ਦਰਬਾਰ, ਸਾਈਂ ਦੀ ਹਜ਼ੂਰੀ ਵਿਚ ਦਾਖਲ ਹੋ ਜਾਂਦੇ ਹਨ। ਖਰੇ ਦੀ ਹਾਲਤ ਦੱਸਕੇ ਹੁਣ ਖੋਟੇ ਨੂੰ ਲੈਂਦੇ ਹਨ ਜੋ ਰਜ਼ਾ ਵਿਚ ਨਹੀਂ ਟੁਰਦਾ। ਉਹ ਨਾਮ ਬੀ ਨਹੀਂ ਜਪਦਾ, ਕਿਉਂਕਿ ਨਾਮੀ ਪੁਰਖ ਰਜ਼ਾ ਵਿਚ ਆਉਂਦਾ ਹੈ, ਉਹ ਵਾਹਿਗੁਰੂ ਦੇ ਹੁਕਮ ਤੇ ਰਜ਼ਾ ਦੇ ਉਲਟ ਚਲਦਾ ਹੈ, ਸੋ ਮਨਮੁਖ ਹੋਇਆ। ਇਸ ਕਰਕੇ ਭਾਵ ਇਹ ਹੈ ਕਿ ਮਨਮੁਖ ਝੂਠਿਆਂ ਵਿਚ ਰਲਦੇ ਹਨ।

ਅੰਕ ੫-ਨਿਤਿ ਨਿਤਿ=ਹਰ ਸਮੇਂ, ਹਰ ਜੁਗ ਵਿਚ ਭਾਵ ਸਦਾ ਹੀ ਖਰੇ ਦੀ ਸੰਭਾਲ ਹੁੰਦੀ ਹੈ, ਕਿ ਉਹ ਵਾਹਿਗੁਰੂ ਦੀ ਸੰਭਾਲ ਕ੍ਰਿਪਾ ਦ੍ਰਿਸ਼ਟੀ ਹੇਠ ਰਹਿੰਦਾ ਹੈ ਤੇ ਖਰਾ ਹੋਣਾ ਹੀ ਐਸਾ ਗੁਣ ਹੈ ਕਿ ਜਿਸ ਨਾਲ ਸੱਚ ਸਰੂਪੀ ਸੌਦਾ ਪ੍ਰਾਪਤ ਹੁੰਦਾ ਹੈ। ਮੁਰਾਦ ਇਹ ਜਾਪਦੀ ਹੈ ਕਿ ਖਰੇ ਨੂੰ ਸਾਈਂ ਸੰਭਾਲਦਾ ਹੈ ਤੇ ਖਰਾ ਖਰਾ ਹੋਣ ਕਰਕੇ ਹੀ ਸਾਈਂ ਨੂੰ ਪਾ ਲੈਂਦਾ ਹੈ। ਬਾਕੀ ਵਿਚਾਰ ਨਿਰੁਕਤ ਵਿਚ ਦੇਖੋ। ਦੂਜੀ ਸਤਰ ਵਿਚ ਖੋਟਿਆਂ ਮਨਮੁਖਾਂ ਦਾ ਅੰਤ ਦੱਸਦੇ ਹਨ ਕਿ ਉਹ ਪਰਮੇਸ਼ੁਰ ਦੀ ਕ੍ਰਿਪਾ ਦ੍ਰਿਸ਼ਟੀ ਥੱਲੇ ਨਹੀਂ ਆਉਂਦਾ, ਉਹ ਅੱਗ ਵਿਚ ਸਾੜੀ ਦਾ ਹੈ। ਖੋਟੇ ਸਿੱਕੇ ਅੱਗ ਵਿਚ ਤਪਾਕੇ ਪਰਖਦੇ ਹਨ। ਜੇ ਸੋਧਣਾ ਹੋਵੇ ਤਾਂ ਬੀ ਉਸ ਦੀ ਮੈਲ ਅੱਗ ਵਿਚ ਗਾਲ ਕੇ ਹੀ ਕੱਢਦੇ ਹਨ; ਪਰ ਏਥੇ ਭਾਵ ਹੈ ਕਿ ਉਹ ਕਸ਼ਟ ਭੋਗਦੇ ਹਨ। ਖੋਟੇ ਤੋਂ ਭਾਵ ਨਿਰੇ ਮਨਮੁਖ ਤੋਂ ਨਹੀਂ ਸਗੋਂ ਉਹਨਾਂ ਪੁਰਖਾਂ ਤੋਂ ਹੈ ਜੋ ਹਉਮੈ ਤਜਾਗਣ ਦੇ ਜਤਨ ਵਿਚ ਨਹੀਂ, ਸਿਮਰਨ ਵਿਚ ਨਹੀਂ, ਆਤਮ ਲੱਖਤਾ ਵਿਚ ਨਹੀਂ, ਫੇਰ ਗੁਰੂ ਬਣ ਬਣ ਜਗਤ ਨੂੰ ਅਪਣੇ ਪੇਟ ਖ਼ਾਤਰ ਮਗਰ ਲਾਕੇ ਜੀਵਨ ਬਸਰ ਕਰਦੇ ਹਨ; ਓਹ ਜੀਵਨ ਖਰਾ ਨਹੀਂ ਖੋਟਾ ਹੈ। ਉਹਨਾਂ ਦਾ ਅੰਤ ਮਾੜਾ ਦੱਸਦੇ ਹਨ, ਜੈਸਾ ਕਿ ਦਸਮ ਗੁਰੂ ਜੀ ਦਾ ਵਾਕ ਹੈ:-

ਭੇਖ ਦਿਖਾਯੋ ਜਗਤ ਕੋ ਲੋਗਨ ਕੋ ਬਸਿ ਕੀਨ॥
ਅੰਤ ਕਾਲਿ ਕਾਤੀ ਕਟਯੋ ਬਾਸੁ ਨਰਕ ਮੋ ਲੀਨ॥ [ਬਚਿਤ੍ਰ ਨਾਟਕ ਪਾ:-੧੦]

ਖੋਟੇ ਤੇ ਖਰੇ ਦਾ ਮੁਕਾਬਲਾ ਕਰਕੇ ਦੱਸਿਆ ਹੈ। ਇਹ ਦੱਸਕੇ ਹੁਣ ਖਰੇ ਦੀ ਫੇਰ ਵਜਾਖਜਾ ਤੇ ਪਰਮ ਪਦ ਵਾਲੀ ਅਵਸਥਾ ਅਖੀਰ ਤਕ ਕਥਨ ਕਰਦੇ ਹਨ।

ਬ੍ਰਿਛ ਦਾ ਦ੍ਰਿਸ਼ਟਾਂਤ ਦੇਂਦੇ ਹਨ ਕਿ ਅੰਮ੍ਰਿਤ ਦਾ ਇਕ ਰੁੱਖ ਹੈ, ਇਸ ਦੇ ਫਲ ਜ਼ਰੂਰ ਅੰਮ੍ਰਿਤ ਹੋਣਗੇ। ਇਸੀ ਤਰ੍ਹਾਂ ਪਰਮਾਤਮਾ ਅੰਮ੍ਰਿਤ ਹੈ, ਉਸ ਦੇ ਫਲ ਜੀਵਾਤਮਾ ਹਨ ਜੋ ਉਸ ਨੇ ਪੈਦਾ ਕਰ ਦਿਤੇ ਹਨ: ਸੋ ਓਹ ਆਤਮਾ ਬੀ ਅੰਮ੍ਰਿਤ ਹੋਣੇ ਹੋਏ। ਸੋ ਜਿਨ੍ਹਾਂ ਪੁਰਖਾਂ ਨੇ ਅਪਣੇ ਆਤਮ ਤਤ ਨੂੰ ਪਛਾਣ ਲਿਆ ਉਹਨਾਂ ਨੂੰ ਸਮਝ ਆ ਗਈ ਕਿ ਏਹ ਪਰਮਾਤਮ ਨਾਲ ਅਭੇਦ ਹੈ, ਫਲ ਵਾਙੂ ਉਸ ਤੋਂ ਵੱਖ ਨਹੀਂ, ਜੇ ਇਹ ਅੰਮ੍ਰਿਤ ਹੈ ਤਾਂ ਪਰਮਾਤਮ ਦੇਵ ਤਾਂ ਹੋਇਆ ਹੀ ਅੰਮ੍ਰਿਤ। ਐਉਂ ਉਹਨਾਂ ਨੇ ਆਤਮਾ ਨੂੰ ਸਿਆਣਕੇ ਪਰਮਾਤਮਾ ਨੂੰ ਸਿਆਣ ਲਿਆ ਹੈ। ਜੈਸਾ ਕਿ ਆਪ ਜੀ ਨੇ ਫੁਰਮਾਇਆ ਹੈ:-

ਆਤਮੁ ਚੀਨਿ ਪਰਾਤਮੁ ** ਚੀਨਹੁ ਗੁਰ ਸੰਗਤਿ ਇਹੁ ਨਿਸਤਾਰਾ ਹੇ॥

[ਮਾਰੂ ਮਹਲਾ ੧, ਸੋਲਹਾ ੧੦-੮]

ਅੰਕ ੭-ਉਹੋ ਪਿਛਲਾ ਖਿਆਲ ਹੋਰ ਵਿਦਤ ਕਰਦੇ ਹਨ ਕਿ ਜਿਨ੍ਹਾਂ ਨੇ ਅਪਣੇ ਸਰੂਪ ਦੀ ਲੱਖਤਾ ਦੇ ਰਸ ਨੂੰ ਮਾਣ ਲਿਆ ਹੈ ਓਹ ਪਰਮਾਤਮ ਦੇਵ ਦੇ ਅੰਮ੍ਰਿਤ ਰਸ ਨੂੰ ਸਮਝ ਜਾਂਦੇ ਹਨ ਤੇ ਉਸ ਨੂੰ ਪ੍ਰਾਪਤ ਹੋਕੇ ਪਰਮਾਤਮ ਰਸ ਵਿਚ ਰਹਿੰਦੇ ਹਨ।ਭਾਵ ਇਹ ਹੈ ਕਿ ਪਰਮਾਤਮਾ ਨਾਲ ਅਭੇਦਤਾ ਗੱਲਾਂ ਨਾਲ

---

* ਯੋਗ ਦਰਸ਼ਨ ਵਿਚ ਬੀ ਲਿਖਿਆ ਹੈ:-
ਨਾਮ ਸਿਮਰਨ ਵਾਲੇ ਨੂੰ ਸ੍ਵੈਸਰੂਪ ਦਾ ਗਜਾਨ ਬੀ ਹੁੰਦਾ ਹੈ ਤੇ ਵਿਘਨਾਂ ਦਾ ਨਾਸ਼ ਹੁੰਦਾ ਹੈ॥ ੨੯॥

† ਪਰ+ਆਤਮ=ਵਡਆਤਮਾ, ਪਰਮ ਆਤਮਾ।

ਯਾ ਖਯਾਲਾਂ ਨਾਲ ਨਹੀਂ ਹੁੰਦੀ; ਪਿਛੇ ਕਹੇ ਤਰੀਕੇ ਨਾਲ ਹੁੰਦੀ ਹੈ। ਜੋ ਐਉਂ ਅਮਲੀ ਤੌਰ ਤੇ ਪ੍ਰਾਪਤ ਹੁੰਦੇ ਹਨ ਉਹਨਾਂ ਨੂੰ ਭਰਮ ਭੇਦ ਕੋਈ ਨਹੀਂ ਰਹਿੰਦਾ; ਪਰ ਉਹਨਾਂ ਦੀ ਰਸਨਾ ਹਰੀ ਨਾਮ ਤੋਂ ਸੁੰਞੀ ਨਹੀਂ ਹੋ ਜਾਂਦੀ, ਉਹ ਰਸਮਯ ਰਹਿੰਦੀ ਹੈ*।

ਅੰਕ ੮ ਵਿਚ ਹੁਣ ਆਪ ਨੂੰ ਉਪਦੇਸ਼ ਕਰਦੇ ਹਨ। ਉਪਦੇਸ਼ ਤਾਂ ਸਾਡੇ ਲਈ ਹੈ, ਪਰ ਅਪਣੇ ਦੁਆਰਾ ਉਪਦੇਸ਼ ਕਰਨਾ ਇਹ ਉਪਦੇਸ਼ ਦਾ ਉੱਤਮ ਤਰੀਕਾ ਹੈ। ਸੋ ਗੁਰੂ ਜੀ ਫੁਰਮਾਉਂਦੇ ਹਨ: ਹੇ ਨਾਨਕ ! ਤੂੰ ਹੁਕਮ ਦੇ ਸੰਜੋਗ ਕਰਕੇ ਆਯਾ ਹੈਂ। ਭਾਵ ਕਰਮ ਬੱਧ ਹੋਕੇ ਨਹੀਂ ਆਇਆ। ਤੇਰੇ ਆਉਣੇ ਦਾ ਸੰਜੋਗ ਹੁਕਮ ਹੈ। ਇਸ ਕਰਕੇ ਮਨ ਨੂੰ ਸਿਧੀ ਦਲੀਲ ਦੇਂਦੇ ਹਨ ਕਿ ਜਦ ਤੂੰ ਆਇਆ ਹੁਕਮ ਕਰਕੇ ਹੈਂ ਤਾਂ ਤੂੰ ਰਜ਼ਾ ਵਾਲੇ ਦੇ ਹੁਕਮ ਵਿਚ ਟੁਰ।

ਇਹ ਆਪ ਨੂੰ ਤੇ ਅਪਣੇ ਦੁਆਰਾ ਸਾਨੂੰ ਆਖਦੇ ਅਰਦਾਸ ਵਿਚ ਪੈ ਜਾਂਦੇ ਹਨ। ਆਪਣੇ ਆਪ ਨੂੰ ਗਯਾਨੀ, ਸੰਤ, ਮਹਾਤਮਾ, ਬ੍ਰਹਮ ਆਦਿ ਕੁਛ ਨਾ ਕਹਿੰਦੇ ਹੋਏ ਅਉਗੁਣਿਆਰਾ ਆਖਦੇ ਹਨ ਤੇ ਮੰਗਦੇ ਹਨ ਕਿ ਹੇ ਵਾਹਿਗੁਰੂ ! ਮੈਨੂੰ ਗੁਣ ਲਾ ਦਿਓ, ਕਿਹੜਾ ਗੁਣ? ਉੱਤਰ 'ਸਚ' ਰੂਪੀ ਗੁਣ। ਇਹੋ ਸੱਚ ਸਰੂਪੀ ਗੁਣ ਦੀ ਪ੍ਰਾਪਤੀ ਵਿਚ ਹੀ ਮੇਰੀ ਵਡਿਆਈ ਹੈ।

ਗੁਰੂ ਜੀ ਸਚ ਹੀ ਸਚ ਮੰਗਦੇ ਹਨ ਕਿਉਂਕਿ ਓਹ ਆਪ ਦੱਸ ਚੁਕੇ ਹਨ, ਕਿ:-

'ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥' [ਜਪੁਜੀ]

ਇਸ ਕਹਿਣ ਵਿਚ ਆਪ ਨੇ ਸਭ ਕੁਛ ਮੰਗ ਲਿਆ।

ਨਿਰੁਕ੍ਤ-ਆਖਣੁ-ਕਹਿਣੁ। ਵਰਣਨ। ਤਾਕੇ-ਉਸ ਦੇ।

ਨਿਧਰਿਆ- [ਸੰਸ:, ਨਿਰਾਧਾਰ:=ਬਿਨਾਂ ਆਸਰੇ ਤੋਂ] ਜਿਸ ਦਾ ਆਸਰਾ ਕੋਈ ਨਾ ਹੋਵੇ।

ਧਰ-ਆਸਰਾ। ਤਾਣੁ-ਬਲ।

ਸਤਾਣਾ-ਬਲ ਵਾਲਾ। 'ਤਾਣੁ ਸਤਾਣਾ' ਦਾ ਅਰਥ-'ਤੇਰੇ ਬਲ ਦੁਆਰਾ ਬਲਵਾਨ ਹਾਂ' ਢੁੱਕਦਾ ਨਹੀਂ, ਕਿਉਂਕਿ 'ਤਾਣ' ਨੂੰ ਔਂਕੁੜ ਹੈ।

ਆਪੁ ਗਇਆ-ਆਪਾ ਭਾਵ ਦੇ ਦੂਰ ਹੋਇਆਂ। ਹਉਮੈਂ ਦੇ ਚਲੇ ਗਿਆਂ।

ਹਉਮੈ ਗਰਬੁ-ਅਰਥਾਂ ਤੇ ਵਯਾਖਯਾ ਵਿਚ ਭਾਵ ਆ ਚੁਕਾ ਹੈ।

ਜੂਠਾਨੈ-ਦਾ ਭਾਵ ਝੂਠਿਆਂ ਤੋਂ ਲਗਦਾ ਹੈ, ਕਿਉਂਕਿ ਖਰੇ ਦੇ ਮੁਕਾਬਲੇ ਤੇ ਪਦ ਖੋਟਾ ਯਾ ਝੂਠਾ ਹੁੰਦਾ ਹੈ। ਪਰ 'ਜੂਠਾਨੈ' ਦਾ ਭਾਵ ਐਸੇ ਲੋਕ ਬੀ ਹੈ ਜੋ ਗੰਦੇ ਹਨ। ਭਾਵ ਗੰਦੀਆਂ ਰੂਹਾਂ ਤੋਂ ਹੁੰਦਾ ਹੈ। (ਅ) ਜੂਠ+ਆਨੈ=ਜੂਠ ਦਾ ਘਰ-ਨਰਕ। ਯਾ ਜੂਠ ਦਾ ਘਰ-ਮਾਤਾ ਦਾ ਗਰਭ।

ਨਿਤ ਨਿਤ.....ਪਾਈਐ-ਦਾ ਭਾਵ ਦਾਨੇ ਐਉਂ ਬੀ ਲੈਂਦੇ ਹਨ:-ਜਦੋਂ ਸਦਾ ਖਰੇ-ਪਰਮੇਸ਼ੁਰ ਨੂੰ ਯਾਦ ਕਰੀਏ ਤਾਂ ਸੱਚਾ ਸੌਦਾ-ਹਰੀ-ਪਾਈਦਾ ਹੈ। (ਅ) ਜਿਸ ਨੇ ਸੱਚ ਰੂਪੀ ਸੌਦਾ ਪਾਇਆ ਹੈ ਉਹ ਖਰਾ ਹੈ, ਉਸ ਦੀ ਸੰਭਾਲ (ਪੁਛ ਪ੍ਰਤੀਤ) ਹਰ ਸਮੇਂ ਹੁੰਦੀ ਹੈ।

ਪਰਮਾਤਮੁ ਸੋਈ-ਨੂੰ ਪਹਿਲੀ ਕਹੀ ਕ੍ਰਿਯਾ, ਚੀਨਿਆਂ ਨੇ ਰਸਤਾ ਦੇਣਾ ਹੈ ਤੇ ਢੁੱਕਦਾ ਬੀ ਠੀਕ ਹੈ, ਪਰ ਦਾਨੇ ਲੋਕ ਇਸ ਦਾ ਅਰਥ ਇਹ ਬੀ ਲਾਉਂਦੇ ਹਨ:-ਉਹ ਪਰਮਾਤਮਾ ਹੋ ਜਾਂਦਾ ਹੈ।

[ਆਸਾ ਮਹਲਾ ੧, ਅਸਟਪਦੀ-੨੧]

ਪ੍ਰਾਕ੍ਥਨ-ਨਾਮ ਦਾਨ ਲਈ ਅਰਦਾਸ ਕੀਤੀ ਹੈ ਤੇ ਪ੍ਰਭੂ ਦਾ ਮੇਲ ਦਾ ਰਸਤਾ ਦੱਸਿਆ ਹੈ

* ਜੈਸਾ ਕਿ ਵਾਕ ਹੈ:-ਬ੍ਰਹਮ ਗਿਆਨੀ ਕੈ ਨਾਮੁ ਅਧਾਰੁ॥ [ਸੁਖਮਨੀ, ੮-੫]

ਮੂਲ	ਅਰਥ
ਆਸਾ ਮਹਲਾ ੧ ॥ ਮਨੁ ਰਾਤਉ ਹਰਿ ਨਾਇ ਸਚੁ ਵਖਾਣਿਆ ॥ ਲੋਕਾ ਦਾ ਕਿਆ ਜਾਇ ਜਾ ਤੁਧੁ ਭਾਣਿਆ ॥੧॥	(ਜੇ ਮੇਰਾ) ਮਨ ਹਰੀ ਦੇ ਨਾਮ ਵਿਚ ਰੰਗਿਆ ਗਿਆ ਹੈ (ਤੇ ਮੈਂ ਉਸ) ਸਤਤ ਸਰੂਪ ਨੂੰ (ਗਾਕੇ ਯਾ ਕਹਿਕੇ) ਵਰਣਨ ਕੀਤਾ ਹੈ, (ਤਾਂ) ਲੋਕਾਂ ਦਾ (ਇਸ ਵਿਚ) ਕੀਹ ਜਾਂਦਾ ਹੈ (ਜਦ ਹੇ ਹਰੀ ! ਮੈਂ) ਤੈਨੂੰ ਚੰਗਾ ਲੱਗ ਗਿਆ ਹਾ ॥ ੧ ॥
ਜਉ ਲਗੁ ਜੀਉ ਪਰਾਣ ਸਚੁ ਧਿਆਈਐ ॥ ਲਾਹਾ ਹਰਿ ਗੁਣ ਗਾਇ ਮਿਲੈ ਸੁਖੁ ਪਾਈਐ ॥੧॥ ਰਹਾਉ ॥	(ਹੇ ਹਰੀ ! ਤੁਸਾਂ ਦੀ ਆਗਿਆ ਹੈ ਕਿ) ਜਦ ਤਕ ਜਿੰਦ ਹੈ (ਸਰੀਰ ਵਿਚ ਤੇ) ਪ੍ਰਾਣ (ਚੱਲਦੇ ਹਨ, ਤਦ ਤਕ) ਸੱਚ (ਸਰੂਪ) ਦੀ ਆਰਾਧਨਾ ਕਰੀਏ (ਤੇ) ਹਰੀ ਦੇ ਗੁਣ ਗਾ ਗਾਕੇ (ਆਤਮ) ਸੁਖ ਪਾਈਏ, (ਇਹੋ ਮਨੁੱਖਾ ਜਨਮ ਦਾ) ਲਾਹਾ (ਹਰੀ ਆਰਾਧਨਾ ਤੋਂ) ਮਿਲਦਾ ਹੈ॥ ੧॥ ਰਹਾਉ॥
ਸਚੀ ਤੇਰੀ ਕਾਰ ਦੇਹਿ ਦਇਆਲ ਤੂੰ ॥ ਹਉ ਜੀਵਾ ਤੁਧੁ ਸਾਲਾਹਿ ਮੈ ਟੇਕ ਅਧਾਰੁ ਤੂੰ ॥੨॥	ਹੇ ਦਿਆਲੂ (ਇਹ) ਆਪਣੀ ਸੱਚੀ ਕਾਰ (ਸੇਵਾ, ਨਾਮ ਸਿਮਰਣ ਤੇ ਗੁਣ ਗਾਉਣ ਦੀ) ਤੂੰ (ਮੈਨੂੰ) ਦੇਈ ਰੱਖ। (ਹਾਂ) ਮੈਂ ਤੇਰੀ (ਸਿਫਤ) ਸਲਾਹ ਕਰ ਕਰ ਜੀਵਾਂ, (ਅਤੇ) ਤੂੰ ਹੀ ਮੇਰਾ ਆਧਾਰ ਤੇ ਆਸਰਾ (ਹੋਵੇਂ)॥ ੨॥
ਦਰਿ ਸੇਵਕੁ ਦਰਵਾਨੁ ਦਰਦੁ ਤੂੰ ਜਾਣਹੀ ॥ ਭਗਤਿ ਤੇਰੀ ਹੈਰਾਨੁ ਦਰਦੁ ਗਵਾਵਹੀ ॥੩॥	(ਇਹ) ਟਹਿਲੀਆਂ (ਤੇਰੇ) ਦਰਵਾਜ਼ੇ ਦਾ ਦਰਵਾਨ ਹੈ, (ਇਸ ਦੀ ਦੁਖ ਪੀੜਾ ਤੂੰ ਆਪ ਹੀ ਜਾਣਦਾ ਹੈਂ। (ਹਾਂ) ਤੇਰੀ ਭਗਤੀ ਅਸਚਰਜ ਹੈ ਜੋ ਪੀੜਾ ਨੂੰ ਦੂਰ ਕਰ ਦੇਂਦੀ ਹੈ॥ ੩॥
ਦਰਗਹ ਨਾਮੁ ਹਦੂਰਿ ਗੁਰਮੁਖਿ ਜਾਣਸੀ ॥ ਵੇਲਾ ਸਚੁ ਪਰਵਾਣੁ ਸਬਦੁ ਪਛਾਣਸੀ ॥੪॥	(ਇਹ ਗੱਲ) ਗੁਰਮੁਖ ਹੀ ਜਾਣੇਗਾ ਕਿ ਹਜ਼ੂਰੀ ਵਿਚ ਨਾਮ ਨੂੰ (ਜਪਣਾ ਦਰਗਾਹ (ਨੂੰ ਅੱਪੜਨਾ ਹੈ ਅਤੇ) ਉਹੋ ਸਮਾਂ ਪਰਵਾਣ (ਸਫਲ) ਹੋਊ (ਜਦੋਂ ਜੀਵ) ਸ਼ਬਦ ਨੂੰ (ਪਾਕੇ) ਸੱਚ (ਸਰੂਪ) ਨੂੰ ਪਛਾਣ ਲਵੇਗਾ॥ ੪॥
ਸਤੁ ਸੰਤੋਖੁ ਕਰਿ ਭਾਉ ਤੋਸਾ ਹਰਿ ਨਾਮੁ ਸੇਇ ॥ ਮਨਹੁ ਛੋਡਿ ਵਿਕਾਰ ਸਚਾ ਸਚੁ ਦੇਇ ॥੫॥	(ਜੋ) ਹਰੀ ਨਾਮ ਦੀ ਸੇਵਾ ਕਰਨੇ (ਨਾਲ) ਸਤਿ ਸੰਤੋਖ ਤੇ ਪ੍ਰੇਮ ਨੂੰ ਤੋਸਾ ਬਣਾ ਲਵੇ (ਅਤੇ ਸਾਰੇ) ਵਿਕਾਰ ਮਨ ਵਿਚੋਂ ਕਢ ਦੇਵੇ (ਉਸ ਨੂੰ) ਸੱਚਾ ਹਰੀ 'ਸੱਚ' ਦੇਂਦਾ ਹੈ, (ਭਾਵ ਆਪਣੀ ਸਤਤ ਸਰੂਪਤਾ ਦੀ ਲੱਖਤਾ ਦੇ ਦੇਂਦਾ ਹੈ)॥ ੫॥
ਸਚੇ ਸਚਾ ਨੇਹੁ ਸਚੈ ਲਾਇਆ ॥ ਆਪੇ ਕਰੇ ਨਿਆਉ ਜੋ ਤਿਸੁ ਭਾਇਆ ॥੬॥	ਸੱਚੇ (ਪ੍ਰਭੂ ਦਾ) ਪ੍ਰੇਮ ਸੱਚੇ (ਪ੍ਰਭੂ*) ਨੇ (ਆਪੇ) ਲੁਆ ਦਿੱਤਾ ਹੈ, ਜੋ ਉਸ ਨੂੰ ਚੰਗਾ ਲੱਗਾ ਹੈ (ਉਹ) ਨਿਆਉ (ਓਹ) ਆਪੇ ਹੀ ਕਰਦਾ ਹੈ॥ ੬॥
ਸਚੇ ਸਚੀ ਦਾਤਿ ਦੇਹਿ ਦਇਆਲੁ ਹੈ ॥ ਤਿਸੁ ਸੇਵੀ ਦਿਨੁ ਰਾਤਿ ਨਾਮੁ ਅਮੋਲੁ ਹੈ ॥੭॥	ਹੇ ਸੱਚੇ ! (ਤੇਰੀ) ਦਾਤਿ ਸੱਚੀ ਹੈ (ਤੂੰ ਆਪੇ) ਦੇਂਦਾ ਹੈ, (ਕਿਉਂਕਿ ਤੂੰ) ਦਿਆਲੂ ਹੈਂ, (ਉਹ ਤੇਰੀ ਦਾਤ ਤੇਰਾ) ਅਮੋਲਕ ਨਾਮ ਹੈ, ਉਸ ਨੂੰ ਮੈਂ ਦਿਨੇ ਰਾਤ ਸੇਂਵਦਾ ਰਹਾਂ (ਭਾਵ ਸਿਮਰਦਾ ਰਹਾਂ)॥ ੭॥
ਤੂੰ ਉਤਮੁ ਹਉ ਨੀਚੁ ਸੇਵਕੁ	ਤੂੰ ਉੱਤਮ ਹੈਂ, ਮੈਂ ਨੀਚ ਹਾਂ (ਪਰ ਫੇਰ ਬੀ ਤੇਰਾ) ਸੇਵਕ

* ਅਥਵਾ-ਸੱਚੇ (ਪ੍ਰਭੂ) ਦਾ ਪ੍ਰੇਮ ਸੱਚੇ (ਗੁਰੂ) ਨੇ ਆਪੇ ਲਾ ਦਿੱਤਾ ਹੈ।

ਕਾਂਢੀਆ ॥ ਨਾਨਕ ਨਦਰਿ ਕਰੇਹੁ ਮਿਲੈ ਸਚੁ ਵਾਂਢੀਆ ॥੮॥੨੧॥	ਕਹਾਉਂਦਾ ਹਾਂ। ਨਾਨਕ (ਦੀ ਅਰਦਾਸ ਹੈ ਕਿ) ਮੇਹਰ ਦੀ ਦ੍ਰਿਸ਼ਟੀ ਪਾਓ ਕਿ ਵਿਛੁੜੇ ਹੋਏ ਨੂੰ ਸੱਚ ਮਿਲ ਪਵੇ, (ਭਾਵ ਸੱਚੇ ਪ੍ਰਭੂ ਦਾ ਮੇਲ ਹੋ ਜਾਏ)॥ ੮॥ ੨੧॥

ਵਯਾਖਯਾ-ਅੰਕ ੧-ਨਾਮ ਰਤੇ ਤੇ ਹਰੀ ਕੀਰਤਨ ਮਤਿਆਂ ਨੂੰ ਲੋਕ ਕਈ ਵੇਰ ਨਿੰਦਦੇ ਹਨ, ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਅਸੀਂ ਜੋ ਨਾਮ ਜਪਦੇ ਹਾਂ, ਲੋਕਾਂ ਦੇ ਪੱਲਿਓਂ ਕੀਹ ਜਾਂਦਾ ਹੈ ਕਿ ਓਹ ਨਿੰਦਾ ਕਰਦੇ ਹਨ? ਕਰਨ ਦਿਓ ਨੇ ਜਦ ਸਾਡੇ ਨਾਮ ਸਿਮਰਨ ਵਿਚ ਉਹਨਾਂ ਦਾ ਅਸੀਂ ਕੁਛ ਵਵਾਉਂਦੇ ਨਹੀਂ ਤਾਂ ਪਏ ਕਰਨ। (ਅ) ਐਉਂ ਬੀ ਲਾ ਲੈਂਦੇ ਹਨ ਕਿ ਲੋਕਾਂ ਦਾ ਕੀਹ ਸੰਬੰਧ ਹੈ ਜੋ ਨਿੰਦਾ ਕਰਦੇ ਹਨ? (ੲ) ਐਉਂ ਬੀ ਦਾਨੇ ਲਾਉਂਦੇ ਹਨ:ਲੋਕਾਂ ਦਾ ਜ਼ੋਰ ਕੀਹ ਚਲਦਾ ਹੈ। ਪਰ ਠੀਕ ਇਹੋ ਜਾਪਦਾ ਹੈ ਕਿ ਲੋਕਾਂ ਦਾ ਸਾਡੇ ਨਾਮ ਜਪਣ ਵਿਚ ਕੁਛ ਨਹੀਂ ਵਿਚਲਦਾ, ਫੇਰ ਅਸੀਂ ਉਹਨਾਂ ਦੀ ਨਿੰਦਾ ਦੀ ਕਿਉਂ ਪਰਵਾਹ ਕਰੀਏ। ਇਸ ਕਰਕੇ ਰਹਾਉ ਵਿਚ ਫੁਰਮਾਉਂਦੇ ਹਨ (ਕਿ ਪਰਵਾਹ ਨਾ ਕਰੋ) ਜਦ ਤਕ ਜੀਉਂਦੇ ਹੋ ਨਾਮ ਤੇ ਕੀਰਤਨ ਜਾਰੀ ਰਖੋ, ਹਰ ਹਾਲ ਜਾਰੀ ਰਖੋ*।

ਅੰਕ ੨ ਬੀ ਇਸੇ ਗਲ ਦੀ ਪੁਸ਼ਟੀ ਕਰਦਾ ਹੈ ਕਿ ਲਗੇ ਰਹਿਣ ਦਾ ਹੁਕਮ ਦੇਕੇ ਹਉਂ ਤੋਂ ਵਰਜਿਤ ਕਰਨੇ ਲਈ ਅਰਦਾਸ ਵਿਚ ਪੈ ਜਾਂਦੇ ਹਨ; ਈਸ਼੍ਵਰ ਤੋਂ ਉਸ ਦੀ ਭਗਤੀ ਤੇ ਸਿਫਤ ਸਲਾਹ ਦਾ ਦਾਨ ਮੰਗਦੇ ਹਨ।

ਅੰਕ ੩-ਫੇਰ ਕਿਸੇ ਅਪਣੀ ਕਰਨੀ ਦਾ ਮਾਣ ਦਾਅ੍ਵਾ ਪੇਸ਼ ਨਹੀਂ ਕਰਦੇ, ਪਰ ਦਰਵਾਜ਼ੇ ਦਾ ਪਹਿਰੇਦਾਰ ਹੋਣ ਦੀ ਅਪਣੀ ਤੁੱਛ ਸੇਵਕ ਦੀ ਸੇਵਾ ਪੇਸ਼ ਕਰਦੇ ਹਨ। ਦਰਵਾਨ ਬੀ ਪੀੜਾ ਵਾਲਾ। ਉਸ ਪੀੜ ਦਾ ਦਾਰੂ ਭਗਤੀ ਹੈ, ਜੋ ਇਸ ਤਰ੍ਹਾਂ ਦਰਦ ਮੇਟਦੀ ਹੈ ਕਿ ਅਚਰਜ ਹੋ ਜਾਈਦਾ ਹੈ।

ਅੰਕ ੪-ਹੁਣ ਅਰਦਾਸ ਤੋਂ ਬਾਦ ਜੀਵਾਂ ਪ੍ਰਤੀ ਉਪਦੇਸ਼ ਦੇਂਦੇ ਹਨ ਕਿ ਉਪਰ ਕਥੀ ਸੇਵਾ ਨਾਲ ਗੁਰਮੁਖ ਬਣੋ। ਕਿੰਞ? ਨਾਮ ਜਪੋ ਹਜ਼ੂਰੀ ਵਿਚ ਹਾਜ਼ਰ ਰਹਿਕੇ, ਨਾਮ ਜਪੋ ਤੇ ਹਜ਼ੂਰੀ ਤੋਂ ਪਰੇ ਰਹੋ ਐਉਂ ਨਹੀਂ, ਹਜ਼ੂਰੀ ਵਿਚ ਪ੍ਰਤੀਤ ਕਰੋ ਆਪ ਨੂੰ ਤੇ ਨਾਮ ਜਪੋ। ਇਹ ਜਪ ਤੁਸਾਡਾ ਐਉਂ ਹੋਵੇਗਾ ਕਿ ਮਾਨੋ ਦਰਗਾਹ ਵਿਚ ਬੈਠੇ ਹੋ। ਇਹੋ ਵੇਲਾ ਸਫਲ ਹੈ ਜਦੋਂ ਤੁਸੀਂ ਸ਼ਬਦ ਨੂੰ ਪਾਕੇ ਹਰੀ ਨੂੰ ਪਛਾਣ ਲਓਗੇ।

ਅੰਕ ੫ ਵਿਚ ਦੱਸਦੇ ਹਨ ਕਿ ਮੁਖ ਕਾਰ ਹੈ ਹਰੀ ਨਾਮ, ਇਸ ਦੇ ਨਾਲ ਲਗਦੇ ਲੁਆਜ਼ਮਾਤ ਹਨ-ਸਤੁ ਸੰਤੋਖ ਤੇ ਸ਼ਰਧਾ। ਏਹ ਗ੍ਰਹਣ ਕਰੋ ਤੇ ਇਕ ਸ਼ੈ ਤਯਾਗ ਯੋਗ ਹੈ ਸੋ ਹੈ ਮਨ ਦੇ ਵਿਕਾਰ।

ਅੰਕ ੬ ਵਿਚ ਫੁਰਮਾਉਂਦੇ ਹਨ ਕਿ ਸੱਚਾ ਪ੍ਰੇਮ ਸਚਾ ਵਾਹਿਗੁਰੂ ਹੀ ਦੇਂਦਾ ਹੈ, ਜਿਨ੍ਹਾਂ ਨੂੰ ਦੇਂਦਾ ਹੈ ਉਹ ਕੋਈ ਭੁੱਲ ਯਾ ਐਵੇਂ ਨਹੀਂ, ਉਹ ਕੋਈ ਨਿਆਂ ਹੈ, ਜਿਸ ਨੂੰ ਉਹ ਆਪ ਹੀ ਜਾਣਦਾ ਹੈ ਤੇ ਜੋ ਉਸ ਨੂੰ ਭਾਉਂਦਾ ਹੈ।

ਅੰਕ ੭-ਨਿਆਂ ਦੱਸਕੇ ਹੁਣ ਉਸ ਦੀ ਮੇਹਰ ਦੱਸਦੇ ਹਨ। ਗੋਯਾ ਹਰੀ ਦੇ ਨਾਮ ਦੀ ਦਾਤ ਜੋ ਉਹ ਦੇਂਦਾ ਹੈ ਉਹ ਨਿਆਉਂ ਬੀ ਹੈ ਤੇ ਮੇਹਰ ਬੀ ਹੈ। ਜੋ ਉਹ ਦਿਆਲ ਹੋਕੇ ਦੇਂਦਾ ਹੈ। ਉਹ ਦਾਤ ਹਰੀ ਦਾ ਨਾਮ ਹੈ, ਜਿਸ ਨੂੰ ਦਿਨ ਰਾਤ ਸਿਮਰਨਾ ਹੈ। ਗੁਰੂ ਸਾਹਿਬ ਸਾਰਾ ਕੁਛ-ਪੂਰਨ ਗਯਾਨ ਤਕ-ਵਰਣਨ ਕਰਕੇ ਅੰਤ ਨਾਮ ਤੇ ਆ ਜਾਂਦੇ ਹਨ, ਤੇ ਇਹ ਮੂਲਕ ਗਲ ਦੱਸਕੇ ਇਸੇ ਤੇ ਜ਼ੋਰ ਦੇਂਦੇ ਹਨ।

ਅੰਕ ੮ ਵਿਚ ਅਰਦਾਸ ਹੈ। ਭਗਤੀ ਭਾਵ ਦਾ ਕਮਾਲ ਹੈ ਕਿ ਆਪ ਨੂੰ ਨੀਚ ਕਹਿਕੇ ਫੇਰ ਇਸ ਗਲ ਦਾ ਵਾਸਤਾ ਪਾਉਂਦੇ ਹਨ ਕਿ ਲੋਕੀ ਮੈਨੂੰ ਤੇਰਾ ਸੇਵਕ ਆਖਦੇ ਹਨ, ਤੈਨੂੰ ਬਿਰਦ ਦੀ ਲਾਜ ਹੈ, ਇਸ ਬਿਰਦ ਦੇ ਸਦਕੇ ਮੈਨੂੰ ਦਾਨ ਦੇਹ, ਮੇਹਰ ਦੀ ਨਜ਼ਰ ਪਾ, ਸੱਚ ਦਾ ਦਾਨ ਦੇਹ, ਮੈਂ ਵਿਛੁੜੇ ਹੋਏ ਨੂੰ ਅਪਣੇ ਸਚੇ ਸਰੂਪ ਦਾ ਮੇਲ ਕਰਾ ਦੇਹ। ਆਪ ਨੂੰ ਨੀਚ ਕਹਿਣਾ, ਪੂਰਨ ਹਉਂ ਅਭਾਵਤਾ ਹੈ।

* ਕੀਰਤਨ ਨਾਮੁ ਸਿਮਰਤ ਰਹਉ ਜਬ ਲਗੁ ਘਟਿ ਸਾਸੁ॥ [ਬਿਲਾਵਲ ਮਹਲਾ ੫-੭੧]

ਨਿਰੁਕ੍ਤ-ਰਾਤਓ-ਰਤਾ ਹੈ, ਰੰਗਿਆ ਗਿਆ ਹੈ। ਪੂਰੇ ਤੌਰ ਤੇ ਲਗਾ ਹੋਇਆ ਹੈ।

ਵਖਾਣਿਆ-ਆਖਿਆ, ਚਾਹੋ ਗਾਕੇ, ਚਾਹੋ ਵਰਣਨ ਕਰਕੇ।

ਜਾਇ-ਘਟਦਾ ਹੈ। ਇਸ ਦਾ ਭਾਵ ਵਿਆਖਿਆ ਵਿਚ ਆ ਚੁਕਾ ਹੈ।

ਜੀਉ ਪਰਾਣ-ਜਿੰਦ ਤੇ ਸੁਆਸ। ਭਾਵ ਹੈ ਜਦ ਤਕ ਜੀਉਂਦਾ ਜਾਗਦਾ ਹੈ।

ਕਾਰ-ਕੰਮ। ਭਾਵ ਹੈ ਸੇਵਾ।

ਦਰਵਾਨੁ-[ਫਾ:, ਦਰਬਾਨ] ਦਰਵਾਜ਼ੇ ਤੇ ਖੜਾ, ਪਹਿਰਾ ਦੇਣ ਵਾਲਾ। ਚੌਕੀਦਾਰ।

ਹੈਰਾਨੁ- [ਅ:, ਹੈਰਾਨ] ਅਸਚਰਜ। ਤੋਸਾ-[ਫਾ:, ਤੋਸ਼ਹ=ਰਸਤੇ ਲਈ ਖੁਰਾਕ। ਪੰਜਾ:, ਤੋਸਾ] ਖੁਰਾਕ। ਨੁਕਲ। ਇਕ ਖੁਰਾਕ ਦੇ ਨਾਲ ਦੂਸਰੀ ਹੋਰ ਸ਼ੈ, ਲੁਆਜ਼ਮਾਤ।

ਅਮੋਲੁ- [ਸੰਸ:, ਅਮੂਲਯ] ਜਿਸ ਦਾ ਮੁੱਲ ਨਾ ਪੈ ਸਕੇ। ਕੀਮਤ ਕੂਤ ਤੋਂ ਉਪਰ।

ਕਾਂਢੀਆ- [ਪੁ: ਪੰ:,] ਕਹੀਦਾ ਹਾਂ।

ਵਾਂਢੀਆ- [ਪੁ: ਪੰ:, ਵਾਂਢੀ=ਵਖ ਕੀਤੀ ਹੋਈ, ਵਿਛੁੜੀ ਹੋਈ] ਵਿਛੁੜਿਆ ਹੋਇਆ।

[ਆਸਾ ਮਹਲਾ ੧, ਅਸਟਪਦੀ-੨੨]

ਮੂਲ	ਅਰਥ
ਆਸਾ ਮਹਲਾ ੧ ॥ ਆਵਣ ਜਾਣਾ ਕਿਉ ਰਹੈ ਕਿਉ ਮੇਲਾ ਹੋਈ ॥ ਜਨਮ ਮਰਣ ਕਾ ਦੁਖੁ ਘਣੋ ਨਿਤ ਸਹਸਾ ਦੋਈ ॥੧॥	(ਜੀਵ ਦੇ ਅੰਦਰ) ਦ੍ਵੈਤ ਭਾਵਨਾ ਦਾ ਸੰਸਾ ਸਦਾ ਬਣਿਆ ਰਹਿੰਦਾ ਹੈ (ਜਿਸ ਕਰਕੇ) ਜਨਮ ਮਰਨ ਦਾ ਡਾਢਾ ਦੁਖ (ਬਣਿਆ ਹੀ ਰਹਿੰਦਾ ਹੈ, ਇਸ ਹਾਲ ਵਿਚ) ਜਨਮ ਮਰਨ ਕੀਕੂੰ ਮਿਟੇ (ਤੇ ਆਦਿ ਪੁਰਖ ਅਪਰੰਪਰ ਨਾਲ) ਮਿਲਾਪ ਕੀਕੂੰ ਹੋਵੇ? ॥ ੧ ॥
ਬਿਨੁ ਨਾਵੈ ਕਿਆ ਜੀਵਨਾ ਫਿਟੁ ਧ੍ਰਿਗੁ ਚਤੁਰਾਈ ॥ ਸਤਿਗੁਰ ਸਾਧੁ ਨ ਸੇਵਿਆ ਹਰਿ ਭਗਤਿ ਨ ਭਾਈ ॥੧॥ ਰਹਾਉ ॥	(ਦ੍ਵੈਤ ਭਾਵਨਾ ਵਿਚ ਨਾਮ ਨਹੀਂ ਜਪ ਹੁੰਦਾ) ਨਾਮ ਬਿਨਾ ਜੋ ਜੀਉਣਾ ਹੈ (ਉਹ ਜੀਉਣਾ) ਕਿਸ ਕੰਮ ਹੈ, (ਤੇ ਉਸ ਜੀਵਨ ਵਿਚ ਜੋ) ਚਤੁਰਾਈ (ਵਰਤੀਦੀ ਹੈ ਉਸ ਦੇ ਤਾਂ) ਫਿਟੇ ਮੂੰਹ ਹੈ, (ਉਸ ਦੇ) ਧ੍ਰਿਕਾਰ ਹੈ। (ਕਿਉਂ ਜੋ ਨਾਮ ਗੁਰੂ ਤੋਂ ਮਿਲਦਾ ਹੈ ਤੇ ਦ੍ਵੈਤ ਭਾਵਨਾ ਵਾਲੇ ਉਪਕਾਰੀ) ਸਤਿਗੁਰੂ ਸਾਧੂ ਦੀ ਸੇਵਾ ਨਹੀਂ ਕਰਦੇ (ਇਸ ਕਰਕੇ ਕਿ ਉਨ੍ਹਾਂ ਨੂੰ) ਵਾਹਿਗੁਰੂ ਦੀ ਭਗਤੀ ਨਹੀਂ ਭਾਉਂਦੀ ॥ ੧॥ ਰਹਾਉ॥
ਆਵਣੁ ਜਾਵਣੁ ਤਉ ਰਹੈ ਪਾਈਐ ਗੁਰੁ ਪੂਰਾ ॥ ਰਾਮ ਨਾਮੁ ਧਨੁ ਰਾਸਿ ਦੇਇ ਬਿਨਸੈ ਭ੍ਰਮੁ ਕੂਰਾ ॥੨॥	[ਹੁਣ ਉਹੋ ਗੱਲ ਉਲਟਾਕੇ ਵਰਣਨ ਕਰਦੇ ਹਨ] ਜੰਮਣਾ ਮਰਨਾ ਤਾਂ ਹਟਦਾ ਹੈ ਜੇ ਪੂਰਾ ਗੁਰੂ ਪ੍ਰਾਪਤ ਹੋ ਜਾਏ, (ਉਹ ਗੁਰੂ) ਰਾਮ ਨਾਮ ਰੂਪੀ ਧਨ ਦੀ ਰਾਸ ਪਾ ਦੇਵੇ ਤਦ ਕੂੜ ਭ੍ਰਮ (ਜੋ ਪਹਿਲੇ ਸੰਸਾ ਕਿਹਾ ਸੀ) ਬਿਨਸ ਜਾਂਦਾ ਹੈ॥ ੨॥
ਸੰਤ ਜਨਾ ਕਉ ਮਿਲਿ ਰਹੈ ਧਨੁ ਧਨੁ ਜਸੁ ਗਾਏ॥ਆਦਿ ਪੁਰਖੁ ਅਪਰੰਪਰਾ ਗੁਰਮੁਖਿ ਹਰਿ ਪਾਏ ॥੩॥	(ਫੇਰ) ਸੰਤ ਜਨਾਂ ਨੂੰ ਮਿਲਦਾ ਰਹੇ (ਤੇ ਵਾਹਿਗੁਰੂ ਨੂੰ) ਧੰਨ ਧੰਨ (ਆਖਦਾ) ਜਸ ਗਾਉਂਦਾ ਰਹੇ। (ਐਉਂ ਕਰਦਾ) ਗੁਰਮੁਖ (ਬਣ ਜਾਏਗਾ, ਫੇਰ ਉਹ) ਆਦਿ ਪੁਰਖ ਹਰੀ ਤੇ ਅਪਰੰਪਰ (ਭਾਵ ਪਾਰਬ੍ਰਹਮ) ਨੂੰ ਪਾ ਲਏਗਾ॥ ੩॥

ਨਟੂਐ ਸਾਂਗੁ ਬਣਾਇਆ ਬਾਜੀ ਸੰਸਾਰਾ ॥ ਖਿਨੁ ਪਲੁ ਬਾਜੀ ਦੇਖੀਐ ਉਝਰਤ ਨਹੀ ਬਾਰਾ ॥੪॥	(ਜਿਸ ਤਰ੍ਹਾਂ) ਨਟ ਸਾਂਗ ਬਣਾਉਂਦਾ ਹੈ (ਉਹ ਇਕ ਖੇਡ ਹੁੰਦੀ ਹੈ, ਉਸੀ ਤਰ੍ਹਾਂ ਇਹ) ਸੰਸਾਰ (ਇਕ) ਖੇਲ ਹੈ, (ਜਿਵੇਂ ਨਟ ਦੀ) ਖੇਲ ਥੋੜਾ ਕਾਲ ਦੇਖੀਦੀ ਹੈ ਉਸ ਦੇ ਉਜੜਦਿਆਂ ਕੁਛ ਚਿਰ ਨਹੀਂ ਲਗਦਾ॥ ੪॥
ਹਉਮੈ ਚਉਪੜਿ ਖੇਲਣਾ ਝੂਠੇ ਅਹੰਕਾਰਾ ॥ ਸਭੁ ਜਗੁ ਹਾਰੈ ਸੋ ਜਿਣੈ ਗੁਰ ਸਬਦੁ ਵੀਚਾਰਾ ॥੫॥	[ਹੁਣ ਹੋਰ ਦ੍ਰਿਸ਼ਟਾਂਤ ਦੇਂਦੇ ਹਨ, ਪਰ ਵਿਸ਼ਯ ਬੀ ਬਦਲਦਾ ਹੈ, ਹੁਣ ਬਾਜ਼ੀ ਜਿੱਤਣ ਦੀ ਜੁਗਤ ਨੂੰ ਇਕ ਦ੍ਰਿਸ਼ਟਾਂਤ ਨਾਲ ਸੂਚਤ ਕਰਦੇ ਹਨ] ਹਉਮੈ ਦੀ ਚਉਪੜ ਦਾ ਖੇਡਣਾ ਝੂਠ ਤੇ ਹੰਕਾਰ (ਦੀਆਂ ਨਰਦਾਂ) ਨਾਲ ਸਾਰੇ ਸੰਸਾਰ ਦਾ ਹਾਰਨਾ ਹੈ, (ਪਰ) ਜਿੱਤਦਾ ਉਹ ਹੈ ਜੋ ਗੁਰ ਸ਼ਬਦ ਦੀ ਵੀਚਾਰ ਕਰਦਾ ਹੈ ॥ ੫॥
ਜਿਉ ਅੰਧੁਲੈ ਹਥਿ ਟੋਹਣੀ ਹਰਿ ਨਾਮੁ ਹਮਾਰੈ ॥ ਰਾਮ ਨਾਮੁ ਹਰਿ ਟੇਕ ਹੈ ਨਿਸਿ ਦਉਤ ਸਵਾਰੈ ॥੬॥	[ਗੁਰ ਸ਼ਬਦ ਦੀ ਵੀਚਾਰ ਕੀਕੂੰ ਹੁੰਦੀ ਹੈ? ਦੱਸਦੇ ਹਨ:] ਜਿਵੇਂ ਅੰਨ੍ਹੇ ਦੇ ਹੱਥ ਵਿਚ ਸੋਟੀ ਹੁੰਦੀ ਹੈ (ਇਸ ਤਰ੍ਹਾਂ) ਪਰਮੇਸ਼ੁਰ ਦਾ ਨਾਮ ਸਾਡੇ (ਹੱਥ ਵਿਚ) ਹੈ, (ਹਾਂ) ਰਾਤੀਂ ਦਿਨੇ ਸਵੇਰੇ (ਭਾਵ ਹਰ ਵੇਲੇ) ਹੇ ਹਰੀ ! ਰਾਮ ਦਾ ਨਾਮ (ਸਾਡਾ) ਆਸਰਾ ਹੈ॥ ੬॥
ਜਿਉ ਤੂੰ ਰਾਖਹਿ ਤਿਉ ਰਹਾ ਹਰਿ ਨਾਮ ਅਧਾਰਾ ॥ ਅੰਤਿ ਸਖਾਈ ਪਾਇਆ ਜਨ ਮੁਕਤਿ ਦੁਆਰਾ॥੭॥	ਹਰਿਨਾਮ ਦੇ ਆਸਰੇ ਜਿਉਂ ਤੂੰ ਰਖੇਂ ਤਿਵੇਂ ਮੈਂ ਰਹਿੰਦਾ ਹਾਂ (ਭਾਵ ਤੇਰੀ ਰਜ਼ਾ ਤੇ ਟੁਰਦਾ ਹਾਂ, ਹਾਂ ਤੇਰੇ) ਦਾਸਾਂ ਨੇ (ਹਰੀ ਨਾਮ ਨੂੰ) ਅੰਤ ਸਮੇਂ ਦਾ ਬੇਲੀ ਤੇ ਮੁਕਤੀ ਦਾ ਦਰਵਾਜ਼ਾ ਪਾਇਆ ਹੈ॥ ੭॥
ਜਨਮ ਮਰਣ ਦੁਖ ਮੇਟਿਆ ਜਪਿ ਨਾਮੁ ਮੁਰਾਰੇ ॥ ਨਾਨਕ ਨਾਮੁ ਨ ਵੀਸਰੈ ਪੂਰਾ ਗੁਰੁ ਤਾਰੇ ॥੮॥੨੨॥	ਪਰਮੇਸ਼ੁਰ ਦਾ ਨਾਮ ਜਪਕੇ ਜਨਮ ਮਰਣ ਦਾ ਦੁਖ ਮੇਟ ਲਿਆ ਹੈ।ਹੇ ਨਾਨਕ ! (ਹੁਣ ਮੇਹਰ ਹੋਵੇ ਤਾਂ)ਨਾਮ ਨਾ ਭੁੱਲੇ ਤੇ ਪੂਰਾ ਗੁਰੂ ਤਾਰ ਲਵੇ ॥ ੮॥੨੨॥

ਵਯਾਖਯਾ-ਇਸ ਅਸ਼ਟਪਦੀ ਵਿਚ ਆਪ ਨੇ ਅਪਣੇ ਰੂਹਾਨੀ ਉਪਦੇਸ਼ ਨੂੰ ਇਕ ਅਪਣੀ ਕਾਵਯ ਕਲਾ ਵਿਚ ਵਰਣਨ ਕਰਦਿਆਂ ਨਿਰੂਪਣ ਕੀਤਾ ਹੈ। ਗੁਰੂ ਨਾਨਕ ਸਾਹਿਬ ਅੱਖਰ ਪਦ ਘੱਟ ਵਰਤਦੇ ਹਨ, ਸੰਖੇਪ ਤੋਂ ਕੰਮ ਲੈਂਦੇ ਹਨ ਪਰ ਭਾਵ ਪੂਰਨ ਦੇਂਦੇ ਹਨ, ਉਹਨਾਂ ਦੇ ਪ੍ਰਸ਼ਨ ਉੱਤਰ ਤੇ ਵਰਣਨ ਵਿਚ ਇਤਨਾ ਲਾਕਯ਼ਣਿਕ (Suggestive) ਸਾਮਾਨ ਹੁੰਦਾ ਹੈ ਕਿ ਭਾਵ ਸਮਝੇ ਪੈ ਜਾਂਦਾ ਹੈ। ਪਾਠਕ ਨੂੰ ਸਮਾਂ ਮਿਲਦਾ ਹੈ ਕਿ ਆਪਣੀ ਕੋਸ਼ਸ਼ ਬੀ ਨਾਲ ਸ਼ਾਮਲ ਕਰੇ ਜੋ ਉਸ ਦਾ ਰਸ ਮਾਣਨਾ ਵਧੇਰੇ ਹੋ ਜਾਵੇ। ਕਾਵਯ ਕਲਾ ਦਾ ਇਹ ਕਮਾਲ ਹੈ ਜੋ ਤਦੋਂ ਆਪ ਨੇ ਵਰਤਿਆ ਹੈ ਤੇ ਹੁਣ ਦੁਨੀਆਂ ਵਿਚ ਬੀ ਮੰਨਿਆ ਜਾ ਰਿਹਾ ਹੈ।

ਜੇ ਕਹੋ ਕਿ ਬਾਣੀ ਇਸ ਤਰ੍ਹਾਂ ਕੁਛ ਔਖੀ ਹੋ ਜਾਂਦੀ ਹੈ, ਇਹ ਕਿਸੇ ਹਦ ਤਕ ਠੀਕ ਹੈ, ਪਰ ਬਾਣੀ ਦੇ ਵਿਚ ਥਾਂ ਥਾਂ ਆਪ ਨੇ ਰਹਿਬਰੀ ਕੀਤੀ ਹੈ ਕਿ ਮਾਨੋ ਆਪ ਟੀਕਾ ਕਰ ਰਹੇ ਹਨ। ਫੇਰ ਇਕ ਸ਼ਬਦ ਕੁੰਜੀ ਕਿਸੇ ਹੋਰ ਸ਼ਬਦ ਦੀ ਹੈ, ਤੇ ਉਸ ਦੀ ਕੋਈ ਹੋਰ। ਤਦ ਬਾਣੀ ਸਾਰੀ ਸਮਝਕੇ ਵੀਚਾਰਿਆਂ, ਪੂਰਬ ਅਪਰ ਮੇਲਿਆਂ ਸੌਖੀ ਹੋ ਜਾਂਦੀ ਹੈ ਤੇ ਆਮ ਪਾਠਕ ਸਿਧਾਂਤ ਸਮਝ ਲੈਂਦੇ ਹਨ।

੧. ਇਸ ਸ਼ਬਦ ਦੇ ਛੇ ਪਹਿਲੂ ਹਨ। ਪਹਿਲਾਂ ਸ੍ਰੀ ਗੁਰੂ ਜੀ ਅਪਣਾ ਭਾਵ ਕਾਵਯ ਦੀ ਇਕ ਸੁੰਦਰ ਰੀਤੀ ਵਿਚ ਵਰਣਨ ਕਰਦੇ ਹਨ ਜੋ ਪ੍ਰਸ਼ਨ ਮਈ ਚਲਦੀ ਹੈ, ਪਰ ਆਪੋ ਵਿਚ ਲੜੀ ਬੱਧ ਹੈ। ਜਿਸ ਵਿਚ ਕਾਰਣ ਤੇ ਕਾਰਜ ਦਾ ਸਿਲਸਿਲਾ ਧਯਾਨ ਦਿਤਿਆਂ ਸਮਝੇ ਪੈ ਜਾਂਦਾ ਹੈ। ਆਪ ਪਾਠਕ ਨੂੰ ਛੋੜਦੇ ਹਨ ਕਿ ਉਸ ਸਿਲਸਿਲੇ ਨੂੰ ਸਮਝ ਲਵੇ। ਕਲਾ ਦੀ ਖੂਬੀ ਇਹ ਵਡੇਰੀ ਹੁੰਦੀ ਹੈ ਕਿ ਪਾਠਕ ਆਪ ਬੀ ਹਿੱਸਾ ਲਵੇ ਤੇ ਸਮਝੇ ਓਹ ਕੁਛ ਜੋ ਰਚਨਾਂ ਵਿਚ ਹੈ ਪਰ ਪ੍ਰੱਤਖ ਨਹੀਂ।ਇਹ ਰੀਤਿ ਰਹਾਉ ਤਕ

ਵਰਤੀ ਹੈ।

੨. ਰਹਾਉ ਤੋਂ ਅਗੋਂ ਅੰਕ ੩ ਦੇ ਅੰਤ ਤਕ ਆਪੇ ਸਾਰੀ ਗਲ ਨੂੰ 'ਵਜਾਖਜਾ ਕਰਨ' ਦੇ ਢੰਗ ਵਿਚ ਖੋਹਲ ਦਿਤਾ ਹੈ। ਮਾਨੋਂ ਪਾਠਕ ਨੂੰ ਅਪਣੀ ਕਾਵਜ ਕਲਾ ਦੇ ਸਾਰੀ ਬਾਣੀ ਵਿਚ ਆਪ ਸਮਝ ਲੈਣ ਦੀ ਰਾਹਬਰੀ ਕੀਤੀ ਹੈ, ਕਿ ਰਹਾਉ ਤਕ ਜੋ ਕੁਛ ਕਿਹਾ ਗਿਆ ਸੀ, ਉਸ ਦਾ ਮਤਲਬ ਵਰਣਨ ਵਿਚ ਆਹ ਸੀ।

੩ ਪਹਿਲੇ ਕਥਨ ਅਰਥਾਤ ਅੰਕ ੩ ਤੋਂ ਅਗੇ ਦ੍ਰਿਸ਼ਟਾਂਤ ਸ਼ੁਰੂ ਕਰਦੇ ਹਨ। ਰਹਾਉ ਤੋਂ ਪਹਿਲੋਂ ਕਿਹਾ ਸੀ 'ਸਹਸਾ ਦੋਈ', ਫੇਰ ਦੂਜੇ ਕਥਨ ਅਰਥਾਤ ਵਰਣਨ ਵਿਚ ਇਸੇ ਨੂੰ 'ਭ੍ਰਮੁ ਕੂਰਾ' ਕਹਿਕੇ ਭਾਵ ਸਮਝਾ ਦਿੱਤਾ ਸੀ। ਹੁਣ ਉਸ ਭ੍ਰਮੁ ਕੂਰਾ ਲਈ ਦ੍ਰਿਸ਼ਟਾਂਤ ਦੇਕੇ ਸਮਝਾਉਂਦੇ ਹਨ। ਮਾਨੋਂ ਵਜਾਖਜਾ ਹੋਰ ਕਰਦੇ ਹਨ ਕਿ ਪਾਠਕ ਦੀ ਸਮਝ ਵਿਚ ਡੂੰਘਾ ਅਸਰ ਹੋ ਜਾਵੇ।

੪ ਦ੍ਰਿਸ਼ਟਾਂਤ ਤ੍ਰੈ ਵਰਤੇ ਹਨ, ਜੋ ਭ੍ਰਮ ਦੇ ਰੂਪ ਤੇ ਉਸ ਦੇ ਦੂਰ ਕਰਨ ਦੇ ਉਪਾਉ ਦੱਸਦੇ ਹਨ।

੫. ਅੰਕ ੬ ਤੋਂ ਅੰਤ ਤਕ-ਸਾਰੇ ਦਾ ਸਿੱਟਾ ਸੰਖੇਪ ਵਿਚ ਦੱਸਿਆ ਹੈ, ਜੋ ਨਿਜ ਦੇ ਤਜਰਬੇ ਦੇ ਰੂਪ ਵਿਚ ਕਿਹਾ ਹੈ, ਤੇ ਜਿਸ ਉਪਾਉ ਨਾਲ ਸਿਰੇ ਚੜ੍ਹਨਾ ਹੈ ਉਸ ਨੂੰ ਅਰਦਾਸ ਦੀ ਸ਼ਕਲ ਵਿਚ ਦੁਹਰਾਇਆ ਹੈ।

ਇਨ੍ਹਾਂ ਪੰਜਾਂ ਅੰਕਾਂ ਦਾ ਵੇਰਵਾ ਇਸ ਪ੍ਰਕਾਰ ਹੈ:-

ਅੰਕ ੧ ਵਿਚ ਪ੍ਰਸ਼ਨ ਹੈ ਕਿ ਦ੍ਵੈਤ ਭਾਵਨਾ ਦਾ ਸੰਸਾ ਸਦਾ ਬਣਿਆਂ ਰਹਿੰਦਾ ਹੈ, ਜਿਸ ਕਰਕੇ ਜਨਮ ਮਰਨ ਦਾ ਦੁਖ ਦੂਰ ਨਹੀਂ ਹੁੰਦਾ, ਉਹ ਕਿਵੇਂ ਮਿਟੇ ਤੇ ਕਿਵੇਂ ਮਿਲਾਪ ਹੋਵੇ? ਰਹਾਉ ਵਿਚ ਉੱਤਰ ਹੈ, ਪਰ ਉਹ ਬੀ ਪ੍ਰਸ਼ਨ ਵਾਚੀ ਰੰਗਤ ਹੈ-ਕਿਆ ਜੀਵਨਾ=ਜੀਵਨ ਕਿਸ ਕੰਮ ਹੈ। ਇਸ ਸਾਰੇ ਵਿਚ ਖਿਆਲ ਦੀ ਸ਼੍ਰੇਣੀ ਕੀ ਹੈ? ਸਫੁਟ ਨਹੀਂ, ਪਰ ਵਿਚੇ ਸਾਮਾਨ ਹੈ ਕਿ ਜਿਸ ਕਰਕੇ ਸਫੁਟ ਹੋ ਜਾਂਦੀ ਹੈ। (ੳ) ਸਹਿਸਾ ਦੱਸਿਆ ਹੈ ਸਦੈਵੀ। ਉਹ ਅਟੱਲ ਅਮਰ ਹੋਣ ਦੇ ਅਰਥਾਂ ਵਿਚ ਨਹੀਂ, ਪਰ ਸੰਸੇ ਕਰਕੇ ਜਨਮ ਮਰਨ ਤੇ ਜਨਮ ਧਾਰਕੇ ਸੰਸੇ ਵਿਚ ਵਾਸ਼ਨਾ ਤ੍ਰਿਸ਼ਨਾ ਵਿਚ ਕਰਨ ਕਰਕੇ ਫੇਰ ਜਨਮ ਮਰਨ, ਇਸ ਤਰ੍ਹਾਂ ਟਿੰਡਾਂ ਦੇ ਗੇੜ ਵਾਡੂ ਤੁਰਿਆ ਚਲਦਾ ਹੈ, 'ਨਿਤ' ਪਦ ਦਾ ਦੂਸਰੀ ਸਤਰ ਵਿਚ ਐਤਨਾ ਹੀ ਭਾਵ ਹੈ।

ਇਹ ਆਪ ਨੇ ਦੱਸਿਆ ਕਿ ਕਾਰਣ ਹੈ ਆਵਣ ਜਾਣ ਦੇ ਟੂਰੇ ਰਹਿਣ ਦਾ। ਇਸ ਦਾ ਉੱਤਰ ਹੈ ਕਿ ਨਾਮ ਨਾਲ ਸੰਸਾ ਮਿਟ ਸਕਦਾ ਹੈ ਪਰ ਆਪ ਪ੍ਰਸ਼ਨ ਮਈ ਸੁਰ ਵਿਚ ਹੀ ਕਹਿੰਦੇ ਹਨ ਕਿ 'ਬਿਨੁ ਨਾਵੈ ਕਿਆ ਜੀਵਨਾ'?

ਗੋਯਾ ਦੱਸ ਰਹੇ ਹਨ ਕਿ ਨਾਮ ਹੈ ਦਾਰੂ ਜੀਵਨ ਸਫਲਤਾ ਦਾ, ਜੋ ਹੈ ਦੁਐਤ ਭਾਵਨਾ ਦਾ ਮਿਟ ਜਾਣਾ। ਹੁਣ ਸੁਤੇ ਹੀ ਪ੍ਰਸ਼ਨ ਹੁੰਦਾ ਹੈ ਕਿ ਨਾਮ ਕਿੱਥੋਂ ਲੱਭਦਾ ਹੈ? ਤਾਂ ਉਸੇ ਸੁਰ ਵਿਚ ਫੁਰਮਾਉਂਦੇ ਹਨ ਕਿ ਸਤਿਗੁਰ ਸਾਧਿ ਨਹੀਂ ਸੇਵਿਆ; ਮਤਲਬ ਇਹ ਕਿ ਨਾਮ ਸਤਿਗੁਰੂ ਤੋਂ ਮਿਲਦਾ ਹੈ। ਹੁਣ ਸੁਤੇ ਹੀ ਪ੍ਰਸ਼ਨ ਹੁੰਦਾ ਹੈ ਕਿ ਕਿਉਂ ਲੋਕੀ ਸਤਿਗੁਰੂ ਨੂੰ ਨਹੀਂ ਸੇਂਵਦੇ, ਇਸ ਸੁਤੇ ਹੋ ਸਕਣ ਵਾਲੇ ਪ੍ਰਸ਼ਨ ਦਾ ਉੱਤਰ 'ਹਰਿ ਭਗਤਿ ਨ ਭਾਈ' ਵਿਚ ਹੈ।

ਕਿਸ ਸੰਖੇਪਤਾ ਵਿਚ, ਕਿੰਵ ਸਪਸ਼ਟ ਪ੍ਰਸ਼ਨਾਂ ਵਿਚ, ਅਸਪਸ਼ਟ ਪ੍ਰਸ਼ਨਾ ਦੇ ਉਤਰਾਂ ਵਿਚ ਸ਼੍ਰੇਣੀ ਬੱਧ ਅਪਣਾ ਭਾਵ ਖੋਹਲ ਦਿੱਤਾ ਹੈ।

ਇਹ ਤਾਂ ਹੈ ਵਰਣਨ ਗੁਰੂ ਨਾਨਕ ਦੇਵ ਜੀ ਦੀ ਕਾਵਜ ਕਲਾ ਵਿਚ ਵਰਣਨ।

ਹੁਣ ਅੰਕ ੨ ਤੇ ੩ ਵਿਚ ਆਪਣੀ ਇਸ ਰਮਜ਼ ਭਰੀ ਕਥਨੀ ਦਾ ਆਪ ਟੀਕਾ ਕਰਦੇ ਹਨ। ਗੋਯਾ ਅਪਣੀ ਬਾਣੀ ਦੇ ਸਮਝ ਲੈਣ ਦੀ ਜਾਚ ਦੱਸਦੇ ਹਨ ਕਿ ਮੇਰੇ ਵਾਕਾਂ ਵਿਚੋਂ ਸਾਰਾ ਕੁਛ ਲੱਭ ਲਿਆ ਕਰੋ, ਜਿਵੇਂ ਕਿ ਇਨ੍ਹਾਂ ਦੋ ਅੰਕਾਂ ਵਿਚ ਅਪਣੇ ਕਹੇ ਦਾ ਟੀਕਾ ਕਰਕੇ ਦੱਸਦੇ ਹਨ। ਉਹ ਟੀਕਾ ਇਸ ਪ੍ਰਕਾਰ ਹੈ:-

(ੳ) ਜਨਮ ਮਰਨ ਮਿਟਣੇ ਦਾ ਉਪਾ ਪਹਿਲਾ ਹੈ: ਪੂਰੇ ਗੁਰੂ ਦੀ ਪ੍ਰਾਪਤੀ।

(ਅ) ਉਹ ਦੇਵੇਗਾ ਰਾਮ ਨਾਮ। ਉਸ ਦਾ ਸਿਮਰਨ ਕਰੋ, ਉਸ ਨਾਲ 'ਸਹਸਾ ਦੋਈ' ਮਿਟੇਗਾ। 'ਸਹਸਾ ਦੋਈ' ਦਾ ਆਪ ਟੀਕਾ ਕਰ ਦੇਂਦੇ ਹਨ: 'ਭ੍ਰਮੁ ਕੂਰਾ'।

ਰਾਮ ਨਾਮ ਸਿਮਰਨ ਦੇ ਸਿਰੇ ਚੜ੍ਹਨ ਲਈ ਸਹਾਯਤਾ ਮਿਲਦੀ ਹੈ ਹਰੀ ਕੀਰਤਨ ਤੋਂ। ਉਹ ਸੰਤਾਂ ਦੀ ਸੰਗਤ ਵਿਚ ਕਰਿਆ ਕਰੋ। ਜੋ ਪੁਰਖ ਇਹ ਕਰਨੀ ਕਰੇਗਾ ਉਹ ਗੁਰਮੁਖ ਬਣੇਗਾ। ਕਾਰਣ ਤੋਂ ਕਾਰਜ ਸਫੁਟ ਦੱਸਿਆ। ਗੁਰਮੁਖ ਨੂੰ ਕੀ ਪ੍ਰਾਪਤੀ ਹੋਵੇਗੀ? ਉਸ ਨੂੰ ਅਪਰੰਪਰ ਆਦਿ ਪੁਰਖ ਪ੍ਰਾਪਤ ਹੋਵੇਗਾ। ਉਹ 'ਹਰੀ' ਨਹੀਂ, ਜਿਸ ਦੇ ਅਰਥ ਵਿਸ਼ਨੂੰ ਕ੍ਰਿਸ਼ਨ ਆਦਿ ਦੇਵਤੇ ਤੇ ਅਵਤਾਰ ਬੀ ਹੋ ਸਕਦੇ ਹਨ ਪਰ ਅਪਰੰਪਰ ਤੇ ਆਦਿ ਪੁਰਖੁ, ਅਰਥਾਤ ਪਾਰਬ੍ਰਹਮ ਪਰਮੇਸ਼ੁਰ ਅਨਾਦਿ ਅਨੰਤ।

ਰਹਾਉ ਵਿਚ 'ਹਰਿ ਭਗਤਿ ਨ ਭਾਈ' ਕਿਹਾ ਸੀ ਉਸ ਦਾ ਪੂਰਨ ਰੂਪ-ਪਰਾ ਭਗਤੀ-ਦਾ ਰੂਪ ਕਹਿ ਦਿਤਾ 'ਆਦਿ ਪੁਰਖੁ ਅਪਰੰਪਰ' ਦੀ ਪ੍ਰਾਪਤੀ-ਪਰਾ ਭਗਤੀ ਹੈ।

ਅੰਕ ੪ ਦੇ ਆਰੰਭ ਤੋਂ ਦ੍ਰਿਸ਼ਟਾਂਤ ਸ਼ੁਰੂ ਕਰਦੇ ਹਨ। ਦ੍ਰਿਸ਼ਟਾਂਤ ਦੇਈਦੇ ਹਨ ਜੋ ਜਾਣ ਅਜਾਣ ਸਭ ਦੇ ਹਿਰਦੇ ਵਿਚ ਕਹੀ ਗਲ ਹੋਰ ਸਪਸ਼ਟ ਤੇ ਸੌਖੀ ਸਮਝੇ ਪੈ ਜਾਵੇ।

ਪਹਿਲਾ ਦ੍ਰਿਸ਼ਟਾਂਤ ਦੱਸਦਾ ਹੈ ਕਿ ਜਗਤ ਭ੍ਰਮ ਕੂਰਾ ਕਿਵੇਂ ਹੈ? ਕਿ ਜਿਵੇਂ ਨਟ ਦੀ ਖੇਲ ਹੁੰਦੀ ਹੈ। ਸਾਂਗ ਬਣਾਕੇ ਉਹ ਖੇਲ ਕਰਦਾ ਹੈ, ਓਹ ਸਾਂਗ ਕਿੰਨਾ ਕੁ ਚਿਰ ਨਿਭਦੇ ਹਨ? ਥੋੜਾ ਚਿਰ। ਜੋ ਲੋਕ ਉਸ ਨੂੰ ਅਸਲ ਸਮਝੇ ਸਨ, ਸਾਂਗ ਉਤਰਦਿਆਂ ਨਿਰਾਸ ਹੋ ਜਾਂਦੇ ਹਨ ਕਿ ਹੈਂ ਇਹ ਖੇਲ ਮਾਤ੍ਰ ਹੀ ਸੀ। ਤਿਵੇਂ ਇਹ ਦਿੱਸਦਾ ਜਗਤ ਖੇਲ ਮਾਤ੍ਰ ਹੈ, ਅਸਲੀਅਤ ਇਸ ਵਿਚ ਛਿਪੀ ਹੋਈ ਹੈ। ਸੋ ਜਦ ਮੌਤ ਆਉਂਦੀ ਹੈ ਤਾਂ ਨਿਰਾਸਾ ਨੱਪਦੀ ਹੈ ਕਿ ਇਹ ਜੋ ਸਦੈਵੀ ਲਗਦੀ ਸੀ ਖੇਲ, ਇਹ ਤਾਂ ਖਿਨਭੰਗ੍ਰੀ ਨਿਕਲੀ।

ਹੁਣ ਦੂਜਾ ਦ੍ਰਿਸ਼ਟਾਂਤ ਲੈਂਦੇ ਹਨ ਚਉਪੜ ਦੀ ਖੇਲ ਦਾ। ਉਸ ਵਿਚ ਹਾਰ ਜਿਤ ਦੋ ਗੱਲਾਂ ਹੁੰਦੀਆਂ ਹਨ, ਪਹਿਲੇ ਦ੍ਰਿਸ਼ਟਾਂਤ ਵਿਚ ਹਾਰ ਜਿੱਤ ਨਹੀਂ ਸੀ। ਜੀਵ ਨੇ ਜੋ ਕੁਛ ਸਮਝਣਾ ਹੈ ਉਹ ਪਹਿਲੋਂ ਜਗਤ ਨੂੰ ਖਿਨ ਭੰਗ੍ਰੀ ਸਮਝਣਾ ਹੈ, ਫੇਰ ਇਸ ਦਾ ਪ੍ਰਯੋਜਨ ਸਮਝਣਾ ਹੈ, ਉਹ ਹੈ 'ਜਿਣ ਬਾਜੀ ਘਰ ਜਾਣਾ'। ਇਸ ਕਰਕੇ ਚਉਪਟ ਦੀ ਮਿਸਾਲ ਦੇਕੇ ਜਿੱਤਣ ਦੀ ਜਾਚ ਦੱਸਦੇ ਹਨ ਕਿ ਗੁਰੂ ਸ਼ਬਦ ਦੀ ਵਿਚਾਰ ਜਿੱਤ ਪੱਲੇ ਪਾਉਂਦੀ ਹੈ।

ਗੁਰੂ ਕੇ ਸ਼ਬਦ ਵਿਚ ਸਭ ਤੋਂ ਜ਼ਰੂਰੀ ਸ਼ੈ ਹੁੰਦੀ ਹੈ ਨਾਮ ਅਰਾਧਣ। ਉਸ ਲਈ ਇਕ ਹੋਰ ਦ੍ਰਿਸ਼ਟਾਂਤ ਵਰਤਦੇ ਹਨ, ਉਹ ਹੈ ਅੰਨ੍ਹੇ ਦੇ ਹੱਥ ਸੋਟੀ ਯਾ ਡੰਗੋਰੀ। ਜਿਸ ਆਸਰੇ ਉਹ ਟੋਏ ਟਿਬੇ ਤੋਂ ਬਚਦਾ ਸਲਾਮਤੀ ਨਾਲ ਟੁਰਿਆ ਜਾਂਦਾ ਹੈ। ਜਦ ਨਾਮ ਅਰੰਭ ਕਰੀਦਾ ਹੈ ਤਦੋਂ ਅਭਯਾਸੀ ਗਯਾਨ ਨੇਤ੍ਰਾਂ ਤੋਂ ਹੀਨ ਹੁੰਦਾ ਹੈ। ਇਸ ਲਈ ਨਾਮ ਨੂੰ ਟੋਹਣੀ ਕਿਹਾ ਤੇ ਉਸ ਨੂੰ ਅੰਧਲਾ। ਫੇਰ ਨਾਲ ਹਿਦਾਯਤ ਦੇ ਗਏ ਕਿ ਇਹ ਟੋਹਣੀ ਦਿਨੇ ਰਾਤ ਹਰ ਵੇਲੇ ਵਰਤਣ ਦੀ ਹੈ। ਇਸ ਦਾ ਸੰਬੰਧ ਚਾਨਣੇ ਯਾ ਹਨੇਰੇ ਨਾਲ ਨਹੀਂ ਕਿਉਂਕਿ ਅੰਨ੍ਹੇ ਨੂੰ ਚਾਨਣੇ ਹਨੇਰੇ ਨਾਲ ਕੋਈ ਫਰਕ ਨਹੀਂ ਪੈਂਦਾ ਇਸ ਕਰਕੇ ਉਸ ਨੂੰ ਹਰ ਸਮੇਂ ਟੋਹਣੀ ਦੇ ਆਸਰੇ ਦੀ ਲੋੜ ਹੈ।

ਅੰਕ ੬ ਤੋਂ ਬਾਦ ਸਿੱਧਾਂਤ ਕਿਹਾ ਹੈ, ਸਾਰੀ ਕਹੀ ਦਾ ਸਿੱਟਾ ਦੱਸਿਆ ਹੈ ਤੇ ਸੰਖੇਪ ਵਿਚ ਤੇ ਨਿਜੀ ਤਜਰਬੇ ਦੇ ਰੂਪ ਵਿਚ, ਸਿਖ ਪ੍ਰਤੀ ਉਪਦੇਸ਼ ਦਿੱਤਾ ਹੈ ਜੋ ਨਿਰਸੰਸੇ ਹੋਕੇ ਪਤੀਜਨਾ ਦੇ ਘਰ ਆਕੇ ਸਿਮਰਨ ਵਿਚ ਲਗ ਪਵੇ।

ਵਿਸ਼ੇਸ਼-ਇਕ ਗਲ ਉਪਰਲੀ ਵਯਾਖਯਾ ਵਿਚ ਰਹਿ ਗਈ ਹੈ ਕਿ ਰਹਾਉ ਵਿਚ 'ਚਤੁਰਾਈ' ਨੂੰ 'ਫਿਟੁ ਧ੍ਰਿਗੁ' ਕਿਉਂ ਕਿਹਾ ਹੈ? ਉਹ ਬੀ ਇਕ ਪ੍ਰਸ਼ਨ ਦਾ ਉੱਤਰ ਹੈ ਜੋ ਦੁਨੀਆਂਦਾਰਾਂ ਨੂੰ, ਮਾਇਆ ਪ੍ਰੇਮੀਆਂ ਨੂੰ ਵਧਦਾ ਫੁਲਦਾ ਦੇਖਕੇ ਤਦੋਂ ਬੀ ਪੈਦਾ ਹੁੰਦਾ ਸੀ ਤੇ ਹੁਣ ਬੀ ਹੁੰਦਾ ਹੈ ਕਿ ਏਹ ਜੋ ਸਮਝਾਂ ਵਾਲੇ, ਚਲਾਕੀਆਂ ਵਾਲੇ, ਵੱਧ ਫੁਲ ਰਹੇ ਹਨ ਇਨ੍ਹਾਂ ਦੀ ਚਤੁਰਾਈ ਨੂੰ ਤੁਸੀਂ ਕੀਹ ਦਰਜਾ ਦੇਂਦੇ ਹੋ?

ਤਾਂ ਉਸ ਦਾ ਉੱਤਰ ਦੇ ਛਡਿਆ ਹੈ ਉਸ ਨੂੰ ਫਿਟਕਾਰ ਹੈ। ਫਿਟਕਾਰ ਕਿਉਂ ਹੈ? ਉਸ ਦਾ ਉੱਤਰ ਸ਼ਬਦ ਵਿਚ ਹੈ ਕਿ ਉਹ ਦੁਐਤ ਭਾਵਨਾ ਵਿਚ ਵਰਤ ਰਹੇ ਹਨ ਤੇ ਕਾਲ ਚੱਕ੍ਰ ਵਿਚ ਫਸੇ ਜਨਮ ਮਰਨ ਦੇ ਦੁਖ ਭੋਗ ਰਹੇ ਹਨ। ਉਹਨਾਂ ਦੀ ਚਾਤੁਰੀ ਉਹਨਾਂ ਨੂੰ ਕੂਰੇ ਭ੍ਰਮ ਵਿਚੋਂ ਨਹੀਂ ਕੱਢ ਰਹੀ, ਸਗੋਂ ਫਸਾ ਰਹੀ ਹੈ ਤੇ ਉਹਨਾਂ ਦੇ ਸੰਸੇ ਭ੍ਰਮ ਨੂੰ ਸਦੈਵੀ ਰੂਪ ਦੇ ਰਹੀ ਹੈ। ਉਹ ਚਤੁਰਾਈ ਨਹੀਂ ਉਹ ਤਾਂ ਮਹਾਂ ਮੂਰਖਤਾ ਹੈ।

ਨਿਰੁਕ੍ਤ-ਆਵਣ ਜਾਣਾ-ਆਉਣਾ ਜਾਣਾ, ਭਾਵ ਹੈ ਜਨਮ ਮਰਨ।

ਮੇਲਾ-ਭਾਵ ਹੈ ਵਾਹਿਗੁਰੂ ਜੀ ਨਾਲ ਮਿਲਾਪ ਹੋ ਜਾਣਾ।

ਸਹਸਾ ਦੋਈ-ਦੁਐਤ ਭਾਵਨਾ ਦਾ ਭਰਮ। ਉਹ ਸੰਸੇ ਬ੍ਰਿਤੀ ਜੋ ਦੁਐਤ ਭਾਵਨਾ ਵਿਚ ਹੁੰਦੀ ਹੈ। ਜਿਨ੍ਹਾਂ ਦੀ ਲਗਨ ਪ੍ਰਭੂ ਵਿਚ ਨਹੀਂ ਪਰ ਮਾਇਆ ਵਿਚ ਹੈ, ਓਹ ਪਰਮਾਤਮ ਦੇਵ ਦੀ ਹੋਂਦ ਉਪਾਸਨਾ ਤੇ ਲੱਖਤਾ ਸਭ ਗਲ ਵਿਚ ਭ੍ਰਮ ਤੇ ਸੰਸੇ ਵਿਚ ਰਹਿੰਦੇ ਹਨ। ਉਹ ਹੈ ਦ੍ਵੈਤ ਭਾਵਨਾ।

ਫਿਟੁ ਧ੍ਰਿਗੁ- ਦੋ ਵੇਰ ਕਿਹਾ ਹੈ ਤਾਕੀਦ ਲਈ। ਬੂਣੀ ਖਨਣ ਵਾਙੂ।

ਭ੍ਰਮੁ ਕੂਰਾ-ਭਰਮ ਜੋ ਵਸਤੂ ਦੇ ਅਸਲੀ ਰੂਪ ਵਿਚ ਸੰਸੇ ਬ੍ਰਿਤੀ ਪਾਈ ਰਖਦਾ ਹੈ ਤੇਂ ਜੋ ਝੂਠਾ ਹੁੰਦਾ ਹੈ। ਸਿਪ ਨੂੰ ਸਿਪ ਸਮਝਣਾ ਯਥਾਰਥ ਗਿਆਨ ਹੈ, ਸਿਪ ਨੂੰ ਚਾਂਦੀ ਸਮਝਣਾ ਮਿਥਯਾ ਗਿਆਨ ਹੈ। 'ਇਹ ਸਿਪ ਹੈ ਕਿ ਚਾਂਦੀ' ਇਹ ਸੰਸੇ ਬ੍ਰਿਤੀ ਹੈ ਤੇ ਵਿਪਰਯਯ ਦਾ ਇਕ ਰੂਪ ਹੈ। ਇਸ ਵਿਚ ਬੀ ਪਦਾਰਥ ਦਾ ਅਸਲੀ ਗਯਾਨ ਪ੍ਰਾਪਤ ਨਹੀਂ ਹੁੰਦਾ। ਭ੍ਰਮ ਕੂਰਾ ਕਹਿਕੇ 'ਸਹਸਾ ਦੋਈ' ਵਲ ਹੀ ਇਸ਼ਾਰਾ ਹੈ।

ਆਦਿ ਪੁਰਖ-ਜੋ ਸਦਾ ਤੋਂ ਹੈ ਜਿਸ ਨੂੰ 'ਆਦਿ' ਕਹੋ ਉਹ ਤਦੋਂ ਬੀ ਹੈਗਾ ਸੀ।

ਅਪਰੰਪਰਾ-ਪਰੇ ਤੋਂ ਪਰੇ ਜੋ ਹੈ। ਪਾਰਬ੍ਰਹਮ (Transcendental)।

ਬਾਜੀ- [ਫਾ:, ਬਾਜ਼ੀ] ਖੇਲ। ਉਝਰਤ-ਉਜੜਦਿਆਂ। ਖੁੱਲ੍ਹਦਿਆਂ ਭਾਵ ਨਾਸ਼ ਹੁੰਦਿਆਂ।

ਨਿਸਿ-ਰਾਤ।

ਦਉਤ- [ਸੰਸ:, ਦਯੋਤ:] ਪਹੁ ਫੁਟਾਲਾ। ਚਾਨਣਾ। ਦਿਨ।

ਸਵਾਰੈ-ਸਵੇਰੇ। (ਅ) ਸੰਵਾਰ ਲਵੇ ਬੀ ਅਰਥ ਕਰਦੇ ਹਨ।

ਮੁਰਾਰੇ-ਮੁਰਾਰ ਦਾ ਭਾਵ ਹੈ ਪਰਮੇਸ਼ੁਰ ਦਾ।

[ਪਹਿਲੀ ਪਾਤਸ਼ਾਹੀ ਜੀ ਦੀਆਂ ਅਸਟਪਦੀਆਂ ਸਮਾਪਤ ਤੇ ਤੀਸਰੀ ਦੀਆਂ ਸ਼ੁਰੂ]

[ਆਸਾ ਮਹਲਾ ੩, ਅਸਟਪਦੀ-੨੩]

ਪ੍ਰਾਕ੍ਥਨ-ਰਚਨਾ ਵਿਚ ਦੇ ਪਦਾਰਥ, ਜੀਵ, ਤੀਰਥ, ਧਰਮ ਗ੍ਰੰਥ, ਸਾਧੂ ਤੇ ਸੰਤ, ਅਵਤਾਰ, ਦੇਵਤੇ ਆਦਿ ਸਭ ਤ੍ਰੈ ਗੁਣਾਂ ਨਾਲ ਕਿਵੇਂ ਨਾ ਕਿਵੇਂ ਸੰਬੰਧਤ ਹਨ। ਵਾਹਿਗੁਰੂ ਸਭ ਤੋਂ ਉੱਚਾ ਨਿਰਗੁਣ ਤੇ ਅਚਰਜ ਰੂਪ ਹੈ। ਉਸ ਨਾਲ ਪ੍ਰੇਮ ਕਰੋ। ਇਹ ਪਰਮ ਪਦ ਦਾ ਰਸਤਾ ਹੈ।

ਆਸਾ ਮਹਲਾ ੩ ਅਸਟਪਦੀਆ ਘਰੁ ੨ ੴ ਸਤਿਗੁਰ ਪ੍ਰਸਾਦਿ॥

ਮੂਲ	ਅਰਥ
ਸਾਸਤੁ ਬੇਦੁ ਸਿੰਮ੍ਰਿਤਿ ਸਰੁ ਤੇਰਾ ਸੁਰਸਰੀ ਚਰਣ ਸਮਾਣੀ ॥ ਸਾਖਾ	ਸ਼ਾਸਤ੍ਰ ਵੇਦ ਸਿੰਮ੍ਰਤੀਆਂ ਤੇਰਾ ਸਮੁੰਦਰ ਹੈ, ਗੰਗਾ (ਤੇਰੇ) ਚਰਨਾਂ ਵਿਚ ਸਮਾਈ ਹੋਈ ਹੈ। (ਭਾਵ ਗੰਗਾ ਸਮੁੰਦਰ ਵਿਚ ਸਮਾਉਂਦੀ

ਤੀਨਿ ਮੂਲੁ ਮਤਿ ਰਾਵੈ ਤੂੰ ਤਾਂ ਸਰਬ ਵਿਡਾਣੀ ॥੧॥

ਹੈ, ਇਸ ਕਰਕੇ ਚਰਨ ਸਮੁੰਦਰ ਹੋਏ। ਜਦ ਵੇਦ ਆਦਿ ਨੂੰ ਸਮੁੰਦਰ ਕਿਹਾ ਤਾਂ ਧ੍ਵਨੀ ਇਹ ਹੋਈ ਕਿ ਉਹ ਬੀ ਤੇਰੇ ਚਰਨਾਂ ਦਾ ਰੂਪ ਹਨ ਯਾ ਗੰਗਾ ਵਾਂਙੂ ਤੇਰੇ ਚਰਨਾਂ ਵਿਚ ਸਮਾਏ ਹੋਏ ਹਨ। ਪਰ ਇਨ੍ਹਾਂ ਵੇਦਾਂ ਸ਼ਾਸਤ੍ਰਾਂ ਆਦਿ ਧਰਮ ਪੁਸਤਕਾਂ ਤੇ ਗੰਗਾ ਆਦਿ ਤੀਰਥਾਂ ਦਾ ਮੂਲ ਤ੍ਰੈ ਗੁਣ ਹਨ, ਸੋ) ਬੁੱਧੀ ਵਾਲੇ ਲੋਕੀ ਤ੍ਰੈ ਗੁਣੀ ਮੂਲਕ (ਵਸਤਾਂ ਦਾ) ਵਰਣਨ ਕਰਦੇ ਹਨ (ਪਰ) ਤੇਰਾ (ਰੂਪ ਤਾਂ) ਸਮੁੱਚਾ 'ਅਸਚਰਜ ਰੂਪ' ਹੈ (ਉਸ ਨੂੰ ਕੌਣ ਵਰਣਨ ਕਰ ਸਕਦਾ ਹੈ)॥ ੧॥

ਤਾ ਕੇ ਚਰਣ ਜਪੈ ਜਨੁ ਨਾਨਕੁ ਬੋਲੇ ਅੰਮ੍ਰਿਤ ਬਾਣੀ ॥੧॥ ਰਹਾਉ ॥

ਨਾਨਕ ਦਾਸ (ਤਾਂ) ਉਸ (ਤੇਰੇ ਅਚਰਜ ਰੂਪ) ਦੇ ਚਰਨਾਂ ਦਾ (ਜਿਨ੍ਹਾਂ ਵਿਚ ਵੇਦ ਸ਼ਾਸਤ੍ਰ ਤੇ ਤੀਰਥ ਹਨ) ਸਿਮਰਨ ਕਰਦਾ ਹੈ ਅਤੇ ਅੰਮ੍ਰਿਤ (ਵਰਗੀ ਮਿੱਠੀ) ਬਾਣੀ ਬੋਲਦਾ ਹੈ। (ਭਾਵ ਇਹ ਕਿ ਉਸ ਦਾ ਨਾਮ ਸਿਮਰਦਾ ਤੇ ਯਸ਼ ਗਾਉਂਦਾ ਹੈ)॥ ੧॥ ਰਹਾਉ॥

ਤੇਤੀਸ ਕਰੋੜੀ ਦਾਸ ਤੁਮ੍ਹਾਰੇ ਰਿਧਿ ਸਿਧਿ ਪ੍ਰਾਣ ਅਧਾਰੀ ॥ ਤਾ ਕੇ ਰੂਪ ਨ ਜਾਹੀ ਲਖਣੇ ਕਿਆ ਕਰਿ ਆਖਿ ਵੀਚਾਰੀ ॥੨॥

ਤੇਤੀ ਕ੍ਰੋੜ (ਦੇਉਤੇ ਅਰ) ਰਿਧੀਆਂ ਸਿਧੀਆਂ ਤੇ ਪ੍ਰਾਣਾਯਾਮ ਦੇ ਆਸਰੇ ਰਹਿਣ ਵਾਲੇ (ਜੋਗੀ ਬੀ ਸਭ) ਤੇਰੇ ਦਾਸ ਹਨ, (ਉਨ੍ਹਾਂ ਪਾਸੋਂ) ਤੇਰੇ ਰੂਪ ਲਖੇ ਨਹੀਂ ਜਾਂਦੇ, (ਉਹ) ਕੀਹ ਵੀਚਾਰ ਕਰਕੇ ਤੈਨੂੰ ਵਰਣਨ ਕਰ ਸਕਣ॥ ੨॥

ਤੀਨਿ ਗੁਣਾ ਤੇਰੇ ਜੁਗ ਹੀ ਅੰਤਰਿ ਚਾਰੇ ਤੇਰੀਆ ਖਾਣੀ ॥ ਕਰਮੁ ਹੋਵੈ ਤਾ ਪਰਮ ਪਦੁ ਪਾਈਐ ਕਥੇ ਅਕਥ ਕਹਾਣੀ ॥ ੩॥

ਤੇਰੇ (ਸਾਜੇ) ਤਿੰਨੇ ਗੁਣ (ਤੇ ਉਨ੍ਹਾਂ ਤੋਂ ਬਣੀਆਂ) ਚਾਰੇ ਹੀ ਤੇਰੀਆਂ ਖਾਣੀਆਂ (ਤੇਰੇ ਰਚੇ) ਦੇਸ਼ ਕਾਲ ਵਿਚ ਹੀ ਹਨ, (ਸੋ ਤੇਰੀ ਹੀ) ਮਿਹਰ ਹੋਵੇ ਤਾਂ (ਤੈਂ) ਅਕੱਥ ਦੀ ਕਥਾ ਕੱਥਕੇ ਪਰਮ ਪਦ ਪਾਈਦਾ ਹੈ। (ਭਾਵ ਤੇਰੇ ਕਰਮ ਨਾਲ ਗੁਣ ਗਾਕੇ ਪਰਮ ਪਦ ਨੂੰ ਸਿੱਧੇ ਤੇ ਸੌਖੇ ਪਹੁੰਚ ਪਈਦਾ ਹੈ)॥ ੩॥

ਤੂੰ ਕਰਤਾ ਕੀਆ ਸਭੁ ਤੇਰਾ ਕਿਆ ਕੋ ਕਰੇ ਪਰਾਣੀ ॥ ਜਾ ਕਉ ਨਦਰਿ ਕਰਹਿ ਤੂੰ ਅਪਣੀ ਸਾਈ ਸਚਿ ਸਮਾਣੀ ॥੪॥

ਤੂੰ ਰਚਣਹਾਰ ਹੈਂ, ਸਾਰਾ (ਜਗਤ) ਤੇਰਾ ਰਚਿਆ ਹੋਇਆ ਹੈ, ਕੋਈ ਮਾਨੁਖ ਕੀਹ ਕਰ ਸਕਦਾ ਹੈ*। (ਹਾਂ) ਜਿਸ ਉਤੇ ਤੂੰ ਆਪਣੀ ਕ੍ਰਿਪਾ ਦ੍ਰਿਸ਼ਟੀ ਕਰਦਾ ਹੈਂ ਉਹੀ (ਬੁਧੀ ਯਾ ਸੁਰਤ) ਤੇਰੇ ਵਿਚ ਸਮਾ ਜਾਂਦੀ ਹੈ †॥ ੪॥

ਨਾਮੁ ਤੇਰਾ ਸਭੁ ਕੋਈ ਲੇਤੁ ਹੈ ਜੇਤੀ ਆਵਣ ਜਾਣੀ ॥ ਜਾ ਤੁਧੁ ਭਾਵੈ ਤਾ ਗੁਰਮੁਖਿ ਬੂਝੈ ਹੋਰ ਮਨਮੁਖਿ ਫਿਰੈ ਇਆਣੀ ॥੫॥

(ਸਹਿ ਸੁਭਾ) ਤੇਰਾ ਨਾਮ ਤਾਂ ਹਰ ਕੋਈ ਲੈ ਲੈਂਦਾ ਹੈ (ਹਾਂ) ਜਿੰਨੀ ਬੀ ਜੰਮਣ ਮਰਣ ਵਾਲੀ (ਸ੍ਰਿਸ਼ਟੀ) ਹੈ (ਸਾਰੀ ਨਾਂ ਤਾਂ ਲੈ ਲੈਂਦੀ ਹੈ, ਪਰ) ਜਦੋਂ ਤੈਨੂੰ ਭਾ ਜਾਵੇ ਤਾਂ (ਕੋਈ) ਗੁਰੂ ਦੁਆਰੇ (ਨਾਮ ਪਾਕੇ) ਤੈਨੂੰ ਲਖ ਲੈਂਦਾ ਹੈ, ਹੋਰ ਮਨਮੁਖੀ (ਸ੍ਰਿਸ਼ਟੀ) ਸਾਰੀ ਹੀ ਮੂਰਖ ਹੋਈ ਫਿਰਦੀ ਹੈ॥ ੫॥

ਚਾਰੇ ਵੇਦ ਬ੍ਰਹਮੇ ਕਉ ਦੀਏ ਪੜਿ ਪੜਿ ਕਰੇ ਵੀਚਾਰੀ ॥ ਤਾ ਕਾ ਹੁਕਮੁ

(ਦੱਸੀਦਾ ਹੈ ਕਿ) ਬ੍ਰਹਮਾਂ ਨੂੰ ਚਾਰੇ ਵੇਦ ਦਿੱਤੇ ਗਏ ਸਨ (ਉਨ੍ਹਾਂ ਨੂੰ) ਵਾਚ ਵਾਚਕੇ ਉਹ ਵੀਚਾਰਦਾ ਰਿਹਾ, (ਪਰ ਉਹ) ਵਿਚਾਰਾ

* ਕਹੁ ਮਾਨੁਖ ਤੇ ਕਿਆ ਹੋਇ ਆਵੈ॥ [ਸੁਖਮਨੀ, ੧੧-੩]

† ਕੀਮਤਿ ਪਾਇ ਨ ਕਹਿਆ ਜਾਇ॥ ਕਹਣੈ ਵਾਲੇ ਤੇਰੇ ਰਹੇ ਸਮਾਇ॥ [ਆਸਾ ਮ: ੧]

ਨ ਬੂਝੈ ਬਪੁੜਾ ਨਰਕਿ ਸੁਰਗਿ ਅਵਤਾਰੀ ॥੬॥

ਉਸ ਦੇ ਹੁਕਮ ਨੂੰ ਨਾ ਬੁਝ ਸਕਿਆ, (ਇਸ ਕਰਕੇ) ਨਰਕ ਸੁਰਗ ਵਿਚ (ਅਉਤਾਰੀ=) ਉਤਰਦਾ ਚੜ੍ਹਦਾ ਰਿਹਾ॥ ੬॥

ਜੁਗਹ ਜੁਗਹ ਕੇ ਰਾਜੇ ਕੀਏ ਗਾਵਹਿ ਕਰਿ ਅਵਤਾਰੀ ॥ ਤਿਨ ਭੀ ਅੰਤੁ ਨ ਪਾਇਆ ਤਾ ਕਾ ਕਿਆ ਕਰਿ ਆਖਿ ਵੀਚਾਰੀ ॥੭॥

(ਫੇਰ ਦੇਖੋ) ਹਰ ਜੁਗ ਦੇ ਰਾਜੇ ਬਣਾਏ (ਜਿਨ੍ਹਾਂ ਨੂੰ) ਅਵਤਾਰ ਕਰਕੇ (ਲੋਕੀ) ਗਾਉਂਦੇ ਹਨ; ਉਨ੍ਹਾਂ ਨੇ ਬੀ ਉਸ (ਅਸਚਰਜ ਰੂਪ) ਦਾ ਅੰਤ ਨਾ ਪਾਇਆ, ਸੋ ਵੀਚਾਰ ਕਰਕੇ ਕੀਹ ਆਖਿਆ ਜਾਏ* ॥ ੭॥

ਤੂੰ ਸਚਾ ਤੇਰਾ ਕੀਆ ਸਭੁ ਸਾਚਾ ਦੇਹਿ ਤ ਸਾਚੁ ਵਖਾਣੀ ॥ ਜਾ ਕਉ ਸਚੁ ਬੁਝਾਵਹਿ ਅਪਣਾ ਸਹਜੇ ਨਾਮਿ ਸਮਾਣੀ ॥੮॥੧॥੨੩॥

ਤੂੰ 'ਸੱਚਾ' ਹੈ, ਤੇਰਾ ਕੀਤਾ ਸਭ ਸੱਚਾ ਹੁੰਦਾ ਹੈ, (ਜਦੋਂ ਤੂੰ ਹੀ ਸੁਮਤੀ) ਦੇਵੇ ਤਾਂ ਸੱਚ ਨੂੰ (ਮੈਂ) ਵਰਣਨ ਕਰਾਂ। (ਹਾਂ) ਜਿਸ ਨੂੰ (ਤੂੰ) ਆਪਣਾ ਸੱਚ (=ਸਤਜ ਸਰੂਪ) ਲਖਾ ਦੇਂਦਾ ਹੈਂ, (ਓਹ) ਸਹਜੇ ਹੀ ਨਾਮ ਦੁਆਰਾ ਤੇਰੇ ਵਿਚ ਸਮਾ ਜਾਂਦਾ ਹੈ। (ਅਥਵਾ ਉਹ ਸਹਿਜੇ ਹੀ ਤੈਂ 'ਨਾਮੀ' ਵਿਚ ਸਮਾ ਜਾਂਦਾ ਹੈ)॥ ੮॥ ੨੩॥

ਵਜਾਖਜਾ-ਪਹਿਲੇ ਅੰਕ ਦੀ ਵੀਚਾਰ ਕਠਨ ਹੋਣ ਕਰਕੇ ਅਰਥ ਕਰਨ ਵਿਚ ਕੁਛ ਕੁਛ ਮਤਿ ਭੇਦ ਹੋ ਜਾਂਦਾ ਹੈ। ਖਿਆਲ ਕੀਤਾ ਜਾਂਦਾ ਹੈ ਕਿ ਵੇਦ ਸ਼ਾਸਤ੍ਰ ਆਦਿ ਦੀ ਮਹਿਮਾ ਕਹੀ ਹੈ ਯਾ ਸਮਝਿਆ ਜਾਂਦਾ ਹੈ ਕਿ ਉਹਨਾਂ ਦੀ ਨਿਖੇਧੀ ਹੈ। ਪਰ ਅਸਲ ਵਿਚ ਦੁਇ ਗਲਾਂ ਹੀ ਨਹੀਂ ਹਨ। ਸ੍ਰੀ ਗੁਰੂ ਤੀਸਰੀ ਪਾਤਸ਼ਾਹੀ ਨੇ ਤਾਂ ਇਕ ਅਸੂਲ ਦੀ ਗਲ ਆਖੀ ਹੈ ਕਿ ਵਾਹਿਗੁਰੂ ਤ੍ਰੈ ਗੁਣਾਂ ਤੋਂ ਉੱਪਰ ਹੈ, ਉਹ ਕਰਤਾਰ ਹੈ, ਬਾਕੀ ਸਭ 'ਕ੍ਰਿਤ' ਹੈ, ਕ੍ਰਿਤ ਤ੍ਰਿਗੁਣਾਤਮਿਕ ਹੈ। ਕਿਆ ਸ੍ਰਿਸ਼ਟੀ ਦੇ ਪਦਾਰਥ, ਕਿਆ ਤੱਤ, ਕਿਆ ਜੰਤੂ, ਕਿਆ ਮਾਨੁਖ, ਕਿਆ ਯੋਗੀ ਆਦਿ ਸਾਧਕ, ਕਿਆ ਅਵਤਾਰ ਕਹਾਉਣ ਵਾਲੇ ਯੁਗ ਯੁਗ ਦੇ ਅਧਿਸ਼ਠਾਤਾ, ਕਿਆ ਦੇਵਤੇ, ਕਿਆ ਤੀਰਥ, ਕਿਆ ਧਰਮ ਪੁਸਤਕ ਸਾਰੇ ਕ੍ਰਿਤ ਹਨ ਤੇ ਸਭੇ ਤ੍ਰੈ ਗੁਣੀ ਹੈਨ। ਤ੍ਰੈਹਾਂ ਗੁਣਾਂ ਤੋਂ ਉੱਚਾ ਉੱਠਣੇ ਦਾ ਉਪਦੇਸ਼ ਹੈ। ਸ੍ਰੀ ਕ੍ਰਿਸ਼ਨ ਜੀ ਨੇ ਬੀ ਗੀਤਾ ਵਿਚ ਕਿਹਾ ਹੈ: ਹੇ ਅਰਜਨ ਵੇਦਾਂ ਤੋਂ ਉਚਾ ਉਠ ਕਿਉਂਕਿ ਓਹ ਤ੍ਰੈਗੁਣਾਂ ਵਿਚ ਵਰਤਦੇ ਹਨ।

ਫੇਰ ਵੇਦਾਂ ਸ਼ਾਸਤ੍ਰਾਂ, ਅਵਤਾਰਾਂ, ਜੋਗੀਆਂ, ਦੇਉਤਿਆਂ ਆਦਿ ਕਿਸੇ ਨੂੰ ਮਾੜੇ ਨਹੀਂ ਕਿਹਾ, ਇਹ ਦੱਸਿਆ ਹੈ ਕਿ ਓਹ ਅੰਤ ਨਹੀਂ ਲੈ ਸਕੇ ਬੇਅੰਤ ਦਾ। ਓਹ ਸਰੀਰ ਧਾਰਕੇ ਯਾ ਸੂਖਮ ਰੂਪ ਧਾਰੀ ਹੋਕੇ ਇਕ ਤਰ੍ਹਾਂ ਤ੍ਰੈ ਗੁਣੀ ਰੰਗ ਵਿਚ ਆ ਗਏ। ਮਿਤ ਵਾਲੇ ਹੋ ਗਏ। ਮਿਤ ਵਾਲੇ ਅਮਿਤ ਦਾ, ਅੰਤ ਵਾਲੇ ਅਨੰਤ ਦਾ ਅੰਤ ਨਹੀਂ ਪਾ ਸਕਦੇ। ਜੈਸਾ ਕਿ ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ ਸੀ:-

ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ॥ [ਜਪੁਜੀ-੩੦]

ਫੇਰ ਫੁਰਮਾਇਆ ਕਿ ਵਾਹਿਗੁਰੂ ਦੀ ਮੇਹਰ ਤਾਰਨਹਾਰ ਸ਼ੈ ਹੈ। ਜੋ ਉਸ ਦਾ ਨਾਮ ਸਿਮਰ ਰਿਹਾ ਹੈ, ਗੁਣ ਗਾਇਨ ਕਰ ਰਿਹਾ ਹੈ, ਮੇਹਰ ਦਾ ਸਦਕਾ ਹੈ। ਮੇਹਰ ਪ੍ਰਾਪਤੀ ਲਈ ਹਠ ਤਪ ਵਿਦਯਾ ਦੀਆਂ ਸਿਆਣਪਾਂ ਆਦਿ ਨਾਲੋਂ ਜੋ ਸਿੱਧਾ ਰਾਹ ਹੈ ਫੜੀਏ, ਕਿ ਸਭ ਕੁਛ ਉਸ ਦਾ ਕੀਤਾ ਹੈ। ਉਸ ਨੂੰ ਮੰਨੀਏ, ਪੂਜੀਏ, ਪਯਾਰ ਕਰੀਏ। ਉਸ ਦਾ ਤਰੀਕਾ ਦੱਸਿਆ- ਨਾਮ। ਪਰ ਨਾਮ ਜਪੋ ਗੁਰਮੁਖ ਹੋਕੇ, ਭਾਵ ਗੁਰੂ ਦੁਆਰਾ। ਫੇਰ ਨਾਮ ਦੁਆਰਾ ਸੱਚ (ਸਤਜ ਸਰੂਪ) ਦੀ ਲੱਖਤਾ ਆਏਗੀ ਤੇ ਸਤਿ ਸਰੂਪ ਵਿਚ ਸਮਾਈ ਹੋਵੇਗੀ। ਇਹ ਜੋ ਨਾਮ ਦੱਸਿਆ ਇਸ ਲਈ ਕਈ ਤੁਕਾਂ ਵਿਚ ਦੱਸਿਆ ਕਿ ਨਾਮ ਜਪਦੇ ਹਰੀ ਯਸ਼ ਕਰਦੇ 'ਮੈਂ' ਤੇ ਤਕੀਏ ਨਹੀਂ ਰਖਣੇ, ਪਰ ਕਰਤਾ ਪੁਰਖ ਦੀ ਮੇਹਰ ਤੇ ਆਸਰਾ ਰੱਖਣਾ ਹੈ: ਕਿ ਇਹ ਸਭ ਕੁਛ ਉਹੀ ਕਰਾ ਰਿਹਾ ਹੈ, ਅਸੀਂ ਕੁਛ ਨਹੀਂ ਆਪੂੰ ਕਰ ਰਹੇ, ਮਿਹਰ ਕਰਾ ਰਹੀ ਹੈ। ਅੰਤ ਵਿਚ ਦੱਸਿਆ ਕਿ ਸਭ ਕੁਛ ਤੂੰ ਦਾਤ ਕਰੇਂ ਤਾਂ ਤੈਂ ਸਚ ਸਰੂਪ ਦਾ

* ਅਥਵਾ ਓਹ ਵੀਚਾਰ ਕਰਕੇ ਉਸ ਅਨੰਤ ਨੂੰ ਕਿਵੇਂ ਵਰਣਨ ਕਰਦੇ?

ਨਾਮ ਜਪਿਆ ਜਾ ਸਕਦਾ ਹੈ।

ਅੰਕ ੧ ਵਿਚ ਅਰਥ ਭਾਵ ਧੁਨਜਾਤਮਕ ਹੈ, ਅਭਿਧਾ, ਲਕਸ਼ਣਾ, ਵਜੰਜਨਾ ਤੋਂ ਲੰਘਕੇ ਯਾ ਮਿਲਵਾਂ ਧੁਨਜਾਤਮਕ ਵਰਣਨ ਹੈ। ਇਸੇ ਕਰਕੇ ਕਠਨਤਾ ਪ੍ਰਤੀਤ ਹੁੰਦੀ ਹੈ। ਇਕ ਪਦ 'ਸਰੁ'ਤੋਂ ਬੀ ਮਤ ਭੇਦ ਹੁੰਦਾ ਹੈ।'ਸਰੁ' ਪਦ ਜਦ ਔਂਕੜ ਨਾਲ ਹੋਵੇ ਤਾਂ ਅਰਥ 'ਤੁਲਜ' ਨਹੀਂ ਹੁੰਦਾ। 'ਤੁੱਲ' ਅਰਥ ਵਾਲਾ 'ਸਰਿ' ਪਦ ਸਿਆਰੀ ਨਾਲ ਹੁੰਦਾ ਹੈ, ਯਥਾ:-

ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ॥..... [ਧਨਾਸਰੀ ਰਵਿਦਾਸ ਜੀ]

ਏਥੇ 'ਸਰਿ' ਦਾ ਅਰਥ ਤੁੱਲ ਹੈ ਤੇ ਦੁਇ 'ਸਰਿ' ਸਿਆਰੀ ਨਾਲ ਹਨ।ਯਾ ਤੁਲ ਅਰਥਾਂ ਵੇਲੇ 'ਰ' ਮੁਕਤਾ ਹੁੰਦਾ ਹੈ,

ਯਥਾ:- ਨਾਮੇ ਸਰ ਭਰਿ ਸੋਨਾ ਲੇਹੁ॥ [ਭੈਰਉ ਨਾਮਦੇਵ-੧੦]

'ਸਰੁ' ਔਂਕੜ ਵਾਲਾ ਤੁੱਲ ਅਰਥਾਂ ਵਿਚ ਗੁਰਬਾਣੀ ਵਿਚ ਨਜ਼ਰੇ ਨਹੀਂ ਪਿਆ। ਇਸ ਲਈ 'ਸਰੁ'ਦਾ ਅਰਥ ਏਥੇ ਸਰੋਵਰ ਯਾ ਸਮੁੰਦ੍ਰ ਲੈਣਾ ਹੈ। ਸਮੁੰਦ੍ਰ ਵਿਸ਼ੇਸ਼ ਅਰਥ ਹੈ ਕਿਉਂਕਿ ਸੁਰਸਰੀ (ਗੰਗਾ) ਸਮੁੰਦਰ ਵਿਚ ਪੈਂਦੀ ਹੈ।

ਧੁਨਜਾਤਮਕ ਗਲ ਇਹ ਹੈ ਕਿ ਗੰਗਾ ਚਰਨਾਂ ਕਮਲਾਂ ਵਿਚ ਸਮਾਉਂਦੀ ਹੈ ਇਹ ਵਜੰਜਨਾ ਬ੍ਰਿਤੀ ਹੈ, ਗੰਗਾ ਸਮੁੰਦਰ ਵਿਚ ਸਮਾਉਂਦੀ ਹੈ ਇਹ ਅਭਿਧਾ ਬ੍ਰਿਤੀ ਹੈ। ਦੋਹਾਂ ਨੂੰ ਮੇਲਕੇ ਧੁਨੀ ਕੱਢਣੀ ਹੈ ਸੋ ਹੈ ਇਹ ਕਿ ਗੰਗਾ ਬੀ ਚਰਨਾਂ ਵਿਚ ਸਮਾਉਂਦੀ ਹੈ ਤੇ ਵੇਦ ਬੀ ਹਰੀ ਚਰਨਾਂ ਵਿਚ ਸਮਾਏ ਹੋਏ ਹਨ। ਸੋ 'ਸਰੁ' ਦਾ ਧੁਨਜਾਤਮਕ ਅਰਥ ''ਈਸ਼੍ਵਰ ਦੇ ਚਰਨ'' ਲੈਣਾ ਹੈ।

ਇਕੋ ਸਤਰ ਵਿਚ ਸਰੁ ਤੇ ਸੁਰਸਰੀ ਇਸੇ ਕਟਾਖਜ ਲਈ ਤਾਂ ਰਖੇ ਹਨ ਕਿ ਦੁਇ 'ਚਰਣ' ਨਾਲ ਸੰਬੰਧਿਤ ਲਖ ਲਏ ਜਾਣ। ਭਾਵ ਇਹ ਹੈ ਕਿ ਬੁੱਧੀਮਾਨ ਲੋਕ ਤ੍ਰੈਗੁਣਾਤਮਿਕ ਰਚਨਾ ਨੂੰ ਵਰਣਨ ਕਰ ਸਕਦੇ ਹਨ, ਪਰ ਤ੍ਰੈ ਗੁਣਾਂ ਤੋਂ ਪਰੇ ਜੋ ਅਚਰਜ ਰੂਪ ਹੈ ਉਸ ਨੂੰ ਨਹੀਂ ਕਹਿ ਸਕਦੇ, ਉਂਞ ਓਹ ਸਾਰੇ ਉਸੇ ਦੇ ਚਰਨਾਂ ਨਾਲ ਸੰਬੰਧਿਤ ਹਨ। ਇਥੋਂ ਤਾਈਂ ਕਿ ਗੰਗਾ ਆਦਿ ਤੀਰਥ ਤੇ ਸ਼ਾਸਤ੍ਰ ਆਦਿ ਧਰਮ ਪੁਸਤਕ ਬੀ ਤ੍ਰੈ ਗੁਣਾਂ ਤੋਂ ਉਪਰ ਨਹੀਂ ਹਨ, ਜੈਸਾ ਕਿ ਸ੍ਰੀ ਕ੍ਰਿਸ਼ਨ ਜੀ ਦੇ ਉਚਾਰੇ ਵਾਕ ਤੋਂ ਉਪਰ ਦੱਸ ਆਏ ਹਾਂ।

ਰਹਾਉ ਵਿਚ ਦੱਸਿਆ ਹੈ ਕਿ ਮੈਂ ਤਾਂ ਉਸ ਦਾ ਨਾਮ ਜਪਦਾ ਹਾਂ, ਉਸ ਦਾ ਸਰਬ ਨਾਮ ਹੈ 'ਸਰਬ ਵਿਡਾਣੀ' ਕਿ ਮੈਂ 'ਅਸ੍ਰਰਜ ਰੂਪੰ ਰਹੰਤ ਜਨਮੰ' ਦਾ ਉਪਾਸ਼ਕ ਹਾਂ। 'ਜਪੈ' ਤੇ 'ਅੰਮ੍ਰਿਤ ਬਾਣੀ' ਤੋਂ ਭਾਵ 'ਸਿਮਰਨ' ਤੇ 'ਸਿਫਤ ਸਲਾਹ' ਕਰਨੇ ਦਾ ਹੈ।

ਅੰਕ ੨ ਵਿਚ ਪਹਿਲਾਂ ਧਰਮ ਪੁਸਤਕ ਤੇ ਤੀਰਥ ਗਿਣ ਚੁਕੇ ਹਨ, ਹੁਣ ਸਾਧਕ ਪੁਰਖਾਂ ਨੂੰ ਲੈਂਦੇ ਹਨ। ਉਨ੍ਹਾਂ ਵਿਚ ਸਭ ਤੋਂ ਔਖੀ ਸਾਧਨਾਂ ਵਾਲੇ ਹਠ ਯੋਗੀਆਂ ਨੂੰ ਲੈਂਦੇ ਹਨ, ਜਿਨ੍ਹਾਂ ਦਾ ਜੀਵਨ ਹੀ ਪ੍ਰਾਣਾਯਾਮ ਆਦਿ ਕਠਨ ਸਾਧਨਾਂ ਦਾ ਬਣ ਜਾਂਦਾ ਹੈ। ਏਹ ਫਿਰ ਦੋ ਕਿਸਮ ਦੇ ਹਨ: ਵਿਸ਼ੇਸ਼ ਕਰਕੇ ਓਹ ਜੋ ਰਿਧੀਆਂ ਸਿਧੀਆਂ ਵਿਚ ਫਸ ਜਾਂਦੇ ਹਨ, ਦੂਸਰੇ ਓਹ ਜੋ ਉਮਰਾ ਵਧਾਉਣ ਤੇ ਸਮਾਧੀਆਂ ਵਿਚ ਬੈਠੇ ਰਹਿੰਦੇ ਚਿਤ ਬ੍ਰਿਤੀਆਂ ਨੂੰ ਰੋਕਦੇ ਹਨ। ਪ੍ਰਾਣ ਅਧਾਰੀ ਆਖਕੇ ਤੇ ਰਿਧੀ ਸਿਧੀਆਂ ਵਾਲੇ ਦੱਸਕੇ ਤੀਸਰੇ ਧੁਨੀ ਵਿਚ ਦੱਸ ਦਿੱਤੇ ਹਨ ਜੋ ਜਮ੍ਹਾਂ ਤੇ ਨਾਂ ਦੀਆਂ ਦੋਹਾਂ ਰਕਮਾਂ ਦੀ ਬਾਕੀ ਕੱਢ ਲੈਣ ਸੁਤੇ ਸਿਧ ਹੋ ਜਾਂਦੇ ਹਨ। ਇਨ੍ਹਾਂ ਦੋਹਾਂ ਕਿਸਮ ਵਾਲਿਆਂ ਤੋਂ ਮਿਤ ਵਾਲੇ ਹੋਣ ਕਰਕੇ ਸਾਈਂ ਦਾ ਸਮਗ੍ਰ ਰੂਪ ਜੋ ਅਨੰਤ ਹੈ, ਇਸ ਤਰ੍ਹਾਂ ਨਹੀਂ ਪਾਇਆ ਗਿਆ ਕਿ ਉਸ ਨੂੰ ਵਰਣਨ ਕਰ ਸਕਣ।

ਅੰਕ ੩ -ਤਿੰਨ ਗੁਣ (ਰਜ ਤਮ ਸਤ) ਤੇ ਚਾਰੇ ਖਾਣੀਆਂ (ਅੰਡਜ, ਜੇਰਜ, ਸੇਤਜ, ਉਤਭੁਜ) ਕਹਿਕੇ ਸਾਰੀ ਰਚਨਾ ਲੈ ਲਈ ਤੇ ਇਹਨਾਂ ਨੂੰ ਜੁਗਾਂ ਦੇ ਅੰਤਰਗਤਿ ਦੱਸਿਆ, ਜੁਗ ਜਦੋਂ ਸ਼ੁਰੂ ਹੋਏ ਤਦੋਂ ਕਾਲ ਤੇ ਦੇਸ਼ ਰਚੇ ਜਾ ਚੁਕੇ ਸਨ। ਸੋ 'ਜੁਗ ਅੰਤਰਿ' ਕਹਿਣ ਦਾ ਭਾਵ 'ਦੇਸ਼ ਕਾਲ ਵਿਚ ਹੈ'।

ਦੇਸ਼ ਕਾਲ ਵਿਚ ਜੋ ਕੁਛ ਹੈ ਸੋ ਨਾਸ਼ਮਾਨ ਹੈ, ਸਦੈਵੀ ਨਹੀਂ, ਇਹ ਦੱਸਕੇ ਫਿਰ ਇਨ੍ਹਾਂ ਦੇ ਕਰਤਾ ਵਲ ਸਿੱਧਾ ਧਿਆਨ ਪੁਆਇਆ ਕਿ ਜੁਗਾਂ ਦੇ ਅੰਤਰਗਤ ਸਾਮਾਨਾਂ ਨੇ ਜੁਗਾਂ ਦੇ ਮੁੱਕਿਆਂ ਮੁੱਕ ਜਾਣਾ ਹੈ, ਨਜ਼ਰ ਪਾਓ ਕਰਤਾ ਉਤੇ, ਜਿਸ ਸਦਾ ਰਹਿਣਾ ਹੈ। ਉਸ ਦੀ ਮੇਹਰ ਤਕਾਓ ਫੇਰ ਤੁਸੀਂ ਪਰਮ ਪਦ-ਮੁਕਤੀ-ਨੂੰ ਪ੍ਰਾਪਤ ਹੋ ਜਾਓਗੇ ਤੇ ਉਸ ਅਕੱਥ ਦੀ ਮਹਿੰਮਾ ਕਰਨੀ ਤੁਹਾਡਾ ਜੀਵਨ ਹੋ ਜਾਏਗਾ।

ਅੰਕ ੪ ਵਿਚ ਅਰਦਾਸ ਦੀ ਸੂਰਤ ਵਿਚ ਕਿਹਾ ਹੈ। ਮਾਨੋਂ ਜੀਵਾਂ ਲਈ ਅਰਦਾਸ ਕੀਤੀ ਹੈ ਕਿ ਤੂੰ ਜੀਵਾਂ ਤੇ ਮੇਹਰ ਕਰ, ਅਪਣੀ ਵੱਲ ਖਿੱਚ ਤੇ ਉਹਨਾਂ ਨੂੰ ਅਪਣੇ ਸਤਿ ਸਰੂਪ ਵਿਚ ਸਮਾਈ ਬਖਸ਼।

ਅੰਕ ੫-ਨਦਰ ਤਾਂ ਹੋਈ ਸਾਈਂ ਦੇ ਵੱਸ, ਜੀਵ ਕੀਹ ਕਰਨ। ਉਸ ਲਈ ਦੱਸਦੇ ਹਨ ਕਿ ਨਾਮ ਜਪੋ। ਨਾਮ ਜਪਣਾ ਮਨ ਨੂੰ ਮੇਹਰ ਦੀ ਕਬੂਲੀਅਤ ਦੇ ਯੋਗ ਬਨਾਉਣਾ ਹੈ, ਨਾਮ ਨਾਲ ਮਨ ਦਾ Mood receptive ਬਣਦਾ ਹੈ। ਜਾਪਦਾ ਹੈ ਕਿ ਇਸ ਮਨੋਰਥ ਲਈ ਆਪ ਨੇ ਫੁਰਮਾਇਆ: 'ਨਾਮ ਲਓ'। ਅਗੋਂ ਸੁਣਨ ਵਾਲੇ ਨੇ ਕਿਹਾ: ਨਾਮ ਤਾਂ ਸਭ ਕੋਈ ਲੈਂਦਾ ਹੈ। ਇਸ ਪਰ ਉੱਤਰ ਦੇਂਦੇ ਹਨ ਕਿ ਸਭ ਕੋਈ ਗੱਲਾਂ ਬਾਤਾਂ ਵਿਚ ਨਾਮ ਲੈ ਲੈਂਦਾ ਹੈ, ਉਹ ਨਾਮ ਆਰਾਧਣ ਨਹੀਂ। ਸਹੁੰ ਖਾਣ ਵੇਲੇ, ਉਬਾਸੀ ਆਕੜ ਵੇਲੇ, ਭੁਚਾਲ ਆਦਿ ਦੇ ਭੈ ਵੇਲੇ ਲੋਕਾਂ ਦੇ ਮੂੰਹੋਂ ਨਾਮ ਤਾਂ ਨਿਕਲਦਾ ਹੈ, ਪਰ ਉਹ ਨਾਮ ਆਰਾਧਣ ਨਹੀਂ ਹੈ। ਇਸ ਤਰ੍ਹਾਂ ਨਾਮ ਲੈਣ ਵਾਲੇ ਅਪਣੇ ਜੀਵਨ ਵਿਚ ਮਨਮੁਖ ਦੇਖੇ ਜਾਂਦੇ ਹਨ। ਨਾਮ ਉਹ ਜੋ ਗੁਰਮੁਖ ਹੋਕੇ ਅਰਾਧਿਆ ਜਾਵੇ, ਉਹ ਹੈ 'ਮੇਹਰ ਪਾਤ੍ਰ' ਬਣਨਾ। ਜੋ ਨਾਮ ਮਨਮੁਖ ਲੈਂਦੇ ਹਨ ਓਹ ਨਾਮ ਲੈਂਦੇ ਬੀ ਖਾਲੀ ਰਹਿੰਦੇ ਹਨ, ਮੇਹਰ ਪਾਤ੍ਰ ਨਹੀਂ ਬਣਦੇ।

ਅੰਕ ੬ ਵਿਚ ਹੁਣ ਚੋਟੀ ਦੇ ਵੱਡੇ ਪੁਰਖ ਬ੍ਰਹਮਾ ਨੂੰ ਲੈਂਦੇ ਹਨ ਕਿ ਜੋ ਈਸ਼੍ਵਰ ਦਾ ਅੰਤ ਲੈਣ ਵਾਸਤੇ ਗਿਆ ਤਦ ਕਮਲ ਨਾਲ ਵਿਚ ਹੀ ਉਤਰਦਾ ਚੜ੍ਹਦਾ ਮਾਨੋ ਨਰਕ ਸੁਰਗ ਕਹੋ ਯਾ ਆਸ ਨਿਰਾਸਾ ਦਾ ਦੁਖ ਭੋਗਦਾ ਰਿਹਾ। ਵੇਦ ਬ੍ਰਹਮਾ ਨੂੰ ਮਿਲੇ, ਉਸ ਨੇ ਵੀਚਾਰੇ, ਪਰ ਸ੍ਰਿਸ਼ਟੀ ਤੇ ਸ੍ਰਿਸ਼ਟੇ ਦਾ ਅੰਤ ਲੈਣ ਵਿਚ ਪੈ ਗਿਆ, ਉਸ ਨੇ ਕਰਤਾਰ ਵੱਲ ਸਿੱਧਾ ਰੁਖ਼, ਤੇ ਉਸ ਦੇ ਹੁਕਮ ਦੀ ਸਿਆਣ ਵੱਲ ਮਨ ਨਾ ਜੋੜਿਆ, ਜੋ ਇਸ ਤਰੀਕੇ ਪ੍ਰਭੂ ਨੂੰ ਪ੍ਰਾਪਤ ਹੋ ਜਾਂਦਾ, ਉਹ ਅੰਤ ਲੈਣ ਵਿਚ ਰਹਿਕੇ ਔਖਾ ਹੋਇਆ।

ਅਨਤਾ ਧਨੁ ਧਰਣੀ ਧਰੇ ਅਨਤ ਨ ਚਾਹਿਆ ਜਾਇ॥
ਅਨਤ ਕਉ ਚਾਹਨ ਜੋ ਗਏ ਸੇ ਆਏ ਅਨਤ ਗਵਾਇ॥ [ਗਉੜੀ ਬੈਰਾਗਣ ਮ: ੧-੧੮]

ਅੰਕ ੭-ਹੁਣ ਅਵਤਾਰਾਂ ਨੂੰ ਲੈਂਦੇ ਹਨ ਕਿ ਲਗਪਗ ਹਰ ਜੁਗ ਵਿਚ ਜੋ ਰਾਜੇ ਯਾ ਪ੍ਰਤਾਪਸ਼ੀਲ ਵਡੇ ਪੁਰਖ ਬਣਾਏ, ਜੋ ਅਵਤਾਰ ਕਰਕੇ ਪੂਜੇ ਜਾਂਦੇ ਹਨ, ਉਹਨਾਂ ਨੇ ਬਾਵਜੂਦ ਅਵਤਾਰ ਕਹਾਉਣ ਦੇ ਅਪਣੇ ਕਰਤਾਰ ਦਾ ਅੰਤ ਨ ਪਾਇਆ। ਜਦ ਅੰਤ ਨਾ ਪਾ ਸਕੇ ਤਾਂ ਉਹ ਉਸ ਦਾ ਸਾਰਾ ਵਰਣਨ ਕੀਕੂੰ ਕਰ ਸਕਦੇ ਸਨ?

ਅੰਕ ੮ ਵਿਚ ਸਾਰੇ ਦਾ ਤੱਤ ਕਥਨ ਕਰਦੇ ਹਨ ਕਿ ਅੰਤ ਵਾਲੇ ਵਡਕਿਆਂ, ਧਰਮ ਪੁਸਤਕਾਂ, ਤੀਰਥਾਂ, ਮਾਨੁੱਖਾਂ ਆਦਿ ਨੂੰ ਅਨੰਤ ਸਮਝਣ ਦੀ ਥਾਂਵੇਂ ਅੰਤ ਲੈਣ ਦੇ ਯਤਨਾਂ ਨੂੰ ਛੱਡਕੇ ਉਸ ਸਤਜ ਸਰੂਪ ਵੱਲ ਲਗੋ, ਤੇ ਮਨ ਦਾ ਰੁਖ਼ ਕਬੂਲੀਅਤ ਵਾਲਾ ਬਣਾਓ ਤੇ ਅਰਦਾਸ ਕਰੋ ਕਿ ਹੇ ਦਾਤਾ ! ਸੁਮਤੀ ਦੇਹ ਜੋ ਮੈਂ ਜਪਾਂ ਤੇ ਤੇਰੇ ਸਤਜ ਸਰੂਪ ਵਿਚ ਸਮਾ ਜਾਵਾਂ। ਸਚ ਵਿਚ ਸਮਾ ਜਾਣ ਲਈ, 'ਨਾਮਿ' ਕਿਹਾ; ਕਿ ਨਾਮ ਦਾ ਪ੍ਰਯੋਜਨ ਅੰਤ ਲੈਣਾ ਨਹੀਂ ਪਰ 'ਸਚ ਵਿਚ ਸਮਾਈ' ਹੈ, ਇਸ ਲਈ ਅਰਦਾਸ ਇਹ ਹੈ ਕਿ ਸੁਮਤੀ ਦੇਹ, ਨਾਮ ਦੇਹ, ਤੇ ਅਪਣੇ ਸਤਜ ਸਰੂਪ ਦੀ ਲੱਖਤਾ ਤੇ ਉਸ ਵਿਚ ਸਮਾਈ ਦੇਹ। ਇਕ ਪਦ 'ਸਹਜੇ' ਵਰਤਿਆ, ਇਹ ਜਨਾਉਣ ਲਈ ਕਿ ਇਹ ਤ੍ਰੀਕਾ 'ਸਹਜ' ਦਾ ਹੈ ਜੋ ਸੁਖੱਲੇ ਹੀ ਪਰਮ ਪਦ ਤੇ ਲੈ ਜਾਂਦਾ ਹੈ। ਕ੍ਰਿਤ ਤੋਂ ਨਜ਼ਰ ਚਾਕੇ ਕਰਤੇ ਤੇ ਲਾਕੇ ਸਿਮਰਨ ਕਰਦੇ ਹੋਏ ਪਜਾਰ ਤੇ ਭਗਤੀ ਭਾਵਾਂ ਦੇ ਉਦੈ ਹੋਣ ਨਾਲ ਕਬੂਲੀਅਤ ਦਾ ਰਾਹੀ ਹੋ ਜਾਵੇ ਤੇ ਮਿਹਰ ਤੇ ਤਕੀਏ ਰੱਖਕੇ ਅਰਦਾਸ ਵਿਚ ਰਿਹਾ ਜਾਵੇ। ਦਾਤ ਦੇਣੀ ਦਾਤੇ ਦੇ ਵੱਸ ਹੈ, ਤੇ ਮਿਹਰ ਦੇ ਬਿਰਦ ਵਾਲਾ ਦੇ ਦੇਂਦਾ ਹੈ। ਇਹ ਸਹਜ ਮਾਰਗ

ਹੈ, ਸਿੱਧਾ ਹੈ, ਸੁਖੱਲਾ ਹੈ, ਸੁਭਾਵਕ ਹੈ ਤੇ ਸੁਤੇ ਸਿਧ ਹੈ।

ਨਿਰੁਕ–ਸਾਸਤੁ [ਦੇਖੋ ਪੰਨਾ ੧੬੮੦] ਫਿਲਸਫੇ ਦੇ ਛੇ ਸ਼ਾਸਤ੍ਰ ਪ੍ਰਸਿੱਧ ਹਨ, ਪਰ ਮਾਧਵਾਚਾਰਯ ਜੀ ਨੇ ਸਰਵ ਦਰਸ਼ਨ ਸੰਗ੍ਰਹਿ ਵਿਚ ੧੬ ਬੀ ਵਰਣਨ ਕੀਤੇ ਹਨ।

ਬੇਦੁ– [ਸੰਸ:, ਵੇਦ:] ਵੇਦ ਚਾਰ ਹਨ। ਰਿਗ, ਸਾਮ, ਯਜੁਰ, ਅਥਰਵਨ।

ਸਿੰਮ੍ਰਿਤਿ– [ਦੇਖੋ 'ਸਿੰਮ੍ਰਿਤੀ' ਪੰਨਾ ੧੬੫੯] ਏਹ ੨੭ ਹਨ।

ਸਰੁ– [ਸੰਸ:, ਸਰਂ] ਸਰੋਵਰ, ਸਮੁੰਦ੍ਰ। ਇਸ ਪਦ ਦੀ ਵਿਸ਼ੇਸ਼ ਵਿਵੇਚਨਾ ਵਜਾਖਜਾ ਵਿਚ ਆ ਚੁਕੀ ਹੈ।

ਸੁਰਸਰੀ– [ਸੰਸ:, ਸੁਰਸਰਿਤ੍] ਗੰਗਾ। ਗੰਗਾ ਕਹਿਣ ਤੋਂ ਭਾਵ 'ਸਾਰੇ ਤੀਰਥ' ਮੁਰਾਦ ਹੈ।

ਚਰਣ– [ਸੰਸ:, ਚਰਣ:] ਪੈਰ। 'ਵਾਹਿਗੁਰੂ ਜੀ ਦੇ ਚਰਣ' ਮੁਰਾਦ ਹੈ। ਜਿਸ ਨੂੰ 'ਸਰਬ ਵਿਡਾਣੀ' ਕਿਹਾ ਹੈ ਤੇ ਅਗੇ ਜਾਕੇ ਸਚ ਕਿਹਾ ਹੈ ਉਸ ਦੇ ਚਰਣਾਂ ਤੋਂ ਹੀ ਮੁਰਾਦ ਹੈ। ਇਸ 'ਚਰਣ' ਤੇ 'ਸੁਰਸਰੀ' ਦਾ ਉਸ ਪੌਰਾਣਕ ਪ੍ਰਸੰਗ ਨਾਲ ਕੋਈ ਸਨਬੰਧ ਨਹੀਂ, ਜਿਸ ਵਿਚ ਕਿਹਾ ਗਿਆ ਹੈ ਕਿ ਗੰਗਾ 'ਵਾਮਨ' ਭਗਵਾਨ ਦੇ ਪੈਰਾਂ ਦਾ ਜਲ ਹੈ ਜੋ ਬ੍ਰਹਮਾਂ ਨੇ ਧੋਕੇ ਕਰਮੰਡਲ ਵਿਚ ਪਾ ਲਿਆ ਸੀ, ਜੋ ਭਗੀਰਥ ਦੇ ਬਿਨੈ ਕਰਨ ਤੇ ਧਰਤੀ ਵਲ ਸੁੱਟਿਆ ਗਿਆ ਤੇ ਜੋ ਸ਼ਿਵ ਦੀਆਂ ਜਟਾਂ ਵਿਚ ਡਿਗਕੇ ਧਰਤੀ ਤੇ ਨਦੀ ਬਣਕੇ ਵਹਿ ਟੁਰਿਆ। ਇਸ ਤਰ੍ਹਾਂ ਦੀਆਂ ਹੋਰ ਕਈ ਵਾਰਤਾ ਇਸ ਪ੍ਰਕਾਰ ਦੀਆਂ ਪੁਸਤਕਾਂ ਵਿਚ ਮਿਲਦੀਆਂ ਹਨ। ਜੇ ਉਪਰਲਾ ਪ੍ਰਸੰਗ ਲਈਏ ਤਾਂ ਪਦ 'ਸਮਾਣੀ' ਉਸ ਦਾ ਬਾਧਕ ਹੈ, ਕਿਉਂਕਿ ਵਾਮਨ ਦੇ ਪੈਰ ਤਾਂ ਉਸ ਦੇ ਜਨਮ ਦਾ ਪਹਿਲਾ ਕਾਰਣ ਹੋਏ ਤੇ ਸਮਾਣੀ ਦਾ ਸ਼ਬਦ ਗੰਗਾ ਦੇ ਸੋਮੇ ਦਾ ਲਖਾਯਕ ਨਹੀਂ ਪਰ ਮੁਹਾਨੇ ਦਾ ਹੈ, ਜਿਥੇ ਗੰਗਾ ਸਮੁੰਦਰ ਵਿਚ ਜਾਕੇ ਸਮਾ ਜਾਂਦੀ ਹੈ।

ਸਾਖਾ ਤੀਨਿ– [ਸੰਸ:, ਸ਼ਾਖਾ (ਟਾਹਣੀ, ਡਾਲੀ)+ਤ੍ਰਿ (ਤਿੰਨ=੩)] ਤਿੰਨ ਟਾਹਣੀਆਂ। ਮੁਰਾਦ ਹੈ ਤ੍ਰੈ ਗੁਣਾਂ ਤੋਂ ਜੋ ਬ੍ਰਹਮ ਤੋਂ ਟੁਰਦੀਆਂ ਮਾਨੋ ਸਾਖਾ ਹਨ। ਗੁਰਬਾਣੀ ਵਿਚ ਹੋਰਥੇ ਇਸ ਤਰ੍ਹਾਂ ਆਇਆ ਹੈ। ਯਥਾ:-

'ਸਾਖਾ ਤੀਨਿ ਨਿਵਾਰੀਆ ਏਕ ਸਬਦਿ ਲਿਵ ਲਾਇ॥

[ਸਿਰੀ ਰਾਗੁ ਮਹਲਾ ੩, ਅਸਟਪਦੀ-੨੦]

(ਅ) ਇਹ ਪਦ ਗੁਰਬਾਣੀ ਵਿਚ 'ਤ੍ਰਿ ਹੁਰੀ' ਵੰਡ ਦੇ ਅਰਥਾਂ ਵਿਚ ਬੀ ਆਯਾ ਹੈ, ਯਥਾ:-

ਸਾਖਾ ਤੀਨਿ ਕਹੈ ਨਿਤ ਬੇਦੁ॥ [ਆਸਾ ਮਹਲਾ ੧,-੧੨]

ਉਹ ਇਉਂ ਹਨ:- ੧. ਕਰਮ, ਉਪਾਸਨਾ, ਗਿਆਨ।

੨. ਤ੍ਰਿ ਮੂਰਤੀ, [ਸੰਸ:,ਤ੍ਰਿਮੂਰ੍ਤਿ:] ਬ੍ਰਹਮਾ, ਵਿਸ਼ਨੁ, ਸ਼ਿਵ ਤਿੰਨਾਂ ਦੀ ਇਕੱਠੀ ਮੂਰਤ।

੩. ਤ੍ਰੈ ਗੁਣ:ਰਜ, ਸਤ, ਤਮ, ਆਦਿ। ਪਰ ਇਸ ਤੁਕ ਵਿਚ ਭਾਵ ਤ੍ਰੈ ਗੁਣਾਂ ਤੋਂ ਹੈ। ਅੰਕ ੩ ਵਿਚ ਤ੍ਰੈ ਗੁਣ ਆਪ ਗਿਣੇ ਹਨ। ਮੂਲੁ–ਮੁੱਢ।

ਸਾਖਾ ਤੀਨਿ ਮੂਲੁ–ਤ੍ਰੈ ਗੁਣ ਮੂਲਕ ਜੋ ਹੈ।

ਮਤਿ–ਮਤਿਵਾਨ ਤੋਂ ਭਾਵ ਹੈ। ਬੁਧੀਮਾਨ ਲੋਕ।

ਰਾਵੈ– [ਸੰਸ:, ਦੇਖੋ 'ਰਵਨ' ਪੰ: ੧੭੯੪] ਕਹਿੰਦੇ ਹਨ।

ਸਰਬ ਵਿਡਾਣੀ–ਸਭਨਾਂ ਤੋਂ ਵਿਡਾਣੀ। ਵਿਡਾਣੀ–ਅਸਚਰਜ ਰੂਪ। ਯਥਾ:-

ਵੇਖਿ ਵਿਡਾਣੁ ਰਹਿਆ ਵਿਸਮਾਦੁ॥ [ਵਾਰ ਆਸਾ ਮਹਲਾ ੧-੩]

ਵਾਹਿਗੁਰੂ ਨੂੰ ਗੁਰਬਾਣੀ ਵਿਚ 'ਅਸ੍ਰਰਜ ਰੂਪੰ ' ਲਿਖਿਆ ਹੈ।

ਬੋਲੈ ਅੰਮ੍ਰਿਤ ਬਾਣੀ–ਅੰਮ੍ਰਿਤ ਵਰਗੀ ਮਿੱਠੀ ਬਾਣੀ। ਭਾਵ ਹੈ ਰਸਮਯ ਹਰੀ ਕੀਰਤਨ। ਹਰੀ ਯਸ਼। ਤੇਤੀਸ ਕਰੋੜੀ ਦਾਸ–ਤੋਂ ਮੁਰਾਦ ਤੇਤੀ ਕ੍ਰੋੜ ਦੇਵਤੇ ਹੈ।

ਪ੍ਰਾਣ ਆਧਾਰੀ-ਜੋ ਪ੍ਰਾਣਾਯਾਮ ਦੇ ਆਸਰੇ ਹਨ ਤੇ ਜੋ ਪ੍ਰਾਣਾਯਾਮ ਨਾਲ ਰਿਧੀਆਂ ਸਿਧੀਆਂ ਦਾ ਆਸਰਾ ਕਰਦੇ ਹਨ। ਵਿਸ਼ੇਸ਼ ਵੀਚਾਰ ਵਜਾਖਜਾ ਵਿਚ ਆ ਚੁੱਕੀ ਹੈ।

ਤੀਨਿ ਗੁਣਾ-ਤਿੰਨ ਗੁਣ: ਤਮ, ਰਜ, ਸਤ। ਹੁਣ ਫੇਰ ਪਿੱਛੇ ਕਹੇ ਨੂੰ ਸਮੁੱਚੇ ਤੌਰ ਤੇ ਤ੍ਰੈਗੁਣਾਤਮਿਕ ਆਖਦੇ ਹਨ। ਇਸ ਅੰਕ ਵਿਚ ਤਿੰਨ ਗੁਣਾਂ ਵਾਲੀ ਪ੍ਰਸੰਖਜਾ ਮੁਕਾ ਦੇਂਦੇ ਹਨ, ਅਗਲੇ ਅੰਕ ਵਿਚ ਸਭ ਦਾ ਕਰਤਾ ਕਰਤਾਰ ਦਾ ਜ਼ਿਕਰ ਲੈਂਦੇ ਹਨ।

ਜੁਗ- [ਦੇਖੋ ਪੰਨਾ ੧੬੦੭] ਸਮੇ ਦਾ ਹਿੱਸਾ। ਹਿੱਸੇ ਚਾਰ ਕਹਿੰਦੇ ਹਨ। ਸਤ, ਤ੍ਰੇਤਾ, ਦੁਆਪਰ, ਕਲਿਜੁਗ ਓਦੋਂ ਸ਼ੁਰੂ ਹੋਏ ਜਦੋਂ ਕਾਲ ਰਚ ਦਿਤਾ ਗਿਆ ਸੀ। ਸੋ ਕਾਲ ਨਾਲ ਦੇਸ਼ ਉਪਲਖਤ ਹੈ, ਕਿਉਂਕਿ ਤ੍ਰੈ ਗੁਣੀ ਰਚਨਾ ਦੇਸ਼ ਨਾਲ ਨਮਿਤ ਯਾ ਦੇਸ਼ਕਾਲ ਵਸਤੂ ਵਿਚ ਰਚੀ ਗਈ ਸੀ। ਜੁਗ ਦੇ ਨਾਲ 'ਖਾਣੀ' ਕਹਿਕੇ ਸਾਰੀ ਰਚਨਾ ਆ ਗਈ ਸੋ ਜੁਗਅੰਤਰਿ ਦਾ ਭਾਵ ਹੈ ਕਾਲ ਤੇ ਦੇਸ਼।

(ਅ) ਐਉਂ ਬੀ ਕਰਦੇ ਹਨ:-ਤਿੰਨ ਗੁਣ, ਚਾਰੇ ਖਾਣੀਆਂ, (ਚਾਰੇ) ਜੁਗ, ਤੇਰੇ ਅੰਦਰੋਂ ਹੀ (ਉਪਜੇ ਹਨ)। ਇਸ ਨਾਲ ਬੀ ਏਹ ਤ੍ਰੈਏ ਕ੍ਰਿਤ ਹੋਏ ਤੇ ਕ੍ਰਿਤ ਸਾਰੀ ਦੇਸ਼ਕਾਲ ਦੇ ਅੰਤਰਗਤਿ ਹੈ।

ਖਾਣੀ-ਖਾਣੀਆਂ। ਜੋ ੪ ਹਨ। ਜੀਵਧਾਰੀ ਸ੍ਰਿਸ਼ਟੀ ਸਿਆਣਿਆਂ ਨੇ ਚਾਰ ਦੀ ਵੰਡ ਵਿਚ ਦੱਸੀ ਹੈ। ਅੰਡਜ=ਜਿਵੇਂ ਪੰਛੀ, ਸਪ ਆਦਿ। ਜੇਰਜ=ਜਿਵੇਂ ਮਾਨੁਖ, ਗਊ ਆਦਿ। ਉਤਭੁਜ=ਬਨਸਪਤੀ। ਸੇਤਜ=ਜਿਵੇਂ ਜਰਮ. ਆਦਿ। ਸੇਤਜ ਦਾ ਅਰਥ 'ਸ੍ਵੇਤ+ਜ' ਕਰਦੇ ਹਨ ਕਿ ਜੋ ਪਸੀਨੇ ਤੋਂ ਉਪਜਣ। ਜਿਵੇਂ ਜੂੰਆਂ ਪਰ ਪਦ ਹੈ ਸੇਤਜ=ਸ੍ਵੈ+ਤਜ। ਜੋ ਆਪਣੇ ਆਪ ਨੂੰ ਛੱਡ ਛੱਡਕੇ ਯਾ ਵੰਡ ਵੰਡ ਕੇ ਵਧਦੇ ਹਨ। ਜਿਵੇਂ ਅਤਿ ਨੀਵੇਂ ਜਰਮ ਯਾ ਰੋਗਾਂ ਦੇ ਅਵੈਵ ਜੇਹੇ, ਜੋ ਜਾਨਦਾਰ ਹੁੰਦੇ ਹਨ, ਏਹ ਆਪਣਾ ਵਾਧਾ ਆਪਣੇ ਵਿਚੋਂ ਆਪਣੇ ਹਿੱਸੇ ਜੁਦਾ ਕਰ ਕਰਕੇ ਕਰਦੇ ਹਨ, ਤੇ ਬੜੀ ਜਲਦੀ ਲੱਖਾਂ ਦੀ ਗੇਣਤੀ ਵਿਚ ਵਧ ਜਾਂਦੇ ਹਨ। ਏਹ ਅਰਥ ਇਕ ਵਿਦਵਾਨ ਨੇ ਸਾਡੇ ਨਾਲ ਜ਼ਿਕਰ ਕੀਤੇ ਹਨ, ਵਜੁਤਪੱਤੀ ਇਹ ਕੀਤੀ ਹੈ:-ਸੇ=ਸ੍ਵੈ=ਆਪਣੇ ਆਪ ਨੂੰ+ਤਜ=ਜੁਦਾ ਕਰ ਕਰਕੇ (ਜੋ ਵਧਣ)।

ਕਰਮੁ- [ਅ:, ਕਰਮ] ਮੇਹਰ। ਪਰਮ ਪਦੁ-ਸਭ ਤੋਂ ਉੱਚ ਪਦਵੀ। ਮੁਕਤੀ। ਵਾਹਿਗੁਰੂ ਨਾਲ ਮਿਲਾਪ।

ਪਰਾਣੀ- [ਸੰਸ:, ਪ੍ਰਾਣੀ=ਪ੍ਰਾਣ ਧਾਰਨ ਕਰਨ ਵਾਲਾ] ਜਾਨਦਾਰ। ਮਾਨੁਖ।

ਆਵਣ ਜਾਣੀ-ਆਉਣ ਜਾਣ ਵਾਲੀ। ਜਨਮ ਮਰਨ ਵਾਲੀ ਸ੍ਰਿਸ਼ਟੀ।

ਇਆਣੀ-ਬਾਲ ਵਾਂਙੂ ਬੇਸਮਝ। ਮੂਰਖ।

ਬਪੁੜਾ- [ਹਿੰ:, ਬਪੁਰਾ] ਵਿਚਾਰਾ।

ਰਾਜੇ- [ਸੰਸ:, ਰਾਜਾ=ਪ੍ਰਤਾਪ ਵਾਲਾ] ਪ੍ਰਤਾਪ ਵਾਲਾ। ਰਾਜ ਕਰਨ ਵਾਲਾ। ਮੁਰਾਦ ਰਾਜਾ ਅਵਤਾਰਾਂ ਤੋਂ ਹੈ। ਸ੍ਰੀ ਰਾਮ ਜੀ ਨੂੰ ਰਾਜਾ ਰਾਮ ਬੀ ਕਿਹਾ ਜਾਂਦਾ ਹੈ। ਅਧਿਸ਼ਠਾਤਾ।

ਦੇਹਿਤ-ਜੇ ਦੇਵੇ ਤਾਂ। ਇਸ ਦੇ ਕਰਤਾ ਕਾਰਕ ਦਾ ਅਧਜਾਹਾਰ ਸ਼ੁਭ ਮਤੀ ਕੀਤਾ ਜਾਂਦਾ ਹੈ। ਨਾਮ ਬੀ ਕਰ ਲਈਦਾ ਹੈ। 'ਜੇ ਸਚ ਦੇਵੇ' ਬੀ ਕਰ ਲੈਂਦੇ ਹਨ।

ਨਾਮਿ-ਨਾਮਿ ਦੁਆਰਾ। (ਅ) ਪਰ 'ਨਾਮੀ ਵਿਚ' ਬੀ ਕਰਦੇ ਹਨ।

[ਆਸਾ ਮਹਲਾ ੩, ਅਸਟਪਦੀ-੨੪]

ਪ੍ਰਾਕ੍ਥਨ-ਪਿਛਲੀ ਅਸਟਪਦੀ ਵਿਚ ਪਰਮ ਪਦ ਦੀ ਪ੍ਰਾਪਤੀ ਦਾ ਸਾਧਨ ਨਾਮ ਦੱਸਿਆ, ਹੁਣ ਨਾਮ ਦੇ ਦਾਤੇ ਤੇ ਅੰਤ ਵਿਚ ਨਾਮ ਦੀ ਮਹਿੰਮਾ ਦਾ ਕਥਨ ਹੈ।

ਮੂਲ	ਅਰਥ
ਆਸਾ ਮਹਲਾ ੩ ॥	
ਸਤਿਗੁਰ ਹਮਰਾ ਭਰਮੁ ਗਵਾਇਆ॥ ਹਰਿ ਨਾਮੁ ਨਿਰੰਜਨੁ ਮੰਨਿ ਵਸਾਇਆ ॥ ਸਬਦੁ ਚੀਨਿ ਸਦਾ ਸੁਖੁ ਪਾਇਆ ॥੧॥	ਸਤਿਗੁਰ ਨੇ ਸਾਡਾ ਭਰਮ ਦੂਰ ਕਰ ਦਿੱਤਾ ਹੈ*। [ਕੀਕੂੰ? ਉੱਤਰ: ਪਹਿਲੋਂ] ਹਰੀ ਦਾ ਨਾਮ (ਤੇ ਫੇਰ) ਮਾਯਾ ਤੋਂ ਰਹਿਤ (ਹਰੀ ਮੇਰੇ) ਮਨ ਵਿਚ ਵਸਾ ਦਿੱਤਾ। (ਸੋ ਗੁਰੂ) ਸ਼ਬਦ ਨੂੰ ਪਛਾਣਕੇ (ਅਸਾਂ) ਸਦੈਵੀ ਸੁਖ ਪਾਇਆ ਹੈ ॥ ੧॥
ਸੁਣਿ ਮਨ ਮੇਰੇ ਤਤੁ ਗਿਆਨੁ ॥ ਦੇਵਣ ਵਾਲਾ ਸਭ ਬਿਧਿ ਜਾਣੈ ਗੁਰਮੁਖਿ ਪਾਈਐ ਨਾਮੁ ਨਿਧਾਨੁ ॥੧॥ ਰਹਾਉ ॥	ਹੇ ਮੇਰੇ ਮਨ ! ਤਤ ਗਿਆਨ (ਦੀ ਗੱਲ) ਸੁਣ ! ਨਾਮ (ਰੂਪੀ) ਖ਼ਜ਼ਾਨਾ ਗੁਰੂ ਦੁਆਰਾ ਪਾਈਦਾ ਹੈ। [ਪ੍ਰਸ਼ਨ: ਉਸ ਦੀ ਕੋਈ ਵਿਧੀ? ਉੱਤਰ:] (ਨਾਮ) ਦੇਣ ਵਾਲਾ ਸਾਰੀਆਂ ਵਿਧੀਆਂ (ਆਪੇ) ਜਾਣਦਾ ਹੈ॥ ੧॥ ਰਹਾਉ॥
ਸਤਿਗੁਰ ਭੇਟੇ ਕੀ ਵਡਿਆਈ ॥ ਜਿਨਿ ਮਮਤਾ ਅਗਨਿ ਤ੍ਰਿਸਨਾ ਬੁਝਾਈ ॥ ਸਹਜੇ ਮਾਤਾ ਹਰਿ ਗੁਣ ਗਾਈ ॥੨॥	ਸਤਿਗੁਰ ਨੂੰ ਮਿਲਣੇ ਦੀ ਵਡਿਆਈ (ਦੇਖ ਕਿ) ਜਿਸ ਨੇ (ਮੇਰੀ) ਮਮਤਾ ਤੇ ਤ੍ਰਿਸ਼ਨਾ ਦੀ ਅੱਗ ਬੁਝਾ ਦਿੱਤੀ (ਤੇ ਹੁਣ ਮੈਂ) ਸਹਜ (ਰੰਗ) ਵਿਚ ਮੱਤਾ ਹੋਇਆ ਹਰੀ ਦੇ ਗੁਣ ਗਾ ਰਿਹਾ ਹਾਂ॥ ੨॥
ਵਿਣੁ ਗੁਰ ਪੂਰੇ ਕੋਇ ਨ ਜਾਣੀ ॥ ਮਾਇਆ ਮੋਹਿ ਦੂਜੈ ਲੋਭਾਣੀ ॥ ਗੁਰਮੁਖਿ ਨਾਮੁ ਮਿਲੈ ਹਰਿ ਬਾਣੀ ॥੩॥	(ਇਸ ਬਿਧੀ ਨੂੰ) ਪੂਰੇ ਸਤਿਗੁਰੂ ਤੋਂ ਬਿਨਾਂ ਕੋਈ ਨਹੀਂ ਜਾਣਦਾ, (ਕਿਉਂਕਿ ਸਾਰੀ ਸ੍ਰਿਸ਼ਟੀ) ਮਾਇਆ ਦੇ ਮੋਹ ਕਰਕੇ (ਹਰੀ ਤੋਂ ਅਤ੍ਰਿਕਤ ਜੋ) ਦੂਜਾ (ਜਗਤ ਹੈ, ਉਸ ਵਿਚ) ਲੁਭਾਈ ਹੋਈ ਹੈ। ਗੁਰੂ ਦੁਆਰਾ ਹੀ (ਹਰੀ) ਨਾਮ ਤੇ ਹਰੀ (ਦੀ ਗੁਣ ਗਾਇਕ) ਬਾਣੀ ਪ੍ਰਾਪਤ ਹੁੰਦੀ ਹੈ (ਭਾਵ ਨਾਮ ਤੇ ਸਿਫਤ ਸਲਾਹ ਪ੍ਰਾਪਤ ਹੁੰਦੀ ਹੈ)॥ ੩॥
ਗੁਰ ਸੇਵਾ ਤਪਾਂ ਸਿਰਿ ਤਪੁ ਸਾਰੁ ॥ ਹਰਿ ਜੀਉ ਮਨਿ ਵਸੈ ਸਭ ਦੂਖ ਵਿਸਾਰਣਹਾਰੁ ॥ ਦਰਿ ਸਾਚੈ ਦੀਸੈ ਸਚਿਆਰੁ ॥੪॥	[ਜੇ ਕਹੋ: ਇਸ ਤਰ੍ਹਾਂ ਤਪ ਕੋਈ ਨਾ ਹੋਇਆ ਤੇ ਤਪ ਕਰਨਾ ਚਾਹੀਦਾ ਹੈ ਤਾਂ ਫੁਰਮਾਉਂਦੇ ਹਨ:] ਗੁਰੂ ਦੀ ਸੇਵਾ (ਸਾਰੇ) ਤਪਾਂ ਦਾ ਸ਼ਿਰੋਮਣੀ ਤਪ ਹੈ (ਤੇ) ਸਫਲ (ਤਪ) ਹੈ, (ਕਿਉਂਕਿ ਇਸ ਨਾਲ) ਵਾਹਿਗੁਰੂ ਮਨ ਵਿਚ ਵੱਸ ਜਾਂਦਾ ਹੈ (ਜੋ ਮਨ ਵਸਿਆ) ਸਾਰੇ ਦੁੱਖਾਂ ਨੂੰ ਦੂਰ ਕਰਨੇ ਵਾਲਾ ਹੈ। (ਫਿਰ ਇਨਸਾਨ) ਸੱਚੀ ਦਰਗਾਹ ਵਿਚ (ਜਾਕੇ) ਸਚਿਆਰ ਨਜ਼ਰ ਆਉਂਦਾ ਹੈ ॥ ੪॥
ਗੁਰ ਸੇਵਾ ਤੇ ਤ੍ਰਿਭਵਣ ਸੋਝੀ ਹੋਇ ॥ ਆਪੁ ਪਛਾਣਿ ਹਰਿ ਪਾਵੈ ਸੋਇ ॥ ਸਾਚੀ ਬਾਣੀ ਮਹਲੁ ਪਰਾਪਤਿ ਹੋਇ ॥੫॥	(ਜੀਉਂਦੇ ਜੀ ਗੁਰ ਸੇਵਕ ਨੂੰ) ਗੁਰ ਸੇਵਾ ਨਾਲ ਤ੍ਰੈ ਲੋਕੀ ਦੀ ਸੋਝੀ ਹੋ ਜਾਂਦੀ ਹੈ, ਆਪਣੇ ਸਰੂਪ ਨੂੰ ਪਛਾਣਕੇ (ਫੇਰ) ਉਹ ਹਰੀ ਨੂੰ ਪਾ ਲੈਂਦਾ ਹੈ, (ਗੁਰੂ ਦੀ) ਸੱਚੀ ਬਾਣੀ ਦੁਆਰਾ ਇਹ ਮੁਕਤ-ਪਦਵੀ ਪ੍ਰਾਪਤ ਹੁੰਦੀ ਹੈ॥ ੫॥
ਗੁਰ ਸੇਵਾ ਤੇ ਸਭ ਕੁਲ ਉਧਾਰੇ ॥	(ਨਾ ਕੇਵਲ ਆਪ ਨੂੰ ਸਗੋਂ) ਗੁਰੂ ਦੀ ਸੇਵਾ ਦੁਆਰਾ ਹਿਰਦੇ

*ਸੰਸੇ ਭਰਮ ਆਦਿ ਵਿਚ ਗਜਾਨ ਯਥਾਰਥ ਨਹੀਂ ਹੁੰਦਾ, ਇਨ੍ਹਾਂ ਹੁੰਦਾ, ਇਨ੍ਹਾਂ ਦੇ ਦੂਰ ਹੋਇਆਂ ਯਥਾਰਥ ਗਿਆਨ ਹੋ ਜਾਂਦਾ ਹੈ।

ਨਿਰਮਲ ਨਾਮੁ ਰਖੈ ਉਰਿ ਧਾਰੇ ॥ ਸਾਚੀ ਸੋਭਾ ਸਾਚਿ ਦੁਆਰੇ ॥੬॥	ਵਿਚ ਨਿਰਮਲ ਨਾਮ ਧਾਰਨ ਕਰੀ ਰਖਦਾ ਹੈ, (ਤੇ ਉਸ ਨਾਮ ਧਾਰਨਾ ਦੁਆਰਾ) ਸਾਰੀ ਕੁਲ ਨੂੰ ਤਾਰ ਲੈਂਦਾ ਹੈ (ਤਰਨ ਤਾਰਨ ਕਰਕੇ ਹਰੀ ਦੇ) ਸੱਚੇ ਦੁਆਰੇ (ਉਸਦੀ) ਸੱਚੀ ਸ਼ੋਭਾ ਹੁੰਦੀ ਹੈ॥ ੬॥
ਸੇ ਵਡਭਾਗੀ ਜਿ ਗੁਰਿ ਸੇਵਾ ਲਾਏ ॥ ਅਨਦਿਨੁ ਭਗਤਿ ਸਚੁ ਨਾਮੁ ਦ੍ਰਿੜਾਏ॥ਨਾਮੇ ਉਧਰੇ ਕੁਲ ਸਬਾਏ ॥੭॥	ਓਹ ਵਡੇ ਭਾਗਾਂ ਵਾਲੇ ਹਨ ਜੋ ਗੁਰੂ ਨੇ ਸੇਵਾ ਵਿਚ ਲਾ ਲਏ ਹਨ, (ਉਨ੍ਹਾਂ ਨੂੰ ਗੁਰੂ) ਹਰ ਰੋਜ਼ (ਸੱਚੀ) ਭਗਤੀ (ਤੇ ਉਸ ਦਾ ਵਸੀਲਾ) ਸੱਚਾ ਨਾਮ ਦ੍ਰਿੜ ਕਰਾਉਂਦਾ ਹੈ, (ਇਸ) ਨਾਮ ਨਾਲ ਹੀ (ਅਗੋਂ) ਸਾਰੇ ਕੁਲ ਤਰ ਜਾਂਦੇ ਹਨ ॥ ੭॥
ਨਾਨਕੁ ਸਾਚੁ ਕਹੈ ਵੀਚਾਰੁ ॥ ਹਰਿ ਕਾ ਨਾਮੁ ਰਖਹੁ ਉਰਿ ਧਾਰਿ ॥ ਹਰਿ ਭਗਤੀ ਰਾਤੇ ਮੋਖ ਦੁਆਰੁ ॥੮॥੨॥੨੪॥	ਨਾਨਕ ਸੱਚਾ ਵੀਚਾਰ ਆਖਦਾ ਹੈ, ਪਰਮੇਸ਼ੁਰ ਦਾ ਨਾਮ ਹਿਰਦੇ ਵਿਚ ਧਾਰਨ ਕਰੀ ਰਖੋ, ਹਰੀ ਦੀ ਭਗਤੀ ਵਿਚ ਰਚੇ ਰਿਹਾਂ ਮੁਕਤੀ ਦਾ ਦੁਆਰਾ (ਲੱਭਦਾ) ਹੈ॥ ੮॥ ੨॥ ੨੪॥

ਵਜਾਖਜਾ-ਸਾਰੇ ਸ਼ਬਦ ਵਿਚ ਗੁਰੂ ਦੀ ਮਹਿਮਾ ਹੈ। ਸ੍ਰੀ ਗੁਰੂ ਅਮਰਦਾਸ ਜੀ ਅਪਣੇ ਦੈਵੀ ਗੁਰੂ-ਸ੍ਰੀ ਗੁਰੂ ਅੰਗਦ ਦੇਵ ਜੀ-ਤੋਂ ਉਠਾਏ ਲਾਭਾਂ ਦਾ ਨਿਜ ਦਾ ਤਜਰਬਾ ਫੁਰਮਾ ਰਹੇ ਹਨ।

੧. ਗੁਰੂ ਨੇ ਭਰਮ ਦੂਰ ਕਰ ਦਿਤਾ, ਵਾਹਿਗੁਰੂ ਨੂੰ ਸਤਜ ਤੇ ਜਗਤ ਨੂੰ ਅਸੱਤਜ (ਨਾ ਰਹਿਣੇ ਵਾਲਾ) ਲਖਾ ਦਿੱਤਾ। ਹਰਿਨਾਮ ਦੇਕੇ ਵਾਹਿਗੁਰੂ ਨਾਲ ਸੰਬੰਧਤ ਕਰ ਦਿਤਾ। ਇਸ ਨਾਮ ਅਭਜਾਸ ਨਾਲ ਮਮਤਾ, ਤ੍ਰਿਸ਼ਨਾ ਘਟਣ ਲਗ ਗਈ ਤੇ ਪਰਮੇਸ਼ੁਰ ਨਾਲ ਭਗਤੀ ਯਾ ਪਜਾਰ ਵਧਣ ਲਗ ਪਿਆ। ਇਥੋਂ ਤਾਈਂ ਕਿ ਸਹਿਜ ਅਵਸਥਾ ਪ੍ਰਾਪਤ ਹੋ ਗਈ। ਫੇਰ ਦੂਸਰਿਆਂ ਨੂੰ, ਕੁਲ ਦੇ ਬੰਦਿਆਂ ਨੂੰ, ਸਾਈਂ ਵਿਚ ਲਾਉਣ ਦਾ ਉੱਦਮ ਹੋ ਆਇਆ। ਹਰ ਗਲ ਦਾ ਯਥਾਰਥ ਸਮਝ ਆ ਜਾਣ ਕਰਕੇ ਇਹ ਤਾਰਨ ਦਾ ਕੰਮ ਸੁਖੱਲਾ ਹੋਣ ਲਗ ਪਿਆ। ਮੁਕਤੀ ਲਈ ਤਪ ਜ਼ਰੂਰੀ ਹੈ, ਇਹ ਖਿਆਲ ਹਠ ਯੋਗੀਆਂ ਤੇ ਕਰਮ ਸਾਧਨਾ ਵਾਲਿਆਂ ਦੇ ਆਮ ਪ੍ਰਵਿਰਤ ਹਨ। ਗੁਰੂ ਸਾਹਿਬ ਦੱਸਦੇ ਹਨ ਕਿ ਗੁਰੂ ਦੀ ਸੇਵਾ ਤਪ ਹੈ। ਤਪ ਕਠਨ ਵਸਤੂ ਹੈ, ਚੌਥੇ ਗੁਰੂ ਜੀ ਫੁਰਮਾਉਂਦੇ ਹਨ।

'ਗੁਰ ਪੀਰਾਂ ਕੀ ਚਾਕਰੀ ਮਹਾਂ ਕਰੜੀ ਸੁਖ ਸਾਰ॥' [ਵਾਰਾਂ ਤੇ ਵਧੀਕ ਸਲੋਕ ਮ:੪-੧੬]

ਇਸ ਤਪ ਨੂੰ ਸਾਰ ਕਿਹਾ ਕਿ ਇਸ ਨਾਲ ਵਾਹਿਗੁਰੂ ਦੀ ਪ੍ਰਾਪਤੀ ਦੀ ਸਫਲਤਾ ਹਥ ਆਉਂਦੀ ਹੈ, ਉਹਨਾਂ ਤਪਾਂ ਨਾਲ ਥਕਾਨ, ਗੁੱਸਾ ਆਦਿ ਪੱਲੇ ਪੈਂਦੇ ਹਨ। ਓਥੇ ਬੀ ਯਥਾਰਥ ਪੁਰਖ ਮਿਲੇ ਤਾਂ ਉਹ ਤਪ ਤੋਂ ਕੱਢਕੇ ਭਗਤੀ ਯਾ ਗਜਾਨ ਵਿਚ ਲੈ ਜਾਵੇ ਨਹੀਂ ਤਾਂ ਤਪ ਅਸਫਲ ਰਹਿ ਜਾਂਦੇ ਹਨ। ਇਸ ਕਰਕੇ 'ਸਾਰ' ਕਿਹਾ। ਇਕ ਹੋਰ ਥਾਂ ਗੁਰੂ ਅਮਰ ਦਾਸ ਜੀ ਨੇ ਫੁਰਮਾਇਆ ਹੈ।

ਸਤਿਗੁਰ ਕੀ ਸੇਵਾ ਇਹੁ ਤਪੁ ਪਰਵਾਣੁ॥
ਨਾਨਕ ਸੋ ਤਪਾ ਦਰਗਹਿ ਪਾਵੈ ਮਾਣੁ॥ [ਰਾਮਕਲੀ ਵਾਰ ਮਹਲਾ ੩-੫]

ਗੁਰੂ ਅਮਰ ਦਾਸ ਜੀ ਨੇ ਜੋ ਬਾਰਾਂ ਬਰਸ ਗਾਖੜੀ ਸੇਵਾ ਕੀਤੀ ਹੈ ਉਹ ਉਗਾਹ ਹੈ ਇਨ੍ਹਾਂ ਬਚਨਾਂ ਦੀ ਜੋ ਏਥੇ ਫੁਰਮਾਏ ਹਨ। ਗੁਰੂ ਤੋਂ ਨਾਮ, ਪਰਮ ਪਦ ਮਿਲ ਕੇ ਜਗਤ ਉਧਾਰ ਦਾ ਕੰਮ ਹੁੰਦਾ ਹੈ। ਇਹ ਸਾਰਾ ਪ੍ਰਕਾਰ ਭਲੀ ਭਾਂਤ ਨਿਰੂਪਣ ਕਰਕੇ ਅੰਤਲੇ ਅੰਕ ੮ ਵਿਚ ਸਿੱਟੇ ਦੀ ਗਲ ਫੁਰਮਾਈ: ਵਾਹਿਗੁਰੂ ਦਾ ਨਾਮ ਹਿਰਦੇ ਵਿਚ ਲਗਾਤਾਰ ਵਸਾਈ ਰਖੋ, ਇਸ ਨਾਲ ਪ੍ਰੇਮਾ ਭਗਤੀ ਦ੍ਰਿੜ ਹੋ ਜਾਏਗੀ, ਇਸ ਭਗਤੀ ਵਿਚ ਰੱਤਿਆਂ ਮੁਕਤੀ ਪ੍ਰਾਪਤ ਹੋ ਜਾਏਗੀ।

ਨਿਰੁਕੁ-ਭਰਮੁ ਗਵਾਇਆ--ਵਜਾਖਜਾ ਆ ਚੁਕੀ ਹੈ। ਚੀਨਿ-ਪਛਾਣਕੇ।

ਮਮਤਾ ਅਗਨਿ ਤ੍ਰਿਸਨਾ-ਮਮੱਤ੍ਵ, ਤੇ ਤ੍ਰਿਸ਼ਨਾ ਰੂਪੀ ਅੱਗ।

ਹਰਿ ਬਾਣੀ-ਹਰੀ ਦੇ ਗੁਣ ਗਾਇਨ ਵਾਲੀ ਬਾਣੀ। ਸਿਫਤ ਸਲਾਹ।

ਸਾਰੁ-ਅਸਲੀ ਤਤ ਰੂਪ। ਉੱਤਮ। ਸਫਲ। ਰਾਤੇ-ਰਚਿਆਂ।

[ਆਸਾ ਮਹਲਾ ੩, ਅਸਟਪਦੀ-੨੫]

ਪ੍ਰਾਕ੍ਥਨ-ਜਗਤ ਨੂੰ ਆਸਾ ਦੇ ਵੱਸ ਦੱਸਿਆ। ਆਸ਼ਾ ਨੂੰ ਨੀਂਦ ਦੱਸਿਆ, ਦਾਰੂ ਨਾਮ ਦੱਸਿਆ ਹੈ।

ਮੂਲ	ਅਰਥ
ਆਸਾ ਮਹਲਾ ੩ ॥ **ਆਸਾ ਆਸ ਕਰੇ ਸਭੁ ਕੋਈ ॥ ਹੁਕਮੈ ਬੂਝੈ ਨਿਰਾਸਾ ਹੋਈ ॥ ਆਸਾ ਵਿਚਿ ਸੁਤੇ ਕਈ ਲੋਈ ॥ ਸੋ ਜਾਗੈ ਜਾਗਾਵੈ ਸੋਈ ॥੧॥**	ਸਭ ਕੋਈ ਆਸਾ ਹੀ ਆਸਾ ਕਰਦਾ ਹੈ, (ਪਰ ਜੇ ਕੋਈ) ਹੁਕਮ ਨੂੰ ਬੁੱਝ ਲਵੇ (ਉਹ) ਆਸਾ ਰਹਿਤ ਹੋ ਜਾਂਦਾ ਹੈ। (ਇਸ) ਆਸਾ (ਰੂਪੀ ਨੀਂਦ) ਵਿਚ ਕਈ ਲੋਕ ਸੁਤੇ ਪਏ ਹਨ, (ਇਸ ਤੋਂ) ਉਹੋ ਜਾਗਦਾ ਹੈ (ਜਿਸ ਨੂੰ) ਓਹ ਪਰਮੇਸ਼ੁਰ ਜਗਾਉਂਦਾ ਹੈ॥ ੧॥
ਸਤਿਗੁਰਿ ਨਾਮੁ ਬੁਝਾਇਆ ਵਿਣੁ ਨਾਵੈ ਭੁਖ ਨ ਜਾਈ ॥ ਨਾਮੇ ਤ੍ਰਿਸਨਾ ਅਗਨਿ ਬੁਝੈ ਨਾਮੁ ਮਿਲੈ ਤਿਸੈ ਰਜਾਈ ॥੧॥ ਰਹਾਉ ॥	[ਕੀਕੂੰ ਜਗਾਉਂਦਾ ਹੈ? ਉੱਤਰ: ਸਤਿਗੁਰ ਦਾ ਮੇਲ ਕਰਾਉਂਦਾ ਹੈ] ਸਤਿਗੁਰੂ ਨਾਮ ਦੀ ਸੋਝੀ ਦੇ ਦੇਂਦਾ ਹੈ (ਤੇ ਦੱਸ ਦੇਂਦਾ ਹੈ ਕਿ) ਨਾਮ ਤੋਂ ਬਿਨਾਂ (ਮਾਨੁਖ ਦੀ) ਭੁੱਖ (ਤ੍ਰਿਸ਼ਨਾ) ਦੂਰ ਨਹੀਂ ਹੁੰਦੀ। (ਹਾਂ) ਨਾਮ ਨਾਲ ਹੀ ਤ੍ਰਿਸ਼ਨਾ ਦੀ ਅੱਗ ਬੁੱਝਦੀ ਹੈ, (ਪਰ) ਨਾਮ ਉਸ (ਪ੍ਰਭੂ) ਦੀ ਰਜ਼ਾ ਨਾਲ ਮਿਲਦਾ ਹੈ॥ ੧॥ ਰਹਾਉ॥
ਕਲਿ ਕੀਰਤਿ ਸਬਦੁ ਪਛਾਨੁ ॥ ਏਹਾ ਭਗਤਿ ਚੂਕੈ ਅਭਿਮਾਨੁ ॥ ਸਤਿਗੁਰੁ ਸੇਵਿਐ ਹੋਵੈ ਪਰਵਾਨੁ ॥ ਜਿਨਿ ਆਸਾ ਕੀਤੀ ਤਿਸ ਨੋ ਜਾਨੁ ॥੨॥	[ਜਿਸ ਹੁਕਮ ਪਛਾਣ ਨੇ ਨਿਰ+ਆਸਾ ਕਰਨਾ ਹੈ, ਉਹ ਪਛਾਣ ਕੀਕੂੰ ਹੋਵੇ? ਉੱਤਰ:](੪) ਜਿਸ (ਪ੍ਰਭੂ) ਨੇ 'ਆਸਾ' ਰਚੀ ਹੈ ਉਸ ਨੂੰ ਜਾਣ (ਕਿ ਉਹ ਹੈ ਤੇ ਕਰਤਾਰ ਹੈ) [ਉਹ 'ਜਾਣਨ' ਕੀਕੂੰ ਮਿਲੇ? ਉੱਤਰ:] (੩) ਸਤਿਗੁਰੂ ਨੂੰ ਸੇਵਨ ਨਾਲ (ਜਦ) ਪਰਵਾਨ ਹੋਈਦਾ ਹੈ (੧) (ਤਦ) ਸ਼ਬਦ (ਨਾਮ) ਤੇ 'ਹਰੀ ਕੀਰਤਨ' (ਪ੍ਰਾਪਤ ਹੁੰਦਾ ਹੈ, ਇਹ) ਕਲਜੁਗ ਵਿਚ (ਉੱਧਾਰ ਦਾ ਰਸਤਾ) ਪਛਾਣ ਲੈ। (੨) ਏਹੋ ਹੈ ਭਗਤੀ (ਅਰਥਾਤ ਕਰਤਾਰ ਨਾਲ ਪਿਆਰ, ਇਸੇ ਨਾਲ) ਅਭਿਮਾਨ ਦੂਰ ਹੁੰਦਾ ਹੈ, (ਸਾਰੀਆਂ ਆਸਾ ਤ੍ਰਿਸ਼ਨਾ ਵਾਸ਼ਨਾ ਦਾ ਮੂਲ ਅਭਿਮਾਨ-ਹਉਂ-ਹੈ)॥ ੨॥
ਤਿਸੁ ਕਿਆ ਦੀਜੈ ਜਿ ਸਬਦੁ ਸੁਣਾਏ ॥ ਕਰਿ ਕਿਰਪਾ ਨਾਮੁ ਮੰਨਿ ਵਸਾਏ ॥ ਇਹੁ ਸਿਰੁ ਦੀਜੈ ਆਪੁ ਗਵਾਏ ॥ ਹੁਕਮੈ ਬੂਝੇ ਸਦਾ ਸੁਖੁ ਪਾਏ ॥੩॥	ਉਸ ਨੂੰ ਕੀਹ (ਭੇਟਾ) ਦੇਈਏ ਜੋ (ਆਸਾ ਨਿਵਾਰਨ ਦਾ) ਸ਼ਬਦ (ਉਪਦੇਸ਼) ਸੁਣਾਏ? (ਤੇ ਜੋ) ਕਿਰਪਾ ਕਰਕੇ (ਨਾਮ ਦਾ ਉਪਦੇਸ਼ ਦੇਕੇ) ਮਨ ਵਿਚ ਨਾਮ ਨੂੰ ਵਸਾ (ਹੀ) ਦੇਵੇ? [ਉੱਤਰ:] ਇਹ (ਆਪਣਾ) ਸਿਰ (ਭੇਟਾ) ਦੇ ਦੇਈਏ ਤਾਂ ਆਪਾ ਭਾਵ ਗੁਆ ਲਈਏ, (ਐਉਂ ਜੇ ਕੋਈ) ਹੁਕਮ ਬੁੱਝ ਲਵੇ ਤਾਂ ਸਦਾ ਸੁਖ ਪਾਏਗਾ॥ ੩॥

ਆਪਿ ਕਰੇ ਤੈ ਆਪਿ ਕਰਾਏ॥ ਆਪੇ ਗੁਰਮੁਖਿ ਨਾਮੁ ਵਸਾਏ ॥ ਆਪਿ ਭੁਲਾਵੈ ਆਪਿ ਮਾਰਗਿ ਪਾਏ॥ਸਚੈ ਸਬਦਿ ਸਚਿ ਸਮਾਏ ॥੪॥

(ਹਾਂ ਐਉਂ ਸਮਝ ਲਵੇ ਕਿ ਪ੍ਰਭੂ) ਆਪ ਕਰਦਾ ਹੈ, ਤੇ ਆਪ ਕਰਾਉਂਦਾ ਹੈ ਆਪੇ ਗੁਰੂ ਦੁਆਰਾ ਨਾਮ (ਮਨ ਵਿਚ) ਵਸਾ ਦੇਂਦਾ ਹੈ। ਆਪ ਹੀ ਭੁਲਾਉਂਦਾ ਹੈ, ਆਪ ਹੀ ਰਸਤੇ ਪਾਉਂਦਾ ਹੈ, (ਤੇ) ਸੱਚੇ ਸ਼ਬਦ ਦੁਆਰਾ (ਆਪਣੇ) ਸੱਚ ਸਰੂਪ ਵਿਚ ਸਮਾ ਲੈਂਦਾ ਹੈ॥ ੪॥

ਸਚਾ ਸਬਦੁ ਸਚੀ ਹੈ ਬਾਣੀ ॥ ਗੁਰਮੁਖਿ ਜੁਗਿ ਜੁਗਿ ਆਖਿ ਵਖਾਣੀ ॥ ਮਨਮੁਖਿ ਮੋਹਿ ਭਰਮਿ ਭੋਲਾਣੀ ॥ ਬਿਨੁ ਨਾਵੈ ਸਭ ਫਿਰੈ ਬਉਰਾਣੀ ॥੫॥

ਸ਼ਬਦ (=ਨਾਮ) ਸੱਚਾ ਹੈ, (ਤੇ) ਬਾਣੀ (ਬੀ) ਸੱਚੀ ਹੈ, ਜੋ ਹਰ ਜੁਗ ਵਿਚ ਗੁਰਮੁਖਾਂ ਨੇ ਉਚਾਰਕੇ ਵਰਣਨ ਕੀਤੀ ਹੈ, (ਪਰ) ਮਨਮੁਖ (ਸ੍ਰਿਸ਼ਟੀ ਨੇ ਇਹ ਨਹੀਂ ਸੁਣੀ, ਉਹ ਤਾਂ) ਭਰਮ ਵਿਚ ਹੀ ਮੋਹਿਤ ਤੇ ਭੁੱਲੀ ਰਹੀ, (ਗੱਲ ਕੀ) ਨਾਮ ਤੋਂ ਬਿਨਾਂ ਸਾਰੀ (ਸ੍ਰਿਸ਼ਟੀ) ਝੱਲੀ ਹੋਈ ਫਿਰਦੀ ਹੈ॥ ੫॥

ਤੀਨਿ ਭਵਨ ਮਹਿ ਏਕਾ ਮਾਇਆ॥ ਮੂਰਖਿ ਪੜਿ ਪੜਿ ਦੂਜਾ ਭਾਉ ਦ੍ਰਿੜਾਇਆ ॥ ਬਹੁ ਕਰਮ ਕਮਾਵੈ ਦੁਖੁ ਸਬਾਇਆ ॥ ਸਤਿਗੁਰੁ ਸੇਵਿ ਸਦਾ ਸੁਖੁ ਪਾਇਆ ॥੬॥

ਤਿੰਨਾਂ ਭਵਨਾਂ (ਸਾਰੀ ਸ੍ਰਿਸ਼ਟੀ) ਵਿਚ ਇਕੋ ਮਾਇਆ (ਵਯਾਪ ਰਹੀ) ਹੈ। ਮੂਰਖਾਂ ਨੇ (ਇਸ ਦੇ ਵੱਸ ਪੈਕੇ) ਪੜ੍ਹ ਪੜ੍ਹਕੇ ਬੀ ਦੂਜਾ ਭਾਉ ਹੀ ਦ੍ਰਿੜ (ਕੀਤਾ) ਕਰਾਇਆ ਹੈ। ਬਹੁਤੇ ਕਰਮ (ਬੀ) ਕਰਦੇ ਹਨ, (ਪਰ) ਸਾਰਾ ਕੁਛ ਦੁਖ (ਰੂਪ ਹੀ) ਹੈ, ਹਾਂ ਸਤਿਗੁਰ ਨੂੰ ਸੇਵਕੇ ਸਦਾ ਹੀ ਸੁਖ ਪਾਇਆ ਹੈ॥ ੬॥

ਅੰਮ੍ਰਿਤੁ ਮੀਠਾ ਸਬਦੁ ਵੀਚਾਰਿ ॥ ਅਨਦਿਨੁ ਭੋਗੇ ਹਉਮੈ ਮਾਰਿ ॥ ਸਹਜਿ ਅਨੰਦਿ ਕਿਰਪਾ ਧਾਰਿ ॥ ਨਾਮਿ ਰਤੇ ਸਦਾ ਸਚਿ ਪਿਆਰਿ ॥੭॥

ਸ਼ਬਦ ਨੂੰ ਵਿਚਾਰਕੇ ਮਿੱਠਾ ਅੰਮ੍ਰਿਤ (=ਨਾਮ ਰਸ) ਪ੍ਰਾਪਤ ਹੁੰਦਾ ਹੈ। (ਉਸ ਨਾਮ ਅੰਮ੍ਰਿਤ ਨੂੰ) ਹਰ ਦਿਨ ਛਕੇ ਤੇ ਹਉਮੈ ਨੂੰ ਮਾਰ ਲਵੇ। (ਉਸ ਉਤੇ ਪ੍ਰਭੂ) ਕਿਰਪਾ ਧਾਰੀ ਹੁੰਦਾ ਹੈ, (ਤਦ ਉਹ) ਸਹਜ ਅਨੰਦ ਨੂੰ (ਪ੍ਰਾਪਤ ਹੋ ਜਾਂਦਾ ਹੈ। ਐਸੇ) ਨਾਮ ਰਤੇ (ਪੁਰਖ) ਸਦਾ ਪਿਆਰ (ਤੇ ਸਦਾ) ਸੱਚ ਵਿਚ ਰਹਿੰਦੇ ਹਨ॥ ੭॥

ਹਰਿ ਜਪਿ ਪੜੀਐ ਗੁਰ ਸਬਦੁ ਵੀਚਾਰਿ ॥ ਹਰਿ ਜਪਿ ਪੜੀਐ ਹਉਮੈ ਮਾਰਿ ॥ ਹਰਿ ਜਪੀਐ ਭਇ ਸਚਿ ਪਿਆਰਿ ॥ ਨਾਨਕ ਨਾਮੁ ਗੁਰਮਤਿ ਉਰ ਧਾਰਿ ॥੮॥੩॥੨੫॥

(ਸੋ) ਗੁਰੂ ਦੇ ਸ਼ਬਦ ਦੀ ਵੀਚਾਰ ਦੁਆਰਾ ਹਰੀ ਦਾ ਜਪ ਜਪੀਏ, (ਕਿਉਂਕਿ ਜੇ) ਹਰੀ ਦਾ ਜਪ ਜਪੀਏ ਤਾਂ ਹਉਮੈ ਮਾਰ ਹੋ ਜਾਂਦੀ ਹੈ। (ਹਾਂ) ਹਰੀ ਦਾ ਜਪ ਕਰੀਏ ਭੈ ਨਾਲ ਤੇ ਸੱਚੇ ਪਯਾਰ ਨਾਲ*। ਹੇ ਨਾਨਕ ! ਗੁਰੂ ਦੀ ਮਤਿ ਦੁਆਰਾ ਨਾਮ ਹਿਰਦੇ ਵਿਚ ਧਾਰ ਲਈਏ॥ ੮॥ ੩॥ ੨੫॥

ਵਯਾਖਯਾ-ਸਾਰੇ ਜਗਤ ਨੂੰ ਆਸਾ ਵਿਚ ਬੱਧਾ ਦੱਸਕੇ ਉਸ ਅਵਸਥਾ ਨੂੰ ਨੀਂਦ ਤੁਲ ਅਗਯਾਨ ਅਵਸਥਾ ਦੱਸਿਆ, ਉਸ ਦਾ ਉਪਾਉ ਦੱਸਿਆ ਹੈ: ਹਰੀ ਦਾ ਜਗਾਉਣਾ। ਹਰੀ ਪ੍ਰਾਪਤੀ ਲਈ ਹਰਿ ਨਾਮ ਦੱਸਿਆ, ਤੇ ਹਰਿ ਨਾਮ ਦਾਤਾ ਗੁਰੂ ਦੱਸਿਆ।

ਅੰਕ ੧-ਸਭ ਕੋਈ ਆਸਾ ਹੀ ਆਸਾ ਕਰਦਾ ਹੈ, ਭਾਵ ਆਸਾ ਨਾਲ ਮਾਨੋਂ ਜਕੜਿਆ ਪਿਆ ਹੈ। ਇਸ ਦਸ਼ਾ ਨੂੰ ਨੀਂਦ ਵਾਂਙੂ ਅਗਯਾਨਮਈ ਦੱਸਿਆ। ਇਸ ਨਿੰਦ੍ਰਾ ਤੋਂ ਕਉਣ ਜਗਾਵੇ? ਇਸ ਦਾ ਉੱਤਰ ਦੱਸਿਆ ਕਿ ਜਿਸ ਨੂੰ ਹਰੀ ਜਗਾਵੇ ਉਹ ਜਾਗਦਾ ਹੈ। ਜਾਗਣ ਦੀ ਵਿਧੀ ਪੁੱਛੇ ਤਾਂ ਦੱਸਿਆ ਕਿ ਹੁਕਮ ਨੂੰ ਬੁੱਝੇ। ਕਿਸ ਦੇ ਹੁਕਮ ਨੂੰ? ਉਸ ਪ੍ਰਭੂ ਦੇ ਹੁਕਮ ਨੂੰ। ਹੁਕਮ ਬੁੱਝਕੇ ਬੁੱਝਣ ਵਾਲਾ ਨਿਰਾਸਾ

* ਭੈ ਭਾਵ ਕਾ ਕਰੇ ਸੀਗਾਰੁ॥ [ਆਸਾ ਮ: ੧-੨੭]

ਵਿਚ ਹੋ ਜਾਂਦਾ ਹੈ ਕਿ ਜਦ ਹੁਕਮ ਵਰਤ ਰਿਹਾ ਹੈ ਤਾਂ ਮੈਂ ਆਪਣੀ ਵੱਖਰੀ ਤੂਤੀ ਆਸ ਆਸ ਕਰਨ ਦੀ ਕਿਉਂ ਵਜਾਵਾਂ।

ਰਹਾਉ-ਹੁਣ ਸੁਤੇ ਹੀ ਪ੍ਰਸ਼ਨ ਹੁੰਦਾ ਹੈ ਕਿ ਹੁਕਮ ਕੀਕੂੰ ਬੁੱਝਿਆ ਜਾਵੇ? ਤਾਂ ਰਹਾਉ ਵਿਚ ਉੱਤਰ ਦੇਂਦੇ ਹਨ ਕਿ ਸਤਿਗੁਰੂ ਜਦ ਨਾਮ ਦੀ ਸੋਝੀ ਦੇ ਦੇਂਦਾ ਹੈ ਤਾਂ ਹੁਕਮ ਬੁੱਝਿਆ ਜਾਂਦਾ ਹੈ; ਕਿਉਂਕਿ ਨਾਮ ਨਾਲ ਭੁੱਖਾਂ ਦੂਰ ਹੋ ਜਾਂਦੀਆਂ ਹਨ। ਨਾਮ ਨਾਲ ਤ੍ਰਿਸ਼ਨਾ ਦੀ ਅੱਗ ਬੁਝ ਜਾਂਦੀ ਹੈ, ਗੁਰੂ ਇਹ ਕਰਾਮਾਤ ਕਰਕੇ ਦਿਖਾ ਦੇਂਦਾ ਹੈ ਕਿ ਨਾਮ ਤ੍ਰਿਸ਼ਨਾ ਅਗਨੀ ਬੁਝਾ ਦੇਂਦਾ ਹੈ। ਪਰ ਨਾਮ ਪ੍ਰਭੂ ਦੀ ਰਜ਼ਾ ਨਾਲ ਮੇਲਦਾ ਹੈ। ਨਾਮ ਸਿਮਰਨ ਵਾਲਾ ਨਾਮ ਸਿਮਰਨ ਨੂੰ ਅਪਣਾਂ ਕਰਤੱਵ ਨਹੀਂ ਜਾਣਦਾ, ਭਾਵ ਉਸ ਵਿਚ ਹਉਂ ਨਹੀਂ ਧਾਰਦਾ ਕਿ ਮੈਂ ਕਰ ਰਿਹਾ ਹਾਂ, ਉਹ ਨਾਮ ਦੀ ਪ੍ਰਾਪਤੀ ਨੂੰ ਬੀ ਸਾਈਂ ਦੀ ਰਜ਼ਾ ਨਾਲ ਮਿਲਿਆ ਸਮਝਦਾ ਹੈ। ਇਹ ਸਮਝ ਪ੍ਰਾਪਤ ਹੋਕੇ ਨਾਮ ਅਭਯਾਸੀ ਦੀ ਹਉਂ ਦੂਰ-ਰਹਿੰਦੀ ਹੈ।

ਅੰਕ ੨-ਹੁਣ ਦੱਸਦੇ ਹਨ ਕਿ ਕਲਜੁਗ ਵਿਚ ਮੁੱਖ ਰਸਤਾ ਕੀ ਹੈ, ਜਿਸ ਨਾਲ ਕਿ ਹੁਕਮ ਦੀ ਪਛਾਣ ਹੋਵੇ, ਜਿਸ ਨੇ ਕਿ ਨਿਰਾਸਾ ਕਰ ਦੇਣਾ ਹੈ? ਤਾਂ ਦੱਸਦੇ ਹਨ ਕਿ 'ਆਸਾ ਦੇ ਰਚਨਹਾਰ' ਨੂੰ ਪਛਾਣ, ਉਹ ਕੀਕੂੰ ਮਿਲੇ? ਉੱਤਰ:- ਸਤਿਗੁਰੂ ਤੋਂ। ਉਸ ਦੀ ਸੇਵਾ ਨਾਲ ਨਾਮ ਤੇ ਕੀਰਤਨ ਮਿਲਦਾ ਹੈ, ਜਿਸ ਨਾਲ ਪਰਵਾਣ ਹੋਈਦਾ ਹੈ।

ਅੰਕ ੩-ਹੁਣ ਫੁਰਮਾਉਂਦੇ ਹਨ ਕਿ ਨਾਮ ਦਾਤਾ ਗੁਰੂ ਨੂੰ ਭੇਟਾ ਕੀਹ ਦੇਵੀਏ? ਕਿਉਂਕਿ ਉਹ ਤਾਂ ਨਿਰਵਾਸ ਨਿਰਆਸਾ ਹੁੰਦਾ ਹੈ। ਤਾਂ ਦੱਸਦੇ ਹਨ ਕਿ ਉਸ ਨੂੰ ਹਉਮੈ ਦੇ ਦਿਓ। ਹਉਮੈ ਛੱਡਕੇ ਗੁਰੂ ਦੇ ਦੱਸੇ ਨਾਮ ਦਾ ਅਭਯਾਸ ਕਰਨੇ ਨਾਲ ਹੁਕਮ ਬੁੱਝ ਲਈਦਾ ਹੈ, ਹੁਕਮ ਬੁੱਝਕੇ ਸਦੈਵੀ ਸੁਖ ਪਾ ਲਈਦਾ ਹੈ। ਕੀਕੂੰ?

ਅੰਕ ੪-ਹੁਕਮ ਬੁੱਝਣ ਵਾਲਾ ਹਉਂ ਗੁਆ ਲੈਂਦਾ ਹੈ, ਹਉਂ ਗੁਆਚੇ ਤੇ ਬਾਕੀ ਪ੍ਰਭੂ ਰਹਿ ਜਾਂਦਾ ਹੈ, ਫੇਰ ਓਸ ਦੀ ਦ੍ਰਿਸ਼ਟੀ ਕੀਹ ਹੋ ਜਾਂਦੀ ਹੈ? ਕਿ ਮੈਂ ਕੁਛ ਨਹੀਂ, ਉਹ ਆਪ ਹੀ ਆਪ ਹੈ*, ਮੈਨੂੰ ਨਾਮ ਤੇ ਪਰਮਗਤੀ ਉਸੇ ਦਿੱਤੀ ਹੈ। ਇਥੋਂ ਤਾਈਂ ਉਹ ਸਾਈਂ ਦ੍ਰਿਸ਼ਟੀ ਵਿਚ ਪ੍ਰਪੱਕ ਹੋ ਜਾਂਦਾ ਹੈ, ਕਿ ਸਾਈਂ ਤੋਂ ਭੁੱਲਿਆਂ ਤੇ ਬੀ ਕ੍ਰੂਰ ਦ੍ਰਿਸ਼ਟੀ ਨਹੀਂ ਪਾਉਂਦਾ; ਆਖਦਾ ਹੈ: ਕਿ ਜਦੋਂ ਚਾਹੇਗਾ ਇਨ੍ਹਾਂ ਆਪ ਭੁਲਾਇਆਂ ਨੂੰ ਰਸਤੇ ਪਾ ਲਏਗਾ ਤੇ ਸਚੇ ਸ਼ਬਦ ਦੁਆਰਾ ਮੁਕਤੀ ਦੇ ਦੇਵੇਗਾ। ਇਥੇ ਆਪ ਜੀ ਨੇ ਬ੍ਰਹਮ ਗਯਾਨੀ ਦ੍ਰਿਸ਼ਟੀ ਦਿਖਲਾਈ ਹੈ। ਪਾਪ ਕਰਮਾਂ ਦਾ ਜ਼ਿੰਮੇਵਾਰ ਪ੍ਰਭੂ ਨੂੰ ਨਹੀਂ ਠਹਿਰਾਇਆ।

ਅੰਕ ੫ ਵਿਚ ਮਨਮੁਖ ਲਿਆ ਹੈ ਕਿ ਮਨਮੁਖ ਸ੍ਰਿਸ਼ਟੀ ਭਰਮ ਵਿਚ ਭੁੱਲੀ ਹੋਈ ਹੈ ਤੇ ਨਾਮ ਤੋਂ ਵਿਹੂਣੀ ਹੋਣ ਕਰਕੇ ਝੱਲੀ ਹੋਈ ਹੋਈ ਹੈ। ਕਿਉਂਕਿ ਇਹ ਸਚੇ ਸ਼ਬਦ ਤੇ ਸੱਚੀ ਬਾਣੀ ਨੂੰ ਨਹੀਂ ਧਾਰਨ ਕਰਦੀ ਜੋ ਕਿ ਹਰ ਜੁਗ ਵਿਚ ਗੁਰਮੁਖ ਵਰਣਨ ਕਰਦੇ ਆਏ ਹਨ, ਜਿਸ ਤਰ੍ਹਾਂ ਭਾਈ ਗੁਰਦਾਸ ਨੇ ਬਾਸੇਖਕ, ਸ਼ੇਸ਼ਨਾਗ † ਨੂੰ ਬੀ ਗੁਰਮੁਖ ਕਿਹਾ ਹੈ, ਜਿਨ੍ਹਾਂ ਨੂੰ ਸਾਈਂ ਨਾਲ ਸੰਬੰਧ ਹੋ ਜਾਣ ਕਰਕੇ ਸਚੀ ਬਾਣੀ ਦੀ ਗਯਾਤ ਹੋ ਜਾਂਦੀ ਹੈ।

ਅੰਕ ੬-ਮਾਇਆ ਦਾ ਵਯਾਪਣਾ ਤਿੰਨਾਂ ਲੋਕਾਂ ਵਿਚ ਦੱਸਕੇ ਫੇਰ ਮਨਮੁਖ ਹੀ ਵਰਣਨ ਕੀਤਾ ਹੈ, ਜਿਨ੍ਹਾਂ ਨੇ ਪੜ੍ਹ ਸੁਣਕੇ ਬੀ ਮਾਇਆ ਨਾਲ ਹੀ ਪ੍ਰੇਮ ਕੀਤਾ ਹੈ ਤੇ ਕਰਮਾਂ ਵਿਚ ਫਸੇ ਭਗਤੀ ਤੇ ਗਯਾਨ ਵਿਚ ਨਹੀਂ ਅੱਪੜੇ। ਪਰ ਗੁਰਮੁਖਾਂ ਨੇ ਇਸ ਮਾਯਾ ਵਯਾਪਤੀ ਦੇ ਤ੍ਰੈਹਾਂ ਹੀ ਮੰਡਲਾਂ ਵਿਚ ਸਤਿਗੁਰ ਸੇਵਕੇ (ਨਾਮ ਦੁਆਰਾ) ਸਦੈਵੀ ਸੁਖ ਪਾਇਆ ਹੈ।

ਅੰਕ ੭-ਹੁਣ ਸ਼੍ਰੋਤੇ ਯਾ ਪਾਠਕ ਨੂੰ ਉਪਦੇਸ਼ ਦੇਂਦੇ ਹਨ ਕਿ ਸ਼ਬਦ ਨੂੰ ਵਿਚਾਰਕੇ ਮਿੱਠਾ ਅੰਮ੍ਰਿਤ-ਨਾਮ ਰਸ-ਪ੍ਰਾਪਤ ਹੁੰਦਾ ਹੈ। ਹਉਮੈਂ ਨੂੰ ਮਾਰੀ ਰਖੋ ਤੇ ਇਹ ਮਿੱਠਾ ਅੰਮ੍ਰਿਤ ਰਸ ਭੋਗੋ, ਤਦ ਤੁਸਾਂ ਤੇ

* ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ॥ [ਬਿਲਾਵਲ ਮਹਲਾ ੫-੧੧੭]

† ਦੇਖੋ ਵਾਰ ੧ ਦੀ ਪਉੜੀ ੧੩, ੧੪।

ਪ੍ਰਭੂ ਕਿਰਪਾ ਕਰੇਗਾ ਤੇ ਸਹਿਜ ਜੋਗ ਦਾ ਆਨੰਦ ਦੇਵੇਗਾ। ਤਦ ਤੁਸੀਂ ਸਦਾ ਨਾਮ ਵਿਚ ਰੱਤੇ ਹੋਏ ਪਿਆਰ ਵਿਚ ਤੇ ਸਚ ਵਿਚ ਰਹੋਗੇ। ਬੂਣੀ ਖਨਨ ਨਜ਼ਾਯ ਵਾਙੂ ਫੁਰਮਾਉਂਦੇ ਹਨ ਕਿ ਗੁਰੂ ਦੇ ਸ਼ਬਦ (ਉਪਦੇਸ਼) ਦੀ ਵਿਚਾਰ ਕਰ ਕਰਕੇ ਹਰੀ ਨਾਮ ਦਾ ਸਿਮਰਨ ਕਰਦੇ ਰਹਿਣਾ ਚਾਹੀਦਾ ਹੈ। ਹਾਂ ਸਿਮਰਨ ਕਰਦੇ ਰਹਿਣਾ ਚਾਹੀਦਾ ਹੈ ਹਉਮੈ ਨੂੰ ਮਾਰ ਮਾਰਕੇ। ਹਾਂ, ਭੈ ਤੇ ਭਾਉ (ਡਰ ਤੇ ਪ੍ਰੇਮ) ਧਾਰਨ ਕਰੀ ਰਖਕੇ ਸਚ ਨਾਲ ਤੇ ਪਜ਼ਾਰ ਨਾਲ ਸਿਮਰਨ ਕਰਦੇ ਰਹੀਏ। ਪਰ ਇਹ ਇਸ ਪ੍ਰਕਾਰ ਦਾ ਨਾਮ ਸਿਮਰਨ ਗੁਰੂ ਦੀ ਮਤਿ ਨੂੰ ਹਿਰਦੇ ਵਿਚ ਧਾਰਨ ਕਰਕੇ ਕਰਦੇ ਰਹੀਏ। ਭਾਵ, ਮਨ ਮਤਿ ਨਾਲ ਨਾ ਕਰੀਏ ਕਿਉਂਕਿ ਮਨ ਮਤਿ ਹਉਮੈ ਨੂੰ ਫੇਰ ਫੇਰ ਲੈ ਆਉਂਦੀ ਹੈ।

ਨਿਰੁਕ—ਆਸਾ- [ਸੰਸ:, ਆਸ਼ਾ] ਉਮੈਦ। ਇੱਛਾ। ਪ੍ਰਾਪਤੀ ਦੀ ਉਮੈਦ ਯਾ ਇੱਛਾ। ਰਹਾਉ ਵਿਚ ਪਦ 'ਤ੍ਰਿਸਨਾ' ਜਾਪਦਾ ਹੈ ਇਸੇ ਆਸਾ ਲਈ ਵਰਤਿਆ ਹੈ। ਉਵ ਨਿਰੀ ਆਸਾ ਬੱਧੇ ਜੀਵਨ ਬਾਬਤ, ਜੋ ਲਗਪਗ ਹਰ ਭੁੱਲੇ ਜੀਵ ਦਾ ਜੀਵਨ ਹੈ, ਜੈਸਾ ਕਿ ਚੌਥੇ ਗੁਰੂ ਜੀ ਨੇ ਫੁਰਮਾਇਆ ਹੈ:

ਦੁਖਿ ਰੈਣਿ ਵੇ ਵਿਹਾਣੀਆ ਨਿਤ ਆਸਾ ਆਸ ਕਰੇਦਿਆ॥ [ਸੂਹੀ ਛੰਤ ਮ:੪-੬]

ਭੁਖ-ਵਾਸ਼ਨਾ, ਤ੍ਰਿਸ਼ਨਾ। ਏਥੇ ਭੁਖ ਦਾ ਅਰਥ ਪੇਟ ਦੀ ਭੁੱਖ ਨਹੀਂ।

ਰਜਾਈ- [ਦੇਖੋ ਪੰਨਾ ੪੭] ਰਜ਼ਾ ਨਾਲ, ਹੁਕਮ ਨਾਲ। ਮਰਜ਼ੀ ਨਾਲ।

ਸਿਰੁ ਦੀਜੈ-ਹਉ ਹੰਕਾਰ ਭੇਟਾ ਵਾਙੂ ਦੇ ਦੇਈਏ। ਨਿਰ ਅਭਿਮਾਨ ਹੋ ਜਾਈਏ।

ਬਉਰਾਣੀ- [ਸੰਸ:,ਵਾਤੁਲਾ=ਪਾਗ਼ਲ ਇਸਤ੍ਰੀ।ਪ੍ਰਾ: ਬਾਉਲ=ਪਾਗ਼ਲ।ਹਿੰ:,ਬਾਵਲਾ=ਪਾਗ਼ਲ]ਝੱਲੀ ਹੋਈ ਹੋਈ।

ਭਇ-ਭੈ ਨਾਲ।

ਸਚਿ ਪਿਆਰਿ-ਸਚੇ ਪਜ਼ਾਰ ਨਾਲ। ਭਇ ਸਚਿ ਪਿਆਰਿ=ਭੈ ਤੇ ਭਾਉ ਨਾਲ, ਯਥਾ:-

ਭੈ ਭਾਵ ਕਾ ਕਰੇ ਸੀਗਾਰੁ॥ [ਆਸਾ ਮਹਲਾ ੧-੨੭]

[ਆਸਾ ਮਹਲਾ ੩, ਅਸਟਪਦੀ-੨੬]

ਪ੍ਰਾਕ੍ਥਨ-ਗੁਰੂ, ਗੁਰੂ ਤੋਂ ਤ੍ਰਿਸ਼ਨਾ ਨਵਿਰਤੀ, ਨਾਮ ਭਗਤੀ, ਗਿਆਨ ਦੀ ਪ੍ਰਾਪਤੀ।

ੴ ਸਤਿਗੁਰ ਪ੍ਰਸਾਦਿ॥ ਰਾਗੁ ਆਸਾ ਮਹਲਾ ੩ ਅਸਟਪਦੀਆ ਘਰੁ ੮ ਕਾਫੀ॥

ਮੂਲ	ਅਰਥ
ਗੁਰ ਤੇ ਸਾਂਤਿ ਊਪਜੈ ਜਿਨਿ ਤ੍ਰਿਸਨਾ ਅਗਨਿ ਬੁਝਾਈ ॥ ਗੁਰ ਤੇ ਨਾਮੁ ਪਾਈਐ ਵਡੀ ਵਡਿਆਈ ॥੧॥	ਗੁਰੂ ਤੋਂ ਸ਼ਾਂਤੀ ਉਪਜਦੀ ਹੈ, (ਕਿਉਂਕਿ ਗੁਰੂ ਆਪਣੇ ਉਪਦੇਸ਼ ਨਾਲ) ਤ੍ਰਿਸ਼ਨਾਂ ਦੀ ਅੱਗ ਬੁਝਾ ਦੇਂਦਾ ਹੈ, ਗੁਰੂ ਕੋਲੋਂ ਨਾਮ ਪਾਈਦਾ ਹੈ ਜਿਸ ਨਾਲ (ਆਤਮ ਪ੍ਰਾਪਤੀ ਰੂਪੀ) ਵਡੀ ਵਡਿਆਈ (ਮਿਲਦੀ ਹੈ)॥ ੧॥
ਏਕੋ ਨਾਮੁ ਚੇਤਿ ਮੇਰੇ ਭਾਈ ॥ ਜਗਤੁ ਜਲੰਦਾ ਦੇਖਿ ਕੈ ਭਜਿ ਪਏ ਸਰਣਾਈ ॥੧॥ ਰਹਾਉ ॥	(ਤਾਂਤੇ) ਹੇ ਮੇਰੇ ਭਾਈ ! (ਤੂੰ ਬੀ) ਇਕੋ ਨਾਮ ਨੂੰ ਹੀ ਸਿਮਰ, (ਦੇਖ !) ਅਸੀਂ ਤਾਂ ਜਗਤ ਨੂੰ (ਤ੍ਰਿਸ਼ਨਾ ਅਗਨੀ ਵਿਚ) ਸੜਦਾ ਵੇਖਕੇ (ਗੁਰੂ ਦੀ) ਸ਼ਰਣ ਵਿਚ ਭੱਜਕੇ ਜਾ ਪਏ ਸਾਂ॥ ੧॥ ਰਹਾਉ॥

[ਪ੍ਰਸ਼ਨ: ਉਹ ਸ਼ਾਂਤੀ ਜੋ ਆਪ ਨੂੰ ਗੁਰੂ ਤੋਂ ਪ੍ਰਾਪਤ ਹੋਈ ਸੀ, ਉਸ ਦਾ ਰੂਪ ਕੀ ਹੈ? ਉੱਤਰ:]

ਗੁਰ ਤੇ ਗਿਆਨੁ ਊਪਜੈ ਮਹਾ ਤਤੁ ਬੀਚਾਰਾ ॥ ਗੁਰ ਤੇ ਘਰੁ ਦਰੁ ਪਾਇਆ ਭਗਤੀ ਭਰੇ ਭੰਡਾਰਾ ॥੨॥

(ਪਹਿਲਾਂ ਗੁਰੂ ਉਪਦੇਸ਼ ਦੇਂਦਾ ਹੈ, ਫੇਰ ਨਾਮ ਦੇਂਦਾ ਹੈ, ਜਿਸ ਨਾਲ ਨਿਰਮਲ ਹੋ ਜਾਈਦਾ ਹੈ, ਫੇਰ) ਗੁਰੂ ਤੋਂ ਗਿਆਨ ਪੈਦਾ ਹੁੰਦਾ ਹੈ (ਜਿਸ ਨਾਲ ਸਤਿ ਤੇ ਅਸਤਿ ਦੀ ਸੋਝੀ ਹੋ ਆਉਂਦੀ ਹੈ ਕਿ ਨਾਸ਼ਮਾਨ ਕੀ ਹੈ ਤੇ ਅਵਿਨਾਸ਼ੀ ਕੀ ਹੈ, ਫੇਰ) ਉੱਚੇ ਪਾਏ ਦੀ ਤਤ ਵੀਚਾਰ ਉਪਜਦੀ ਹੈ। (ਭਾਵ ਇਹ ਕਿ ਵਾਹਿਗੁਰੂ ਜੀ ਦਾ ਬ੍ਰਹਮ ਗਿਆਨ ਪੈਦਾ ਹੁੰਦਾ ਹੈ। ਉਹ ਗਿਆਨ ਕੋਈ ਖੁਸ਼ਕ ਵਾਕਫੀ ਮਾਤ੍ਰ ਨਹੀਂ ਹੁੰਦੀ, ਉਹ ਤਾਂ) ਨਿਜ ਸਰੂਪ ਤੇ ਪਰਮਾਤਮ ਸਰੂਪਤਾ (ਦੀ ਅਨੁਭਵਤਾ ਹੁੰਦੀ ਹੈ ਜੋ) ਗੁਰੂ ਤੋਂ ਮਿਲਦੀ ਹੈ, (ਉਹ ਅਨੁਭਵਤਾ ਮੈਂ ਮੈਂ ਰੂਪੀ ਨਹੀਂ, ਸਗੋਂ) ਭਗਤੀ ਦੇ ਭਰੇ ਖ਼ਜ਼ਾਨੇ (ਵਾਲੇ ਰੂਪ ਵਾਲੀ ਹੁੰਦੀ ਹੈ)॥ ੨॥

ਗੁਰਮੁਖਿ ਨਾਮੁ ਧਿਆਈਐ ਬੂਝੈ ਵੀਚਾਰਾ ॥ ਗੁਰਮੁਖਿ ਭਗਤਿ ਸਲਾਹ ਹੈ ਅੰਤਰਿ ਸਬਦੁ ਅਪਾਰਾ ॥੩॥

(ਸੋ ਭਾਈ ਸਮਝ ਲੈ ਕਿ) ਗੁਰੂ ਦੁਆਰਾ (ਹੀ) ਨਾਮ ਧਿਆਈਦਾ ਹੈ (ਤੇ ਨਾਮ ਨਾਲ ਨਿਰਮਲ ਹੋਕੇ ਅਸਲ) ਵੀਚਾਰ ਸਮਝੀਦੀ ਹੈ, (ਉਹ ਵੀਚਾਰ ਸਮਝ ਮਾਤ੍ਰ ਨਹੀਂ) ਗੁਰੂ ਦੁਆਰਾ (ਸਮਝ ਦੇ ਨਾਲ ਈਸ਼੍ਵਰ-) ਭਗਤੀ ਮਿਲਦੀ ਹੈ, (ਸਿਫਤ-) ਸਲਾਹ (ਸਾਈਂ ਦੀ ਪ੍ਰਾਪਤ ਹੁੰਦੀ) ਹੈ (ਤੇ ਆਪਣੇ) ਅੰਦਰ ਅਪਾਰ ਸ਼ਬਦ (ਅਰਥਾਤ ਸ਼ਬਦ ਬ੍ਰਹਮ ਨੂੰ ਪਾ ਲਈਦਾ) ਹੈ॥ ੩॥

ਗੁਰਮੁਖਿ ਸੂਖੁ ਊਪਜੈ ਦੁਖੁ ਕਦੇ ਨ ਹੋਈ ॥ ਗੁਰਮੁਖਿ ਹਉਮੈ ਮਾਰੀਐ ਮਨੁ ਨਿਰਮਲੁ ਹੋਈ ॥੪॥

ਐਉਂ ਗੁਰੂ ਦੁਆਰਾ (ਜੋ) ਸੁਖ ਮਿਲਦਾ ਹੈ (ਉਹ ਆਤਮ ਸੁਖ ਹੁੰਦਾ ਹੈ, ਫੇਰ) ਦੁਖ ਕਦੇ ਨਹੀਂ ਹੁੰਦਾ, (ਕਿਉਂਕਿ) ਗੁਰੂ ਦੁਆਰੇ ਹਉਮੈਂ ਮਾਰ ਲਈਦੀ ਹੈ ਤੇ ਮਨ ਨਿਰਮਲ ਹੋ ਜਾਂਦਾ ਹੈ। (ਹਉਂ ਨਵਿਰਤੀ ਤੇ ਨਿਰਮਲ ਮਨ ਨੂੰ ਦੁਖ ਕਾਹਦਾ)॥ ੪॥

ਸਤਿਗੁਰਿ ਮਿਲਿਐ ਆਪੁ ਗਇਆ ਤ੍ਰਿਭਵਣ ਸੋਝੀ ਪਾਈ ॥ ਨਿਰਮਲ ਜੋਤਿ ਪਸਰਿ ਰਹੀ ਜੋਤੀ ਜੋਤਿ ਮਿਲਾਈ ॥੫॥

(ਹੁਣ ਸਤਿਗੁਰ ਪ੍ਰਾਪਤੀ ਦੇ ਗੁਣ ਦੱਸਕੇ ਫੇਰ ਆਪਣੇ ਨਿਜ ਤਜਰਬੇ ਦੇ ਰੰਗ ਵਿਚ ਬੋਲਦੇ ਹਨ ਕਿ ਸਾਨੂੰ) ਸਤਿਗੁਰੂ ਨੂੰ ਮਿਲਿਆਂ (ਸਾਡਾ) ਆਪਾ ਭਾਵ ਗੁਆਚ ਗਿਆ ਸੀ ਤੇ ਤਿੰਨਾਂ ਭਵਨਾਂ (=ਲੋਕਾਂ) ਦੀ ਸੋਝੀ ਪ੍ਰਾਪਤ ਹੋ ਗਈ। (ਹੁਣ ਦ੍ਰਿਸ਼ਟੀ ਕੀ ਹੈ? ਕਿ ਵਾਹਿਗੁਰੂ ਦੀ) ਪਵਿਤ੍ਰ ਜੋਤਿ (ਸਾਰੇ) ਪਸਰ ਰਹੀ ਹੈ (ਤੇ ਉਸ) ਜੋਤੀ ਸਰੂਪ ਵਿਚ (ਸਾਡੀ) ਜੋਤ ਮਿਲੀ ਹੋਈ ਹੈ। (ਭਾਵ ਆਤਮਾ ਪਰਮਾਤਮਾਂ ਵਿਚ ਮਿਲਿਆ ਦ੍ਰਿਸ਼ਟੀ ਪੈਂਦਾ ਹੈ)॥ ੫॥

ਪੂਰੈ ਗੁਰਿ ਸਮਝਾਇਆ ਮਤਿ ਊਤਮ ਹੋਈ ॥ ਅੰਤਰੁ ਸੀਤਲੁ ਸਾਂਤਿ ਹੋਇ ਨਾਮੇ ਸੁਖੁ ਹੋਈ ॥੬॥

(ਸਾਡੀ) ਮਤਿ (ਇਸ ਤਰ੍ਹਾਂ) ਉੱਤਮ ਹੋਈ ਸੀ (ਕਿ) ਪੂਰੇ ਗੁਰੂ ਨੇ (ਉਪਰ ਕਹੀ ਵਿਧੀ ਅਨੁਸਾਰ ਸਾਨੂੰ) ਸਮਝਾਇਆ ਸੀ। ਸੋ ਭਾਈ ! (ਐਉਂ) ਅੰਦਰ ਠੰਢਾ ਤੇ ਸ਼ਾਂਤਿ ਹੋ ਗਿਆ ਸੀ। (ਨੁਕਤੇ ਦੀ ਗੱਲ 'ਨਾਮ' ਹੈ, ਇਹ) ਸੁਖ ਨਾਮ ਦੁਆਰਾ ਪ੍ਰਾਪਤ ਹੁੰਦਾ ਹੈ॥ ੬॥

[ਪ੍ਰਸ਼ਨ: ਪੂਰਾ ਸਤਿਗੁਰੂ ਕਿਵੇਂ ਲੱਭਦਾ ਹੈ? ਉੱਤਰ:]

ਪੂਰਾ ਸਤਿਗੁਰੁ ਤਾਂ ਮਿਲੈ ਜਾਂ ਨਦਰਿ

ਪੂਰਾ ਸਤਿਗੁਰ ਤਾਂ ਮਿਲਦਾ ਹੈ ਜੇ (ਅਕਾਲ ਪੁਰਖ) ਮੇਹਰ ਦੀ ਨਜ਼ਰ

ਕਰੇਈ ॥ ਕਿਲਵਿਖ ਪਾਪ ਸਭ ਕਟੀਅਹਿ ਫਿਰਿ ਦੁਖੁ ਬਿਘਨੁ ਨ ਹੋਈ ॥੭॥

ਪਾਏ ਤਾਂ। ਫੇਰ ਸਾਰੇ ਦੋਸ਼ ਤੇ ਪਾਪ ਕੱਟੇ ਜਾਂਦੇ ਹਨ (ਤੇ) ਨਾ ਦੁਖ ਹੁੰਦਾ ਹੈ ਨਾ (ਇਸ ਨਾਮ ਦੀ ਘਾਲ ਵਿਚ) ਵਿਘਨ ਹੁੰਦਾ ਹੈ॥ ੭॥

[ਪਹਿਲੀ ਸਤਰ ਵਿਚ ਇਕ ਸ਼ੈ ਸ਼ਾਂਤੀ ਕਹੀ ਸੀ, ਉਹਦੀ ਪ੍ਰਾਪਤੀ ਅੰਕ ੬ ਤਕ ਤੇ ਵਿਚ ਦੱਸੀ ਕਿ ਕੀਕੂੰ ਮਿਲੀ ਤੇ ਉਹ ਹੈ ਕੀਹ। ਦੂਸਰੀ ਸਤਰ ਵਿਚ ਦੂਜੀ ਗੱਲ ਕਹੀ ਸੀ ਕਿ ਵਡੀ ਵਡਿਆਈ ਗੁਰੂ ਦੇ ਦਿੱਤੇ ਨਾਮ ਤੋਂ ਮਿਲਦੀ ਹੈ, ਉਸ ਨੂੰ ਦੁਹਰਾਉਂਦੇ ਹਨ ਤੇ ਦੱਸਦੇ ਹਨ ਕਿ ਅਸਲ ਵਿਚ ਵਾਹਿਗੁਰੂ ਜੀ ਦੇ) ਆਪਣੇ ਹੱਥ ਵਿਚ ਵਡਿਆਈਆਂ ਹਨ, ਉਹ (ਗੁਰੂ ਦੁਆਰਾ) ਨਾਮ ਵਿਚ ਲਾਕੇ (ਜੀਵਾਂ ਨੂੰ) ਦੇਂਦਾ ਹੈ। (ਸੋ ਸਿੱਟੇ ਦੀ ਗੱਲ ਇਹ ਸਮਝ ਲਓ ਕਿ ਜਿਸ ਦੇ) ਮਨ ਵਿਚ ਨਾਮ ਰੂਪੀ ਖ਼ਜ਼ਾਨਾ ਵਸ ਗਿਆ ਉਹ ਵਡਿਆਈ ਪਾਏਗਾ, (ਕਹਿੰਦੇ ਹਨ ਗੁਰੂ) ਨਾਨਕ॥ ੮॥ ੪॥ ੨੬॥

ਆਪਣੈ ਹਥਿ ਵਡਿਆਈਆ ਦੇ ਨਾਮੇ ਲਾਏ ॥ ਨਾਨਕ ਨਾਮੁ ਨਿਧਾਨੁ ਮਨਿ ਵਸਿਆ ਵਡਿਆਈ ਪਾਏ ॥੮॥੪॥੨੬॥

ਭਾਵ ਇਹ ਕਿ ਵਡਿਆਈ ਦਾਤਾ ਤਾਂ ਪ੍ਰਭੂ ਹੈ ਪਰ ਮਿਲਦੀ ਉਹਨਾਂ ਨੂੰ ਹੈ ਜਿਨ੍ਹਾਂ ਦੇ ਅੰਦਰ ਨਾਮ ਵਸਦਾ ਹੈ, ਤੇ ਨਾਮ ਅੰਦਰ ਗੁਰੂ ਵਸਾਉਂਦਾ ਹੈ, ਤੇ ਪੂਰਾ ਗੁਰੂ ਨਦਰ ਨਾਲ ਮਿਲਦਾ ਹੈ। ਇਸ ਦਾ ਭਾਵ ਨਿਰਾਸਤਾ ਵਿਚ ਪੈਣਾ ਨਹੀਂ ਯਾ ਅਪਣੇ ਆਲਸਾਂ ਦਾ ਜ਼ਿੰਮਾ ਸਾਈਂ ਨੂੰ ਦੇਣਾ ਨਹੀਂ। ਇਸ ਦਾ ਭਾਵ ਹੈ ਉੱਦਮ ਕਰੋ, ਉਦਮ ਦਾ ਉਪਦੇਸ਼ ਬੰਦਗੀ ਲਈ ਗੁਰਬਾਣੀ ਵਿਚ ਥਾਂ ਥਾਂ ਹੈ, ਯਥਾ:-

ਉਦਮੁ ਕਰਹੁ ਵਡਭਾਗੀਹੋ ਸਿਮਰਹੁ ਹਰਿ ਹਰਿ ਰਾਇ॥ [ਆਸਾ ਮਹਲਾ ੫, ਛੰਤ-੬]

ਵਯਾਖਯਾ-ਸੁਗਮ ਹੈ। ਸਾਰੇ ਭਾਵ ਤੇ ਪੂਰਬ ਅਪਰ ਦੇ ਮੇਲਵੇਂ ਖਿਆਲ ਉਪਰਲੀ ਟੀਕਾ ਵਿਚ ਹੀ ਭਾਵਾਂ ਵਿਚ ਦੱਸ ਦਿੱਤੇ ਗਏ ਹਨ।

ਨਿਰੁਕ੍ਤ-ਸਾਂਤਿ-ਸ਼ਾਂਤੀ। ਮਨ ਦੀ ਭਟਕਣਾ ਦੀ ਦੂਰ ਹੋਈ ਹਾਲਤ।

ਚੇਤਿ-ਯਾਦ ਕਰ, ਸਿਮਰ।

ਜਲੰਦਾ-ਸੜਦਾ। ਭਾਵ ਤ੍ਰਿਸ਼ਨਾ ਅਗਨੀ ਵਿਚ ਸੜ ਰਿਹਾ। ਮਹਾ-ਵਡਾ।

ਤਤੁ ਬੀਚਾਰਾ-ਅਸਲੀਅਤ ਦੀ ਵਿਚਾਰ, ਭਾਵ ਹੈ, ਬ੍ਰਹਮ ਗਯਾਨ ਤੋਂ। ਕਿਉਂ? ਮੂਲ ਤੱਤ ਬ੍ਰਹਮ ਹੈ।

ਘਰੁ ਦਰੁ-ਘਰ ਤੇ ਦਰਵਾਜ਼ਾ। ਭਾਵ ਹੈ ਘਰੁ=ਅਪਣਾ ਆਤਮ ਸਰੂਪ,ਦਰੁ=ਵਾਹਿਗੁਰੂ ਦਾ ਦਰ,ਉਸ ਦਾ ਸਰੂਪ।

ਸਲਾਹ-ਕੀਰਤੀ। ਸਿਫਤ ਸਲਾਹ। ਗੁਣ ਗਾਯਨ। ਸਬਦੁ ਅਪਾਰਾ-ਅਪਾਰ ਸ਼ਬਦ=ਉਹ ਸ਼ਬਦ ਜੋ ਅੰਦਰ ਹੈ ਤੇ ਅਪਾਰ ਹੈ। ਉਹ ਹੈ ਈਸ਼੍ਵਰ ਦਾ ਵਯਾਪਕ ਸ਼ਬਦ ਜੋ ਘਟ ਘਟ ਵਿਚ ਹੈ ਤੇ ਈਸ਼੍ਵਰੀਯ ਹੋਣ ਕਰਕੇ ਪਾਰ ਰਹਿਤ ਕਹੀਦਾ ਹੈ। ਇਸੇ ਨੂੰ 'ਸ਼ਬਦ ਬ੍ਰਹਮ' ਬੀ ਕਹਿ ਲਈਦਾ ਹੈ।

ਆਪੁ-ਆਪਾ ਭਾਵ। ਹਉਮੈਂ। ਤ੍ਰਿਭਵਣ- [ਸੰਸ:, ਤ੍ਰਿਭੁਵਨੰ] ਤਿੰਨ ਘਰ, ਤਿੰਨ ਲੋਕ, ਸਾਰਾ ਜਗਤ।

ਸੀਤਲੁ-ਠੰਢਾ। ਕਿਲਵਿਖ-ਦੋਖ, ਦੂਸ਼ਨ, ਐਬ, ਪਾਪ।

ਨਿਧਾਨੁ-ਖ਼ਜ਼ਾਨਾ।

[ਆਸਾ ਮਹਲਾ ੩, ਅਸਟਪਦੀ-੨੭]

ਮੂਲ	ਅਰਥ
ਆਸਾ ਮਹਲਾ ੩ ॥	
ਸੁਣਿ ਮਨ ਮੰਨਿ ਵਸਾਇ ਤੂੰ ਆਪੇ ਆਇ ਮਿਲੈ ਮੇਰੇ ਭਾਈ ॥ ਅਨਦਿਨੁ ਸਚੀ ਭਗਤਿ ਕਰਿ ਸਚੈ ਚਿਤੁ ਲਾਈ ॥੧॥	ਹੇ ਮੇਰੇ ਭਾਈ ! ਤੂੰ ਸੁਣ, ਮੰਨ ਤੇ ਮਨ ਵਿਚ ਵਸਾਈ ਕਰ (ਨਾਮ ਦੀ), ਇਉਂ ਸੱਚੇ (ਪ੍ਰਭੂ) ਵਿਚ ਚਿੱਤ ਲਾਕੇ ਹਰ ਦਿਨ (ਸਦਾ) ਸਚੀ ਭਗਤੀ ਕਰ, (ਤਦ ਤੈਨੂੰ ਸੱਚਾ ਪ੍ਰਭੂ) ਆਪੇ ਆ ਮਿਲੇਗਾ॥ ੧॥
ਏਕੋ ਨਾਮੁ ਧਿਆਇ ਤੂੰ ਸੁਖੁ ਪਾਵਹਿ ਮੇਰੇ ਭਾਈ ॥ ਹਉਮੈ ਦੂਜਾ ਦੂਰਿ ਕਰਿ ਵਡੀ ਵਡਿਆਈ ॥੧॥ ਰਹਾਉ ॥	(ਇਸ ਬਿਧਿ) ਹੇ ਮੇਰੇ ਭਾਈ ! ਤੂੰ ਇਕੋ ਨਾਮ ਨੂੰ ਧਿਆਉ, (ਅੰਦਰੋਂ) ਹਉਮੈ ਨੂੰ (ਤੇ ਈਸ਼੍ਵਰ ਅਤ੍ਰਿਕਤ ਜੋ) ਦੁਐਤ ਭਾਵਨਾ (ਹੈ ਉਸ) ਨੂੰ ਬੀ ਦੂਰ ਕਰ, ਤਦ ਤੈਨੂੰ ਸੁਖ ਤੇ ਵਡੀ ਵਡਿਆਈ ਮਿਲੇਗੀ।

ਭਾਵ-ਨਾਮ ਧਿਆਉਣ ਦੇ ਤ੍ਰੈ ਦਰਜੇ ਦੱਸੇ ਹਨ-੧. ਨਾਮ ਦਾ ਸੁਣਨਾ-ਨਾਮ ਦੀ ਮਹਿਮਾ ਸੁਣਨੀ ਤੇ 'ਨਾਮ' ਲੈਣਾ। ੨. ਨਾਮ ਮੰਨਨ ਕਰਨਾ, ਭਾਵ ਸਿਮਰਨਾ ਤੇ ਜੇ ਭੁੱਲੇ ਤਾਂ ਫੇਰ ਫੇਰ, ਲਗ ਪੈਣਾ। ੩. ਨਾਮ ਦੀ ਮਨ ਵਿਚ ਨਾਮ ਵਸਾਈ ਕਰਨੀ ਇਹ ਹੈ ਕਿ ਨਾਮ ਅਵਿਛੜ ਹੋਕੇ ਹਿਰਦੇ ਵਿਚ ਵਸ ਜਾਵੇ, ਅੰਦਰ ਵਸਦੇ ਨੂੰ ਹਿੱਲਣ ਨਾ ਦੇਣਾ। ਫੇਰ ਦੱਸਿਆ ਕਿ ਇਹ ਕੁਛ ਕਰਦਿਆਂ ਦੋ ਗਲਾਂ ਹੋਰ ਨਾਲ ਧਾਰਨ ਕਰਨੀਆਂ ਹਨ। ੧. ਸਾਰੀ ਤਵੱਜੋ ਜਾਂ ਧਯਾਨ ਸਿਮਰਨ ਕਰਦਿਆਂ ਸਾਈਂ ਵਲ ਰੱਖਣਾ ਹੈ, ੨. ਸਿਮਰਨ ਸਾਈਂ ਨਾਲ ਪਿਆਰ ਭਾਵਨਾ ਵਿਚ ਕਰਨਾ ਹੈ। ਫੇਰ ਦੱਸਿਆ ਕਿ ਦੋ ਗਲਾਂ ਤਯਾਗਣੀਆਂ ਹਨ:-੧. ਛੱਡਣੀ ਹੈ ਹਉਮੈ, ੨. ਛੱਡਣੀ ਹੈ ਦੁਐਤ ਭਾਵਨਾ, ਵਾਹਿਗੁਰੂ ਤੋਂ ਛੁੱਟ ਕਿਸੇ ਦੂਜੇ ਵਿਚ ਭਾਵਨਾ ਕਰਨੀ ਯਾ ਦੂਜੇ ਵਿਚ ਸਤਯ ਬੁਧੀ ਧਾਰਨ ਕਰਨੀ। ਇਸ ਤੋਂ ਉਪ੍ਰੰਤ ਰਹਾਉ ਵਿਚ ਹੀ ਦੱਸਿਆ ਕਿ ਇਸ ਦਾ ਫਲ ਕੀ ਹੋਵੇਗਾ? ਇਸ ਦਾ ਉੱਤਰ ਦਿੱਤਾ ਕਿ ਤੇਰੇ ਅੰਦਰ ਤੈਨੂੰ ਆਤਮ ਸੁਖ ਪ੍ਰਾਪਤ ਹੋਵੇਗਾ ਤੇ ਬਾਹਰ ਲੋਕ ਪ੍ਰਲੋਕ ਵਿਚ ਤੇਰੀ ਵਡੀ ਵਡਿਆਈ, ਭਾਵ ਆਤਮ ਰੂਹਾਨੀ ਸ਼ੋਭਾ ਹੋਵੇਗੀ। ਹੁਣ ਪ੍ਰਸ਼ਨ ਹੁੰਦਾ ਹੈ ਕਿ ਇਹ ਭਗਤੀ ਕਿਥੋਂ ਮਿਲਦੀ ਹੈ? ਤਾਂ ਉੱਤਰ ਬਖਸ਼ਦੇ ਹਨ:-

ਮੂਲ	ਅਰਥ
ਇਸੁ ਭਗਤੀ ਨੋ ਸੁਰਿ ਨਰ ਮੁਨਿ ਜਨ ਲੋਚਦੇ ਵਿਣੁ ਸਤਿਗੁਰ ਪਾਈ ਨ ਜਾਇ ॥ ਪੰਡਿਤ ਪੜਦੇ ਜੋਤਿਕੀ ਤਿਨ ਬੂਝ ਨ ਪਾਇ ॥੨॥	(ਇਹ ਭਗਤੀ) ਸਤਿਗੁਰ ਤੋਂ ਬਿਨਾਂ (ਹੋਰ ਕਿਸੇ ਤੋਂ) ਨਹੀਂ ਪਾਈ ਜਾਂਦੀ। ਇਸ ਭਗਤੀ ਨੂੰ ਦੇਵਤੇ, ਮਨੁੱਖ ਤੇ ਮੁਨੀ ਜਨ ਲੋਚਦੇ ਹਨ, (ਪਰ ਓਹ ਬੀ ਗੁਰੂ ਬਿਨਾਂ ਨਹੀਂ ਪਾ ਸਕਦੇ। ਧਰਮ ਤੇ ਸ਼ਾਸਤ੍ਰ) ਪੜ੍ਹਦੇ ਪੰਡਿਤ (ਤੇ ਖਗੋਲ ਵਿਦਯਾ ਆਦਿ ਪੜ੍ਹਦੇ) ਜਯੋਤਸ਼ੀ ਬੀ (ਪੜ੍ਹਦੇ ਤਾਂ ਹਨ, ਪਰ) ਉਨ੍ਹਾਂ ਨੂੰ ਬੀ (ਇਸ ਭਗਤੀ ਦੀ) ਸੋਝੀ ਨਹੀਂ ਪੈਂਦੀ॥ ੨॥
ਆਪੈ ਥੈ ਸਭੁ ਰਖਿਓਨੁ ਕਿਛੁ ਕਹਣੁ ਨ ਜਾਈ ॥ ਆਪੇ ਦੇਇ ਸੁ ਪਾਈਐ ਗੁਰਿ ਬੂਝ ਬੁਝਾਈ ॥੩॥	(ਕਿਉਂਕਿ ਵਾਹਿਗੁਰੂ ਜੀ ਨੇ) ਸਭ ਕੁਛ ਆਪਣੇ ਹੱਥ ਵਿਚ ਰਖਿਆ ਹੋਇਆ ਹੈ, (ਕਿਉਂ ਤੇ ਕੀਕੂੰ? ਇਸ ਬਾਬਤ) ਕੁਛ ਕਿਹਾ ਨਹੀਂ ਜਾ ਸਕਦਾ। (ਸਾਨੂੰ) ਗੁਰੂ ਨੇ ਇਹ ਸੋਝੀ ਸੁਝਾ ਦਿੱਤੀ ਹੈ (ਕਿ ਜੋ ਕੁਛ ਓਹ ਪ੍ਰਭੂ) ਆਪੇ ਦੇਵੇ ਸੋ ਪਾਈਦਾ ਹੈ॥ ੩॥

ਭਾਵ-ਪੰਡਿਤ ਆਦਿ ਵਿਦਯਾ ਵਾਲੇ ਆਪਣੀ ਵਿਦਯਾ ਤੇ ਦਿਮਾਗੀ ਸ਼ਕਤੀ ਨਾਲ ਲੱਭਦੇ ਹਨ, ਸਮਝ ਤਾਂ ਭਾਵੇਂ ਕੁਛ ਆ ਜਾਵੇ ਨੇ, ਪਰ ਭਗਤੀ ਨਹੀਂ ਮਿਲਦੀ। ਓਹ ਤਾਂ ਖੋਜ ਕਰਦੇ ਹਨ 'ਕੀਤੀ

ਹੋਈ' ਦੀ, ਚਾਹੋ ਆਰਥਿਕ, ਚਾਹੋ ਪਰਮਾਰਥਿਕ ਤੇ ਭਗਤੀ ਹੈ ਕਰਤਾਰ ਨੂੰ ਪਜਾਰ ਕਰਨਾ, ਜਿਸ ਦਾ ਸਰੂਪ ਉਪਰ ਦੱਸਿਆ ਨੇ। ਇਹ ਸ਼ੈ ਕਰਤਾਰ ਦੇ ਹੱਥ ਹੈ। ਅੰਕ ੨ ਵਿਚ ਦੱਸਿਆ ਸੀ ਕਿ ਗੁਰੂ ਤੋਂ ਬਿਨਾਂ ਨਹੀਂ ਮਿਲਦੀ। ਹੁਣ ਦੱਸਿਆ ਕਿ ਪ੍ਰਭੂ ਨੇ ਆਪਣੇ ਹੱਥ ਭਗਤੀ ਰਖੀ ਹੋਈ ਹੈ। ਸੋ ਜਿਸ ਨੂੰ ਦੇਣੀ ਹੁੰਦੀ ਹੈ, ਉਸ ਨੂੰ ਗੁਰੂ ਦੀ ਸ਼ਰਣ ਪ੍ਰਾਪਤ ਕਰਾ ਦੇਂਦਾ ਹੈ। ਗੁਰੂ ਫੇਰ ਸਾਰੀ ਸੋਝੀ ਭਗਤੀ ਦੀ ਦੇਂਦਾ ਹੈ; ਤੇ ਇਹ ਸਬਕ ਬੀ ਗੁਰੂ ਸਿਖਾਲਦਾ ਹੈ ਕਿ ਮਤ ਮਾਣ ਕਰੋ ਕਿ ਮੈਂ ਭਗਤ ਹਾਂ, ਮੈਂ ਭਗਤੀ ਕੀਤੀ ਹੈ, ਸਭ ਦਾਤ ਸਮਝੋ ਦਾਤੇ ਦੀ। ਇਸ ਭਾਵਨਾ ਨਾਲ ਹਉਮੈਂ ਨਿਰਯਤਨ ਦੂਰ ਹੋ ਜਾਂਦੀ ਹੈ ਤੇ ਭਗਤੀ ਭਾਵ ਨਿਰਮਲ ਟੁਰਿਆ ਰਹਿੰਦਾ ਹੈ। ਹੁਣ ਪ੍ਰਸ਼ਨ ਹੁੰਦਾ ਹੈ ਕਿ ਜਿਨ੍ਹਾਂ ਨੂੰ ਨਹੀਂ ਮਿਲੀ ਸੋ ਮਾੜੇ ਮੰਦੇ ਹੋਏ? ਇਹ ਸ਼ੰਕਾ ਅਗਲੇ ਅੰਕ ਵਿਚ ਨਵਿਰਤ ਕਰਦੇ ਹਨ:-

ਜੀਅ ਜੰਤ ਸਭਿ ਤਿਸ ਦੇ ਸਭਨਾ ਕਾ ਸੋਈ ॥ ਮੰਦਾ ਕਿਸ ਨੋ ਆਖੀਐ ਜੇ ਦੂਜਾ ਹੋਈ ॥੪॥

ਜੀਅ ਜੰਤ ਸਾਰੇ ਉਸ ਦੇ (ਕੀਤੇ ਹੋਏ) ਹਨ, ਸਭਨਾਂ ਦਾ (ਕਰਤਾਰ) ਉਹੋ (ਆਪ) ਹੈ। ਮਾੜਾ ਕਿਸ ਨੂੰ ਕਹੀਏ, (ਤਾਂ ਕਹੀਏ) ਜੇ (ਕੋਈ) ਦੂਜਾ (ਕਰਤਾਰ) ਹੋਵੇ॥ ੪॥

ਇਕੋ ਹੁਕਮੁ ਵਰਤਦਾ ਏਕਾ ਸਿਰਿ ਕਾਰਾ ॥ ਆਪਿ ਭਵਾਲੀ ਦਿਤੀਅਨੁ ਅੰਤਰਿ ਲੋਭੁ ਵਿਕਾਰਾ ॥੫॥

(ਫੇਰ ਦੇਖੋ ਉਸ) ਇਕੋ ਦਾ ਹੁਕਮ (ਸਾਰੇ ਜਗਤ ਵਿਚ) ਵਰਤ ਰਿਹਾ ਹੈ, (ਤੇ ਸਭਨਾਂ ਦੇ) ਸਿਰ ਉਤੇ (ਉਸ) ਇਕੋ (ਦੀ ਲਾਈ) ਕਾਰ ਹੈ।(ਜਿਨ੍ਹਾਂ ਦੇ) ਅੰਦਰ ਲੋਭ (ਆਦਿ) ਵਿਕਾਰ ਹਨ, (ਉਨ੍ਹਾਂ ਨੂੰ) ਆਪ ਹੀ (ਉਸ ਨੇ) ਭੁਆਟੜੀ ਦਿੱਤੀ ਹੈ।

ਭਾਵ-ਰਚਨਹਾਰ ਉਹ ਇਕੋ ਹੈ ਹੋਰ ਕੋਈ ਰਚਣਹਾਰ ਨਹੀਂ, ਇਹ ਕਹਿਕੇ ਉਹ ਖਿਆਲ ਜੋ ਕਈ ਮਤਾਂ ਦਾ ਹੈ ਕਿ ਨੇਕੀ ਦਾ ਰੱਬ ਤਾਂ ਖ਼ੁਦਾ ਹੈ, ਪਰ ਬਦੀ ਕਰਾਉਣ ਵਾਲਾ ਦੂਸਰਾ ਹੈ, ਉਹ ਸ਼ੈਤਾਨ ਹੈ। ਇਸ ਤਰ੍ਹਾਂ ਲਗ ਪਗ ਦੋ ਖ਼ੁਦਾ ਮੰਨਣੇ ਪੈ ਗਏ। ਗੁਰੂ ਜੀ ਮੁਵਾਹਿਦ ਹਨ; ਇਕੋ ਦੇ ਉਪਾਸ਼ਕ ਹਨ। ਉਹ ਸ਼ੈਤਾਨ ਆਦਿ ਕੋਈ ਹੋਰ ਹਸਤੀ ਪੈਦਾ ਕਰਨ ਵਾਲੀ ਯਾ ਜੀਵਾਂ ਨੂੰ ਪ੍ਰੇਰਨ ਵਾਲੀ ਉਹਨਾਂ ਦੇ ਸਿਰ ਤੇ ਕਾਰ ਕਰਾਉਣ ਦਾ ਡੰਡਾ ਲੈਕੇ ਖੜੀ ਨਹੀਂ ਦੱਸਦੇ। ਉਹੋ ਕਰਤਾ ਹੈ, ਉਹੋ ਕਾਦਰ ਹੈ। ਜਦ *'ਕਰਣ ਕਾਰਣ ਪ੍ਰਭੁ ਏਕੁ ਹੈ'* ਮੰਨਿਆ ਤਦ ਮਾੜੇ ਚੰਗੇ ਦਾ ਪ੍ਰੇਰਕ ਹੋਰ ਕੋਈ ਨਾ ਮੰਨਿਆ ਤੇ ਸੁਤੇ ਹੀ ਸਭੋ ਕੁਛ ਉਸ ਇਕੋ ਤੇ ਗਿਆ। ਇਸ ਦਾ ਇਹ ਅਰਥ ਨਹੀਂ ਕਿ ਬਦੀ ਕਰਨ ਵਾਲੇ ਦੇ ਕੀਤੇ ਦੀ ਬਦੀ ਦਾ ਜ਼ਿੰਮਾ ਸਾਈਂ ਦੇ ਸਿਰ ਹੈ ਤੇ ਉਹ ਕਰਨ ਵਾਲਾ ਪਾਪ ਪੁੰਨ ਦੇ ਫਲਾਂ ਤੋਂ ਬਰੀ ਹੋ ਗਿਆ। ਇਹ ਮਤਿ ਤਾਂ ਦਿੱਤੀ ਕਿ ਤੁਸੀਂ ਆਪ ਨੂੰ ਅਪਣੇ ਕੀਤੇ ਤੋਂ ਬਰੀ ਨਾ ਸਮਝੋ ਪਰ ਕਿਸੇ ਨੂੰ ਮਾੜੇ ਕਰਮਾਂ ਵਿਚ ਦੇਖਕੇ ਮਾੜਾ ਕਹਿਕੇ ਨਫਰਤ ਵਿਚ ਨਾ ਜਾਓ। ਫੇਰ ਵਾਹਿਗੁਰੂ ਨੂੰ ਬੀ ਦੋਸ਼ ਨਾ ਦਿਓ ਕਿਉਂਕਿ ਜੇ ਕੋਈ ਕਿਸੇ ਨੂੰ ਚਪੇੜ ਮਾਰੇ ਤਾਂ ਉਸ ਨੂੰ ਚਾਨਣੇ ਵਿਚ ਮੂੰਹ ਦਿੱਸੇਗਾ ਤਾਂ ਹੀ ਚਪੇੜ ਮਾਰੇਗਾ, ਜੇ ਚਾਨਣ ਨਾ ਹੋਵੇ ਤੇ ਦਿੱਸੇ ਹੀ ਨਾ ਤਾਂ ਚਪੇੜ ਕਿਸ ਤਰ੍ਹਾਂ ਵੱਜ ਸਕੇਗੀ, ਪਰ ਕਦੇ ਕਿਸੇ ਨੇ ਚਾਨਣੇ ਨੂੰ ਬੀ ਚਪੇੜ ਮਾਰਨ ਦਾ ਜ਼ਿੰਮੇਵਾਰ ਠਹਿਰਾਇਆ ਹੈ?

ਇਕ ਹੋਰ ਪ੍ਰਤੱਖ ਦ੍ਰਿਸ਼ਟਾਂਤ ਹੈ ਕਿ ਕੋਈ ਸਰਕਾਰ ਇਕ ਆਦਮੀ ਨੂੰ ਇਸ ਕੰਮ ਤੇ ਨੌਕਰ ਰਖਦੀ ਹੈ ਕਿ ਤੂੰ ਸਮੁੰਦਰ ਦੇ ਕਿਨਾਰੇ ਪਹਿਰਾ ਦੇਹ, ਜਿਥੇ ਲੋਕ ਨਹਾਉਂਦੇ ਹਨ, ਜੇ ਕੋਈ ਡੁੱਬਣ ਲਗੇ ਉਸ ਨੂੰ ਜਾਕੇ ਤਾਰੀ ਲਾਕੇ ਕੱਢ ਲਿਆਇਆ ਕਰ। ਇਹ ਆਦਮੀ ਸਰਕਾਰ ਦੇ ਹੁਕਮ ਨਾਲ ਜਾਨਾਂ ਬਚਾਉਣ ਦਾ ਸ਼ੁਭ ਕੰਮ ਕਰ ਰਿਹਾ ਹੈ। ਇਸੇ ਤਰ੍ਹਾਂ ਸਰਕਾਰ ਇਕ ਆਦਮੀ ਨੂੰ ਨੌਕਰ ਰਖਦੀ ਹੈ ਤੇ ਹੁਕਮ ਦੇਂਦੀ ਹੈ ਕਿ ਜਿਸ ਨੂੰ ਸਰਕਾਰ ਫਾਂਸੀ ਦੀ ਸਜ਼ਾ ਦੇਵੇ ਤੈਨੂੰ ਹੁਕਮ ਹੈ ਕਿ ਉਸ ਨੂੰ ਫਾਂਸੀ ਦੇ ਤਖਤੇ ਤੇ ਖੜਾ ਕਰਕੇ ਰੱਸਾ ਤੂੰ ਖਿੱਚਿਆ ਕਰ। ਸੋ ਇਹ ਆਦਮੀ ਹੁਕਮ ਨਾਲ ਜਾਨਾਂ ਤਬਾਹ ਕਰਨ ਦਾ ਮੰਦਾ ਕੰਮ ਕਰਦਾ ਹੈ। ਦੁਇ ਇਕੋ ਸਰਕਾਰ ਦੇ ਹੁਕਮ ਬੱਧੇ ਨੇਕੀ ਬਦੀ ਕਰਦੇ ਹਨ, ਪਰ ਤੁਸੀਂ ਫੇਰ ਬੀ ਹੁਕਮ ਵਜਾਉਣ ਵਾਲੇ ਜਾਨ ਬਚਾਉਣ ਵਾਲੇ ਨੂੰ ਮਿਲਕੇ ਖੁਸ਼ ਹੋਵੋਗੇ, ਸ਼ਾਬਾਸ਼ੇ ਆਖੋਗੇ, ਪਰ ਫਾਂਸੀ ਦੇ ਰੱਸੇ

ਖਿੱਚਣ ਵਾਲੇ ਤੋਂ ਨਫਰਤ ਕਰੋਗੇ ਤੇ ਉਸ ਨੂੰ ਦੇਖਕੇ ਪਰੇ ਹਟੋਗੇ। ਮਾਮਲਾ ਬੜਾ ਬਾਰੀਕ ਹੈ ਪਰ ਕੁਛ ਇਸ ਪ੍ਰਕਾਰ ਦੇ ਦ੍ਰਿਸ਼ਟਾਂਤਾਂ ਤੋਂ ਸਮਝ ਹੋ ਆਉਂਦੀ ਹੈ।

ਤੀਸਰੇ ਇਹ ਗਜਾਨਵਾਨ ਦੀ ਦ੍ਰਿਸ਼ਟੀ ਬੀ ਕਹਿਕੇ ਵਰਣਨ ਕੀਤਾ ਜਾਂਦਾ ਹੈ ਕਿ ਉਹਦੀ ਨਜ਼ਰ ਕਾਰਣਾਂ ਤੋਂ ਉੱਠ ਉੱਠ ਕੇ ਅੰਤਮ (Ultimate) ਕਾਰਣ ਤੇ ਜਾਂਦੀ ਹੈ। ਹਰ ਹੋਣੀ ਦਾ ਇਕ ਉਸੇ ਵੇਲੇ ਦਾ ਪ੍ਰਤੱਖ ਕਾਰਣ ਹੁੰਦਾ ਹੈ, ਜਿਵੇਂ ਸ਼ਾਹੀ ਡੁੱਲ੍ਹ ਪਈ ਕਿਉਂਕਿ ਬੱਤੀ ਅਚਾਨਕ ਬੁਝ ਗਈ ਸੀ। ਬੱਤੀ ਬੁਝਣ ਦਾ ਕਾਰਨ ਬਿਜਲੀ ਘਰ ਵਿਚ ਸੀ, ਇਹ ਕਾਰਣ, ਅੰਤਮ ਕਾਰਣ, ਕਾਰਣ ਦਾ ਬੀ ਕਾਰਣ ਹੈ ਸ਼ਾਹੀ ਡੁੱਲ੍ਹਣੇ ਦਾ। ਇਉਂ ਬ੍ਰਹਮ ਗਜਾਨੀ ਦੀ ਦ੍ਰਿਸ਼ਟੀ ਅੰਤਮ ਕਾਰਣ, ਕਾਰਣਾਂ ਦੇ ਕਾਰਣ ਤੇ ਹੁੰਦੀ ਹੈ ਤੇ ਉਹ ਨਿਕਟ ਵਰਤੀ ਕਾਰਣ ਤੋਂ ਨਜ਼ਰ ਚਾ ਲੈਂਦੇ ਹਨ ਤਾਕਿ ਉਹ ਕਿਸੇ ਨੂੰ ਮਾੜਾ ਸਮਝਕੇ ਅਪਣੇ ਅੰਦਰ ਨਾ-ਪਿਆਰ ਯਾ ਨਫਰਤ ਦੀ ਆਸੁਰੀ ਸੰਪਦਾ ਦੀ ਕੋਈ ਸ਼ੈ ਨਾ ਵਾੜ ਲੈਣ। ਇਸ ਗਲ ਦੀ ਕੁਛ ਸੈਨਤ ਅਗਲੇ ਅੰਕ ੫ ਤੇ ਛੇ ਵਿਚ ਸੱਟੀ ਹੈ।

ਇਕ ਆਪੇ ਗੁਰਮੁਖਿ ਕੀਤਿਅਨੁ ਬੂਝਨਿ ਵੀਚਾਰਾ ॥ ਭਗਤਿ ਭੀ ਓਨਾ ਨੋ ਬਖਸੀਅਨੁ ਅੰਤਰਿ ਭੰਡਾਰਾ ॥੬॥

(ਵਾਹਿਗੁਰੂ ਨੇ) ਇਕ (ਲੋਕ) ਆਪੇ ਗੁਰੂ ਦੇ ਸਨਮੁਖ ਕਰ ਦਿਤੇ ਹਨ, (ਓਹ ਇਨ੍ਹਾਂ) ਵੀਚਾਰਾਂ ਨੂੰ ਸਮਝਦੇ ਹਨ। ਉਨ੍ਹਾਂ ਨੂੰ ਭਗਤੀ ਬੀ ਬਖਸ਼ੀ ਹੈ (ਤੇ ਉਨ੍ਹਾਂ ਦੇ) ਅੰਦਰ (ਭਗਤੀ ਦੇ) ਭੰਡਾਰ (ਭਰ ਦਿੱਤੇ) ਹਨ* ॥ ੬ ॥

ਗਿਆਨੀਆ ਨੋ ਸਭੁ ਸਚੁ ਹੈ ਸਚੁ ਸੋਝੀ ਹੋਈ ॥ ਓਇ ਭੁਲਾਏ ਕਿਸੈ ਦੇ ਨ ਭੁਲਨ੍ਹੀ ਸਚੁ ਜਾਣਨਿ ਸੋਈ ॥੭॥

(ਹਾਂ, ਓਹ ਗਜਾਨੀ ਹੋਏ ਹਨ, ਉਨ੍ਹਾਂ) ਗਿਆਨੀਆਂ ਨੂੰ ਸਭ (ਉਹੋ ਸੱਚ=) ਸਤਜ ਸਰੂਪ ਹੀ (ਦਿੱਸਦਾ ਹੈ, ਉਨ੍ਹਾਂ ਨੂੰ ਦਿੱਸਦਾ ਹੀ ਨਹੀਂ, ਉਨ੍ਹਾਂ ਨੂੰ) ਸਚ ਮੁਚ (ਸੱਚ ਦੀ) ਸੋਝੀ (=ਲੱਖਤਾ) ਹੋ ਗਈ ਹੈ। ਓਹ ਕਿਸੇ ਦੇ ਭੁਲਾਏ ਹੋਏ ਭੁੱਲਦੇ ਨਹੀਂ, (ਕਿਉਂਕਿ ਓਹ) ਓਸੇ ਸੱਚ (=ਸਤਜ ਸਰੂਪ) ਨੂੰ ਪਛਾਣਦੇ ਹਨ।

ਭਾਵ-ਇਨ੍ਹਾਂ ਦੋਹਾਂ ਅੰਕਾਂ ਵਿਚ ਪਿਛਲੇ ਸਿਲਸਿਲੇ ਵਿਚ ਆ ਰਹੀ ਗਲ ਬਾਤ ਨੂੰ ਜਾਰੀ ਰਖਕੇ ਗਜਾਨੀ ਦੀ 'ਸਤਜ ਦ੍ਰਿਸ਼ਟੀ' ਤੇ 'ਸਤਜ ਲੱਖਤਾ' ਦਿਖਾਈ ਹੈ ਜੋ ਇਕੋ ਇਕ ਨੂੰ ਸਹੀ ਕਰ ਲੈਂਦੀ ਹੈ ਤੇ ਦੂਜਾ ਪ੍ਰਭੂ, ਦੂਜਾ ਪ੍ਰੇਰਕ, ਯਾ ਦੁਐਤ-ਭਾਵਨਾ ਤੋਂ ਲੰਘਕੇ ਇਕ ਸਤਜ ਸਰੂਪ ਦੇ ਅਨੁਭਵ ਵਿਚ ਇਕੋ ਇਕ ਵਿਚ ਇਸਥਿਤ ਹੈ। ਅੰਕ ੬ ਵਿਚ ਗੁਰਮੁਖ ਦੇ ਅਰਥ 'ਗੁਰੂ ਦੇ ਸਨਮੁਖ' ਹੈ ਕਿ ਇਕਨਾਂ ਨੂੰ ਭੁਆਟੜੀ ਨਹੀਂ ਦਿੱਤੀ, ਗੁਰੂ ਦੇ ਸਨਮੁਖ ਕਰ ਦਿੱਤਾ ਹੈ। ਜੋ ਗੁਰੂ ਸਨਮੁਖ ਹੋਏ ਓਹ ਨਾਮ ਜਪਕੇ ਨਿਰਮਲ ਹੋਏ, ਉਨ੍ਹਾਂ ਦੀ ਵੀਚਾਰ ਖੁਲ੍ਹ ਗਈ ਤੇ ਗੱਲ ਦੀ ਅਸਲੀਅਤ ਨੂੰ ਸਮਝਣ ਲੱਗ ਪਏ, ਕਿਉਂਕਿ ਗੁਰੂ ਮੇਹਰ ਨਾਲ ਨਾਮ ਵਿਚ ਲਗੇ, ਭਗਤੀ ਵਿਚ ਆਕੇ ਭਗਤ ਹੋ ਗਏ, ਇਹ ਸਾਈਂ ਦੀ ਦੂਜੀ ਮੇਹਰ ਸੀ। ਪਹਿਲਾਂ 'ਗੁਰੂ ਦੀ ਸਨਮੁਖਤਾ' ਦੀ ਦਾਤ, ਫੇਰ ਭਗਤੀ ਦੀ ਦਾਤ, ਫੇਰ ਤੀਜੀ ਦਾਤ ਕਿ ਭਗਤੀ ਅਖੁੱਟ ਕਰ ਦਿੱਤੀ, ਭੰਡਾਰ ਭਰ ਦਿੱਤੇ। ਹੁਣ ਓਹ ਸਫਲ ਗਜਾਨੀ ਹੋ ਗਏ, ਭਗਤ, ਭੰਡਾਰ, ਵਾਹਿਗੁਰੂ ਦੇ ਪ੍ਰੇਮ ਰੰਗ ਰੱਤੇ ਉਸ ਦੇ ਜਾਣਨਹਾਰ। ਉਨ੍ਹਾਂ ਨੇ ਹੁਣ ਸੱਚ ਸਰੂਪ ਅਰਥਾਤ ਪ੍ਰਭੂ ਨੂੰ ਅਨੁਭਵ ਕਰ ਲਿਆ ਹੈ। ਓਹ ਉਹਨਾਂ ਦਾ ਖਿਆਲ ਮਾਤ੍ਰ ਯਾ ਦ੍ਰਿਸ਼ਟੀ ਮਾਤ੍ਰ ਨਹੀਂ, ਉਹ ਸੱਚ ਦੀ ਪੂਰਨ ਤੇ ਅਭੁੱਲ ਲੱਖਤਾ ਹੈ। ਹੁਣ ਪ੍ਰਸ਼ਨ ਹੁੰਦਾ ਹੈ ਕਿ ਇਸ ਪ੍ਰਕਾਰ ਦੇ ਭਗਤ ਗਿਆਨੀ ਫੇਰ ਸਰੀਰਕ ਕ੍ਰਿਯਾਵਾਂ ਤੋਂ ਰਹਿਤ ਹੋ ਜਾਂਦੇ ਹਨ ਤਾਂ ਉੱਤਰ ਦੇਂਦੇ ਹਨ ਕਿ-

ਘਰ ਮਹਿ ਪੰਚ ਵਰਤਦੇ ਪੰਚੇ ਵੀਚਾਰੀ ॥

ਸਰੀਰ ਵਿਚ ਪੰਜ (ਗਿਆਨ ਇੰਦ੍ਰੇ ਭਗਤ ਗਜਾਨਵਾਨ ਦੇ ਬੀ) ਵਰਤਦੇ ਹਨ, ਪਰ ਪੰਜੇ ਵੀਚਾਰਵਾਨ ਹੋਕੇ (ਵਰਤਦੇ ਹਨ।

* ਯਥਾ:-ਭਗਤਿ ਭੰਡਾਰ ਗੁਰਿ ਨਾਨਕ ਕਉ ਸਉਪੇ ਫਿਰਿ ਲੇਖਾ ਮੂਲਿ ਨ ਲਇਆ॥ [ਸੋਰਠਿ ਮਹਲਾ ੫-੧੪]

ਨਾਨਕ ਬਿਨੁ ਸਤਿਗੁਰ ਵਸਿ ਨ ਆਵਨ੍ਹੀ ਨਾਮਿ ਹਉਮੈ ਮਾਰੀ ॥੮॥੫॥੨੭॥	ਪਰ ਸਿੱਟੇ ਦੀ ਗੱਲ ਇਹ ਜੇ ਕਿ) ਹੇ ਨਾਨਕ ! (ਏਹ) ਸਤਿਗੁਰੂ ਤੋਂ ਬਿਨਾ ਵੱਸ ਵਿਚ ਨਹੀਂ ਜੇ ਆਉਂਦੇ, (ਕਿਉਂਕਿ ਸਤਿਗੁਰੂ ਨਾਮ ਦ੍ਰਿੜਾਉਂਦਾ ਹੈ ਤੇ) ਨਾਮ (ਦੁਆਰਾ) ਹਉਮੈਂ ਮਾਰੀ ਜਾਂਦੀ ਹੈ (ਤੇ ਹਉਮੈਂ ਕਾਰਣ ਹੈ ਜਿਸ ਤੋਂ ਇਨਸਾਨ ਦੀ ਸਮਝ ਤੇ ਗਿਆਨ ਆਦਿ ਇੰਦ੍ਰਿਆਂ ਵਿਚ ਬੇਵਿਚਾਰੀ ਕੰਮ ਕਰਦੀ ਹੈ, ਹਉਮੈਂ ਮਾਰੀ ਗਈ ਤਾਂ ਸਭ ਕੁਛ ਵੀਚਾਰ ਦੇ ਵੱਸ ਵਿਚ ਆ ਜਾਂਦਾ ਹੈ)॥ ੮॥

ਭਾਵ-ਗ੍ਯਾਨਵਾਨ ਦੇ ਗ੍ਯਾਨ ਨਾਲ ਗ੍ਯਾਨ ਇੰਦ੍ਰੇ ਸਿਥਲ ਨਹੀਂ ਹੋ ਜਾਂਦੇ, ਸਰੀਰ ਦੀ ਕ੍ਰਿਯਾ ਤਾਂ ਉਹੀ ਸਾਧਦੇ ਹਨ। ਉਹ ਵੀਚਾਰਵਾਨ ਹੋ ਜਾਂਦੇ ਹਨ, ਜਿਵੇਂ ਖੁੱਲੇ ਛੱਡੇ ਢੱਗੇ ਖੇਤ ਉਜਾੜਦੇ ਹਨ, ਪਰ ਹਲ ਜੋਤੇ ਖੇਤੀਆਂ ਪੈਦਾ ਕਰਦੇ ਹਨ। ਤਿਵੇਂ ਵੀਚਾਰਸ਼ੀਲ ਇੰਦ੍ਰੇ ਕੋਈ ਹਾਨੀ ਨਾ ਸ਼ਰੀਰ ਨੂੰ ਨਾ ਜਗਤ ਨੂੰ ਕਰਦੇ ਹਨ, ਉਹ ਵੀਚਾਰਾਂ ਦੇ ਅਨਕੂਲ ਹੋਏ ਸ਼ੁਭ ਹੀ ਸ਼ੁਭ ਕਰਦੇ ਹਨ। ਇਹ ਜਵਾਬ ਦੇਕੇ ਅੰਤ ਵਿਚ ਤਾਕੀਦ ਕਰਦੇ ਹਨ ਕਿ ਜੋ ਅਸਾਂ ਮੁੱਢ ਵਿਚ ਮੂਲਕ ਗਲ ਕਹੀ ਸੀ ਕਿ ਨਾਮ ਨੂੰ ਮਨ ਵਸਾਓ, ਉਹ ਨਾ ਛੋੜਨੀ। ਨਾਮ ਹੈ ਜੋ ਹਉਮੈ ਨੂੰ ਮਾਰਕੇ ਸੁਖ ਦੇਵੇਗਾ ਤੇ ਗ੍ਯਾਨਵਾਨ ਬਣਾਏਗਾ ਤੇ ਵਰਤੋਂ ਨੂੰ ਬੀ ਵੀਚਾਰਸ਼ੀਲ ਕਰੇਗਾ। ਤੇ ਨਾਮ ਲਈ ਗੁਰੂ ਸ਼ਰਨ ਲਓ।

ਨਿਰੁਕ੍ਤ- ਸੁਣਿ ਮਨ ਮੰਨਿ ਵਸਾਇ-੧. ਸੁਣ, ੨. ਮੰਨ, ਤੇ ਮਨ ਵਸਾਇ=ਮਨ ਵਸਾਵਣੀ ਕਰ। ਜਿਵੇਂ ਫੁਰਮਾਯਾ ਹੈ:-

ਸੁਣਿਆ ਮੰਨਿਆ ਮਨਿ ਕੀਤਾ ਭਾਉ॥ [ਜਪੁਜੀ-੨੧

ਸੁਰਿ ਨਰ ਮੁਨਿ ਜਨ-ਦੇਵਤੇ, ਮਾਨੁਖ ਤੇ ਸਾਧੂ ਲੋਕ। (ਅ) ਸੁਰਿ ਨਰ=ਉੱਤਮ ਲੋਕ। ਮੁਨਿ ਜਨ=ਸਾਧੂ ਲੋਕ।

ਜੋਤਿਕੀ- [ਸੰਸ:, ਜਯੋਤਿਸ਼ੀ] ਖਗੋਲ ਵਿਦ੍ਯਾ ਦੇ ਵਿਦਵਾਨ। ਤਾਰਿਆਂ ਦੀ ਚਾਲ ਆਦਿ ਤੋਂ ਕਿਸਮਤਾਂ ਲੱਭਣ ਵਾਲੇ ਵਿਦਵਾਨ। ਮੁਰਾਦ ਹੈ ਹਰ ਪ੍ਰਕਾਰ ਦੀ ਬਾਹਰਲੀ ਵਿਦ੍ਯਾ ਦੇ ਵਿਦ੍ਯਾਰਥੀ ਯਾ ਦਾਨੇ।

ਥੈ-ਹਥੇ, ਹਥ ਵਿਚ। ਭਵਾਲੀ-ਭਵਾਟੜੀ।

ਪੰਚ-ਪੰਜ। ਭਾਵ ਹੈ ਪੰਜ ਗ੍ਯਾਨ ਇੰਦ੍ਰੇ।

[ਆਸਾ ਮਹਲਾ ੩, ਅਸਟਪਦੀ-੨੮]

ਪ੍ਰਾਕ੍ਥਨ-ਨਾਮ ਤੋਂ ਲੈ ਬ੍ਰਹਮ ਤਕ ਸਭ ਵਸਤੂ ਸਰੀਰ ਦੇ ਅੰਦਰ ਹੈ, ਨਾਮ ਨਾਲ ਦਿਬ ਦ੍ਰਿਸ਼ਟਿ ਖੁੱਲ੍ਹਦੀ ਹੈ, ਉਹ ਆਤਮਾ ਤੇ ਬ੍ਰਹਮ ਨੂੰ ਸਾਖਯਾਤ ਦੇਖ ਲੈਂਦੀ ਹੈ।

ਮੂਲ	ਅਰਥ
ਆਸਾ ਮਹਲਾ ੩ ॥	
ਘਰੈ ਅੰਦਰਿ ਸਭੁ ਵਥੁ ਹੈ ਬਾਹਰਿ ਕਿਛੁ ਨਾਹੀ ॥ਗੁਰਪਰਸਾਦੀ ਪਾਈਐ ਅੰਤਰਿ ਕਪਟ ਖੁਲਾਹੀ ॥੧॥	ਸਾਰੀ ਵਸਤੂ (ਨਾਮ ਤੋਂ ਲੈ ਬ੍ਰਹਮ ਤਕ) ਸਰੀਰ ਦੇ ਅੰਦਗਰ ਹੀ ਹੈ, ਬਾਹਰ ਕੁਛ ਨਹੀਂ। (ਓਹ ਵਸਤੂ) ਗੁਰੂ ਦੀ ਕਿਰਪਾ ਨਾਲ ਪਾਈਦੀ ਹੈ (ਜਿਸ ਦੀ ਕਿਰਪਾ ਨਾਲ) ਅੰਦਰ ਦੇ ਕਿਵਾੜ ਖੁੱਲ੍ਹ ਜਾਂਦੇ ਹਨ॥ ੧॥
ਸਤਿਗੁਰ ਤੇ ਹਰਿ ਪਾਈਐ ਭਾਈ ॥ ਅੰਤਰਿ ਨਾਮੁ ਨਿਧਾਨੁ ਹੈ ਪੂਰੈ ਸਤਿਗੁਰਿ ਦੀਆ ਦਿਖਾਈ ॥੧॥ ਰਹਾਉ ॥	(ਉਹ ਵਸਤੂ ਕੀ ਹੈ? ਉੱਤਰ:) ਉਹ ਅੰਦਰ (ਦੀ ਵਸਤੂ) ਨਾਮ ਰੂਪੀ ਖ਼ਜ਼ਾਨਾ ਹੈ, (ਸਾਨੂੰ ਉਹ) ਪੂਰੇ ਸਤਿਗੁਰੂ ਨੇ ਦਿਖਾ ਦਿੱਤਾ ਸੀ, (ਇਸ ਕਰਕੇ ਅਸੀਂ ਤੁਸਾਨੂੰ ਬੀ ਆਖਦੇ ਹਾਂ ਕਿ) ਹੇ ਭਾਈ ! ਪਰਮੇਸ਼ੁਰ ਨੂੰ ਸਤਿਗੁਰੂ ਦੁਆਰਾ ਪਾਈਦਾ ਹੈ॥ ੧॥ ਰਹਾਉ॥

ਹਰਿ ਕਾ ਗਾਹਕੁ ਹੋਵੈ ਸੋ ਲਏ ਪਾਏ ਰਤਨੁ ਵੀਚਾਰਾ ॥ ਅੰਦਰੁ ਖੋਲੈ ਦਿਬ ਦਿਸਟਿ ਦੇਖੈ ਮੁਕਤਿ ਭੰਡਾਰਾ ॥੨॥

[ਪ੍ਰਸ਼ਨ: ਪੂਰੇ ਗੁਰੂ ਦਾ ਪ੍ਰਸਾਦਿ ਤਾਂ ਦਿਵਾਵਣਹਾਰ ਹੋਇਆ, ਲੈਣਹਾਰ ਵਿਚ ਕੀਹ ਗੁਣ ਲੋੜੀਏ? ਉੱਤਰ:] (ਜੋ ਪੁਰਖ) ਹਰੀ ਦਾ ਗਾਹਕ ਹੋਵੇ (ਉਹ) ਉਸ (ਅੰਦਰ ਦੀ ਵਸਤੂ) ਨੂੰ ਲੈ ਲੈਂਦਾ ਹੈ, (ਉਹ ਪਹਿਲੋਂ ਗੁਰੂ ਤੋਂ) ਵੀਚਾਰ ਰੂਪੀ ਰਤਨ ਪ੍ਰਾਪਤ ਕਰੇਗਾ। (ਉਸ ਵੀਚਾਰ ਅਨੁਸਾਰ ਆਪਣੇ) ਅੰਦਰ ਨੂੰ ਖੋਲ੍ਹ ਲਏਗਾ, (ਫੇਰ) ਦਿਬ ਦ੍ਰਿਸ਼ਟੀ ਨਾਲ ਦੇਖੇਗਾ ਤਾਂ (ਅੰਦਰ) ਮੁਕਤੀ ਦਾ ਭੰਡਾਰਾ (ਪਾਏਗਾ)॥ ੨॥

ਅੰਦਰਿ ਮਹਲ ਅਨੇਕ ਹਹਿ ਜੀਉ ਕਰੇ ਵਸੇਰਾ ॥ ਮਨ ਚਿੰਦਿਆ ਫਲੁ ਪਾਇਸੀ ਫਿਰਿ ਹੋਇ ਨ ਫੇਰਾ ॥੩॥

(ਹਾਂ) ਅੰਦਰ ਕਈ ਮਹਲ ਹਨ, (ਜਿਨ੍ਹਾਂ ਵਿਚ) ਜੀਵ ਵਸੇਬਾ ਕਰਦਾ ਹੈ। (ਦਿਬ ਦ੍ਰਿਸ਼ਟੀ ਵਾਲਾ ਉਨ੍ਹਾਂ ਵਸੇਬਿਆਂ ਵਿਚ ਮੁਕਤੀ ਦਾ ਦੁਆਰਾ ਪਰਖ ਲੈਂਦਾ ਹੈ, ਉਨ੍ਹਾਂ ਨੂੰ) ਮਨ ਦਾ ਚਿਤਵਿਆ ਫਲ* ਮਿਲ ਜਾਏਗਾ, (ਉਸ ਨੂੰ ਸੰਸਾਰ ਵਿਚ) ਮੁੜਕੇ ਫੇਰਾ ਨਹੀਂ ਪਏਗਾ॥ ੩॥

ਪਾਰਖੀਆ ਵਥੁ ਸਮਾਲਿ ਲਈ ਗੁਰ ਸੋਝੀ ਹੋਈ ॥ ਨਾਮੁ ਪਦਾਰਥੁ ਅਮੁਲੁ ਸਾ ਗੁਰਮੁਖਿ ਪਾਵੈ ਕੋਈ ॥੪॥

(ਇਸ ਤਰ੍ਹਾਂ) ਪਾਰਖੂ (ਹੋਏ ਲੋਕ) ਵਸਤੂ ਨੂੰ ਸੰਭਾਲ ਲੈਂਦੇ ਹਨ, (ਪਰ ਇਹ ਪਰਖ ਲੈਣ ਦੀ) ਸੋਝੀ ਗੁਰੂ ਦੁਆਰਾ (ਹੀ) ਹੁੰਦੀ ਹੈ, (ਤੇ ਇਸ ਹਰੀ ਰੂਪ ਫਲ ਦੇ ਪਾ ਲੈਣ ਲਈ) ਨਾਮ ਅਮੋਲਕ ਪਦਾਰਥ ਜੈਸਾ ਹੈ (ਜੋ) ਗੁਰੂ ਦੁਆਰਾ ਕੋਈ ਵਿਰਲਾ ਹੀ ਪਾਉਂਦਾ ਹੈ॥ ੪॥

ਬਾਹਰੁ ਭਾਲੇ ਸੁ ਕਿਆ ਲਹੈ ਵਥੁ ਘਰੈ ਅੰਦਰਿ ਭਾਈ ॥ ਭਰਮੇ ਭੂਲਾ ਸਭੁ ਜਗੁ ਫਿਰੈ ਮਨਮੁਖਿ ਪਤਿ ਗਵਾਈ ॥੫॥

[ਹੁਣ ਪਹਿਲੀ ਤੁਕ ਵਿਚ ਆਖੀ ਗੱਲ-ਬਾਹਰਿ ਕਿਛੁ ਨਾਹੀ ਦਾ ਕੁਛ ਵੇਰਵਾ ਦੇਂਦੇ ਹਨ:] ਹੇ ਭਾਈ ! (ਜਦ) ਵਸਤੂ ਘਰ ਅੰਦਰ ਹੀ ਹੈ ਤਾਂ ਬਾਹਰ ਢੂੰਡਣ ਵਾਲਾ ਕੀਹ ਲੱਭ ਲਏਗਾ? (ਭਾਵ ਕੁਛ ਨਹੀਂ। ਉਹ ਤਾਂ) ਮਨਮੁਖ ਹੋਕੇ (ਆਪਣੀ) ਪਤਿ ਗੁਆ ਲਏਗਾ, (ਜੀਕੂੰ ਕਿ) ਭਰਮ ਵਿਚ ਭੁੱਲਾ ਸਾਰਾ ਜਗਤ ਪਿਆ ਫਿਰਦਾ ਹੈ॥ ੫॥

ਘਰੁ ਦਰੁ ਛੋਡੇ ਆਪਣਾ ਪਰ ਘਰਿ ਝੂਠਾ ਜਾਈ ॥ ਚੋਰੈ ਵਾਂਗੂ ਪਕੜੀਐ ਬਿਨੁ ਨਾਵੈ ਚੋਟਾ ਖਾਈ ॥੬॥

(ਉਹ ਤਾਂ ਨਿਜ ਸਰੂਪ ਰੂਪੀ) ਅਪਣਾ ਘਰ ਦਰ ਛਡਕੇ ਪਰਾਏ ਘਰ (=ਦ੍ਵੈਤ ਭਾਵਨਾ) ਵਿਚ ਜਾ ਪਿਆ; (ਉਹ) ਝੂਠਾ (ਹੋਵੇਗਾ ਭਾਵ ਨਜਾਯ ਕਰਤਾ ਤੇ ਹਰ ਸੋਚ ਵਾਲਾ ਕਹੇਗਾ ਕਿ ਇਸ ਦਾ ਕੋਈ ਹੱਕ ਪਰਾਏ ਘਰ ਤੇ ਜਾ ਪੈਣ ਦਾ ਨਹੀਂ ਸੀ, ਸੋ ਉਹ) ਚੋਰ ਵਾਕੂ ਫੜਿਆ ਜਾਏਗਾ (ਤੇ ਚੋਰ ਵਾਕੂ) ਚੋਟਾਂ ਖਾਏਗਾ (ਕਿਉਂਕਿ ਉਹ) ਨਾਮਹੀਣ ਸੀ (ਅਪਣੇ ਘਰ ਵਿਚ ਨਾ ਟਿਕਿਆ ਤੇ ਪਰਾਏ ਘਰ ਵਿਚ ਜਾ ਪਿਆ ਸੀ)॥ ੬॥

ਜਿਨ੍ਹੀ ਘਰੁ ਜਾਤਾ ਆਪਣਾ ਸੇ ਸੁਖੀਏ ਭਾਈ ॥ ਅੰਤਰਿ ਬ੍ਰਹਮੁ ਪਛਾਣਿਆ ਗੁਰ ਕੀ ਵਡਿਆਈ ॥੭॥

[ਹੁਣ ਅਪਣੇ ਘਰ ਵਿਚ ਟਿਕਣ ਵਾਲਿਆਂ ਦੀ ਦਸ਼ਾ ਫੁਰਮਾਉਂਦੇ ਹਨ:] (ਪਰ) ਹੇ ਭਾਈ ! ਜਿਨ੍ਹਾਂ ਨੇ ਆਪਣਾ ਘਰ (ਸ੍ਵੈ ਸਰੂਪ) ਸਿਆਣ ਲਿਆ ਹੈ ਓਹ ਸੁਖੀਏ ਹੋ ਜਾਂਦੇ ਹਨ। (ਕਿਉਂਕਿ ਓਹ ਆਪਣੇ) ਅੰਦਰ (ਵਸਦਾ) ਬ੍ਰਹਮ ਪਛਾਣ ਲੈਂਦੇ ਹਨ, (ਪਰ ਇਹ) ਵਡਿਆਈ ਗੁਰੂ ਦੀ (ਮੇਹਰ ਦੀ ਹੁੰਦੀ) ਹੈ॥ ੭॥

* ਮਨ ਚਿੰਦਿਆ ਫਲ ਉਹ ਹੈ ਜਿਸ ਦਾ ਉਹ ਗਾਹਕ ਹੈ, ਜੋ ਅੰਕ ੨ ਵਿਚ 'ਹਰੀ' ਦੱਸਿਆ ਹੈ।

ਆਪੇ ਦਾਨੁ ਕਰੇ ਕਿਸੁ ਆਖੀਐ ਆਪੇ ਦੇਇ ਬੁਝਾਈ ॥ ਨਾਨਕ ਨਾਮੁ ਧਿਆਇ ਤੂੰ ਦਰਿ ਸਚੈ ਸੋਭਾ ਪਾਈ ॥੮॥੬॥੨੮॥

(ਜਿਨ੍ਹਾਂ ਨੂੰ ਵਾਹਿਗੁਰੂ ਵੀਚਾਰ, ਨਾਮ, ਦਿਬ ਦ੍ਰਿਸ਼ਟਿ, ਮੁਕਤੀ ਤੇ ਬ੍ਰਹਮ ਦੀ ਸਿਆਣ ਦੇ ਦੇਂਦਾ ਹੈ) ਆਪ (ਹੀ) ਦਾਨ ਕਰਦਾ ਹੈ, (ਹੋਰ) ਕਿਸਨੂੰ ਕਹੀਏ (ਕਿ ਦੇਂਦਾ ਹੈ ਉਹ) ਆਪ ਹੀ (ਸਾਰੀ) ਸੋਝੀ ਦੇਂਦਾ ਹੈ। (ਮੂਲਕ ਗੱਲ ਇਹ ਹੈ ਕਿ ਹੇ ਭਾਈ !) ਤੂੰ ਨਾਮ ਧਿਆਈ ਚਲ ਤਾਂ ਸੱਚੇ ਦਰ ਵਿਚ ਸ਼ੋਭਾ ਪਾਏਂਗਾ (ਕਹਿੰਦੇ ਹਨ ਗੁਰੂ) ਨਾਨਕ (ਦੇਵ ਜੀ)॥ ੮॥ ੬॥ ੨੮॥

ਵਯਾਖਯਾ-ਅੰਕ ੧ ਤੇ ਰਹਾਉ-ਸਰੀਰ ਵਿਚ ਸਾਰੀ ਵਸਤੂ ਹੈ। ਰਹਾਉ ਵਿਚ ਦੱਸਿਆ ਹੈ ਕਿ ਉਹ ਵਸਤੂ ਨਾਮ ਹੈ, ਪਰ ਏਥੇ 'ਸਭੁ' ਕਿਹਾ ਹੈ, ਅਗੇ ਸ਼ਬਦ ਵਿਚ ਗਿਆਂ ਪਤਾ ਲਗਦਾ ਹੈ ਕਿ ਸ਼ਰਧਾ ਪੈਦਾ ਹੋਵੇ ਅੰਦਰੋਂ ਹੀ, ਫੇਰ ਵੀਚਾਰ, ਨਾਮ, ਦਿਬ ਦ੍ਰਿਸ਼ਟਿ, ਮੁਕਤੀ ਤੇ ਬ੍ਰਹਮ ਦੀ ਪਛਾਣ, ਇਹ ਆਦਿ ਤੋਂ ਅੰਤ ਤਕ ਦੀ ਪ੍ਰਾਪਤੀ 'ਸਭੁ ਵਥ' ਯਾ 'ਸਾਰੀ ਵਸਤੁ' ਹੈ। ਸੋ ਇਸ ਦੇ ਪਾਉਣ ਦੀ ਵਿਧੀ ਪੂਰਾ ਸਤਿਗੁਰੂ ਤੇ ਉਸ ਦਾ ਦਿਤਾ ਨਾਮ ਦੱਸਦੇ ਹਨ। ਜਿਨ੍ਹਾਂ ਦੋ ਗਲਾਂ ਨਾਲ ਕਿ ਅੰਦਰਲੇ ਕਵਾੜ ਖੁੱਲ੍ਹਦੇ ਹਨ ਤਾਂ ਸਭ ਵਥੁ ਦਿੱਸ ਪੈਂਦੀ ਹੈ। ਰਹਾਉ ਤਕ ਇਹ ਵਿਸ਼ਯ ਹੈ। ਇਸ ਵਿਚ ਇਕ ਹੋਰ ਗਲ ਆਖੀ ਹੈ 'ਬਾਹਰਿ ਕਿਛੁ ਨਾਹੀ'। ਇਸ ਦਾ ਇਹ ਅਰਥ ਨਹੀਂ ਕਿ ਬਾਹਰ 'ਬ੍ਰਹਮ' ਨਹੀਂ ਹੈ*। ਭਾਵ ਇਹ ਹੈ ਕਿ ਜੋ ਅੰਦਰ ਗ਼ਾਫ਼ਲ ਰਹਿਕੇ ਅੰਦਰ ਬੈਠੇ ਸਾਈਂ ਵਲੋਂ ਬੇਖ਼ਬਰ ਰਹਿੰਦਾ ਹੈ ਤੇ ਬਾਹਰ ਢੂੰਡਦਾ ਹੈ ਉਸ ਲਈ ਕੁਛ ਨਹੀਂ, ਭਾਵ ਉਸ ਨੂੰ ਕੁਛ ਨਹੀਂ ਲੱਭਦਾ; ਕਿਉਂਕਿ ਬਾਹਰ, ਸ਼ਰਧਾ, ਵੀਚਾਰ, ਅਭਯਾਸ, ਦਿਬ ਦ੍ਰਿਸ਼ਟੀ ਨਹੀਂ, ਇਹ ਸਾਰੇ ਅੰਦਰ ਹਨ ਤੇ ਅੰਦਰ ਜਾਣਨੇ ਯੋਗ ਬ੍ਰਹਮ ਹੈ।

ਇਸ ਪ੍ਰਕਾਰ ਦੇ ਵਾਕ ਹੋਰ ਬੀ ਗੁਰਬਾਣੀ ਵਿਚ ਹਨ। ਯਥਾ:-

ਸਭ ਕਿਛੁ ਘਰ ਮਹਿ ਬਾਹਰਿ ਨਾਹੀ॥ ਬਾਹਰਿ ਟੋਲੈ ਸੋ ਭਰਮਿ ਭੁਲਾਹੀ॥ [ਮਾਝ ਮ: ੫-੨੬

ਤਥਾ:-**ਸਰੀਰਹੁ ਭਾਲਣਿ ਕੋ ਬਾਹਰਿ ਜਾਏ॥ ਨਾਮੁ ਨ ਲਹੈ ਬਹੁਤੁ ਵੇਗਾਰਿ ਦੁਖੁ ਪਾਏ॥**

[ਮਾਝ ਮਹਲਾ ੩, ਅਸਟਪਦੀ-੨੫]

ਇਹਨਾਂ ਦਾ ਭਾਵ ਇਹ ਹੈ ਕਿ ਅੰਦਰ ਦੇ ਪ੍ਰੇਰਕ (ਨਯੰਤਾ) ਤੋਂ ਮੂੰਹ ਮੋੜਕੇ ਯਾ ਅਗਯਾਨ ਵਿਚ ਰਹਿਕੇ ਬਾਹਰੋਂ ਕੁਛ ਨਹੀਂ ਲੱਭਦਾ।

ਅੰਕ ੨-ਪਹਿਲੇ ਵਸਤੂ ਪ੍ਰਾਪਤੀ ਕਿਸ ਪ੍ਰਕਾਰ ਹੋਣੀ ਹੈ? ਦਾ ਉੱਤਰ ਸੀ, ਗੁਰੂ ਤੋਂ ਤੇ ਉਸ ਦੇ ਦਿਤੇ ਨਾਮ ਨਾਲ। ਹੁਣ ਇਸ ਗਲ ਦਾ ਉੱਤਰ ਹੈ ਕਿ ਪ੍ਰਾਪਤੀ ਕਿਸ ਨੂੰ ਹੋਣੀ ਹੈ? ਅਰਥਾਤ ਅਧਿਕਾਰ ਕਿਸ ਦਾ ਹੈ ਕਿ ਜਿਸ ਨੂੰ ਪ੍ਰਾਪਤੀ ਹੋਵੇ? ਤਾਂ ਦੱਸਦੇ ਹਨ 'ਗਾਹਕੀ'। ਜਿਸ ਤੋਂ ਮੁਰਾਦ ਹੈ ਸ਼ਰਧਾ, ਸ਼ੌਕ, ਪ੍ਰੇਮ, ਸਾਈਂ ਪ੍ਰਾਪਤੀ ਦੀ ਇੱਛਾ, ਲੋੜ; ਕੁਛ ਕਹੋ: ਉਹ ਅਧਿਕਾਰੀ ਗੁਰੂ ਨੂੰ ਮਿਲੇ, ਨਾਮ ਲਈ, ਅਭਯਾਸ ਕਰੇ, ਇਥੋਂ ਤਾਈਂ ਕਿ ਅੰਦਰ ਜੋ ਨਾਮ ਦਾ ਖ਼ਜ਼ਾਨਾ ਹੈ ਉਹ ਮਿਲ ਪਵੇ। ਇਕ ਨਾਮ ਹੈ ਜੋ ਅਧਿਕਾਰੀ ਨੇ ਜਪਣਾ ਸਿਮਰਨਾ ਹੈ, ਪਰ ਇਕ 'ਨਾਮ ਦਾ ਖ਼ਜ਼ਾਨਾ' ਅੰਦਰ ਦੱਸਦੇ ਹਨ। ਇਹ ਗਲ ਕਈ ਜਗਾ ਬਾਣੀ ਵਿਚ ਆਈ ਹੈ ਕਿ ਨਾਮ ਅੰਦਰ ਬੀ ਹੈ। ਯਥਾ:-

ਅੰਤਰਿ ਨਾਮੁ ਨਿਧਾਨੁ ਗੁਰਮੁਖਿ ਪਾਈਐ॥ [ਆਸਾ ਘਰ ੮ ਕਾਫੀ ਮ:੪-੬੫]

ਅੰਤਰਿ ਨਾਮੁ ਨਿਧਾਨੁ ਦਿਖਾਇਆ॥ [ਬਿਲਾਵਲ ਮਹਲਾ ੩-੧੦]

ਤਥਾ:-**ਅੰਦਰਿ ਨਾਮੁ ਨਿਧਾਨੁ ਸਦਾ ਗੁਣ ਸਾਰਈ॥** [ਵਾਰਾਂ ਤੇ ਵਧੀਕ ਸਲੋਕ ਮਹਲਾ ੫-੬]

ਜਿਹੜਾ ਨਾਮ ਗੁਰੂ ਤੋਂ ਪ੍ਰਾਪਤ ਹੋਕੇ ਜਪੀਦਾ ਹੈ ਉਹ ਅਭਯਾਸ ਵਿਚ ਲਗਾਤਾਰਤਾ ਹੋ ਜਾਣ ਤੇ ਅੰਦਰ ਵੱਸ ਰਹੇ ਨਾਮ ਨਾਲ ਮਿਲ ਜਾਂਦਾ ਹੈ। ਗੁਰੂ ਦਿਖਾ ਦੇਂਦਾ ਹੈ ਕਿ ਹੁਣ ਨਾਮ ਆਪੇ ਟੁਰੇਗਾ

---

* ਸੋ ਅੰਤਰਿ ਸੋ ਬਾਹਰਿ ਅਨੰਤ॥ ਘਟਿ ਘਟਿ ਬਿਆਪਿ ਰਹਿਆ ਭਗਵੰਤ॥ [ਸੁਖਮਨੀ ੨੩-੨]

ਕਿਉਂਕਿ ਵਜਾਪਕ ਨਾਮ ਨਾਲ ਤੇਰਾ ਨਾਮ ਮਿਲ ਗਿਆ ਹੈ। ਉਸ ਦੀ ਨਿਸ਼ਾਨੀ ਇਹ ਹੁੰਦੀ ਹੈ ਕਿ ਨਾਮ ਫਿਰ ਆਪੇ ਟੁਰ ਪੈਂਦਾ ਹੈ, ਯਤਨ ਸਾਧਜ ਨਹੀਂ ਪਰ ਸੁਤੇ ਸਿੱਧ ਹੋ ਟੁਰਦਾ ਹੈ, ਭੁਲਾਓ ਤਾਂ ਭੁੱਲਦਾ ਨਹੀਂ। ਉਸੇ ਅੰਦਰ ਵਸਦੇ ਨਾਮ ਨੂੰ ਵਜਾਪਕ ਬੀ ਦੱਸਿਆ ਹੈ, ਯਥਾ:-

ਨਾਮ ਕੇ ਧਾਰੇ ਆਗਾਸ ਪਾਤਾਲ॥ [ਸੁਖਮਨੀ ੧੬-੫]

ਸੋ ਪੂਰਾ ਸਤਿਗੁਰੂ ਨਾਮ ਸਿਮਰਨ ਕਰਵਾ ਦਿੰਦਾ ਹੈ, ਜਦੋਂ ਨਾਮ ਲਗਾਤਾਰੀ ਹੋ ਜਾਂਦਾ ਹੈ ਤੇ ਫੇਰ ਆਪ ਚਲ ਪੈਂਦਾ ਹੈ, ਯਥਾ:-

ਬਿਸਰਤ ਨਾਹਿ ਮਨ ਤੇ ਹਰੀ॥ ਅਬ ਇਹ ਪ੍ਰੀਤਿ ਮਹਾ ਪ੍ਰਬਲ ਭਈ ਆਨ ਬਿਖੈ ਜਰੀ॥

[ਕੇਦਾਰਾ ਮਹਲਾ ੫-੯]

ਇਹ ਜਦ ਹੋਵੇ ਤਾਂ ਗੁਰਮੁਖ ਸਮਝਦੇ ਹਨ ਕਿ ਅੰਤਰ ਨਾਮ ਨਿਧਾਨ ਨਾਲ ਮਿਲ ਪਏ ਹਾਂ। ਇਉਂ ਬੀ ਦਾਨੇ ਕਹਿੰਦੇ ਹਨ ਕਿ 'ਸ਼ਬਦ ਬ੍ਰਹਮ' ਦੀ ਪ੍ਰਾਪਤੀ ਹੋ ਗਈ ਹੈ।

ਅੰਕ ੨,੩-ਹੁਣ ਵੀਚਾਰ ਪੈਦਾ ਹੁੰਦੀ ਹੈ, ਅੰਦਰ ਦੇ ਕਿਵਾੜ ਖੁੱਲ੍ਹਦੇ ਹਨ, ਤਦ ਜੋ ਦ੍ਰਿਸ਼ਟੀ ਹੁੰਦੀ ਹੈ ਉਸ ਨੂੰ 'ਦਿਬ ਦਿਸਟਿ' ਆਖਿਆ ਹੈ, ਭਾਵ ਹੈ ਸੋਚ ਵਿਚਾਰਾਂ, ਕਾਰਣ ਕਾਰਜ ਤੋਂ ਕੱਢੇ ਸਿੱਟੇ ਆਦਿ ਵਾਲੀ ਨਜ਼ਰ ਨਹੀਂ, ਪਰ ਅਨੁਭਵਤਾ ਵਾਲੀ ਨਜ਼ਰ ਖੁੱਲ੍ਹ ਪੈਂਦੀ ਹੈ, ਉਸ ਨੂੰ ਮੁਕਤ ਦਾ ਭੰਡਾਰ ਵਾਹਿਗੁਰੂ-ਸਿੱਧਾ ਅਨੁਭਵ ਹੋ ਆਉਂਦਾ ਹੈ। ਇਉਂ ਬੀ ਦਾਨੇ ਆਖਦੇ ਹਨ ਕਿ ਉਸ ਦੇ ਗਜਾਨ ਚਖਸ਼ੂ ਖੁੱਲ੍ਹ ਪੈਂਦੇ ਹਨ। ਗਜਾਨ ਚਖਸ਼ੂ ਖੁੱਲ੍ਹ ਪੈਣ ਦਾ ਭਾਵ ਬੀ ਉਥੇ ਹੀ ਜਾਂਦਾ ਹੈ। ਕਿਉਂਕਿ 'ਰਤਨ ਰੂਪੀ ਵੀਚਾਰ' ਤਾਂ ਪਹਿਲੇ ਕਹਿ ਚੁਕੇ ਹਨ 'ਰਤਨ ਰੂਪੀ ਵੀਚਾਰ' ਗਜਾਨ ਦੇ ਅਰਥ ਰਖਦੀ ਹੈ; ਉਸ ਤੋਂ ਮਗਰੋਂ ਜੋ ਪ੍ਰਾਪਤ ਹੋਣ ਵਾਲੀ ਦਿਬ ਦਿਸਟਿ ਕਹੀ ਹੈ ਸੋ ਅਨੁਭਵਤਾ ਹੀ ਹੋ ਸਕਦੀ ਹੈ, ਜਿਸ ਵਿਚ ਸਿੱਧਾ ਸਾਹਮਣੇ ਸਾਖਜਾਤਕਾਰਤਾ ਵਾਲਾ ਗਿਆਨ ਹੁੰਦਾ ਹੈ। ਇਹ ਗਜਾਨ ਆਗਮ ਗਜਾਨ ਤੇ ਅਨੁਮਾਨੀ ਗਜਾਨ ਤੋਂ ਵੱਖਰੀ ਕਿਸਮ ਦਾ ਹੈ। ਇਹ ਸਿਧੀ ਲੱਖਤਾ ਹੁੰਦੀ ਹੈ, ਇਸ ਵਿਚ ਸੰਸਾ, ਭ੍ਰਮ, ਵਿਪਰਯਜ ਕਿਸੇ ਸ਼ੁਭੇ ਦੀ ਮੁਸ਼ਕ ਤਕ ਬਾਕੀ ਨਹੀਂ ਰਹਿੰਦੀ। ਦਾਨੇ ਲੋਕ ਸੌਖਾ ਕਰਨ ਲਈ ਇਸ ਦਾ ਅਰਥ ਗਜਾਨ ਮਾਤ੍ਰ ਕਰ ਲੈਂਦੇ ਹਨ। ਪਰ ਜਦ ਗਜਾਨ ਨੂੰ ਵਿਤ੍ਰੇਕ ਕਰਾਂਗੇ ਤਾਂ ਦਿਬ ਦਿਸਟਿ ਵਾਲਾ ਗਜਾਨ 'ਅਨੁਮਾਨੀ ਗਜਾਨ' ਤੇ 'ਆਗਮੀ ਗਜਾਨ' ਤੋਂ ਵਖਰਾ ਸਹੀ ਹੋਵੇਗਾ। ਯੋਗ ਸ਼ਾਸਤ੍ਰ ਦੀ 'ਰਿਤੰਭਰਾ' ਨਾਮੇ ਪ੍ਰਗਜਾ ਇਸ ਪਦ 'ਦਿਬ ਦਿਸਟਿ' ਦੇ ਅਰਥਾਂ ਨੂੰ ਲਖਾਉਣ ਵਾਲੀ ਹੈ। ਆਮ ਬੋਲੀ ਵਿਚ ਗਜਾਨ ਤੋਂ ਫਰਕ ਕਰਨੇ ਲਈ ਅਸੀਂ ਇਸ ਨੂੰ ਅਨੁਭਵੀ ਗਜਾਨ ਕਹਾਂਗੇ। ਅੰਗ੍ਰੇਜ਼ੀ ਦਾ ਪਦ 'ਇਨਟਯੂਸ਼ਨ' (Intution) ਇਸ ਦੇ ਨੇੜੇ ਨੇੜੇ ਆ ਢੁੱਕਦਾ ਹੈ।

ਅੰਕ ੩ ਵਿਚ ਦੱਸਦੇ ਹਨ ਕਿ ਦਿਬ ਦਿਸਟਿ ਕੀ ਦੇਖੇਗੀ, ਕਿ ਸਰੀਰ ਦੇ ਅੰਦਰ ਕਈ ਟਿਕਾਣੇ ਆਤਮਾ ਦੇ ਨਿਵਾਸ ਦੇ ਹਨ, ਉਹਨਾਂ ਵਿਚ ਜੀਵ-ਆਤਮ ਵਸਤੂ-ਵਸੇਰਾ ਕਰਦੀ ਹੈ। ਜੀਵ ਓਹ ਬਸੇਰੇ ਨਹੀਂ; ਪਰ ਬਸੇਰਿਆਂ ਦਾ ਵਸਨੀਕ ਸਭ ਤੋਂ ਜੁਦਾ ਹੈ। ਉਹ ਬਸੇਰਿਆਂ ਤੋਂ ਅਲੱਗ ਵਸਣ ਵਾਲੇ 'ਆਤਮਾ' ਕਹੋ, 'ਪੁਰਖ' ਕਹੋ, 'ਸ਼ੁੱਧ ਜੀਵ' ਕਹੋ, ਉਸ ਨੂੰ ਵੱਖਰਾ ਸਾਖਜਾਤ ਦੇਖਦਾ ਹੈ। ਇਥੇ ਪਹੁੰਚਕੇ ਉਸ ਨੂੰ ਮਨ ਦਾ ਚਿਤਵਿਆ ਫਲ ਮਿਲੇਗਾ। ਰਹਾਉ ਵਿਚ ਦੱਸ ਆਏ ਹਨ ਕਿ ਉਹ ਫਲ 'ਹਰੀ' ਅਰਥਾਤ ਪਰਮਾਤਮਾ ਹੈ। ਸੋ ਹੁਣ ਉਸ ਨੂੰ ਪਰਮਾਤਮਾ ਦੀ ਪ੍ਰਾਪਤੀ ਹੋ ਜਾਏਗੀ। ਇਸ ਪ੍ਰਾਪਤੀ ਦੇ ਪਸਚਾਤ ਜਨਮ ਮਰਨ ਨਹੀਂ ਹੋ ਸਕਦਾ। ਮੁਕਤ ਹੋ ਜਾਈਦਾ ਹੈ। ਇਹ ਮਨ ਚਿੰਦਿਆ ਫਲ ਰਹਾਉ ਵਿਚ 'ਹਰੀ' ਕਿਹਾ ਹੈ ਤੇ ਅੰਕ ੭ ਵਿਚ 'ਬ੍ਰਹਮ' ਕਿਹਾ ਹੈ, ਦੋਹਾਂ ਦੀ ਮੁਰਾਦ ਇਕੋ ਹੈ।

ਅੰਕ ੪ ਵਿਚ ਪਿਛਲੀ ਗਲ ਦੀ ਸਮੁੱਚੀ ਵਿਵੇਚਨਾ ਹੈ ਕਿ ਗੁਰੂ ਦੁਆਰਾ ਜਿਸ ਵਿਰਲੇ ਨੂੰ ਅਮੁੱਲ ਨਾਮ ਮਿਲ ਗਿਆ ਉਹ ਜਦ ਦਿਬ ਦਿਸਟਿ ਤੇ ਪਹੁੰਚਾ, ਪਾਰਖੂ ਹੋ ਗਿਆ ਤੇ ਉਸ ਨੇ ਵਥੁ-(ਅੰਕ ੭ ਵਿਚ ਦੱਸਿਆ 'ਬ੍ਰਹਮ') ਪ੍ਰਾਪਤ ਕਰ ਲਿਆ।

ਅੰਕ ੫-੬- ਵਿਚ ਹੁਣ ''ਬਾਹਰੁ ਭਾਲੇ'' ਨੂੰ ਲੈਂਦੇ ਹਨ, ਜਿਸ ਬਾਬਤ ਪਹਿਲੀ ਸਤਰ ਵਿਚ

ਫੁਰਮਾਇਆ ਸੀ ਕਿ ''ਬਾਹਰਿ ਕਿਛੁ ਨਾਹੀ''। ਪਹਿਲੀ ਗਲ ਇਹ ਦੱਸੀ ਕਿ ਜੋ ਵਸਤੁ ਅੰਦਰੇ ਹੈ-ਨਾਮ ਤੇ ਨਾਮੀ ਉਸ ਨੂੰ ਛਡਕੇ ਬਾਹਰੋਂ ਕੀ ਲੱਭਣਾ ਹੋਇਆ। ਮੁਰਾਦ ਹੈ ਪਹਿਲਾ ਕਦਮ ਅੰਤਰਸਥ ਆਤਮਾ ਨੂੰ ਪ੍ਰਾਪਤ ਕਰਨ ਦਾ ਹੈ ਫੇਰ ਪ੍ਰਾਪਤੀ ਦਾ ਰਾਹ ਖੁੱਲ੍ਹਦਾ ਹੈ।

ਦੂਜੀ ਗੱਲ ਦੱਸੀ ਕਿ ਬਾਹਰ ਢੂੰਡਣ ਵਾਲਾ ਤਾਂ ਮਾਇਆ ਪ੍ਰਾਪਤੀ ਦੇ ਰਾਹ ਪੈ ਜਾਂਦਾ ਹੈ। ਉਸ ਬਾਹਰਲੀ ਮਾਯਕ ਪ੍ਰਾਪਤੀ ਦੇ ਪੱਖ ਨੂੰ 'ਪਰ ਘਰਿ' ਕਿਹਾ ਹੈ, ਕਿਉਂਕਿ ਸ੍ਵੈ ਘਰ ਤਾਂ ਹੈ ਨਿਜ ਆਤਮਾ, ਤੇ ਮਾਯਾ ਯਾ ਮਾਯਕ ਪਦਾਰਥਾਂ ਦੀ ਤ੍ਰਿਸ਼ਨਾ ਇਹ ਹੈ ਪਰਾਇਆ ਘਰ, ਦੁਐਤਤਾ ਵਿਚ ਜਾ ਪੈਣਾ। ਏਥੇ ਮਹਾਰਾਜ ਚੋਰ ਦਾ ਦ੍ਰਿਸ਼ਟਾਂਤ ਦੇਕੇ ਸਫੁਟ ਕਰਦੇ ਹਨ ਕਿ ਉਹ ਆਪਣੇ ਘਰ ਜੋ ਕੁਛ ਹੈ, ਉਸ ਨੂੰ ਛਡਕੇ ਪਰਾਏ ਅੱਗੇ ਜਾ ਪੈਂਦਾ ਹੈ, ਓਹ ਚੋਰ ਵਾਙੂ ਫੜਿਆ ਤੇ ਦੰਡਿਤ ਹੁੰਦਾ ਹੈ। ਇਸੀ ਤਰ੍ਹਾਂ ਮਾਯਕ ਪਖ ਵਿਚ ਪ੍ਰੇਮੀ ਹੋਏ ਨਿਜ ਸਰੂਪ ਤੋਂ ਤੇ ਪਰਮਾਤਮ ਦੇਵ ਤੋਂ ਭੁੱਲੇ ਹੋਏ ਦੁਖੀ ਹੁੰਦੇ ਹਨ। ਤੀਸਰੀ ਗਲ:-ਕਈ ਗੁਰਮੁਖਾਂ ਤੋਂ ਬਿਨਾ ਸਾਰਾ ਜਗ ਮਨਮੁਖ ਹੋਇਆ ਫਿਰਦਾ ਹੈ ਤੇ ਲੋਕ ਪ੍ਰਲੋਕ ਦੀ ਪਤ ਗਵਾਈ ਫਿਰਦਾ ਹੈ। ਲੋਕ ਵਿਚ ਪਤ ਇਉਂ ਨਹੀਂ ਕਿ ਇਕ ਚੋਰ ਦੂਜੇ ਚੋਰ ਨੂੰ ਬੀ ਚੋਰ ਹੀ ਜਾਣਦਾ ਹੈ, ਉਸ ਲਈ ਅਪਣੇ ਅੰਦਰ ਕੋਈ ਸਤਿਕਾਰ ਨਹੀਂ ਰਖਦਾ। ਤੇ ਪ੍ਰਲੋਕ ਵਿਚ ਤਾਂ ਚੋਰ ਯਾ ਮਨਮੁਖ ਦੀ ਕਦਰ ਹੈ ਹੀ ਨਹੀਂ।

ਅੰਕ ੭ ਵਿਚ ਹੁਣ ਨਿਚੋੜ ਦੀ ਗੱਲ ਦੱਸਦੇ ਹਨ ਕਿ ਜਿਨ੍ਹਾਂ ਨੇ ਅਪਣਾ ਸਰੂਪ ਪਛਾਣ ਲਿਆ, ਉਹਨਾਂ ਨੇ ਅੰਦਰੋਂ ਹੀ ਬ੍ਰਹਮ ਬੀ ਪਛਾਣ ਲਿਆ, ਉਹ ਸੁਖੀਏ ਹੋ ਗਏ ਤੇ ਉਹਨਾਂ ਦੀ ਵਡਿਆਈ ਹੁੰਦੀ ਹੈ ਲੋਕ ਪ੍ਰਲੋਕ ਵਿਚ, ਪਰ ਇਹ ਵਡਿਆਈ ਗੁਰੂ ਕੀ ਹੈ, ਜਿਸ ਨੇ ਉਹਨਾਂ ਨੂੰ ਇਸ ਲਾਇਕ ਕੀਤਾ, ਜੈਸਾ ਕਿ ਦਸਮ ਪਾਤਸ਼ਾਹ ਜੀ ਨੇ ਫੁਰਮਾਇਆ ਹੈ:-

ਤਬ ਹੀ ਆਤਮ ਤਤੁ ਕਉ ਦਰਸੈ ਪਰਮ ਪੁਰਖ ਕਹੁ ਪਾਵੈ॥ [ਰਾਮਕਲੀ ਪਾਤਸ਼ਾਹੀ-੧੦]

ਅੰਕ ੮ ਵਿਚ ਮੂਲਕ ਗਲ ਯਾਦ ਰੱਖਣ ਲਈ ਸੁਝਾਈ ਹੈ ਕਿ ਇਹ ਨਾਮ ਦਾਨ ਤੋਂ ਲੈਕੇ ਬ੍ਰਹਮ ਪ੍ਰਾਪਤੀ ਤਕ ਸਾਰਾ ਦਾਨ ਹੈ, ਤੇ ਹਉਮੈ ਦਾ ਕਾਰਜ ਨਹੀਂ, ਇਹ ਦਾਨ ਹੈ ਪ੍ਰਭੂ ਦਾ ਅਪਣਾ, ਤੇ ਹੋਰ ਕਿਸੇ ਪਾਸ ਇਹ ਦਾਨ ਨਹੀਂ ਹੈ; ਇਸ ਕਰਕੇ ਮੂਲਕ ਗਲ ਜੋ ਨਾਮ ਹੈ ਉਹ ਤਾਂ ਤੂੰ ਧਿਆਈ ਚਲ ਇਹ ਕੰਮ ਹੈ ਮੰਗਤੇ ਦਾ। ਤੇ ਦੇਣਾ ਹੈ ਕੰਮ ਦਾਤੇ ਦਾ, ਉਹ ਮੰਗਤੇ ਦਾ ਕੰਮ ਨਹੀਂ। ਦਾਤਾ ਜਦੋਂ ਜਿਵੇਂ ਜਿੰਨਾ ਦਾਨ ਚਾਹੇਗਾ ਦਏਗਾ, ਪਰ ਮੰਗਤੇ ਦਾ ਕੰਮ ਹੈ ਮੰਗੀ ਜਾਣਾ ਤੇ ਕਦੇ ਨਾ ਥੱਕਣਾ। ਮੰਗਣਾ ਹੈ-ਨਾਮ ਆਰਾਧਨ। ਜੋ ਦਿਨ ਰਾਤ ਸਿਮਰ ਰਿਹਾ ਹੈ, ਉਹ ਹਜ਼ੂਰੀ ਵਿਚ ਹਾਜ਼ਰ ਹੈ ਤੇ ਬਿਨਾ ਮੰਗੇ ਮੰਗ ਰਿਹਾ ਹੈ।

ਨਿਰੁਕ-ਘਰੈ-ਮਕਾਨ ਦੇ। ਭਾਵ ਹੈ ਸਰੀਰ ਦੇ।

ਵਥੁ- [ਸੰਸ:, ਵਸਤੁ ਤੋਂ 'ਵਥੁ' ਬਣਿਆ ਹੈ] ਵਸਤੂ, ਸ਼ੈ, ਮੁਰਾਦ ਹੈ ਨਾਮ ਤੋਂ ਲੈਕੇ ਬ੍ਰਹਮ ਤਤ ਤਕ ਸਾਰਾ ਆਤਮ ਪ੍ਰਯਤਨ ਤੇ ਪ੍ਰਾਪਤੀ ਦਾ ਪ੍ਰਯਤਨ।

ਕਪਟ- [ਸੰਸ:, ਕਪਾਟ:] ਕਿਵਾੜ, ਬੂਹਾ। ਪਰਦਾ। ਦਰਵਾਜ਼ਾ।

ਨਿਧਾਨੁ-ਖ਼ਜ਼ਾਨਾ। ਰਤਨੁ ਵੀਚਾਰਾ-ਵੀਚਾਰ ਰੂਪੀ ਰਤਨ। ਵੀਚਾਰ ਵਰਗੀ ਸ੍ਵਛ ਨਿਰਮਲ ਤੇ ਕੀਮਤੀ ਸ਼ੈ, ਵੀਚਾਰ ਯਾ ਗਯਾਨ।

ਦਿਬ- [ਸੰਸ:, ਦਿਵ੍=ਖੇਲਨਾ। ਦਿਵ੍=ਜਿਥੇ ਅਮਰ ਲੋਕ ਖੇਲਨ-ਬੈਕੁੰਠ- [ਦਿਵਜ=ਬੈਕੁੰਠੀ, ਸੁਰਗੀ, ਦੇਵਤਿਆਂ ਵਰਗੀ] ਰੂਹਾਨੀ।

ਦਿਸਟਿ- [ਸੰਸ:, ਦ੍ਰਿਖ੍ਹਿ:] ਨਜ਼ਰ। ਭਾਵ ਬੁੱਧੀ। ਪ੍ਰਗਯਾ।

ਦਿਬ ਦਿਸਟਿ-ਰੂਹਾਨੀ ਅਕਲ, ਓਹ ਅਕਲ ਜਾਂ ਬੁੱਧੀ ਜੋ ਕਾਰਣ ਕਾਰਜ ਦੇ ਸਿਲਸਿਲੇ ਮੇਲਕੇ ਨਤੀਜੇ ਕੱਢੇ ਬਿਨਾ ਲਖ ਲਵੇ। ਜੋ 'ਆਗਮ' ਤੇ 'ਅਨੁਮਾਨ' ਦੋਹਾਂ ਕਿਸਮਾਂ ਦੀ ਬੁੱਧੀ ਤੋਂ

ਵਿਲੱਖਜਣ ਹੋਵੇ। ਜੋ ਦਲੀਲ, ਵਿਤ੍ਰੇਕ ਆਦਿ ਤਰੀਕਿਆਂ ਨਾਲ ਸਮਝਣ ਦੀ ਬਜਾਏ ਸਤਯ ਨੂੰ ਸਾਖਯਾਤ ਦੀ ਤਰ੍ਹਾਂ ਅਨੁਭਵ ਕਰ ਲਵੇ। ਇਸ ਬੁੱਧੀ ਨਾਲ ਯੋਗੀ ਯਾ ਪ੍ਰੇਮਾ ਭਗਤੀ ਵਾਲਾ ਉੱਜਲਤਾ ਵਿਚ ਵਧਦਾ 'ਨਿਜ ਆਤਮਾ' ਨੂੰ ਸਰੀਰ, ਮਨ, ਮੂਲ ਪ੍ਰਕ੍ਰਿਤੀ ਦੇ ਸਾਰੇ ਰੂਪਾਂ ਤੋਂ ਅਲੱਗ ਸਾਖਯਾਤ ਦੇਖ ਲੈਂਦਾ ਹੈ। ਯੋਗ ਮਾਰਗ ਵਿਚ ਜਿਸ ਬੁਧੀ ਯਾ ਪ੍ਰਗਯਾ ਨੂੰ 'ਰਿਤੰਭਰਾ' ਆਖਦੇ ਹਨ, ਅਰਥਾਤ ਸਤਯ ਨੂੰ ਸਾਖਯਾਤ ਧਾਰਨ ਕਰਨ ਵਾਲੀ ਬੁੱਧੀ, ਇਹ 'ਦਿਬ ਦਿਸਟਿ' ਲਗਪਗ ਓਹੋ ਅਰਥ ਦੇਂਦੀ ਹੈ। ਅੰਗ੍ਰੇਜ਼ੀ ਵਿਚ ਜਿਸ ਨੂੰ ਇਨਟਯੂਸ਼ਨ (Intution) ਕਹੀਦਾ ਹੈ, ਉਹ ਦਿਬ ਦਿਸਟਿ ਦੇ ਕੁਛ ਨੇੜੇ ਢੁੱਕਦੀ ਹੈ। ਇਨਟਯੂਸ਼ਨ ਸੁਤੇ ਸਿਧ ਬੀ ਕਿਸੇ ਨੂੰ ਪ੍ਰਾਪਤ ਹੁੰਦੀ ਹੈ, ਪਰ ਦਿਬ ਦਿਸਟਿ ਯੋਗੀ ਯਾ ਨਾਮ ਅਭਯਾਸੀ ਨੂੰ ਪ੍ਰਾਪਤ ਹੁੰਦੀ ਹੈ*। (ਅ) ਗਯਾਨੀ ਸਜਣ ਦਿਬ ਦਿਸਟਿ ਦਾ ਅਰਥ 'ਗਯਾਨ' ਬੀ ਕਰ ਲੈਂਦੇ ਹਨ, ਪਰ ਜੇ 'ਅਨੁਭਵੀ' ਪਦ ਵਰਤ ਲੈਣ ਯਾ 'ਅਨੁਭਵੀ ਗਯਾਨ' ਤਾਂ ਅਸਲ ਦੇ ਨੇੜੇ ਭਾਵ ਆ ਜਾਂਦਾ ਹੈ।

ਮਹਲ- [ਅ਼:, ਮਹੱਲ] ਟਿਕਾਣਾ, ਥਾਉਂ। ਭਾਵ ਹੈ ਅੰਦਰਲੇ ਓਹ ਟਿਕਾਣੇ ਜਿਨ੍ਹਾਂ ਵਿਚ ਜੀਵਾਤਮਾ ਕੰਮ ਕਰਦੀ ਹੈ।

ਪਾਰਖੀਆ-ਪਾਰਖੂ=ਪਰਖ ਲੈਣ ਵਾਲੇ। ਭਾਵ ਹੈ ਜਿਨ੍ਹਾਂ ਨੂੰ ਦਿਬ ਦ੍ਰਿਸ਼ਟੀ ਪ੍ਰਾਪਤ ਹੋ ਗਈ ਹੈ। ਜੋ ਆਪਣੇ ਅੰਦਰ ਆਪਣੇ ਨਿਜ ਆਤਮ ਸਰੂਪ ਤੋਂ, ਸਰੀਰ ਨੂੰ ਅਲੱਗ ਅਨੁਭਵ ਕਰ ਲੈਂਦੇ ਹਨ; ਦਲੀਲਾਂ, ਯੁਕਤੀਆਂ, ਪ੍ਰਮਾਣਾਂ, ਅਨੁਮਾਨਾਂ ਆਦਿ ਨਾਲ ਨਹੀਂ, ਪਰ ਸਿੱਧਾ ਅਨੁਭਵਤਾ ਨਾਲ। ਜਿਨ੍ਹੂੰ 'ਸਿੱਧੀ' ਬੀ ਕਿਹਾ ਹੈ:-

ਕਹਿ ਕਬੀਰ ਬੁਧਿ ਹਰਿ ਲਈ ਮੇਰੀ
ਬੁਧਿ ਬਦਲੀ ਸਿਧਿ ਪਾਈ॥ [ਗਉੜੀ ਕਬੀਰ ਜੀ-੭੨]

[ਆਸਾ ਮਹਲਾ ੩, ਅਸਟਪਦੀ-੨੯]

ਪ੍ਰਾਕ੍ਥਨ-ਪਿਛਲੀ ਅਸਟਪਦੀ ਵਿਚ ਦੱਸੇ 'ਆਪੇ ਦੀ ਪਛਾਣ', 'ਬ੍ਰਹਮ ਦੀ ਸਿਆਣ' ਤੇ 'ਨਾਮ' ਦਾ, ਜਿਸ ਦੇ ਜ਼ਰੀਏ ਪਛਾਣਾਂ ਪ੍ਰਾਪਤ ਹੋਈਆਂ, ਉਨ੍ਹਾਂ ਦਾ ਖੁੱਲ੍ਹਾ ਵੇਰਵਾ ਦੱਸਦੇ ਹਨ:-

ਮੂਲ	ਅਰਥ
ਆਸਾ ਮਹਲਾ ੩ ॥ **ਆਪੈ ਆਪੁ ਪਛਾਣਿਆ ਸਾਦੁ ਮੀਠਾ ਭਾਈ ॥ ਹਰਿ ਰਸਿ ਚਾਖਿਐ ਮੁਕਤੁ ਭਏ ਜਿਨ੍ਾ ਸਾਚੋ ਭਾਈ ॥੧॥**	(ਸੋ) ਹੇ ਭਾਈ ! (ਜਿਨ੍ਹਾਂ ਨੇ) ਆਪਣੇ (ਅੰਦਰ ਹੀ) ਆਪੇ ਨੂੰ ਪਛਾਣ ਲਿਆ, (ਉਨ੍ਹਾਂ ਨੂੰ) ਮਿੱਠਾ ਸੁਆਦ ਆਇਆ ਹੈ, (ਆਪੇ ਨੂੰ ਪਛਾਣਕੇ) ਜਿਨ੍ਹਾਂ ਨੂੰ 'ਸੱਚਾ' ਪਿਆਰਾ ਲੱਗਾ ਹੈ (ਭਾਵ ਸ੍ਵੈ ਸਰੂਪ ਨੂੰ ਪਛਾਣਕੇ ਫੇਰ ਬ੍ਰਹਮ ਨੂੰ ਪ੍ਰਾਪਤ ਹੋਏ ਹਨ ਉਨ੍ਹਾਂ ਨੇ) ਹਰੀ ਰਸ (=ਬ੍ਰਹਮ ਰਸ) ਚਖਿਆ ਹੈ, (ਓਹ) ਮੁਕਤ ਹੋਏ ਹਨ॥ ੧॥
ਹਰਿ ਜੀਉ ਨਿਰਮਲ ਨਿਰਮਲਾ ਨਿਰਮਲ ਮਨਿ ਵਾਸਾ ॥ ਗੁਰਮਤੀ ਸਾਲਾਹੀਐ ਬਿਖਿਆ ਮਾਹਿ ਉਦਾਸਾ ॥੧॥ ਰਹਾਉ ॥	(ਉਹ) ਹਰਿ ਜੀਉ (ਜਿਸ ਦਾ ਹਰੀ ਰਸ ਚੱਖਣਾ ਕਿਹਾ ਹੈ) ਪਵਿਤ੍ਰ ਤੋਂ ਪਵਿਤ੍ਰ ਹੈ, (ਉਸ ਦਾ) ਵਾਸਾ ਨਿਰਮਲ ਮਨ ਵਿਚ (ਹੀ) ਹੁੰਦਾ ਹੈ; (ਇਸ ਕਰਕੇ ਚਾਹੀਦਾ ਹੈ ਕਿ ਨਿਜ ਮਨ ਨੂੰ ਪਵਿਤ੍ਰ ਰਖਣੇ ਲਈ ਮੈਲਿਆਂ ਕਰਨ ਵਾਲੀ) ਮਾਇਆ ਵਿਚ ਵਸਦੇ ਹੋਏ ਉਦਾਸ ਰਹੀਏ, (ਕੀਕੂੰ?) ਗੁਰੂ ਦੀ ਮਤਿ ਦੁਆਰਾ (ਨਿਰਮਲ ਹਰੀ ਜੀ ਨੂੰ) ਸਲਾਹ ਸਲਾਹਕੇ॥ ੧॥ ਰਹਾਉ॥

* ਨਾਮ ਅਭਯਾਸੀ ਨੂੰ 'ਪ੍ਰਤਯ ਚੇਤਨਾ' ਦੀ ਪ੍ਰਾਪਤੀ ਯੋਗ ਦਰਸ਼ਨ ਵਿਚ ਬੀ ਲਿਖੀ ਹੈ।

ਬਿਨੁ ਸਬਦੈ ਆਪੁ ਨ ਜਾਪਈ ਸਭ ਅੰਧੀ ਭਾਈ ॥ ਗੁਰਮਤੀ ਘਟਿ ਚਾਨਣਾ ਨਾਮੁ ਅੰਤਿ ਸਖਾਈ ॥੨॥

ਸ਼ਬਦ (ਨਾਮ) ਤੋਂ ਬਿਨਾਂ 'ਆਪ' ਨੂੰ ਨਹੀਂ ਜਾਣ ਸਕੀਦਾ, ਹੇ ਭਾਈ (ਇਕ ਕੀਹ) ਸਾਰੀ (ਸ੍ਰਿਸ਼ਟੀ ਹੀ) ਅੰਨ੍ਹੀ ਹੋ ਰਹੀ ਹੈ। ਗੁਰੂ ਦੀ ਮਤਿ ਦੁਆਰਾ (ਨਾਮ ਜਪਕੇ) ਹਿਰਦੇ ਵਿਚ ਚਾਨਣਾ (ਹੋ ਆਉਂਦਾ ਹੈ ਤੇ) ਅੰਤ (ਸਮੇਂ ਬੀ) ਨਾਮ ਹੀ ਸਹਾਈ ਹੁੰਦਾ ਹੈ॥ ੨॥

ਨਾਮੇ ਹੀ ਨਾਮਿ ਵਰਤਦੇ ਨਾਮੇ ਵਰਤਾਰਾ ॥ ਅੰਤਰਿ ਨਾਮੁ ਮੁਖਿ ਨਾਮੁ ਹੈ ਨਾਮੇ ਸਬਦਿ ਵੀਚਾਰਾ ॥੩॥

[ਉਹ, ਜਿਨ੍ਹਾਂ ਨੂੰ 'ਸਾਚੋ ਭਾਈ' ਕਿਹਾ ਹੈ ਵਰਤਾਰਾ ਕੀਕੂੰ ਦਾ ਰਖਦੇ ਹਨ? ਉੱਤਰ: ਓਹ] ਨਾਮ ਹੀ ਨਾਮ ਵਿਚ ਰੁੱਝੇ ਰਹਿੰਦੇ ਹਨ, (ਦੁਨੀਆਂ ਨਾਲ) ਵਰਤਾਰਾ (ਬੀ ਉਨ੍ਹਾਂ ਦਾ) ਨਾਮ (ਹੁੰਦਾ) ਹੈ। (ਉਨ੍ਹਾਂ ਦੇ) ਅੰਦਰ ਨਾਮ (ਵਸਦਾ ਹੈ), ਮੂੰਹ ਵਿਚ ਬੀ ਨਾਮ (ਹੀ ਹੁੰਦਾ ਹੈ ਅਤੇ) ਸ਼ਬਦ ਦੁਆਰਾ (ਬੀ) ਨਾਮ ਦਾ ਹੀ ਵੀਚਾਰ (ਦੱਸਦੇ ਹਨ, ਭਾਵ ਗੱਲਾਂ ਕਰਦੇ ਹਨ, ਤਾਂ 'ਨਾਮ ਵੀਚਾਰ' ਦੀਆਂ ਹੀ ਕਰਦੇ ਹਨ)॥ ੩॥

ਨਾਮੁ ਸੁਣੀਐ ਨਾਮੁ ਮੰਨੀਐ ਨਾਮੇ ਵਡਿਆਈ ॥ ਨਾਮੁ ਸਲਾਹੇ ਸਦਾ ਸਦਾ ਨਾਮੇ ਮਹਲੁ ਪਾਈ ॥੪॥

(ਤਾਂਤੇ ਹੇ ਭਾਈ ! ਚਾਹੀਦਾ ਹੈ ਕਿ) ਨਾਮ ਨੂੰ ਹੀ ਸੁਣੀਏ, ਨਾਮ ਨੂੰ ਹੀ ਮੰਨੀਏ (ਭਾਵ ਨਾਮ ਦਾ ਹੀ ਵਾਰੰਵਾਰ ਮਨਨ ਕਰਨਾ ਚਾਹੀਦਾ ਹੈ) ਤੇ ਨਾਮ ਦੀ ਹੀ ਵਡਿਆਈ ਕਰਨੀ ਚਾਹੀਦੀ ਹੈ,(ਕਿਉਂਕਿ) ਜੋ ਸਦਾ ਸਦਾ ਨਾਮ ਨੂੰ ਸਲਾਹੇਗਾ (ਉਹ) ਨਾਮ ਤੋਂ ਹੀ ਮਹਲ (=ਵਾਹਿਗੁਰੂ ਦਾ ਸਰੂਪ) ਪਾ ਲਵੇਗਾ॥ ੪॥

ਨਾਮੇ ਹੀ ਘਟਿ ਚਾਨਣਾ ਨਾਮੇ ਸੋਭਾ ਪਾਈ ॥ ਨਾਮੇ ਹੀ ਸੁਖੁ ਊਪਜੈ ਨਾਮੇ ਸਰਣਾਈ ॥੫॥

(ਜਿਸ ਚਾਨਣੇ ਮਹਲ ਦਿੱਸ ਪੈਂਦਾ ਹੈ ਉਹ) ਚਾਨਣਾ ਨਾਮ ਦੁਆਰਾ, ਹਿਰਦੇ ਵਿਚ (ਹੀ ਦਿੱਸ ਪੈਂਦਾ ਹੈ, ਪਰ) ਨਾਮ ਦੁਆਰਾ ਹੀ ਸ਼ੋਭਾ ਮਿਲਦੀ ਹੈ (ਲੋਕ ਪ੍ਰਲੋਕ ਵਿਚ, ਤੇ)ਨਾਮ ਦੁਆਰਾ ਹੀ ਸੁਖ ਉਪਜਦਾ ਹੈ (ਤਾਂਤੇ) ਨਾਮ ਦੀ ਸ਼ਰਣ ਵਿਚ ਪਏ ਰਹਿਣਾ ਚਾਹੀਦਾ ਹੈ॥ ੫॥

ਬਿਨੁ ਨਾਵੈ ਕੋਇ ਨ ਮੰਨੀਐ ਮਨਮੁਖਿ ਪਤਿ ਗਵਾਈ ॥ ਜਮ ਪੁਰਿ ਬਾਧੇ ਮਾਰੀਅਹਿ ਬਿਰਥਾ ਜਨਮੁ ਗਵਾਈ ॥੬॥

ਨਾਮ ਤੋਂ ਬਿਨਾਂ ਕੋਈ ਪਰਵਾਣ ਨਹੀਂ ਹੁੰਦਾ (ਯਾ ਸਤਿਕਾਰ ਨਹੀਂ ਪਾਉਂਦਾ, ਦੇਖ ਲਓ ਕਿ) ਮਨਮੁਖੀ ਲੋਕ (ਨਾਮ ਹੀਨ ਰਹਿਕੇ) ਪਤਿ ਗੁਆ ਬੈਠਦੇ ਹਨ, ਜਨਮ ਬਿਰਥਾ ਗੁਆ ਲੈਂਦੇ ਹਨ (ਤੇ ਅੱਗੇ ਜਾਕੇ) ਜਮਪੁਰੀ ਵਿਚ ਬੱਧੇ ਹੋਏ ਮਾਰ ਖਾਂਦੇ ਹਨ॥ ੬॥

ਨਾਮੈ ਕੀ ਸਭ ਸੇਵਾ ਕਰੈ ਗੁਰਮੁਖਿ ਨਾਮੁ ਬੁਝਾਈ ॥ ਨਾਮਹੁ ਹੀ ਨਾਮੁ ਮੰਨੀਐ ਨਾਮੇ ਵਡਿਆਈ ॥੭॥

[ਮਨਮੁਖ ਦੀ ਪਤਿ ਗਵਾਈ ਦੱਸਕੇ ਹੁਣ ਗੁਰਮੁਖ ਦੀ ਪਤਿ ਹੁੰਦੀ ਦਿਖਾਲਦੇ ਹਨ:] ਗੁਰਮੁਖ (ਆਪ ਨਾਮ ਵਿਚ ਹੁੰਦਾ ਹੈ, ਲੋਕਾਂ ਨੂੰ) ਨਾਮ ਦੀ ਸੋਝੀ ਦੇ ਦੇਂਦਾ ਹੈ,(ਤਾਂ ਉਸ ਦੀ ਸ਼ੋਭਾ ਹੁੰਦੀ ਹੈ, ਸੋ ਉਸ ਨੂੰ ਵਡਿਆਉਣ ਵਿਚ) ਸਭ ਕੋਈ ਨਾਮ ਦੀ ਸ਼ੋਭਾ ਕਰ ਰਿਹਾ ਹੁੰਦਾ ਹੈ, (ਕਿਉਂਕਿ ਗੁਰਮੁਖਾਂ ਦਾ) ਨਾਮ (ਵਾਹਿਗੁਰੂ ਦੇ) ਨਾਮ ਕਰਕੇ ਹੀ ਮੰਨਿਆ ਜਾਂਦਾ (ਭਾਵ ਮਾਨ ਯੋਗ ਹੋ ਜਾਂਦਾ) ਹੈ, (ਤਾਂਤੇ ਉਨ੍ਹਾਂ ਦੀ ਵਡਿਆਈ) ਨਾਮ ਦੀ ਹੀ ਵਡਿਆਈ ਹੈ॥ ੭॥

(ਇਸ ਤੋਂ ਸਿੱਧ ਹੋਇਆ ਕਿ) ਸਭੋ ਕੁਛ ਨਾਮ ਦੇ ਅਧੀਨ ਹੈ, (ਪਰ ਨਾਮ) ਕਿਸੇ ਪੂਰੇ ਭਾਗਾਂ ਵਾਲੇ ਨੂੰ ਮਿਲਦਾ ਹੈ, (ਕਿਉਂਕਿ)

ਜਿਸ ਨੋ ਦੇਵੈ ਤਿਸੁ ਮਿਲੈ ਗੁਰਮਤੀ ਨਾਮੁ ਬੁਝਾਈ ॥ ਨਾਨਕ ਸਭ ਕਿਛੁ ਨਾਵੈ ਕੈ ਵਸਿ ਹੈ ਪੂਰੈ ਭਾਗਿ ਕੋ ਪਾਈ ॥੮॥੭॥੨੯॥	ਜਿਸ ਨੂੰ (ਪਰਮੇਸ਼ੁਰ ਆਪ) ਦੇਵੇ ਉਸ ਨੂੰ (ਨਾਮ) ਮਿਲਦਾ ਹੈ (ਤੇ ਫੇਰ) ਨਾਮ ਦੀ ਸੋਝੀ ਗੁਰੂ ਦੀ ਮਤਿ ਦੁਆਰਾ ਪ੍ਰਾਪਤ ਹੁੰਦੀ ਹੈ, ਹੇ ਨਾਨਕ ! (ਭਾਵ-ਵਾਹਿਗੁਰੂ ਦੀ ਮੇਹਰ ਤੇ ਗੁਰੂ ਦੀ ਹਿਦਾਯਤ ਨਾਲ ਨਾਮ ਪ੍ਰਾਪਤ ਹੁੰਦਾ ਹੈ)॥ ੮॥ ੭॥ ੨੯॥

ਵਯਾਖਯਾ-ਇਹ ਅਸਟਪਦੀ ਆਪ ਪਿਛਲੀ ਅਸਟਪਦੀ ਦੀ ਹੀ ਇਕ ਪ੍ਰਕਾਰ ਦੀ ਵਯਾਖਯਾ ਹੈ ਤੇ ਸੁਗਮ ਹੈ।

ਨਿਰੁਕ੍ਤ-ਮੀਠਾ-ਮਿਠਾ, ਮਿਸ਼ਟ। ਇਸ ਦਾ ਭਾਵ ਅਗਲੀ ਤੁਕ ਵਿਚ ਹੈ 'ਹਰਿ ਰਸਿ'।

ਬਿਖਿਆ-ਇਥੇ ਅਰਥ ਮਾਇਆ ਹੀ ਠੀਕ ਢੁੱਕਦਾ ਹੈ।

ਆਪੁ ਨ ਜਾਪਈ-ਅਪਣੇ ਸਰੂਪ ਦੀ ਪਛਾਣ ਨਹੀਂ ਹੁੰਦੀ।

ਸਭ-ਭਾਵ ਹੈ ਸਾਰੀ ਸ੍ਰਿਸ਼ਟੀ।

ਮਹਲੁ-ਟਿਕਾਣਾ, ਸਰੂਪ। ਵਾਹਿਗੁਰੂ ਦਾ ਸਰੂਪ।

[ਆਸਾ ਮਹਲਾ ੩, ਅਸਟਪਦੀ-੩੦]

ਪ੍ਰਾਕ੍ਕਥਨ-ਗੁਰਮੁਖ ਤੇ ਮਨਮੁਖ ਦੇ ਲੱਛਣ, ਪ੍ਰਾਪਤੀ ਤੇ ਪ੍ਰਾਪਤੀ ਦੇ ਵਸੀਲਿਆਂ ਦਾ ਵੇਰਵਾ, ਸੁਹਾਗਣ ਤੇ ਦੁਹਾਗਣ ਦੇ ਰੂਪਕ ਵਿਚ ਵਰਣਨ ਕੀਤਾ ਹੈ ਤੇ ਮੂਲ ਗਲ ਸੋਹਾਗਣ ਦਾ ਅਨਿੰਨ ਪ੍ਰੇਮ ਦੱਸਿਆ ਹੈ।

ਮੂਲ	ਅਰਥ
ਆਸਾ ਮਹਲਾ ੩ ॥	
ਦੋਹਾਗਣੀ ਮਹਲੁ ਨ ਪਾਇਨ੍ਹੀ ਨ ਜਾਣਨਿ ਪਿਰ ਕਾ ਸੁਆਉ ॥ ਫਿਕਾ ਬੋਲਹਿ ਨਾ ਨਿਵਹਿ ਦੂਜਾ ਭਾਉ ਸੁਆਉ ॥ ੧॥	(ਮਨਮੁਖ ਰੂਪੀ) ਦੋਹਾਗਣਾਂ ਪਤੀ (ਪਰਮੇਸ਼ੁਰ) ਦੇ ('ਮਿਲਾਪ-) ਰਸ' ਨੂੰ ਨਹੀਂ ਜਾਣਦੀਆਂ (ਇਸ ਕਰਕੇ ਉਸ ਦੇ) ਸਰੂਪ ਨੂੰ ਪ੍ਰਾਪਤ ਨਹੀਂ ਹੁੰਦੀਆਂ। (ਉਨ੍ਹਾਂ ਨੂੰ ਪਤੀ ਰਚਣਹਾਰ ਦੇ ਮਿਲਾਪ ਦਾ ਨਹੀਂ, ਸਗੋਂ ਪਤੀ ਤੋਂ ਛੁਟ ਉਸ ਦੇ ਪਦਾਰਥਾਂ ਰੂਪੀ) (ਦੂਜੇ ਭਾਵ' ਦਾ ਸੁਆਦ ਹੈ, (ਓਹ ਪਤੀ ਪਰਮੇਸ਼ੁਰ ਅੱਗੇ) ਨੀਉਂਦੀਆਂ ਨਹੀਂ, (ਸਗੋਂ) ਫਿੱਕੇ (ਵਾਕ) ਬੋਲਦੀਆਂ ਹਨ॥ ੧॥
ਇਹੁ ਮਨੂਆ ਕਿਉ ਕਰਿ ਵਸਿ ਆਵੈ ॥ ਗੁਰ ਪਰਸਾਦੀ ਠਾਕੀਐ ਗਿਆਨ ਮਤੀ ਘਰਿ ਆਵੈ ॥੧॥ ਰਹਾਉ ॥	(ਮਨਮੁਖ ਬਣੀਦਾ ਹੈ ਮਨ ਦੇ ਮਗਰ ਲੱਗਕੇ, ਮਨ ਬੇਵੱਸਾ ਦੂਜੇ ਭਾਵ ਵਿਚ ਜਾਂਦਾ ਹੈ, ਸੋ ਦੱਸੋ ਕਿ) ਇਹ ਮਨ ਕੀਕੂੰ ਵੱਸ ਵਿਚ ਆਵੇ? [ਉੱਤਰ:] (ਇਸ ਨੂੰ) ਗੁਰੂ ਦੀ ਮੇਹਰ ਦੁਆਰਾ ਰੋਕੀਦਾ ਹੈ (ਤਦ ਗਿਆਨ ਸਰੂਪ ਬੁੱਧੀ ਪੈਦਾ ਹੁੰਦੀ ਹੈ, ਉਸ) ਗ੍ਯਾਨ ਸਰੂਪ ਬੁਧੀ* ਨਾਲ (ਫਿਰ ਇਹ ਆਪਣੇ) ਸਰੂਪ ਵਿਚ ਆ ਜਾਂਦਾ ਹੈ॥ ੧॥ ਰਹਾਉ॥
	[ਮਨਮੁਖ ਦਾ ਵਰਣਨ ਕਰਕੇ ਤੇ ਗੁਰਮੁਖ ਬਣਨ ਦਾ ਸੰਖੇਪ ਰਸਤਾ ਦੱਸਕੇ ਹੁਣ ਗੁਰਮੁਖ ਦਾ ਹੋਰ ਵਰਣਨ ਕਰਦੇ ਹਨ]

* ਉਹ ਬੁਧੀ ਜਿਸ ਦਾ ਸਰੂਪ ਹੀ ਗ੍ਯਾਨ ਹੈ। ਭਾਵ ਹੈ ਕਿ ਸਰੀਰ ਮਨ ਬੁਧੀ ਆਦਿ ਤੋਂ ਨਿਜ ਨੂੰ ਵੱਖਰਾ ਲਖ ਲੈਣ ਵਾਲੀ ਮੱਤਿ। ਯੋਗ ਵਿਚ ਦੱਸੀ 'ਵਿਵੇਕ ਖ੍ਯਾਤਿ' ਇਸ ਦੇ ਨੇੜੇ ਹੈ।

ਸੋਹਾਗਣੀ ਆਪਿ ਸਵਾਰੀਓਨੁ ਲਾਇ ਪ੍ਰੇਮ ਪਿਆਰੁ ॥ ਸਤਿਗੁਰ ਕੈ ਭਾਣੈ ਚਲਦੀਆ ਨਾਮੇ ਸਹਜਿ ਸੀਗਾਰੁ ॥੨॥

ਸੁਹਾਗਣਾਂ (ਰੂਪ ਗੁਰਮੁਖਾਂ) ਨੂੰ (ਪ੍ਰਭੂ ਨੇ ਆਪਣੇ) ਪ੍ਰੇਮ ਪਿਆਰ ਵਿਚ ਲਾਕੇ ਆਪ ਸੁਆਰ ਲੀਤਾ ਹੈ। (ਓਹ) ਸਤਿਗੁਰੂ ਦੇ ਭਾਣੇ ਵਿਚ ਤੁਰਦੀਆਂ ਹਨ, (ਓਹ ਸਤਿਗੁਰ ਦੇ ਦੱਸੇ) ਨਾਮ ਦੁਆਰਾ 'ਸਹਜ (-ਯੋਗ'*) ਦਾ ਸ਼ਿੰਗਾਰ ਕਰਦੀਆਂ ਹਨ॥ ੨॥

ਸਦਾ ਰਾਵਹਿ ਪਿਰੁ ਆਪਣਾ ਸਚੀ ਸੇਜ ਸੁਭਾਇ ॥ ਪਿਰ ਕੈ ਪ੍ਰੇਮਿ ਮੋਹੀਆ ਮਿਲਿ ਪ੍ਰੀਤਮ ਸੁਖੁ ਪਾਇ ॥੩॥

(ਨਾਮ ਦੁਆਰਾ ਓਹ ਸ਼ਰਧਾ ਰੂਪੀ) ਸੱਚੀ ਸੇਜਾ ਪਰ ਸੁਭਾਇਮਾਨ ਹੋਈਆਂ ਆਪਣਾ ਪਤੀ ਸਦਾ ਮਾਣਦੀਆਂ ਹਨ, (ਹਾਂ, ਓਹ) ਪਤੀ ਦੇ ਪ੍ਰੇਮ ਵਿਚ ਮੋਹੀਆਂ (ਰਹਿੰਦੀਆਂ ਹਨ ਤੇ) ਪ੍ਰੀਤਮ ਨੂੰ ਮਿਲੀਆਂ ਹੋਈਆਂ (ਪਿਰ ਕਾ ਸੁਆਉ ਰੂਪੀ †) ਸੁਖ ਮਾਣਦੀਆਂ ਹਨ॥ ੩॥

ਗਿਆਨ ਅਪਾਰੁ ਸੀਗਾਰੁ ਹੈ ਸੋਭਾਵੰਤੀ ਨਾਰਿ ॥ ਸਾ ਸਭਰਾਈ ਸੁੰਦਰੀ ਪਿਰ ਕੈ ਹੇਤਿ ਪਿਆਰਿ ॥੪॥

(ਇਸ ਅਵਸਥਾ ਵਿਚ ਪਹੁੰਚੀ ਗੁਰਮੁਖ ਰੂਪ ਸੁਹਾਗਣ ਦਾ ਹੁਣ) ਗਿਆਨ ਸ਼ਿੰਗਾਰ ਹੈ‡ ,] ਕਿਹੜਾ ਗ੍ਯਾਨ? ਉੱਤਰ:] ਪਾਰ ਰਹਿਤ (ਗ੍ਯਾਨ ਅਰਥਾਤ ਪ੍ਰਭੂ ਦਾ ਅਮਿਤ ਗ੍ਯਾਨ)। ਉਹ (ਹੋਰਨਾਂ ਨਾਰੀਆਂ=ਜਗ੍ਯਾਸੂਆਂ ਵਿਚ) ਸ਼ੋਭਾ ਵਾਲੀ ਨਾਰੀ ਹੈ, (ਉਹ ਸਭ ਤੋਂ ਵਧੀਕ) ਸੁੰਦਰੀ ਹੈ, (ਉਹ ਵਡੇ) ਸਤਿਕਾਰ ਵਾਲੀ ਹੈ, (ਕਿਉਂ ਜੋ ਗਿਆਨਵਾਨ ਹੋਕੇ ਉਹ) ਪਤੀ ਦੇ ਪ੍ਰੇਮ ਪਿਆਰ §ਵਿਚ ਰਹਿੰਦੀ ਹੈ॥ ੪॥

ਸੋਹਾਗਣੀ ਵਿਚਿ ਰੰਗੁ ਰਖਿਓਨੁ ਸਚੈ ਅਲਖਿ ਅਪਾਰਿ ॥ ਸਤਿਗੁਰੁ ਸੇਵਨਿ ਆਪਣਾ ਸਚੈ ਭਾਇ ਪਿਆਰਿ ॥੫॥

[ਹੁਣ ਉਸ ਦਾ ਪ੍ਰੇਮ ਦਿਖਾਲਦੇ ਹਨ] ਸੱਚੇ, ਅਲਖ ਤੇ ਅਪਾਰ (ਪ੍ਰਭੂ) ਨੇ (ਆਪ) ਸੁਹਾਗਣੀਆਂ ਵਿਚ 'ਪ੍ਰੇਮ' ਰਖਿਆ ਹੈ, (ਇਸ ਕਰਕੇ ਓਹ ਆਪਣੇ ਨਾਮ ਦਾਤੇ) ਸਤਿਗੁਰੂ ਨੂੰ (ਗ੍ਯਾਨਵਾਨ ਹੋਕੇ ਬੀ) ਸੱਚੀ ਸ਼ਰਧਾ ਤੇ ਪ੍ਯਾਰ ਨਾਲ ਸੇਂਵਦੀਆਂ ਹਨ॥ ੫॥

ਸੋਹਾਗਣੀ ਸੀਗਾਰੁ ਬਣਾਇਆ ਗੁਣ ਕਾ ਗਲਿ ਹਾਰੁ ॥ ਪ੍ਰੇਮ ਪਿਰਮਲੁ ਤਨਿ ਲਾਵਣਾ ਅੰਤਰਿ ਰਤਨੁ ਵੀਚਾਰੁ ॥੬॥

[ਅੰਕ ੨ ਵਿਚ ਸਹਜੇ ਜੁੜੇ ਰਹਿਣ ਦਾ ਸ਼ਿੰਗਾਰ, ਅੰਕ ੪ ਵਿਚ ਗਿਆਨ ਦਾ ਸ਼ਿੰਗਾਰ ਦੱਸਕੇ ਭੀ ਹੁਣ ਸੱਚਾ ਸ਼ਿੰਗਾਰ ਦੱਸਦੇ ਹਨ ਕਿ ਹੁਣ] ਸੁਹਾਗਣਾਂ ਨੇ (ਇਹ) ਸ਼ਿੰਗਾਰ ਬਣਾਇਆ ਹੁੰਦਾ ਹੈ (ਕਿ) ਗਲ ਵਿਚ ਤਾਂ ਗੁਣਾਂ ਦਾ ਹਾਰ (ਪਹਿਨੇ ਰਖਣਾ ਤੇ) ਸਰੀਰ ਨੂੰ ਪ੍ਰੇਮ (ਰੂਪੀ) ਖ਼ੁਸ਼ਬੋ ਦਾ ਲਾਈ ਰਖਣਾ, (ਪਰ) ਅੰਦਰ ਗ੍ਯਾਨ (ਰੂਪੀ) ਰਤਨੀ (ਗਹਿਣਾ ਪਾਈ ਰੱਖਣਾ)॥ ੬॥

ਭਾਵ ਇਹ ਕਿ ਉਹਨਾਂ ਦੀ ਭਗਤੀ ਤੇ ਗ੍ਯਾਨ ਤਾਂ ਸਿਰੇ ਚੜ੍ਹ ਚੁਕੇ ਹਨ, ਓਹ ਪ੍ਰੇਮ ਤੇ ਗ੍ਯਾਨ ਦਾ ਰਤਨ ਅੰਦਰ ਕਾਯਮ ਹੋ ਜਾਂਦਾ ਹੈ, ਪਰ ਓਹ ਵਸਦੇ ਸੰਸਾਰ ਵਿਚ ਹਨ, ਸੋ ਉਹਨਾਂ ਦੀ ਬਾਹਰ ਕੀ ਵਰਤੋਂ ਹੁੰਦੀ ਹੈ? ਇਸ ਦਾ ਉੱਤਰ ਦੇਂਦੇ ਹਨ ਕਿ ਸ਼ੁਭ ਗੁਣਾਂ ਦਾ ਗਹਿਣਾ ਪਹਿਨੇ ਹੋਏ ਹੁੰਦੇ ਹਨ; ਭਗਤ ਗ੍ਯਾਨੀ ਹੋਕੇ ਓਹ ਆਚਰਣ ਦੇ ਸੁੱਚੇ ਹੁੰਦੇ ਹਨ, ਉਹਨਾਂ ਦੇ ਆਚਰਨ ਦੀ ਉੱਚਤਾ ਸਾਰੇ ਜਗਤ

* ਨਿਰਯਤਨ ਯਤਨ ਨਾਲ ਨਾਮ ਦੁਆਰਾ ਸਾਈਂ ਦੀ ਹਜ਼ੂਰੀ ਵਿਚ ਵੱਸਣਾ ਤੇ ਸਾਈਂ ਨਾਲ ਜੁੜੇ ਰਹਿਣਾ, ਸਹਜ ਯੋਗ ਯਾ ਸਹਜ ਅਵਸਥਾ ਹੈ।

† ਜੋ ਪਹਿਲੀ ਤੁਕ ਵਿਚ ਦੱਸ ਆਏ ਹਨ: 'ਪਿਰ ਕਾ ਸੁਆਉ'।

‡ ਅੰਕ ੨ ਵਿਚ ਨਾਮ ਦੁਆਰਾ ਸਹਜ ਯੋਗ ਦਾ ਸ਼ਿੰਗਾਰ ਦੱਸਿਆ ਸੀ, ਹੁਣ ਉਹ ਯੋਗ ਬ੍ਰਹਮ ਗ੍ਯਾਨ ਬਣ ਗਿਆ ਹੈ।

§ ਸੁਖਮਨੀ ਵਿਚ ਫੁਰਮਾਇਆ ਹੈ:-ਬ੍ਰਹਮ ਗਿਆਨੀ ਏਕ ਸੰਗਿ ਹੇਤਾ॥ [ਸੁਖਮਨੀ, ੮-੨੭੩ ਕਿ ਬ੍ਰਹਮ ਗ੍ਯਾਨੀ ਗ੍ਯਾਨ ਵਿਚ ਹੀ ਨਹੀਂ ਪ੍ਰੇਮ ਵਿਚ ਹੁੰਦਾ ਹੈ, ਇਹ ਪ੍ਰੇਮਾ ਭਗਤੀ ਵਾਲਾ ਗ੍ਯਾਨ ਹੈ।

ਨੂੰ ਗਲ ਹਾਰ ਵਾਙੂ ਪਈ ਦਿੱਸਦੀ ਹੈ। ਖ਼ੁਸ਼ਬੋ ਓਹ ਪ੍ਰੇਮ ਦੀ ਲਾਉਂਦੇ ਹਨ। ਖ਼ੁਸ਼ਬੋ ਲਗੀ ਅਪਣੇ ਤੋਂ ਦੂਸਰੇ ਨੂੰ ਬੀ ਜਾਂਦੀ ਹੈ, ਇਸ ਕਰਕੇ ਭਾਵ ਹੈ ਕਿ ਉਹਨਾਂ ਦੀ ਵਰਤੋਂ ਦੂਜਿਆਂ ਨਾਲ ਹੁੰਦੀ ਹੈ ਪ੍ਰੇਮ ਦੀ, ਹਰੇਕ ਨਾਲ ਓਹ ਪ੍ਰੇਮ ਦੀ ਵਰਤੋਂ ਕਰਦੇ ਹਨ। ਇਹ ਭਾਵ ਨਹੀਂ ਕਿ ਈਸ਼੍ਵਰ ਨਾਲ ਪ੍ਰੇਮ ਛੋੜਕੇ ਲੋਕਾਂ ਨਾਲ ਪ੍ਰੇਮ ਪੈ ਜਾਂਦਾ ਹੈ, ਪਰ ਇਹ ਕਿ ਉਹ ਅਪਣੇ ਹਰ ਕਰਮ ਹਰ ਵਰਤੋਂ ਨੂੰ ਈਸ਼੍ਵਰੀਯ ਪ੍ਰੇਮ ਵਿਚ ਕਰਦੇ ਹਨ, ਜੋ ਵਰਤੋਂ ਵਰਤਦੇ ਹਨ ਇਹ ਤੋਲ ਲੈਂਦੇ ਹਨ ਕਿ ਇਹ ਕੰਮ ਹਉਮੈ ਦਾ ਯਾ ਨਿਜ ਸ਼ੋਭਾ ਦਾ ਤਾਂ ਨਹੀਂ? ਇਹ ਕਰਮ ਈਸ਼੍ਵਰੀਯ ਪ੍ਰੇਮ ਦਾ ਹੈ? ਇਹ ਨਿਸ਼ਚੇ ਹੋਕੇ ਕਿ ਸਾਡਾ 'ਜਗਤ-ਪ੍ਰੇਮ' ਈਸ਼੍ਵਰੀਯ ਪ੍ਰੇਮ ਵਿਚ ਹੈ, ਉਸ ਦੇ ਪ੍ਰੇਮ ਦੀ ਤੁਲਨਾ ਵਿਚ ਤੁਲਦਾ ਹੈ, ਕੰਮ ਕਰਦੇ ਹਨ।

ਭਗਤਿ ਰਤੇ ਸੇ ਊਤਮਾ ਜਤਿ ਪਤਿ ਸਬਦੇ ਹੋਇ ॥ ਬਿਨੁ ਨਾਵੈ ਸਭ ਨੀਚ ਜਾਤਿ ਹੈ ਬਿਸਟਾ ਕਾ ਕੀੜਾ ਹੋਇ ॥੭॥

[ਹੁਣ ਸਾਰੀ ਗਲ ਨੂੰ ਸੰਖੇਪ ਵਿਚ ਕਰਕੇ ਕਰਨੇ ਯੋਗ ਉਪਦੇਸ਼ ਯਾਦ ਰਖਣੇ ਲਈ ਦੁਹਰਾਉਂਦੇ ਹਨ] ਨਾਮ ਤੋਂ ਬਿਨਾ ਸਭ ਕੋਈ ਨੀਚ ਜਾਤ ਹੈ, (ਉਹਨਾਂ ਦਾ ਅੰਤ) ਬਿਸ਼ਟਾ ਦੇ ਕੀੜੇ, (ਵਾਙੂ ਗੰਦ ਵਿਚ ਪੈਣਾ) ਹੈ। (ਪਰ ਜੋ ਨਾਮ ਪਾਕੇ) ਭਗਤੀ ਵਿਚ ਰੱਤੇ ਜਾਂਦੇ ਹਨ ਓਹ ਉੱਤਮ ਹੁੰਦੇ ਹਨ। (ਉੱਤਮ) ਜਾਤੀ ਵਾਲੇ ਹੋਣਾਂ (ਤੇ ਉੱਚੀ) ਪਤਿ ਵਾਲੇ ਹੋਣਾ (ਸ਼ਬਦ=) ਨਾਮ ਨਾਲ ਹੁੰਦਾ ਹੈ॥ ੭॥

ਹਉ ਹਉ ਕਰਦੀ ਸਭ ਫਿਰੈ ਬਿਨੁ ਸਬਦੈ ਹਉ ਨ ਜਾਇ ॥ ਨਾਨਕ ਨਾਮਿ ਰਤੇ ਤਿਨ ਹਉਮੈ ਗਈ ਸਚੈ ਰਹੇ ਸਮਾਇ ॥੮॥੮॥੩੦॥

[ਕਿਉਂ ਨਾਮ ਤੋਂ ਬਿਨਾ ਨੀਚ ਹੋ ਜਾਈਦਾ ਹੈ? ਇਸ ਦਾ ਸੰਖੇਪ ਉੱਤਰ ਦੇਂਦੇ ਹਨ:] ਹਉ ਹਉ ਕਰਦੀ ਸਾਰੀ (ਲੁਕਾਈ ਭਟਕਦੀ) ਫਿਰਦੀ ਹੈ, ਸ਼ਬਦ ਤੋਂ ਬਿਨਾ ਹਉਮੈ ਦੂਰ ਨਹੀਂ ਹੁੰਦੀ। ਹੇ ਨਾਨਕ ! ਜੋ ਨਾਮ ਵਿਚ ਰੰਗੇ ਜਾਂਦੇ ਹਨ, ਉਹਨਾਂ ਦੀ ਹਉਮੈ ਦੂਰ ਹੋ ਜਾਂਦੀ ਹੈ (ਜਿਸ ਦਾ ਫਲ ਇਹ ਹੁੰਦਾ ਹੈ ਕਿ ਓਹ) ਸਚੇ (ਪ੍ਰਭੂ) ਵਿਚ ਸਦਾ ਸਮਾਏ ਰਹਿੰਦੇ ਹਨ॥ ੮॥ ੮॥ ੩੦॥

ਸੰਖੇਪ ਵਿਚ ਉਪਦੇਸ਼ ਦਿਤਾ ਹੈ ਕਿ ਹਉਮੈ ਦੂਰ ਕਰੋ ਤੇ ਹਉਮੈ ਦੇ ਦੂਰ ਕਰਨ ਲਈ ਨਾਮ ਦਾ ਸਿਮਰਣ ਕਰੋ ਤੇ ਭਗਤੀ ਵਿਚ ਰੰਗੇ ਜਾਓ।

ਵਯਾਖਯਾ-ਸੁਗਮ*।

ਨਿਰੁਕ੍ਤ-ਦੋਹਾਗਣੀ-ਪਤੀ ਤੋਂ ਛੱਡੀ ਗਈ ਇਸਤ੍ਰੀ, ਛੁੱਟੜ, ਯਾ ਜੋ ਪਤੀ ਦੇ ਘਰ ਨਾ ਵੱਸੇ।

ਮਹਲੁ-ਘਰ, ਟਿਕਾਣਾ, ਭਾਵ ਹੈ ਪ੍ਰਭੂ ਸਰੂਪ ਵਿਚ ਸਮਾਈ ।

ਸੁਆਉ-ਸੁਆਦ ।ਭਾਵ ਹੈ ਪ੍ਰਭ ਪ੍ਰੇਮ ਯਾ ਮਿਲਾਪ ਦਾ ਸੁਆਦ। ਬ੍ਰਹਮ ਰਸ।

ਦੂਜਾ ਭਾਉ-ਦ੍ਵੈਤ ਭਾਵਨਾ, ਯਾ ਪ੍ਰਭੂ ਅਤ੍ਰਿਕਤ ਹੋਰਨਾਂ ਨਾਲ ਭਾਵਨਾ।

ਠਾਕੀਐ-ਰੋਕੀਏ। ਗਿਆਨ ਮਤੀ-ਗਯਾਨ ਰੂਪੀ ਬੁਧੀ।

ਰਾਵਹਿ-ਮਾਣਦੀਆਂ ਹਨ। ਸੁਖ ਪਾਉਂਦੀਆਂ ਹਨ।

ਸੁਭਾਇ-ਸੁਭਾਇਮਾਨ। (ਅ) ਸੁਭਾਵਕ ਹੀ।

ਗਿਆਨ ਅਪਾਰੁ-ਪਾਰ ਰਹਿਤ ਗਯਾਨ। ਪੂਰਨ ਗਯਾਨ। ਉਹ ਗਯਾਨ ਜੋ ਅਪਾਰ ਦਾ ਹੋਣ ਕਰਕੇ ਅਪਾਰ ਹੋ ਜਾਂਦਾ ਹੈ। ਸਭਰਾਈ-ਭਰਾਵਾਂ ਵਾਲੀ। ਉਹ ਇਸਤ੍ਰੀ ਜਿਸ ਦੇ ਭਰਾ ਹੋਣ ਸਤਿਕਾਰ ਯੋਗ ਸਮਝੀ ਜਾਂਦੀ ਹੈ। ਇਸ ਕਰਕੇ ਅਰਥ ਹੈ ਸਤਿਕਾਰ ਯੋਗ। ਭਾਗਾਂ ਵਾਲੀ।

* ਸ਼ਬਦ ਦੇ ਅਰਥਾਂ ਵਿਚ ਹੀ ਵਯਾਖਯਾ ਆ ਗਈ ਹੈ। ਸੁਗਮ ਹੋਣ ਕਰਕੇ ਵੱਖਰੀ ਨਹੀਂ ਲਿਖੀ।

ਪਿਰਮਲੁ-ਸੁਗੰਧੀ, ਖੁਸ਼ਬੋਈ। ਊਤਮਾ-ਉੱਤਮ ਲੋਕ। ਚੰਗੇ ਤੇ ਉਚੇ ਲੋਕ।

[ਆਸਾ ਮਹਲਾ ੩, ਅਸਟਪਦੀ-੩੧]

ਪ੍ਰਾਕਥਨ-ਵਾਹਿਗੁਰੂ ਮੇਹਰ ਕਰੇ ਤਾਂ ਗੁਰੂ ਮਿਲਦਾ ਹੈ, ਗੁਰੂ ਉਪਦੇਸ਼ ਦੇਕੇ ਨਾਮ ਨਾਲ ਰੰਗ ਦੇਂਦਾ ਹੈ, ਉਸ ਰੰਗ ਯਾ ਪ੍ਰੇਮ ਨਾਲ ਕਲਯਾਣ ਹੁੰਦੀ ਹੈ।

ਮੂਲ	ਅਰਥ
ਆਸਾ ਮਹਲਾ ੩ ॥ **ਸਚੇ ਰਤੇ ਸੇ ਨਿਰਮਲੇ ਸਦਾ ਸਚੀ ਸੋਇ ॥ ਐਥੈ ਘਰਿ ਘਰਿ ਜਾਪਦੇ ਆਗੈ ਜੁਗਿ ਜੁਗਿ ਪਰਗਟੁ ਹੋਇ ॥੧॥**	[ਪਿਛਲੇ ਸ਼ਬਦ ਦੇ ਅੰਤ ਵਿਚ ਫੁਰਮਾਇਆ ਸੀ 'ਸਚੈ ਰਹੇ ਸਮਾਇ' ਹੁਣ ਉਨ੍ਹਾਂ ਬਾਬਤ ਹੋਰ ਫੁਰਮਾਉਂਦੇ ਹਨ] (ਜੋ) ਸੱਚੇ ਵਿਚ ਰਤੇ ਜਾਂਦੇ ਹਨ ਓਹ ਮੈਲ ਤੋਂ ਰਹਿਤ (ਭਾਵ ਪਵਿਤ੍ਰ ਹੋ ਜਾਂਦੇ ਹਨ ਫੇਰ ਉਨ੍ਹਾਂ ਦੀ) ਸ਼ੋਭਾ (ਬੀ) ਸਦਾ ਲਈ ਤੇ ਸੱਚੀ (ਹੋਣ ਲੱਗ ਜਾਂਦੀ ਹੈ)। ਏਥੇ (ਹੁੰਦਿਆਂ ਓਹ) ਘਰ ਘਰ ਵਿਚ ਪ੍ਰਗਟ ਹੋ ਜਾਂਦੇ ਹਨ ਤੇ ਅਗੋਂ ਨੂੰ (ਜਦੋਂ ਕਿ ਸਰੀਰ ਕਰਕੇ ਏਥੇ ਨਹੀਂ ਹੋਣਗੇ ਤਦੋਂ ਬੀ) ਹਰ ਜੁਗ ਵਿਚ ਪ੍ਰਗਟ ਰਹਿਣਗੇ ॥ ੧ ॥
ਏ ਮਨ ਰੂੜੇ ਰੰਗੁਲੇ ਤੂੰ ਸਚਾ ਰੰਗੁ ਚੜਾਇ ॥ ਰੂੜੀ ਬਾਣੀ ਜੇ ਰਪੈ ਨਾ ਇਹੁ ਰੰਗੁ ਲਹੈ ਨ ਜਾਇ ॥੧॥ ਰਹਾਉ ॥	[ਹੁਣ ਅਪਣੇ ਸੁਹਣੇ ਮਨ ਦੁਆਰਾ ਨਾਮ ਪ੍ਰੇਮੀਆਂ ਨੂੰ ਉਪਦੇਸ਼ ਦੇਂਦੇ ਹਨ:] ਹੇ ਮੇਰੇ ਸੁਹਣੇ ਤੇ ਰੰਗੀਲੇ ਮਨ ! ਤੂੰ (ਅਪਣੇ ਆਪ ਤੇ) ਸੱਚਾ (ਪ੍ਰੇਮ ਰੂਪੀ) ਰੰਗ ਚਾੜ੍ਹ ਲੈ। [ਪ੍ਰਸ਼ਨ:-ਕੀਕੂੰ? ਉੱਤਰ:] ਜੇ ਸੁੰਦਰ ਬਾਣੀ ਨਾਲ (ਤੂੰ) ਰੰਗਿਆ ਜਾਵੇਂ ਤਾਂ ਇਹ ਰੰਗ ਨਾ ਉਤਰੇਗਾ ਨਾ ਦੂਰ ਹੋਵੇਗਾ (ਭਾਵ ਉਹ ਰੰਗ ਸਦੈਵੀ ਹੋ ਜਾਏਗਾ)॥ ੧॥ ਰਹਾਉ॥
ਹਮ ਨੀਚ ਮੈਲੇ ਅਤਿ ਅਭਿਮਾਨੀ ਦੂਜੈ ਭਾਇ ਵਿਕਾਰ ॥ ਗੁਰਿ ਪਾਰਸਿ ਮਿਲਿਐ ਕੰਚਨੁ ਹੋਏ ਨਿਰਮਲ ਜੋਤਿ ਅਪਾਰ ॥੨॥	ਅਸੀਂ (ਕਰਮਾਂ ਕਰਕੇ) ਨੀਚ ਸਾਂ, (ਮਨ ਕਰਕੇ) ਬਹੁਤ ਮੈਲੇ ਸਾਂ, (ਬੁੱਧੀ ਕਰਕੇ) ਹੰਕਾਰੀ ਸਾਂ, (ਇਸ ਕਰਕੇ) ਦੂਜੇ ਦੇ ਪਿਆਰ* ਵਿਚ (ਸਾਨੂੰ) ਵਿਕਾਰ ਲਗ ਰਹੇ ਸਨ। ਗੁਰੂ ਰੂਪੀ ਪਾਰਸ ਦੇ ਮਿਲ ਪੈਣੇ ਕਰਕੇ ਸੋਨਾ ਹੋ ਗਏ ਹਾਂ (ਭਾਵ ਪਰਮ ਪਵਿਤ੍ਰ ਤੇ ਕੀਮਤੀ ਹੋ ਗਏ ਹਾਂ ਤੇ) ਪਾਰ ਰਹਿਤ (ਪ੍ਰਭੂ) ਦੀ ਪਵਿਤ੍ਰ ਜੋਤ (ਦਾ ਪ੍ਰਕਾਸ਼ ਹੋ ਗਿਆ ਹੈ)॥ ੨ ॥
ਬਿਨੁ ਗੁਰ ਕੋਇ ਨ ਰੰਗੀਐ ਗੁਰਿ ਮਿਲਿਐ ਰੰਗੁ ਚੜਾਉ ॥ ਗੁਰ ਕੈ ਭੈ ਭਾਇ ਜੋ ਰਤੇ ਸਿਫਤੀ ਸਚਿ ਸਮਾਉ ॥੩॥	ਗੁਰੂ ਤੋਂ ਬਿਨਾਂ ਕੋਈ ਨਹੀਂ (ਪ੍ਰਭੂ ਪ੍ਰੇਮ ਵਿਚ) ਰੰਗਿਆ ਜਾਂਦਾ, ਗੁਰੂ ਦੇ ਮਿਲਿਆਂ ਹੀ (ਏਸ) ਰੰਗ ਦਾ ਚੜ੍ਹਾਉ ਹੁੰਦਾ ਹੈ (ਭਾਵ ਰੰਗ ਚੜ੍ਹਦਾ ਹੈ। ਹਾਂ) ਜੋ ਗੁਰੂ ਦੇ ਭੈ ਤੇ ਪ੍ਰੇਮ ਵਿਚ ਰੱਤੇ ਰਹਿੰਦੇ ਹਨ (ਉਨ੍ਹਾਂ ਦਾ) ਸਮਾਉਣਾ ਸਲਾਹੇ ਗਏ ਤੇ ਸੱਚ ਸਰੂਪ (ਪ੍ਰਭੂ) ਵਿਚ (ਹੁੰਦਾ) ਹੈ॥ ੩ ॥
ਭੈ ਬਿਨੁ ਲਾਗਿ ਨ ਲਗਈ ਨਾ ਮਨੁ ਨਿਰਮਲੁ ਹੋਇ ॥ ਬਿਨੁ ਭੈ ਕਰਮ ਕਮਾਵਣੇ ਝੂਠੇ ਠਾਉ ਨ ਕੋਇ ॥੪॥	(ਪ੍ਰਭੂ ਦੇ) ਭੈ ਤੋਂ ਬਿਨਾਂ ਲਾਗ ਨਹੀਂ ਲਗਦੀ, (ਲਾਗ ਬਿਨਾਂ) ਮਨ ਨਿਰਮਲ ਨਹੀਂ ਹੁੰਦਾ। ਭੈ ਤੋਂ ਬਿਨਾਂ ਜੋ ਕਰਮ ਕਮਾਉਣੇ ਹਨ (ਉਹ ਕਮਾਉਣ ਵਾਲਿਆਂ ਨੂੰ) ਝੂਠੇ (ਹੀ ਰਖਦੇ ਹਨ ਤੇ ਉਨ੍ਹਾਂ ਨੂੰ) ਕਿਤੇ ਢੋਈ ਨਹੀਂ (ਮਿਲਦੀ)॥ ੪ ॥

* ਮਾਯਾ, ਪਦਾਰਥਾਂ ਤੇ ਸਜਣਾਂ ਸੰਬੰਧੀਆਂ ਆਦਿਕਾਂ ਦਾ ਪ੍ਰੇਮ।

ਜਿਸ ਨੋ ਆਪੇ ਰੰਗੇ ਸੁ ਰਪਸੀ ਸਤਸੰਗਤਿ ਮਿਲਾਇ ॥ ਪੂਰੇ ਗੁਰ ਤੇ ਸਤਸੰਗਤਿ ਊਪਜੈ ਸਹਜੇ ਸਚਿ ਸੁਭਾਇ ॥੫॥

[ਭੈ ਭਾਉ ਕਿਵੇਂ ਪ੍ਰਾਪਤ ਹੋਵੇ? ਉੱਤਰ:] ਜਿਸ ਨੂੰ (ਪ੍ਰਭੂ) ਆਪ (ਈਸ਼੍ਵਰੀਯ) ਪ੍ਰੇਮ ਵਿਚ ਰੰਗੇਗਾ ਉਹੀ ਰੰਗਿਆ ਜਾਏਗਾ। [ਕੀਕੂੰ? ਉੱਤਰ:] (ਉਸ ਨੂੰ) ਸਤਿਸੰਗਤਿ ਮਿਲਾ ਦਏਗਾ (ਤੇ) ਸਤਿਸੰਗਤਿ ਪੂਰੇ ਗੁਰੂ ਤੋਂ ਉਪਜਦੀ ਹੈ (ਜਿਸ ਦੁਆਰਾ ਕਿ ਜੀਵ) ਸਹਜ ਸੁਭਾਵਕ ਹੀ ਤੇ ਸਹਜ ਨਾਲ ਸੱਚੇ (ਪ੍ਰਭੂ) ਵਿਚ (ਪਹੁੰਚ ਪੈਂਦਾ ਹੈ)* ॥ ੫ ॥

ਬਿਨੁ ਸੰਗਤੀ ਸਭਿ ਐਸੇ ਰਹਹਿ ਜੈਸੇ ਪਸੁ ਢੋਰ ॥ ਜਿਨ੍ਹਿ ਕੀਤੇ ਤਿਸੈ ਨ ਜਾਣਨ੍ਹੀ ਬਿਨੁ ਨਾਵੈ ਸਭਿ ਚੋਰ ॥੬॥

(ਗੁਰੂ ਦੀ ਸਤਿ-) ਸੰਗਤ ਤੋਂ ਬਿਨਾਂ ਸਾਰੇ ਐਉਂ ਰਹਿੰਦੇ ਹਨ ਜਿਵੇਂ ਪਸ਼ੂ (ਯਾ) ਡੰਗਰ ਹੁੰਦੇ ਹਨ;(ਇਸ ਕਰਕੇ ਕਿ) ਜਿਸ ਨੇ ਰਚੇ ਸਨ ਉਸ ਨੂੰ ਨਹੀਂ ਜਾਣਦੇ, ਸਗੋਂ ਨਾਮ ਵਿਹੂਣੇ ਰਹਿਣ ਕਰਕੇ (ਤੇ ਮਾਇਆ ਲੁੱਟਦੇ ਰਹਿਣ ਕਰਕੇ) ਸਾਰੇ ਚੋਰ (ਸਮਾਨ) ਹਨ ॥ ੬ ॥

ਇਕਿ ਗੁਣ ਵਿਹਾਝਹਿ ਅਉਗਣ ਵਿਕਣਹਿ ਗੁਰ ਕੈ ਸਹਜਿ ਸੁਭਾਇ॥ ਗੁਰ ਸੇਵਾ ਤੇ ਨਾਉ ਪਾਇਆ ਵੁਠਾ ਅੰਦਰਿ ਆਇ ॥੭॥

[ਗੁਰਮੁਖਾਂ ਦਾ ਹਾਲ ਦੱਸਦੇ ਹਨ:-] ਇਕ (ਪੁਰਖ ਐਸੇ ਹਨ ਕਿ ਓਹ) ਗੁਣ ਤਾਂ ਖਰੀਦਦੇ ਹਨ ਤੇ ਔਗੁਣ ਵੇਚਦੇ ਹਨ (ਭਾਵ ਤਜਾਗਦੇ ਹਨ)। [ਕੀਕੂੰ? ਉੱਤਰ:] ਗੁਰੂ ਦੇ ਦੱਸੇ ਸਹਜ ਤੇ ਸੁਭਾਵਕ (ਤ੍ਰੀਕੇ ਨਾਲ, ਭਾਵ ਨਾਮ ਤੇ ਸਿਫਤ ਸਲਾਹ ਕਰ ਕਰਕੇ)। [ਪ੍ਰਸ਼ਨ: ਨਾਮ ਕੀਕੂੰ ਮਿਲੇ? ਉੱਤਰ:] ਗੁਰੂ ਦੀ ਸੇਵਾ ਨਾਲ ਨਾਮ ਮਿਲਦਾ ਹੈ, (ਤੇ ਫੇਰ) ਅੰਦਰ (ਹੀ) ਆ ਵਸਦਾ ਹੈ॥ ੭ ॥

ਸਭਨਾ ਕਾ ਦਾਤਾ ਏਕੁ ਹੈ ਸਿਰਿ ਧੰਧੈ ਲਾਇ ॥ ਨਾਨਕ ਨਾਮੇ ਲਾਇ ਸਵਾਰਿਅਨੁ ਸਬਦੇ ਲਏ ਮਿਲਾਇ ॥੮॥੯॥੩੧॥

(ਪਰ ਦੇਖੋ) ਸਭਨਾਂ ਦਾ ਦਾਤਾ ਇਕੋ ਹੈ, (ਹਰੇਕ ਨੂੰ) ਕੰਮੇ ਲਾਉਂਦਾ ਹੈ। (ਪਰ) ਹੇ ਨਾਨਕ ! (ਇਕਨਾਂ ਨੂੰ) ਨਾਮ ਵਿਚ ਲਾਕੇ ਸੰਵਾਰ ਲੈਂਦਾ ਹੈ (ਤੇ ਆਪਣੇ) ਸ਼ਬਦ (ਵਿਆਪਕ ਨਾਮ) ਦੁਆਰਾ ਮਿਲਾ ਲੈਂਦਾ ਹੈ (ਅਥਵਾ ਗੁਰ ਉਪਦੇਸ਼ ਦੁਆਰਾ ਆਪਣੇ ਨਾਲ ਮਿਲਾ ਲੈਂਦਾ ਹੈ)॥ ੮ ॥ ੯ ॥ ੩੧ ॥

ਵਜਾਖਜਾ-ਰਹਾਉ ਤਕ ਗੁਰਮੁਖਾਂ ਦਾ ਵਰਣਨ ਹੈ। ਅੰਕ ੩ ਤਕ ਗੁਰੂ ਦੀ ਅਵੱਸ਼ਕਤਾ ਦਰਸਾਈ ਹੈ। ਅੰਕ ੪ ਵਿਚ ਭੈ ਨੂੰ ਜ਼ਰੂਰੀ ਦੱਸਿਆ ਹੈ ਜੋ ਪ੍ਰੇਮਾ ਭਗਤੀ ਦਾ ਮੁੱਢ ਹੈ। ਅੰਕ ੫-੬ ਵਿਚ ਗੁਰੂ ਦੇ ਸਤਿਸੰਗ ਦੀ ਲੋੜ ਦਰਸਾਈ ਹੈ ਜੋ ਪ੍ਰਭੂ ਪ੍ਰੇਮ ਲਾ ਦੇਂਦਾ ਹੈ। ਬਿਨਾਂ ਗੁਰ ਸੰਗਤ ਦੇ ਮਾਨੁਖ ਪਸੂ ਸਮਾਨ ਅਗਜਾਨੀ ਹੈ। ਅੰਕ ੭ ਵਿਚ ਗੁਰਮੁਖ ਦਾ ਗੁਣ ਧਾਰਨਾ, ਔਗੁਣ ਛੱਡਣੇ, ਗੁਰੂ ਤੋਂ ਨਾਮ ਲੈਕੇ ਅੰਦਰ ਵਸਾਉਣਾ ਦੱਸਿਆ ਹੈ। ਅੰਕ ੮ ਵਿਚ ਦੱਸਿਆ ਕਿ ਹਰੇਕ ਰੁਝੇਵੇਂ ਵਿਚ ਹੈ, ਰੁਝੇਵੇਂ ਸਾਈਂ ਦੇ ਦਿੱਤੇ ਹਨ; ਪਰ ਨਾਮ ਦਾ ਰੁਝੇਵਾਂ ਸਭ ਤੋਂ ਉੱਤਮ ਹੈ ਜੋ ਪ੍ਰਭੂ ਮਿਲਾ ਦੇਂਦਾ ਹੈ।

ਨਿਰੁਕ੍ਤ-ਨਿਰਮਲੇ-ਮੈਲ ਰਹਿਤ ਲੋਗ। ਪਵਿਤ੍ਰ ਜੀਵ।

ਐਥੇ-ਇਸ ਥਾਂ। ਭਾਵ ਏਥੇ ਹੁੰਦਿਆਂ। ਇਸ ਜਨਮ ਵਿਚ। ਜੀਉਂਦੇ ਜੀ।

ਰੂੜੇ-ਸੁੰਦਰ। ਰੰਗੁਲੇ-ਰੰਗੀਲਾ। ਜੋ ਖੁਸ਼ੀਆਂ ਚਾਵਾਂ ਵਿਚ ਲਗਾ ਰਹੇ।

ਰਪੈ-ਰੰਗਿਆ ਜਾਏ। ਅਭਿਮਾਨੀ-ਹਉ ਹੰਕਾਰ ਵਾਲੇ।

* ਅਥਵਾ-ਸਹਜੇ ਹੀ ਸਚ ਵਿਚ ਸੁਭਾਇਮਾਨ ਹੋ ਜਾਂਦਾ ਹੈ।

ਲਾਗਿ-ਕੋਈ ਮਸਾਲਾ ਜਿਸ ਨਾਲ ਕਪੜੇ ਦੇ ਦਾਗ਼ ਉਤਾਰੇ ਜਾਣ। (ਅ) ਬਾਜ਼ੇ ਵੇਲੇ ਲਾਗ ਦਾ ਭਾਵ 'ਪਾਹ' ਲੈਂਦੇ ਹਨ ਜੋ ਕਪੜੇ ਨੂੰ ਰੰਗਣ ਤੋਂ ਪਹਿਲੋਂ ਲਾਈਦੀ ਹੈ। ਮੁਹਾਵਰੇ ਵਿਚ ਕਿਸੇ ਦੀ ਸੁਹਬਤ ਵਿਚ ਉਸ ਦੇ ਸੁਭਾਵ ਦੇ ਅਸਰ ਹੋ ਜਾਣ ਨੂੰ 'ਲਾਗ ਲਗਣੀ' ਆਖਦੇ ਹਨ।

ਰਪਸੀ-ਰੰਗਿਆ ਜਾਏਗਾ। ਵਿਹਾਝਹਿ-ਖਰੀਦ ਕਰਦੇ ਹਨ।

ਵਿਕਣਹਿ-ਵੇਚਦੇ ਹਨ। ਸਿਰਿ-ਹਰ ਸਿਰ ਤੇ। ਭਾਵ ਹਰੇਕ ਜੀਵ ਨੂੰ।

[ਆਸਾ ਮਹਲਾ ੩, ਅਸਟਪਦੀ-੩੨]

ਮੂਲ	ਅਰਥ
ਆਸਾ ਮਹਲਾ ੩ ॥	
ਸਭ ਨਾਵੈ ਨੋ ਲੋਚਦੀ ਜਿਸੁ ਕ੍ਰਿਪਾ ਕਰੇ ਸੋ ਪਾਏ ॥ ਬਿਨੁ ਨਾਵੈ ਸਭੁ ਦੁਖੁ ਹੈ ਸੁਖੁ ਤਿਸੁ ਜਿਸੁ ਮੰਨਿ ਵਸਾਏ ॥੧॥	ਸਭ (ਸ੍ਰਿਸ਼ਟੀ) ਨਾਮ ਨੂੰ ਚਾਹੁੰਦੀ ਹੈ, (ਪਰ) ਪ੍ਰਾਪਤ ਉਸ ਨੂੰ ਹੁੰਦਾ ਹੈ ਜਿਸ ਉਤੇ (ਪ੍ਰਭੂ) ਕਿਰਪਾ ਕਰੇ। ਨਾਮ ਤੋਂ ਬਿਨਾਂ ਸਭ (ਕਿਸੇ ਨੂੰ) ਦੁਖ ਹੈ, ਸੁਖ (ਕੇਵਲ) ਉਸ ਨੂੰ ਹੈ ਜਿਸ ਦੇ ਮਨ ਵਿਚ (ਪ੍ਰਭੂ ਨਾਮ) ਵਸਾ ਦੇਵੇ॥ ੧॥
ਤੂੰ ਬੇਅੰਤੁ ਦਇਆਲੁ ਹੈ ਤੇਰੀ ਸਰਣਾਈ ॥ ਗੁਰ ਪੂਰੇ ਤੇ ਪਾਈਐ ਨਾਮੇ ਵਡਿਆਈ ॥੧॥ ਰਹਾਉ ॥	ਤੂੰ ਬੇਅੰਤ ਦਿਆਲੂ ਹੈਂ, (ਅਸੀਂ) ਤੇਰੀ ਸ਼ਰਣ ਵਿਚ ਆਏ ਹਾਂ, (ਸਾਨੂੰ ਗੁਰੂ ਮੇਲ ਦੇਹ, ਕਿਉਂਕਿ) ਪੂਰੇ ਗੁਰੂ ਤੋਂ ਨਾਮ (-ਪ੍ਰਾਪਤੀ) ਦੀ ਵਡਿਆਈ ਪ੍ਰਾਪਤ ਹੁੰਦੀ ਹੈ॥ ੧॥ ਰਹਾਉ॥
ਅੰਤਰਿ ਬਾਹਰਿ ਏਕੁ ਹੈ ਬਹੁ ਬਿਧਿ ਸ੍ਰਿਸਟਿ ਉਪਾਈ ॥ ਹੁਕਮੇ ਕਾਰ ਕਰਾਇਦਾ ਦੂਜਾ ਕਿਸੁ ਕਹੀਐ ਭਾਈ ॥੨॥	(ਤੂੰ) ਸ੍ਰਿਸ਼ਟੀ ਤਾਂ ਬਹੁਤੀਆਂ ਕਿਸਮਾਂ ਦੀ ਰਚੀ ਹੈ, (ਪਰ ਸਭ ਦੇ) ਅੰਦਰ ਬਾਹਰ (ਤੂੰ) ਇਕੋ (ਵਿਆਪਕ ਹੋ ਰਿਹਾ) ਹੈਂ। (ਤੂੰ) ਹੁਕਮ ਨਾਲ ਕੰਮ ਕਰਾਉਂਦਾ ਹੈਂ, ਦੂਸਰਾ ਕਿਸਨੂੰ ਆਖੀਏ? (ਹੋਰ ਕੋਈ ਦੂਜਾ ਹੋਵੇ ਤਾਂ) ਭਾਈ (ਉਸਨੂੰ ਆਖੀਏ)॥ ੨॥
ਬੂਝਣਾ ਅਬੂਝਣਾ ਤੁਧੁ ਕੀਆ ਇਹ ਤੇਰੀ ਸਿਰਿ ਕਾਰ ॥ ਇਕਨ੍ਹ ਬਖਸਿਹਿ ਮੇਲਿ ਲੈਹਿ ਇਕਿ ਦਰਗਹ ਮਾਰਿ ਕਢੇ ਕੂੜਿਆਰ ॥੩॥	ਗਜਾਨ ਤੇ ਅਗਜਾਨ ਤੁਸੀਂ ਬਣਾਇਆ ਹੈ, ਇਹ (ਸਾਰੀ ਰਚਨਾ) ਤੇਰੀ ਹਕੂਮਤ (ਹੇਠ) ਹੈ। ਇਕਨਾਂ ਨੂੰ ਬਖਸ਼ ਲੈਂਦਾ ਹੈਂ ਤੇ ਮੇਲ ਲੈਂਦਾ ਹੈਂ ,ਇਕਨਾ ਕੂੜਿਆਰਾਂ ਨੂੰ ਦਰਗਾਹੋਂ ਮਾਰਕੇ ਕੱਢ ਦੇਂਦਾ ਹੈਂ॥ ੩॥
ਇਕਿ ਧੁਰਿ ਪਵਿਤ ਪਾਵਨ ਹਹਿ ਤੁਧੁ ਨਾਮੇ ਲਾਏ ॥ ਗੁਰ ਸੇਵਾ ਤੇ ਸੁਖੁ ਊਪਜੈ ਸਚੈ ਸਬਦਿ ਬੁਝਾਏ ॥੪॥	ਇਕ ਧੁਰੋਂ ਪਵਿਤ੍ਰ ਪਾਵਨ ਹੈਨ (ਉਨ੍ਹਾਂ ਨੂੰ)ਤੂੰ ਨਾਮ ਵਿਚ ਲਾ ਦੈਂਦਾ ਹੈਂ। (ਉਨ੍ਹਾਂ ਨੂੰ)ਗੁਰੂ ਸੇਵਾ ਤੋਂ ਸੁਖ ਪ੍ਰਾਪਤ ਹੁੰਦਾ ਹੈ (ਉਹ) ਗੁਰੂ ਦੇ ਸੱਚੇ ਸ਼ਬਦ (ਉਪਦੇਸ਼) ਦੁਆਰਾ ਬੁਝਾਏ ਜਾਂਦੇ ਹਨ (ਭਾਵ ਇਕ ਦਰਗਾਹੋਂ ਹੀ ਪਵਿਤ੍ਰ ਟੁਰਦੇ ਹਨ,ਓਹਨਾਂ ਨੂੰ ਗੁਰੂ ਝੱਟ ਲੱਭ ਜਾਂਦਾ ਹੈ,ਜਿਸ ਦੇ ਉਪਦੇਸ਼ ਨਾਲ ਸਮਝਦਾਰ ਹੋ ਜਾਂਦੇ ਹਨ, ਉਨ੍ਹਾਂ ਨੂੰ ਮਾਨੋਂ ਨਾਮ ਪਹਿਲੋਂ ਹੀ ਪ੍ਰਾਪਤ ਸੀ)॥ ੪॥
ਇਕਿ ਕੁਚਲ ਕੁਚੀਲ ਵਿਖਲੀ ਪਤੇ ਨਾਵਹੁ ਆਪਿ ਖੁਆਏ ॥ ਨਾ ਓਨ ਸਿਧਿ ਨ ਬੁਧਿ ਹੈ ਨ ਸੰਜਮੀ ਫਿਰਹਿ ਉਤਵਤਾਏ ॥੫॥	ਇਕ ਮੰਦ ਆਚਰਨਾਂ ਵਾਲੇ, ਗੰਦੇ ਤੇ ਵਿਭਚਾਰੀ ਹੁੰਦੇ ਹਨ, (ਉਹ) ਆਪਣੇ ਨਾਮ ਤੋਂ ਭੁਲਾਏ ਹੋਏ ਹਨ। ਨਾ ਓਹਨਾਂ ਪਾਸ ਸਿਧੀ (ਅਨੁਭਵੀ ਅਕਲ) ਹੈ, ਨਾ ਬੁਧੀ (ਅਕਲ) ਹੈ, ਨਾ (ਓਹ) ਸੰਜਮੀ ਹਨ, (ਓਹ ਤਾਂ ਉਖੜੇ ਪੈਰੀਂ ਭਉਂਦਲੇ ਫਿਰਦੇ ਹਨ॥ ੫॥

ਨਦਰਿ ਕਰੇ ਜਿਸੁ ਆਪਣੀ ਤਿਸ ਨੋ ਭਾਵਨੀ ਲਾਏ ॥ ਸਤੁ ਸੰਤੋਖੁ ਇਹ ਸੰਜਮੀ ਮਨੁ ਨਿਰਮਲੁ ਸਬਦੁ ਸੁਣਾਏ ॥੬॥

[ਪ੍ਰਸ਼ਨ: ਇਨ੍ਹਾਂ ਪਾਪੀਆਂ ਦਾ ਬੀ ਕੁਛ ਬਣ ਸਕਦਾ ਹੈ? ਉੱਤਰ:] (ਭਾਈ ! ਉਹ ਤਾਂ) ਆਪਣੀ ਮੇਹਰ ਦੀ ਨਜ਼ਰ ਜਿਸ ਉਤੇ ਬੀ ਕਰ ਦੇਵੇ ਉਸ ਨੂੰ (ਪਹਿਲੋਂ) ਸ਼ਰਧਾ ਲਾ ਦੇਂਦਾ ਹੈ (ਫੇਰ ਗੁਰੂ ਪਾਸੋਂ) ਸ਼ਬਦ ਸੁਣਵਾਕੇ ਸਤਿ ਸੰਤੋਖ (ਦਿਵਾਉਂਦਾ ਹੈ, ਫੇਰ) ਇਹ ਮਨ ਸੰਜਮੀ ਹੋਕੇ ਨਿਰਮਲ (ਹੋ ਜਾਂਦਾ ਹੈ)॥ ੬॥

ਲੇਖਾ ਪੜਿ ਨ ਪਹੂਚੀਐ ਕਥਿ ਕਹਣੈ ਅੰਤੁ ਨ ਪਾਇ ॥ ਗੁਰ ਤੇ ਕੀਮਤਿ ਪਾਈਐ ਸਚਿ ਸਬਦਿ ਸੋਝੀ ਪਾਇ ॥੭॥

[ਪ੍ਰਸ਼ਨ: ਸ਼ਾਸਤ੍ਰਾਂ ਦਾ ਪੜ੍ਹਨਾ ਤੇ ਘੋਖਣਾ ਕਾਫੀ ਨਹੀਂ? ਉੱਤਰ:] (ਪਰਮਾਰਥ ਵਾਕਫੀ ਦਾ ਨਿਰਾ) ਹਿਸਾਬ ਪੜ੍ਹ ਲੈਣ ਨਾਲ (ਸਾਈਂ ਦੇ ਦਰ) ਨਹੀਂ ਅੱਪੜੀਦਾ, ਤੇ ਕਥਾ (ਕਥਨੇ) ਨਾਲ (ਅਥਵਾ) ਵਰਣਨ ਕਰਨੇ ਨਾਲ (ਉਸ ਪ੍ਰਭੂ ਦਾ) ਅੰਤ ਨਹੀਂ ਪਾਇਆ ਜਾਂਦਾ। (ਹਾਂ) ਗੁਰੂ ਤੋਂ (ਉਸ ਦੀ) ਕੀਮਤ ਪਾਈਦੀ ਹੈ (ਭਾਵ ਵਾਹਿਗੁਰੂ ਦੀ ਕਦਰ ਪੈਂਦੀ ਹੈ ਤੇ ਗੁਰੂ ਦੇ ਦਿੱਤੇ) ਸੱਚੇ ਸ਼ਬਦ ਦੁਆਰਾ (ਉਸ ਦਾ) ਗਯਾਨ ਪ੍ਰਾਪਤ ਹੁੰਦਾ ਹੈ॥ ੭॥

ਇਹੁ ਮਨੁ ਦੇਹੀ ਸੋਧਿ ਤੂੰ ਗੁਰ ਸਬਦਿ ਵੀਚਾਰਿ ॥ ਨਾਨਕ ਇਸੁ ਦੇਹੀ ਵਿਚਿ ਨਾਮੁ ਨਿਧਾਨੁ ਹੈ ਪਾਈਐ ਗੁਰ ਕੈ ਹੇਤਿ ਅਪਾਰਿ ॥੮॥੧੦॥੩੨॥

(ਸੋ ਹੇ ਭਾਈ !) ਤੂੰ ਇਸ (ਆਪਣੇ) ਮਨ ਨੂੰ ਤੇ ਦੇਹੀ ਨੂੰ ਸੋਧ ਤੇ ਗੁਰੂ ਦੇ ਸ਼ਬਦ ਦੁਆਰਾ ਵੀਚਾਰ ਕਰ। (ਦੇਖ) ਇਸੇ ਦੇਹੀ ਵਿਚ ਨਾਮ ਰੂਪੀ ਖ਼ਜ਼ਾਨਾ ਹੈ, ਜੋ ਗੁਰੂ ਦੇ ਅਪਾਰ ਹਿਤ ਨਾਲ ਪਾ ਲਈਦਾ ਹੈ, (ਫ਼ੁਰਮਾਉਂਦੇ ਹਨ ਗੁਰੂ) ਨਾਨਕ (ਦੇਵ ਜੀ)॥ ੮॥ ੧੦॥ ੩੨॥

ਵਯਾਖਯਾ-ਅੰਕ ੧ ਵਿਚ ਫੁਰਮਾਇਆ ਕਿ ਨਾਮ ਨੂੰ ਸਭ ਕੋਈ ਚਾਹੁੰਦਾ ਹੈ, ਇਹ ਚਾਹੁਣਾ ਸਾਧਾਰਨ ਚਾਹ ਹੈ, ਜਗਯਾਸੂ ਵਾਲੀ ਤੀਬਰ ਚਾਹਨਾ ਨਹੀਂ ਹੈ। ਨਾਮ ਦਾ ਫਲ ਤੇ ਲਾਭ ਸੁਣਕੇ ਕੌਣ ਨਹੀਂ ਚਾਹੁੰਦਾ ਕਿ ਮੈਨੂੰ ਨਾ ਮਿਲੇ, ਪਰ ਮਿਲਣੇ ਲਈ ਤਾਂ ਪਹਿਲੋਂ 'ਭਾਵਨੀ' ਦੀ ਲੋੜ ਹੈ, ਜੋ ਅੰਕ ੬ ਵਿਚ ਦੱਸੀ ਹੈ। ਭਾਵ ਹੈ ਪਹਿਲੋਂ ਸ਼ਰਧਾ ਹੋਵੇ, ਫੇਰ ਗੁਰੂ ਦੀ ਸ਼ਰਣ। ਸੋ ਰਹਾਉ ਦੇ ਅੰਤ ਤਕ ਦੱਸਿਆ ਹੈ ਕਿ ਨਾਮ ਕਿਰਪਾ ਨਾਲ ਮਿਲਦਾ ਹੈ, ਨਾਮ ਸੁਖਾਂ ਦਾ ਦਾਤਾ ਹੈ, ਭਾਵਨੀ ਲਾਓ, ਗੁਰੂ ਸ਼ਰਣ ਲਓ, ਤੇ ਦੋਹਾਂ ਗਲਾਂ ਲਈ ਵਾਹਿਗੁਰੂ ਅੱਗੇ ਅਰਦਾਸ ਕਰੋ ਕਿ ਤੂੰ ਸਦਾ ਦਿਆਲੂ ਹੈਂ, ਮੈਨੂੰ ਬੀ ਇਹ ਦਾਤਾਂ ਦੇਹ।

ਅੰਕ ੨ ਤੋਂ ਪੰਜ ਦੇ ਅਖੀਰ ਤਕ ਦੱਸਿਆ ਕਿ ਜਗਤ ਦਾ ਮਾਲਕ ਤੇ ਰਚਣਹਾਰ ਇਕੋ ਹੈ, ਹੋਰ ਕੋਈ ਵੱਖਰਾ ਰੱਬ ਨਹੀਂ। ਸੈਨਤ ਹੈ ਕਿ ਅਸੀਂ ਬਦੀ ਦਾ ਖ਼ੁਦਾ-ਸ਼ੈਤਾਨ-ਨੂੰ ਨਹੀਂ ਮੰਨਦੇ, ਉਸ ਨਾਲ ਵਾਹਦਾਨਿਯਤ-ਏਕਤਾ ਨਹੀਂ ਰਹਿੰਦੀ। ਉਹੀ ਮਾਲਕ ਪਾਲਕ ਇੱਕੋ ਹੈ। ਜਗਤ ਇਕ ਉਸ ਦਾ ਚੋਜ ਹੈ, ਜਿਸ ਵਿਚ ਸਭ ਕੁਛ ਦਾ ਰਚਨਹਾਰ ਉਹੋ ਇਕੋ ਹੈ। ਚੰਗੇ ਮੰਦੇ, ਪਾਪੀ ਪੁੰਨੀ, ਸੰਤ ਅਸੰਤ ਸਭ ਓਸਦੇ ਰਚੇ ਹਨ। ਹੁਣ ਪਾਪੀਆਂ ਨੂੰ ਦੇਖਕੇ ਮਹਾਂ ਪੁਰਖਾਂ ਨੂੰ ਤਰਸ ਆਉਂਦਾ ਹੈ, ਸੋ ਅੰਕ ੬ ਵਿਚ ਵਾਹਿਗੁਰੂ ਦੀ ਮੇਹਰ ਵੱਲ ਧਿਆਨ ਦੁਆਕੇ ਫੁਰਮਾਉਂਦੇ ਹਨ ਕਿ ਪਹਿਲੋਂ ਸ਼ਰਧਾ ਲਗਦੀ ਹੈ, ਫੇਰ ਸਤਿ ਸੰਤੋਖ ਆਕੇ ਮਨ ਸੰਜਮ ਵਿਚ ਹੋਕੇ ਨਾਮ ਨਾਲ ਨਿਰਮਲ ਹੋ ਜਾਂਦਾ ਹੈ। ਇਹ ਪਾਪੀਆਂ ਦੇ ਉਧਾਰ ਲਈ ਗੱਲ ਦੱਸੀ ਹੈ, ਜੋ ਕਿ ਧੁਰੋਂ ਲਗੇ ਹੋਏ ਨਹੀਂ ਆਏ।

ਅੰਕ ੭ ਵਿਚ, ਕਥਾ ਵਾਰਤਾ, ਵਿਖਯਾਨਾਂ ਮਾਤ੍ਰ ਨਾਲ ਕਲਯਾਣ ਦੀ ਪ੍ਰਾਪਤੀ ਨੂੰ ਨਹੀਂ ਮੰਨਦੇ।ਸੋ ਅੰਕ ੮ ਵਿਚ ਫੁਰਮਾਉਂਦੇ ਹਨ ਕਿ ਨਾਮ ਤਾਂ ਹਰੇਕ ਦੇ ਅੰਦਰ ਹੈ, ਸਾਈਂ ਨੇ ਕਿਸੇ ਨੂੰ ਵਿਰਵਾ ਨਹੀਂ

ਰਖਿਆ ਪਰ ਉਹ ਹਰ ਕਿਸੇ ਨੂੰ ਪ੍ਰਾਪਤ ਨਹੀਂ ਹੁੰਦਾ। ਉਸ ਦਾ ਤ੍ਰੀਕਾ ਦੱਸਿਆ ਹੈ ਕਿ ਦੇਹ ਨੂੰ ਸੋਧੋ, ਮਨ ਨੂੰ ਸੋਧੋ. ਕੀਕੂੰ? ਗੁਰੂ ਦੇ ਸ਼ਬਦ ਦੁਆਰਾ ਤੇ ਗੁਰੂ ਨੂੰ ਪਜ਼ਾਰ ਕਰੋ ਇਤਨਾ ਕਿ ਗੁਰੂ ਤੁਹਾਨੂੰ ਹਿਤ ਕਰਨ ਲਗ ਪਵੇ; ਫੇਰ ਗੁਰੂ ਦੇ ਦੱਸੇ ਨਾਮ ਸਿਮਰਣ ਨਾਲ ਤੁਸੀਂ ਅੰਦਰ ਵੱਸਦੇ ਅਪਾਰ ਨਾਮ ਦੇ ਖ਼ਜ਼ਾਨੇ ਨੂੰ ਪ੍ਰਾਪਤ ਹੋ ਜਾਓਗੇ। ਵਧੇਰੇ ਸਮਝਣ ਲਈ ਦੇਖੋ ਪਿੱਛੇ ਤੀਸਰੀ ਪਾਤਸ਼ਾਹੀ ਦੀ ਛੇਵੀਂ ਅਸ਼ਟਪਦੀ (ਸਮੁੱਚੀ ੨੮ਵੀਂ)। ਪੰਨਾ ੨੬੭੭।

ਨਿਰੁਕ-ਬੂਝਣਾ-ਸਮਝਣਾ। ਭਾਵ ਹੈ ਗਿਆਨ ਤੋਂ।

ਅਬੂਝਣਾ-ਨਾ ਸਮਝਣਾ, ਭਾਵ ਹੈ ਅਗਜਾਨ ਤੋਂ।

ਸਿਰਿ ਕਾਰ-ਸਿਰ ਉਤੇ ਕਾਰ। ਭਾਵ ਹੈ ਫਰਜ਼। ਫਿਰ ਇਸ ਦਾ ਅਰਥ ਹੈ:-ਸਰਕਾਰ=ਹਕੂਮਤ, ਹਕੂਮਤ ਵਿਚ, ਅਖਤਿਆਰ ਵਿਚ। ਕੁਚਲ-ਖੋਟੀ ਚਾਲ ਵਾਲੇ। ਮਾੜਾ ਆਚਰਨ ਵਾਲੇ।

ਕੁਚੀਲ- [ਕੁ=ਮੈਲਾ+ਚੋਲਾ=ਕਪੜਾ] ਮੈਲੇ। ਸਰੀਰ ਕਰਕੇ ਗੰਦੇ।

ਵਿਖਲੀਪਤ-[ਦੇਖੋ 'ਬਿਖਲੀਪਤਿ' ਪੰ: ੨੫੦੨] ਸ਼ੂਦ੍ਰਾਣੀ ਦਾ ਪਤੀ। ਵੇਸ਼ਵਾ ਦਾ ਪਤੀ। ਵਿਭਚਾਰੀ ਆਦਮੀ।

ਉਤਵਤਾਏ- [ਪੰ:,] ਉਖੜੇ ਪੈਰਾਂ ਵਾਲੇ। ਘਬਰਾਏ ਹੋਏ। ਭੌਂਤਲੇ ਹੋਏ। ਭਾਵਨੀ-ਸ਼ਰਧਾ।

[ਆਸਾ ਮਹਲਾ ੩, ਅਸਟਪਦੀ-੩੩]

ਮੂਲ	ਅਰਥ
ਆਸਾ ਮਹਲਾ ੩ ॥ **ਸਚਿ ਰਤੀਆ ਸੋਹਾਗਣੀ ਜਿਨਾ ਗੁਰ ਕੈ ਸਬਦਿ ਸੀਗਾਰਿ ॥ ਘਰ ਹੀ ਸੋ ਪਿਰੁ ਪਾਇਆ ਸਚੈ ਸਬਦਿ ਵੀਚਾਰਿ ॥੧॥**	[ਗੁਰਮੁਖ ਰੂਪ ਸੁਹਾਗਵੰਤੀਆਂ ਤੇ ਦੁਹਾਗਣਾਂ ਦੇ ਲੱਛਣ ਦੱਸਣ ਦੀ ਕ੍ਰਿਪਾਲਤਾ ਕਰੋ? ਉੱਤਰ:] (ਗੁਰਮੁਖ ਰੂਪ) ਸੁਹਾਗਣਾਂ (ਓਹ ਹੁੰਦੀਆਂ ਹਨ ਜੋ) ਸੱਚ ਵਿਚ ਰੰਗੀਆਂ ਹੁੰਦੀਆਂ ਹਨ, (ਅਤੇ) ਜੋ ਗੁਰੂ ਦੇ ਸ਼ਬਦ ਦੁਆਰਾ ਸ਼ਿੰਗਾਰੀਆਂ ਹੋਈਆਂ ਹੁੰਦੀਆਂ ਹਨ। (ਹਾਂ ਓਹ ਗੁਰੂ ਦੇ ਦਿੱਤੇ) ਸੱਚੇ ਸ਼ਬਦ ਦੀ ਵੀਚਾਰ ਦੁਆਰਾ ਘਰ ਵਿਚੋਂ (ਭਾਵ ਮਨ ਵਿਚੋਂ) ਹੀ (ਪਰਮੇਸ਼ੁਰ ਰੂਪੀ) ਉਸ ਪਤੀ ਨੂੰ ਪਾ ਲੈਂਦੀਆਂ ਹਨ॥ ੧॥
ਅਵਗਣ ਗੁਣੀ ਬਖਸਾਇਆ ਹਰਿ ਸਿਉ ਲਿਵ ਲਾਈ ॥ ਹਰਿ ਵਰੁ ਪਾਇਆ ਕਾਮਣੀ ਗੁਰਿ ਮੇਲਿ ਮਿਲਾਈ ॥੧॥ ਰਹਾਉ ॥	(ਇਨ੍ਹਾਂ ਸੱਚ ਤੇ ਸ਼ਬਦ ਵੀਚਾਰ ਆਦਿ) ਗੁਣਾਂ ਦੁਆਰਾ (ਓਹ ਆਪਣੇ) ਔਗੁਣਾਂ ਨੂੰ ਬਖਸ਼ਵਾ ਲੈਂਦੀਆਂ ਹਨ (ਤੇ ਅਗੋਂ ਹਰ ਸਮੇਂ) ਸਾਈਂ ਨਾਲ ਲਿਵ ਲਾਈ ਰਖਦੀਆਂ ਹਨ (ਜਿਸ ਕਰਕੇ ਅਵਗੁਣ ਨੇੜੇ ਨਹੀਂ ਫਟਕਦੇ ਤੇ) ਹਰੀ ਰੂਪੀ ਪਤੀ (ਉਨ੍ਹਾਂ) ਗੁਰਮੁਖ (ਰੂਪ) ਇਸਤ੍ਰੀਆਂ ਨੂੰ ਪ੍ਰਾਪਤ ਰਹਿੰਦਾ ਹੈ। (ਇਉਂ ਸੁਹਾਗਵੰਤੀਆਂ ਓਹ ਹਨ ਜੋ) ਗੁਰੂ ਨੇ (ਪ੍ਰਭੂ ਦੇ) ਮੇਲ ਵਿਚ ਮਿਲਾ ਦਿੱਤੀਆਂ ਹਨ॥ ੧॥ ਰਹਾਉ॥
ਇਕਿ ਪਿਰੁ ਹਦੂਰਿ ਨ ਜਾਣਨੀ ਦੂਜੈ ਭਰਮਿ ਭੁਲਾਇ ॥	(ਇਸ ਦੇ ਉਲਟ) ਇਕ (ਦੁਹਾਗਣਾਂ* ਹੁੰਦੀਆਂ ਹਨ, ਓਹ) ਪਤੀ ਪਰਮੇਸ਼ੁਰ ਨੂੰ (ਹਾਜ਼ਰਾ-) ਹਜ਼ੂਰ ਨਹੀਂ ਜਾਣਦੀਆਂ (ਸਗੋਂ) ਦੁਐਤ ਭਾਵ (ਤੋਂ) ਭਰਮ ਵਿਚ ਪਈਆਂ (ਸਾਈਂ ਤੋਂ) ਭੁੱਲੀਆਂ

* ਭਾਵ-ਮਨਮੁਖ।

ਕਿਉ ਪਾਇਨਿ੍ ਡੋਹਾਗਣੀ ਦੁਖੀ ਰੈਣਿ ਵਿਹਾਇ ॥੨॥	ਰਹਿੰਦੀਆਂ ਹਨ। (ਓਹ) ਦੁਹਾਗਣਾਂ (ਪਤੀ ਨੂੰ) ਕੀਕੂੰ ਪ੍ਰਾਪਤ ਕਰਨ? (ਭਾਵ ਨਹੀਂ ਕਰ ਸਕਦੀਆਂ, ਸੋ ਓਹਨਾਂ ਦੀ ਉਮਰਾ ਰੂਪੀ) ਰਾਤ ਦੁਖਾਂ ਵਿਚ ਬੀਤਦੀ ਹੈ॥ ੨॥
ਜਿਨ ਕੈ ਮਨਿ ਸਚੁ ਵਸਿਆ ਸਚੀ ਕਾਰ ਕਮਾਇ ॥ ਅਨਦਿਨੁ ਸੇਵਹਿ ਸਹਜ ਸਿਉ ਸਚੇ ਮਾਹਿ ਸਮਾਇ ॥੩॥	(ਪ੍ਰੰਤੂ) ਜਿਨ੍ਹਾਂ (ਗੁਰਮੁਖ ਰੂਪ ਸੁਹਾਗਣਾਂ) ਦੇ ਮਨ ਵਿਚ ਸੱਚ (ਸਰੂਪ ਪ੍ਰਭੂ) ਵੱਸ ਗਿਆ ਹੁੰਦਾ ਹੈ (ਓਹ) ਸੱਚੀ ਕਾਰ ਕਮਾਉਂਦੀਆਂ ਹਨ। ਓਹ ਦਿਨ ਪ੍ਰਤਿ ਦਿਨ (ਆਪਣੇ ਮਾਲਕ ਨੂੰ) ਸਹਜ (ਪ੍ਰੇਮ) ਨਾਲ ਸੇਂਵਦੀਆਂ ਹਨ, (ਸੋ ਓਹ ਓਸ) ਸੱਚੇ (ਪਤੀ) ਵਿਚ ਸਮਾ ਜਾਂਦੀਆਂ ਹਨ॥ ੩॥
ਦੋਹਾਗਣੀ ਭਰਮਿ ਭੁਲਾਈਆ ਕੂੜੁ ਬੋਲਿ ਬਿਖੁ ਖਾਹਿ ॥ ਪਿਰੁ ਨ ਜਾਣਨਿ ਆਪਣਾ ਸੁੰਵੀ ਸੇਜ ਦੁਖੁ ਪਾਹਿ ॥੪॥	(ਪਰ ਇਸ ਦੇ ਉਲਟ ਮਨਮੁਖ ਰੂਪੀ) ਦੁਹਾਗਣਾਂ ਭਰਮ ਵਿਚ ਭੁਲਾਈਆਂ ਹੋਈਆਂ ਝੂਠ ਬੋਲਦੀਆਂ (ਵਿਸ਼ੇ ਭੋਗ ਰੂਪੀ) ਵਿਹੁ ਨੂੰ ਖਾਂਦੀਆਂ ਹਨ। (ਓਹ) ਆਪਣੇ ਪਤੀ (ਪਰਮੇਸ਼ੁਰ) ਨੂੰ ਨਹੀਂ ਪਛਾਣਦੀਆਂ, (ਉਨ੍ਹਾਂ ਦੀ ਅੰਤਹਕਰਣ ਰੂਪੀ) ਸੇਜਾ ਸੱਖਣੀ ਰਹਿੰਦੀ ਹੈ, (ਇਸ ਕਰਕੇ) ਦੁਖ ਪਾਉਂਦੀਆਂ ਹਨ॥ ੪॥
ਸਚਾ ਸਾਹਿਬੁ ਏਕੁ ਹੈ ਮਤੁ ਮਨ ਭਰਮਿ ਭੁਲਾਹਿ ॥ ਗੁਰ ਪੂਛਿ ਸੇਵਾ ਕਰਹਿ ਸਚੁ ਨਿਰਮਲੁ ਮੰਨਿ ਵਸਾਹਿ ॥੫॥	[ਆਪਣੇ ਦੁਆਰਾ ਉਪਦੇਸ਼ ਕਰਦੇ ਹਨ] ਹੇ ਮਨ ! ਸੱਚਾ ਮਾਲਕ (ਸਭ ਦਾ) ਇੱਕੋ (ਪ੍ਰਭੂ) ਹੈ, ਮਤਾਂ (ਤੂੰ) ਭਰਮ ਵਿਚ ਭੁੱਲਕੇ (ਕਿਸੇ ਹੋਰ ਨੂੰ ਬੀ ਸਾਹਿਬ ਸਮਝ ਬੈਠੇਂ। ਜੇ ਤੂੰ) ਗੁਰੂ ਨੂੰ ਪੁਛਕੇ (ਉਸ ਸੱਚੇ ਸਾਹਿਬ ਦੀ) ਸੇਵਾ ਕਰਦਾ ਰਹੇਂ (ਤਾਂ ਤੂੰ) ਪਵਿਤ੍ਰ ਸੱਚ (ਸਤਜ ਸਰੂਪ) ਨੂੰ ਮਨ ਵਿਚ ਵਸਾ ਲਏਂਗਾ॥ ੫॥
ਸੋਹਾਗਣੀ ਸਦਾ ਪਿਰੁ ਪਾਇਆ ਹਉਮੈ ਆਪੁ ਗਵਾਇ ॥ ਪਿਰ ਸੇਤੀ ਅਨਦਿਨੁ ਗਹਿ ਰਹੀ ਸਚੀ ਸੇਜ ਸੁਖੁ ਪਾਇ ॥੬॥	(ਦੇਖ ! ਗੁਰਮੁਖ ਰੂਪ) ਸੁਹਾਗਣਾਂ ਨੇ ਹਉਮੈ ਵਾਲਾ ਆਪਾ ਭਾਵ ਗਵਾ ਲਿਆ ਹੈ ਤੇ ਸਦੈਵੀ ਪਤੀ (ਪਰਮੇਸ਼ੁਰ) ਪਾ ਲਿਆ ਹੈ। ਪ੍ਰਤੀ ਦਿਨ (ਓਹ ਅਪਣੀ ਅੰਤਹਕਰਣ ਰੂਪੀ) ਸੇਜਾ ਤੇ ਪਤੀ ਨਾਲ ਮਿਲੀਆਂ ਰਹਿੰਦੀਆਂ ਹਨ (ਤੇ ਆਤਮ) ਸੁਖ ਮਾਣਦੀਆਂ ਹਨ॥ ੬॥
ਮੇਰੀ ਮੇਰੀ ਕਰਿ ਗਏ ਪਲੈ ਕਿਛੁ ਨ ਪਾਇ ॥ ਮਹਲੁ ਨਾਹੀ ਡੋਹਾਗਣੀ ਅੰਤਿ ਗਈ ਪਛੁਤਾਇ ॥੭॥	(ਦੂਜੇ ਪਾਸੇ ਤੱਕੋ ਕਿ ਮਨਮੁਖ) ਮੇਰੀ ਮੇਰੀ ਕਰਦਿਆਂ (ਮਰ) ਗਏ, ਤੇ ਪੱਲੇ ਕੁਛ ਨਾ ਪਿਆ (ਭਾਵ ਸੰਚਿਆ ਧਨ ਆਦਿ ਨਾਲ ਕੁਛ ਨਾ ਗਿਆ। ਐਸੀਆਂ ਮਨਮੁਖ ਰੂਪੀ) ਦੁਹਾਗਣਾਂ ਨੂੰ (ਵਾਹਿਗੁਰੂ ਦਾ) ਸਰੂਪ ਪ੍ਰਾਪਤ ਨਾ ਹੋਇਆ (ਸੋ) ਅੰਤ (ਸਮੇਂ) ਪਛੋਤਾਉਂਦੀਆਂ ਟੁਰ ਗਈਆਂ॥ ੭॥
ਸੋ ਪਿਰੁ ਮੇਰਾ ਏਕੁ ਹੈ ਏਕਸੁ ਸਿਉ ਲਿਵ ਲਾਇ ॥ ਨਾਨਕ ਜੇ ਸੁਖੁ ਲੋੜਹਿ ਕਾਮਣੀ ਹਰਿ ਕਾ ਨਾਮੁ ਮੰਨਿ ਵਸਾਇ ॥੮॥੧੧॥੩੩॥	(ਸਿੱਟਾ ਇਹ ਹੈ ਕਿ) ਉਹ (ਸੱਚਾ ਸਾਹਿਬ) ਇਕੋ (ਹੀ ਹੈ ਜੋ) ਮੇਰਾ ਪਤੀ ਹੈ (ਉਸ) ਇਕੋ ਨਾਲ ਲਿਵ ਲਾਓ। ਹੇ (ਜਗਜਾਸੂ ਰੂਪੀ) ਇਸਤ੍ਰੀ ! ਜੇ ਤੂੰ ਸੁਖ ਲੋਚਦੀ ਹੈਂ ਤਾਂ ਹਰੀ ਦਾ ਨਾਮ ਮਨ ਵਿਚ ਵਸਾਇ (ਮੂਲਕ ਗੱਲ ਇਹੋ ਹਈ, ਆਖਦੇ ਹਨ ਸ੍ਰੀ ਗੁਰੂ) ਨਾਨਕ (ਦੇਵ ਜੀ)॥ ੮॥ ੧੧॥ ੩੩॥

ਵ੍ਯਾਖ੍ਯਾ-ਇਸ ਅਸ਼ਟਪਦੀ ਵਿਚ ਗੁਰਮੁਖ ਤੇ ਮਨਮੁਖ ਦੇ ਲੱਛਣ ਕਹੇ ਹਨ, ਸੁਹਾਗਣ ਤੇ ਦੁਹਾਗਣ ਦੇ ਰੂਪਕ ਵਿਚ। ਵੱਖੋ ਵੱਖਰੇ ਨਹੀਂ, ਪਰ ਇਕ ਅੰਕ ਵਿਚ ਗੁਰਮੁਖ ਦੂਏ ਵਿਚ ਮਨਮੁਖ ਦੇ ਲੱਛਣ ਨਾਲੋ ਨਾਲ ਲਈ ਗਏ ਹਨ। ਲੱਛਣ ਹੀ ਨਿਰੇ ਨਹੀਂ ਦੱਸੇ ਸਗੋਂ ਗੁਰਮੁਖ ਬਣਨ ਦੇ ਵਸੀਲੇ

ਬੀ ਦੱਸੇ ਹਨ, ਜੋ ਹੈਨ: ਗੁਰੂ ਦਾ ਸੰਗ, ਨਾਮ ਦਾ ਰੰਗ, ਲਿਵ ਆਦਿ। ਜੋ ਭਾਵ ਕਿ ਸਾਰੇ ਪਰਮ ਸੁਗਮਤਾ ਨਾਲ ਵਰਣਨ ਹੋਏ ਹੋਏ ਹਨ।

ਨਿਰੁਕ੍ਤ-ਰਤੀਆ-ਰੰਗੀਆਂ ਹੋਈਆਂ। ਰਚੀਆਂ ਹੋਈਆਂ।

ਗੁਰ ਕੈ ਸਬਦਿ-ਗੁਰੂ ਦੇ ਉਪਦੇਸ਼ ਦੁਆਰਾ

ਸਚੈ ਸਬਦਿ -ਸਚੇ ਸ਼ਬਦ ਦੁਆਰਾ। ਏਥੇ ਸ਼ਬਦ ਦਾ ਭਾਵ ਨਾਮ ਹੈ।

ਅਵਗਣ-ਔਗੁਣਾਂ ਨੂੰ। ਗੁਣੀ-ਗੁਣਾਂ ਦੁਆਰਾ। ਗੁਣ ਓਹ ਹਨ ਜੋ ਫੁਰਮਾ ਰਹੇ ਹਨ, 'ਸਚ' ਤੇ 'ਸ਼ਬਦ ਦੀ ਕਮਾਈ'। ਕਾਮਣੀ-ਇਸਤ੍ਰੀ।

ਹਦੂਰਿ- [ਅ:, ਹਜ਼ੂਰ] ਵਿਦਮਾਨ, ਸਾਹਮਣੇ ਮੌਜੂਦ। ਹਾਜ਼ਰਾ ਹਜ਼ੂਰ।

ਡੋਹਾਗਣੀ-ਸੁਹਾਗਣ ਦੇ ਉਲਟ। ਪਤੀ ਨੂੰ ਜੋ ਪ੍ਰਾਪਤ ਨਹੀਂ ਹੈ। ਭਾਵ ਮਨਮੁਖ।

ਬਿਖੁ-ਜ਼ਹਿਰ। ਭੋਗਾਂ ਰੂਪੀ ਜ਼ਹਿਰ। ਸੇਜ-ਸੇਜਾ। ਛੇਜ। ਭਾਵ ਅੰਤਹਕਰਣ।

ਗਹਿ ਰਹੀ-ਫੜ ਰਹੀ, ਭਾਵ ਹੈ ਜੁੜੀ ਹੋਈ, ਲਗੀ ਹੋਈ।

ਮਹਲੁ-ਟਿਕਾਣਾ। ਵਾਹਿਗੁਰੂ ਜੀ ਦਾ ਸਰੂਪ।

[ਆਸਾ ਮਹਲਾ ੩, ਅਸਟਪਦੀ-੩੪]

ਮੂਲ	ਅਰਥ
ਆਸਾ ਮਹਲਾ ੩ ॥ **ਅੰਮ੍ਰਿਤੁ ਜਿਨਾ ਚਖਾਇਓਨੁ ਰਸੁ ਆਇਆ ਸਹਜਿ ਸੁਭਾਇ ॥ ਸਚਾ ਵੇਪਰਵਾਹੁ ਹੈ ਤਿਸ ਨੋ ਤਿਲੁ ਨ ਤਮਾਇ ॥੧॥**	ਜਿਨ੍ਹਾਂ ਨੂੰ (ਨਾਮ-) ਅੰਮ੍ਰਿਤ (ਉਸ ਸੱਚੇ ਦਾਤੇ ਨੇ) ਚਖਾਇਆ ਹੈ (ਉਹਨਾਂ ਨੂੰ) ਸਹਜ ਸੁਭਾ ਹੀ (ਆਤਮ-) ਰਸ ਆ ਜਾਂਦਾ ਹੈ। (ਚਖਾਉਣ ਵਾਲਾ) ਸੱਚਾ (ਦਾਤਾ ਇਹ ਦਾਤ ਸੀਂਦੀ ਦੇਂਦਾ ਹੈ, ਕੋਈ ਮੁਆਵਜ਼ਾ ਨਹੀਂ ਮੰਗਦਾ ਕਿਉਂਕਿ) ਉਸ ਨੂੰ (ਕਿਸੇ ਸ਼ੈ ਦੀ) ਤਿਲ ਭਰ ਜਿੰਨੀ ਬੀ ਤਮਾ (=ਲਾਲਚ) ਨਹੀਂ ਹੈ, ਤੇ) ਨਾ ਕਿਸੇ ਦੀ ਪਰਵਾਹ (ਕਾਨ ਕਨੌਡ) ਹੈ॥ ੧॥
ਅੰਮ੍ਰਿਤੁ ਸਚਾ ਵਰਸਦਾ ਗੁਰਮੁਖਾ ਮੁਖਿ ਪਾਇ ॥ ਮਨੁ ਸਦਾ ਹਰੀਆਵਲਾ ਸਹਜੇ ਹਰਿ ਗੁਣ ਗਾਇ ॥੧॥ ਰਹਾਉ ॥	(ਸੋ ਉਸ ਦਾਤੇ ਤੋਂ ਬੱਦਲ ਵਾਙੂ) ਸੱਚੇ ਅੰਮ੍ਰਿਤ (ਦਾ ਮੀਂਹ ਸਦਾ) ਵਸਦਾ ਰਹਿੰਦਾ ਹੈ, (ਜਿਨ੍ਹਾਂ) ਗੁਰਮੁਖਾਂ ਨੇ (ਉਹ ਅੰਮ੍ਰਿਤ) ਮੂੰਹ ਵਿਚ ਪਾ ਲਿਆ (ਉਹਨਾਂ ਦਾ) ਮਨ ਸਦਾ (ਆਤਮ ਰਸ ਨਾਲ) ਪ੍ਰਫੁੱਲਤ ਰਹਿੰਦਾ ਹੈ (ਤੇ ਓਹ) ਸਹਜੇ ਹੀ ਹਰੀ ਦੇ ਗੁਣ ਗਾਉਂਦੇ ਰਹਿੰਦੇ ਹਨ॥ ੧॥ ਰਹਾਉ॥
ਮਨਮੁਖਿ ਸਦਾ ਦੋਹਾਗਣੀ ਦਰਿ ਖੜੀਆ ਬਿਲਲਾਹਿ ॥ ਜਿਨਾ ਪਿਰ ਕਾ ਸੁਆਦੁ ਨ ਆਇਓ ਜੋ ਧੁਰਿ ਲਿਖਿਆ ਸੁੋ ਕਮਾਹਿ ॥੨॥	[ਹੁਣ ਮਨਮੁਖਾਂ ਦੀ ਵਾਰਤਾ ਦੱਸਦੇ ਹਨ:] ਮਨਮੁਖ ਸਦਾ ਦੁਹਾਗਣੀ ਇਸਤ੍ਰੀ ਵਾਙੂ ਰਹਿੰਦਾ ਹੈ (ਜੋ ਦੁਹਾਗਣਾਂ) ਦੁਆਰੇ ਖੜੀਆਂ ਵਿਲਪਦੀਆਂ ਰਹਿੰਦੀਆਂ ਹਨ, ਉਹਨਾਂ ਨੂੰ ਪਤੀ (-ਮਿਲਾਪ) ਵਾਲਾ ਸੁਆਦ ਨਹੀਂ ਸੀ ਆਇਆ, ਸੋ ਜੋ ਧੁਰੋਂ ਲਿਖਿਆ ਸੀ ਓਹੋ ਪਈਆਂ ਕਮਾਉਂਦੀਆਂ ਹਨ ॥ ੨॥
ਗੁਰਮੁਖਿ ਬੀਜੇ ਸਚੁ ਜਮੈ ਸਚੁ ਨਾਮੁ ਵਾਪਾਰੁ ॥ ਜੋ ਇਤੁ ਲਾਹੈ ਲਾਇਅਨੁ ਭਗਤੀ ਦੇਇ ਭੰਡਾਰ ॥ ੩॥	[ਫੇਰ ਗੁਰਮੁਖ ਨੂੰ ਲੈਂਦੇ ਹਨ:] ਗੁਰਮੁਖ (ਸਚ) ਬੀਜਦੇ ਹਨ, ਸਚ ਹੀ ਜੰਮਦਾ ਹੈ, ਸਚੇ ਨਾਮ ਦਾ ਉਹ (ਅਗੋਂ) ਵਪਾਰ ਕਰਦੇ ਹਨ। ਜਿਨ੍ਹਾਂ ਨੂੰ (ਉਸ ਪ੍ਰਭੂ ਨੇ) ਇਸ ਖੱਟੀ ਵਾਲੇ ਕੰਮ ਵਿਚ

ਲਾਇਆ ਹੈ (ਉਹਨਾਂ ਨੂੰ) ਭਗਤੀ (ਰੂਪ) ਭੰਡਾਰੇ (ਉਹ ਆਪ) ਦੇਂਦਾ ਹੈ ॥ ੩॥

ਗੁਰਮੁਖਿ ਸਦਾ ਸੋਹਾਗਣੀ ਭੈ ਭਗਤਿ ਸੀਗਾਰਿ ॥ ਅਨਦਿਨੁ ਰਾਵਹਿ ਪਿਰੁ ਆਪਣਾ ਸਚੁ ਰਖਹਿ ਉਰ ਧਾਰਿ ॥੪॥

[ਫੇਰ ਗੁਰਮੁਖ ਦਾ ਵਰਣਨ ਕਰਦੇ ਹਨ:] ਗੁਰਮੁਖ 'ਸਦਾ ਸੁਹਾਗਣ' ਵਰਗੇ ਹੁੰਦੇ ਹਨ (ਉਹਨਾਂ ਦਾ) ਸ਼ਿੰਗਾਰ (ਪਰਮੇਸ਼ੁਰ ਦਾ) ਭੈ ਤੇ ਭਗਤੀ ਹੁੰਦਾ ਹੈ ।(ਓਹ) ਸਦਾ ਅਪਣੇ ਪਤੀ (ਪਰਮੇਸ਼ੁਰ) ਦਾ (ਸੁਖ) ਮਾਣਦੇ ਹਨ, (ਓਹ) ਹਿਰਦੇ ਵਿਚ ਸਚ ਨੂੰ (ਸਦਾ) ਧਾਰਨ ਕਰੀ ਰਖਦੇ ਹਨ॥ ੪॥

ਜਿਨ੍ਾ ਪਿਰੁ ਰਾਵਿਆ ਆਪਣਾ ਤਿਨ੍ਾ ਵਿਟਹੁ ਬਲਿ ਜਾਉ ॥ ਸਦਾ ਪਿਰ ਕੈ ਸੰਗਿ ਰਹਹਿ ਵਿਚਹੁ ਆਪੁ ਗਵਾਇ ॥੫॥

(ਇਕੁਰ) ਜਿਨ੍ਹਾਂ ਨੇ ਅਪਣੇ ਪਤੀ (ਪਰਮੇਸ਼ੁਰ) ਦਾ ਮੇਲ ਸੁਖ ਮਾਣਿਆ ਹੈ ਉਹਨਾਂ ਤੋਂ (ਮੈਂ) ਸਦਕੇ ਹੋ ਜਾਵਾਂ। (ਉਹ ਅਪਣੇ) ਵਿਚੋਂ ਆਪਾ ਭਾਵ ਗੁਆਕੇ ਸਦਾ ਪਤੀ (ਪਰਮੇਸ਼ੁਰ) ਦੇ ਨਾਲ ਵੱਸਦੇ ਹਨ॥ ੫॥

ਤਨੁ ਮਨੁ ਸੀਤਲੁ ਮੁਖ ਉਜਲੇ ਪਿਰ ਕੈ ਭਾਇ ਪਿਆਰਿ ॥ ਸੇਜ ਸੁਖਾਲੀ ਪਿਰੁ ਰਵੈ ਹਉਮੈ ਤ੍ਰਿਸਨਾ ਮਾਰਿ ॥੬॥

ਉਹਨਾਂ ਦਾ ਤਨ ਮਨ ਠੰਢਾ ਰਹਿੰਦਾ ਹੈ, (ਏਥੇ ਓਥੇ) ਉਜਲੇ ਮੂੰਹ ਰਹਿੰਦੇ ਹਨ (ਕਿਉਂਕਿ ਓਹ) ਪਤੀ ਦੇ ਪ੍ਰੇਮ ਪਿਆਰ ਵਿਚ (ਸਰਸ਼ਾਰ) ਹਉਮੈਂ (ਤੇ ਹਉਮੈ ਤੋਂ ਉਪਜੀ) ਤ੍ਰਿਸ਼ਨਾ ਨੂੰ ਮਾਰਕੇ ਪਤੀ (ਪਰਮੇਸ਼ੁਰ ਦੇ ਮਿਲਾਪ ਦੀ) ਸੇਜਾ ਉਤੇ (ਉਸ ਦੇ ਮਿਲਾਪ) ਸੁਖ ਨੂੰ ਮਾਣਦੇ ਹਨ॥ ੬॥

ਕਰਿ ਕਿਰਪਾ ਘਰਿ ਆਇਆ ਗੁਰ ਕੈ ਹੇਤਿ ਅਪਾਰਿ ॥ ਵਰੁ ਪਾਇਆ ਸੋਹਾਗਣੀ ਕੇਵਲ ਏਕੁ ਮੁਰਾਰਿ ॥੭॥

[ਇਹ ਪ੍ਰਾਪਤੀ ਕਿੰਵ ਹੋਈ? ਉੱਤਰ:] ਗੁਰੂ ਨਾਲ (ਪਿਆਰ ਕੀਤਾ ਉਸ) ਗੁਰੂ ਦੇ ਅਪਾਰ ਹਿਤ ਤੇ ਕਿਰਪਾ ਕਰਕੇ (ਜੀਵ ਅਪਣੇ) ਸਰੂਪ ਵਿਚ ਆ ਗਿਆ, ਸ੍ਵੈ ਸਰੂਪ ਵਿਚ ਆਕੇ ਸੁਹਾਗਣਾਂ ਵਾਂਙੂ (ਜੀਵ ਨੇ ਅਪਣਾ) ਵਰ ਪਾ ਲਿਆ [ਉਹ ਵਰ ਕਿਹੜਾ ਹੈ? ਉੱਤਰ:] ਜੋ ਇਕੋ ਪ੍ਰਭੂ ਹੈ। (ਭਾਵ-ਗੁਰੂ ਦੇ ਹਿਤ ਕਰਕੇ ਜੀਵ ਸ੍ਵੈ ਸਰੂਪ ਵਿਚ ਆਇਆ ਉਥੇ ਆਕੇ ਉਸ ਨੂੰ ਪ੍ਰਭੂ ਮਿਲਾਪ ਹੋ ਗਿਆ। ਜੋ ਇਕੋ ਹੈ)॥ ੭॥

ਸਭੇ ਗੁਨਹ ਬਖਸਾਇ ਲਇਓਨੁ ਮੇਲੇ ਮੇਲਣਹਾਰਿ ॥ ਨਾਨਕ ਆਖਣੁ ਆਖੀਐ ਜੇ ਸੁਣਿ ਧਰੇ ਪਿਆਰੁ ॥੮॥੧੨॥੩੪॥

[ਪ੍ਰਸ਼ਨ:-ਕੀਤੇ ਪਾਪ ਕਿੱਧਰ ਗਏ? ਉੱਤਰ:] ਉਸ ਮੇਲਣਹਾਰ ਨੇ ਸਾਰੇ ਪਾਪ ਬਖ਼ਸ਼ ਦਿਤੇ (ਤੇ ਪ੍ਰਭੂ ਨਾਲ) ਮੇਲ ਦਿਤਾ (ਭਾਵ ਗੁਰੂ ਨੇ)। ਹੇ ਨਾਨਕ ! ਐਸਾ ਆਖਣ ਆਖੀਏ, ਜੋ ਸੁਣਕੇ (ਓਹ) ਪਜਾਰ ਕਰੇ॥ ੮॥ ੧੨॥ ੩੪॥

ਵਯਾਖਯਾ-ਇਸ ਸ਼ਬਦ ਵਿਚ ਜਾਪਦਾ ਹੈ ਕਿ ਸੱਚੇ ਵਾਹਿਗੁਰੂ ਦੇ ਮੇਲਣਹਾਰ ਆਦਿ ਗੁਣਾਂ ਦਾ ਵਰਣਨ ਹੈ, ਪਰ ਅੰਕ ੭ ਤੋਂ ਪਤਾ ਚਲਦਾ ਹੈ ਕਿ ਏਹ ਗੁਰੂ ਬਾਬਤ ਹੈ। ਜਿਸ ਵਿਚ ਦੱਸਿਆ ਹੈ ਕਿ ਗੁਰੂ ਦੀ ਕਿਰਪਾ ਕਾਰਣ ਹੈ, ਜਿਸ ਕਰਕੇ ਪ੍ਰਭੂ ਮਿਲਿਆ ਹੈ। ਇਸ ਕਰਕੇ ਸੰਪ੍ਰਦਾ ਵਿਚ ਪਹਿਲੀ ਤੁਕ ਤੋਂ ਹੀ ਚਖਾਇਓਨੁ ਦਾ ਕਰਤਾ ਕਾਰਕ 'ਗੁਰੂ' ਨੂੰ ਲੈਂਦੇ ਹਨ। ਬਾਕੀ ਸਾਰੇ ਸ਼ਬਦ ਵਿਚ ਗੁਰਮੁਖ ਤੇ ਮਨਮੁਖ ਦਾ ਵਰਣਨ ਹੈ ਜੋ ਸੁਗਮ ਹੈ ਤੇ ਫਰਕ ਸਮਝਣ ਲਈ ਵਾਰੋ ਵਾਰੀ ਨਾਲੋ ਨਾਲ ਹੈ।

ਨਿਰੁਕ੍ਤ-ਤਮਾਇ- [ਅ਼:, ਤ਼ਮਅ਼] ਇੱਛਾ, ਲਾਲਚ।

ਦਰਿ-ਦਰਵਾਜ਼ੇ ਵਿਚ। ਭਾਵ ਹੈ ਅੰਦਰ ਵੜਨਾ ਨਹੀਂ ਮਿਲਦਾ ਤੇ ਬੂਹੇ ਤੇ ਹੀ ਪਈਆਂ

ਰੋਂਦੀਆਂ ਹਨ। (ਅ) ਦਰ ਤੋਂ ਭਾਵ ਜਮ ਦਾ ਦਰ ਬੀ ਲੈਂਦੇ ਹਨ ਕਿ ਜਮ ਦੁਆਰ ਖੜੋਤੀਆਂ ਰੋਂਦੀਆਂ ਹਨ।

ਬੀਜੇ-ਬੋਵੇ। ਭਾਵ ਹੈ ਜੇਹੇ ਕਰਮ ਕਮਾਵੇ। ਅੰਕ ੨ ਦੇ ਅਖੀਰ 'ਜੋ ਧੁਰਿ ਲਿਖਿਆ' ਕਿਹਾ ਸੀ ਉਸ ਵਲ ਇਸ਼ਾਰਾ ਹੈ ਕਿ ਧੁਰਿ ਲਿਖਿਆ ਅਪਣੇ ਬੀਜੇ ਅਨੁਸਾਰ ਹੋਇਆ ਹੈ। ਉਹਨਾਂ ਕੂੜ ਬੀਜਿਆ, ਲੇਖ ਦੁਖ ਦਾ ਪਿਆ; ਜੇ ਸਚ ਬੀਜਦੇ ਤਾਂ ਧੁਰੋਂ ਲੇਖ ਸਚ ਪ੍ਰਾਪਤੀ ਦਾ ਪੈਂਦਾ।

ਆਖਣੁ-ਕਹਿਣਾ, ਨਾਮ ਅਰਾਧਨਾ; ਕੀਰਤਨ ਕਰਨਾ, ਬੇਨਤੀ ਤੇ ਸ਼ੁਕਰ ਕਰਨਾ, ਸਭੋ ਕੁਛ ਆਖਣ ਹੈ। ਭਾਵ ਹੈ ਓਹ ਅਰਾਧਨਾ ਕਰੀਏ ਕਿ ਵਾਹਿਗੁਰੂ ਸੁਣਕੇ ਸਾਨੂੰ ਪਜਾਰ ਕਰੇ। ਜੈਸਾ ਕਿ ਆਦਿ ਗੁਰੂ ਜੀ ਨੇ ਫੁਰਮਾਇਆ ਹੈ:-

ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ॥ [ਜਪੁਜੀ-੪]

(ਅ) ਐਉਂ ਬੀ ਭਾਵ ਕੱਢਦੇ ਹਨ ਕਿ ਇਹ ਵਾਰਤਾ ਉਸੇ ਨੂੰ ਦੱਸੋ ਜੋ ਪਜਾਰ ਨਾਲ ਸੁਣੇ। ਪਰ ਜਪੁਜੀ ਦੀ ਤੁਕ 'ਧਰੇ ਪਿਆਰੁ' ਵਾਲੀ ਵਾਹਿਗੁਰੂ ਜੀ ਵਾਲੇ ਭਾਵ ਨੂੰ ਵਧੇਰੇ ਠੀਕ ਦੱਸਦੀ ਹੈ ਕਿ ਮੂੰਹੋਂ ਕੀਹ ਬੋਲ ਬੋਲੀਏ ਜਿਸ ਨੂੰ ਸੁਣ ਕੇ 'ਕਰਤਾਰ' ਪਿਆਰ ਕਰੇ।

[ਆਸਾ ਮਹਲਾ ੩, ਅਸਟਪਦੀ-੩੫]

ਮੂਲ	ਅਰਥ
ਆਸਾ ਮਹਲਾ ੩ ॥	
ਸਤਿਗੁਰ ਤੇ ਗੁਣ ਊਪਜੈ ਜਾ ਪ੍ਰਭੁ ਮੇਲੈ ਸੋਇ ॥ ਸਹਜੇ ਨਾਮੁ ਧਿਆਈਐ ਗਿਆਨੁ ਪਰਗਟੁ ਹੋਇ ॥੧॥	ਸਤਿਗੁਰੂ (ਦੇ ਸਤਿਸੰਗ) ਤੋਂ (ਜਗਜਾਸੂ ਵਿਚ) ਗੁਣ ਪੈਦਾ ਹੁੰਦੇ ਹਨ, (ਪਰ ਸਤਿਗੁਰੂ ਓਦੋਂ ਮਿਲਦਾ ਹੈ) ਜਦੋਂ (ਉਹ) ਪ੍ਰਭੂ ਆਪ ਮੇਲਦਾ ਹੈ। (ਓਹ ਗੁਣ ਹਨ:-੧.) ਸਹਜ ਭਾਵ ਵਿਚ (ਪ੍ਰਭੂ ਦਾ) ਨਾਮ ਧਿਆਈਦਾ ਹੈ, (ਭਾਵ ਹਠ ਆਦਿ ਜੋਗ ਤੋਂ ਬਿਨਾਂ ਸੁਭਾਵਕ ਤੌਰ ਤੇ ਨਾਮ ਸਿਮਰਨ ਕਰੀਦਾ ਹੈ। ੨. ਇਸ ਨਾਮ ਧਿਆਉਣ ਤੋਂ ਦੂਜਾ ਗੁਣ) ਗਜਾਨ ਦਾ ਪ੍ਰਗਟ ਹੋਣਾ ਹੁੰਦਾ ਹੈ ॥ ੧॥
ਏ ਮਨ ਮਤ ਜਾਣਹਿ ਹਰਿ ਦੂਰਿ ਹੈ ਸਦਾ ਵੇਖੁ ਹਦੂਰਿ ॥ ਸਦ ਸੁਣਦਾ ਸਦ ਵੇਖਦਾ ਸਬਦਿ ਰਹਿਆ ਭਰਪੂਰਿ ॥੧॥ ਰਹਾਉ ॥	(੩.) ਹੇ (ਮੇਰੇ) ਮਨ ਖ਼ਬਰਦਾਰ, ਤੂੰ ਹਰੀ ਨੂੰ ਦੂਰ ਨਾ ਸਮਝੀਂ, (ਉਸ ਨੂੰ ਤਾਂ) ਸਦਾ ਹਾਜ਼ਰਾ ਹਜ਼ੂਰ ਵੇਖੀਂ। (ਉਸ ਨੂੰ ਇਉਂ ਸਮਝੀਂ ਕਿ) ਸਦਾ ਸੁਣਦਾ ਹੈ, ਸਦਾ ਵੇਖਦਾ ਹੈ, (ਤੇ ਤੇਰੇ ਧਿਆਏ ਜਾ ਰਹੇ ਸ਼ਬਦ=) ਨਾਮ ਵਿਚ ਭਰਪੂਰ ਹੋ ਰਿਹਾ ਹੈ॥ ੧॥ ਰਹਾਉ॥
ਗੁਰਮੁਖਿ ਆਪੁ ਪਛਾਣਿਆ ਤਿਨ੍ੀ ਇਕ ਮਨਿ ਧਿਆਇਆ ॥ ਸਦਾ ਰਵਹਿ ਪਿਰੁ ਆਪਣਾ ਸਚੈ ਨਾਮਿ ਸੁਖੁ ਪਾਇਆ ॥੨॥	(ਜਿਨ੍ਹਾਂ) ਗੁਰਮੁਖਾਂ ਨੇ (ਐਉਂ) ਇਕ ਮਨ ਹੋਕੇ (ਉਸ ਨੂੰ) ਧਿਆਇਆ ਹੈ ਉਨ੍ਹਾਂ ਨੇ ਆਪੇ ਨੂੰ ਪਛਾਣਿਆ ਹੈ। (ਉਨ੍ਹਾਂ ਸੁਹਾਗਣ ਰੂਪ ਗੁਰਮੁਖਾਂ ਨੇ) ਸਦਾ ਆਪਣੇ (ਪਰਮੇਸ਼ੁਰ ਰੂਪ) ਪਤੀ ਨੂੰ ਮਾਣਿਆ ਹੈ, (ਹਾਂ ਉਨ੍ਹਾਂ ਨੇ) ਸੱਚ ਨਾਮ ਦੁਆਰਾ ਹੀ ਸੁਖ ਪਾਇਆ ਹੈ॥ ੨॥
ਏ ਮਨ ਤੇਰਾ ਕੋ ਨਹੀ ਕਰਿ ਵੇਖੁ ਸਬਦਿ ਵੀਚਾਰੁ ॥ ਹਰਿ ਸਰਣਾਈ ਭਜਿ ਪਉ ਪਾਇਹਿ ਮੋਖ ਦੁਆਰੁ ॥੩॥	ਹੇ ਮਨ ! (ਗੁਰੂ ਦੇ) ਸ਼ਬਦ ਦੁਆਰਾ ਵੀਚਾਰ ਕਰਕੇ ਦੇਖ (ਕਿ ਜਗਤ ਵਿਚ) ਤੇਰਾ ਕੋਈ ਬੀ ਨਹੀਂ ਹੈ, (ਇਸ ਕਰਕੇ ਤੂੰ) ਹਰੀ ਦੀ ਸ਼ਰਨ ਵਿਚ ਭੱਜਕੇ ਪੈ ਜਾਹ (ਤਾਂ ਤੈਨੂੰ) ਮੁਕਤੀ ਦਾ ਦੁਆਰਾ ਲੱਭ ਪਵੇਗਾ॥ ੩॥

ਸਬਦਿ ਸੁਣੀਐ ਸਬਦਿ ਬੁਝੀਐ ਸਚਿ ਰਹੈ ਲਿਵ ਲਾਇ ॥ ਸਬਦੇ ਹਉਮੈ ਮਾਰੀਐ ਸਚੈ ਮਹਲਿ ਸੁਖੁ ਪਾਇ ॥੪॥

[ਕੀਕੂੰ? ਉੱਤਰ:] (ਗੁਰੂ ਦੇ) ਸ਼ਬਦ ਦੁਆਰਾ (ਨਾਮ ਦਾ ਉਪਦੇਸ਼) ਸੁਣੀਏ, (ਤੇ ਗੁਰੂ ਦੇ ਦਿੱਤੇ) ਸ਼ਬਦ (ਦੀ ਕਮਾਈ) ਦੁਆਰਾ (ਸੱਚ ਦੀ) ਸੋਝੀ ਪ੍ਰਾਪਤ ਕਰੀਏ (ਤੇ ਉਸ ਸੱਚ ਵਿਚ ਫੇਰ) ਲਿਵ ਲਾਈ ਰਖੀਏ, (ਇਉਂ) ਸ਼ਬਦ ਦੁਆਰਾ ਹਉਮੈਂ ਮਾਰ ਲਈਏ (ਤਦ) ਸੱਚੇ (ਪ੍ਰਭੂ) ਦੇ ਸਰੂਪ ਵਿਚ (ਪ੍ਰਾਪਤ ਹੋਕੇ) ਸੁਖ ਪਾਈਦਾ ਹੈ॥ ੪॥

ਇਸੁ ਜੁਗ ਮਹਿ ਸੋਭਾ ਨਾਮ ਕੀ ਬਿਨੁ ਨਾਵੈ ਸੋਭ ਨ ਹੋਇ ॥ ਇਹ ਮਾਇਆ ਕੀ ਸੋਭਾ ਚਾਰਿ ਦਿਹਾੜੇ ਜਾਦੀ ਬਿਲਮੁ ਨ ਹੋਇ ॥੫॥

[ਜਗਤ ਸ਼ੋਭਾ ਦੇ ਲੋਭ ਵਿਚ ਲਗਾ ਜੀਵ ਪ੍ਰਭੂ ਨੂੰ ਭੁੱਲਦਾ ਹੈ, ਉਸ ਪਰਥਾਇ ਬਚਨ ਕਰਦੇ ਹਨ ਕਿ] ਇਸ (ਕਲਿ-) ਯੁਗ ਵਿਚ (ਸੱਚੀ) ਸ਼ੋਭਾ ਨਾਮ ਦੀ ਹੈ, ਨਾਮ ਤੋਂ ਬਿਨਾਂ ਸ਼ੋਭਾ ਨਹੀਂ ਪ੍ਰਾਪਤ ਹੁੰਦੀ। ਇਹ ਮਾਇਆ ਦੀ ਸ਼ੋਭਾ ਚਾਰ ਦਿਨ (ਰਹਿੰਦੀ ਹੈ) ਇਸ ਦੇ ਚਲੇ ਜਾਂਦਿਆਂ (ਰਤਾ) ਦੇਰ ਨਹੀਂ ਲਗਦੀ ॥ ੫॥

ਜਿਨੀ ਨਾਮੁ ਵਿਸਾਰਿਆ ਸੇ ਮੁਏ ਮਰਿ ਜਾਹਿ ॥ ਹਰਿ ਰਸ ਸਾਦੁ ਨ ਆਇਓ ਬਿਸਟਾ ਮਾਹਿ ਸਮਾਹਿ ॥੬॥

(ਸੋ) ਜਿਨ੍ਹਾਂ ਨੇ (ਹਰੀ) ਨਾਮ ਨੂੰ (ਸਾਰੀ ਉਮਰ) ਵਿਸਾਰੀ ਰਖਿਆ ਹੈ ਓਹ (ਜੀਉਂਦੇ ਨਹੀਂ) ਮੋਏ ਹੋਏ ਹਨ, (ਫੇਰ ਸਰੀਰ ਕਰਕੇ ਬੀ) ਮਰ ਜਾਂਦੇ ਹਨ। ਉਨ੍ਹਾਂ ਨੂੰ (ਜੀਓ ਜੀ) ਹਰੀ ਨਾਮ ਦਾ ਸੁਆਦ ਨਹੀਂ ਆਇਆ, (ਇਸ ਕਰਕੇ ਓਹ) ਗਰਭ ਵਿਚ ਪੈਂਦੇ ਹਨ (ਭਾਵ ਜੂਨਾਂ ਭੋਗਦੇ ਹਨ)॥ ੬॥

ਇਕਿ ਆਪੇ ਬਖਸਿ ਮਿਲਾਇਅਨੁ ਅਨਦਿਨੁ ਨਾਮੇ ਲਾਇ ॥ ਸਚੁ ਕਮਾਵਹਿ ਸਚਿ ਰਹਹਿ ਸਚੇ ਸਚਿ ਸਮਾਹਿ ॥੭॥

(ਪਰ) ਇਕਨਾਂ ਨੂੰ (ਵਾਹਿਗੁਰੂ ਜੀ ਨੇ) ਆਪੇ ਸਦਾ ਨਾਮ ਵਿਚ ਲਾਈ ਰਖਕੇ ਤੇ ਬਖਸ਼ਕੇ (ਆਪਣੇ ਨਾਲ) ਮਿਲਾ ਲਿਆ ਹੈ, ਓਹ ਸੱਚ ਕਮਾਉਂਦੇ ਹਨ, ਸੱਚ ਵਿਚ ਜੀਵਨ ਬਸਰ ਕਰਦੇ ਹਨ, (ਤੇ ਅੰਤ) ਸੱਚੇ (ਪ੍ਰਭੂ) ਦੇ ਸਤਜ ਸਰੂਪ ਵਿਚ ਸਮਾ ਜਾਂਦੇ ਹਨ॥ ੭॥

ਬਿਨੁ ਸਬਦੈ ਸੁਣੀਐ ਨ ਦੇਖੀਐ ਜਗੁ ਬੋਲਾ ਅੰਨ੍ਹਾ ਭਰਮਾਇ ॥ ਬਿਨੁ ਨਾਵੈ ਦੁਖੁ ਪਾਇਸੀ ਨਾਮੁ ਮਿਲੈ ਤਿਸੈ ਰਜਾਇ ॥੮॥

(ਗੁਰੂ-) ਸ਼ਬਦ ਤੋਂ ਬਿਨਾਂ ਜਗਤ ਬੋਲਾ ਹੈ ਤੇ ਅੰਨ੍ਹਾ ਹੈ, ਨਾ ਕੁਛ ਸੁਣਦਾ ਹੈ, ਨਾ ਦੇਖਦਾ ਹੈ, ਭਰਮ ਵਿਚ ਹੀ (ਭੁੱਲਾ) ਰਹਿੰਦਾ ਹੈ। ਸੋ ਨਾਮ ਵਿਹੂਣਾ ਹੋਣ ਕਰਕੇ ਦੁਖ ਪਾਏਗਾ, (ਪਰ) ਨਾਮ ਉਸ ਦੀ ਰਜ਼ਾ ਨਾਲ ਮਿਲਦਾ ਹੈ॥ ੮॥

ਜਿਨ ਬਾਣੀ ਸਿਉ ਚਿਤੁ ਲਾਇਆ ਸੇ ਜਨ ਨਿਰਮਲ ਪਰਵਾਣੁ ॥ ਨਾਨਕ ਨਾਮੁ ਤਿਨ੍ਾ ਕਦੇ ਨ ਵੀਸਰੈ ਸੇ ਦਰਿ ਸਚੇ ਜਾਣੁ ॥੯॥੧੩॥੩੫॥

[ਰਜ਼ਾ ਕੀਕੂੰ ਤ੍ਰੁੱਠੇ? ਉੱਤਰ:] ਜਿਨ੍ਹਾਂ ਨੇ (ਗੁਰ) ਬਾਣੀ ਨਾਲ ਚਿਤ ਲਾ ਲਿਆ ਓਹ ਪੁਰਖ ਪਵਿਤ੍ਰ ਤੇ (ਸਾਈਂ ਨੂੰ) ਪਰਵਾਣ ਹੋ ਜਾਂਦੇ ਹਨ। ਹੇ ਨਾਨਕ ! ਉਨ੍ਹਾਂ ਨੂੰ ਨਾਮ ਕਦੇ ਨਹੀਂ ਭੁੱਲਦਾ, ਓਹ (ਪੁਰਖ) ਸੱਚੇ ਦਰ ਤੇ (ਕਬੂਲ ਪੈਂਦੇ) ਜਾਣ ਲੈ॥ ੯॥ ੧੩॥ ੩੫॥

ਵ੍ਯਾਖ੍ਯਾ–ਅੰਕ ੧-ਜੀਵ ਦੀ ਕਲ੍ਯਾਣ ਜਿਨ੍ਹਾਂ ਗੁਣਾਂ ਕਰਕੇ ਹੁੰਦੀ ਹੈ, ਓਹ ਗੁਣ ਸਤਿਗੁਰੂ ਪਾਸੋਂ ਪ੍ਰਾਪਤ ਹੁੰਦੇ ਹਨ। ਪਰ 'ਗੁਰੂ'ਅਪਣੇ ਵੱਸ ਦੀ ਵਸਤੂ ਨਹੀਂ, ਉਹ ਵਾਹਿਗੁਰੂ ਦੀ ਮੇਹਰ ਨਾਲ ਮਿਲਦਾ ਹੈ। ਓਹ ਗੁਣ ਕੀ ਹਨ? ਫੁਰਮਾਉਂਦੇ ਹਨ:ਨਾਮ ਦਾ ਆਰਾਧਨ, ਉਹ ਆਰਾਧਨ ਜ਼ੋਰ ਹਠ ਦਾ ਨਾ, ਪਰ ਸਹਜ ਭਾਵ ਦਾ ਹੋਵੇ। ਇਸ ਨਾਮ ਆਰਾਧਨ ਤੋਂ ਗਿਆਨ ਪੈਦਾ ਹੋ ਜਾਂਦਾ ਹੈ,ਕਿਉਂਕਿ ਨਾਮ ਲਿਵ ਵਿਚ ਲੈ ਜਾਂਦਾ ਹੈ ਤੇ ਲਿਵ ਸਾਈਂ ਵਿਚ ਲੈ ਜਾਂਦੀ ਹੈ, ਸੋ ਉਸ ਨੂੰ ਪ੍ਰਾਪਤ ਹੋਕੇ ਜੋ ਉਸ ਦੀ

ਲੱਖਤਾ ਹੋ ਆਉਂਦੀ ਹੈ ਉਹ ਅਸਲ ਗਿਆਨ ਹੈ। ਹੁਣ ਨਾਮ ਆਰਾਧਣ ਦਾ ਤੇ ਸਹਜ ਵਿਚ ਆਰਾਧਣ ਦਾ ਰੂਪ ਬੰਨ੍ਹਦੇ ਹਨ, ਕਿ ਉਸ ਨੂੰ ਹਾਜ਼ਰਾ ਹਜ਼ੂਰ ਜਾਣਕੇ, ਯਾ ਆਪ ਨੂੰ ਉਸ ਦੀ ਹਜ਼ੂਰੀ ਵਿਚ ਖਿਆਲ ਕਰਕੇ ਨਾਮ ਜਪਣਾ, ਸਹਜ ਧਯਾਨੀ ਨਾਮ ਸਿਮਰਨ ਹੈ। ਹਾਂ, ਉਸਨੂੰ ਜਾਣੀ ਜਾਣ ਸਮਝਣਾ ਹੈ ਕਿ ਓਹ ਸਾਡਾ ਕੀਤਾ ਸਾਰਾ ਕੁਛ ਜਾਣਦਾ ਹੈ ਤੇ ਸਾਡਾ ਬੋਲਿਆ ਸਭ ਸੁਣਦਾ ਹੈ। ਓਹ ਲਖਿਆ ਕੀਕੂੰ ਜਾਵੇ? ਓਹ ਸ਼ਬਦ ਵਿਚ ਭਰਪੂਰ ਰਹਿੰਦਾ ਹੈ, ਤਾਂ ਅਸੀਂ ਜੋ ਸ਼ਬਦ (ਨਾਮ) ਦੀ ਕਮਾਈ ਕਰਾਂਗੇ ਉਹ ਨਾਮ ਵਿਚ ਸਾਡੇ ਅੰਦਰੋਂ ਪ੍ਰਤੀਤ ਦੇ ਆਵੇਗਾ।

ਅੰਕ ੨ ਵਿਚ ਨਾਮ ਦੇ ਸਹਜ ਅਭਯਾਸੀ ਹਜ਼ੂਰੀ ਪ੍ਰਾਪਤ ਨੂੰ ਵਾਹਿਗੁਰੂ ਜੀ ਦੇ ਮਿਲਾਪ ਸੁਖ ਮਾਣਨ ਦਾ ਵਰਣਨ ਕਰਦੇ ਹਨ।

ਅੰਕ ੩-ਨਾਮ ਦੀ ਕਮਾਈ ਤੇ ਪ੍ਰਾਪਤੀ ਦੱਸਕੇ ਤੇ ਉਸ ਦੀ ਸਹਜ ਅਭਯਾਸੀ ਤਰਕੀਬ ਸਦਾ ਹਜ਼ੂਰੀ ਵਾਲੀ ਸਮਝਾਕੇ ਵੈਰਾਗ ਦਾ ਉਪਦੇਸ਼ ਕਰਦੇ ਹਨ ਕਿ ਜਗਤ ਵਿਚ ਤੇਰਾ ਕੋਈ ਨਹੀਂ, ਸਭ ਆਪੋ ਆਪਣੇ ਮਤਲਬਾਂ ਨੂੰ ਮਿਲਦੇ ਹਨ, ਤਾਂ ਤੇ ਤੂੰ ਹਰੀ ਦੀ ਸ਼ਰਣ ਲੈ, ਜੋ ਤੇਰਾ ਹੈ ਤੇ ਤੈਨੂੰ ਤਾਰਣਹਾਰ ਹੈ।

ਅੰਕ ੪-ਗੁਰ ਉਪਦੇਸ਼ ਦਾ ਸੁਣਨਾ, ਉਸ ਨੂੰ ਸਮਝਣਾ ਤੇ ਸਚ ਨਾਲ ਲਿਵ ਲਾਉਣੀ, ਭਾਵ ਨਾਮ ਦੁਆਰਾ ਸਤਿ ਸਰੂਪ ਵਿਚ ਲਿਵ ਲਾਉਣੀ। ਇਸ ਦਾ ਫਲ ਹਉਂ ਦਾ ਨਾਸ਼ ਹੈ ਤੇ ਵਾਹਿਗੁਰੂ ਦੇ ਸਰੂਪ ਦੀ ਪ੍ਰਾਪਤੀ ਹੈ ਤੇ ਸਦੈਵੀ ਸੁਖ ਹੈ।

ਅੰਕ ੫-ਜੀਵਾਂ ਨੂੰ ਇਕ ਤਾਂ ਦੁਨੀਆਂ ਵਿਚ ਸਾਕਾਂ ਮਿਤ੍ਰਾਂ ਦਾ ਮੋਹ ਮਾਰਦਾ ਹੈ, ਜਿਸ ਤੋਂ ਉਪਰਾਮਤਾ ਅੰਕ ੩ ਵਿਚ ਸਿਖਾ ਆਏ ਹਨ, ਕਿ ਤੇਰਾ ਕੋਈ ਨਹੀਂ। ਦੂਜੀ ਸ਼ੈ ਸ਼ੋਭਾ ਦੀ ਭੁੱਖ ਹੈ ਜੋ ਜੀਵਾਂ ਨੂੰ ਜਗਤ ਵਿਚ ਫਸਾਈ ਰਖਦੀ ਹੈ। ਹੁਣ ਉਸ ਤੋਂ ਵੈਰਾਗ ਕਰਨਾ ਸਿਖਾਲਦੇ ਹਨ, ਕਿਉਂਕਿ ਸ਼ੋਭਾ ਦੀ ਭੁੱਖ ਬੀ ਪ੍ਰਤਿਬੰਧਕ ਹੈ। ਇਸ ਲਈ ਆਗਯਾ ਕਰਦੇ ਹਨ ਕਿ ਜਗਤ ਦੀ ਸ਼ੋਭਾ ਦੇ ਨਾਸ਼ ਹੁੰਦਿਆਂ ਪਲ ਨਹੀਂ ਲਗਦੀ, ਇਸ ਲਈ ਸ਼੍ਰੱਮ ਕਰਨਾ ਬਿਰਥਾ ਹੈ। ਇਕ ਸ਼ੋਭਾ ਨਾਮ ਤੋਂ ਉਪਜਦੀ ਹੈ, ਉਹ ਸਤਿਸੰਗ ਵਿਚ ਤੇ ਪ੍ਰਲੋਕ ਵਿਚ ਨਾਲ ਨਿਭਦੀ ਤੇ ਹਰ ਥਾਂ ਸਹਾਯਕ ਹੁੰਦੀ ਹੈ।

ਅੰਕ ੬ ਵਿਚ ਨਾਮ ਵਿਹੂਣਿਆਂ ਦਾ ਅੰਤ ਦੱਸਦੇ ਹਨ ਕਿ ਓਹ ਜਨਮ ਮਰਨ ਵਿਚ ਰਹਿੰਦੇ ਹਨ ਕਿਉਂਕਿ ਵਾਸ਼ਨਾ ਦੇ ਅਧੀਨ ਹੁੰਦੇ ਹਨ। ਵਾਸ਼ਨਾਂ ਜਗਤ ਵਿਚ ਮੁੜ ਮੁੜ ਲੈ ਆਉਂਦੀਆਂ ਹਨ। ਇਸ ਅੰਕ ਵਿਚ ਇਹ ਗਲ *'ਬਿਸਟਾ ਮਾਹਿ ਸਮਾਹਿ'* ਕਹਿਕੇ ਜਣਾਈ ਹੈ, ਕਿਉਂਕਿ ਮਾਤਾ ਦੇ ਗਰਭ ਵਿਚ ਬੱਚਾ ਗਰਭਾਸ਼ਯ ਵਿਚ ਹੁੰਦਾ ਹੈ, ਤੇ ਗਰਭਾਸ਼ਯ ਪੇਟ ਵਿਚ ਹੁੰਦਾ ਹੈ ਤੇ ਪੇਟ ਵਿਚ ਹੀ ਆਂਦਰਾਂ ਹੁੰਦੀਆਂ ਹਨ, ਆਂਦਰਾਂ ਵਿਚ ਹੀ ਪਚ ਰਹੇ ਤੇ ਪਏ ਭੋਜਨ ਦਾ ਫੋਗ ਟੁਰਿਆ ਰਹਿੰਦਾ ਹੈ, ਜਿਸ ਨੂੰ ਵਿਸ਼ਟਾ ਕਹਿੰਦੇ ਹਨ। ਇਉਂ ਦਾ ਇਸ਼ਾਰਾ ਜੀਵ ਨੂੰ ਮੁੜ ਮੁੜ ਜਨਮ ਤੋਂ ਸੂਗ ਦੁਆਕੇ ਵੈਰਾਗ ਵਿਚ ਆਉਣ ਲਈ ਦਿੱਤਾ ਹੈ।

ਨਾਮ ਵਿਹੂਣਿਆਂ ਦੀ ਦਸ਼ਾ ਦੱਸਕੇ ਅੰਕ ੭ ਵਿਚ ਫੇਰ ਇਕ ਮੋੜਵੀਂ ਦ੍ਰਿਸ਼ਟਿ ਨਾਮ ਵਲ ਪੁਆਈ ਹੈ ਕਿ ਜੋ ਦਿਨੇ ਰਾਤ ਨਾਮ ਵਿਚ ਲਗੇ ਰਹਿੰਦੇ ਹਨ, ਗੁਨਾਹ ਉਹਨਾ ਦੇ ਮਾਫ ਹੋ ਜਾਂਦੇ ਹਨ, ਸਹਜ ਯੋਗ ਉਹਨਾਂ ਨੂੰ ਪ੍ਰਾਪਤ ਹੋ ਜਾਂਦਾ ਹੈ। ਉਹ ਸਚ ਦੀ ਕਮਾਈ ਕਰਦੇ ਹਨ। ਭਾਵ ਸਚੇ ਨਾਮ ਵਿਚ ਲਗੇ ਸਚਾ ਜੀਵਨ ਬਸਰ ਕਰਦੇ ਸਚ ਦੁਆਰਾ ਸਤਜ ਸਰੂਪ ਵਿਚ ਸਮਾ ਜਾਂਦੇ ਹਨ।

ਅੰਕ ੮-ਇਸ ਅੰਕ ਵਿਚ ਦੋ ਗਲਾਂ ਕਹੀਆਂ ਹਨ:-੧. ਗੁਰੂ ਸ਼ਬਦ ਤੋਂ ਬਿਨਾਂ ਤੇ ਨਾਮ ਤੋਂ ਬਿਨਾ ਕੀਹ ਬਣਦਾ ਹੈ? ਗੁਰੂ ਕਾ ਉਪਦੇਸ਼ ਸੁਣੇ ਬਿਨਾ ਸਮਝੇ ਬਿਨਾਂ ਜੀਵ ਅੰਨ੍ਹਾ ਬੋਲਾ ਰਹਿੰਦਾ ਹੈ। ੨. ਗੁਰੂ ਕੇ ਉਪਦੇਸ਼ ਵਿਚ ਕਮਾਈ ਨਾਮ ਦੀ ਮੁੱਖ ਸ਼ੈ ਦੱਸੀ ਜਾਂਦੀ ਹੈ, ਜਿਸ ਬਿਨਾਂ ਸੁਖ ਨਹੀਂ ਹੁੰਦਾ। ਭਾਵ ਨਾਮ ਨਾਲ ਆਤਮ ਸੁਖ ਲੱਭਦਾ ਹੈ। ਪਰ ਨਾਮ ਸਾਈਂ ਦੀ ਰਜ਼ਾ ਨਾਲ ਮਿਲਦਾ ਹੈ।

ਅੰਕ ੯-ਸਾਈਂ ਦੀ ਰਜ਼ਾ ਸੁਤੰਤ੍ਰ ਵਸਤੂ ਹੈ, ਉਸ ਦੀ ਮਰਜ਼ੀ ਤੇ ਹੈ। ਪਰ ਜੀਵ ਉਸ ਲਈ ਕੀਹ ਯਤਨ ਕਰੇ? ਮੰਗਤੇ ਵਾਂਙ ਝੋਲੀ ਅੱਡੇ; ਇਹ ਸੈਨਤ ਹੈ, ਸਪਸ਼ਟ ਨਹੀਂ। ਪਰ ਇਸ ਅੰਕ ਵਿਚ ਗੁਰਬਾਣੀ ਤੇ ਨਾਮ ਦਾ ਉਪਦੇਸ਼ ਮੂਲ ਗਲ ਦੱਸੀ ਹੈ।

[ਆਸਾ ਮਹਲਾ ੩, ਅਸਟਪਦੀ-੩੬]

ਮੂਲ	ਅਰਥ
ਆਸਾ ਮਹਲਾ ੩ ॥	
ਸਬਦੌ ਹੀ ਭਗਤ ਜਾਪਦੇ ਜਿਨ੍ ਕੀ ਬਾਣੀ ਸਚੀ ਹੋਇ ॥ ਵਿਚਹੁ ਆਪੁ ਗਇਆ ਨਾਉ ਮੰਨਿਆ ਸਚਿ ਮਿਲਾਵਾ ਹੋਇ ॥੧॥	ਜਿਨ੍ਹਾਂ ਦੀ ਬਾਣੀ (ਵਾਕ ਸੱਤਾ) ਸੱਚੀ ਹੋ ਜਾਂਦੀ ਹੈ (ਓਹ ਆਪਣੇ) ਸ਼ਬਦ ਤੋਂ ਹੀ ਭਗਤ ਪਛਾਣੇ ਜਾਂਦੇ ਹਨ। (ਉਨ੍ਹਾਂ ਨੇ ਪ੍ਰਭੂ ਦੇ) ਨਾਮ ਨੂੰ ਮੰਨਨ ਕੀਤਾ ਹੁੰਦਾ ਹੈ (ਜਿਸ ਕਰਕੇ ਉਨ੍ਹਾਂ ਦਾ) ਆਪਾ ਭਾਵ (ਮਨ) ਵਿਚੋਂ ਦੂਰ ਹੋ ਗਿਆ ਹੁੰਦਾ ਹੈ (ਤੇ ਉਨ੍ਹਾਂ ਦਾ) ਸਤਜ ਸਰੂਪ ਵਿਚ ਮਿਲਾਪ ਹੋ ਗਿਆ ਹੁੰਦਾ ਹੈ॥ ੧॥
ਹਰਿ ਹਰਿ ਨਾਮੁ ਜਨ ਕੀ ਪਤਿ ਹੋਇ॥ ਸਫਲੁ ਤਿਨਾ ਕਾ ਜਨਮੁ ਹੈ ਤਿਨ੍ ਮਾਨੈ ਸਭੁ ਕੋਇ॥੧॥ਰਹਾਉ ॥	(ਪਰਮੇਸ਼ੁਰ ਦੇ ਜਨ ਅਰਥਾਤ) ਭਗਤ ਦੀ ਪਤਿ ਹਰੀ ਹਰਿ ਦਾ ਨਾਮ (ਸਿਮਰਨ ਕਰਕੇ) ਹੁੰਦੀ ਹੈ। ਉਨ੍ਹਾਂ ਦਾ ਜਨਮ ਸਫਲਾ ਹੋ ਜਾਂਦਾ ਹੈ (ਭਾਵ ਦੀਨ ਵਿਚ ਮੁਕਤੀ ਪਦ ਤੇ ਅੱਪੜਦੇ ਹਨ ਤੇ ਦੁਨੀਆਂ ਵਿਚ) ਉਨ੍ਹਾਂ ਦੀ ਮਾਨਤਾ ਸਭ ਕੋਈ ਕਰਦਾ ਹੈ॥ ੧॥ ਰਹਾਉ॥
ਹਉਮੈ ਮੇਰਾ ਜਾਤਿ ਹੈ ਅਤਿ ਕ੍ਰੋਧੁ ਅਭਿਮਾਨੁ ॥ ਸਬਦਿ ਮਰੈ ਤਾ ਜਾਤਿ ਜਾਇ ਜੋਤੀ ਜੋਤਿ ਮਿਲੈ ਭਗਵਾਨੁ ॥੨॥	'ਹਉਮੈ' (ਤੇ ਉਸ ਤੋਂ ਉਪਜਿਆ) 'ਮੇਰਾ' (ਦਾ ਭਾਵ ਇਹ) ਮੂਲ ਹੈ (ਜਿਸ ਤੋਂ) ਕ੍ਰੋਧ ਤੇ ਅਭਿਮਾਨ ਬਹੁਤ (ਉਪਜਦਾ ਹੈ। ਹੁਣ ਜੇ ਕੋਈ) ਸ਼ਬਦ ਦੁਆਰਾ (ਹਉਮੈ ਤੋਂ) ਮਰ ਜਾਏ ਤਾਂ ਜਾਤਿ (ਮੂਲ ਕਾਰਣ) ਦੂਰ ਹੋ ਜਾਏ, (ਫੇਰ ਬਾਕੀ ਰਹਿ ਜਾਏ ਅਸਲ ਸ਼ੈ, ਅਰਥਾਤ) ਜੋਤੀ ਸਰੂਪਤਾ, (ਉਸ ਨੂੰ ਫੇਰ) ਮਿਲ ਪਵੇਗਾ ਜੋਤੀ ਸਰੂਪ, (ਜੋ) ਭਗਵਾਨ (ਹੈ; ਭਾਵ ਅਕਾਲ ਪੁਰਖ)॥ ੨॥
ਪੂਰਾ ਸਤਿਗੁਰੁ ਭੇਟਿਆ ਸਫਲ ਜਨਮੁ ਹਮਾਰਾ ॥ ਨਾਮੁ ਨਵੈ ਨਿਧਿ ਪਾਇਆ ਭਰੇ ਅਖੁਟ ਭੰਡਾਰਾ ॥੩॥	['ਸਬਦਿ ਮਰੈ' ਦਾ ਕੀਹ ਭਾਵ ਹੈ? ਉੱਤਰ ਆਪਣੇ ਤਜਰਬੇ ਦੁਆਰਾ ਦੇਂਦੇ ਹਨ:] (ਅਸਾਂ ਨੂੰ) ਪੂਰਾ ਸਤਿਗੁਰੂ ਮਿਲਿਆ, (ਸੋ ਉਸ ਦੀ ਮੇਹਰ ਨਾਲ) ਸਾਡਾ ਜਨਮ ਸਫਲ ਹੋ ਗਿਆ। [ਕੀਕੂੰ? ਉੱਤਰ:] (ਉਸ ਗੁਰੂ ਤੋਂ ਅਸਾਂ) ਨਾਮ ਪ੍ਰਾਪਤ ਕੀਤਾ ਜੋ ਨੌਂ ਨਿਧਾਂ (ਸਾਬਤ ਹੋਇਆ, ਉਸ ਨਾਲ ਸਾਡੇ) ਭੰਡਾਰੇ ਅਖੁਟ ਭਰ ਗਏ॥ ੩॥
ਆਵਹਿ ਇਸੁ ਰਾਸੀ ਕੇ ਵਾਪਾਰੀਏ ਜਿਨਾ ਨਾਮੁ ਪਿਆਰਾ ॥ ਗੁਰਮੁਖਿ ਹੋਵੈ ਸੋ ਧਨੁ ਪਾਏ ਤਿਨਾ ਅੰਤਰਿ ਸਬਦੁ ਵੀਚਾਰਾ ॥੪॥	(ਹੁਣ ਸਾਡੇ ਪਾਸ) ਇਸ ਰਾਸ ਦੇ ਵਪਾਰੀ ਆਉਂਦੇ ਹਨ ਜਿਨ੍ਹਾਂ ਨੂੰ ਨਾਮ ਪਿਆਰਾ ਲਗਦਾ ਹੈ। ਓਹ ਗੁਰੂ ਦੇ ਸਨਮੁਖ ਰਹਿਕੇ (ਨਾਮ) ਧਨ ਪ੍ਰਾਪਤ ਕਰਦੇ ਹਨ, ਉਨ੍ਹਾਂ ਦੇ ਅੰਦਰ (ਗੁਰੂ ਦਾ ਦਿੱਤਾ) ਸ਼ਬਦ (ਤੇ ਉਸ ਦੀ) ਵੀਚਾਰ (ਪ੍ਰਾਪਤ ਹੋ ਜਾਂਦੀ) ਹੈ॥ ੪॥
ਭਗਤੀ ਸਾਰ ਨ ਜਾਣਨੀ ਮਨਮੁਖ ਅਹੰਕਾਰੀ ॥ ਧੁਰਹੁ ਆਪਿ ਖੁਆਇਅਨੁ ਜੂਐ ਬਾਜੀ ਹਾਰੀ ॥੫॥	[ਹੁਣ ਗੁਰੂ ਬੇਮੁਖ ਦੀ ਗੱਲ ਦੱਸਦੇ ਹਨ] (ਵਾਹਿਗੁਰੂ ਦੀ) ਭਗਤੀ ਦੀ ਸਾਰ ਮਨਮੁਖ ਤੇ ਹੰਕਾਰੀ (ਲੋਕ) ਨਹੀਂ ਜਾਣਦੇ। (ਓਹ) ਧੁਰੋਂ (ਸਾਈਂ ਨੇ) ਆਪ ਭੁਲਾਏ ਹਨ, (ਉਨ੍ਹਾਂ ਨੇ ਜੀਵਨ ਦੀ) ਬਾਜੀ (ਇਉਂ) ਹਾਰੀ ਹੈ (ਜਿਵੇਂ) ਜੂਏ (ਵਿਚ ਹਾਰ ਖਾਈਦੀ) ਹੈ॥ ੫॥

ਬਿਨੁ ਪਿਆਰੈ ਭਗਤਿ ਨ ਹੋਵਈ ਨਾ ਸੁਖੁ ਹੋਇ ਸਰੀਰਿ ॥ ਪ੍ਰੇਮ ਪਦਾਰਥੁ ਪਾਈਐ ਗੁਰ ਭਗਤੀ ਮਨ ਧੀਰਿ ॥੬॥	ਪਿਆਰ ਕੀਤੇ ਬਿਨਾਂ (ਈਸ਼੍ਵਰ-) ਭਗਤੀ ਨਹੀਂ ਹੋ ਸਕਦੀ, ਤੇ ਨਾ ਹੀ ਸਰੀਰ ਵਿਚ ਸੁਖ ਹੁੰਦਾ ਹੈ। (ਇਹ) ਪ੍ਰੇਮ (ਰੂਪੀ) ਪਦਾਰਥ ਗੁਰੂ ਦੀ ਭਗਤੀ ਨਾਲ ਮਿਲਦਾ ਹੈ (ਜੋ ਗੁਰ-ਭਗਤੀ ਕਿ) ਮਨ ਦੇ ਧੀਰਜ ਨਾਲ (ਕਰਨੀ ਚਾਹੀਏ)॥ ੬॥
ਜਿਸ ਨੋ ਭਗਤਿ ਕਰਾਏ ਸੋ ਕਰੇ ਗੁਰ ਸਬਦ ਵੀਚਾਰਿ ॥ ਹਿਰਦੈ ਏਕੋ ਨਾਮੁ ਵਸੈ ਹਉਮੈ ਦੁਬਿਧਾ ਮਾਰਿ ॥੭॥	(ਸੋ) ਜਿਸ ਨੂੰ (ਵਾਹਿਗੁਰੂ ਆਪਣੀ) ਭਗਤੀ ਕਰਾਉਂਦਾ ਹੈ ਉਹ ਗੁਰੂ ਦੇ ਸ਼ਬਦ ਦੀ ਵੀਚਾਰ ਦੁਆਰਾ (ਹੀ ਭਗਤੀ) ਕਰਦਾ ਹੈ। (ਉਸ ਦੇ) ਹਿਰਦੇ ਵਿਚ ਇਕੋ ਦਾ ਨਾਮ ਵਸ ਜਾਂਦਾ ਹੈ (ਜਿਸ ਨਾਲ ਵਾਹਿਗੁਰੂ ਤੋਂ ਵਿੱਥ ਪਾਉਣ ਵਾਲੀ) ਹਉਮੈ ਤੇ ਦੁਬਿਧਾ ਮਾਰ ਹੋ ਜਾਂਦੀ ਹੈ॥ ੭॥
ਭਗਤਾ ਕੀ ਜਤਿ ਪਤਿ ਏਕੋੁ ਨਾਮੁ ਹੈ ਆਪੇ ਲਏ ਸਵਾਰਿ ॥ ਸਦਾ ਸਰਣਾਈ ਤਿਸ ਕੀ ਜਿਉ ਭਾਵੈ ਤਿਉ ਕਾਰਜੁ ਸਾਰਿ ॥੮॥	ਭਗਤਾਂ ਦੀ ਜਾਤ ਤੇ ਪਤਿ ਅਬਰੋ ਇਕੋ (ਵਾਹਿਗੁਰੂ ਦਾ) ਨਾਮ ਹੈ, (ਇਹ ਉਨ੍ਹਾਂ ਦੀ ਜਾਤ ਤੇ ਪਤਿ) ਆਪ (ਵਾਹਿਗੁਰੂ) ਸੰਵਾਰ ਲੈਂਦਾ ਹੈ। (ਭਗਤ ਤਾਂ) ਸਦਾ ਉਸ ਦੀ ਸ਼ਰਣ ਪਏ ਰਹਿੰਦੇ ਹਨ (ਤੇ ਬਿਨੈ ਕਰਦੇ ਹਨ ਕਿ) ਜਿਵੇਂ (ਤੈਨੂੰ) ਭਾਵੇ (ਹੇ ਹਰੀ ਸਾਡੇ) ਕੰਮ ਸੰਵਾਰ ਲੈ॥ ੮॥
ਭਗਤਿ ਨਿਰਾਲੀ ਅਲਾਹ ਦੀ ਜਾਪੈ ਗੁਰ ਵੀਚਾਰਿ ॥ ਨਾਨਕ ਨਾਮੁ ਹਿਰਦੈ ਵਸੈ ਭੈ ਭਗਤੀ ਨਾਮਿ ਸਵਾਰਿ ॥੯॥੧੪॥੩੬॥	ਵਾਹਿਗੁਰੂ ਦੀ ਭਗਤੀ (ਇਕ) ਨਿਰਾਲੀ (ਸ਼ੈ ਹੈ, ਪਰ ਇਹ) ਗੁਰੂ ਦੇ ਵੀਚਾਰ ਦੁਆਰਾ ਸਮਝੇ ਪੈਂਦੀ ਹੈ। (ਐਉਂ ਕਿ ਗੁਰੂ ਦਾ ਦਿੱਤਾ) ਨਾਮ ਹਿਰਦੇ ਵਿਚ ਵਸ ਜਾਵੇ (ਤੇ ਨਾਲ ਹੋਵੇ ਵਾਹਿਗੁਰੂ ਦਾ) ਭੈ ਤੇ ਭਗਤੀ (ਦਾ ਭਾਵ, ਫੇਰ ਨਾਮਿ=ਨਾਮੀ=) ਵਾਹਿਗੁਰੂ ਆਪ (ਇਸ ਨੂੰ) ਸੰਵਾਰ ਲੈਂਦਾ ਹੈ, (ਫੁਰਮਾਉਂਦੇ ਹਨ ਸ੍ਰੀ ਗੁਰੂ) ਨਾਨਕ (ਦੇਵ ਜੀ) ॥ ੯॥੧੪॥ ੩੬॥

ਵਯਾਖਯਾ-ਅੰਕ ੧-ਜਿਨ੍ਹਾਂ ਦੀ ਆਖੀ ਗਲ ਅਨਥਾ ਨਹੀਂ ਜਾਂਦੀ ਉਹ ਭਗਤ ਅਪਣੇ ਸ਼ਬਦ ਤੋਂ ਪਛਾਣੇ ਜਾਂਦੇ ਹਨ। ਜਿਸ ਦਾ ਭਾਵ ਆਪ ਦੱਸਦੇ ਹਨ, ਕਿ ਓਹ ਨਾਮ ਦੀ ਕਮਾਈ ਕਰਦੇ ਹਨ, ਹਉਂ ਮਰ ਜਾਂਦੀ ਹੈ ਤੇ ਪ੍ਰਭੂ ਦਾ ਮੇਲ ਹੋ ਜਾਂਦਾ ਹੈ। ਪ੍ਰਭੂ ਨਾਲ ਮੇਲ ਹੋਣ ਕਰਕੇ ਜੋ ਕੁਛ ਉਚਾਰਦੇ ਹਨ ਉਹ ਮਾਨੋਂ ਪ੍ਰਭੂ ਦੀ ਅੰਤ੍ਰੀਵ ਯੋਜਨਾ ਕਰਕੇ ਪ੍ਰਭੂ ਦਾ ਵਾਕ ਹੁੰਦਾ ਹੈ, ਉਹ ਪ੍ਰਭੂ ਦਾ ਹੋਣ ਕਰਕੇ ਸਫਲ ਵਾਕ ਹੁੰਦਾ ਹੈ। ਜੋ ਆਖਣ ਸੋ ਪੂਰਾ ਹੋ ਜਾਂਦਾ ਹੈ।

ਭਗਤ ਦੀ ਸ਼ੋਭਾ ਹੁੰਦੀ ਹੈ ਜਗਤ ਵਿਚ, ਕਿਉਂਕਿ ਉਹਨਾਂ ਦਾ ਜਗਤ ਨਾਲ ਹਉਂ ਰਹਿਤ ਵਰਤਾਰਾ ਸਭ ਕਿਸੇ ਨੂੰ ਸੁਖੀ ਕਰਦਾ ਹੈ, ਤੇ ਹਉਂ ਰਹਿਤ ਹੋਣ ਕਰਕੇ ਹੀ ਮੁਕਤੀ ਪ੍ਰਾਪਤ ਹੋ ਜਾਂਦੀ ਹੈ। ਸੋ ਭਗਤ ਜਨਾਂ ਦੀ ਏਥੇ ਓਥੇ ਨਾਮ ਕਰਕੇ ਹੀ ਪਤ ਹੁੰਦੀ ਸਮਝਣੀ ਚਾਹੀਏ।

ਅੰਕ ੨-ਸ੍ਰੀ ਗੁਰੂ ਅੰਗਦ ਦੇਵ ਜੀ ਨੇ ਫੁਰਮਾਇਆ ਹੈ:-

'ਹਉਮੈ ਏਹਾ ਜਾਤਿ ਹੈ॥' [ਵਾਰ ਆਸਾ ਮਹਲਾ ੨-੭]

ਕਿ ਸਾਡੀ ਸ਼ਖਸੀਅਤ ਦਾ ਮੂਲ ਹਉਮੈ ਹੈ। ਹਉਂ (ਮੈਂ) ਤੋਂ ਮੇਰਾ ਪਨ ਦਾ ਭਾਵ ਉਪਜਦਾ ਹੈ। ਮੇਰਾ ਪਨ ਜੋ ਕੁਛ ਚਾਹੇ ਮਿਲਦਾ ਰਹੇ ਤਾਂ ਪਾ ਪਾਕੇ ਅਭਿਮਾਨ ਹੁੰਦਾ ਹੈ। ਜੇ (ਮੇਰਾ ਪਨ) ਦੀ ਪ੍ਰਾਪਤੀ ਨੂੰ ਰੋਕ ਪਵੇ ਤਾਂ ਕ੍ਰੋਧ ਉਪਜਦਾ ਹੈ। ਇਸ 'ਹਉਮੈ' 'ਮੇਰਾ' ਨੂੰ ਗੁਆਉਣਾ ਹੈ, ਜੈਸੇ ਵਾਕ ਹੈ।

ਹਉਮੈ ਮੇਰਾ ਆਪੁ ਗਵਾਏ॥ [ਮਾਰੂ ਮਹਲਾ ੩, ਸੋਲਹਾ ੧੩-੯]

ਇਹ ਕੀਕੂੰ ਗੁਆਚੇ? ਫੁਰਮਾਇਆ:- *'ਸਬਦਿ ਮਰੈ ਤਾ ਜਾਤਿ ਜਾਇ'* ਸ਼ਬਦ ਦੁਆਰਾ ਆਪਾ

ਭਾਵ ਮਰਦਾ ਹੈ ਤਾਂ ਕ੍ਰੋਧ ਅਭਿਮਾਨ ਆਦਿ ਦੂਰ ਹੁੰਦੇ ਹਨ। ਮਹਲਾ ੨ ਨੇ ਫੁਰਮਾਇਆ ਹੈ:-

ਕਿਰਪਾ ਕਰੇ ਜਿ ਆਪਣੀ ਤਾ ਗੁਰ ਕਾ ਸਬਦੁ ਕਮਾਹਿ॥ [ਆਸਾ ਵਾਰ ਮਹਲਾ ੨-੭]

ਇਸ ਸੰਜਮ ਨਾਲ ਹਉਮੈ ਦਾ ਰੋਗ ਕਟੀਂਦਾ ਹੈ। ਫੇਰ ਬਾਕੀ ਰਹਿ ਜਾਂਦੀ ਹੈ ਆਤਮ ਜੋਤਿ। ਸੋ ਜੋਤਿ ਜਯੋਤੀ ਸਰੂਪ ਵਿਚ ਜਾ ਪ੍ਰਾਪਤ ਹੁੰਦੀ ਹੈ। ਇਸ ਦਾ ਇਹ ਭਾਵ ਨਹੀਂ, ਕਿ ਹਉਂ ਜਿੱਤੀਏ ਤਾਂ ਨਿਕਾਰੇ ਨਿਕੰਮੇ ਹੋ ਜਾਈਦਾ ਹੈ ਯਾ ਮਰ ਜਾਈਦਾ ਹੈ, ਪਰ ਇਹ ਕਿ ਹਉਮੈ ਨੂੰ ਬੁੱਝ ਲਈਦਾ ਹੈ।

ਹਉਮੈ ਬੂਝੈ ਤਾ ਦਰੁ ਸੂਝੈ॥ [ਵਾਰ ਆਸਾ ਮਹਲਾ ੧-੭]

ਹਉਮੈ ਬੁਝਿਆਂ ਜਯੋਤੀ ਸਰੂਪ ਦਾ ਗਯਾਨ ਹੋ ਜਾਂਦਾ ਹੈ। ਗਯਾਨ ਮਨੋ ਵਿਗਯਾਨ ਮਾਤ੍ਰ ਨਹੀਂ, ਪਰ ਸਚ ਮੁਚ ਭਗਵਾਨ ਨੂੰ ਪ੍ਰਾਪਤ ਹੋ ਜਾਣਾ, ਆਤਮਾ ਦਾ ਪਰਮਾਤਮਾ ਵਿਚ ਪਹੁੰਚ ਪੈਣਾ, ਵਾਹਿਗੁਰੂ ਸਰੂਪ ਨੂੰ ਪ੍ਰਾਪਤ ਹੋ ਜਾਣਾ।

ਅੰਕ ੩-ਗੁਰੂ ਦੀ ਪ੍ਰਾਪਤੀ ਦੱਸੀ, ਸਫਲ ਜਨਮ ਕਹਿਕੇ ਵਾਹਿਗੁਰੂ ਪ੍ਰਾਪਤੀ ਦਾ ਇਸ਼ਾਰਾ ਦਿਤਾ, ਤੇ ਸਤਿਗੁਰੂ ਨੇ ਕੀਹ ਕੀਤਾ? ਨਾਮ ਬਖਸ਼ਿਆ, ਉਹ ਨਾਮ ਜੋ ਨੌ ਨਿਧਾਂ ਵਾਙੂ ਸਰਬ ਥੋਕ ਦਾ ਦਾਤਾ ਹੈ। ਸਾਨੂੰ ਅਖੁਟ ਪ੍ਰਾਪਤੀ ਹੋਈ। ਆਤਮਾ ਅਖੁੱਟ ਹੈ, ਹੋਰ ਕੋਈ ਵਸਤੂ ਅਖੁੱਟ ਨਹੀਂ, ਸੋ ਆਤਮ ਵਸਤੂ ਪਰਮਾਤਮ ਮੇਲ ਪ੍ਰਾਪਤ ਹੋ ਗਿਆ ਮੂਲਕ ਕਾਰਣ ਪ੍ਰਾਪਤੀ ਦੇ ਦੱਸੇ 'ਗੁਰੂ'ਤੇ 'ਨਾਮ'।

ਅੰਕ ੪-ਅਗੋਂ ਹੁਣ ਅਪਣੇ ਨਾਮ ਪ੍ਰਚਾਰ ਦੀ ਗੱਲ ਦੱਸਦੇ ਹਨ ਕਿ ਨਾਮ ਦੇ ਗਾਹਕ ਸਾਡੇ ਪਾਸ ਆਉਂਦੇ ਹਨ, ਜਿਨ੍ਹਾਂ ਨੂੰ ਕਿ ਨਾਮ ਪਯਾਰਾ ਹੁੰਦਾ ਹੈ, ਭਾਵ ਨਾਮ ਦੀ ਕਦਰ ਜਾਣਦੇ ਤੇ ਪ੍ਰਾਪਤੀ ਦੇ ਚਾਹਵਾਨ ਹੁੰਦੇ ਹਨ। ਉਹ ਫੇਰ ਨਾਮ ਲੈਕੇ ਗੁਰਮੁਖ ਹੋ ਜਾਂਦੇ ਹਨ, ਭਾਵ ਗੁਰੂ ਦੀ ਦੱਸੀ ਮਤਿ ਤੇ ਚਲਦੇ ਹਨ। ਉਹਨਾਂ ਨੂੰ ਇਕ ਤਾਂ ਪ੍ਰਾਪਤੀ ਹੁੰਦੀ ਹੈ ਗੁਰੂ ਦੇ ਉਪਦੇਸ਼ ਦੀ, ਫੇਰ ਉਸ ਦੇ ਵੀਚਾਰ ਦੀ। ਭਾਵ ਓਹ ਵੀਚਾਰ ਸ਼ੀਲ ਹੋ ਜਾਂਦੇ ਹਨ।

ਅੰਕ ੫-ਗੁਰਮੁਖ ਹੋਏ ਜਗਜਾਸੂ ਦਾ ਹਾਲ ਤੇ ਅਪਣੇ ਦੁਆਰਾ ਤਰੇ ਭਲਿਆਂ ਦਾ ਹਾਲ ਕਹਿਕੇ ਹੁਣ ਹੰਕਾਰੀ ਦਾ ਹਾਲ ਦੱਸਦੇ ਹਨ ਜੋ ਅੰਦਰਲੇ ਹੰਕਾਰ ਦੇ ਕਾਰਣ ਗੁਰ ਮਤਿ ਅਗੇ ਨਹੀਂ ਝੁਕਦਾ ਤੇ ਮਨ ਦੇ ਮਗਰ ਲੱਗਾ ਮੋਹ ਮਾਯਾ ਵਿਚ ਖਚਿਤ ਜੀਵਨ ਬਸਰ ਕਰਦਾ ਹੈ। ਓਹ ਜੀਵਨ ਦੀ ਬਾਜ਼ੀ ਹਾਰ ਜਾਂਦਾ ਹੈ, ਭਾਵ ਜਨਮ ਬਿਰਥਾ ਗੁਆ ਜਾਂਦਾ ਹੈ।

ਅੰਕ ੬-ਵਾਹਿਗੁਰੂ ਪਿਆਰ ਕੀਤੇ ਬਿਨਾਂ ਨਹੀਂ ਮਿਲਦਾ ਜੈਸਾ ਕਿ ਦਸਮ ਗੁਰੂ ਜੀ ਦਾ ਵਾਕ ਹੈ:

ਸਾਚ ਕਹਉ ਸੁਨ ਲੇਹੁ ਸਭੈ ਜਿਨਿ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ॥ [ਅਕਾਲ ਉਸਤੁਤ ਪਾ:-੧੦]

ਸਰੀਰ ਵਿਚ ਮਨ ਹੈ, ਬੁੱਧੀ ਹੈ, ਚਿਤ ਹੈ, ਇਸ ਸਾਰੇ ਅੰਤਹਕਰਨ ਨੂੰ ਸਰੀਰ ਸਮੇਤ ਸੁਖ ਬੀ ਈਸ਼੍ਵਰ ਪ੍ਰੇਮ ਨਾਲ ਹੁੰਦਾ ਹੈ। ਇਸੇ ਕਰਕੇ ਪਦ 'ਸਰੀਰਿ' ਨੂੰ ਸਿਆਰੀ ਹੈ ਕਿ ਸਰੀਰ ਦੇ ਅੰਦਰ ਮਨ ਆਦਿ ਅੰਤਹਕਰਣ ਆ ਜਾਣ। ਈਸ਼੍ਵਰ ਪ੍ਰੇਮ ਕਿਵੇਂ ਪੈਦਾ ਹੁੰਦਾ ਹੈ? ਕਿਉਂਕਿ ਉਹ ਦਿੱਸਦਾ ਨਹੀਂ, ਤਾਂ ਫੁਰਮਾਉਂਦੇ ਹਨ ਕਿ ਗੁਰੂ ਭਗਤੀ ਵਸੀਲਾ ਹੈ ਈਸ਼੍ਵਰ ਭਗਤੀ ਦਾ, ਜੋ ਭਗਤੀ ਕਿ ਮਨ ਦੀ ਦ੍ਰਿੜਤਾ ਨਾਲ ਕਰਨੀ ਚਾਹੀਏ।

ਅੰਕ ੭-ਇਹ ਈਸ਼੍ਵਰ ਭਗਤੀ ਕੋਈ ਕੀਕੂੰ ਕਰਦਾ ਹੈ? ਇਸ ਦਾ ਉੱਤਰ ਇਸ ਅੰਕ ਵਿਚ ਦੇਂਦੇ ਹਨ ਕਿ ਇਹ ਭਗਤੀ ਉਹੀ ਕਰ ਸਕਦਾ ਹੈ ਜਿਸ ਤੋਂ ਆਪ ਕਰਾਏ; ਪਰ ਜੋ ਕਰਦਾ ਹੈ ਉਹ ਗੁਰੂ ਦੇ ਸ਼ਬਦ ਦੁਆਰਾ ਹੀ ਕਰਦਾ ਹੈ। ਵਿਧੀ ਹੈ ਨਾਮ ਦਾ ਹਿਰਦੇ ਵਿਚ ਵੱਸਣਾ। ਇਸ਼ਾਰਾ ਹੈ ਕਿ ਨਾਮ ਗੁਰੂ ਤੋਂ ਮਿਲਦਾ ਹੈ। ਨਾਮ ਹਉਮੈਂ ਤੇ ਦੁਬਿਧਾ ਨੂੰ ਨਾਸ਼ ਕਰ ਦੇਂਦਾ ਹੈ, ਫੇਰ ਪ੍ਰੇਮਾ ਭਗਤੀ ਵਾਹਿਗੁਰੂ ਨਾਲ ਹੀ ਬਣ ਆਉਂਦੀ ਹੈ।

ਅੰਕ ੮-ਦੁਨੀਆਂ ਵਿਚ ਨੀਵੀਂ ਉੱਚੀ ਜ਼ਾਤ ਦੇ ਭਗਤ ਹੁੰਦੇ ਹਨ। ਨੀਵੇਂ ਕੀ ਨੀਵੇਂ ਹੀ ਰਹਿੰਦੇ ਹਨ? ਇਸ ਦਾ ਉੱਤਰ ਹੈ:-ਕਿ ਇਕੋ ਦਾ ਨਾਮ ਉਹਨਾਂ ਦੀ ਜ਼ਾਤ ਹੈ, ਇਸੇ ਨੂੰ ਓਹ ਅਪਣੀ ਆਬਰੂ

ਸਮਝਦੇ ਹਨ। ਭਾਵ ਓਹ ਨਾਮ ਤੋਂ ਨਹੀਂ ਵਿੱਛੁੜਦੇ, ਸਭਨੀਂ ਥੋਕੀਂ ਇਸ ਨਾਮ ਦੀ ਲਿਵ ਨੂੰ ਸਮਝਦੇ ਹਨ; ਪਰ ਜਿਸ ਦੀ ਭਗਤੀ ਕਰਦੇ ਹਨ, ਉਹਨਾਂ ਦੀ ਇੱਜ਼ਤ ਯਾ ਜ਼ਾਤ ਨੀਵੀਂ ਹੋਵੇ ਤਾਂ ਓਹ ਆਪੇ ਸੰਵਾਰ ਲੈਂਦਾ ਹੈ, ਭਾਵ ਉਚੇਰਾ ਕਰ ਲੈਂਦਾ ਹੈ। ਜੈਸਾ ਕਿ ਨੀਵੀਂ ਜਾਤ ਵਾਲਾ ਰਵਿਦਾਸ ਤੇ ਕਬੀਰ, ਸਭ ਹਰੀ ਨਾਮ ਨਾਲ ਪੂਜਜ ਹੋ ਗਏ।

ਅੰਕ ੯-ਇਸ ਅੰਕ ਵਿਚ ਦੱਸਦੇ ਹਨ:-ਹੋਰਨਾਂ ਦੇਵਾਂ ਵਜ਼ਕਤੀਆਂ ਪ੍ਰੀਤਮਾਂ ਦੀ ਭਗਤੀ ਤੋਂ ਅੱਲਾ ਦੀ ਭਗਤੀ ਇਕ ਨਿਰਾਲੀ ਸ਼ੈ ਹੈ। ਇਹ ਇਕ ਨਿਰਵਿਘਨ ਵਸਤੂ ਹੈ ਜੋ ਮੁਕਤੀ ਦਾਤਾ ਹੈ। ਇਹ ਨਿਰਾਲੀ ਇਸ ਕਰਕੇ ਬੀ ਹੈ ਕਿ ਮਨਮਤਿ ਦੀ ਵੀਚਾਰ ਦੁਆਰਾ ਨਹੀਂ ਮਿਲਦੀ, ਇਹ ਗੁਰੂ ਦੀ ਵੀਚਾਰ ਦੁਆਰਾ ਸਮਝੇ ਪੈਂਦੀ ਹੈ; ਮੁਰਾਦ ਹੈ ਲੱਖਤਾ ਵਿਚ ਆਉਂਦੀ ਹੈ। ਗੁਰੂ ਕੀਹ ਕਰਦਾ ਹੈ? ਨਾਮ ਦੇ ਦੇਂਦਾ ਹੈ। ਉਹ ਨਾਮ ਉਸ ਦੀ ਵੀਚਾਰ ਨਾਲ ਮਨ ਵਿਚ ਵਸ ਜਾਂਦਾ ਹੈ। ਨਾਲ ਓਹ ਵਾਹਿਗੁਰੂ ਦਾ ਭੈ ਤੇ ਉਸ ਦੀ ਪ੍ਰੇਮਾ ਭਗਤੀ ਸਿਖਾਲਦਾ ਹੈ। ਇਹ ਕੰਮ ਤਾਂ ਹੈ ਗੁਰੂ ਦਾ। ਇਸ ਤਰ੍ਹਾਂ ਦੇ ਲਗੇ ਭਗਤ ਨੂੰ ਫਿਰ ਵਾਹਿਗੁਰੂ ਆਪ ਸਿਰੇ ਚਾੜ੍ਹ ਲੈਂਦਾ ਹੈ। 'ਸਵਾਰਿ' ਦਾ ਭਾਵ ਸਿਰੇ ਚਾੜ੍ਹ ਲੈਣਾ ਹੈ।

ਨਿਰੁਕ੍ਤ-ਸਬਦੌਂ-ਨਾਮ ਤੋਂ। ਨਾਮ ਦੇ ਸਿਮਰਨ ਤੋਂ। ਉਸ ਤੋਂ ਸਾਂਈਂ ਨਾਲ ਮੇਲ। 'ਸਬਦੌਂ' ਤੋਂ ਇਹ ਸਾਰਾ ਭਾਵ ਹੈ। (ਅ) 'ਸਬਦ' ਦਾ ਅਰਥ ਉਪਦੇਸ਼ ਤੇ ਸੰਸਾਰ ਬੀ ਲਾਉਣ ਦਾ ਜਤਨ ਹੁੰਦਾ ਹੈ।

ਜਾਤਿ- [ਅ਼:, ਜ਼ਾਤ] ਅਸਲੀਅਤ, ਮੂਲ ਵਸਤੂ। (ਅ) ਏਥੇ ਜਾਤ ਦਾ ਅਰਥ ਵਰਣ ਆਦਿ ਕਰਨਾ ਢੁਕਦਾ ਨਹੀਂ, ਕਿਉਂਕਿ ਗੁਰੂ ਜੀ ਦਾਰਸ਼ਨਿਕ ਤੇ ਮੈਟਾਫਿਜ਼ੀਕਲ ਪਹਿਲੂ ਲੈ ਰਹੇ ਹਨ ਇਨਸਾਨੀ ਹਸਤੀ ਦਾ, ਜਿਸ ਦਾ ਭਾਵ ਆਸਾ ਦੀ ਵਾਰ ਦੀ ਪਉੜੀ ੭ ਵਿਚ ਵਿਸਥਾਰ ਨਾਲ ਦੱਸਿਆ ਹੈ।

ਵਾਪਾਰੀਏ-ਭਾਵ ਹੈ ਜਗਜਾਸੂ। ਗੁਰਮੁਖਿ-ਗੁਰਮੁਖ ਦਾ ਇਕ ਅਰਥ ਤਾਂ ਹੈ ਮੁਕੰਮਲ ਹੋ ਗਿਆ ਸਿਖ, ਪਰ ਜੋ ਗੁਰ ਮੰਤ੍ਰ ਲੈਕੇ ਸਿਖੀ ਵਿਚ ਪ੍ਰਵੇਸ਼ ਕਰਦਾ ਤੇ ਗੁਰਮਤਿ ਅਨੁਸਾਰ ਟੁਰ ਪੈਂਦਾ ਹੈ ਉਸ ਨੂੰ ਬੀ ਗੁਰਮੁਖ ਹੋਣਾ ਕਹਿੰਦੇ ਹਨ। ਗੁਰੂ ਕੇ ਸਨਮੁਖ ਰਹਿਣ ਵਾਲਾ।

ਪਿਆਰੈ-ਪਿਆਰ ਕਰਨੇ ਨਾਲ। ਇਸ ਦਾ ਅਰਥ ਪਜਾਰਾ ਠੀਕ ਨਹੀਂ ਢੁੱਕਦਾ।

ਸਰੀਰਿ-ਸਰੀਰ ਵਿਚ। ਭਾਵ ਹੈ ਸਰੀਰ ਤੇ ਉਸ ਵਿਚ ਵੱਸਦੇ ਅੰਤਹਕਰਣ ਵਿਚ।

ਨਿਰਾਲੀ-ਵੱਖਰੀ ਕਿਸਮ ਦੀ, ਭਾਵ ਹੈ ਉੱਤਮ।

ਅਲਾਹ- [ਅ਼:, ਅਲਹ] =ਵਾਹਿਗੁਰੂ। ਜਾਪੈ-ਸਮਝੇ ਪੈਂਦੀ, ਲੱਖਤਾ ਵਿਚ ਆਉਂਦੀ ਹੈ।

ਨਾਮਿ-ਦਾ ਅਰਥ ਏਥੇ ਨਾਮੀ ਹੈ, ਜਿਸ ਦਾ ਨਾਮ ਜਪਦੇ ਹਾਂ, ਭਾਵ ਵਾਹਿਗੁਰੂ। (ਅ) ਨਾਮ ਦੁਆਰਾ ਅਰਥ ਬੀ ਕਰਦੇ ਹਨ। ਪਰ ਉਹ ਢੁੱਕਦਾ ਘੱਟ ਹੈ।

[ਆਸਾ ਮਹਲਾ ੩, ਅਸਟਪਦੀ-੩੭]

ਮੂਲ

ਆਸਾ ਮਹਲਾ ੩ ॥

ਅਨ ਰਸ ਮਹਿ ਭੋਲਾਇਆ ਬਿਨੁ ਨਾਮੈ ਦੁਖ ਪਾਇ ॥ ਸਤਿਗੁਰੁ ਪੁਰਖੁ ਨ ਭੇਟਿਓ ਜਿ ਸਚੀ ਬੂਝ ਬੁਝਾਇ ॥੧॥

ਏ ਮਨ ਮੇਰੇ ਬਾਵਲੇ ਹਰਿ ਰਸੁ

ਅਰਥ

[ਅਰਥ ਰਹਾਉ ਤੋਂ ਟੁਰੇਗਾ] ਹੇ ਮੇਰੇ ਬਾਉਲੇ ਮਨ ! ਹਰੀ ਰਸ ਨੂੰ ਚੱਖ (ਤਾਂ ਜੋ ਤੈਨੂੰ ਉਸ ਦਾ) ਸੁਆਦ ਪਵੇ। ਤੂੰ (ਜੋ) ਹੋਰਨਾਂ ਰਸਾਂ ਵਿਚ ਲੱਗਾ (ਉਨ੍ਹਾਂ ਦੇ ਮਗਰ) ਪਿਆ ਫਿਰਦਾ ਹੈਂ, (ਇਸ ਕਰਕੇ ਤੂੰ ਹਰੀ ਰਸ ਤੋਂ ਵਾਂਜਿਆ ਪਿਆ ਹੈਂ, ਹਰੀ ਰਸ ਬਿਨਾਂ ਰਹਿਣ ਕਰਕੇ ਤੂੰ ਆਪਣਾ) ਜਨਮ ਹੀ ਬਿਰਥਾ ਗੁਆ ਰਿਹਾ ਹੈਂ॥ ੧॥ ਰਹਾਉ॥

(ਹਾਂ) ਹੋਰ ਰਸਾਂ (ਦੇ ਸੁਆਦ) ਵਿਚ ਲੱਗਾ ਤੂੰ ਭੁਲਾਵੇ ਵਿਚ ਪੈ

ਚਖਿ ਸਾਦੁ ਪਾਇ ॥ ਅਨ ਰਸਿ ਲਾਗਾ ਤੂੰ ਫਿਰਹਿ ਬਿਰਥਾ ਜਨਮੁ ਗਵਾਇ ॥੧॥ ਰਹਾਉ ॥

ਗਿਆ ਹੈਂ, (ਇਸ ਕਰਕੇ ਨਾਮ ਵਿਹੂਣਾ ਰਿਹਾ ਹੈਂ ਤੇ) ਨਾਮ ਤੋਂ ਬਿਨਾਂ ਦੁਖ ਪਾ ਰਿਹਾ ਹੈਂ, (ਤੇ ਨਾਮ ਸਤਿਗੁਰੂ ਤੋਂ ਮਿਲਦਾ ਹੈ, ਤੂੰ) ਸਤਿਗੁਰ ਪੁਰਖ ਨੂੰ ਮਿਲਿਆ (ਹੀ) ਨਹੀਂ ਜੋ (ਤੈਨੂੰ) ਸੱਚੀ ਸਮਝ ਸਮਝਾ ਦੇਂਦਾ (ਕਿ ਅਸਲੀ ਰਸ ਹਰੀ ਰਸ ਹੈ)॥ ੧॥

ਇਸੁ ਜੁਗ ਮਹਿ ਗੁਰਮੁਖ ਨਿਰਮਲੇ ਸਚਿ ਨਾਮਿ ਰਹਹਿ ਲਿਵ ਲਾਇ ॥ ਵਿਣੁ ਕਰਮਾ ਕਿਛੁ ਪਾਈਐ ਨਹੀ ਕਿਆ ਕਰਿ ਕਹਿਆ ਜਾਇ ॥੨॥

(ਹਰੀ ਰਸ ਵਾਲੇ ਗੁਰਮੁਖ ਕਹੀਦੇ ਹਨ) ਇਸ ਜੁਗ ਵਿਚ ਗੁਰਮੁਖ ਹੀ ਪਵਿਤ੍ਰ ਕਹੀਦੇ ਹਨ ਜੋ ਸੱਚੇ ਨਾਮ ਵਿਚ ਲਿਵ ਲਾਈ ਰਖਦੇ ਹਨ। ਭਾਗਾਂ ਤੋਂ ਬਿਨਾਂ ਕੁਛ ਪ੍ਰਾਪਤ ਨਹੀਂ ਹੁੰਦਾ, (ਪਰ ਇਹ ਗੱਲ ਬੀ) ਕਿਵੇਂ ਕਰਕੇ ਕਹੀ ਜਾਏ?॥ ੨॥

ਆਪੁ ਪਛਾਣਹਿ ਸਬਦਿ ਮਰਹਿ ਮਨਹੁ ਤਜਿ ਵਿਕਾਰ ॥ ਗੁਰ ਸਰਣਾਈ ਭਜਿ ਪਏ ਬਖਸੇ ਬਖਸਣਹਾਰ ॥੩॥

(ਜੋ) ਗੁਰੂ ਦੀ ਸ਼ਰਣ ਭੱਜਕੇ ਜਾ ਪਏ, (ਉਨ੍ਹਾਂ ਦੇ ਕੀਤੇ ਗੁਨਾਹ) ਬਖ਼ਸ਼ਣਹਾਰ ਬਖ਼ਸ਼ ਦੇਂਦਾ ਹੈ, (ਉਹ) ਮਨੋਂ ਵਿਕਾਰ ਛਡ ਦੇਂਦੇ ਹਨ, (ਗੁਰੂ ਕੇ) ਸ਼ਬਦ ਦੁਆਰਾ ('ਆਪਾ ਭਾਵ' ਤੋਂ) ਮਰ ਜਾਂਦੇ ਹਨ ਤੇ ਆਪਣੇ ਆਪ ਨੂੰ ਪਛਾਣ ਲੈਂਦੇ ਹਨ॥ ੩॥

ਬਿਨੁ ਨਾਵੈ ਸੁਖੁ ਨ ਪਾਈਐ ਨਾ ਦੁਖੁ ਵਿਚਹੁ ਜਾਇ ॥ ਇਹੁ ਜਗੁ ਮਾਇਆ ਮੋਹਿ ਵਿਆਪਿਆ ਦੂਜੈ ਭਰਮਿ ਭੁਲਾਇ ॥੪॥

[ਗੁਰ ਸ਼ਬਦ ਵਿਚ ਨਾਮ ਦਾ ਉਪਦੇਸ਼ ਮੂਲਕ ਗੱਲ ਹੁੰਦੀ ਹੈ, ਹੁਣ ਉਸ ਦੀ ਮਹਿਮਾ ਦੱਸਦੇ ਹਨ:-] ਨਾਮ ਤੋਂ ਬਿਨਾਂ (ਆਤਮ-) ਸੁਖ ਨਹੀਂ ਪਾਈਦਾ, (ਕਿਉਂਕਿ ਹਉਮੈਂ ਦਾ) ਦੁਖ (ਅੰਤਹਕਰਣ ਵਿਚੋਂ) ਦੂਰ (ਨਾਮ ਬਿਨਾਂ) ਨਹੀਂ ਹੁੰਦਾ। (ਹਉਮੈਂ ਗਏ ਬਿਨਾਂ ਸੁਖ ਨਹੀਂ, ਇਸੇ ਕਰਕੇ) ਇਹ ਜਗਤ (ਸੁਖੀ ਨਹੀਂ, ਕਿਉਂਕਿ ਇਸ ਨੂੰ) ਮਾਇਆ ਦਾ ਮੋਹ ਵਿਆਪ ਰਿਹਾ ਹੈ। (ਏਹ ਮੋਹ) ਦੂਜਾ ਭਾਵ (ਪੈਦਾ ਕਰਦਾ ਹੈ ਜੋ) ਭਰਮ ਵਿਚ ਪਾਕੇ (ਜੀਵਾਂ ਨੂੰ) ਭੁੱਲੀ ਪਾ ਦੇਂਦਾ ਹੈ॥ ੪॥

ਦੋਹਾਗਣੀ ਪਿਰ ਕੀ ਸਾਰ ਨ ਜਾਣਹੀ ਕਿਆ ਕਰਿ ਕਰਹਿ ਸੀਗਾਰੁ ॥ ਅਨਦਿਨੁ ਸਦਾ ਜਲਦੀਆ ਫਿਰਹਿ ਸੇਜੈ ਰਵੈ ਨ ਭਤਾਰੁ ॥੫॥

(ਐਸੇ ਭੁਲੇ ਪੁਰਖ) ਛੁੱਟੜ ਇਸਤ੍ਰੀਆਂ (ਵਤ ਹੁੰਦੇ ਹਨ ਜੋ) ਪਤੀ ਦੀ ਸਾਰ ਨੂੰ ਨਹੀਂ ਜਾਣਦੀਆਂ। ਓਹ ਸੀਂਗਾਰ ਕੀਕੂੰ ਕਰਨ, ਓਹ ਤਾਂ ਸਦਾ ਹਰ ਦਿਨ ਸੜਦੀਆਂ ਫਿਰਦੀਆਂ ਹਨ, ਸੇਜ ਉਤੇ ਪਤੀ ਉਨ੍ਹਾਂ ਨੂੰ ਮਾਣਦਾ ਨਹੀਂ॥ ੫॥

ਸੋਹਾਗਣੀ ਮਹਲੁ ਪਾਇਆ ਵਿਚਹੁ ਆਪੁ ਗਵਾਇ ॥ ਗੁਰ ਸਬਦੀ ਸੀਗਾਰੀਆ ਅਪਣੇ ਸਹਿ ਲਈਆ ਮਿਲਾਇ ॥੬॥

[ਹੁਣ ਗੁਰਮੁਖ ਦਾ ਵਰਣਨ ਸੋਹਾਗਣੀਆਂ ਦੇ ਰੂਪਕ ਵਿਚ ਕਰਦੇ ਹਨ:] (ਗੁਰਮੁਖ ਰੂਪ) ਸੁਹਾਗਣਾਂ ਮਹਲ (ਭਾਵ ਪ੍ਰਭੂ ਦੇ ਸਰੂਪ) ਨੂੰ ਪ੍ਰਾਪਤ ਹੋ ਜਾਂਦੀਆਂ ਹਨ, (ਉਹ) ਆਪਾ ਭਾਵ (ਆਪਣੇ ਮਨ) ਵਿਚੋਂ ਦੂਰ ਕਰ ਲੈਂਦੀਆਂ ਹਨ। (ਕੀਕੂੰ?) ਗੁਰੂ ਦੇ ਸ਼ਬਦ ਦੁਆਰਾ (ਓਹ ਆਪਣੇ ਅੰਤਹਕਰਣ ਨੂੰ) ਸ਼ਿੰਗਾਰ ਲੈਂਦੀਆਂ ਹਨ। (ਨਾਮ ਪ੍ਰੇਮ, ਆਪ ਤਿਆਗ, ਅਨਿੰਨ ਭਗਤੀ ਦੇ ਸ਼ਿੰਗਾਰ ਕਰਕੇ) ਪਤੀ (ਪਰਮੇਸ਼ੁਰ ਉਨ੍ਹਾਂ ਨੂੰ) ਆਪਣੇ ਨਾਲ ਮਿਲਾ ਲੈਂਦਾ ਹੈ॥ ੬॥

ਮਰਣਾ ਮਨਹੁ ਵਿਸਾਰਿਆ ਮਾਇਆ

[ਹੁਣ ਮਨਮੁਖ ਦਾ ਮਨਮੁਖਤਾ ਵਿਚ ਹੀ ਵਰਣਨ ਕਰਦੇ ਹਨ:] ਮਨਮੁਖ ਮਰਣਾ ਮਨ ਤੋਂ ਵਿਸਾਰ ਦੇਂਦੇ ਹਨ, ਤੇ ਮਾਇਆ

ਮੋਹੁ ਗੁਬਾਰੁ ॥ ਮਨਮੁਖ ਮਰਿ ਮਰਿ ਜੰਮਹਿ ਭੀ ਮਰਹਿ ਜਮ ਦਰਿ ਹੋਹਿ ਖੁਆਰੁ ॥੭॥

ਮੋਹ (ਵਿਚ ਲੱਗ ਪੈਂਦੇ ਹਨ ਜੋ ਕਿ) ਅੰਧਕਾਰ ਹੈ, (ਅੰਧਕਾਰ ਕਲਜਾਣ ਦਾ ਰਸਤਾ ਦਿੱਸਣ ਨਹੀਂ ਦੇਂਦਾ, ਇਸ ਕਰਕੇ ਉਹ ਜਦ) ਮਰਦੇ ਹਨ (ਤਾਂ ਮੁਕਤ ਨਹੀਂ ਹੁੰਦੇ, ਸਗੋਂ) ਮਰਕੇ (ਫੇਰ) ਜੰਮਦੇ ਹਨ, ਫੇਰ ਮਰਦੇ ਹਨ (ਤੇ ਇਸ ਜੰਮਣ ਮਰਣ ਦੇ ਗੇੜ ਵਿਚ ਆਉਂਦੇ ਜਾਂਦੇ) ਮਨਮੁਖ ਜਮ ਦੁਆਰੇ ਖੁਆਰ ਹੁੰਦੇ ਹਨ॥ ੭॥

ਆਪਿ ਮਿਲਾਇਅਨੁ ਸੇ ਮਿਲੇ ਗੁਰ ਸਬਦਿ ਵੀਚਾਰਿ ॥ ਨਾਨਕ ਨਾਮਿ ਸਮਾਣੇ ਮੁਖ ਉਜਲੇ ਤਿਤੁ ਸਚੈ ਦਰਬਾਰਿ ॥੮॥੨੨॥੧੫॥੩੭॥

[ਹੁਣ ਗੁਰਮੁਖ ਦਾ ਵਰਣਨ ਕਰਦੇ ਹਨ, ਤੇ ਮੂਲਕ ਗੱਲ ਨਾਮ ਦੀ ਦੁਹਰਾਉਂਦੇ ਹਨ] (ਜਿਨ੍ਹਾਂ ਨੂੰ ਪ੍ਰਭੂ ਜੀ) ਆਪ ਮੇਲ ਲੈਂਦੇ ਹਨ ਉਹੀ ਮਿਲਦੇ ਹਨ, (ਪਰ ਇਹ ਮੇਲ) ਗੁਰੂ ਦੇ ਸ਼ਬਦ ਦੀ ਵੀਚਾਰ ਦੁਆਰਾ ਮਿਲਦਾ ਹੈ। ਹੇ ਨਾਨਕ ! (ਜੋ ਐਉਂ) ਨਾਮੀ ਵਿਚ ਸਮਾ ਜਾਂਦੇ ਹਨ (ਉਹੀ) ਉਸ ਸੱਚੇ ਦਰਬਾਰ ਵਿਚ ਉਜਲੇ ਮੂੰਹ ਵਾਲੇ ਹੁੰਦੇ ਹਨ॥ ੮ ॥ ੨੨ । ੧੫ ॥ ੩੭ ॥

ਵਜਾਖਜਾ-ਇਹ ਉਪਦੇਸ਼ ਦੇਂਦੇ ਹਨ ਕਿ ਅਸਲੀ ਰਸ ਹਰੀ ਰਸ ਹੈ। ਤੂੰ ਸਰੀਰ ਦੇ ਇੰਦ੍ਰਿਆਂ ਦੇ ਰਸ ਵਿਚ ਲਗ ਰਿਹਾ ਹੈਂ, ਏਹ ਰਸ ਅਨਰਸ ਹਨ, ਭਾਵ ਹੋਰ ਰਸ ਯਾ ਓਪਰੇ ਰਸ ਹਨ, ਇਨ੍ਹਾਂ ਵਿਚ ਲਗਿਆਂ ਮੁਕਤ ਨਹੀਂ ਹੋਈਦਾ ਸੋ ਜਨਮ ਬ੍ਰਿਥਾ ਚਲਾ ਜਾਂਦਾ ਹੈ; ਕਿਉਂਕਿ ਏਹ ਰਸ ਅਪਣੇ ਵਿਚ ਭੁਲਾਕੇ ਹਰੀ ਰਸ ਵੱਲ ਪੈਣ ਹੀ ਨਹੀਂ ਦੇਂਦੇ। ਇਸ ਦਾ ਦਾਰੂ ਦੱਸਦੇ ਹਨ: ਸਤਿਗੁਰ ਪੁਰਖ ਨੂੰ ਮਿਲ, ਉਹ ਤੈਨੂੰ ਸੱਚੀ ਸਮਝ ਦਾਨ ਕਰਨਗੇ, ਤੇ ਹਰੀ ਰਸ ਦਾ ਸੁਆਦ ਚਖਾ ਦੇਣਗੇ, ਚੱਖਕੇ ਫੇਰ ਤੈਨੂੰ ਉਸ ਦਾ ਚਸਕਾ ਪੈ ਜਾਏਗਾ, ਯਥਾ:-

ਹਰਿ ਰਸ ਕਾ ਤੂੰ ਚਾਖਹਿ ਸਾਦੁ॥ ਚਾਖਤ ਹੋਇ ਰਹਹਿ ਬਿਸਮਾਦੁ॥

[ਗਉੜੀ ਮਹਲਾ ੫-੮੪]

ਜੇ ਤੂੰ ਅਨਰਸ ਲਗਾ ਹੀ ਮਰ ਗਿਆ ਤਾਂ ਤੂੰ ਦੁਖੀ ਹੋਵੇਂਗਾ, ਤਦ ਤੈਨੂੰ ਸੋਝੀ ਆਵੇਗੀ ਕਿ ਮੈਂ ਜਨਮ ਬਿਰਥਾ ਗੁਆ ਲਿਆ ਹੈ। ਇਸ ਵਿਚ ਸੈਨਤ ਇਹ ਹੈ ਕਿ ਹੁਣ ਲਗ ਪਓ ਜੋ ਜਨਮ ਸਫਲਾ ਹੋ ਜਾਏ ਤੇ ਤੂੰ ਹਰੀ ਰਸ ਪ੍ਰਾਪਤ ਕਰਕੇ ਹਰੀ ਰਸ ਦਾ ਸੁਖ ਮਾਣੇਂ ਤੇ ਅੱਗੇ ਮੁਖ ਉੱਜਲਾ ਹੋਵੀ।

ਅੰਕ ੨- ਹੁਣ ਫੁਰਮਾਉਂਦੇ ਹਨ ਕਿ ਕਲਿਜੁਗ ਵਿਚ ਕਰਮ ਧਰਮ, ਜਗ ਤਪ ਆਦਿ ਦੀ ਲੋੜ ਨਹੀਂ, ਜੀਵ ਹਰੀ ਨਾਮ ਨਾਲ ਹੀ ਪਵਿਤ੍ਰ ਹੋ ਜਾਂਦਾ ਹੈ। ਜੋ ਨਾਮ ਦੇ ਲਿਵਧਾਰੀ ਹਨ ਓਹੋ ਸਭ ਪਾਪਾਂ ਤੋਂ ਪਵਿਤ੍ਰ ਪਾਵਨ ਹੋ ਜਾਂਦੇ ਹਨ। ਪਰ ਇਹ ਕਿਵੇਂ ਕਿਹਾ ਜਾਵੇ ਕਿ ਭਾਗਾਂ ਬਿਨਾਂ ਕੁਛ ਪ੍ਰਾਪਤ ਨਹੀਂ ਹੁੰਦਾ। ਇਸ ਦਾ ਇਹ ਭਾਵ ਨਹੀਂ ਕਿ ਆਲਸੀ ਹੋ ਜਾਓ, ਪਰ ਇਹ ਕਿ ਪ੍ਰਭੂ ਦੀ ਮੇਹਰ ਤੇ ਤਕੀਆ ਧਾਰੋ ਤੇ ਉੱਦਮ ਕਰੋ ਜੈਸਾ ਕਿ ਅਗਲੇ ਅੰਕ ੩ ਵਿਚ ਫੁਰਮਾਉਂਦੇ ਹਨ।

ਅੰਕ ੩-ਕਿ ਗੁਰੂ ਦੀ ਸ਼ਰਣ ਛੇਤੀ ਜਾ ਪਓ, ਕੀਤੇ ਪਾਪ ਬਖਸ਼ੇ ਜਾਣਗੇ, ਮਨੋਂ ਵਿਕਾਰ ਛੁਟ ਜਾਣਗੇ, ਭਾਵ ਅਗੋਂ ਨੂੰ ਪਾਪ ਕਰਮ ਨਹੀਂ ਹੋਣਗੇ ਤੇ ਆਪਾ ਭਾਵ ਹੰਕਾਰ ਦੂਰ ਹੋ ਜਾਏਗਾ। ਇਹ ਗੁਰੂ ਦੇ ਸ਼ਬਦ ਤੋਂ ਤ੍ਰੈਏ ਗਲਾਂ ਮਿਲ ਜਾਣਗੀਆਂ ਤੇ ਚੌਥੀ ਗਲ ਇਹ ਕਿ ਸ੍ਵੈ ਸਰੂਪ ਦੀ ਸਿਆਨ ਹੋ ਜਾਏਗੀ।

ਅੰਕ ੪-ਗੁਰ ਉਪਦੇਸ਼ ਵਿਚ ਮੂਲ ਨਾਮ ਹੁੰਦਾ ਹੈ ਸੋ ਫੁਰਮਾਉਂਦੇ ਹਨ ਨਾਮ ਤੋਂ ਬਿਨਾਂ ਸੁਖ ਨਹੀਂ, ਕਿਉਂਕਿ ਹਉਮੈ ਇਕ ਰੋਗ ਹੈ, ਦੁਖ ਹੈ, ਇਸ ਦਾ ਦਾਰੂ ਨਾਮ ਹੈ। ਨਾਮ ਨੂੰ ਲੋਕੀ ਨਹੀਂ ਲਗਦੇ ਕਿਉਂਕਿ ਮਾਇਆ ਦੇ ਮੋਹ ਵਿਚ ਗ੍ਰਸੇ ਅਨੀਸ਼ੁਰ ਦੇ ਪ੍ਰੇਮੀ ਹੋਏ ਰਹਿੰਦੇ ਹਨ, ਵਾਹਿਗੁਰੂ ਤੋਂ ਛੁਟ ਜੋ ਬੀ ਪ੍ਰੇਮ ਹੈ ਉਹ ਭਰਮਾਂ ਵਿਚ ਪਾਉਂਦਾ ਤੇ ਭੁਲੇਵੇ ਦੇਂਦਾ ਹੈ।

ਅੰਕ ੫ ਵਿਚ ਨਾਮ ਵਿਹੂਣਿਆਂ, ਅਨਰਸ ਰਤਿਆਂ, ਨੂੰ ਦੁਹਾਗਣ ਦੇ ਰੂਪਕ ਵਿਚ ਦਿਖਾਲਦੇ ਹਨ ਕਿ ਓਹ ਤਾਂ ਮਾਇਆ ਵਿਚ ਗ਼ਲਤਾਨ ਮਾਇਆ ਪਤੀ ਦੀ ਸਾਰ ਨੂੰ ਪਛਾਣਦੇ ਹੀ ਨਹੀਂ। ਓਹ ਆਪਣੇ

ਅੰਤਹਕਰਣ ਵਿਚ ਸ਼ਿੰਗਾਰ ਕੀਕੂੰ ਕਰਨ, ਭਾਵ ਓਹ ਗੁਣ ਕੀਕੂੰ ਧਾਰਨ ਕਰਨ ਕਿ ਜੋ ਗੁਰੂ ਦੇ ਉਪਦੇਸ਼ ਤੋਂ ਪ੍ਰਾਪਤ ਹੁੰਦੇ ਹਨ। ਅਗਲੇ ਅੰਕ ੬ ਵਿਚ ਸੀਂਗਾਰ ਦਾ ਆਪ ਅਰਥ ਕਰ ਦਿੱਤਾ ਹੈ ਕਿ ਓਹ ਗੁਣ ਹਨ ਨਾਮ ਆਦਿ ਦੇ ਜੋ ਗੁਰੂ ਦੇ ਸ਼ਬਦ ਤੋਂ ਪ੍ਰਾਪਤ ਹੁੰਦੇ ਹਨ। ਸੋ ਅੰਤਹਕਰਣ ਗੰਦਾ ਹੋਣ ਕਰਕੇ ਪ੍ਰਭੂ ਨਹੀਂ ਆਉਂਦਾ, ਓਹ ਮਨ ਦੇ ਸਾੜੇ ਤੇ ਅਸ਼ਾਂਤੀ ਵਿਚ ਦੁਖੀ ਵਿਚਰਦੇ ਹਨ।

ਅੰਕ ੬-ਗੁਰਮੁਖਾਂ ਦਾ ਹਾਲ ਦੱਸਦੇ ਹਨ, ਰੂਪਕ ਸੁਹਾਗਣ ਦਾ ਲੈਂਦੇ ਹਨ ਜੋ ਕਿ ਪਤੀ ਨੂੰ ਪ੍ਰਾਪਤ ਹੁੰਦੀਆਂ ਹਨ। ਪ੍ਰਕਾਰ ਇਹ ਦੱਸਦੇ ਹਨ: ਓਹ ਗੁਰ ਉਪਦੇਸ਼ ਦੁਆਰਾ ਆਪਣੇ ਅੰਤਹਕਰਣ ਨੂੰ ਆਪਾ ਭਾਵ-ਹਉ ਹੰਕਾਰ-ਤੋਂ ਸਫਾ ਕਰ ਲੈਂਦੀਆਂ ਹਨ ਤੇ ਓਥੇ ਵੱਸ ਪੈਂਦੇ ਹਨ ਸ਼ਿੰਗਾਰ ਵਰਗੇ ਸ਼ੁਭ ਗੁਣ: ਨਾਮ, ਪ੍ਰੇਮ, ਭਗਤੀ ਆਦਿ, ਜਿਨ੍ਹਾਂ ਪਰ ਰੀਝਕੇ ਪਤੀ ਪਰਮੇਸ਼ੁਰ ਉਨ੍ਹਾਂ ਨੂੰ ਆਪਣੇ ਸਰੂਪ ਵਿਚ ਮਿਲਾ ਲੈਂਦਾ ਹੈ।

ਅੰਕ ੭ ਵਿਚ ਮਨਮੁਖ ਦਾ ਦੁਹਾਗਣ ਦੇ ਦ੍ਰਿਸ਼ਟਾਂਤ ਵਿਚ ਨਹੀਂ ਪਰ ਸਿੱਧਾ ਵਰਣਨ ਕਰਦੇ ਹਨ। ਉਸ ਨੂੰ ਮਾਇਆ ਮੋਹ ਦੇ ਅੰਧਕਾਰ ਵਿਚ ਮਰਨਾ ਯਾਦ ਨਹੀਂ ਰਹਿੰਦਾ, ਸਾਈਂ ਦਾ ਰਾਹ ਦਿੱਸਦਾ ਨਹੀਂ, ਜਨਮ ਮਰਨ ਮੁੱਕਦਾ ਨਹੀਂ, ਤੇ ਮਰਨ ਤੇ ਮੁੜ ਜੰਮਣ ਵਿਚਕਾਰ ਜਮ ਦਰੋਂ ਜੋ ਲੰਘਣਾ ਪੈਂਦਾ ਹੈ, ਉਹ ਖੁਆਰੀ ਵੱਖਰੀ ਝੱਲਣੀ ਪੈਂਦੀ ਹੈ।

ਅੰਕ ੮ ਵਿਚ ਗੁਰਮੁਖ ਦਾ ਸਿੱਧਾ ਵਰਣਨ ਹੈ, ਸੁਹਾਗਣ ਦੇ ਰੂਪਕ ਤੋਂ ਬਿਨਾਂ। ਗੁਰਮੁਖ ਓਹ ਹਨ ਜੋ ਪ੍ਰਭੂ ਨੂੰ ਮਿਲੇ ਹੋਏ ਹਨ। ਮਿਲੇ ਹੋਏ ਓਹ ਹਨ ਜਿਨ੍ਹਾਂ ਨੂੰ ਉਹ ਆਪ ਮੇਲ ਲੈਂਦਾ ਹੈ, ਜੋ ਗੁਰੂ ਸ਼ਬਦ ਦੀ ਵੀਚਾਰ ਦੁਆਰਾ ਹਉਂ ਰਹਿਤ ਤੇ ਅਨਿੰਨ ਪ੍ਰੇਮੀ ਹੋ ਜਾਂਦੇ ਹਨ ਤੇ ਨਾਮ ਵਿਚ ਸਮਾ ਜਾਂਦੇ ਹਨ, ਓਹ ਸਾਈਂ ਦੇ ਦਰਬਾਰ ਉੱਜਲ ਮੂੰਹ ਹੁੰਦੇ ਹਨ, ਭਾਵ ਪਰਮ ਪਦ ਨੂੰ ਪ੍ਰਾਪਤ ਹੁੰਦੇ ਹਨ।

ਨਿਰੁਕ-ਅਨਰਸ-ਹੋਰ ਰਸ। ਹਰੀ ਰਸ ਤੋਂ ਛੁੱਟ ਸਾਰੇ ਰਸ ਅਨਰਸ ਹਨ।

ਭੇਟਿਓ-ਮਿਲਿਆ। ਹਰਿ ਰਸੁ-ਉਹ ਰਸ ਜੋ ਹਰੀ ਨੂੰ ਪਯਾਰ ਕੀਤਿਆਂ ਉਸ ਦੇ ਮੇਲ ਤੋਂ ਮਿਲਦਾ ਹੈ। ਪਯਾਰ ਕਰਨ ਲਈ ਨਾਮ ਜਪੀਦਾ ਹੈ, ਨਾਮ ਵਿਚ ਹੀ ਹਰੀ ਰਸ ਸ਼ੁਰੂ ਹੋ ਜਾਂਦਾ ਹੈ। ਉਹ ਬੀ ਹਰੀ ਰਸ ਹੀ ਕਹਿ ਲਈਦਾ ਹੈ। ਸਾਦੁ-ਸੁਆਦ।

ਤਜਿ-ਛਡ ਦੇਹ। ਸਬਦਿ ਮਰਹਿ-ਗੁਰ ਉਪਦੇਸ਼ ਦੁਆਰਾ ਹਉਮੈ ਹੰਕਾਰ ਦਾ ਮਰ ਜਾਣਾ।

ਗੁਬਾਰੁ- [ਅ:, ਗ਼ੁਬਾਰ] ਘੱਟਾ, ਧੁੰਦ, ਹਨੇਰਾ। ਭਾਵ ਹੈ ਅਗਯਾਨ ਦਾ ਅੰਧਕਾਰ।

-ਤੀਸਰੇ ਪਾਤਸ਼ਾਹ ਜੀ ਦੀਆਂ ੧੫ ਅਸਟਪਦੀਆਂ ਸਮਾਪਤ ਤੇ ਪੰਚਮ ਪਾਤਸ਼ਾਹ ਜੀ ਦੀਆਂ ਅੱਗੇ ਤੁਰੀਆਂ-

[ਆਸਾ ਮਹਲਾ ੫, ਅਸਟਪਦੀ, ੧-੩੮]

ਆਸਾ ਮਹਲਾ ੫ ਅਸਟਪਦੀਆ ਘਰੁ ੨ ੴ ਸਤਿਗੁਰ ਪ੍ਰਸਾਦਿ॥

ਮੂਲ	ਅਰਥ
ਪੰਚ ਮਨਾਏ ਪੰਚ ਰੁਸਾਏ ॥ ਪੰਚ ਵਸਾਏ ਪੰਚ ਗਵਾਏ ॥੧॥	[ਅਰਥ ਰਹਾਉ ਤੋਂ ਤੁਰੇਗਾ] ਹੇ ਮੇਰੇ ਭਾਈ ! ਗੁਰੂ ਨੇ (ਐਸਾ) ਗਿਆਨ ਦ੍ਰਿੜ ਕਰਾ ਦਿੱਤਾ ਹੈ ਕਿ ਕਠਨ ਸਾਧਜ (ਸਾਮਾਨ ਸਾਰਾ) ਦੂਰ ਹੋ ਗਿਆ ਹੈ (ਅਤੇ ਸਰੀਰ ਰੂਪੀ) ਨਗਰ (ਮੁੜਕੇ)

ਇਨ੍ ਬਿਧਿ ਨਗਰੁ ਵੁਠਾ ਮੇਰੇ ਭਾਈ॥ ਦੁਰਤੁ ਗਇਆ ਗੁਰਿ ਗਿਆਨੁ ਦ੍ਰਿੜਾਈ ॥੧॥ ਰਹਾਉ ॥

ਵੱਸ ਪਿਆ ਹੈ। [ਪ੍ਰਸ਼ਨ: ਕੀਕੂੰ? ਉੱਤਰ:] ਐਉਂ (ਕਿ) ਪੰਜ (ਗੁਣ-ਸਤਿ, ਸੰਤੋਖ, ਦਇਆ, ਧਰਮ, ਧੀਰਜ) ਮਨਾ ਲਏ ਹਨ (ਅਤੇ) ਪੰਜ (-ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਰੁਸਾ ਦਿੱਤੇ ਹਨ। ਪੰਜ (ਜੋ ਮਨਾਏ ਸਨ ਸਰੀਰ ਵਿਚ) ਵਸਾ ਦਿੱਤੇ ਹਨ, (ਪੰਜ ਜੋ ਰੁਸਾਏ ਸਨ) ਗੁਆ ਦਿੱਤੇ ਹਨ (ਭਾਵ ਦੂਰ ਕਰ ਦਿੱਤੇ ਹਨ*)॥ ੧॥ ਰਹਾਉ॥

ਸਾਚ ਧਰਮ ਕੀ ਕਰਿ ਦੀਨੀ ਵਾਰਿ ॥ ਫਰਹੇ ਮੁਹਕਮ ਗੁਰ ਗਿਆਨੁ ਬੀਚਾਰਿ ॥੨॥

[ਪ੍ਰਸ਼ਨ: ਕੀਹ ਉਹ ਵਿਰੋਧੀ ਸਾਮਾਨ ਮੁੜ ਹੱਲਾ ਨਾ ਕਰੇਗਾ? ਉੱਤਰ:] (ਖੇਤੀਆਂ ਲਈ ਤਾਂ) 'ਸਚ ਧਰਮ' ਦੀ ਵਾੜ ਲਾ ਦਿੱਤੀ ਹੈ (ਅਤੇ ਨਗਰ ਦੇ ਦਰਵਾਜ਼ਿਆਂ ਨੂੰ) ਗੁਰੂ ਦੇ ਗਯਾਨ ਦੀ ਵੀਚਾਰ ਦੁਆਰਾ ਪੱਕੇ ਹੋੜੇ ਲਗਾ ਦਿੱਤੇ ਹਨ॥ ੨॥

ਨਾਮੁ ਖੇਤੀ ਬੀਜਹੁ ਭਾਈ ਮੀਤ ॥ ਸਉਦਾ ਕਰਹੁ ਗੁਰੁ ਸੇਵਹੁ ਨੀਤ ॥੩॥

(ਸੋ ਹੁਣ) ਹੇ (ਮੇਰੇ) ਭਾਈਓ (ਤੇ) ਮਿੱਤਰੋ ! ਨਾਮ (ਰੂਪੀ) ਖੇਤੀ (ਬ੍ਰੇਖ਼ਤਰ ਹੋਕੇ) ਬੀਜੋ, (ਤੇ ਨਾਮ ਦਾ) ਵਪਾਰ ਕਰੋ, (ਅਤੇ ਉਸ) ਗੁਰੂ ਨੂੰ ਨਿੱਤ ਸੇਵੋ ॥ ੩॥

ਸਾਂਤਿ ਸਹਜ ਸੁਖ ਕੇ ਸਭਿ ਹਾਟ ॥ ਸਾਹ ਵਾਪਾਰੀ ਏਕੈ ਥਾਟ ॥੪॥

ਸਭ ਹਟੀਆਂ ਸ਼ਾਂਤੀ ਤੇ ਸਹਜ ਸੁਖ ਨਾਲ ਟੋਰੋ, ਸ਼ਾਹ ਤੇ ਵਪਾਰੀ ਇਕੋ ਟਿਕਾਣੇ (ਵਪਾਰ ਕਰੋ)॥ ੪॥

ਜੇਜੀਆ ਡੰਨੁ ਕੋ ਲਏ ਨ ਜਗਾਤਿ ॥ ਸਤਿਗੁਰਿ ਕਰਿ ਦੀਨੀ ਧੁਰ ਕੀ ਛਾਪ ॥੫॥

(ਫਿਕਰ ਨਾ ਕਰੋ ਹੁਣ ਤੁਹਾਡੇ ਸਰੀਰ ਰੂਪੀ ਨਗਰ ਵਿਚ) ਕੋਈ ਨਾ ਜੇਜ਼ੀਆ ਲਏਗਾ, ਨਾ ਜੁਰਮਾਨਾ, ਨਾ ਮਸੂਲ। ਸਤਿਗੁਰੂ ਨੇ ਧੁਰੋਂ ਇਹ ਪਰਵਾਨਾ ਜਾਰੀ ਕਰ ਦਿੱਤਾ ਹੈ॥ ੫॥

ਵਖਰੁ ਨਾਮੁ ਲਦਿ ਖੇਪ ਚਲਾਵਹੁ ॥ ਲੈ ਲਾਹਾ ਗੁਰਮੁਖਿ ਘਰਿ ਆਵਹੁ ॥੬॥

ਨਾਮ ਦਾ ਸੌਦਾ (ਜਮ੍ਹਾਂ ਕਰੋ ਤੇ ਇਸੇ ਦੀ) ਖੇਪ ਲੱਦਕੇ ਚਲਾਓ (ਭਾਵ ਦਿਸਾਵਰਾਂ ਦਾ ਵਪਾਰ ਕਰੋ। ਹਰ ਪ੍ਰਕਾਰ) ਨਫਾ ਲੈਕੇ ਗੁਰਮੁਖ ਬਣਕੇ (ਆਪਣੇ) ਘਰ (ਸਚਖੰਡ) ਵਿਚ ਆਓ॥ ੬॥

ਸਤਿਗੁਰੁ ਸਾਹੁ ਸਿਖ ਵਣਜਾਰੇ ॥ ਪੂੰਜੀ ਨਾਮੁ ਲੇਖਾ ਸਾਚੁ ਸਮ੍ਹਾਰੇ ॥੭॥

(ਇਸ ਵਪਾਰ ਮੰਡਲ ਦਾ) ਸ਼ਾਹ ਸਤਿਗੁਰੂ ਹੈ, ਸਿਖ ਵਣਜਾਰੇ ਹਨ, ਪੂੰਜੀ ਹੈ ਨਾਮ, (ਇਸ ਦਾ) ਲੇਖਾ ਹੈ ਸਤਯ ਸਰੂਪ ਦੀ ਸੰਭਾਲ (ਭਾਵ ਦਮ ਬਦਮ ਦੀ ਯਾਦ ਨਾਮੀ ਵਿਚ ਭਾਵ ਧਾਰਕੇ ਇਹ ਇਸ ਦਾ ਲੇਖਾ ਹੈ)॥ ੭॥

ਸੋ ਵਸੈ ਇਤੁ ਘਰਿ ਜਿਸੁ ਗੁਰੁ ਪੂਰਾ ਸੇਵ ॥ ਅਬਿਚਲ ਨਗਰੀ ਨਾਨਕ ਦੇਵ ॥੮॥੧॥

ਇਸ ਘਰ ਵਿਚ ਉਹ ਵੱਸਦਾ ਹੈ ਜਿਸ ਨੂੰ ਪੂਰਾ ਗੁਰੂ ਸੇਵਾ (ਬਖ਼ਸ਼ੇ। ਇਹ) ਨਾ ਚਲਾਇਮਾਨ ਹੋਣ ਵਾਲੀ ਨਗਰੀ ਗੁਰੂ ਨਾਨਕ ਦੇਵ ਦੀ ਹੈ, (ਕਿਉਂਕਿ ਇਸ ਵਿਚੋਂ ਨਾ ਚਲਾਯਮਾਨ ਘਰ ਲਭਾ ਦਿੱਤਾ ਨੇ)॥ ੮॥ ੧॥

ਵ੍ਯਾਖ੍ਯਾ-ਇਸ ਸ਼ਬਦ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਨਗਰ ਦੇ ਰੂਪਕ ਵਿਚ 'ਗੁਰਮੁਖ' ਬਣਨੇ ਦੀ ਜਾਚ ਦੱਸੀ ਹੈ। ਸਰੀਰ ਨੂੰ ਨਗਰ ਦੇ ਰੂਪ ਵਿਚ ਕਈ ਥਾਈਂ ਗੁਰਬਾਣੀ ਵਿਚ ਹੋਰਥੇ ਬੀ ਵਰਤਿਆ ਹੈ। ਯਥਾ:- ਕਾਮਿ ਕਰੋਧਿ ਨਗਰੁ ਬਹੁ ਭਰਿਆ ॥ [ਗਉੜੀ ਪੂਰਬੀ ਮਹਲਾ ੪]

* ਅਥਵਾ-ਪੰਜ ਤੱਤਾਂ:ਅਪ, ਤੇਜ, ਵਾਇ, ਪ੍ਰਿਥਵੀ, ਆਕਾਸ਼ ਦੇ ਗੁਣ ਅੰਦਰ ਵਸਾ ਲਏ ਹਨ ਅਤੇ ਪੰਜ-ਸ਼ਬਦ, ਸਪਰਸ਼, ਰੂਪ, ਰਸ, ਗੰਧ ਗੁਆ ਦਿੱਤੇ ਹਨ, ਭਾਵ ਇਹਨਾਂ ਦੇ ਵੱਸ ਪੈਣਾ ਗੁਆ ਦਿੱਤਾ ਹੈ।

ਦੇਹੀ ਨਗਰਿ ਕੋਟਿ ਪੰਚ ਚੋਰ ਵਟਵਾਰੇ ਤਿਨਕਾ ਥਾਉ ਥੇਹੁ ਗਵਾਇਆ॥

[ਤੁਖਾਰੀ ਛੰਤ ਮਹਲਾ ੪-੧੦]

ਪੁਨਾ:-ਦੇਹੀ ਨਗਰੀ ਨਉ ਦਰਵਾਜੇ ਸੋ ਦਸਵਾ ਗੁਪਤੁ ਰਹਾਤਾ ਹੇ॥

[ਮਾਰੂ ਮਹਲਾ ੧, ਸੋਲਹਾ ੧੧-੪]

ਜਿਸ ਨਗਰੀ ਚੋਰ ਯਾਰ ਜੁਆਰੀਏ ਰਹਿੰਦੇ ਹੋਣ, ਉਹ ਉਜਾੜੇ ਵੱਲ ਰੁਖ਼ ਰੱਖਦੀ ਹੈ। ਏਹ ਲੋਕ ਜੋ ਮੁਸ਼ਕਲ ਨਾਲ ਠੀਕ ਹੁੰਦੇ ਹਨ, ਸਾਧਣੇ ਔਖੇ ਹੁੰਦੇ ਹਨ। ਪਰ ਜੇ ਏਹ ਸਾਧੇ ਜਾਣ ਤੇ ਭਲੇ ਆ ਵੱਸਣ ਤਾਂ ਨਗਰ ਰੌਣਕ ਪਕੜਦਾ ਹੈ। ਫੇਰ ਖੇਤੀ ਤੇ ਵਪਾਰ ਸੁਖ ਤੇ ਸ਼ਾਂਤੀ ਨਾਲ ਸਹਜੇ ਹੀ ਟੁਰ ਪੈਂਦਾ ਹੈ ਤੇ ਸਿਰੇ ਚੜ੍ਹਦਾ ਹੈ। ਜੇ ਹੁਣ ਸ਼ਬਦ ਵਿਚੋਂ ਉਹ ਪ੍ਰਯਤਨ ਲੱਭੀਏ ਜਿਸ ਨਾਲ ਗੁਰਮੁਖ ਬਣੀਦਾ ਹੈ, ਤੇ ਜਿਸ ਲਈ ਇਹ ਰੂਪਕ ਲਿਆ ਹੈ, ਤਾਂ ਇਸ ਪ੍ਰਕਾਰ ਹੈ:-

ਅੰਕ ੧-ਕਿ ਪਹਿਲੋਂ ਕਠਨ ਸਾਧ ਮਾੜਿਆਂ ਸੁਭਾਵਾਂ ਤੇ ਐਬਾਂ ਨੂੰ ਦੂਰ ਕਰਨ ਦਾ ਉਪਦੇਸ਼ ਗੁਰੂ ਤੋਂ ਮਿਲਿਆ ਤੇ ਉਹਨਾਂ ਨੂੰ ਵੀਚਾਰ ਤੇ ਹਠ ਨਾਲ ਪਰੇ ਕੀਤਾ ਤੇ ਚੰਗੇ ਸੁਭਾਵ ਬਣਾਏ; ਅਵਗੁਣ ਦੂਰ ਕੀਤੇ ਤੇ ਗੁਣ ਵਸਾਏ। ਯਾ ਕਹੋ ਆਸੁਰੀ ਗੁਣ ਪਰੇ ਕੀਤੇ ਤੇ ਦੈਵੀ ਗੁਣ ਅੰਦਰ ਵਸਾਏ। ਯੋਗ ਦੀ ਬੋਲੀ ਵਿਚ ਕਹੋ ਤਾਂ 'ਯਮ ਨਿਯਮ ਧਾਰਨ ਕੀਤੇ'। ਇਹ ਗਲ ਰਹਾਉ ਤਕ ਦੱਸੀ ਹੈ। 'ਇਨ੍ਹਾਂ ਮਾੜਿਆਂ ਦਾ ਫੇਰ ਫੇਰਾ ਨਾ ਪਵੇ' ਇਹ ਗਲ ਅੰਕ ੨ ਵਿਚ ਦੱਸੀ। ਕਿ ਗੁਰੂ ਨੇ ਵੀਚਾਰ ਵਾਲਾ ਜੀਵਨ ਬਸਰ ਕਰਨ ਦੀ ਅਪਣੇ ਗਯਾਨ ਦੁਆਰਾ ਸਮਝ ਬਖਸ਼ੀ ਤੇ ਅਮਲੀ ਤੌਰ ਤੇ 'ਸਚ ਤੇ ਧਰਮ' ਦੇ ਤੱਕੜ ਤੇ ਤੋਲ ਕੇ ਜੀਵਨ ਬਸਰ ਕਰਨ ਦਾ ਕਰਤੱਤ ਸਿਖਾਇਆ।

ਹੁਣ ਅੰਕ ੩ ਵਿਚ ਸਿਖਾਇਆ ਕਿ ਉੱਚਾ ਸੁੱਚਾ ਜੀਵਨ ਸਿੱਖਕੇ ਨਾਮ ਜਪੋ, ਖੇਤੀ ਬੀਜਣ ਵਾਙੂ ਸਿਮਰਨ ਨੂੰ ਹਿਰਦੇ ਭੂਮੀ ਵਿਚ ਬੋਵੋ। ਯਥਾ:-

'ਇਕੁ ਨਾਮੁ ਬੋਵਹੁ ਬੋਵਹੁ॥'

[ਬਸੰਤ ਮਹਲਾ ੫-੧੮]

ਖੇਤੀ ਜਦ ਪੱਕ ਜਾਵੇ ਤਾਂ ਦਾਣੇ ਨਗਰੀ ਵਿਚ ਲਿਆਕੇ ਵੇਚੀਦੇ ਹਨ, ਇਹ ਵਪਾਰ ਕਰੀਦਾ ਹੈ। ਇਹ ਦੂਜਾ ਦ੍ਰਿਸ਼ਟਾਂਤ ਵਰਤਿਆ: ਕਿ ਨਾਮ ਦਾ ਵਪਾਰ ਕਰੋ, ਭਾਵ ਜਗਯਾਸੂਆਂ ਪ੍ਰਤੀ ਦਿਓ। ਆਪ ਜਪੋ ਤੇ ਹੋਰਨਾਂ ਤੋਂ ਜਪਵਾਵੋ, ਇਹ ਸਉਦਾ ਕਰੋ, ਪਰ ਤਾਕੀਦ ਕੀਤੀ ਕਿ ਫਿਰ ਬੀ ਗੁਰੂ ਕੀ ਸੇਵਾ ਵਿਚ ਰਹੋ। ਭਾਵ ਗੁਰੂ ਦੀ ਮਤਿ ਤੋਂ ਵਿਪ੍ਰੀਤ ਤਰੀਕੇ ਤੇ ਸਉਦਾ ਨਾ ਕਰੋ।

ਅੰਕ ੪ ਵਿਚ ਦੱਸਿਆ ਕਿ ਨਾਮ ਦਾ ਵਪਾਰ ਹਠ ਤੇ ਜ਼ੋਰ ਦਾ ਵਪਾਰ ਨਹੀਂ, ਇਹ ਸਹਜ ਸੁਖ ਤੇ ਸ਼ਾਂਤੀ ਵਾਲਾ ਕਮਾਮ ਹੈ। ਭਾਵ ਇਹ ਨਾਮ ਦਾ ਮਾਰਗ ਹਠ ਤੇ ਜ਼ੋਰ ਦਾ ਨਹੀਂ ਪਰ ਸਹਜ ਸੁਖ ਦਾ ਤੇ ਸ਼ਾਤਿਮਯ ਹੈ, ਇਸ ਵਿਚ ਸ਼ਾਹ ਦੇ ਥਾਟ ਭਾਵ ਇਕੋ ਟਿਕਾਣੇ ਹੀ ਵਪਾਰੀ ਸਉਦਾ ਲੈਕੇ ਵਪਾਰ ਕਰਦੇ ਹਨ। ਭਾਵ ਦੁਇ ਸਿਮਰਨ ਕਰਦੇ ਹਜ਼ੂਰੀ ਵਿਚ ਵੱਸਦੇ ਹਨ ਤੇ ਯਾਦ ਮਾਤ੍ਰ ਨਾਲ ਸਹਜ ਭਾਵ ਵਿਚ ਮਿਲੇ ਰਹਿੰਦੇ ਹਨ।

ਅੰਕ ੫ ਵਿਚ ਫੁਰਮਾਉਂਦੇ ਹਨ ਕਿ ਇਹ ਨਾਮ ਦਾ ਮਾਰਗ ਨਿਰਵਿਘਨ ਮਾਰਗ ਹੈ, ਤੇ ਅਮੁੱਲ ਵਪਾਰ ਹੈ, ਇਸ ਦੇ ਸਿਰ ਕੋਈ ਹਦਬੰਦੀ, ਰੋਕ, ਮੁਆਵਜ਼ਾ ਨਹੀਂ ਹੈ। ਤ੍ਰੈ ਪਦ ਵਰਤੇ ਹਨ, 'ਜੇਜ਼ੀਆ' ਹੈ ਮੁਸਲਮਾਨੀ ਕਰ ਜੋ ਮੁਸਲਮਾਨ ਰਾਜੇ ਗ਼ੈਰ ਮੁਸਲਮਾਨਾਂ ਤੋਂ ਉਹਨਾਂ ਦੇ ਤੀਰਥ ਆਦਿ ਯਾਤ੍ਰਾ ਤੇ ਕਰ ਲਾਕੇ ਵਸੂਲ ਕਰਦੇ ਹੁੰਦੇ ਸਨ। ਡੰਨੁ (=ਦੰਡ) ਨਾਮ ਹੈ ਜੁਰਮਾਨੇ ਦਾ ਜੋ ਮੁਜਰਮਾਂ ਤੋਂ ਸਜ਼ਾ ਵਜੋਂ ਹਾਕਮ ਲੈਂਦੇ ਹਨ। ਜਗਾਤ (ਜ਼ਕਾਤ) ਨਾਮ ਹੈ ਮਸੂਲ ਦਾ; ਜੈਸੇ ਪੁਲੋਂ ਪਾਰ ਹੋਣ ਦੀ ਜਗਾਤ ਰਾਜਾ ਲੈਂਦਾ ਹੈ। ਐਸੇ ਹੀ ਮਾਮਲਾ ਮਸੂਲ ਹਰ ਪ੍ਰਕਾਰ ਦਾ ਇਸ ਵਿਚ ਆ ਜਾਂਦਾ ਹੈ। ਇਸ ਸਾਰੇ ਦਾ ਭਾਵ ਇਹ ਹੈ ਕਿ ਇਹ ਅਮੁੱਲ ਵਪਾਰ ਹੈ। ਅਮੁੱਲ ਵਪਾਰ ਦੇ ਵਿਸਥਾਰ ਲਈ ਦੇਖੋ ਜਪੁਜੀ ਸਾਹਿਬ ਵਿਚ 'ਅਮੁਲ' ਵਾਲੀ ਪਉੜੀ ਦੀ ਵਯਾਖਯਾ ਜੋ ਪਿੱਛੇ ਪੰਨਾ ੧੨੪ ਤੋਂ ੧੨੯ ਪਰ ਆ ਚੁਕੀ ਹੈ।

ਫੇਰ ਫੁਰਮਾਇਆ ਕਿ ਸਤਿਗੁਰੂ ਨੇ ਇਹ ਪਰਵਾਨਾ (ਧੁਰੋਂ=) ਵਾਹਿਗੁਰੂ ਦੇ ਹਜ਼ੂਰੋਂ ਜਾਰੀ

ਕਰਵਾ ਦਿਤਾ ਹੋਇਆ ਹੈ ਕਿ ਨਾਮ ਸਿਮਰਣ ਵਾਲਿਆਂ ਦੇ ਸਿਰ ਕੋਈ ਦੰਡ ਨਹੀਂ, ਰੋਕ ਨਹੀਂ। ਅਰਥਾਤ ਨਾਮ ਦਾ ਨਿਸ਼ਾਨ ਜਿਸ ਨੂੰ ਪੈ ਗਿਆ ਉਸ ਨੂੰ ਜਮ ਕਿ ਧਰਮ ਰਾਇ, ਕਰਮ ਫਾਸ ਕਿ ਕੋਈ ਹੋਰ ਰੋਕ, ਕਿਤੇ ਨਹੀਂ ਪੈ ਸਕਦੀ, ਓਹ ਸੁਤੰਤਰ ਹੋ ਜਾਂਦੇ ਹਨ। ਉਹਨਾਂ ਦੀਆਂ ਰੂਹਾਂ ਹਰ ਲੋਕ, ਹਰ ਥਾਂ, ਖੁੱਲ੍ਹੀਆਂ ਵਿਚਰਦੀਆਂ ਹਨ, ਧਰਮ ਰਾਇ ਆਦਿ ਉਹਨਾਂ ਤੋਂ ਡਰਦੇ ਹਨ:-

ਧਰਮ ਰਾਇ ਜਮੁ ਨੇੜਿ ਨ ਆਵੈ ਮੇਰੇ ਠਾਕੁਰ ਕੇ ਜਨ ਪਿਆਰੇ॥ [ਨਟ ਮਹਲਾ ੪, ਅਸਟ:-੨੦]

ਅੰਕ ੬-ਹੁਣ ਸਮਝਣੇ ਜੋਗ ਵਧੇਰੇ ਹੈ, ਨਾਮ ਦਾ ਵੱਖਰ ਯਾ ਸੌਦਾ ਕਿ ਮਾਲ ਐਸੀ ਵਸਤੂ ਹੈ ਕਿ ਆਪ ਜਪੋ, ਅਪਣੇ ਭੰਡਾਰੇ ਭਰੋ, ਆਏ ਜਗਜਾਸੂਆਂ ਨੂੰ ਦਿਓ, ਦੇਸ ਦਿਸੌਰਾਂ ਵਿਚ ਇਹ ਮਾਲ ਘੱਲ ਦਿਓ, ਇਸ ਤੋਂ ਲਾਹਾ ਹੀ ਲਾਹਾ ਹੋਵੇਗਾ। ਉਹ ਲਾਹਾ ਕੀ ਹੋਊ? ਨਾਮ ਤੋਂ ਸ੍ਵੈ ਸਰੂਪ ਦੀ ਪ੍ਰਾਪਤੀ ਤੇ ਉਸ ਤੋਂ ਨਾਮੀ ਅਰਥਾਤ ਵਾਹਿਗੁਰੂ ਜੀ ਦੀ ਪ੍ਰਾਪਤੀ। ਇਸ ਪ੍ਰਾਪਤੀ ਨੂੰ ਕਿਹਾ- 'ਘਰਿ ਆਵਹੁ'। ਤੇ ਜਿਸ ਨੂੰ ਪ੍ਰਾਪਤ ਹੋ ਗਈ ਉਸ ਨੂੰ ਕਿਹਾ ਹੈ 'ਗੁਰਮੁਖ'। ਕਟਾਖਯ ਵਿਚ ਇਹ ਹੈ ਕਿ ਨਗਰ ਵਿਚ ਹੁੰਦੇ ਹਨ ਘਰ। ਇਸ ਦੇਹੀ ਨਗਰ ਵਿਚ ਹੈ- ਸਰੂਪ ਰੂਪੀ ਘਰ ਯਾ ਟਿਕਾਣਾ। ਜਿਥੇ ਪਹਿਲਾਂ ਸ੍ਵੈ ਸਰੂਪ ਦੀ ਤੇ ਫੇਰ ਪਰਮਾਤਮ ਸਰੂਪ ਦੀ ਲਖਯਤਾ ਪ੍ਰਾਪਤ ਹੁੰਦੀ ਹੈ। ਅਰਥਾਤ ਦੇਹੀ ਨਗਰ ਵਿਚ ਹੁੰਦਿਆਂ ਹੀ ਸਚ ਖੰਡ ਰੂਪੀ ਘਰ ਨੂੰ ਪਹੁੰਚ ਪਵੋਗੇ ਜੋ ਬ੍ਰਹਮੰਡ ਵਿਚ ਬੀ ਹੈ, ਵਯਾਪਕ ਬੀ ਹੈ ਤੇ ਸਰੀਰ ਵਿਚ ਬੀ ਹੈ।

ਇਸ਼ਾਰਾ ਮੌਤ ਵਲ ਬੀ ਹੈ ਕਿ ਜਦੋਂ ਚੋਲਾ ਛੋੜੋਗੇ ਤਦ ਲਾਹੇਵੰਦੇ ਆਵੋਗੇ, ਅਰਥਾਤ ਸਾਈਂ ਸਰੂਪ ਵਿਚ ਇਸਥਿਤ ਆਵੋਗੇ, ਯਥਾ:-

ਸਭ ਇਕਠੇ ਹੋਇ ਆਇਆ॥ ਘਰਿ ਜਾਸਨਿ ਵਾਟ ਵਟਾਇਆ॥
ਗੁਰਮੁਖਿ ਲਾਹਾ ਲੈ ਗਏ ਮਨਮੁਖ ਚਲੇ ਮੂਲੁ ਗਵਾਇ ਜੀਉ॥ ੧੯॥

[ਸਿਰੀ ਰਾਗੁ ਮਹਲਾ ੫-੨੯]

ਅੰਕ ੭ ਵਿਚ ਆਪ ਹੀ ਪਦਾਂ-ਸਾਹ, ਵਣਜਾਰਾ, ਪੂੰਜੀ, ਆਦਿ ਦਾ ਟੀਕਾ ਕਰਦੇ ਹਨ। ਇਸ ਵਪਾਰ ਦਾ ਸ਼ਾਹ ਹੈ-ਸਤਿਗੁਰੂ, ਵਣਜਾਰਾ ਹੈ-ਸਿਖ। ਪੂੰਜੀ, ਸੌਦਾ, ਵੱਖਰ ਹੈ-ਨਾਮ। ਇਸ ਦਾ ਹਿਸਾਬ ਕਿਤਾਬ ਹੈ-ਬੇ ਹਿਸਾਬੇ ਹੋਕੇ ਸਤਯ ਸਰੂਪ ਦੀ ਸੰਮ੍ਹਾਲ, ਅਰਥਾਤ ਨਾਮ ਦਾ ਸਿਮਰਣ। ਇਸ ਸੰਭਾਲ ਵਿਚ, ਸੋਝੀ ਵਿਚ, ਕਿ ਨਾਮ ਵਿਚ, ਸਤਯ ਸਰੂਪ ਪ੍ਰਭੂ ਦਾ ਹੈ। ਨਾਮ ਜਪੋ, ਸਿਮਰੋ, ਪਰ ਨਾਮੀ ਵਿਚ ਭਾਵਨਾ ਧਾਰੇ ਹੋਏ। ਇਸ ਗਲ ਦੀ ਸੰਮ੍ਹਾਲ ਰਖੋ ਕਿ ਪਯਾਰੇ ਨਾਮੀ ਦਾ ਨਾਮ ਸਿਮਰ ਤੇ ਜਪ ਰਹੇ ਹਾਂ।

ਅੰਕ ੮ ਇਸ 'ਪਰਮਾਤਮ ਸਰੂਪ ਰੂਪੀ ਘਰ' ਵਿਚ ਉਹ ਵੱਸੇਗਾ ਜਿਸ ਨੂੰ ਪੂਰੇ ਗੁਰੂ ਦੀ ਸੇਵਾ ਪ੍ਰਾਪਤ ਹੋਵੇਗੀ। ਐਉਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਹ ਚਲਾਯਮਾਨ ਹੋ ਜਾਣ ਵਾਲੀ ਦੇਹ ਰੂਪੀ ਨਗਰੀ ਨਾ-ਚਲਾਯਮਾਨ ਬਣਾ ਦਿਖਾਈ ਹੈ। ਭਾਵ ਇਹ ਕਿ ਨਾਸ਼ਮਾਨ ਸਰੀਰ ਦੀ ਸਫਲਤਾ ਕਲਯਾਣ ਦੀ ਪ੍ਰਾਪਤੀ ਦਾ ਰਾਹ ਦੱਸਕੇ ਕਰ ਦਿੱਤੀ ਹੈ। ਦੇਹ ਤਾਂ ਨਾਸ਼ਮਾਨ ਸੀ ਪਰ ਸਾਈਂ ਸਰੂਪ ਰੂਪੀ ਪ੍ਰਾਪਤੀ ਨਾਸ਼ਮਾਨ ਨਹੀਂ, ਇਹ ਅਬਿਚਲ ਵਸਤੂ ਇਸ ਚਲਾਯਮਾਨ ਦੇਹੀ ਵਿਚੋਂ ਹੀ, ਦੇਹੀ ਦੇ ਹੁੰਦਿਆਂ ਹੀ, ਪ੍ਰਾਪਤ ਕਰਾ ਦਿਤੀ ਹੈ।

ਇਸ ਚਲਾਯਮਾਨ ਸਰੀਰ ਰੂਪੀ ਨਗਰੀ ਨੂੰ ਅਬਿਚਲ ਨਗਰੀ ਕਿਉਂ ਕਿਹਾ? ਇਸ ਲਈ ਕਿ ਇਸ ਵਿਚੋਂ ਹੀ ਸਰੂਪ ਰੂਪੀ ਅਬਿਚਲ ਘਰ ਗੁਰੂ ਨਾਨਕ ਦੇਵ ਜੀ ਨੇ ਲਭਾ ਦਿੱਤਾ ਹੈ।

ਵਿਸ਼ੇਸ਼-ਅਗਲੇ ਸ਼ਬਦ ਵਿਚ 'ਨਿਹਚਲ' ਨਾਮ ਨੂੰ ਤੇ ਮੁਕਤੀ ਦੇ ਟਿਕਾਣੇ ਨੂੰ ਦੱਸਣਗੇ।

ਨਿਰੁਕ੍ਤ-ਪੰਚ ਮਨਾਏ-ਪੰਚ=ਪੰਜ। ਮਨਾਏ=ਮਨਾ ਲਏ, ਰੁਸੇ ਹੋਏ ਰਾਜ਼ੀ ਕਰ ਲਏ। ਭਾਵ-ਸਤਿ, ਸੰਤੋਖ, ਦਇਆ, ਧਰਮ, ਧੀਰਜ। ਪੰਚ ਰੁਸਾਏ-ਮੰਨੇ ਹੋਏ ਪੰਜ ਰੁਸਾ ਲਏ। ਉਦਾਸ ਕਰ ਲਹੇ। ਭਾਵ-ਕਾਮ, ਕ੍ਰੋਧ, ਲੋਭ, ਮੋਹ, ਹੰਕਾਰ।

ਪੰਚ ਵਸਾਏ-ਸਤ ਸੰਤੋਖ ਆਦਿ ਜੋ ਮਨਾਏ ਸਨ ਵਸਾ ਲਏ। (ਅ) ਐਉਂ ਬੀ ਭਾਵ ਨਿਕਲ ਸਕਦਾ ਹੈ ਕਿ ਪੰਜਾਂ ਤੱਤਾਂ ਦੇ ਜੋ ਗੁਣ ਹਨ ਧਾਰਨ ਕੀਤੇ। ਪੰਜ ਤਤ:ਅਪ, ਤੇਜ, ਵਾਇ, ਪ੍ਰਿਥਵੀ, ਆਕਾਸ।

ਪੰਚ ਗਵਾਏ-ਪੰਜਾਂ ਨੂੰ ਗੁਆ ਦਿਤਾ। ਭਾਵ ਪੰਜਾਂ ਦੇ ਵੱਸ ਹੋਕੇ ਇਨ੍ਹਾਂ ਦਾ ਗ਼ਲਤ ਵਰਤਾਉ ਦੂਰ ਕੀਤਾ। ਵੁਠਾ-ਵਸਿਆ। ਵੱਸ ਪਿਆ। ਯਥਾ:-

ਕੰਨੁ ਕੋਈ ਕਢਿ ਨ ਹੰਘਈ ਨਾਨਕ ਵੁਠਾ ਘੁਘਿ ਗਿਰਾਉ ਜੀਉ ॥ ੫ ॥

[ਸਿਰੀ ਰਾਗੁ ਮਹਲਾ ੫,-੨੯]

ਦੁਰਤੁ- [ਸੰਸ:, ਦੁਰਤਜਯ:] ਕਠਨ ਸਾਧਜ। ਜਿਨ੍ਹਾਂ ਤੇ ਕਾਬੂ ਪਾਉਣਾ ਕਠਨ ਹੋਵੇ। ਭਾਵ ਹੈ ਕਾਮ ਕ੍ਰੋਧ ਆਦਿ ਮਾੜੇ ਕਰਮ ਤੇ ਹੋਰ ਮਾੜੇ ਸੁਭਾਵ। 'ਦੁਰਤ' ਪਾਪ ਨੂੰ ਬੀ ਆਖਦੇ ਹਨ। (ਦੇਖੋ ਪੰਨਾ ੨੪੦੭)

ਵਾਰਿ-[ਪੰਜਾ:,ਵਾੜ] ਵਾੜ। ਖੇਤੀ ਤੇ ਬੂਟਿਆਂ ਦੀ ਰਾਖੀ ਲਈ ਦੁਆਲੇ ਲਾਏ ਛਾਪੇ, ਤਾਰ, ਯਾ ਉਸਾਰੀ ਕੰਧ।

ਫਰਹੇ- [ਪੁ: ਪੰਜਾ:,] ਹੋੜੇ। ਦਰਵਾਜ਼ਿਆਂ ਨੂੰ ਲਾਏ ਕੁੰਡੇ, ਹੋੜੇ ਆਦਿ।

ਮੁਹਕਮ- [ਅ:, ਮੁਹ਼ਕਮ] ਪੱਕੇ। ਬਹੁਤ ਪੱਕੇ। ਨੀਤ-ਸਦਾ।

ਸਾਂਤਿ-ਸ਼ਾਂਤੀ, ਠੰਢ, ਸਤੋਗੁਣੀ ਸੁਭਾਵ। ਸਹਜ ਸੁਖ-ਹਠ ਤੇ ਜ਼ੋਰ ਤੋਂ ਬਿਨਾ ਪ੍ਰਾਪਤ ਸੁਖ। ਸਾਈਂ ਸਿਮਰਣ ਦੀ ਸਹਜ ਕਾਰ ਨਾਲ ਪ੍ਰਾਪਤ ਆਤਮ ਸੁਖ।

ਹਾਟ-ਹੱਟੀਆਂ। ਦੁਕਾਨਾਂ। ਟਿਕਾਣੇ। ਥਾਟ-ਥਾਂ, ਟਿਕਾਣਾ। ਥਾਟ ਦਾ ਅਰਥ ਬਣਾਉ ਤੇ ਪ੍ਰਬੰਧ ਬੀ ਹੁੰਦਾ ਹੈ।

ਜੇਜੀਆ, ਡੰਨੁ, ਜਗਾਤ-ਵਜਾਖਜਾ ਵਿਚ ਵੇਰਵਾ ਆ ਚੁਕਾ ਹੈ।

ਛਾਪ-ਉਹ ਲਿਖਤ ਯਾ ਪਰਵਾਨਾ ਜੋ ਕਿਸੇ ਅਖਤਜਾਰ ਵਾਲੇ ਵੱਲੋਂ ਜਾਰੀ ਹੋਵੇ।

(ਅ) ਮੋਹਰ ਲਗੀ ਹੋਈ ਪਾਤਸ਼ਾਹੀ ਆਗਜਾ ਦੀ ਲਿਖਤ।

ਘਰਿ-ਘਰ ਵਿਚ। ਸ੍ਵੈ ਸਰੂਪ ਤੇ ਉਸ ਤੋਂ ਸਾਈਂ ਸਰੂਪ ਵਿਚ।

ਸਮ੍ਾਰੇ-ਸਮ੍ਾਲੇ। ਯਾਦ ਕਰੇ। ਸਤਜ ਸਰੂਪ ਨੂੰ ਯਾਦ ਕਰੇ। ਜਦੋਂ ਨਾਮ ਸਿਮਰੇ। ਪਰਮਾਤਮ ਦੇਵ ਵਿਚ ਭਾਵਨਾ ਧਾਰੇ ਹੋਏ ਨਾਮ ਜਪਣਾ ਯਾ ਸਿਮਰਨਾ।

ਨਾਨਕ ਦੇਵ-ਸ੍ਰੀ ਗੁਰੂ ਨਾਨਕ ਦੇਵ ਜੀ। ਏਥੇ 'ਨਾਨਕ ਦੇਵ' ਪਦ ਸਤਿਗੁਰੂ ਜੀ ਦੀ 'ਕਵੀ ਛਾਪ' ਮਾਤ੍ਰ ਨਹੀਂ, ਸਗੋਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਲਖਾਯਕ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਸ਼ਬਦ ਵਿਚ ਆਖੀ ਪ੍ਰਾਪਤੀ ਨੂੰ, ਜੋ ਜੀਵਾਂ ਨੂੰ ਸਹਜ ਨਾਲ ਮਿਲ ਗਈ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਖਸ਼ੀ ਹੋਈ ਫ਼ੁਰਮਾ ਰਹੇ ਹਨ। ਅਪਣੇ ਆਪ ਨੂੰ 'ਨਾਨਕ ਦੇਵ' ਨਹੀਂ ਕਹਿ ਰਹੇ।

[ਆਸਾਵਰੀ ਮਹਲਾ ੫, ਅਸਟਪਦੀ, ੨-੩੯]

ਪ੍ਰਾਕ੍ਥਨ-ਆਪਣੇ ਮਨ ਦੁਆਰਾ ਜਗਜਾਸੂ ਪ੍ਰਤੀ ਨਾਮ ਦਾ ਉਪਦੇਸ਼ ਹੈ।

ਆਸਾਵਰੀ ਮਹਲਾ ੫ ਘਰੁ ੩ ੴ ਸਤਿਗੁਰ ਪ੍ਰਸਾਦਿ॥

[ਆਸਾਵਰੀ ਲਈ ਦੇਖੋ ਆਸਾ ਰਾਗ ਦਾ ਆਰੰਭ, ਸੰਥਜਾ ਪੋਥੀ ੫ ਦਾ ਪੰਨਾ ੨੧੯੬] ।

ਮੂਲ	ਅਰਥ
ਮੇਰੇ ਮਨ ਹਰਿ ਸਿਉ ਲਾਗੀ ਪ੍ਰੀਤਿ	ਹੇ ਮੇਰੇ ਮਨ ! ਹਰੀ ਨਾਲ ਪ੍ਰੀਤ ਲਗ ਰਹੀ ਹੈ। (ਉਸ ਹਰੀ ਨੂੰ)

ਸਾਧਸੰਗਿ ਹਰਿ ਹਰਿ ਜਪਤ ਨਿਰਮਲ ਸਾਚੀ ਰੀਤਿ ॥੧॥ਰਹਾਉ॥

ਹੇ ਹਰਿ ! ਹੇ ਹਰੀ ! ਕਰਕੇ ਸਾਧ ਸੰਗਤ ਵਿਚ ਜਪ ਰਿਹਾ ਹਾਂ, (ਇਹ) ਰੀਤਿ ਪਵਿਤ੍ਰ ਤੇ ਸੱਚੀ ਹੈ॥ ੧॥ ਰਹਾਉ॥

ਦਰਸਨ ਕੀ ਪਿਆਸ ਘਣੀ ਚਿਤਵਤ ਅਨਿਕ ਪ੍ਰਕਾਰ ॥ ਕਰਹੁ ਅਨੁਗ੍ਰਹੁ ਪਾਰਬ੍ਰਹਮ ਹਰਿ ਕਿਰਪਾ ਧਾਰਿ ਮੁਰਾਰਿ ॥੧॥

(ਪ੍ਰੰਤੂ ਪਹਿਲੋਂ ਹਰੀ ਦੇ) ਦਰਸ਼ਨ ਦੀ ਤ੍ਰਿਖਾ ਬਹੁਤ ਲਗ ਰਹੀ ਸੀ (ਤਦੋਂ) ਕਈ ਤਰਕੀਬਾਂ ਸੋਚੀਦੀਆਂ ਸਨ(ਤੇ ਅਰਦਾਸ ਕਰੀਦੀ ਸੀ)ਹੇ ਪਾਰਬ੍ਰਹਮ ! ਹੇ ਮੁਰਾਰ ! ਹੇ ਹਰੀ ! ਕ੍ਰਿਪਾ ਕਰੋ, ਅਨੁਗ੍ਰਹੁ (ਮਿਹਰ) ਕਰੋ॥ ੧॥

ਮਨੁ ਪਰਦੇਸੀ ਆਇਆ ਮਿਲਿਓ ਸਾਧ ਕੈ ਸੰਗਿ ॥ ਜਿਸੁ ਵਖਰ ਕਉ ਚਾਹਤਾ ਸੋ ਪਾਇਓ ਨਾਮਹਿ ਰੰਗਿ ॥੨॥

ਮਨ (ਮਾਨੋਂ ਐਉਂ ਹੋ ਰਿਹਾ ਸੀ ਜਿਵੇਂ ਕੋਈ) ਪਰਦੇਸ ਵਿਚ ਆ ਗਿਆ ਹੈ (ਭਾਵ ਉਦਾਸ ਰਹਿੰਦਾ ਸਾਂ, ਫੇਰ ਮੈਂ) ਸਾਧੂ ਦੇ ਸੰਗ ਵਿਚ ਮਿਲ ਪਿਆ (ਜਿਸ ਮੈਨੂੰ ਨਾਮ ਦਿਤਾ ਸੋ) ਜਿਸ ਸਉਦੇ ਨੂੰ ਮੈਂ (ਪਾਇਆ) ਚਾਹੁੰਦਾ ਸਾਂ ਉਹ ਨਾਮ ਦੇ ਪ੍ਰੇਮ ਦੁਆਰਾ ਮਿਲ ਗਿਆ॥ ੨॥

ਜੇਤੇ ਮਾਇਆ ਰੰਗ ਰਸ ਬਿਨਸਿ ਜਾਹਿ ਖਿਨ ਮਾਹਿ ॥ ਭਗਤ ਰਤੇ ਤੇਰੇ ਨਾਮ ਸਿਉ ਸੁਖੁ ਭੁੰਚਹਿ ਸਭ ਠਾਇ ॥੩॥

(ਸੋ ਹੇ ਮਨ !) ਮਾਇਆ ਦੇ ਜਿਤਨੇ (ਬੀ) ਪਿਆਰ ਹਨ (ਤੇ ਉਨ੍ਹਾਂ ਤੋਂ ਜਿਤਨੇ ਬੀ) ਰਸ ਪ੍ਰਾਪਤ ਹੁੰਦੇ ਹਨ (ਓਹ ਬਿਨਸਨ ਲਗਿਆਂ) ਪਲ ਵਿਚ ਬਿਨਸ ਜਾਂਦੇ ਹਨ, (ਪਰ) ਭਗਤ (ਲੋਕ) ਤੇਰੇ ਨਾਮ ਵਿਚ ਪ੍ਰੇਮੀ ਹੋਏ ਰਹਿੰਦੇ ਹਨ, (ਓਹ) ਸਭ ਥਾਂ ਸੁਖ ਭੋਗਦੇ ਹਨ॥ ੩॥

ਸਭੁ ਜਗੁ ਚਲਤਉ ਪੇਖੀਐ ਨਿਹਚਲੁ ਹਰਿ ਕੋ ਨਾਉ ॥ ਕਰਿ ਮਿਤ੍ਰਾਈ ਸਾਧ ਸਿਉ ਨਿਹਚਲੁ ਪਾਵਹਿ ਠਾਉ ॥੪॥

ਸਾਰਾ ਸੰਸਾਰ ਤੁਰਿਆ ਜਾਂਦਾ (ਭਾਵ ਚਲਾਇਮਾਨ) ਦੇਖੀਦਾ ਹੈ, (ਪਰ) ਹਰੀ ਦਾ ਨਾਮ ਚਲਾਯਮਾਨ ਨਹੀਂ ਹੁੰਦਾ। (ਭਾਵ ਹਰੀ ਦਾ ਨਾਮ ਹਰੀ ਵਾਂਙੂ ਨਿਹਚਲ ਹੈ ਤੇ ਨਿਹਚਲ ਹਰੀ ਵਿਚ ਪਹੁੰਚਾ ਦੇਂਦਾ ਹੈ। ਤਾਂਤੇ) ਸਾਧੂ ਨਾਲ ਮਿਤ੍ਰਤਾ ਪਾ, (ਤਾਂ ਜੋ ਤੂੰ ਹਰੀ ਰੂਪ) ਨਿਹਚਲ ਠਿਕਾਣਾ ਪਾ ਲਵੇਂ॥ ੪॥

ਮੀਤ ਸਾਜਨ ਸੁਤ ਬੰਧਪਾ ਕੋਊ ਹੋਤ ਨ ਸਾਥ ॥ ਏਕੁ ਨਿਵਾਹੂ ਰਾਮ ਨਾਮ ਦੀਨਾ ਕਾ ਪ੍ਰਭੁ ਨਾਥ ॥੫॥

(ਦੇਖ) ਮਿਤ੍ਰ, ਸੱਜਣ, ਪੁਤ੍ਰ, ਸਾਕ (ਇਨ੍ਹਾਂ ਵਿਚੋਂ) ਕੋਈ ਬੀ ਨਾਲ ਨਹੀਂ ਜਾਂਦਾ, (ਪਰ) ਇਕ ਰਾਮ ਦਾ ਨਾਮ (ਹੈ ਜੋ ਨਾਲ) ਨਿਬਾਹੂ ਹੁੰਦਾ ਹੈ (ਭਾਵ ਨਾਲ ਜਾਂਦਾ ਹੈ, ਉਹ) ਗਰੀਬਾਂ ਦਾ ਪ੍ਰਭੂ ਹੈ ਤੇ ਮਾਲਕ ਹੈ॥ ੫॥

ਚਰਨ ਕਮਲ ਬੋਹਿਥ ਭਏ ਲਗਿ ਸਾਗਰੁ ਤਰਿਓ ਤੇਹ ॥ ਭੇਟਿਓ ਪੂਰਾ ਸਤਿਗੁਰੂ ਸਾਚਾ ਪ੍ਰਭ ਸਿਉ ਨੇਹ ॥੬॥

(ਸੋ ਮੇਰੇ ਲਈ) ਚਰਨਾਂ ਕਮਲਾਂ (ਦਾ ਧਿਆਨ ਮਾਨੋਂ) ਜਹਾਜ਼ ਬਣ ਗਿਆ, ਉਨ੍ਹਾਂ ਨੂੰ ਲਗਕੇ (ਭਵ-) ਸਾਗਰ ਤਰਿਆ ਗਿਆ, (ਹਾਂ) ਪੂਰਾ ਸਤਿਗੁਰੂ (ਜਦੋਂ) ਮਿਲ ਪਿਆ (ਤਦ ਤੋਂ) ਪ੍ਰਭੂ ਨਾਲ ਸੱਚਾ ਪ੍ਰੇਮ (ਲਗ ਗਿਆ)॥ ੬॥

ਸਾਧ ਤੇਰੇ ਕੀ ਜਾਚਨਾ ਵਿਸਰੁ ਨ ਸਾਸਿ ਗਿਰਾਸਿ ॥ ਜੋ ਤੁਧੁ ਭਾਵੈ ਸੋ ਭਲਾ ਤੇਰੈ ਭਾਣੈ ਕਾਰਜ ਰਾਸਿ ॥੭॥

(ਹੁਣ ਹੇ ਪ੍ਰਭੂ ! ਇਸ) ਤੇਰੇ ਫਕੀਰ ਦੀ (ਇਹ) ਮੰਗ ਹੈ ਕਿ ਸਾਸ (ਲੈਂਦਿਆਂ ਕਿ) ਗਿਰਾਸ (ਲੰਘਾਉਂਦਿਆਂ ਤੂੰ ਮੈਨੂੰ) ਵਿਸਰ ਨਾ; (ਅਤੇ ਨਾਲ ਇਹ ਦਾਨ ਦੇਹ ਕਿ) ਜੋ ਤੈਨੂੰ ਭਾਵੇ ਉਹ (ਮੈਨੂੰ) ਚੰਗਾ ਲੱਗੇ (ਅਤੇ) ਤੇਰੇ ਭਾਣੇ ਵਿਚ (ਮੈਂ ਸਾਰੇ ਆਪਣੇ) ਕੰਮ ਰਾਸ (ਹੁੰਦੇ ਸਮਝਾਂ)॥ ੭॥

ਸੁਖ ਸਾਗਰ ਪ੍ਰੀਤਮ ਮਿਲੇ ਉਪਜੇ

(ਇਸ ਪ੍ਰਕਾਰ ਮੈਨੂੰ) ਸੁਖ ਦੇ ਸਮੁੰਦਰ ਪਿਆਰੇ (ਪ੍ਰਭੂ ਜੀ) ਮਿਲ

ਮਹਾ ਅਨੰਦ ॥ ਕਹੁ ਨਾਨਕ ਸਭ ਦੁਖ ਮਿਟੇ ਪ੍ਰਭ ਭੇਟੇ ਪਰਮਾਨੰਦ ॥੮॥੧॥੨॥ ੩੯॥	ਪਏ ਹਨ (ਜਿਸ ਕਰਕੇ) ਮਹਾਨ ਅਨੰਦ ਪੈਦਾ ਹੋ ਗਏ ਹਨ। ਕਹੁ ਹੇ ਨਾਨਕ ! ਸਾਰੇ ਦੁਖ ਮਿਟ ਗਏ ਹਨ (ਤੇ) ਪਰਮਾਨੰਦ (ਸਰੂਪ) ਪ੍ਰਭੂ ਮਿਲ ਪਏ ਹਨ॥ ੮॥ ੧॥ ੨॥ ੩੯॥

ਵਯਾਖਯਾ–ਆਪਣੇ ਤਜਰਬੇ ਦੇ ਰੂਪ ਵਿਚ ਜਗਯਾਸੂ ਪ੍ਰਤੀ ਨਾਮ ਦਾ ਉਪਦੇਸ਼ ਹੈ। ਬਾਕੀ ਭਾਵ ਸੁਗਮ ਹੈ।

ਨਿਰੁਕ੍ਤ–ਰੀਤਿ–ਵਿਧੀ, ਤ੍ਰੀਕਾ, ਡੌਲ। ਘਣੀ–ਬਹੁਤੀ।

ਪ੍ਰਕਾਰ–ਕਿਸਮਾਂ, ਤਰਕੀਬਾਂ। ਵਿਧੀਆਂ।

ਮੁਰਾਰਿ–ਮੁਰ ਰਾਖ਼ਸ਼ ਦਾ ਮਾਰਨ ਵਾਲਾ, ਯਾ ਹੰਕਾਰ ਨੂੰ ਮਾਰਨ ਵਾਲਾ। ਭਾਵ ਵਾਹਿਗੁਰੂ।

ਪਰਦੇਸੀ ਆਇਆ–(ਮਾਨੋਂ) ਪਰਦੇਸ ਵਿਚ ਆਏ ਹੋਏ (ਵਾਂਙੂ), ਭਾਵ ਹੈ ਉਦਾਸ। ਉਚਾਟ।

ਭੁੰਚਹਿ–ਖਾਂਦੇ ਹਨ, ਭੋਗਦੇ ਹਨ।

ਪੇਖੀਐ–ਦੇਖੀਦਾ ਹੈ। ਨਿਹਚਲੁ–ਜੋ ਨਾ ਚੱਲੇ। ਟਿਕਵਾਂ। ਸਦਾ ਰਹਿਣੇ ਵਾਲਾ। ਅਟੱਲ।

ਸੁਤ–ਪੁਤ੍ਰ। ਬੰਧਪਾ–ਸਾਕ।

ਨਿਵਾਹੂ–ਨਿਬਾਹ ਕਰਨੇ ਵਾਲਾ। ਨਿਭਣੇ ਵਾਲਾ।

ਬੋਹਿਥ–ਜਹਾਜ਼। ਤੇਹ–ਉਨ੍ਹਾਂ (ਚਰਨਾਂ ਨੂੰ)।

ਸਾਧ–ਸਾਧੂ, ਫਕੀਰ। ਆਪਣੇ ਆਪ ਨੂੰ ਕਹਿ ਰਹੇ ਹਨ ਕਿ ਮੈਂ ਤੇਰੇ ਦਰ ਦਾ ਫਕੀਰ ਹਾਂ।

ਜਾਚਨਾ–ਮੰਗ। ਭੇਟੇ–ਮਿਲ ਪਏ।

[ਆਸਾ ਮਹਲਾ ੫, ਅਸਟਪਦੀ, ੩-੪੦]

ਆਸਾ ਮਹਲਾ ੫ ਬਿਰਹੜੇ ਘਰੁ ੪

ਛੰਤਾ ਕੀ ਜਤਿ

੧ੴ ਸਤਿਗੁਰ ਪ੍ਰਸਾਦਿ॥

ਮੂਲ	ਅਰਥ
ਪਾਰਬ੍ਰਹਮੁ ਪ੍ਰਭੁ ਸਿਮਰੀਐ ਪਿਆਰੇ ਦਰਸਨ ਕਉ ਬਲਿ ਜਾਉ ॥੧॥	ਹੇ ਪਿਆਰੇ ! ਪਾਰਬ੍ਰਹਮ ਪ੍ਰਭੂ ਨੂੰ ਸਿਮਰਦੇ ਰਹੀਏ (ਜੇ ਦਰਸ਼ਨ ਹੋਵੇ, ਤਦ ਉਸ ਦੇ) ਦਰਸ਼ਨ ਤੋਂ ਸਦਕੇ ਹੋ ਜਾਈਏ॥ ੧॥
ਜਿਸੁ ਸਿਮਰਤ ਦੁਖ ਬੀਸਰਹਿ ਪਿਆਰੇ ਸੋ ਕਿਉ ਤਜਣਾ ਜਾਇ॥੨॥	ਹੇ ਪਿਆਰੇ ! ਜਿਸ ਦੇ ਸਿਮਰਣ (ਕਰਨ) ਨਾਲ ਦੁਖ ਦੂਰ ਹੁੰਦੇ ਹਨ, ਉਸ ਨੂੰ ਛਡਣਾ ਕਿਵੇਂ ਬਣਦਾ ਹੈ? (ਭਾਵ ਨਹੀਂ ਬਣਦਾ)॥ ੨॥
ਇਹੁ ਤਨੁ ਵੇਚੀ ਸੰਤ ਪਹਿ ਪਿਆਰੇ ਪ੍ਰੀਤਮੁ ਦੇਇ ਮਿਲਾਇ ॥੩॥	ਹੇ ਪਿਆਰੇ ! ਇਹ ਸਰੀਰ ਸੰਤ ਅੱਗੇ ਵੇਚ ਦੇਵੀਏ (ਜੋ ਸਾਨੂੰ) ਪ੍ਰੀਤਮ (ਪ੍ਰਭੂ) ਮਿਲਾ ਦੇਵੇ॥ ੩॥
ਸੁਖ ਸੀਗਾਰ ਬਿਖਿਆ ਕੇ ਫੀਕੇ ਤਜਿ ਛੋਡੇ ਮੇਰੀ ਮਾਇ ॥੪॥	(ਪ੍ਰਭੂ ਮਿਲਾਪ ਦੇ ਮਿੱਠੇ ਸੁਖ ਦੀ ਖ਼ਾਤਰ) ਹੇ ਮੇਰੀ ਮਾਂ ! ਮਾਇਆ ਦੇ ਸੁਖ ਤੇ ਸ਼ਿੰਗਾਰ (ਮੈਂ) ਫਿਕੇ (ਜਾਣਕੇ) ਛੱਡ ਛਡੇ ਹੋਏ ਹਨ॥ ੪॥

ਕਾਮੁ ਕ੍ਰੋਧੁ ਲੋਭੁ ਤਜਿ ਗਏ ਪਿਆਰੇ ਸਤਿਗੁਰ ਚਰਨੀ ਪਾਇ ॥੫॥	ਹੇ ਪਿਆਰੇ ! ਸਤਿਗੁਰੂ ਦੀ ਚਰਨੀ (ਜਦ ਆਪੇ ਨੂੰ) ਪਾ ਦਿੱਤਾ ਤਾਂ ਕਾਮ, ਕ੍ਰੋਧ, ਲੋਭ (ਸਾਰੇ ਮੈਨੂੰ) ਛਡ ਗਏ, (ਕਿਉਂਕਿ ਰਚ ਜੁ ਗਏ ਪ੍ਰਭੂ ਨਾਲ) ॥ ੫॥
ਜੋ ਜਨ ਰਾਤੇ ਰਾਮ ਸਿਉ ਪਿਆਰੇ ਅਨਤ ਨ ਕਾਹੂ ਜਾਇ ॥੬॥	ਹੇ ਪਿਆਰੇ ! ਜੋ ਪੁਰਖ ਪ੍ਰਭੂ ਨਾਲ ਰੱਤੇ ਜਾਂਦੇ ਹਨ ਓਹ ਹੋਰ ਕਿਸੇ ਪਾਸੇ ਨਹੀਂ ਜਾਂਦੇ (ਭਾਵ ਕਿਸੇ ਹੋਰ ਪਜਾਰ ਵਿਚ ਨਹੀਂ ਰਚਦੇ)॥ ੬॥
ਹਰਿ ਰਸੁ ਜਿਨ੍ਹੀ ਚਾਖਿਆ ਪਿਆਰੇ ਤ੍ਰਿਪਤਿ ਰਹੇ ਆਘਾਇ ॥੭॥	(ਕਿਉਂਕਿ ਹਰੀ ਦਾ ਪਜਾਰ ਇੰਨਾ ਮਿੱਠਾ ਹੈ ਕਿ) ਹੇ ਪਿਆਰੇ ! ਜਿਨ੍ਹਾਂ ਨੇ ਹਰੀ ਦਾ ਰਸ ਚੱਖ ਲਿਆ ਹੋਵੇ (ਓਹ ਉਸ ਨਾਲ) ਤ੍ਰਿਪਤ ਹੋ ਜਾਂਦੇ ਹਨ, (ਹਾਂ) ਪੂਰੀ ਤਰ੍ਹਾਂ ਰੱਜ ਜਾਂਦੇ ਹਨ (ਹੋਰ ਰਸ ਦੀ ਭੁੱਖ ਨਹੀਂ ਰਹਿੰਦੀ) ॥ ੭॥
ਅੰਚਲੁ ਗਹਿਆ ਸਾਧ ਕਾ ਨਾਨਕ ਭੈ ਸਾਗਰੁ ਪਾਰਿ ਪਰਾਇ ॥੮॥੧॥੩॥	(ਪਰ ਮੂਲਕ ਗੱਲ ਇਹ ਹੈ ਕਿ ਜਦੋਂ) ਸੰਤ ਦਾ ਪੱਲਾ ਫੜ ਲਿਆ, ਹੇ ਨਾਨਕ ! (ਤਦ) ਭਵ ਸਾਗਰ ਤੋਂ ਪਾਰ ਪੈ ਗਏ॥ ੮॥ ੧॥ ੩॥

ਵਜਾਖਜਾ–ਇਹ ਸ਼ਬਦ ਤੇ ਅਗਲਾ ਚੌਂਕੀ ਸਾਹਬ ਦੇ ਗਾਵੇਂ ਜਾਣ ਵਾਲੇ ਸ਼ਬਦਾਂ ਵਿਚੋਂ ਹਨ। ਸ੍ਰੀ ਦਰਬਾਰ ਸਾਹਿਬ ਰਾਤ ਨੂੰ ਜੋ ਸਿੰਘ ਸਿਖ ਮਾਈ ਭਾਈ ਕੀਰਤਨ ਕਰਦੇ ਅਕਾਲ ਬੁੰਗੇ ਤੋਂ ਸ਼ੁਰੂ ਹੋਕੇ ਵਡੀ ਪਰਿਕ੍ਰਮਾ ਕਰਕੇ ਫੇਰ ਅਕਾਲ ਬੁੰਗੇ ਆਕੇ ਫੇਰ ਦਰਸ਼ਨੀ ਦਰਵਾਜ਼ਾ ਲੰਘਕੇ ਪੁਲ ਤੋਂ ਜਾ ਛੋਟੀ ਪਰਿਕ੍ਰਮਾ ਕਰਕੇ ਛੋਟੇ ਦਰਸ਼ਨੀ ਦਰਵਾਜ਼ੇ ਅਗੇ ਸ਼ਬਦਾਂ ਦਾ ਭੋਗ ਪਾਕੇ ਅਰਦਾਸ ਕਰਦੇ ਹਨ ਉਸ ਨੂੰ ਚੌਂਕੀ ਸਾਹਿਬ ਆਖਦੇ ਹਨ।

ਸ਼ਬਦ ਵਿਚ ਸਾਰੀਆਂ ਤੁਕਾਂ ਵਿਚ ਸੰਬੋਧਨ ਪਿਆਰੇ ਹੈ, ਕਿਸੇ ਪਿਆਰੇ ਸਿਖ ਨੂੰ ਸੰਬੋਧਨ ਕਰਕੇ ਸਿਮਰਨ ਤੇ ਹਰੀ ਰਸ ਦਾ ਜ਼ਿਕਰ ਕਰਦੇ ਮਹੱਤਤਾ ਦੱਸ ਰਹੇ ਹਨ। ਕੇਵਲ ਅੰਕ ੪ ਵਿਚ ਸੰਬੋਧਨ ਮੇਰੀ ਮਾਇ ਹੈ। ਜਿਸ ਦਾ ਭਾਵ ਇਹ ਜਾਪਦਾ ਹੈ ਕਿ ਸਿਖਾਂ ਨੂੰ ਤਾਂ ਪਿਆਰੇ ਕਹਿਕੇ ਸੰਬੋਧਨ ਕਰ ਰਹੇ ਹਨ ਪਰ ਸਿਖਣੀਆਂ ਵਾਂਜੀਆਂ ਨਾ ਰਹਿਣ ਇਸ ਕਰਕੇ ਇਕ ਅੰਕ ਵਿਚ ਮਾਇ ਕਹਿਕੇ, ਸਭ ਨੂੰ ਮਾਤਾ ਕਹਿਕੇ ਸੰਬੋਧਨ ਕੀਤਾ ਹੈ; ਇਸ ਕਰਕੇ ਬੀ ਕਿ ਮਾਵਾਂ ਪੁਤਰਾਂ ਦੇ ਸਰੀਰਕ ਸੁਖਾਂ ਦਾ ਫਿਕਰ ਕਰਦੀਆਂ ਹਨ। ਇਉਂ ਬੀ ਦਾਨੇ ਇਸ ਨੁਕਤੇ ਨੂੰ ਹੱਲ ਕਰਦੇ ਹਨ ਕਿ ਮਾਇ ਦਾ ਸੰਬੋਧਨ ਮਾਇਆ ਨੂੰ ਹੈ ਕਿ ਤੇਰੇ ਸੁਖ ਮੈਂ ਸਾਰੇ ਫਿਕੇ ਜਾਣਕੇ ਛਡ ਦਿਤੇ ਹਨ।

ਇਕ ਹੋਰ ਨੁਕਤਾ ਬੀ ਇਸ ਅੰਕ ਵਿਚ ਧਜਾਨ ਗੋਚਰਾ ਹੈ ਕਿ ਆਪ ਫੁਰਮਾ ਰਹੇ ਹਨ ਕਿ ਮੈਂ ਮਾਇਆ ਦੇ ਸਾਰੇ ਸੁਖ ਛੱਡ ਦਿਤੇ ਹਨ, ਮਤੋਂ ਇਹ ਕਹਿਣਾ 'ਹਉਮੈ' ਦਾ ਲਖਾਯਕ ਨਾ ਹੋ ਜਾਵੇ, ਅਗਲੇ ਅੰਕ ੫ ਵਿਚ ਕਹਿੰਦੇ ਹਨ ਕਿ ਇਹ ਤਾਂ ਸਤਿਗੁਰ ਦੇ ਚਰਨਾਂ ਦਾ ਪ੍ਰਤਾਪ ਹੈ ਕਿ ਕਾਮ ਕ੍ਰੋਧ ਆਦਿ ਸਾਰੇ ਆਪੇ ਮੈਨੂੰ ਛਡ ਗਏ ਹਨ। ਸਤਿਗੁਰ ਦੀ ਮਿਹਰ ਦਾ ਪ੍ਰਤਾਪ ਦੱਸਕੇ ਅੰਕ ੬ ਵਿਚ ਵਾਹਿਗੁਰੂ ਪ੍ਰੇਮ ਦਾ ਪ੍ਰਤਾਪ ਦੱਸਦੇ ਹਨ ਕਿ ਗੁਰੂ ਨੇ ਜਿਸ ਸਾਈਂ ਪ੍ਰੇਮ ਵਿਚ ਲਾ ਦਿਤਾ ਹੈ ਉਸ ਦਾ ਇਹ ਪ੍ਰਤਾਪ ਹੈ ਕਿ ਉਹ ਮਨ ਨੂੰ ਕਿਸੇ ਹੋਰ ਪ੍ਰੇਮ ਵਿਚ ਲਗਣ ਹੀ ਨਹੀਂ ਦੇਂਦਾ।

ਅੰਕ ੭ ਵਿਚ ਸਾਈਂ ਪ੍ਰੇਮ ਕਰਨ ਨਾਲ ਜੋ ਹਰੀ ਰਸ ਪ੍ਰਾਪਤ ਹੁੰਦਾ ਹੈ ਉਸ ਦਾ ਫਲ ਦੱਸਦੇ ਹਨ ਕਿ ਹਰੀ ਰਸ ਚੱਖਣ ਵਾਲੇ ਉਸ ਨਾਲ ਤ੍ਰਿਪਤ ਹੋ ਜਾਂਦੇ ਹਨ, ਹੋਰ ਕਿਸੇ ਰਸ ਦੀ ਭੁੱਖ ਹੀ ਨਹੀਂ ਰਹਿੰਦੀ। ਤ੍ਰਿਪਤ ਕਹਿਕੇ ਫੇਰ ਅਘਾਇ ਕਹਿੰਦੇ ਹਨ। ਜੋ ਨੱਕ ਤਕ ਰੱਜ ਜਾਏ ਉਸ ਨੂੰ 'ਅਘਾਇ' ਕਹੀਦਾ ਹੈ। ਭਾਵ ਇਹ ਹੁੰਦਾ ਹੈ ਕਿ ਰੱਜਣ ਤੋਂ, ਤ੍ਰਿਪਤੀ ਤੋਂ ਕੋਈ ਹੋਰ ਅਤਿ ਰੱਜਵਾਂ ਅਸਰ ਹੋ ਜਾਂਦਾ ਹੈ।

ਅੰਕ ੮ ਵਿਚ ਇਸ ਅਤਿ ਤ੍ਰਿਪਤੀ ਦਾ ਫਲ ਦੱਸਦੇ ਹਨ ਕਿ ਕੀ ਹੁੰਦਾ ਹੈ, ਕਿ ਐਸਾ ਪੁਰਖ ਭੈ ਸਾਗਰ ਤੋਂ ਪਾਰ ਹੋ ਜਾਂਦਾ ਹੈ, ਭਾਵ ਪਰਮ ਪਦ ਨੂੰ ਪਹੁੰਚ ਪੈਂਦਾ ਹੈ। ਇਹ ਦੱਸਕੇ ਫੇਰ ਮੂਲਕ ਗੱਲ ਦੁਹਰਾਉਂਦੇ ਹਨ ਕਿ ਇਹ ਪ੍ਰਤਾਪ ਸੰਤ ਦੇ ਲੜ ਫੜਨ ਦਾ ਹੈ ਜੋ ਗਲ ਕਿ ਅੰਕ ੩ ਵਿਚ ਕਹਿ ਆਏ ਹਨ ਕਿ ਸੰਤ ਪ੍ਰੀਤਮ ਪ੍ਰਭੂ ਮਿਲਾ ਦੇਂਦਾ ਹੈ।

ਨਿਰੁਕ੍ਤ–ਬੀਸਰਹਿ–ਵਿਸਰਜਨ ਹੁੰਦੇ ਹਨ। ਦੂਰ ਹੁੰਦੇ ਹਨ।

ਬਿਖਿਆ–ਮਾਇਆ। ਅਨਤ–ਹੋਰਥੇ। ਹੋਰ ਕਿਸੇ (ਦੇ ਮਗਰ) ਨਹੀਂ ਜਾਂਦੇ।

ਆਘਾਇ–ਅਤਿ ਰਜਿਆ। ਅਰਥ ਵਜਾਖਜਾ ਵਿਚ ਆ ਚੁਕਾ ਹੈ।

ਅੰਚਲ–ਪੱਲਾ। ਲੜ। ਅੰਚਲ ਗਹਿਨਾ–ਪੱਲਾ ਫੜਨਾ। ਭਾਵ ਹੈ ਮਗਰ ਲਗਣਾ, ਉਸੇ ਦਾ ਹੋ ਰਹਿਣਾ। ਜਿਵੇਂ ਵਿਆਹ ਵੇਲੇ ਕਾਕੀ ਪਤੀ ਦਾ ਪੱਲਾ ਫੜਕੇ ਉਸੇ ਦੀ ਸਾਰੀ ਹੋ ਜਾਂਦੀ ਹੈ। ਗਹਿਆ–ਫੜਿਆ।

[ਆਸਾ ਮਹਲਾ ੫, ਅਸਟਪਦੀ ੪–੪੧]

ਪ੍ਰਾਕ੍ਥਨ–ਪਿਛਲੇ ਸ਼ਬਦ ਵਿਚ ਪ੍ਰੀਤਮ ਨੂੰ ਮਿਲ ਪੈਕੇ ਭੈ ਸਾਗਰ ਪਾਰ ਪੈ ਜਾਣਾ ਦੱਸਿਆ ਸੀ, ਹੁਣ ਉਹੋ ਗਲ ਪਹਿਲੀ ਸਤਰ ਵਿਚ ਦੁਹਰਾਕੇ ਉਪਦੇਸ਼ ਦੇਂਦੇ ਹਨ।

ਮੂਲ	ਅਰਥ
ਜਨਮ ਮਰਣ ਦੁਖੁ ਕਟੀਐ ਪਿਆਰੇ ਜਬ ਭੇਟੈ ਹਰਿ ਰਾਇ ॥੧॥	ਹੇ ਪਿਆਰੇ ! ਜਦ ਹਰੀ ਰਾਇ (=ਵਾਹਿਗੁਰੂ) ਮਿਲ ਪਵੇ ਤਾਂ ਜਨਮ ਮਰਣ ਦਾ ਦੁਖ ਕੱਟਿਆ ਜਾਂਦਾ ਹੈ (ਭਾਵ ਭੈ ਸਾਗਰ ਤੋਂ ਪਾਰ ਪੈ ਜਾਈਦਾ ਹੈ)॥ ੧॥
ਸੁੰਦਰੁ ਸੁਘਰੁ ਸੁਜਾਣੁ ਪ੍ਰਭੁ ਮੇਰਾ ਜੀਵਨੁ ਦਰਸੁ ਦਿਖਾਇ ॥੨॥	(ਉਹ) ਮੇਰਾ (ਹਰਿਰਾਇ) ਸੁੰਦਰ ਹੈ, ਸੁਘੜ ਹੈ ਤੇ ਗਜਾਨ ਸਰੂਪ ਹੈ, ਮਾਲਕ ਹੈ (ਤੇ ਮੇਰਾ) ਜੀਵਨ ਹੈ (ਉਹ ਕਿਵੇਂ ਮੈਨੂੰ ਆਪਣਾ) ਦਰਸ ਦਿਖਾਵੇ॥ ੨॥
ਜੋ ਜੀਅ ਤੁਝ ਤੇ ਬੀਛੁਰੇ ਪਿਆਰੇ ਜਨਮਿ ਮਰਹਿ ਬਿਖੁ ਖਾਇ ॥੩॥	ਹੇ ਪਿਆਰੇ (ਹਰਿ ਰਾਇ !) ਜੋ ਜੀਵ ਤੈਥੋਂ ਵਿਛੁੜੇ ਹਨ (ਓਹ) ਜੰਮਦੇ ਮਰਦੇ ਰਹਿੰਦੇ ਹਨ, (ਕਿਉਂਕਿ ਵਿਸ਼ਿਆਂ ਦਾ) ਵਿਹੁ ਖਾਂਦੇ ਰਹਿੰਦੇ ਹਨ ॥ ੩॥
ਜਿਸੁ ਤੂੰ ਮੇਲਹਿ ਸੋ ਮਿਲੈ ਪਿਆਰੇ ਤਿਸ ਕੈ ਲਾਗਉ ਪਾਇ ॥੪॥	ਹੇ ਪਿਆਰੇ ! ਜਿਸ ਨੂੰ ਤੂੰ ਮੇਲ ਲੈਂਦਾ ਹੈ ਉਹ (ਤੈਨੂੰ) ਮਿਲ ਪੈਂਦਾ ਹੈ, ਉਸ ਦੇ (ਮੈਂ) ਚਰਨੀ ਲੱਗਾਂ (ਇਹ ਮੇਰੀ ਚਾਹਨਾ ਹੈ, ਤਾਂ ਜੋ ਉਹ ਮੈਨੂੰ ਤੇਰਾ ਦਰਸ਼ਨ ਕਰਾਵੇ)॥ ੪॥
ਜੋ ਸੁਖੁ ਦਰਸਨੁ ਪੇਖਤੇ ਪਿਆਰੇ ਮੁਖ ਤੇ ਕਹਣੁ ਨ ਜਾਇ ॥੫॥	ਹੇ ਪਿਆਰੇ ! (ਤੇਰੇ) ਦਰਸ਼ਨ ਦੇਖਣੇ ਦਾ ਜੋ ਸੁਖ ਹੈ ਸੋ ਮੂੰਹੋਂ ਕਿਹਾ ਨਹੀਂ ਜਾ ਸਕਦਾ (ਭਾਵ ਅਕਹਿ ਸੁਖ ਹੈ)॥ ੫॥
ਸਾਚੀ ਪ੍ਰੀਤਿ ਨ ਤੁਟਈ ਪਿਆਰੇ ਜੁਗੁ ਜੁਗੁ ਰਹੀ ਸਮਾਇ ॥੬॥	ਹੇ ਪਿਆਰੇ ! (ਤੇਰੇ ਨਾਲ ਲੱਗੀ ਪ੍ਰੀਤ) ਸੱਚੀ ਪ੍ਰੀਤ ਹੈ, (ਉਹ ਲੱਗੀ ਹੋਈ) ਟੁੱਟਦੀ ਨਹੀਂ, (ਉਹ) ਜੁਗ ਜੁਗ ਲੱਗੀ ਟੁਰੀ ਰਹਿੰਦੀ ਹੈ॥ ੬॥
ਜੋ ਤੁਧੁ ਭਾਵੈ ਸੋ ਭਲਾ ਪਿਆਰੇ ਤੇਰੀ ਅਮਰੁ ਰਜਾਇ ॥੭॥	ਹੇ ਪਿਆਰੇ ! ਜੋ ਤੈਨੂੰ ਭਾਵੇ ਉਹੀ ਭਲਾ ਹੈ, ਤੇਰੀ ਰਜ਼ਾ ਸਦਾ ਕਾਯਮ ਰਹਿੰਦੀ ਹੈ॥ ੭॥

ਨਾਨਕ ਰੰਗਿ ਰਤੇ ਨਾਰਾਇਣੈ ਪਿਆਰੇ ਮਾਤੇ ਸਹਜਿ ਸੁਭਾਇ ॥੮॥੨॥੪॥	ਹੇ ਨਾਨਕ ! ਜੋ ਪਿਆਰੇ ਨਾਰਾਇਣ ਦੇ ਪਿਆਰ ਵਿਚ ਰੰਗੇ ਗਏ ਹਨ ਓਹ ਸਹਜ ਸੁਭਾ (ਪ੍ਰੇਮ-) ਮਗਨ ਰਹਿੰਦੇ ਹਨ॥ ੮॥ ੨॥ ੪॥

ਵ੍ਯਾਖ੍ਯਾ-ਪਿਛਲੇ ਸ਼ਬਦ ਵਿਚ 'ਪਿਆਰੇ' ਪਦ ਕਿਸੇ ਪ੍ਰੇਮੀ ਸਿਖ ਪ੍ਰਤੀ ਸੰਬੋਧਿਤ ਸੀ, ਇਸ ਸ਼ਬਦ ਵਿਚ ਅੰਕ ੧ ਵਿਚ ਤਾਂ ਉਸੇ ਤਰ੍ਹਾਂ ਹੈ ਪਰ ਅੰਕ ੨ ਵਿਚ ਇਹ ਪਦ ਹੀ ਨਹੀਂ, ਤੇ ਅੰਕ ੩ ਤੋਂ 'ਪਿਆਰੇ' ਪਦ ਵਾਹਿਗੁਰੂ ਦਾ ਸੰਬੋਧਨ ਹੈ।

ਅੰਕ ੧ ਵਿਚ ਪਿਛਲੇ ਸ਼ਬਦ ਦਾ ਸਾਰੰਸ਼ ਹੈ ਕਿ ਹਰਿ ਰਾਇ ਦਾ ਮਿਲਾਪ ਜਨਮ ਮਰਨ ਕੱਟ ਦੇਂਦਾ ਹੈ, ਇਹ ਹੈ ਭੈ ਸਾਗਰ ਤੋਂ ਪਾਰ ਪੈਣਾ।

ਅੰਕ ੨ ਵਿਚ ਉਸ ਹਰਿ ਰਾਇ ਦੀ ਦਰਸ ਪਿਆਸਾ ਹੈ, ਉਸ ਹਰਿ ਰਾਇ ਨੂੰ ਸੁੰਦਰ ਕਿਹਾ ਹੈ, ਸੁਜਾਣ ਕਿਹਾ ਹੈ ਕਿ ਉਹ ਗ੍ਯਾਨ ਸਰੂਪ ਹੈ, 'ਸੁਘਰੁ' ਦਾ ਭਾਵ ਹੈ ਕਿ ਬਿਨਾ ਤਜਰਬੇ ਦੇ ਜਾਣਦਾ ਹੈ, ਸ੍ਵੈ ਘਰ=ਅਪਣੇ ਆਪ ਹੀ ਸਭ ਤਜਰਬੇ ਵਾਲੇ ਗਜਾਨ ਦਾ ਜਾਣੂ ਹੈ। ਦੋਹਾਂ ਪਦਾਂ ਦਾ ਭਾਵ ਹੈ ਕਿ ਉਸ ਵਿਚ 'ਜਾਣਨੇ ਦਾ ਕਮਾਲ' ਹੈ। 'ਮੇਰਾ' ਕਹਿਕੇ ਇਹ ਜਣਾਇਆ ਕਿ ਉਹ ਮੇਰਾ ਪ੍ਰੀਤਮ ਹੈ, ਜਿਸ ਨੂੰ ਮੈਂ ਆਪਣਾ ਕਹਿ ਸਕਦਾ ਹਾਂ। ਮੇਰਾ ਜੀਵਨ ਹੈ, ਮੇਰਾ ਮਾਲਕ ਹੈ।

ਅੰਕ ੩ ਵਿਚ ਉਸ ਪ੍ਰਭੂ ਤੋਂ ਵਿਛੁੜਿਆਂ ਦੀ ਮਾੜੀ ਗਤੀ ਦੱਸੀ ਹੈ, ਕਾਰਣ ਤੇ ਕਾਰਜ ਅੱਧੀ ਸਤਰ ਵਿਚ ਜਣਾ ਦਿਤਾ ਨੇ। ਕਾਰਣ ਹੈ ਬਿਖ ਖਾਣਾ, ਵਿਸ਼ਿਆਂ ਵਿਚ ਲਗੇ ਰਹਿਣਾ। ਕਾਰਜ ਹੈ ਜਨਮ ਮਰਨ ਦਾ ਗੇੜ ਬਣੇ ਰਹਿਣਾ।

ਅੰਕ ੪ ਵਿਚ, ਵਾਹਿਗੁਰੂ ਦੀ ਮੇਹਰ ਉਸ ਦੇ ਸ੍ਵੈਧੀਨ ਹੈ, ਇਹ ਕਹਿਕੇ ਮੇਹਰ ਪਾਤ੍ਰ ਦੇ ਦਰਸ਼ਨ ਦੀ ਸਿੱਕ ਤੇ ਸੇਵਾ ਕਰਨ ਦਾ ਜਗਜਾਸੂ ਦਾ ਭਾਵ ਜਤਾਇਆ ਹੈ। ਕਿਉਂ? ਇਸ ਲਈ ਕਿ ਉਹ ਪ੍ਰਭੂ ਦੇ ਦਰਸ਼ਨ ਕਰਾ ਦੇਣੇ ਨੂੰ ਸਮਰਥ ਹੁੰਦਾ ਹੈ।

ਅੰਕ ੫ ਵਿਚ ਇਸ ਪ੍ਰਸ਼ਨ ਦਾ ਉੱਤਰ ਹੈ ਕਿ ਦਰਸ਼ਨ ਦਾ ਵੇਰਵਾ ਵਰਣਨ ਕਰੋ ਕਿ ਕਿਹੋ ਜਿਹਾ ਹੁੰਦਾ ਹੈ? ਤਦ ਉੱਤਰ ਦੇਂਦੇ ਹਨ ਕਿ ਉਹ ਅਕਹਿ ਵਸਤੂ ਹੈ। ਉਹ ਪ੍ਰਾਪਤ ਹੋਕੇ ਮਾਣੀ ਜਾਂਦੀ ਹੈ, ਵਰਣਨ ਨਹੀਂ ਹੋ ਸਕਦੀ।

ਅੰਕ ੬ ਵਿਚ ਪ੍ਰੀਤ ਦਾ ਜ਼ਿਕਰ ਹੈ। ਅੰਕ ੩ ਵਿਚ ਵਿਛੁੜਿਆਂ ਦਾ ਭਾਵ ਪ੍ਰੀਤ ਹੀਨਾਂ ਦਾ ਜ਼ਿਕਰ ਸੀ, ਹੁਣ ਮਿਲਿਆਂ ਦੀ ਪ੍ਰੀਤ ਦਾ ਜ਼ਿਕਰ ਹੈ ਕਿ ਦੁਨੀਆਂ ਦੀਆਂ ਪ੍ਰੀਤਾਂ ਸੱਚੀਆਂ ਨਹੀਂ, ਲਗ ਲਗ ਕੇ ਟੁੱਟ ਪੈਂਦੀਆਂ ਹਨ, ਪਰ ਪ੍ਰਭੂ ਨਾਲ ਜੋ ਪ੍ਰੀਤ ਹੈ ਇਹ ਸੱਚੀ ਹੈ, ਲਗੀ ਟੁੱਟਦੀ ਨਹੀਂ, ਐਸੀ ਪੱਕੀ ਕਿ ਜਨਮ ਪਲਟ ਜਾਏ, ਜੁਗ ਤੋਂ ਜੁਗ ਬਦਲਣ, ਪਰ ਪ੍ਰੀਤ ਨਹੀਂ ਟੁੱਟਦੀ; ਉਹ ਅੰਦਰ ਸਮਾਈ ਹੀ ਰਹਿੰਦੀ ਹੈ। ਇਸ ਵਿਚ ਇਹ ਸੈਨਤ ਬੀ ਹੈ ਕਿ ਕਿਸੇ ਨੂੰ ਪ੍ਰੀਤ ਲਗੀ, ਉਹ ਪਰਮ ਪਦ ਨੂੰ ਨਹੀਂ ਸੀ ਪੁੱਜਾ ਕਿ ਮ੍ਰਿਤੂ ਆ ਗਈ, ਜਦ ਨਵੇਂ ਜਨਮ ਆਵੇਗਾ ਤਾਂ ਉਹ ਪ੍ਰੀਤ ਅੰਦਰ ਹੋਵੇਗੀ ਤੇ ਫੇਰ ਉਗਮ ਕੇ ਸਾਮਰਤੱਖ ਹੋ ਜਾਏਗੀ।

ਅੰਕ ੭-ਹੁਣ ਦੱਸਦੇ ਹਨ ਕਿ ਇਹ ਪ੍ਰੀਤ ਜੋ ਸਾਨੂੰ ਮਿਲੀ ਹੈ ਤੇਰੀ ਅਮਰ ਰਜ਼ਾ ਨਾਲ ਮਿਲੀ ਹੈ। ਇਹ ਇਸ਼ਾਰਾ ਬੀ ਹੈ ਕਿ ਤੇਰੀ ਰਜ਼ਾ ਅਮਿਟ ਵਸਤੂ ਹੈ, ਇਹ ਵਸਤੂ ਹੈ ਜੋ ਸੱਚੀ ਪ੍ਰੀਤ ਵਾਲੇ ਨੂੰ ਪ੍ਰਾਪਤ ਹੁੰਦੀ ਹੈ। ਓਹ ਰਜ਼ਾ ਤੇ ਟੁਰਨ ਵਾਲੇ ਉਸ ਦੀ ਰਜ਼ਾ ਨੂੰ ਸਦਾ ਭਲੀ ਸਮਝਦੇ ਹਨ ਤੇ ਉਸ ਨੂੰ ਅਮਿਟ ਮੰਨਕੇ ਰਜ਼ਾ ਵਿਚ ਰਾਜ਼ੀ ਰਹਿੰਦੇ ਹਨ।

ਅੰਕ ੮ ਵਿਚ ਦੱਸਿਆ ਹੈ: ਪ੍ਰਭੂ ਦੇ ਪਿਆਰ ਵਿਚ ਰਤੇ ਸਹਜ ਸੁਭਾ ਵਿਚ ਵਰਤਦੇ ਹਨ, ਸ਼ਾਂਤੀ ਠੰਢ ਤੇ ਟਿਕਾਉ ਵਿਚ ਹੁੰਦੇ ਹਨ। ਜੋ ਲੋਕ ਸਹਜ ਵਿਚ ਨਹੀਂ ਪਰ ਮਸਤੀਆਂ ਤੇ ਉਛਲਵੇਂ ਨੱਚ ਕੁੱਦ

ਖੇਡਾਂ ਸਿਰ ਮਾਰਨੇ ਆਦਿ ਅਸਹਜ ਵਰਤਾਉ ਵਰਤਦੇ ਹਨ, ਓਹ ਗੁਰਮਤਿ ਅਨੁਸਾਰੀ ਪਜਾਰੇ ਦੇ ਰੰਗ ਰਤੇ ਨਹੀਂ।

ਨਿਰੁਕ੍ਤ-ਸੁਘਰੁ ਸੁਜਾਣੁ-ਵਜਾਖਜਾ ਵਿਚ ਵੇਰਵਾ ਆ ਚੁਕਾ ਹੈ।

ਬਿਖੁ-ਜ਼ਹਰ, ਵਿਹੁ, ਵਿਸ਼ਿਆਂ ਰੂਪੀ ਵਿਹੁ। ਪੇਖਤੇ-ਦੇਖਦਿਆਂ, ਦੇਖਣੇ ਨਾਲ।

ਅਮਰੁ-ਜੋ ਸਦਾ ਜੀਵੇ। ਅਮਿਟ। ਮਾਤੇ-ਮਸਤ ਹੁੰਦੇ ਹਨ।

[ਆਸਾ ਮਹਲਾ ੫, ਅਸਟਪਦੀ ੫-੪੨]

ਮੂਲ	ਅਰਥ
ਸਭ ਬਿਧਿ ਤੁਮ ਹੀ ਜਾਨਤੇ ਪਿਆਰੇ ਕਿਸੁ ਪਹਿ ਕਹਉ ਸੁਨਾਇ ॥੧॥	ਹੇ ਪਿਆਰੇ (ਪ੍ਰਭੂ ! ਸਾਡੀਆਂ) ਸਾਰੀਆਂ ਬਿਧਾਂ (ਭਾਵ ਦਸ਼ਾਂ) ਤੁਸੀਂ (ਆਪੇ) ਜਾਣਦੇ ਹੋ, (ਮੈਂ) ਕਿਸਨੂੰ ਆਖਕੇ ਸੁਣਾਵਾਂ॥ ੧॥
ਤੂੰ ਦਾਤਾ ਜੀਆ ਸਭਨਾ ਕਾ ਤੇਰਾ ਦਿਤਾ ਪਹਿਰਹਿ ਖਾਇ ॥੨॥	ਤੂੰ (ਹੀ) ਸਾਰਿਆਂ ਜੀਵਾਂ ਦਾ ਦਾਤਾ ਹੈ, ਤੇਰਾ ਦਿੱਤਾ ਹੀ (ਸਾਰੇ) ਪਹਿਨਦੇ ਤੇ ਖਾਂਦੇ ਹਨ॥ ੨॥
ਸੁਖੁ ਦੁਖੁ ਤੇਰੀ ਆਗਿਆ ਪਿਆਰੇ ਦੂਜੀ ਨਾਹੀ ਜਾਇ ॥੩॥	ਹੇ ਪਿਆਰੇ ! ਸੁਖ ਤੇ ਦੁਖ (ਦੁਇ) ਤੇਰੀ ਆਗਿਆ (ਵਿਚ ਆਉਂਦੇ ਹਨ, ਹੋਰ ਕੋਈ) ਦੂਜਾ ਟਿਕਾਣਾ ਨਹੀਂ (ਜਿਸ ਵੱਲ ਅਸੀਂ ਤੱਕੀਏ। ਭਾਵ ਸੁਖ ਦੁਖ ਤੇਰੀ ਆਗਿਆ ਸਮਝਦੇ ਹਾਂ, ਦੁਖ ਟਾਰਨ ਤੇ ਸੁਖ ਪ੍ਰਾਪਤੀ ਲਈ ਹੋਰ ਉਪਾਉ: ਗ੍ਰੈਹ ਨਿਵਾਰਨ, ਉਜਾਪਣ, ਮੜ੍ਹੀਆਂ ਪੂਜਨ ਆਦਿ ਨਹੀਂ ਕਰਦੇ)॥ ੩॥
ਜੋ ਤੂੰ ਕਰਾਵਹਿ ਸੋ ਕਰੀ ਪਿਆਰੇ ਅਵਰੁ ਕਿਛੁ ਕਰਣੁ ਨ ਜਾਇ ॥ ੪॥	(ਨਾਮ ਬਾਣੀ ਭਜਨ ਆਦਿ ਜੋ ਕੁਛ ਕਰਦੇ ਹਾਂ ਸੋ ਬੀ) ਤੂੰ ਜੋ ਕਰਾਉਂਦਾ ਹੈਂ ਉਹ ਕਰਦੇ ਹਾਂ, ਹੋਰ (ਸਾਥੋਂ ਆਪਣੀ ਹਉਂ ਨਾਲ) ਹੇ ਪਿਆਰੇ ! ਕੁਛ ਨਹੀਂ ਕੀਤਾ ਜਾਂਦਾ॥ ੪॥
ਦਿਨੁ ਰੈਣਿ ਸਭ ਸੁਹਾਵਣੇ ਪਿਆਰੇ ਜਿਤੁ ਜਪੀਐ ਹਰਿ ਨਾਉ ॥੫॥	ਹੇ ਪਿਆਰੇ ! ਜਦੋਂ ਹਰੀ ਦਾ ਨਾਮ ਜਪੀਦਾ ਹੈ ਉਹ ਦਿਨ ਤੇ ਰਾਤ ਸਭੇ ਸੁਹਾਵਣੇ (ਲੰਘਦੇ) ਹਨ॥ ੫॥
ਸਾਈ ਕਾਰ ਕਮਾਵਣੀ ਪਿਆਰੇ ਧੁਰਿ ਮਸਤਕਿ ਲੇਖੁ ਲਿਖਾਇ ॥੬॥	(ਇਸ ਵਿਚ ਸਾਡੀ ਵਡਿਆਈ ਕੋਈ ਨਹੀਂ, ਅਸਾਂ ਤਾਂ) ਉਹੋ ਕਾਰ ਕਮਾਉਣੀ ਹੋਈ ਜਿਸ ਦੇ ਧੁਰੋਂ ਹੇ ਪਿਆਰੇ ! (ਤੁਸਾਂ ਸਾਡੇ) ਮੱਥੇ ਤੇ ਲੇਖ ਲਿਖਾ ਦਿੱਤੇ ਹਨ॥ ੬॥
ਏਕੋ ਆਪਿ ਵਰਤਦਾ ਪਿਆਰੇ ਘਟਿ ਘਟਿ ਰਹਿਆ ਸਮਾਇ ॥੭॥	ਹੇ ਪਿਆਰੇ ! (ਤੂੰ) ਇਕੋ (ਹੈਂ ਜੋ ਸਾਰੇ) ਆਪ ਵਰਤ ਰਿਹਾ ਹੈਂ ਤੇ ਫੇਰ ਹਰ ਸਰੀਰ ਵਿਚ ਸਮਾ ਰਿਹਾ ਹੈਂ॥ ੭॥
ਸੰਸਾਰ ਕੂਪ ਤੇ ਉਧਰਿ ਲੈ ਪਿਆਰੇ ਨਾਨਕ ਹਰਿ ਸਰਣਾਇ ॥੮॥ ੩॥੨੨॥੧੫॥੨॥੪੨॥	ਹੇ ਪਿਆਰੇ ! (ਇਸ) ਖੂਹ ਰੂਪੀ ਸੰਸਾਰ ਤੋਂ (ਸਾਨੂੰ) ਬਚਾ ਲੈ, ਹੇ ਹਰੀ ! (ਤੇਰੀ) ਸ਼ਰਣ ਆਏ ਹਾਂ। (ਬਿਨੈ ਕਰਦੇ ਹਨ ਸ੍ਰੀ ਗੁਰੂ) ਨਾਨਕ (ਦੇਵ ਜੀ)॥ ੮॥੩ ॥ ੨੨॥ ੧੫॥ ੨॥੪੨॥

ਵਜਾਖਜਾ- ਇਸ ਸਾਰੇ ਸ਼ਬਦ ਵਿਚ ਬੀ 'ਪਿਆਰੇ' ਪਦ ਵਾਹਿਗੁਰੂ ਜੀ ਪਰਥਾਇ ਹੈ। ਸਾਰਾ ਅਰਦਾਸ, ਸਨਮੁਖ ਉਸਤੁਤੀ ਤੇ ਸ਼ੁਕਰ ਵਿਚ ਹੈ। ਨਾਮ ਜਪਣ ਨਾਲ ਪ੍ਰਤੱਖ ਸੁਖ-ਸਮਾਂ ਸੁਹਾਵਣਾ ਲੰਘਣਾ ਦੱਸਿਆ ਹੈ। ਸੁਖ ਦੁਖ ਦਾ ਦਾਤਾ ਉਸ ਨੂੰ ਦੱਸਕੇ ਆਪਣਾ ਆਸਰਾ ਤੇ ਭਰੋਸਾ ਉਸੇ ਤੇ

ਦੱਸਿਆ, ਤੇ ਉਪਦੇਸ਼ ਦਿਤਾ ਕਿ ਹੋਰ ਰਬ, ਹੋਰ ਦਾਤਾ,ਹੋਰ ਉਪਾਓ, ਹੋਰ ਪੂਜਾ ਉਜਾਪਣ ਆਦਿ ਕਰਨੇ ਦੂਜੇ ਵੱਲ ਲੈ ਜਾਂਦੇ ਹਨ, ਓਹ ਨਹੀਂ ਕਰਨੇ। ਸੁਖ ਵਿਚ ਸ਼ੁਕਰ ਕਰਨਾ ਹੈ ਤੇ ਦੁਖ ਵਿਚ ਤੇਰੀ ਰਜ਼ਾ ਮੰਨਣੀ ਹੈ। ਜੇ ਜੀਅ ਘਬਰਾਵੇ ਤਾਂ ਹਰੀ ਦੀ ਹੀ ਸ਼ਰਣ ਲਓ ਦਾ ਉਪਦੇਸ਼ ਦਿੱਤਾ ਹੈ। ਜਿਵੇਂ ਬੱਚੇ ਨੂੰ ਜੇ ਮਾਂ ਮਾਰੇ ਤਾਂ ਉਹ ਰੋਂਦਾ ਬੀ ਹੈ ਪਰ ਮਾਂ ਦੇ ਹੀ ਗਲ ਨੂੰ ਚੰਬੜਦਾ ਹੈ।

ਨਿਰੁਕ੍ਤ-ਬਿਧਿ-ਪ੍ਰਕਾਰ, ਦਸ਼ਾ, ਹਾਲਤ। ਜਾਇ-ਟਿਕਾਣਾ।

ਰੈਣਿ-ਰਾਤ। ਮਸਤਕਿ-ਮੱਥੇ ਉਤੇ।

ਵਰਤਦਾ-ਵਜਾਪਕ ਹੋ ਰਿਹਾ ਹੈ। ਤੇ ਜੋ ਹੋ ਰਿਹਾ ਹੈ ਉਸ ਦਾ ਕੀਤਾ।

ਕੂਪ-ਖੂਹ। ਖੂਹ ਵਿਚ ਡਿੱਗੇ ਦਾ ਆਪੇ ਨਿਕਲ ਸਕਣਾ ਕਠਨ ਹੁੰਦਾ ਹੈ, ਬਾਹਰੋਂ ਸਹਾਯਤਾ ਦੀ ਲੋੜ ਹੁੰਦੀ ਹੈ। ਇਸ ਕਰਕੇ ਮੰਗਦੇ ਹਨ ਕਿ ਇਹ ਸੰਸਾਰ ਖੂਹ ਵਾਙੂ ਈਸ਼੍ਵਰ ਅਨੁਗ੍ਰਹ ਨਾਲ ਇਸ ਵਿਚੋਂ ਨਿਕਲ ਸਕੀਦਾ ਹੈ।

ਉਧਰਿ ਲੈ-ਉਧਾਰ ਲੈ, ਬਚਾ ਲੈ। ਭਾਵ ਹੈ ਕੱਢਿ ਲੈ। ਕੂਪ ਤੇ ਸੰਸਾਰ ਦੋਹਾਂ ਲਈ ਇਕੋ ਪਦ 'ਉਧਰਿ ਲੈ' ਵਰਤਿਆ ਹੈ, ਜਿਸ ਵਿਚ ਕੱਢ ਲੈ ਤੇ ਬਚਾ ਲੈ ਦੁਇ ਭਾਵ ਹਨ।

[ਆਸਾ ਮਹਲਾ ੧, ਪਟੀ-੧]

ਰਾਗੁ ਆਸਾ ਮਹਲਾ ੧ ਪਟੀ ਲਿਖੀ ੴ ਸਤਿਗੁਰ ਪ੍ਰਸਾਦਿ॥

ਪ੍ਰਾਕ੍ਥਨ-ਸ੍ਰੀ ਪੂਜ੍ਯ ਪਿਤਾ ਡਾਕਟਰ ਚਰਨ ਸਿੰਘ ਜੀ ਨੇ ਆਪਣੀ ਰਚਨਾ 'ਬਾਣੀ ਬਿਓਰਾ' ਵਿਚ 'ਪਟੀ' ਦੇ ਸਿਰਲੇਖ ਹੇਠ ਇਸ ਤਰ੍ਹਾਂ ਵਰਣਨ ਕੀਤਾ ਹੈ:-

''ਇਹ ਬਾਣੀ ਮਹਲ ੧ ਦੀ ਹੈ। 'ਪਟੀ ਲਿਖੀ' ਪਦ ਤੋਂ ਪ੍ਰਤੀਤ ਹੁੰਦਾ ਹੈ ਕਿ ਜਦ ਆਦਿ ਸਾਹਿਬ ਪਾਂਧੇ ਦੇ ਪੜ੍ਹਨੇ ਪਏ ਸਨ ਤਾਂ ਇਹ ਪੱਟੀ ਲਿਖੀ ਸੀ, ਜੋ ਸਪਸ਼ਟ ਅੱਖਰਾਂ ਦ੍ਵਾਰਾ ਪਾਂਧੇ ਪ੍ਰਤਿ ਉਪਦੇਸ਼ ਹੈ.....। ਮਹਲੇ ੧ ਦੀ ਪੱਟੀ ਪੈਂਤੀਸ ਅੱਖਰੀ ਪੂਰੀਆਂ ੩੫ ਪਉੜੀਆਂ ਹਨ.....। ਇਹ ਬਾਵਨ ਅੱਖਰੀ ਅਥਵਾ ਓਅੰਕਾਰ ਵਾਕਰ ਹੀ ਅਖਰਾਂ ਪਰਥਾਇ ਬਾਣੀ ਹੈ।''

ਪੁਰਾਤਨ ਜਨਮ ਸਾਖੀ ਵਿਚ ਇਸ ਤਰ੍ਹਾਂ ਲਿਖਿਆ ਹੈ:-

''ਜਬ ਬਾਬਾ ਬਰਸਾਂ ਸੱਤਾਂ ਕਾ ਹੋਇਆ ਤਬ ਕਾਲੂ ਕਹਿਆ: 'ਨਾਨਕ ਤੂੰ ਪੜ੍ਹ'। ਤਬ ਗੁਰੂ ਨਾਨਕ ਕਉ ਪਾਂਧੇ ਪਾਸ ਲੈ ਗਇਆ, ਕਾਲੂ ਕਹਿਆ: 'ਪਾਂਧੇ ਇਸ ਨੂੰ ਪੜ੍ਹਾਇ'। ਤਬ ਪਾਂਧੇ ਪੱਟੀ ਲਿਖ ਦਿਤੀ, ਅੱਖਰਾਂ ਪੈਂਤੀਸ ਕੀ ਮੁਹਾਰਣੀ, ਤਬ ਗੁਰੂ ਨਾਨਕ ਲੱਗਾ ਪੜ੍ਹਨ। ਰਾਗ ਆਸਾ ਵਿਚ ਪੱਟੀ ਮ: ੧ ਆਦਿ ਬਾਣੀ ਹੋਈ: ਰਾਗੁ ਆਸਾ ਮਹਲਾ ੧ ਪਟੀ ਲਿਖੀ*।''

---

* ਇਹ 'ਲਿਖੀ' ਪਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੋਣ ਤੇ ਨਾਲ ਮਹਲਾ ੧ ਹੋਣਾ ਦੱਸਦਾ ਹੈ, ਕਿ ਇਹ ਉਹੋ ਪੱਟੀ ਹੈ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਾਂਧੇ ਦੀ ਮੁਹਾਰਨੀ ਵਾਲੀ ਪੱਟੀ ਪੜ੍ਹਦਿਆਂ, ਪਰਮਾਰਥਿਕ ਅਰਥਾਂ ਵਾਲੀ ਪੱਟੀ ਆਪ ਲਿਖੀ ਸੀ। [ਪੁਰਾਤਨ ਜ: ਸਾਖੀ

'ਪੱਟੀ' ਉਸ ਫੱਟੀ ਨੂੰ ਕਹਿੰਦੇ ਹਨ ਜਿਸ ਉਪਰ ਬੱਚੇ ਕਿਸੇ ਲਿਪੀ ਦੇ ਅੱਖਰ, ਮੁਹਾਰਨੀ, ਨਾਵੇਂ ਆਦਿ ਬਾਰ ਬਾਰ ਲਿਖਕੇ ਅੱਖਰਾਂ ਆਦਿ ਦੀ ਸੂਝ ਵਧਾਉਂਦੇ ਪੜ੍ਹਦੇ ਹਨ। ਫੱਟੀ, ਤਖਤੀ।

ਮੂਲ | **ਅਰਥ**

ਸਸੈ ਸੋਇ ਸ੍ਰਿਸਟਿ ਜਿਨਿ ਸਾਜੀ ਸਭਨਾ ਸਾਹਿਬੁ ਏਕੁ ਭਇਆ ॥ ਸੇਵਤ ਰਹੇ ਚਿਤੁ ਜਿਨ੍ ਕਾ ਲਾਗਾ ਆਇਆ ਤਿਨ੍ ਕਾ ਸਫਲੁ ਭਇਆ ॥੧॥

ਸੱਸੇ ਅੱਖਰ ਦੁਆਰਾ (ਉਪਦੇਸ਼ ਕਰਦੇ ਹਨ ਕਿ) ਜਿਸ ਨੇ (ਸਾਰੀ) ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਉਹੋ ਇਕ (ਵਾਹਿਗੁਰੂ) ਸਾਰਿਆਂ ਦਾ ਮਾਲਕ ਹੈ। (ਉਸ ਮਾਲਕ ਨੂੰ) ਸੇਂਵਦੇ ਹੋਇਆਂ ਜਿਨ੍ਹਾਂ ਦਾ ਮਨ (ਉਸ ਵਿਚ) ਲਿਵ ਲੀਨ ਹੋ ਗਿਆ ਹੈ ਉਨ੍ਹਾਂ ਦਾ ਮਨੁੱਖਾ ਜਨਮ ਧਾਰਨਾ ਸਫਲ ਹੋ ਗਿਆ॥ ੧॥

ਮਨ ਕਾਹੇ ਭੂਲੇ ਮੂੜ ਮਨਾ ॥ ਜਬ ਲੇਖਾ ਦੇਵਹਿ ਬੀਰਾ ਤਉ ਪੜਿਆ ॥੧॥ ਰਹਾਉ ॥

ਹੇ ਮਨ ! ਹੇ ਮੂਰਖ ਮਨ ! (ਤੂੰ) ਕਿਉਂ ਭੁੱਲਦਾ ਹੈਂ। ਹੇ ਭਾਈ* ! ਜਦੋਂ ਲੇਖਾ ਪੂਰਾ ਕਰ ਦੇਵੇਂਗਾ ਤਾਂ (ਤੂੰ) ਪੜ੍ਹਿਆ ਸਮਝਿਆ ਜਾਏਂਗਾ॥ ਰਹਾਉ॥

ਈਵੜੀ ਆਦਿ ਪੁਰਖੁ ਹੈ ਦਾਤਾ ਆਪੇ ਸਚਾ ਸੋਈ ॥ ਏਨਾ ਅਖਰਾ ਮਹਿ ਜੋ ਗੁਰਮੁਖਿ ਬੂਝੈ ਤਿਸੁ ਸਿਰਿ ਲੇਖੁ ਨ ਹੋਈ ॥੨॥

ਈੜੀ ਅੱਖਰ (ਦੁਆਰਾ ਫੁਰਮਾਉਂਦੇ ਹਨ) ਉਹ ਆਪ ਸੱਚਾ ਦਾਤਾ ਹੈ (ਉਹੋ) ਆਦਿ ਪੁਰਖ ਹੈ। ਜੋ ਗੁਰਮੁਖ ਏਹਨਾਂ (ਪੱਟੀ ਦੇ) ਅੱਖਰਾਂ (ਦੇ ਉਪਦੇਸ਼) ਵਿਚੋਂ (ਓਸ ਆਦਿ ਪੁਰਖ ਨੂੰ) ਬੁੱਝ ਲਵੇਗਾ ਓਹਦੇ ਮੱਥੇ ਤੇ (ਕਰਮਾਂ ਦੀ ਗਿਣਤੀ ਦਾ) ਲੇਖ ਨਹੀਂ (ਲਿਖਿਆ ਜਾਏਗਾ। ਭਾਵ ਇਹ ਕਿ ਪੜ੍ਹਾਈ ਕਰਕੇ ਆਦਮੀ ਲੇਖੇ ਵਿਚ ਹੀ ਰਹਿੰਦਾ ਹੈ, ਜਿਸ ਵਿਚੋਂ ਉਹ ਪੂਰਾ ਨਹੀਂ ਉਤਰ ਸਕਦਾ, ਪਰ ਗੁਰਮੁਖ ਨੂੰ ਅੱਖਰਾਂ ਦੇ ਵਿਚੋਂ ਹੀ ਇਕ ਸੋਝੀ ਪੈਦਾ ਹੁੰਦੀ ਹੈ, ਜਿਸ ਨਾਲ ਉਹ ਲੇਖੇ ਤੋਂ ਉੱਪਰ ਹੋ ਜਾਂਦਾ ਹੈ)॥ ੨॥

ਊੜੈ ਉਪਮਾ ਤਾ ਕੀ ਕੀਜੈ ਜਾ ਕਾ ਅੰਤੁ ਨ ਪਾਇਆ ॥ ਸੇਵਾ ਕਰਹਿ ਸੇਈ ਫਲੁ ਪਾਵਹਿ ਜਿਨੀ ਸਚੁ ਕਮਾਇਆ ॥੩॥

ਊੜੇ ਦੁਆਰਾ ਉਪਮਾ ਕਰੀਏ ਉਸ (ਪ੍ਰਭੂ) ਦੀ, ਜਿਸ ਦਾ ਅੰਤ ਨਹੀਂ ਪਾਇਆ ਜਾਂਦਾ। (ਜੋ ਬੇਅੰਤ ਹੋਣ ਕਰਕੇ ਲਫਜ਼ੀ ਉਪਮਾ ਤੋਂ ਪਰੇ ਹੈ, ਪਰ ਐਸਾ ਪਰੇ ਹੁੰਦਾ ਹੋਇਆ ਵੀ) ਉਹ (ਅਮਲੀ ਰੂਪ ਵਿਚ) ਸੱਚ ਦੀ ਕਮਾਈ ਨਾਲ (ਸਾਖਯਾਤ ਹੋ ਜਾਂਦਾ ਹੈ ਤੇ) ਸੇਵਾ ਫਲੀਭੂਤ ਹੋ ਜਾਂਦੀ ਹੈ॥ ੩॥

ਙੰਙੈ ਙਿਆਨੁ ਬੂਝੈ ਜੇ ਕੋਈ ਪੜਿਆ ਪੰਡਿਤੁ ਸੋਈ ॥ ਸਰਬ ਜੀਆ ਮਹਿ ਏਕੋ ਜਾਣੈ ਤਾ ਹਉਮੈ ਕਹੈ ਨ ਕੋਈ ॥੪॥

ਙੰਙੇ ਦੁਆਰਾ (ਕਹਿੰਦੇ ਹਨ) ਜੋ ਕੋਈ ਗਿਆਨ ਨੂੰ ਬੁੱਝ ਲਵੇ ਉਹੋ ਪੜ੍ਹਿਆ ਹੋਇਆ ਅਤੇ ਪੰਡਤ ਹੈ। (ਜੋ) ਸਭਨਾਂ ਜੀਵਾਂ ਵਿਚ ਇਕੋ (ਦੀ ਜੋਤ) ਸਮਝੇ ਤਾਂ (ਉਹ ਆਪਣੀ) ਹਉਮੈ ਨੂੰ ਨਵਿਰਤ ਕਰ ਦੇਵੇਗਾ (ਭਾਵ ਇਹ ਕਿ ਪੋਥੀਆਂ ਦੇ ਪੜ੍ਹੇ ਗਿਆਨ ਨਾਲ ਅਹੰਕਾਰ ਵਧ ਜਾਂਦਾ ਹੈ, ਜਿਸ ਨੂੰ ਅਭੇਦ ਬੁਧਿ ਦੀ ਬੂਝ ਪੈਦਾ ਹੁੰਦੀ ਹੈ, ਉਹ ਗਿਆਨੀ ਹੈ, ਉਹ ਨਿਰਹੰਕਾਰ ਹੈ, ਉਹ ਸਾਰੇ ਜੀਵਾਂ ਵਿਚ ਇਕੋ ਜੋਤ ਦੇਖਦਾ ਹੈ)॥ ੪॥

ਕਕੈ ਕੇਸ ਪੁੰਡਰ ਜਬ ਹੂਏ ਵਿਣੁ ਸਾਬੂਣੈ ਉਜਲਿਆ ॥ ਜਮ ਰਾਜੇ ਕੇ ਹੇਰੂ ਆਏ ਮਾਇਆ ਕੈ ਸੰਗਲਿ ਬੰਧਿ ਲਇਆ ॥੫॥

ਕਕੇ ਦੁਆਰਾ (ਜੀਵ ਦੇ ਅੰਤ ਸਮੇਂ ਦਾ ਜ਼ਿਕਰ ਹੈ ਕਿ) ਜਦੋਂ ਕੇਸ ਚਿੱਟੇ † ਹੋ ਗਏ (ਮਾਨੋ) ਬਿਨਾਂ ਸਬੂਣੋਂ ਉੱਜਲੇ (ਧੋਤੇ ਗਏ) ਹਨ, (ਜਾਣੋ ਓਦੋਂ) ਜਮਰਾਜ ਦੇ ਦੂਤ ‡ ਆ ਗਏ (ਹਨ, ਜਿਨ੍ਹਾਂ ਨੇ) ਮਾਇਆ ਦੇ ਸੰਗਲ ਨਾਲ (ਜੀਵ ਨੂੰ) ਬੰਨ੍ਹ ਲਿਆ ਹੈ॥ ੫॥

---

* ਬੀਰਾ=ਵੀਰਾ, ਹੇ ਭਰਾ, ਹੇ ਭਾਈ ! † ਪੁੰਡਰ=(ਦੇਖੋ ਪੰਨਾ ੭੭੧) ਚਿੱਟੇ, ਸਫੈਦ।

‡ ਹੇਰੂ-(ਦੇਖੋ 'ਹੇਰਉ' ਪੰਨਾ ੧੯੪੧) ਦੇਖਣ ਵਾਲੇ, ਤਾੜਨ ਵਾਲੇ, ਜਾਸੂਸ, ਦੂਤ।

ਖਖੈ ਖੁੰਦਕਾਰੁ ਸਾਹ ਆਲਮੁ ਕਰਿ ਖਰੀਦਿ ਜਿਨਿ ਖਰਚੁ ਦੀਆ ॥ ਬੰਧਨਿ ਜਾ ਕੈ ਸਭੁ ਜਗੁ ਬਾਧਿਆ ਅਵਰੀ ਕਾ ਨਹੀ ਹੁਕਮੁ ਪਇਆ ॥੬॥

ਖ਼ਖੇ ਦੁਆਰਾ (ਕਹਿੰਦੇ ਹਨ ਉਸੇ) ਕੁੱਲ ਦੁਨੀਆਂ ਦੇ ਪਾਤਸ਼ਾਹ ਵਾਹਿਗੁਰੂ* (ਦਾ ਹੁਕਮ ਚਲਦਾ ਹੈ) ਹੋਰ ਕਿਸੇ ਦਾ ਹੁਕਮ ਨਹੀਂ ਚਲਦਾ, (ਕੇਵਲ) ਉਸੇ ਦੇ (ਹੁਕਮ) ਬੰਧਾਨ ਵਿਚ ਸਾਰਾ ਜੱਗ ਬੱਝਾ ਹੋਇਆ ਹੈ, (ਹੋਰ ਸਾਰੇ ਬੰਦੇ ਉਸ ਦੇ) ਮੁੱਲ ਖ਼ਰੀਦੇ (ਗ਼ੁਲਾਮ) ਹਨ ਜਿਨ੍ਹਾਂ ਨੂੰ (ਉਹੋ ਰੋਜ਼ੀਨੇ ਦਾ) ਖ਼ਰਚ ਦੇ ਰਿਹਾ ਹੈ॥ ੬॥

ਗਗੈ ਗੋਇ ਗਾਇ ਜਿਨਿ ਛੋਡੀ ਗਲੀ ਗੋਬਿਦੁ ਗਰਬਿ ਭਇਆ ॥ ਘੜਿ ਭਾਂਡੇ ਜਿਨਿ ਆਵੀ ਸਾਜੀ ਚਾੜਣ ਵਾਹੈ ਤਈ ਕੀਆ ॥੭॥

ਗਗੇ ਦੁਆਰਾ (ਉਪਦੇਸ਼ ਹੈ) ਜਿਸ ਨੇ (ਹਰਿ ਜਸ ਰੂਪ) ਬਾਣੀ † ਗਾਉਣੀ ਛੱਡ ਦਿੱਤੀ ਹੈ (ਤੇ ਕੇਵਲ) ਗੱਲਾਂ ਨਾਲ ਗੋਬਿੰਦ ਨੂੰ (ਸਿੱਧ ਕਰਦਾ ਹੈ, ਉਹ ਆਪਣੀਆਂ ਗੱਲਾਂ ਦੇ) ਹੰਕਾਰ ਵਿਚ ਹੋ ਜਾਂਦਾ ਹੈ। ਐਸੇ (ਕੱਚੇ) ਨੂੰ ਪਕਾਉਣ ਲਈ ਉਹ ਭਾਂਡਿਆਂ ਦਾ ਸਿਰਜਣਹਾਰ ਕਰਤਾਰ ਆਵੇ ਤਿਆਰ ਕਰਦਾ ਹੈ॥ ੭॥

ਘਘੈ ਘਾਲ ਸੇਵਕੁ ਜੇ ਘਾਲੈ ਸਬਦਿ ਗੁਰੂ ਕੈ ਲਾਗਿ ਰਹੈ ॥ ਬੁਰਾ ਭਲਾ ਜੇ ਸਮ ਕਰਿ ਜਾਣੈ ਇਨ ਬਿਧਿ ਸਾਹਿਬੁ ਰਮਤੁ ਰਹੈ ॥੮॥

ਘਘੇ ਦੁਆਰਾ (ਕਹਿੰਦੇ ਹਨ) ਸੇਵਕ ਨੇ ਜੋ (ਸੇਵ) ਕਮਾਈ ਕਰਨੀ ਹੈ (ਤਾਂ ਐਸਾ ਕਰਦਾ ਹੋਇਆ ਵੀ ਉਹ) ਗੁਰੂ ਦੇ ਸ਼ਬਦ ਨਾਲ ਜੁੜਿਆ ਰਹੇ, (ਇਸ ਤਰ੍ਹਾਂ) ਜੋ ਬੁਰਾ ਭਲਾ ਹੈ ਇਕੋ ਜੇਹਾ ਸਮਝੇ (ਤਾਂ ਐਸੀ ਮਤਿ ਰਖਦਾ ਹੋਇਆ ਵੀ ਉਹ) ਏਸ ਤਰੀਕੇ ਨਾਲ ਸਾਹਿਬ ਨੂੰ (ਸਦਾ) ਸਿਮਰਦਾ ਰਹੇ॥ ੮॥

ਚਚੈ ਚਾਰਿ ਵੇਦ ਜਿਨਿ ਸਾਜੇ ਚਾਰੇ ਖਾਣੀ ਚਾਰਿ ਜੁਗਾ ॥ ਜੁਗੁ ਜੁਗੁ ਜੋਗੀ ਖਾਣੀ ਭੋਗੀ ਪੜਿਆ ਪੰਡਿਤੁ ਆਪਿ ਥੀਆ ॥੯॥

ਚਚੇ ਦੁਆਰਾ (ਕਹਿੰਦੇ ਹਨ ਕਿ) ਜਿਸ ਨੇ ਚਾਰ ਵੇਦ ਬਣਾਏ, ਚਾਰ ਜੁਗ ਅਤੇ ਚਾਰ ਖਾਣੀਆਂ‡ (ਸਾਜੀਆਂ, ਉਹੋ) ਜੁਗਾਂ ਜੁਗਾਂ ਵਿਚ ਜੋਗੀ (ਅਤੇ) ਖਾਣੀਆਂ ਨੂੰ ਭੋਗਣ ਵਾਲਾ ਹੈ, (ਉਹੋ) ਆਪ ਹੀ ਪੜ੍ਹਿਆ ਹੋਇਆ ਅਤੇ ਪੰਡਤ (ਭੀ) ਹੈ॥ ੯॥

ਛਛੈ ਛਾਇਆ ਵਰਤੀ ਸਭ ਅੰਤਰਿ ਤੇਰਾ ਕੀਆ ਭਰਮੁ ਹੋਆ ॥ ਭਰਮੁ ਉਪਾਇ ਭੁਲਾਈਅਨੁ ਆਪੇ ਤੇਰਾ ਕਰਮੁ ਹੋਆ ਤਿਨੑ ਗੁਰੂ ਮਿਲਿਆ ॥੧੦॥

ਛਛੇ ਦੁਆਰਾ (ਕਹਿੰਦੇ ਹਨ ਕਿ) ਸਭ ਦੇ ਅੰਦਰ (ਤੇਰੀ ਹੀ ਮਾਇਆ ਰੂਪ) ਛਾਯਾ ਵਰਤ ਰਹੀ ਹੈ, ਤੇਰਾ ਪਾਇਆ ਭਰਮ (ਸਭ ਨੂੰ) ਪਿਆ ਹੋਇਆ ਹੈ। (ਇਹ) ਭਰਮ ਪੈਦਾ ਕਰਕੇ (ਤੂੰ) ਆਪ ਹੀ (ਦੁਨੀਆਂ ਨੂੰ) ਭੁਲਾਇਆ ਹੋਇਆ ਹੈ, (ਪਰ ਜਿਨ੍ਹਾਂ ਤੇ) ਤੇਰੀ ਮਿਹਰ ਹੋਈ ਹੈ ਉਨ੍ਹਾਂ ਨੂੰ ਗੁਰੂ ਮਿਲ ਗਿਆ ਹੈ (ਭਰਮ ਨਵਿਰਤੀ ਲਈ)॥ ੧੦॥

ਜਜੈ ਜਾਨੁ ਮੰਗਤ ਜਨੁ ਜਾਚੈ ਲਖ ਚਉਰਾਸੀਹ ਭੀਖ ਭਵਿਆ ॥ ਏਕੋ ਲੇਵੈ ਏਕੋ ਦੇਵੈ ਅਵਰੁ ਨ ਦੂਜਾ ਮੈ ਸੁਣਿਆ ॥੧੧॥

ਜਜੇ ਦੁਆਰਾ (ਕਹਿੰਦੇ ਹਨ ਕਿ) ਦਾਸ ਮੰਗਤਾ (ਤੈਥੋਂ) ਗਿਆਨ § ਮੰਗਦਾ ਹੈ, (ਇਹ ਦਾਸ) ਚੁਰਾਸੀ ਲੱਖ (ਜੂਨਾਂ ਵਿਚ ਏਸੇ) ਭਿੱਖਿਆ ਲਈ ਭਉਂ ਆਇਆ ਹੈ। (ਏਸ ਭਿੱਖਿਆ ਨੂੰ) ਇਕੋ ਲੈਂਦਾ ਹੈ ਅਤੇ ਇਕੋ ਦੇਂਦਾ ਹੈ, ਹੋਰ (ਕੋਈ) ਦੂਸਰਾ ਮੈਂ ਨਹੀਂ ਸੁਣਿਆ। (ਗਿਆਨ ਦੀ ਭਿੱਖਿਆ ਮੰਗਣ ਵਾਲੇ ਦੇ ਅੰਦਰ ਅਭੇਦ ਬੁਧਿ ਜਾਗ ਪੈਂਦੀ ਹੈ, ਜਿਸ ਨਾਲ ਲੈਣ ਦੇਣ ਵਾਲਾ ਇਕ ਰੂਪ ਹੋ ਜਾਂਦਾ ਹੈ)॥ ੧੧॥

* ਖੁੰਦਕਾਰੁ=ਖੁਦਾਵੰਦਗਾਰ ਦਾ ਸੰਖੇਪ ਰੂਪ। ਵਾਹਿਗੁਰੂ। ਆਲਮੁ= [ਅ:, ਆ਼ਲਮ=ਦੁਨੀਆ, ਜਹਾਨ] ਸ੍ਰਿਸ਼ਟੀ, ਕੁੱਲ ਦੁਨੀਆ। ਸਾਹ ਆਲਮੁ=ਕੁੱਲ ਦੁਨੀਆਂ ਦਾ ਪਾਤਸ਼ਾਹ, ਭਾਵ ਵਾਹਿਗੁਰੂ।

† ਗੋਇ=ਬਾਣੀ, ਗੁਰਬਾਣੀ। ‡ ਚਾਰੇ ਖਾਣੀ=ਚਾਰ ਖਾਣੀਆਂ--ਅੰਡਜ, ਜੇਰਜ, ਸੇਤਜ ਅਤੇ ਉਤਭਜ। (ਦੇਖੋ ਪੰਨਾ ੧੭੦੭) § ਜਾਨੁ= [ਸੰਸ:, ਗਜਾਨੰ] ਗਿਆਨ।

ਝਝੈ ਝੂਰਿ ਮਰਹੁ ਕਿਆ ਪ੍ਰਾਣੀ ਜੋ ਕਿਛੁ ਦੇਣਾ ਸੁ ਦੇ ਰਹਿਆ ॥ ਦੇ ਦੇ ਵੇਖੈ ਹੁਕਮੁ ਚਲਾਏ ਜਿਉ ਜੀਆ ਕਾ ਰਿਜਕੁ ਪਇਆ ॥੧੨॥

ਝੱਝੇ ਦੁਆਰਾ (ਕਹਿੰਦੇ ਹਨ) ਹੇ ਪ੍ਰਾਣੀਓ ! ਝੂਰ ਝੂਰਕੇ* ਕਿਉਂ ਮਰਦੇ ਹੋ, ਜੋ ਕੁਛ (ਵਾਹਿਗੁਰੂ ਨੇ) ਦੇਣਾ ਹੈ ਸੋ ਦੇ ਰਹਿਆ ਹੈ। ਦੇ ਦੇਕੇ ਵੇਖਦਾ ਹੈ (ਕਿ ਠੀਕ ਦਿੱਤਾ ਗਿਆ ਹੈ) ਜਿਵੇਂ ਜੀਵਾਂ ਦਾ ਰੋਜ਼ੀ (ਰਿਜ਼ਕ) ਮੁਕੱਰਰ ਹੈ (ਐਨ ਓਸੇ ਤਰ੍ਹਾਂ) ਹੁਕਮ ਦੇ ਰਿਹਾ ਹੈ॥ ੧੨॥

ਞੰਞੈ ਨਦਰਿ ਕਰੇ ਜਾ ਦੇਖਾ ਦੂਜਾ ਕੋਈ ਨਾਹੀ ॥ ਏਕੋ ਰਵਿ ਰਹਿਆ ਸਭ ਥਾਈ ਏਕੁ ਵਸਿਆ ਮਨ ਮਾਹੀ ॥੧੩॥

ਞੰਞੇ ਦੁਆਰਾ (ਕਹਿੰਦੇ ਹਨ) ਜਦੋਂ ਉਹ ਨਦਰ ਕਰੇ (ਤਾਂ ਮੈਂ) ਦੇਖਦਾ ਹਾਂ (ਕਿ) ਦੂਜਾ (ਹੋਰ) ਕੋਈ (ਨਜ਼ਰ) ਨਹੀਂ (ਆਉਂਦਾ)। ਸਾਰੇ ਥਾਈਂ ਇਕੋ ਰਵ ਰਿਹਾ ਹੈ (ਅਤੇ ਓਹੋ) ਇਕੋ ਮਨਾਂ ਅੰਦਰ (ਭੀ) ਵੱਸ ਰਿਹਾ ਹੈ ॥ ੧੩॥

ਟਟੈ ਟੰਚੁ ਕਰਹੁ ਕਿਆ ਪ੍ਰਾਣੀ ਘੜੀ ਕਿ ਮੁਹਤਿ ਕਿ ਉਠਿ ਚਲਣਾ ॥ ਜੂਐ ਜਨਮੁ ਨ ਹਾਰਹੁ ਅਪਣਾ ਭਾਜਿ ਪੜਹੁ ਤੁਮ ਹਰਿ ਸਰਣਾ ॥੧੪॥

ਟੈਂਕੇ ਦੁਆਰਾ (ਕਹਿੰਦੇ ਹਨ) ਹੇ ਪ੍ਰਾਣੀਓ ! ਕਿਉਂ (ਮੇਰੀਆਂ ਗਲਾਂ ਸੁਣਕੇ) ਕ੍ਰੋਧ † ਕਰਦੇ ਹੋ, ਘੜੀ ਦੋ ਘੜੀਆਂ ਨੂੰ (ਸਭ ਕੁਛ ਛੱਡਕੇ) ਚਲੇ ਜਾਣਾ ਹੈ। ਆਪਣਾ (ਕੀਮਤੀ ਮਨੁੱਖਾ) ਜਨਮ ਜੂਏ ਵਿਚ ਨਾ ਹਾਰੋ, ਤੁਸੀਂ ਭੱਜਕੇ ‡ ਹਰੀ ਦੀ ਸ਼ਰਨ ਵਿਚ ਜਾ ਪਵੋ॥ ੧੪॥

ਠਠੈ ਠਾਢਿ ਵਰਤੀ ਤਿਨ ਅੰਤਰਿ ਹਰਿ ਚਰਣੀ ਜਿਨ੍ ਕਾ ਚਿਤੁ ਲਾਗਾ॥ ਚਿਤੁ ਲਾਗਾ ਸੇਈ ਜਨ ਨਿਸਤਰੇ ਤਉ ਪਰਸਾਦੀ ਸੁਖੁ ਪਾਇਆ ॥੧੫॥

ਠੱਠੇ ਦੁਆਰਾ (ਕਹਿੰਦੇ ਹਨ) ਜਿਨ੍ਹਾਂ ਦਾ ਚਿੱਤ ਹਰੀ ਚਰਨਾਂ ਵਿਚ ਲਗਾ ਹੋਇਆ ਹੈ ਉਹਨਾਂ ਦੇ ਹਿਰਦੇ ਵਿਚ ਠੰਢ ਵਰਤੀ ਹੋਈ ਹੈ। (ਹਾਂ) ਉਹੋ ਜਨ (ਭਵਸਾਗਰ ਤੋਂ) ਤਰੇ ਹਨ (ਜਿਨ੍ਹਾਂ ਦਾ) ਮਨ (ਹੇ ਹਰੀ ! ਤੇਰੇ ਵਿਚ) ਲਗਾ ਹੋਇਆ ਹੈ, (ਉਹਨਾਂ) ਤੇਰੀ ਹੀ ਕਿਰਪਾ ਨਾਲ (ਸਭ ਤਰ੍ਹਾਂ) ਸੁਖ ਪਾਇਆ ਹੈ॥ ੧੫॥

ਡਡੈ ਡੰਫੁ ਕਰਹੁ ਕਿਆ ਪ੍ਰਾਣੀ ਜੋ ਕਿਛੁ ਹੋਆ ਸੁ ਸਭੁ ਚਲਣਾ ॥ ਤਿਸੈ ਸਰੇਵਹੁ ਤਾ ਸੁਖੁ ਪਾਵਹੁ ਸਰਬ ਨਿਰੰਤਰਿ ਰਵਿ ਰਹਿਆ ॥੧੬॥

ਡਡੇ ਦੁਆਰਾ (ਕਹਿੰਦੇ ਹਨ) ਹੇ ਪ੍ਰਾਣੀਓ ! ਪਾਖੰਡ§ ਕਿਉਂ ਕਰਦੇ ਹੋ? ਜੋ ਕੁਛ (ਦ੍ਰਿਸ਼ਟਮਾਨ) ਹੈ ਇਹ (ਇਕ ਦਿਨ) ਸਭ ਨਾਸ਼ ਹੋ ਜਾਣਾ ਹੈ। (ਇਸ ਲਈ) ਓਸੇ ਦੀ ਸੇਵਾ ** (-ਭਗਤਿ) ਕਰੋ ਜੋ ਇਕ ਰਸ ਸਭ ਵਿਚ ਰਮਿਆ ਹੋਇਆ ਹੈ, (ਤੁਸੀਂ) ਤਾਂ ਹੀ ਸੁਖ ਪਾ ਸਕੋਗੇ॥ ੧੬॥

ਢਢੈ ਢਾਹਿ ਉਸਾਰੈ ਆਪੇ ਜਿਉ ਤਿਸੁ ਭਾਵੈ ਤਿਵੈ ਕਰੇ ॥ ਕਰਿ ਕਰਿ ਵੇਖੈ ਹੁਕਮੁ ਚਲਾਏ ਤਿਸੁ ਨਿਸਤਾਰੇ ਜਾ ਕਉ ਨਦਰਿ ਕਰੇ ॥੧੭॥

ਢਢੇ ਦੁਆਰਾ (ਸਿਖਯਾ ਹੈ ਕਿ ਉਹ) ਆਪ ਹੀ ਢਾਹੁੰਦਾ ਉਸਾਰਦਾ ਹੈ, ਜਿਵੇਂ ਉਸ ਨੂੰ ਭਾਉਂਦਾ ਹੈ ਤਿਵੇਂ ਕਰਦਾ ਹੈ (ਅਤੇ) ਕਰ ਕਰਕੇ (ਫਿਰ ਨਿਰਲੇਪ ਹੋਕੇ) ਵੇਖਦਾ ਹੈ ਅਤੇ ਹੁਕਮ ਚਲਾਉਂਦਾ ਹੈ; ਜਿਸ ਤੇ ਮੇਹਰ ਕਰ ਦੇਂਦਾ ਹੈ ਉਸ ਨੂੰ ਤਾਰ ਦੇਂਦਾ†† ਹੈ॥ ੧੭॥

---

* ਝੂਰਿ=ਝੂਰਨਾ, ਪਛੁਤਾਉਣਾ, ਕੀਤੇ ਕਰਮਾਂ ਉਤੇ ਪਸ਼ੇਮਾਨ ਹੋਣਾ।

† ਟਚੁ=ਕਠੋਰਤਾ, ਨਿਰਦਯਤਾ। ਇਹ ਸ਼ਬਦ ਹਿੰਦੀ ਦੇ 'ਚੰਟ' ਤੋਂ ਬਣਿਆ ਮਲੂਮ ਹੁੰਦਾ ਹੈ, ਜਿਸ ਦੇ ਅਰਥ ਹਨ ਛਟਿਆ ਹੋਇਆ, ਚਾਲਾਕ। ਇਸ ਦਾ ਸੰਸਕ੍ਰਿਤ ਮੂਲ ਚੰਡ ਹੈ, ਜਿਸ ਦੇ ਅਰਥ ਹਨ-ਗਰਮ, ਤੇਜ਼, ਗੁੱਸਾ ਕਰਨ ਵਾਲਾ, ਕ੍ਰੋਧੀ ਆਦਿਕ। ‡ ਭਾਜਿ=ਭੱਜਕੇ, ਦੌੜਕੇ।

§ ਡਫੁ=ਦੰਭੁ, ਪਾਖੰਡ, ਦਿਖਾਵਾ, ਪ੍ਰਪੰਚ। **ਸਰੇਵਹੁ=ਸੇਵਾ ਕਰੋ, ਭਗਤੀ ਕਰੋ।

†† ਨਿਸਤਾਰੇ=ਤਾਰਦਾ ਹੈ, ਉੱਧਾਰ ਕਰਦਾ ਹੈ, ਬਚਾ ਲੈਂਦਾ ਹੈ।

ਣਾਣੈ ਰਵਤੁ ਰਹੈ ਘਟ ਅੰਤਰਿ ਹਰਿ ਗੁਣ ਗਾਵੈ ਸੋਈ ॥ ਆਪੇ ਆਪਿ ਮਿਲਾਏ ਕਰਤਾ ਪੁਨਰਪਿ ਜਨਮੁ ਨ ਹੋਈ ॥੧੮॥

ਣਾਣੇ ਦ੍ਵਾਰਾ (ਕਹਿੰਦੇ ਹਨ ਜੋ) ਮਨ ਅੰਦਰ (ਹਰੀ ਦਾ) ਸਿਮਰਨ* ਕਰਦਾ ਰਹੇ, ਉਹੋ ਹੀ ਹਰੀ ਗੁਣ (ਮੁਖ ਨਾਲ) ਗਾਉਂਦਾ ਹੈ। ਕਰਤਾ ਅਪਣੇ ਆਪਿ ਵਿਚ (ਐਸੇ ਪੁਰਸ਼ ਨੂੰ) ਮਿਲਾ ਲੈਂਦਾ ਹੈ (ਜਿਸ ਨਾਲ ਫੇਰ) ਦੋਬਾਰਾ ਜਨਮ ਨਹੀਂ ਹੁੰਦਾ॥ ੧੮॥

ਤਤੈ ਤਾਰੂ ਭਵਜਲੁ ਹੋਆ ਤਾ ਕਾ ਅੰਤੁ ਨ ਪਾਇਆ ॥ ਨਾ ਤਰ ਨਾ ਤੁਲਹਾ ਹਮ ਬੂਡਸਿ ਤਾਰਿ ਲੇਹਿ ਤਾਰਣ ਰਾਇਆ ॥੧੯॥

ਤਤੇ ਦੁਆਰਾ (ਕਹਿੰਦੇ ਹਨ) ਭਵਜਲ ਤਾਰੂ † ਹੈ (ਭਾਵ ਏਨਾ ਗਹਿਰਾ ਹੈ ਕਿ ਚੰਗਾ ਤਾਰੂ ਹੀ ਤਰ ਸਕਦਾ ਹੈ) ਇਸ ਦਾ ਅੰਤ ਨਹੀਂ ਪਾਇਆ ਜਾ ਸਕਦਾ। (ਅਸੀਂ) ਨਾ ਤਰਨਾ ‡ ਜਾਣਦੇ ਹਾਂ, (ਨਾ ਸਾਡੇ ਕੋਲ) ਤੁਲਹਾ§ ਹੈ. ਅਸੀਂ ਡੁੱਬ ਰਹੇ ਹਾਂ, ਹੇ ਤਾਰਣਹਾਰ ਰਾਏ ਜੀ ! (ਸਾਨੂੰ) ਤਾਰ ਲਓ ॥ ੧੯॥

ਥਥੈ ਥਾਨਿ ਥਾਨੰਤਰਿ ਸੋਈ ਜਾ ਕਾ ਕੀਆ ਸਭੁ ਹੋਆ ॥ ਕਿਆ ਭਰਮੁ ਕਿਆ ਮਾਇਆ ਕਹੀਐ ਜੋ ਤਿਸੁ ਭਾਵੈ ਸੋਈ ਭਲਾ ॥੨੦॥

ਥਥੇ ਦੁਆਰਾ (ਕਹਿੰਦੇ ਹਨ) ਸਭ ਕੁਛ ਜਿਸ ਦਾ ਰਚਿਆ ਹੋਇਆ ਹੈ, ਉਹ ਥਾਵਾਂ, ਅਤੇ ਥਾਵਾਂ ਦੇ ਅੰਦਰ (ਵੱਸ ਰਿਹਾ ਹੈ)। ਜੋ ਉਸ ਨੂੰ ਭਾਉਂਦਾ ਹੈ ਓਹੋ ਚੰਗਾ ਹੈ (ਐਸੀ ਦ੍ਰਿਸ਼ਟਿ ਰਖਣ ਵਾਲੇ ਮਨੁਖ ਨੂੰ) ਕੀ ਭਰਮ ਤੇ ਕੀ ਮਾਇਆ ਆਖ ਸਕਦੀ ਹੈ? ॥ ੨੦॥

ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥ ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥੨੧॥

ਦਦੇ ਦੁਆਰਾ (ਕਹਿੰਦੇ ਹਨ:) ਕਿਸੇ (ਹੋਰ) ਨੂੰ ਦੋਸ਼ ਨਾ ਦਿਓ, ਦੋਸ਼ ਅਪਣੇ ਕਰਮਾਂ§ ਦਾ ਹੀ ਹੈ। ਮੈਂ ਓਹੋ ਕੁਛ ਪਾਇਆ ਹੈ ਜੇਹੇ ਮੈਂ ਕਰਮ ਕੀਤੇ ਹਨ. ਹੋਰਨਾਂ ਨੂੰ ਦੋਸ਼ ਨਹੀਂ ਦੇਣਾ ਚਾਹੀਦਾ॥ ੨੧॥

ਧਧੈ ਧਾਰਿ ਕਲਾ ਜਿਨਿ ਛੋਡੀ ਹਰਿ ਚੀਜੀ ਜਿਨਿ ਰੰਗ ਕੀਆ ॥ ਤਿਸ ਦਾ ਦੀਆ ਸਭਨੀ ਲੀਆ ਕਰਮੀ ਕਰਮੀ ਹੁਕਮੁ ਪਇਆ ॥੨੨॥

ਧਧੇ ਦੁਆਰਾ (ਕਹਿੰਦੇ ਹਨ) ਜਿਸ ਨੇ ਕਲਾ ਧਾਰਨ ਕਰ ਛੱਡੀ ਹੈ ਤੇ ਜਿਸਨੇ ਹਰ ਵਸਤੂ ਉਤੇ ਅਪਣੀ (ਹੋਂਦ ਦੀ ਸੁੰਦਰਤਾ ਦੀ) ਰੰਗਣ ਚਾੜ੍ਹੀ ਹੋਈ ਹੈ, ਉਸੇ ਦਾ ਦਿਤਾ ਸਾਰਿਆਂ ਨੇ ਲਿਆ ਹੈ (ਅਤੇ ਅਪਣੇ) ਕਰਮਾਂ ਕਰਕੇ (ਸਾਰਿਆਂ ਦੇ ਸਿਰ ਤੇ) ਹੁਕਮ ਚਲ ਰਿਹਾ ਹੈ॥ ੨੨॥

ਨੰਨੈ ਨਾਹ ਭੋਗ ਨਿਤ ਭੋਗੈ ਨਾ ਡੀਠਾ ਨਾ ਸੰਮ੍ਹਲਿਆ ॥ ਗਲੀ ਹਉ ਸੋਹਾਗਣਿ ਭੈਣੇ ਕੰਤੁ ਨ ਕਬਹੂੰ ਮੈ ਮਿਲਿਆ ॥੨੩॥

ਨੰਨੇ ਦੁਆਰਾ (ਕਹਿੰਦੇ ਹਨ ਵੈਰਾਟ ਰੂਪ) ਪਤਿ ** (ਪਰਮੇਸ਼ੁਰ ਪ੍ਰਕਿਰਤੀ ਰੂਪ) ਇਸਤ੍ਰੀ (ਨੂੰ) ਨਿਤ ਭੋਗਦਾ ਹੈ, (ਪਰ ਮੈਂ ਉਸ ਪਤਿ ਨੂੰ) ਕਦੀ ਦੇਖਿਆ ਨਹੀਂ, ਨਾ ਹੀ ਉਸ ਦੀ ਸੰਮਾਲ †† ਕੀਤੀ ਹੈ। ਮੈਂ ਗਲਾਂ ਨਾਲ ਤਾਂ ਸੋਹਾਗਣ ਬਣੀ ਹੋਈ ਹਾਂ, ਪਰ ਮੈਨੂੰ ਕਦੇ ਕੰਤ ਮਿਲਾਪ ਨਹੀਂ ਹੋਇਆ॥ ੨੩॥

ਪਪੈ ਪਾਤਿਸਾਹੁ ਪਰਮੇਸਰੁ ਵੇਖਣ ਕਉ ਪਰਪੰਚੁ ਕੀਆ ॥ ਦੇਖੈ ਬੂਝੈ

ਪਪੇ ਦੁਆਰਾ (ਕਹਿੰਦੇ ਹਨ ਉਹ) ਪਰਮੇਸ਼ੁਰ ਹੈ (ਉਹ) ਪਾਤਸ਼ਾਹ ਹੈ। (ਉਸੇ ਨੇ ਆਪਣੀ ਲੀਲਾ) ਦੇਖਣ ਲਈ ਇਹ ਸੰਸਾਰ‡‡

---

* ਰਵਤ ਰਹੈ=ਸਿਮਰਦਾ ਰਹੇ, ਯਾਦ ਕਰਦਾ ਰਹੇ। † ਤਾਰੂ=ਡੂੰਘਾ, ਗਹਿਰਾ, ਤਰਨ ਜੋਗ।

‡ ਨਾ ਤਰ ਨਾ ਤੁਲਹਾ=ਨਾ ਅਸੀਂ ਤਰਨਾ ਜਾਣਦੇ ਹਾਂ, ਨਾ ਸਾਡੇ ਕੋਲ ਪਾਰ ਹੋਣ ਦਾ ਕੋਈ ਯੰਤ੍ਰ ਹੈ।

§ ਕਰੰਮਾ=ਕਰਮਾਂ ਦਾ, ਅਮਲਾਂ ਦਾ। ** ਨਾਹ=ਪਤੀ, ਸਾਈਂ, ਮਾਲਕ।

†† ਨਾ ਸੰਮ੍ਹਲਿਆ=ਨਾ ਯਾਦ ਕੀਤਾ, ਨਾ ਸੰਮ੍ਹਾਲਿਆ।

‡‡ ਪਰਪੰਚ=(ਦੇਖੋ ਪੰਨਾ ੧੯੩੨) ਦੁਨੀਆਂ ਦਾ ਜੰਜਾਲ, ਸੰਸਾਰ। ਜਗਤ ਦਾ ਵਿਸਤਾਰ।

ਸਭੁ ਕਿਛੁ ਜਾਣੈ ਅੰਤਰਿ ਬਾਹਰਿ ਰਵਿ ਰਹਿਆ ॥੨੪॥

ਰਚਿਆ ਹੈ। (ਉਹ ਦੇਖਦਾ ਹੈ, ਬੁੱਝਦਾ ਹੈ ਤੇ) ਸਭ ਕੁਛ ਜਾਣਦਾ ਹੈ; ਅੰਦਰ ਬਾਹਰ (ਉਹੋ ਹੀ) ਰਵ ਰਿਹਾ ਹੈ। (ਪਰਮੇਸ਼ੁਰ ਹੋਣ ਦੇ ਨਾਤੇ ਉਹ ਅੰਦਰ ਰਵ ਰਿਹਾ ਹੈ ਤੇ ਅੰਦਰੋਂ ਸਭ ਕੁਛ ਜਾਣਦਾ ਹੈ ਕਿਉਂਕਿ ਅੰਦਰ ਹੋਣ ਕਰਕੇ ਉਹ ਅੰਤਰਯਾਮੀ ਹੈ। ਪਾਤਸ਼ਾਹ ਹੋਣ ਦੇ ਨਾਤੇ ਉਹ ਬਾਹਰੋਂ ਦੇਖ ਰਿਹਾ ਹੈ)॥ ੨॥

ਫਫੈ ਫਾਹੀ ਸਭੁ ਜਗੁ ਫਾਸਾ ਜਮ ਕੈ ਸੰਗਲਿ ਬੰਧਿ ਲਇਆ ॥ ਗੁਰ ਪਰਸਾਦੀ ਸੇ ਨਰ ਉਬਰੇ ਜਿ ਹਰਿ ਸਰਣਾਗਤਿ ਭਜਿ ਪਇਆ ॥੨੫॥

ਫਫੇ ਦੁਆਰਾ (ਕਹਿੰਦੇ ਹਨ) ਸਾਰੀ ਦੁਨੀਆਂ (ਮੋਹ ਦੀ) ਫਾਹੀ ਵਿਚ ਫਸੀ ਹੋਈ ਹੈ; (ਇਸਨੂੰ) ਜਮਾਂ ਦੇ ਸੰਗਲ ਨੇ ਬੰਨ੍ਹ ਲਿਆ ਹੈ। (ਕੇਵਲ) ਉਹ ਆਦਮੀ ਬਚੇ ਹਨ ਜੋ ਗੁਰੂ ਦੀ ਕ੍ਰਿਪਾ ਨਾਲ ਹਰੀ ਦੀ ਸ਼ਰਨ ਦੌੜ ਕੇ ਜਾ ਪਏ ਹਨ॥ ੨੫॥

ਬਬੈ ਬਾਜੀ ਖੇਲਣ ਲਾਗਾ ਚਉਪੜਿ ਕੀਤੇ ਚਾਰਿ ਜੁਗਾ ॥ ਜੀਅ ਜੰਤ ਸਭ ਸਾਰੀ ਕੀਤੇ ਪਾਸਾ ਢਾਲਣਿ ਆਪਿ ਲਗਾ ॥੨੬॥

ਬਬੇ ਦੁਆਰਾ (ਕਹਿੰਦੇ ਹਨ) ਚਾਰ ਜੁਗਾਂ ਨੂੰ ਚੌਪੜ ਬਣਾਇਆ, ਸਾਰੇ ਜੀਅ ਜੰਤਾਂ ਨੂੰ (ਚੌਪੜ ਦੀਆਂ) ਗੋਟਾਂ* ਬਣਾਕੇ (ਵਾਹਿਗੁਰੂ) ਨੇ ਆਪ ਪਾਸੇ ਸੁਟਕੇ† ਬਾਜੀ ਖੇਲਣੀ ਸ਼ੁਰੂ ਕੀਤੀ ਹੋਈ ਹੈ॥ ੨੬॥

ਭਭੈ ਭਾਲਹਿ ਸੇ ਫਲੁ ਪਾਵਹਿ ਗੁਰ ਪਰਸਾਦੀ ਜਿਨ੍ ਕਉ ਭਉ ਪਇਆ॥ ਮਨਮੁਖ ਫਿਰਹਿ ਨ ਚੇਤਹਿ ਮੂੜੇ ਲਖ ਚਉਰਾਸੀਹ ਫੇਰੁ ਪਇਆ ॥੨੭॥

ਭਭੇ ਦੁਆਰਾ (ਕਹਿੰਦੇ ਹਨ ਕਿ ਕਈ ਜਗਜਾਸੂ ਹਨ ਜੋ ਉਸ ਨੂੰ) ਢੂੰਡਦੇ ਹਨ (ਪਰ ਉਹਨਾਂ ਵਿਚੋਂ) ਫਲ ਉਹਨਾਂ ਨੂੰ ਮਿਲਦਾ ਹੈ ਜਿਨ੍ਹਾਂ ਦੇ ਅੰਦਰ ਗੁਰੂ ਦੀ ਕ੍ਰਿਪਾ ਨਾਲ ਭਉ ਪੈਦਾ ਹੋ ਜਾਂਦਾ ਹੈ, (ਪਰ ਜੋ) ਮਨਮੁਖ ਹਨ (ਉਹ ਭਟਕਦੇ) ਫਿਰਦੇ ਹਨ, ਮੂਰਖ (ਪ੍ਰਭੂ ਨੂੰ) ਨਹੀਂ ਚੇਤੇ ਕਰਦੇ (ਉਹਨਾਂ ਨੂੰ) ਚੁਰਾਸੀ ਲੱਖ (ਜੂਨਾਂ) ਦਾ ਚੱਕਰ ਪੈ ਜਾਂਦਾ ਹੈ॥ ੨੭॥

ਮੰਮੈ ਮੋਹੁ ਮਰਣੁ ਮਧੁਸੂਦਨੁ ਮਰਣੁ ਭਇਆ ਤਬ ਚੇਤਵਿਆ ॥ ਕਾਇਆ ਭੀਤਰਿ ਅਵਰੋ ਪੜਿਆ ਮੰਮਾ ਅਖਰੁ ਵੀਸਰਿਆ ॥੨੮॥

ਮੰਮਾ ਅਖਰ (ਤਿੰਨ ਚੀਜ਼ਾਂ ਦਾ ਯਾਦ ਕਰਾਊ ਹੈ:) ੧. ਮੋਹ, ੨. ਮਰਣ, ਤੇ ੩. ਮਧੁਸੂਦਨ। (ਕੇਵਲ) ਮਰਣ ਲਗਿਆਂ (ਪਛੁਤਾਉਂਦਾ ਹੈ ਕਿ ਮੋਹ ਵਿਚ ਹੀ ਮੈਂ ਫਸਿਆ ਰਿਹਾ) ਤਦ (ਮਧੁਸੂਦਨ ਨੂੰ) ਯਾਦ ਕਰਦਾ ਹੈ। (ਜਦ ਤਕ) ਸਰੀਰ ਠੀਕ ਰਿਹਾ (ਉਸ ਵੇਲੇ) ਮੰਮਾ ਅਖਰ (ਮਧੁਸੂਦਨ) ਹੀ ਵਿਸਰਿਆ ਰਿਹਾ ਹੈ। (ਨਾ ਹੀ ਇਹ ਗਿਆਨ ਹੋਇਆ ਕਿ ਮੈਂ ਮੋਹ ਵਿਚ ਫਸਿਆ ਹੋਇਆ ਹਾਂ; ਨ ਕਦੇ ਮਰਨਾ ਯਾਦ ਕੀਤਾ ਸੀ ਨਾ ਰਬ ਚਿਤਵਿਆ ਸੀ ਪਰ) ਹੋਰ ਹੀ ਹੋਰ ਪੜ੍ਹਦਾ ਰਿਹਾ ਸੀ॥ ੨੮॥

ਯਯੈ ਜਨਮੁ ਨ ਹੋਵੀ ਕਦ ਹੀ ਜੇ ਕਰਿ ਸਚੁ ਪਛਾਣੈ ॥ ਗੁਰਮੁਖਿ ਆਖੈ ਗੁਰਮੁਖਿ ਬੂਝੈ ਗੁਰਮੁਖਿ ਏਕੋ ਜਾਣੈ ॥੨੯॥

ਯਯੇ ਦੁਆਰਾ (ਉਪਦੇਸ਼ ਹੈ) ਜੇਕਰ (ਇਨਸਾਨ) ਸਚ ਨੂੰ ਪਛਾਣ ਲਵੇ (ਤਾਂ ਇਸ ਦਾ ਪੁਨਰ) ਜਨਮ ਕਦੀ ਬੀ ਨਾ ਹੋਵੇ। (ਇਹ ਸੱਚ, ਕੋਈ) ਗੁਰਮੁਖ ਹੀ ਆਖਦਾ ਹੈ (ਕਿਉਂਕਿ) ਗੁਰਮੁਖ ਹੀ (ਸਚ ਨੂੰ) ਸਮਝਦਾ ਹੈ (ਐਸਾ) ਗੁਰਮੁਖ ਹੀ ਇਕ ਨੂੰ (ਸਮੁੱਚੇ ਸਚ ਸਰੂਪ ਨੂੰ) ਜਾਣਦਾ ਹੈ॥ ੨੯॥

---

* ਸਾਰੀ=(ਦੇਖੋ ਪੰਨਾ ੨੨੭੬) ਨਰਦ, ਚੌਪੜ ਦੀ ਗੋਟ।

† ਪਾਸਾ ਢਾਲਣਿ=ਪਾਸਾ ਢਾਲਣਾ=ਚੌਪੜ ਦੇ ਪਾਸੇ ਨੂੰ ਸਿੱਟਣਾ ਤੇ ਫੇਰ ਗੇਣਤੀ ਕਰਕੇ ਨਰਦ ਚਲਾਉਣੀ, ਚੌਪੜ ਖੇਡਣਾ।

ਰਾਰੈ ਰਵਿ ਰਹਿਆ ਸਭ ਅੰਤਰਿ ਜੇਤੇ ਕੀਏ ਜੰਤਾ ॥ ਜੰਤ ਉਪਾਇ ਧੰਧੈ ਸਭ ਲਾਏ ਕਰਮੁ ਹੋਆ ਤਿਨ ਨਾਮੁ ਲਇਆ ॥੩੦॥

ਰਾਰੇ (ਦਾ ਉਪਦੇਸ਼ ਹੈ ਕਿ) ਜਿੰਨੇ ਜੀਅ ਜੰਤ (ਪ੍ਰਭੂ ਨੇ) ਪੈਦਾ ਕੀਤੇ ਹਨ (ਉਹਨਾਂ) ਸਾਰਿਆਂ ਦੇ ਅੰਦਰ (ਉਹ) ਰਮਿਆ ਹੋਇਆ ਹੈ। ਜੀਵ-ਜੰਤ ਉਤਪੰਨ ਕਰਕੇ ਸਾਰੇ ਹੀ (ਕਿਸੇ) ਧੰਦੇ ਸਿਰ ਲਾ ਦਿਤੇ ਹਨ (ਪਰ ਜਿਨ੍ਹਾਂ ਤੇ ਉਸ ਦੀ) ਮਿਹਰ ਹੋਈ ਹੈ ਉਹਨਾਂ ਨੇ ਹੀ ਹਰਿ-ਨਾਮ ਜਪਿਆ (ਅਤੇ ਜਪਕੇ ਆਪਣਾ ਜਨਮ ਸਫਲ ਕੀਤਾ)॥ ੩੦॥

ਲਲੈ ਲਾਇ ਧੰਧੈ ਜਿਨਿ ਛੋਡੀ ਮੀਠਾ ਮਾਇਆ ਮੋਹੁ ਕੀਆ ॥ ਖਾਣਾ ਪੀਣਾ ਸਮ ਕਰਿ ਸਹਣਾ ਭਾਣੈ ਤਾ ਕੈ ਹੁਕਮੁ ਪਇਆ ॥੩੧॥

ਲਲੇ ਦੁਆਰਾ (ਕਹਿੰਦੇ ਹਨ) ਜਿਸ ਨੇ (ਇਹ ਸ੍ਰਿਸ਼ਟੀ) ਧੰਦੇ ਵਿਚ ਲਾ ਰਖੀ ਹੈ (ਉਸੇ ਨੇ ਹੀ) ਮਾਇਆ ਦਾ ਮੋਹ ਮਿੱਠਾ ਬਣਾ ਦਿਤਾ ਹੈ। (ਐਸੇ ਲੋਕ ਵਕਤ ਗੁਜ਼ਾਰਦੇ ਹਨ) ਖਾਣ ਵਿਚ ਪੀਣ ਵਿਚ ਤੇ ਹੱਸਣ* ਵਿਚ (ਪਰ ਇਹ ਗਲ ਅਖ਼ੀਰ ਤਕ ਨਿਭਦੀ ਨਹੀਂ, ਉਹਨਾਂ ਦੀ ਦਸ਼ਾ ਐਸੀ ਹੋਕੇ ਰਹਿੰਦੀ ਹੈ ਜੋ) ਉਸ ਦਾ ਭਾਣਾ ਤੇ ਹੁਕਮ ਹੁੰਦਾ ਹੈ॥ ੩੧॥

ਵਵੈ ਵਾਸੁਦੇਉ ਪਰਮੇਸਰੁ ਵੇਖਣ ਕਉ ਜਿਨਿ ਵੇਸੁ ਕੀਆ ॥ ਵੇਖੈ ਚਾਖੈ ਸਭੁ ਕਿਛੁ ਜਾਣੈ ਅੰਤਰਿ ਬਾਹਰਿ ਰਵਿ ਰਹਿਆ ॥੩੨॥

ਵਵੇ ਦੁਆਰਾ (ਕਹਿੰਦੇ ਹਨ ਉਹ) ਪਰਮੇਸ਼ੁਰ ਹੈ (ਉਹ) ਵਾਸੁਦੇਉ † (ਸਭ ਵਿਚ ਵੱਸਣ ਵਾਲਾ) ਹੈ ਜਿਸ ਨੇ (ਜਗਤ ਲੀਲਾ) ਦੇਖਣ ਲਈ (ਇਹ ਵਾਸਦੇਉ ਦਾ) ਵੇਸ ਬਣਾਇਆ ਹੋਇਆ ਹੈ। (ਉਹ ਹਰ ਚੀਜ਼ ਨੂੰ) ਵੇਖਦਾ ਹੈ, ਚੱਖਦਾ ਹੈ, ਸਭ ਕੁਛ ਜਾਣਦਾ ਹੈ (ਅਤੇ ਹਰ ਸ਼ੈ ਦੇ) ਅੰਦਰ ਬਾਹਰ ਵਰਤ ਰਿਹਾ ਹੈ॥ ੩੨॥

ੜਾੜੈ ਰਾੜਿ ਕਰਹਿ ਕਿਆ ਪ੍ਰਾਣੀ ਤਿਸਹਿ ਧਿਆਵਹੁ ਜਿ ਅਮਰੁ ਹੋਆ॥ ਤਿਸਹਿ ਧਿਆਵਹੁ ਸਚਿ ਸਮਾਵਹੁ ਓਸੁ ਵਿਟਹੁ ਕੁਰਬਾਣੁ ਕੀਆ ॥੩੩॥

ੜਾੜੇ ਦੁਆਰਾ (ਸਮਝਾਉਂਦੇ ਹਨ) ਹੇ ਪ੍ਰਾਣੀਓ ! ਫਜ਼ੂਲ ਕਿਉਂ ਬਹਸ ‡ ਕਰਦੇ ਹੋ, ਓਸ (ਪ੍ਰਭੂ) ਨੂੰ ਸਿਮਰੋ, ਜੋ ਅਮਰ ਹੈ। (ਹਾਂ) ਓਸ ਨੂੰ ਸਿਮਰੋ ਅਤੇ ਸਚ ਨਾਲ ਅਭੇਦ ਹੋ ਜਾਓ, (ਮੈਂ ਭੀ) ਓਸ ਉਤੋਂ (ਆਪਣਾ ਆਪ) ਕੁਰਬਾਨ ਕਰ ਦਿਤਾ ਹੈ॥ ੩੩॥

ਹਾਹੈ ਹੋਰੁ ਨ ਕੋਈ ਦਾਤਾ ਜੀਅ ਉਪਾਇ ਜਿਨਿ ਰਿਜਕੁ ਦੀਆ ॥ ਹਰਿ ਨਾਮੁ ਧਿਆਵਹੁ ਹਰਿ ਨਾਮਿ ਸਮਾਵਹੁ ਅਨਦਿਨੁ ਲਾਹਾ ਹਰਿ ਨਾਮੁ ਲੀਆ ॥੩੪॥

ਹਾਹੇ ਦੁਆਰਾ (ਕਹਿੰਦੇ ਹਨ) ਜਿਸ ਨੇ ਜੀਵ ਪੈਦਾ ਕਰਕੇ ਰੋਜ਼ੀ ਰਿਜ਼ਕ ਦਿਤਾ ਹੈ (ਉਹੋ) ਦਾਤਾ ਹੈ, ਹੋਰ ਕੋਈ (ਦੂਸਰਾ ਦਾਤਾ) ਨਹੀਂ। (ਇਸ ਵਾਸਤੇ) ਹਰੀ ਦਾ ਨਾਮ ਧਿਆਵੋ, ਹਰੀ ਨਾਮ ਨਾਲ ਮਿਲੇ ਰਹੋ, (ਅਤੇ) ਹਰ ਰੋਜ਼ ਹਰੀ ਨਾਮ (ਦੀ ਕਮਾਈ) ਦਾ ਨਫਾ ਖੱਟੋ॥ ੩੪॥

ਆਇੜੈ ਆਪਿ ਕਰੇ ਜਿਨਿ ਛੋਡੀ ਜੋ ਕਿਛੁ ਕਰਣਾ ਸੁ ਕਰਿ ਰਹਿਆ ॥ ਕਰੇ ਕਰਾਏ ਸਭ ਕਿਛੁ ਜਾਣੈ ਨਾਨਕ ਸਾਇਰ ਇਵ ਕਹਿਆ ॥੩੫॥੧॥

ਐੜੇ ਦੁਆਰਾ (ਕਹਿੰਦੇ ਹਨ) ਜਿਸ ਨੇ (ਸਾਰੀ ਰਚਨਾ) ਆਪ (ਉਤਪੰਨ) ਕੀਤੀ ਹੈ, (ਓਹੋ ਹੀ) ਜੋ ਕੁਛ (ਉਸ ਨੇ) ਕਰਨਾ ਹੈ ਸੋ ਕਰ ਰਿਹਾ ਹੈ। (ਆਪ) ਕਰਦਾ ਹੈ (ਸਾਥੋਂ) ਕਰਾਉਂਦਾ ਹੈ ਤੇ ਸਭ ਕੁਛ ਜਾਣਦਾ ਹੈ, (ਮੈਂ) ਸ਼ਾਇਰ § ਨਾਨਕ ਨੇ (ਇਹ ਕੁਛ ਸਮਝਕੇ) ਇਸ ਤਰ੍ਹਾਂ ਕਿਹਾ ਹੈ॥ ੩੫॥

* ਸਮ= [ਸੰਸ:, ਧਾਤੂ:-ਸਿਮ=ਮੁਸਕਰਾਉਣਾ, ਆਹਿਸਤਾ ਹੱਸਣਾ] ਹੱਸਣਾ ਮੁਸਕਰਾਉਣਾ, ਖ਼ੁਸ਼ ਹੋਣਾ।

† ਵਾਸੁਦੇਉ= [ਸੰਸ:, ਧਾ:-ਵਸੁ=ਵਸਣਾ, ਹੋਣਾ। ਵਾਸ:=ਨਿਵਾਸ, ਰਿਹਾਇਸ਼। ਵਾਸੁਦੇਵ: ਸ੍ਰੀ ਕ੍ਰਿਸ਼ਨ ਦਾ ਨਾਮ] ਜੋ ਸਭ ਵਿਚ ਵਸ ਰਿਹਾ ਹੈ। ਭਾਵ ਹੈ ਵਾਹਿਗੁਰੂ, ਅਕਾਲ ਪੁਰਖ। (ਦੇਖੋ ਪੰਨਾ ੧੬੩੮)

‡ ਰਾੜਿ=(ਦੇਖੋ 'ੜਾੜਿ' ਪੰਨਾ ੧੬੩੮) ਝਗੜਾ, ਬਹਿਸ, ਤਕਰਾਰ।

§ ਸਾਇਰ= [ਅ:, ਸ਼ਾਇਰ=ਜਾਨਣ ਵਾਲਾ, ਸ਼ਿਅਰ ਬਨਾਉਣ ਵਾਲਾ] ਸ਼ਾਇਰ, ਕਵੀ, Poet.

[ਆਸਾ ਮਹਲਾ ੩, ਪਟੀ-੨]

ਰਾਗੁ ਆਸਾ ਮਹਲਾ ੩ ਪਟੀ ੧ੴ ਸਤਿਗੁਰ ਪ੍ਰਸਾਦਿ॥

ਪ੍ਰਾਕ੍ਥਨ-ਮਹਲਾ ਪਹਿਲਾ ਦੀ ਪੱਟੀ ਵਾਂਙ ਇਹ ਬਾਣੀ ਭੀ ਅੱਖਰਾਂ ਪਰਥਾਇ ਉਚਾਰੀ ਗਈ ਹੈ। ਗੁਰੂ ਅਮਰਦਾਸ ਜੀ ਨੇ ਅੱਖਰਾਂ ਦੁਆਰੇ ਪਾਂਧੇ ਪ੍ਰਤਿ ਉਪਦੇਸ਼ ਕੀਤਾ ਹੈ। ਦੇਵਨਾਗਰੀ ਵਰਣਮਾਲਾ ਦੀ ਮੁਹਾਰਨੀ ਦੀ ਜੋ ਪ੍ਰਚਲਤ ਰੀਤਿ ਸੀ ਅਤੇ ਜਿਸ ਤਰ੍ਹਾਂ ਪਾਂਧੇ ਲੋਕ ਆਪਣੇ ਸ਼ਾਗਿਰਦਾਂ ਨੂੰ ਮੁਹਾਰਨੀ ਗਾਕੇ ਪੜ੍ਹਾਉਂਦੇ ਸਨ, ਓਸੇ ਤਰਤੀਬ ਨਾਲ, ਉਨ੍ਹਾਂ ਦੀ ਹੀ ਵਿਧਿ ਅਨੁਸਾਰ ਦੋ ਦੋ ਤਿੰਨ ਤਿੰਨ ਅੱਖਰ ਹਰ ਇਕ ਪਉੜੀ ਵਿਚ ਲਏ ਹਨ। ਮੁਹਾਰਨੀ ਦੇ ਅੱਖਰਾਂ ਦਾ ਅਰਥ-ਭਾਵ ਇਸ ਪ੍ਰਕਾਰ ਹੈ:-

ਅਯੋ ਅੰਙੈ= अ, आ, इ, ई, उ, ऊ, ए, ऐ, ओ, औ, अं, आं = ਅ, ਆ, ਇ, ਈ, ਉ, ਊ, ਏ, ਐ, ਓ, ਔ, ਅੰ, ਆਂ

ਇਸੇ ਨੂੰ ਸੰਖੇਪ ਰੂਪ ਨਾਲ ਇਸ ਤਰ੍ਹਾਂ ਵਰਤਿਆ ਹੈ:-

ਅਯੋ ਅੰਙੈ=ਅ+ਈ+ਉ+ਓ=ਅਈਓ=ਅਯੋ। ਅੰਙੈ=ਅੰ+ਆਂ=ਅੰਙੈ।

ਕਾਖੇ ਘੰਙੈ=ਕਾ+ਖਾ, ਘੰ+ਙੈ।

ਰੀ ਰੀ ਲਲੀ= ॠ, ऋ, ऌ ॡ =ਰ੍ਰਿ, ਰ੍ਰੀ, ਲ੍ਰਿ, ਲ੍ਰੀ ।

ਸਿਧੱਙਾਯ=ਇਹ ਅੱਖਰ ਪਾਂਧੇ ਪੱਟੀ ਦੇ ਪਹਿਲੇ 'ਮੰਗਲ ਰੂਪ' ਲਿਖਦੇ ਹੁੰਦੇ ਸਨ* ਤੇ ਅਗੋਂ ਮੁਹਾਰਨੀ ਦੇ ਅੱਖਰ ਲਿਖਣੇ ਸ਼ੁਰੂ ਕਰਦੇ ਹੁੰਦੇ ਸਨ।

ਇਸ ਤੋਂ ਅੱਗੇ ਇਕ ਇਕ, ਦੋ ਦੋ ਅੱਖਰ ਲੈਕੇ ਸਾਰੀ ਬਾਣੀ ਨੂੰ ਉਪਦੇਸ਼ ਦੇ ਰੂਪ ਵਿਚ ਉਚਾਰਿਆ ਹੈ।

ਮੂਲ	ਅਰਥ
ਅਯੋ ਅੰਙੈ ਸਭੁ ਜਗੁ ਆਇਆ ਕਾਖੈ ਘੰਙੈ ਕਾਲੁ ਭਇਆ ॥ ਰੀਰੀ ਲਲੀ ਪਾਪ ਕਮਾਣੇ ਪੜਿ ਅਵਗਣ ਗੁਣ ਵੀਸਰਿਆ ॥੧॥	ਅਯੋ ਅੰਙੈ ਦੁਆਰਾ (ਗੁਰੂ ਜੀ ਕਹਿੰਦੇ ਹਨ) ਸਾਰਾ ਜਗੁ ਪੈਦਾ ਹੋਇਆ ਹੈ ਅਤੇ ਕਾਖੈ ਘੰਙੈ ਮੂਜਬ ਕਾਲ ਦੇ ਵੱਸ ਹੋ ਜਾਏਗਾ। ਰੀ ਰੀ ਲਲੀ ਦੁਆਰਾ (ਚੇਤੇ ਕਰਾਉਂਦੇ ਹਨ: ਜੀਵ ਨੇ) ਪਾਪ ਕਰਨੇ ਸ਼ੁਰੂ ਕਰ ਦਿੱਤੇ ਹਨ, ਔਗੁਣ (ਭਰਪੂਰ ਪੜ੍ਹਾਈ) ਪੜ੍ਹਕੇ (ਅਸਲੀ) ਗੁਣ ਭੁੱਲ ਗਿਆ ਹੈ॥ ੧॥
ਮਨ ਐਸਾ ਲੇਖਾ ਤੂੰ ਕੀ ਪੜਿਆ ॥ ਲੇਖਾ ਦੇਣਾ ਤੇਰੈ ਸਿਰਿ ਰਹਿਆ ॥੧॥ ਰਹਾਉ ॥	ਹੇ ਮਨ ! ਐਹੋ ਜਿਹਾ ਹਿਸਾਬ ਕਿਤਾਬ ਤੂੰ ਕੀ ਪੜ੍ਹਿਆ (ਜਿਸ ਪੜ੍ਹਾਈ ਦੇ ਬਾਵਜੂਦ) ਤੇਰੇ ਸਿਰ (ਬਾਕੀ) ਰਹਿ ਗਈ (ਤੇ ਤੈਨੂੰ) ਲੇਖਾ ਦੇਣਾ ਪਿਆ॥ ੧॥ ਰਹਾਉ॥
ਸਿਧੰਙਾਇਐ ਸਿਮਰਹਿ ਨਾਹੀ ਨੰਨੈ ਨਾ ਤੁਧੁ ਨਾਮੁ ਲਇਆ ॥ ਛਛੈ	ਸਿਧੰਙਾਇਐ (ਦੁਆਰਾ ਕਹਿੰਦੇ ਹਨ) ਹੇ ਜੀਵ ! ਤੂੰ (ਪ੍ਰਭੂ ਦਾ ਅਸਲੀ) ਸਿਮਰਨ ਨਹੀਂ ਕਰਦਾ †, ਨੰਨੇ ਪਰਥਾਇ (ਇਹ ਦੱਸਦੇ ਹਨ ਕਿ) ਤੂੰ ਕਦੀ ਨਾਮ ਦੀ ਅਰਾਧਨਾ ਬੀ ਨਹੀਂ ਕੀਤੀ।

* ਦੇਖੋ ਫੁਟਨੋਟ ਪੰਨਾ ੧੫੯੮ ਦਾ।

† (ਅ) ਤੁਸੀਂ 'ਸਿਧ ਦੀ ਨਮਸਕਾਰ' ਰਿਵਾਜ ਮੁਤਾਬਕ ਲਿਖਿਆ ਗਾ ਛਡਦੇ ਹੋ, ਅਸਲੀ ਸਿਮਰਨ ਨਹੀਂ ਕਰਦੇ।

ਛੀਜਹਿ ਅਹਿਨਿਸਿ ਮੂੜੇ ਕਿਉ ਛੂਟਹਿ ਜਮਿ ਪਾਕੜਿਆ ॥੨॥

ਛਛੇ ਪਰਥਾਇ (ਵਾਕ ਹੈ) ਹੇ ਮੂੜ ਤੂੰ ਦਿਨੇ ਰਾਤ ਘਟਦਾ* ਜਾ ਰਿਹਾ ਹੈ (ਜਦੋਂ) ਜਮਾਂ ਨੇ ਪਕੜਿਆ ਤਾਂ ਕਿਵੇਂ ਛੁਟੇਂਗਾ? ॥ ੨ ॥

ਬਬੈ ਬੂਝਹਿ ਨਾਹੀ ਮੂੜੇ ਭਰਮਿ ਭੂਲੇ ਤੇਰਾ ਜਨਮੁ ਗਇਆ ॥ ਅਣਹੋਦਾ ਨਾਉ ਧਰਾਇਓ ਪਾਧਾ ਅਵਰਾ ਕਾ ਭਾਰੁ ਤੁਧੁ ਲਇਆ ॥੩॥

ਬਬੇ ਪਰਥਾਇ (ਕਹਿੰਦੇ ਹਨ) ਹੇ ਮੂੜ ! ਤੂੰ ਸਮਝਦਾ ਨਹੀਂ, ਭਰਮ ਵਿਚ ਭੁੱਲਣ ਕਰਕੇ ਤੇਰਾ (ਸਾਰਾ) ਜਨਮ ਵਿਅਰਥ (ਚਲਾ) ਗਿਆ ਹੈ। ਹੇ ਪਾਂਧੇ ! ਤੂੰ ਅਨਹੋਣਾ † ਨਾਂ ਰਖਾਇਆ ਹੈ (ਭਾਵ ਇਹ ਨਾਮ ਤੈਨੂੰ ਢੁੱਕਦਾ ਨਹੀਂ, ਤੂੰ ਹੋਰਨਾਂ ਦਾ ਭਾਰ (ਆਪਣੇ ਸਿਰ) ਚੁੱਕਿਆ ਹੋਇਆ ਹੈ ॥ ੩ ॥

ਜਜੈ ਜੋਤਿ ਹਿਰਿ ਲਈ ਤੇਰੀ ਮੂੜੇ ਅੰਤਿ ਗਇਆ ਪਛੁਤਾਵਹਿਗਾ ॥ ਏਕੁ ਸਬਦੁ ਤੂੰ ਚੀਨਹਿ ਨਾਹੀ ਫਿਰਿ ਫਿਰਿ ਜੂਨੀ ਆਵਹਿਗਾ ॥੪॥

ਜਜੇ ਦੁਆਰਾ (ਦੱਸਦੇ ਹਨ) ਹੇ ਮੂੜ ! (ਪਾਪਾਂ ਨੇ) ਤੇਰੀ ਰੂਹਾਨੀ ਤਾਕਤ ਖੋਹ ਲਈ ‡ਹੈ, ਅਖ਼ੀਰ (ਜਦੋਂ ਦੇਹ ਤਿਆਗਕੇ) ਜਾਏਂਗਾ (ਤਾਂ ਤੂੰ ਅਵੱਸ਼ ਪਛੁਤਾਵੇਂਗਾ। ਇਕ (ਗੁਰ-) ਸ਼ਬਦ ਨੂੰ ਤੂੰ ਸਮਝਦਾ ਨਹੀਂ, (ਇਸ ਵਾਸਤੇ ਬਾਰ ਬਾਰ ਜੂਨਾਂ ਵਿਚ ਆਉਂਦਾ ਜਾਂਦਾ ਰਹੇਂਗਾ ॥ ੪ ॥

ਤੁਧੁ ਸਿਰਿ ਲਿਖਿਆ ਸੋ ਪੜੁ ਪੰਡਿਤ ਅਵਰਾ ਨੋ ਨ ਸਿਖਾਲਿ ਬਿਖਿਆ ॥ ਪਹਿਲਾ ਫਾਹਾ ਪਇਆ ਪਾਧੇ ਪਿਛੋ ਦੇ ਗਲਿ ਚਾਟੜਿਆ ॥੫॥

ਹੇ ਪੰਡਿਤ ! ਜੋ ਤੇਰੇ ਸਿਰ ਲਿਖਿਆ§ ਹੋਇਆ ਹੈ, ਉਹ ਪੜ੍ਹ ਅਤੇ ਹੋਰਨਾਂ ਨੂੰ ਗ਼ਲਤ ਪੜ੍ਹਾਈ ** ਨਾ ਪੜ੍ਹਾ । ਹੇ ਪਾਂਧੇ ! ਪਹਿਲੇ ਤੂੰ ਆਪਣੇ ਗਲ ਫਾਹੀ ਪਾ ਲਈ ਹੈ, ਪਿਛੋਂ (ਆਪਣੇ) ਸ਼ਾਗਿਰਦਾਂ ਦੇ ਗਲ ਪਾ ਦਏਂਗਾ ॥ ੫ ॥

ਸਸੈ ਸੰਜਮੁ ਗਇਓ ਮੂੜੇ ਏਕੁ ਦਾਨੁ ਤੁਧੁ ਕੁਥਾਇ ਲਇਆ ॥ ਸਾਈ ਪੁਤ੍ਰੀ ਜਜਮਾਨ ਕੀ ਸਾ ਤੇਰੀ ਏਤੁ ਧਾਨਿ ਖਾਧੈ ਤੇਰਾ ਜਨਮੁ ਗਇਆ ॥੬॥

ਹੇ ਮੂਰਖ (ਪੰਡਿਤ)! ਇਕ ਦਾਨ ਤੂੰ ਨਾਜਾਇਜ਼††ਲਇਆ ਹੈ (ਦਾਨ ਦੇ ਲਾਲਚ ਕਾਰਣ ਤੇਰਾ) ਅਪਣੇ ਆਪ ਉਤੇ ਕਾਬੂ ‡‡ ਨਹੀਂ ਰਿਹਾ। (ਸੋਚ. ਕਿ) ਜੈਸੀ ਧੀ ਜਜਮਾਨ ਦੀ, ਵੈਸੀ ਤੇਰੀ ਹੋਈ ਇਸ ਧਾਨ ਖਾਣ ਨਾਲ ਤੇਰਾ ਜਨਮ (ਭ੍ਰਿਸ਼ਟ ਹੋ) ਗਿਆ ਹੈ §§ ॥ ੬ ॥

ਮੰਮੈ ਮਤਿ ਹਿਰਿ ਲਈ ਤੇਰੀ ਮੂੜੇ ਹਉਮੈ ਵਡਾ ਰੋਗੁ ਪਇਆ ॥ ਅੰਤਰ ਆਤਮੈ ਬ੍ਰਹਮੁ ਨ ਚੀਨ੍ਹਿਆ ਮਾਇਆ ਕਾ ਮੁਹਤਾਜੁ ਭਇਆ ॥੭॥

ਮੰਮੇ ਪਰਥਾਇ (ਦੱਸਦੇ ਹਨ) ਮੂਰਖਾ ! ਤੈਨੂੰ ਹਉਮੈ ਵਾਲਾ ਬਹੁਤ ਵੱਡਾ ਰੋਗ ਹੋ ਗਿਆ ਹੈ, (ਜਿਸ ਨਾਲ) ਤੇਰੀ ਮਤ ਮਾਰੀ ਗਈ ਹੈ। (ਤੂੰ) ਅਪਣੇ ਆਪ ਦੇ ਅੰਦਰ ਬ੍ਰਹਮ ਨੂੰ ਨਹੀਂ ਪਛਾਤਾ ਅਤੇ ਮਾਇਆ ਦਾ ਮੁਥਾਜ ਹੋ ਗਿਆ ਹੈਂ ॥ ੭ ॥

---

* ਛੀਜਹਿ=(ਦੇਖੋ ਪੰਨਾ ੪੬੨ 'ਛਿਜੀਐ') ਟੁੱਟਦਾ ਹੈਂ, ਘਟਦਾ ਹੈਂ, ਨਸ਼ਟ ਹੁੰਦਾ ਹੈਂ।

† ਅਣਹੋਂਦਾ=ਨਾ-ਮੁਮਕਿਨ, ਨਾ-ਮੁਨਾਸਿਬ, ਜਿਸ ਦੀ ਹੋਂਦ ਨਹੀਂ। ਜਿਸ ਦੀ ਅਸਲੀਅਤ ਨਹੀਂ।

‡ ਹਿਰਿ ਲਈ=ਖੋਹ ਲਈ, ਹਰ ਲਈ।

§ ਭਾਵ ਬੁਰੇ ਕਰਮਾਂ ਦਾ ਫਲ ਜੋ ਤੇਰੀ ਕਿਸਮਤ ਵਿਚ ਲਿਖਿਆ ਹੈ ਉਹ ਪੜ੍ਹ।

** ਬਿਖਿਆ=(ਦੇਖੋ ਪੰਨਾ ੧੫੫੦) ਜ਼ਹਿਰ, ਵਿਹੁ। ਵਿਹੁਲੀ ਵਿਦਿਆ। ਗਲਤ ਵਿਦਿਆ।

†† ਕੁਥਾਇ=ਕੁ+ਥਾਇ=ਮਾੜੀ ਥਾਂ, ਗਲਤ ਥਾਂ। ਜਿਥੋਂ ਦਾਨ ਲੈਣਾ ਉਚਿਤ ਨਹੀਂ।

‡‡ ਸੰਜਮੁ=(ਦੇਖੋ ਪੰਨਾ ੩੬੬) ਨਿਯਮ ਜੁਗਤ, ਜਤਨ। ਇੰਦ੍ਰੇ ਵਸੀਕਾਰ।

§§ ਧੀ ਦਾ ਵਿਆਹ ਕਰਕੇ ਪੈਸੇ ਲੈਣੇ, ਧੀ ਵੇਚਣ ਦੇ ਤੁੱਲ ਹੈ, ਏਸ ਕਰਕੇ ਇਹ ਨਾਜਾਇਜ਼ ਗੱਲ ਹੈ।

ਕਕੈ ਕਾਮਿ ਕ੍ਰੋਧਿ ਭਰਮਿਓਹੁ ਮੂੜੇ ਮਮਤਾ ਲਾਗੇ ਤੁਧੁ ਹਰਿ ਵਿਸਰਿਆ॥ ਪੜਹਿ ਗੁਣਹਿ ਤੂੰ ਬਹੁਤੁ ਪੁਕਾਰਹਿ ਵਿਣੁ ਬੂਝੇ ਤੂੰ ਡੂਬਿ ਮੁਆ ॥੮॥

ਕਕੇ ਦੁਆਰਾ (ਦੱਸਦੇ ਹਨ) ਹੇ ਮੂੜ੍ਹ ! (ਤੂੰ) ਕਾਮ ਕ੍ਰੋਧ ਵਿਚ ਭਟਕ ਰਿਹਾ* ਹੈ ਅਤੇ ਅਹੰਕਾਰ † ਵਿਚ ਲਗਕੇ ਤੈਨੂੰ ਹਰੀ ਵਿਸਰ ਗਿਆ ਹੈ। ਤੂੰ ਪੜ੍ਹਦਾ ਗੁੜ੍ਹਦਾ ਤੇ ਬਹੁਤ ਰੌਲਾ ਪਾਉਂਦਾ ਹੈਂ (ਪਰ) ਬਿਨਾਂ ਸਮਝਣ ਦੇ ਤੂੰ ਡੁੱਬ ਮੋਇਆ ਹੈਂ॥ ੮॥

ਤਤੈ ਤਾਮਸਿ ਜਲਿਓਹੁ ਮੂੜੇ ਥਥੈ ਥਾਨ ਭਰਿਸਟੁ ਹੋਆ ॥ ਘਘੈ ਘਰਿ ਘਰਿ ਫਿਰਹਿ ਤੂੰ ਮੂੜੇ ਦਦੈ ਦਾਨੁ ਨ ਤੁਧੁ ਲਇਆ ॥੯॥

ਤਤੇ ਦੁਆਰਾ ਦੱਸਿਆ ਹੈ:ਹੇ ਮੂੜ੍ਹ ! ਤੂੰ ਤਮੋ ਗੁਣੀ ‡ ਵਿਸ਼ਿਆਂ ਵਿਚ ਸੜ ਰਿਹਾ ਹੈਂ। ਥਥੇ ਥਾਨ (ਆਪਣੀ ਪਦਵੀ) ਤੋਂ ਭਰਿਸ਼ਟ ਹੋ ਗਿਆ ਹੈਂ। ਮੂਰਖਾ ! ਤੂੰ ਘਘਾ ਘਰ ਘਰ (ਮੰਗਦਾ) ਫਿਰਦਾ ਹੈਂ (ਪਰ) ਦਦਾ ਦਾਨ (ਅਸਲੀ ਨਾਮ ਦਾਨ) ਤੂੰ ਨਹੀਂ ਲਿਆ॥ ੯॥

ਪਪੈ ਪਾਰਿ ਨ ਪਵਹੀ ਮੂੜੇ ਪਰਪੰਚਿ ਤੂੰ ਪਲਚਿ ਰਹਿਆ ॥ ਸਚੈ ਆਪਿ ਖੁਆਇਓਹੁ ਮੂੜੇ ਇਹੁ ਸਿਰਿ ਤੇਰੈ ਲੇਖੁ ਪਇਆ ॥੧੦॥

ਪੱਪੇ ਦੁਆਰਾ (ਦੱਸਦੇ ਹਨ) ਹੇ ਮੂੜ੍ਹ ! ਤੂੰ ਦੁਨਿਆਵੀ ਜੰਜਾਲਾਂ ਵਿਚ ਉਲਝਿਆ§ ਹੋਇਆ ਹੈਂ, (ਸੰਸਾਰ ਸਾਗਰ ਤੋਂ) ਪਾਰ ਨਹੀਂ ਪੈ ਸਕੇਂਗਾ। (ਪਰ) ਤੇਰੇ ਸਿਰ ਏਹੋ ਲੇਖ ਲਿਖਿਆ ਪਿਆ ਸੀ, ਹੇ ਮੂਰਖ ! ਸਚੇ ਹਰੀ ਨੇ ਆਪ ਹੀ (ਤੈਨੂੰ) ਖੁੰਝਾ ਦਿਤਾ ਹੈ॥ ੧੦॥

ਭਭੈ ਭਵਜਲਿ ਡੁਬੋਹੁ ਮੂੜੇ ਮਾਇਆ ਵਿਚਿ ਗਲਤਾਨੁ ਭਇਆ ॥ ਗੁਰ ਪਰਸਾਦੀ ਏਕੋ ਜਾਣੈ ਏਕ ਘੜੀ ਮਹਿ ਪਾਰਿ ਪਇਆ ॥੧੧॥

ਭਭੇ ਦੁਆਰਾ (ਕਹਿੰਦੇ ਹਨ), ਹੇ ਮੂੜ੍ਹ ! (ਤੂੰ) ਸੰਸਾਰ ਸਮੁੰਦਰ ਵਿਚ ਡੁੱਬਾ ਹੋਇਆ ਹੈਂ ਤੇ ਮਾਇਆ ਵਿਚ ਫਸਿਆ ਹੋਇਆ ਹੈਂ। (ਪਰ ਜੇ ਤੂੰ) ਗੁਰੂ ਦੀ ਮੇਹਰ ਨਾਲ ਇਕ (ਪਰਮਾਤਮਾ) ਨੂੰ ਜਾਣ ਲਵੇਂ ਤਾਂ ਇਕ ਘੜੀ ਵਿਚ ਪਾਰ ਹੋ ਸਕਦਾ ਹੈਂ॥ ੧੧॥

ਵਵੈ ਵਾਰੀ ਆਈਆ ਮੂੜੇ ਵਾਸੁਦੇਉ ਤੁਧੁ ਵੀਸਰਿਆ ॥ ਏਹ ਵੇਲਾ ਨ ਲਹਸਹਿ ਮੂੜੇ ਫਿਰਿ ਤੂੰ ਜਮ ਕੈ ਵਸਿ ਪਇਆ ॥੧੨॥

ਵਵੇ ਦੁਆਰਾ (ਕਹਿੰਦੇ ਹਨ), ਹੇ ਮੂੜ੍ਹ ! (ਤੇਰੀ ਪ੍ਰਭੂ-ਮਿਲਨ ਦੀ) ਵਾਰੀ ** ਆਈ ਹੈ (ਪਰ) ਤੈਨੂੰ ਵਾਹਿਗੁਰੂ ਭੁੱਲਾ ਹੋਇਆ ਹੈ; (ਜੇਕਰ) ਮੂਰਖਾ ਤੂੰ ਏਸ ਵੇਲੇ ਕੁਛ ਨਾ ਪ੍ਰਾਪਤ ਕੀਤਾ ਤਾਂ ਫਿਰ ਜਮਾਂ ਦੇ ਵੱਸ ਪੈ ਜਾਏਂਗਾ॥ ੧੨॥

ਝਝੈ ਕਦੇ ਨ ਝੂਰਹਿ ਮੂੜੇ ਸਤਿਗੁਰ ਕਾ ਉਪਦੇਸੁ ਸੁਣਿ ਤੂੰ ਵਿਖਾ ॥ ਸਤਿਗੁਰ ਬਾਝਹੁ ਗੁਰੁ ਨਹੀ ਕੋਈ ਨਿਗੁਰੇ ਕਾ ਹੈ ਨਾਉ ਬੁਰਾ ॥੧੩॥

ਝਝੇ ਦੁਆਰਾ (ਕਹਿੰਦੇ ਹਨ), ਹੇ ਮੂੜ੍ਹ ! ਤੂੰ ਸਤਿਗੁਰੂ ਦਾ ਉਪਦੇਸ਼ ਸੁਣ ਵੇਖ (ਫੇਰ ਤੂੰ) ਕਦੀ ਨਹੀਂ ਝੂਰੇਂਗਾ ††। ਸਤਿਗੁਰੂ ਤੋਂ ਬਿਨਾ (ਹੋਰ) ਗੁਰੂ ਕੋਈ ਨਹੀਂ, (ਪਰ ਜੋ ਮੂਲੋਂ ਗੁਰੂ ਧਾਰਨ ਹੀ ਨਹੀਂ ਕਰਦੇ ਐਸੇ) ਨਿਗੁਰੇ (ਸ਼ਖਸ) ਦਾ ਤਾਂ ਨਾਂ ਲੈਣਾ ਵੀ ਬੁਰਾ ਹੈ॥ ੧੩॥

---

* ਭਰਮਿਓਹੁ=ਇਹ ਸ਼ਬਦ ਸੰਸਕ੍ਰਿਤ ਦੇ ਭ੍ਰਮਣ ਤੋਂ ਹੈ, ਜਿਸ ਦਾ ਮਤਲਬ ਚੱਕਰ ਕੱਟਣਾ, ਫੇਰੀ ਲਾਉਣੀ ਆਦਿਕ ਹੈ, ਏਸ ਕਰਕੇ ਅਰਥ 'ਭਟਕ ਰਿਹਾ' ਕੀਤਾ ਹੈ।

† ਮਮਤਾ= [ਸੰਸ:,] ਮੈਂ ਪੁਣੇ ਦਾ ਭਾਵ। ਹਉਮੈ, ਅਹੰਕਾਰ, ਅਭਿਮਾਨ।

‡ ਤਾਮਸਿ= [ਅ:, ਤਮਅ੍=ਲਾਲਚ] ਲੋਭ, ਲਾਲਚ, ਹਿਰਸ।

§ ਪਲਚਿ=[ਪ੍ਰ:ਪੰ:,ਪਰਚਨਾ ਤੋਂ ਪਲਚਣਾ] ਫਸਿਆ ਹੋਇਆ,ਰੁੱਝਾ ਹੋਇਆ।ਉਲਝਿਆ ਹੋਇਆ।(ਦੇਖੋ ਪੰਨਾ ੯੩੭)

** ਯਥਾ:-ਭਈ ਪਰਾਪਤਿ ਮਾਨੁਖ ਦੇਹੁਰੀਆ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥ [ਆਸਾ ਮ: ੫]

†† ਝੂਰਹਿ= [ਪੰ:, ਝੂਰਨਾ=ਪਛੁਤਾਉਣਾ] ਪਛੁਤਾਵੇਂ। ਪਸ਼ੇਮਾਨ ਹੋਵੇਂ। ਫਿਕਰ ਵਿਚ ਪਵੇਂ।

ਧਧੈ ਧਾਵਤ ਵਰਜਿ ਰਖੁ ਮੂੜੇ ਅੰਤਰਿ ਤੇਰੈ ਨਿਧਾਨੁ ਪਇਆ ॥ ਗੁਰਮੁਖਿ ਹੋਵਹਿ ਤਾ ਹਰਿ ਰਸੁ ਪੀਵਹਿ ਜੁਗਾ ਜੁਗੰਤਰਿ ਖਾਹਿ ਪਇਆ ॥੧੪॥

ਧਦੇ ਦੁਆਰਾ (ਕਹਿੰਦੇ ਹਨ), ਹੇ ਮੂੜ੍ਹ ! ਤੇਰੇ ਅੰਦਰ (ਇਕ ਅੰਮ੍ਰਿਤ ਦਾ) ਭੰਡਾਰ ਪਿਆ ਹੈ (ਇਸ ਲਈ ਮਨ ਨੂੰ ਬਾਹਰ) ਭੱਜਣ* ਤੋਂ ਰੋਕੀ ਰਖ। (ਜੇ ਤੂੰ) ਗੁਰਮੁਖ ਬਣੇਂ ਤਾਂ ਹਰੀ ਰਸ ਪੀਵੇਂਗਾ (ਤਾਂ ਇਹ ਖ਼ਜ਼ਾਨਾ ਮੁੱਕਣ ਨਹੀਂ ਲੱਗਾ ਭਾਵੇਂ) ਜੁਗੋ ਜੁਗ ਇਸ ਨੂੰ ਖਾਂਦਾ ਰਹੇਂ॥ ੧੪॥

ਗਗੈ ਗੋਬਿਦੁ ਚਿਤਿ ਕਰਿ ਮੂੜੇ ਗਲੀ ਕਿਨੈ ਨ ਪਾਇਆ ॥ ਗੁਰ ਕੇ ਚਰਨ ਹਿਰਦੈ ਵਸਾਇ ਮੂੜੇ ਪਿਛਲੇ ਗੁਨਹ ਸਭ ਬਖਸਿ ਲਇਆ ॥੧੫॥

ਗਗੇ ਦੁਆਰਾ (ਕਹਿੰਦੇ ਹਨ), ਹੇ ਮੂੜ੍ਹ ! ਗੋਬਿੰਦ ਨੂੰ ਹਿਰਦੇ ਵਿਚ ਯਾਦ ਕਰ (ਕਿਉਂਕਿ ਫੋਕੀਆਂ) ਗਲਾਂ ਬਾਤਾਂ ਨਾਲ ਕਿਸੇ ਨੇ (ਪ੍ਰਭੂ) ਨਹੀਂ ਪਾਇਆ ਮੂਰਖਾ ! ਗੁਰੂ ਕੇ ਚਰਨਾਂ ਦਾ ਹਿਰਦੇ ਵਿਚ ਧਿਆਨ ਧਰ, (ਤਾਕਿ ਤੇਰੇ ਸਾਰੇ) ਪਿਛਲੇ ਗੁਨਾਹ ਬਖਸ਼ੇ ਜਾਣ॥ ੧੫॥

ਹਾਹੈ ਹਰਿ ਕਥਾ ਬੂਝੁ ਤੂੰ ਮੂੜੇ ਤਾ ਸਦਾ ਸੁਖੁ ਹੋਈ ॥ ਮਨਮੁਖਿ ਪੜਹਿ ਤੇਤਾ ਦੁਖੁ ਲਾਗੈ ਵਿਣੁ ਸਤਿਗੁਰ ਮੁਕਤਿ ਨ ਹੋਈ ॥੧੬॥

ਹੇ ਮੂੜ੍ਹ ! (ਜੇ) ਤੈਨੂੰ ਹਰੀ-ਕਥਾ ਦੀ ਸਮਝ ਬੂਝ ਆ ਜਾਵੇ ਤਾਂ (ਤੈਨੂੰ) ਸਦਾ ਲਈ ਸੁਖ (ਪ੍ਰਾਪਤ ਹੋ) ਜਾਏ। ਮਨਮੁਖ ਲੋਗ (ਜਿੰਨੀ ਪੜ੍ਹਾਈ) ਪੜ੍ਹਦੇ ਹਨ (ਉਸ ਦਾ ਉਹਨਾਂ ਨੂੰ) ਓਨਾ ਹੀ ਦੁਖ ਲਗਦਾ ਹੈ; (ਮਨਮੁਖਤਾ ਦੀ ਪੜ੍ਹਾਈ) ਬੰਧਨ ਰੂਪ ਹੈ ਮੁਕਤੀ ਦਾਤਾ ਨਹੀਂ) ਬਿਨਾਂ ਸਚੇ ਗੁਰੂ ਦੇ ਮੁਕਤੀ ਨਹੀਂ ਹੋ ਸਕਦੀ (ਇਹ) ਹਾਹੇ (ਦਾ ਉਪਦੇਸ਼) ਹੈ॥ ੧੬॥

ਰਾਰੈ ਰਾਮੁ ਚਿਤਿ ਕਰਿ ਮੂੜੇ ਹਿਰਦੈ ਜਿਨ੍ ਕੈ ਰਵਿ ਰਹਿਆ ॥ ਗੁਰ ਪਰਸਾਦੀ ਜਿਨ੍ੀ ਰਾਮੁ ਪਛਾਤਾ ਨਿਰਗੁਣ ਰਾਮੁ ਤਿਨ੍ੀ ਬੂਝਿ ਲਹਿਆ ॥੧੭॥

ਹੇ ਮੂਰਖ ! ਰਾਮ ਨੂੰ ਚਿਤ ਵਿਚ ਯਾਦ ਕਰ। ਗੁਰੂ ਦੀ ਕਿਰਪਾ ਨਾਲ ਜਿਨ੍ਹਾਂ ਨੇ ਰਾਮ ਪਛਾਣਿਆਂ ਹੈ ਉਹਨਾਂ ਦੇ ਹਿਰਦੇ ਵਿਚ ਰਾਮ ਵੱਸਣ ਲੱਗ ਪਿਆ ਹੈ (ਐਸ ਤਰ੍ਹਾਂ) ਨਿਰਗੁਣ ਪਰਮਾਤਮਾ ਦਾ ਗਜਾਨ ਉਹਨਾਂ ਨੂੰ ਪ੍ਰਾਪਤ ਹੋ ਜਾਂਦਾ ਹੈ (ਇਹ ਹੈ) ਰਾਰੇ ਦਾ (ਉਪਦੇਸ਼)॥ ੧੭॥

ਤੇਰਾ ਅੰਤੁ ਨ ਜਾਈ ਲਖਿਆ ਅਕਥੁ ਨ ਜਾਈ ਹਰਿ ਕਥਿਆ ॥ ਨਾਨਕ ਜਿਨ੍ ਕਉ ਸਤਿਗੁਰੁ ਮਿਲਿਆ ਤਿਨ੍ ਕਾ ਲੇਖਾ ਨਿਬੜਿਆ ॥ ੧੮ ॥ ੧ ॥੨॥

ਹੇ ਹਰੀ ! ਤੇਰਾ ਅੰਤ ਨਹੀਂ ਪਾਇਆ ਜਾ ਸਕਦਾ, (ਤੈਂ) ਅਕੱਥ ਨੂੰ ਕਥਿਆ ਨਹੀਂ ਜਾ ਸਜਦਾ (=ਤੈਨੂੰ ਵਰਣਨ ਕਰਨਾ ਨਾ-ਮੁਮਕਿਨ ਹੈ। ਕਹਿੰਦੇ ਹਨ ਗੁਰੂ) ਨਾਨਕ, ਜਿਨ੍ਹਾਂ ਨੂੰ ਸਚਾ ਗੁਰੂ ਮਿਲ ਗਿਆ ਹੈ ਉਹਨਾਂ ਦਾ (ਕਰਮਾਂ ਦਾ) ਹਿਸਾਬ ਹੀ ਮੁੱਕ ਗਿਆ ਹੈ॥ ੧੮॥ ੧॥ ੨॥

-ਅਸਟਪਦੀਆਂ ਸਮਾਪਤ ਤੇ ਛੰਤ ਸ਼ੁਰੂ-

[ਆਸਾ ਮਹਲਾ ੧, ਛੰਤ-੧]

ਰਾਗੁ ਆਸਾ ਮਹਲਾ ੧ ਛੰਤ ਘਰੁ ੧ ੴ ਸਤਿਗੁਰ ਪ੍ਰਸਾਦਿ॥

ਪ੍ਰਾਕ੍ਥਨ-ਗਉੜੀ ਰਾਗ ਵਿਚ ਵੀ ਛੰਤ ਆ ਚੁਕੇ ਹਨ, ਜਿਨ੍ਹਾਂ ਉਤੇ ਪੂਰਨ ਸਵਿਸਤਾਰ

* ਧਾਵਤ=ਭੱਜਦਾ ਹੋਇਆ, ਭਾਵ ਹੈ ਚੰਚਲ ਮਨ ਤੋਂ, ਜੋ ਖਿਆਲਾਂ ਦੁਆਰਾ ਭੱਜਾ ਫਿਰਦਾ ਹੈ।

ਵਿਆਖਿਆ ਲਿਖੀ ਗਈ ਹੈ, ਦੇਖੋ ਪੰਨਾ ੧੫੫੩-੧੫੯੫।

ਇਹ ਛੰਤ ਆਸਾ ਰਾਗ ਵਿਚ ਹਨ। ਸਮੁੱਚੇ ਤੌਰ ਤੇ ਛੰਤਾਂ ਦਾ ਵਿਸ਼ਯ ਮਿਲਦਾ ਜੁਲਦਾ ਹੈ, ਏਸ ਕਰਕੇ ਏਥੇ ਸੰਖੇਪ ਮਾਤ੍ਰ ਦੇਂਦੇ ਹਾਂ: ਪਹਿਲੇ ਉਸ ਅਨੰਦ ਦਾ ਜ਼ਿਕਰ ਹੈ ਜੋ ਨਾਮ ਤੋਂ ਉਪਜਦਾ ਹੈ ਤੇ ਇਸ ਨੂੰ ਪ੍ਰਾਪਤ ਕਰਨ ਦੀ ਪ੍ਰੇਰਨਾ ਹੈ। ਸ਼ੁਰੂ ਵਿਚ ਛੰਤ ਦੀ ਗੋਂਦ ਰੂਪਕ ਅਲੰਕਾਰ ਵਿਚ ਬੱਧੀ ਹੈ। ਇਕ ਸੁਖ ਵਸਦੀ ਸੁਹਾਗਣ ਇਸਤ੍ਰੀ ਇਕ ਨਵਜੋਬਨਾਂ ਨੂੰ ਕੰਤ ਮਿਲਾਪ ਦੀਆਂ ਖੁਸ਼ੀਆਂ ਦਾ ਹਾਲ ਦੱਸਦੀ ਹੈ ਤੇ ਐਸ ਤਰ੍ਹਾਂ ਉਸ ਦੇ ਅੰਦਰ ਪ੍ਰੇਮ ਲਗਨ ਪੈਦਾ ਕਰਦੀ ਹੈ।

ਫੇਰ ਅੱਗੇ ਸਪਸ਼ਟ ਕਰਦੇ ਹਨ ਕਿ ਸਾਡਾ ਪ੍ਰੀਤਮ ਸੰਸਾਰਕ ਢੰਗ ਦਾ ਬੰਦਾ ਨਹੀਂ; ਉਹ ਹੱਡ ਚੰਮ ਲਹੂ ਦਾ ਪੁਤਲਾ ਨਹੀਂ, ਉਹ ਅਲੱਖ ਹੈ, ਅਪਰੰਪਰ ਹੈ। ਉਹ ਅਕਲ ਤੇ ਚਾਲਾਕੀਆਂ ਨਾਲ ਪ੍ਰਾਪਤ ਨਹੀਂ ਹੁੰਦਾ, ਉਹ ਪ੍ਰੇਮ ਦੁਆਰਾ ਮਿਲਦਾ ਹੈ; ਜਿਸ ਦਾ ਸਾਧਨ ਸ਼ਬਦ ਹੈ, ਪਰ ਰਸਤਾ ਮੇਹਰ ਦਾ ਹੈ। ਜਿਸ ਵੇਲੇ ਉਸ ਦੀ ਪ੍ਰਸੰਨਤਾ ਹੋਈ ਉਸ ਵੇਲੇ ਮਿਲਾਪ ਹੋ ਗਿਆ ਤੇ ਮਨ ਨੂੰ ਪੂਰੀ ਤਸੱਲੀ ਹੋ ਗਈ। ਐਸ ਹਾਲਤ ਵਿਚ ਫੇਰ ਸੰਸਾਰ੍ਕ ਸੁਖ ਕੁਛ ਕੀਮਤ ਨਹੀਂ ਰਖਦੇ। ਦੁਨਿਯਾਵੀ ਵਿਸ਼ਯ ਅਪਣੇ ਆਪ ਛੁਟ ਜਾਂਦੇ ਹਨ। ਜੋ ਸੁਖ ਫਲ ਪ੍ਰਭੂ ਮਿਲਾਪ ਤੋਂ ਮਿਲਦਾ ਹੈ ਉਸ ਦਾ ਇਕ ਹੋਰ ਵਾਧਾ ਹੈ, ਉਹ ਕਦੇ ਨਿਖੁੱਟਦਾ ਨਹੀਂ, ਉਹ ਅਮਰ ਸੁਖ ਹੈ। ਇਸ ਸੁਖ ਦੇ ਸਾਹਮਣੇ ਮਾਇਆ ਦੇ ਸੁਖ ਕੁਛ ਹਕੀਕਤ ਨਹੀਂ ਰਖਦੇ। ਮਾਇਆ ਦੇ ਸੁਖ ਤਾਂ ਧੋਖੇ ਹਨ, ਜਿਨ੍ਹਾਂ ਦੇ ਕਾਰਨ ਮਨੁੱਖ ਫਾਹੀਆਂ ਵਿਚ ਫਸ ਜਾਂਦਾ ਹੈ। ਇਸ ਗੱਲ ਨੂੰ ਫੇਰ ਵਧੇਰੇ ਸਪਸ਼ਟ ਕੀਤਾ ਹੈ ਤੇ ਇਸ ਵਾਸਤੇ ਅਲੰਕਾਰ: ਹਰਨ, ਭੌਰੇ, ਮੱਛੀ ਆਦਿਕ ਦਾ ਵਰਤਿਆ ਹੈ, ਜੋ ਸੁਖ ਦੀ ਖ਼ਾਤਰ ਭਰਮ ਜਾਲ ਵਿਚ ਫਸਦੇ ਹਨ। ਏਹ ਦਰਸਾਕੇ ਫੇਰ ਪ੍ਰੇਰਨਾ ਕੀਤੀ ਹੈ ਸਚੇ ਮਿਲਾਪ ਦੀ, ਜੋ ਸ਼ਬਦ ਦੁਆਰਾ ਪ੍ਰਾਪਤ ਹੁੰਦਾ ਹੈ ਤੇ ਕਿਹਾ ਹੈ:-

'ਸਚੁ ਕਹੈ ਨਾਨਕੁ ਸਬਦਿ ਸਾਚੈ ਮੇਲਿ ਚਿਰੀ ਵਿਛੁੰਨਿਆ॥' [ਆਸਾ ਮਹਲਾ ੧, ਛੰਤ-੫]

ਮੂਲ	ਅਰਥ
ਮੁੰਧ ਜੋਬਨਿ ਬਾਲੜੀਏ ਮੇਰਾ ਪਿਰੁ ਰਲੀਆਲਾ ਰਾਮ ॥ ਧਨ ਪਿਰ ਨੇਹੁ ਘਣਾ ਰਸਿ ਪ੍ਰੀਤਿ ਦਇਆਲਾ ਰਾਮ॥ ਧਨ ਪਿਰਹਿ ਮੇਲਾ ਹੋਇ ਸੁਆਮੀ ਆਪਿ ਪ੍ਰਭੁ ਕਿਰਪਾ ਕਰੇ ॥ ਸੇਜਾ ਸੁਹਾਵੀ ਸੰਗਿ ਪਿਰ ਕੈ ਸਾਤ ਸਰ ਅੰਮ੍ਰਿਤ ਭਰੇ ॥ ਕਰਿ ਦਇਆ ਮਇਆ ਦਇਆਲ ਸਾਚੇ ਸਬਦਿ ਮਿਲਿ ਗੁਣ ਗਾਵਓ ॥ ਨਾਨਕਾ ਹਰਿ ਵਰੁ ਦੇਖਿ ਬਿਗਸੀ ਮੁੰਧ ਮਨਿ ਓਮਾਹਓ ॥੧॥	ਹੇ ਜੋਬਨ ਵਿਚ (ਪਰ ਪ੍ਰੇਮ ਰਸ ਤੋਂ ਭੁੱਲੀ ਹੋਈ) ਅੱਲ੍ਹੜ ਇਸਤ੍ਰੀਏ (=ਭਾਵ, ਹੇ ਨੌਜਵਾਨ ਅਭੋਲ ਜਗਯਾਸੂ)! ਮੇਰਾ ਪਤੀ (ਪਰਮੇਸ਼ੁਰ) ਬੜਾ ਖੁਸ਼ੀਆਂ ਵਾਲਾ ਹੈ। (ਜਿਵੇਂ) ਇਸਤ੍ਰੀ ਭਰਤਾ ਦਾ ਪ੍ਰੇਮ ਅਪਾਰ ਹੁੰਦਾ ਹੈ (ਤਿਵੇਂ) ਮੇਰਾ ਰਾਮ (=ਵਾਹਿਗੁਰੂ ਆਪਣੀ) ਪ੍ਰੀਤ ਦੇ ਰਸ ਨਾਲ (ਜਗਯਾਸੂ ਉਤੇ) ਦਇਆਲੂ ਹੁੰਦਾ ਹੈ। (ਜਿਸ ਵੇਲੇ) ਪ੍ਰਭੂ ਸੁਆਮੀ ਆਪ ਕਿਰਪਾ ਕਰੇ (ਤਦੋਂ) ਇਸਤ੍ਰੀ (=ਜਗਯਾਸੂ) ਦਾ ਪਤੀ (=ਪਰਮੇਸ਼ੁਰ) ਨਾਲ ਮਿਲਾਪ ਹੁੰਦਾ ਹੈ। ਸੁਆਮੀ ਦੇ ਮਿਲਾਪ ਨਾਲ ਸੇਜ ਸੁਹਾਵੀ ਹੋ ਜਾਂਦੀ ਹੈ (ਜ਼ਿੰਦਗੀ ਅਨੰਦਮਈ ਹੋ ਜਾਂਦੀ ਹੈ, ਇਸਤ੍ਰੀ=ਜਗਯਾਸੂ ਦੇ) ਸੱਤੇ ਸਰੋਵਰ ਅੰਮ੍ਰਿਤ ਨਾਲ ਭਰ ਜਾਂਦੇ ਹਨ। (ਭਾਵ-ਪੰਜ ਇੰਦਰੇ ਤੇ ਮਨ, ਬੁਧਿ ਸੱਤੇ ਚੀਜ਼ਾਂ ਰਸ ਨਾਲ ਸਰਸ਼ਾਰ ਹੋ ਜਾਂਦੀਆਂ ਹਨ)। ਹੇ ਸੱਚੇ ਦਿਆਲੂ (ਸੁਆਮੀ ! ਮੇਰੇ ਤੇ) ਕਿਰਪਾ ਕਰ, ਮਿਹਰ ਕਰ ਕਿ ਮੈਂ ਸ਼ਬਦ ਵਿਚ ਮਿਲੀ (ਸ਼ਬਦ ਵਿਚ ਸਮਾਈ) ਹੋਈ (ਤੇਰੇ) ਗੁਣ ਗਾਵਾਂ। ਹੇ ਨਾਨਕ ! ਇਸਤ੍ਰੀ ਪਰਮੇਸ਼ੁਰ (ਰੂਪ) ਪਤੀ ਨੂੰ ਦੇਖਕੇ ਖਿੜ ਗਈ (ਤੇ) ਮਨ ਵਿਚ ਖੁਸ਼ ਹੋਈ॥ ੧॥

ਮੁੰਧ ਸਹਜਿ ਸਲੋਨੜੀਏ ਇਕ ਪ੍ਰੇਮ ਬਿਨੰਤੀ ਰਾਮ ॥ ਮੈ ਮਨਿ ਤਨਿ ਹਰਿ ਭਾਵੈ ਪ੍ਰਭ ਸੰਗਮਿ ਰਾਤੀ ਰਾਮ ॥ ਪ੍ਰਭ ਪ੍ਰੇਮਿ ਰਾਤੀ ਹਰਿ ਬਿਨੰਤੀ ਨਾਮਿ ਹਰਿ ਕੈ ਸੁਖਿ ਵਸੈ ॥ ਤਉ ਗੁਣ ਪਛਾਣਹਿ ਤਾ ਪ੍ਰਭੁ ਜਾਣਹਿ ਗੁਣਹ ਵਸਿ ਅਵਗਣ ਨਸੈ ॥

ਹੇ ਸਹਿ ਸੁਭਾ ਸੁੰਦਰ ਇਸਤ੍ਰੀਏ ! (ਮੈਂ ਤੈਨੂੰ) ਇਕ ਪਿਆਰ ਦੀ ਗੱਲ ਦੱਸਦੀ ਹਾਂ, ਮੈਨੂੰ ਹਰੀ ਮਨੋਂ ਤਨੋਂ ਭਾਉਂਦਾ ਹੈ (ਤੇ ਐਸ ਤਰ੍ਹਾਂ ਮੈਂ) ਪ੍ਰਭੂ ਮਿਲਾਪ ਵਿਚ (ਸਦਾ) ਰੰਗੀ ਹੋਈ ਰਹਿੰਦੀ ਹਾਂ। (ਮੈਂ) ਹਰੀ ਅੱਗੇ ਬੇਨਤੀ ਕਰਦੀ ਹਾਂ, (ਨਹੀਂ, ਬੇਨਤੀ ਰੂਪ ਹੀ ਹੋਈ ਹੋਈ) ਮੈਂ ਪ੍ਰਭੂ ਪ੍ਰੇਮ ਵਿਚ ਰੱਤੀ ਪਈ ਹਾਂ, (ਰੱਤੀ ਕੀ ਪਈ ਹਾਂ? ਕਿ ਮੈਂ) ਸੁਖ ਵਿਚ ਵਸ ਰਹੀ ਹਾਂ, (ਸੁਖ ਕੀ?) ਹਰੀ ਦੇ ਨਾਮ (ਸੁਖ) ਵਿਚ (ਵੱਸ ਰਹੀ ਹਾਂ। ਉਸ ਦੇ ਨਾਮ ਨੂੰ ਜਾਣਨ ਨਾਲ ਉਸ ਦੇ ਸਰੂਪ ਦਾ ਮਿਲਾਪ ਹੁੰਦਾ ਹੈ, ਨਾਮ ਉਸ ਦਾ ਗੁਣ ਹੈ) ਗੁਣਾਂ ਦੇ ਪਛਾਣਨ ਨਾਲ (ਹੀ) ਤਾਂ ਪ੍ਰਭੂ ਜਾਣਿਆ ਜਾਂਦਾ ਹੈ, (ਉਸ ਦੇ) ਗੁਣਾਂ ਦੇ ਵੱਸਣ ਨਾਲ (ਆਪਣੇ) ਅਵਗੁਣ ਨੱਸ ਜਾਂਦੇ ਹਨ।

ਤੁਧੁ ਬਾਝੁ ਇਕੁ ਤਿਲੁ ਰਹਿ ਨ ਸਾਕਾ ਕਹਣਿ ਸੁਨਣਿ ਨ ਧੀਜਏ ॥ ਨਾਨਕਾ ਪ੍ਰਿਉ ਪ੍ਰਿਉ ਕਰਿ ਪੁਕਾਰੇ ਰਸਨ ਰਸਿ ਮਨੁ ਭੀਜਏ ॥੨॥

[ਅਰਦਾਸ ਵਿਚ ਆ ਜਾਂਦੇ ਹਨ] ਤੇਰੇ ਬਾਝ ਇਕ ਖਿਨ ਬੀ ਰਹਿ ਨਹੀਂ ਸਕਦੀ, ਕਹਣ ਸੁਣਨ ਨਾਲ (ਮੈਨੂੰ) ਧੀਰਜ ਨਹੀਂ ਆਉਂਦੀ। (ਮੈਂ) ਨਾਨਕ (ਤੈਨੂੰ) ਪੀਉ ਪੀਉ ਕਰਕੇ ਪੁਕਾਰਦਾ ਹਾਂ, (ਮੇਰੀ) ਰਸਨਾ ਰਸ (ਮਾਣਦੀ ਹੈ ਅਤੇ) ਮਨ (ਤੇਰੇ ਪਿਆਰ ਵਿਚ) ਭਿੱਜਾ ਪਿਆ ਹੈ। (ਭਾਵ-ਤੇਰੀ ਬਾਬਤ ਗੱਲਾਂ ਕਰਨ ਨਾਲ ਧੀਰਜ ਨਹੀਂ ਆਉਂਦਾ, ਸੁਆਦ ਉਸ ਵੇਲੇ ਆਉਂਦਾ ਹੈ, ਜਿਸ ਵੇਲੇ ਪਿਆਰ ਦੇ ਪੂਰੇ ਜਜ਼ਬੇ ਵਿਚ ਤੈਨੂੰ 'ਪ੍ਰੀਤਮ ਪ੍ਰੀਤਮ' ਕਰਕੇ ਪੁਕਾਰਨ ਲੱਗ ਜਾਂਦਾ ਹਾਂ ਤੇ ਜ਼ਬਾਨ ਦੀ ਏਸ ਰਸ ਭਰੀ ਪੁਕਾਰ ਨਾਲ ਮਨ ਭਿੱਜ ਜਾਂਦਾ ਹੈ)॥ ੨॥

ਸਖੀਹੋ ਸਹੇਲੜੀਹੋ ਮੇਰਾ ਪਿਰੁ ਵਣਜਾਰਾ ਰਾਮ ॥ ਹਰਿ ਨਾਮੋ ਵਣੰਜੜਿਆ ਰਸਿ ਮੋਲਿ ਅਪਾਰਾ ਰਾਮ ॥ ਮੋਲਿ ਅਮੋਲੋ ਸਚ ਘਰਿ ਢੋਲੋ ਪ੍ਰਭ ਭਾਵੈ ਤਾ ਮੁੰਧ ਭਲੀ ॥ ਇਕਿ ਸੰਗਿ ਹਰਿ ਕੈ ਕਰਹਿ ਰਲੀਆ ਹਉ ਪੁਕਾਰੀ ਦਰਿ ਖਲੀ ॥

ਹੇ ਮੇਰੀ ਸਖੀਓ ਸਹੇਲੀਓ ! (ਭਾਵ ਹੈ, ਹੇ ਸਤਿਸੰਗੀਓ !) ਮੇਰਾ ਪਤੀ (ਇਕ) ਵਣਜਾਰਾ ਹੈ, (ਉਹ) ਹਰੀ ਨਾਮ ਦਾ ਹੀ ਵਪਾਰ ਕਰਦਾ ਹੈ, (ਏਸ ਜਿਨਸ ਦਾ) ਸੁਆਦ ਰਸ ਬੇਹੱਦ ਹੈ, (ਏਸ ਕਰਕੇ ਇਸ ਦਾ) ਮੁੱਲ (ਵੀ ਬੇਅੰਤ) ਹੈ। (ਮੇਰਾ) ਪਿਆਰਾ ਸੱਚੇ ਘਰ ਵਿਚ ਇਸਥਿਤ ਹੈ, (ਵਣਜਾਰਾ ਹੋਕੇ ਪ੍ਰਦੇਸਾਂ ਵਿਚ ਫਿਰਦਾ ਨਹੀਂ ਤੇ ਉਸ ਦੀ ਜਿਨਸ ਦੇ) ਮੁੱਲ (ਦਾ ਅੰਤ ਏਸ ਕਰਕੇ ਨਹੀਂ ਕਿ ਉਹ) ਅਮੋਲਕ ਸ਼ੈ ਹੈ (=ਜਗਜਾਸੂ ਕੋਲ ਇਤਨੀ ਹਿੰਮਤ ਨਹੀਂ ਕਿ ਉਸ ਦਾ ਮੁੱਲ ਪਾ ਸਕੇ; ਪਰ ਜੇ) ਪ੍ਰਭੂ ਨੂੰ ਭਾ ਜਾਵੇ ਤਾਂ (ਇਕ) ਇਸਤ੍ਰੀ (ਮਾਮੂਲੀ ਜਗਜਾਸਾ ਵਾਲੀ ਵੀ) ਭਲੀ ਹੋ ਜਾਂਦੀ ਹੈ (ਏਸ ਕਾਬਲ ਹੋ ਜਾਂਦੀ ਹੈ ਕਿ ਆਪਣੇ ਪ੍ਰੇਮ ਨਾਲ ਉਸ ਦੇ ਵੱਖਰ ਨੂੰ ਗ੍ਰਹਣ ਕਰ ਸਕੇ)। ਮੈਂ (ਐਸੀ ਹੀ ਮਾਮੂਲੀ ਜਗਜਾਸਾ ਦੀ ਹੈਸੀਅਤ ਵਾਲੀਆਂ ਇਸਤ੍ਰੀਆਂ ਵਿਚੋਂ ਹਾਂ ਤੇ ਉਸ ਦੇ) ਦਰ ਉਤੇ ਖੜੋਤੀ ਪੁਕਾਰ ਰਹੀ ਹਾਂ, (ਪਰ ਅਜੇ ਏਸ ਕਾਬਲ ਨਹੀਂ ਹੋਈ ਕਿ ਐਸੀਆਂ ਵਿਚੋਂ ਹੋਵਾਂ ਮੈਂ) ਇਕ, ਜੋ (ਅੰਦਰ ਦਾਖਲ ਹੋਕੇ) ਹਰੀ ਦੇ ਮਿਲਾਪ ਰਸ ਨੂੰ ਮਾਣਦੀਆਂ ਹਨ। (ਜੋ ਵਾਹਿਗੁਰੂ) ਕਰਣ

ਕਰਣ ਕਾਰਣ ਸਮਰਥ ਸ੍ਰੀਧਰ ਆਪਿ ਕਾਰਜੁ ਸਾਰਏ ॥ ਨਾਨਕ ਨਦਰੀ ਧਨ ਸੋਹਾਗਣਿ ਸਬਦੁ ਅਭ ਸਾਧਾਰਏ ॥੩॥

ਕਾਰਣ ਹੈ, (ਹਰ ਗੱਲ ਕਰਨ ਨੂੰ) ਸਮਰੱਥ ਹੈ, ਲਖਸ਼ਮੀ-ਪਤੀ ਹੈ* (ਉਹੋ) ਆਪ ਹੀ ਸਾਰੇ ਕਾਰਜ ਪੂਰੇ ਕਰਦਾ ਹੈ। (ਕਹਿੰਦੇ ਹਨ) ਨਾਨਕ (ਓਸ ਦੀ) ਨਦਰ ਨਾਲ (ਜਗਯਾਸੂ ਰੂਪ) ਇਸਤ੍ਰੀ ਸੋਹਾਗਣ ਹੋ ਜਾਂਦੀ ਹੈ (ਜਿਸ ਦੇ) ਅੰਤਹਕਰਣ ਨੂੰ ਸ਼ਬਦ ਸੁਧਾਰ ਦੇਂਦਾ ਹੈ॥ ੩॥

ਹਮ ਘਰਿ ਸਾਚਾ ਸੋਹਿਲੜਾ ਪ੍ਰਭ ਆਇਅੜੇ ਮੀਤਾ ਰਾਮ ॥ ਰਾਵੇ ਰੰਗਿ ਰਾਤੜਿਆ ਮਨੁ ਲੀਅੜਾ ਦੀਤਾ ਰਾਮ ॥ ਆਪਣਾ ਮਨੁ ਦੀਆ ਹਰਿ ਵਰੁ ਲੀਆ ਜਿਉ ਭਾਵੈ ਤਿਉ ਰਾਵਏ ॥ ਤਨੁ ਮਨੁ ਪਿਰ ਆਗੈ ਸਬਦਿ ਸਭਾਗੈ ਘਰਿ ਅੰਮ੍ਰਿਤ ਫਲੁ ਪਾਵਏ ॥ ਬੁਧਿ ਪਾਠਿ ਨ ਪਾਈਐ ਬਹੁ ਚਤੁਰਾਈਐ ਭਾਇ ਮਿਲੈ ਮਨਿ ਭਾਣੇ ॥ ਨਾਨਕ ਠਾਕੁਰ ਮੀਤ ਹਮਾਰੇ ਹਮ ਨਾਹੀ ਲੋਕਾਣੇ ॥੪॥੧॥

ਸਾਡੇ ਘਰ (=ਹਿਰਦੇ) ਵਿਚ ਸੱਚੀ ਖੁਸ਼ੀ ਹੈ, (ਕਿਉਂਕਿ) ਪ੍ਰਭੂ ਮੀਤ ਆਏ ਹਨ। ਪਿਆਰ ਵਿਚ ਰੰਗੇ ਹੋਏ ਆਨੰਦ ਮਾਣਦੇ ਹਾਂ, (ਉਸ ਮੀਤ ਨੂੰ ਆਪਣਾ) ਦਿਲ ਦਿੱਤਾ ਹੈ (ਉਸ ਦਾ ਦਿਲ) ਲਿਆ ਹੈ। (ਹਾਂ) ਆਪਣਾ ਮਨ (ਭੇਟਾ ਵਿਚ) ਦਿੱਤਾ ਹੈ (ਇੰਞ) ਹਰੀ ਰੂਪ ਵਰ ਪਾ ਲਿਆ ਹੈ (ਉਸ ਨੂੰ) ਜਿਵੇਂ ਚੰਗਾ ਲਗੇ ਤਿਵੇਂ (ਸਾਨੂੰ) ਭੋਗੇ। (ਆਪਣਾ) ਤਨ ਮਨ ਪ੍ਰਭੂ-ਪਤੀ ਅੱਗੇ (ਭੇਟਾ ਕਰੀਏ ਤਾਂ) ਸ਼ਬਦ ਦੁਆਰਾ ਸੁਭਾਗੇ ਹੋਕੇ ਘਰ ਵਿਚ ਹੀ ਅੰਮ੍ਰਿਤ-ਫਲ ਪ੍ਰਾਪਤ ਕਰ ਲਈਦਾ ਹੈ। ਨਾ ਅਕਲ ਨਾਲ, ਨਾ ਪਾਠ ਨਾਲ ਅਤੇ ਨਾ ਹੀ ਬਹੁਤੀਆਂ ਚਾਲਾਕੀਆਂ ਨਾਲ (ਉਹ) ਮਿਲਦਾ ਹੈ, (ਉਹ ਕੇਵਲ) ਪ੍ਰੀਤ ਨਾਲ ਮਿਲਦਾ ਹੈ, (ਸੋ ਭੀ ਤਾਂ ਜੇ ਉਸ ਦੇ) ਮਨ ਵਿਚ ਭਾ ਜਾਵੇ। (ਕਹਿੰਦੇ ਹਨ) ਨਾਨਕ, ਠਾਕੁਰ ਸਾਡੇ ਮੀਤ ਹਨ, ਅਸੀਂ ਕੋਈ ਬੇਗਾਨੇ ਨਹੀਂ ਹਾਂ॥ ੪॥ ੧॥

ਨਿਰੁਕ੍ਤ--ਮੁੰਧ-(ਦੇਖੋ ਪੰਨਾ ੧੫੫੭) ਅਨਜਾਣ ਅਤੇ ਭੋਲੀ ਭਾਲੀ ਨੌਜਵਾਨ ਇਸਤ੍ਰੀ।

ਰਲੀਆਲਾ- [ਰਲੀਆਂ=ਖੁਸ਼ੀਆਂ, ਮੌਜਾਂ] ਖੁਸ਼ੀਆਂ ਵਾਲਾ, ਮੌਜਾਂ ਵਾਲਾ।

ਸਾਤ ਸਰ-ਸੱਤ ਸਰੋਵਰ, ਸੱਤ ਤਲਾ। ਭਾਵ ਹੈ ਮਨ, ਬੁਧਿ ਤੇ ਪੰਜ ਗਿਆਨ ਇੰਦ੍ਰੀਆਂ। 'ਸਾਤ' ਦਾ ਅਰਥ ਸ਼ਾਂਤ ਵੀ ਕਰ ਲੈਂਦੇ ਹਨ।

ਸਹਜਿ ਸਲੋਨੜੀਏ- [ਸਹਜ=ਕੁਦਰਤੀ ਸਲੋਨਾ=ਹਿੰ:, ਨਮਕੀਨ। ੨. ਰਸੀਲਾ, ਸੁੰਦਰ] ਸੁਭਾਵਕ ਸੁੰਦਰਤਾ ਵਾਲੀਏ, ਕੁਦਰਤੀ ਖ਼ੂਬਸੂਰਤੀ ਵਾਲੀਏ ! ਐਸੀ ਸੁੰਦਰੀ ਜਿਸ ਨੇ ਕੋਈ ਬਨਾਉਟੀ ਰੂਪ ਨਹੀਂ ਬਣਾਇਆ ਹੋਇਆ।

ਸੰਗਮਿ- [ਸੰਸ:, ਸੰਗਮ:=ਮਿਲਾਪ, ਸਾਥ, ਏਕਾ] ਮਿਲਾਪ ਵਿਚ, ਵਸਲ ਵਿਚ।

ਨ ਧੀਜਏ-ਧੀਰਜ ਨਹੀਂ ਆਉਂਦੀ। ਸ਼ਾਂਤੀ ਨਹੀਂ ਆਉਂਦੀ।

ਢੋਲੋ- [ਲਹਿੰਦਾ ਪੰਜਾਬੀ] ਢੋਲ, ਪਿਆਰਾ, ਪ੍ਰਿਯ, ਪਤੀ।

ਕਰਣ ਕਾਰਣ-(ਦੇਖੋ ਪੰਨਾ ੧੭੧੧) ਕਾਰਨਾਂ ਦੇ ਕਰਨ ਵਾਲਾ।

ਸਮਰਥ- [ਸੰਸ:, ਸਮਰ੍ਥ=ਮਜ਼ਬੂਤ, ਬਲਵਾਨ, ਕ਼ਾਬਿਲ] ਜੋ ਸਭ ਕੁਛ ਕਰ ਸਕਣ ਦੇ ਯੋਗ ਹੈ। ਕ਼ਾਬਿਲ।
ਅਭ-ਅੰਤਹਕਰਣ, (ਦੇਖੋ ਪੰਨਾ ੫੪੬)।

* ਭਾਵ ਸਾਰੀਆਂ ਸੰਪਤੀਆਂ ਦਾ ਮਾਲਕ ਹੈ।

[ਆਸਾ ਮਹਲਾ ੧, ਛੰਤ-੨]

ਮੂਲ	ਅਰਥ
ਆਸਾ ਮਹਲਾ ੧ ॥ ਅਨਹਦੋ ਅਨਹਦੁ ਵਾਜੈ ਰੁਣ ਝੁਣਕਾਰੇ ਰਾਮ ॥ ਮੇਰਾ ਮਨੋ ਮੇਰਾ ਮਨੁ ਰਾਤਾ ਲਾਲ ਪਿਆਰੇ ਰਾਮ ॥ ਅਨਦਿਨੁ ਰਾਤਾ ਮਨੁ ਬੈਰਾਗੀ ਸੁੰਨ ਮੰਡਲਿ ਘਰੁ ਪਾਇਆ ॥ ਆਦਿ ਪੁਰਖੁ ਅਪਰੰਪਰੁ ਪਿਆਰਾ ਸਤਿਗੁਰਿ ਅਲਖੁ ਲਖਾਇਆ ॥ ਆਸਣਿ ਬੈਸਣਿ ਥਿਰੁ ਨਾਰਾਇਣੁ ਤਿਤੁ ਮਨੁ ਰਾਤਾ ਵੀਚਾਰੇ ॥ ਨਾਨਕ ਨਾਮਿ ਰਤੇ ਬੈਰਾਗੀ ਅਨਹਦ ਰੁਣ ਝੁਣਕਾਰੇ ॥੧॥	(ਵਿਸ਼ਵ ਵਿਚ ਅਨਹਦ ਸ਼ਬਦ ਵਜ ਰਿਹਾ ਹੈ, ਉਸ) ਅਨਹਦ ਤੋਂ (ਮੇਰੇ ਮਨ ਵਿਚ ਤਰਬ ਵਾਕੁਣ) ਅਨਹਦ ਵਜ ਰਿਹਾ ਹੈ, ਰੁਣਝੁਣ ਕਰ ਰਿਹਾ ਹੈ। ਮੇਰਾ ਸਾਰੇ ਦਾ ਸਾਰਾ ਮਨ (=ਮਨੋ ਮਨ*=ਨਿਚਲੇ ਮਨ ਤੋਂ ਉਪਰਲੇ ਮਨ ਤਕ) ਲਾਲਨ ਪ੍ਰੀਤਮ ਰਾਮ (ਦੇ ਪ੍ਰੇਮ) ਨਾਲ ਰੰਗਿਆ ਗਿਆ ਹੈ। (ਚਾਹੇ) ਸੁੰਨ ਮੰਡਲ (=ਅਫੁਰ ਸਮਾਧਿ) ਵਿਚ (ਮੇਰੇ) ਵੈਰਾਗੀ ਮਨ ਨੂੰ ਘਰ (=ਟਿਕਾਣਾ) ਮਿਲ ਗਿਆ ਹੈ (ਪਰ ਤਦ ਵੀ ਮੈਂ) ਦਿਨੇ ਰਾਤ (ਪ੍ਰੇਮ ਰੰਗ ਵਿਚ) ਰੱਤਾ ਹੋਇਆ ਰਹਿੰਦਾ ਹਾਂ, (ਕਿਉਂਕਿ ਮੈਨੂੰ ਉਸ ਅਵਸਥਾ ਵਿਚ) ਆਦਿ ਪੁਰਖ ਅਪਰੰਪਰ (=ਨਿਰਗੁਨ ਪਰਮਾਤਮਾ ਦਾ ਦਰਸ਼ਨ ਹੋਇਆ ਹੈ ਤੇ) ਸਤਿਗੁਰੂ (ਦੀ ਕਿਰਪਾ) ਦੁਆਰਾ (ਉਸ) ਅਲੱਖ ਨੂੰ (ਮੈਂ ਆਪਣਾ) ਪ੍ਰੀਤਮ ਕਰਕੇ ਲਖਿਆ ਹੈ। (ਸਾਡਾ ਵੈਰਾਗ ਅਨੋਖੀ ਕਿਸਮ ਦਾ ਹੈ, ਅਸੀਂ) ਨਾਮ ਵਿਚ ਰੰਗੇ ਹੋਏ ਤੇ ਅਨਹਦ ਸੰਗੀਤ ਵਿਚ (ਲਿਵਲੀਨ ਹੋਏ ਹੋਏ) ਵੈਰਾਗੀ ਹਾਂ, (ਜਿਨ੍ਹਾਂ ਦਾ) ਮਨ ਵੀਚਾਰ ਦੁਆਰਾ (=ਸੰਕਲਪਾਂ ਵਿਕਲਪਾਂ ਕਰਕੇ ਵੀ ਹਰ ਪ੍ਰਕਾਰ) ਉਸ ਹਰੀ ਵਿਚ ਰੰਗਿਆ ਹੈ (ਜੋ ਹਰੀ ਕਿ ਸਦਾ ਆਪਣੇ) ਸਥਿਰ ਆਸਣ ਤੇ ਬੈਠਾ ਹੋਇਆ ਹੈ, ਹੇ ਨਾਨਕ॥ ੧॥
ਤਿਤੁ ਅਗਮ ਤਿਤੁ ਅਗਮ ਪੁਰੇ ਕਹੁ ਕਿਤੁ ਬਿਧਿ ਜਾਈਐ ਰਾਮ ॥ ਸਚੁ ਸੰਜਮੋ ਸਾਰਿ ਗੁਣਾ ਗੁਰ ਸਬਦੁ ਕਮਾਈਐ ਰਾਮ ॥ ਸਚੁ ਸਬਦੁ ਕਮਾਈਐ ਨਿਜ ਘਰਿ ਜਾਈਐ ਪਾਈਐ ਗੁਣੀ ਨਿਧਾਨਾ ॥ ਤਿਤੁ ਸਾਖਾ ਮੂਲੁ ਪਤੁ ਨਹੀ ਡਾਲੀ ਸਿਰਿ ਸਭਨਾ ਪਰਧਾਨਾ ॥	[ਪ੍ਰਸ਼ਨ:-ਹੇ ਰਾਮ !] ਦੱਸੋ, ਪਹੁੰਚ ਤੋਂ ਪਰੇ ਜੋ ਸ਼ਹਿਰ† ਹੈ ਓਥੇ (ਜਿਥੇ) ਅਸੀਂ ਜਾ ਨਹੀਂ ਸਕਦੇ ਕਿਸ ਤਰ੍ਹਾਂ ਜਾਈਏ? (ਕੀ ਕੋਈ) ਸੱਚ (=ਸਤਿ ਵਰਤ ਜਾਂ) ਸੰਜਮ (=ਹਠ ਨਿਗ੍ਰਹ ਐਸੇ ਹਨ ਜਿਨ੍ਹਾਂ) ਗੁਣਾਂ ਨੂੰ ਸੰਭਾਲਕੇ (ਉਥੇ ਪਹੁੰਚੀਏ? ਉੱਤਰ:-ਸੱਚ ਅਤੇ ਸੰਜਮ ਦੇ ਗੁਣਾਂ ਨੂੰ ਜੋ ਸਾਰਨਾ ਹੈ ਇਹ ਕਾਫੀ ਨਹੀਂ, ਇਨ੍ਹਾਂ ਦੇ ਨਾਲ ਨਾਲ) ਗੁਰ ਸ਼ਬਦ ਦੀ ਕਮਾਈ ਕਰੀਏ। (ਗੁਰ ਸ਼ਬਦ ਹੀ) ਸੱਚ ਸ਼ਬਦ (ਹੈ, ਨਿਰੀ ਇਸ ਦੀ) ਕਮਾਈ ਨਾਲ ਨਿਜ ਘਰ ਵਿਚ (ਹੀ ਅਗਮਪੁਰੇ) ਪਹੁੰਚ ਜਾਈਦਾ ਹੈ (ਤੇ ਉਸ) ਗੁਣਨਿਧਾਨ ਨੂੰ ਪ੍ਰਾਪਤ ਕਰ ਲਈਦਾ ਹੈ। (ਕਹਿਣ ਨੂੰ ਤਾਂ ਉਹ ਗੁਣੀ ਨਿਧਾਨ ਹੈ ਤੇ) ਹੈ ਭੀ ਸਾਰਿਆਂ ਦੇ ਸਿਰਾਂ ਉਤੇ ਪ੍ਰਧਾਨ, (ਪਰ ਹੈ ਉਹ ਤਿੰਨਾਂ ਗੁਣਾਂ ਤੋਂ ਉਪਰ). ਉਸਦੀਆਂ ਸ਼ਾਖਾਂ ਤੇ ਜੜ੍ਹਾਂ (ਨਹੀਂ ਤੇ) ਨਾ ਹੀ ਪੱਤੇ ਡਾਲੀਆਂ ਹਨ। ਜਪ

* ਮਨ ਤੋਂ ਲੈਕੇ ਉਨਮਨ (=ਉੱਨਤ ਮਨ) ਤੱਕ।
ਉਨਮਨ ਮਨ ਮਨ ਹੀ ਮਿਲੇ ਛੁਟਕਤ ਬਜਰ ਕਪਾਟ॥ [ਗਉੜੀ ਰਵਿਦਾਸ, ਅਸਟ:-੧

† ਜਿਸ ਟਿਕਾਣੇ ਨੂੰ 'ਸੁੰਨ ਮੰਡਲ' ਕਿਹਾ ਹੈ, ਅਤੇ ਅੰਕ ੧ ਵਿਚ ਜਿਸ ਦਾ ਵਰਣਨ ਕੀਤਾ ਹੈ, ਓਸ ਟਿਕਾਣੇ ਵੱਲ ਇਸ਼ਾਰਾ ਹੈ ।

ਜਪੁ ਤਪੁ ਕਰਿ ਕਰਿ ਸੰਜਮ ਥਾਕੀ ਹਠਿ ਨਿਗ੍ਰਹਿ ਨਹੀ ਪਾਈਐ ॥ ਨਾਨਕ ਸਹਜਿ ਮਿਲੇ ਜਗਜੀਵਨ ਸਤਿਗੁਰ ਬੂਝ ਬੁਝਾਈਐ ॥੨॥

ਤਪ ਸੰਜਮ ਤੇ ਹਠ ਨਿਗ੍ਰਹ ਕਰਕੇ ਥੱਕ ਗਈ, (ਹਾਂ ਇਨ੍ਹਾਂ ਤਰੀਕਿਆਂ ਨਾਲ ਉਹ) ਪ੍ਰਾਪਤ ਨਹੀਂ ਹੁੰਦਾ। (ਕਹਿੰਦੇ ਹਨ ਗੁਰੂ ਨਾਨਕ, ਸੱਚੇ ਗੁਰੂ ਜੀ ਜਿਸ ਵੇਲੇ ਸਮਝਾ ਦੇਣ ਤਾਂ ਸਹਜ (ਅਵਸਥਾ ਤੇ ਪਹੁੰਚਕੇ) ਜਗਜੀਵਨ (ਪ੍ਰਭੂ ਆਪੇ) ਮਿਲ ਜਾਂਦੇ ਹਨ॥ ੨॥

ਗੁਰੁ ਸਾਗਰੋ ਰਤਨਾਗਰੁ ਤਿਤੁ ਰਤਨ ਘਣੇਰੇ ਰਾਮ ॥ ਕਰਿ ਮਜਨੋ ਸਪਤ ਸਰੇ ਮਨ ਨਿਰਮਲ ਮੇਰੇ ਰਾਮ ॥ ਨਿਰਮਲ ਜਲਿ ਨ੍ਹਾਏ ਜਾ ਪ੍ਰਭ ਭਾਏ ਪੰਚ ਮਿਲੇ ਵੀਚਾਰੇ ॥ ਕਾਮੁ ਕਰੋਧੁ ਕਪਟੁ ਬਿਖਿਆ ਤਜਿ ਸਚੁ ਨਾਮੁ ਉਰਿ ਧਾਰੇ ॥ ਹਉਮੈ ਲੋਭ ਲਹਰਿ ਲਬ ਥਾਕੇ ਪਾਏ ਦੀਨ ਦਇਆਲਾ ॥ ਨਾਨਕ ਗੁਰ ਸਮਾਨਿ ਤੀਰਥੁ ਨਹੀ ਕੋਈ ਸਾਚੇ ਗੁਰ ਗੋਪਾਲਾ ॥੩॥

ਗੁਰੂ ਸਮੰਦਰ (ਰੂਪ) ਹੈ, ਰਤਨਾਂ ਦਾ ਖ਼ਜ਼ਾਨਾ ਹੈ, ਉਸ ਵਿਚ ਬਹੁਤ ਰਤਨ ਹਨ। ਹੇ ਮੇਰੇ ਮਨ ! (ਗੁਰੂ ਰੂਪ) ਸੱਤਾਂ ਸਮੰਦਰਾਂ ਵਿਚ ਇਸ਼ਨਾਨ ਕਰ (ਤਾਂਕਿ ਤੂੰ) ਨਿਰਮਲ ਹੋ ਜਾਵੇਂ। ਜੇਕਰ ਪ੍ਰਭੂ ਨੂੰ ਭਾਵੇਂ (ਤਾਂ ਹੀ ਇਹ ਜੀਵ) ਨਿਰਮਲ (ਨਾਮ ਰੂਪੀ ਜਲ ਵਿਚ ਨ੍ਹਾਉਂਦਾ ਹੈ ਅਤੇ ਗੁਰਮੁਖਾਂ ਨਾਲ ਮਿਲਕੇ ਵੀਚਾਰ ਕਰਦਾ ਹੈ। ਕਾਮ, ਕ੍ਰੋਧ ਅਤੇ ਦਗ਼ੇ ਫਰੇਬ ਦੀ ਵਿਖ ਛਡਕੇ ਸੱਚੇ ਨਾਮ ਨੂੰ ਹਿਰਦੇ ਵਿਚ ਧਾਰਨ ਕਰ ਲੈਂਦਾ ਹੈ। ਲੋਭ ਲਾਲਚ ਦੀ ਭਾਵਨਾ ਅਤੇ ਅਹੰਕਾਰ ਥੱਕ ਜਾਂਦੇ ਹਨ, (ਜੀਵ) ਦੀਨ ਦਇਆਲ (ਪ੍ਰਭੂ ਨੂੰ) ਪਾ ਲੈਂਦਾ ਹੈ। (ਕਹਿੰਦੇ ਹਨ) ਨਾਨਕ, ਗੁਰੂ ਦੇ ਬਰਾਬਰ (ਹੋਰ) ਕੋਈ ਤੀਰਥ ਨਹੀਂ, (ਗੁਰੂ ਕੇਵਲ ਤੀਰਥ ਹੀ ਨਹੀਂ) ਗੁਰੂ ਸੱਚਾ ਵਾਹਿਗੁਰੂ ਹੈ॥ ੩॥

ਹਉ ਬਨੁ ਬਨੋ ਦੇਖਿ ਰਹੀ ਤ੍ਰਿਣੁ ਦੇਖਿ ਸਬਾਇਆ ਰਾਮ ॥ ਤ੍ਰਿਭਵਣੋ ਤੁਝਹਿ ਕੀਆ ਸਭੁ ਜਗਤੁ ਸਬਾਇਆ ਰਾਮ ॥ ਤੇਰਾ ਸਭੁ ਕੀਆ ਤੂੰ ਥਿਰੁ ਥੀਆ ਤੁਧੁ ਸਮਾਨਿ ਕੋ ਨਾਹੀ ॥ ਤੂੰ ਦਾਤਾ ਸਭ ਜਾਚਿਕ ਤੇਰੇ ਤੁਧੁ ਬਿਨੁ ਕਿਸੁ ਸਾਲਾਹੀ ॥ ਅਣਮੰਗਿਆ ਦਾਨੁ ਦੀਜੈ ਦਾਤੇ ਤੇਰੀ ਭਗਤਿ ਭਰੇ ਭੰਡਾਰਾ ॥ ਰਾਮ ਨਾਮ ਬਿਨੁ ਮੁਕਤਿ ਨ ਹੋਈ ਨਾਨਕੁ ਕਹੈ ਵੀਚਾਰਾ ॥੪॥੨॥

ਹੇ ਰਾਮ ! ਮੈਂ ਹਰ ਇਕ ਬਨ ਦੇਖ ਚੁਕਾ ਹਾਂ, ਹਰ ਇਕ ਤੀਲਾ (=ਪੱਤਾ) ਦੇਖਿਆ ਹੈ। (ਇਹ) ਸਾਰਾ ਤਿੰਨ ਭਵਨਾਂ (ਵਾਲਾ) ਜਗਤ ਸਾਰਾ ਤੇਰਾ ਬਣਾਇਆ ਹੋਇਆ ਹੈ। (ਹਾਂ) ਸਭੋ ਕੁਛ ਤੇਰਾ ਹੀ ਸਿਰਜਿਆ ਹੋਇਆ ਹੈ (ਅਤੇ) ਤੂੰ ਹੀ (ਸਦਾ) ਕਾਇਮ ਹੈਂ; ਤੇਰੇ ਵਰਗਾ ਹੋਰ ਕੋਈ ਨਹੀਂ। (ਕੇਵਲ) ਤੂੰ (ਇਕ) ਦਾਤਾ (=ਦੇਣਹਾਰ) ਹੈਂ, ਹੋਰ) ਸਭ ਤੇਰੇ ਮੰਗਤੇ ਹਨ, (ਮੈਂ) ਤੇਰੇ ਬਿਨਾਂ ਕਿਸ ਨੂੰ ਸਲਾਹਵਾਂ। ਹੇ ਦਾਤਾ ! ਤੁਸੀਂ ਬਿਨਾਂ ਮੰਗਿਆਂ ਦਾਨ (ਦੇਂਦੇ ਹੋ, ਮੈਨੂੰ ਵੀ ਦਾਨ) ਦਿਓ, ਤੁਹਾਡੇ ਭਗਤੀ ਦੇ ਭੰਡਾਰ ਭਰੇ ਪਏ ਹਨ। (ਮੈਂ) ਨਾਨਕ (ਪੂਰੀ) ਵਿਚਾਰ ਦੁਆਰਾ (ਇਹ ਗੱਲ) ਕਹਿੰਦਾ ਹਾਂ ਕਿ ਰਾਮ ਨਾਮ ਬਗ਼ੈਰ ਮੁਕਤੀ ਨਹੀਂ ਮਿਲ ਸਕਦੀ॥ ੪॥ ੨॥

ਨਿਰੁਕਤ–ਰੁਣਝੁਣਕਾਰੇ–(ਦੇਖੋ 'ਰੁਣਝੁਣਕਾਰ' ਪੰਨਾ ੧੫੧੧) (ਸ਼ਬਦ ਦੀ) ਝੰਕਾਰ। ਇਕ ਰਸ ਸ਼ਬਦ ਦੀ ਧੁਨਿ। ਗੁੰਜਾਰ। ਛਣਕਾਰ।

ਸੁੰਨ ਮੰਡਲਿ–(ਦੇਖੋ 'ਸੁੰਨਿ' ਪੰਨਾ ੨੦੪੬) ਨਿਰਵਿਕਲਪ ਦਸ਼ਾ। ਅਫੁਰ ਦਸ਼ਾ। ਉਹ ਦਸ਼ਾ ਜਿਸ ਵਿਚ ਸੰਕਲਪ ਵਿਕਲਪ ਜਾਂ ਵਾਸ਼ਨਾਵਾਂ ਨਹੀਂ ਫੁਰਦੀਆਂ। ਪੂਰਨ ਸ਼ਾਂਤਿ ਦੀ ਹਾਲਤ। ਸਮਾਧਿ।

ਆਸਣਿ ਬੈਸਣਿ–ਆਸਣ ਤੇ ਬੈਠਣ (ਦੀ ਦਸ਼ਾ) ਵਿਚ। ਜੋ ਆਪਣੀ ਨਿਸ਼ਸਤ ਤੇ ਭਲੀ ਪ੍ਰਕਾਰ ਬੈਠਾ ਹੈ। ਜੋ ਆਪਣੀ ਪ੍ਰਭੁਤਾ ਦੀ ਗੱਦੀ ਤੇ ਸਥਿਰਤਾ ਨਾਲ ਬੈਠਾ ਹੈ।

ਬੈਰਾਗੀ-(ਦੇਖੋ 'ਬੈਰਾਗੁ' ਪੰਨਾ ੧੫੯੨) ਵੈਰਾਗਵਾਨ। ਸੰਸਾਰ ਦੇ ਬੰਧਨਾਂ ਤੋਂ ਸੁਤੰਤਰ ਹੋਕੇ ਮਾਯਾ ਤੋਂ ਉਪਰਾਮ ਹੋ ਚੁਕੀ ਵਜਕਤੀ, ਜਿਸ ਦੀ ਲਿਵ ਵਾਹਿਗੁਰੂ ਦੇ ਨਾਮ ਵਿਚ ਲੱਗੀ ਹੋਈ ਹੈ।

ਅਗਮਪੁਰੇ- [ਸੰਸ:, ਅਗਮ੍ਯ=ਗਮਨ ਦੇ ਅਯੋਗ। ਜਿਥੇ ਕੋਈ ਨਹੀਂ ਪਹੁੰਚ ਸਕਦਾ। ਪੁਰੰ=ਸ਼ਹਿਰ, ਨਗਰ] ਉਹ ਨਗਰ ਜਿਥੇ ਪਹੁੰਚਣਾ ਅਸੰਭਵ ਹੈ। ਉਹ ਟਿਕਾਣਾ ਜਿਥੇ ਜਾਣਾ ਅਸੰਭਵ ਹੈ।

ਨਿਜ ਘਰਿ-ਆਪਣੇ ਘਰ ਵਿਚ=ਆਪਣੇ ਆਤਮਸਰੂਪ ਵਿਚ। (ਦੇਖੋ ਪੰਨਾ ੧੪੪੫, ੧੯੩੮)।

ਹਠਿ ਨਿਗ੍ਰਹਿ-(ਦੇਖੋ 'ਨਿਗ੍ਰਹ' ਪੰਨਾ ੨੧੯੪) ਹਠ ਨਾਲ ਇੰਦ੍ਰੀਆਂ ਨੂੰ ਰੋਕਣਾ। ਹਠਯੋਗ ਦੀਆਂ ਕਿਰਿਆਵਾਂ ਨਾਲ ਸੰਜਮ ਕਰਨਾ।

ਰਤਨਾਗਰੁ-(ਦੇਖੋ ਪੰਨਾ ੨੩੭੩) ਰਤਨਾਂ ਦੀ ਖਾਣ। ਗੁਣਾਂ ਦਾ ਖ਼ਜ਼ਾਨਾ।

ਪੰਚ-(ਦੇਖੋ ਪੰਨਾ ੮੫) ਗੁਰਮਤਿ ਤੇ ਚੱਲਣ ਵਾਲੇ ਮੁਖੀਏ, ਗੁਰਮੁਖ, ਸੰਤ, ਆਗੂ, ਨੇਤਾ।

ਲਬ-ਲੋਭ ਲਾਲਚ। ਥਿਰ- [ਸੰਸ:, ਸਿਥਰ=] ਦ੍ਰਿੜ, ਮਜ਼ਬੂਤ, ਅਟੱਲ, ਅਚੱਲ।

ਬਨੁ ਬਨੋ-ਹਰ ਇਕ ਬਨ, ਹਰ ਇਕ ਜੰਗਲ।

ਤ੍ਰਿਣੁ-ਤੀਲਾ (=ਪੱਤਾ)। ਘਾਹ ਫੂਸ।

[ਆਸਾ ਮਹਲਾ ੧, ਛੰਤ-੩]

ਮੂਲ	ਅਰਥ
ਆਸਾ ਮਹਲਾ ੧ ॥ **ਮੇਰਾ ਮਨੋ ਮੇਰਾ ਮਨੁ ਰਾਤਾ ਰਾਮ ਪਿਆਰੇ ਰਾਮ ॥ ਸਚੁ ਸਾਹਿਬੋ ਆਦਿ ਪੁਰਖੁ ਅਪਰੰਪਰੋ ਧਾਰੇ ਰਾਮ॥ ਅਗਮ ਅਗੋਚਰੁ ਅਪਰ ਅਪਾਰਾ ਪਾਰਬ੍ਰਹਮੁ ਪਰਧਾਨੋ ॥ ਆਦਿ ਜੁਗਾਦੀ ਹੈ ਭੀ ਹੋਸੀ ਅਵਰੁ ਝੂਠਾ ਸਭੁ ਮਾਨੋ ॥ ਕਰਮ ਧਰਮ ਕੀ ਸਾਰ ਨ ਜਾਣੈ ਸੁਰਤਿ ਮੁਕਤਿ ਕਿਉ ਪਾਈਐ ॥ ਨਾਨਕ ਗੁਰਮੁਖਿ ਸਬਦਿ ਪਛਾਣੈ ਅਹਿਨਿਸਿ ਨਾਮੁ ਧਿਆਈਐ ॥੧॥**	ਮੇਰਾ ਸਾਰੇ ਦਾ ਸਾਰਾ ਮਨ (=ਮਨੋ ਮਨੁ, ਨਿਚਲੇ ਮਨ ਤੋਂ ਉਪਰਲੇ ਮਨ ਤਕ*) ਪਿਆਰੇ ਰਾਮ ਵਿਚ ਰੰਗਿਆ ਪਿਆ ਹੈ। ਜੋ ਸਚਾ ਸਾਹਿਬ ਹੈ, ਆਦਿ ਪੁਰਖ ਹੈ, ਅਤੇ ਅਨੰਤ ਹੈ (ਉਸ ਨੂੰ ਮੈਂ ਮਨ ਵਿਚ) ਧਾਰਿਆ ਹੋਇਆ ਹੈ। (ਓਹ ਸਾਹਿਬ) ਪਹੁੰਚ ਤੋਂ ਪਰੇ ਹੈ, ਇੰਦ੍ਰੀਆਂ ਦੀ ਵੀ ਪਹੁੰਚ ਤੋਂ ਪਰੇ ਹੈ, ਇਸ ਤੋਂ ਬੀ ਪਰੇ ਤੋਂ ਪਰੇ ਹੈ, ਪਾਰਬ੍ਰਹਮ ਹੈ ਅਤੇ ਸਭ ਤੋਂ ਵੱਡਾ ਹੈ। (ਓਹੋ) ਆਦਿ ਵਿਚ ਸੀ, ਜੁਗਾਂ ਦੇ ਸ਼ੁਰੂ ਵਿਚ (ਭੀ) ਸੀ, (ਹੁਣ ਭੀ) ਹੈ (ਅਤੇ ਅਗੋਂ) ਵੀ ਹੋਵੇਗਾ (ਹਾਂ, ਐਸੇ ਪਾਰਬ੍ਰਹਮ ਨੂੰ ਮੇਰੇ ਮਨ ਨੇ ਧਾਰਨ ਕਰ ਲਿਆ ਹੈ, ਓਹੋ ਇਕ ਸੱਚਾ ਹੈ, ਉਸ ਤੋਂ ਸਿਵਾ) ਹੋਰ ਸਭ ਨੂੰ ਝੂਠਾ ਜਾਣੋ। (ਅਸੀਂ ਜੋ) ਕਰਮ ਧਰਮ ਦੀ ਖਬਰ ਸਾਰ ਨਹੀਂ ਰਖਦੇ (ਇਹ ਵੀ) ਸਮਝ (ਨਹੀਂ) ਕਿ ਮੁਕਤੀ ਕਿਵੇਂ ਪਾਈਦੀ ਹੈ (ਤਾਂ ਫੇਰ ਸਾਡਾ ਪਾਰ ਉਤਾਰਾ ਕਿਸ ਤਰ੍ਹਾਂ ਹੋਵੇ?ਉੱਤਰ-) ਗੁਰੂ ਦੁਆਰਾ ਸ਼ਬਦ ਨੂੰ ਸਮਝੀਏ ਅਤੇ ਦਿਨੇ ਰਾਤ ਨਾਮ ਧਿਆਈਏ (ਤਾਂ ਸਹਜੇ ਹੀ ਭਵਸਾਗਰ ਨੂੰ ਤਰ ਜਾਵਾਂਗੇ, ਕਹਿੰਦੇ ਹਨ, ਗੁਰੂ) ਨਾਨਕ॥ ੧॥
ਮੇਰਾ ਮਨੋ ਮੇਰਾ ਮਨੁ ਮਾਨਿਆ ਨਾਮੁ ਸਖਾਈ ਰਾਮ ॥ ਹਉਮੈ ਮਮਤਾ ਮਾਇਆ ਸੰਗਿ ਨ ਜਾਈ ਰਾਮ ॥	ਮੇਰਾ ਮਨ, ਹਾਂ ਮੇਰਾ ਮਨ (ਹੁਣ) ਮੰਨ ਗਿਆ ਹੈ ਕਿ ਨਾਮ ਹੀ (ਸਚਾ) ਹਿਤੂ ਹੈ। 'ਮੈਂ' 'ਮੇਰੀ' ਤੇ ਮਾਇਆ ਇਨ੍ਹਾਂ ਤਿੰਨਾਂ ਨੇ ਨਾਲ ਨਹੀਂ ਜਾਣਾ। ਮਾਂ, ਪਿਉ, (ਭੈਣ) ਭਰਾ, (ਧੀਆਂ) ਪੁੱਤ੍ਰ,

* ਮੇਰੇ ਮਨ ਮਨ ਹੀ ਉਲਟਿ ਸਮਾਨਾ॥ ਗੁਰਪਰਸਾਦਿ ਅਕਲਿ ਭਈ ਅਵਰੈ ਨਾਤਰੁ ਥਾ ਬੇਗਾਨਾ॥
[ਗਉੜੀ ਕਬੀਰ ਜੀ-੪੭]

ਮਾਤਾ ਪਿਤ ਭਾਈ ਸੁਤ ਚਤੁਰਾਈ ਸੰਗਿ ਨ ਸੰਪੈ ਨਾਰੇ ॥ ਸਾਇਰ ਕੀ ਪੁਤ੍ਰੀ ਪਰਹਰਿ ਤਿਆਗੀ ਚਰਣ ਤਲੈ ਵੀਚਾਰੇ ॥ ਆਦਿ ਪੁਰਖਿ ਇਕੁ ਚਲਤੁ ਦਿਖਾਇਆ ਜਹ ਦੇਖਾ ਤਹ ਸੋਈ ॥ ਨਾਨਕ ਹਰਿ ਕੀ ਭਗਤਿ ਨ ਛੋਡਉ ਸਹਜੇ ਹੋਇ ਸੁ ਹੋਈ ॥੨॥ ਮੇਰਾ ਮਨੋ ਮੇਰਾ ਮਨੁ ਨਿਰਮਲੁ ਸਾਚੁ ਸਮਾਲੇ ਰਾਮ ॥ ਅਵਗਣ ਮੇਟਿ ਚਲੇ ਗੁਣ ਸੰਗਮ ਨਾਲੇ ਰਾਮ ॥ ਅਵਗਣ ਪਰਹਰਿ ਕਰਣੀ ਸਾਰੀ ਦਰਿ ਸਚੈ ਸਚਿਆਰੋ ॥ ਆਵਣੁ ਜਾਵਣੁ ਠਾਕਿ ਰਹਾਏ ਗੁਰਮੁਖਿ ਤਤੁ ਵੀਚਾਰੋ ॥ ਸਾਜਨੁ ਮੀਤੁ ਸੁਜਾਣੁ ਸਖਾ ਤੂੰ ਸਚਿ ਮਿਲੈ ਵਡਿਆਈ ॥ ਨਾਨਕ ਨਾਮੁ ਰਤਨੁ ਪਰਗਾਸਿਆ ਐਸੀ ਗੁਰਮਤਿ ਪਾਈ ॥੩॥

ਚਤੁਰਾਈਆਂ (ਕੱਠੀ ਕੀਤੀ ਹੋਈ) ਦੌਲਤ ਅਤੇ ਵਹੁਟੀ ਨੇ (ਭੀ) ਨਾਲ ਨਹੀਂ ਜਾਣਾ। ਸਮੁੰਦਰ ਦੀ ਧੀ (=ਲੱਛਮੀ) ਪਰੇ ਕਰਕੇ ਤਿਆਗ ਦਿਤੀ ਹੈ (ਉਹ ਹੁਣ) ਨਿਸ਼ਚਤ* ਪੈਰਾਂ ਥੱਲੇ (=ਮਾਤਹਿਤ) ਹੈ। ਆਦਿ ਪੁਰਖ (=ਵਾਹਿਗੁਰੂ) ਨੇ ਇਕ ਕੌਤਕ ਦਿਖਾਇਆ ਹੈ ਕਿ ਜਿਧਰ ਦੇਖਦਾ ਹਾਂ ਉਧਰ ਓਹੋ (ਨਜ਼ਰ ਆਉਂਦਾ) ਹੈ। (ਕਹਿੰਦੇ ਹਨ) ਨਾਨਕ (ਜੀ ਜੋ ਕੁਛ) ਹੁੰਦਾ ਹੈ ਸਹਜ ਸੁਭਾ ਹੁੰਦਾ ਹੀ ਰਹੇਗਾ (ਮੈਂ ਇਸ ਵਿਚ ਦਖਲ ਨਹੀਂ ਦਿਆਂਗਾ, ਮੈਂ ਤਾਂ) ਹਰੀ ਦੀ ਭਗਤੀ ਨਹੀਂ ਛਡਾਂਗਾ॥ ੨॥ ਮੇਰਾ ਮਨ, (ਹਾਂ) ਮੇਰਾ ਮਨ ਨਿਰਮਲ (ਹੋ ਗਿਆ ਹੈ ਕਿਉਂਕਿ) ਸਤਯ ਸਰੂਪ ਨੂੰ ਯਾਦ ਕਰਦਾ ਹੈ। ਗੁਣਾਂ ਦੇ ਮਿਲਾਪ ਨਾਲ ਅਉਗਣ ਖਤਮ ਕਰ ਚੱਲੇ ਹਾਂ। ਅਉਗਣ ਛੱਡ ਕੇ (ਉੱਤਮ) ਕਰਨੀ ਸੰਭਾਲ ਕੇ ਸੱਚੇ ਦੇ ਦਰ ਉਤੇ ਸਚਿਆਰ (ਹੋ ਗਏ ਹਾਂ)। ਗੁਰੂ ਦੁਆਰਾ ਤੱਤ ਵਸਤੂ ਨੂੰ ਨਿਰਣਯ ਕਰ ਲਿਆ ਹੈ (ਹੁਣ) ਆਉਣਾ ਜਾਣਾ (=ਜੀਵਨ ਮਰਨ) ਮੁੱਕ ਗਿਆ ਹੈ। (ਹੇ ਵਾਹਿਗੁਰੂ !) ਤੂੰ (ਮੇਰਾ) ਸੱਜਣ ਹੈਂ, ਸੁਘੜ ਮਿਤ੍ਰ ਅਤੇ ਹਿਤੂ ਹੈਂ (ਮਿਹਰ ਕਰ ਕਿ ਤੇਰੇ ਦਰੋਂ) ਸੱਚੀ ਵਡਿਆਈ ਮਿਲੇ। (ਕਹਿੰਦੇ ਹਨ) ਨਾਨਕ, ਗੁਰੂ ਨੇ (ਐਸੀ) ਮੱਤ ਦਿੱਤੀ ਹੈ ਕਿ ਨਾਮ ਰਤਨ ਦਾ ਪ੍ਰਕਾਸ਼ (ਮੇਰੇ ਹਿਰਦੇ ਵਿਚ) ਕਰ ਦਿੱਤਾ ਹੈ॥ ੩॥

ਸਚੁ ਅੰਜਨੋ ਅੰਜਨੁ ਸਾਰਿ ਨਿਰੰਜਨਿ ਰਾਤਾ ਰਾਮ ॥ ਮਨਿ ਤਨਿ ਰਵਿ ਰਹਿਆ ਜਗਜੀਵਨੋ ਦਾਤਾ ਰਾਮ ॥ ਜਗਜੀਵਨੁ ਦਾਤਾ ਹਰਿ ਮਨਿ ਰਾਤਾ ਸਹਜਿ ਮਿਲੈ ਮੇਲਾਇਆ ॥ ਸਾਧ ਸਭਾ ਸੰਤਾ ਕੀ ਸੰਗਤਿ ਨਦਰਿ ਪ੍ਰਭੂ ਸੁਖੁ ਪਾਇਆ ॥ ਹਰਿ ਕੀ ਭਗਤਿ ਰਤੇ ਬੈਰਾਗੀ ਚੂਕੇ ਮੋਹ ਪਿਆਸਾ ॥ ਨਾਨਕ ਹਉਮੈ ਮਾਰਿ ਪਤੀਣੇ ਵਿਰਲੇ ਦਾਸ ਉਦਾਸਾ ॥੪॥੩॥

ਸੁਰਮਿਆਂ ਵਿਚ (ਸ੍ਰੇਸ਼ਟ) ਸਚ ਰੂਪੀ ਸੁਰਮਾ ਵਰਤਕੇ (ਮੈਂ) ਨਿਰੰਜਨ (=ਨਿਰਗੁਣ ਹਰੀ ਦੇ ਰੰਗ ਵਿਚ) ਰੰਗਿਆ ਗਿਆ ਹਾਂ। ਜਗਜੀਵਨ ਦਾਤਾ ਮੇਰੇ ਮਨ ਤੇ ਤਨ ਵਿਚ ਰਵ ਰਿਹਾ ਹੈ। (ਓਹੋ) ਜਗਜੀਵਨ ਦਾਤਾ ਹਰੀ ਸਹਜੇ ਹੀ (ਗੁਰੂ ਦੇ) ਮਿਲਾਇਆਂ ਮਿਲ ਜਾਂਦਾ ਹੈ (ਓਹ ਮੇਰੇ) ਮਨ ਵਿਚ ਰਚ ਮਿਚ ਗਿਆ ਹੈ। ਸਾਧੂਆਂ ਦੀ ਸਭਾ (ਵਿਚ ਬੈਠਣ ਨਾਲ) ਸੰਤ ਪੁਰਸ਼ਾਂ ਦੀ ਸੰਗਤ ਨਾਲ ਅਤੇ ਪ੍ਰਭੂ ਦੀ ਮੇਹਰ ਦੀ ਨਿਗਾਹ ਨਾਲ (ਮੈਂ ਸਾਰਾ) ਸੁਖ ਪ੍ਰਾਪਤ ਕੀਤਾ ਹੈ। ਜੋ ਹਰੀ ਦੀ ਭਗਤੀ ਵਿਚ ਰੰਗੇ ਗਏ ਹਨ (ਓਹੋ ਅਸਲੀ) ਬੈਰਾਗੀ ਹਨ, (ਉਹਨਾਂ ਦੇ ਮਨ ਵਿਚੋਂ ਮਾਇਆ ਦਾ) ਮੋਹ ਅਤੇ (ਵਿਸ਼ਿਆਂ ਦੀ) ਤ੍ਰਿਖਾ ਮੁਕ ਜਾਂਦੀ ਹੈ। (ਕਹਿੰਦੇ ਹਨ) ਨਾਨਕ, ਅਹੰਕਾਰ ਨੂੰ ਮਾਰਕੇ (ਜੋ) ਸੰਤੁਸ਼ਟ ਹੋ ਗਏ ਹਨ (ਅਤੇ ਜੋ ਦੁਨੀਆਂ ਦਾ ਮੋਹ ਤਿਆਗਕੇ) ਉਦਾਸ (ਹੋ ਗਏ ਹਨ ਐਸੇ) ਦਾਸ ਵਿਰਲੇ ਹਨ॥ ੪॥ ੩॥

ਨਿਰੁਕ੍ਤ—ਅਪਰੰਪਰੋ-(ਦੇਖੋ ਪੰਨਾਂ ੨੨੯੦) ਪਰੇ ਤੋਂ ਪਰੇ। ਜਿਸ ਦਾ ਪਾਰਾਵਾਰ ਨਾ ਹੋਵੇ। ਪਾਰਬ੍ਰਹਮ (ਜੋ ਜਗਤ ਤੋਂ ਪਰੇ ਹੈ)।

---

* ਵੀਚਾਰੇ=ਸੋਚਕੇ ਨਿਰਣਯ ਤੇ ਨਿਸ਼ਚਤ ਕਰਨਾ।

ਪਰਧਾਨੋ-ਵੱਡਾ, ਮਹਾਨ, ਸ਼੍ਰੋਮਣੀ। ਸਭ ਤੋਂ ਵੱਡਾ।

ਅਗਮ-(ਦੇਖੋ ਪੰਨਾ ੫੧੭) ਜਿਥੇ ਕੋਈ ਪਹੁੰਚ ਨਹੀਂ ਸਕਦਾ, ਪਹੁੰਚ ਤੋਂ ਪਰੇ।

ਅਗੋਚਰੁ-ਜਿਸ ਨੂੰ ਇੰਦ੍ਰੀਆਂ ਦੁਆਰਾ ਪਰਤੱਖ ਨਹੀਂ ਕੀਤਾ ਜਾ ਸਕਦਾ। (ਦੇਖੋ ਪੰਨਾ ੧੭੬੨, ੨੫੪੩)

ਅਪਰ ਅਪਾਰਾ-ਪਰੇ ਤੋਂ ਪਰੇ, ਜਿਸ ਦਾ ਪਾਰ ਨਹੀਂ।

ਸੰਪੈ- [ਸੰਸ:, ਸੰਪਤ੍ਰਿ:=ਧਨ ਦੌਲਤ, ਸਰਮਾਯਾ] ਕੱਠੀ ਕੀਤੀ ਹੋਈ ਦੌਲਤ। ਧਨ ਪਦਾਰਥ। ਰੁਪੱਯਾ ਪੈਸਾ।

ਸਾਇਰ ਕੀ ਪੁਤ੍ਰੀ-(ਦੇਖੋ ਪੰਨਾ ੧੪੫੮) ਸਮੁੰਦਰ ਦੀ ਧੀ, ਲੱਛਮੀ, ਭਾਵ ਹੈ ਦੌਲਤ। ਗੁਣ ਸੰਗਮ-ਗੁਣਾਂ ਦਾ ਸੰਗਮ, ਮਿਲਾਪ। ਗੁਣਾਂ ਦਾ ਸੰਯੋਗ। ਗੁਣਾਂ ਦਾ ਮੇਲ। ਸੰਗਮ ਦਾ ਅਰਥ ਕਈ ਤ੍ਰਿਬੇਣੀ ਵੀ ਕਰਦੇ ਹਨ।

ਕਰਣੀ ਸਾਰੀ-ਕਰਨੀ ਦੀ ਸਾਰ ਲਈ, ਸੰਭਾਲੀ, ਚੰਗੀ ਕਰਨੀ ਕੀਤੀ।

ਠਾਕਿ ਰਹਾਏ-ਰੋਕ ਪਾ ਦਿੱਤੀ, ਠੱਲ੍ਹ ਪਾ ਦਿੱਤੀ।

ਪਰਗਾਸਿਆ-ਪ੍ਰਕਾਸ਼ ਹੋਇਆ। (ਨਾਮ ਰੂਪੀ ਰਤਨ ਦਾ ਪ੍ਰਕਾਸ਼) ਗਿਆਨ ਹੋਇਆ।

ਅੰਜਨੁ- [ਸੰਸ:, ਅੰਜਨਮ੍] ਕੱਜਲ, ਸਿਆਹੀ, ਕਾਲਖ, ਸੁਰਮਾ।

ਅੰਜਨੋ ਅੰਜਨੁ-ਸੁਰਮੇ ਵਿਚੋਂ ਸੁਰਮਾ, ਸੁਰਮਿਆਂ ਵਿਚੋਂ ਸ੍ਰੇਸ਼ਟ ਸੁਰਮਾ।

ਨਿਰੰਜਨਿ-ਨਿਰੰਜਨ ਵਿਚ। ਨਿਰਲੇਪ ਪਰਮਾਤਮਾ ਵਿਚ।

ਜਗਜੀਵਨੁ-ਜਗਤ ਦਾ ਜੀਵਨ। ਜਿਸਦੇ ਆਸਰੇ ਸਾਰਾ ਸੰਸਾਰ ਜੀਊਂ ਰਿਹਾ ਹੈ। ਭਾਵ ਵਾਹਿਗੁਰੂ।

ਪਤੀਣੇ-ਪਤੀਜ ਗਏ, ਭਰੋਸਾ ਬੱਝ ਗਿਆ, ਤਸੱਲੀ ਹੋ ਗਈ, ਸੰਤੁਸ਼ਟ ਹੋ ਗਏ।

[ਆਸਾ ਮਹਲਾ ੧, ਛੰਤ-੪]

ਰਾਗੁ ਆਸਾ ਮਹਲਾ ੧ ਛੰਤ ਘਰੁ ੨ ੴ ਸਤਿਗੁਰ ਪ੍ਰਸਾਦਿ॥

ਮੂਲ	ਅਰਥ
ਤੂੰ ਸਭਨੀ ਥਾਈ ਜਿਥੈ ਹਉ ਜਾਈ ਸਾਚਾ ਸਿਰਜਣਹਾਰੁ ਜੀਉ ॥ ਸਭਨਾ ਕਾ ਦਾਤਾ ਕਰਮ ਬਿਧਾਤਾ ਦੂਖ ਬਿਸਾਰਣਹਾਰੁ ਜੀਉ ॥ ਦੂਖ ਬਿਸਾਰਣਹਾਰੁ ਸੁਆਮੀ ਕੀਤਾ ਜਾ ਕਾ ਹੋਵੈ ॥ ਕੋਟ ਕੋਟੰਤਰ ਪਾਪਾ ਕੇਰੇ ਏਕ ਘੜੀ ਮਹਿ ਖੋਵੈ ॥ ਹੰਸ ਸਿ ਹੰਸਾ ਬਗ ਸਿ ਬਗਾ ਘਟ ਘਟ ਕਰੇ ਬੀਚਾਰੁ ਜੀਉ ॥ ਤੂੰ ਸਭਨੀ ਥਾਈ ਜਿਥੈ ਹਉ ਜਾਈ ਸਾਚਾ ਸਿਰਜਣਹਾਰੁ ਜੀਉ ॥੧॥	ਹੇ ਸੱਚੇ ਸਿਰਜਣਹਾਰ ਜੀ ! ਤੂੰ ਸਭਨੀਂ ਥਾਈਂ (ਵਸਦਾ ਹੈਂ) ਜਿਥੇ ਕਿਤੇ ਵੀ ਮੈਂ ਜਾਂਦਾ ਹਾਂ (ਓਥੇ ਤੂੰ ਹੀ ਨਜ਼ਰ ਆਉਂਦਾ ਹੈਂ। ਤੂੰ) ਸਾਰਿਆਂ ਦਾ ਦਾਤਾ ਹੈਂ, (ਸਭ ਦੀ) ਪਰਾਲਬਧ (ਮੁਤਾਬਕ) ਫਲ ਪ੍ਰਦਾਤਾ ਹੈਂ, (ਸਭ ਦੇ) ਦੁਖ ਮਿਟਾ ਦੇਣ ਵਾਲਾ ਹੈਂ। (ਹਾਂ ਤੂੰ) ਦੁੱਖ ਹਰਨ ਵਾਲਾ ਸੁਆਮੀ (=ਮਾਲਿਕ) ਹੈਂ, ਜਿਸ ਦੀ ਮਰਜ਼ੀ ਨਾਲ ਸਭ ਕੁਛ ਹੁੰਦਾ ਹੈ। ਪਾਪਾਂ ਦੇ (ਢੇਰ ਜੋ ਵਡੇ ਵਡੇ) ਕਿਲ੍ਹਿਆਂ (ਵਾਂਗ ਖੜੇ ਹੋਣ) ਇਕ ਘੜੀ ਵਿਚ (=ਝਟ ਪਟ) ਖ਼ਤਮ ਕਰ ਦੇਂਦਾ ਹੈਂ। ਹੰਸਾਂ ਨੂੰ ਹੰਸਾਂ (ਵਾਂਗ) ਬਗਲਿਆਂ ਨੂੰ ਬਗਲਿਆਂ (ਵਾਂਗੂ ਪ੍ਰਤੀਤ ਕਰ ਲੈਂਦਾ ਹੈਂ) ਹਰ ਇਕ ਦੇ ਦਿਲ ਦੀ (ਸਮਝਦਾ ਤੇ) ਵੀਚਾਰ ਕਰਦਾ ਹੈਂ। (ਫੇਰ ਕਹਿੰਦੇ ਹਨ) ਤੂੰ ਸਭਨੀ ਥਾਈਂ, ਜਿਥੇ ਵੀ ਮੈਂ ਜਾਂਦਾ ਹਾਂ (ਮੌਜੂਦ ਹੈਂ) ਹੇ ਸਚੇ ਸਿਰਜਣਹਾਰ ਜੀਉ॥ ੧॥

ਜਿਨ੍ ਇਕ ਮਨਿ ਧਿਆਇਆ ਤਿਨ੍ ਸੁਖੁ ਪਾਇਆ ਤੇ ਵਿਰਲੇ ਸੰਸਾਰਿ ਜੀਉ ॥ ਤਿਨ ਜਮੁ ਨੇੜਿ ਨ ਆਵੈ ਗੁਰ ਸਬਦੁ ਕਮਾਵੈ ਕਬਹੁ ਨ ਆਵਹਿ ਹਾਰਿ ਜੀਉ ॥ ਤੇ ਕਬਹੁ ਨ ਹਾਰਹਿ ਹਰਿ ਹਰਿ ਗੁਣ ਸਾਰਹਿ ਤਿਨ੍ ਜਮੁ ਨੇੜਿ ਨ ਆਵੈ ॥ ਜੰਮਣੁ ਮਰਣੁ ਤਿਨ੍ਾ ਕਾ ਚੂਕਾ ਜੋ ਹਰਿ ਲਾਗੇ ਪਾਵੈ ॥ ਗੁਰਮਤਿ ਹਰਿ ਰਸੁ ਹਰਿ ਫਲੁ ਪਾਇਆ ਹਰਿ ਹਰਿ ਨਾਮੁ ਉਰ ਧਾਰਿ ਜੀਉ ॥ ਜਿਨ੍ ਇਕ ਮਨਿ ਧਿਆਇਆ ਤਿਨ੍ ਸੁਖੁ ਪਾਇਆ ਤੇ ਵਿਰਲੇ ਸੰਸਾਰਿ ਜੀਉ ॥੨॥

ਜਿਨ੍ਹਾਂ ਨੇ ਇਕਾਗਰ ਚਿਤ (ਪ੍ਰਭੂ ਨੂੰ) ਅਰਾਧਿਆ ਉਹਨਾਂ ਨੇ (ਸਭ ਤਰ੍ਹਾਂ ਨਾਲ) ਸੁਖ ਪਾਇਆ ਹੈ (ਪਰ) ਐਸੇ (ਮਨੁਖ) ਸੰਸਾਰ ਵਿਚ ਬਹੁਤ ਘੱਟ ਹਨ। (ਜੋ) ਗੁਰ-ਸ਼ਬਦ ਦੀ ਕਮਾਈ ਕਰਦੇ ਹਨ, ਉਹ ਕਦੀ ਹਾਰ ਨਹੀਂ ਖਾਂਦੇ, ਜਮਦੂਤ ਉਹਨਾਂ ਦੇ ਨੇੜੇ ਨਹੀਂ ਆਉਂਦੇ। (ਹਾਂ) ਉਹ ਕਦੀ ਨਹੀਂ ਹਾਰਦੇ, ਜੋ ਹਰੀ ਗੁਣ ਦੀ ਸੰਭਾਲ ਕਰਦੇ ਹਨ, ਓਹਨਾਂ ਦੇ ਨਜ਼ਦੀਕ ਜਮ ਨਹੀਂ ਆਉਂਦੇ। ਉਹਨਾਂ ਦਾ ਜੰਮਣਾ ਮਰਨਾ ਖਤਮ ਹੋ ਜਾਂਦਾ ਹੈ ਜੋ ਹਰੀ ਦੇ ਚਰਨੀਂ ਲਗ ਜਾਂਦੇ ਹਨ। (ਉਹਨਾਂ ਗੁਰਮੁਖਾਂ ਨੂੰ) ਗੁਰੂ ਦੀ ਮਤ ਨਾਲ ਹਰੀ (ਨਾਮ ਰੂਪੀ) ਫਲ ਪ੍ਰਾਪਤ ਹੋਇਆ (ਉਸ ਤੋਂ) ਹਰੀ ਰਸ (ਦਾ ਸਵਾਦ ਮਾਣਿਆ ਅਤੇ) ਹਰੀ ਨਾਮ ਨੂੰ ਹਿਰਦੇ ਵਿਚ ਵਸਾ ਲਿਆ ਹੈ ਜੀ। (ਫੇਰ ਕਹਿੰਦੇ ਹਨ) ਜਿਨ੍ਹਾਂ ਇਕਾਗਰ ਚਿਤ ਹੋਕੇ (ਹਰੀ ਨੂੰ) ਯਾਦ ਕੀਤਾ ਹੈ, ਉਹਨਾਂ ਨੇ ਹੀ ਸੁਖ ਪਾਇਆ ਹੈ, ਐਸੇ (ਆਦਮੀ) ਦੁਨੀਆਂ ਵਿਚ ਬਹੁਤ ਘੱਟ ਹਨ ਜੀ ॥ ੨ ॥

ਜਿਨਿ ਜਗਤੁ ਉਪਾਇਆ ਧੰਧੈ ਲਾਇਆ ਤਿਸੈ ਵਿਟਹੁ ਕੁਰਬਾਣੁ ਜੀਉ ॥ ਤਾ ਕੀ ਸੇਵ ਕਰੀਜੈ ਲਾਹਾ ਲੀਜੈ ਹਰਿ ਦਰਗਹ ਪਾਈਐ ਮਾਣੁ ਜੀਉ ॥ ਹਰਿ ਦਰਗਹ ਮਾਨੁ ਸੋਈ ਜਨੁ ਪਾਵੈ ਜੋ ਨਰੁ ਏਕੁ ਪਛਾਣੈ ॥ ਓਹੁ ਨਵ ਨਿਧਿ ਪਾਵੈ ਗੁਰਮਤਿ ਹਰਿ ਧਿਆਵੈ ਨਿਤ ਹਰਿ ਗੁਣ ਆਖਿ ਵਖਾਣੈ ॥ ਅਹਿਨਿਸਿ ਨਾਮੁ ਤਿਸੈ ਕਾ ਲੀਜੈ ਹਰਿ ਊਤਮੁ ਪੁਰਖੁ ਪਰਧਾਨੁ ਜੀਉ ॥ ਜਿਨਿ ਜਗਤੁ ਉਪਾਇਆ ਧੰਧੈ ਲਾਇਆ ਹਉ ਤਿਸੈ ਵਿਟਹੁ ਕੁਰਬਾਨੁ ਜੀਉ ॥੩॥

ਜਿਸ (ਵਾਹਿਗੁਰੂ) ਨੇ (ਸਾਰਾ) ਜਗਤ ਪੈਦਾ ਕੀਤਾ (ਅਤੇ ਹਰ ਇਕ ਨੂੰ) ਕੰਮ ਤੇ ਲਾਇਆ (ਮੈਂ) ਓਸ ਤੋਂ ਕੁਰਬਾਨ ਹਾਂ ਜੀ। ਓਸ ਦੀ ਸੇਵਾ ਕਰੀਏ ਤੇ ਨਫਾ ਕਮਾਈਏ (ਇਸ ਤਰ੍ਹਾਂ) ਹਰੀ ਦੀ ਦਰਗਾਹ ਵਿਚ ਮਾਣ ਪ੍ਰਾਪਤ ਕਰ ਲਈਦਾ ਹੈ ਜੀ, (ਪਰ) ਹਰੀ ਦੀ ਦਰਗਾਹ ਵਿਚ ਓਹੋ ਜਨ ਮਾਣ ਪਾਉਂਦਾ ਹੈ ਜੋ ਇਕ ਨਰ (=ਵਾਹਿਗੁਰੂ) ਨੂੰ ਜਾਣ ਲੈਂਦਾ ਹੈ, ਉਸ ਨੂੰ (ਮਾਨੋਂ) ਨੌਂ ਨਿਧਾਂ ਮਿਲ ਜਾਂਦੀਆਂ ਹਨ, ਗੁਰੂ ਦੀ ਮਤ ਲੈਕੇ ਹਰੀ ਨੂੰ ਸਿਮਰਦਾ (ਅਤੇ ਮੂੰਹੋਂ) ਸਦਾ ਹਰੀ ਦੇ ਗੁਣ ਆਖ ਆਖਕੇ ਬਿਆਨ ਕਰਦਾ ਹੈ। (ਏਸ ਲਈ ਹੇ ਮਨ !) ਦਿਨੇ ਰਾਤ ਓਸੇ ਹਰੀ ਦਾ ਨਾਮ ਲਈਏ (ਜੋ ਸਭ ਤੋਂ) ਵਡਾ ਅਤੇ ਉੱਤਮ ਪੁਰਸ਼ ਹੈ ਜੀ। (ਹਾਂ, ਉਹ) ਜਿਸ ਨੇ (ਸਾਰਾ) ਜਗਤੁ ਪੈਦਾ ਕੀਤਾ, (ਅਤੇ ਹਰ ਇਕ ਨੂੰ ਆਪੋ ਆਪਣੇ) ਧੰਦੇ ਸਿਰ ਲਾਇਆ ਮੈਂ ਓਸ ਉਤੋਂ ਕੁਰਬਾਨ ਹਾਂ ਜੀ ॥ ੩ ॥

ਨਾਮੁ ਲੈਨਿ ਸਿ ਸੋਹਹਿ ਤਿਨ ਸੁਖ ਫਲ ਹੋਵਹਿ ਮਾਨਹਿ ਸੇ ਜਿਣਿ ਜਾਹਿ ਜੀਉ ॥ ਤਿਨ ਫਲ ਤੋਟਿ ਨ ਆਵੈ ਜਾ ਤਿਸੁ ਭਾਵੈ ਜੇ ਜੁਗ ਕੇਤੇ ਜਾਹਿ ਜੀਉ॥

(ਜੋ ਵਾਹਿਗੁਰੂ ਦਾ) ਨਾਮ ਲੈਂਦੇ ਹਨ, ਉਹਨਾਂ ਦੀ ਸ਼ੋਭਾ ਹੁੰਦੀ ਹੈ, (ਤੇ) ਸੁਖਾਂ ਰੂਪੀ ਫਲ ਮਿਲਦੇ ਹਨ, ਉਹਨਾਂ ਦੀ ਮਾਨਤਾ ਹੁੰਦੀ ਹੈ (ਤੇ) ਸੰਸਾਰ ਦੀ ਬਾਜ਼ੀ ਜਿੱਤ ਜਾਂਦੇ ਹਨ। ਭਾਵੇਂ ਕਿੰਨੇ ਜੁਗ ਬੀਤ ਜਾਣ ਉਹਨਾਂ ਨੂੰ (ਏਨ੍ਹਾਂ ਸੁਖਾਂ ਰੂਪੀ) ਫਲਾਂ ਦੀ ਤੋਟ ਨਹੀਂ ਆਉਂਦੀ, (ਪਰ ਇਹ ਪ੍ਰਾਪਤੀ ਤਾਂ ਹੁੰਦੀ ਹੈ) ਜਾਂ ਉਸ (ਵਾਹਿਗੁਰੂ ਨੂੰ) ਭਾਉਂਦੀ ਹੋਵੇ (ਹਾਂ,) ਹੇ ਸੁਆਮੀ ਜੀ, (ਭਾਵੇਂ)

ਜੇ ਜੁਗ ਕੇਤੇ ਜਾਹਿ ਸੁਆਮੀ ਤਿਨ ਫਲ ਤੋਟਿ ਨ ਆਵੈ ॥ ਤਿਨ੍ ਜਰਾ ਨ ਮਰਣਾ ਨਰਕਿ ਨ ਪਰਣਾ ਜੋ ਹਰਿ ਨਾਮੁ ਧਿਆਵੈ ॥ ਹਰਿ ਹਰਿ ਕਰਹਿ ਸਿ ਸੂਕਹਿ ਨਾਹੀ ਨਾਨਕ ਪੀੜ ਨ ਖਾਹਿ ਜੀਉ ॥ ਨਾਮੁ ਲੈਨਿ੍ ਸਿ ਸੋਹਹਿ ਤਿਨ੍ ਸੁਖ ਫਲ ਹੋਵਹਿ ਮਾਨਹਿ ਸੇ ਜਿਣਿ ਜਾਹਿ ਜੀਉ ॥੪॥੧॥੪॥

ਕਿੰਨੇ ਜੁਗ ਭਾਵੇਂ ਗੁਜ਼ਰ ਜਾਣ ਉਹਨਾਂ ਨੂੰ (ਸੁਖ ਜ਼ਰੂਰ ਮਿਲਦਾ ਹੈ, ਉਹਨਾਂ ਦੇ ਐਸੇ ਸੁਖ ਰੂਪੀ) ਫਲ ਵਿਚ ਕਮੀ ਨਹੀਂ ਹੁੰਦੀ। ਓਹ ਨਾਂ ਬੁਢਾਪੇ (ਦਾ ਦੁੱਖ ਭੋਗਦੇ ਹਨ) ਨਾ ਮਰਨ (ਦਾ ਡਰ ਉਹਨਾਂ ਨੂੰ ਡਰਾਉਂਦਾ ਹੈ ਅਤੇ) ਨਾ ਨਰਕ ਵਿਚ ਪੈਂਦੇ ਹਨ, (ਪਰ ਓਹ) ਜੋ ਹਰੀ-ਨਾਮ ਨੂੰ ਧਿਆਉਂਦੇ ਹਨ। (ਹਾਂ) ਜੋ ਹਰੀ ਹਰੀ ਕਰਦੇ (ਨਾਮ ਸਿਮਰਦੇ ਹਨ) ਉਹ (ਕਦੀ) ਸੁੱਕਦੇ ਨਹੀ (=ਸੰਤਾਪ ਨਹੀਂ ਲਗਦਾ); ਹੇ ਨਾਨਕ ! ਨਾ ਹੀ ਉਹਨਾਂ ਨੂੰ ਪੀੜ ਖਾਂਦੀ ਹੈ। (ਹਾਂ, ਫੇਰ ਕਹਿੰਦੇ ਹਨ ਜੋ) ਨਾਮ ਲੈਂਦੇ ਹਨ ਓਹੋ ਸ਼ੋਭਦੇ ਹਨ, ਉਹਨਾਂ ਨੂੰ ਸੁਖ ਮਯ ਫਲ (ਪ੍ਰਾਪਤ) ਹੁੰਦੇ ਹਨ (ਦਰਗਾਹ ਵਿਚ) ਮੰਨੇ ਜਾਂਦੇ ਹਨ ਤੇ ਓਹ (ਇਸ ਸੰਸਾਰ ਤੋਂ) ਜਿੱਤਕੇ ਜਾਂਦੇ ਹਨ॥ ੪॥ ੧॥ ੪॥

ਨਿਰੁਕ੍ਤ-ਕਰਮ ਬਿਧਾਤਾ- [ਸੰਸ:, ਕਰ੍ਮ+ਵਿਧਾਤਾ] ਕਰਮ ਭਾਵ ਕਿਸਮਤ ਬਨਾਉਣ ਵਾਲਾ ਪਰਾਲਬਧ ਬਨਾਉਣ ਵਾਲਾ। ਫਲ ਪ੍ਰਦਾਤਾ।

ਦੂਖ ਬਿਸਾਰਣਹਾਰੁ-ਦੁਖ ਹਰਤਾ। ਦੁਖ ਦੂਰ ਕਰਨ ਵਾਲਾ।

ਕੋਟ ਕੋਟੰਤਰ-ਕ੍ਰੋੜਾਂ, ਲਖਾਂ ਕ੍ਰੋੜਾਂ। ਅਣਗਿਣਤ। (ਅ) ਵਡੇ ਵਡੇ ਢੇਰ। (ਪਾਪਾਂ ਦੇ) ਕਿਲ੍ਹੇ। ਗੜ੍ਹ। [ਸੰਸ: ਕੋਟ:=ਗੜ੍ਹ, ਕਿਲ੍ਹਾ] ।

ਢੇਰੇ-ਢੇਰ ਦੇਂਦਾ ਹੈ, ਢਾਹ ਦੇਂਦਾ ਹੈ। ਗਿਰਾ ਦੇਂਦਾ ਹੈ।

ਸਾਰਹਿ- [ਪੁ: ਪੰ:, ਸਾਰਨਾ=ਖ਼ਬਰ ਸਾਰ ਲੈਣੀ, ਦੇਖ ਭਾਲ ਕਰਨੀ। ੨. ਸੰਮ੍ਹਾਲਨਾ, ਯਾਦ ਕਰਨਾ] ਸੰਭਾਲਦੇ ਹਨ, ਯਾਦ ਕਰਦੇ ਹਨ, ਸਿਮਰਦੇ ਹਨ।

ਪਾਵੈ- [ਹਿੰ:, ਪਾਂਵ=ਪੈਰ, ਚਰਨ] ਪੈਰਾਂ ਨੂੰ, ਚਰਨਾਂ ਨੂੰ। 'ਲਾਗੇ ਪਾਵੈ'=ਚਰਨੀਂ ਲਗਣਾ, ਪੈਰਾਂ ਤੇ ਨਮਸਕਾਰ ਕਰਨੀ, ਬੇਨਤੀ ਕਰਨੀ।

ਨਵਨਿਧਿ-ਨੌ-ਨਿਧੀਆਂ, ਨੌ ਪ੍ਰਕਾਰ ਦੇ ਖ਼ਜ਼ਾਨੇ (ਦੇਖੋ 'ਨਿਧਿ' ਪੰਨਾ ੧੭੯੨)।

ਜਿਣਿ ਜਾਹਿ- [ਦੇਖੋ ਪੰਨਾ ੬੮੮] ਜਿੱਤ ਜਾਂਦੇ ਹਨ, ਸੰਸਾਰ ਦੀ ਬਾਜ਼ੀ ਜਿੱਤ ਜਾਂਦੇ ਹਨ।

ਤਿਨ੍ ਫਲ ਤੋਟਿ ਨ ਆਵੈ-ਉਹਨਾਂ ਦੀ ਕੀਤੀ ਹੋਈ ਕਮਾਈ ਦੇ ਫਲ ਵਿਚ ਕੋਈ ਤੋਟ ਨਹੀਂ ਆਉਂਦੀ।

[ਆਸਾ ਮਹਲਾ ੧, ਛੰਤ-੫]

੧ੴ ਸਤਿਗੁਰ ਪ੍ਰਸਾਦਿ॥ ਆਸਾ ਮਹਲਾ ੧ ਛੰਤ ਘਰੁ ੩॥

ਮੂਲ

ਤੂੰ ਸੁਣਿ ਹਰਣਾ ਕਾਲਿਆ ਕੀ ਵਾੜੀਐ ਰਾਤਾ ਰਾਮ ॥ ਬਿਖੁ ਫਲੁ ਮੀਠਾ ਚਾਰਿ ਦਿਨ ਫਿਰਿ ਹੋਵੈ ਤਾਤਾ ਰਾਮ ॥ ਫਿਰਿ ਹੋਇ ਤਾਤਾ ਖਰਾ

ਅਰਥ

ਹੇ ਵਿਸ਼ਈ ਮਨ ! ਸੁਣ, ਤੂੰ (ਵਿਸ਼ਿਆਂ ਦੀ) ਵਾੜ ਵਿਚ ਕਿਉਂ ਰੱਤਾ ਹੋਇਆ ਹੈਂ। (ਇਹ) ਵਿਹੁਲਾ ਫਲ ਥੋੜੇ ਸਮੇਂ ਵਾਸਤੇ ਮਿੱਠਾ (ਲਗਦਾ ਹੈ) ਫੇਰ (ਇਹੋ) ਤੱਤਾ (=ਦੁਖਦਾਈ) ਹੋ ਜਾਂਦਾ ਹੈ। (ਹਾਂ) ਫੇਰ (ਇਹ) ਦੁਖਮਯ ਹੋ ਜਾਂਦਾ ਹੈ (ਜਿਸ ਵਿਚ ਤੂੰ)

ਮਾਤਾ ਨਾਮ ਬਿਨੁ ਪਰਤਾਪਏ ॥ ਓਹੁ ਜੇਵ ਸਾਇਰ ਦੇਇ ਲਹਰੀ ਬਿਜੁਲ ਜਿਵੈ ਚਮਕਏ ॥ ਹਰਿ ਬਾਝੁ ਰਾਖਾ ਕੋਇ ਨਾਹੀ ਸੋਇ ਤੁਝਹਿ ਬਿਸਾਰਿਆ ॥ ਸਚੁ ਕਹੈ ਨਾਨਕੁ ਚੇਤਿ ਰੇ ਮਨ ਮਰਹਿ ਹਰਣਾ ਕਾਲਿਆ ॥੧॥

ਬਹੁਤ ਮਸਤ (ਹੈਂ), ਨਾਮ ਦੇ ਬਗ਼ੈਰ (ਇਹ ਬਿਖ ਫਲ ਤੈਨੂੰ) ਸੰਤਾਪ ਲਾਇਗਾ। ਇਹ (ਸੰਸਾਰ ਐਸਾ ਹੇ ਜਿਸ ਵਿਚ) ਸਮੁੰਦਰ ਵਾਕੁਣ (ਡਰਾਉਣੀਆਂ) ਲਹਿਰਾਂ ਉਠਦੀਆਂ ਹਨ ਤੇ (ਜਿਸ ਵਿਚ) ਜਿਵੇਂ (ਭਯਾਨਕ) ਬਿਜਲੀ ਚਮਕਦੀ ਹੈ। (ਐਸੀ ਖ਼ਤਰਨਾਕ ਹਾਲਤ ਵਿਚ) ਹਰੀ ਬਿਨਾਂ ਕੋਈ ਰਖਸ਼ਾ ਕਰਨ ਵਾਲਾ ਨਹੀ? (ਪਰ) ਉਹ ਤੈਨੂੰ ਭੁੱਲਿਆ ਹੋਇਆ ਹੈ। ਸੱਚ ਕਹਿੰਦੇ ਹਨ (ਗੁਰੂ) ਨਾਨਕ ਜੀ, ਹੇ (ਮੇਰੇ) ਮਨ ! (ਪ੍ਰਭੂ ਨੂੰ) ਯਾਦ ਕਰ, ਹੇ ਵਿਸ਼ਈ ਮਨਾ ! ਤੂੰ (ਅੰਤ ਨੂੰ) ਮਰੇਂਗਾ॥ ੧॥

ਭਵਰਾ ਫੂਲਿ ਭਵੰਤਿਆ ਦੁਖੁ ਅਤਿ ਭਾਰੀ ਰਾਮ ॥ ਮੈ ਗੁਰੁ ਪੂਛਿਆ ਆਪਣਾ ਸਾਚਾ ਬੀਚਾਰੀ ਰਾਮ ॥ ਬੀਚਾਰਿ ਸਤਿਗੁਰੁ ਮੁਝੈ ਪੂਛਿਆ ਭਵਰੁ ਬੇਲੀ ਰਾਤਓ ॥ ਸੂਰਜੁ ਚੜਿਆ ਪਿੰਡੁ ਪੜਿਆ ਤੇਲੁ ਤਾਵਣਿ ਤਾਤਓ ॥ ਜਮ ਮਗਿ ਬਾਧਾ ਖਾਹਿ ਚੋਟਾ ਸਬਦ ਬਿਨੁ ਬੇਤਾਲਿਆ॥ ਸਚੁ ਕਹੈ ਨਾਨਕੁ ਚੇਤਿ ਰੇ ਮਨ ਮਰਹਿ ਭਵਰਾ ਕਾਲਿਆ ॥੨॥

ਹੇ (ਵਿਸ਼ਯ ਰੂਪੀ) ਫੁੱਲਾਂ ਤੇ ਭੌਂਦਿਆ ਭੌਰਿਆ (ਭਾਵ ਹੇ ਵਿਸ਼ਈ ਮਨ ! ਤੈਨੂੰ) ਬਹੁਤ ਭਾਰੀ ਦੁਖ ਲਗੇਗਾ। ਮੈਂ (ਇਹ ਗਲ) ਆਪਣੇ ਗੁਰੂ ਤੋਂ ਪੁੱਛ ਚੁਕਾ ਹਾਂ (ਅਤੇ) ਸਚਾਈ ਨਾਲ ਨਿਰਣਯ ਕੀਤੀ ਹੈ। (ਹਾਂ) ਮੈਂ ਵੀਚਾਰਕੇ ਸਤਿਗੁਰੂ ਨੂੰ ਪੁਛਿਆ ਹੈ (ਕਿ ਇਹ ਮਨ ਰੂਪੀ) ਭੌਰਾ (ਵਿਸ਼ਿਆਂ ਦੀਆਂ) ਫੁਲ ਵੇਲਾਂ ਨਾਲ ਰੱਤਾ ਹੋਇਆ ਹੈ (ਇਸ ਦਾ ਅੰਤ ਕੀ ਹੋਵੇਗਾ? ਉੱਤਰ ਦੇਂਦੇ ਹਨ ਕਿ) ਦਿਨ ਚੜ੍ਹਦਿਆਂ (=ਉਮਰ ਮੁੱਕਦਿਆਂ ਇਹਦਾ) ਪਿੰਡ ਪੜ੍ਹਿਆ ਜਾਏਗਾ (ਦੇਹ ਢਹਿ ਪਵੇਗੀ ਤੇ ਸੜੇਗੀ) ਜਿਵੇਂ ਤੇਲ ਕੜਾਹੀ ਵਿਚ ਸੜਿਆ ਜਾਂਦਾ ਹੈ। (ਗੁਰੂ) ਨਾਨਕ (ਜੀ) ਸੱਚ ਕਹਿੰਦੇ ਹਨ, ਹੇ ਮਨ ! (ਰਬ ਨੂੰ) ਯਾਦ ਕਰ (ਨਹੀਂ ਤਾਂ) ਬੰਨ੍ਹਿਆ ਹੋਇਆ ਮਾਰ ਖਾਂਦਿਆਂ ਜਮਾਂ ਦੇ ਰਸਤੇ ਟੋਰਿਆ ਜਾਵੇਂਗਾ, ਬਿਨਾ ਗੁਰ-ਸ਼ਬਦ ਦੇ ਤੂੰ ਭੂਤਨਾ (ਬਣ ਜਾਏਂਗਾ), ਹੇ ਕਾਲੇ ਭੌਰੇ (ਰੂਪੀ ਜੀਵ ! ਤੂੰ) ਮਰ ਜਾਏਂਗਾ॥ ੨॥

ਮੇਰੇ ਜੀਅੜਿਆ ਪਰਦੇਸੀਆ ਕਿਤੁ ਪਵਹਿ ਜੰਜਾਲੇ ਰਾਮ ॥ ਸਾਚਾ ਸਾਹਿਬੁ ਮਨਿ ਵਸੈ ਕੀ ਫਾਸਹਿ ਜਮ ਜਾਲੇ ਰਾਮ ॥ ਮਛੁਲੀ ਵਿਛੁੰਨੀ ਨੈਣ ਰੁੰਨੀ ਜਾਲੁ ਬਧਿਕਿ ਪਾਇਆ ॥ ਸੰਸਾਰੁ ਮਾਇਆ ਮੋਹੁ ਮੀਠਾ ਅੰਤਿ ਭਰਮੁ ਚੁਕਾਇਆ ॥ ਭਗਤਿ ਕਰਿ ਚਿਤੁ ਲਾਇ ਹਰਿ ਸਿਉ ਛੋਡਿ ਮਨਹੁ ਅੰਦੇਸਿਆ ॥ ਸਚੁ ਕਹੈ ਨਾਨਕੁ ਚੇਤਿ ਰੇ ਮਨ ਜੀਅੜਿਆ ਪਰਦੇਸੀਆ ॥੩॥

ਹੇ ਮੇਰੇ ਪਰਦੇਸੀ ਜੀਵ ! (ਇਸ ਪਰਦੇਸੀ ਦੁਨੀਆਂ ਦੇ) ਜੰਜਾਲ* ਵਿਚ ਕਿਉਂ ਪੈਂਦਾ ਹੈ? (ਜੇਕਰ) ਸੱਚਾ ਸਾਈਂ ਮਨ ਵਿਚ ਵਸ ਜਾਵੇ ਤਾਂ ਜਮਾਂ ਦੀ ਫਾਹੀ (ਤੈਨੂੰ) ਫਸਾ ਨਹੀਂ ਸਕਦੀ। [ਸਮਝਾਉਣ ਨਮਿੱਤ ਇਕ ਉਦਾਹਰਣ ਦੇਂਦੇ ਹਨ:] ਸ਼ਿਕਾਰੀ ਨੇ ਜਾਲ ਸੁੱਟਿਆ, ਮੱਛੀ (ਫਸ ਗਈ, ਪਾਣੀ ਤੋਂ) ਵਿਛੁੜੀ ਹੋਈ ਨੈਣ ਭਰਕੇ ਰੋਈ। (ਉਹ ਨਹੀਂ ਜਾਣਦੀ ਸੀ ਕਿ) ਸੰਸਾਰ (ਝੂਠਾ ਹੈ, ਉਸ ਨੂੰ) ਮਾਇਆ ਦੀ ਪ੍ਰੀਤ (ਕੁੰਡੀ ਵਿਚ ਲਗੀ ਭਿੱਤੀ) ਮਿੱਠੀ ਲਗੀ (ਇਸ ਕਰਕੇ ਭੁਲੇਖੇ ਵਿਚ ਰਹੀ) ਅੰਤ ਵੇਲੇ ਪਤਾ ਲੱਗਾ ਕਿ ਇਹ ਧੋਖਾ ਸੀ; (ਪਰ ਉਸ ਵੇਲੇ ਰੋਣ ਦਾ ਕੀ ਫਾਇਦਾ। ਇਸ ਵਾਸਤੇ ਹੇ ਮੇਰੀਏ ਜਿੰਦੜੀਏ !) ਹਰੀ ਨਾਲ ਚਿਤ ਲਾਕੇ (ਉਸ ਦੀ) ਭਗਤੀ ਕਰ, ਮਨ ਵਿਚੋਂ ਫਿਕਰਾਂ ਨੂੰ ਹਟਾ ਦੇਹ। (ਗੁਰੂ) ਨਾਨਕ ਜੀ ਸੱਚ ਫੁਰਮਾਉਂਦੇ ਹਨ, ਮੇਰੇ ਪਰਦੇਸੀ ਜੀਅੜੇ ! (ਰਬ ਨੂੰ) ਮਨ ਵਿਚ ਯਾਦ ਕਰ॥ ੩॥

* ਜੰਜਾਲ, ਫਸੌਤੀ, ਬੰਧਨ, ਝਮੇਲਾ। ਵਿਸ਼ੇਸ਼ ਦੇਖੋ ਪੰਨਾ ੧੭੬੨

ਨਦੀਆ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ ॥ ਜੁਗੁ ਜੁਗੁ ਮੀਠਾ ਵਿਸੁ ਭਰੇ ਕੋ ਜਾਣੈ ਜੋਗੀ ਰਾਮ ॥ ਕੋਈ ਸਹਜਿ ਜਾਣੈ ਹਰਿ ਪਛਾਣੈ ਸਤਿਗੁਰੂ ਜਿਨਿ ਚੇਤਿਆ ॥ ਬਿਨੁ ਨਾਮ ਹਰਿ ਕੇ ਭਰਮਿ ਭੂਲੇ ਪਚਹਿ ਮੁਗਧ ਅਚੇਤਿਆ ॥ ਹਰਿ ਨਾਮੁ ਭਗਤਿ ਨ ਰਿਦੈ ਸਾਚਾ ਸੇ ਅੰਤਿ ਧਾਹੀ ਰੁੰਨਿਆ ॥ ਸਚੁ ਕਹੈ ਨਾਨਕੁ ਸਬਦਿ ਸਾਚੈ ਮੇਲਿ ਚਿਰੀ ਵਿਛੁੰਨਿਆ ॥੪॥੧॥੫॥

ਨਦੀਆਂ ਦੇ ਵਿਛੁੜੇ ਵਹਿਣਾਂ ਦਾ (ਦੋਬਾਰਾ) ਮਿਲਣਾ ਸੰਜੋਗਾਂ ਨਾਲ ਹੀ (ਹੁੰਦਾ ਹੈ। ਇਸ ਗੱਲ ਨੂੰ) ਕੋਈ (ਵਿਰਲਾ) ਜੋਗੀ (=ਤਤ ਗਿਆਨੀ) ਹੀ ਸਮਝਦਾ ਹੈ (ਕਿ ਇਹ ਮਾਇਆ ਰੂਪੀ ਮਹੁਰਾ) ਹਰ ਸਮੇਂ ਨੂੰ ਮਿੱਠੀ ਜ਼ਹਿਰ ਨਾਲ ਭਰਦਾ ਰਹਿੰਦਾ ਹੈ। (ਪਰ) ਜਿਸ ਕਿਸੇ ਨੇ ਸੱਚੇ ਗੁਰੂ ਤੋਂ ਗਿਆਨ ਦੁਆਰਾ ਸਮਝਕੇ ਹਰੀ ਨੂੰ ਪਛਾਣ ਲਿਆ ਹੈ (ਤੇ ਉਸ ਦਾ ਹਿਰਦੇ ਵਿਚ) ਚਿੰਤਨ ਕੀਤਾ ਹੈ (ਓਹੋ ਜਾਣਦਾ ਹੈ), ਹੇ ਮੂੜ ਅਚੇਤ (ਮਨਾਂ !) ਬਗ਼ੈਰ ਹਰੀ-ਨਾਮ ਦੇ ਸੰਸਿਆਂ ਵਿਚ ਭਟਕਦਾ ਰਹੇਂਗਾ ਅਤੇ ਖਪਦਾ ਤਪਦਾ ਰਹੇਂਗਾ। (ਜਿਨ੍ਹਾਂ ਦੇ) ਹਿਰਦੇ ਵਿਚ ਹਰੀ ਨਾਮ ਨਹੀਂ, (ਜੋ) ਭਗਤੀ (ਨਹੀਂ ਕਰਦੇ ਅਤੇ) ਸੱਚਾ (ਵਾਹਿਗੁਰੂ ਜਿਨ੍ਹਾਂ ਨੇ ਨਹੀਂ ਸਿਮਰਿਆ) ਉਹ ਅੰਤ ਵੇਲੇ ਧਾਹਾਂ ਮਾਰਕੇ ਰੋਏ ਸੱਚ ਕਹਿੰਦੇ ਹਨ ਗੁਰੂ ਨਾਨਕ (ਹੇ ਵਾਹਿਗੁਰੂ ! ਸਾਨੂੰ) ਚਿਰਾਂ ਦੇ ਵਿਛੁੜਿਆਂ ਨੂੰ (ਆਪਣੇ ਨਾਲ) ਸਚੇ ਸ਼ਬਦ ਦੁਆਰਾ ਮਿਲਾ ਲਓ॥ ੪॥ ੧॥ ੫॥

ਨਿਰੁਕ੍ਤ-ਹਰਣਾ ਕਾਲਿਆ-ਹੇ ਕਾਲਿਆ ਹਰਨਾ ! ਹਰਣ=ਜੀਵ=ਮਨ। ਕਾਲਾ=ਪਾਪਾਂ ਕਰਕੇ ਕਾਲਾ, ਵਿਸ਼ਯਾਂ ਵਿਚ ਆਸ਼ਕਤ। ਵਾੜੀਐ-ਵਾੜੀ ਵਿਚ, ਬਗ਼ੀਚੇ ਵਿਚ ਭਾਵ ਹੈ ਵਿਸ਼ਿਆਂ ਦੀ ਵਾੜੀ ਵਿਚ। ਪਾਪ ਖੇਤ੍ਰ ਵਿਚ।

ਤਾਤਾ-ਤੱਤਾ, ਗਰਮ, ਭਾਵ ਹੈ ਦੁਖਦਾਈ। ਸੰਤਾਪ ਦੇਣ ਵਾਲਾ।

ਖਰਾ ਮਾਤਾ-ਚੰਗੀ ਤਰ੍ਹਾਂ ਮਸਤ ਹੋਇਆ ਹੋਇਆ। ਜਿਸ ਉਤੇ ਤੂੰ ਬਹੁਤ ਮਸਤ ਹੋਇਆ ਹੋਇਆ ਹੈਂ।

ਪਰਤਾਪਏ- [ਸੰਸ:, ਪਰਿਤਾਪ:=ਬੜੀ ਭਾਰੀ ਗਰਮੀ। ੨. ਕਸ਼ਟ, ਪੀੜਾ] ਸੰਤਾਪ ਦੇਂਦਾ ਹੈ। ਦੁਖ ਦੇਂਦਾ ਹੈ। ਤਕਲੀਫ ਦੇਂਦਾ ਹੈ।

ਸਾਇਰ- [ਸੰਸ:, ਸਾਗਰ:। ਪ੍ਰਾ: ਸਾਯਰ=ਸਮੁੰਦਰ] ਸਮੁੰਦਰ, ਸਾਗਰ।

ਭਵਰਾ ਫੂਲਿ ਭਵੰਤਿਆ-ਫੁੱਲਾਂ ਤੇ ਭਉਂਦਿਆਂ ਹੋਇਆ ਭਵਰਿਆ ! ਏਸ ਅੰਕ ਵਿਚ ਓਸੇ ਵਿਸ਼ਈ ਮਨ ਨੂੰ ਭੌਰੇ ਨਾਲ ਉਪਮਾ ਦਿੱਤੀ ਹੈ। ਫੂਲਿ=ਫੂਲੀਂ=ਫੁਲਾਂ ਉਤੇ।

ਭਵਰੁ ਬੇਲੀ ਰਾਤਓ-ਫੁੱਲ ਵੇਲਾਂ ਨਾਲ ਰੱਤਾ ਹੋਇਆ ਭੌਰਾ।

ਸੂਰਜੁ ਚੜਿਆ-ਵਕਤ ਮੁੱਕ ਗਿਆ, ਉਮਰਾ ਵਿਹਾ ਗਈ।

ਪਿੰਡ ਪੜਿਆ-ਦੇਹੀ ਦੇ ਢੈਹ ਢੇਰੀ ਹੋ ਜਾਣ ਤੋਂ ਭਾਵ ਹੈ।

ਤਾਵਣਿ- [ਹਿੰ: ਤਾਵਨਾ=ਤਪਾਉਣਾ, ਗਰਮ ਕਰਨਾ] ਗਰਮ ਕਰਨ ਦੀ ਚੀਜ਼, ਤੌੜੀ, ਕੜਾਹੀ ਆਦਿਕ। ਸੂਰਜ ਦੇ ਚੜ੍ਹਨ ਤੇ ਮਰ ਗਿਆ ਤੇ ਤੇਲ ਵਾਕਰ ਕੜਾਹੀ ਵਿਚ ਤਪਾਇਆ ਗਿਆ।

ਜਮ ਮਗਿ-ਜਮ ਦੇ ਰਸਤੇ ਵਿਚ। ਮੌਤੇ ਦੇ ਰਾਹ ਵਿਚ।

ਬੇਤਾਲਿਆ-ਬੇਤਾਲ=ਭੂਤ, ਭੂਤਨਾ। ਹੇ ਭੂਤਨਿਆ।

ਜੰਜਾਲ- [ਦੇਖੋ ਪੰਨਾ ੧੭੭੮, ੧੭੯੨] ਝੰਜਟ, ਬਖੇੜਾ, ਝਮੇਲਾ, ਜਾਲ, ਫਸੌਤੀ।

ਜਮਜਾਲੇ-ਜਮਾਂ ਦਾ ਜਾਲ, ਜਮਾਂ ਦੀ ਫਸੌਤੀ। [ਦੇਖੋ ਪੰਨਾ ੯੯੯, ੩੯੨] ।

ਵਿਛੁੰਨੀ-ਵਿਛੁੜੀ, ਪਾਣੀ ਤੋਂ ਵਿਛੁੜੀ ਹੋਈ।

ਨੈਣ ਰੁੰਨੀ-ਅੱਖਾਂ (ਵਿਚ ਅੱਥਰੂ ਭਰਕੇ) ਰੋਈ, ਬਹੁਤ ਰੋਈ।

ਭਰਮੁ ਚੁਕਾਇਆ-ਪਤਾ ਲਗ ਗਿਆ ਕਿ ਧੋਖਾ ਸੀ।

ਜੀਅੜਿਆ ਪਰਦੇਸੀਆ-ਹੇ ਪਰਦੇਸੀ ਜਿੰਦੜੀਏ ! ਇਹ ਆਪਣਾ ਦੇਸ਼ ਨਹੀਂ; ਕਿਉਂਕਿ ਇਹ ਸੰਸਾਰ, ਸਦਾ ਲਈ ਟਿਕਾਣਾ ਨਹੀਂ, ਥੋੜੇ ਚਿਰ ਲਈ ਵਿਸ਼੍ਰਾਮ ਅਸਥਾਨ ਹੈ, ਮੁਸਾਫਰਖਾਨਾ ਹੈ। ਇਸ ਲਈ ਆਪਣੇ ਮਨ ਨੂੰ ਸੰਬੋਧਨ ਕੀਤਾ ਹੈ 'ਪਰਦੇਸੀ ਜੀਅੜਾ' ਕਹਿਕੇ। ਇਸ ਜੀਵ ਨੇ ਆਪਣੇ ਨਿਜ ਘਰ ਜਾਣਾ ਹੈ।

ਵਾਹ-ਬਹਾਉ,ਵਹਿਣ। ਪਾਣੀ ਦਾ ਬਹਾਉ, ਨਦੀ ਦਾ ਵਹਿਣ। ਨਦੀਆਂ ਦੇ ਵਗਦੇ ਪਾਣੀ ਵਿਚੋਂ ਨਿਕਲੀਆਂ ਛੋਟੀਆਂ ਨਦੀਆਂ।

ਵਿਛੁੰਨਿਆ-ਵਿਛੁੜੇ ਹੋਇਆਂ ਦਾ। ਸੰਜੋਗੀ-ਕਿਸਮਤ ਨਾਲ, ਭਾਗਾਂ ਨਾਲ, ਸੰਜੋਗਾਂ ਨਾਲ।

ਪਚਹਿ-[ਸੰਸ:,ਧਾਤੂ-ਪਚ੍=ਪਕਨਾ,ਭੁੰਨਣਾ,ਸਾੜਨਾ। ਰੋਟੀ ਦਾ ਪਚਣਾ=ਹਜ਼ਮ ਹੋਣਾ। ਹਿੰ:, ਪੰ:,=ਪਚਨਾ=ਹਜ਼ਮ ਹੋਣਾ, ਪੱਕ ਜਾਣਾ] ਪਚਦਾ ਹੈਂ, ਸੜਦਾ ਹੈਂ, ਦੁਖ ਭੋਗਦਾ ਹੈਂ।

ਧਾਹੀ ਰੁੰਨਿਆ- [ਪੰ:, ਧਾਹ ਮਾਰਕੇ ਰੋਣਾ=ਉੱਚੀ ਉੱਚੀ ਰੋਣਾ ਤੇ ਪਛੁਤਾਉਣਾ] ਧਾਹਾਂ ਮਾਰਕੇ ਰੋਏ। ਬਹੁਤ ਜ਼ੋਰ ਜ਼ੋਰ ਦੀ ਰੋਏ। ਪਛੁਤਾਏ।

-ਤੀਸਰੀ ਪਾਤਸ਼ਾਹੀ ਦੇ ਛੰਤ ਸ਼ੁਰੂ ਹੋਏ-

[ਆਸਾ ਮਹਲਾ ੩, ਛੰਤ-੬]

੧ਓ ਸਤਿਗੁਰ ਪ੍ਰਸਾਦਿ॥ ਆਸਾ ਮਹਲਾ ੩, ਛੰਤ ਘਰੁ ੧॥

ਮੂਲ

ਹਮ ਘਰੇ ਸਾਚਾ ਸੋਹਿਲਾ ਸਾਚੈ ਸਬਦਿ ਸੁਹਾਇਆ ਰਾਮ ॥ ਧਨ ਪਿਰ ਮੇਲੁ ਭਇਆ ਪ੍ਰਭਿ ਆਪਿ ਮਿਲਾਇਆ ਰਾਮ ॥ ਪ੍ਰਭਿ ਆਪਿ ਮਿਲਾਇਆ ਸਚੁ ਮੰਨਿ ਵਸਾਇਆ ਕਾਮਣਿ ਸਹਜੇ ਮਾਤੀ ॥ ਗੁਰ ਸਬਦਿ ਸੀਗਾਰੀ ਸਚਿ ਸਵਾਰੀ ਸਦਾ ਰਾਵੇ ਰੰਗਿ ਰਾਤੀ ॥ ਆਪੁ ਗਵਾਏ ਹਰਿ ਵਰੁ ਪਾਏ ਤਾ ਹਰਿ ਰਸੁ ਮੰਨਿ ਵਸਾਇਆ ॥ ਕਹੁ ਨਾਨਕ ਗੁਰ ਸਬਦਿ ਸਵਾਰੀ ਸਫਲਿਉ ਜਨਮੁ ਸਬਾਇਆ ॥੧॥

ਅਰਥ

ਹੇ ਰਾਮ! ਸਾਡੇ ਘਰ (=ਸਤਿਸੰਗ) ਵਿਚ ਸੱਚਾ ਮੰਗਲਮਯ ਗੀਤ ਸੱਚੇ ਸ਼ਬਦ (ਗੁਰਬਾਣੀ) ਦੁਆਰਾ ਸ਼ੋਭਨੀਕ ਹੋ ਰਿਹਾ ਹੈ (ਭਾਵ ਗਾਂਵਿਆ ਜਾ ਰਿਹਾ ਹੈ; ਕਿਉਂਕਿ ਗੁਰਮੁਖ ਰੂਪੀ) ਇਸਤ੍ਰੀ (ਤੇ ਪ੍ਰਭੂ ਰੂਪੀ) ਪਤੀ ਦਾ ਮੇਲ ਹੋ ਗਿਆ ਹੈ (ਤੇ ਇਹ ਮੇਲ) ਪ੍ਰਭੂ ਨੇ ਆਪ ਮਿਲਾਇਆ ਹੈ। ਹੇ ਰਾਮ ! ਪ੍ਰਭੂ ਨੇ ਆਪ (ਮੇਲ ਐਉਂ) ਮਿਲਾਇਆ ਹੈ (ਕਿ ਗੁਰਮੁਖ ਰੂਪ) ਇਸਤ੍ਰੀ ਦੇ ਮਨ ਵਿਚ ਸੱਚ ਵਸਾ ਦਿੱਤਾ (ਤੇ ਓਹ) ਸਹਜ (ਵਿਧੀ ਨਾਲ ਪ੍ਰੇਮ ਵਿਚ) ਮਗਨ ਹੋ ਗਈ। (ਉਹ ਗੁਰਮੁਖ ਰੂਪੀ ਇਸਤ੍ਰੀ) ਸੱਚ ਦੁਆਰਾ (ਸਭ ਵਿਗਾੜਾਂ ਤੋਂ) ਸਵਾਰੀ ਗਈ ਤੇ ਗੁਰੂ ਸ਼ਬਦ ਦੁਆਰਾ ਸ਼ਿੰਗਾਰੀ ਗਈ (ਹੁਣ) ਪ੍ਰੇਮ ਵਿਚ ਰੱਤੀ ਹੋਈ (ਆਪਣੇ ਪ੍ਰਭੂ ਪਤੀ ਨੂੰ) ਸਦਾ ਮਾਣ ਰਹੀ ਹੈ। ਆਪਾ ਭਾਵ ਨੂੰ ਗੁਆ ਦਿੱਤਾ, ਹਰੀ ਰੂਪੀ ਵਰ ਵਿਚ ਪਾ ਲਿਆ ਤਾਂ ਹਰੀ ਰਸ ਮਨ ਵਿਚ ਵਸਾਇਆ ਗਿਆ। ਕਹਿੰਦੇ ਹਨ (ਸ੍ਰੀ ਗੁਰੂ) ਨਾਨਕ (ਦੇਵ ਜੀ ਹੁਣ ਓਸ ਗੁਰੂ) ਸ਼ਬਦ ਦੁਆਰਾ ਸੰਵਾਰੀ ਹੋਈ ਦਾ ਸਾਰਾ ਜਨਮ ਸਫਲ ਹੋ ਗਿਆ ਹੈ॥ ੧॥

ਦੂਜੜੈ ਕਾਮਣਿ ਭਰਮਿ ਭੁਲੀ ਹਰਿ ਵਰੁ ਨ ਪਾਏ ਰਾਮ ॥ ਕਾਮਣਿ ਗੁਣੁ ਨਾਹੀ ਬਿਰਥਾ ਜਨਮੁ ਗਵਾਏ ਰਾਮ ॥ ਬਿਰਥਾ ਜਨਮੁ ਗਵਾਏ ਮਨਮੁਖਿ ਇਆਣੀ ਅਉਗਣਵੰਤੀ ਝੂਰੇ ॥ ਆਪਣਾ ਸਤਿਗੁਰੁ ਸੇਵਿ ਸਦਾ ਸੁਖੁ ਪਾਇਆ ਤਾ ਪਿਰੁ ਮਿਲਿਆ ਹਦੂਰੇ॥ ਦੇਖਿ ਪਿਰੁ ਵਿਗਸੀ ਅੰਦਰਹੁ ਸਰਸੀ ਸਚੈ ਸਬਦਿ ਸੁਭਾਏ॥ ਨਾਨਕ ਵਿਣੁ ਨਾਵੈ ਕਾਮਣਿ ਭਰਮਿ ਭੁਲਾਣੀ ਮਿਲਿ ਪ੍ਰੀਤਮ ਸੁਖੁ ਪਾਏ ॥੨॥

(ਪਰ) ਹੇ ਰਾਮ ! (ਜੋ ਮਨਮੁਖ ਰੂਪੀ) ਇਸਤ੍ਰੀ ਦੁਐਤ ਭਾਵ ਵਿਚ ਆਕੇ ਭਰਮ ਵਿਚ ਪੈਕੇ ਭੁੱਲ ਗਈ (ਉਹ) ਹਰੀ (ਰੂਪ) ਵਰ ਨੂੰ ਨਹੀਂ ਪ੍ਰਾਪਤ ਕਰਦੀ; (ਕਿਉਂਕਿ ਉਸ) ਇਸਤ੍ਰੀ ਵਿਚ (ਉਪਰ ਕਥਿਆ) ਗੁਣ (ਕੋਈ) ਨਹੀਂ ਹੁੰਦਾ, (ਉਹ ਆਪਣਾ) ਜਨਮ ਹੀ ਬਿਰਥਾ ਗੁਆ ਲੈਂਦੀ ਹੈ, ਹੇ ਰਾਮ ! (ਹਾਂ, ਉਹ) ਮਨਮੁਖ (ਰੂਪੀ ਇਸਤ੍ਰੀ) ਜਨਮ ਬਿਰਥਾ ਗੁਆ ਲੈਂਦੀ ਹੈ, (ਉਹ) ਮੂਰਖ ਹੈ, ਔਗੁਣਾਂ ਵਾਲੀ ਹੈ, (ਸਦਾ) ਝੂਰਦੀ ਰਹਿੰਦੀ ਹੈ। (ਪਰੰਤੂ ਜੇ ਇਸ ਨੇ ਬੀ) ਆਪਣੇ ਸਤਿਗੁਰ ਦੀ ਸੇਵਾ ਕਰਕੇ (ਨਾਮ ਰੂਪੀ) ਸਦਾ ਸੁਖ ਪ੍ਰਾਪਤ ਕਰ ਲਿਆ ਤਾਂ (ਇਸ ਨੂੰ ਬੀ) ਹਾਜ਼ਰਾ ਹਜ਼ੂਰ (ਰਹਿਣ ਵਾਲਾ) ਪਤੀ ਮਿਲ ਪਿਆ। [ਕੀਕੂੰ?] ਸੱਚੇ ਸ਼ਬਦ (=ਨਾਮ) ਦੁਆਰਾ ਸੁਭਾਵਕ ਹੀ (ਮਿਲ ਪਿਆ ਤਦ) ਪਤੀ ਨੂੰ ਵੇਖਕੇ ਉਹ ਖਿੜ ਪਈ, ਤੇ ਅੰਦਰੋਂ ਹੀ ਰਸਮਯ ਹੋ ਗਈ। ਹੇ ਨਾਨਕ ! ਨਾਮ ਵਿਹੂਣੀ ਭਰਮ ਵਿਚ ਭੁੱਲੀ ਹੋਈ (ਬੀ ਮਨਮੁਖ ਰੂਪੀ) ਇਸਤ੍ਰੀ (ਨਾਮ ਦੁਆਰਾ) ਪਤੀ ਨੂੰ ਮਿਲਕੇ (ਮੇਲ ਦਾ) ਸੁਖ ਪਾ ਲੈਂਦੀ ਹੈ॥ ੨॥

ਪਿਰੁ ਸੰਗਿ ਕਾਮਣਿ ਜਾਣਿਆ ਗੁਰਿ ਮੇਲਿ ਮਿਲਾਈ ਰਾਮ ॥ ਅੰਤਰਿ ਸਬਦਿ ਮਿਲੀ ਸਹਜੇ ਤਪਤਿ ਬੁਝਾਈ ਰਾਮ ॥ ਸਬਦਿ ਤਪਤਿ ਬੁਝਾਈ ਅੰਤਰਿ ਸਾਂਤਿ ਆਈ ਸਹਜੇ ਹਰਿ ਰਸੁ ਚਾਖਿਆ ॥ ਮਿਲਿ ਪ੍ਰੀਤਮ ਅਪਣੇ ਸਦਾ ਰੰਗੁ ਮਾਣੇ ਸਚੈ ਸਬਦਿ ਸੁਭਾਖਿਆ ॥ ਪੜਿ ਪੜਿ ਪੰਡਿਤ ਮੋਨੀ ਥਾਕੇ ਭੇਖੀ ਮੁਕਤਿ ਨ ਪਾਈ ॥ ਨਾਨਕ ਬਿਨੁ ਭਗਤੀ ਜਗੁ ਬਉਰਾਨਾ ਸਚੈ ਸਬਦਿ ਮਿਲਾਈ ॥੩॥

[ਪਿਰ ਦੇ ਮੇਲ ਪੈਣ ਦਾ ਰੂਪ ਕੀ ਹੈ? ਉੱਤਰ:] (ਗੁਰਮੁਖ ਰੂਪ) ਇਸਤ੍ਰੀ ਨੇ (ਪ੍ਰਭੂ ਰੂਪ) ਪਤੀ ਨੂੰ (ਜਦ ਅੰਗ) ਸੰਗ ਜਾਣ ਲਿਆ (ਤਾਂ ਮੇਲ ਹੋ ਗਿਆ, ਇਸ) ਮੇਲ ਵਿਚ ਹੀ (ਮੇਰੇ) ਰਾਮ ਗੁਰੂ ਨੇ ਮਿਲਾਈ ਹੈ। (ਹਾਂ ਆਪਣੇ) ਅੰਦਰੋਂ ਹੀ ਨਾਮ ਦੁਆਰਾ ਮਿਲ ਪਈ ਤਦ, ਹੇ ਰਾਮ ! (ਵਿਛੋੜੇ ਦੀ ਸਾਰੀ) ਤੱਪਸ਼ ਸਹਜੇ ਹੀ ਬੁਝਾ ਲਈਓਸ (ਜਦ) ਸ਼ਬਦ (ਨਾਮ) ਦੁਆਰਾ ਤਪਤ ਬੁਝਾ ਲਈਓਸ (ਤਦ) ਅੰਦਰ ਸ਼ਾਂਤੀ ਆ ਗਈ (ਭਾਵ ਠੰਢ ਪੈ ਗਈ, ਤਦ ਉਸ ਨੇ) ਸਹਿਜੇ ਹੀ ਹਰੀ ਰਸ ਚੱਖ ਲਿਆ, (ਭਾਵ ਤਪਤ ਬੁਝਣ ਤੇ ਠੰਢ ਪੈਣ ਤੇ ਹਰੀ ਰਸ ਪੈ ਗਿਆ। ਹੁਣ ਉਹ) ਆਪਣੇ ਪ੍ਰੀਤਮ ਨੂੰ ਮਿਲੀ ਹੋਈ ਸਦਾ (ਪਜਾਰੇ ਦੇ) ਪ੍ਰੇਮ ਨੂੰ ਮਾਣਦੀ ਹੈ ਤੇ ਸੱਚੇ ਸ਼ਬਦ ਦੁਆਰਾ ਸ਼ੁਭ ਬਚਨ ਬੋਲਦੀ ਹੈ*। ਹੇ ਨਾਨਕ ! (ਪਰਮੇਸ਼ੁਰ ਦੀ) ਭਗਤੀ ਬਿਨਾਂ ਜਗਤ ਬਾਵਲਾ ਹੋ ਰਿਹਾ ਹੈ, (ਪਰ ਇਹ ਬੀ) ਸੱਚੇ ਸ਼ਬਦ ਦੁਆਰਾ ਮੇਲ ਵਿਚ ਆ ਸਕਦਾ ਹੈ; (ਪ੍ਰਤੱਖ ਦੇਖ ਲਓ ਕਿ) ਪੜ੍ਹ ਪੜ੍ਹਕੇ ਪੰਡਤ (ਤੇ ਚੁਪ ਧਾਰਕੇ) ਮੋਨੀ ਥੱਕ ਗਏ ਤੇ (ਭੇਖ ਧਾਰ ਧਾਰਕੇ ਕਿਸੇ) ਭੇਖੀ (ਨੇ ਬੀ) ਮੁਕਤੀ ਨਾ ਪਾਈ॥ ੩॥

ਸਾ ਧਨ ਮਨਿ ਅਨਦੁ ਭਇਆ ਹਰਿ ਜੀਉ ਮੇਲਿ ਪਿਆਰੇ ਰਾਮ ॥ ਸਾ ਧਨ ਹਰਿ ਕੈ ਰਸਿ ਰਸੀ ਗੁਰ ਕੈ

ਹੇ ਰਾਮ ! (ਪ੍ਰਭੂ ਪਤੀ ਨੂੰ ਮਿਲੀ ਹੋਈ ਗੁਰਮੁਖ ਰੂਪੀ) ਇਸਤ੍ਰੀ (ਜੋ ਪਤੀ ਪਰਮੇਸ਼ੁਰ ਨੂੰ ਮਿਲ ਪਈ ਹੈ ਉਸ ਨੂੰ) ਪਿਆਰੇ ਹਰਿ ਜੀਓ ਦੇ ਮੇਲ ਦੁਆਰਾ ਮਨ ਵਿਚ ਆਨੰਦ ਹੁੰਦਾ ਹੈ। ਹੇ ਰਾਮ ! ਗੁਰੂ ਦੇ ਅਪਾਰ ਸ਼ਬਦ ਦੁਆਰਾ (ਗੁਰਮੁਖ ਰੂਪ) ਇਸਤ੍ਰੀ ਹਰੀ

* ਯਥਾ:-ਪ੍ਰਭ ਬਾਣੀ ਸਬਦੁ ਸੁਭਾਖਿਆ॥ [ਸੋਰਠਿ ਮ: ੫-੧੧]

ਸਬਦਿ ਅਪਾਰੇ ਰਾਮ ॥ ਸਬਦਿ ਅਪਾਰੇ ਮਿਲੇ ਪਿਆਰੇ ਸਦਾ ਗੁਣ ਸਾਰੇ ਮਨਿ ਵਸੇ ॥ ਸੇਜ ਸੁਹਾਵੀ ਜਾ ਪਿਰਿ ਰਾਵੀ ਮਿਲਿ ਪ੍ਰੀਤਮ ਅਵਗਣ ਨਸੇ ॥ ਜਿਤੁ ਘਰਿ ਨਾਮੁ ਹਰਿ ਸਦਾ ਧਿਆਈਐ ਸੋਹਿਲੜਾ ਜੁਗ ਚਾਰੇ ॥ ਨਾਨਕ ਨਾਮਿ ਰਤੇ ਸਦਾ ਅਨਦੁ ਹੈ ਹਰਿ ਮਿਲਿਆ ਕਾਰਜ ਸਾਰੇ ॥੪॥੧॥੬॥

ਦੇ ਰਸ ਵਿਚ ਰਸਮਯ ਹੋਈ ਰਹਿੰਦੀ ਹੈ। (ਹਾਂ, ਹੁਣ) ਅਪਾਰ ਸ਼ਬਦ ਦੁਆਰਾ ਮਿਲੇ ਪਿਆਰੇ ਦੇ ਸਦਾ ਗੁਣ ਸੰਮ੍ਹਾਲਦੀ ਹੈ (ਕਿ ਓਹ) ਮਨ ਵਿਚ (ਸਦੀਵ) ਵਸਦਾ ਰਹੇ (ਗੁਣਾਂ ਦੀ ਸੰਮ੍ਹਾਲ ਨਾਲ ਪ੍ਰੀਤਮ ਭੁੱਲਦਾ ਨਹੀਂ। ਸ਼ੁੱਧ ਹੋਏ ਅੰਤਹਕਰਣ ਰੂਪੀ) ਸੁਹਾਵੀ ਸੇਜ ਉਤੇ ਜਦ ਪਤੀ ਨੇ ਉਸ ਨੂੰ ਮਾਣਿਆ (ਤਦ) ਪ੍ਰੀਤਮ ਨੂੰ (ਐਉਂ ਪ੍ਰਤੱਖ) ਮਿਲਣ ਤੇ (ਸਾਰੇ) ਔਗੁਣ ਦੂਰ ਹੋ ਗਏ। (ਸੋ ਮੂਲਕ ਗੱਲ ਇਹ ਹੈ ਕਿ) ਜਿਸ ਘਰ ਵਿਚ ਹਰੀ ਦਾ ਨਾਮ ਸਦਾ ਧਿਆਇਆ ਜਾਂਦਾ ਹੈ ਓਥੇ ਚਾਰ ਜੁਗਾਂ ਵਿਚ (ਭਾਵ ਸਦਾ) ਖ਼ੁਸ਼ੀ ਦਾ ਗੀਤ (ਗਾਂਵਿਆ ਜਾਂਦਾ ਹੈ), ਹੇ ਨਾਨਕ ! ਨਾਮ ਵਿਚ ਰਚਿਆਂ ਸਦਾ ਅਨੰਦ (ਹੁੰਦਾ) ਹੈ; (ਕਿਉਂਕਿ ਨਾਮ ਦੁਆਰਾ ਹਰੀ ਮਿਲਦਾ ਹੈ ਤੇ) ਹਰੀ ਦੇ ਮਿਲਿਆਂ (ਸਭ) ਕੰਮ ਰਾਸ ਹੁੰਦੇ ਹਨ॥ ੪॥ ੧॥ ੬॥

ਵਜਾਖਜਾ-ਅੰਕ ੧ ਵਿਚ ਗੁਰਮੁਖ ਦੀ ਮਿਲਾਪ ਅਵਸਥਾ ਦੱਸੀ ਹੈ, ਜਿਸ ਦਾ ਕਾਰਣ ਪ੍ਰਭੂ ਦੀ ਮੇਹਰ ਹੈ, ਤੇ ਇਸ ਮੇਹਰ ਨੇ ਗੁਰੂ ਮਿਲਾਇਆ, ਗੁਰੂ ਨੇ ਸਤਜ ਸਰੂਪ ਮਿਲਾਇਆ, ਉਸ ਦੇ ਦਿਤੇ ਸ਼ਬਦ (ਉਪਦੇਸ਼ ਤੇ ਨਾਮ) ਨੇ ਆਪਾ ਭਾਵ ਗੁਆ ਕੇ ਸਾਈਂ ਨਾਲ ਮੇਲ ਦਿਤਾ। ਮੇਲ ਵਿਚ ਹਰੀ ਰਸ ਆ ਗਿਆ ਤੇ ਸਹਜ ਦੀ ਮਸਤੀ ਮਿਲ ਗਈ। ਇਉਂ ਜਨਮ ਸਫਲ ਹੋ ਗਿਆ।

ਇਹ ਗਲ ਬਾਤ ਐਉਂ ਕਹਿ ਰਹੇ ਹਨ ਕਿ ਜਿਵੇਂ ਇਕ ਸਦੀਵੀ ਸੱਚ ਵਰਣਨ ਕਰ ਰਹੇ ਹਨ ਜੋ ਸਭ ਲਈ ਉਪਦੇਸ਼ ਰੂਪ ਹੈ ਪਰ 'ਹਮ ਘਰੇ' ਕਹਿਕੇ ਜਣਾ ਰਹੇ ਹਨ ਕਿ ਇਹ ਸਾਡਾ ਅਪਣਾ ਤਜਰਬਾ ਹੈ ਤੇ ਸਾਰੀਆਂ ਕ੍ਰਿਯਾ ਭੂਤ ਕਾਲ ਦੀਆਂ ਵਰਤੀਆਂ ਵੇਖਕੇ ਬੀ ਏਹੋ ਸੂਝ ਪੈਂਦੀ ਹੈ ਕਿ ਆਪਣੇ ਨਾਲ ਬੀਤੀ ਵਰਣਨ ਕਰ ਰਹੇ ਹਨ।

ਅੰਕ ੨ ਵਿਚ ਦੂਜੇ ਭਾਵ ਵਿਚ ਲਗੇ ਮਨਮੁਖ ਦੇ ਬਿਰਥਾ ਜਨਮ ਗੁਆ ਲੈਣ ਦਾ ਵੇਰਵਾ ਹੈ, ਤੇ ਝੂਰਣ ਦਾ ਫਲ ਲਗਾ ਦੱਸਿਆ ਹੈ, ਪਰ ਉਸ ਨੂੰ ਬੀ ਨਿਰਾਸਾ ਦੇ ਖੂਹ ਵਿਚ ਨਹੀਂ ਸੱਟਦੇ, ਚੌਥੀ ਸਤਰ ਤੋਂ ਉਸ ਦੇ ਉਧਾਰ ਦਾ ਬੀ ਰਸਤਾ ਦੱਸ ਦੇਂਦੇ ਹਨ। ਛੇਕੜਲੀ ਸਤਰ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਨਾਮ ਵਿਹੂਣੇ ਰਹੇ ਮਨਮੁਖ ਦੇ ਸੁਖੀ ਹੋ ਜਾਣ ਦਾ ਹੀ ਉਪਰਾਲਾ ਇਨ੍ਹਾਂ ਤਿੰਨਾਂ ਸਤਰਾਂ ਵਿਚ ਦੱਸਿਆ ਹੈ।

ਅੰਕ ੩ ਵਿਚ ਜੋ ਗੁਰਮੁਖ ਰੂਪ ਇਸਤ੍ਰੀ ਮਿਲ ਪਈ ਹੈ ਉਸ ਦੀ ਦਸ਼ਾ ਵਰਣਨ ਕੀਤੀ ਹੈ। ਉਸ ਦੀ ਤਪਤ ਬੁਝ ਜਾਂਦੀ ਹੈ, ਸ਼ਾਂਤੀ ਪ੍ਰਾਪਤ ਹੋ ਜਾਂਦੀ ਹੈ, ਹਰੀ ਰਸ ਹੱਥ ਆ ਜਾਂਦਾ ਹੈ। ਇਹ ਸਭ ਕੁਛ ਹਠ ਜ਼ੋਰ ਨਾਲ ਨਹੀਂ ਪਰ ਸਹਜ ਤਰੀਕੇ ਦੀ ਸਾਵਧਾਨਤਾ ਤੇ ਨਿਰਯਤਨ ਉਪਰਾਲੇ ਨਾਲ ਪ੍ਰਾਪਤ ਹੁੰਦਾ ਦਿਖਾਇਆ ਹੈ। ਫਿਰ ਉਸ ਗੁਰਮੁਖ ਦਾ ਵਰਤਾਉ ਦੱਸਦੇ ਹਨ ਕਿ ਸਚੈ ਸ਼ਬਦ ਵਿਚ ਵਰਤਦਾ ਹੈ, ਭਾਵ ਆਪ ਸਚੇ ਸ਼ਬਦ ਵਿਚ ਹੁੰਦਾ ਹੈ ਤੇ ਇਹੋ ਦਾਨ ਕਰਦਾ ਹੈ ਤੇ ਬਾਣੀ ਮਿੱਠੀ ਨਾਲ ਸਾਰਾ ਵਰਤਾਉ ਕਰਦਾ ਹੈ। ਅੰਤਲੀਆਂ ਤੁਕਾਂ ਵਿਚ ਭਗਤੀ ਦੀ ਵਡਿਆਈ ਤੇ ਪ੍ਰੌੜਤਾ ਦੱਸੀ ਹੈ ਤੇ ਪ੍ਰਤਖ ਵਰਤ ਰਹੀਆਂ ਤ੍ਰੈ ਗਲਾਂ ਵਲ ਇਸ਼ਾਰਾ ਕੀਤਾ ਹੈ ਕਿ ਪੜ੍ਹ ਪੜ੍ਹਕੇ ਪੰਡਿਤ ਨਾਕਾਮਯਾਬ ਹੋਏ ਪ੍ਰਭੂ ਮਿਲਾਪ ਵਿਚ, ਚੁਪ ਧਾਰਕੇ ਮੋਨੀ ਤੇ ਭੇਖ ਧਾਰ ਧਾਰਕੇ ਅਨੇਕ ਮਤਾਂ ਦੇ ਸਾਧੂ ਨਾ ਪਾ ਸਕੇ। ਪਰ ਜਿਨ੍ਹਾਂ ਨੇ ਪਰਮੇਸ਼ੁਰ ਨਾਲ ਪ੍ਰੀਤ ਕੀਤੀ ਤੇ ਸੱਚੇ ਸ਼ਬਦ ਦਾ ਲੜ ਫੜਿਆ, ਚਾਹੋ ਕੋਈ ਸਨ, ਓਹ ਸਾਈਆਂ ਜੀ ਨੂੰ ਮਿਲ ਪਏ।

ਅੰਕ ੪ ਵਿਚ ਵਾਹਿਗੁਰੂ ਨੂੰ ਮਿਲ ਪਏ ਗੁਰਮੁਖ ਦੇ ਰਸਮਯ ਹੋਕੇ ਸਦਾ ਅਨੰਦੀ ਜੀਵਨ ਦਾ ਰੂਪ ਦੱਸਿਆ ਹੈ ਤੇ ਇਸ਼ਾਰਾ ਦਿਤਾ ਹੈ ਕਿ ਉਸ ਲਈ ਹੁਣ ਫੇਰ ਗਿਰਾਉ ਨਹੀਂ ਰਿਹਾ, ਕਿਉਂਕਿ ਗਿਰਾਉ ਅਵਗੁਣਾਂ ਨਾਲ ਹੁੰਦਾ ਹੈ ਤੇ ਪ੍ਰਭੂ ਮਿਲਾਪ ਦਾ ਇਹ ਅਸਰ ਹੁੰਦਾ ਹੈ ਕਿ ਅਵਗੁਣ ਰਹਿੰਦਾ ਹੀ

ਕੋਈ ਨਹੀਂ।

ਅੰਤਲੀਆਂ ਦੋ ਤੁਕਾਂ ਵਿਚ ਮੂਲਕ ਉਪਦੇਸ਼ ਹੈ ਕਿ ਹਰੀ ਦੇ ਗੁਣ ਗਾਓ, ਨਾਮ ਸਦਾ ਸਿਮਰੋ, ਤਦ ਸਦਾ ਅਨੰਦ, ਸਦਾ ਸੁਖ ਮਈ ਅਵਸਥਾ ਪ੍ਰਾਪਤ ਹੋਊ ਤੇ ਹਿਰਦੇ ਵਿਚ ਸਦੈਵੀ ਖੁਸ਼ੀਆਂ ਦੇ ਗੀਤ ਪਏ ਹੋਣਗੇ। ਨਾਮ ਤੇ ਸਿਫਤ ਸਲਾਹ ਦਾ ਮਤਲਬ ਹੈ ਪ੍ਰਭੂ ਮਿਲਾਪ ਤੇ ਪ੍ਰਭੂ ਮਿਲਾਪ ਨਾਲ ਹਰੀ ਕੀਰਤਨ ਤੇ ਹਰੀ ਨਾਮ ਸੁਤੇ ਸਿਧ ਨਿਰਯਤਨ ਬ੍ਰਿਤੀ ਵਿਚ ਅਰੂੜ ਰਹਿੰਦੇ ਹਨ, ਤੇ ਬ੍ਰਿਤੀ ਦੀ ਇਸ ਅਵਸਥਾ ਨਾਲ ਸਾਰੇ ਕਾਰਜ ਸੰਵਰਦੇ ਰਹਿੰਦੇ ਹਨ।

ਨਿਰੁਕ੍-ਘਰੇ-ਘਰ ਵਿਚ। ਏਥੇ ਭਾਵ ਹੈ ਸਤਿਸੰਗ ਵਿਚ, ਯਥਾ:-

ਤਿਤੁ ਘਰਿ ਗਾਵਹੁ ਸੋਹਿਲਾ.....॥　　[ਗਉੜੀ ਦੀਪਕੀ ਮਹਲਾ ੧]

ਮਾਤੀ-ਮਸਤ ਹੋਈ। ਮਗਨ ਹੋਈ।　ਰਾਵੇ-ਮਾਣਦੀ ਹੈ।　ਰੰਗਿ-ਪ੍ਰੇਮ ਵਿਚ।　ਸਬਾਇਆ-ਸਾਰਾ।

ਦੂਜੜੈ-ਦੂਸਰੇ। ਭਾਵ ਹੈ ਦੂਜੇ ਭਾਵ ਵਿਚ। ਦ੍ਵੈਤ ਭਾਵਨਾ ਵਿਚ। ਸਾਈਂ ਛੱਡਕੇ ਸਾਈਆਂ ਦੀ ਰਚੀ ਵਿਚ ਲਗਾਉ ਤੇ ਖਚਿਤ ਰਹਿਣਾ।　ਕਾਮਣਿ-ਇਸਤ੍ਰੀ, ਭਾਵ ਜੀਵ।

ਇਆਣੀ-ਭਾਵ ਮੂਰਖ।　ਹਦੂਰੇ-ਹਾਜ਼ਰਾ ਹਜ਼ੂਰ। ਪ੍ਰਤੱਖ।

ਵਿਗਸੀ-ਖਿੜੀ।　ਸਰਸੀ-ਸਹਤ ਰਸ ਦੇ ਹੋਈ। ਰਸਮਯ ਹੋਈ।

ਸੁਭਾਖਿਆ-ਸ਼ੁਭ ਭਾਸ਼ਾ ਯਾ ਬੋਲੀ। ਮੋਨੀ-ਜੋ ਬੋਲੇ ਨਾ।

ਬਉਰਾਨਾ-ਬਾਵਲਾ ਹੋਇਆ।　ਸਾਧਨ- [ਸੰਸ:, ਸਾਧ੍ਵੀ] ਇਸਤ੍ਰੀ।

ਸਾਰੇ-ਸੰਭਾਲੇ। ਯਾਦ ਕਰੇ।　ਗੁਣ ਸਾਰੇ-ਗੁਣ ਯਾਦ ਕਰੇ।

ਸਾਰੇ-ਸੰਵਾਰੇ।　ਕਾਰਜ ਸਾਰੇ-(ਸਾਰਾ) ਕੰਮ ਸੰਵਾਰੇ।

[ਆਸਾ ਮਹਲਾ ੩, ਛੰਤ-੭]

੧ਓ ਸਤਿਗੁਰ ਪ੍ਰਸਾਦਿ॥ ਆਸਾ ਮਹਲਾ ੩ ਛੰਤ ਘਰੁ ੩॥

ਮੂਲ	ਅਰਥ
ਸਾਜਨ ਮੇਰੇ ਪ੍ਰੀਤਮਹੁ ਤੁਮ ਸਹ ਕੀ ਭਗਤਿ ਕਰੇਹੋ ॥ ਗੁਰੁ ਸੇਵਹੁ ਸਦਾ ਆਪਣਾ ਨਾਮੁ ਪਦਾਰਥੁ ਲੇਹੋ ॥ ਭਗਤਿ ਕਰਹੁ ਤੁਮ ਸਹੈ ਕੇਰੀ ਜੋ ਸਹ ਪਿਆਰੇ ਭਾਵਏ ॥ ਆਪਣਾ ਭਾਣਾ ਤੁਮ ਕਰਹੁ ਤਾ ਫਿਰਿ ਸਹ ਖੁਸੀ ਨ ਆਵਏ ॥ ਭਗਤਿ ਭਾਵ ਇਹੁ ਮਾਰਗੁ ਬਿਖੜਾ ਗੁਰ ਦੁਆਰੈ ਕੋ ਪਾਵਏ ॥ ਕਹੈ ਨਾਨਕੁ ਜਿਸੁ	ਹੇ ਮੇਰੇ ਸਜਣੋਂ ! (ਹੇ ਮੇਰੇ) ਪਿਆਰਿਓ ! ਤੁਸੀਂ (ਵਾਹਿਗੁਰੂ) ਸ਼ਹੁ ਦੀ ਭਗਤੀ ਕਰੋ। (ਭਗਤੀ ਦੀ ਪ੍ਰਾਪਤੀ ਲਈ ਤੁਸੀਂ) ਆਪਣੇ ਗੁਰੂ ਦੀ ਸਦਾ ਸੇਵਾ ਕਰੋ (ਤੇ ਉਸ ਤੋਂ) ਨਾਮ ਰੂਪੀ (ਸੱਚਾ) ਪਦਾਰਥ ਲਵੋ। (ਫੇਰ) ਤੁਸੀਂ ਭਗਤੀ (ਬੀ) ਸ਼ਹੁ ਦੀ (ਉਹ) ਕਰੋ ਜੋ ਪਿਆਰੇ ਸ਼ਹੁ ਨੂੰ ਭਾਵੇ। (ਜੇ) ਤੁਸੀਂ ਆਪਣਾ ਭਾਣਾ ਕਰੋਗੇ ਤਾਂ ਫੇਰ ਸ਼ਹੁ ਨੂੰ ਤੁਸਾਂ ਤੇ ਖੁਸ਼ੀ ਨਹੀਂ ਆਵੇਗੀ। ਭਗਤੀ ਭਾਵ ਵਾਲਾ (ਭਾਵ ਪ੍ਰੇਮਾ ਭਗਤੀ ਦਾ) ਇਹ ਰਸਤਾ ਔਖਾ ਹੈ, (ਕੋਈ) ਗੁਰੂ ਦੇ ਦੁਆਰੇ ਹੀ (ਇਸ ਨੂੰ) ਪ੍ਰਾਪਤ ਕਰਦਾ ਹੈ,ਕਹਿੰਦੇ ਹਨ (ਗੁਰੂ) ਨਾਨਕ (ਦੇਵ ਜੀ) ਜਿਸ ਉਤੇ (ਸ਼ਹੁ ਆਪ) ਕਿਰਪਾ ਕਰੇ ਓਹੋ ਹੀ ਹਰੀ ਦੀ ਭਗਤੀ ਵਿਚ ਚਿਤ ਲਾਉਂਦਾ

ਕਰੇ ਕਿਰਪਾ ਸੋ ਹਰਿ ਭਗਤੀ ਚਿਤੁ ਲਾਵਏ ॥੧॥

ਹੈ॥੧॥

ਮੇਰੇ ਮਨ ਬੈਰਾਗੀਆ ਤੂੰ ਬੈਰਾਗੁ ਕਰਿ ਕਿਸੁ ਦਿਖਾਵਹਿ ॥ ਹਰਿ ਸੋਹਿਲਾ ਤਿਨ੍ ਸਦ ਸਦਾ ਜੋ ਹਰਿ ਗੁਣ ਗਾਵਹਿ ॥ ਕਰਿ ਬੈਰਾਗੁ ਤੂੰ ਛੋਡਿ ਪਾਖੰਡੁ ਸੋ ਸਹੁ ਸਭੁ ਕਿਛੁ ਜਾਣਏ ॥ ਜਲਿ ਥਲਿ ਮਹੀਅਲਿ ਏਕੋ ਸੋਈ ਗੁਰਮੁਖਿ ਹੁਕਮੁ ਪਛਾਣਏ ॥ ਜਿਨਿ ਹੁਕਮੁ ਪਛਾਤਾ ਹਰੀ ਕੇਰਾ ਸੋਈ ਸਰਬ ਸੁਖ ਪਾਵਏ ॥ ਇਵ ਕਹੈ ਨਾਨਕੁ ਸੋ ਬੈਰਾਗੀ ਅਨਦਿਨੁ ਹਰਿ ਲਿਵ ਲਾਵਏ ॥੨॥

ਹੇ ਮੇਰੀ ਵੈਰਾਗੀ (ਹੋਏ) ਮਨ ਤੂੰ ਵੈਰਾਗ ਕਰਕੇ ਕਿਸ ਨੂੰ ਦਿਖਾਉਂਦਾ ਹੈਂ। ਜੋ ਹਰੀ ਦੇ ਗੁਣ ਗਾਉਂਦੇ ਹਨ ਉਹਨਾਂ ਨੂੰ (ਤਾਂ) ਹਰੀ ਦਾ ਖੁਸ਼ੀਆਂ ਭਰਿਆ ਗੀਤ ਸਦਾ ਸਦਾ (ਪ੍ਰਾਪਤ ਹੁੰਦਾ ਹੈ। ਹਾਂ) ਤੂੰ ਬੈਰਾਗ (ਬੀ) ਕਰ (ਪਰ) ਪਾਖੰਡ ਛੋੜਕੇ (ਕਿਉਂਕਿ) ਉਹ ਸ਼ਹੁ ਸੱਭੋ ਕੁਛ ਜਾਣਦਾ ਹੈ। ਜਲ ਥਲ ਤੇ ਜ਼ਿਮੀ ਅਸਮਾਨ ਦੇ ਵਿਚਕਾਰੇ ਉਹ ਇਕੋ ਹੀ (ਵਜਾਪਕ) ਹੈ (ਇਸ ਕਰਕੇ ਉਸ ਤੋਂ ਗੁੱਝਾ ਕੁਛ ਰਹਿ ਨਹੀਂ ਸਕਦਾ; ਸੋ ਚਾਹੀਦਾ ਇਹ ਹੈ ਕਿ) ਗੁਰੂ ਦੁਆਰਾ (ਉਸਦਾ) ਹੁਕਮ ਪਛਾਣੀਏ। (ਹੇ ਪ੍ਰੀਤਮੋ ! ਜਿਸ ਨੇ ਹਰੀ ਦਾ ਹੁਕਮ ਪਛਾਣ ਲਿਆ ਹੈ ਉਹੀ ਸਾਰੇ ਸੁਖ ਪਾਉਂਦਾ ਹੈ। ਇਉਂ ਕਹਿੰਦੇ ਹਨ (ਗੁਰੂ) ਨਾਨਕ (ਦੇਵ ਜੀ) ਓਹ ਬੈਰਾਗੀ ਹੈ ਜੋ ਸਦਾ ਹਰੀ ਨਾਲ ਲਿਵ ਲਾਉਂਦਾ ਹੈ॥ ੨॥

ਜਹ ਜਹ ਮਨ ਤੂੰ ਧਾਵਦਾ ਤਹ ਤਹ ਹਰਿ ਤੇਰੈ ਨਾਲੇ ॥ ਮਨ ਸਿਆਣਪ ਛੋਡੀਐ ਗੁਰ ਕਾ ਸਬਦੁ ਸਮਾਲੇ ॥ ਸਾਥਿ ਤੇਰੈ ਸੋ ਸਹੁ ਸਦਾ ਹੈ ਇਕੁ ਖਿਨੁ ਹਰਿ ਨਾਮੁ ਸਮਾਲਹੇ ॥ ਜਨਮ ਜਨਮ ਕੇ ਤੇਰੇ ਪਾਪ ਕਟੇ ਅੰਤਿ ਪਰਮ ਪਦੁ ਪਾਵਹੇ ॥ ਸਾਚੇ ਨਾਲਿ ਤੇਰਾ ਗੰਢੁ ਲਾਗੈ ਗੁਰਮੁਖਿ ਸਦਾ ਸਮਾਲੇ ॥ ਇਉ ਕਹੈ ਨਾਨਕੁ ਜਹ ਮਨ ਤੂੰ ਧਾਵਦਾ ਤਹ ਹਰਿ ਤੇਰੈ ਸਦਾ ਨਾਲੇ ॥੩॥

[ਹੁਣ ਨਿਜ ਮਨ ਨੂੰ ਸੰਬੋਧਨ ਕਰਕੇ ਉਪਦੇਸ਼ ਦੇਂਦੇ ਹਨ] ਹੇ (ਮੇਰੇ) ਮਨ ਜਿਧਰ ਜਿਧਰ ਤੂੰ ਨੱਚਦਾ ਫਿਰਦਾ ਹੈਂ ਓਥੇ ਓਥੇ ਹਰੀ ਤੇਰੇ ਨਾਲ (ਹੁੰਦਾ ਹੈ)। ਹੇ ਮਨ ! ਸਿਆਣਪ ਛੱਡੀਏ ਤੇ ਗੁਰੂ ਕੇ ਸ਼ਬਦ ਨੂੰ ਸੰਭਾਲ (ਰਹੀਏ। ਹਾਂ) ਤੇਰੇ ਨਾਲ ਤਾਂ ਉਹ ਸ਼ਹੁ ਸਦਾ ਹੈ ਤੂੰ ਇਕ (ਇਕ) ਖਿਨ ਹਰੀ ਨਾਮ ਨੂੰ ਯਾਦ ਕਰੇਂਗਾ (ਤਾਂ) ਤੇਰੇ ਜਨਮ ਜਨਮ ਦੇ ਪਾਪ ਕੱਟੇ ਜਾਣਗੇ ਤੇ ਅੰਤ ਨੂੰ ਤੂੰ ਪਰਮ ਪਦਵੀ (ਮੁਕਤੀ) ਪਾ ਲਏਂਗਾ। (ਪਰ ਪਹਿਲੋਂ ਲੋੜ ਹੈ ਕਿ) ਤੇਰਾ ਜੋੜ ਸੱਚੇ ਨਾਲ ਪੈ ਜਾਵੇ (ਜੋ ਐਉਂ ਪੈਣਾ ਹੈ ਕਿ ਗੁਰੂ ਦੁਆਰਾ ਯਾ) ਗੁਰਮੁਖ ਹੋਕੇ (ਤੂੰ ਉਸ ਨੂੰ) ਸਦਾ ਯਾਦ ਕਰਦਾ ਰਹੇਂ। ਇਉਂ ਕਹਿੰਦੇ ਹਨ (ਗੁਰੂ) ਨਾਨਕ (ਦੇਵ ਜੀ) ਹੇ ਮਨ ! ਜਿਥੇ (ਜਿਥੇ) ਤੂੰ ਦੌੜਦਾ ਫਿਰਦਾ ਹੈਂ ਓਥੇ (ਓਥੇ) ਹਰੀ ਸਦਾ ਤੇਰੇ ਨਾਲ ਹੁੰਦਾ ਹੈ॥ ੩॥

ਸਤਿਗੁਰ ਮਿਲਿਐ ਧਾਵਤੁ ਥੰਮ੍ਹਿਆ ਨਿਜ ਘਰਿ ਵਸਿਆ ਆਇ ॥ ਨਾਮੁ ਵਿਹਾਝੇ ਨਾਮੁ ਲਏ ਨਾਮਿ ਰਹੇ ਸਮਾਏ ॥ਧਾਵਤੁ ਥੰਮ੍ਹਿਆ ਸਤਿਗੁਰਿ ਮਿਲਿਐ ਦਸਵਾ ਦੁਆਰੁ ਪਾਇਆ ॥ ਤਿਥੈ ਅੰਮ੍ਰਿਤ ਭੋਜਨੁ ਸਹਜ ਧੁਨਿ ਉਪਜੈ ਜਿਤੁ ਸਬਦਿ ਜਗਤੁ ਥੰਮ੍ਹਿ ਰਹਾਇਆ ॥ ਤਹ ਅਨੇਕ ਵਾਜੇ

ਸਤਿਗੁਰੂ ਦੇ ਮਿਲਣੇ ਨਾਲ ਦੌੜਦਾ (ਮਨ) ਥੰਮ੍ਹਿਆ (ਜਾਂਦਾ ਹੈ ਤੇ) ਆਪਣੇ ਸਰੂਪ ਵਿਚ ਆ ਵਸਦਾ ਹੈ, ਨਾਮ ਨੂੰ ਖਰੀਦਦਾ ਹੈ, ਨਾਮ ਲੈਂਦਾ ਹੈ, (ਗਲ ਕੀਹ) ਨਾਮ ਵਿਚ (ਹੀ) ਸਮਾਇਆ ਰਹਿੰਦਾ ਹੈ। ਹਾਂ, ਸਤਿਗੁਰ ਦੇ ਮਿਲਣ ਨਾਲ ਦੌੜਦਾ (ਮਨ) ਥੰਮ੍ਹਿਆ (ਜਾਂਦਾ ਹੈ ਤੇ) ਦਸਵਾਂ ਦੁਆਰ ਮਿਲ (ਲੱਭ) ਪੈਂਦਾ ਹੈ। ਓਥੇ ਸਹਜਧੁਨ ਦਾ ਅੰਮ੍ਰਿਤ ਭੋਜਨ ਉਪਜਦਾ ਹੈ, ਜਿਸ ਸ਼ਬਦ ਦੁਆਰਾ ਜਗਤ ਥੰਮ੍ਹਿਆ ਰਹਿੰਦਾ ਹੈ। ਓਥੇ ਅਨੇਕ ਵਾਜੇ ਹਨ ਸਦਾ ਅਨਹਦ (ਸ਼ਬਦ) ਹੁੰਦਾ ਹੈ (ਜਿਸ ਕਰਕੇ ਪ੍ਰੇਮੀ) ਸੱਚੇ (ਪ੍ਰਭੂ) ਵਿਚ ਸਮਾਇਆ ਰਹਿੰਦਾ ਹੈ।

ਸਦਾ ਅਨਹਦੁ ਹੈ ਸਚੇ ਰਹਿਆ ਸਮਾਏ ॥ ਇਉ ਕਹੈ ਨਾਨਕੁ ਸਤਿਗੁਰਿ ਮਿਲਿਐ ਧਾਵਤੁ ਥੰਮ੍ਹਿਆ ਨਿਜ ਘਰਿ ਵਸਿਆ ਆਏ ॥੪॥

ਇਉਂ ਕਹਿੰਦੇ ਹਨ (ਗੁਰੂ) ਨਾਨਕ (ਦੇਵ ਜੀ) ਕਿ ਸਤਿਗੁਰੂ ਦੇ ਮਿਲਿਆਂ ਦੌੜਦਾ (ਮਨ)ਰੁਕ ਜਾਂਦਾ ਹੈ ਤੇ ਸ੍ਵੈਸਰੂਪ ਵਿਚ ਆ ਵਸਦਾ ਹੈ॥ ੪॥

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥ ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥ ਮੂਲੁ ਪਛਾਣਹਿ ਤਾਂ ਸਹੁ ਜਾਣਹਿ ਮਰਣ ਜੀਵਣ ਕੀ ਸੋਝੀ ਹੋਈ ॥ ਗੁਰ ਪਰਸਾਦੀ ਏਕੋ ਜਾਣਹਿ ਤਾਂ ਦੂਜਾ ਭਾਉ ਨ ਹੋਈ ॥ ਮਨਿ ਸਾਂਤਿ ਆਈ ਵਜੀ ਵਧਾਈ ਤਾ ਹੋਆ ਪਰਵਾਣੁ ॥ ਇਉ ਕਹੈ ਨਾਨਕੁ ਮਨ ਤੂੰ ਜੋਤਿ ਸਰੂਪੁ ਹੈ ਅਪਣਾ ਮੂਲੁ ਪਛਾਣੁ ॥੫॥

ਹੇ ਮਨ ! ਤੂੰ ਜਜੋਤ ਸਰੂਪ ਹੈਂ (ਭਾਵ, ਤੇਰਾ ਆਪਣਾ ਅਸਲੀ ਸਰੂਪ ਆਤਮ ਰੂਪਤਾ ਹੈ ਤੂੰ) ਆਪਣਾ ਅਸਲਾ ਪਛਾਣ। ਹੇ ਮਨ ! ਹਰਿ ਜੀ ਤੇਰੇ ਨਾਲ ਹੈ, ਗੁਰੂ ਦੀ ਮਤਿ ਦੁਆਰਾ (ਉਸ ਦੇ) ਪ੍ਰੇਮ ਦਾ ਅਨੰਦ ਲੈ। (ਜੇ ਤੂੰ ਆਪਣਾ) ਅਸਲਾ ਪਛਾਣ ਲਵੇਂ ਤਾਂ (ਤੂੰ ਆਪਣੇ) ਸ਼ਹੁ (ਮਾਲਕ ਪ੍ਰਭੂ) ਨੂੰ ਸਿਆਣ ਲਏਂਗਾ (ਫੇਰ ਤੈਨੂੰ) ਜੀਉਣ ਮਰਣ ਦੀ (ਬੀ) ਸੋਝੀ ਹੋ ਜਾਏਗੀ। (ਹਾਂ) ਗੁਰੂ ਦੀ ਕਿਰਪਾ ਦੁਆਰਾ (ਜੇ ਤੂੰ) ਇਕੋ ਨੂੰ ਪਛਾਣ ਲਵੇਂ ਤਾਂ (ਤੈਨੂੰ) ਦੂਜਾ ਭਾਉ ਕੋਈ ਨਹੀਂ ਰਹੇਗਾ। (ਜਦ ਦੂਜਾ ਭਾਉ ਕੋਈ ਨਹੀਂ ਰਿਹਾ ਤਦ) ਮਨ ਨੂੰ ਸ਼ਾਂਤਿ ਆ ਗਈ, (ਫੇਰ) ਵਧਾਈਆਂ ਵੱਜੀਆਂ (ਭਾਵ ਖੁਸ਼ੀ ਹੀ ਖੁਸ਼ੀ ਵਰਤ ਗਈ) ਤਦੋਂ (ਫੇਰ ਇਸ ਪ੍ਰਾਪਤੀ ਵਾਲਾ) ਪਰਵਾਣ ਹੋ ਜਾਂਦਾ ਹੈ (ਵਾਹਿਗੁਰੂ ਦੇ ਦਰ ਮਨਜ਼ੂਰ ਹੋ ਜਾਂਦਾ ਹੈ)। ਇਉਂ ਕਹਿੰਦੇ ਹਨ (ਗੁਰੂ) ਨਾਨਕ (ਦੇਵ ਜੀ) ਹੇ ਮਨ ! ਤੇਰਾ ਸਰੂਪ ਜਜੋਤੀ ਹੈ ਆਪਣਾ ਅਸਲਾ ਪਛਾਣ॥ ੫॥

ਮਨ ਤੂੰ ਗਾਰਬਿ ਅਟਿਆ ਗਾਰਬਿ ਲਦਿਆ ਜਾਹਿ ॥ ਮਾਇਆ ਮੋਹਣੀ ਮੋਹਿਆ ਫਿਰਿ ਫਿਰਿ ਜੂਨੀ ਭਵਾਹਿ॥ ਗਾਰਬਿ ਲਾਗਾ ਜਾਹਿ ਮੁਗਧ ਮਨ ਅੰਤਿ ਗਇਆ ਪਛੁਤਾਵਹੇ॥ ਅਹੰਕਾਰੁ ਤਿਸਨਾ ਰੋਗੁ ਲਗਾ ਬਿਰਥਾ ਜਨਮੁ ਗਵਾਵਹੇ॥ ਮਨਮੁਖ ਮੁਗਧ ਚੇਤਹਿ ਨਾਹੀ ਅਗੈ ਗਇਆ ਪਛੁਤਾਵਹੇ ॥ ਇਉ ਕਹੈ ਨਾਨਕੁ ਮਨ ਤੂੰ ਗਾਰਬਿ ਅਟਿਆ ਗਾਰਬਿ ਲਦਿਆ ਜਾਵਹੇ ॥੬॥

ਹੇ ਮਨ ! ਤੂੰ ਹੰਕਾਰ ਨਾਲ ਭਰਿਆ ਪਿਆ ਹੈਂ (ਇਸੇ ਤਰ੍ਹਾਂ) ਹੰਕਾਰ ਨਾਲ ਲੱਦਿਆ (ਅਤੇ) ਮੋਹਣਹਾਰੀ ਮਾਇਆ ਦਾ ਮੋਹਿਆ ਹੋਇਆ (ਹੀ ਤੂੰ ਏਥੋਂ) ਤੁਰ ਜਾਏਂਗਾ? (ਇਸ ਕਰਕੇ ਤੂੰ) ਮੁੜ ਮੁੜ ਜੂਨਾਂ ਵਿਚ ਪਿਆ ਭਵੇਂਗਾ। ਹੇ ਮੂਰਖ ਮਨ ! (ਜੇ) ਹੰਕਾਰ ਵਿਚ ਲੱਗਾ (ਅੱਗੇ) ਜਾਏਂਗਾ (ਤਾਂ ਅੱਗੇ) ਜਾਕੇ ਅੰਤ ਨੂੰ ਪਛੋਤਾਏਂਗਾ। (ਇਹ) ਹੰਕਾਰ ਤੇ (ਇਸ ਤੋਂ) ਲੱਗਾ ਤ੍ਰਿਸ਼ਨਾ ਦਾ ਰੋਗ ਤੇਰਾ ਜਨਮ (ਹੀ) ਬਿਰਥਾ ਗੁਆ ਰਹੇ ਹਨ। ਹੇ ਮਨਮੁਖ, ਹੇ ਮੂਰਖ ! (ਤੂੰ ਹੁਣ ਵਾਹਿਗੁਰੂ ਨੂੰ) ਯਾਦ ਨਹੀਂ ਕਰਦਾ (ਪਰ ਯਾਦ ਰਖ) ਅੱਗੇ ਜਾਕੇ ਪਛੁਤਾਵੇਂਗਾ। ਇਉਂ ਕਹਿੰਦੇ ਹਨ (ਗੁਰੂ) ਨਾਨਕ (ਦੇਵ ਜੀ) ਹੇ ਮਨ ! ਤੂੰ ਹੰਕਾਰ ਨਾਲ ਭਰਿਆ ਪਿਆ ਹੈਂ (ਤੇ) ਹੰਕਾਰ ਨਾਲ ਲਦਿਆ (ਹੀ) ਏਥੋਂ ਤੁਰ ਜਾਏਂਗਾ॥ ੬॥

ਮਨ ਤੂੰ ਮਤ ਮਾਣੁ ਕਰਹਿ ਜਿ ਹਉ ਕਿਛੁ ਜਾਣਦਾ ਗੁਰਮੁਖਿ ਨਿਮਾਣਾ ਹੋਹੁ॥ ਅੰਤਰਿ ਅਗਿਆਨੁ ਹਉ ਬੁਧਿ ਹੈ ਸਚਿ ਸਬਦਿ ਮਲੁ ਖੋਹੁ ॥ ਹੋਹੁ ਨਿਮਾਣਾ ਸਤਿਗੁਰੂ ਅਗੈ ਮਤ ਕਿਛੁ

ਹੇ ਮਨ ਮਤਾਂ ਤੂੰ (ਇਹ) ਮਾਣ ਕਰੇਂ ਕਿ ਮੈਂ ਕੁਛ ਜਾਣਦਾ ਹਾਂ, ਗੁਰੂ ਦੁਆਰਾ ਨਿਮਾਣਾ ਹੋ ਜਾਹ। (ਤੇਰੇ) ਅੰਦਰ ਅਗਿਆਨ ਹੈ, ਅਹੰ (ਭਾਵ ਵਾਲੀ ਤੇਰੀ) ਬੁੱਧੀ ਹੈ, (ਇਨ੍ਹਾਂ ਦੋਹਾਂ ਦੀ) ਮੈਲ ਨੂੰ (ਗੁਰੂ ਦੇ) ਸੱਚੇ ਸ਼ਬਦ ਦੁਆਰਾ ਦੂਰ ਕਰ। ਸਤਿਗੁਰੂ ਅੱਗੇ ਨਿਮਾਣਾ ਹੋ ਜਾਹ, ਮਤਾਂ ਤੂੰ ਆਪਣਾ ਆਪ ਜਣਾਵੇਂ।

ਆਪੁ ਲਖਾਵਹੇ ॥ ਆਪਣੈ ਅਹੰਕਾਰਿ ਜਗਤੁ ਜਲਿਆ ਮਤ ਤੂੰ ਆਪਣਾ ਆਪੁ ਗਵਾਵਹੇ ॥ ਸਤਿਗੁਰ ਕੈ ਭਾਣੈ ਕਰਹਿ ਕਾਰ ਸਤਿਗੁਰ ਕੈ ਭਾਣੈ ਲਾਗਿ ਰਹੁ ॥ ਇਉ ਕਹੈ ਨਾਨਕੁ ਆਪੁ ਛਡਿ ਸੁਖ ਪਾਵਹਿ ਮਨ ਨਿਮਾਣਾ ਹੋਇ ਰਹੁ ॥੭॥

ਆਪਣੇ ਹੰਕਾਰ ਵਿਚ ਜਗਤ ਸੜ ਗਿਆ ਹੈ ਮਤਾਂ ਤੂੰ ਬੀ (ਉਨ੍ਹਾਂ ਵਾਂਙੂ) ਆਪਣਾ ਆਪ ਗੁਆ ਬੈਠੇਂ। ਸਤਿਗੁਰੂ ਦੇ ਭਾਣੇ ਵਿਚ ਕੰਮ ਕਰੀਂ, ਸਤਿਗੁਰੂ ਦੇ ਭਾਣੇ ਵਿਚ ਲੱਗਾ ਰਹੁ। ਕਹਿੰਦੇ ਹਨ (ਗੁਰੂ) ਨਾਨਕ (ਦੇਵ ਜੀ) ਹੇ ਮਨ ! ਇਉਂ ਤੂੰ ਅਪਣੱਤ ਛਡਕੇ ਸੁਖ ਪਾਵੇਂਗਾ; (ਤਾਂਤੇ) ਨਿਮਾਣਾ ਹੋਇਆ ਰਹੁ॥ ੭॥

ਧੰਨੁ ਸੁ ਵੇਲਾ ਜਿਤੁ ਮੈ ਸਤਿਗੁਰੁ ਮਿਲਿਆ ਸੋ ਸਹੁ ਚਿਤਿ ਆਇਆ॥ ਮਹਾ ਅਨੰਦੁ ਸਹਜੁ ਭਇਆ ਮਨਿ ਤਨਿ ਸੁਖੁ ਪਾਇਆ ॥ ਸੋ ਸਹੁ ਚਿਤਿ ਆਇਆ ਮੰਨਿ ਵਸਾਇਆ ਅਵਗਣ ਸਭਿ ਵਿਸਾਰੇ ॥ ਜਾ ਤਿਸੁ ਭਾਣਾ ਗੁਣ ਪਰਗਟ ਹੋਏ ਸਤਿਗੁਰ ਆਪਿ ਸਵਾਰੇ ॥ ਸੇ ਜਨ ਪਰਵਾਣੁ ਹੋਏ ਜਿਨ੍ਹੀ ਇਕੁ ਨਾਮੁ ਦਿੜਿਆ ਦੁਤੀਆ ਭਾਉ ਚੁਕਾਇਆ ॥ ਇਉ ਕਹੈ ਨਾਨਕੁ ਧੰਨੁ ਸੁ ਵੇਲਾ ਜਿਤੁ ਮੈ ਸਤਿਗੁਰੁ ਮਿਲਿਆ ਸੋ ਸਹੁ ਚਿਤਿ ਆਇਆ ॥੮॥

ਉਹ ਵੇਲਾ ਧੰਨ ਹੈ ਜਿਸ ਵੇਲੇ ਕਿ ਮੈਨੂੰ ਸਤਿਗੁਰੂ ਮਿਲਿਆ (ਜਿਸ ਦੇ ਮਿਲਣੇ ਕਰਕੇ ਮੈਨੂੰ) ਉਹ ਸ਼ਹੁ ਯਾਦ ਆਇਆ। (ਜਿਸ ਕਰਕੇ) ਵਡਾ ਭਾਰਾ ਆਨੰਦ ਤੇ ਸਹਜ (-ਸੁਖ) ਹੋ ਗਿਆ, ਮਨ ਤੇ ਤਨ ਨੇ ਸੁਖ (ਹੀ ਸੁਖ) ਪਾਇਆ। (ਹਾਂ) ਉਹ ਸ਼ਹੁ ਚਿਤ ਆਇਆ, (ਜਿਸ ਨੂੰ ਮੈਂ) ਮਨ ਵਿਚ ਵਸਾ ਹੀ ਲਿਆ, (ਜਿਸ ਨੇ ਮੇਰੇ) ਸਾਰੇ ਅਵਗੁਣ ਭੁਲਾ ਦਿੱਤੇ; (ਅਤੇ) ਜਾਂ ਉਸ (ਸ਼ਹੁ) ਨੂੰ ਭਾਇਆ ਤਦ (ਸਾਡੇ ਵਿਚ) ਗੁਣ ਪ੍ਰਗਟ ਹੋਏ (ਸੋ ਅਸਲ ਗਲ ਇਹੋ ਹੈ ਕਿ ਅਸੀਂ) ਸਤਿਗੁਰੂ ਨੇ ਆਪ ਸੰਵਾਰੇ ਹਾਂ। (ਯਾਦ ਰਖੋ ਕਿ) ਓਹ ਪੁਰਖ (ਸਾਈਂ ਦੇ ਦਰ) ਪਰਵਾਨ ਹੋ ਗਏ ਜਿਨ੍ਹਾਂ ਇਕ ਨਾਮ (ਆਪਣੇ ਅੰਦਰ) ਦ੍ਰਿੜ ਕਰ ਲਿਆ ਤੇ ਦੁਐਤ ਭਾਵਨਾ ਛੱਡ ਦਿੱਤੀ। (ਇਉਂ=) ਇਸ ਕਰਕੇ ਕਹਿੰਦੇ ਹਨ (ਗੁਰੂ) ਨਾਨਕ (ਦੇਵ ਜੀ) ਉਹ ਵੇਲਾ ਧੰਨ ਧੰਨ ਸੀ ਜਿਸ (ਵੇਲੇ) ਮੈਨੂੰ ਸਤਿਗੁਰੂ ਮਿਲਿਆ ਸੀ (ਤੇ ਉਸ ਦੇ ਮਿਲਣੇ ਕਰਕੇ) ਓਹ ਸ਼ਹੁ ਚਿਤ ਆ ਗਿਆ॥ ੮॥

ਇਕਿ ਜੰਤ ਭਰਮਿ ਭੁਲੇ ਤਿਨਿ ਸਹਿ ਆਪਿ ਭੁਲਾਏ ॥ ਦੂਜੈ ਭਾਇ ਫਿਰਹਿ ਹਉਮੈ ਕਰਮ ਕਮਾਏ ॥ ਤਿਨਿ ਸਹਿ ਆਪਿ ਭੁਲਾਏ ਕੁਮਾਰਗਿ ਪਾਏ ਤਿਨ ਕਾ ਕਿਛੁ ਨ ਵਸਾਈ ॥ ਤਿਨ ਕੀ ਗਤਿ ਅਵਗਤਿ ਤੂੰਹੈ ਜਾਣਹਿ ਜਿਨਿ ਇਹ ਰਚਨ ਰਚਾਈ ॥ ਹੁਕਮੁ ਤੇਰਾ ਖਰਾ ਭਾਰਾ ਗੁਰਮੁਖਿ ਕਿਸੈ ਬੁਝਾਏ ॥ ਇਉ ਕਹੈ ਨਾਨਕੁ ਕਿਆ ਜੰਤ ਵਿਚਾਰੇ ਜਾ ਤੁਧੁ ਭਰਮਿ ਭੁਲਾਏ ॥੯॥

ਇਕ ਜੰਤ (ਐਸੇ ਹਨ ਜੋ) ਭਰਮ ਵਿਚ ਭੁੱਲੇ ਪਏ ਹਨ, ਉਸ ਸ਼ਹੁ ਨੇ (ਓਹ) ਆਪ ਭੁਲਾਏ ਹਨ। (ਓਹ) ਦੂਜੇ ਭਾਇ ਵਿਚ ਪਏ ਫਿਰਦੇ ਹਨ ਤੇ ਹਉਮੈਂ ਦੇ ਕਰਮ ਕਮਾਉਂਦੇ ਹਨ, (ਹਾਂ) ਉਸ ਸ਼ਹੁ ਨੇ (ਓਹ) ਆਪ ਭੁਲਾਏ ਹਨ, ਖੋਟੇ ਰਸਤੇ ਪਾਏ ਹਨ, ਉਨ੍ਹਾਂ ਦਾ ਵੱਸ ਕੋਈ ਨਹੀਂ ਚਲਦਾ। ਉਨ੍ਹਾਂ ਦੀ (ਚੰਗੀ) ਗਤੀ* (ਯਾ) ਮਾੜੀ ਗਤੀ (ਦਸ਼ਾ) ਨੂੰ ਤੂੰ ਹੀ ਜਾਣਦਾ ਹੈਂ (ਕਿ ਕੀਹ ਹੋਵੇਗੀ) ਜਿਸ ਨੇ ਕਿ ਇਹ ਰਚਨਾ ਰਚੀ ਹੈ। ਤੇਰਾ ਹੁਕਮ ਡਾਢਾ ਭਾਰਾ ਹੈ (ਭਾਵ ਸਮਝਣ ਤੇ ਕਮਾਉਣ ਵਿਚ ਔਖਾ ਹੈ, ਉਹ ਤੂੰ) ਕਿਸੇ ਨੂੰ ਗੁਰੂ ਦੁਆਰਾ ਸਮਝਾ ਦੇਂਦਾ ਹੈਂ। ਇਉਂ ਕਹਿੰਦੇ ਹਨ (ਗੁਰੂ) ਨਾਨਕ (ਦੇਵ ਜੀ, ਏਹ) ਵਿਚਾਰੇ ਜੀਵ ਕੀਹ ਹਨ ਜਦ ਤੂੰ (ਆਪ) ਭਰਮ ਵਿਚ ਭੁਲਾ ਦਿੱਤੇ ਹਨ ॥ ੯॥

ਸਚੇ ਮੇਰੇ ਸਾਹਿਬਾ ਸਚੀ ਤੇਰੀ

ਹੇ ਮੇਰੇ ਸੱਚੇ ਮਾਲਕ ! ਤੇਰੀ ਵਡਿਆਈ (ਬੀ) ਸੱਚੀ ਹੈ। ਤੂੰ

* ਗਤੀ=ਹਾਲਤ, ਦਸ਼ਾ।

ਵਡਿਆਈ ॥ ਤੂੰ ਪਾਰਬ੍ਰਹਮੁ ਬੇਅੰਤੁ ਸੁਆਮੀ ਤੇਰੀ ਕੁਦਰਤਿ ਕਹਣੁ ਨ ਜਾਈ॥ਸਚੀ ਤੇਰੀ ਵਡਿਆਈ ਜਾ ਕਉ ਤੁਧੁ ਮੰਨਿ ਵਸਾਈ ਸਦਾ ਤੇਰੇ ਗੁਣ ਗਾਵਹੇ॥ਤੇਰੇ ਗੁਣ ਗਾਵਹਿ ਜਾ ਤੁਧੁ ਭਾਵਹਿ ਸਚੇ ਸਿਉ ਚਿਤੁ ਲਾਵਹੇ॥ਜਿਸ ਨੋ ਤੂੰ ਆਪੇ ਮੇਲਹਿ ਸੁ ਗੁਰਮੁਖਿ ਰਹੈ ਸਮਾਈ॥ਇਉ ਕਹੈ ਨਾਨਕੁ ਸਚੇ ਮੇਰੇ ਸਾਹਿਬਾ ਸਚੀ ਤੇਰੀ ਵਡਿਆਈ ॥੧੦॥੨॥੭॥੫॥੨॥੭॥

ਪਾਰਬ੍ਰਹਮ ਹੈਂ, ਬੇਅੰਤ ਹੈ, ਮਾਲਕ ਹੈਂ, ਤੇਰੀ ਕੁਦਰਤ ਨੂੰ ਕਿਹਾ ਨਹੀਂ ਜਾ ਸਕਦਾ। (ਉਹ) ਤੇਰੀ ਸੱਚੀ ਵਡਿਆਈ ਤੂੰ ਜਿਸ ਦੇ ਮਨ ਵਿਚ (ਆਪ) ਵਸਾ ਦਿੱਤੀ ਹੈ, (ਉਹ) ਸਦਾ ਤੇਰੇ ਗੁਣ ਗਾਉਂਦਾ ਹੈ। ਹਾਂ, ਜਦੋਂ ਕਿ ਤੈਨੂੰ ਭਾਉਂਦਾ ਹੈ (ਉਹ ਤਦੋਂ) ਤੇਰੇ ਗੁਣ ਗਾਉਂਦਾ ਹੈ (ਤੈਂ) ਸੱਚੇ ਨਾਲ (ਉਹ) ਚਿਤ ਲਾਈ ਰਖਦਾ ਹੈ। ਜਿਸ ਨੂੰ ਤੂੰ ਆਪੇ ਮੇਲ ਲੈਂਦਾ ਹੈਂ ਉਹ ਗੁਰੂ ਦੁਆਰਾ (ਤੇਰੇ ਵਿਚ) ਸਮਾਇਆ ਰਹਿੰਦਾ ਹੈ। ਇਉਂ ਕਹਿੰਦੇ ਹਨ (ਗੁਰੂ) ਨਾਨਕ (ਦੇਵ ਜੀ):ਹੇ ਮੇਰੇ ਸੱਚੇ ਮਾਲਕ! ਤੇਰੀ ਵਡਿਆਈ ਸੱਚੀ ਹੈ॥੧੦॥੨॥੭॥੫॥੨॥੭॥

ਵਯਾਖਯਾ-ਛੰਤ ਦੇ ਦਸ ਅੰਕ ਹਨ। ਦਸੇ ਛੰਤ ਹਨ। ਇਨ੍ਹਾਂ ਵਿਚ ਪ੍ਰਭੂ ਮਿਲਾਪ ਦਾ ਮਾਰਗ 'ਭਗਤੀ' ਨੂੰ ਦੱਸਿਆ ਹੈ। ਭਗਤੀ ਨਾਮ ਹੈ ਪਯਾਰ ਦਾ, ਉਹ ਪਿਆਰ ਜੋ ਦੂਜੇ ਪਾਸਿਓਂ ਪਯਾਰ ਦਿੱਸੇ ਬਿਨਾ, ਪਯਾਰ ਬ੍ਰਿਤੀ ਵਿਚ ਆ ਜਾਂਦਾ ਹੈ। ਆਪ ਪਯਾਰ ਕਰਨਾ ਤੇ ਪ੍ਰਭੂ ਨੂੰ ਪਿਆਰਾ ਸਮਝਕੇ ਪਯਾਰ ਕਰਨਾ। ਦ੍ਰਿਸ਼ਟਮਾਨ ਪਦਾਰਥਾਂ ਤੇ ਵਯਕਤੀਆਂ ਤੋਂ ਉਪਰਾਮਤਾ ਦਾ ਅੰਗ ਹੋ ਜਾਣਾ ਤੇ ਅਣਦਿੱਸਦੇ ਪ੍ਰਭੂ ਵਿਚ ਪਯਾਰ ਹੋ ਜਾਣਾ। ਇਸ ਲਈ ਪਹਿਲੀ ਗਲ ਦੱਸੀ ਹੈ ਮਨਮਤਿ ਤਯਾਗਣੀ ਤੇ ਗੁਰਮਤਿ ਤੇ ਟੁਰਨਾ। ਇਸ ਮਤ ਤੇ ਟੁਰਿਆਂ ਮਨ ਅਨੇਕ ਚਿੰਤਨ ਵਿਚ ਦੌੜਨੋਂ ਰੁਕ ਰੁਕ ਕੇ ਏਕ ਚਿੰਤਨ ਵਿਚ ਆ ਜਾਏਗਾ, ਤ੍ਰੀਕਾ ਹੋਵੇਗਾ ਨਾਮ ਸਿਮਰਨ। ਇਸ ਨਾਲ ਵਯਾਪਕ ਨਾਮ ਯਾ ਦਸਮ ਦੁਆਰ ਵਿਚ ਹੋ ਰਹੇ ਅਨਹਦ ਸ਼ਬਦ ਨਾਲ ਮੇਲ ਹੋ ਜਾਏਗਾ। ਨਾਮ ਨਾਲ ਹਜ਼ੂਰੀ ਵਾਸਾ ਹੋ ਜਾਏਗਾ। ਦਸਮ ਦੁਆਰ ਦਾ ਟਿਕਾਉ ਉਨਮਨ ਕਰੇਗਾ। ਸ੍ਵੈ ਸਰੂਪ ਦੀ ਲੱਖਤਾ ਹੋਕੇ ਪਰਮਾਤਮ ਲੱਖਤਾ ਪ੍ਰਾਪਤ ਹੋ ਜਾਏਗੀ। ਅੰਕ ਵਾਰ ਵਿਵੇਚਨਾ ਇਸ ਪ੍ਰਕਾਰ ਹੈ:-

ਅੰਕ ੧-ਅਪਣੀ ਮਨਮਤਿ ਤੋਂ ਰੋਕਿਆ ਹੈ, ਜਿਸ ਨੂੰ, 'ਆਪਣਾ ਭਾਣਾ' ਪਦ ਨਾਲ ਯਾਦ ਕੀਤਾ ਹੈ। ਮਨ ਮਤਿ ਨਾਲ ਪ੍ਰਭੂ ਨੂੰ ਅਪਣੇ ਤੇ ਪ੍ਰਸੰਨ ਨਹੀਂ ਕਰ ਸਕੀਦਾ, ਕਿਉਂਕਿ ਮਨਮਤਿ ਮਾਯਾ ਵੱਲ ਲਿਜਾਂਦੀ ਤੇ ਪ੍ਰਭੂ ਤੋਂ ਦੂਰ ਕਰਦੀ ਹੈ। ਪ੍ਰਭੂ ਦੀ ਪ੍ਰਾਪਤੀ ਪ੍ਰਭੂ ਦੀ ਭਗਤੀ ਨਾਲ ਹੁੰਦੀ ਹੈ। ਇਸ ਕਰਕੇ ਉਪਦੇਸ਼ ਦੇਂਦੇ ਹਨ ਕਿ ਪ੍ਰਭੂ ਦੀ ਭਗਤੀ ਕਰੋ। ਭਗਤੀ ਸਿਰੇ ਚੜ੍ਹਦੀ ਹੈ ਪ੍ਰਭੂ ਦੇ ਨਾਮ ਅਭਯਾਸ ਨਾਲ। ਨਾਮ ਪਦਾਰਥ ਮਿਲਦਾ ਹੈ ਗੁਰੂ ਕੀ ਸੇਵਾ ਨਾਲ। ਭਗਤੀ ਦਾ ਰਸਤਾ ਔਖਾ ਹੈ ਇਸ ਕਰਕੇ ਪ੍ਰਭੂ ਨਾਲ ਭਗਤੀ ਗੁਰੂ ਦੁਆਰੇ ਪੈਂਦੀ ਹੈ ਤੇ ਗੁਰੂ ਸੇਵਾ ਔਖੀ ਸ਼ੈ ਹੈ। ਯਥਾ:-

ਗੁਰ ਪੀਰਾਂ ਕੀ ਚਾਕਰੀ ਮਹਾਂ ਕਰੜੀ ਸੁਖ ਸਾਰੁ॥

[ਵਾਰਾਂ ਤੇ ਵਧੀਕ ਸਲੋਕ ਮਹਲਾ ੪-੧੬]

ਅੰਤਲੀ ਤੁਕ ਵਿਚ ਫੁਰਮਾਉਂਦੇ ਹਨ ਕਿ ਵਾਹਿਗੁਰੂ ਦੀ ਕਿਰਪਾ ਹੀ ਕਿਸੇ ਤੇ ਹੋਵੇ ਤਾਂ ਉਸ ਦਾ ਚਿਤ ਪ੍ਰਭੂ ਦੀ ਭਗਤੀ ਵਿਚ ਲਗਦਾ ਹੈ। ਔਖ ਇਸ ਵਿਚ ਇਹ ਹੁੰਦਾ ਹੈ ਕਿ ਪ੍ਰਭੂ ਰੂਪ ਰੇਖ ਤੋਂ ਨਿਆਰਾ ਹੈ, ਤੇ ਮਾਨੁਖ ਦਾ ਪਿਆਰ ਅਣਦਿਸਦੇ ਨਾਲ ਨਹੀਂ ਪੈਂਦਾ। ਜੇ ਕਿਸੇ ਦਾ ਪੈ ਜਾਵੇ ਤਾਂ ਸਾਈਂ ਦੀ ਮਿਹਰ ਸਮਝੀ ਦਾ ਹੈ। ਕਿਉਂਕਿ ਮਿਹਰ ਹੀ ਹੋਵੇ ਤਾਂ ਇਸ ਪਾਸੇ ਦੀ ਟੋਲ ਲਗੇ ਜੋ ਗੁਰੂ ਪਾਸ ਲੈ ਜਾਵੇ। ਮਾਯਕ ਸੁਖਾਂ ਵਿਚ ਲਗਿਆਂ ਹੋਇਆਂ ਕਿਸੇ ਦਾ ਮਨ-ਰੁਖ਼ ਸਾਈਂ ਵਲ ਪੈਣਾ ਤੇ ਉਸ ਦਾ ਸਤਿ ਸੰਗਤ ਵੱਲ ਰੁਖ਼ ਕਰਨਾ, ਅਪਣੇ ਆਪ ਹੋਣਾ ਕਠਨ ਹੈ। ਕੋਈ ਅਣਦਿਸਦੀ ਮੇਹਰ ਹੀ ਹੁੰਦੀ ਹੈ ਜੋ ਕੋਈ ਠੁਹਕਰ ਦੇਕੇ ਲੈ ਜਾਂਦੀ ਹੈ।

ਅੰਕ ੨-ਵਿਚ ਝੂਠੇ ਯਾ ਬਨਾਵਟੀ ਵੈਰਾਗ ਤੋਂ ਹੋੜਿਆ ਹੈ ਤੇ ਉਪਦੇਸ਼ ਅਪਣੇ ਮਨ ਦੁਆਰਾ ਕੀਤਾ ਹੈ। ਕਿਸੇ ਨੂੰ ਦਿਖਾਵੇ ਲਈ ਅੱਥਰੂ ਕੇਰਦੇ ਡਿੱਠਾ ਹੈ ਤੇ ਫੁਰਮਾਉਂਦੇ ਹਨ ਕਿ ਜੋ ਹਰੀ ਦੇ ਗੁਣ ਗਾਉਂਦੇ ਹਨ ਉਹ ਹਰੀ ਦੇ ਖੁਸ਼ੀ ਦੇ ਗੀਤ ਗਾਉਂਦੇ ਹਨ, ਭਾਵ ਉਹ ਤਾਂ ਸਹਜ ਅਨੰਦ ਵਿਚ ਹੁੰਦੇ ਹਨ। ਕਾਰਣ ਦੱਸਦੇ ਹਨ ਅੰਤਲੀ ਤੁਕ ਵਿਚ ਕਿ ਉਹ ਬੈਰਾਗੀ ਹਰ ਛਿਨ ਲਿਵ ਵਿਚ ਹੁੰਦਾ ਹੈ। ਲਿਵ ਨਾਲ ਉਹ ਹੁਕਮ ਦਾ ਪਛਾਣੂ ਹੋ ਜਾਂਦਾ ਹੈ। ਹੁਕਮ ਦਾ ਪਛਾਣੂ ਸਦਾ ਸੁਖੀ ਹੁੰਦਾ ਹੈ। ਬਨਾਵਟੀ ਅੱਥਰੂ ਕੇਰਨ ਨੂੰ ਪਾਖੰਡ ਦੱਸਿਆ ਹੈ, ਤੇ ਸਮੋਧ ਕੀਤਾ ਹੈ ਕਿ ਮਾਨੁੱਖਾਂ ਨੂੰ ਤਾਂ ਧੋਖਾ ਦੇ ਲਓਗੇ, ਪ੍ਰਭੂ ਅੰਤਰਯਾਮੀ ਹੈ, ਉਸ ਨੇ ਧੋਖਾ ਨਹੀਂ ਖਾਣਾ; ਸੋ ਉਸ ਨੇ ਤੇਰੇ ਤੇ ਖੁਸ਼ੀ ਨਹੀਂ ਹੋਣਾ।

ਅੰਕ ੩-ਅੰਕ ੨ ਵਿਚ, ਮਨਮਤਿ ਦਾ ਪਹਿਲਾ ਅੰਗ ਲਿਆ ਸੀ 'ਪਖੰਡ'। ਹੁਣ ਦੂਸਰਾ ਅੰਗ ਲੈਂਦੇ ਹਨ 'ਸਿਆਣਪ'। ਕਿ ਸਿਆਣਪਾਂ ਸੋਚਦੇ ਤੂੰ ਹੇ ਮਨ ! ਅਨੇਕ ਚਿੰਤਨ ਵਿਚ ਦੌੜਦਾ ਹੈਂ, ਪ੍ਰਭੂ ਤੇਰੇ ਨਾਲ ਨਾਲ ਤੇਰੇ ਮਨ ਨੂੰ ਦੌੜਦਾ ਦੇਖਦਾ ਹੈ, ਪਰ ਤੂੰ ਉਸ ਨੂੰ ਨਹੀਂ ਦੇਖ ਸਕਦਾ; ਕਿਉਂਕਿ ਤੇਰਾ ਰੁਖ਼ ਬਾਹਰ ਮੁਖੀ ਅਨੇਕ ਚਿੰਤਨਾਂ ਵਿਚ ਧਾਵਨ ਦਾ ਹੈ। ਇਸ ਦਾ ਦਾਰੂ ਕੀ ਹੈ? ਗੁਰੂ ਕੇ ਸ਼ਬਦ ਦੀ ਸੰਭਾਲ। ਸ਼ਬਦ ਦਾ ਭਾਵ ਉਪਦੇਸ਼ ਲਈਏ ਤਾਂ ਗੁਰ ਉਪਦੇਸ਼ ਵਿਚ ਮੁਖ ਉਪਦੇਸ਼ ਨਾਮ ਦੀ ਸੰਭਾਲ ਹੁੰਦੀ ਹੈ। ਇਹ ਗਲ ਤੀਸਰੀ ਸਤਰ ਵਿਚ ਖੋਹਲ ਦੇਂਦੇ ਹਨ ਕਿ ਜੇ ਤੂੰ ਧਾਵਨਾ ਛੱਡਕੇ ਇਕ ਖਿਨ ਲਈ ਬੀ ਹਰੀ ਨਾਮ ਦੀ ਅਰਾਧਨਾ ਵਿਚ ਪੈ ਜਾਵੇਂ ਤਾਂ ਤੈਨੂੰ ਹਰੀ ਦਾ ਸਾਥ ਮਿਲ ਜਾਵੇ। ਕਾਰਣ ਕੀ ਹੈ ਕਿ ਉਹ ਸ਼ਹੁ ਤਾਂ ਸਦਾ ਤੇਰੇ ਨਾਲ ਹੈ, ਤੇਰੇ ਮਨ ਦਾ ਰੁਖ਼ ਹੀ ਉਸ ਵਲੋਂ ਉਲਟਵਾਂ ਬਾਹਰ ਮੁਖ ਹੈ। ਜਿਸ ਖਿਨ ਤੂੰ ਅਪਣਾ ਰੁਖ਼ ਅੰਤਰ ਮੁਖ ਉਸ ਵਲ ਫੇਰਿਆ, ਉਸ ਦੀ ਹਜ਼ੂਰੀ ਵਿਚ ਹਾਜ਼ਰ ਹੋ ਗਿਆ। ਅਗਲੀ ਤੁਕ ਦਾ ਭਾਵ ਹੈ ਕਿ ਹਜ਼ੂਰੀ ਹਾਜ਼ਰ ਹੋ ਗਿਆਂ ਤੇਰੇ ਪਾਪ ਕੱਟੇ ਜਾਣਗੇ ਤੇ ਇਹੋ ਕਾਰ ਕਰਦਿਆਂ, ਭਾਵ ਸਦਾ ਹਜ਼ੂਰੀ ਵਿਚ ਵਸਦਿਆਂ, ਅੰਤ ਨੂੰ ਤੂੰ ਪਰਮ ਪਦ ਤੇ ਪਹੁੰਚ ਜਾਏਂਗਾ। ਪਰ ਪਹਿਲੀ ਲੋੜ ਇਹ ਹੈ ਕਿ (ਨਾਮ ਦੁਆਰਾ) ਤੇਰਾ ਸੱਚੇ ਨਾਲ ਪ੍ਰੇਮ ਲਗੇ ਤੇ ਤੂੰ ਗੁਰਮੁਖ ਹੋਕੇ ਸਦਾ ਯਾਦ ਕਰਦਾ ਰਹੇਂ।

ਅੰਕ ੪ ਵਿਚ ਲਿਵ ਲਗੀ ਦਾ ਵੇਰਵਾ ਦਿੱਤਾ ਹੈ। ਸਤਿਗੁਰ ਦੇ ਮੇਲ ਤੋਂ ਦੌੜਦੇ ਮਨ ਦਾ ਖੜੋ ਜਾਣਾ ਤੇ ਨਿਜ ਸਰੂਪ ਵਿਚ ਟਿਕ ਜਾਣਾ ਦੱਸਿਆ ਹੈ। ਕਿਉਂਕਿ ਜਦ ਪ੍ਰੇਮੀ ਨਾਮ ਸਿਮਰੇਗਾ, ਨਾਮ ਵਿਚ ਇਸਥਿਤ ਜਗਤ ਬਿਵਹਾਰ ਕਰੇਗਾ, ਭਾਵ ਨਾਮ ਤੋਂ ਕਿਸੇ ਕਾਰਣ ਉਖੜੇਗਾ ਨਹੀਂ ਤੇ ਨਾਮ ਵਿਚ ਸਮਾਇਆ ਰਹੇਗਾ ਤਾਂ ਮਨ ਦਸਮੇ ਦੁਆਰ ਦਾ ਨਿਵਾਸ ਪਾ ਲਏਗਾ। ਇਹ ਸਤਿਗੁਰ ਦੇ ਮਿਲ ਪੈਣੇ ਦਾ ਫਲ ਹੋਵੇਗਾ। ਹੁਣ ਦਸਮ ਦੁਆਰ ਦਾ ਪਤਾ ਦੇਂਦੇ ਹਨ, ਓਥੇ ਸਹਜ ਧੁਨਿ ਉਪਜਦੀ ਹੈ ਜੋ ਮਨ ਲਈ ਅੰਮ੍ਰਿਤ ਭੋਜਨ ਹੁੰਦੀ ਹੈ, ਉਹ ਧੁਨਿ ਅਪਣੇ ਨਾਮ ਸਿਮਰਨ ਦੀ ਅੱਡਰੀ ਲਗਨ ਨਹੀਂ, ਓਥੇ ਅਮਰੀ ਨਾਮ ਦੀ ਧੁਨਿ ਹੈ, ਜਿਸ ਨੇ ਜਗਤ ਨੂੰ ਥੰਮ੍ਹ ਰਖਿਆ ਹੈ, ਜੈਸੇ ਪੰਚਮ ਗੁਰੂ ਜੀ ਨੇ ਫੁਰਮਾਇਆ ਹੈ।

'ਨਾਮ ਕੇ ਧਾਰੇ ਆਗਾਸ ਪਾਤਾਲ॥' [ਸੁਖਮਨੀ ੧੬-੫]

ਤੇਰਾ ਨਾਮ ਸਿਮਰਨ ਉਸ ਸਦੈਵੀ ਸਹਜ ਧੁਨਿ ਨਾਲ ਮਿਲ ਜਾਏਗਾ। ਫਿਰ ਨਾਮ ਦੀ ਲਿਵ ਅਪਣੇ ਆਪ ਜਾਰੀ ਰਹੇਗੀ, ਓਥੇ ਅਨੇਕ ਵਾਜੇ ਸਦਾ ਹੁੰਦੇ ਹਨ ਤੇ ਮਨ ਪ੍ਰਭੂ ਵਿਚ ਸਮਾਇਆ ਰਹਿੰਦਾ ਹੈ।

ਅੰਕ ੫-ਚਾਰ ਅੰਕ ਦੇ ਅਖ਼ੀਰ ਨਿਜ ਘਰ ਵਾਲਾ ਹੋਣਾ ਦੱਸਿਆ ਸੀ। ਹੁਣ ਉਸ ਦਾ ਵੇਰਵਾ ਖੋਹਲਦੇ ਹਨ ਕਿ ਜਦ ਤੂੰ ਨਿਜ ਘਰ ਵਿਚ ਵੱਸ ਪਏਂਗਾ ਤਾਂ ਜੋਤਿ ਸਰੂਪਤਾ ਅਪਣੀ ਲਖ ਲਏਂਗਾ। ਹੁਣ ਤੈਨੂੰ ਪਤਾ ਲਗੇਗਾ ਕਿ ਵਾਹਿਗੁਰੂ ਤਾਂ ਤੇਰੇ ਨਾਲ ਹੈ, ਗੁਰੂ ਦੀ ਦਿੱਤੀ ਮਤਿ ਦੁਆਰਾ ਤੂੰ ਹੁਣ ਉਸੇ ਪ੍ਰੇਮ ਰਸ ਨੂੰ ਮਾਣੇਂਗਾ। ਪਹਿਲੇ ਤੂੰ ਅਪਣਾ ਮੂਲ ਪਛਾਣੇਂਗਾ ਤਾਂ ਫਿਰ ਤੂੰ ਸ਼ਹੁ ਨੂੰ ਪਛਾਣੇਂਗਾ। ਫੇਰ ਤੈਨੂੰ ਸੋਝੀ ਹੋ ਆਵੇਗੀ ਕਿ ਸਰੀਰ ਦਾ ਮਰਨਾ ਕੀਹ ਵਸਤੂ ਹੈ ਤੇ ਫੇਰ ਤੇਰੇ ਵਿਚੋਂ ਹਉਮੈਂ ਦਾ ਮਰਨਾ ਕੀਹ ਸ਼ੈ ਹੈ। ਸਰੀਰਕ ਜੀਵਨ ਤੇ ਜਜੋਤਿ ਸਰੂਪ ਸਾਈਂ ਨਾਲ ਮਿਲਿਆ ਜੀਵਨ ਕੀ ਵਸਤੂ ਹਨ। ਤਦੋਂ ਤੂੰ ਇਕ ਵਜ਼ਾਪਕ ਪ੍ਰਭੂ ਨੂੰ, ਜੋ ਅੰਦਰ ਬੀ ਹੈ, ਬਾਹਰ ਬੀ ਹੈ, ਅਪਰੰਪਰ ਬੀ ਹੈ ਤੇ ਇਹ ਤ੍ਰੈਏ ਰੰਗ ਇੱਕੋ ਦੇ ਹਨ,

ਇਨ੍ਹਾਂ ਵਿਚ ਏਕੱਤ੍ਰਤਾ ਹੈ, ਦੇਖ ਲਵੇਂਗਾ ਤਦ ਤੈਨੂੰ ਦੂਜਾ ਭਾਉ ਭੁੱਲ ਜਾਏਗਾ। ਇਉਂ ਜੀਵ ਸ਼ਾਂਤੀ ਵਿਚ ਆ ਜਾਂਦਾ ਹੈ ਵਧਾਈਆਂ ਵਜਦੀਆਂ ਵਾਙੂ ਆਨੰਦ ਵਿਚ ਸਦਾ ਰਹਿਣ ਲਗ ਪੈਂਦਾ ਹੈ ਤੇ ਸਾਈਂ ਦੇ ਦਰ ਪਰਵਾਣ ਹੋ ਜਾਂਦਾ ਹੈ।

ਅੰਕ ੬-ਹੁਣ ਗੁਰਮੁਖ ਦੀ ਮੁਕਤ ਪਦਵੀ ਤਕ ਦੀ ਪਹੁੰਚ ਦੱਸਕੇ ਫੇਰ ਮਨਮੁਖ ਨੂੰ ਲੈਂਦੇ ਹਨ। ਉਪਦੇਸ਼ ਨਿਜ ਮਨ ਦੁਆਰਾ ਹੀ ਕਰ ਰਹੇ ਹਨ, ਜੋ ਉਪਦੇਸ਼ ਦਾ ਪਰਮ ਉੱਤਮ ਤਰੀਕਾ ਮੰਨਿਆ ਗਿਆ ਹੈ। ਮਨਮੁਖ ਦਾ ਲੱਛਣ ਪਹਿਲਾ ਇਹ ਹੈ: ਅਹੰਕਾਰ ਵਿਚ ਵਰਤਣਾ, ਮਨ ਦੀ ਅਹੰਬੁਧੀ ਦੇ ਮਗਰ ਲੱਗਣਾ, ਗੁਰਮਤਿ ਨਾ ਵਿਚਾਰਨਾ। ਅਹੰਕਾਰ ਨੇ ਮਾਇਆ ਦੇ ਪਜਾਰ ਵਿਚ ਪਾਉਣਾ, ਇਸ ਨੇ ਤ੍ਰਿਸ਼ਨਾ ਵਿਚ ਪਾ ਦੇਣਾ, ਜਿਸ ਨੇ ਰੋਗ ਵਾਙੂ ਚੰਬੜ ਜਾਣਾ, ਜਨਮ ਬਦਲਣੇ ਪਰ ਤ੍ਰਿਸ਼ਨਾ ਨੇ ਮਗਰੋਂ ਨਾ ਲਹਿਣਾ ਤ੍ਰਿਸ਼ਨਾ ਦੇ ਕਾਬੂ ਰਹਿਣ ਕਰਕੇ ਕਦੇ ਵੈਰਾਗ ਨਾ ਫੁਰਨਾ, ਹਰੀ ਦੇ ਸਿਮਰਣ ਵਿਚ ਨਾ ਲਗਣਾ, ਤੇ ਜਨਮ ਦਾ ਬਿਰਥਾ ਚਲੇ ਜਾਣਾ। ਜਿਵੇਂ ਪਿਛਲੇ ਜਨਮ ਗਰਬ ਅਹੰਕਾਰ ਕਰਕੇ ਤ੍ਰਿਸ਼ਨਾ ਵਿਚ ਬੱਧਾ ਮਰਿਆ ਸੀ ਤਿਵੇਂ ਇਸ ਜਨਮ ਬੀ ਤ੍ਰਿਸ਼ਨਾ ਅਟਿਆ ਚਲਿਆ ਗਿਆ। ਮਨੁੱਖਾ ਜਨਮ ਮੁਕਤੀ ਦਾ ਅਵਸਰ ਬਿਰਥਾ ਗਵਾ ਲਿਆ।

ਅੰਕ ੭-ਹੁਣ ਮਨਮੁਖ ਦੀ ਕਲਯਾਣ ਦਾ ਰਾਹ ਦੱਸਿਆ ਹੈ, ਸੋ ਬੀ ਨਿਜ ਮਨ ਦੁਆਰਾ ਹੀ।

੧. ਮਨ ਮਤਿ ਤਿਆਗ ਕਰ, ਨਿਮਾਣਾ ਹੋ, ਐਵੇਂ ਨਹੀਂ, ਗੁਰਮਤਿ ਅਨੁਸਾਰ ਨਿਮਾਣਾ ਹੋਹੁ, ਨਹੀਂ ਤਾਂ ਢਹਿੰਦੀਆਂ ਕਲਾਂ ਵਿਚ ਚਲਾ ਜਾਏਂਗਾ। ਐਉਂ ਕਿ ਸਤਿਗੁਰੂ ਅਗੇ ਨਿਰਮਾਣ ਹੋਕੇ ਟੁਰ, ਉਸ ਦੇ ਦਿਤੇ ਸਚ ਸ਼ਬਦ ਦੁਆਰਾ ਅੰਦਰਲੀ ਮੈਲ ਦੂਰ ਕਰ। ਉਹ ਮੈਲ ਕੀ ਹੈ? ਅਗਜਾਨ ਤੇ ਉਸ ਤੋਂ ਉਪਜੀ ਹਉਂ ਵਾਲੀ ਬੁੱਧੀ: ਹਉਮੈਂ, ਯਾ ਹੰਕਾਰ ਵਾਲੀ ਮਤਿ। ਇਹ ਮਤਿ ਗੁਰੂ ਤੇ ਉਸ ਦੇ ਸ਼ਬਦ ਨੇ ਖੋਣੀ ਹੈ। ਸੋ ਸਤਿਗੁਰੂ ਦੀ ਸਿਖਯਾ ਅਨੁਸਾਰ ਟੁਰ, ਆਪਾ ਭਾਵ ਨਾ ਲਖਾਵੀਂ, ਫਿਰ ਤੈਨੂੰ ਸੁਖ ਪ੍ਰਾਪਤ ਹੋਵੇਗਾ, ਆਤਮ ਸੁਖ।

ਅੰਕ ੮ ਵਿਚ ਅਪਣੇ ਨਿਜ ਤਜਰਬੇ ਦੇ ਚਾਨਣੇ ਵਿਚ ਸ਼ੁਕਰ ਗੁਜ਼ਾਰੀ ਦੀ ਜਾਚ ਦੱਸਦੇ ਹਨ ਕਿ ਗੁਰੂ ਦੇ ਮਿਲਣੇ ਦਾ ਅਵਸਰ ਧੰਨ ਸੀ, ਜਿਸ ਨੇ ਆਤਮ ਸੁਖ ਦੀ ਅਵਸਥਾ ਪੈਦਾ ਕੀਤੀ। ਅਵਗੁਣ ਦੂਰ ਹੋਏ, ਦੁਤੀਆ ਭਾਵ ਮਿਟਿਆ, ਦਰਗਾਹੇ ਪਰਵਾਣ ਹੋ ਗਏ। ਇਹ ਅਵਸਥਾ ਗੁਰੂ ਦੇ ਦਿਤੇ ਨਾਮ ਤੋਂ ਪੈਦਾ ਹੋਈ।

ਅੰਕ ੯ ਵਿਚ ਮਨਮੁਖਾਂ ਲਈ ਮਾਨੋਂ ਅਰਦਾਸ ਕਰਦੇ ਹਨ, ਤੇ ਉਹਨਾਂ ਦੀ ਬੇਚਾਰਗੀ ਤੇ ਤਰਸ ਕਰਕੇ ਉਹਨਾਂ ਦੀ ਸਿਫ਼ਾਰਸ਼ ਕਰਦੇ ਹਨ ਕਿ ਉਹਨਾਂ ਦੇ ਵੱਸ ਕੁਛ ਨਹੀਂ, ਉਹ ਧੁਰੋਂ ਹੀ ਭੁੱਲੇ ਹੋਏ ਯਾ ਭੁਲਾਏ ਹੋਏ ਹਨ। ਜੋ ਉਹ ਹਉਮੈਂ ਦੇ ਪ੍ਰੇਰੇ ਦੂਜੇ ਭਾਇ ਵਿਚ, ਅਰਥਾਤ ਮਾਇਆ ਦੇ ਮੋਹ ਵਿਚ ਲਗੇ ਹੋਏ ਭਰਮਦੇ ਭੁੱਲਦੇ ਚਲੇ ਆ ਰਹੇ ਹਨ। ਅਸੀਂ ਉਹਨਾਂ ਨੂੰ ਮੰਦਾ ਕਹਿਕੇ ਸੂਗ ਵਿਚ ਨਹੀਂ ਜਾਣਾ ਚਾਹੁੰਦੇ, ਉਹਨਾਂ ਦੀ ਹਾਲਤ ਚੰਗੀ ਹੈ ਕਿ ਮਾੜੀ ਹੈ ਤੂੰਹੋਂ ਸਭ ਕੁਛ ਜਾਣਦਾ ਹੈਂ: ਕਿਉਂਕਿ ਰਚਣਹਾਰ ਤੂੰਹੋਂ ਆਪ ਹੈਂ; ਸੋ ਤੂੰਹੋਂ ਉਹਨਾਂ ਦੀ ਕਲਯਾਣ ਕਰ ਸਕਦਾ ਹੈਂ। ਸਭ ਕੁਛ ਤੇਰੇ ਹੁਕਮ ਵਿਚ ਹੈ, ਇਹ ਸਮਝਣਾ ਭਾਰੀ ਕਠਨਤਾ ਵਾਲਾ ਹੈ। ਜਿਸ ਨੂੰ ਤੂੰ ਚਾਹੇਂ ਗੁਰਮੁਖ ਅਵਸਥਾ ਦੇਕੇ ਬੁਝਾ ਦੇਂਦਾ ਹੈਂ। ਸੋ ਏਹ ਬਿਚਾਰੇ ਜੰਤ ਹਨ, ਤੂੰ ਹੀ ਮੇਹਰ ਕਰ। ਇਨ੍ਹਾਂ ਸਤਰਾਂ ਵਿਚ ਮਨਮੁਖਾਂ ਦੇ ਪਾਪ ਪੁੰਨ ਦੀ ਜ਼ਿੰਮੇਵਾਰੀ ਨੂੰ ਨਹੀਂ ਹਟਾ ਰਹੇ ਤੇ ਪ੍ਰਭੂ ਨੂੰ ਬਦੀ ਦਾ ਕਰਤਾ ਨਹੀਂ ਦੱਸ ਰਹੇ, ਪਰ ਮਨਮੁਖਾਂ ਤੇ ਤਰਸ ਦੇ ਘਰ ਵਿਚ ਆਕੇ ਕਾਰਣਾਂ ਦੇ ਕਾਰਣ ਪ੍ਰਭੂ ਅਗੇ ਸਿਫ਼ਾਰਸ਼ ਕਰ ਰਹੇ ਹਨ। (ਵਧੀਕ ਵੇਰਵੇ ਲਈ ਦੇਖੋ ਪਿਛਲੇ ਸ਼ਬਦ ਦੀ ਵਿਆਖਿਆ)।

ਅੰਕ ੧੦ ਵਿਚ ਸ਼ੁਕਰ ਗੁਜ਼ਾਰੀ ਕਰ ਰਹੇ ਹਨ ਉਹਨਾਂ ਵਲੋਂ ਜਿਨ੍ਹਾਂ ਨੂੰ ਗੁਰਮੁਖ ਮਾਰਗ ਮਿਲ ਗਿਆ ਤੇ ਉਹ ਗੁਰਮੁਖ ਹੋਕੇ ਪ੍ਰਭੂ ਦੇ ਗੁਣ ਗਾਉਂਦੇ, ਨਾਮ ਸਿਮਰਦੇ, ਸਾਈਂ ਵਿਚ ਸਮਾਏ ਰਹਿੰਦੇ ਹਨ।

ਇਹ ਸਾਰੀ ਤੇਰੀ ਵਡਿਆਈ ਹੈ, ਭਾਵੇਹ ਕਿ ਤੈਨੂੰ ਪਰਵਾਣ ਹੋਏ ਗੁਰਮੁਖਾਂ ਦਾ ਸੁਖੀ ਹੋ ਜਾਣਾ ਤੇਰੀ ਮੇਹਰ ਹੈ ਤੇ ਇਸ ਕਰਕੇ ਤੇਰੀ ਵਡਿਆਈ ਹੈ। ਤੂੰ ਸੱਚਾ ਹੈਂ ਤੇ ਇਹ ਤੇਰੀ ਵਡਿਆਈ ਸੱਚੀ ਵਡਿਆਈ ਹੈ।

ਨਿਰੁਕ–ਬਿਖੜਾ-ਔਖਾ, ਕਠਨ, ਮੁਸ਼ਕਲ। ਗੰਢੁ–ਜੋੜ, ਸੰਬੰਧ।

ਧਾਵਤੁ–ਦੌੜ ਰਿਹਾ (ਮਨ)। ਵਿਹਾਝੇ–ਖਰੀਦੇ।

ਗਾਰਬਿ–ਹੰਕਾਰ ਵਿਚ, ਹਉਮੈ ਵਿਚ। ਅਟਿਆ–ਭਰਿਆ ਹੋਇਆ।

ਮਲੁ–ਮੈਲ। ਆਪੁ–ਆਪਾ ਭਾਵ, ਹਉਮੈ।

ਅਵਿਗਤਿ–ਮਾੜੀ ਗਤੀ, ਭੈੜੀ ਦਸ਼ਾ।

–ਤੀਸਰੇ ਪਾਤਸ਼ਾਹ ਦੇ ਛੰਤ ਸਮਾਪਤ–

[ਆਸਾ ਮਹਲਾ ੪, ਛੰਤ-੮]

ਰਾਗੁ ਆਸਾ ਛੰਤ ਮਹਲਾ ੪ ਘਰੁ ੧ ੴ ਸਤਿਗੁਰ ਪ੍ਰਸਾਦਿ॥

ਮੂਲ	ਅਰਥ
ਜੀਵਨੋ ਮੈ ਜੀਵਨੁ ਪਾਇਆ ਗੁਰਮੁਖਿ ਭਾਏ ਰਾਮ ॥ ਹਰਿ ਨਾਮੋ ਹਰਿ ਨਾਮੁ ਦੇਵੈ ਮੇਰੈ ਪ੍ਰਾਨਿ ਵਸਾਏ ਰਾਮ ॥ ਹਰਿ ਹਰਿ ਨਾਮੁ ਮੇਰੈ ਪ੍ਰਾਨਿ ਵਸਾਏ ਸਭੁ ਸੰਸਾ ਦੂਖੁ ਗਵਾਇਆ॥	ਮੈਂ ਜੀਵਨ ਪਾਇਆ ਹੈ (ਜੋ ਜੀਵਨ ਕਿ ਅਸਲੀ) ਜੀਵਨ ਹੈ, (ਉਹ ਇਹ ਹੈ ਕਿ ਮੈਨੂੰ ਹੁਣ) ਰਾਮ ਜੀ ਪਿਆਰੇ ਲਗ ਗਏ ਹਨ*, (ਇਹ ਪ੍ਰਾਪਤੀ) ਗੁਰੂ ਦੁਆਰਾ (ਹੋਈ ਹੈ। ਕੀਕੂੰ? ਗੁਰੂ) ਹਰੀ ਦਾ ਨਾਮ ਦੇਂਦਾ ਹੈ, (ਹਾਂ) ਹਰੀ ਦਾ ਨਾਮ ਹੀ (ਦੇਂਦਾ ਹੈ, ਇਸ ਨਾਮ ਸਿਮਰਣ ਨਾਲ ਉਸ ਨੇ) ਰਾਮ ਜੀ ਮੇਰੇ ਪ੍ਰਾਣਾਂ ਵਿਚ ਵਸਾ ਦਿੱਤੇ ਹਨ। (ਅਥਵਾ ਹੇ ਰਾਮ ! ਹਰੀ ਨਾਮ ਨੂੰ ਮੇਰੇ ਪ੍ਰਾਣਾਂ ਵਿਚ ਵਸਾ ਦਿੱਤਾ)। (ਹਾਂ,) ਹਰੀ ਹਰਿ ਨਾਮ ਨੂੰ ਮੇਰੇ ਪ੍ਰਾਣਾਂ ਵਿਚ ਵਸਾ ਦਿੱਤਾ, (ਜਿਸ ਕਰਕੇ ਮੇਰਾ) ਸਾਰਾ ਸੰਸਾ (ਵਿਪਰਯਜ) ਦਾ ਦੁਖ ਦੂਰ ਕਰ ਦਿੱਤਾ।
ਅਦਿਸਟੁ ਅਗੋਚਰੁ ਗੁਰ ਬਚਨਿ ਧਿਆਇਆ ਪਵਿਤ੍ਰ ਪਰਮ ਪਦੁ ਪਾਇਆ ॥ ਅਨਹਦ ਧੁਨਿ ਵਾਜਹਿ ਨਿਤ ਵਾਜੇ ਗਾਈ ਸਤਿਗੁਰ ਬਾਣੀ॥ ਨਾਨਕ ਦਾਤਿ ਕਰੀ ਪ੍ਰਭਿ ਦਾਤੈ ਜੋਤੀ ਜੋਤਿ ਸਮਾਣੀ ॥੧॥	(ਸੋ ਮੈਂ) ਨਾ ਦਿੱਸਣ ਵਾਲੇ ਤੇ ਇੰਦ੍ਰਿਆਂ ਦੀ ਪਹੁੰਚ ਤੋਂ ਪਰੇ ਰਹਿਣ ਵਾਲੇ ਨੂੰ ਗੁਰੂ ਦੇ ਬਚਨ ਦੁਆਰਾ ਧਿਆਇਆ, (ਜਿਸ ਤੋਂ ਮੈਂ) ਪਵਿਤ ਤੇ ਪਰਮ ਪਦਵੀ ਪ੍ਰਾਪਤ ਕਰ ਲਈ ਹੈ। [ਉਹ ਕੀ ਹੈ? ਉੱਤਰ:] ਸਤਿਗੁਰੂ ਦੀ ਬਾਣੀ ਗਾਵੀਂਦੀ ਹੈ ਤੇ ਅਨਹਦ ਧੁਨੀ ਵਾਲੇ ਵਾਜੇ ਸਦਾ ਵਜਦੇ ਰਹਿੰਦੇ ਹਨ। (ਇਹ ਅੰਤ ਵਾਲੇ ਜੀਵਨ ਦੀ ਅੰਤਲੀ ਪਹੁੰਚ ਸੀ, ਓਥੋਂ) ਹੇ ਨਾਨਕ ! ਪ੍ਰਭੂ ਦਾਤੇ ਨੇ (ਜੋ ਅਨੰਤ ਹੈ ਇਹ) ਦਾਤ ਕੀਤੀ (ਕਿ ਆਪਣੀ ਪਰਮ) ਜੋਤਿ ਵਿਚ (ਸਾਡੀ) ਜੋਤਿ ਨੂੰ ਸਮਾ ਲਿਆ॥ ੧॥

* ਰਾਮ ਪਦ ਨੂੰ ਸੰਬੋਧਨ ਰੱਖਕੇ ਐਉਂ ਬੀ ਅਰਥ ਲਾਉਂਦੇ ਹਨ ਕਿ:-ਹੇ ਰਾਮ ! 'ਗੁਰਮੁਖਿ ਭਾਏ' ਗੁਰੂ ਦੇ ਭਾਇ (ਪ੍ਰੇਮ ਦੁਆਰਾ) ਮੈਂ ਅਸਲੀ ਜੀਵਨ ਪਾ ਲਿਆ ਹੈ।

ਮਨਮੁਖਾ ਮਨਮੁਖਿ ਮੁਏ ਮੇਰੀ ਕਰਿ ਮਾਇਆ ਰਾਮ ॥ ਖਿਨੁ ਆਵੈ ਖਿਨੁ ਜਾਵੈ ਦੁਰਗੰਧ ਮੜੈ ਚਿਤੁ ਲਾਇਆ ਰਾਮ ॥ ਲਾਇਆ ਦੁਰਗੰਧ ਮੜੈ ਚਿਤੁ ਲਾਗਾ ਜਿਉ ਰੰਗੁ ਕਸੁੰਭ ਦਿਖਾਇਆ ॥ ਖਿਨੁ ਪੂਰਬਿ ਖਿਨੁ ਪਛਮਿ ਛਾਏ ਜਿਉ ਚਕੁ ਕੁਮ੍ਹਿਆਰਿ ਭਵਾਇਆ ॥

[ਗੁਰੂ ਦੁਆਰਾ ਮਿਲੀ ਦਾਤ ਦੱਸਕੇ ਹੁਣ ਮਨਮੁਖਾਂ ਦੀ ਗਤੀ ਦੱਸਦੇ ਹਨ:] ਮਨਮੁਖ ਜੋ ਮਨ ਨੂੰ ਮੁੱਖ ਰਖਦੇ ਹਨ (ਓਹ) ਮਾਇਆ ਨੂੰ ਮੇਰੀ ਮੇਰੀ ਕਰਦੇ ਮਰ ਗਏ। (ਹਾਂ ਉਨ੍ਹਾਂ ਨੇ ਆਪਣਾ) ਮਨ (ਵਾਹਿਗੁਰੂ ਵਿਚ ਨਾ ਲਾਇਆ, ਸਗੋਂ) ਦੁਰਗੰਧੀ ਵਾਲੇ ਸਰੀਰ (ਦੇ ਪਾਲਣ ਪੋਸਣ ਭੋਗਣ) ਵਿਚ ਲਾਈ ਰਖਿਆ। (ਹੇ ਰਾਮ !) ਛਿਨ ਵਿਚ ਆਉਂਦਾ ਛਿਨ ਵਿਚ ਜਾਂਦਾ ਚਿਤ ਦੁਰਗੰਧੀ ਵਾਲੇ ਸਰੀਰ ਵਿਚ (ਜੋ ਲਾਇਆ, ਉਹ ਉਸੇ ਵਿਚ ਇਉਂ) ਲੱਗਾ ਜਿਵੇਂ ਕਸੁੰਭੇ ਦਾ ਰੰਗ (ਆਪਣਾ ਆਪ ਛਿਨ ਭੰਗਰੀ ਭੜਕ ਵਿਚ) ਦਿਖਾਉਂਦਾ ਹੈ। (ਮਾਯਕ ਲਗਨ ਜੋ ਦੁਰਗੰਧ ਮੜੇ ਵਿਚ ਲਗ ਰਹੀ ਸੀ ਉਹ) ਛਿਨ ਵਿਚ ਪੂਰਬ, ਛਿਨ ਵਿਚ ਪੱਛਮ ਵੱਲ ਨੂੰ ਛਾਉਂਦੀ ਹੈ ਜਿਵੇਂ ਘੁਮਿਆਰ ਚਕ ਨੂੰ (ਚੁਤਰਫੀ) ਘੁਮਾਉਂਦਾ ਹੈ। (ਭਾਵ ਮਾਯਕ ਭੜਕਾਂ ਯਾ ਪਦਾਰਥਾਂ ਦੇ ਸੁਖ ਟਿਕਵੇਂ ਤੇ ਪੱਕੇ ਨਹੀਂ, ਓਹ ਕਦੇ ਕਿਸੇ ਪਾਸ, ਕਦੇ ਕਿਸੇ ਪਾਸ ਜਾਂਦੇ ਘੁਮਿਆਰ ਦੇ ਚਕ ਵਾਂਙੂ ਭਉਂਦੇ ਰਹਿੰਦੇ ਹਨ। ਇਸ ਛਿਨ ਭੰਗਰ ਭਾਵ ਨਾਸ਼ਮਾਨ ਮਾਇਕ ਵਿਭੋ ਦੀ ਪ੍ਰਾਪਤੀ ਲਈ ਜੋ ਯਤਨ ਮਨਮੁਖ ਕਰਦੇ ਹਨ

ਦੁਖੁ ਖਾਵਹਿ ਦੁਖੁ ਸੰਚਹਿ ਭੋਗਹਿ ਦੁਖ ਕੀ ਬਿਰਧਿ ਵਧਾਈ ॥

ਓਹ ਕੱਠੀ ਕਰਨ ਵਿਚ) ਦੁਖ ਸਹਿੰਦੇ ਹਨ (ਓਹ ਮਾਇਆ ਕੱਠੀ ਨਹੀ ਕਰਦੇ ਓਹ) ਦੁਖ ਕੱਠੇ ਕਰਦੇ ਹਨ (ਓਹ ਮਾਯਕ ਭੋਗ ਨਹੀਂ ਭੋਗਦੇ ਓਹ ਦੁਖ) ਭੋਗਦੇ ਹਨ, (ਉਨ੍ਹਾਂ ਨੇ ਐਸਾ ਕਰਨੇ ਵਿਚ) ਦੁਖ ਦਾ ਵਾਧਾ ਹੀ ਵਧਾਇਆ ਹੈ, (ਕਿਉਂਕਿ ਨਾਸ਼ਮਾਨ ਵਸਤਾਂ ਤੇ ਜੀਵਾਂ ਦੇ ਨਾਸ਼ ਹੋਇਆਂ ਦੁਖ ਹੀ ਦੁਖ ਪੱਲੇ ਪੈਂਦੇ ਹਨ ਤੇ ਪਹਿਲੇ ਕੱਠਿਆਂ ਕਰਨ ਵੇਲੇ ਔਖਾਂ ਨਾਲ ਸੰਚਨ ਹੁੰਦੇ ਹਨ।

ਨਾਨਕ ਬਿਖਮੁ ਸੁਹੇਲਾ ਤਰੀਐ ਜਾ ਆਵੈ ਗੁਰ ਸਰਣਾਈ ॥੨॥

ਹੇ ਨਾਨਕ ! (ਇਹ ਮਾਯਕ ਸਾਗਰ) ਖਰਾ ਕਠਨ ਹੈ, (ਪਰ ਇਸ ਨੂੰ) ਸੌਖੇ ਹੀ ਤਰ ਸਕੀਦਾ ਹੈ ਜਦ (ਚਾਹੋ ਕੋਈ ਹੋਵੇ) ਗੁਰੂ ਕੀ ਸ਼ਰਣ ਆ ਜਾਵੇ॥ ੨॥

ਮੇਰਾ ਠਾਕੁਰੋ ਠਾਕੁਰੁ ਨੀਕਾ ਅਗਮ ਅਥਾਹਾ ਰਾਮ ॥ ਹਰਿ ਪੂਜੀ ਹਰਿ ਪੂਜੀ ਚਾਹੀ ਮੇਰੇ ਸਤਿਗੁਰ ਸਾਹਾ ਰਾਮ ॥ ਹਰਿ ਪੂਜੀ ਚਾਹੀ ਨਾਮੁ ਬਿਸਾਹੀ ਗੁਣ ਗਾਵੈ ਗੁਣ ਭਾਵੈ ॥

[ਗੁਰੂ ਦੀ ਸ਼ਰਣ ਤੋਂ ਕਿਸ ਪ੍ਰਕਾਰ ਤੁਸਾਨੂੰ ਮਾਯਕ ਸਾਗਰ ਦਾ ਤਰਨਾ ਪ੍ਰਾਪਤ ਹੋਇਆ ਹੈ? ਉੱਤਰ:] ਮੇਰਾ ਮਾਲਕ (ਹਾਂ, ਮੇਰਾ) ਮਾਲਕ ਅਗੰਮ ਹੈ ਤੇ ਅਥਾਹ ਰਾਮ ਹੈ, (ਪਹੁੰਚ ਤੋਂ ਪਰੇ ਤੇ ਅੰਤ ਤੋਂ ਰਹਿਤ ਹੈ, ਉਸ ਤਕ ਪਹੁੰਚ ਮੁਸ਼ਕਲ ਹੈ, ਪਰ ਓਹ ਹੈ ਬੜਾ) ਚੰਗਾ। (ਸੋ ਮੈਂ ਸਤਿਗੁਰੂ ਅਗੇ ਅਰਦਾਸ ਕੀਤੀ ਕਿ) ਹੇ ਮੇਰੇ ਸ਼ਾਹ (ਰੂਪੀ) ਸਤਿਗੁਰੂ, ਮੈਂ ਹਰੀ (ਰੂਪੀ) ਪੂੰਜੀ ਦੀ ਚਾਹਨਾ ਵਾਲਾ ਹਾਂ,(ਹਾਂ, ਮੈਂ) ਹਰੀ (ਪ੍ਰਾਪਤੀ ਦੀ) ਪੂੰਜੀ ਦਾ ਚਾਹਨੇ ਵਾਲਾ ਹਾਂ। (ਸੋ ਮੈਂ) ਹਰੀ (ਰੂਪ) ਪੂੰਜੀ ਦਾ ਚਾਹਵਾਨ ਹੋਕੇ (ਸਤਿਗੁਰੂ ਪਾਸੋਂ) ਨਾਮ ਖਰੀਦਿਆ, (ਹੁਣ ਮੇਰੇ ਮਨ ਨੂੰ ਉਸ ਹਰੀ ਦੇ) ਗੁਣ ਹੀ ਭਾਉਂਦੇ ਹਨ (ਤੇ ਮਨ ਉਸ ਦੇ) ਗੁਣ ਹੀ ਗਾਉਂਦਾ ਹੈ।ਤਦ (ਇਸ ਯਤਨ ਵਿਚ ਮੈਂ) ਨੀਂਦ ਬੀ

ਨੀਦ ਭੂਖ ਸਭ ਪਰਹਰਿ ਤਿਆਗੀ ਸੁੰਨੇ ਸੁੰਨਿ ਸਮਾਵੈ ॥ ਵਣਜਾਰੇ ਇਕ ਭਾਤੀ ਆਵਹਿ ਲਾਹਾ ਹਰਿ ਨਾਮੁ ਲੈ ਜਾਹੇ ॥ ਨਾਨਕ ਮਨੁ ਤਨੁ ਅਰਪਿ ਗੁਰ ਆਗੈ ਜਿਸੁ ਪ੍ਰਾਪਤਿ ਸੋ ਪਾਏ ॥੩॥	ਤਿਆਗ ਦਿੱਤੀ ਤੇ ਭੁੱਖ (ਆਦਿ) ਸਭੋ ਕੁਛ ਛਡ ਦਿੱਤਾ, (ਇਥੋਂ ਤਾਈਂ ਕਿ) ਸੁੰਨਿ (=ਨਿਰਗੁਣ ਪਰਮਾਤਮਾ) ਵਿਚ (ਮੇਰਾ ਆਪਾ ਹਉਮੈਂ ਮਾਇਆਂ ਤੋਂ ਸ਼ੂਨ (ਰਹਿਤ ਹੋਕੇ) ਸਮਾ ਰਿਹਾ ਹੈ। (ਮੇਰੀ ਇਹ ਪ੍ਰਾਪਤੀ ਸੁਣਕੇ) ਇਕੋ ਪ੍ਰਕਾਰ ਦੇ (ਭਾਵ ਪ੍ਰਭੂ ਤੇ ਸ਼ਰਧਾ ਵਾਲੇ) ਵਣਜਾਰੇ (ਮੇਰੇ ਪਾਸ) ਆਉਂਦੇ ਹਨ (ਤੇ ਵਣਜ ਕਰਕੇ) ਹਰੀ ਨਾਮ ਦਾ ਨਫਾ (ਖੱਟਕੇ) ਲੈ ਜਾਂਦੇ ਹਨ। ਹੇ ਨਾਨਕ ! (ਤੂੰ ਬੀ) ਤਨ ਤੇ ਮਨ ਗੁਰੂ ਅਗੇ ਅਰਪਨ ਕਰ ਦੇਹ, ਜਿਸ ਦੀ ਪ੍ਰਾਪਤੀ ਨਾਲ ਓਹ (ਨਫਾ) ਪਾ ਲਈਦਾ ਹੈ॥ ੩॥
ਰਤਨਾ ਰਤਨ ਪਦਾਰਥ ਬਹੁ ਸਾਗਰੁ ਭਰਿਆ ਰਾਮ ॥ ਬਾਣੀ ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ ਰਾਮ ॥ ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ ਨਿਰਮੋਲਕੁ ਰਤਨੁ ਅਪਾਰਾ॥ ਹਰਿ ਹਰਿ ਨਾਮੁ ਅਤੋਲਕੁ ਪਾਇਆ ਤੇਰੀ ਭਗਤਿ ਭਰੇ ਭੰਡਾਰਾ॥ ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ ॥ ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ ॥੪॥੧॥੮॥	(ਇਹ ਸਰੀਰ ਰੂਪੀ) ਸਮੁੰਦਰ ਬਹੁਤੇ ਰਤਨਾ ਤੇ ਰਤਨ ਪਦਾਰਥਾਂ ਨਾਲ ਭਰਪੂਰ ਹੈ, ਹੇ ਰਾਮ ! (ਇਹ ਰਤਨ ਪਦਾਰਥ) ਉਹਨਾਂ ਦੇ ਹੱਥ ਚੜ੍ਹਦਾ ਹੈ (ਭਾਵ ਪ੍ਰਾਪਤ ਹੁੰਦਾ ਹੈ ਜੋ) ਬਾਣੀ ਵਿਚ, (ਹਾਂ) ਗੁਰਬਾਣੀ ਵਿਚ ਲਗ ਪੈਂਦੇ ਹਨ। ਹੇ ਰਾਮ ! (ਇਹ) ਮੁੱਲ ਤੋਂ ਰਹਿਤ ਤੇ ਅਪਾਰ ਰਤਨ ਉਹਨਾਂ ਨੂੰ ਪ੍ਰਾਪਤ ਹੁੰਦਾ ਹੈ ਜੋ ਗੁਰਬਾਣੀ ਵਿਚ ਲਗ ਪੈਂਦੇ ਹਨ (ਭਾਵ ਸ਼ਰਧਾ ਨਾਲ ਪੜ੍ਹਦੇ ਤੇ ਕਮਾਈ ਕਰਦੇ ਹਨ। ਇਸ ਪ੍ਰਕਾਰ ਅਸਾਂ) ਅਤੁੱਲਜ ਹਰੀ ਹਰਿ ਨਾਮ ਪਾਇਆ ਹੈ (ਹੇ ਪ੍ਰਭੂ !) ਤੇਰੀ ਭਗਤੀ ਦੇ ਭੰਡਾਰੇ (ਇਸ ਨਾਲ) ਭਰਪੂਰ ਹੋ ਰਹੇ ਹਨ। ਸਰੀਰ (ਰੂਪੀ) ਸਮੁੰਦਰ ਨੂੰ ਅਸੀਂ ਰਿੜਕਕੇ ਵੇਖਿਆ ਹੈ (ਸਾਨੂੰ) ਇਕ ਅਨੂਪਮ ਵਸਤੂ ਦਿਖਾਈ ਦਿਤੀ ਹੈ। (ਉਹ ਵਸਤੂ ਇਹ ਹੈ ਕਿ) ਗੁਰੂ ਗੋਬਿੰਦ ਹੈ ਤੇ ਗੋਬਿੰਦ ਗੁਰੂ ਹੈ (ਗੁਰੂ) ਨਾਨਕ (ਦੇਵ ਜੀ ਆਖਦੇ ਹਨ) ਹੇ ਭਾਈ ਕੁਛ ਫਰਕ ਨਹੀਂ ਹੈ॥ ੪॥ ੧॥ ੮॥

ਵਜਾਖਜਾ-ਅੰਕ ੧-ਸਤਿਗੁਰ ਦੀ ਵਡਿਆਈ ਹੈ ਜਿਸ ਨੇ ਹਰੀ ਨਾਮ ਦਿੱਤਾ, ਦਿੱਤਾ ਹੀ ਨਹੀਂ ਪ੍ਰਾਣਾਂ ਵਿਚ ਵਸਾ ਦਿੱਤਾ। ਜਿਸ ਦਾ ਫਲ ਇਹ ਹੋਇਆ: ਅਨਹਦ ਵਾਜੇ ਵੱਜ ਪਏ। ਸੰਸੇ ਤੇ ਸੰਸਿਆਂ ਤੋਂ ਉਪਜੇ ਦੁਖ ਦੂਰ ਹੋ ਗਏ, ਤੇ ਪਰਮਪਦ ਨੂੰ ਪ੍ਰਾਪਤ ਹੋ ਗਏ। ਉਹ ਕੀਹ ਸੀ ਕਿ ਜਜੋਤੀ ਸਰੂਪ ਪਰਮਾਤਮਾ ਵਿਚ ਸਾਡੀ ਆਤਮ ਜੋਤਿ ਸਮਾਪਤ ਹੋ ਗਈ।

ਅੰਕ ੨-ਇਉਂ ਗੁਰਮੁਖ ਜੀਵਨ ਦਰਸਾਕੇ ਹੁਣ ਮਨਮੁਖ ਜੀਵਨ ਦੱਸਦੇ ਹਨ। ਮਨਮੁਖ ਵਾਹਿਗੁਰੂ ਵਿਚ ਚਿਤ ਨਹੀਂ ਲਾਉਂਦਾ ਪਰ ਬਦਬੋ ਨਾਲ ਮਾਸ ਦੇ ਢੇਰ, ਭਾਵ ਸਰੀਰ ਨਾਲ ਮੋਹ ਪਾਉਂਦਾ ਹੈ ਜੋ ਕਿ ਮੈਲਾ ਤੇ ਗੰਦਾ ਹੈ। ਮੁਰਾਦ ਇਹ ਹੈ ਕਿ ਇਹ ਭੋਗਾਂ ਕਰਕੇ ਮੈਲਾ ਤੇ ਗੰਦਾ ਹੋ ਜਾਂਦਾ ਹੈ, ਤੇ ਭੋਗਾਂ ਦੀ ਮਸਤੀ ਵਿਚ ਹੀ ਮਨਮੁਖ ਸਾਈਂ ਨਾਲ ਨਹੀਂ ਪਰ ਸਰੀਰ ਦੇ ਪਾਲਣ ਪੋਖਣ ਵਿਚ ਲਗਾ ਰਹਿੰਦਾ ਹੈ, ਕਮਾਈਆਂ ਕਰਦਾ ਹੈ, ਭੋਗਦਾ ਹੈ ਤੇ ਮੈਲਾ ਹੁੰਦਾ ਹੈ। ਫੇਰ ਓਹ ਭੁਖ ਸੁਖ ਭੋਗ ਟਿਕਦਾ ਬੀ ਨਹੀਂ, ਕੁਸੰਭੇ ਦੇ ਰੰਗ ਵਾਕੂ ਥੋੜੇ ਚਿਰ ਮਗਰੋਂ-ਉਮਰ ਢਲੇ-ਭੋਗ ਸੁਖਾਂ ਦੀ ਸਤਜਾ ਹੀ ਨਹੀਂ ਰਹਿੰਦੀ, ਮਾਇਆ ਬੀ ਕਈ ਵੇਰ ਛਲ ਜਾਂਦੀ ਹੈ, ਜੋ ਭੋਗਾਂ ਲਈ ਕਮਾਈ ਦੀ ਹੈ। ਫਲ ਦੁੱਖ ਹੁੰਦਾ ਹੈ, ਕਿਉਂਕਿ ਪਦਾਰਥ, ਮਿਤ੍ਰ ਤੇ ਸਨਬੰਧੀ ਸਾਰੇ ਨਾਸ਼ਮਾਨ ਹਨ। ਤੇ ਨਾਸ਼ਮਾਨ ਦੇ ਨਾਸ਼ ਹੋਇਆਂ ਫਲ ਵਿਚ ਦੁਖ ਤੇ ਸ਼ੋਕ ਪ੍ਰਾਪਤ ਹੁੰਦਾ ਹੈ, ਅਖੀਰਲੀ ਤੁਕ ਵਿਚ ਮਨਮੁਖ ਦੇ ਤਰਣੇ ਦੀ ਬਿਧੀ ਦੱਸਦੇ ਹਨ ਕਿ ਜੇ ਉਹ ਬੀ ਗੁਰੂ ਕੀ ਸ਼ਰਣ ਆ ਪਵੇ ਤਾਂ ਔਖ ਨਾਲ ਤਰਿਆ ਜਾਣ ਵਾਲਾ ਭਵਸਾਗਰ ਤਰ ਜਾਏਗਾ।

ਅੰਕ ੩ ਵਿਚ ਵਾਹਿਗੁਰੂ ਜੀ ਨੂੰ ਨੀਕਾ ਪਰ ਅਗਮ ਤੇ ਅਥਾਹ ਦੱਸਦੇ ਹਨ ਕਿ ਹੈ ਤਾਂ ਅਗਮ ਤੇ ਅਥਾਹ ਪਰ ਹੈ ਬਹੁਤ ਚੰਗਾ, ਬਹੁਤ ਸੁੰਦਰ ਤੇ ਗੁਣੀ ਭਰਪੂਰ। ਉਸ ਦੀ ਪ੍ਰਾਪਤੀ ਪਰਮ ਪ੍ਰਯੋਜਨ ਹੈ। ਕਟਾਖਜ ਵਿਚ ਇਹ ਹੈ ਕਿ ਉਹ ਅਵਿਨਾਸ਼ੀ ਹੈ, ਜੋ ਉਸ ਵਿਚ ਲਗੇਗਾ ਦੁਖ ਸ਼ੋਕ ਨਹੀਂ ਦੇਖੇਗਾ, ਕਿਉਂਕਿ:-

'ਨਾ ਓਹੁ ਮਰੈ ਨ ਹੋਵੈ ਸੋਗੁ॥ [ਆਸਾ ਮਹਲਾ ੧]

ਉਸ ਦੀ ਪ੍ਰਾਪਤੀ ਲਈ ਗਾਹਕ ਬਣਕੇ ਗੁਰੂ ਦੁਆਰੇ ਗਏ ਤੇ ਉਸ ਤੋਂ ਹਰੀ ਰੂਪ ਰਾਸ ਪੂੰਜੀ ਮੰਗੀ ਤੇ ਉਸ ਦੀ ਮੇਹਰ ਨਾਲ ਨਾਮ ਖਰੀਦ ਹੋ ਗਿਆ। ਇਸ ਨਾਮ ਦਾ ਫੇਰ ਅਭਜਾਸ ਕੀਤਾ, ਇਸ ਸ਼ੌਕ ਨਾਲ ਕਿ ਨੀਂਦ ਭੁੱਖ ਤਕ ਘਟ ਗਈ, ਅੰਤ ਨਿਰਗੁਣ ਪ੍ਰਭੂ ਵਿਚ ਸਮਾਈ ਪ੍ਰਾਪਤ ਹੋਈ। ਹੁਣ ਕੇਵਲ ਇਸ ਸਹਜ ਸੁਖ ਵਿਚ ਆਪ ਹੀ ਨਹੀਂ ਹਾਂ, ਸਗੋਂ ਹੋਰ ਨਾਮ ਦੇ ਵਪਾਰੀ ਆਉਂਦੇ ਹਨ, ਤੇ ਨਾਮ ਦਾ ਵਪਾਰ ਕਰਨਾ ਸਿੱਖਕੇ ਨਫਾ ਲੈਕੇ ਜਾਂਦੇ ਹਨ। ਸੋ ਮੂਲਕ ਗੱਲ ਦੱਸਦੇ ਹਨ ਕਿ ਮਨ ਤਨ ਅਰਪੋ ਗੁਰੂ ਅੱਗੇ। ਹਉਮੈ ਹੰਕਾਰ ਤਜਾਗੋ ਤੇ ਸੇਵਾ ਕਰੋ ਤਾਂ ਪ੍ਰਭੂ ਨੂੰ ਪਾ ਲਓਗੇ। ਜਿਸ ਦੇ ਭਾਗਾਂ ਵਿਚ ਹੈ ਕਾਮਯਾਬ ਹੋ ਜਾਏਗਾ।

ਅੰਕ ੪ ਵਿਚ ਗੁਰਬਾਣੀ ਵਿਚ ਲਗਣ ਦਾ ਉਪਦੇਸ਼ ਹੈ। ਕਿ ਇਸ ਵਿਚ ਲਗਿਆਂ, ਭਾਵ ਪ੍ਰੇਮ ਨਾਲ ਪੜ੍ਹਿਆਂ ਵੀਚਾਰਿਆਂ ਤੇ ਅਮਲ ਕੀਤਿਆਂ ਰਤਨ ਪਦਾਰਥ ਲੱਭਦਾ ਹੈ। ਉਹ ਰਤਨ ਸਰੀਰ ਦੇ ਵਿਚ ਹੈ। ਉਹ ਹੈ ਹਰੀ ਦਾ ਵਜਾਪਕ ਨਾਮ। ਗੁਰੂ ਦੇ ਦਿੱਤੇ ਨਾਮ ਦੀ ਕਮਾਈ ਨਾਲ ਉਸ ਅੰਦਰ ਵਜਾਪਕ ਹੋ ਰਹੇ ਨਾਮ ਨਾਲ ਮੇਲ ਹੋ ਜਾਂਦਾ ਹੈ, ਫੇਰ ਤਾਂ ਭਗਤੀ ਦੇ ਮਾਨੋ ਅਖੁੱਟ ਭੰਡਾਰ ਮਿਲ ਜਾਂਦੇ ਹਨ। ਅੰਤ ਵਿਚ ਫੁਰਮਾਉਂਦੇ ਹਨ ਕਿ ਜਿਸ ਗੁਰੂ ਦੀ ਮੇਹਰ ਨਾਲ ਪਰਮਪਦ ਨੂੰ ਪਹੁੰਚੀਦਾ ਹੈ ਉਹ ਗੋਬਿੰਦ ਰੂਪ ਹੈ, ਗੋਬਿੰਦ ਗੁਰੂ ਰੂਪ ਹੈ। ਇਹ ਗਜਾਨ ਇਹ ਸੋਝੀ ਅਨੂਪਮ ਪਦਾਰਥ ਹੈ ਗੋਬਿੰਦ ਨੇ ਮੇਹਰ ਕੀਤੀ ਤਾਂ ਗੁਰੂ ਮਿਲਿਆ, ਗੁਰੂ ਨੇ ਮੇਹਰ ਕੀਤੀ ਤਾ ਗੋਬਿੰਦ ਮਿਲਿਆ, ਇਹ ਖਿਆਲ ਗੁਰਬਾਣੀ ਵਿਚ ਪਿੱਛੇ ਕਈ ਥਾਂ ਦੱਸ ਆਏ ਹਨ। ਗੁਰੂ ਨਿਸ਼ਭ੍ਰਮ ਹੋਕੇ, ਮਾਇਆ ਰਹਿਤ ਤੇ ਹਉਂ ਅਤੀਤ ਹੋ ਜਾਣ ਕਰਕੇ ਸ਼ੁੱਧ ਆਤਮਾ ਹੋ ਗਿਆ ਹੈ। ਉਹ ਸਭ ਉਪਾਧੀਆਂ ਤੋਂ ਰਹਿਤ ਹੋਕੇ ਸੁੰਨ-(ਨਿਰੋਲ ਆਤਮਾ) ਹੋਕੇ ਸੁੰਨ (ਨਿਰਗੁਣ) ਵਿਚ ਸਮਾਕੇ ਗੋਬਿੰਦ ਨਾਲ ਅਭੇਦ ਹੋ ਚੁਕਾ ਹੈ ਤੇ ਗੋਬਿੰਦ ਉਸੇ ਵਿਚ ਹੋਕੇ (ਪਰਮ ਗੁਰੂ ਦੇ ਰੂਪ ਵਿਚ 'ਗੁਰੂਨਾਂ ਗੁਰ'ਹੋਣ ਕਰਕੇ) ਜਗਤ ਜੀਵਾਂ ਨੂੰ ਉਪਦੇਸ਼ ਤੇ ਨਾਮ ਦੇਕੇ ਤਾਰ ਰਿਹਾ ਹੈ।

ਨਿਰੁਕੁ-ਜੀਵਨੁ-ਜਿੰਦ, ਜ਼ਿੰਦਗੀ। ਆਤਮ ਰੂਪਤਾ ਵਿਚ ਜਾਗ ਪੈਣ ਨੂੰ ਜੀਵਨ-ਅਸਲੀ ਜੀਵਨ-ਆਤਮ ਜੀਵਨ ਕਹਿ ਰਹੇ ਹਨ। ਭਾਏ-ਚੰਗੇ ਲਗੇ। ਪਿਆਰੇ ਲਗੇ।

ਅਦਿਸਟੁ-ਜੋ ਨਾ ਦਿੱਸੇ। ਜੋ ਦ੍ਰਿਸ਼ਟੀ ਗੋਚਰ ਨਾ ਹੋਵੇ।

ਅਗੋਚਰੁ-ਜੋ ਇੰਦ੍ਰਿਆਂ ਦਾ ਵਿਸ਼ਾ ਨਾ ਹੋਵੇ। ਜੋ ਇੰਦ੍ਰਿਆਂ ਦੁਆਰਾ ਨਾ ਜਾਨਿਆ ਜਾਏ।

ਅਨਹਦ ਧੁਨਿ-ਉਹ ਸੰਗੀਤਕ ਸ਼ਬਦ ਦੀ ਧ੍ਵਨੀ ਜੋ ਦਸਮ ਦੁਆਰ ਵਿਚ ਅਨੁਭਵ ਹੁੰਦੀ ਹੈ। ਐਸੇ ਪੁਰਖ ਦੇ ਪੰਚ ਦੂਤ ਵੱਸ ਹੁੰਦੇ ਹਨ ਤੇ ਕਾਲ ਨੂੰ ਉਹ ਮਾਰਕੇ ਜਨਮ ਮਰਨ ਤੋਂ ਛੁਟ ਗਿਆ ਹੁੰਦਾ ਹੈ; ਯਥਾ:-

ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ॥ ਘਰਿ ਸਭਾਗੈ ਸਬਦ ਵਾਜੇ ਕਲਾ ਜਿਤੁ ਘਰਿ ਧਾਰੀਆ॥
ਪੰਚ ਦੂਤ ਤੁਧੁ ਵਸਿ ਕੀਤੇ ਕਾਲੁ ਕੰਟਕੁ ਮਾਰਿਆ॥ [ਰਾਮਕਲੀ ਮ:੩ ਅਨੰਦ-੫]

ਇਹ ਪ੍ਰਾਪਤੀ ਨਾਮ ਸਿਮਰਨ ਦੁਆਰਾ ਹੁੰਦੀ ਹੈ:-

ਪ੍ਰਭ ਕੈ ਸਿਮਰਨਿ ਅਨਹਦ ਝੁਨਕਾਰ॥ [ਗਉੜੀ ਸੁਖਮਨੀ, ੧-੭]

ਮੜੈ-ਢੇਰ। ਦੁਰਗੰਧ ਮੜੈ ਦਾ ਭਾਵ ਸਰੀਰ ਹੈ, ਜੋ ਮਲ ਮੂਤ੍ਰ ਦਾ ਥੈਲਾ ਹੈ ਤੇ ਜੋ ਭੋਗਾਂ ਬਿਲਾਸਾਂ ਨਾਲ ਬਦਬੋ ਹੀ ਕੱਠੀ ਕਰਦਾ ਹੈ ਅਪਣੇ ਦੁਆਲੇ। ਬਿਰਧਿ-ਬ੍ਰਿਧੀ। ਵਾਧਾ। ਵਾਧਾ

ਵਧਾਇਆ। ਬਿਖਮੁ-ਔਖਾ। ਜਿਸ ਦਾ ਤਰਨਾ ਕਠਨ ਹੋਵੇ।

ਸੁਹੇਲਾ-ਸੌਖਾ। ਨੀਕਾ-ਚੰਗਾ। ਅਗਮ-ਜੋ ਪਹੁੰਚ ਤੋਂ ਪਰੇ ਹੋਵੇ।

ਅਥਾਹ-ਬਹੁਤ ਡੂੰਘਾ। ਜਿਸ ਦਾ ਥਾਹ ਨਾ ਲੱਭੇ।

ਚਾਹੀ-ਚਾਹੁਣ ਵਾਲਾ। (ਅ) ਮੰਗੀ। ਬਿਸਾਹੀ-ਖਰੀਦੀ। (ਅ) ਖਰੀਦਣ ਵਾਲਾ (ਹੋ ਗਿਆ)।

ਪਰਹਰਿ-ਛਡੀ। ਤਿਆਗੀ-ਛਡੀ।

ਸ਼ੂਨ-ਸ਼ੂਨ। ਕੁਛ ਨਾ। ਪਰ ਇਥੇ ਭਾਵ ਹੈ ਨਿਰਗੁਣ ਪਰਮਾਤਮਾ ਤੋਂ। ਜੋ ਤ੍ਰਿਗੁਣਾਤੀਤ ਨਿਜ ਸਰੂਪ ਵਿਚ ਟਿਕਿਆ ਹੈ। ਦੂਸਰੇ ਸੁੰਨ ਤੋਂ ਮੁਰਾਦ ਬੀ ਸ਼ੂਨ ਹੈ ਜੀਵਾਤਮਾ ਦੀ ਜੋ ਸਾਰੇ ਅਵਗੁਣਾਂ ਤੋਂ ਰਹਿਤ ਹੋ ਗਿਆ ਹੈ। ਤ੍ਰੈ ਗੁਣਾਂ ਤੋਂ ਬੀ ਉੱਪਰ ਉਠਿਆ, ਸਾਰੀਆਂ ਉਪਾਧੀਆਂ ਤੋਂ ਸ਼ੂਨ (ਸਿਫਰ) ਹੋ ਗਿਆ ਹੈ ਤੇ ਨਿਜ ਸਰੂਪ ਵਿਚ ਸ਼ੁੱਧ ਆਤਮ ਹੈ।

ਇਕ ਭਾਤੀ-ਇਕ ਕਿਸਮ ਦੇ। ਸ਼ਰਧਾ ਵਾਲੇ ਭਗਤੀ ਦੇ ਯਾਚਕ।

ਨਿਰਮੋਲਕੁ-ਮੁੱਲ ਰਹਤ। ਭਾਵ ਜਿਸ ਦੀ ਕੀਮਤ ਕੂਤ ਪੈ ਨਾ ਸਕੇ।

ਅਤੋਲਕੁ-ਜੋ ਤੋਲਿਆ ਨਾ ਜਾ ਸਕੇ, ਜਾਚਿਆ ਨਾ ਜਾ ਸਕੇ।

ਵਿਰੋਲਿ-ਨਿਤਾਰ ਕੇ, ਰਿੜਕ ਕੇ।

ਅਨੂਪ-ਜਿਸ ਦੀ ਮਹਿਮਾ (ਉਪਮਾ) ਨਾ ਹੋ ਸਕੇ। ਬਹੁਤ ਸੁੰਦਰ।

ਗੋਵਿੰਦੁ-ਪ੍ਰਿਥਵੀ ਦਾ ਮਾਲਕ। ਵਾਹਿਗੁਰੂ।

[ਆਸਾ ਮਹਲਾ ੪, ਛੰਤ, ੨-੯]

ਮੂਲ

ਆਸਾ ਮਹਲਾ ੪ ॥

ਝਿਮਿ ਝਿਮੇ ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ ਰਾਮ ॥ ਗੁਰਮੁਖੇ ਗੁਰਮੁਖਿ ਨਦਰੀ ਰਾਮੁ ਪਿਆਰਾ ਰਾਮ ॥ ਰਾਮ ਨਾਮੁ ਪਿਆਰਾ ਜਗਤ ਨਿਸਤਾਰਾ ਰਾਮ ਨਾਮਿ ਵਡਿਆਈ॥ ਕਲਿਜੁਗਿ ਰਾਮ ਨਾਮੁ ਬੋਹਿਥਾ ਗੁਰਮੁਖਿ ਪਾਰਿ ਲਘਾਈ ॥ ਹਲਤਿ ਪਲਤਿ ਰਾਮ ਨਾਮਿ ਸੁਹੇਲੇ ਗੁਰਮੁਖਿ ਕਰਣੀ ਸਾਰੀ ॥ ਨਾਨਕ ਦਾਤਿ ਦਇਆ ਕਰਿ ਦੇਵੈ ਰਾਮ ਨਾਮਿ ਨਿਸਤਾਰੀ ॥੧॥

ਰਾਮੋ ਰਾਮ ਨਾਮੁ ਜਪਿਆ ਦੁਖ ਕਿਲਵਿਖ ਨਾਸ ਗਵਾਇਆ ਰਾਮ ॥

ਅਰਥ

ਹੇ ਰਾਮ ! ਅੰਮ੍ਰਿਤ ਦੀ ਧਾਰਾ ਝਿਮ ਝਿਮ ਦੀ ਧੁਨਿ ਨਾਲ ਛਮਾ ਛਮ ਬਰਸ ਰਹੀ ਹੈ। ਹੇ ਰਾਮ ! ਪਿਆਰਾ ਰਾਮ, ਗੁਰੂ ਦੁਆਰਾ, ਹਾਂ ਗੁਰੂ ਦੁਆਰਾ ਹੀ ਨਜ਼ਰ ਆਉਂਦਾ ਹੈ; (ਪਰੰਤੂ ਪਹਿਲੋਂ) ਰਾਮ ਨਾਮ ਪਿਆਰਾ (ਲਗਦਾ ਹੈ); ਰਾਮ ਨਾਮ ਵਿਚ ਵਡਿਆਈ (ਇਹ) ਹੈ (ਕੀ ਸਾਰੇ) ਜਗਤ ਦਾ (ਇਹ) ਨਿਸਤਾਰਾ (=ਮੁਕਤੀ ਕਰ ਸਕਦਾ ਹੈ)। ਕਲਿਜੁਗ ਵਿਚ ਰਾਮ ਦਾ ਨਾਮ ਜਹਾਜ਼ ਹੈ ਜੋ ਗੁਰੂ ਦੁਆਰਾ ਪਾਰ ਲੰਘਾਉਂਦਾ ਹੈ। (ਇਹੋ) ਕਰਤੱਵ ਸ੍ਰੇਸ਼ਟ (ਸਮਝਕੇ) ਗੁਰਮੁਖ ਲੋਕ ਪ੍ਰਲੋਕ ਵਿਚ ਰਾਮ ਨਾਮ ਦੁਆਰਾ ਸੁਖੀਏ ਹੋ ਗਏ; (ਪਰ ਜਿਸ) ਰਾਮ ਨਾਮ ਦੁਆਰਾ ਮੁਕਤੀ ਹੁੰਦੀ ਹੈ (ਉਹ ਦਾਤਾ) ਦਾਤ ਦਇਆ ਕਰਕੇ ਦੇਂਦਾ ਹੈ, ਹੇ ਨਾਨਕ ! (ਉਹ ਆਪੂੰ ਯਾ ਮੁੱਲ ਨਾਲ ਨਹੀਂ ਮਿਲਦਾ)॥ ੧॥

[ਹੁਣ ਨਿਜ ਤਜਰਬੇ ਦੁਆਰਾ ਉਪਦੇਸ਼ ਕਰਦੇ ਹਨ:] ਹੇ ਰਾਮ ! (ਮੈਂ) ਰਾਮ ਹੀ ਰਾਮ ਦਾ ਨਾਮ ਜਪਿਆ (ਜਿਸ ਕਰਕੇ ਮੈਂ)

ਗੁਰ ਪਰਚੈ ਗੁਰ ਪਰਚੈ ਧਿਆਇਆ ਮੈ ਹਿਰਦੈ ਰਾਮੁ ਰਵਾਇਆ ਰਾਮ ॥ ਰਵਿਆ ਰਾਮੁ ਹਿਰਦੈ ਪਰਮ ਗਤਿ ਪਾਈ ਜਾ ਗੁਰ ਸਰਣਾਈ ਆਏ ॥ ਲੋਭ ਵਿਕਾਰ ਨਾਵ ਡੁਬਦੀ ਨਿਕਲੀ ਜਾ ਸਤਿਗੁਰਿ ਨਾਮੁ ਦਿੜਾਏ ॥ ਜੀਅ ਦਾਨੁ ਗੁਰਿ ਪੂਰੈ ਦੀਆ ਰਾਮ ਨਾਮਿ ਚਿਤੁ ਲਾਏ ॥ ਆਪਿ ਕ੍ਰਿਪਾਲੁ ਕ੍ਰਿਪਾ ਕਰਿ ਦੇਵੈ ਨਾਨਕ ਗੁਰ ਸਰਣਾਏ ॥੨॥

ਪਾਪ, ਦੁਖ ਨਾਸ਼ ਕਰਕੇ ਗੁਆ ਸੱਟੇ। ਗੁਰੂ ਦੇ ਮੇਲ ਨਾਲ ਗੁਰੂ ਦੇ ਮੇਲ ਵਿਚ ਮੈਂ (ਨਾਮ) ਧਿਆਇਆ, (ਐਉਂ) ਮੈਂ ਹਿਰਦੇ ਵਿਚ ਰਾਮ ਵਜਾਪਕ ਕਰ ਲੀਤਾ। ਜਦ ਰਾਮ (ਮੇਰੇ) ਹਿਰਦੇ ਵਿਚ ਵਜਾਪਕ ਹੋ ਗਿਆ (ਤਾਂ ਮੈਂ) ਉੱਚੀ ਤੋਂ ਉੱਚੀ ਅਵਸਥਾ ਪ੍ਰਾਪਤ ਕਰ ਲਈ (ਹਾਂ) ਜਦੋਂ ਕਿ ਗੁਰੂ ਦੀ ਸ਼ਰਣ ਵਿਚ ਆਏ (ਤਦ ਇਹ ਪ੍ਰਾਪਤੀ ਹੋਈ)। ਜਦੋਂ ਸਤਿਗੁਰੂ ਨੇ (ਮੈਨੂੰ) ਨਾਮ ਦ੍ਰਿੜ ਕਰਾ ਦਿਤਾ ਤਾਂ ਲੋਭ ਆਦਿਕਾਂ ਦੇ ਵਿਕਾਰਾਂ ਨਾਲ ਡੁਬਦੀ ਬੇੜੀ (ਘੁੰਮਣ ਘੇਰ ਵਿਚੋਂ) ਨਿਕਲ ਆਈ। (ਹਾਂ) ਪੂਰੇ ਗੁਰੂ ਨੇ ਜੀਅਦਾਨ ਦਿੱਤਾ (ਭਾਵ ਆਤਮ ਜੀਵਨ ਦਾਨ ਕੀਤਾ ਤਾਂ ਜਦ ਕਿ) ਰਾਮ ਨਾਮ ਵਿਚ ਚਿਤ ਲਵਾ ਦਿੱਤਾ। ਹੇ ਨਾਨਕ ! ਗੁਰੂ ਦੀ ਸ਼ਰਣ ਵਿਚ ਆ ਗਿਆਂ ਕ੍ਰਿਪਾਲ (ਪ੍ਰਭੂ) ਆਪੇ ਕ੍ਰਿਪਾ ਕਰ ਦੇਂਦਾ ਹੈ॥ ੨॥

ਬਾਣੀ ਰਾਮ ਨਾਮ ਸੁਣੀ ਸਿਧਿ ਕਾਰਜ ਸਭਿ ਸੁਹਾਏ ਰਾਮ ॥ ਰੋਮੇ ਰੋਮਿ ਰੋਮਿ ਰੋਮੇ ਮੈ ਗੁਰਮੁਖਿ ਰਾਮੁ ਧਿਆਏ ਰਾਮ ॥ ਰਾਮ ਨਾਮੁ ਧਿਆਏ ਪਵਿਤੁ ਹੋਇ ਆਏ ਤਿਸੁ ਰੂਪੁ ਨ ਰੇਖਿਆ ਕਾਈ ॥ ਰਾਮੋ ਰਾਮੁ ਰਵਿਆ ਘਟ ਅੰਤਰਿ ਸਭ ਤ੍ਰਿਸਨਾ ਭੂਖ ਗਵਾਈ ॥ ਮਨੁ ਤਨੁ ਸੀਤਲੁ ਸੀਗਾਰੁ ਸਭੁ ਹੋਆ ਗੁਰਮਤਿ ਰਾਮੁ ਪ੍ਰਗਾਸਾ ॥ ਨਾਨਕ ਆਪਿ ਅਨੁਗ੍ਰਹੁ ਕੀਆ ਹਮ ਦਾਸਨਿ ਦਾਸਨਿ ਦਾਸਾ ॥੩॥

(ਜਦੋਂ ਮੈਂ) ਰਾਮ ਦੇ ਨਾਮ ਦੀ ਬਾਣੀ ਸੁਣੀ ਤਦ, ਹੇ ਰਾਮ ! (ਮੇਰੇ) ਕਾਰਜ ਸਾਰੇ ਸਿਧ ਹੋ ਗਏ ਤੇ ਸੁਹਾਵਣੇ ਲਗ ਪਏ। (ਹਾਂ, ਤਦੋਂ ਮੈਂ) ਹੇ ਰਾਮ ! ਰੋਮ ਰੋਮ ਦੁਆਰਾ, ਰੋਮ ਹੀ ਰੋਮ ਦੁਆਰਾ ਮੈਂ ਰਾਮ ਜੀ (ਪਿਆਰੇ) ਗੁਰੂ (ਮੇਹਰ) ਦੁਆਰਾ ਧਿਆਏ। ਹਾਂ, ਰਾਮ ਨਾਮ ਨੂੰ ਧਿਆਇਕੇ (ਅਸੀਂ) ਪਵਿਤ੍ਰ ਹੋ ਆਏ, (ਪਰ ਦੇਖੋ) ਉਸ (ਰਾਮ) ਦੀ (ਜਿਸਨੂੰ ਅਸਾਂ ਧਿਆਇਆ) ਕੋਈ ਰੇਖਾ (=ਚਿੰਨ੍ਹ) ਨਹੀਂ, ਕੋਈ ਰੂਪ ਨਹੀਂ (ਭਾਵ ਉਹ ਨਿਰਗੁਣ ਹੈ। ਹਾਂ,) ਉਹ ਰਾਮ ਹੀ ਰਾਮ ਹਿਰਦੇ ਵਿਚ (ਜਦ) ਰਵ ਗਿਆ (ਤਦ ਉਸ ਨੇ) ਤ੍ਰਿਸ਼ਨਾ (ਆਦਿ) ਭੁਖ (ਸਾਰੀ) ਦੂਰ ਕਰ ਦਿੱਤੀ। (ਫੇਰ) ਮਨ ਤਨ ਠੰਢਾ ਹੋ ਗਿਆ (ਤ੍ਰਿਸ਼ਨਾ ਦੀ ਅੱਗ ਜੁ ਬੁਝ ਗਈ, ਅਤੇ ਪ੍ਰਭੂ ਪ੍ਰਾਪਤੀ ਲਈ) ਸਾਰਾ ਸ਼ਿੰਗਾਰ ਹੋ ਗਿਆ (ਭਾਵ ਪੂਰਨ ਯੋਗਤਾ ਪ੍ਰਭੂ ਦੇ ਮਿਲਾਪ ਦੀ ਪੈਦਾ ਹੋ ਗਈ, ਅਰਥਾਤ) ਗੁਰੂ ਦੀ ਮਤਿ ਦੁਆਰਾ ਰਾਮ ਦਾ ਪ੍ਰਕਾਸ਼ ਹੋ ਗਿਆ। ਹੇ ਨਾਨਕ ! (ਇਹ) ਕ੍ਰਿਪਾਲਤਾ ਆਪੇ (ਪ੍ਰਭੂ ਨੇ) ਕੀਤੀ, (ਸਾਡੀ ਕਰਣੀ ਕ੍ਰਿਤ ਕੋਈ ਨਹੀਂ), ਅਸੀਂ ਤਾਂ ਦਾਸਾਂ ਦੇ ਦਾਸਾਂ ਦੇ ਦਾਸ ਹਾਂ॥ ੩॥

ਜਿਨੀ ਰਾਮੋ ਰਾਮ ਨਾਮੁ ਵਿਸਾਰਿਆ ਸੇ ਮਨਮੁਖ ਮੂੜ ਅਭਾਗੀ ਰਾਮ ॥ ਤਿਨ ਅੰਤਰੇ ਮੋਹੁ ਵਿਆਪੈ ਖਿਨੁ ਖਿਨੁ ਮਾਇਆ ਲਾਗੀ ਰਾਮ ॥ ਮਾਇਆ ਮਲੁ ਲਾਗੀ ਮੂੜ ਭਏ ਅਭਾਗੀ ਜਿਨ ਰਾਮ ਨਾਮੁ ਨਹ ਭਾਇਆ ॥

[ਹੁਣ ਮਨਮੁਖ ਦੀ ਗੱਲ ਕਰਦੇ ਹਨ:-] ਜਿਨ੍ਹਾਂ ਨੇ ਰਾਮ ਨੂੰ (ਹਾਂ) ਰਾਮ ਨਾਮ ਨੂੰ ਵਿਸਾਰ ਦਿੱਤਾ ਹੈ ਓਹ ਮਨਮੁਖ ਹਨ, ਓਹ ਮੂਰਖ ਹਨ, (ਓਹ) ਭਾਗਹੀਨ ਹਨ। ਉਨ੍ਹਾਂ ਦੇ ਅੰਦਰ ਮੋਹ ਚੰਬੜ ਰਿਹਾ ਹੈ, ਹਰ ਖਿਨ ਵਿਚ ਮਾਇਆ (ਦੀ ਪ੍ਰੀਤ ਹੀ) ਲੱਗੀ ਰਹਿੰਦੀ ਹੈ; (ਕਿਉਂਕਿ) ਮਾਯਾ ਮੈਲ (ਹੈ, ਉਹ ਉਨ੍ਹਾਂ ਦੇ ਅੰਦਰ ਮਾਇਆ ਹੋਣ ਕਰਕੇ) ਲਗ ਰਹੀ ਹੈ (ਉਸ ਮੈਲ ਕਰਕੇ ਓਹ) ਮੂਰਖ ਹੋ ਰਹੇ ਹਨ (ਭਾਵ ਉਨ੍ਹਾਂ ਦੀ ਬੁਧੀ ਯਥਾਰਥ ਨੂੰ ਨਹੀਂ ਪਛਾਣਦੀ, ਇਸ ਕਰਕੇ ਓਹ) ਅਭਾਗੇ ਹਨ, (ਕਿਉਂਕਿ

ਅਨੇਕ ਕਰਮ ਕਰਹਿ ਅਭਿਮਾਨੀ

ਹਰਿ ਰਾਮੋ ਨਾਮੁ ਚੋਰਾਇਆ ॥

ਮਹਾ ਬਿਖਮੁ ਜਮ ਪੰਥੁ ਦੁਹੇਲਾ ਕਾਲੂਖਤ ਮੋਹ ਅੰਧਿਆਰਾ ॥

ਨਾਨਕ ਗੁਰਮੁਖਿ ਨਾਮੁ ਧਿਆਇਆ ਤਾ ਪਾਏ ਮੋਖ ਦੁਆਰਾ ॥੪॥

ਮੂਰਖ ਹੋਣ ਦੀ ਵਡੀ ਅਭਾਗਤਾ ਹੈ); (ਕੌਣ ਅਭਾਗੀ ਹਨ?) ਜਿਨ੍ਹਾਂ ਨੂੰ ਰਾਮ ਦਾ ਨਾਮ ਨਹੀਂ ਭਾਇਆ। [ਪ੍ਰਸ਼ਨ:-ਭਲਾ ਜੀ ਓਹ ਲੋਕ ਕਈ ਬ੍ਰਤਿ, ਦਾਨ ਆਦੀ ਕਰਮ ਕਰਦੇ ਦੇਖੀਦੇ ਹਨ, ਉਨ੍ਹਾਂ ਨੂੰ ਪਰਮਗਤੀ ਨਾ ਮਿਲੇਗੀ? ਉੱਤਰ:] (ਉਹ) ਕਰਮ ਤਾਂ ਅਨੇਕਾਂ ਕਰਦੇ ਹਨ, (ਪਰ ਕਰਮਾਂ ਦੇ) ਅਭਿਮਾਨੀ ਹੋਕੇ ਕਰਦੇ ਹਨ (ਭਾਵ ਉਨ੍ਹਾਂ ਦੇ ਕਰਮ ਧਰਮ ਅਹੰਕਾਰ ਬ੍ਰਿਤੀ ਨਾਲ ਕੀਤੇ ਜਾਂਦੇ ਹਨ, ਜਦ ਹਉਮੈਂ ਕਾਯਮ ਰਹੀ ਤਾਂ ਕਲਯਾਣ ਨਹੀਂ ਹੋ ਸਕਦੀ, ਨਾਮ, ਜਿਸ ਨੇ ਹਉਂ ਦੀ ਪੱਟੀ ਮੇਸ ਦੇਣੀ ਹੈ, ਓਹ) ਹਰੀ ਦੇ ਰਾਮ ਨਾਮ (ਵਲੋਂ ਮਨ ਨੂੰ) ਚੁਰਾਈ ਰਖਦੇ ਹਨ (ਭਾਵ ਨਾਮ ਜਪਣ ਵਲੋਂ ਮਨ ਨੂੰ ਘੁਸਾਈ ਰਖਦੇ ਹਨ ਜਿਵੇਂ ਪਾਠਸ਼ਾਲਾ ਜਾਣੋਂ ਸਾਡਾ ਮਨ ਚੁਰਾਉਂਦਾ ਯਾ ਘੁਸਾਈ ਮਾਰਦਾ ਹੈ। ਰਾਮ ਨਾਮ ਨਾਲ ਮਨ ਨੂੰ ਚਾਨਣੇ ਵਿਚ ਨਾ ਲਿਆਉਣ ਵਾਲਾ ਉਸ ਦੇ ਨਾ ਅਰਾਧਣ ਕਰਕੇ ਉਨ੍ਹਾਂ ਦਾ ਮਨ) ਮੋਹ ਦੇ ਕਾਲੇ ਅੰਧਕਾਰ ਵਿਚ ਹੁੰਦਾ ਹੈ, (ਤੇ ਮਰਕੇ ਜਿਸ ਰਸਤਿਓਂ ਲੰਘਣਾ ਹੁੰਦਾ ਹੈ ਉਹ) ਜਮ ਪੰਥ ਲੰਘਣਾ ਬਹੁਤ ਹੀ ਕਠਨ ਹੁੰਦਾ ਹੈ, (ਸੋ ਉਨ੍ਹਾਂ ਨੂੰ ਲੰਘਣ ਵੇਲੇ ਬਹੁਤ) ਦੁਖਦਾਈ ਹੋ ਜਾਂਦਾ ਹੈ। [ਹੁਣ ਮਨਮੁਖ ਦਾ ਨਿਸਤਾਰਾ ਦੱਸਦੇ ਹਨ:] ਹੇ ਨਾਨਕ ! (ਜੇ ਉਹ ਮਨਮੁਖ ਬੀ) ਗੁਰੂ ਦੁਆਰਾ ਨਾਮ ਧਿਆਵੇ ਤਾਂ ਮੁਕਤੀ ਦਾ ਦਰਵਾਜ਼ਾ ਪ੍ਰਾਪਤ ਕਰ ਲਏਗਾ॥ ੪॥

ਰਾਮੋ ਰਾਮ ਨਾਮੁ ਗੁਰੂ ਰਾਮੁ ਗੁਰਮੁਖੇ ਜਾਣੈ ਰਾਮ ॥ ਇਹੁ ਮਨੂਆ ਖਿਨੁ ਊਭ ਪਇਆਲੀ ਭਰਮਦਾ ਇਕਤੁ ਘਰਿ ਆਣੈ ਰਾਮ ॥ ਮਨੁ ਇਕਤੁ ਘਰਿ ਆਣੈ ਸਭ ਗਤਿ ਮਿਤਿ ਜਾਣੈ ਹਰਿ ਰਾਮੋ ਨਾਮੁ ਰਸਾਏ ॥ ਜਨ ਕੀ ਪੈਜ ਰਖੈ ਰਾਮ ਨਾਮਾ ਪ੍ਰਹਿਲਾਦ ਉਧਾਰਿ ਤਰਾਏ ॥ ਰਾਮੋ ਰਾਮੁ ਰਮੋ ਰਮੁ ਊਚਾ ਗੁਣ ਕਹਤਿਆ ਅੰਤੁ ਨ ਪਾਇਆ ॥ ਨਾਨਕ ਰਾਮ ਨਾਮੁ ਸੁਣਿ ਭੀਨੇ ਰਾਮੈ ਨਾਮਿ ਸਮਾਇਆ ॥੫॥

[ਹੁਣ ਇਕ ਤਰੇ ਹੋਏ ਗੁਰਮੁਖ ਦੀ ਮਿਸਾਲ ਦੇਂਦੇ ਹਨ] ਹੇ (ਮੇਰੇ) ਰਾਮ ! (ਜੋ ਤਰਣਾ ਚਾਹੇ ਐਉਂ ਕਰੇ ਕਿ) ਗੁਰੂ ਦੁਆਰਾ ਜਾਣ ਲਵੇ ਕਿ ਰਾਮ ਨਾਮ ਗੁਰੂ ਹੀ ਹੈ, ਰਾਮ ਨਾਮ ਰਾਮ ਹੀ ਹੈ। ਹੇ ਰਾਮ ! ਇਹ ਮਨ ਅਕਾਸ਼ ਪਤਾਲ ਵਿਚ ਭਟਕਦਾ ਹੈ (ਇਸ ਨੂੰ ਕਿਸੇ ਇਕ) ਖਿਨ (ਤਾਂ) ਇਕ ਟਿਕਾਣੇ ਲਿਆਵੇ। (ਹਾਂ) ਮਨ ਨੂੰ ਇਕ ਟਿਕਾਣੇ ਲਿਆਵੇ ਤਾਂ (ਆਪਣੀ) ਸਾਰੀ ਗਤਿ ਮਿਤ ਜਾਣ ਲਏਗਾ; ਰਾਮ ਨਾਮ ਨਾਲ ਹੀ ਹਰੀ ਰਸ ਵਿਚ ਆ ਜਾਏਗਾ (ਭਾਵ ਹਰੀ ਦਾ ਰਸੀਆ ਹੋ ਜਾਏਗਾ। ਇਹ) ਰਾਮ ਨਾਮ ਹੀ (ਆਪਣੇ) ਭਗਤ ਦੀ ਪੈਜ ਰਖ ਲਏਗਾ, (ਜਿਸ ਤਰ੍ਹਾਂ ਇਸ ਨੇ) ਪ੍ਰਹਿਲਾਦ (ਵਰਗੇ) ਉਧਾਰ ਕਰਕੇ (ਭਵ ਸਾਗਰ ਤੋਂ) ਤਾਰ ਦਿੱਤੇ। ਰਾਮ ਹੀ ਰਾਮ (ਨੂੰ) ਸਿਮਰਨਾ ਹੀ ਸਿਮਰਨਾ (ਸਭ ਤੋਂ) ਉੱਚਾ (ਕੰਮ ਹੈ, ਇਸ ਦੇ) ਗੁਣ ਕਥਨ ਕਰਦਿਆਂ ਕਿਸੇ ਨੇ ਅੰਤ ਨਹੀਂ ਪਾਇਆ। ਹੇ ਨਾਨਕ ! (ਸਾਰੇ ਭਗਤ) ਰਾਮ ਦਾ ਨਾਮ ਸੁਣਕੇ (ਰਸ-) ਭਿੰਨੇ ਹੋ ਗਏ (ਭਾਵ ਆਤਮ ਰਸ ਦੇ ਰਸੀਏ ਹੋ ਗਏ; ਹਾਂ) ਨਾਮ ਦੁਆਰਾ ਰਾਮ ਵਿਚ ਹੀ ਸਮਾ ਗਏ॥ ੫॥

ਜਿਨ ਅੰਤਰੇ ਰਾਮ ਨਾਮੁ ਵਸੈ ਤਿਨ ਚਿੰਤਾ ਸਭ ਗਵਾਇਆ ਰਾਮ ॥

ਹੇ ਰਾਮ ! ਜਿਨ੍ਹਾਂ ਦੇ ਅੰਦਰ ਰਾਮ ਦਾ ਨਾਮ ਵੱਸਦਾ ਹੈ ਉਨ੍ਹਾਂ ਦੀ ਚਿੰਤਾ ਸਾਰੀ (ਰਾਮ ਨਾਮ ਨੇ) ਗੁਆ ਦਿੱਤੀ। (ਉਨ੍ਹਾਂ ਨੂੰ)

ਸਭਿ ਅਰਥਾ ਸਭਿ ਧਰਮ ਮਿਲੇ ਮਨਿ ਚਿੰਦਿਆ ਸੋ ਫਲੁ ਪਾਇਆ ਰਾਮ ॥ ਮਨ ਚਿੰਦਿਆ ਫਲੁ ਪਾਇਆ ਰਾਮ ਨਾਮੁ ਧਿਆਇਆ ਰਾਮ ਨਾਮ ਗੁਣ ਗਾਏ ॥ ਦੁਰਮਤਿ ਕਬੁਧਿ ਗਈ ਸੁਧਿ ਹੋਈ ਰਾਮ ਨਾਮਿ ਮਨੁ ਲਾਏ ॥ ਸਫਲੁ ਜਨਮੁ ਸਰੀਰੁ ਸਭੁ ਹੋਆ ਜਿਤੁ ਰਾਮ ਨਾਮੁ ਪਰਗਾਸਿਆ ॥ ਨਾਨਕ ਹਰਿ ਭਜੁ ਸਦਾ ਦਿਨੁ ਰਾਤੀ ਗੁਰਮੁਖਿ ਨਿਜ ਘਰਿ ਵਾਸਿਆ ॥੬॥

ਸਾਰੇ ਅਰਥ (ਤੇ) ਸਾਰੇ ਧਰਮ ਪ੍ਰਾਪਤ ਹੋ ਗਏ, (ਜੋ ਉਨ੍ਹਾਂ ਨੇ)ਮਨ ਵਿਚ ਫਲ ਚਿਤਵਿਆ ਸੋਈ ਪਾ ਲਿਆ। ਮਨ ਦਾ ਚਿਤਵਿਆ ਫਲ (ਉਨ੍ਹਾਂ ਨੇ) ਪਾ ਲਿਆ (ਜਦ ਕਿ ਉਨ੍ਹਾਂ ਨੇ ਰਾਮ ਦਾ ਨਾਮ ਧਿਆਇਆ ਤੇ ਰਾਮ ਨਾਮ ਦੇ ਗੁਣ ਗਾਵੇਂ। (ਹਾਂ, ਉਨ੍ਹਾਂ ਦੀ) ਖੋਟੀ ਮਤੀ ਵਾਲੀ ਬੁੱਧੀ ਦੂਰ ਹੋ ਗਈ (ਤੇ) 'ਸੁਧਿ' ਪ੍ਰਾਪਤ ਹੋ ਗਈ ਜਦ ਰਾਮ ਨਾਮ ਵਿਚ (ਉਨ੍ਹਾਂ ਨੇ ਆਪਣੇ) ਮਨ ਨੂੰ ਲਾ ਲਿਆ। ਜਿਨ੍ਹਾਂ ਉਤੇ ਰਾਮ ਨਾਮ ਦਾ ਪ੍ਰਕਾਸ਼ ਹੋਇਆ (ਉਨ੍ਹਾਂ ਦਾ) ਸਰੀਰ ਸਫਲ ਹੋ ਗਿਆ, (ਉਨ੍ਹਾਂ ਦਾ) ਸਾਰਾ ਜਨਮ (ਸਫਲ ਹੋ ਗਿਆ)। ਹੇ ਨਾਨਕ ! (ਤੂੰ ਬੀ) ਹਰੀ ਨੂੰ ਗੁਰੂ ਦੁਆਰਾ ਧਿਆਉ, ਸਦੀਵ (=ਕਾਲ) ਦਿਨੇ ਬੀ ਰਾਤ ਬੀ, (ਜੋ ਤੂੰ ਬੀ) ਆਪਣੇ ਸਰੂਪ ਵਿਚ ਵਸਣੇ ਵਾਲਾ ਹੋ ਜਾਏ ॥ ੬ ॥

ਜਿਨ ਸਰਧਾ ਰਾਮ ਨਾਮਿ ਲਗੀ ਤਿਨ੍ ਦੂਜੈ ਚਿਤੁ ਨ ਲਾਇਆ ਰਾਮ ॥ ਜੇ ਧਰਤੀ ਸਭ ਕੰਚਨੁ ਕਰਿ ਦੀਜੈ ਬਿਨੁ ਨਾਵੈ ਅਵਰੁ ਨ ਭਾਇਆ ਰਾਮ ॥ ਰਾਮ ਨਾਮੁ ਮਨਿ ਭਾਇਆ ਪਰਮ ਸੁਖੁ ਪਾਇਆ ਅੰਤਿ ਚਲਦਿਆ ਨਾਲਿ ਸਖਾਈ ॥ ਰਾਮ ਨਾਮ ਧਨੁ ਪੂੰਜੀ ਸੰਚੀ ਨਾ ਡੂਬੈ ਨਾ ਜਾਈ ॥ ਰਾਮ ਨਾਮੁ ਇਸੁ ਜੁਗ ਮਹਿ ਤੁਲਹਾ ਜਮਕਾਲੁ ਨੇੜਿ ਨ ਆਵੈ ॥ ਨਾਨਕ ਗੁਰਮੁਖਿ ਰਾਮੁ ਪਛਾਤਾ ਕਰਿ ਕਿਰਪਾ ਆਪਿ ਮਿਲਾਵੈ ॥੭॥

ਹੇ ਰਾਮ ! ਜਿਨ੍ਹਾਂ ਨੂੰ ਰਾਮ ਨਾਮ ਵਿਚ ਸ਼ਰਧਾ (=ਭਾਵਨੀ) ਲਗ ਗਈ (ਉਨ੍ਹਾਂ ਨੇ ਕਿਸੇ) ਦੂਜੇ (ਪ੍ਰਾਣੀ ਕਿ ਪਦਾਰਥ) ਵਿਚ (ਫੇਰ) ਚਿਤ ਨਹੀ ਫਸਾਇਆ। (ਉਨ੍ਹਾਂ ਲਈ) ਹੇ ਰਾਮ ! ਜੇ ਸਾਰੀ ਜ਼ਮੀਨ (ਹੀ) ਸੋਨਾ ਕਰ ਦੇਈਏ (ਉਨ੍ਹਾਂ ਨੂੰ ਹਰੀ-) ਨਾਮ ਤੋਂ ਬਿਨਾ ਹੋਰ ਕੁਛ ਨਹੀਂ (ਕਦੇ) ਭਾਇਆ। (ਹਾਂ, ਜਿਨ੍ਹਾਂ ਦੇ) ਮਨ ਵਿਚ ਰਾਮ ਦਾ ਨਾਮ ਚੰਗਾ ਲਗ ਗਿਆ, (ਉਨ੍ਹਾਂ ਨੇ) ਪਰਮ ਸੁਖ ਪਾ ਲਿਆ, (ਇਹ ਨਾਮ) ਅੰਤ ਨੂੰ ਬੀ (ਏਥੋਂ) ਚੱਲਣ ਵੇਲੇ (ਉਨ੍ਹਾਂ ਦਾ) ਸਾਥੀ ਬਣਿਆ। (ਉਨ੍ਹਾਂ ਨੇ) ਰਾਮ ਨਾਮ ਰੂਪੀ ਧਨ ਦੀ (ਐਸੀ) ਰਾਸ ਜਮਾ ਕੀਤੀ ਹੈ ਕਿ ਨਾ (ਉਹ) ਡੁਬ ਸਕਦੀ ਹੈ, ਨਾ ਜਾ ਸਕਦੀ ਹੈ (ਭਾਵ ਨਾ ਉਹ ਗੁਆਚ ਸਕਦੀ ਹੈ, ਨਾ ਉਹ ਜਾਂਦੀ ਹੈ; ਭਾਵ ਖਰਚਿਆਂ ਨਾ ਮੁੱਕਦੀ ਹੈ, ਨਾ ਚੋਰੀ ਹੁੰਦੀ ਹੈ)। ਰਾਮ ਨਾਮ ਇਸ (ਕਲਿ-) ਜੁਗ ਵਿਚ ਤੁਲਹਾ ਹੈ (ਜਿਸ ਦੇ) ਨੇੜੇ ਕਿ ਜਮਕਾਲ ਨਹੀਂ ਆ ਸਕਦਾ (ਭਾਵ ਉਹ ਕਿਸੇ ਤੋਂ ਡੋਬਿਆ ਨਹੀਂ ਜਾ ਸਕਦਾ)। ਹੇ ਨਾਨਕ ! (ਜਿਨ੍ਹਾਂ ਨੇ) ਗੁਰੂ ਦੁਆਰੇ ਰਾਮ ਨੂੰ ਸਿਆਣ ਲਿਆ ਹੈ ਉਨ੍ਹਾਂ ਨੂੰ ਕਿਰਪਾ ਕਰਕੇ (ਪ੍ਰਭੂ) ਆਪ (ਆਪਣੇ ਨਾਲ) ਮਿਲਾ ਲੈਂਦਾ ਹੈ॥ ੭॥

ਰਾਮੋ ਰਾਮ ਨਾਮੁ ਸਤੇ ਸਤਿ ਗੁਰਮੁਖਿ ਜਾਣਿਆ ਰਾਮ ॥ ਸੇਵਕੋ ਗੁਰ ਸੇਵਾ ਲਾਗਾ ਜਿਨਿ ਮਨੁ ਤਨੁ ਅਰਪਿ ਚੜਾਇਆ ਰਾਮ ॥ ਮਨੁ ਤਨੁ ਅਰਪਿਆ ਬਹੁਤੁ ਮਨਿ ਸਰਧਿਆ ਗੁਰ ਸੇਵਕ ਭਾਇ ਮਿਲਾਏ ॥

ਹੇ ਰਾਮ ! ਰਾਮ ਹੀ ਰਾਮ ਨਾਮ ਨੂੰ (ਕਿਸੇ ਵਿਰਲੇ) ਗੁਰਮੁਖ ਨੇ (ਹੀ) ਸੱਚ ਹੀ ਸੱਚ ਕਰਕੇ ਜਾਣਿਆ ਹੈ। (ਉਹੀ ਸੱਚਾ) ਸੇਵਕ ਹੈ, (ਉਹ) ਗੁਰ ਸੇਵਾ ਵਿਚ ਲਗ ਗਿਆ ਹੈ, ਜਿਸ ਨੇ (ਆਪਣਾ) ਮਨ (ਬੀ ਤੇ) ਤਨ (ਬੀ) ਅਰਪਨ ਕਰਕੇ (ਭੇਟਾ ਵਜੋਂ) ਚੜ੍ਹਾ ਦਿੱਤਾ ਹੈ, (ਕਿਉਂਕਿ ਉਸ ਦੇ) ਮਨ ਵਿਚ ਬਹੁਤੀ ਸ਼ਰਧਾ ਸੀ, ਉਸ ਨੇ ਮਨ ਤਨ ਅਰਪ ਦਿੱਤਾ (ਭਾਵ ਭੇਟਾ ਵਜੋਂ ਦੇ ਦਿੱਤਾ)। [ਹੁਣ ਗੁਰੂ ਦਾ ਸੁਭਾਵ ਦੱਸਦੇ ਹਨ ਕਿ ਕੀ ਹੈ:]

२१२

ਦੀਨਾ ਨਾਥੁ ਜੀਆ ਕਾ ਦਾਤਾ ਪੂਰੇ ਗੁਰ ਤੇ ਪਾਏ ॥ ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ ॥ ਰਾਮ ਨਾਮ ਮੰਤੁ ਹਿਰਦੈ ਦੇਵੈ ਨਾਨਕ ਮਿਲਣੁ ਸੁਭਾਏ ॥੮॥੨॥੯॥

ਗੁਰੂ ਸੇਵਾ ਭਾਵ ਵਾਲਿਆਂ ਨੂੰ (ਪ੍ਰਭੂ ਨਾਲ) ਮਿਲਾ ਦੇਂਦਾ ਹੈ। (ਐਉਂ ਸ਼ਰਧਾ ਵਾਲਾ ਤੇ ਮਨ ਤਨ ਅਰਪਣ ਵਾਲਾ) ਪੂਰੇ ਗੁਰੂ ਤੋਂ ਜੀਵਾਂ ਦੇ ਦਾਤੇ (ਤੇ) ਗ਼ਰੀਬਾਂ ਦੇ ਮਾਲਕ (ਪ੍ਰਭੂ) ਨੂੰ ਪਾ ਲੈਂਦਾ ਹੈ। (ਇਸ ਪਦਵੀ ਨੂੰ ਪਹੁੰਚਾ) ਸਿਖ ਗੁਰੂ ਹੈ ਤੇ ਗੁਰੂ (ਸਿਰੇ ਚੜ੍ਹਿਆ) ਸਿਖ ਹੈ, (ਅਰਥਾਤ ਦੁਇ) ਇਕ ਰੂਪ ਹੋ ਗਏ ਹਨ, (ਐਸਾ ਗੁਰੂ ਹੋਇਆ ਸਿਖ) ਗੁਰੂ ਦੇ ਉਪਦੇਸ਼ (ਨੂੰ ਅਗੇ) ਚਲਾਉਂਦਾ ਹੈ; (ਭਾਵ ਹੋਰਨਾਂ ਦੇ) ਹਿਰਦੇ ਵਿਚ ਰਾਮ ਨਾਮ ਦਾ ਮੰਤ੍ਰ ਦੇਂਦਾ ਹੈ; ਹੇ ਨਾਨਕ ! (ਇਸ ਤ੍ਰੀਕੇ ਨਾਲ ਪ੍ਰਭੂ) ਮਿਲਣਾ ਸੌਖਾ (ਤੇ ਸਹਿਲ) ਹੈ॥ ੮॥ ੨॥ ੯॥

ਵਯਾਖਯਾ-ਇਨ੍ਹਾਂ ਛੰਤਾਂ ਦੀ ਬੋਲੀ ਕਿਤਨੀ ਮਿਠੀ ਤੇ ਪਿਆਰ ਭਰੀ ਹੈ ਕਿ ਬਾਣੀ ਦੀ ਤਾਸੀਰ ਮਨ ਵਿਚ ਇਉਂ ਸੁਹਾਵਣੀ ਹੋਕੇ ਖੁੱਭਦੀ ਜਾਂਦੀ ਹੈ ਕਿ ਜਿਵੇਂ ਮਿਠੀ ਮਿਠੀ ਧਾਰ ਬਰਖਾ ਦੀ ਜ਼ਿਮੀਂ ਵਿਚ ਸਿੰਜਰਦੀ ਜਾਂਦੀ ਹੈ। ਇਹੋ ਮਿਸਾਲ ਸ਼ਬਦ ਦੇ ਸ਼ੁਰੂ ਵਿਚ ਗੁਰੂ ਜੀ ਨੇ ਆਪ ਦਿਤੀ ਹੈ। ਵਯਾਖਯਾ ਸੁਗਮ ਹੈ। ਸੁਗਮ ਕੀਹ, ਗੋਇਆ ਗੁਰਮਤਿ ਦੇ 'ਨਾਮ ਆਰਾਧਨ' ਦੀ ਵਯਾਖਯਾ ਆਪ ਕਰ ਰਹੇ ਹਨ। ਹੈ ਤਾਂ ਰਚਨਾ 'ਪਦਯ' ਵਿਚ ਪਰ ਵਯਾਖਯਾ ਇਉਂ ਕਰ ਰਹੇ ਹਨ ਕਿ ਜਿਵੇਂ 'ਗਦਯ' ਵਿਚ ਲਿਖ ਰਹੇ ਹਨ। ਜਿਸ ਖ਼ਿਆਲ ਨੂੰ ਦੁਹਰਾਉਂਦੇ ਹਨ ਓਹ ਸਮਝ ਲਈ ਸੁਖੱਲਾ ਤੇ ਅੰਦਰ ਧਸਣ ਵਾਲਾ ਬਣ ਜਾਂਦਾ ਹੈ। ਦੁਹਰਾਉਣਾ ਇਕ ਨਵੀਂ ਜਾਨ ਉਸੇ ਖ਼ਿਆਲ ਵਿਚ ਭਰ ਦੇਂਦਾ ਤੇ ਉਸ ਨੂੰ ਹੋਰ ਸੁਹਾਉਣਾ ਕਰ ਦੇਂਦਾ ਹੈ। ਜੋ ਉਪਦੇਸ਼ ਹੈ ਸੋ ਨਾਮ ਦਾ, ਪੂਰੇ ਗੁਰੂ ਦਾ, ਲਿਵ ਦਾ, ਨਾਮ ਰਸ, ਰਾਮ ਰਸ, ਪ੍ਰੇਮਾ ਭਗਤੀ ਤੇ ਸ੍ਵੈ ਸਰੂਪ ਦੀ ਲੱਖਤਾ ਹੋਕੇ ਵਾਹਿਗੁਰੂ ਜੀ ਦੇ ਚਰਨ ਸ਼ਰਨ ਸਮਾਈ ਦੀ ਪ੍ਰਾਪਤੀ ਦਾ ਹੈ। ਯਾ ਇਉਂ ਕਹੋ ਕਿ ਜੀਵ ਦੀ ਪਰਮ ਪਦ ਤੇ ਪਹੁੰਚ ਦਾ ਸਾਰਾ ਪ੍ਰਕਾਰ ਸੁਗਮ ਤਰੀਕੇ ਤੇ ਨਾਮ ਦੇ ਸੁਖੱਲੇ ਤੇ ਸੁਭਾਵਕ ਰਸਤੇ ਦਾ ਵਰਣਨ ਕੀਤਾ ਹੈ। ਗ੍ਰਿਹਸਤੀਆਂ ਲਈ, ਬਾਲਕ ਬੁੱਢੇ ਜੁਆਨ ਲਈ, ਪੰਡਤ ਵਿਦਵਾਨ, ਅਨਪੜ੍ਹੇ ਤੇ ਸਾਧਾਰਨ ਬੰਦੇ ਲਈ, ਇਸਤ੍ਰੀ ਪੁਰਖ ਸਭਨਾਂ ਲਈ, ਇਕ ਗਾਡੀ ਰਾਹ ਬੰਨ੍ਹ ਦਿਤਾ ਹੈ; ਜਿਸ ਦੁਆਰਾ, ਹਠ, ਤਪ, ਬ੍ਰਤ, ਤਯਾਗ ਆਦਿ ਕਸ਼ਟਾਂ ਤੋਂ ਬਿਨਾਂ ਕਲਯਾਣ ਬੀ ਹੋ ਜਾਏ ਤੇ ਗ੍ਰਿਹਸਤ ਆਸ਼੍ਰਮ ਤੇ ਭਾਈਚਾਰੇ ਦੀ ਮਰਯਾਦਾ ਤ੍ਰੁਟ ਕੇ ਜਥੇਬੰਦੀ ਜ਼ਾਇਲ ਹੋਕੇ ਨੈਤਕ ਗ਼ੁਲਾਮੀਆਂ ਨਾ ਆ ਘੇਰਣ ਤੇ ਪ੍ਰਜਾ ਹਰ ਤਰ੍ਹਾਂ ਸੁਖੀ ਤੇ ਸੁਤੰਤ੍ਰ ਰਹੇ; ਨਹੀਂ ਤਾਂ

'ਸਿਧ ਛਪਿ ਬੈਠੇ ਪਰਬਤੀ ਕਉਣੁ ਜਗਤ੍ਰਿ ਕਉ ਪਾਰਿ ਉਤਾਰਾ॥' [ਭਾਈ ਗੁਰਦਾਸ ਵਾਰ ੧-੨੯]

ਵਾਲੀ ਗਲ ਹੋ ਜਾਂਦੀ ਹੈ। ਸੋ ਹਰ ਅੰਕ ਵਿਚ ਉਹ ਰਸ ਭਰੀ ਤਰਕੀਬ ਕਿ ਜਗਤ ਯਾਤ੍ਰਾ ਕਰਦਿਆਂ, ਹਸਦਿਆਂ ਖੇਲਦਿਆਂ ਪਹਿਨਦਿਆਂ, ਖਾਂਦਿਆਂ ਵਿਚੇ ਮੁਕਤ ਬੀ ਹੋ ਜਾਏ। ਧੰਨ ਗੁਰੂ ਰਾਮਦਾਸ ਜੀ ਅਪਣੀ ਮਿਠੀ ਮਿਠੀ ਪਯਾਰੀ ਬੋਲੀ ਵਿਚ ਰਾਹਨੁਮਾਈ ਕਰਦੇ ਹਨ; ਜਿਵੇਂ ਉਹਨਾਂ ਦੇ ਉੱਚੇ ਸੁੱਚੇ ਮਨ ਵਿਚ ਝਿਮ ਝਿਮ ਕਰਕੇ ਅੰਮ੍ਰਿਤ ਧਾਰਾ ਬਰਸਦੀ ਸੀ,ਉਸੇ ਤਰ੍ਹਾਂ ਓਹ ਅੰਮ੍ਰਿਤ ਧਾਰਾ ਵਾਲੀ ਬਾਣੀ ਦੁਆਰਾ ਸਾਡੇ ਤੇ ਅੰਮ੍ਰਿਤ ਧਾਰਾ ਦਾ ਝਿਮ ਝਿਮ ਕਰਦਾ ਮੀਂਹ ਵਸਾਉਂਦੇ ਹਨ।

ਅੰਕ ੧-ਰਾਮ ਨਾਮ ਨਿਸਤਾਰੇ ਦਾ ਮਾਨੁਖ ਦੀ ਕਲਯਾਣ ਦਾ ਸੌਖ਼ਾ ਰਸਤਾ ਹੈ, ਨਾਮ ਹਠ ਵਾਲੀ ਕਰੜੀ ਦੁਖਦਾਈ ਸਾਧਨਾ ਨਹੀਂ, ਪਰ ਘਾਲ ਹੈ, ਚਾਹੋ ਮੁੱਢ ਵਿਚ ਮੁਸ਼ੱਕਤ ਘਾਲ ਹੈ ਪਰ ਫੇਰ ਅੰਮ੍ਰਿਤ ਦੀ ਵਰਖਾ ਵਾਂਙ ਰਸਮਈ ਹੈ, ਤੇ ਕਲਿਜੁਗ ਵਿਚ ਇਹ ਮਾਰਗ ਦੁਰਸਤ ਹੈ, ਕਾਫੀ ਹੈ ਤੇ ਪੂਰਾ ਹੈ ਤੇ ਹੋਰਨਾਂ ਤੋਂ ਸ੍ਰੇਸ਼ਟ ਹੈ। ਇਸ ਨਾਮ ਦੀ ਪ੍ਰਾਪਤੀ ਗੁਰੂ ਤੋਂ ਹੈ, ਪੂਰੇ ਗੁਰੂ ਤੋਂ।

ਅੰਕ ੨ -ਗੁਰ ਸ਼ਰਣਾਈ ਆਕੇ ਰਾਮ ਨਾਮ ਮਿਲਿਆ, ਹਿਰਦੇ ਵਸਿਆ, ਉਸ ਨਾਲ ਲੋਭ ਆਦਿ ਵਿਕਾਰ ਹਟੇ, ਵਿਕਾਰਾਂ ਤੇ ਕਿਲਵਿਖਾਂ ਦੇ ਹਟਣ ਕਰਕੇ ਓਹਨਾਂ ਦੇ ਫਲ-ਜਾਮ ਦੂਰ ਹੋਏ। ਆਤਮ ਜੀਵਨ

ਮਿਲ ਗਿਆ। ਇਹ ਜੀਅਦਾਨ ਗੁਰੂ ਨੇ ਦਿੱਤਾ। ਅਸੀਂ ਸ਼ਰੀਰਕ ਜੀਵਨ ਵਿਚ ਸਾਂ, ਗੁਰੂ ਆਤਮ ਜੀਵਨ ਵਿਚ ਸੀ। ਅਪਣੇ ਆਤਮ ਜੀਵਨ ਦੀ ਛੋਹ ਸਾਨੂੰ ਨਾਮ ਹਿਰਦੇ ਵਿਚ ਵਸਾਕੇ ਲਾ ਦਿਤੀ।

ਅੰਕ ੩ ਵਿਚ ਇਸ ਨਵੇਂ ਆਤਮ ਜੀਵਨ ਦੀ ਵਜ਼ਾਖਜ਼ਾ ਕਰਦੇ ਹਨ।

ਅੰਕ ੩ ਵਿਚ ਨਾਮ ਦਾ ਹਿਰਦੇ ਪ੍ਰਵੇਸ਼ ਤੋਂ ਅਗੇ 'ਤਲਹੀਅਲ' ਵਿਚ ਨਿਵਾਸ ਹੋਕੇ ਸਰੀਰ ਦੇ ਜ਼ਰਰੇ ਜ਼ਰਰੇ ਵਿਚ ਵਸ ਜਾਣਾ ਦੱਸਿਆ ਹੈ। ਇਸ ਨੂੰ ਰੋਮ ਰੋਮ ਧਿਆਉਣਾ ਦੱਸਿਆ ਹੈ। ਪਹਿਲੋਂ ਨਾਮ ਸਿਮਰਨ ਅਪਣੇ ਇਸ ਮਨ ਨਾਲ ਕਰੀਦਾ ਹੈ, ਫੇਰ ਉਹ ਹੇਠਲੇ ਮਨ ਵਿਚ ਲਹਿ ਜਾਂਦਾ ਹੈ ਜਿਸ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਤਲਹੀਅਲ' ਕਿਹਾ ਹੈ। ਫੇਰ ਉਹ ਐਉਂ ਸਾਰੇ ਅੰਦਰ ਵਜ਼ਾਪਕ ਹੋ ਜਾਂਦਾ ਹੈ ਕਿ ਸਰੀਰ ਹੀ 'ਨਾਮ'-ਰਸ ਦਾ ਸੰਗੀਤਕ ਲਹਿਰਾਉ ਵਾਲਾ ਹੋ ਜਾਂਦਾ ਹੈ, ਸੁਰਤ ਉੱਚੀ ਤੇ ਸੁਖ ਵਿਚ ਰਹਿੰਦੀ ਹੈ। ਸਾਰੇ ਤਜਰਬੇ ਸਰੀਰ ਵਿਚ, ਜੋ ਮਨ ਆਤਮਾ ਦੇ ਹੁੰਦੇ ਹਨ, ਸਨਾਯੂ ਸ਼੍ਰੇਣੀ (Nervous System) ਦੁਆਰਾ ਹੁੰਦੇ ਹਨ। ਨਾਮ ਬੀ ਜਦ ਅੰਦਰ ਰਵਦਾ ਹੈ ਤਾਂ ਸਨਾਯੂ ਸ਼੍ਰੇਣੀ ਪ੍ਰਤੀਤ ਕਰਦੀ ਹੈ, ਉਹ ਪ੍ਰਤੀਤੀ:-

'ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ'। [ਬਿਲਾਵਲ ਮਹਲਾ ੧-੨]

ਗੁਰੂ ਜੀ ਨੇ ਦੱਸੀ ਹੈ। ਇਹ ਪ੍ਰਾਣਾਂ ਵਿਚ ਦੀ ਪ੍ਰਤੀਤੀ ਫੇਰ ਸਾਰੇ ਸਰੀਰ ਵਿਚ; ਯਾਨੇ ਰੋਮ ਰੋਮ ਵਿਚ ਹੁੰਦੀ ਸਹੀ ਹੁੰਦੀ ਹੈ। ਇਸ ਨੂੰ ਕਿਹਾ ਹੈ:-

'ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ॥' [ਰਾਮਕਲੀ ਮ: ੧, ਸਿਧ ਗੋਸਟਿ-੨੭]

ਫਿਰ ਇਸ ਦਾ ਫਲ ਦੱਸਿਆ: ਤ੍ਰਿਸ਼ਨਾ ਦੂਰ, ਸਭ ਭੁੱਖਾਂ ਦੂਰ, ਮਨ ਤਨ ਸ਼ਾਂਤਿਮਯ, ਠੰਢਾ ਠਾਰ। ਤੇ ਵਾਹਿਗੁਰੂ ਦਾ ਅੰਦਰ ਪ੍ਰਕਾਸ਼ ਪੈਣਾ। ਇਹ ਪ੍ਰਾਪਤੀ ਹੋਕੇ ਪ੍ਰਾਪਤੀ ਵਾਲਾ 'ਅਹੰ' ਭਾਵ ਵਿਚ ਨਹੀਂ ਜਾਂਦਾ, ਦਾਸਾ ਭਾਵ ਵਿਚ ਪ੍ਰੇਮਾ ਭਗਤੀ ਵਿਚ ਰਹਿੰਦਾ ਹੈ।

ਅੰਕ ੪ ਵਿਚ ਇਸ ਪਹਿਲੀ ਸਾਰੀ ਪ੍ਰਕ੍ਰਿਯਾ ਦੇ ਵਿਰੁੱਧ ਟੁਰਨ ਵਾਲੇ ਦਾ ਹਾਲ ਹੈ, ਜਿਸ ਨੂੰ ਬਾਣੀ ਵਿਚ ਮਨਮੁਖ ਕਹਿੰਦੇ ਆਏ ਹਨ। ਉਹਨਾ ਦੇ ਮਨਮੁਖ ਰਹਿਣ ਦਾ ਪਹਿਲੋਂ ਕਾਰਣ ਦੱਸਦੇ ਹਨ: ਉਹਨਾਂ ਦੇ ਅੰਦਰ ਮੋਹ ਹੈ। ਮੋਹ ਹੈ 'ਈਸ਼੍ਵਰ ਤੋਂ ਛੁਟ ਹੋਰ ਦਾ ਪਿਆਰ'। ਇਸ ਨੂੰ ਦੱਸਿਆ ਹੈ ਮਾਇਆ ਦਾ ਪਿਆਰ। ਮਾਇਆ ਮੋਹ ਮਨ ਨੂੰ ਲਗਣ ਵਾਲੀ 'ਮੈਲ' ਦੱਸਿਆ ਹੈ। ਇਹ ਮੈਲ ਉਹਨਾਂ ਅਭਾਗੀਆਂ ਦੇ ਮਨਾਂ ਨੂੰ ਰਾਮ ਨਾਮ ਵਿਚ ਨਹੀਂ ਲਗਣ ਦੇਂਦੀ। ਫਿਰ ਦੇਖੀਦਾ ਹੈ ਕਿ ਮਾਯਾ ਪ੍ਰੇਮੀ ਪੁੰਨ, ਦਾਨ, ਬ੍ਰਤਿ, ਜਪ ਆਦਿ ਕਰਮ ਕਰਦੇ ਹਨ। ਪ੍ਰਸ਼ਨ ਹੁੰਦਾ ਹੈ ਕਿ ਕੀ ਏਹ ਨਿਸ਼ਫਲ ਗਏ? ਤਾਂ ਉੱਤਰ ਦੇਂਦੇ ਹਨ ਕਿ ਓਹ ਜੋ ਪੁੰਨ ਸਮਝਕੇ ਕਰਮ ਕਰਦੇ ਹਨ, ਓਹ ਅਭਿਮਾਨੀ ਹੋਕੇ ਕਰਦੇ ਹਨ, ਸੋ ਕਰਮ ਕਰਦਿਆਂ ਹਉਮੈਂ ਅੰਦਰ ਵਧਦੀ ਰਹਿੰਦੀ ਹੈ, ਜਿਨ੍ਹਾਂ ਕਰਮਾਂ ਨੇ ਨਿਸ਼ਕਾਮ ਹੋਕੇ ਕੁਛ ਮੈਲ ਕੱਟਣੀ ਸੀ, ਓਹ ਕਰਮ ਸਕਾਮ ਹੋਕੇ ਮੈਲ ਨਾ ਕਟ ਸਕੇ ਤੇ ਉਹਨਾਂ ਕਰਮਾਂ ਦੇ ਓਹ ਅਭਿਮਾਨੀ ਰਹੇ, ਸੋ ਹੰਕਾਰ ਦੂਰ ਨਾ ਹੋਇਆ ਤੇ ਇਉਂ ਕੂੜੇ ਦੀ ਪਾਲ ਨਾ ਟੁੱਟੀ ਪਰ ਨਾ ਟੁੱਟੀ। ਇਹ ਅਭਿਮਾਨ (ਹਉਮੈ), ਇਹ ਮਾਇਆ ਮੋਹ ਕਾਲਕ ਹੈ, ਕਾਲਾ ਹਨੇਰਾ ਹੈ ਜੋ ਸ਼ਰੀਰ ਵਿਚ ਤੇ ਮਨ ਵਿਚ ਵੱਸਦੇ ਆਤਮਾ ਨੂੰ ਅਨੁਭਵ ਨਹੀਂ ਹੋਣੇ ਦੇਂਦੇ। ਅਖੀਰ ਵਿਚ ਐਸੇ ਅਗਜਾਨ ਫਸੇ ਅਭਿਮਾਨੀਆਂ ਨੂੰ ਬੀ ਨਿਰਾਸ ਨਹੀਂ ਕਰਦੇ, ਉਹਨਾਂ ਦੀ ਕਲਜਾਣ ਲਈ ਦਾਰੂ ਦੱਸਦੇ ਹਨ ਉਹੋ ਰਾਮ ਨਾਮ ਰੂਪੀ ਦਾਰੂ।

ਅੰਕ ੫ ਵਿਚ ਅਪਣੇ ਕਲਜਾਣ ਮਾਰਗ ਦਾ ਫੇਰ ਕੁਛ ਵੇਰਵਾ ਦੱਸਦੇ ਹਨ। ੧. ਮਨ ਚੰਚਲ ਹੈ, ਦ੍ਰਿਸ਼ਟਮਾਨ ਵਿਚ ਭਟਕਦਾ ਫਿਰਦਾ ਹੈ। ਅਨੇਕ ਚਿੰਤਨ ਵਿਚ ਰਹਿੰਦਾ ਟਿਕਾਉ ਨਹੀਂ ਖਾਂਦਾ। ਇਸ ਨੂੰ ਇਕ ਟਿਕਾਣੇ ਲਿਆਉਣ ਵਾਲਾ ਗੁਰਮਤਿ ਦਾ ਰਸਤਾ 'ਨਾਮ' ਹੈ, ਜਿਸ ਨਾਲ ਹਲਤ ਪਲਤ ਪੈਜ ਰਹਿ ਆਉਂਦੀ ਹੈ। ਇਹ ਕਹਿਕੇ ਪ੍ਰਹਲਾਦ ਦੀ ਪੈਜ ਰਹਿਣ ਦੀ ਮਿਸਾਲ ਦਿੱਤੀ ਕਿ ਉਸ ਤੇ ਉਸ ਵਰਗੇ ਨਾਮ ਪ੍ਰੇਮੀਆਂ ਦੇ ਹਾਲਾਤ ਤੋਂ ਸਿਖਜ਼ਾ ਧਾਰਨ ਕਰੋ ਕਿ ਰਾਮ ਨਾਮ ਪੈਜ ਰਖਦਾ ਹੈ।

ਅੰਕ ੬ ਵਿਚ 'ਨਾਮ' ਦੇ ਮੁਕਤੀ ਤੋਂ ਛੁਟ ਹੋਰ ਲਾਭ ਦੱਸਦੇ ਹਨ:- ਇਹ ਚਿੰਤਾ ਦੂਰ ਕਰਦਾ ਹੈ

ਸਾਰੇ ਅਰਥ, ਭਾਵ ਮਾਯਕ ਲਾਭ, ਤੇ ਸਾਰੇ ਧਰਮ, ਭਾਵ ਪਰਮਾਰਥਕ ਲਾਭ ਇਸ ਤੋਂ ਮਿਲਦੇ ਹਨ, ਹੋਰ ਮਨ ਦੇ ਚਿਤਵੇ ਇਸ ਨਾਲ ਲੱਭਦੇ ਹਨ। ਏਹ ਲਾਭ ਦੱਸਕੇ ਫੇਰ ਉੱਚਾ ਆਤਮਿਕ ਲਾਭ ਦਰਸਾਉਂਦੇ ਹਨ ਕਿ ਮਤਾਂ ਨਾਮ ਪ੍ਰੇਮੀ ਆਰਥਕ ਯਾਚਨਾ ਵਿਚ ਪੈਕੇ ਨਾਮ ਤੋਂ ਪਰਮਾਰਥਕ ਲਾਭ ਲੈਣ ਵੱਲੋਂ ਭੁੱਲੀ ਨਾ ਪੈ ਜਾਏ। ਨਾਮ ਨਾਲ ਦੁਰਮਤ ਦੂਰ ਹੁੰਦੀ ਹੈ। ਦੁਰਮਤਿ ਓਹ ਬੁੱਧੀ ਹੈ ਜੋ ਮਾਇਆ ਮੋਹ ਵਿਚ ਫਸਾਉਂਦੀ ਹੈ, ਨਾਮ ਤੋਂ ਵਰਜਦੀ ਹੈ, ਉਸ ਨੂੰ ਨਾਮ ਦੂਰ ਕਰਕੇ ਯਥਾਰਥ ਬੁੱਧੀ ਦੇਂਦਾ ਹੈ, ਬੁੱਧੀ ਤੋਂ ਉਹ ਫੇਰ 'ਸਿਧਿ' ਵਿਚ ਲੈ ਜਾਂਦਾ ਹੈ। ਯਥਾ:-

'ਕਹਿ ਕਬੀਰ ਬੁਧਿ ਹਰਿ ਲਈ ਮੇਰੀ ਬੁਧਿ ਬਦਲੀ ਸਿਧਿ ਪਾਈ॥' [ਗਉੜੀ ਕਬੀਰ-੭੨]

'ਸਿਧਿ' ਉਹ ਬੁੱਧੀ ਹੈ ਜੋ ਦੇਵਤਿਆਂ ਤੇ ਪੂਰਨ ਪੁਰਖਾਂ ਵਿਚ ਹੁੰਦੀ ਹੈ, ਅਗੰਮੀ ਬੁਧਿ, ਸਚ ਨੂੰ ਅਪਣੇ ਆਪ ਧਾਰਨ ਕਰਨੇ ਵਾਲੀ ਸੋਝੀ। ਇਸ ਤੋਂ ਫੇਰ ਪ੍ਰਕਾਸ਼, ਗਯਾਨ, ਪ੍ਰਾਪਤੀ ਹੁੰਦੀ ਦੱਸੀ।

ਅੰਕ ੭ ਵਿਚ ਅਚਰਜ ਖੂਬੀ ਨਾਲ ਫੁਰਮਾਉਂਦੇ ਹਨ ਕਿ ਨਾਮ ਕੀਕੂੰ ਸੁਤੇ ਵੈਰਾਗ ਪੈਦਾ ਕਰ ਦੇਂਦਾ ਹੈ। 'ਆਹ ਛਡੋ, ਆਹ ਛਡੋ' ਨਹੀਂ ਸਿੱਖਣਾ ਪੈਂਦਾ, ਸਗੋਂ ਰਾਮ ਨਾਮ ਵਿਚ ਸ਼ਰਧਾ ਹੋ ਜਾਣ ਕਰਕੇ ਹੋਰਨਾਂ ਵਿਚ ਸ਼ਰਧਾ ਕਿ ਗ੍ਰਹਣ ਬੁੱਧੀ ਨਹੀਂ ਰਹਿੰਦੀ। ਜਿਵੇਂ ਵਿਆਹ ਹੋ ਜਾਣ ਪਰ ਪਤੀ ਵਿਚ ਪਿਆਰ ਹੋ ਜਾਣ ਕਰਕੇ ਕਾਕੀ ਦਾ ਮਾਪੇ ਘਰ ਨਾਲ ਸੁਤੇ ਵੈਰਾਗ ਹੋ ਜਾਂਦਾ ਹੈ। ਨਾਮ ਵਿਚ ਸ਼ਰਧਾ ਨਾਮ ਵਿਚ ਪਿਆਰ ਜਿਨ੍ਹਾਂ ਨੂੰ ਹੋ ਜਾਏ, ਉਨ੍ਹਾਂ ਦਾ ਲੱਛਣ ਦੱਸਿਆ ਨੇ ਕਿ ਉਨ੍ਹਾਂ ਨੂੰ ਧਰਤੀ ਸੋਨੇ ਦੀ ਕਰਕੇ ਦੇ ਦਿਓ ਤਦ ਬੀ ਉਨ੍ਹਾਂ ਨੂੰ ਨਾਮ ਹੀ ਭਾਏਗਾ। ਗੋਇਆ ਲੋਭ ਲਾਲਚ ਤੋਂ ਸਾਫ ਹੋ ਜਾਣਗੇ, ਇਹ ਸੁਤੇ ਵੈਰਾਗ ਹੈ। ਫੇਰ ਕੀਹ ਓਹ ਸੱਖਣੇ ਸੁੰਞੇ ਹੋ ਜਾਣਗੇ? ਫੁਰਮਾਉਂਦੇ ਹਨ: ਇਹੀ ਨਾਮ ਉਨ੍ਹਾਂ ਦੀ ਸੱਚੀ ਪੂੰਜੀ ਬਣ ਜਾਏਗਾ। ਇਸ ਪੂੰਜੀ ਦੇ ਗੁਣ ਦੱਸਦੇ ਹਨ: ਝੂਠੇ ਧਨ ਪਦਾਰਥਾਂ ਵਾਂਞੂ ਇਹ ਦੇਣ ਨਾਲ ਮੁੱਕਦਾ ਨਹੀਂ, ਚੁਰਾ ਇਸ ਨੂੰ ਕੋਈ ਸੱਕਦਾ ਨਹੀਂ,ਅਪਣੇ ਆਪ ਕਦੇ ਖੁੱਟਦਾ ਨਹੀਂ, ਫੇਰ ਇਹ ਮਰਨ ਕਾਲ ਵੇਲੇ ਵੀ ਜੀਵਾਤਮਾ ਦੇ ਨਾਲ ਜਾਂਦਾ ਹੈ, ਤੇ ਸਹਾਈ ਹੁੰਦਾ ਹੈ। ਕਟਾਖਯ ਇਹ ਹੈ ਕਿ ਇਸ ਧਨ ਵਾਲੇ ਨੂੰ ਅੱਗੇ ਜਾਕੇ ਕੋਈ ਕਿਸੇ ਦੀ ਪੁੱਛ ਪ੍ਰਤੀਤ ਰੋਕ ਨਹੀਂ ਪਾਉਂਦੀ। ਜਮ ਬੀ ਇਸ ਧਨ ਵਾਲੇ ਦੇ ਨੇੜੇ ਨਹੀਂ ਆ ਸਕਦਾ। ਇਹ ਪੂੰਜੀ, ਇਹ ਰਾਸ, ਇਹ ਧਨ ਕੀ ਹੈ? ਵਾਹਿਗੁਰੂ ਦੀ ਸਿਆਨ। ਇਸ ਸਿਆਨ ਵਾਲੇ ਨੂੰ ਵਾਹਿਗੁਰੂ ਨਦਰ ਕਰਕੇ ਆਪਣੇ ਨਾਲ ਮੇਲ ਲੈਂਦਾ ਹੈ।

ਅੰਕ ੮ ਵਿਚ ਫੁਰਮਾਉਂਦੇ ਹਨ ਕਿ ਇਸ ਪੂੰਜੀ ਵਾਲਾ ਕੀ ਪੂੰਜੀ ਨੂੰ ਲੈਕੇ ਲੁਕ ਬਹਿੰਦਾ ਹੈ, ਕਿ ਜੋਗੀਆਂ ਵਾਂਞੂ ਕੰਦਰਾਂ ਵਿਚ ਛਪ ਬਹਿੰਦਾ ਹੈ? ਫੁਰਮਾਉਂਦੇ ਹਨ: ਨਹੀਂ, ਉਹ ਤਾਂ ਗੁਰੂ ਤੋਂ ਪਾਏ ਉਪਦੇਸ਼ ਨੂੰ, ਜਿਸ ਨੇ ਉਸ ਦਾ ਨਿਸਤਾਰਾ ਕੀਤਾ ਹੈ, ਅੱਗੇ ਚਲਾਏਗਾ, ਭਾਵ ਹੈ ਕਿ ਲੋਕਾਂ ਵਿਚ ਨਾਮ ਦਾ ਪ੍ਰਚਾਰ ਕਰੇਗਾ। ਪ੍ਰਸ਼ਨ ਹੁੰਦਾ ਹੈ ਕਿ ਉਹ ਤਾਂ ਸਿੱਖ ਹੈ, ਸਿੱਖ ਨੂੰ ਅਧਿਕਾਰ ਸਿੱਖਣ ਦਾ ਹੈ, ਸਿਖਾਲਣ ਦਾ ਨਹੀਂ। ਉਹ ਕਿਸ ਹੈਸੀਅਤ ਵਿਚ ਉਪਦੇਸ਼ ਚਲਾਏਗਾ? ਤਾਂ ਫੁਰਮਾਉਂਦੇ ਹਨ ਕਿ ਉਹ ਸਿਖ ਨਾਮ ਜਪਦਾ ਹਉਂ ਅਤੀਤ ਹੁੰਦਾ, ਸ਼ੁਧ ਆਤਮਾ ਹੋਕੇ ਪਰਮਾਤਮਾ ਵਿਚ ਸਮਾਉਂਦਾ ਗੁਰੂ ਦਾ ਰੂਪ ਹੈ ਤੇ ਗੁਰੂ ਜੋ ਅੱਗੇ ਹੀ ਇਸ ਅਵਸਥਾ ਵਿਚ ਪੁੱਜਾ ਹੁੰਦਾ ਹੈ ਓਹ ਪੁੱਗੇ ਸਿੱਖ ਨੂੰ ਹੁਣ ਆਪਣੇ ਤੁੱਲ ਸਮਝਦਾ ਹੈ, ਸੋ ਦੁਇ ਹੁਣ ਸਿਖਯਾ ਦੇਣ ਦੇ ਅਧਿਕਾਰ ਵਿਚ ਆ ਗਏ ਹਨ। ਇਸ ਕਰਕੇ ਉਹ ਅਗੋਂ ਗੁਰੂ ਦੇ ਉਪਦੇਸ਼ ਨੂੰ ਜਾਰੀ ਰਖੇਗਾ। ਨਹੀਂ ਤਾਂ ਇਹ 'ਨਾਮ' ਵਿਦਯਾ ਦਾ ਪ੍ਰਚਾਰ ਹੀ ਖ਼ਤਮ ਹੋ ਜਾਏਗਾ।

ਪ੍ਰਸ਼ਨ ਹੁੰਦਾ ਹੈ ਕਿ ਐਸੇ ਗੁਰਸਿਖ ਦੀ ਕੀਹ ਪਛਾਣ ਹੈ ਜੋ ਗੁਰ ਉਪਦੇਸ਼ ਨੂੰ ਅਗੋਂ ਚਲਾਉਂਦਾ ਹੈ? ਇਸ ਛੇਕੜਲੇ ਅੰਕ ਵਿਚ ਉਸ ਦੀ ਸਿਆਣ ਦੱਸਦੇ ਹਨ:-

ਐਸਾ ਸਿਖ 'ਗੁਰਮੁਖ'ਕਹੀਦਾ ਹੈ। ਉਹ ਰਾਮ ਦੇ ਨਾਮ ਨੂੰ ਹੀ ਰਾਮ ਦਾ ਰੂਪ ਜਾਣਦਾ ਹੈ।ਉਹ ਨਾਮ ਨੂੰ ਸੱਚੋ ਹੀ ਸਚ ਅਰਥਾਤ ਸਤਯ ਸਰੂਪ ਪਰਮਾਤਮ ਦੇਵ ਦਾ ਜਾਣਦਾ ਹੈ,ਯਥਾ:-

ਹਰਿ ਸਿਮਰਨ ਮਹਿ ਆਪਿ ਨਿਰੰਕਾਰਾ॥ [ਗਉੜੀ ਸੁਖਮਨੀ ੧-੮]

ਇਹ ਅਵਸਥਾ ਉਸ ਨੂੰ ਗੁਰ ਸੇਵਾ ਤੋਂ ਪ੍ਰਾਪਤ ਹੁੰਦੀ ਹੈ। ਸੇਵਾ-ਮਾਮੂਲੀ ਹਉਂ ਅੰਦਰ ਰੱਖਕੇ ਮੁੱਠੀ ਚਾਪੀ ਆਦਿ ਦੀ ਨਹੀਂ, ਉਹ ਤਾਂ ਸਾਰਾ ਅਪਣਾ ਆਪ ਅਰਪ ਦੇਂਦਾ ਹੈ, ਹਉਂ ਨੂੰ ਗੁਰ ਸੇਵਾ ਦੁਆਰਾ ਜਿੱਤ ਲੈਂਦਾ ਹੈ, ਉਸ ਦਾ ਸੇਵਾ ਭਾਵ ਉਸ ਨੂੰ ਹਉਂ ਅਤੀਤ ਕਰ ਦੇਂਦਾ ਹੈ। ਇਸ ਤਰ੍ਹਾਂ ਆਪਾ ਅਰਪਣ ਵਾਲੇ ਨੂੰ ਗੁਰੂ, ਵਾਹਿਗੁਰੂ, ਦੀਨਾ ਨਾਥ ਨਾਲ ਮਿਲਾ ਦੇਂਦਾ ਹੈ। ਸਿੱਧ ਕੀ ਹੋਇਆ ਕਿ ਉਹ ਗੁਰਮੁਖ, ਜੋ ਅਗੋਂ ਗੁਰ ਉਪਦੇਸ਼ ਚਲਾ ਸਕਦਾ ਹੈ, ਵਾਹਿਗੁਰੂ ਜੀ ਨੂੰ ਪ੍ਰਾਪਤ ਪੁਰਖ ਹੁੰਦਾ ਹੈ। ਉਹ ਗੁਰਮੁਖ ਫੇਰ ਕੀਹ ਕਰਦਾ ਹੈ? ਪ੍ਰੇਮੀਆਂ ਦੇ ਹਿਰਦੇ ਵਿਚ ਨਾਮ ਟਿਕਾ ਦੇਂਦਾ ਹੈ। ਅੰਤ ਵਿਚ ਫੁਰਮਾਉਂਦੇ ਹਨ ਕਿ ਇਹ ਨਾਮ ਨਾਲ ਨਿਸਤਾਰੇ ਦਾ ਮਾਰਗ ਸੌਖਾ ਮਾਰਗ ਹੈ, ਇਸ ਤੇ ਸਹਜ ਸੁਭਾ ਟੁਰੇ ਰਹਿੰਦਿਆਂ ਵਾਹਿਗੁਰੂ ਜੀ ਨੂੰ ਮਿਲਣਾ ਸੁਭਾਵਕ ਤੇ ਸਹਿਲਾ ਹੋ ਜਾਂਦਾ ਹੈ।

ਨਿਰੁਕ੍-ਝਿਮਿ-ਮੀਂਹ ਵੱਸਦਾ ਹੈ, ਜਦ ਨਾ ਬਹੁਤ ਜ਼ੋਰ ਦਾ ਤੇ ਨਾ ਕੇਵਲ ਫੁਹਾਰ ਮਾਤ੍ਰ, ਤਦ ਇਕ ਰਸ ਬੱਝਵੇਂ ਵਰ੍ਹਸਾਉ ਵਿਚ ਸੁਹਣਾ ਲਗਦਾ ਹੈ ਤੇ ਧਰਤੀ ਤੇ ਪੈਕੇ ਇਕ ਸੁਹਾਵਣਾ ਸ਼ਬਦ ਹੁੰਦਾ ਹੈ ਜੋ 'ਛਮ ਛਮ' ਜਾਂ 'ਝਿਮ ਝਿਮ' ਦੇ ਨਾਦ ਵਾਙੂ ਹੁੰਦਾ ਹੈ ਤੇ ਜਲ ਸੁਤੇ ਤੇ ਸਹਿਜੇ ਹੀ ਧਰਤੀ ਵਿਚ ਸਿੰਜਰਦਾ ਜਾਂਦਾ ਹੈ। ਇਹ ਸਾਰਾ ਵਰਤਾਉ ਸਾਹਿਬਾਂ ਨੇ ਨਾਮ ਸਹਜ ਵਿਚ ਅੰਦਰ ਹੋ ਰਹੇ, ਨਾਮ ਦੇ ਸੁਤੇ ਹੋ ਰਹੇ ਸਿਮਰਣ ਤੇ ਉਸ ਤੋਂ ਉਪਜੇ ਰਸ ਦੇ ਅੰਦਰੇ ਸਿੰਜਰਦੇ ਜਾਣ ਨੂੰ, ਜਦੋਂ ਕਿ ਦਸਮ ਦੁਆਰ ਵਿਚ ਇਕ ਸਹਜ ਰੰਗ ਦੀ ਸੰਗੀਤਕ ਭਾਸ ਭਾਨ ਹੁੰਦੀ ਹੈ, ਇਸ ਇਕ ਲਫਜ਼ 'ਝਿਮਿ' ਨੂੰ ਦੁਹਰਾਕੇ ਲਖਾਇਆ ਹੈ।

ਨਿਸਤਾਰਾ-ਵਿਸ਼ੇਸ਼ ਕਰਕੇ ਤਰਣਾ। ਸੰਸਾਰ ਤੋਂ ਉਧਾਰ। ਮੁਕਤੀ।

ਬੋਹਿਥਾ-ਜਹਾਜ਼। ਉਹ ਮਹਾਨ ਵਸਤੂ ਜੋ ਤਰਾਉਣ ਨੂੰ ਸਮਰਥ ਹੈ।

ਕਿਲਵਿਖ-ਪਾਪ। ਪਰਚੈ- [ਸੰਸ:, ਪਰਿਚਯ:] ਪਛਾਣ, ਸਿਆਣ। ਜਾਣ ਪਛਾਣ। ਮਿਲਾਪ। ਸੰਗਤਿ।

ਪਰਮਗਤਿ-ਵਡੀ ਹਾਲਤ। ਪੂਰੀ ਹਾਲਤ। ਪੂਰਨ ਮੁਕਤੀ। ਨਾਂਵ-ਬੇੜੀ। ਕਿਸ਼ਤੀ।

ਜੀਅ ਦਾਨੁ-ਆਤਮ ਦਾਨ। ਅਪਣੀ ਸਿਖਯਾ, ਪ੍ਰਭਾਵ, ਅਰਦਾਸ, ਮੇਹਰ ਦੁਆਰਾ ਆਤਮ ਜੀਵਨ ਦੀ ਰੌ ਕਿਸੇ ਵਿਚ ਛੇੜ ਦੇਣੀ, ਆਤਮ ਜੀਵਨ ਦੀ ਛੁਹ ਲਾ ਦੇਣੀ। ਯਥਾ:-

ਜੀਅਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥ [ਸੂਹੀ ਮਹਲਾ ੫-੫੪]

ਬਾਨੀ ਰਾਮ-ਏਥੇ 'ਬਾਣੀ' ਅਰ 'ਰਾਮ' ਪਦ ਦਾ ਅਰਥ ਵਾਕ ਹੈ। ਕਈ ਜਗਾ ਬਾਣੀ ਤੋਂ ਮੁਰਾਦ 'ਨਾਮ' ਦੀ ਹੁੰਦੀ ਹੈ।

ਰੋਮਿ- [ਸੰਸ:, ਰੋਮਨ੍=ਰੌਂਗਟੇ, ਛੋਟੇ ਵਾਲ] ਸਰੀਰ ਤੇ ਉੱਗੇ ਵਾਲ।

ਰੇਖਿਆ- [ਸੰਸ:, ਰੇਖਾ] ਲੀਕ। ਕੋਈ ਨਿਸ਼ਾਨ। ਚਿਹਨ ਚੱਕਰ, ਸ਼ਕਲ।

ਰਵਿਆ-ਵਿਆਪਕ ਹੋਇਆ। ਅੰਦਰ ਫੈਲ ਗਿਆ। ਸਿੰਜਰ ਗਿਆ।

ਅਨੁਗ੍ਰਹ-ਕ੍ਰਿਪਾਲਤਾ, ਦਇਆ, ਫਜ਼ਲ। ਦਾਸਨਿ-ਦਾਸ+ਨਿ=ਦਾਸਾਂ ਦੇ।

ਮੂੜ-ਮੂਰਖ। ਅਭਾਗੀ-ਭਾਗ ਹੀਣੇ। ਬਦਕਿਸਮਤ।

ਅਭਿਮਾਨਾ-ਹੰਕਾਰੀ। ਉਹ ਜੋ ਕੋਈ ਕਰਮ ਕਰਕੇ ਉਸ ਦਾ ਹੰਕਾਰ ਧਾਰਨ ਕਰੇ ਕਿ ਮੈਂ ਕੀਤਾ ਹੈ। ਅਹੰਤਾ ਧਾਰਨ ਵਾਲਾ।

ਚੋਰਾਇਆ-ਚੋਰੀ ਕੀਤਾ, ਪਹਿਲੇ ਅਰਥ ਹਨ: ਕਿਸੇ ਦਾ ਧਨ ਆਦਿ ਉਸ ਦੀ ਆਗਯਾ ਕਿ ਗਿਆਤ ਬਿਨਾ ਲੈ ਜਾਣਾ। ਦੂਜੇ ਮੁਹਾਵਰੇ ਦਾ ਅਰਥ ਹੈ

ਲੁਕਾਉਣਾ, ਕਿਉਂਕਿ ਚੋਰ ਲੁਕ ਕੇ ਚੋਰੀ ਕਰਦਾ ਹੈ ਤੇ ਚੁਰਾਇਆ ਧਨ ਲੁਕਾ ਕੇ ਰੱਖਦਾ ਹੈ। ਇਸ ਲਈ ਅਰਥ ਲਗਦਾ ਹੈ ਲੁਕਾਇਆ। ਯਥਾ:-

ਤਿਸੁ ਪਾਸਹੁ ਮਨ ਕਿਆ ਚੋਰਈਐ॥ [ਗੋਂਡ ਮਹਲਾ ੪-੫]

ਤਥਾ:-ਹਰਿਨਾਮੁ ਚੁਰਾਇਆ॥ [ਵਾਰ ਸਾਰੰਗ ਮਹਲਾ ੪-੧੭]

ਤੁਕ ਦਾ ਅਰਥ:-(ਓਹ ਮਨ ਨੂੰ) ਰਾਮ ਨਾਮ ਵਲੋਂ ਘੁਸਾਈ ਰਖਦੇ ਹਨ। (ਅ) (ਪਰ) ਹਰੀ ਦਾ 'ਰਾਮ ਨਾਮ' ਉਹਨਾਂ ਕੋਲੋਂ ਲੁਕਿਆ (ਹੀ) ਰਹਿ ਜਾਂਦਾ ਹੈ।

ਬਿਖਮ-ਕਠਨ, ਔਖਾ।　　ਦੁਹੇਲਾ-ਦੁਖ ਵਾਲਾ। ਦੁਖਦਾਈ।

ਕਾਲੂਖਤ- [ਸੰਸ:, ਕਾਲੂਖ੍ਯਮ੍] ਕਾਲਕ ਵਾਲਾ। ਕਾਲਾ।

ਗੁਰਮੁਖਿ-ਗੁਰੂ ਦੁਆਰਾ।　　ਊਭ ਪਇਆਲੀ-(ਉਪਰ=)ਅਕਾਸ਼ ਤੇ ਪਤਾਲ ਨੂੰ।

ਇਕਤੁ ਘਰਿ-ਇਕਤ੍ਰ ਘਰ=ਏਕਤਾ ਦੇ ਘਰ ਵੱਲ।

ਰਸਾਏ-ਸੁਆਦ ਵਿਚ ਆਏ। ਰਸਮਯ ਹੋਵੇ। ਰਸ ਮਾਣੇ।

ਪ੍ਰਹਿਲਾਦ-ਇਕ ਭਗਤ ਦਾ ਨਾਮ ਜੋ ਪਰਮੇਸ਼ੁਰ ਦੇ ਨਾਮ ਦਾ ਉਪਾਸਕ ਸੀ। ਏਥੇ ਪ੍ਰਹਿਲਾਦ ਕਹਿਕੇ 'ਪ੍ਰਹਲਾਦ ਵਰਗੇ ਹੋਰ ਭਗਤ' ਜਣਾਇਆ ਹੈ।　　ਭੀਨੇ-ਭਿੱਜੇ। ਨਾਮ ਦੇ ਰਸ ਵਿਚ ਕੋਮਲ ਚਿਤ ਹੋਕੇ ਰਸਮਯ ਹੋ ਗਏ, ਦ੍ਰਵੀ ਭੂਤ ਹੋਕੇ ਉਸ ਦ੍ਰਵਣਤਾ ਦੇ ਰਸ ਵਿਚ ਤ੍ਰਿਬੁਡ ਹੋ ਗਏ।

ਅਰਥਾ-ਅਰਥ ਸੰਬੰਧੀ ਸਭ ਕੁਛ। ਸੰਸਾਰਕ ਪਦਾਰਥਕ ਲਾਭ ਆਦਿ ਅਰਥ ਕਹੇ ਜਾਂਦੇ ਹਨ। ਇਸ ਦੇ ਉਲਟ ਸਾਰੇ ਕੁਛ ਨੂੰ ਪਰਮਾਰਥਕ ਕਹੀਦਾ ਹੈ। ਪਰਮ+ਅਰਥ=ਸਭ ਤੋਂ ਵੱਡਾ, ਉਚਾ ਪ੍ਰਯੋਜਨ। (ਅ) ਪੁੰਨ ਕਰਮ। ਚਾਰ ਪਦਾਰਥ ਗਿਣੇ ਹਨ:-ਧਰਮ=ਪੁੰਨ ਕਰਮ, ਸ਼ੁਭ ਕਰਮ। ਅਰਥ=ਸੰਸਾਰਕ ਲਾਭ।

ਕਾਮ=ਕਾਮਨ। ਪੂਰਤੀ। ਮੋਖ=ਮੁਕਤੀ।　　ਚਿੰਦਿਆ-ਚਿਤਵਿਆ।

ਦੁਰਮਤਿ-ਖੋਟੀ ਮਤਿ। ਉਹ ਮਤਿ ਜੋ ਸਾਈਂ ਤੋਂ ਬੇ-ਮੁਖ ਰਖੇ।

ਸੁਧਿ-ਆਪੇ ਸੱਚ ਨੂੰ ਅਨੁਭਵ ਕਰਨ ਵਾਲੀ ਬੁੱਧੀ। ਵਯਾਖਯਾ ਵਿਚ ਵੇਰਵਾ ਆ ਚੁਕਾ ਹੈ।

ਪਰਗਾਸਿਆ-ਪ੍ਰਕਾਸ਼ਿਆ,ਚਮਕਿਆ।ਅੰਦਰ ਪ੍ਰਕਾਸ਼ ਰੂਪ ਹੋਕੇ ਚਮਕ ਪਿਆ।ਨਾਮ ਗਿਆਨ ਵਿਚ ਲੈ ਗਿਆ।　　ਨਿਜ ਘਰਿ-ਅਪਣੇ ਘਰ ਵਿਚ।ਅਪਣੇ ਸਰੂਪ ਵਿਚ।

ਸਰਧਾ-ਭਾਵਨੀ।　　ਦੂਜੈ-ਵਾਹਿਗੁਰੂ ਤੋਂ ਛੁੱਟ ਹੋਰ ਕਿਸੇ ਵਿਚ।

ਕੰਚਨੁ-ਸੋਨਾ।　　ਸਖਾਈ-ਸਖਾ ਪਨ ਕਰਨੇ ਵਾਲਾ। ਸਾਥੀ ਮਿਤ੍ਰ।

ਪੂੰਜੀ-ਰਾਸ।　　ਸੰਚੀ-ਇਕੱਠੀ ਕੀਤੀ।

ਤੁਲਹਾ-ਕੱਖਾਂ, ਕਾਨਿਆਂ, ਵਾਸਾਂ, ਫੱਟਿਆਂ ਆਦਿ ਤੋਂ ਬਣਿਆ ਇਕ ਨਦੀ ਤੋਂ ਤਰਨ ਦਾ ਠਾਠ; ਜੋ ਬੇੜੀ ਤੋਂ ਛੋਟਾ ਤੇ ਘਟਵੇਂ ਸੁਖ ਦਾ ਹੁੰਦਾ ਹੈ। ਅਜ ਕਲ ਟੀਨ ਦੇ ਖਾਲੀ ਪੀਪਿਆਂ ਦਾ ਤੁਲਹਾ ਬੀ ਬਣਾਉਂਦੇ ਹਨ। ਭਾਵ ਅਰਥ ਹੈ, ਉਹ ਸਾਮਾਨ ਜੋ ਪਾਰ ਕਰੇ। ਸੰਸਾਰ ਰੂਪੀ ਨਦੀ ਤੋਂ ਜੋ ਪਾਰ ਕਰੇ ਸੋ ਤੁਲਹਾ।

ਸਤੇ ਸਤਿ-ਸਚੋ ਸਚ। ਸਚ ਹੀ ਸਚ।ਸਤਯ ਸਰੂਪ।　　ਅਰਪਿ-ਭੇਟਾ ਕਰਕੇ। ਦੇਕੇ। ਚੜਾਵਾ ਚੜ੍ਹਾ ਕੇ।

ਸਰਧਿਆ-ਸਰਧਾ। ਭਾਵਨੀ।　　ਸੁਭਾਈ-ਸੁਭਾਵਕ, ਸੌਖਾ। ਸੁਹੇਲਾ। ਨਿਰਯਤਨ।

[ਆਸਾ ਮਹਲਾ ੪, ਛੰਤ, ੩-੧੦]

੧ੴ ਸਤਿਗੁਰ ਪ੍ਰਸਾਦਿ॥ ਆਸਾ ਛੰਤ ਮਹਲਾ ੪ ਘਰੁ ੨॥

ਮੂਲ	ਅਰਥ
ਹਰਿ ਹਰਿ ਕਰਤਾ ਦੂਖ ਬਿਨਾਸਨੁ ਪਤਿਤ ਪਾਵਨੁ ਹਰਿ ਨਾਮੁ ਜੀਉ ॥ ਹਰਿ ਸੇਵਾ ਭਾਈ ਪਰਮ ਗਤਿ ਪਾਈ ਹਰਿ ਊਤਮੁ ਹਰਿ ਹਰਿ ਕਾਮੁ ਜੀਉ ॥ ਹਰਿ ਊਤਮੁ ਕਾਮੁ ਜਪੀਐ ਹਰਿ ਨਾਮੁ ਹਰਿ ਜਪੀਐ ਅਸਥਿਰੁ ਹੋਵੈ ॥ ਜਨਮ ਮਰਣ ਦੋਵੈ ਦੁਖ ਮੇਟੇ ਸਹਜੇ ਹੀ ਸੁਖਿ ਸੋਵੈ ॥ ਹਰਿ ਹਰਿ ਕਿਰਪਾ ਧਾਰਹੁ ਠਾਕੁਰ ਹਰਿ ਜਪੀਐ ਆਤਮ ਰਾਮੁ ਜੀਉ ॥ ਹਰਿ ਹਰਿ ਕਰਤਾ ਦੂਖ ਬਿਨਾਸਨੁ ਪਤਿਤ ਪਾਵਨੁ ਹਰਿ ਨਾਮੁ ਜੀਉ ॥੧॥	(ਸ੍ਰਿਸ਼ਟੀ ਦਾ) ਕਰਤਾਰ ਹਰੀ ਹਰਿ (ਅਕਾਲ ਪੁਰਖ) ਹੈ, (ਉਹੀ ਇਸ ਦੇ) ਦੁਖ ਦੂਰ ਕਰਨ ਵਾਲਾ ਹੈ, (ਉਸੇ) ਹਰੀ ਦਾ ਨਾਮ ਪਤਿਤਾਂ ਨੂੰ ਪਵਿਤ੍ਰ ਕਰਨ ਵਾਲਾ ਹੈ ਜੀ। (ਸੋ ਜਿਨ੍ਹਾਂ ਨੂੰ) ਹਰੀ ਦੀ ਸੇਵਾ (ਭਗਤੀ) ਪਿਆਰੀ ਲਗ ਗਈ (ਜਾਣੋ ਉਨ੍ਹਾਂ ਨੇ) ਪਰਮ ਗਤੀ ਪਾ ਲਈ। (ਇਸ ਲਈ ਸਭ ਤੋਂ) ਉੱਤਮ ਕੰਮ ਹਰੀ ਦਾ ਹਰੀ ਹਰਿ (ਨਾਮ) ਹੈ ਜੀ। ਉੱਤਮ (ਦੈਵ) ਕਰਮ (ਇਹ ਹੈ ਕਿ) ਹਰੀ ਨਾਮ ਜਪੀਏ, (ਕਿਉਂਕਿ) ਹਰੀ ਦੇ ਜਪਣੇ ਨਾਲ (ਜਪਣੇ ਵਾਲੇ ਹਰੀ ਵਿਚ) ਟਿਕਾਉ ਪਾ ਜਾਂਦਾ ਹੈ। (ਉਹ) ਜਨਮ ਮਰਨ ਦੇ ਦੁਇ ਦੁਖ ਮੇਟ ਲੈਂਦਾ ਹੈ ਤੇ ਸੁਖੱਲਿਆਂ ਹੀ (ਆਤਮ-) ਸੁਖ ਵਿਚ ਟਿਕ ਜਾਂਦਾ ਹੈ। [ਹੁਣ ਅਰਦਾਸ ਕਰਦੇ ਹਨ:] ਹੇ ਹਰੀ ਹਰਿ ! ਹੇ ਠਾਕੁਰ ! ਕਿਰਪਾ ਕਰੋ (ਜੋ ਤੈਂ ਸਭ ਵਿਚ) ਵਜਾਪਕ ਹੋ ਰਹੇ ਰਾਮ ਜੀ ਨੂੰ (ਹਰਿ) 'ਹਰਿ' ਕਰਕੇ ਜਪੀਏ। (ਹਾਂ) ਜੀਉ ਜੀ ! ਕਰਤਾਰ ਹਰੀ ਦੁਖਾਂ ਦੇ ਦੂਰ ਕਰਨੇ ਵਾਲਾ ਹੈ (ਤੇ ਉਸ ਦਾ) ਹਰੀ ਹਰਿ ਨਾਮ ਪਤਿਤਾਂ ਨੂੰ ਪਵਿਤ੍ਰ ਕਰਨ ਵਾਲਾ ਹੈ॥ ੧॥
ਹਰਿ ਨਾਮੁ ਪਦਾਰਥੁ ਕਲਿਜੁਗਿ ਊਤਮੁ ਹਰਿ ਜਪੀਐ ਸਤਿਗੁਰ ਭਾਇ ਜੀਉ ॥ ਗੁਰਮੁਖਿ ਹਰਿ ਪੜੀਐ ਗੁਰਮੁਖਿ ਹਰਿ ਸੁਣੀਐ ਹਰਿ ਜਪਤ ਸੁਣਤ ਦੁਖੁ ਜਾਇ ਜੀਉ ॥ ਹਰਿ ਹਰਿ ਨਾਮੁ ਜਪਿਆ ਦੁਖੁ ਬਿਨਸਿਆ ਹਰਿ ਨਾਮੁ ਪਰਮ ਸੁਖੁ ਪਾਇਆ ॥ ਸਤਿਗੁਰ ਗਿਆਨੁ ਬਲਿਆ ਘਟਿ ਚਾਨਣੁ ਅਗਿਆਨੁ ਅੰਧੇਰੁ ਗਵਾਇਆ ॥ ਹਰਿ ਹਰਿ ਨਾਮੁ ਤਿਨੀ ਆਰਾਧਿਆ ਜਿਨ ਮਸਤਕਿ ਧੁਰਿ ਲਿਖਿ ਪਾਇ ਜੀਉ ॥ ਹਰਿ ਨਾਮੁ ਪਦਾਰਥੁ ਕਲਿਜੁਗਿ ਊਤਮੁ ਹਰਿ ਜਪੀਐ ਸਤਿਗੁਰ ਭਾਇ ਜੀਉ ॥੨॥	ਕਲਿਜੁਗ ਵਿਚ ਹਰੀ ਨਾਮ ਪਦਾਰਥ (ਸਭ ਪਦਾਰਥਾਂ ਤੋਂ) ਉੱਤਮ ਹੈ, (ਪਰ ਜੇ) ਹਰੀ ਨੂੰ ਸਤਿਗੁਰੂ ਦੇ ਪ੍ਰੇਮ ਦੁਆਰਾ ਜਪੀਏ ਤਾਂ। (ਹਾਂ) ਗੁਰੂ ਦੁਆਰਾ ਹਰਿ ਨਾਮ ਪੜ੍ਹਨਾ ਚਾਹੀਦਾ ਹੈ,ਗੁਰੂ ਦੁਆਰਾ ਹਰਿ ਨਾਮ ਸੁਣਨਾ ਚਾਹੀਦਾ ਹੈ ਹਰੀ (ਨਾਮ) ਨੂੰ ਜਪਦਿਆਂ ਸੁਣਦਿਆਂ ਦੁਖ ਦੂਰ ਹੁੰਦਾ ਹੈ। (ਜਿਨ੍ਹਾਂ ਨੇ) ਹਰੀ ਹਰਿ ਨਾਮ ਜਪਿਆ ਹੈ (ਤਿਨ੍ਹਾਂ ਦਾ) ਦੁਖ ਦੂਰ ਹੋ ਗਿਆ ਹੈ, (ਹਾਂ) ਹਰਿ ਨਾਮ ਨੂੰ (ਜਪਣ ਵਾਲਿਆਂ ਨੇ) ਪਰਮ (ਆਤਮ-) ਸੁਖ ਪਾਇਆ ਹੈ। (ਹਾਂ, ਉਨ੍ਹਾਂ ਦੇ ਅੰਦਰ) ਸਤਿਗੁਰੂ ਦਾ ਗਿਆਨ (ਰੂਪੀ ਦੀਵਾ) ਬਲ ਪਿਆ, (ਉਸ ਦੀਵੇ ਦੇ) ਚਾਨਣੇ ਨੇ ਹਿਰਦੇ ਵਿਚੋਂ ਅਗਿਆਨ (ਰੂਪੀ) ਹਨੇਰਾ ਦੂਰ ਕਰ ਦਿੱਤਾ। (ਪਰੰਤੂ) ਹਰੀ ਹਰਿ ਨਾਮ ਉਨ੍ਹਾਂ ਨੇ* ਹੀ ਧਿਆਇਆ ਹੈ ਜਿਨ੍ਹਾਂ ਦੇ ਮੱਥੇ ਉੱਤੇ ਧੁਰੋਂ (ਸਾਈਂ ਨੇ) ਲਿਖਕੇ ਪਾਇਆ ਹੁੰਦਾ ਹੈ ਜੀ। (ਤਾਂਤੇ) ਕਲਿਜੁਗ ਵਿਚ ਹਰੀ ਨਾਮ ਪਦਾਰਥ (ਸਭ ਤੋਂ) ਉੱਤਮ ਹੈ, (ਪਰ ਜੇ) ਸਤਿਗੁਰੂ ਦੇ ਪ੍ਰੇਮ ਦੁਆਰਾ ਹਰਿ (ਨਾਮ) ਜਪੀਏ ਤਾਂ॥ ੨॥

* 'ਤਿਨੀ' ਪਦ ਨੇ ਜਣਾ ਦਿਤਾ ਕਿ ਪਹਿਲੇ 'ਜਿਨੀ' ਪਦ ਦਾ ਅਧਜ਼ਾਹਾਰ ਬਹੂ ਬਚਨ ਵਿਚ ਕਰਨਾ ਹੈ।

ਹਰਿ ਹਰਿ ਮਨਿ ਭਾਇਆ ਪਰਮ ਸੁਖ ਪਾਇਆ ਹਰਿ ਲਾਹਾ ਪਦੁ ਨਿਰਬਾਣੁ ਜੀਉ ॥ ਹਰਿ ਪ੍ਰੀਤਿ ਲਗਾਈ ਹਰਿ ਨਾਮੁ ਸਖਾਈ ਭ੍ਰਮੁ ਚੂਕਾ ਆਵਣੁ ਜਾਣੁ ਜੀਉ ॥ ਆਵਣ ਜਾਣਾ ਭ੍ਰਮੁ ਭਉ ਭਾਗਾ ਹਰਿ ਹਰਿ ਹਰਿ ਗੁਣ ਗਾਇਆ ॥ ਜਨਮ ਜਨਮ ਕੇ ਕਿਲਵਿਖ ਦੁਖ ਉਤਰੇ ਹਰਿ ਹਰਿ ਨਾਮਿ ਸਮਾਇਆ ॥ ਜਿਨ ਹਰਿ ਧਿਆਇਆ ਧੁਰਿ ਭਾਗ ਲਿਖਿ ਪਾਇਆ ਤਿਨ ਸਫਲੁ ਜਨਮੁ ਪਰਵਾਣੁ ਜੀਉ ॥ ਹਰਿ ਹਰਿ ਮਨਿ ਭਾਇਆ ਪਰਮ ਸੁਖ ਪਾਇਆ ਹਰਿ ਲਾਹਾ ਪਦੁ ਨਿਰਬਾਣੁ ਜੀਉ ॥੩॥

(ਸੋ ਜਿਨ੍ਹਾਂ ਦੇ) ਮਨ ਵਿਚ ਹਰੀ ਹਰਿ ਭਾ ਗਿਆ ਨੇ (ਉਨ੍ਹਾਂ ਨੇ) ਪੂਰਾ ਸੁਖ ਪਾ ਲਿਆ, (ਹਾਂ, ਉਨ੍ਹਾਂ ਨੂੰ) ਹਰੀ (ਦੀ ਪ੍ਰਾਪਤੀ) ਰੂਪ ਲਾਹਾ ਮਿਲ ਗਿਆ ਤੇ (ਓਹਨਾਂ ਨੇ) ਮੁਕਤੀ ਦੀ ਪਦਵੀ ਪਾ ਲਈ। (ਹਾਂ) ਜੀਓ ! (ਉਨ੍ਹਾਂ ਨੇ) ਹਰੀ (-ਨਾਮ) ਨਾਲ ਪ੍ਰੀਤ ਲਾਈ (ਉਨ੍ਹਾਂ ਦਾ) ਹਰੀ ਨਾਮ ਸਹਾਈ ਹੋ ਗਿਆ, (ਉਨ੍ਹਾਂ ਦਾ) ਭਰਮ (ਬੀ) ਦੂਰ ਹੋ ਗਿਆ ਹੈ, (ਤੇ ਭਰਮ ਦੂਰ ਹੋਣ ਕਰਕੇ) ਜਨਮ ਮਰਨ (ਬੀ) ਮਿਟ ਗਿਆ। (ਹਾਂ, ਉਨ੍ਹਾਂ ਨੇ) ਹਰਿ ਹਰਿ ਹਰੀ ਦੇ ਗੁਣ ਗਾਏ (ਸੋ ਉਨ੍ਹਾਂ ਦਾ) ਭਰਮ ਤੇ ਭਉ ਤੇ ਜਨਮ ਮਰਨ ਮਿਟ ਗਏ। (ਐਉਂ ਜੋ) ਹਰੀ ਹਰਿ ਨਾਮ ਵਿਚ ਸਮਾ ਗਏ ਹਨ (ਉਨ੍ਹਾਂ ਦੇ) ਜਨਮਾਂ ਜਨਮਾਂ ਦੇ ਪਾਪ (ਤੇ ਪਾਪਾਂ ਤੋਂ ਉਪਜੇ) ਦੁਖ ਦੂਰ ਹੋ ਗਏ ਹਨ। (ਹਾਂ) ਜੀਓ ! ਜਿਨ੍ਹਾਂ* ਨੇ ਹਰੀ ਨੂੰ ਧਿਆਇਆ ਹੈ, (ਉਨ੍ਹਾਂ ਦੇ) ਭਾਗਾਂ ਵਿਚ ਧੁਰੋਂ ਹੀ ਲਿਖਕੇ ਪਾਇਆ ਗਿਆ ਸੀ, ਉਨ੍ਹਾਂ* ਦਾ ਜਨਮ ਸਫਲ ਹੋ ਗਿਆ, (ਕਿਉਂਕਿ ਓਹ ਦਰਗਾਹੇ) ਪਰਵਾਣ ਹੋ ਗਏ (=ਕਬੂਲ ਪੈ ਗਏ)। (ਹਾਂ) ਜੀ, (ਜਿਨ੍ਹਾਂ ਦੇ) ਮਨ ਵਿਚ ਹਰਿ ਹਰਿ ਭਾ ਗਿਆ (ਉਨ੍ਹਾਂ ਨੇ) ਪਰਮ ਸੁਖ ਪਾ ਲਿਆ, (ਉਨ੍ਹਾਂ ਨੂੰ) ਹਰੀ (ਦੀ ਪ੍ਰਾਪਤੀ ਰੂਪ) ਲਾਹਾ ਮਿਲ ਗਿਆ ਤੇ ਮੁਕਤੀ ਦੀ ਪਦਵੀ ਪਾ ਲਈ ॥ ੩ ॥

ਜਿਨ੍ ਹਰਿ ਮੀਠ ਲਗਾਨਾ ਤੇ ਜਨ ਪਰਧਾਨਾ ਤੇ ਊਤਮ ਹਰਿ ਹਰਿ ਲੋਗ ਜੀਉ ॥ ਹਰਿ ਨਾਮੁ ਵਡਾਈ ਹਰਿ ਨਾਮੁ ਸਖਾਈ ਗੁਰ ਸਬਦੀ ਹਰਿ ਰਸ ਭੋਗ ਜੀਉ ॥ ਹਰਿ ਰਸ ਭੋਗ ਮਹਾ ਨਿਰਜੋਗ ਵਡਭਾਗੀ ਹਰਿ ਰਸੁ ਪਾਇਆ ॥ ਸੇ ਧੰਨੁ ਵਡੇ ਸਤ ਪੁਰਖਾ ਪੂਰੇ ਜਿਨ ਗੁਰਮਤਿ ਨਾਮੁ ਧਿਆਇਆ ॥ ਜਨੁ ਨਾਨਕੁ ਰੇਣੁ ਮੰਗੈ ਪਗ ਸਾਧੂ ਮਨਿ ਚੂਕਾ ਸੋਗੁ ਵਿਜੋਗੁ ਜੀਉ ॥ ਜਿਨ੍ ਹਰਿ ਮੀਠ ਲਗਾਨਾ ਤੇ ਜਨ ਪਰਧਾਨਾ ਤੇ ਊਤਮ ਹਰਿ ਹਰਿ ਲੋਗ ਜੀਉ ॥੪॥੩॥੧੦॥

(ਹਾਂ) ਜੀਉ ! ਜਿਨ੍ਹਾਂ ਨੂੰ ਹਰੀ ਮਿੱਠਾ ਲਗ ਗਿਆ ਓਹ ਜਨ (ਜਗਤ ਵਿਚ) ਪਰਧਾਨ (ਸ੍ਰੇਸ਼ਟ ਯਾ ਵੱਡੇ) ਹੋ ਗਏ ਤੇ (ਓਹ ਲੋਗ) ਉੱਤਮ (ਜਾਣੋ, ਹਾਂ, ਓਹ) ਲੋਗ ਹਰੀ ਦੇ (ਆਪਣੇ ਲੋਗ) ਹੋ ਗਏ। ਹਰੀ ਦਾ ਨਾਮ ਹੀ (ਉਨ੍ਹਾਂ ਦੀ) ਸ਼ੋਭਾ ਹੈ, ਹਰੀ ਨਾਮ ਹੀ (ਉਨ੍ਹਾਂ ਦਾ) ਮਿਤ੍ਰ ਹੈ, (ਓਹ) ਗੁਰੂ ਸ਼ਬਦ ਦੁਆਰਾ ਹੀ ਹਰੀ ਦੇ ਰਸ ਨੂੰ ਮਾਣਦੇ ਹਨ। ਹਾਂ ਜੀਓ ! (ਜੋ) ਹਰਿ ਰਸ ਦੇ ਭੋਗਣ ਵਾਲੇ (ਹੁੰਦੇ ਹਨ ਓਹ ਮੋਹ ਮਾਯਾ ਤੇ ਪਦਾਰਥਾਂ ਤੋਂ) ਬਹੁਤ ਨਿਰਲੇਪ ਰਹਿੰਦੇ ਹਨ, (ਕਿਉਂਕਿ ਓਹ ਜਾਣਦੇ ਹਨ ਕਿ ਅਸਾਂ ਨੇ) ਵਡੇ ਭਾਗਾਂ ਕਰਕੇ ਹਰੀ ਰਸ ਪਾਇਆ ਹੈ (ਜੋ ਨਿਰਜੋਗ ਰਿਹਾਂ ਹੀ ਪ੍ਰਾਪਤ ਰਹਿੰਦਾ ਹੈ। ਇਸ ਕਰਕੇ) ਜੀਉ ਜੀ ! ਓਹ (ਪੁਰਖ) ਵਡੇ ਹਨ, ਧੰਨ ਹਨ, (ਓਹੀ) ਸਤਿ ਪੁਰਖ ਹਨ, (ਓਹੀ) ਪੂਰੇ (ਪੁਰਖ) ਹਨ, ਜਿਨ੍ਹਾਂ ਨੇ ਗੁਰੂ ਦੀ ਮਤਿ ਦੁਆਰਾ ਨਾਮ ਨੂੰ ਧਿਆਇਆ ਹੈ।(ਇਸ ਕਰਕੇ) ਦਾਸ ਨਾਨਕ (ਐਸੇ) ਸਾਧੂਆਂ ਦੇ ਪੈਰਾਂ ਦੀ ਧੂੜੀ ਮੰਗਦੇ ਹਨ, (ਕਿਉਂਕਿ ਜਿਨ੍ਹਾਂ ਨੂੰ ਇਹ ਮਿਲੀ ਹੈ ਉਨ੍ਹਾਂ ਦੇ) ਮਨ ਦਾ ਸੋਗ ਤੇ ਵਿਛੋੜਾ ਦੂਰ ਹੋ ਗਿਆ ਹੈ। [ਇਸ ਲਈ ਦੁਹਰਾਉਂਦੇ ਹਨ ਪਹਿਲੀ ਸਤਰ ਕਿ] ਜਿਨ੍ਹਾਂ ਨੂੰ

---

* ਇਸ ਸਤਰ ਵਿਚ 'ਜਿਨ੍' ਤੇ 'ਤਿਨ੍' ਬਹੂ ਬਚਨ ਪਦ ਪਏ ਹਨ, ਇਸ ਕਰਕੇ ਇਸ ਅੰਕ ਵਿਚ 'ਜਿਨ੍' ਤਿਨ ਦੇ ਅਧਯਾਹਾਰ ਭੀ ਬਹੂ ਬਚਨ ਵਿਚ ਹੀ ਕੀਤੇ ਗਏ ਹਨ।

ਹਰੀ ਮਿੱਠਾ ਲਗ ਗਿਆ ਓਹ ਜਨ ਪਰਧਾਨ ਹੋ ਗਏ ਤੇ (ਓਹ ਲੋਗ) ਉੱਤਮ ਤੇ ਹਰੀ ਹਰਿ ਦੇ ਲੋਗ ਹੋ ਗਏ॥ ੪॥੩॥੧੦॥

ਵਯਾਖਯਾ-ਸੁਗਮ ਹੈ।

ਨਿਰੁਕ੍ਤ-ਪਰਮ ਗਤਿ-ਪੂਰਨ ਗਤਿ। ਸਭ ਤੋਂ ਉਚੀ ਹਾਲਤ। ਮੁਕਤੀ।

ਕਾਮੁ-ਕੰਮ। ਊਤਮੁ ਕਾਮੁ-ਉਤਮ ਕੰਮ। ਨਾਮ ਆਰਾਧਨ ਸਭ ਤੋਂ ਉੱਤਮ ਕੰਮ ਹੈ, ਯਥਾ:-

ਊਤਮੁ ਊਚਾ ਸਬਦ ਕਾਮੁ॥ [ਬਸੰਤ ਮਹਲਾ ੩-੧੩]

ਤਥਾ:-ਨਾਮ ਤੁਲਿ ਕਛੁ ਅਵਰੁ ਨ ਹੋਇ॥ [ਸੁਖਮਨੀ, ੨-੮]

ਅਸਥਿਰੁ-[ਸੰਸ:,ਸਿਥਰ] ਨਾ ਹਿੱਲਣੇ ਵਾਲਾ। ਕਾਯਮ। ਏਥੇ ਭਾਵ ਹੈ ਵਾਹਿਗੁਰੂ ਸਰੂਪ ਵਿਚ ਪ੍ਰਾਪਤ ਹੋ ਜਾਣਾ।

ਆਤਮੁ ਰਾਮ-ਆਤਮਾ, ਜੋ ਸਭ ਵਿਚ ਕ੍ਰੀੜਾ ਕਰ ਰਿਹਾ ਯਾ ਵਯਾਪਕ ਹੈ, ਭਾਵ ਪਰਮਾਤਮਾ ਤੋਂ ਹੈ।

ਬਲਿਆ-ਬਲ ਪਿਆ, ਜਗ ਪਿਆ। ਸੈਨਤ ਦੀਵੇ ਵਲ ਹੈ ਕਿ ਦੀਵਾ ਬਲ ਪਿਆ। ਯਥਾ:-

ਦੀਵਾ ਬਲੈ ਅੰਧੇਰਾ ਜਾਇ॥ [ਵਾਰ ਸੂਹੀ ਮਹਲਾ ੧-੧੭]

ਭਾਇ-ਪ੍ਰੇਮ ਦੁਆਰਾ। ਪਦੁ ਨਿਰਬਾਣ-ਭਾਵ ਹੈ ਮੁਕਤ ਪਦਵੀ।

ਸਖਾਈ-ਮਿਤ੍ਰ। ਸਾਖੀ। ਸਹਾਈ। ਕਿਲਵਿਖ-ਪਾਪ।

ਪਰਧਾਨਾ- ਪਰਧਾਨ ਦਾ ਬਹੁ ਬਚਨ। ਸ੍ਰੇਸ਼ਟ, ਵਡੇ, ਮੁਖੀਏ।

ਨਿਰਜੋਗ-ਨਿਰ=ਨਹੀਂ+ਜੋਗ=ਜੁੜੇ ਹੋਏ। ਨਾ ਜੁੜੇ ਹੋਏ। ਨਿਰਲੇਪ। ਮੋਹ ਮਾਯਾ ਪਦਾਰਥਾਂ ਆਦਿ ਤੋਂ ਬ੍ਰਿਤੀ ਨੂੰ ਨਿਰਲੇਪ ਰੱਖਣ ਵਾਲੇ। ਰੇਣੁ-ਧੂੜੀ।

[ਆਸਾ ਮਹਲਾ ੪, ਛੰਤ,੪-੧੧]

ਮੂਲ	ਅਰਥ
ਆਸਾ ਮਹਲਾ ੪ ॥ **ਸਤਜੁਗਿ ਸਭੁ ਸੰਤੋਖ ਸਰੀਰਾ ਪਗ ਚਾਰੇ ਧਰਮੁ ਧਿਆਨੁ ਜੀਉ ॥ ਮਨਿ ਤਨਿ ਹਰਿ ਗਾਵਹਿ ਪਰਮ ਸੁਖੁ ਪਾਵਹਿ ਹਰਿ ਹਿਰਦੈ ਹਰਿ ਗੁਣ ਗਿਆਨੁ ਜੀਉ ॥ ਗੁਣ ਗਿਆਨੁ ਪਦਾਰਥੁ ਹਰਿ ਹਰਿ ਕਿਰਤਾਰਥੁ ਸੋਭਾ ਗੁਰਮੁਖਿ ਹੋਈ ॥ ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਦੂਜਾ ਅਵਰੁ ਨ ਕੋਈ ॥ ਹਰਿ ਹਰਿ ਲਿਵ ਲਾਈ ਹਰਿ ਨਾਮੁ ਸਖਾਈ ਹਰਿ ਦਰਗਹ ਪਾਵੈ ਮਾਨੁ ਜੀਉ ॥ ਸਤ**	ਸਤਜੁਗ ਵਿਚ ਸਭ ਸਰੀਰਾਂ (=ਲੋਕਾਂ) ਵਿਚ ਸੰਤੋਖ ਸੀ, (ਹਾਂ, ਲੋਕਾਂ ਵਿਚ) ਧਰਮ ਚਹੁੰ ਹੀ ਪੈਰਾਂ ਵਾਲਾ ਸੀ (ਤੇ ਹਿਰਦਿਆਂ ਵਿਚ) ਧਯਾਨ (ਦੀ ਕਾਇਮੀ) ਸੀ। (ਓਹ) ਮਨ ਤੇ ਤਨ ਨਾਲ ਹਰੀ ਨੂੰ ਗਾਉਂਦੇ ਸਨ, ਤੇ ਹਿਰਦੇ ਵਿਚ ਹਰੀ ਦੇ ਗੁਣਾਂ ਦਾ ਤੇ ਹਰੀ ਦਾ ਗਿਆਨ (ਧਾਰਦੇ ਹੋਏ) ਪਰਮ ਸੁਖ ਪਾਉਂਦੇ ਸਨ। (ਹਰੀ ਦੇ) ਗੁਣਾਂ ਦਾ ਗਿਆਨ (ਉਨ੍ਹਾਂ ਦਾ) ਧਨ ਸੀ, (ਇਉਂ) ਹਰੀ ਹਰਿ (ਦੀ ਪ੍ਰਾਪਤੀ ਨਾਲ ਓਹ) ਸਫਲ ਹੋ ਜਾਂਦੇ ਸੇ, (ਐਸੇ) ਗੁਰਮੁਖਾਂ ਦੀ (ਹੀ) ਸ਼ੋਭਾ (ਤਦੋਂ ਬੀ) ਹੁੰਦੀ ਸੀ। ਇਕੋ ਹਰੀ ਪ੍ਰਭੂ (ਉਨ੍ਹਾਂ ਨੂੰ) ਅੰਦਰ ਬਾਹਰ (ਜਾਪਦਾ ਸੀ) ਦੂਜਾ ਹੋਰ ਕੋਈ (ਉਨ੍ਹਾਂ ਦੇ ਧਿਆਨ ਵਿਚ) ਨਹੀਂ ਸੀ। (ਗਲ ਕੀਹ) ਹਰੀ ਹਰਿ (ਨਾਮ ਵਿਚ ਓਹਨਾਂ ਨੇ) ਲਿਵ ਲਾਈ ਹੁੰਦੀ ਸੀ ਤੇ ਹਰੀ ਨਾਮ ਹੀ (ਉਨ੍ਹਾਂ ਦਾ) ਸਾਥੀ (ਵਾਂਙੂ ਸਾਥੀ) ਹੁੰਦਾ ਸੀ (ਇਸ ਕਰਕੇ) ਹਰੀ ਦੀ ਦਰਗਾਹ ਵਿਚ (ਗਿਆਂ ਬੀ ਓਹ) ਮਾਨ ਪਾਉਂਦੇ ਸਨ। (ਇਸ ਪ੍ਰਕਾਰ) ਸਤਿਜੁਗ ਵਿਚ ਸਭ ਸਰੀਰਾਂ (=ਲੋਕਾਂ)

ਜੁਗਿ ਸਭੁ ਸੰਤੋਖ ਸਰੀਰਾ ਪਗ ਚਾਰੇ ਧਰਮੁ ਧਿਆਨੁ ਜੀਉ ॥੧॥

ਵਿਚ ਸੰਤੋਖ ਸੀ, (ਹਾਂ, ਲੋਕਾਂ ਵਿਚ) ਧਰਮ ਚਹੁੰ ਹੀ ਪੈਰਾਂ ਵਾਲਾ ਸੀ (ਤੇ ਹਿਰਦਿਆਂ ਵਿਚ) ਧਯਾਨ (ਦੀ ਕਾਇਮੀ) ਸੀ ਜੀ ॥ ੧॥

ਤ੍ਰੇਤਾ ਜੁਗੁ ਆਇਆ ਅੰਤਰਿ ਜੋਰੁ ਪਾਇਆ ਜਤੁ ਸੰਜਮ ਕਰਮ ਕਮਾਇ ਜੀਉ ॥ ਪਗੁ ਚਉਥਾ ਖਿਸਿਆ ਤ੍ਰੈ ਪਗ ਟਿਕਿਆ ਮਨਿ ਹਿਰਦੈ ਕ੍ਰੋਧੁ ਜਲਾਇ ਜੀਉ ॥ ਮਨਿ ਹਿਰਦੈ ਕ੍ਰੋਧੁ ਮਹਾ ਬਿਸਲੋਧੁ ਨਿਰਪ ਧਾਵਹਿ ਲੜਿ ਦੁਖੁ ਪਾਇਆ ॥ ਅੰਤਰਿ ਮਮਤਾ ਰੋਗੁ ਲਗਾਨਾ ਹਉਮੈ ਅਹੰਕਾਰੁ ਵਧਾਇਆ ॥ ਹਰਿ ਹਰਿ ਕ੍ਰਿਪਾ ਧਾਰੀ ਮੇਰੈ ਠਾਕੁਰਿ ਬਿਖੁ ਗੁਰਮਤਿ ਹਰਿ ਨਾਮਿ ਲਹਿ ਜਾਇ ਜੀਉ ॥ ਤ੍ਰੇਤਾ ਜੁਗੁ ਆਇਆ ਅੰਤਰਿ ਜੋਰੁ ਪਾਇਆ ਜਤੁ ਸੰਜਮ ਕਰਮ ਕਮਾਇ ਜੀਉ ॥੨॥

ਤ੍ਰੇਤਾ ਯੁਗ ਆਇਆ ਤਾਂ (ਸਰੀਰਾਂ ਦੇ) ਅੰਦਰ 'ਬਲ' ਪਾ ਦਿੱਤਾ (ਸੋ ਲੋਕੀ) ਜਤ ਤੇ ਸੰਜਮ ਆਦਿ ਕਰਮ ਕਮਾਉਣ ਲਗ ਪਏ। ਚੌਥਾ ਪੈਰ ਖਿਸਕ ਗਿਆ (ਧਰਮ) ਤ੍ਰੈ ਪੈਰਾਂ ਤੇ ਟਿਕਿਆ, ਮਨ ਹਿਰਦੇ ਵਿਚ ਕ੍ਰੋਧ ਬਲਣ ਲਗ ਪਿਆ (ਜ਼ੋਰ ਦਾ ਫਲ ਜਲਣ ਹੋਇਆ)। ਮਨ ਹਿਰਦੇ ਵਿਚ ਕ੍ਰੋਧ ਜੁ ਸੀ ਸੋ ਲੋਧ ਬ੍ਰਿਛ ਦੀ ਜ਼ਹਿਰ (ਵਾਂਙੂ) ਮਹਾਨ (ਜ਼ਹਿਰ ਹੋ ਢੁੱਕਿਆ), ਰਾਜੇ ਲੜਾਈਆਂ ਵਿਚ ਭੱਜੇ ਫਿਰਦੇ ਬੜੇ ਸੰਕਟ ਭੋਗਦੇ ਸਨ। (ਉਨ੍ਹਾਂ ਦੇ) ਅੰਦਰ ਮੈਂ ਮੇਰੀ ਦਾ ਰੋਗ ਲਗ ਗਿਆ ਸੀ, (ਉਸ ਨੇ) ਹਉਮੈ ਤੇ ਹੰਕਾਰ ਨੂੰ (ਹੋਰ) ਵਧਾਇਆ। (ਪਰ ਤਦੋਂ ਬੀ) ਮੇਰੇ ਹਰੀ ਹਰਿ ਠਾਕੁਰ ਨੇ (ਜਿਨ੍ਹਾਂ ਤੇ) ਕਿਰਪਾ ਕੀਤੀ (ਉਪਰ ਕਹੀ) ਵਿਹੁ (ਉਨ੍ਹਾਂ ਦੀ) ਗੁਰਮਤਿ ਦੁਆਰਾ ਹਰੀ ਨਾਮ (ਸਿਮਰਨ) ਨਾਲ ਉਤਰ ਜਾਂਦੀ ਸੀ। (ਸੋ ਜਦ) ਤ੍ਰੇਤਾ ਜੁਗ ਆਇਆ ਤਦ (ਦਿਲਾਂ ਵਿਚ) ਜ਼ੋਰ (=ਧੱਕੇ ਧੋੜੇ ਨੇ ਵਾਸ) ਪਾਇਆ, ਤਦੋਂ ਜਤ ਤੇ ਸੰਜਮ ਦੇ ਕਰਮ ਕਮਾਉਣ ਲਗ ਪਏ ਸਨ ਜੀ॥ ੨॥

ਜੁਗੁ ਦੁਆਪੁਰੁ ਆਇਆ ਭਰਮਿ ਭਰਮਾਇਆ ਹਰਿ ਗੋਪੀ ਕਾਨ੍ਹੁ ਉਪਾਇ ਜੀਉ ॥ ਤਪੁ ਤਾਪਨ ਤਾਪਹਿ ਜਗ ਪੁੰਨ ਆਰੰਭਹਿ ਅਤਿ ਕਿਰਿਆ ਕਰਮ ਕਮਾਇ ਜੀਉ ॥ ਕਿਰਿਆ ਕਰਮ ਕਮਾਇਆ ਪਗ ਦੁਇ ਖਿਸਕਾਇਆ ਦੁਇ ਪਗ ਟਿਕੈ ਟਿਕਾਇ ਜੀਉ ॥ ਮਹਾ ਜੁਧ ਜੋਧ ਬਹੁ ਕੀਨ੍ਹੇ ਵਿਚਿ ਹਉਮੈ ਪਚੈ ਪਚਾਇ ਜੀਉ ॥ ਦੀਨ ਦਇਆਲਿ ਗੁਰੁ ਸਾਧੁ ਮਿਲਾਇਆ ਮਿਲਿ ਸਤਿਗੁਰ ਮਲੁ ਲਹਿ ਜਾਇ ਜੀਉ ॥ ਜੁਗੁ ਦੁਆਪੁਰੁ ਆਇਆ ਭਰਮਿ ਭਰਮਾਇਆ ਹਰਿ ਗੋਪੀ ਕਾਨ੍ਹੁ ਉਪਾਇ ਜੀਉ ॥੩॥

(ਤੀਸਰਾ) ਜੁਗ ਆਇਆ ਦੁਆਪਰ (ਤਦੋਂ ਸਰੀਰਾਂ ਭਾਵ ਲੋਕਾਂ ਨੂੰ) ਭਰਮ ਨੇ ਭੁਲਾ ਲਿਆ, ਹਰੀ ਨੇ ਕ੍ਰਿਸ਼ਨ ਤੇ ਗੋਪੀ ਪੈਦਾ ਕੀਤੇ। (ਲੋਕੀ) ਤਪ ਤਪਣ ਲਗੇ, ਯੱਗ (ਆਦਿ) ਪੁੰਨ ਕਰਮ ਸ਼ੁਰੂ ਕਰ ਦਿੱਤੇ ਤੇ ਕਈ ਪ੍ਰਕਾਰ ਦੇ ਕਰਮ ਤੇ ਕਿਰਿਆ ਕਰਨ ਲਗ ਪਏ। ਕਰਮ ਤੇ ਕਿਰਿਆ ਤਾਂ ਕੀਤੀਆਂ, ਪਰ ਦੋ ਪੈਰ (ਧਰਮ ਦੇ) ਖਿਸਕ ਗਏ। (ਹੁਣ ਧਰਮ) ਦੋ ਪੈਰਾਂ ਤੇ ਟਿਕਿਆ ਟਿਕ ਗਿਆ। (ਇਸ ਜੁਗ ਵਿਚ ਮਹਾਂ ਬਲੀ ਰਾਜੇ ਹੋਏ ਉਹਨਾਂ ਨੇ ਤੇ ਉਨ੍ਹਾਂ ਦੇ) ਜੋਧਿਆਂ ਨੇ ਵਡੇ ਤੇ ਬਹੁਤੇ ਜੁਧ ਕੀਤੇ, (ਜਿਸ ਕਰਕੇ) ਹਉਮੈਂ ਵਿਚ (ਆਪ) ਸੜਦੇ (ਤੇ ਵੈਰੀਆਂ ਨੂੰ) ਸਾੜਦੇ ਰਹੇ। (ਪਰ ਇਸ ਜੁਗ ਵਿਚ ਬੀ ਜਿਸ ਨੂੰ) ਦੀਨ ਦਿਆਲ (ਹਰੀ ਨੇ) ਕਰਨੀ ਵਾਲੇ ਗੁਰੂ ਨਾਲ ਮਿਲਾ ਦਿੱਤਾ, (ਉਨ੍ਹਾਂ ਦੀ ਹਉਮੈਂ ਰੂਪੀ) ਮੈਲ (ਐਸੇ) ਸਤਿਗੁਰੂ ਨੂੰ ਮਿਲਕੇ ਉਤਰ ਗਈ। ਦੁਆਪਰ ਦਾ ਜੁਗ (ਜਦ) ਆਇਆ (ਤਾਂ ਲੋਕਾਂ ਨੂੰ) ਭਰਮ ਨੇ ਭੁਲਾ ਦਿੱਤਾ, ਹਰੀ ਨੇ ਗੋਪੀ ਤੇ ਕ੍ਰਿਸ਼ਨ ਪੈਦਾ ਕੀਤੇ॥ ੩॥

ਕਲਿਜੁਗੁ ਹਰਿ ਕੀਆ ਪਗ ਤ੍ਰੈ

(ਫੇਰ) ਹਰੀ ਨੇ ਕਲਿਜੁਗ ਕਰ ਦਿੱਤਾ, (ਧਰਮ ਦੇ ਹੁਣ)

ਖਿਸਕੀਆ ਪਗੁ ਚਉਥਾ ਟਿਕੈ ਟਿਕਾਇ ਜੀਉ ॥ ਗੁਰ ਸਬਦੁ ਕਮਾਇਆ ਅਉਖਧੁ ਹਰਿ ਪਾਇਆ ਹਰਿ ਕੀਰਤਿ ਹਰਿ ਸਾਂਤਿ ਪਾਇ ਜੀਉ ॥ ਹਰਿ ਕੀਰਤਿ ਰੁਤਿ ਆਈ ਹਰਿ ਨਾਮੁ ਵਡਾਈ ਹਰਿ ਹਰਿ ਨਾਮੁ ਖੇਤੁ ਜਮਾਇਆ ॥ ਕਲਿਜੁਗਿ ਬੀਜੁ ਬੀਜੇ ਬਿਨੁ ਨਾਵੈ ਸਭੁ ਲਾਹਾ ਮੂਲੁ ਗਵਾਇਆ ॥ ਜਨ ਨਾਨਕਿ ਗੁਰੁ ਪੂਰਾ ਪਾਇਆ ਮਨਿ ਹਿਰਦੈ ਨਾਮੁ ਲਖਾਇ ਜੀਉ ॥ ਕਲਜੁਗੁ ਹਰਿ ਕੀਆ ਪਗ ਤ੍ਰੈ ਖਿਸਕੀਆ ਪਗੁ ਚਉਥਾ ਟਿਕੈ ਟਿਕਾਇ ਜੀਉ ॥੪॥੪॥੧੧॥

ਤ੍ਰੈ ਪੈਰ ਖਿਸਕ ਗਏ, (ਧਰਮ ਹੁਣ) ਚੌਥੇ ਪੈਰ (ਤੇ ਆਪ ਨੂੰ) ਟਿਕਾ ਕੇ ਟਿਕ ਗਿਆ। (ਤਦੋਂ) ਹਰੀ ਨੇ (ਜੀਵਾਂ ਦੇ ਉਧਾਰ ਲਈ ਇਹ) ਦਾਰੂ ਪਾਇਆ ਕਿ ਗੁਰੂ ਕੇ ਸ਼ਬਦ ਨੂੰ ਕਮਾਇਆ (ਜਾਏ ਅਤੇ) ਹਰੀ ਦਾ ਕੀਰਤਨ (ਕੀਤਾ ਜਾਏ, ਐਉਂ ਜੀਵਾਂ ਨੂੰ) ਹਰੀ ਸ਼ਾਂਤੀ ਪਾਉਂਦਾ ਸੀ। (ਸੋ ਕਲਿਜੁਗ ਵਿਚ) ਹਰੀ ਦੇ ਕੀਰਤਨ ਦਾ ਸਮਾਂ ਆ ਗਿਆ, ਸੋ ਹਰੀ ਦੇ ਨਾਮ ਦੀ ਵਡਿਆਈ ਹੋਣ ਲਗੀ, (ਸੋ ਲੋਕਾਂ ਨੇ ਇਸ ਸਮੇਂ) ਹਰੀ ਹਰਿ ਦੇ ਨਾਮ ਦਾ ਖੇਤ ਜਮਾ ਲਿਆ। (ਭਈ. ਨਾਮ ਦੀ ਕਮਾਈ ਕਰਕੇ ਫਲ ਪਾ ਲਿਆ। ਸੋ ਹੁਣ) ਕਲਿਜੁਗ ਵਿਚ (ਜੇ ਕੋਈ) ਨਾਮ (ਦੀ ਕਮਾਈ) ਤੋਂ ਛੁਟ (ਕੋਈ ਹੋਰ ਕਰਮਾਂ ਆਦਿ ਦੇ) ਬੀਜ ਬੀਜੇਗਾ, (ਤਾਂ ਸਮਝ ਲਓ ਕਿ ਉਸ ਨੇ) ਮੂਲ ਤੇ ਨਫਾ (ਦੁਇ) ਗੁਆ ਲਏ ਹਨ। ਦਾਸ ਨਾਨਕ ਨੇ ਪੂਰਾ ਗੁਰੂ ਪਾ ਲਿਆ ਹੈ, ਮਨ ਵਿਚ (ਤੇ ਉਸ ਤੋਂ ਅੰਦਰਲੇ) ਮਨ ਵਿਚ (ਪਹਿਲੋਂ) ਨਾਮ (ਵਸਾ ਦਿਤਾ ਤੇ ਫੇਰ ਹਰੀ ਨੂੰ) ਲਖਾ ਦਿਤਾ ਹੈ। (ਹੁਣ) ਹਰੀ ਨੇ ਕਲਿਜੁਗ ਕੀਤਾ ਹੈ, (ਧਰਮ ਦੇ) ਤ੍ਰੈ ਪੈਰ ਖਿਸਕ ਗਏ ਹਨ, (ਹੁਣ ਧਰਮ) ਚੌਥੇ ਪੈਰ ਤੇ ਖੜਾ ਹੈ॥ ੪॥ ੪॥ ੧੧॥

ਵਯਾਖਯਾ–ਰਾਗ ਮਾਰੂ ਵਿਚ ਮਹਲਾ ੧ ਦਾ ਚੌਥਾ ਸੋਲਹਾ ਹੈ, ਜਿਸ ਵਿਚ ਪਾਠ ਹੈ: 'ਸਤਜੁਗਿ ਸਤੁ ਸੰਤੋਖ ਸਰੀਰਾ॥' ਤੇ ਰਾਮਕਲੀ ਵਿਚ ਮਹਲਾ ੩ ਦਾ ਪਹਿਲਾ ਸ਼ਬਦ ਹੈ:–'ਸਤਿਜੁਗ ਸਚੁ ਕਹੈ ਸਭੁ ਕੋਈ'; ਇਨ੍ਹਾਂ ਸ਼ਬਦਾਂ ਦੇ ਪਾਠ ਨਾਲ ਇਸ ਸ਼ਬਦ ਦਾ ਭਾਵ ਵਧੇਰੇ ਸਪਸ਼ਟ ਹੋ ਜਾਂਦਾ ਹੈ। ਗੁਰੂ ਸਾਹਿਬਾਂ ਦਾ ਭਾਵ ਯੁਗਾਂ ਦੀ ਇਸ ਵੰਡ ਤੇ ਧਰਮ ਗਿਣਨ ਤੋਂ ਇਹ ਸਹੀ ਹੁੰਦਾ ਹੈ ਜੋ ਪੰਚਮ ਸਤਿਗੁਰੂ ਜੀ ਨੇ ਆਪ ਉਚਾਰਿਆ ਹੈ:–

ਸਤਜੁਗੁ ਤ੍ਰੇਤਾ ਦੁਆਪਰ ਭਣੀਐ ਕਲਿਜੁਗੁ ਊਤਮੋ ਜੁਗਾ ਮਾਹਿ॥
ਅਹਿਕਰੁ ਕਰੇ ਸੁ ਅਹਿਕਰੁ ਪਾਏ ਕੋਈ ਨ ਪਕੜੀਐ ਕਿਸੈ ਥਾਇ॥ ੩॥

[ਆਸਾ ਮਹਲਾ ੫, ੧੪੦-੨੦੮

ਫਿਰ ਇਸੇ ਸ਼ਬਦ ਵਿਚ ਫੁਰਮਾਇਆ ਹੈ:–

ਕਲਿਜੁਗੁ ਉਧਾਰਿਆ ਗੁਰਦੇਵ॥ ਮਲ ਮੂਤ ਮੂੜ ਜਿ ਮੁਘਦ ਹੋਤੇ ਸਭਿ ਲਗੇ ਤੇਰੀ ਸੇਵ॥

ਕਲਿਜੁਗ ਦਾ ਧਰਮ ਚੌਥੇ ਸਤਿਗੁਰਾਂ ਨੇ ਆਪ ਹੀ ਪ੍ਰਸ਼ਨ ਕਰਕੇ ਐਉਂ ਦੱਸਿਆ ਹੈ:–

ਪ੍ਰਸ਼ਨ– ਕਲਿਜੁਗ ਕਾ ਧਰਮੁ ਕਹਹੁ ਤੁਮ ਭਾਈ ਕਿਵ ਛੂਟਹ ਹਮ ਛੁਟਕਾਕੀ॥

ਉੱਤਰ– ਹਰਿ ਹਰਿ ਜਪੁ ਬੇੜੀ ਹਰਿ ਤੁਲਹਾ ਹਰਿ ਜਪਿਓ ਤਰੈ ਤਰਾਕੀ॥

[ਧਨਾਸਰੀ ਮਹਲਾ ੪-੬

ਚਹੁੰ ਜੁਗਾਂ ਦੇ ਧਰਮ ਭਗਤ ਰਵਿਦਾਸ ਜੀ ਨੇ ਐਉਂ ਦੱਸੇ ਹਨ:–

ਸਤਿਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾ ਚਾਰ॥
ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ॥ ੧॥

[ਗਉੜੀ ਰਵਿਦਾਸ ਜੀ

ਵਿਸ਼ਨੂੰ ਪੁਰਾਣ ਵਿਚ ਸਤਿਯੁਗ ਦਾ ਧਰਮ-ਧਯਾਨ, ਤ੍ਰੇਤਾ ਵਿਚ ਯੱਗ, ਦੁਆਪਰ ਵਿਚ ਪੂਜਾ ਤੇ ਕਲਿਯੁਗ ਵਿਚ ਰਾਮ ਦਾ ਕੀਰਤਨ ਲਿਖਿਆ ਹੈ। [ਅੰ: ੬, ਅੰ: ੨]

ਮੰਨੂੰ ਵਿਚ ਐਉਂ ਹੈ:- ਸਤਯੁਗ ਵਿਚ ਤਪ, ਤ੍ਰੇਤਾ ਵਿਚ ਗਜਾਨ, ਦ੍ਵਾਪਰ ਵਿਚ ਯੱਗਜ, ਤੇ ਕਲਿਯੁਗ ਵਿਚ ਦਾਨ।

ਮਨੂ ਅ: ੧, ਸ: ੮੬

ਗੁਰੂ ਸਾਹਿਬਾਂ ਦੇ ਉਪਰ ਦੱਸੇ ਸ਼ਬਦਾਂ ਦਾ ਪਾਠ ਕੀਤਿਆਂ ਪਤਾ ਲਗਦਾ ਹੈ ਕਿ ਆਪ ਚਉਹਾਂ ਜੁਗਾਂ ਦੇ ਧਰਮਾਂ ਦਾ ਅਡਰਾ ਅਡਰਾ ਫਰਕ ਦਿਖਾਕੇ ਅੰਤ ਵਿਚ ਕਲਿਜੁਗ ਦੀ ਉੱਤਮਤਾ ਦੱਸਦੇ ਹਨ। ਕਲਜੁਗ ਨੂੰ ਸਾਰੇ ਧਰਮਾਂ ਤੋਂ ਮਾੜਾ ਸਮਝਿਆ ਜਾਂਦਾ ਸੀ ਪਰ ਸਤਿਗੁਰੂ ਜੀ ਇਸ ਨੂੰ ਹਰੀ ਦਾ ਕੀਤਾ ਦੱਸਕੇ, ਇਸ ਨੂੰ 'ਹਰੀ ਕੀਰਤਿ ਦੀ ਰੁਤ' ਲਿਖ ਰਹੇ ਹਨ ਤੇ ਨਾਲ ਦੱਸਦੇ ਹਨ ਕਿ ਏਸ ਰੁੱਤ ਦਾ ਬੀਜ ਹੈ 'ਨਾਮ' ਜੋ ਪਰਮ ਫਲਦਾਇਕ ਤੇ ਸਾਰੀਆਂ ਥੁੜਾਂ ਕਸਰਾਂ ਦਾ ਦਾਰੂ ਹੈ। ਪ੍ਰੇਰਨਾ ਇਹ ਹੈ ਸਤਿਜੁਗ, ਦੁਆਪਰ ਤ੍ਰੇਤਾ ਜੁਗਾਂ ਨੂੰ ਚੰਗਾ ਸਮਝਕੇ ਆਪਣੇ ਆਪ ਨੂੰ ਕਲਜੁਗ ਵਿਚ ਪਾਕੇ ਕਲਜੁਗ ਨੂੰ ਕੋਸੋ ਨਾਂ ਪਰ ਇਸੇ ਵਰਤਮਾਨ ਕਾਲ ਨੂੰ ਹੀ ਸਫਲ ਕਰੋ, ਨਾਮ ਬੀਜੋ, ਤੁਸਾਂ ਲਈ ਇਹੋ ਹੀ ਉੱਤਮ ਜੁਗ ਹੈ, ਤੇ ਇਉਂ ਕਲਿਜੁਗ ਨੂੰ ਮਾੜਾ ਸਮਝਣ ਵਾਲੇ ਪੁਰਾਤਨ ਖਿਆਲ ਤੋਂ ਉੱਚਾ ਚੁਕ ਕੇ ਚੜ੍ਹਦੀਆਂ ਕਲਾਂ ਵਿਚ ਮਾਨਸ ਮਨਾਂ ਨੂੰ ਉਤਸ਼ਾਹਤ ਕਰਦੇ ਹਨ। ਸੰਖੇਪ ਭਾਵ ਇਹ ਹੈ ਕਿ ਗੁਰੂ ਜੀ ਦਾ ਉਪਦੇਸ਼ 'ਜੁਗ ਅਨੁਕੂਲ' ਹੈ। ਪੁਰਾਤਨ ਜੁਗਾਂ ਦੀ ਬਿਧਿ ਮਰਯਾਦਾ ਨੂੰ ਤਿਆਗਕੇ ਹੁਣ ਦੇ ਸਮੇਂ ਅਨੁਸਾਰ ਸੌਖਾ ਰਸਤਾ ਦਿਖਾਯਾ ਹੈ। ਇਸ਼ਾਰਾ ਇਹ ਹੈ ਕਿ ਵਡੀਆਂ ਕਠਨ ਸਾਧਨਾਂ ਤੇ ਘੋਰ ਤਪਸਚਰਯਾ ਤੇ ਘੜੇ ਅਡੰਬਰਾਂ ਵਾਲੇ ਜੱਗ ਪੂਜਾ ਅਰਚਾ ਦਾਨਾਂ ਦੀ ਲੋੜ ਨਹੀਂ। ਪ੍ਰੇਰਨਾ ਇਹ ਹੈ ਕਿ ਮਨ ਨੂੰ ਹਰਿ ਰਸ ਵਿਚ ਰੰਗਣ ਦੀ ਜ਼ਰੂਰਤ ਹੈ, ਜਿਸ ਦਾ ਸਹਲ ਰਸਤਾ ਨਾਮ ਸਿਮਰਨ ਹੈ। ਨਾਮ ਨੂੰ ਬੀਜ ਕਿਹਾ ਹੈ, ਜਿਸ ਤੋਂ ਮੁਰਾਦ ਹੈ ਕਿ ਇਹ ਜੀਉਂਦੀ ਚੀਜ਼ ਹੈ, ਕੋਈ ਨਿਰਜਿੰਦ ਸਾਧਨ ਨਹੀਂ। ਇਸ ਵਿਚ ਆਪਣੇ ਆਪ ਵਧਣ ਮੌਲਣ ਦੀ ਸ਼ਕਤੀ ਹੈ। ਇਸ ਕਰਕੇ ਇਹ ਸੌਖ ਦਾ ਮਾਰਗ ਹੈ। ਵਿਸ਼ੇਸ਼ ਲਈ ਦੇਖੋ ਸੰਥਯਾ ਪੋਥੀ ੫ ਦਾ ਪੰਨਾ ੨੫੪੨।

ਨਿਰੁਕ੍ਤ—ਸਰੀਰਾ–ਸਰੀਰਾਂ ਵਿਚ, ਲੋਕਾਂ ਵਿਚ। ਪਗੁ–ਪੈਰ।

ਕਿਰਤਾਰਥੁ–ਸਫਲ। ਲੋਧ–ਲੋਧ ਇਕ ਛੋਟਾ ਜਿਹਾ ਜ਼ਹਰੀਲਾ ਪੇੜ ਹੁੰਦਾ ਹੈ ਜੋ ਬੰਗਾਲ, ਬਿਹਾਰ, ਆਸਾਮ ਵਿਚ ਹੁੰਦਾ ਹੈ। ਇਸ ਦੀ ਛਿੱਲ ਕਪੜੇ ਰੰਗਣ ਦੇ ਕੰਮ ਆਉਂਦੀ ਹੈ।

ਬਿਸਲੋਧੁ–ਲੋਧ ਬ੍ਰਿਛ ਦੀ ਜ਼ਹਿਰ। ਨਿਰਪ–ਰਾਜੇ।

ਅਉਖਧੁ–ਦਾਰੂ। ਦਵਾਈ। ਜਮਾਇਆ–ਬੀਜਿਆ, ਉਗਾਇਆ।

[ਆਸਾ ਮਹਲਾ ੪, ਛੰਤ, ੫-੧੨]

ਪ੍ਰਾਕ੍ਥਨ—ਇਸ ਛੰਤ ਵਿਚ ਹਰੀ ਨਾਮ ਤੇ ਹਰੀ ਕੀਰਤਨ ਤੋਂ ਪ੍ਰਾਪਤ ਸੁਖਾਂ ਦਾ ਵਰਣਨ ਹੈ।

ਮੂਲ	ਅਰਥ
ਆਸਾ ਮਹਲਾ ੪ ॥ **ਹਰਿ ਕੀਰਤਿ ਮਨਿ ਭਾਈ ਪਰਮ ਗਤਿ ਪਾਈ ਹਰਿ ਮਨਿ ਤਨਿ ਮੀਠ ਲਗਾਨ ਜੀਉ ॥ ਹਰਿ ਹਰਿ ਰਸੁ ਪਾਇਆ ਗੁਰਮਤਿ ਹਰਿ ਧਿਆ**	ਹਰੀ ਦੀ ਕੀਰਤੀ (ਜਿਨ੍ਹਾਂ ਦੇ*) ਮਨ ਨੂੰ ਚੰਗੀ ਲਗ ਗਈ (ਉਨ੍ਹਾਂ ਦੇ) ਮਨ ਤੇ ਤਨ ਵਿਚ ਹਰੀ ਮਿੱਠਾ ਲਗ ਗਿਆ, (ਇਹ ਹੈ) ਉੱਚੀ ਤੋਂ ਉੱਚੀ ਗਤੀ (ਜੋ ਉਨ੍ਹਾਂ ਨੇ) ਪ੍ਰਾਪਤ ਕਰ ਲਈ। (ਉਨ੍ਹਾਂ ਦੇ) ਮੱਥੇ ਉਤੇ ਧੁਰੋਂ ਲਿਖਿਆ ਭਾਗ (ਆ) ਪੂਰਾ ਹੋਇਆ ਹੈ †, ਜੋ (ਉਨ੍ਹਾਂ ਨੇ) ਗੁਰੂ ਦੀ ਮਤਿ ਦੁਆਰਾ ਹਰੀ ਨੂੰ ਧਿਆਇਆ ਹੈ (ਤੇ ਇਸ ਧਿਆਉਣ ਦੇ ਫਲ ਵਿਚ) ਹਰੀ ਹਰਿ

* ਅਗਲੇ ਅੰਕ ਦੀ ਪਹਿਲੀ ਤੁਕ ਦੱਸ ਦੇਂਦੀ ਹੈ ਕਿ ਏਥੇ 'ਜਿਨ੍ਹਾਂ ਨੇ' ਪਦ ਦਾ ਅਧ੍ਯਾਹਾਰ ਕਰਨਾ ਠੀਕ ਹੈ।

† 'ਪੁਰਾਨ' ਦਾ ਸੰਪ੍ਰਦਾਈ ਅਰਥ ਪੁਰਾਣਾ ਭਾਗ ਬੀ ਹੈ, ਪਰ ਧੁਰਿ ਪਦ ਪਿਆ ਹੋਣ ਕਰਕੇ 'ਪੂਰਾ ਹੋਇਆ' ਅਰਥ ਪਹਿਲੇ ਤੋਂ ਵਿਸ਼ੇਸ਼ਤਾ ਰਖਦਾ ਹੈ।

ਇਆ ਧੁਰਿ ਮਸਤਕਿ ਭਾਗ ਪੂਰਾਨ ਜੀਉ ॥ ਧੁਰਿ ਮਸਤਕਿ ਭਾਗੁ ਹਰਿ ਨਾਮਿ ਸੁਹਾਗੁ ਹਰਿ ਨਾਮੈ ਹਰਿ ਗੁਣ ਗਾਇਆ ॥ ਮਸਤਕਿ ਮਣੀ ਪ੍ਰੀਤਿ ਬਹੁ ਪ੍ਰਗਟੀ ਹਰਿ ਨਾਮੈ ਹਰਿ ਸੋਹਾਇਆ ॥ ਜੋਤੀ ਜੋਤਿ ਮਿਲੀ ਪ੍ਰਭੁ ਪਾਇਆ ਮਿਲਿ ਸਤਿਗੁਰ ਮਨੂਆ ਮਾਨ ਜੀਉ ॥ ਹਰਿ ਕੀਰਤਿ ਮਨਿ ਭਾਈ ਪਰਮ ਗਤਿ ਪਾਈ ਹਰਿ ਮਨਿ ਤਨਿ ਮੀਠ ਲਗਾਨ ਜੀਉ ॥੧॥

ਦਾ ਰਸ ਪਾਇਆ ਹੈ। (ਹਾਂ, ਜਿਨ੍ਹਾਂ ਦੇ) ਮੱਥੇ ਉਤੇ ਧੁਰੋਂ ਭਾਗ ਸਨ (ਉਨ੍ਹਾਂ ਨੇ ਹੀ) ਹਰਿ ਨਾਮ ਦੁਆਰਾ (ਹਰੀ ਪਰਮੇਸ਼ੁਰ ਰੂਪੀ) ਸੁਹਾਗ ਪਾਇਆ ਹੈ, (ਸੁਹਾਗ ਪਾਕੇ ਉਨ੍ਹਾਂ ਨੇ ਫੇਰ ਧੰਨਜਵਾਦਤਾ ਵਿਚ) ਹਰੀ ਦੇ ਗੁਣਾਂ ਨੂੰ ਗਾਂਵਿਆ ਹੈ (ਤੇ) ਹਰੀ ਨਾਮ ਦੁਆਰਾ (ਰੰਗ ਰਤੜੇ ਰਹੇ ਹਨ। ਉਨ੍ਹਾਂ ਦੇ ਅੰਦਰ ਵਸਦੀ) ਪ੍ਰੀਤ (ਹੁਣ) ਮਣੀ (=ਜੜਾਊ ਗਹਿਣੇ ਵਾਂਙੂ) ਮੱਥੇ ਤੇ ਬਹੁਤ ਪ੍ਰਗਟ ਆ ਹੋਈ ਜਿਸ ਵਿਚ) ਹਰੀ ਨਾਮ ਦੁਆਰਾ ਹਰੀ ਸ਼ੋਭਨੀਕ ਹੋ ਰਿਹਾ ਹੈ*। (ਐਉਂ ਉਨ੍ਹਾਂ ਦੀ) ਆਤਮ ਜੋਤਿ ਪਰਮਾਤਮ ਜੋਤੀ ਨਾਲ ਜਾ ਮਿਲੀ (ਤੇ ਉਨ੍ਹਾਂ ਨੇ) ਪ੍ਰਭੂ ਨੂੰ ਪਾ ਲਿਆ (ਪਰ ਤਾਂ ਜਦ ਪਹਿਲੋਂ) ਸਤਿਗੁਰੂ ਨੂੰ ਮਿਲਕੇ ਮਨ ਪਤੀਜ ਗਿਆ ਸੀ। (ਹਾਂ,) ਹਰੀ ਦੀ ਕੀਰਤੀ (ਜਿਨ੍ਹਾਂ ਦੇ) ਮਨ ਨੂੰ ਚੰਗੀ ਲਗ ਗਈ (ਉਨ੍ਹਾਂ ਦੇ) ਮਨ ਤੇ ਤਨ ਵਿਚ ਹਰੀ ਮਿੱਠਾ ਲੱਗ ਗਿਆ, (ਇਹ ਹੈ) ਉੱਚੀ ਤੋਂ ਉੱਚੀ ਗਤੀ (ਜੋ ਉਨ੍ਹਾਂ ਨੇ) ਪ੍ਰਾਪਤ ਕਰ ਲਈ॥ ੧॥

ਹਰਿ ਹਰਿ ਜਸੁ ਗਾਇਆ ਪਰਮ ਪਦੁ ਪਾਇਆ ਤੇ ਊਤਮ ਜਨ ਪਰਧਾਨ ਜੀਉ ॥ ਤਿਨ੍ ਹਮ ਚਰਣ ਸਰੇਵਹ ਖਿਨੁ ਖਿਨੁ ਪਗ ਧੋਵਹ ਜਿਨ ਹਰਿ ਮੀਠ ਲਗਾਨ ਜੀਉ ॥ ਹਰਿ ਮੀਠਾ ਲਾਇਆ ਪਰਮ ਸੁਖ ਪਾਇਆ ਮੁਖਿ ਭਾਗਾ ਰਤੀ ਚਾਰੇ ॥ ਗੁਰਮਤਿ ਹਰਿ ਗਾਇਆ ਹਰਿ ਹਾਰੁ ਉਰਿ ਪਾਇਆ ਹਰਿ ਨਾਮਾ ਕੰਠਿ ਧਾਰੇ ॥ ਸਭ ਏਕ ਦ੍ਰਿਸਟਿ ਸਮਤੁ ਕਰਿ ਦੇਖੈ ਸਭੁ ਆਤਮ ਰਾਮੁ ਪਛਾਨ ਜੀਉ ॥ ਹਰਿ ਹਰਿ ਜਸੁ ਗਾਇਆ ਪਰਮ ਪਦੁ ਪਾਇਆ ਤੇ ਊਤਮ ਜਨ ਪਰਧਾਨ ਜੀਉ ॥੨॥

(ਜਿਨ੍ਹਾਂ ਨੇ) ਹਰੀ ਹਰਿ ਦਾ ਜਸ ਗਾਂਵਿਆ ਹੈ ਉਨ੍ਹਾਂ ਨੇ ਪਰਮਪਦ ਪਾ ਲਿਆ, ਉਹੀ ਪੁਰਖ ਉੱਤਮ, (ਉਹੀ) ਸ੍ਰੇਸ਼ਟ (ਹਨ ਤੇ ਸਭ ਤੋਂ) ਮੁਖੀਏ ਹਨ। (ਹਾਂ ਜਿਨ੍ਹਾਂ ਨੂੰ) ਹਰੀ ਮਿੱਠਾ ਲਗ ਗਿਆ ਹੈ, ਉਨ੍ਹਾਂ ਦੇ ਅਸੀਂ ਚਰਨ ਸੇਂਵਦੇ ਹਾਂ, ਹਰ ਛਿਨ (ਉਨ੍ਹਾਂ ਦੇ) ਪੈਰ ਧੋਂਦੇ ਹਾਂ। (ਜਿਨ੍ਹਾਂ ਨੂੰ) ਹਰੀ ਨੇ (ਆਪਣਾ ਆਪ) ਮਿੱਠਾ ਲੁਆ ਦਿੱਤਾ ਹੈ (ਉਨ੍ਹਾਂ ਨੇ ਆਪਣੇ ਅੰਦਰ) ਸਭ ਤੋਂ ਵਡਾ ਸੁਖ (ਅਰਥਾਤ ਆਤਮ ਸੁਖ) ਪਾ ਲਿਆ ਹੈ (ਤੇ ਬਾਹਰ ਉਨ੍ਹਾਂ ਦੇ) ਚਿਹਰੇ ਉਤੇ ਭਾਗਾਂ ਦੀ ਰੱਤੀ ਦੀ ਸੁੰਦਰਤਾ (ਆ ਜਾਂਦੀ ਹੈ। ਉਨ੍ਹਾਂ ਨੇ) ਗੁਰੂ ਦੀ ਮਤਿ ਦੁਆਰਾ ਹਰੀ ਦਾ ਗੁਣ ਗਾਇਨ ਕੀਤਾ ਹੈ, ਹਰੀ ਨਾਮ ਨੂੰ ਕੰਠ ਵਿਚ ਧਾਰਿਆ (ਭਾਵ ਯਾਦ ਰਖਿਆ ਹੈ † ਅਤੇ) ਹਿਰਦੇ ਉਪਰ ਹਰੀ (ਨਾਮ) ਰੂਪੀ ਹਾਰ ਪਹਿਰਿਆ ਹੈ। (ਉਹ) ਸਭਨਾਂ ਨੂੰ ਇਕੋ ਨਜ਼ਰ ਨਾਲ ਇਕੋ ਜਿਹਾ ਕਰਕੇ ਦੇਖਦਾ ਹੈ ਤੇ ਸਾਰੇ ਨੂੰ ਆਤਮ ਰਾਮ ਪਛਾਣਦਾ ਹੈ। (ਹਾਂ, ਜਿਨ੍ਹਾਂ ਨੇ) ਹਰੀ ਹਰਿ ਦਾ ਜਸ ਗਾਂਵਿਆ ਹੈ (ਉਨ੍ਹਾਂ ਨੇ) ਪਰਮ ਪਦ ਪਾਇਆ ਹੈ, ਓਹੋ ਹੀ ਉਤਮ ਪੁਰਖ ਤੇ ਪਰਧਾਨ (ਪੁਰਖ) ਹਨ ਜੀ॥ ੨॥

[ਪਹਿਲੇ ਅੰਕ ਵਿਚ ਨਾਮ ਤੇ ਕੀਰਤਨ, ਦੂਜੇ ਵਿਚ ਹਰੀ ਕੀਰਤਨ ਵਿਸ਼ੇਸ਼ ਕਰਕੇ ਕਥੇ ਸਨ, ਹੁਣ ਸਤਿਸੰਗ ਦੀ ਮਹਿਮਾ ਦੱਸਦੇ ਹਨ]

ਸਤਸੰਗਤਿ ਮਨਿ ਭਾਈ ਹਰਿ ਰਸਨ ਰਸਾਈ ਵਿਚਿ ਸੰਗਤਿ ਹਰਿ

(ਹਾਂ, ਜਿਨ੍ਹਾਂ ਨੂੰ) ਸਤਿਸੰਗਤ ਮਨ ਵਿਚ ਭਾ ਗਈ ਹੈ (ਉਨ੍ਹਾਂ ਨੇ ਆਪਣੀ) ਰਸਨਾ ਹਰੀ (ਨਾਮ ਦੇ) ਰਸ ਵਿਚ

* ਗੁਝੜਾ ਲਧਮੁ ਲਾਲੁ ਮਥੈ ਹੀ ਪਰਗਟੁ ਥਿਆ॥ ਸੋਈ ਸੁਹਾਵਾ ਥਾਨੁ ਜਿਥੈ ਪਿਰੀਏ ਨਾਨਕ ਜੀ ਤੂ ਵੁਠਿਆ॥ [ਵਾਰ ਮਾਰੂ ਡਖਣੇ ਮਹਲਾ ੫-੭]

† ਕੰਠ ਕਰਨਾ ਯਾ ਕੰਠ ਵਿਚ ਧਾਰਨਾ 'ਯਾਦ ਕਰਨਾ' ਯਾ 'ਯਾਦ ਰਖਣੇ' ਨੂੰ ਕਹਿੰਦੇ ਹਨ।

ਰਸੁ ਹੋਇ ਜੀਉ ॥ ਹਰਿ ਹਰਿ ਆਰਾਧਿਆ ਗੁਰ ਸਬਦਿ ਵਿਗਾਸਿਆ ਬੀਜਾ ਅਵਰੁ ਨ ਕੋਇ ਜੀਉ ॥ ਅਵਰੁ ਨ ਕੋਇ ਹਰਿ ਅੰਮ੍ਰਿਤੁ ਸੋਇ ਜਿਨਿ ਪੀਆ ਸੋ ਬਿਧਿ ਜਾਣੈ ॥ ਧਨੁ ਧੰਨੁ ਗੁਰੂ ਪੂਰਾ ਪ੍ਰਭੁ ਪਾਇਆ ਲਗਿ ਸੰਗਤਿ ਨਾਮੁ ਪਛਾਣੈ ॥ ਨਾਮੋ ਸੇਵਿ ਨਾਮੋ ਆਰਾਧੈ ਬਿਨੁ ਨਾਮੈ ਅਵਰੁ ਨ ਕੋਇ ਜੀਉ ॥ ਸਤਸੰਗਤਿ ਮਨਿ ਭਾਈ ਹਰਿ ਰਸਨ ਰਸਾਈ ਵਿਚਿ ਸੰਗਤਿ ਹਰਿ ਰਸੁ ਹੋਇ ਜੀਉ ॥੩॥

ਰਸਮਈ ਕਰ ਲਈ ਹੈ, (ਕਿਉਂਕਿ ਸਤਿ-) ਸੰਗਤ ਵਿਚ ਹਰ ਰਸ (ਸੁਤੇ ਹੀ) ਹੁੰਦਾ ਹੈ ਜੀ। (ਜਿਨ੍ਹਾਂ ਨੇ ਐਉਂ) ਹਰੀ ਹਰਿ ਨੂੰ ਅਰਾਧਿਆ ਹੈ, (ਉਨ੍ਹਾਂ ਉਤੇ ਹਰੀ) ਗੁਰੂ ਸ਼ਬਦ ਦੁਆਰਾ ਪ੍ਰਗਟ ਹੋਇਆ ਹੈ, (ਉਨ੍ਹਾਂ ਨੂੰ) ਹੋਰ ਕੋਈ ਦੂਸਰਾ (ਫੇਰ ਨਜ਼ਰੀਂ) ਨਹੀਂ (ਪੈਂਦਾ)। ਓਹੀ ਹਰੀ (-ਨਾਮ) ਅੰਮ੍ਰਿਤ ਹੈ, ਹੋਰ ਕੋਈ ਨਹੀਂ, (ਪਰ ਇਸ ਦੀ) ਵਿਧੀ ਉਹੀ ਜਾਣਦਾ ਹੈ ਜਿਸ ਨੇ (ਇਹ ਅੰਮ੍ਰਿਤ) ਪੀਤਾ ਹੋਇਆ ਹੋਵੇ। ਧੰਨ ਹੈ ਧੰਨ ਹੈ ਪੂਰਾ ਗੁਰੂ (ਜਿਸ ਦੁਆਰਾ) ਪ੍ਰਭੂ ਨੂੰ ਪਾ ਲਿਆ ਹੈ; (ਜਿਸ ਨੂੰ ਇਹ ਇਛਾ ਹੋਵੇ ਚਾਹੀਦਾ ਹੈ ਕਿ ਉਹ ਸਤਿ-) ਸੰਗਤ ਨੂੰ ਮਿਲਕੇ ਨਾਮ ਨੂੰ ਪਛਾਣੇ। ਨਾਮ ਦੀ ਹੀ ਸੇਵਾ ਕਰੇ (ਭਾਵ ਜਪੇ), ਨਾਮ ਦੀ ਹੀ ਅਰਾਧਨਾ ਕਰੇ (ਭਾਵ ਸਿਮਰੇ, ਹੇ ਪਜਾਰੇ) ਜੀਓ ! ਨਾਮ ਤੋਂ ਬਿਨਾ ਹੋਰ ਕੋਈ (ਵਸੀਲਾ ਐਸਾ ਸਮਰਥ) ਨਹੀਂ ਹੈ। (ਹਾਂ, ਜਿਨ੍ਹਾਂ ਨੂੰ) ਸਤਿਸੰਗਤ ਮਨ ਵਿਚ ਭਾ ਗਈ ਹੈ (ਉਨ੍ਹਾਂ ਨੇ ਆਪਣੀ) ਰਸਨਾਂ ਹਰੀ (ਨਾਮ ਦੇ) ਰਸ ਵਿਚ ਰਸਮਈ ਕਰ ਲਈ ਹੈ, (ਕਿਉਂਕਿ ਸਤਿ-) ਸੰਗਤ ਵਿਚ ਹਰੀ ਰਸ (ਸੁਤੇ ਹੀ) ਹੁੰਦਾ ਹੈ॥ ੩॥

ਹਰਿ ਦਇਆ ਪ੍ਰਭ ਧਾਰਹੁ ਪਾਖਣ ਹਮ ਤਾਰਹੁ ਕਢਿ ਲੇਵਹੁ ਸਬਦਿ ਸੁਭਾਇ ਜੀਉ ॥ ਮੋਹ ਚੀਕੜਿ ਫਾਥੇ ਨਿਘਰਤ ਹਮ ਜਾਤੇ ਹਰਿ ਬਾਂਹ ਪ੍ਰਭੂ ਪਕਰਾਇ ਜੀਉ ॥ ਪ੍ਰਭਿ ਬਾਂਹ ਪਕਰਾਈ ਊਤਮ ਮਤਿ ਪਾਈ ਗੁਰ ਚਰਣੀ ਜਨੁ ਲਾਗਾ ॥ ਹਰਿ ਹਰਿ ਨਾਮੁ ਜਪਿਆ ਆਰਾਧਿਆ ਮੁਖਿ ਮਸਤਕਿ ਭਾਗੁ ਸਭਾਗਾ ॥ ਜਨ ਨਾਨਕ ਹਰਿ ਕਿਰਪਾ ਧਾਰੀ ਮਨਿ ਹਰਿ ਹਰਿ ਮੀਠਾ ਲਾਇ ਜੀਉ ॥ ਹਰਿ ਦਇਆ ਪ੍ਰਭ ਧਾਰਹੁ ਪਾਖਣ ਹਮ ਤਾਰਹੁ ਕਢਿ ਲੇਵਹੁ ਸਬਦਿ ਸੁਭਾਇ ਜੀਉ ॥੪॥੫॥੧੨॥

[ਹੁਣ ਅਰਦਾਸ ਕਰਦੇ ਹਨ] ਹੇ ਹਰੀ ਪ੍ਰਭੂ ਜੀਉ ! (ਸਾਡੇ ਤੇ) ਦਇਆ ਕਰੋ, ਸਾਨੂੰ ਪੱਥਰਾਂ (ਵਰਗੇ ਭਾਰੇ ਤੇ ਕਰੜਿਆਂ ਨੂੰ) ਤਾਰ ਲਵੋ, (ਹਾਂ, ਮੋਹ ਦੇ ਚਿੱਕੜ ਵਿਚ ਫਾਥਿਆਂ ਨੂੰ ਆਪਣੇ) ਸ਼ਬਦ ਦੁਆਰਾ ਸਹਜੇ ਹੀ ਕੱਢ ਲਓ। ਮੋਹ ਦੇ ਚਿੱਕੜ ਵਿਚ ਫਸੇ ਹੋਏ ਅਸੀਂ (ਉਸ ਵਿਚ ਦਿਨ ਪ੍ਰਤੀ ਦਿਨ) ਗ਼ਰਕਦੇ ਜਾਂਦੇ ਹਾਂ, ਹੇ ਪ੍ਰਭੂ ਜੀਉ ! (ਸਾਡੀ) ਬਾਂਹ (ਸਤਿਸੰਗ) ਨੂੰ ਫੜਾ ਦਿਓ। (ਸਾਡੀ ਅਰਦਾਸ ਸੁਣਕੇ) ਪ੍ਰਭੂ ਨੇ (ਸਾਡੀ) ਬਾਂਹ (ਗੁਰੂ ਨੂੰ) ਫੜਾ ਦਿੱਤੀ, (ਸੋ ਇਹ) ਦਾਸ ਗੁਰਾਂ ਦੀ ਚਰਨੀ ਲਗ ਗਿਆ (ਤੇ ਗੁਰੂ ਤੋਂ) ਉੱਤਮ ਮਤ ਪ੍ਰਾਪਤ ਕਰ ਲਈ। (ਉਸ ਉੱਤਮ ਮਤਿ ਅਨਸੁਾਰ) ਹਰਿ ਹਰਿ ਨਾਮ ਜਪਿਆ ਤੇ ਸਿਮਰਿਆ, (ਤਦ) ਸ਼ੁਭ ਭਾਗ (ਜੋ) ਮੱਥੇ (ਤੇ ਲਿਖਿਆ ਹੋਇਆ ਸੀ, ਸੋ) ਮੂੰਹ ਤੇ ਭਾਗ ਲਾ ਰਿਹਾ ਹੈ (ਭਾਵ ਚਿਹਰਾ ਸੁਖ ਤੇ ਖ਼ੁਸ਼ੀ ਨਾਲ ਖਿੜ ਰਿਹਾ ਹੈ)। ਦਾਸ ਨਾਨਕ (ਆਖਦਾ ਹੈ ਕਿ) ਹਰੀ ਨੇ ਕਿਰਪਾ ਕੀਤੀ ਹੈ ਜੋ ਮਨ ਨੂੰ ਹਰੀ ਹਰਿ (ਨਾਮ) ਮਿੱਠਾ ਲੁਆ ਦਿੱਤਾ। ਹੇ ਹਰੀ ਪ੍ਰਭੂ ਜੀਉ ! (ਸਾਡੇ ਤੇ) ਦਇਆ ਕਰੋ, (ਸਾਨੂੰ) ਪੱਥਰਾਂ (ਵਰਗੇ ਭਾਰੇ ਤੇ ਕਰੜਿਆਂ) ਨੂੰ ਤਾਰ ਲਵੋ, (ਹਾਂ, ਮੋਹ ਦੇ ਚਿੱਕੜ ਵਿਚ ਫਾਥਿਆਂ ਨੂੰ ਆਪਣੇ) ਸ਼ਬਦ ਦੁਆਰਾ ਸਹਿਜੇ ਹੀ ਕੱਢ ਲਓ ਜੀ॥ ੪॥ ੫॥ ੧੨॥

ਵਜਾਖਜਾ-ਸੁਗਮ ਹੈ।

ਨਿਰੁਕ੍ਤ-ਕੀਰਤਿ- [ਸੰਸ:, ਕੀਰ੍ਤਿ:-ਮਸ਼ਹੂਰੀ, ਪ੍ਰਸਿਧੀ] ਕੀਰਤੀ, ਗੁਣ ਗਾਇਨ, ਯਸ਼।

ਪਰਮਗਤਿ-ਪੂਰਨਗਤੀ। ਮੁਕਤੀ।		ਪੂਰਾਨ-ਪੂਰੇ ਹੋਏ ਹਨ ਦਾ ਸੰਖੇਪ ਹੈ 'ਪੂਰਾਨ'।

ਮਸਤਕਿ-[ਸੰਸ:, ਮਸ੍ਤਕੰ] ਮੱਥੇ ਉਤੇ।

ਮਣੀ-ਰਤਨ। ਮੁਰਾਦ ਹੈ ਜੜਾਊ ਗਹਿਣੇ ਤੋਂ। ਪ੍ਰੀਤ ਰੂਪੀ ਮਣੀ ਮੱਥੇ ਉਤੇ ਚਮਕ ਉੱਠੀ। ਇਸ਼ਾਰਾ ਹੈ ਉਹ ਸੁੰਦਰਤਾ ਜੋ ਨਾਮੀ ਪੁਰਖਾਂ ਦੇ ਚਿਹਰੇ ਤੇ ਆ ਚਮਕਦੀ ਹੈ।

ਜੋਤੀ ਜੋਤਿ-ਪਰਮਾਤਮ ਵਿਚ ਜੋ ਜੋਤੀ ਸਰੂਪ ਹੈ ਮੇਰੀ ਸ਼ੁਧ ਆਤਮਾ (ਜੋ ਜੋਤਿ ਰੂਪ ਹੈ) ਜਾ ਮਿਲੀ।

ਸਰੇਵਹ-ਸੇਂਵਦੇ ਹਾਂ।

ਮੁਖਿ ਭਾਗਾ ਰਤੀ ਚਾਰੇ-ਮੂੰਹ ਉਤੇ (ਭਲੇ)ਭਾਗਾਂ ਦੀ ਸੁੰਦਰ ਲਾਲੀ (ਆ ਗਈ) [ਰੱਤਾ=ਲਾਲ। ਰੱਤੀ=ਲਾਲੀ] । (ਅ) ਰਤੀ ਰਤਨ ਦਾ ਸੰਖੇਪ। ਰਤਨ=ਮਣੀ। ਭਾਗਾ ਰਤੀ=ਭਾਗਾਂ ਦੀ ਮਣੀ। ਮੱਥੇ ਉਤੇ ਭਾਗਾਂ ਦੀ ਮਣੀ ਦੀ ਸੁੰਦਰਤਾ ਆ ਜਾਂਦੀ ਹੈ। ਭਾਗਾਂ ਦੀ ਮਣੀ ਪਦ ਬੀ ਗੁਰਬਾਣੀ ਵਿਚ ਆਇਆ ਹੈ, ਯਥਾ:-

ਭਾਗ ਮਣੀ ਸੋਹਾਗਣਿ ਮੇਰੇ ਪਿਆਰੇ॥		[ਆਸਾ ਮਹਲਾ ੪, ਛੰਤ-੨੧]

ਤਥਾ:-**ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ॥**		[ਵਾਰ ਆਸਾ ਮ: ੧-੧੯]

(ੲ) 'ਚਾਰ' ਪਦ ਦਾ ਚਾਰ ਦੀ ਗਿਣਤੀ ਲੈਕੇ ਧਰਮ ਅਰਥ ਕਾਮ ਮੋਖ ਦਾ ਅਰਥ ਲੈਣ ਦਾ ਬੀ ਜਤਨ ਹੁੰਦਾ ਹੈ। (ਸ) ਇਥੇ ਪਾਠ ਪਦ 'ਰਤੀ' ਦਾ'ਰੱਤੀ' ਅਰਥਾਤ, ਅਧਿਕ ਵਾਲਾ ਹੈ। ਇਸ ਕਰਕੇ ਇਸ ਦਾ ਅਰਥ 'ਰਤੀ= ਕਾਮਦੇਵ ਦੀ ਇਸਤ੍ਰੀ' ਨਹੀਂ ਲਗ ਸਕਦਾ, ਕਿਉਂਕਿ ਉਸ 'ਰਤੀ' ਦੇ ਰਾਰੇ ਉਤੇ ਅਧਿਕ ਨਹੀਂ ਬੋਲੀ ਜਾਂਦੀ।

ਕੰਠਿ ਧਾਰੇ-ਕੰਠ ਵਿਚ ਧਾਰਨ ਕੀਤਾ। ਯਾਦ ਕੀਤਾ ਹੈ। ਭਾਵ ਸਿਮਰਨ ਟੁਰ ਪਿਆ ਹੈ।

ਸਮਤੁ-ਇਕ ਸਮਾਨ, ਇਕੋ ਜਿਹਾ।		ਬੀਜਾ-ਦੂਜਾ।

ਪਾਖਣ-[ਸੰਸ:, ਪਾਖ਼ਾਣ:] ਪੱਥਰ। ਭਾਵ ਕਠੋਰ।

[ਆਸਾ ਮਹਲਾ ੪, ਛੰਤ ੬-੧੩]

ਪ੍ਰਾਕ੍ਥਨ-ਜਗਤ ਜਨਮ ਮਰਣ ਵਿਚ ਹੈ। ਜਿਨ੍ਹਾਂ ਨੂੰ ਇਹ ਗਲ ਸੁੱਝ ਜਾਂਦੀ ਹੈ ਤੇ ਮਰਨਾ ਨਿਸ਼ਚੇ ਜਾਣਦੇ ਹਨ, ਤੇ ਹਰੀ ਸਿਮਰਨ ਵਿਚ ਲਗ ਪੈਂਦੇ ਹਨ ਸੋ ਅਮਰ ਪਦਵੀ ਨੂੰ ਪ੍ਰਾਪਤ ਹੁੰਦੇ ਹਨ।

ਮੂਲ	ਅਰਥ
ਆਸਾ ਮਹਲਾ ੪ ॥ **ਮਨਿ ਨਾਮੁ ਜਪਾਨਾ ਹਰਿ ਹਰਿ ਮਨਿ ਭਾਨਾ ਹਰਿ ਭਗਤ ਜਨਾ ਮਨਿ ਚਾਉ ਜੀਉ ॥ ਜੋ ਜਨ ਮਰਿ ਜੀਵੇ ਤਿਨ੍ ਅੰਮ੍ਰਿਤੁ ਪੀਵੇ ਮਨਿ ਲਾਗਾ ਗੁਰਮਤਿ ਭਾਉ ਜੀਉ ॥ ਮਨਿ ਹਰਿ ਹਰਿ ਭਾਉ ਗੁਰੁ ਕਰੇ ਪਸਾਉ**	(ਜਿਨ੍ਹਾਂ ਨੇ) ਮਨ ਵਿਚ ਨਾਮ ਜਪਿਆ ਹੈ (ਉਹਨਾਂ ਦੇ) ਮਨ ਵਿਚ ਹਰੀ ਹਰ (=ਪਰਮੇਸ਼ੁਰ) ਪਿਆਰਾ ਲਗ ਗਿਆ ਹੈ* (ਇਸੇ ਕਰਕੇ ਉਹਨਾਂ) ਹਰੀ ਦੇ ਭਗਤ ਜਨਾਂ ਦੇ ਮਨ ਵਿਚ ਚਾਉ (ਭਰਿਆ ਰਹਿੰਦਾ) ਹੈ ਜੀ † । (ਪਰ) ਜੋ ਪੁਰਖ (ਹਉਮੈ ਵਲੋਂ) ਮਰਕੇ (ਫੇਰ ਆਤਮ ਜੀਵਨ ਵਿਚ) ਜੀਉ ਉਠੇ ਹਨ (ਇਹ ਆਨੰਦ ਰੂਪੀ) ਅੰਮ੍ਰਿਤ ਉਹਨਾਂ ਨੇ ਹੀ ਪੀਤਾ ਹੈ; (ਪਰ ਪਹਿਲਾਂ ਉਨ੍ਹਾਂ ਨੂੰ) ਗੁਰੂ ਦੀ ਮਤਿ ਦੁਆਰਾ (ਹੀ ਹਰੀ ਦੀ ਪ੍ਰਾਪਤੀ ਦਾ) ਪ੍ਰੇਮ ਮਨ ਵਿਚ ਲੱਗਾ ਸੀ। (ਸੋ ਪਹਿਲਾਂ ਗੁਰੂ ਕਿਰਪਾ ਕਰੇ), ਮਨ ਵਿਚ

* ਭਾਵ ਨਾਮ ਜਪਣ ਕਰਕੇ ਅਕਾਲ ਪੁਰਖ ਮਿੱਠਾ (=ਪਿਆਰਾ) ਲਗਣ ਲਗ ਜਾਂਦਾ ਹੈ।

† ਭਾਵ ਆਨੰਦ ਰਹਿੰਦੇ ਹਨ।

ਜੀਵਨ ਮੁਕਤੁ ਸੁਖੁ ਹੋਈ ॥ ਜੀਵਣਿ ਮਰਣਿ ਹਰਿ ਨਾਮਿ ਸੁਹੇਲੇ ਮਨਿ ਹਰਿ ਹਰਿ ਹਿਰਦੈ ਸੋਈ ॥ ਮਨਿ ਹਰਿ ਹਰਿ ਵਸਿਆ ਗੁਰਮਤਿ ਹਰਿ ਰਸਿਆ ਹਰਿ ਹਰਿ ਰਸ ਗਟਾਕ ਪੀਆਉ ਜੀਉ ॥ ਮਨਿ ਨਾਮੁ ਜਪਾਨਾ ਹਰਿ ਹਰਿ ਮਨਿ ਭਾਨਾ ਹਰਿ ਭਗਤ ਜਨਾ ਮਨਿ ਚਾਉ ਜੀਉ ॥੧॥

ਹਰੀ ਹਰਿ (ਦੀ ਪ੍ਰਾਪਤੀ ਦਾ) ਲਗ ਜਾਏ ਪ੍ਰੇਮ, (ਫੇਰ) ਗੁਰੂ ਪਸੀਜਨਾ (ਤ੍ਰੁੱਠਣਾ) ਕਰੇ (ਤਦ ਜੀਵ) ਜੀਵਨ ਮੁਕਤ* (ਹੋਕੇ) ਸੁਖੀ ਹੋ ਜਾਂਦਾ ਹੈ। (ਐਸੇ ਪੁਰਖ) ਜੀਵਨ ਵਿਚ, ਮਰਣ ਵਿਚ ਹਰੀ ਨਾਮ ਨਾਲ (ਸਦਾ) ਸੁਖੀ ਰਹਿੰਦੇ ਹਨ, (ਉਹਨਾਂ ਦੇ) ਮਨ ਵਿਚ ਹਿਰਦੇ ਵਿਚ (ਜੀਵਨ ਮੁਕਤੀ ਪਾਕੇ ਬੀ) ਉਹੋ ਹਰੀ ਹਰਿ (ਵਸਦਾ ਹੈ)। ਮਨ ਵਿਚ ਹਰੀ ਹਰਿ ਵੱਸ ਗਿਆ (ਹਾਂ) ਗੁਰੂ ਦੀ ਮਤਿ ਦੁਆਰਾ ਹਰਿ ਰਸ ਮਯ ਹੋ ਗਿਆ, ਹਾਂ, ਹਰਿ ਹਰਿ ਦੇ ਰਸ ਨੂੰ ਉਹਨਾਂ ਨੇ ਵਡੇ ਵਡੇ ਘੁਟ † ਭਰਕੇ ਪੀਤਾ ਹੈ। (ਹਾਂ, ਜਿਨ੍ਹਾਂ ਨੇ) ਮਨ ਵਿਚ ਨਾਮ ਜਪਿਆ ਹੈ (ਉਹਨਾਂ ਦੇ) ਮਨ ਵਿਚ ਹਰੀ ਹਰਿ (=ਪਰਮੇਸ਼ੁਰ) ਪਿਆਰਾ ਲਗ ਗਿਆ ਹੈ (ਇਸੇ ਕਰਕੇ ਉਹਨਾਂ) ਹਰੀ ਦੇ ਜਨਾਂ ਦੇ ਮਨ ਵਿਚ ਚਾਉ (ਸਦਾ ਭਰਿਆ ਰਹਿੰਦਾ) ਹੈ॥ ੧॥

ਜਗਿ ਮਰਣੁ ਨ ਭਾਇਆ ਨਿਤ ਆਪੁ ਲੁਕਾਇਆ ਮਤ ਜਮੁ ਪਕਰੈ ਲੈ ਜਾਇ ਜੀਉ ॥ ਹਰਿ ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਇਹੁ ਜੀਅੜਾ ਰਖਿਆ ਨ ਜਾਇ ਜੀਉ ॥ ਕਿਉ ਜੀਉ ਰਖੀਜੈ ਹਰਿ ਵਸਤੁ ਲੋੜੀਜੈ ਜਿਸ ਕੀ ਵਸਤੁ ਸੋ ਲੈ ਜਾਇ ਜੀਉ ॥ ਮਨਮੁਖ ਕਰਣ ਪਲਾਵ ਕਰਿ ਭਰਮੇ ਸਭਿ ਅਉਖਧ ਦਾਰੂ ਲਾਇ ਜੀਉ ॥ ਜਿਸ ਕੀ ਵਸਤੁ ਪ੍ਰਭੁ ਲਏ ਸੁਆਮੀ ਜਨ ਉਬਰੇ ਸਬਦੁ ਕਮਾਇ ਜੀਉ ॥ ਜਗਿ ਮਰਣੁ ਨ ਭਾਇਆ ਨਿਤ ਆਪੁ ਲੁਕਾਇਆ ਮਤ ਜਮੁ ਪਕਰੈ ਲੈ ਜਾਇ ਜੀਉ ॥੨॥

ਜਗਤ ਵਿਚ (ਕਿਸੇ ਨੂੰ ਵੀ) ਮਰਨਾ ਨਹੀਂ ਭਾਉਂਦਾ, ਸਦਾ (ਸਭ ਨੇ ਮਰਣੋਂ) ਆਪ ਨੂੰ ਲੁਕਾਇਆ ਹੈ ‡ (ਸਦਾ ਡਰਦੇ ਰਹਿੰਦੇ ਹਨ ਕਿ) ਮਤਾਂ ਜਮ ਪਕੜਕੇ ਲੈ ਜਾਵੇ। ਹੇ ਹਰੀ ! ਅੰਦਰ ਬਾਹਰ ਤੂੰਹੋਂ ਇਕ ਹਰੀ ਪ੍ਰਭੂ ਹੈਂ, ਇਹ ਜੀਅੜਾ (ਤੈਥੋਂ ਲੁਕਾਕੇ) ਰਖਿਆ ਨਹੀਂ ਜਾ ਸਕਦਾ। (ਹੇ ਲੋਗੋ ! ਇਹ) ਜੀਉ ਕੀਕੂੰ ਰਖਿਆ ਜਾ ਸਕੇ §, ਹਰੀ (ਅਪਣੀ) ਵਸਤੂ ਨੂੰ (ਜਦ) ਲੋੜਦਾ (ਭਾਵ ਮੰਗਦਾ) ਹੈ,** (ਤਦ) ਜਿਸਦੀ ਵਸਤੂ ਹੈ ਉਹੀ (ਆਪ ਇਸ ਨੂੰ) ਲੈ ਜਾਂਦਾ ਹੈ। ਸੋ ਮਨਮੁਖ (ਲੋਕੀਂ) ਕੀਰਣੇ ਤੇ ਵਿਰਲਾਪ ਕਰ ਕਰਕੇ ਭਟਕਦੇ ਰਹੇ, ਤੇ ਸਾਰੇ ਦਾਰੂ ਦਰਮਲ ਲਾ ਲਾ ਕੇ ਥੱਕ ਗਏ; ਪਰ) ਜਿਸ ਦੀ (ਇਹ ਸਰੀਰ) ਵਸਤੂ ਹੈ (ਉਹੋ) ਸੁਆਮੀ ਪ੍ਰਭੂ (ਇਸ ਨੂੰ) ਲੈ ਲੈਂਦਾ ਹੈ (ਕੇਵਲ ਉਸ ਦੇ) ਦਾਸ ਨਾਮ ਦੀ ਕਮਾਈ ਕਰਕੇ ਤਰ ਨਿਕਲਦੇ ਹਨ। (ਹਾਂ,) ਜਗਤ ਵਿਚ (ਕਿਸੇ ਨੂੰ ਭੀ) ਮਰਨਾਂ ਨਹੀਂ ਭਾਉਂਦਾ, ਸਦਾ (ਸਭ ਨੇ ਮਰਨੋਂ) ਆਪ ਨੂੰ ਲੁਕਾਇਆ ਹੈ, (ਸਦਾ ਡਰਦੇ ਰਹਿੰਦੇ ਹਨ ਕਿ) ਮਤਾਂ ਜਮ ਫੜਕੇ ਲੈ ਜਾਵੇ॥ ੨॥

* ਜੀਵਨ ਮੁਕਤਿ=ਜੋ ਜੀਉਂਦੇ ਜੀ ਮੁਕਤੀ ਪਦ ਨੂੰ ਪ੍ਰਾਪਤ ਕਰ ਲੈਂਦਾ ਹੈ।

† ਗਟਾਕ=ਸੁਆਦ ਦੀ ਕਾਹਲੀ ਵਿਚ ਵਡੇ ਵਡੇ ਘੁੱਟ ਭਰ ਭਰ ਪੀਂਦਿਆਂ ਜੋ ਗਲੇ ਤੋਂ ਅਵਾਜ਼ ਹੁੰਦੀ ਹੈ ਉਸ ਨੂੰ ਗਟਾਕ ਆਖਦੇ ਹਨ।

‡ ਭਾਵ ਕਿਸੇ ਨੇ ਖ਼ੁਸ਼ੀ ਨਾਲ ਮਰਨਾ ਨਹੀਂ ਚਾਹਿਆ।

§ ਬਚਾਇਆ ਜਾ ਸਕੇ ਨਰਕ ਥੀਂ।

** (ਹਰਿ ਦਾ ਅਰਥ ਏਥੇ 'ਜਮ' ਲਾਉਣੇ ਦਾ ਯਤਨ ਬੀ ਹੁੰਦਾ ਹੈ। ਪਰ ਗੁਰਬਾਣੀ ਵਿਚ ਅਨੇਕ ਥਾਂ 'ਜੀਉ ਪਿੰਡ' ਹਰੀ ਦਾ ਦੱਸਿਆ ਹੈ, ਤੇ ਇਸ ਜੀਉ ਪਿੰਡ ਦਾ ਮਾਲਕ 'ਹਰੀ' ਹੈ, 'ਜਮ' ਨਹੀਂ ਹੈ।

ਧੁਰਿ ਮਰਣੁ ਲਿਖਾਇਆ ਗੁਰਮੁਖਿ ਸੋਹਾਇਆ ਜਨ ਉਬਰੇ ਹਰਿ ਹਰਿ ਧਿਆਨਿ ਜੀਉ ॥ ਹਰਿ ਸੋਭਾ ਪਾਈ ਹਰਿ ਨਾਮਿ ਵਡਿਆਈ ਹਰਿ ਦਰਗਹ ਪੈਧੇ ਜਾਨਿ ਜੀਉ ॥ ਹਰਿ ਦਰਗਹ ਪੈਧੇ ਹਰਿ ਨਾਮੈ ਸੀਧੇ ਹਰਿ ਨਾਮੈ ਤੇ ਸੁਖੁ ਪਾਇਆ ॥

ਗੁਰਮੁਖ (ਜਗਤ ਵਿਚ) ਸ਼ੋਭਾ ਵਾਲਾ* ਹੈ (ਕਿਉਂਕਿ ਉਹ ਜਾਣਦਾ ਹੈ ਕਿ ਸਭ ਨੇ) ਧੁਰੋਂ ਮਰਨਾ ਲਿਖਿਆਇਆ ਹੈ; (ਇਸ ਕਰਕੇ ਹਰੀ ਦੇ) ਜਨ ਹਰੀ ਦੇ ਧਿਆਨ (ਵਿਚ ਰਹਿੰਦੇ ਹਨ ਤੇ ਇਸ ਧਿਆਨ) ਦੁਆਰਾ (ਓਹ ਪੁਨਾ ਪੁਨ ਦੇ ਜਨਮ ਮਰਨ ਤੋਂ) ਬਚ ਜਾਂਦੇ ਹਨ। (ਉਹਨਾਂ ਨੂੰ) ਹਰੀ ਦੇ ਨਾਮ ਦੁਆਰਾ ਵਡਿਆਈ ਮਿਲੀ ਹੈ (ਇਸ ਕਰਕੇ ਉਹਨਾਂ ਨੇ ਜੀਉਂਦੇ ਜੀ ਬੀ) ਹਰੀ ਦੀ ਸ਼ੋਭਾ ਪਾ ਲਈ ਹੈ (ਤੇ ਓਹ) ਦਰਗਾਹ ਵਿਚ ਬੀ ਪਹਿਨੇ ਹੋਏ ਜਾਣਗੇ † (ਹਾਂ ਓਹ) ਹਰੀ ਦੀ ਦਰਗਾਹ ਵਿਚ ਪਹਿਨੇ ਹੋਏ ਜਾਂਦੇ ਹਨ (ਤੇ ਜੀਉਂਦੇ ਜੀ ਹਰੀ ਨਾਮ ਦੁਆਰਾ ਸਿਧੀ ਨੂੰ ਪ੍ਰਾਪਤ ਹੋਏ (ਰਹਿੰਦੇ) ਹਨ ‡, (ਦੋਹੀਂ ਥਾਈਂ ਉਹਨਾਂ ਨੇ) ਹਰੀ ਨਾਮ ਤੋਂ ਹੀ ਸੁਖ ਪਾਇਆ ਹੈ।

ਜਨਮ ਮਰਣ ਦੋਵੈ ਦੁਖ ਮੇਟੇ ਹਰਿ ਰਾਮੈ ਨਾਮਿ ਸਮਾਇਆ ॥ ਹਰਿ ਜਨ ਪ੍ਰਭੁ ਰਲਿ ਏਕੋ ਹੋਏ ਹਰਿ ਜਨ ਪ੍ਰਭੁ ਏਕ ਸਮਾਨਿ ਜੀਉ ॥ ਧੁਰਿ ਮਰਣੁ ਲਿਖਾਇਆ ਗੁਰਮੁਖਿ ਸੋਹਾਇਆ ਜਨ ਉਬਰੇ ਹਰਿ ਹਰਿ ਧਿਆਨਿ ਜੀਉ ॥੩॥

ਉਹਨਾ ਨੇ ਜਨਮ ਮਰਨ ਦੇ ਦੋਵੇਂ ਦੁਖ ਮੇਟ ਲਏ ਹਨ (ਕਿਉਂਕਿ ਓਹ) ਨਾਮ ਦੁਆਰਾ ਹਰੀ ਰਾਮ ਵਿਚ ਸਮਾ ਗਏ ਹੁੰਦੇ ਹਨ। ਹਰੀ ਦੇ ਜਨ ਤੇ ਪ੍ਰਭੂ ਰਲਕੇ ਇਕੋ ਹੋ ਗਏ, ਹਾਂ ਹਰੀ ਦੇ ਜਨ ਤੇ ਪ੍ਰਭੂ ਜੀ ਇਕ ਤੁੱਲ (ਅਮਰ) ਹਨ ਜੀ। ਗੁਰਮੁਖ (ਜਗਤ ਵਿਚ ਸ਼ੋਭਾ ਵਾਲਾ ਹੈ (ਕਿਉਂਕਿ ਉਹ ਜਾਣਦਾ ਹੈ ਕਿ ਸਭ ਨੇ) ਧੁਰੋਂ ਮਰਨਾ ਲਿਖਿਆਇਆ ਹੈ, (ਇਸ ਕਰਕੇ ਹਰੀ ਦੇ) ਜਨ ਹਰੀ ਦੇ ਧਿਆਨ (ਵਿਚ ਰਹਿੰਦੇ ਹਨ ਤੇ ਇਸ ਧਿਆਨ) ਦੁਆਰਾ (ਓਹ ਬਾਰ ਬਾਰ ਦੇ ਜਨਮ ਮਰਨ ਤੋਂ) ਬਚ ਜਾਂਦੇ ਹਨ॥ ੩॥

ਜਗੁ ਉਪਜੈ ਬਿਨਸੈ ਬਿਨਸਿ ਬਿਨਾਸੈ ਲਗਿ ਗੁਰਮੁਖਿ ਅਸਥਿਰੁ ਹੋਇ ਜੀਉ ॥ ਗੁਰੁ ਮੰਤ੍ਰੁ ਦ੍ਰਿੜਾਏ ਹਰਿ ਰਸਕਿ ਰਸਾਏ ਹਰਿ ਅੰਮ੍ਰਿਤੁ ਹਰਿ ਮੁਖਿ ਚੋਇ ਜੀਉ ॥ ਹਰਿ ਅੰਮ੍ਰਿਤ ਰਸੁ ਪਾਇਆ ਮੁਆ ਜੀਵਾਇਆ ਫਿਰਿ ਬਾਹੁੜਿ ਮਰਣੁ ਨ ਹੋਈ ॥ ਹਰਿ ਹਰਿ ਨਾਮੁ ਅਮਰ ਪਦੁ ਪਾਇਆ ਹਰਿ ਨਾਮਿ ਸਮਾਵੈ ਸੋਈ॥ ਜਨ ਨਾਨਕ ਨਾਮੁ ਅਧਾਰੁ ਟੇਕ ਹੈ ਬਿਨੁ ਨਾਵੈ ਅਵਰੁ ਨ ਕੋਇ

ਜਗਤ ਜੰਮਦਾ ਹੈ ਮਰਦਾ ਹੈ (ਤੇ ਐਉਂ ਸਦਾ) ਨਾਸ਼ ਹੀ ਨਾਸ਼ ਹੁੰਦਾ ਰਹਿੰਦਾ ਹੈ, (ਪਰ) ਗੁਰਮੁਖ ਨਾਲ ਲਗਕੇ ਅਮਰ§ ਹੋ ਜਾਂਦਾ ਹੈ। (ਗੁਰਮੁਖ) ਗੁਰ ਮੰਤ੍ਰ ਨੂੰ ਦ੍ਰਿੜ ਕਰਾ ਦੇਂਦਾ ਹੈ (ਇਉਂ) ਹਰਿ ਰਸ (ਉਹਨਾਂ ਦੇ ਅੰਦਰ ਰਸਾ ਕੇ (ਉਹਨਾਂ ਨੂੰ) ਰਸੀਏ ਬਣਾ ਦੇਂਦਾ ਹੈ, (ਹਾਂ ਉਹ) ਹਰੀ ਨਾਮ ਦਾ ਅੰਮ੍ਰਿਤ (ਜੋ) ਹਰੀ (ਤੁੱਲ ਹੈ, ਉਹਨਾਂ ਦੇ) ਮੂੰਹ ਵਿਚ ਚੋਂਦਾ ਹੈ। (ਐਉਂ ਜਿਨ੍ਹਾਂ ਨੇ) ਹਰੀ (ਤੇ ਹਰੀ ਨਾਮ ਦਾ) ਅੰਮ੍ਰਿਤ ਰਸ ਪਾਇਆ ਹੈ (ਉਹ ਉਹਨਾਂ ਨੇ) ਮੋਇਆ ਜਿਵਾ ਦਿਤਾ ਹੈ, ਉਹਨਾਂ ਦਾ ਫੇਰ ਮੁੜਕੇ ਮਰਨ (ਜਨਮ) ਨਹੀਂ ਹੋਣਾ। ਜਿਸ ਨੇ ਹਰੀ ਹਰਿ ਨਾਮ (ਰੂਪੀ) ਅਮਰ ਪਦਵੀ ਪਾ ਲਈ ਹੈ, ਉਹੋ 'ਹਰੀ ਨਾਮ' ਵਿਚ ਸਮਾ ਜਾਂਦਾ ਹੈ। (ਸੋ ਭਾਈ !) ਦਾਸ ਨਾਨਕ ਦਾ ਆਸਰਾ ਤੇ ਟੇਕ ਤਾਂ 'ਨਾਮ' ਹੈ, ਨਾਮ ਤੋਂ ਬਿਨਾ ਹੋਰ ਕੋਈ (ਆਸਰਾ) ਨਹੀਂ

---

* ਸੁਹਣਾ ਲਗਦਾ ਹੈ। ਸ਼ੋਭਾ ਵਾਲਾ ਹੈ।

† ਖੜਿ ਦਰਗਹ ਪੈਨਾਈਐ॥ [ਸਿਰੀ ਰਾਗੁ ਮਹਲਾ ੧-੧੮]
ਇਸ ਦੇ ਉਲਟ-ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ॥ [ਆਸਾ ਵਾਰ ਮ: ੧-੧੪]
ਗੁਰਮੁਖ ਆਤਮ ਲਿਬਾਸਾਂ ਵਿਚ ਪਹਿਨੇ ਹੋਏ ਜਾਂਦੇ ਹਨ।

‡ ਸੀਧੇ=ਸਿਧੀ ਨੂੰ ਪ੍ਰਾਪਤ ਹੋਏ ਹੋਏ। ਸਿਰੇ ਚੜ੍ਹੇ ਹੋਏ।

§ ਅਸਥਿਰੁ=ਸਿਥਰ। ਕਾਇਮ ਰਹਿਣ ਵਾਲਾ। ਅਮਰ।

ਜੀਉ ॥ ਜਗੁ ਉਪਜੈ ਬਿਨਸੈ ਬਿਨਸਿ ਬਿਨਾਸੈ ਲਗਿ ਗੁਰਮੁਖਿ ਅਸਥਿਰੁ ਹੋਇ ਜੀਉ ॥੪॥੬॥੧੩॥	ਹੈ। (ਹਾਂ) ਜਗਤ ਜੰਮਦਾ ਹੈ, ਮਰਦਾ ਹੈ (ਤੇ ਐਉਂ ਸਦਾ) ਨਾਸ਼ ਹੀ ਨਾਸ਼ ਹੁੰਦਾ ਰਹਿੰਦਾ ਹੈ (ਪਰ) ਗੁਰਮੁਖ ਨਾਲ ਲਗਕੇ ਅਮਰ ਹੋ ਜਾਂਦਾ ਹੈ॥ ੪॥ ੬॥ ੧੩॥

ਵਜਾਖਜਾ ਤੇ ਨਿਰੁਕ੍ਤ- ਸੁਗਮ ਹੈ।

[ਆਸਾ ਮਹਲਾ ੪, ਛੰਤ ੭-੧੪]

ਮੂਲ	ਅਰਥ
ਆਸਾ ਮਹਲਾ ੪ ਛੰਤ॥ ਵਡਾ ਮੇਰਾ ਗੋਵਿੰਦੁ ਅਗਮ ਅਗੋਚਰੁ ਆਦਿ ਨਿਰੰਜਨੁ ਨਿਰੰਕਾਰੁ ਜੀਉ ॥ ਤਾ ਕੀ ਗਤਿ ਕਹੀ ਨ ਜਾਈ ਅਮਿਤਿ ਵਡਿਆਈ ਮੇਰਾ ਗੋਵਿੰਦੁ ਅਲਖ ਅਪਾਰ ਜੀਉ ॥ ਗੋਵਿੰਦੁ ਅਲਖ ਅਪਾਰੁ ਅਪਰੰਪਰੁ ਆਪੁ ਆਪਣਾ ਜਾਣੈ ॥ ਕਿਆ ਇਹ ਜੰਤ ਵਿਚਾਰੇ ਕਹੀਅਹਿ ਜੋ ਤੁਧੁ ਆਖਿ ਵਖਾਣੈ ॥ ਜਿਸ ਨੋ ਨਦਰਿ ਕਰਹਿ ਤੂੰ ਅਪਣੀ ਸੋ ਗੁਰਮੁਖਿ ਕਰੇ ਵੀਚਾਰੁ ਜੀਉ ॥ ਵਡਾ ਮੇਰਾ ਗੋਵਿੰਦੁ ਅਗਮ ਅਗੋਚਰੁ ਆਦਿ ਨਿਰੰਜਨੁ ਨਿਰੰਕਾਰੁ ਜੀਉ ॥੧॥	ਮੇਰਾ ਵਾਹਿਗੁਰੂ (ਸਭ ਤੋਂ) ਵਡਾ ਹੈ, ਉਹ ਮਨ ਦੀ ਪਹੁੰਚ ਤੋਂ ਪਰੇ ਹੈ, ਇੰਦ੍ਰਿਆਂ ਕਰਕੇ ਨਹੀਂ ਜਾਣਿਆ ਜਾਂਦਾ, ਸਭਨਾਂ ਤੋਂ ਪਹਿਲੇ ਹੈ (ਤੇ ਸਭਨਾਂ ਦੀ ਆਦਿ ਹੈ), ਮਾਇਆ ਰਹਿਤ ਹੈ, ਤੇ ਆਕਾਰ ਰਹਿਤ ਹੈ। ਉਸ ਦੀ ਗਤੀ ਕਹੀ ਨਹੀਂ ਜਾ ਸਕਦੀ, (ਉਸ ਦੀ) ਵਡਿਆਈ ਮਿਤ ਤੋਂ ਪਰੇ ਹੈ, (ਹਾਂ) ਮੇਰਾ ਗੋਬਿੰਦ ਲਖਿਆ ਨਹੀਂ ਜਾ ਸਕਦਾ, (ਕਿਉਂਕਿ ਉਹ) ਪਾਰ ਤੋਂ ਰਹਿਤ ਹੈ। ਹਾਂ, ਗੋਬਿੰਦ ਲੱਖਤਾ ਤੋਂ ਪਰੇ, ਪਾਰ ਰਹਿਤ ਤੇ ਪਰੇ ਤੋਂ ਪਰੇ ਹੈ, (ਉਹ) ਆਪਣੇ ਆਪ ਨੂੰ ਆਪ ਜਾਣਦਾ ਹੈ। ਏਹ ਜੀਵ (ਜੋ) ਬੇਚਾਰੇ ਕਹੀਦੇ ਹਨ ਕੌਣ ਹਨ ਜੋ ਤੈਨੂੰ ਕਹਿਕੇ ਵਰਣਨ ਕਰ ਸਕਣ*? (ਹਾਂ) ਜਿਸ ਉਤੇ ਤੂੰ ਆਪਣੀ ਮੇਹਰ ਦੀ ਦ੍ਰਿਸ਼ਟੀ ਪਾਵੇਂ ਉਹ ਗੁਰਮੁਖ † ਤੇਰੀ ਵੀਚਾਰ ਕਰ ਸਕਦਾ ਹੈ। (ਹਾਂ,) ਮੇਰਾ ਵਾਹਿਗੁਰੂ (ਸਭ ਤੋਂ) ਵੱਡਾ ਹੈ, ਓਹ ਮਨ ਦੀ ਪਹੁੰਚ ਤੋਂ ਪਰੇ ਹੈ, ਇੰਦ੍ਰਿਆਂ ਕਰਕੇ ਨਹੀਂ ਜਾਣਿਆਂ ਜਾਂਦਾ, ਸਭਨਾਂ ਤੋਂ ਪਹਿਲੋਂ ਹੈ (ਤੇ ਸਭਨਾਂ ਦੀ ਆਦਿ ਹੈ), ਮਾਇਆ ਰਹਿਤ ਹੈ, ਤੇ ਆਕਾਰ ਤੋਂ ਰਹਿਤ ਹੈ॥ ੧॥
ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਤੇਰਾ ਪਾਰੁ ਨ ਪਾਇਆ ਜਾਇ ਜੀਉ॥ ਤੂੰ ਘਟ ਘਟ ਅੰਤਰਿ ਸਰਬ ਨਿਰੰਤਰਿ ਸਭ ਮਹਿ ਰਹਿਆ ਸਮਾਇ ਜੀਉ ॥ ਘਟ ਅੰਤਰਿ ਪਾਰਬ੍ਰਹਮੁ ਪਰਮੇਸਰੁ ਤਾ ਕਾ ਅੰਤੁ ਨ ਪਾਇਆ ॥ ਤਿਸੁ ਰੂਪੁ ਨ ਰੇਖ ਅਦਿਸਟੁ ਅਗੋਚਰੁ ਗੁਰਮੁਖਿ ਅਲਖੁ ਲਖਾਇਆ ॥ ਸਦਾ ਅਨੰਦਿ	[ਇਸ ਅੰਕ ਵਿਚ ਸਨਮੁਖ ਅਰਦਾਸ ਹੈ:-] ਹੇ ਕਰਤਾਰ ! ਤੂੰ ਆਦਿ ਪੁਰਖ ਹੈਂ, ਪਾਰ ਤੋਂ ਰਹਿਤ ਹੈਂ, ਤੇਰਾ ਪਾਰ ਨਹੀਂ ਪਾਇਆ ਜਾ ਸਕਦਾ ਜੀਓ ! ਤੂੰ (ਹੇ ਗੋਵਿੰਦ !) ਹਰ ਸਰੀਰ ਦੇ ਅੰਦਰ ਹੈਂ,(ਹਾਂ,ਬਿਨਾਂ ਕਿਸੇ ਫਰਕ ਵਿੱਥ ਪਏ ਦੇ) ਇਕ ਰਸ ਸਭਨਾਂ ਦੇ ਅੰਦਰ ਹੈ, ਸਭਨਾਂ ਵਿਚ (ਪੂਰੀ ਤਰ੍ਹਾਂ) ਸਮਾ ਰਿਹਾ ਹੈਂ। (ਹੈ ਤਾਂ ਸਭ ਦੇ) ਸਰੀਰ ਦੇ ਅੰਦਰ ਪਾਰਬ੍ਰਹਮ ਪਰਮੇਸ਼ੁਰ, (ਪਰ ਉਸ ਦਾ) ਅੰਤ ਕਿਸੇ ਨੇ ਨਹੀਂ ਪਾਇਆ, (ਕਿਉਂਕਿ) ਉਸ ਦਾ ਰੂਪ ਨਹੀਂ, ਕੋਈ ਨਕਸ਼ ਨਹੀਂ, (ਸਾਡੀ) ਨਜ਼ਰ ਦਾ ਵਿਸ਼ਾ ਨਹੀਂ, ਇੰਦ੍ਰਿਆਂ ਦੀ ਗੰਮਤਾ ਤੋਂ ਪਰੇ ਹੈ, (ਪਰ ਉਸ) ਅਲੱਖ ਨੂੰ ਗੁਰਮੁਖ ਨੇ (ਲਖਿਆ ਤੇ) ਲਖ ਲਿਆ ਹੈ। (ਉਹ

* ਏਥੇ ਸਨਮੁਖ ਅਰਦਾਸ ਕਰਦੇ ਹਨ। † ਏਥੇ ਗੁਰਮੁਖ ਦਾ ਅਰਥ-ਗੁਰੂ ਦੁਆਰੇ ਬੀ ਕਰਦੇ ਹਨ।

ਰਹੈ ਦਿਨੁ ਰਾਤੀ ਸਹਜੇ ਨਾਮਿ ਸਮਾਇ ਜੀਉ ॥ ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਤੇਰਾ ਪਾਰੁ ਨ ਪਾਇਆ ਜਾਇ ਜੀਉ ॥੨॥

ਗੁਰਮੁਖ) ਸਦਾ ਤੇ ਰਾਤ ਦਿਨੇ ਅਨੰਦ ਰਹਿੰਦਾ ਹੈ, (ਕਿਉਂਕਿ ਉਹ) ਸਹਿਜੇ ਹੀ ਨਾਮ ਵਿਚ ਸਮਾਇਆ ਰਹਿੰਦਾ ਹੈ। ਹੇ ਕਰਤਾਰ ! ਤੂੰ ਆਦਿ ਪੁਰਖ ਹੈਂ, ਪਾਰ ਤੋਂ ਰਹਿਤ ਹੈਂ, ਤੇਰਾ ਪਾਰ ਨਹੀਂ ਪਾਇਆ ਜਾ ਸਕਦਾ ਜੀਓ॥ ੨॥

ਤੂੰ ਸਤਿ ਪਰਮੇਸਰੁ ਸਦਾ ਅਬਿਨਾਸੀ ਹਰਿ ਹਰਿ ਗੁਣੀ ਨਿਧਾਨੁ ਜੀਉ ॥ ਹਰਿ ਹਰਿ ਪ੍ਰਭੁ ਏਕੋ ਅਵਰੁ ਨ ਕੋਈ ਤੂੰ ਆਪੇ ਪੁਰਖੁ ਸੁਜਾਨੁ ਜੀਉ॥ ਪੁਰਖੁ ਸੁਜਾਨੁ ਤੂੰ ਪਰਧਾਨੁ ਤੁਧੁ ਜੇਵਡੁ ਅਵਰੁ ਨ ਕੋਈ ॥ ਤੇਰਾ ਸਬਦੁ ਸਭੁ ਤੂੰਹੈ ਵਰਤਹਿ ਤੂੰ ਆਪੇ ਕਰਹਿ ਸੁ ਹੋਈ ॥ ਹਰਿ ਸਭ ਮਹਿ ਰਵਿਆ ਏਕੋ ਸੋਈ ਗੁਰਮੁਖਿ ਲਖਿਆ ਹਰਿ ਨਾਮੁ ਜੀਉ ॥ ਤੂੰ ਸਤਿ ਪਰਮੇਸਰੁ ਸਦਾ ਅਬਿਨਾਸੀ ਹਰਿ ਹਰਿ ਗੁਣੀ ਨਿਧਾਨੁ ਜੀਉ ॥੩॥

[ਅਰਦਾਸ ਹੀ ਚਲ ਰਹੀ ਹੈ] (ਹੇ ਮੇਰੇ) ਪਰਮੇਸ਼੍ਵਰ ! (ਹੇ ਮੇਰੇ) ਹਰੀ ਹਰਿ ! ਤੂੰ ਸੱਤਯ ਸਰੂਪ ਹੈਂ, ਸਦੀਵਕਾਲ ਨਾਸ਼ ਤੋਂ ਰਹਿਤ ਹੈਂ, (ਫੇਰ ਤੂੰ ਸਾਰੇ) ਗੁਣਾਂ ਦਾ ਖ਼ਜ਼ਾਨਾ ਹੈਂ ਜੀ। ਹੇ ਹਰੀ ਹਰਿ ! (ਤੂੰ) ਇਕੋ ਹੀ ਮਾਲਿਕ ਹੈਂ, ਹੋਰ ਕੋਈ ਨਹੀਂ, ਪੂਰੀ ਤਰ੍ਹਾਂ ਜਾਣਨੇ ਵਾਲਾ ਪੁਰਖ ਤੂੰ ਆਪ ਹੀ ਹੈਂ ਹਾਂ, ਤੂੰ ਹੀ ਸੁਜਾਨ ਪੁਰਖ ਹੈਂ, ਤੂੰ ਹੀ (ਸਭ ਤੋਂ) ਸ੍ਰੇਸ਼ਟ ਹੈਂ, ਤੇਰੇ ਜੇਡਾ ਵਡਾ ਹੋਰ ਕੋਈ ਨਹੀਂ*। (ਹਾਂ,) ਤੇਰਾ ਸ਼ਬਦ † (ਵਯਾਪਕ ਹੈ ਸ਼ਬਦ ਰੂਪ ਹੋਕੇ ਤੂੰ ਹੀ ਸਾਰੇ ਵਰਤ ਰਿਹਾ ਹੈਂ, ਤੂੰ (ਜੋ) ਆਪੇ ਕਰਦਾ ਹੈਂ ਸੋਈ ਹੁੰਦਾ ਹੈ (ਇਉਂ) ਇਕੋ ਉਹੋ ਹਰੀ ਸਭਨਾਂ ਵਿਚ ਵਯਾਪਕ ਹੈ, (ਤੇ) ਗੁਰਮੁਖਾਂ ਨੇ ਉਸ ਨੂੰ ਹਰੀ ਨਾਮ ਕਰਕੇ ਲਖ ਲਿਆ ਹੈ। ਹੇ ਮੇਰੇ ਪਰਮੇਸ਼੍ਵਰ ! (ਹੇ ਮੇਰੇ) ਹਰੀ ਹਰਿ ! ਤੂੰ ਸਤਯ ਸਰੂਪ ਹੈਂ, ਸਦੀਵ ਕਾਲ ਤੂੰ ਨਾਸ਼ ਤੋਂ ਰਹਿਤ ਹੈਂ, ਫੇਰ ਤੂੰ ਸਾਰੇ ਗੁਣਾਂ ਦਾ ਖ਼ਜ਼ਾਨਾ ਹੈਂ ਜੀ॥ ੩॥

ਸਭੁ ਤੂੰਹੈ ਕਰਤਾ ਸਭ ਤੇਰੀ ਵਡਿਆਈ ਜਿਉ ਭਾਵੈ ਤਿਵੈ ਚਲਾਇ ਜੀਉ ॥ ਤੁਧੁ ਆਪੇ ਭਾਵੈ ਤਿਵੈ ਚਲਾਵਹਿ ਸਭ ਤੇਰੈ ਸਬਦਿ ਸਮਾਇ ਜੀਉ ॥ ਸਭ ਸਬਦਿ ਸਮਾਵੈ ਜਾਂ ਤੁਧੁ ਭਾਵੈ ਤੇਰੈ ਸਬਦਿ ਵਡਿਆਈ ॥ ਗੁਰਮੁਖਿ ਬੁਧਿ ਪਾਈਐ ਆਪੁ ਗਵਾਈਐ ਸਬਦੇ ਰਹਿਆ ਸਮਾਈ ॥ ਤੇਰਾ ਸਬਦੁ ਅਗੋਚਰੁ ਗੁਰਮੁਖਿ ਪਾਈਐ ਨਾਨਕ ਨਾਮਿ ਸਮਾਇ ਜੀਉ ॥ ਸਭੁ ਤੂੰਹੈ ਕਰਤਾ ਸਭ ਤੇਰੀ ਵਡਿਆਈ ਜਿਉ ਭਾਵੈ ਤਿਵੈ ਚਲਾਇ ਜੀਉ ॥੪॥੭॥੧੪॥

[ਅਰਦਾਸ ਤੁਰੀ ਚਲਦੀ ਹੈ] ਹੇ ਕਰਤਾਰ ! ਤੂੰਹੋਂ ਸਭ ਕੁਛ ਹੈਂ, ਸਾਰੀ ਵਡਿਆਈ (ਗੁਰਮੁਖਾਂ ਨੂੰ ਤਾਰਨ ਆਦਿ ਦੀ) ਤੇਰੀ ਹੈ, ਜਿਵੇਂ ਤੈਨੂੰ ਭਾਵੇ ਤਿਵੇਂ (ਆਪਣੀ ਰਜ਼ਾ ਵਿਚ) ਟੋਰ। ਤੈਨੂੰ ਆਪੇ ਜੋ ਕੁਛ ਭਾਉਂਦਾ ਹੈ (ਤੂੰ) ਉਸੇ ਤਰ੍ਹਾਂ ਚਲਾਉਂਦਾ ਹੈਂ, ਸਾਰੇ (ਗੁਰਮੁਖ) ਤੇਰੇ ਸ਼ਬਦ ਵਿਚ ਸਮਾਉਂਦੇ ਹਨ। ਸਾਰੇ ਸ਼ਬਦ ਵਿਚ ਸਮਾਉਂਦੇ ਹਨ (ਕਦੋਂ? ਤਦੋਂ) ਜਦੋਂ ਤੈਨੂੰ ਭਾ ਜਾਏ, ਤੇਰੇ ਸ਼ਬਦ ਦੀ (ਸਾਰੀ) ਵਡਿਆਈ ਹੈ (ਭਾਵ ਸ਼ਬਦ ਦੀ ਕਮਾਈ ਵਾਲਿਆਂ ਦੀ ਵਡਿਆਈ ਤੇਰੀ ਹੈ)। ਗੁਰੂ ਦੁਆਰੇ (ਇਹ) ਅਕਲ ਪ੍ਰਾਪਤ ਕਰੀਦੀ ਹੈ, (ਪਰ ਤਾਂ ਜੇ) ਆਪਾ ਭਾਵ ਗੁਆ ਦੇਈਏ ਤੇ ਸ਼ਬਦ ਵਿਚ ਸਮਾਏ ਰਹੀਏ ਤਾਂ। ਤੇਰਾ ਸ਼ਬਦ ਬੀ (ਸਾਡੀ) ਪਹੁੰਚ ਤੋਂ ਪਰੇ ਹੈ, ਜੋ ਗੁਰੂ ਦੁਆਰਾ ਪਾਈਦਾ ਹੈ, ਹੇ ਨਾਨਕ ! ਨਾਮ ਦੁਆਰਾ ਸਮਾਕੇ (ਸ਼ਬਦ ਪਾਈਦਾ ਹੈ)। ਹੇ ਕਰਤਾਰ ! ਤੂੰਹੋਂ ਸਭ ਕੁਛ ਹੈਂ, ਸਾਰੀ ਵਡਿਆਈ (ਗੁਰਮੁਖਾਂ ਨੂੰ ਤਾਰਨ ਆਦਿ ਦੀ) ਤੇਰੀ ਹੈ, ਜਿਵੇਂ ਤੈਨੂੰ ਭਾਵੇਂ ਤਿਵੇਂ (ਆਪਣੀ ਰਜ਼ਾ ਵਿਚ) ਟੋਰ ॥ ੪॥ ੭॥ ੧੪॥

---

* ਭਾਵ ਤੂੰ ਸਰਬ ਸਮਰਥ ਹੈਂ।

† ਕਈ ਦਾਨੇ ਏਥੇ 'ਸਬਦੁ' ਦਾ ਭਾਵ ਸੰਸਾਰ ਲੈਂਦੇ ਹਨ।

ਵਜਾਖਜਾ-ਇਸ ਸ਼ਬਦ ਵਿਚ 'ਸਬਦੁ' ਪਦ ਵੀਚਾਰ ਗੋਚਰਾ ਹੈ। 'ਸਬਦ' ਪਦ ਦਾ ਅਰਥ ਸੰਸਾਰ, ਹੁਕਮ, ਸਰੂਪ ਆਦਿ ਅਡ ਅਡ ਅਰਥਾਂ ਨਾਲ ਸਫਲ ਕੀਤਾ ਜਾਂਦਾ ਹੈ; ਪਰ ਸਭਨਾਂ ਤੁਕਾਂ ਵਿਚ ਜਾਪਦਾ ਹੈ ਕਿ ਸਬਦ ਦਾ ਭਾਵ ਇਕੋ ਹੈ। ਵਾਹਿਗੁਰੂ ਦਾ ਇਕ ਰੂਪ 'ਸ਼ਬਦ' ਹੈ। ਕਈ ਵੇਰ 'ਸਬਦ ਬ੍ਰਹਮ' ਪਦ ਵਰਤਿਆ ਜਾਂਦਾ ਹੈ। 'ਨਾਮ' ਬੀ 'ਸ਼ਬਦ' ਹੈ। ਨਾਮ ਪ੍ਰਭੂ ਦਾ ਅਪਣਾ ਹੈ, ਇਸ ਕਰਕੇ ਨਾਮ ਅਭਜਾਸੀ ਪ੍ਰਭੂ ਦੇ ਸ਼ਬਦ ਬ੍ਰਹਮ ਰੂਪ ਨੂੰ ਪ੍ਰਾਪਤ ਹੋਕੇ ਸਰੂਪ ਲੀਨਤਾ ਵਿਚ ਜਾਂਦਾ ਹੈ। ਇਨ੍ਹਾਂ ਸਤਰਾਂ ਵਿਚ ਨਾਮ ਦੀ ਵਜਾਪਕ ਰੂਪਤਾ ਤੋਂ ਭਾਵ ਸਹੀ ਹੁੰਦਾ ਹੈ। ਜੈਸੇ ਫੁਰਮਾਇਆ ਹੈ:-

ਨਾਮ ਕੇ ਧਾਰੇ ਆਗਾਸ ਪਾਤਾਲ॥ [ਗਉੜੀ ਸੁਖਮਨੀ, ੧੬-੫]

ਏਥੇ ਅਖੀਰਲੀ ਤੁਕ ਤੋਂ ਪਹਿਲੇ ਪ੍ਰਭੂ ਦੇ ਸ਼ਬਦ ਨੂੰ 'ਅਗੋਚਰੁ' ਕਰਕੇ ਕਿਹਾ ਹੈ। ਸੁਣੇ ਜਾਣ ਵਾਲਾ ਸ਼ਬਦ ਤਾਂ ਅਗੋਚਰ ਨਹੀਂ, ਪਰ ਵਜਾਪਕ ਸ਼ਬਦ ਇੰਦ੍ਰਿਆਂ ਦਾ ਵਿਸ਼ਾ ਨਹੀਂ।

ਨਿਰੁਕ੍ਤ-ਗੋਵਿੰਦੁ-ਸਾਰੀ ਸ੍ਰਿਸ਼ਟੀ ਨੂੰ ਜਾਣਨ ਵਾਲਾ, ਵਾਹਿਗੁਰੂ।

ਅਗਮ-(ਮਨ ਦੀ) ਪਹੁੰਚ ਤੋਂ ਪਰੇ।   ਅਗੋਚਰੁ-ਇੰਦ੍ਰਿਆਂ ਦੇ ਜਾਣਨ ਗੋਚਰਾ ਨਹੀਂ ਜੋ।

ਆਦਿ-ਸਭ ਤੋਂ ਪਹਿਲੋਂ ਸੀ ਤੇ ਸਭ ਦੀ ਆਦਿ (=ਮੂਲ) ਉਹੋ ਹੈ।

ਨਿਰੰਜਨ-ਨਿਰ+ਅੰਜਨ, ਮਾਇਆ ਤੋਂ ਪਰੇ।

ਨਿਰੰਕਾਰ-ਨਿਰ+ਆਕਾਰ, ਜਿਸ ਦਾ ਰੂਪ ਰੇਖ ਕੋਈ ਨਹੀਂ।

ਗਤਿ-ਹਾਲਤ, ਦਸ਼ਾ, ਪਹੁੰਚ, ਸ਼ਕਤੀ।   ਅਪਰੰਪਰੁ-ਅਪਰ ਅਪਾਰ, ਪਰੇ ਤੋਂ ਪਰੇ। ਪਾਰਬ੍ਰਹਮ।

ਅੰਤਰਿ-ਅੰਦਰ।   ਨਿਰੰਤਰਿ-ਬਿਨਾਂ ਫਰਕ ਵਿੱਥ ਪਾਏ ਦੇ, ਇਕ ਰਸ।

ਪਾਰਬ੍ਰਹਮੁ-ਪਰੇ ਤੋਂ ਪਰੇ, ਨਿਰੰਕਾਰ, ਨਿਰਗੁਣ।

ਪੁਰਖੁ ਸੁਜਾਨੁ-ਉਹ ਵਜਾਪਕ ਹਸਤੀ ਜੋ ਸੁ (=ਠੀਕ ਤਰ੍ਹਾਂ, ਪੂਰੀ ਤਰ੍ਹਾਂ) ਜਾਣਦੀ ਹੈ ਭਾਵ ਸਰਵੱਗ ਤੋਂ ਹੈ ।

ਗੁਰਮੁਖਿ ਲਖਿਆ ਹਰਿਨਾਮੁ ਜੀਉ-ਗੁਰਮੁਖਾਂ ਨੇ ਨਾਮ ਨੂੰ ਜੋ ਅੰਦਰ ਵਸਾਕੇ ਨਾਮ ਨਾਲ ਅਭੇਦਤਾ ਵਾਲਾ ਉਸ ਦਾ ਸ਼ਬਦ ਸਰੂਪ ਲਖ ਲਿਆ ਹੈ, ਇਸ ਨੂੰ ਉਹਨਾਂ ਨੇ 'ਪ੍ਰਭੂ' ਲਖ ਲਿਆ ਹੈ। ਏਥੇ ਨਾਮ ਦੁਆਰਾ ਅਰਥ ਨਹੀਂ ਲਗਦਾ, ਕਿਉਂਕਿ 'ਨਾਮੁ' ਪਦ ਨੂੰ ਔਂਕੜ ਹੈ, ਸਿਆਰੀ ਨਹੀਂ ਹੈ। 'ਗੁਰਮੁਖਿ' ਦਾ ਅਰਥ ਏਥੇ ਬੀ ਗੁਰੂ ਦੁਆਰਾ ਲਾ ਲੈਂਦੇ ਹਨ।

[ਆਸਾ ਮਹਲਾ ੪, ਛੰਤ-੧੫]

੧ੴ ਸਤਿਗੁਰ ਪ੍ਰਸਾਦਿ॥ ਆਸਾ ਮਹਲਾ ੪ ਛੰਤ ਘਰੁ ੪॥

ਪ੍ਰਾਕ੍ਥਨ-ਛੱਕੇ-ਅਗੇ ਆਉਣ ਵਾਲੇ ਛੇ ਛੰਤ ਬੀ ਸ਼੍ਰੀ ਗੁਰੂ ਰਾਮਦਾਸ ਜੀ ਦੀ ਰਚਨਾਂ ਹਨ ਤੇ ਪੰਥ ਵਿਚ 'ਛੱਕੇ' ਕਹਾਉਂਦੇ ਹਨ, ਚਾਹੋ ਗੁਰੂ ਗ੍ਰੰਥ ਸਾਹਿਬ ਵਿਚ ਇਨ੍ਹਾਂ ਦੀ ਸੁਰਖੀ 'ਛੱਕੇ' ਲਿਖੀ ਹੋਈ ਨਹੀਂ। ਹੋ ਸਕਦਾ ਹੈ ਕਿ ਛੇ ਸ਼ਬਦ ਹੋਣ ਕਰਕੇ ਛੱਕੇ ਕਹਾਉਂਦੇ ਹਨ, ਕਿਉਂਕਿ 'ਛੱਕਾ' ਪਦ ਛੇਆਂ ਦੇ ਗੁੱਟ ਦਾ ਵਾਚਕ ਹੈ। ਛਿਆਂ ਵਿਚ ਇਕ ਰੰਗ ਦੇ ਭਾਵਾਂ ਦੇ ਛੰਤ ਚਲਦੇ ਹਨ। ਹੋ ਸਕਦਾ ਹੈ ਕਿ ਇਹ ਨਾਮ ਕਿਸੇ ਦਾਨੇ ਨੇ ਛਕਿਆਂ ਦੇ ਵਿਚੋਂ ਸੋਲ੍ਹਵੇਂ ਛੰਤ ਦੇ ਚੌਥੇ ਅੰਕ ਦੀ ਇਸ ਤੁੱਕ ਤੋਂ ਲਿਆ ਹੋਵੇ:-

'ਜਿਨਾ ਗੁਰਬਾਣੀ ਮਨਿ ਭਾਈਆ ਅੰਮ੍ਰਿਤਿ ਛਕਿ ਛਕੇ॥'

ਜਿਸ ਦੇ ਅਰਥ ਹਨ: ਜਿਨ੍ਹਾਂ ਨੂੰ ਗੁਰੂ ਬਾਣੀ ਮਨ ਵਿਚ ਪਿਆਰੀ ਲਗੀ ਹੈ, ਓਹ ਅੰਮ੍ਰਿਤ ਛਕ ਕੇ ਮਗਨ ਹੋ ਗਏ ਹਨ। ਛਕਣਾ ਪਦ ਦੇ ਅਰਥ ਹਨ:-ਖਾਣਾ, ਖਾਕੇ ਤ੍ਰਿਪਤ ਹੋਣਾ, ਮਸਤ ਹੋਣਾ। ਸੁੰਦਰਤਾ ਵਿਚ ਚਮਕ ਪੈਣਾ। ਸੋਭਾਇਮਾਨ ਯਾ ਸ਼ੋਭਾ ਵਾਲੇ ਹੋਣਾ। ਸੋ ਉਪਰਲੀ ਸਤਰ ਵਿਚ ਅਰਥ ਲਗਦਾ ਹੈ ਅੰਮ੍ਰਿਤ ਨੂੰ ਛਕਕੇ ਮਗਨਾਨੰਦ ਹੋਏ ਯਾ ਤ੍ਰਿਪਤ ਹੋਏ ਹਨ। ਕਿਉਂਕਿ ਏਹ ਸਾਰੇ ਛੰਤ ਪ੍ਰੇਮ ਦੇ ਅਨੇਕ ਤਰੰਗਾਂ ਵਿਚ ਡੁੱਲ੍ਹ ਡੁੱਲ੍ਹ ਕੇ ਪੈ ਰਹੇ ਹਨ ਜੋ ਪ੍ਰੇਮ ਰੂਪੀ ਅੰਮ੍ਰਿਤ ਛਕਾ ਕੇ ਸਭ ਨੂੰ ਬੰਨ੍ਹ ਦੇਂਦੇ ਹਨ, ਕਿਸੇ ਪ੍ਰੇਮੀ ਦਾਨੇ ਨੇ ਇਨ੍ਹਾਂ ਦਾ ਨਾਮ ਹੀ 'ਛੱਕੇ' ਰਖ ਦਿਤਾ।

ਮੂਲ	ਅਰਥ
ਹਰਿ ਅੰਮ੍ਰਿਤ ਭਿੰਨੇ ਲੋਇਣਾ ਮਨੁ ਪ੍ਰੇਮਿ ਰਤੰਨਾ ਰਾਮ ਰਾਜੇ ॥ ਮਨੁ ਰਾਮਿ ਕਸਵਟੀ ਲਾਇਆ ਕੰਚਨੁ ਸੋਵਿੰਨਾ ॥ ਗੁਰਮੁਖਿ ਰੰਗਿ ਚਲੂਲਿਆ ਮੇਰਾ ਮਨੁ ਤਨੋ ਭਿੰਨਾ ॥ ਜਨੁ ਨਾਨਕੁ ਮੁਸਕਿ ਝਕੋਲਿਆ ਸਭੁ ਜਨਮੁ ਧਨੁ ਧੰਨਾ ॥੧॥	ਹੇ ਰਾਮ ਰਾਜੇ ! (ਮੇਰੇ) ਨੈਣ ਹਰਿ (ਨਾਮ ਰੂਪੀ) ਅੰਮ੍ਰਿਤ ਨਾਲ ਭਿੱਜ ਰਹੇ ਹਨ, (ਮੇਰਾ) ਮਨ (ਹਰੀ ਦੇ) ਪ੍ਰੇਮ ਵਿਚ ਰੰਗਿਆ ਗਿਆ ਹੈ। (ਹਾਂ, ਮੇਰੇ ਮਨ ਨੂੰ ਰਾਮ ਨੇ (ਆਪਣੀ ਪਿਆਰ-ਪਰਖ ਦੀ) ਕਸਵਟੀ ਤੇ ਲਾਇਆ ਹੈ (ਤੇ ਇਹ) ਸੌਵੰਨੀ ਦਾ ਸੋਨਾ (ਨਿਕਲਿਆ ਹੈ; ਪਰ ਇਹ ਮੇਰੀ ਖ਼ੂਬੀ ਨਹੀਂ, ਇਹ ਤਾਂ) ਗੁਰੂ ਦੁਆਰਾ ਗੂੜੇ ਲਾਲ ਰੰਗ* ਵਿਚ ਮੇਰਾ ਮਨ ਤਨ ਸਿੱਜ ਗਿਆ ਹੈ, (ਨਾਲ ਹੀ ਇਹ) ਖ਼ੁਸ਼ਬੋ ਵਿਚ ਡੋਬੇ ਦਿੱਤਾ ਗਿਆ ਹੈ, (ਸੋ) ਦਾਸ ਨਾਨਕ ਦਾ ਸਾਰਾ ਜਨਮ ਧੰਨ ਧੰਨ (=ਸਫਲ) ਹੋ ਗਿਆ ਹੈ॥ ੧॥

ਵਯਾਖਯਾ-ਵਾਹਿਗੁਰੂ ਪ੍ਰੇਮ ਦੀ ਸਫਲ ਅਵਸਥਾ ਦਾ ਵਰਣਨ ਹੈ ਜੋ ਹਰੀ ਨਾਮ ਤੋਂ ਪ੍ਰਾਪਤ ਹੋਈ। ਪਹਿਲਾ ਨਾਮ ਰਸ ਨਾਲ ਸੁਰਤ ਉੱਚੀ ਹੋਈ, ਨੈਣ ਉਸ ਦੇ ਰਸ ਨਾਲ ਭਰ ਗਏ, ਦ੍ਰਿਸ਼ਟੀ ਵਿਚ ਹਰੀ ਦੀ ਹਜ਼ੂਰੀ ਵੱਸ ਗਈ ਪਰ ਇਸ ਦਾ ਮੂਲ ਅੰਦਰ ਮਨ ਵਿਚ ਪ੍ਰੇਮ ਦਾ ਰੰਗ ਚੜ੍ਹ ਜਾਣਾ ਸੀ, ਜੋ ਨਾਮ ਦੀ ਸਫਲਤਾ ਹੁੰਦੀ ਹੈ। ਇਸ ਮੇਰੇ ਪ੍ਰੇਮ ਨੂੰ ਹਰੀ ਨੇ ਆਪ ਪਰਖਿਆ, ਉਸ ਦੀ ਅਪਣੀ ਪਰਖ ਕਸਵਟੀ ਤੇ ਇਹ ਪਰਮ ਸ਼ੁੱਧ ਸੋਨਾ ਨਿਕਲਿਆ। ਸੋਵਿੰਨਾ=ਸੁਹਣੇ ਰੰਗ ਵਾਲਾ। (ਅ) ਸੌ ਵੰਨੀ ਦਾ ਸੋਨਾ। ਸੌ ਅਗਨੀ ਵਿਚ ਤਾਕੇ ਸ਼ੁੱਧ ਕੀਤਾ ਸੋਨਾ। ਅਤਿ ਸ਼ੁੱਧ ਸੋਨਾ। ਗੁਰੂ ਜੀ ਇਹ ਨਿਰੋਲ ਸਚ ਦੱਸਕੇ ਬੀ ਕਿ ਮੈਂ ਐਸੀ ਉਚ ਪ੍ਰਾਪਤੀ ਵਿਚ ਹਾਂ, ਆਪ ਅਪਣੀ ਹਉਂ ਅਤੀਤਤਾ ਦਾ ਕਮਾਲ ਕਰ ਦੇਂਦੇ ਹਨ ਇਹ ਆਖਕੇ ਕਿ ਇਹ ਰੰਗ, ਅਰਥਾਤ ਪੂਰਨ ਪ੍ਰੇਮ ਅਵਸਥਾ, ਗੁਰੂ ਦੁਆਰਾ ਪ੍ਰਾਪਤ ਹੋਈ ਹੈ; ਆਪ ਉਸ ਪ੍ਰਾਪਤੀ ਦੀ ਵਡਿਆਈ ਨਹੀਂ ਲੈਂਦੇ ਪਰ ਗੁਰੂ ਨੂੰ ਦੇਂਦੇ ਹਨ।

ਇਹ ਮਨ ਦੀ ਪ੍ਰੇਮ ਅਵਸਥਾ ਸੁਗੰਧਿਤ ਅਵਸਥਾ ਹੈ, ਪ੍ਰੇਮ ਦੀ ਅਤਿ ਤੀਖਣ ਅਵਸਥਾ ਨੂੰ ਪ੍ਰੇਮੀ ਮਹਾਂ ਪੁਰਖਾਂ ਨੇ ਸਦਾ ਸੁਗੰਧਿਤ ਦੱਸਿਆ ਹੈ। ਇਸ ਵਿਚ ਸਚ ਮੁਚ ਮਨ ਹਲਕਾ ਫੁੱਲ, ਸਰੀਰ ਹਲਕਾ, ਰਸ ਭਰਿਆ ਤੇ ਖੁਸ਼ਬੋਈ ਵਾਙੂ ਅਤਿ ਸੂਖਮ ਸੁਗੰਧਿਤ ਪ੍ਰਭਾਵ ਵਿਚ ਹੁੰਦਾ ਹੈ। ਪ੍ਰੇਮ ਦੁਆਰਾ ਵਾਹਿਗੁਰੂ ਪ੍ਰਾਪਤੀ ਵਾਲੇ ਜਦ ਵਾਹਿਗੁਰੂ ਦੀ ਛੋਤ ਦੇ ਡੋਬੇ ਲੈ ਲੈ, ਜਿਸ ਵਿਚ ਮਨ ਬਾਣੀ ਬੁੱਧੀ ਦੀ ਪਹੁੰਚ ਨਹੀਂ, ਉਠਦੇ ਹਨ ਤਾਂ ਅਪਣੇ ਮਾਣੇ ਰਸ ਦੀ ਛੋਹ ਮਨ ਸੁਰਤ ਸਰੀਰ ਨੂੰ ਦੇਂਦੇ ਹਨ, ਉਸ ਅਵਸਥਾ ਦੇ ਏਹ ਸਾਡੀ ਸਮਝ ਗੋਚਰਾ ਕਰਨੇ ਦੀ ਮਿਹਰ ਹੈ ਜੋ ਗੁਰੂ ਜੀ ਕਹਿ ਰਹੇ ਹਨ। 'ਖ਼ੁਸ਼ਕ ਗਯਾਨ' ਇਸ ਸਫਲ ਗਯਾਨ ਨੂੰ ਸਮਝ ਨਹੀਂ ਸਕਦਾ।

* ਚਲੂਲਾ=ਗੂੜਾ ਲਾਲ ਰੰਗ। ਝਕੋਲਿਆ=ਹਿਲਾਇਆ ਹੋਇਆ। ਡੋਬੇ ਦਿਤਾ ਗਿਆ।

ਹਰਿ ਪ੍ਰੇਮ ਬਾਣੀ ਮਨੁ ਮਾਰਿਆ ਅਣੀਆਲੇ ਅਣੀਆ ਰਾਮ ਰਾਜੇ ॥ ਜਿਸੁ ਲਾਗੀ ਪੀਰ ਪਿਰੰਮ ਕੀ ਸੋ ਜਾਣੈ ਜਰੀਆ ॥ ਜੀਵਨ ਮੁਕਤਿ ਸੋ ਆਖੀਐ ਮਰਿ ਜੀਵੈ ਮਰੀਆ ॥ ਜਨ ਨਾਨਕ ਸਤਿਗੁਰੁ ਮੇਲਿ ਹਰਿ ਜਗੁ ਦੁਤਰੁ ਤਰਿਆ॥੨॥

ਹੇ ਰਾਮ ਰਾਜੇ ! (ਤੈਂ) ਹਰੀ ਦੀ ਪ੍ਰੇਮ ਬਾਣੀ (ਰੂਪੀ ਪ੍ਰੇਮ ਦੇ) ਤੀਰਾਂ ਨਾਲ ਮਨ ਮਾਰਿਆ ਪਿਆ ਹੈ,(ਏਹ ਤੀਰ) ਤ੍ਰਿੱਖੀਆਂ ਨੋਕਾਂ ਵਾਲੇ ਹਨ (ਏਨ੍ਹਾਂ ਅਣੀਆਲੇ ਤੀਰਾਂ ਵਰਗੀ) ਪ੍ਰੇਮ ਦੀ ਪੀੜ ਜਿਸ ਨੂੰ ਲੱਗੀ ਹੋਵੇ ਉਹੀ ਜਾਣਦਾ ਹੈ ਕਿ ਇਸ ਦਾ ਜਰਨਾ (ਕੀਹ ਹੁੰਦਾ ਹੈ। ਐਉਂ ਜੋ ਪ੍ਰੇਮ ਤੀਰ ਨਾਲ) ਮਰਕੇ (ਫੇਰ) ਜੀਉ ਪਵੇ, ਉਹ ਮਰਿਆ (ਕਹੀਦਾ ਹੈ, ਨਹੀਂ ਨਹੀਂ ਉਹ ਮਰਿਆ ਨਹੀਂ), ਉਹ ਜੀਵਨ ਮੁਕਤ (ਕਹੀਦਾ ਹੈ)। ਦਾਸ ਨਾਨਕ ਦੀ (ਬੇਨਤੀ ਹੈ ਕਿ) ਹੇ ਹਰੇ (ਮੈਨੂੰ ਐਸਾ) ਸਤਿਗੁਰੂ ਮੇਲ (ਜੋ ਪ੍ਰੇਮ ਦੇ ਤੀਰ ਲਾਕੇ ਜੀਵਨ ਮੁਕਤ ਬਣਾਕੇ ਮੈਨੂੰ ਕਠਨਤਾ ਨਾਲ ਤਰੇ ਜਾਣ ਵਾਲੇ (ਭਵ ਸਾਗਰ) ਤੋਂ ਤਾਰ ਲਵੇ॥੨॥

ਵਜਾਖਜਾ- ਪਿਛਲੇ ਅੰਕ ਵਿਚ ਪ੍ਰੇਮ ਦੁਆਰਾ ਪ੍ਰਾਪਤ ਆਨੰਦ ਮਈ ਅਵਸਥਾ ਕਥਨ ਕੀਤੀ ਸੀ, ਇਸ ਵਿਚ ਉਸ ਪ੍ਰੇਮ ਦੀ ਅੰਤ੍ਰੀਵ ਪੀੜਾ ਤੇ ਉਸ ਦੇ ਜਰਨ ਦੀ ਸਬਰ ਵਾਲੀ ਦਸ਼ਾ ਦਾ ਵਰਣਨ ਨੋਕਦਾਰ ਤੇ ਤ੍ਰਿਖੇ ਨੋਕਦਾਰ ਤੀਰਾਂ ਦੀ ਪੀੜ ਤੇ ਪੀੜਾ ਦੇ ਜਰਨ ਦੀ ਤੁੱਲਤਾ ਦੇਕੇ ਕੀਤਾ ਹੈ। ਜੋ ਜਰਦਾ ਹੈ ਉਹ ਜਾਣਦਾ ਹੈ:ਕਿਉਂ ਕਿਹਾ? ਇਸ ਲਈ ਕਿ ਉਹ ਪੀੜਾ ਤਾਂ ਹੈ ਅਝੱਲ ਪਰ ਉਹ ਪੀੜਾ ਕੁਰੱਸ ਨਹੀਂ, ਰਸਮਈ ਹੈ, ਛਡ ਨਹੀਂ ਹੁੰਦੀ। ਜੋ ਛੱਡੀ ਨਾ ਜਾਏ ਉਹ ਜਾਰੀ ਰਹਿੰਦੀ ਹੈ, ਪੀੜ ਬੀ ਜਾਰੀ ਰਹਿੰਦੀ ਹੈ। ਇਸ ਦਾ ਅੰਤ ਅਖੀਰਲੀਆਂ ਤੁਕਾਂ ਵਿਚ ਦਿਖਾਲਦੇ ਹਨ ਕਿ ਇਸ ਪ੍ਰੇਮ ਤੀਰਾਂ ਦੀ ਚੋਭ ਨਾਲ ਹਉਮੈ ਦੂਰ ਹੋ ਜਾਂਦੀ ਹੈ, ਇਸ ਨੂੰ ਮਰਨ ਤੁੱਲਤਾ ਦਿਤੀ ਹੈ। ਇਹ ਵਾਚ ਗਯਾਨੀ ਵਾਂਙੂ ਹਉਮੈ ਕੂਕੀ ਦੀ ਨਹੀਂ, ਪ੍ਰੇਮ ਪੀੜਾ ਨਾਲ ਅਨਜਾਣੇ ਹੀ ਹਉਮੈ ਮਰ ਜਾਂਦੀ ਹੈ, ਕਿਉਂਕਿ ਪ੍ਰੇਮ ਹਰੀ ਨਾਲ ਜੋੜ ਦੇਂਦਾ ਹੈ ਤੇ ਹਉਂ ਆਪੇ ਢੇ ਪੈਂਦੀ ਹੈ। ਫੇਰ ਅਗਲਾ ਪਦ ਦੱਸਿਆ ਕਿ ਹਉਂ ਦੇ ਮਰਨ ਨਾਲ ਪ੍ਰੇਮੀ ਨਹੀਂ ਮਰ ਜਾਂਦਾ, ਉਹ 'ਪ੍ਰਭੂ ਜੀਵਨ' ਵਿਚ ਜੀ ਉਠਦਾ ਹੈ।ਉਸ ਨੂੰ ਮਰਜੀਉੜਾ ਕਿਹਾ; ਜੋ ਮਰਕੇ ਜੀਉ ਪਿਆ ਹੈ। ਹਾਂ ਉਹ ਐਸੀ ਮੌਤ ਹੈ ਕਿ ਫੇਰ ਨਹੀਂ ਮਰਦਾ । ਪ੍ਰੇਮ ਦੇ ਵਾਕਾਂ ਵਿਚ ਪ੍ਰੇਮ ਨਾਲ ਪ੍ਰਾਪਤ ਅਵਸਥਾ ਦੱਸਦੇ ਹੁਣ ਉਸ ਨੂੰ ਦਾਰਸ਼ਨਿਕ ਪਦ ਵਿਚ ਦੱਸਦੇ ਹਨ ਕਿ ਉਹ ਜੀਵਨ ਮੁਕਤੀ ਹੈ। ਜਿਸ ਨੂੰ ਜੀਉਂਦੇ ਜੀ ਮੁਕਤੀ ਵਾਲੀ ਪਰਮ ਪਦਵੀ ਨਸੀਬ ਹੈ। ਫਿਰ ਇਸ ਜੀਵਨ ਮੁਕਤੀ ਦਾ ਫਲ ਦੱਸਦੇ ਹਨ ਕਿ ਉਹ ਸਾਗਰ ਰੂਪੀ ਸੰਸਾਰ ਨੂੰ ਤਰ ਜਾਂਦਾ ਹੈ।ਜੀਉਂਦੇ ਜੀ ਪਾਰਗਿਰਾਮ ਹੋ ਜਾਂਦਾ ਹੈ।

ਅੰਤਲੀ ਤੁਕ ਵਿਚ ਪ੍ਰੇਮ ਪ੍ਰਾਪਤੀ ਦਾ ਕਾਰਣ ਸਤਿਗੁਰੂ ਨੂੰ ਦੱਸਿਆ, ਜਿਸ ਨੂੰ ਜਾਚ ਹੁੰਦੀ ਹੈ ਕਿ ਅਣਡਿੱਠ ਪ੍ਰਭੂ ਦਾ ਪ੍ਰੇਮ ਲਾਕੇ ਉਸ ਦੇ ਵਿਚ ਪ੍ਰੇਮੀ ਨੂੰ ਮੇਲ ਦੇਵੇ।

ਅਸਲ ਵਿਚ ਸਤਿਗੁਰੂ, ਜੋ ਆਪ ਗੁਰੂ ਭਗਤੀ ਤੇ ਵਾਹਿਗੁਰੂ ਪ੍ਰੇਮ ਦੀ ਅਵਧੀ ਹਨ, ਜੀਵਨ ਮੁਕਤਿ ਅਵਸਥਾ ਦੀ ਪ੍ਰਾਪਤੀ ਤੇ ਸਚ ਮੁਚ ਦੀ ਪ੍ਰਾਪਤੀ ਦਾ ਵਸੀਲਾ ਪ੍ਰੇਮ ਦੱਸ ਰਹੇ ਹਨ ਤੇ ਵਾਚ ਗਿਆਨਾਂ ਤੋਂ ਹੋੜ ਰਹੇ ਹਨ।

ਹਮ ਮੂਰਖ ਮੁਗਧ ਸਰਣਾਗਤੀ ਮਿਲੁ ਗੋਵਿੰਦ ਰੰਗਾ ਰਾਮ ਰਾਜੇ ॥ ਗੁਰਿ ਪੂਰੈ ਹਰਿ ਪਾਇਆ ਹਰਿ ਭਗਤਿ ਇਕ ਮੰਗਾ ॥ ਮੇਰਾ ਮਨੁ ਤਨੁ ਸਬਦਿ ਵਿਗਾਸਿਆ ਜਪਿ ਅਨਤ ਤਰੰਗਾ ॥ ਮਿਲਿ ਸੰਤ ਜਨਾ

ਹੇ ਰਾਮ ਰਾਜੇ! ਅਸੀਂ ਮੂਰਖ ਸਾਂ, (ਨਹੀਂ ਨਹੀਂ, ਅਸੀਂ ਤਾਂ) ਮੁਗਧ ਸਾਂ, (ਪਰ ਤੁਸਾਡੀ) ਸ਼ਰਣੀ ਆ ਪਏ, ਹੇ ਰੰਗੀਲੇ ਗੋਬਿੰਦ (ਹੁਣ) ਮਿਲਿਆ ਰਹੁ। (ਹੇ ਲੋਕੋ ! ਮੈਂ) ਪੂਰੇ ਗੁਰੂ ਦੁਆਰਾ ਹਰੀ ਪਾਇਆ ਹੈ। (ਉਸ ਗੁਰੂ ਪਾਸੋਂ ਮੈਂ) ਇਕੋ ਹਰੀ ਦੀ ਭਗਤੀ ਹੀ ਮੰਗੀ ਸੀ,(ਉਸ ਨੇ ਮੈਨੂੰ ਸ਼ਬਦ ਦਿੱਤਾ,ਉਸ) ਸ਼ਬਦ ਨੇ ਮੇਰਾ ਮਨ ਤੇ ਤਨ ਖਿੜਾ ਦਿੱਤਾ,(ਹਾਂ, ਉਸ ਸ਼ਬਦ ਦੁਆਰਾ ਮੈਂ) ਅਨਤ ਤਰੰਗੀ (ਵਾਹਿਗੁਰੂ) ਨੂੰ ਸਿਮਰਿਆ।(ਪਰ ਭਾਈ

ਹਰਿਪਾਇਆ ਨਾਨਕ ਸਤਸੰਗਾ।੩।	ਜਨੋਂ! ਮੂਲਕ ਗੱਲ ਇਹ ਹੈ ਕਿ ਮੈਂ ਪਹਿਲੋਂ) ਸੰਤ ਜਨਾਂ ਨੂੰ ਮਿਲਿਆ ਸਾਂ (ਤੇ ਉਨ੍ਹਾਂ ਦੇ) ਸਤਿਸੰਗ ਦੁਆਰਾ ਮੈਂ (ਅੰਤ) ਹਰੀ ਨੂੰ ਪਾ ਲਿਆ ਹੈ, ਹੇ ਨਾਨਕ ॥੩॥

ਵਜਾਖਜਾ– ਇਸ ਛਕੇ ਵਿਚ ਆਪਣੇ ਨਿਜੀ ਤਜਰਬੇ ਦੇ ਰੰਗ ਵਿਚ ਗੁਰੂ ਦੁਆਰਾ ਪ੍ਰਭੂ ਪ੍ਰਾਪਤੀ ਦਾ ਵੇਰਵਾ ਦੱਸਿਆ ਹੈ। ਸੰਤ ਜਨਾਂ ਦਾ ਸਤਿਸੰਗ ਕਹਿਕੇ ਗੁਰੂ ਲੱਧਾ, ਗੁਰੂ ਤੋਂ ਭਗਤੀ ਦਾਨ ਮੰਗਿਆ, ਗੁਰੂ ਨੇ ਸ਼ਬਦ ਦੁਆਰਾ ਨਾਮ ਦਾ ਖੇੜਾ ਲਾਕੇ ਮਨ ਤਨ ਖਿੜਾ ਦਿੱਤਾ ਤੇ ਹਰੀ ਮਿਲਾ ਦਿੱਤਾ।

ਨਿਰੁਕ– ਮੂਰਖ ਮੁਗਧ ਦਾ ਮੂਲ ਤਾਂ 'ਮੁਹ'ਹੀ ਹੈ, ਜਿਸ ਦੇ ਅਰਥ ਹਨ ਬੇਅਕਲ ਹੋਣਾ।ਪਰ ਮੁਗਧ ਮੂਲੋਂ ਅਣਜਾਣ ਵਾਸਤੇ ਵਧੀਕ ਵਰਤੀਂਦਾ ਹੈ।

ਰਗੀਂ-ਰੰਗ ਵਾਲਾ, ਰੰਗੀਲਾ, ਮੌਜਾਂ ਵਾਲਾ।

ਅਨਤ ਤਰੰਗਾ- ਬੇਅੰਤ ਲਹਿਰਾਂ ਵਾਲਾ। ਸਮੁੰਦਰ ਵਾਂਕੂ ਵਿਸ਼ਾਲ ਤੇ ਉਸ ਦੀਆਂ ਤਰੰਗਾ ਵਾਂਕੂ ਅਨੇਕਾਂ ਰੂਪਾਂ ਵਾਲਾਂ, ਯਥਾ:- **ਪਸਰਿਓ ਆਪਿ ਹੋਇ ਅਨਤ ਤਰੰਗ॥** [ਗਉੜੀ ਸੁਖਮਨੀ ੯-੮]

ਅਨੰਤ ਪ੍ਰਭੂ ਜਦ ਪ੍ਰਕ੍ਰਿਤੀ ਸਾਜਦਾ ਹੈ ਤਾਂ ਉਸ ਦਾ ਪਹਿਲਾ ਰੂਪ ਲਹਰਮਈ ਹੀ ਦੱਸੀਦਾ ਹੈ।ਪੱਛਮੀ ਸਾਇੰਸਦਾਨ ਬੀ ਪ੍ਰਕ੍ਰਿਤੀ ਦਾ ਸੂਖਮ ਤੋਂ ਸੂਖਮ ਰੂਪ ਲਹਿਰ ਰੂਪਾ ਬਿਆਨ ਕਰਦੇ ਹਨ।

ਦੀਨ ਦਇਆਲ ਸੁਣਿ ਬੇਨਤੀ ਹਰਿ ਪ੍ਰਭ ਹਰਿ ਰਾਇਆ ਰਾਮ ਰਾਜੇ ॥ ਹਉ ਮਾਗਉ ਸਰਣਿ ਹਰਿ ਨਾਮ ਕੀ ਹਰਿ ਹਰਿ ਮੁਖਿ ਪਾਇਆ ॥ ਭਗਤਿ ਵਛਲੁ ਹਰਿ ਬਿਰਦੁ ਹੈ ਹਰਿ ਲਾਜ ਰਖਾਇਆ ॥ ਜਨੁ ਨਾਨਕੁ ਸਰਣਾਗਤੀ ਹਰਿ ਨਾਮਿ ਤਰਾਇਆ ॥੪॥੮॥੧੫॥	ਹੇ ਰਾਮ ਰਾਜੇ! ਹੇ ਹਰੀ ਰਾਇ! ਹੇ ਦੀਨਾਂ ਤੇ ਦਿਆਲ ਹਰੀ ਪ੍ਰਭੂ ! (ਮੇਰੀ) ਬੇਨਤੀ ਸੁਣੋ; ਮੈਂ (ਆਪ ਨੂੰ ਪ੍ਰਾਪਤ ਹੋ ਕੇ ਬੀ) ਹਰੀ ਨਾਮ ਦੀ ਸ਼ਰਣ ਮੰਗਦਾ ਹਾ, ਹਰੀ ਹਰਿ (ਨਾਮ, ਮੇਰੇ) ਮੂੰਹ ਵਿਚ ਪਾਈ ਰਖਿਆ ਜੇ। ਹੇ ਹਰੀ! (ਆਪ ਦਾ) ਬਿਰਦ ਭਗਤ ਵੱਛਲ ਹੈ, ਹੇ ਹਰੀ !(ਮੇਰੀ) ਲਾਜ ਰਖਿਆ ਜੇ। ਦਾਸ ਨਾਨਕ (ਆਪ ਦੀ) ਸ਼ਰਣ ਵਿਚ ਹੈ, ਹਰੀ ਨਾਮ ਦੁਆਰਾ ਤਰਾਈ ਰਖਿਆ ਜੇ॥੪॥੮॥੧੫॥

ਵਜਾਖਜਾ– ਇਸ ਛੱਕੇ ਵਿਚ ਗੁਰਮਤਿ ਦਾ ਇਕ ਅਸੂਲ ਦਰਸਾਇਆ ਹੈ। ਪਿਛਲੇ ਤ੍ਰੈਹਾਂ ਵਿਚ ਵਾਹਿਗੁਰੂ ਦੀ ਪ੍ਰਾਪਤੀ ਹੋ ਚੁਕੀ ਦੱਸ ਆਏ ਹਨ। ਪ੍ਰਸ਼ਨ ਹੁੰਦਾ ਹੈ: ਹੁਣ ਹਰੀ ਨਾਮ ਦੀ ਕੀ ਲੋੜ ਹੈ? ਪਰ ਆਪ ਦੱਸਦੇ ਹਨ ਕਿ ਪੂਰਨ ਪਦ ਨੂੰ ਪਾ ਕੇ ਬੀ ਨਾਮ ਨਹੀਂ ਛੱਡਣਾ; ਇਹ ਗੁਰਮਤਿ ਦਾ ਅਸੂਲ ਹੈ। ਜੈਸਾ ਕਿ ਪੰਚਮ ਗੁਰੂ ਜੀ ਨੇ ਸਪਸ਼ਟ ਫੁਰਮਾਇਆ ਹੈ:-

ਬ੍ਰਹਮ ਗਿਆਨੀ ਕੈ ਨਾਮ ਅਧਾਰ [ਗਉੜੀ ਸੁਖਮਨੀ, ੮-੫]

ਤੇ ਭਾਈ ਨੰਦ ਲਾਲ ਜੀ ਨੇ ਦੱਸਿਆ ਹੈ ਕਿ-

ਗਰਚਿਹ ਅਜ਼ ਸਰ ਤਾ ਬਪਾ ਮੌਲਾ ਬੱਵਦ।
ਜਿੰਦਗੀ ਦਰ ਬੰਦਗੀ ਔਲਾ ਬੱਵਦ। [ਜ਼ਿੰਦਗੀ ਨਾਮਾ]

ਅਰਥਾਤ- ਚਾਹੋ ਸਿਰ ਤੋਂ ਪੈਰਾ ਤਕ (ਗੁਰਮੁਖ) ਰੱਬ ਹੋ ਜਾਵੇ, ਫਿਰ ਬੀ ਜ਼ਿੰਦਗੀ ਬੰਦਗੀ ਵਿਚ ਬਸਰ ਕਰਨੀ ਹੀ ਉੱਚੀ ਗੱਲ ਹੁੰਦੀ ਹੈ।

[ਆਸਾ ਮਹਲਾ ੪, ਛੰਤ, ੯-੧੬]

ਮੂਲ	ਅਰਥ
ਆਸਾ ਮਹਲਾ ੪ ॥ ਗੁਰਮੁਖਿ ਢੂੰਢਿ ਢੂਢੇਦਿਆ ਹਰਿ ਸਜਣੁ ਲਧਾ ਰਾਮ ਰਾਜੇ ॥ ਕੰਚਨ ਕਾਇਆ ਕੋਟ ਗੜ ਵਿਚਿ ਹਰਿ ਹਰਿ ਸਿਧਾ ॥ ਹਰਿ ਹਰਿ ਹੀਰਾ ਰਤਨੁ ਹੈ ਮੇਰਾ ਮਨੁ ਤਨੁ ਵਿਧਾ ॥ ਧੁਰਿ ਭਾਗ ਵਡੇ ਹਰਿ ਪਾਇਆ ਨਾਨਕ ਰਸਿ ਗੁਧਾ ॥੧॥	ਹੇ ਰਾਮ ਰਾਜੇ ! ਢੂੰਡਾਂ ਢੂੰਡਦਿਆਂ ਗੁਰੂ ਦੁਆਰਾ ਹਰੀ ਸੱਜਣ ਲੱਭ ਪਿਆ। (ਆਪਣੀ) ਕਾਂਇਆ (ਇਕ) ਸੋਨੇ ਦਾ ਪੱਕਾ ਕਿਲ੍ਹਾ ਸੀ, (ਜਿਸ) ਵਿਚ ਹਰੀ ਹਰਿ ਪ੍ਰਗਟ (ਬੈਠਾ ਮਿਲ ਪਿਆ, ਪਰ ਉਹ) ਹਰੀ ਹਰਿ (ਇਕ) ਹੀਰੇ ਵਰਗਾ ਰਤਨ ਹੈ (ਜਿਸ ਨੇ ਦਿੱਸਦੇ ਸਾਰ) ਮੇਰਾ ਮਨ ਤੇ ਤਨ ਵਿੰਨ੍ਹ ਲਿਆ। (ਹਾਂ, ਇਸ ਵਿਚ ਮੇਰਾ ਕੀ ਹੈ, ਇਹ ਤਾਂ) ਧੁਰੋਂ ਵਡੇ ਭਾਗ ਹਰੀ ਨੇ (ਪਾਏ ਸਨ ਕਿ ਹੁਣ ਮੈਂ ਉਸ ਨੂੰ) ਪ੍ਰਾਪਤ ਕਰ ਲਿਆ ਤੇ ਰਸ ਵਿਚ ਮਗਨ ਹੋ ਰਿਹਾ ਹਾਂ, ਹੇ ਨਾਨਕ !॥ ੧॥

ਵਯਾਖਯਾ-ਜੋ ਆਨੰਦ ਸਤਿਗੁਰੂ ਜੀ ਮਾਣ ਰਹੇ ਹਨ, ਉਸ ਦੇ ਰਸ ਆਸ੍ਵਾਦਨ ਵਿਚ ਮਗਨ ਤੇ ਧੰਨਯਤਾ ਨਾਲ ਭਰੇ ਆਪਣੇ ਅਕਹਿ ਭਾਵਾਂ ਨੂੰ ਤਰ੍ਹਾਂ ਤਰ੍ਹਾਂ ਦੇ ਵਾਕਾਂ ਵਿਚ ਮੁੜ ਮੁੜ ਵਰਣਨ ਕਰ ਰਹੇ ਹਨ ਕਿ ਸਾਡੀ ਸਮਝੇ ਪੈ ਜਾਏ ਤੇ ਅਸੀਂ ਬੀ ਇਸ ਪਾਸੇ ਲੱਗੀਏ। ਸਰੀਰ ਨੂੰ ਕੰਚਨ ਦਾ ਬੜਾ ਕੀਮਤੀ ਪੱਕਾ ਕਿਲ੍ਹਾ ਦੱਸਿਆ ਹੈ, ਇਸੇ ਵਿਚ ਹਰੀ ਪਰਤੱਖ ਬੈਠਾ ਹੈ; ਜਿਸ ਦੀ ਢੂੰਡ ਭਾਲ ਵਿਚ ਅਸੀਂ ਬਾਹਰ ਫਿਰੇ। ਅੰਤ ਗੁਰੂ ਮਿਲਿਆ ਉਸ ਨੇ ਦੱਸਿਆ ਕਿ ਤੇਰੇ ਅੰਦਰ ਹੀ ਬੈਠਾ ਹੈ ਹਰੀ ਹਰਿ, ਸੋ ਉਸ ਗੁਰੂ ਦੀ ਮੇਹਰ ਨਾਲ ਅੰਦਰੇ ਦਿੱਸ ਪਿਆ। ਪਰ ਉਹ ਇਤਨਾ ਸੁੰਦਰ ਤੇ ਮਨਮੋਹਨ ਸੀ ਕਿ ਦੇਖਦੇ ਸਾਰ ਅਸੀਂ ਮੋਹਿਤ ਹੋ ਗਏ। ਮੋਹੇ ਜਾਣ ਨੂੰ ਮਨ ਦਾ ਵਿੰਨ੍ਹੇ ਜਾਣਾ ਵਰਣਨ ਕੀਤਾ ਹੈ; ਕਿਉਂਕਿ ਮਨ ਉਸ ਪ੍ਰੇਮ ਵਿਚ ਮਾਨੋਂ ਪ੍ਰੋ ਹੋ ਜਾਂਦਾ ਹੈ। ਫਿਰ ਪ੍ਰੋਵਣਹਾਰ ਨੂੰ ਰਤਨ ਕਿਹਾ ਤੇ ਰਤਨਾਂ ਵਿਚੋਂ ਹੀਰਾ ਕਿਹਾ। ਹੀਰੇ ਦੀਆਂ ਕਣੀਆਂ ਦੇ ਵਰਮੇ ਬਣਦੇ ਹਨ, ਜਿਨ੍ਹਾਂ ਨਾਲ ਹੋਰ ਰਤਨਾਂ, ਬਲੌਰ ਤੇ ਕੱਚ ਵਿਚ ਛੇਕ ਪਾਈਦੇ ਹਨ। ਪ੍ਰੋ ਲੈਣ ਦੀ ਕਲਾ ਦਰਸਾਉਣ ਲਈ ਹਰੀ ਨੂੰ ਹੀਰੇ ਦੀ ਸਦਰਸ਼ਤਾ ਦਿੱਤੀ ਹੈ। ਇਸ ਤੋਂ ਸੰਭਾਵਨਾ ਹੋ ਸਕਦੀ ਹੈ ਕਿ ਵਿੰਨ੍ਹਿਆ ਤਨ ਤਾਂ ਲਹੂ ਲੁਹਾਣ ਹੋਕੇ ਪੀੜਾ ਕਰਦਾ ਹੈ? ਤਾਂ ਫੁਰਮਾਇਆ ਹੈ ਕਿ ਇਹ ਵਿੰਨ੍ਹਿਆ ਜਾਣਾ ਰਸ ਵਿਚ ਗੁੰਨ੍ਹਿਆ ਜਾਣਾ ਹੈ, ਭਾਵ ਰਸਮਯ ਹੁੰਦਿਆਂ ਰਸਰੂਪ ਹੀ ਹੋ ਜਾਣਾ ਹੈ। ਹਰੀ ਪ੍ਰੇਮ ਦੀ ਵਿੰਨ੍ਹ ਪੀੜਾ ਹੈ ਪਰ ਰਸਮਈ ਤੇ ਉਹ ਕਰ ਦੇਂਦੀ ਹੈ ਰਸਰੂਪ। ਫਿਰ ਇਹ ਕਿ 'ਮੇਰੀ ਢੂੰਡ' ਦਾ ਫਲ ਇਹ ਪ੍ਰਾਪਤੀ ਸੀ, ਇਹ ਸੰਸਾ ਨਾ ਰਹੇ, ਫੁਰਮਾਇਆ ਕਿ ਧੁਰੋਂ ਸਾਂਈਆਂ ਜੀ ਦਾ ਆਪੇ ਪਾਇਆ ਭਾਗ ਸੀ, ਜਿਸ ਨੂੰ ਫਲ ਲੱਗਾ ਹੈ।

ਨਿਰੁਕ-ਗੁਰਮੁਖਿ-ਗੁਰੂ ਦੁਆਰਾ। ਢੂੰਢਿ ਢੂਢੇਦਿਆ-ਢੂੰਡਾਂ ਕਰਦਿਆਂ।

(ਅ) ਸੰਪ੍ਰਦਾਈ ਦਾਨੇ ਏਥੇ 'ਢੂਢਿ' ਦਾ ਅਰਥ 'ਰਸਤਿਆਂ ਵਿਚ' ਕਰਦੇ ਹਨ।

ਕੰਚਨ ਕਾਇਆ ਕੋਟ ਗੜ-ਸਰੀਰ ਰੂਪੀ ਸੋਨੇ ਦਾ ਪੱਕਾ ਕਿਲ੍ਹਾ।

(ਅ) ਅੰਤ੍ਰੀਵ ਅਰਥ ਐਉਂ ਲੈ ਲੈਂਦੇ ਹਨ:- ਕੰਚਨ ਕਾਇਆ=ਸ਼ੁੱਧ ਬੁੱਧੀ ਰੂਪ ਕਿਲ੍ਹਾ ਹੈ।

ਸਿਧਾ-ਸਿਧ ਹੈ, ਪ੍ਰਗਟ ਹੈ। (ਅ) ਪ੍ਰਗਟ ਹੋਇਆ।

ਵਿਧਾ-ਪ੍ਰੋ ਹੋ ਗਿਆ। ਗੁਧਾ-ਗੁੱਝ ਗਿਆ। ਗੁੰਨ੍ਹਿਆ ਗਿਆ।

ਪੰਥੁ ਦਸਾਵਾ ਨਿਤ ਖੜੀ ਮੁੰਧ ਜੋਬਨਿ ਬਾਲੀ ਰਾਮ ਰਾਜੇ ॥ ਹਰਿ ਹਰਿ ਨਾਮੁ ਚੇਤਾਇ ਗੁਰ ਹਰਿ ਮਾਰਗਿ ਚਾਲੀ ॥ ਮੇਰੈ ਮਨਿ ਤਨਿ ਨਾਮੁ ਆਧਾਰੁ ਹੈ ਹਉਮੈ ਬਿਖੁ ਜਾਲੀ॥ ਜਨ ਨਾਨਕ ਸਤਿਗੁਰੁ ਮੇਲਿ ਹਰਿ ਹਰਿ ਮਿਲਿਆ ਬਨਵਾਲੀ ॥੨॥

ਹੇ ਰਾਮ ਰਾਜੇ ! (ਮੈਂ ਇਕ) ਚੜ੍ਹਦੀ ਜੁਆਨੀ ਦੀ ਮੁਟਿਆਰ (ਵਾਂਙੂ ਰਾਹ ਤੇ ਖੜੀ (ਤੇਰੇ ਮਿਲਣ ਦਾ) ਰਸਤਾ ਪੁੱਛਦੀ ਰਹਿੰਦੀ ਸਾਂ (ਕਿ ਗੁਰੂ ਆ ਮਿਲੇ ਮੈਂ ਕਿਹਾ) ਹੇ ਗੁਰੂ ! (ਤੁਸੀਂ ਰਾਹ ਦੱਸੋ, ਉਸ ਨੇ ਮੈਨੂੰ) ਹਰਿ ਹਰਿ ਨਾਮ ਯਾਦ ਕਰਾ ਦਿੱਤਾ (ਤਾਂ ਮੈਂ) ਹਰੀ (ਮਿਲਾਪ) ਦੇ ਰਸਤੇ ਟੁਰ ਪਈ। (ਤਦ ਤੋਂ) ਮੇਰੇ ਮਨ ਤੇ ਤਨ ਵਿਚ ਨਾਮ ਦਾ ਆਸਰਾ ਹੈ, (ਜਿਸ ਨੇ ਮੇਰੀ) ਹਉਮੈਂ ਦੀ ਜ਼ਹਿਰ ਸਾੜ ਘੱਤੀ ਹੈ। (ਐਉਂ) ਦਾਸ ਨਾਨਕ ਨੂੰ ਸਤਿਗੁਰੂ ਨੇ ਹਰੀ ਨਾਲ ਮੇਲ ਦਿੱਤਾ ਹੈ (ਜਿਹੜਾ ਸਤਿਗੁਰੂ ਕਿ ਆਪ) ਬਨਵਾਲੀ ਹਰੀ ਨਾਲ ਮਿਲਿਆ ਹੋਇਆ ਹੈ॥ ੨ ॥

ਵਯਾਖਯਾ-ਪਤੀ ਪ੍ਰੇਮ ਵਿਚ ਮੱਤੀ ਇਕ ਮੁਟਿਆਰ ਦੇ ਰੂਪਕ ਵਿਚ ਅਪਣੇ ਪ੍ਰੇਮ ਤੇ ਪਰਮੇਸ਼ੁਰ ਪਤੀ ਦੇ ਮਿਲਾਪ ਦੀ ਦਸ਼ਾ ਉੱਤਮ ਕਾਵ੍ਯ ਵਿਚ ਵਰਣਨ ਕੀਤੀ ਹੈ। ਰਾਹ ਪੁੱਛਦੀ ਨੂੰ ਗੁਰੂ ਮਿਲ ਜਾਂਦਾ ਹੈ ਤੇ ਉਹ ਮਿਲਾਪ ਦਾ ਰਸਤਾ ਹਰੀ ਨਾਮ ਦੱਸਦਾ ਹੈ। ਇਸ ਦਾਰੂ ਨਾਲ ਹਉਮੈ ਦੂਰ ਕਰਕੇ ਗੁਰੂ ਮਿਲਾਪ ਕਰਾ ਦੇਂਦਾ ਹੈ, ਪਰ ਗੁਰੂ ਦੀ ਮਹਿਮਾ ਤੇ ਪਛਾਣ ਇਹ ਦੱਸੀ ਹੈ, ਕਿ ਉਹ ਆਪ ਹਰੀ ਨੂੰ ਮਿਲਿਆ ਹੋਇਆ ਸੀ।

ਨਿਰੁਕ੍ਤ- ਦਸਾਵਾ-ਪੁੱਛਦੀ ਸਾਂ। ਜੇ ਦਸਾਵਾਂ ਦਾ ਅਰਥ ਵਰਤਮਾਨ ਕਾਲ ਵਿਚ ਲਾਈਏ ਤਾਂ ਹੁਣ ਤਾਂ ਗੁਰੂ ਜੀ ਮਿਲ ਚੁਕੇ, ਗੁਰ ਗੱਦੀ ਤੇ ਬਿਰਾਜਮਾਨ ਹਨ, ਹੁਣ ਕੀਕੂੰ ਪੁੱਛਦੇ ਹਨ। 'ਦਸਾਵਾਂ' ਫਾਰਸੀਦਾਨਾਂ ਦੀ ਦੱਸੀ ਮਾਜ਼ੀ ਇਸਤਮਰਾਰੀ ਹੈ, ਕਿ ਮੈਂ ਪੁੱਛਦੀ ਰਹਿੰਦੀ ਸਾਂ। ਕਿਉਂਕਿ ਦੂਜੀ ਸਤਰ ਦੇ ਅਖੀਰ ਬੀ 'ਚਾਲੀ' ਪਦ ਭੂਤ ਕਾਲ ਦਾ ਵਾਚਕ ਹੈ। ਤੀਸਰੀ ਸਤਰ ਵਿਚ ਭੂਤ ਕਾਲ ਦੀ ਵਾਰਤਾ ਦੱਸਕੇ ਵਰਤਮਾਨ ਦੀ ਦਸ਼ਾ 'ਹੈ' ਪਦ ਕਹਿਕੇ ਵਰਤਮਾਨ ਕਾਲ ਵਿਚ ਦੱਸੀ ਹੈ ਜਿਸ ਵਿਚ ਹਉਮੈਂ ਸੜ ਚੁਕੀ ਦਾ ਫੇਰ ਭੂਤਕਾਲ ਵਿਚ ਜ਼ਿਕਰ ਹੈ, ਪਰ ਹੁਣ 'ਮਾਜ਼ੀ ਕਰੀਬ' ਵਰਤੀ ਹੈ।

ਮੇਲਿ-ਪਦ ਦਾ ਅਰਥ ਲੋਟ ਲਕਾਰ ਵਿਚ ਕਰਨਾ ਕਿ 'ਹੇ ਹਰੀ ਮੇਲ ਕਰਾ' ਬੀ ਏਥੇ ਨਹੀਂ ਢੁੱਕਦਾ, ਕਿਉਂਕਿ ਅੱਗੇ ਮਿਲਿਆ ਪਦ ਫੇਰ ਭੂਤ ਕਾਲ ਵਿਚ ਹੈ। ਮੇਲਿ ਦਾ ਅਰਥ ਏਥੇ ਹੈ:-ਮੇਲਿਆ ਹੈ। ਹਉਮੈਂ ਨੂੰ ਸਾੜਕੇ ਗੁਰੂ ਨੇ ਮੇਲਿਆ ਹੈ। ਨਹੀਂ ਤਾਂ ਹਉਮੈਂ ਦਾ ਸੜ ਜਾਣਾ ਕੀਹ ਗੁਰੂ ਤੋਂ ਗੁੱਝਾ ਹੈ? ਗੁਰੂ ਨੇ ਆਪ ਤਾਂ ਹਉਮੈਂ ਸੜਵਾਈ ਹੈ, ਇਸੇ ਮਤਲਬ ਲਈ ਕਿ ਇਸ ਨੂੰ ਮੇਲਾਂ। ਸੋ ਸੜਦੇ ਸਾਰ ਉਸ ਨੇ ਮੇਲ ਦਿਤਾ। ਹੁਣ ਕਹਿਣਾ ਕਿ ਬਨਵਾਲੀ ਮਿਲ ਪਿਆ ਵਾਧੂ ਗਲ ਹੈ। ਇਸ ਕਰਕੇ ਬਨਵਾਲੀ ਨੂੰ ਸਤਿਗੁਰੂ ਦਾ ਵਿਸ਼ੇਸ਼ਣ ਲੈਣਾ ਹੈ ਕਿ ਜਿਸ ਗੁਰੂ ਨੂੰ ਬਨ ਵਾਲੀ ਹਰੀ ਮਿਲਿਆ ਹੋਇਆ ਸੀ, ਉਸ ਸਤਿਗੁਰੂ ਨੇ ਮੈਨੂੰ ਬੀ ਮਿਲਾ ਦਿਤਾ।

ਇਸੇ ਤਰ੍ਹਾਂ ਅਗਲਾ ਛਕਾ ਬੀ ਇਸੇ ਦੀ ਲਗਾਤਾਰਤਾ ਹੈ। ਉਸ ਵਿਚ ਬੀ ਪਹਿਲੀਆਂ ਤਿੰਨ ਸਤਰਾਂ ਵਿਚ ਜੋਬਨ ਬਾਲੀ ਦੀ ਗੁਰੂ ਅੱਗੇ ਕੀਤੀ ਅਰਜ਼ੋਈ ਵਿਸਥਾਰ ਨਾਲ ਵਰਣਨ ਕੀਤੀ ਹੈ। ਇਸ ਛੱਕੇ (ਅੰਕ ੨) ਵਿਚ ਅਪਣੀ ਕੀਤੀ ਅਰਜ਼ੋਈ ਨਹੀਂ ਦੱਸੀ ਹੈ, ਕੇਵਲ ਗੁਰੂ ਦਾ ਚੇਤਾਉਣਾ ਦੱਸਿਆ ਹੈ; ਅਗਲੇ (ਅੰਕ ੩) ਵਿਚ ਉਸ ਵੇਲੇ ਦੀ ਕੀਤੀ ਅਰਜ਼ੋਈ ਖੋਹਲਕੇ ਦੱਸੀ ਹੈ ਤੇ ਅਖੀਰਲੀ ਸਤਰ ਵਿਚ ਗੁਰੂ ਦਾ ਨਾਮ ਵਿਚ ਲਾ ਦੇਣਾ ਦੱਸਿਆ ਹੈ।

ਗੁਰਮੁਖਿ ਪਿਆਰੇ ਆਇ ਮਿਲੁ ਮੈ ਚਿਰੀ ਵਿਛੁੰਨੇ ਰਾਮ ਰਾਜੇ ॥ ਮੇਰਾ

ਹੇ ਰਾਮ ਰਾਜੇ ! (ਮੈਥੋਂ) ਚਿਰਾਂ ਤੋਂ ਵਿਛੁੜੇ ਹੋਏ ਜੀ ! ਮੈਨੂੰ ਆ ਮਿਲੋ, (ਇਸ ਪਜ਼ਾਰੇ) ਗੁਰੂ ਦੁਆਰਾ (ਆ ਮਿਲੋ)। ਮੇਰਾ ਮਨ

ਮਨੁ ਤਨੁ ਬਹੁਤੁ ਬੈਰਾਗਿਆ ਹਰਿ ਨੈਣ ਰਸਿ ਭਿੰਨੇ ॥ ਮੈ ਹਰਿ ਪ੍ਰਭੁ ਪਿਆਰਾ ਦਸਿ ਗੁਰੁ ਮਿਲਿ ਹਰਿ ਮਨੁ ਮੰਨੇ ॥ ਹਉ ਮੂਰਖੁ ਕਾਰੈ ਲਾਈਆ ਨਾਨਕ ਹਰਿ ਕੰਮੇ ॥੩॥	(ਮੇਰਾ) ਤਨ ਬਹੁਤ ਵੈਰਾਗਵਾਨ ਹੋ ਰਿਹਾ ਹੈ (ਤੇ ਮੇਰੇ) ਨੈਣ ਹੇ ਹਰੀ ! ਜਲ ਨਾਲ ਭਰ ਰਹੇ ਹਨ। [ਫੇਰ ਗੁਰੂ ਅੱਗੇ ਅਰਦਾਸ ਕੀਤੀ] ਹੇ ਗੁਰੂ ! ਮੈਨੂੰ ਪਿਆਰਾ ਹਰੀ ਪ੍ਰਭੂ ਦੱਸੋ, (ਜਿਸ ਨੂੰ) ਮਿਲਕੇ ਮਨ ਹਰੀ ਦੀ ਪਤੀਜਣਾ ਦੇ ਘਰ ਆਵੇ, (ਤਦ ਗੁਰੂ ਨੇ) ਮੈਂ ਮੂਰਖ ਨੂੰ ਕੰਮ ਲਾ ਦਿੱਤਾ, (ਓਹ ਕੀਹ ਸੀ? ਉਸੀ) ਹਰੀ (ਸਿਮਰਨ) ਦਾ ਕੰਮ, ਹੇ ਨਾਨਕ !॥ ੩॥

ਵਜਾਖਜਾ-ਇਸ ਛੱਕੇ ਦਾ ਭਾਵ ਬੀ ਵਰਤਮਾਨ ਵਿਚ ਲਾਇਆਂ ਅਰਥ ਨਹੀਂ ਢੁੱਕਦਾ, ਕਿਉਂਕਿ 'ਹਰਿ ਪ੍ਰਭੁ ਪਿਆਰਾ ਦਸਿ ਗੁਰ' ਵਾਲਾ ਕੰਮ ਹੋ ਚੁਕਾ ਹੈ, ਹਰੀ ਦਾ ਮਿਲਣਾ ਤੇ 'ਮਨੁ ਮੰਨੇ' ਬੀ ਹੋ ਚੁਕਾ ਹੈ। ਤਾਂਤੇ ਇਹ ਛੱਕਾ ਪਿਛਲੇ ਦੀ ਪੂਰਣਤਾ ਹੈ।

ਨਿਰੁਕ੍ਤ-ਵਿਛੁੰਨੇ-ਵਿਛੁੜੇ ਹੋਏ। ਬੈਰਾਗਿਆ--ਵੈਰਾਗ ਵਿਚ ਹੈ, ਉਦਾਸੀਨ ਹੈ।

ਰਸਿ-ਰਸ ਵਿਚ, ਪਾਣੀ ਨਾਲ, ਭਾਵ ਹੰਝੂਆਂ ਤੋਂ ਹੈ। 'ਹਰੀ' ਪਦ ਸੰਬੋਧਨ ਹੈ ਤੇ ਰਸ ਦਾ ਅਰਥ ਜਲ ਹੈ। ਹਰਿ ਪਦ ਰਸ ਦਾ ਏਥੇ ਵਿਸ਼ੇਸ਼ਣ ਨਹੀਂ।

ਗੁਰ ਅੰਮ੍ਰਿਤ ਭਿੰਨੀ ਦੇਹੁਰੀ ਅੰਮ੍ਰਿਤੁ ਬੁਰਕੇ ਰਾਮ ਰਾਜੇ ॥ ਜਿਨਾ ਗੁਰਬਾਣੀ ਮਨਿ ਭਾਈਆ ਅੰਮ੍ਰਿਤਿ ਛਕਿ ਛਕੇ ॥ ਗੁਰ ਤੁਠੈ ਹਰਿ ਪਾਇਆ ਚੂਕੇ ਧਕ ਧਕੇ ॥ ਹਰਿ ਜਨੁ ਹਰਿ ਹਰਿ ਹੋਇਆ ਨਾਨਕੁ ਹਰਿ ਇਕੇ ॥੪॥੯॥੧੬॥	ਹੇ ਰਾਮ ਰਾਜੇ ! ਗੁਰੂ ਦੀ ਦੇਹ (ਨਾਮ) ਅੰਮ੍ਰਿਤ ਨਾਲ ਭਿੱਜੀ ਹੋਈ ਹੈ (ਐਸੇ ਕਿ ਓਹ ਨਾਮ) ਅੰਮ੍ਰਿਤ ਦੇ ਛੱਟੇ ਦੇ ਰਹੀ ਹੈ, (ਇਹ ਨਾਮ ਅੰਮ੍ਰਿਤ ਰੂਪੀ) ਗੁਰੂ ਦੇ ਬਚਨ ਜਿਨ੍ਹਾਂ ਨੂੰ ਮਨ ਵਿਚ ਭਾ ਗਏ ਹਨ (ਓਹ ਇਸ) ਅੰਮ੍ਰਿਤ ਨੂੰ ਪੀਕੇ ਤ੍ਰਿਪਤ (ਯਾ ਮਗਨ) ਹੋ ਰਹੇ ਹਨ। (ਐਉਂ ਜਿਸ ਤੇ) ਗੁਰੂ ਤ੍ਰੁੱਠੇ ਹਨ (ਉਸ ਨੇ) ਪ੍ਰਭੂ ਪਾਇਆ ਹੈ (ਤੇ ਉਸ ਦੇ) ਧੱਕੇ ਧੋੜੇ ਮੁੱਕ ਗਏ ਹਨ, (ਕਿਉਂਕਿ) ਹਰੀ ਦਾ ਜਨ ਹਰੀ ਹਰਿ ਹੋ ਗਿਆ ਹੈ, (ਹਾਂ,) ਨਾਨਕ ਨੂੰ ਹਰੀ ਨੇ ਇਕ ਮਿਕ (ਕਰ ਲਿਆ ਹੈ)॥ ੪॥ ੯॥ ੧੬॥

ਵਜਾਖਜਾ-ਇਸ ਵਿਚ ਗੁਰੂ ਦਾ ਨਾਮ ਅੰਮ੍ਰਿਤ ਦਾ ਚਸ਼ਮਾ ਹੋਣਾ ਤੇ ਚਸ਼ਮੇ ਵਾਂਙੂ ਅੰਮ੍ਰਿਤ ਦੇ ਛੱਟੇ ਦੇਣਹਾਰ ਆਪਣੇ ਆਪ ਹੋਣਾ ਦੱਸਿਆ ਹੈ, ਪਰ ਜਿਨ੍ਹਾਂ ਨੂੰ ਇਹ ਛੱਟੇ ਮਨ ਵਿਚ ਭਾਉਣ, ਲਾਭ ਉਨ੍ਹਾਂ ਨੂੰ ਪੁੱਜਦਾ ਹੈ। ਗੁਰਬਾਣੀ ਤੋਂ ਮਤਲਬ ਏਥੇ ਗੁਰੂ ਦੇ ਨਾਮ ਦਾਨ ਦੇ ਉਚਰੇ ਵਾਕ ਹੈ। ਜਿਸ ਨੂੰ ਭਾ ਜਾਣਗੇ ਉਹੀ ਨਾਮ ਅੰਮ੍ਰਿਤ ਨੂੰ ਛਕੇਗਾ, ਜੋ ਛਕੇਗਾ ਉਹੀ ਛਕੇ=ਮਗਨ ਹੋਏਗਾ। 'ਧਕ ਧਕੇ' ਤੋਂ ਮੁਰਾਦ ਮਰਨ ਦੇ ਧੱਕੇ ਹੈ। ਇਸ ਦਾ ਭਾਵ 'ਸੰਸਾਰ ਵਿਚ ਵਾਪਰਦੇ ਦੁਖ ਕਲੇਸ਼, ਅਨਿਸਚਿਤ ਹਾਂਡਾਂ, ਨਾਕਾਮਯਾਬੀਆਂ ਆਦਿ' ਬੀ ਲੈਂਦੇ ਹਨ। ਨਾਨਕ ਪਦ ਨੂੰ ਔਂਕੁੜ ਹੋਣ ਕਰਕੇ ਅਰਥ ਹੈ 'ਨਾਨਕ ਨੂੰ' (ਹਰਿ ਇਕੋ =) ਹਰੀ ਨੇ ਆਪਣੇ ਨਾਲ ਇਕੋ ਕਰ ਲਿਆ ਹੈ।

[ਆਸਾ ਮਹਲਾ ੪, ਛੰਤ, ੧੦-੧੨]

ਪ੍ਰਾਕ੍ਕਥਨ-ਹੁਣ ਨਿਜੀ ਤਜਰਬੇ ਦੇ ਰੂਪ ਵਿਚ ਨਹੀਂ ਪਰ ਉਪਦੇਸ਼ ਦੇ ਰੂਪ ਵਿਚ ਪਹਿਲਾ ਛੱਕਾ ਆਖਕੇ, ਅਗੇ ਮਿਲਵੇਂ ਢੰਗ ਵਿਚ ਜਗਤ ਲਈ ਅਰਦਾਸ ਤੇ ਉਪਦੇਸ਼ ਹੈ।

ਮੂਲ

ਆਸਾ ਮਹਲਾ ੪॥

ਹਰਿ ਅੰਮ੍ਰਿਤ ਭਗਤਿ ਭੰਡਾਰ ਹੈ ਗੁਰ ਸਤਿਗੁਰ ਪਾਸੇ ਰਾਮ ਰਾਜੇ ॥ ਗੁਰੁ ਸਤਿਗੁਰੁ ਸਚਾ ਸਾਹੁ ਹੈ ਸਿਖ ਦੇਇ ਹਰਿ ਰਾਸੇ ॥ ਧਨੁ ਧੰਨੁ ਵਣਜਾਰਾ ਵਣਜੁ ਹੈ ਗੁਰੁ ਸਾਹੁ ਸਾਬਾਸੇ ॥ ਜਨੁ ਨਾਨਕੁ ਗੁਰੁ ਤਿਨ੍ਹੀ ਪਾਇਆ ਜਿਨ ਧੁਰਿ ਲਿਖਤੁ ਲਿਲਾਟਿ ਲਿਖਾਸੇ ॥੧॥

ਸਚੁ ਸਾਹੁ ਹਮਾਰਾ ਤੂੰ ਧਣੀ ਸਭੁ ਜਗਤੁ ਵਣਜਾਰਾ ਰਾਮ ਰਾਜੇ ॥ ਸਭ ਭਾਂਡੇ ਤੁਧੈ ਸਾਜਿਆ ਵਿਚਿ ਵਸਤੁ ਹਰਿ ਥਾਰਾ ॥ ਜੋ ਪਾਵਹਿ ਭਾਂਡੇ ਵਿਚਿ ਵਸਤੁ ਸਾ ਨਿਕਲੈ ਕਿਆ ਕੋਈ ਕਰੇ ਵੇਚਾਰਾ ॥ ਜਨ ਨਾਨਕ ਕਉ ਹਰਿ ਬਖਸਿਆ ਹਰਿ ਭਗਤਿ ਭੰਡਾਰਾ ॥ ੨॥

ਅਰਥ

ਹੇ ਰਾਮ ਰਾਜੇ ! ਹਰੀ ਦੀ ਭਗਤੀ ਅੰਮ੍ਰਿਤ ਦਾ ਭੰਡਾਰਾ ਹੈ ਜੋ ਗੁਰੂ (ਵਡੇ) ਸਤਿਗੁਰੂ ਪਾਸ ਹੈ। (ਹਾਂ,) ਗੁਰੂ ਸਤਿਗੁਰੂ ਸੱਚਾ ਸ਼ਾਹ ਹੈ ਜੋ ਹਰੀ (ਨਾਮ) ਦੀ ਰਾਸ ਸਿੱਖਾਂ ਨੂੰ ਦੇਂਦਾ ਹੈ। ਧੰਨ ਹੈ (ਇਸ) ਵਣਜ ਦਾ ਵਪਾਰ ਕਰਨ ਵਾਲਾ, ਧੰਨ ਹੈ (ਇਹ) ਵਪਾਰ, ਤੇ ਸ਼ਾਬਾਸ਼ ਹੈ (ਇਸ ਵਣਜ ਦੇ) ਸ਼ਾਹ ਗੁਰੂ ਨੂੰ। (ਪਰ ਐਸਾ ਸ਼ਾਬਾਸ਼ ਯੋਗ ਸ਼ਾਹ) ਗੁਰੂ ਉਨ੍ਹਾਂ ਨੇ ਹੀ ਪਾਇਆ ਹੈ ਜਿਨ੍ਹਾਂ ਦੇ ਮੱਥੇ ਉਤੇ ਧੁਰੋਂ ਲਿਖਤ ਲਿਖੀ ਹੁੰਦੀ ਹੈ, ਦਾਸ ਨਾਨਕ ਆਖਦਾ ਹੈ॥ ੧॥

[ਹੁਣ ਅਰਦਾਸ ਕਰਦੇ ਹਨ:] ਹੇ ਰਾਮ ਰਾਜੇ ! ਤੂੰ ਹੀ ਸਾਡਾ ਸੱਚਾ ਸ਼ਾਹ ਤੇ ਮਾਲਕ ਹੈਂ, ਸਾਰਾ ਜਗਤ ਤੇਰਾ ਵਣਜਾਰਾ ਹੈ। ਸਾਰੇ ਭਾਂਡੇ (=ਸਰੀਰ) ਤੂੰ ਹੀ ਸਾਜੇ ਹਨ, (ਉਨ੍ਹਾਂ) ਵਿਚ ਤੇਰੀ (ਪਾਈ ਹੀ) ਵਸਤੂ ਪਈ ਹੋਈ ਹੈ, ਜੋ (ਤੂੰ) ਵਸਤੂ (ਜਿਸ) ਭਾਂਡੇ ਵਿਚ ਪਾਉਂਦਾ ਹੈਂ ਉਹੋ ਨਿਕਲਦੀ ਹੈ, ਕੋਈ ਗ਼ਰੀਬ ਕੀਹ ਕਰ ਸਕਦਾ ਹੈ। ਦਾਸ ਨਾਨਕ ਨੂੰ ਹਰੀ ਨੇ ਹਰੀ ਦੀ ਭਗਤੀ ਦਾ ਭੰਡਾਰਾ ਬਖਸ਼ਿਆ ਹੋਇਆ ਹੈ॥ ੨॥

ਵਯਾਖਯਾ—ਦੋਹਾਂ ਛੱਕਿਆਂ ਵਿਚ ਇਕੋ ਵਿਸ਼ਾ ਕੱਠਾ ਚਲਦਾ ਹੈ। ਭਗਤੀ ਨੂੰ ਅੰਮ੍ਰਿਤ ਦਾ ਭੰਡਾਰਾ ਦੱਸਿਆ ਹੈ। ਉਹ ਸ਼ੈ ਵਾਹਿਗੁਰੂ ਦੀ ਹੈ, ਪਰ ਵਾਹਿਗੁਰੂ ਤੋਂ ਸਤਿਗੁਰੂ ਨੂੰ ਮਿਲੀ ਹੈ, ਸਤਿਗੁਰੂ ਸਿਖਾਂ ਨੂੰ ਦੇਂਦਾ ਹੈ। ਸੋ ਨਾਮ ਸਿਮਰਣ ਵਣਜ ਹੈ, ਗੁਰੂ ਸ਼ਾਹ ਹੈ ਤੇ ਸਿੱਖ ਵਣਜਾਰੇ ਹਨ। ਸਤਿਗੁਰੂ ਨੂੰ ਨਾਲ ਗੁਰੂ ਕਿਹਾ ਹੈ, ਵਡਾ ਗੁਰੂ। ਮੁਰਾਦ ਗੁਰੂ ਨਾਨਕ ਦੇਵ ਜੀ ਤੋਂ ਹੈ, ਜੋ ਅੰਕ ੨ ਦੇ ਅਖੀਰ ਸਪਸ਼ਟ ਹੋ ਜਾਂਦੀ ਹੈ, ਜਿਥੇ ਫੁਰਮਾਇਆ ਹੈ-ਕਿ ਗੁਰੂ ਨਾਨਕ ਨੂੰ ਹਰੀ ਨੇ ਭਗਤੀ ਦੇ ਭੰਡਾਰ ਬਖਸ਼ੇ ਹਨ। ਸੋ ਪਹਿਲੇ ਅੰਕ ਵਿਚ 'ਗੁਰ ਸਤਿਗੁਰ' ਤੋਂ ਮੁਰਾਦ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਹੈ।

ਦੂਜੀ ਗਲ ਇਹ ਫੁਰਮਾਈ ਕਿ ਇਹ ਵਸਤੁ ਉਹਨਾਂ ਨੂੰ ਮਿਲਦੀ ਹੈ ਜਿਨ੍ਹਾਂ ਨੂੰ ਮਿਲਣੀ ਧੁਰੋਂ ਲਿਖੀ ਹੁੰਦੀ ਹੈ।

ਤੀਜੀ ਗਲ ਇਹ ਫੁਰਮਾਈ ਕਿ ਸਰੀਰਾਂ ਵਿਚੋਂ ਜੋ ਸੁਭਾਵ ਪ੍ਰਗਟ ਹੁੰਦੇ ਹਨ ਉਹ ਸਾਈਂ ਦੇ ਪਾਏ ਹੋਏ ਹਨ। ਇਸ ਕਰਕੇ ਉਹਨਾਂ ਤੇ ਤਰਸ ਚਾਹੀਏ ਦ੍ਵੈਸ਼ ਨਹੀਂ ਚਾਹੀਏ। 'ਵੇਚਾਰਾ' ਪਦ ਆਖਕੇ ਉਹਨਾਂ ਉਤੇ ਤਰਸ ਕਰਨ ਦੀ ਸੈਨਤ ਸੱਟੀ ਹੈ। ਇਹ ਗਲ ਕਿ ਭਾਂਡਿਆਂ ਵਿਚ ਵਸਤੁ ਕਰਮਾ ਅਨੁਸਾਰ ਤੇ ਹੁਕਮ ਨਾਲ ਦੋਹਾਂ ਸੰਯੋਗਾਂ ਤੋਂ ਪੈਂਦੀ ਹੈ, ਗੁਰਬਾਣੀ ਵਿਚ ਆਇਆ ਹੈ।

ਹੁਕਮ- **ਨਕਿ ਨਥ ਖਸਮ ਹਥ**
ਕਰਮ- **ਕਿਰਤੁ ਧਕੇ ਦੇ॥** [ਸੋਰਠਿ ਵਾਰ ਮਹਲਾ ੨-੨੮]

ਹਮ ਕਿਆ ਗੁਣ ਤੇਰੇ ਵਿਥਰਹ ਸੁਆਮੀ ਤੂੰ ਅਪਰ ਅਪਾਰੋ ਰਾਮ ਰਾਜੇ ॥ ਹਰਿ ਨਾਮੁ ਸਾਲਾਹਹ ਦਿਨੁ ਰਾਤਿ ਏਹਾ ਆਸ ਆਧਾਰੋ ॥ ਹਮ ਮੂਰਖ ਕਿਛੂਅ ਨ ਜਾਣਹਾ ਕਿਵ ਪਾਵਹ ਪਾਰੋ ॥ ਜਨੁ ਨਾਨਕੁ ਹਰਿ ਕਾ ਦਾਸੁ ਹੈ ਹਰਿ ਦਾਸ ਪਨਿਹਾਰੋ ॥੩॥

[ਅਰਦਾਸ ਜਾਰੀ ਹੈ] ਹੇ ਰਾਮ ਰਾਜੇ ! ਹੇ ਸੁਆਮੀ ! ਅਸੀਂ ਤੇਰੇ ਕਿਹੜੇ (ਕਿਹੜੇ) ਗੁਣ ਖੋਹਲ ਖੋਹਲ ਦੱਸੀਏ ਤੂੰ ਪਾਰ ਰਹਤਤਾ ਤੋਂ ਬੀ ਪਰੇ ਹੈਂ (ਭਾਵ ਪੂਰਨ ਤੌਰ ਤੇ ਅਨੰਤ ਹੈਂ। ਪਰ ਸਾਡੀ) ਆਸ ਤੇ ਸਾਡਾ ਆਸਰਾ (ਇਕੋ) ਇਹੋ ਹੈ ਕਿ ਦਿਨੇ ਰਾਤ ਹਰੀ ਨਾਮ ਦੀ ਸਲਾਹੁਤ ਕਰਦੇ ਰਹਿੰਦੇ ਹਾਂ। (ਕਿਉਂਕਿ) ਅਸੀਂ ਮੂਰਖ ਹਾਂ, ਕੁਛ ਨਹੀਂ ਜਾਣਦੇ ਕਿ (ਅਪਰ ਅਪਾਰ ਦਾ) ਪਾਰਾਵਾਰ ਕੀਕੂੰ ਲੈ ਸਕੀਏ? ਨਾਨਕ ਦਾਸ ਹਰੀ ਦਾ ਦਾਸ ਹੈ, (ਹਾਂ ਹਾਂ ਨਾਨਕ ਦਾਸ) ਹਰੀ ਦੇ ਦਾਸਾਂ (ਦੇ ਦਰ) ਪਾਣੀ ਢੋਣ ਵਾਲਾ ਹੈ। ॥੩॥

ਜਿਉ ਭਾਵੈ ਤਿਉ ਰਾਖਿ ਲੈ ਹਮ ਸਰਣਿ ਪ੍ਰਭ ਆਏ ਰਾਮ ਰਾਜੇ ॥ ਹਮ ਭੂਲਿ ਵਿਗਾੜਹ ਦਿਨਸੁ ਰਾਤਿ ਹਰਿ ਲਾਜ ਰਖਾਏ ॥ ਹਮ ਬਾਰਿਕ ਤੂੰ ਗੁਰੁ ਪਿਤਾ ਹੈ ਦੇ ਮਤਿ ਸਮਝਾਏ ॥ ਜਨੁ ਨਾਨਕੁ ਦਾਸੁ ਹਰਿ ਕਾਂਢਿਆ ਹਰਿ ਪੈਜ ਰਖਾਏ ॥੪॥੧੦॥੧੭॥

[ਅਰਦਾਸ ਜਾਰੀ ਹੈ]ਹੇ ਰਾਮਰਾਜੇ (ਤੈਂ) ਪ੍ਰਭੂ ਦੀ ਅਸੀਂ ਸ਼ਰਣ ਆਏ ਹਾਂ, ਜਿਵੇਂ ਭਾਵੀ ਤਿਵੇਂ(ਸਾਨੂੰ) ਰੱਖ ਲੈ। ਅਸੀਂ ਦਿਨੇ ਰਾਤ ਭੁੱਲਾਂ ਕਰ ਕਰਕੇ (ਅਪਣਾ) ਵਿਗਾੜ ਕਰ ਲੈਂਦੇ ਹਾਂ, (ਇਸ ਆਸ ਤੇ ਕਿ) ਹਰੀ ਸਾਡੀ ਲਜਾ ਰੱਖ ਲਏਗਾ।ਅਸੀਂ (ਆਪ ਦੇ) ਬੱਚੇ ਹਾਂ, ਤੂੰ (ਸਾਡਾ) ਪਿਤਾ ਹੈਂ,(ਤੂੰਹੋਂ ਸਾਡਾ) ਗੁਰੂ ਹੈਂ,ਮਤਾਂ ਦੇ ਦੇਕੇ (ਤੂੰ ਸਾਨੂੰ) ਸਮਝਾਉਂਦਾ ਹੈਂ। ਦਾਸ ਨਾਨਕ ਹਰੀ ਦਾ ਦਾਸ ਕਹਾਉਂਦਾ ਹੈ ਹਰੀ (ਮਾਲਕ ਆਪ ਉਸ ਦੀ) ਪੈਜ ਰਖੇਗਾ॥੪॥੧੦॥੧੭॥

ਵ੍ਯਾਖ੍ਯਾ ਤੇ ਨਿਰੁਕ੍ਤ– ਸੁਗਮ ਹੈ।

[ਆਸਾ ਮਹਲਾ ੪, ਛੰਤ, ੧੧-੧੮]

ਮੂਲ **ਅਰਥ**

ਆਸਾ ਮਹਲਾ ੪ ॥

ਜਿਨ ਮਸਤਕਿ ਧੁਰਿ ਹਰਿ ਲਿਖਿਆ ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ ॥ ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਘਟਿ ਬਲਿਆ ॥ ਹਰਿ ਲਧਾ ਰਤਨੁ ਪਦਾਰਥੋ ਫਿਰਿ ਬਹੁੜਿ ਨ ਚਲਿਆ ॥ ਜਨ ਨਾਨਕ ਨਾਮੁ ਆਰਾਧਿਆ ਆਰਾਧਿ ਹਰਿ ਮਿਲਿਆ॥੧॥

ਹੇ ਰਾਮ ਰਾਜੇ ! ਜਿਨ੍ਹਾਂ ਦੇ ਮੱਥੇ ਉਤੇ ਹਰੀ ਨੇ ਧੁਰੋਂ ਲਿਖਿਆ ਹੈ ਉਹਨਾਂ ਨੂੰ ਸਤਿਗੁਰੂ ਮਿਲ ਪਿਆ ਹੈ, (ਉਹਨਾਂ ਦਾ) ਅਗ੍ਯਾਨ ਦਾ ਹਨੇਰਾ ਦੂਰ ਹੋ ਗਿਆ ਹੈ (ਉਹਨਾਂ ਦੇ) ਹਿਰਦੇ ਵਿਚ ਗੁਰੂ ਦੇ (ਬਖਸ਼ੇ) ਗ੍ਯਾਨ (ਦਾ ਦੀਪਕ) ਜਗ ਪਿਆ ਹੈ। (ਉਹਨਾਂ ਨੂੰ) ਰਤਨ ਪਦਾਰਥ ਹਰੀ (=ਹਰੀ ਨਾਮ ਗੁਰੂ ਤੋਂ) ਲੱਭ ਪਿਆ ਸੀ (ਜਿਸ ਕਰਕੇ ਉਹਨਾਂ ਦਾ ਮਨ) ਮੁੜਕੇ (ਮਾਇਆ ਵਲ ਨੂੰ) ਚਲਾਇਮਾਨ ਨਹੀਂ ਹੋਇਆ*। (ਆਖਦੇ ਹਨ ਗੁਰੂ) ਨਾਨਕ (ਦੇਵ ਜੀ ਕਿ ਜਿਸ) ਜਨ ਨੇ ਨਾਮ ਨੂੰ ਅਰਾਧਿਆ ਹੈ (ਉਸ ਨੂੰ) ਆਰਾਧਨ ਦੁਆਰਾ ਹੀ ਹਰੀ ਮਿਲ ਪਿਆ ਹੈ॥ ੧॥

ਵ੍ਯਾਖ੍ਯਾ–ਇਸ ਛੱਕੇ ਵਿਚ ਦੱਸਿਆ ਹੈ ਇਕ ਤਾਂ ਇਹ ਕਿ ਗੁਰੂ ਦਾ ਮਿਲਾਪ ਧੁਰਾਂ ਦੀ ਮੇਹਰ ਹੈ, ਫੇਰ ਗੁਰੂ ਤੋਂ ਨਾਮ ਮਿਲਿਆ ਜੋ ਕਿ ਰਤਨ ਪਦਾਰਥ ਹੈ, ਅਤੇ ਇਸ ਦੀ ਅਰਾਧਨਾ ਨਾਲ ਹਰੀ ਆਪ ਮਿਲ ਪਿਆ।

---

* ਅਥਵਾ-ਉਹ ਰਤਨ ਪਦਾਰਥ ਫਿਰ ਉਹਨਾਂ ਦਾ ਗੁਆਚਾ ਨਹੀਂ।

ਜਿਨੀ ਐਸਾ ਹਰਿ ਨਾਮੁ ਨ ਚੇਤਿਓ ਸੇ ਕਾਹੇ ਜਗਿ ਆਏ ਰਾਮ ਰਾਜੇ ॥ ਇਹੁ ਮਾਣਸ ਜਨਮੁ ਦੁਲੰਭੁ ਹੈ ਨਾਮ ਬਿਨਾ ਬਿਰਥਾ ਸਭੁ ਜਾਏ ॥ ਹੁਣਿ ਵਤੈ ਹਰਿ ਨਾਮੁ ਨ ਬੀਜਿਓ ਅਗੈ ਭੁਖਾ ਕਿਆ ਖਾਏ ॥ ਮਨਮੁਖਾ ਨੋ ਫਿਰਿ ਜਨਮੁ ਹੈ ਨਾਨਕ ਹਰਿ ਭਾਏ ॥੨॥

ਹੇ ਰਾਮ ਰਾਜੇ ! ਜਿਨ੍ਹਾਂ ਨੇ ਐਸਾ ਹਰਿਨਾਮ (ਜਿਸਦੇ ਅਰਾਧਿਆਂ ਹਰੀ ਮਿਲ ਪੈਂਦਾ ਹੈ) ਨਹੀਂ ਸਿਮਰਿਆ ਓਹ ਸੰਸਾਰ ਵਿਚ ਕਾਸਨੂੰ ਆਏ? (ਭਾਵ ਉਨ੍ਹਾ ਦਾ ਜੰਮਣਾ ਬਿਰਥਾ ਗਿਆ)। ਇਹ ਮਨੁੱਖਾ ਜਨਮ ਦੁਰਲਭ (ਵਸਤੂ) ਹੈ, ਨਾਮ ਤੋਂ ਬਿਨਾਂ ਸਾਰਾ ਬਿਰਥਾ ਚਲਾ ਜਾਂਦਾ ਹੈ। ਹੁਣ ਵੱਤਰ* ਦੇ ਵੇਲੇ (ਜਿਸਨੇ) ਹਰੀ ਨਾਮ ਨਹੀਂ ਬੀਜਿਆ (ਉਹ) ਅਗੇ (=ਪਰਲੋਕ ਵਿਚ ਜਦ ਭੁੱਖਾ ਹੋਏਗਾ ਤਾਂ ਕੀਹ ਖਾਏਗਾ? ਹਰੀ ਦੇ ਭਾਣੇ ਵਿਚ ਮਨਮੁਖਾਂ ਨੂੰ ਫਿਰ ਫਿਰ ਜਨਮ ਹੁੰਦਾ ਹੈ, ਹੇ ਨਾਨਕ !॥ ੨॥

ਤੂੰ ਹਰਿ ਤੇਰਾ ਸਭੁ ਕੋ ਸਭਿ ਤੁਧੁ ਉਪਾਏ ਰਾਮ ਰਾਜੇ ॥ ਕਿਛੁ ਹਾਥਿ ਕਿਸੈ ਦੈ ਕਿਛੁ ਨਾਹੀ ਸਭਿ ਚਲਹਿ ਚਲਾਏ ॥ ਜਿਨ੍ ਤੂੰ ਮੇਲਹਿ ਪਿਆਰੇ ਸੇ ਤੁਧੁ ਮਿਲਹਿ ਜੋ ਹਰਿ ਮਨਿ ਭਾਏ॥ ਜਨ ਨਾਨਕ ਸਤਿਗੁਰੁ ਭੇਟਿਆ ਹਰਿ ਨਾਮਿ ਤਰਾਏ ॥੩॥

[ਮਨਮੁਖਾਂ ਨੂੰ ਮੁੜ ਜਨਮ ਦੱਸਕੇ ਤਰਸ ਦੇ ਘਰ ਵਿਚ ਆ ਜਾਂਦੇ ਹਨ, ਉਨ੍ਹਾ ਲਈ ਅਰਦਾਸ ਕਰਦੇ ਹਨ:] ਹੇ ਰਾਮ ਰਾਜੇ ! ਤੂੰ ਹਰੀ (ਪ੍ਰਭੂ) ਹੈਂ, ਸਭ ਕੋਈ ਤੇਰਾ ਹੈ, (ਕਿਉਂਕਿ) ਸਾਰੇ ਤੂੰ ਪੈਦਾ ਕੀਤੇ ਹਨ। ਕਿਸੇ ਦੇ (ਆਪਣੇ ਹੱਥ ਕੁਛ ਨਹੀਂ, ਸਾਰੇ (ਜਿਵੇਂ) ਤੋਰੇ ਜਾਂਦੇ ਹਨ ਤੁਰਦੇ ਹਨ। ਹੇ ਪਿਆਰੇ. ਜਿਨ੍ਹਾਂ ਨੂੰ ਤੂੰ ਮੇਲ ਲੈਂਦਾ ਹੈਂ ਉਹ ਤੈਨੂੰ ਮਿਲ ਪੈਂਦੇ ਹਨ, ਜੋ ਹੇ ਹਰੀ ! (ਤੇਰੇ ਮਨ ਨੂੰ ਭਾ ਜਾਂਦੇ ਹਨ। ਹੇ ਨਾਨਕ ! (ਜਿਨ੍ਹਾਂ) ਜਨਾਂ ਨੂੰ ਸਤਿਗੁਰੂ ਮਿਲ ਪਿਆ (ਉਨ੍ਹਾਂ ਨੂੰ ਉਹ) ਹਰੀ ਨਾਮ ਦੁਆਰਾ ਤਰਾ ਲੈਂਦਾ ਹੈ॥ ੩॥

ਵਯਾਖਯਾ ਤੇ ਨਿਰੁਕਤ– ਸੁਗਮੰ।

ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਤਿ ਕਰਿ ਨਹੀ ਹਰਿ ਹਰਿ ਭੀਜੈ ਰਾਮ ਰਾਜੇ ॥ ਜਿਨਾ ਅੰਤਰਿ ਕਪਟੁ ਵਿਕਾਰੁ ਹੈ ਤਿਨਾ ਰੋਇ ਕਿਆ ਕੀਜੈ ॥ ਹਰਿ ਕਰਤਾ ਸਭੁ ਕਿਛੁ ਜਾਣਦਾ ਸਿਰਿ ਰੋਗ ਹਥੁ ਦੀਜੈ ॥ ਜਿਨਾ ਨਾਨਕ ਗੁਰਮੁਖਿ ਹਿਰਦਾ ਸੁਧੁ ਹੈ ਹਰਿ ਭਗਤਿ ਹਰਿ ਲੀਜੈ ॥੪॥੧੧॥੧੮॥

ਹੇ ਰਾਮ ਰਾਜੇ ! ਕੋਈ ਰਾਗਾਂ ਨਾਲ (ਗਾਉਂਕੇ ਤੈਨੂੰ) ਗਾਉਂਦਾ ਹੈ, (ਕੋਈ ਮੂੰਹ ਹੱਥਾਂ ਨਾਲ ਵੱਜਣ ਵਾਲੇ ਵਾਜਿਆਂ ਦੀ) ਅਵਾਜ਼ ਨਾਲ (ਮੇਲਕੇ ਗਾਉਂਦਾ) ਹੈ, (ਕੋਈ) ਵੇਦਾਂ (ਧਰਮ ਪੁਸਤਕਾਂ ਦੇ ਅਰਥ ਭਾਵ ਆਦਿ ਵਰਣਨ ਕਰ ਕਰਕੇ ਅਥਵਾ ਵੇਦ ਧੁਨਾਂ ਕਰਕੇ ਤੈਨੂੰ ਗਾਉਂਦਾ ਹੈ), ਹੋਰ ਕਈ ਕਿਸਮ ਦੇ ਤ੍ਰੀਕਿਆਂ ਨਾਲ (ਤੈਨੂੰ ਗਾਉਂਦਾ ਹੈ, ਪਰ) ਹਰੀ ਹਰਿ (ਸੁਣਕੇ) ਪਸੀਜਦਾ ਨਹੀਂ। (ਕਿਉਂਕਿ) ਜਿਨ੍ਹਾਂ ਦੇ ਅੰਦਰ ਕਪਟ (ਛਲ) ਹੈ (ਤੇ) ਬਦੀ ਹੈ, ਉਨ੍ਹਾਂ ਦੇ (ਉਪਰਲੇ ਦਿਲੋਂ) ਰੋਣ ਨੂੰ ਕੀਹ ਕੀਤਾ ਜਾਏ (ਭਾਵ ਉਸ ਦਾ ਕੋਈ ਮੁੱਲ ਨਹੀਂ ਪੈਂਦਾ, ਕਿਉਂਕਿ ਜੇ ਕਿਸੇ ਦੇ) ਰੋਗ ਦੇ ਸਿਰ ਤੇ ਹੱਥ ਧਰੀਏ (ਭਾਵ ਉਸ ਨੂੰ ਲੁਕਾਈਏ ਤਾਂ ਵੈਦ ਤੋਂ ਨਹੀਂ ਲੁਕਦਾ), ਹਰੀ ਕਰਤਾ ਸਭ ਕੁਛ ਜਾਣਦਾ ਹੈ। (ਪਰ) ਹੇ ਨਾਨਕ ! ਜਿਨ੍ਹਾਂ ਦਾ ਹਿਰਦਾ (ਗੁਰੂ ਦੁਆਰਾ) ਸ਼ੁੱਧ ਹੈ ਉਨ੍ਹਾਂ ਨੂੰ ਹਰੀ ਦੀ ਭਗਤੀ ਦੁਆਰਾ ਹਰੀ ਮਿਲਦਾ ਹੈ (ਤੇ ਓਹ) ਗੁਰਮੁਖ (ਹੋ ਜਾਂਦੇ ਹਨ)॥ ੪॥ ੧੧॥ ੧੮॥

---

* ਵਤੈ=ਵੱਤਰ ਦੇ ਵੇਲੇ। ਜਦੋਂ ਮੀਂਹ ਪੈਕੇ ਪਾਣੀ ਜ਼ਿਮੀਂ ਵਿਚ ਸਿੰਜਰ ਜਾਂਦਾ ਹੈ, ਹਲ ਸੌਖਾ ਫਿਰਦਾ ਹੈ ਤੇ ਪਾਇਆ ਬੀਜ ਸੁਹਣਾ ਪੁੰਗਰਦਾ ਹੈ, ਉਸ ਨੂੰ ਵੱਤਰ ਆਖਦੇ ਹਨ। ਜਰਮਨੀ ਬੋਲੀ ਵਿਚ ਵਾਸੱਰ ਤੇ ਅੰਗ੍ਰੇਜ਼ੀ ਵਿਚ ਵਾਟਰ ਪਾਣੀ ਨੂੰ ਆਖਦੇ ਹਨ।

ਵਗਖਜਾ-ਕਪਟੀਆਂ ਦੀ ਭਗਤੀ ਤੇ ਉਨ੍ਹਾਂ ਦੇ ਨਾਨਾ ਪ੍ਰਕਾਰ ਦੇ ਗਾਇਨ ਨਿਸ਼ਫਲ ਦੱਸੇ ਹਨ ਹਿਰਦੇ ਸ਼ੁਧ ਵਾਲੇ ਦੇ ਹਰੀ ਕੀਰਤਨ ਦੇ ਮੁਕਾਬਲੇ ਤੇ। ਕਾਰਣ ਦੱਸਿਆ ਹੈ ਕਿ ਹਰੀ ਅੰਤਰਯਾਮੀ ਹਿਰਦੇ ਨੂੰ ਪਛਾਣਦਾ ਹੈ, ਉਸ ਨਾਲ ਕਪਟ ਦੀ ਪੇਸ਼ ਨਹੀਂ ਜਾਂਦੀ। ਉਸ ਪਰ ਮਿਸਾਲ ਦਿੱਤੀ ਹੈ ਕਿ ਜੀਕੂੰ ਕਿਸੇ ਦੇ ਸਿਰ ਪਰ ਗੰਜ ਦਾ ਰੋਗ ਹੋਵੇ ਤਾਂ ਉਹ ਰੋਗ ਸਿਰ ਤੇ ਹੱਥ ਧਰਕੇ ਲੁਕਾਇਆਂ ਲੁਕ ਨਹੀਂ ਸਕਦਾ। ਉਸ ਦੀ ਖੁਰਕ ਰੋਗੀ ਨੂੰ ਛੇਤੀ ਹੀ ਖੁਰਕਣ ਤੇ ਮਜਬੂਰ ਕਰ ਦੇਂਦੀ ਹੈ ਤੇ ਰੋਗ ਪ੍ਰਗਟ ਹੋ ਜਾਂਦਾ ਹੈ, ਤਿਵੇਂ ਅੰਦਰਲਾ ਵਲਛਲ, ਲੋਭ ਲਾਲਚ ਥੋੜੇ ਚਿਰ ਵਿਚ ਪ੍ਰਗਟ ਹੋ ਆਉਂਦਾ ਹੈ। ਇਸ ਦਾ ਭਾਵ ਐਉਂ ਬੀ ਲੈਂਦੇ ਹਨ ਕਿ ਰੋਗਾਂ ਦੇ ਸਿਰ ਰੋਗ: ਅਗਜਾਨ-ਉਸ ਦੇ ਹਥ (ਅਰਥਾਤ ਦਿਲ ਵਿਚ) ਦਿੱਤਾ ਗਿਆ ਹੈ, ਯਾ ਹੰਕਾਰ ਰੂਪੀ ਵਡਾ ਰੋਗ ਉਨ੍ਹਾਂ ਦੇ ਹੱਥ=(ਅੰਦਰ)ਦਿੱਤਾ ਗਿਆ ਹੈ,ਅਥਵਾ ਕਰਤਾਰ ਉਨ੍ਹਾਂ ਨੂੰ ਜਨਮ ਮਰਨ ਦੇ ਵਡੇ ਰੋਗ ਦੇ ਹੱਥ ਦੇਂਦਾ-ਸਪੁਰਦ ਕਰਦਾ-ਹੈ।

ਨਿਰੁਕ੍ਤ-ਰਾਗੀ-ਰਾਗੀਂ=ਰਾਗਾਂ ਦੁਆਰਾ, ਭਾਵ ਗਾਉਂਕੇ।

ਨਾਦੀ-ਨਾਦੀਂ=ਨਾਦਾਂ ਦੁਆਰਾ, ਭਾਵ ਵਾਜਿਆਂ ਤੋਂ ਵਜਦੀਆਂ ਸੁਰਾਂ ਨਾਲ ਮੇਲਕੇ।

ਬੇਦੀ-ਬੇਦੀਂ=ਬੇਦ ਦੁਆਰਾ। ਇਸ ਦੇ ਦੋ ਭਾਵ ਹਨ, ਬੇਦ ਗਾਇਨ ਦੀ ਰੀਤੀ ਨਾਲ। ਬੇਦਾਂ ਦੇ ਗਾਇਨ ਦੀ ਤਰਕੀਬ ਆਪਣੀ ਹੈ, ਉਸ ਨੂੰ ਬੇਦ ਧੁਨਿ ਬੀ ਕਹਿ ਲਈਦਾ ਹੈ। ਦੂਸਰਾ ਭਾਵ ਵੇਦਾਂ ਆਦਿ ਸ਼ਾਸਤ੍ਰਾਂ ਦੀਆਂ ਕਥਾ ਵਗਾਖਜਾ ਆਦਿ ਦੇ ਕਰਨੇ ਨਾਲ ਹਰੀ ਜਸ ਕਰਦੇ ਹਨ।

ਸਿਰਿ ਰੋਗ-ਸਿਰ ਤੇ ਰੋਗ, ਇਸ਼ਾਰਾ ਗੰਜ ਵਲ ਹੈ। (ਅ) ਸਿਰਿ ਰੋਗ-ਵਡਾ ਰੋਗ=ਵਡਾ ਰੋਗ ਤੋਂ ਭਾਵ ਲੈਂਦੇ ਹਨ, ਅਗਜਾਨ, ਅਹੰਕਾਰ ਆਦਿ, ਪਰ ਸਿਰਿ ਦੇ 'ਰ' ਨੂੰ ਸਿਆਰੀ ਹੈ।

[ਆਸਾ ਮਹਲਾ ੪, ਛੰਤ, ੧੨-੧੯]

ਮੂਲ	ਅਰਥ
ਆਸਾ ਮਹਲਾ ੪ ॥ **ਜਿਨ ਅੰਤਰਿ ਹਰਿ ਹਰਿ ਪ੍ਰੀਤਿ ਹੈ ਤੇ ਜਨ ਸੁਘੜ ਸਿਆਣੇ ਰਾਮ ਰਾਜੇ ॥ ਜੇ ਬਾਹਰਹੁ ਭੁਲਿ ਚੁਕਿ ਬੋਲਦੇ ਭੀ ਖਰੇ ਹਰਿ ਭਾਣੇ ॥ ਹਰਿ ਸੰਤਾ ਨੋ ਹੋਰੁ ਥਾਉ ਨਾਹੀ ਹਰਿ ਮਾਣੁ ਨਿਮਾਣੇ ॥ ਜਨ ਨਾਨਕ ਨਾਮੁ ਦੀਬਾਣੁ ਹੈ ਹਰਿ ਤਾਣੁ ਸਤਾਣੇ ॥੧॥**	ਹੇ ਰਾਮ ਰਾਜੇ ! ਜਿਨ੍ਹਾਂ ਦੇ ਅੰਦਰ 'ਹਰੀ ਹਰਿ' ਦੀ ਪ੍ਰੀਤ ਹੁੰਦੀ ਹੈ ਓਹ ਪੁਰਖ ਦਾਨਾ (ਹੁੰਦੇ ਹਨ, ਓਹੀ) ਸੁਸਿਖਜਤ ਹੁੰਦੇ ਹਨ। ਜੇ (ਕਦੇ ਓਹ) ਬਾਹਰੋਂ ਕੋਈ ਗੱਲ ਭੁੱਲੀ ਚੁੱਕੀ ਬੀ ਕਹਿ ਬੈਠਦੇ ਹਨ ਤਦ ਬੀ ਵਾਹਿਗੁਰੂ ਜੀ ਨੂੰ ਬਹੁਤ ਪਿਆਰੇ ਲਗਦੇ ਹਨ। (ਇਨ੍ਹਾਂ ਹਰੀ ਹਰਿ ਦੀ ਪ੍ਰੀਤ ਵਾਲੇ) ਹਰੀ ਦੇ ਸੰਤਾਂ ਨੂੰ ਹੋਰ ਕੋਈ ਟਿਕਾਣਾ ਨਹੀਂ, (ਇਨ੍ਹਾਂ) ਨਿਮਾਣਿਆਂ ਦਾ ਮਾਣ ਵਾਹਿਗੁਰੂ (ਹੀ) ਹੈ। ਹੇ ਨਾਨਕ ! (ਹਰੀ ਦੇ) ਦਾਸਾਂ ਨੂੰ ਤਾਣ ਹਰੀ ਦਾ ਹੀ ਹੁੰਦਾ ਹੈ, ਤੇ ਨਾਮ (ਉਨ੍ਹਾਂ ਦਾ) ਦੀਵਾਨ ਹੁੰਦਾ ਹੈ॥ ੧॥

ਵਗਖਜਾ-ਹਰੀ ਨਾਲ ਸੱਚੀ ਪ੍ਰੀਤ ਅੰਦਰੋਂ ਕਰਨ ਵਾਲੇ ਪੁਰਖਾਂ ਦੀ ਗੱਲ ਦੱਸੀ ਹੈ ਕਿ ਅਸਲ ਤੇ ਸੁਸਿਖਜਤ ਉਹੀ ਹਨ, ਕਿਉਂਕਿ ਉਨ੍ਹਾਂ ਨੇ ਨਾਸ਼ਮਾਨ ਨਾਲ ਪ੍ਰੀਤ ਨਹੀਂ ਲਾਈ। ਨਾਸ਼ਮਾਨ ਨਾਲ ਪ੍ਰੀਤ ਨਾਸ਼ ਸਮੇਂ ਦੁਖਦਾਤੀ ਹੋ ਜਾਂਦੀ ਹੈ ਤੇ ਅਵਿਨਾਸ਼ੀ ਦੀ ਪ੍ਰੀਤ ਉਸ ਦੇ ਸਦਾ ਥਿਰ ਹੋਣ ਕਰਕੇ ਸੁਖਦਾਤੀ ਹੁੰਦੀ ਹੈ। ਜੈਸਾ ਕਿ ਫੁਰਮਾਨ ਹੈ:-

ਨਾ ਓਹੁ ਮਰੈ ਨ ਹੋਵੈ ਸੋਗੁ॥ [ਆਸਾ ਮਹਲਾ ੧-੨]

ਫੇਰ ਫੁਰਮਾਇਆ ਹੈ ਕਿ ਉਸ ਅਵਿਨਾਸ਼ੀ ਨਾਲ ਪ੍ਰੀਤ ਕਿਵੇਂ ਲੱਗੇ? ਉਹ ਤਾਂ ਦਿੱਸਦਾ ਨਹੀਂ, ਦਿੱਸੇ

ਬਿਨਾਂ ਪ੍ਰੀਤ ਕਿਵੇਂ ਲੱਗੇ?

ਨਦਰੀ ਆਵੈ ਤਿਸੁ ਸਿਉ ਮੋਹੁ॥
ਕਿਉ ਮਿਲੀਐ ਪ੍ਰਭ ਅਬਿਨਾਸੀ ਤੋਹਿ॥ [ਬਿਲਾਵਲ ਮਹਲਾ ੫-੧੮]

ਫਿਰ ਇਕ ਥਾਂ ਫੁਰਮਾਇਆ ਹੈ:-

ਅਬਿਨਾਸੀ ਖੇਮ ਚਾਹਹਿ ਜੇ ਨਾਨਕ ਸਦਾ ਸਿਮਰਿ ਨਾਰਾਇਣ॥ [ਟੋਡੀ ਮਹਲਾ ੫-੧੦]

ਸੋ ਜੋ ਅਵਿਨਾਸੀ ਖੇਮ ਨੂੰ ਉੱਤਮ ਸਮਝਕੇ ਸਦਾ ਸਿਮਰਣ ਵਿਚ ਲੱਗ ਗਿਆ ਉਹ ਸੁਘੜ ਹੈ, ਉਹ ਸਿਆਣਾ ਹੈ। ਸਿਆਣਪ ਹੈ ਇਸ ਗੱਲ ਦੇ ਸਮਝਣ ਵਿਚ, ਸੁਘੜਤਾ ਹੈ-ਸਿਮਰਨ ਕਰਨ ਵਿਚ। ਜਿਉਂ ਜਿਉਂ ਉਹ ਸਿਮਰਨ ਕਰਦਾ ਹੈ, ਉਹ ਮਾਯਕ ਘਾੜਤ ਵਿਚੋਂ ਨਿਕਲਦਾ ਤੇ ਹਰੀ ਪ੍ਰੇਮ ਦੀ ਘਾੜਤ ਵਿਚ ਘੜਿਆ ਜਾਂਦਾ ਹੈ। ਉਨ੍ਹਾਂ ਦੇ ਪ੍ਰੇਮ ਦਾ ਜੁਆਬ ਫੇਰ ਵਾਹਿਗੁਰੂ ਵਲੋਂ ਮਿਲਦਾ ਹੈ ਕਿ ਓਹ ਉਨ੍ਹਾਂ ਸੱਚੀ ਪ੍ਰੀਤ ਵਾਲਿਆਂ ਨੂੰ ਪਿਆਰ ਕਰਨ ਲੱਗ ਜਾਂਦਾ ਹੈ, ਐਨਾ ਕਿ ਭੁੱਲ ਚੁੱਕ ਕੇ ਜੇ ਕਦੇ ਉਨ੍ਹਾਂ ਦੇ ਮੂੰਹੋਂ ਕੋਈ ਗੱਲ ਐਸੀ ਵੈਸੀ ਨਿਕਲ ਭੀ ਜਾਏ, ਜੋ ਲਾਡ ਵਿਚ ਪਤਾ ਨਾ ਲਗੇ, ਤੇ ਹੋਵੇ ਕੁਛ ਬੇਅਦਬੀ ਦੀ, ਤਾਂ ਵਾਹਿਗੁਰੂ ਦਾ ਪ੍ਰੇਮ ਉਨ੍ਹਾਂ ਨਾਲ ਨਹੀਂ ਤ੍ਰੁੱਟਦਾ। ਇਸ ਦਾ ਇਹ ਭਾਵ ਬੀ ਹੈ ਕਿ ਉਨ੍ਹਾਂ ਤੋਂ ਅਨਇਛਤ ਕੋਈ ਉਕਾਈ ਹੋਵੇ ਤਾਂ ਵਾਹਿਗੁਰੂ ਦਾ ਪ੍ਰੇਮ ਉਸ ਕਰਕੇ ਨਹੀਂ ਤ੍ਰੁੱਟਦਾ, ਕਿਉਂਕਿ ਓਹ ਉਸ ਦੇ ਪ੍ਰੇਮ ਨਾਲ ਆਪਣੀਆਂ ਬ੍ਰਿਤੀਆਂ ਨੂੰ ਸਦੀਵ ਰੰਗੀ ਰਖਦੇ ਹਨ।

ਇਹ ਗੱਲ ਅਗਲੀ ਤੁਕ ਵਿਚ ਕੈਸੀ ਸੁੰਦਰਤਾ ਨਾਲ ਸਪਸ਼ਟ ਕਰਦੇ ਹਨ, ਉਨ੍ਹਾਂ ਪ੍ਰੀਤਵਾਨਾਂ ਨੂੰ ਸੰਤ ਆਖਦੇ ਹਨ। ਗੋਯਾ ਗੁਰੂ ਘਰ ਵਿਚ ਸੰਤ ਦਾ ਇਕ ਲੱਛਣ ਹੈ ਅੰਦਰੋਂ ਵਾਹਿਗੁਰੂ ਪ੍ਰੀਤ ਵਿਚ ਰੱਤੇ ਹੋਣਾ। ਫੇਰ ਦੱਸਦੇ ਹਨ ਕਿ ਉਨ੍ਹਾਂ ਦਾ ਆਸਰਾ ਪਰਨਾ ਉਨ੍ਹਾਂ ਦੇ ਸਿਦਕ ਵਿਚ ਇਕੋ ਵਾਹਿਗੁਰੂ ਹੁੰਦਾ ਹੈ। ਜੀਕੂੰ ਬੱਚੇ ਦਾ ਆਸਰਾ ਮਾਂ ਹੁੰਦੀ ਹੈ, ਬੱਚਾ ਭੁੱਲ ਚੁੱਕ ਕਰੇ ਤਾਂ ਮਾਂ ਨੂੰ ਹੀ ਚੰਬੜਦਾ ਹੈ, ਮਾਂ ਮਾਰੇ ਤਾਂ ਬੀ ਮਾਂ ਨੂੰ ਹੀ ਚੰਬੜਦਾ ਹੈ। ਉਧਰ ਮਾਂ ਦਾ ਪਿਆਰ ਕਦੇ ਮੁੱਕਦਾ ਹੀ ਨਹੀਂ, ਪੁੱਤ ਭੁੱਲੇ ਚੁੱਕੇ ਤਦ ਬੀ ਮਾਂ ਦਾ ਪਿਆਰ ਨਹੀਂ ਤ੍ਰੁੱਟਦਾ। ਸੰਤ ਆਪ ਨੂੰ ਨਿਮਾਣਾ ਜਾਣਦੇ ਹਨ, ਕਿਉਂਕਿ ਮਾਯਕ ਮਾਣ ਆਪ ਤੋੜ ਬੈਠੇ ਹੁੰਦੇ ਹਨ, ਇਸ ਕਰਕੇ ਹਰੀ ਉਨ੍ਹਾਂ ਦਾ ਮਾਣ ਬਣ ਜਾਂਦਾ ਹੈ। ਫੇਰ ਸੰਤਾਂ ਵਿਚ ਮਾਯਕ ਬਲ ਨਹੀਂ ਹੁੰਦਾ, ਵਾਹਿਗੁਰੂ ਦੇ ਤਾਣ ਨਾਲ ਓਹ ਬਲਵਾਨ ਹੁੰਦੇ ਹਨ। ਇਥੋਂ ਸਾਨੂੰ ਪਤਾ ਲੱਗਾ ਕਿ ਸੰਤ ਨਿਤਾਣੇ ਨਹੀਂ ਹੁੰਦੇ, ਓਹ ਤਾਣ ਵਾਲੇ ਹੁੰਦੇ ਹਨ, ਪਰ ਉਨ੍ਹਾਂ ਦਾ ਤਾਣ ਤੇ ਮਾਣ ਵਾਹਿਗੁਰੂ ਦਾ ਤਾਣ ਹੁੰਦਾ ਹੈ ਤੇ ਓਸੇ ਤੇ ਓਹ ਮਾਣ ਬੀ ਕਰਦੇ ਹਨ। 'ਮਾਯਕ ਹੰਕਾਰ' ਦੀ ਥਾਂ ਉਨ੍ਹਾਂ ਨੂੰ 'ਵਾਹਿਗੁਰੂ ਦਾ ਮਾਣ' ਪ੍ਰਾਪਤ ਹੁੰਦਾ ਹੈ।

ਹੁਣ ਕੋਈ ਕਹਿ ਸਕਦਾ ਹੈ ਕਿ ਪਾਤਸ਼ਾਹ ਤੱਕ ਸਿੱਧੀ ਪਹੁੰਚ ਕਿਸੇ ਦੀ ਨਹੀਂ ਹੋ ਸਕਦੀ। ਪਾਤਸ਼ਾਹਾਂ ਦੇ ਦੁਆਰੇ ਉਨ੍ਹਾਂ ਦੇ ਦੀਵਾਨ ਹੁੰਦੇ ਹਨ। ਦੀਵਾਨਾਂ ਪਾਸ ਆਪਣੀਆਂ ਫਰਯਾਦਾਂ ਤੇ ਅ਼ਰਜ਼ਾਂ ਮਾਅ਼ਰੂਜ਼ਾਂ ਕਰੀਦੀਆਂ ਹਨ। ਉਸ ਦੀ ਪਹੁੰਚ ਪਾਤਸ਼ਾਹ ਤੱਕ ਹੁੰਦੀ ਹੈ। ਤੁਹਾਡਾ ਦੀਵਾਨ ਕੌਣ ਹੈ, ਜੋ ਤੁਹਾਨੂੰ ਸਚੇ ਪਾਤਸ਼ਾਹ ਵਾਹਿਗੁਰੂ ਤਕ ਲੈ ਜਾਂਦਾ ਹੈ?ਤਾਂ ਫੁਰਮਾਉਂਦੇ ਹਨ ਕਿ ਉਹਨਾਂ ਅੰਦਰੋਂ ਵਾਹਿਗੁਰੂ ਨਾਲ ਪ੍ਰੀਤ ਕਰਨ ਵਾਲਿਆਂ ਦਾ ਦੀਵਾਨ 'ਨਾਮ' ਹੁੰਦਾ ਹੈ। ਸੋ ਸਾਨੂੰ ਸਤਿਗੁਰੂ ਰਾਮਦਾਸ ਜੀ ਨੇ ਇਹ ਗਲ ਸਮਝਾਈ ਕਿ ਭਾਈ 'ਨਾਮ' ਦੀਵਾਨ ਦੀ ਨਿਆਈਂ ਹੈ, ਤੁਸਾਡੀ ਪਹੁੰਚ ਉਸ ਤੱਕ ਹੋ ਸਕਦੀ ਹੈ, ਵਾਹਿਗੁਰੂ ਪਾਤਸ਼ਾਹ ਤੁਹਾਡੀ ਸਿੱਧੀ ਪਹੁੰਚ ਤੋਂ ਪਰੇ ਹੈ। ਪਰ ਨਾਮ ਦੂਜੇ ਪਾਸ ਵਾਹਿਗੁਰੂ ਦਾ ਥਾਪਿਆ ਦੀਵਾਨ ਹੈ, ਉਸ ਦੀ ਪਹੁੰਚ ਹਜ਼ੂਰ ਤਕ ਹੈ, ਸੋ ਉਸ ਦਾ ਲੜ ਫੜੋ, ਤੁਹਾਡੀ ਦੁਖ ਪੀੜਾ, ਲੋੜ, ਤੁਹਾਡੀ ਭਾਵਨੀ, ਤੁਹਾਡੀ ਅਰਦਾਸ ਸਭ ਉਹ ਪਾਤਸ਼ਾਹ ਵਾਹਿਗੁਰੂ ਤੱਕ ਅਪੜਾ ਦੇਵੇਗਾ।

ਪਹਿਲੀ ਤੁਕ ਵਿਚ ਜੋ 'ਅੰਤਰਿ ਹਰਿ ਹਰਿ ਪ੍ਰੀਤਿ' ਦੀ ਸ਼ਰਤ ਲਾਈ ਸੀ, ਉਸ ਪ੍ਰੀਤ ਦਾ ਸਰੂਪ ਯਾ ਵਸੀਲਾ ਨਾਮ ਦੱਸਿਆ, ਜਿਸ ਨੂੰ ਪ੍ਰੇਮੀ ਜੀਵ ਤੇ ਪ੍ਰੀਤਮ ਵਾਹਿਗੁਰੂ ਦੇ ਵਿਚਕਾਰ ਦੀਵਾਨ ਦਾ ਦਰਜਾ ਦਿੱਤਾ। ਸੋ ਨਾਮ ਸਿਮਰੋ ਪ੍ਰੀਤਮ ਵਾਹਿਗੁਰੂ ਦਾ ਨਿਸ਼ਕਪਟ ਹੋਕੇ, ਦਿਲ ਦੀ ਲਗਨ ਨਾਲ, ਇਹ

'ਹਰੀ ਹਰਿ ਪ੍ਰੀਤ' ਅੰਦਰੇ ਅੰਦਰ ਬਣ ਜਾਏਗਾ।

ਨਿਰੁਕ-ਸੁਗਮ ਹੈ।

ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ ॥ ਗੁਰਸਿਖੀ ਸੋ ਥਾਨੁ ਭਾਲਿਆ ਲੈ ਧੂਰਿ ਮੁਖਿ ਲਾਵਾ ॥ ਗੁਰਸਿਖਾ ਕੀ ਘਾਲ ਥਾਇ ਪਈ ਜਿਨ ਹਰਿ ਨਾਮੁ ਧਿਆਵਾ ॥ ਜਿਨ੍ ਨਾਨਕੁ ਸਤਿਗੁਰੁ ਪੂਜਿਆ ਤਿਨ ਹਰਿ ਪੂਜ ਕਰਾਵਾ ॥੨॥

ਹੇ ਰਾਮ ਰਾਜੇ ! ਜਿਥੇ ਮੇਰਾ ਸਤਿਗੁਰੂ ਜਾ ਬੈਠੇ, ਉਹੀ ਥਾਉਂ ਖ਼ੂਬਸੂਰਤ ਹੋ ਜਾਂਦਾ ਹੈ। (ਇਸ ਕਰਕੇ) ਉਹ ਥਾਂ ਗੁਰੂ ਕੇ ਸਿਖਾਂ ਟੋਲਕੇ ਲੱਭ ਲੀਤੀ (ਤੇ ਉਸ ਥਾਂ ਦੀ) ਧੂੜ ਲੈਕੇ ਮੂੰਹ ਤੇ ਲਾਈ। ਜਿਨ੍ਹਾਂ ਗੁਰੂ ਕੇ ਸਿਖਾਂ ਨੇ ਵਾਹਿਗੁਰੂ ਦਾ ਨਾਮ ਧਿਆਇਆ ਸੀ (ਉਨ੍ਹਾਂ) ਦੀ ਘਾਲ ਟਿਕਾਣੇ ਪੈ ਗਈ (ਭਾਵ ਸਫਲ ਹੋ ਗਈ), ਜਿਨ੍ਹਾਂ (ਪੁਰਖਾਂ ਨੇ) ਸਤਿਗੁਰੂ ਨਾਨਕ ਨੂੰ ਪੂਜਿਆ ਹੈ ਉਨ੍ਹਾਂ ਦੀ ਹਰੀ ਪੂਜਾ ਕਰਵਾਉਂਦਾ ਹੈ॥ ੨॥

ਵਯਾਖਯਾ-ਇਸ ਛੱਕੇ ਵਿਚ ਕਿਸੇ ਇਤਿਹਾਸਿਕ ਵਾਕਿਆ ਦੇ ਆਧਾਰ ਤੇ ਇਕ ਅਸੂਲ ਵਰਣਨ ਹੋਇਆ ਹੈ। ਗੁਰੂ ਕੇ ਨਿਵਾਸ ਦੇ ਸਥਾਨ ਸਤਿਕਾਰ ਯੋਗ ਹਨ। ਕਾਰਣ ਇਹ ਦੱਸਿਆ ਕਿ ਉਹ ਥਾਂ ਗੁਰੂ ਦੇ ਬੈਠਣ ਨਾਲ ਸੁਹਣਾ ਹੋ ਜਾਂਦਾ ਹੈ। ਇਹ ਨਿਰੀ ਕਾਵ੍ਯ ਰਚਨਾ ਨਹੀਂ, ਇਸ ਵਿਚ ਆਤਮਿਕ ਭਾਵ ਹੈ, ਕਿ ਗੁਰੂ ਹਰੀ ਪ੍ਰੀਤ ਦਾ ਇਕ ਉਮਾਹੂ ਚਸ਼ਮਾ ਹੁੰਦਾ ਹੈ, ਨਾਮ ਦਾ ਰੰਗ ਤੇ ਕੀਰਤਨ ਦਾ ਪ੍ਰਭਾਵ ਉਸ ਤੋਂ ਡੁੱਲ੍ਹ ਡੁੱਲ੍ਹ ਪੈਂਦਾ ਹੈ, ਇਸ ਕਰਕੇ ਉਹ ਥਾਂ ਇਕ ਆਤਮਿਕ ਪ੍ਰਭਾਵ ਦਾ ਸਰੋਵਰ ਬਣ ਜਾਂਦਾ ਹੈ। ਕਿਸੇ ਇਤਿਹਾਸ ਵਿਚ ਲਿਖਿਆ ਅਜੇ ਤੱਕ ਨਹੀਂ ਲੱਭਾ ਕਿ ਇਹ ਛਕਾ ਕਿਸ ਵਾਕਿਆ ਵਲ ਇਸ਼ਾਰਾ ਕਰ ਰਿਹਾ ਹੈ, ਪਰ ਅਨੁਮਾਨ ਹੁੰਦਾ ਹੈ ਕਿ ਜਦੋਂ ਸ੍ਰੀ ਗੁਰੂ ਅਮਰਦਾਸ ਜੀ ਸ੍ਰੀ ਦਾਤੂ ਜੀ ਦੇ ਬੇਅਦਬੀ ਕਰਨੇ ਦੇ ਬਾਦ ਬਾਸਰਕੇ ਚਲੇ ਗਏ ਤੇ ਕਿਸੇ ਨੂੰ ਪਤਾ ਨਾ ਲੱਗਾ ਤਾਂ ਸੰਗਤਾਂ ਵਿਚ ਸਖਤ ਬੇਚੈਨੀ ਤੇ ਉਦਾਸੀ ਹੋਈ ਸੀ, ਤਦੋਂ ਭਾਈ ਬੁੱਢੇ ਤੇ ਉਨ੍ਹਾਂ ਦੇ ਨਾਲ ਕੁਛ ਹੋਰ ਗੁਰਮੁਖਾਂ ਤੇ ਗੁਰਸਿਖਾਂ ਨੇ ਭਾਲ ਕੀਤੀ ਤੇ ਬਾਸਰਕੇ ਇਕ ਮਕਾਨ ਵਿਚ ਦਰਵਾਜ਼ੇ ਬੰਦ ਕਰ ਸਮਾਧਿ ਸਥਿਤ ਜਾ ਲੱਭੇ ਸੇ; ਉਸ ਵੇਲੇ ਬੇਵਸ ਸੰਗਤਾਂ ਨੇ ਉਸ ਮਕਾਨ ਦੀ ਧੂੜੀ ਮੱਥੇ ਤੇ ਲਾਈ।

ਤੀਜੀ ਤੁਕ ਵਿਚ ਭਾਈ ਬੁੱਢਾ ਜੀ ਵਲ ਇਸ਼ਾਰਾ ਸਹੀ ਹੁੰਦਾ ਹੈ ਜੋ ਨਾਮੀ ਪੁਰਖ ਸਨ ਤੇ ਜਿਨ੍ਹਾਂ ਦੀ ਅਗੁਵਾਨੀ ਨੇ ਗੁਰੂ ਜੀ ਦਾ ਟਿਕਾਣਾ ਲੱਭਾ ਸੀ। 'ਘਾਲ ਥਾਇ ਪਈ' ਦਾ ਭਾਵ ਹੈ ਕਿ ਉਨ੍ਹਾਂ ਨੇ ਅਨਜਾਣਿਆਂ ਥਾਂ ਗੁਰੂ ਨਿਵਾਸ ਲੱਭ ਲਿਆ। ਭਾਈ ਬੁੱਢਾ ਜੀ ਚੋਟੀ ਦੇ ਗੁਰਸਿਖ ਸਨ, ਉਨ੍ਹਾਂ ਨੂੰ ਗੁਰ ਗਾਦੀ ਦੇ ਹੱਕਦਾਰ ਨੂੰ ਤਿਲਕ ਦੇਣ ਦੀ ਯੋਗਤਾ ਗੁਰੂ ਨਾਨਕ ਨੇ ਬਖਸ਼ੀ ਸੀ। ਸੰਗਤਾਂ ਵਿਚ ਭਾਈ ਬੁੱਢਾ ਜੀ ਪੂਜ ਵ੍ਯਕਤੀ ਹੋਏ ਹਨ, ਸਗੋਂ ਇਹ ਦੁਇ ਰਹਿਮਤਾਂ ਉਨ੍ਹਾਂ ਦੇ ਵੰਸ਼ ਨੂੰ ਪ੍ਰਾਪਤ ਰਹੀਆਂ। ਸੋ ਅੰਤਲੀ ਤੁਕ ਵਿਚ ਇਸ਼ਾਰਾ ਉਨ੍ਹਾਂ ਵਲ ਜਾਪਦਾ ਹੈ ਜੋ ਗੁਰਸਿਖੀ ਵਿਚ ਪੂਜ ਹੋਏ ਹਨ।

ਇਹ ਸੰਸਾ ਨਾ ਰਹੇ ਕਿ ਤੀਸਰੇ ਪਾਤਸ਼ਾਹ ਸ੍ਰੀ ਦਾਤੂ ਜੀ ਦੀ ਬੇਅਦਬੀ ਦੇ ਕਾਰਣ ਗੁੱਸੇ ਯਾ ਉਦਾਸ ਹੋਕੇ ਗੋਇੰਦਵਾਲ ਤੋਂ ਟੁਰ ਗਏ ਸਨ। ਨਹੀਂ, ਆਪ ਨੇ ਬੇਅਦਬੀ ਕਰਨ ਵਾਲੇ ਦੇ ਚਰਨ ਘੁੱਟੇ ਸਨ, ਆਪ ਨੂੰ ਦਾਸ ਕਿਹਾ ਸੀ, ਉਨ੍ਹਾਂ ਨੂੰ ਗੁਰੂ ਕੇ ਬੇਟੇ ਕਹਿਕੇ ਆਗਿਆ ਪੁੱਛੀ ਸੀ ਕਿ ਤੁਸੀਂ ਕੀਹ ਚਾਹੁੰਦੇ ਹੋ, ਤਾਂ ਉਨ੍ਹਾਂ ਨੇ ਕਿਹਾ ਸੀ, 'ਏਥੋਂ ਚਲੇ ਜਾਓ'। ਤਦ ਤਿਆਗ ਵੈਰਾਗ ਦੀ ਅਵਧੀ ਗੁਰੂ ਜੀ, ਜਿਨ੍ਹਾਂ ਨੂੰ ਲੇਸ਼ ਭਰ ਬੀ ਕੋਈ ਪਕੜ ਨਹੀਂ ਸੀ, ਆਪਣੇ ਸੁਖਾਨੰਦ ਵਿਚ ਮਗਨ ਟੁਰ ਗਏ ਸਨ।

ਗੁਰਸਿਖਾ ਮਨਿ ਹਰਿ ਪ੍ਰੀਤਿ ਹੈ ਹਰਿ ਨਾਮ ਹਰਿ ਤੇਰੀ ਰਾਮ ਰਾਜੇ ॥ ਕਰਿ ਸੇਵਹਿ ਪੂਰਾ ਸਤਿਗੁਰੂ ਭੁਖ ਜਾਇ ਲਹਿ ਮੇਰੀ ॥ ਗੁਰਸਿਖਾ ਕੀ ਭੁਖ ਸਭ ਗਈ ਤਿਨ ਪਿਛੈ ਹੋਰ ਖਾਇ ਘਨੇਰੀ ॥ ਜਨ ਨਾਨਕ ਹਰਿ ਪੁੰਨੁ ਬੀਜਿਆ ਫਿਰਿ ਤੋਟਿ ਨ ਆਵੈ ਹਰਿ ਪੁੰਨ ਕੇਰੀ ॥੩॥

ਹੇ ਰਾਮ ਰਾਜੇ ! ਗੁਰਸਿਖਾਂ ਦੇ ਮਨ ਵਿਚ ਹਰੀ ਨਾਮ (ਦੀ ਪ੍ਰੀਤ) ਹੈ, (ਉਹ) ਹੇ ਹਰੀ ! 'ਹਰੀ ਪ੍ਰੀਤੀ' ਹੈ (ਤੇ ਉਹ) ਤੇਰੀ (ਪ੍ਰੀਤ) ਹੈ, (ਉਹ) ਹੱਥਾਂ ਨਾਲ ਪੂਰੇ ਸਤਿਗੁਰੂ ਦੀ ਸੇਵਾ ਕਰਦੇ ਹਨ ਤਦ ਉਨ੍ਹਾਂ ਦੀ (ਮੈਂ-) ਮੇਰੀ ਦੀ ਭੁੱਖ ਦੂਰ ਹੋ ਜਾਂਦੀ ਹੈ। (ਹਾਂ) ਗੁਰੂ ਕੇ ਸਿਖਾਂ ਦੀ ਸਭ (ਪ੍ਰਕਾਰ ਦੀ) ਭੁੱਖ ਉਤਰ ਜਾਂਦੀ ਹੈ, (ਕਿਉਂਕਿ ਉਨ੍ਹਾਂ ਪਾਸ ਸ਼ਬਦ ਦਾ ਅਖੁੱਟ ਖ਼ਜ਼ਾਨਾ ਹੋ ਜਾਂਦਾ ਹੈ, ਇਤਨਾ ਕਿ) ਉਨ੍ਹਾਂ ਪਾਸੋਂ ਹੋਰ ਕਿਤਨੀ ਬਹੁਤੀ (ਸ੍ਰਿਸ਼ਟੀ) ਖਾਂਦੀ ਹੈ। ਹੇ ਨਾਨਕ ! (ਜਿਨ੍ਹਾਂ) ਜਨਾਂ ਨੇ ਹਰੀ (ਨਾਮ ਰੂਪੀ) ਪੁੰਨ ਬੀਜਿਆ ਹੈ, (ਉਨ੍ਹਾਂ ਨੂੰ) ਹਰੀ (ਨਾਮ ਰੂਪੀ) ਪੁੰਨ ਦੀ ਫੇਰ (ਕਦੇ) ਤੋਟ ਨਹੀਂ ਆਉਂਦੀ॥ ੩॥

ਵਜਾਖਜਾ-ਇਸ ਸ਼ਬਦ ਦੇ ਪਹਿਲੇ ਛੱਕੇ ਵਿਚ ਹਿਰਦੇ ਵਿਚ ਹਰੀ ਪ੍ਰੀਤ ਵਾਲਿਆਂ ਦਾ ਜ਼ਿਕਰ ਸੀ। ਉਸ ਤੋਂ ਅਗਲੇ ਵਿਚ ਇਕ ਇਤਿਹਾਸਕ ਵਾਕਯਾ ਦੇਕੇ ਗੁਰਸਿਖਾਂ ਦੀ ਸੱਚੀ ਗੁਰੂ ਪ੍ਰੀਤੀ ਦਾ ਨਮੂਨਾ ਦੱਸਿਆ ਸੀ; ਹੁਣ ਇਸ ਛੱਕੇ ਵਿਚ ਫੇਰ ਅੰਦਰ ਹਰੀ ਪ੍ਰੀਤਿ ਵਾਲਿਆਂ ਦਾ ਜ਼ਿਕਰ ਹੈ ਤੇ ਇਸ ਵਿਚ 'ਗੁਰੂ ਪ੍ਰੀਤੀ' ਤੇ 'ਵਾਹਿਗੁਰੂ ਪ੍ਰੀਤੀ' ਦੋਹਾਂ ਨੂੰ ਸੰਮਿਲਿਤ ਲਿਆ ਹੈ ਮਾਨੋ ਇਕ ਨੂੰ ਕਾਰਣ ਲਿਆ ਹੈ, ਦੂਜੀ ਨੂੰ ਕਾਰਜ ਲਿਆ ਹੈ। ਗੁਰੂ ਸੇਵਾ ਗੁਰੂ ਪ੍ਰੀਤੀ ਨਾਲ ਨਾਮ ਮਿਲਿਆ, ਨਾਮ ਦੀ ਪ੍ਰੀਤਿ ਨੇ ਮੈਂ ਮੇਰੀ ਦੀ ਭੁੱਖ ਉਤਾਰ ਦਿੱਤੀ ਤੇ ਪ੍ਰਭੂ ਪ੍ਰੀਤੀ ਬਖਸ਼ ਦਿੱਤੀ, ਇਸ ਨਾਲ ਪ੍ਰਭੂ ਪ੍ਰਾਪਤੀ ਹੋ ਗਈ। ਐਸਾ ਗੁਰਸਿਖ ਫੇਰ ਹੋਰਨਾਂ ਦੀ ਤ੍ਰਿਸ਼ਨਾ ਮੇਟਦਾ ਹੈ ਤੇ ਹਰੀ ਨਾਮ ਦਾ ਦਾਨ ਦੇਂਦਾ ਹੈ। ਜਿਸ ਨੇ ਹਰੀ ਨਾਮ ਬੀਜਿਆ, ਭਾਵ ਕਮਾਇਆ ਹੈ, ਜਦ ਸਿਰੇ ਚੜ੍ਹਦਾ ਹੈ ਤਦ ਨਾਮ ਦੀ ਦਾਤ ਦਾ ਦਾਤਾ ਹੋ ਜਾਂਦਾ ਹੈ ਤੇ ਦਾਤ ਦੇਂਦਿਆਂ ਤੋਟ ਨਹੀਂ ਆਉਂਦੀ।

ਸਬਦੁ ਅਖੁਟੁ ਬਾਬਾ ਨਾਨਕਾ ਖਾਹਿ ਖਰਚਿ ਧਨੁ ਮਾਲੁ॥

[ਵਾਰਾਂ ਤੇ ਵਧੀਕ ਸਲੋਕ ਮ: ੫-੨੦]

ਜਾਪਦਾ ਹੈ ਕਿ ਆਪ ਸਰਬ ਵਜਾਪੀ ਇਕ ਅਸੂਲ ਵਰਣਨ ਕਰ ਰਹੇ ਹਨ, ਪਰ ਸੈਨਤ ਬਾਬਾ ਬੁੱਢਾ ਜੀ ਵੱਲ ਬੀ ਹੈ।

ਇਸ ਛੱਕੇ ਵਿਚ ਗੁਰਸਿਖਾਂ ਦੀ ਪ੍ਰਾਪਤੀ ਦੀ ਅਵਸਥਾ ਦੱਸਕੇ ਹੁਣ ਅਗਲੇ ਵਿਚ ਗੁਰਸਿਖ ਦੀ ਪਾਰਲੋਕਿਕ ਪ੍ਰਾਪਤੀ ਦੱਸਣਗੇ।

ਗੁਰਸਿਖਾ ਮਨਿ ਵਾਧਾਈਆ ਜਿਨ ਮੇਰਾ ਸਤਿਗੁਰੂ ਡਿਠਾ ਰਾਮ ਰਾਜੇ ॥ ਕੋਈ ਕਰਿ ਗਲ ਸੁਣਾਵੈ ਹਰਿ ਨਾਮ ਕੀ ਸੋ ਲਗੈ ਗੁਰਸਿਖਾ ਮਨਿ ਮਿਠਾ॥ ਹਰਿ ਦਰਗਹ ਗੁਰਸਿਖ ਪੈਨਾਈਅਹਿ ਜਿਨ੍ਹਾ ਮੇਰਾ ਸਤਿਗੁਰੁ ਤੁਠਾ ॥ ਜਨ ਨਾਨਕੁ ਹਰਿ ਹਰਿ ਹੋਇਆ ਹਰਿ ਹਰਿ ਮਨਿ ਵੁਠਾ ॥੪॥੧੨॥੧੯॥

ਹੇ ਰਾਮ ਰਾਜੇ ! ਗੁਰੂ ਕੇ ਸਿਖਾਂ ਦੇ ਮਨ ਵਿਚ (ਸਦਾ ਹੀ) ਵਧਾਈਆਂ (ਵਸਦੀਆਂ) ਹਨ (ਉਹਨਾਂ ਸਿਖਾਂ ਦੇ) ਜਿਨ੍ਹਾਂ ਮੇਰਾ ਸਤਿਗੁਰੂ ਡਿਠਾ ਹੈ। (ਜੇ) ਕੋਈ ਹਰੀ ਨਾਮ ਦੀ ਗੱਲ ਕਰਕੇ ਸੁਣਾਵੇ ਉਹ ਗੁਰ ਸਿਖਾਂ ਦੇ ਮਨ ਨੂੰ ਮਿੱਠਾ ਲਗਦਾ ਹੈ। (ਅਗੇ) ਹਰੀ ਦੀ ਦਰਗਾਹ ਵਿਚ ਗੁਰੂ ਕੇ ਸਿਖਾਂ ਨੂੰ ਸਿਰੋਪਾਉ ਮਿਲਦੇ ਹਨ ਜਿਨ੍ਹਾਂ ਤੇ ਕਿ ਮੇਰਾ ਸਤਿਗੁਰੂ ਮਿਹਰਵਾਨ ਹੋਇਆ ਹੈ। (ਫੁਰਮਾਉਂਦੇ ਹਨ ਗੁਰੂ) ਨਾਨਕ (ਦੇਵ ਜੀ ਕਿ ਜਿਨ੍ਹਾਂ) ਪੁਰਖਾਂ ਦੇ ਮਨ ਵਿਚ ਹਰੀ ਹਰਿ (ਨਾਮ) ਵੱਸ ਗਿਆ ਹੈ (ਉਹ) ਹਰੀ (ਨਾਲ ਮਿਲਕੇ) ਹਰੀ (ਰੂਪ) ਹੋ ਗਿਆ ਹੈ॥ ੪॥ ੧੨॥੧੯॥

ਵ੍ਯਾਖ੍ਯਾ-ਪਹਿਲੀਆਂ ਦੋ ਤੁਕਾਂ ਵਿਚ ਸਤਿਗੁਰੂ ਦੇ ਦਰਸ਼ਨ ਕਰਤਿਆਂ ਤੇ ਹਰੀ ਨਾਮ ਦੀ ਕਥਾ ਕਰਨ ਵਾਲਿਆਂ ਗੁਰਸਿਖਾਂ ਦਾ ਜ਼ਿਕਰ ਹੈ। ਉਨ੍ਹਾਂ ਦੇ ਮਨ ਦੀ ਦਸ਼ਾ ਦੱਸੀ ਹੈ ਕਿ ਸਦਾ ਉਸ ਤਰ੍ਹਾਂ ਦੀ ਹੁੰਦੀ ਹੈ ਕਿ ਜਿਸ ਤਰ੍ਹਾਂ ਦੀ ਕਿਸੇ ਸ਼ੁਭ ਸਮੇਂ ਵਧਾਈਆਂ ਲੈਕੇ ਜੀਵ ਦੀ ਹੁੰਦੀ ਹੈ ਕਿਉਂਕਿ ਗੁਰੂ ਦਰਸ਼ਨ ਕਰਕੇ ਨਾਮ ਤੇ ਮੇਹਰ ਦੋ ਵਸਤਾਂ ਮਿਲਦੀਆਂ ਹਨ, ਤੇ ਉਹ ਨਾਮ ਮਨ ਨੂੰ ਸੁਖ ਦੇ ਘਰ ਵਿਚ ਲੈ ਜਾਂਦਾ ਹੈ। ਫੇਰ ਹਰੀ ਨਾਮ ਦੀ ਮਹਿਮਾ ਕਰਨ ਵਾਲੇ ਗੁਰਸਿਖ ਨੂੰ ਪਯਾਰ ਯੋਗ ਲਿਖਿਆ ਹੈ। ਹੋ ਸਕਦਾ ਹੈ ਏਹ ਇਸ਼ਾਰੇ ਭਾਈ ਬੁੱਢਾ ਆਦਿ ਵੱਲ ਹੀ ਹੋਣ ਜੋ ਬਾਸਰਕੇ ਗਏ ਸਨ।

ਹੁਣ ਤਾਈਂ ਗੁਰ ਸਿਖ ਦੀ ਲੌਕਿਕ ਖੁਸ਼ੀ ਤੇ ਆਦਰ ਦਾ ਜ਼ਿਕਰ ਸੀ, ਹੁਣ ਤੀਜੀ ਸਤਰ ਵਿਚ ਗੁਰਸਿਖ ਦੀ ਦਰਗਾਹੇ ਆਦਰ ਦੀ ਦਸ਼ਾ ਦੱਸਦੇ ਹਨ, ਕਿ ਦਰਗਾਹ ਵਿਚ ਬੀ ਓਹ ਸਨਮਾਨ ਯੋਗ ਹੁੰਦੇ ਹਨ। ਪਹਿਨਾਉਣਾ ਇਕ ਉਸ ਸਮੇਂ ਦਾ ਮੁਹਾਵਰਾ ਹੈ, ਜਿਸ ਦਾ ਭਾਵ ਹੈ ਕਿ ਪਾਤਸ਼ਾਹੀ ਦਰਬਾਰਾਂ ਵਿਚ ਜਿਸ ਨੂੰ ਬਹੁੰ ਇੱਜ਼ਤ ਦੇਣੀ ਹੋਵੇ ਸਿਰੋਪਾਉ ਯਾ ਖਿਲਅ਼ਤ ਦਿਆ ਕਰਦੇ ਸਨ, ਜੋ ਓਥੇ ਹੀ ਪਹਿਨਾਉਂਦੇ ਹੁੰਦੇ ਸਨ। ਇਥੇ ਭਾਵ ਹੈ ਕਿ ਕੋਈ ਆਤਮ ਪ੍ਰਕਾਰ ਦਾ ਸਨਮਾਨ ਦਿੱਤਾ ਜਾਂਦਾ ਸੀ ਜਿਸ ਦੀ ਮਿਸਾਲ ਦੁਨੀਆਂ ਵਿਚ ਖਿਲਅ਼ਤ ਯਾ ਸਿਰੋਪਾਉ ਹੈ। ਦੂਜੇ ਪਰਵਾਨ ਹੋਏ ਲੋਕ ਜੋ ਅਗਲੇ ਲੋਕ ਜਾਂਦੇ ਹਨ ਸੋ ਕਿਸੇ ਆਤਮ ਲਿਬਾਸ ਵਿਚ ਹੁੰਦੇ ਹਨ, ਕਿਉਂਕਿ ਉਸ ਦੇ ਟਾਕਰੇ ਤੇ ਫੁਰਮਾਇਆ ਹੈ:-

ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ॥　　[ਵਾਰ ਆਸਾ ਮਹਲਾ ੧-੧੪]

ਅਖੀਰਲੀ ਸਤਰ ਵਿਚ ਗੁਰ ਸਿਖ ਦੀ ਸਭ ਤੋਂ ਉੱਚੀ ਪ੍ਰਾਪਤੀ ਦੱਸੀ ਹੈ, ਉਹ ਹੈ ਹਰੀ ਦੇ ਰੂਪ ਵਿਚ ਸਮਾ ਜਾਣਾ। ਜਿਨ੍ਹਾਂ ਦੇ ਮਨ ਵਿਚ ਨਾਮ ਵੱਸ ਜਾਂਦਾ ਹੈ ਉਹ ਹਰੀ ਰੂਪ ਹੋ ਜਾਂਦੇ ਹਨ।

[ਆਸਾ ਮਹਲਾ ੪, ਛੰਤ, ੧੩-੨੦]

ਪ੍ਰਾਕ੍ਕਥਨ-ਗੁਰੂ ਮਿਲਾਪ, ਨਾਮ ਦੀ ਮਹਿਮਾ ਤੇ ਫਲ ਦੱਸੇ ਹਨ।

ਮੂਲ	ਅਰਥ
ਆਸਾ ਮਹਲਾ ੪ ॥ **ਜਿਨਾ ਭੇਟਿਆ ਮੇਰਾ ਪੂਰਾ ਸਤਿਗੁਰੂ ਤਿਨ ਹਰਿ ਨਾਮੁ ਦ੍ਰਿੜਾਵੈ ਰਾਮ ਰਾਜੇ॥ ਤਿਸ ਕੀ ਤ੍ਰਿਸਨਾ ਭੁਖ ਸਭ ਉਤਰੈ ਜੋ ਹਰਿ ਨਾਮੁ ਧਿਆਵੈ ॥ ਜੋ ਹਰਿ ਹਰਿ ਨਾਮੁ ਧਿਆਇਦੇ ਤਿਨ੍ ਜਮੁ ਨੇੜਿ ਨ ਆਵੈ ॥ ਜਨ ਨਾਨਕ ਕਉ ਹਰਿ ਕ੍ਰਿਪਾ ਕਰਿ ਨਿਤ ਜਪੈ ਹਰਿ ਨਾਮੁ ਹਰਿ ਨਾਮਿ ਤਰਾਵੈ ॥੧॥**	ਹੇ ਰਾਮ ਰਾਜੇ ! ਜਿਨ੍ਹਾਂ ਨੇ ਮੇਰੇ ਪੂਰੇ ਸਤਿਗੁਰੂ (ਅਮਰਦਾਸ) ਜੀ ਦਾ ਸਤਿਸੰਗ ਕੀਤਾ ਉਹਨਾਂ ਨੂੰ (ਮੇਰਾ ਸਤਿਗੁਰੂ) ਹਰੀ ਨਾਮ ਦ੍ਰਿੜ ਕਰਾ ਦੇਂਦਾ ਹੈ*। (ਹਾਂ) ਜੋ (ਇਉਂ) ਹਰੀ ਨਾਮ ਨੂੰ ਧਿਆਉਂਦਾ ਹੈ ਉਸ ਦੀ ਤ੍ਰਿਸ਼ਨਾ ਰੂਪੀ ਭੁਖ ਸਾਰੀ ਉਤਰ ਜਾਂਦੀ ਹੈ। (ਕੇਵਲ ਤ੍ਰਿਸ਼ਨਾ ਹੀ ਦੂਰ ਨਹੀਂ ਹੁੰਦੀ ਸਗੋਂ) ਜੋ ਹਰੀ ਹਰਿ ਨਾਮ ਧਿਆਉਂਦੇ ਹਨ ਜਮ (ਬੀ) ਉਹਨਾਂ ਦੇ ਨੇੜੇ ਨਹੀਂ ਫਟਕਦਾ। ਦਾਸ ਨਾਨਕ ਨੂੰ, ਹੇ ਹਰੀ ! ਕਿਰਪਾ ਕਰ ਜੋ ਸਦਾ ਹਰਿ ਨਾਮ ਜਪੇ (ਤੇ) ਹਰਿ ਨਾਮ ਦੁਆਰਾ (ਜਗਤ ਨੂੰ) ਤਾਰੇ॥ ੧॥
ਜਿਨੀ ਗੁਰਮੁਖਿ ਨਾਮੁ ਧਿਆਇਆ ਤਿਨਾ ਫਿਰਿ ਬਿਘਨੁ ਨ ਹੋਈ ਰਾਮ	ਹੇ ਰਾਮ ਰਾਜੇ ! ਜਿਨ੍ਹਾਂ (ਜਨਾਂ) ਨੇ ਗੁਰੂ ਦੁਆਰਾ ਨਾਮ ਸਿਮਰਿਆ ਹੈ ਉਹਨਾਂ ਨੂੰ ਫੇਰ ਵਿਘਨ ਨਹੀਂ ਲਗਦਾ। ਜਿਨ੍ਹਾਂ ਨੇ ਸਤਿਗੁਰੂ

* ਦ੍ਰਿੜਾਉਣ ਦਾ ਭਾਵ ਹੈ ਕਿ ਉਹਨਾਂ ਦੇ ਨਿਸਚੇ ਵਿਚ ਨਾਮ ਦੀ ਲੋੜ ਤੇ ਅਹਿਮੀਅਤ ਪੱਕੀ ਹੋ ਜਾਂਦੀ ਹੈ ਤੇ ਨਾਮ ਸਿਮਰਨ ਜਾਰੀ ਹੋ ਜਾਂਦਾ ਹੈ।

ਰਾਜੇ ॥ ਜਿਨੀ ਸਤਿਗੁਰੁ ਪੁਰਖੁ ਮਨਾਇਆ ਤਿਨ ਪੂਜੇ ਸਭੁ ਕੋਈ ॥ ਜਿਨ੍ਹੀ ਸਤਿਗੁਰੁ ਪਿਆਰਾ ਸੇਵਿਆ ਤਿਨ੍ਹਾ ਸੁਖੁ ਸਦ ਹੋਈ ॥ ਜਿਨ੍ਹਾ ਨਾਨਕੁ ਸਤਿਗੁਰੁ ਭੇਟਿਆ ਤਿਨ੍ਹਾ ਮਿਲਿਆ ਹਰਿ ਸੋਈ ॥੨॥

ਪੁਰਖ ਦੀ ਪੂਜਾ ਕੀਤੀ ਹੈ ਉਹਨਾਂ ਨੂੰ ਸਭ ਕੋਈ ਪੂਜਦਾ ਹੈ।

ਜਿਨ੍ਹਾਂ ਨੇ ਪਿਆਰਾ ਸਤਿਗੁਰੂ ਸੇਵਿਆ ਹੈ ਉਹਨਾਂ ਨੂੰ ਸੁਖ ਸਦਾ ਹੀ ਹੁੰਦਾ ਹੈ। (ਹਾਂ) ਜਿਨ੍ਹਾਂ ਨੂੰ ਸਤਿਗੁਰੂ ਨਾਨਕ (ਦੇਵ ਜੀ) ਮਿਲ ਪਿਆ ਉਹਨਾਂ ਨੂੰ ਓਹ ਹਰੀ (ਬੀ) ਮਿਲ ਪਿਆ॥ ੨॥

ਵਯਾਖਯਾ-ਦੋਹਾਂ ਛਕਿਆਂ ਵਿਚ ਨਾਮ ਤੇ ਸੱਚੇ ਸਤਿਗੁਰੂ ਦੀ ਮਹਿਮਾ ਕਥੀ ਹੈ।

ਜਿਨਾ ਅੰਤਰਿ ਗੁਰਮੁਖਿ ਪ੍ਰੀਤਿ ਹੈ ਤਿਨ੍ ਹਰਿ ਰਖਣਹਾਰਾ ਰਾਮ ਰਾਜੇ॥ ਤਿਨ੍ ਕੀ ਨਿੰਦਾ ਕੋਈ ਕਿਆ ਕਰੇ ਜਿਨ੍ ਹਰਿ ਨਾਮੁ ਪਿਆਰਾ ॥ ਜਿਨ ਹਰਿ ਸੇਤੀ ਮਨੁ ਮਾਨਿਆ ਸਭ ਦੁਸਟ ਝਖ ਮਾਰਾ ॥ ਜਨ ਨਾਨਕ ਨਾਮੁ ਧਿਆਇਆ ਹਰਿ ਰਖਣਹਾਰਾ ॥੩॥

ਹੇ ਰਾਮ ਰਾਜੇ ! ਜਿਨ੍ਹਾਂ ਦੇ ਅੰਦਰ ਗੁਰੂ ਦੁਆਰਾ (ਵਾਹਿਗੁਰੂ ਦੀ) ਪ੍ਰੀਤਿ (ਆ ਗਈ) ਹੈ ਉਹਨਾਂ ਦਾ ਰਾਖਾ ਵਾਹਿਗੁਰੂ ਹੋ ਜਾਂਦਾ ਹੈ। ਉਹਨਾਂ ਦੀ ਨਿੰਦਾ ਕੋਈ ਕੀਹ ਕਰੇ ਜਿਨ੍ਹਾਂ ਨੂੰ ਹਰੀ ਦਾ ਨਾਮ ਪਿਆਰਾ ਲਗ ਰਿਹਾ ਹੈ। ਜਿਨ੍ਹਾਂ ਦਾ ਹਰੀ ਨਾਲ ਮਨ ਪਤੀਜ ਗਿਆ ਹੈ (ਉਹਨਾ ਦੇ ਵਿਰੁੱਧ ਬਕਣ ਵਾਲੇ) ਦੁਸ਼ਟ ਸਭ (ਐਵੇਂ)ਝਖਾਂ ਮਾਰਦੇ ਰਹਿੰਦੇ ਹਨ (ਭਾਵ ਉਹਨਾ ਦੀ ਨਿੰਦਾ ਦਾ ਕੋਈ ਅਸਰ ਨਹੀਂ ਹੁੰਦਾ)। ਹੇ ਨਾਨਕ ! (ਜਿਨ੍ਹਾਂ) ਜਨਾ ਨੇ ਨਾਮ ਧਿਆਇਆ ਹੈ ਹਰੀ (ਆਪ ਉਹਨਾਂ ਦਾ) ਰਾਖਾ ਹੋ ਜਾਂਦਾ ਹੈ॥ ੩॥

ਵਯਾਖਯਾ-ਨਾਮੀ ਪੁਰਖਾਂ ਦੀ ਜਗਤ ਵਿਚ ਈਰਖਾਲੂ ਲੋਕ ਨਿੰਦਿਆ ਬੀ ਕਰਿਆ ਕਰਦੇ ਹਨ। ਉਸ ਤੋਂ ਨਾਮ ਪ੍ਰੇਮੀਆਂ ਨੂੰ ਘਬਰਾਉਣਾ ਨਹੀਂ ਚਾਹੀਦਾ, ਇਸ ਛੱਕੇ ਵਿਚ ਉਹ ਤਸੱਲੀ ਬਨ੍ਹਾਈ ਹੈ। ਯੁਕਤੀ ਇਹ ਦਿੱਤੀ ਹੈ ਕਿ ਉਨ੍ਹਾਂ ਦੀ ਪ੍ਰੀਤ ਵਾਹਿਗੁਰੂ ਜੀ ਨਾਲ ਪੈ ਗਈ ਹੈ। ਵਾਹਿਗੁਰੂ ਜੀ ਦਾ ਬਿਰਦ ਭਗਤ ਵੱਛਲ ਹੈ, ਉਹ ਉਨ੍ਹਾਂ ਨੂੰ ਪ੍ਰੀਤ ਕਰਦਾ ਹੈ। ਤੇਸ ਦੀ ਪ੍ਰੀਤ ਵਿਚ ਆਪਣੇ ਭਗਤਾਂ ਦੀ ਰਖਯਾ ਕਰਨਾ ਬੀ ਹੈ, ਜੋ ਉਹ ਕਰਦਾ ਹੈ*। ਇਹ ਬਿਰਦ ਵਰਣਨ ਕਰਕੇ ਹੁਣ ਅਗਲੇ ਛੱਕੇ ਵਿਚ ਵਾਹਿਗੁਰੂ ਜੀ ਦੇ ਇਹ ਬਿਰਦ ਪਾਲਨ ਦੀਆਂ ਹੋ ਵਰਤੀਆਂ ਪ੍ਰਸਿੱਧ ਮਿਸਾਲਾਂ ਦੇ ਕੇ ਤਸੱਲੀ ਪੱਕੀ ਕਰਦੇ ਹਨ:-

ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ ॥ ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ॥ ਅਹੰਕਾਰੀਆ ਨਿੰਦਕਾ ਪਿਠਿ ਦੇਇ ਨਾਮਦੇਉ ਮੁਖਿ ਲਾਇਆ ॥ ਜਨ ਨਾਨਕ ਐਸਾ ਹਰਿ ਸੇਵਿਆ ਅੰਤਿ ਲਏ ਛਡਾਇਆ ॥੪॥ ੧੩॥੨੦॥

ਹੇ ਰਾਮ ਰਾਜੇ ! ਹਰੀ ਜੁਗੋ ਜੁਗ ਭਗਤ ਪੈਦਾ ਕਰਦਾ ਰਿਹਾ ਹੈ (ਅਤੇ ਉਹਨਾਂ ਦੀ) ਪੈਜ ਰਖਦਾ ਆਇਆ ਹੈ। ਦੋਖੋ ਹਰਣਾਖਸ਼ ਦੁਸ਼ਟ ਨੂੰ ਪ੍ਰਭੂ ਨੇ (ਆਪ) ਮਾਰਿਆ ਸੀ ਤੇ ਪ੍ਰਹਿਲਾਦ ਨੂੰ ਤਰਾ (ਬਚਾ) ਲਿਆ ਸੀ। (ਇਸੀ ਤਰ੍ਹਾਂ) ਹੰਕਾਰੀ ਨਿੰਦਕਾਂ ਨੂੰ ਪਿਠ ਦੇਕੇ ਨਾਮ ਦੇਵ ਨੂੰ ਪਿਆਰ ਕੀਤਾ ਸੀ। ਹੇ ਨਾਨਕ, ਜਿਨ੍ਹਾਂ ਨੇ ਐਸੇ ਹਰੀ ਦੀ ਸੇਵਾ ਕੀਤੀ ਹੈ (ਕਿ ਉਹਨਾਂ ਨੂੰ) ਅੰਤ (ਵਿਘਨਾ ਤੋਂ ਉਹ) ਛੁਡਾ ਲੈਂਦਾ ਹੈ॥ ੪॥ ੧੩॥ ੨੦॥

---

* ਨਾਮ ਪ੍ਰੇਮੀ ਨੂੰ ਵਿਘਨ ਨਹੀਂ ਲਗਦਾ। ਇਹ ਗੱਲ ਯੋਗ ਦਰਸ਼ਨ ਵਿਚ 'ਅੰਤ੍ਰਾਯ ਅਭਾਵ੍ਸ਼੍ਚ' ਕਹਿਕੇ ਤਸਲੀਮ ਕੀਤੀ ਹੈ।

ਵਜਾਖਯਾ– ਚੌਹਾਂ ਹੀ ਛਕਿਆਂ ਵਿਚ ਗੁਰੂ ਤੋਂ ਨਾਮ ਪ੍ਰਾਪਤੀ, ਗੁਰੂ ਨਾਲ ਪ੍ਰੀਤ, ਨਾਮ ਨਾਲ ਪ੍ਰੀਤ, ਇਸ ਤੋਂ ਸਾਈਂ ਨਾਲ ਪ੍ਰੀਤ ਤੇ ਹਰੀ ਪ੍ਰਾਪਤੀ ਦਿਖਲਾਕੇ ਨਾਮੀ ਪੁਰਖਾਂ ਦੀ ਨਿੰਦਾ ਦਾ ਵਿਸ਼ਯ ਲਿਆ। ਤੀਜੇ ਅੰਕ ਵਿਚ ਨਿੰਦਾ ਕਰਨਹਾਰਾਂ ਦੀ ਕੋਸ਼ਸ਼ ਨੂੰ ਬਿਰਥਾ ਦੱਸਕੇ ਪ੍ਰਭੂ ਦੀ ਰਖਵਾਲਗੀ ਦਰਸਾਈ। ਚੌਥੇ ਅੰਕ ਵਿਚ ਜਗਤ ਪ੍ਰਸਿੱਧ ਇਤਿਹਾਸਿਕ ਵਾਕਿਆ ਦੱਸੇ, ਜਿਨ੍ਹਾਂ ਵਿਚ ਹਰੀ ਦੇ ਭਗਤਾਂ ਦੀ ਪੈਜ ਰਖਣ ਦੇ ਨਮੂਨੇ ਦੱਸੇ ਹਨ।

ਨਾਮਦੇਵ ਨੂੰ ਨੀਵੀਂ ਜ਼ਾਤ ਦਾ ਸਮਝਕੇ ਪਾਂਡਿਆਂ ਨੇ ਕੀਰਤਨ ਕਰਦਿਆਂ ਮੰਦਰੋਂ ਬਾਹਰ ਧੱਕ ਦਿਤਾ। ਓਹ ਮੰਦਰ ਦੇ ਬਾਹਰ ਪਿਛਲੇ ਪਾਸੇ ਉਸੇ ਮਗਨਤਾ ਵਿਚ ਕੀਰਤਨ ਕਰਦਾ ਰਿਹਾ ਤੇ ਦੇਹੁਰੇ ਦਾ ਮੂੰਹ ਫਿਰ ਗਿਆ। ਇਹ ਗਲ ਭਗਤ ਜੀ ਦੀ ਅਪਣੀ ਬਿਆਨ ਕੀਤੀ ਹੋਈ ਸਾਡੇ ਪਾਸ ਹੈ, ਯਥਾ:-

ਮੋ ਕਉ ਤੂੰ ਨ ਬਿਸਾਰਿ ਤੂ ਨ ਬਿਸਾਰਿ ॥ ਤੂ ਨ ਬਿਸਾਰੇ ਰਾਮਈਆ ॥੧॥ ਰਹਾਉ ॥
ਆਲਾਵੰਤੀ ਇਹੁ ਭ੍ਰਮੁ ਜੋ ਹੈ ਮੁਝ ਊਪਰਿ ਸਭ ਕੋਪਿਲਾ ॥
ਸੂਦੁ ਸੂਦੁ ਕਰਿ ਮਾਰਿ ਉਠਾਇਓ ਕਹਾ ਕਰਉ ਬਾਪ ਬੀਠੁਲਾ ॥੧॥
ਮੂਏ ਹੂਏ ਜਉ ਮੁਕਤਿ ਦੇਹੁਗੇ ਮੁਕਤਿ ਨ ਜਾਨੈ ਕੋਇਲਾ ॥
ਏ ਪੰਡੀਆ ਮੋ ਕਉ ਢੇਢ ਕਹਤ ਤੇਰੀ ਪੈਜ ਪਿਛੰਉਡੀ ਹੋਇਲਾ ॥੨॥
ਤੂ ਜੁ ਦਇਆਲੁ ਕ੍ਰਿਪਾਲੁ ਕਹੀਅਤੁ ਹੈ ਅਤਿਭੁਜ ਭਇਓ ਅਪਾਰਲਾ ॥
ਫੇਰਿ ਦੀਆ ਦੇਹੁਰਾ ਨਾਮੇ ਕਉ ਪੰਡੀਅਨ ਕਉ ਪਿਛਵਾਰਲਾ ॥੩॥੨॥ [ਮਲਾਰ – ਨਾਮਦੇਵ ਜੀ]

ਦੁਨੀਆਂ ਦੇ ਦਾਨੇ ਕਿਸੇ ਵਯਕਤੀ ਦੇ ਅਪਣੇ ਲਿਖੇ ਇਤਿਹਾਸ ਨੂੰ ਵਧੀਕ ਇਤਬਾਰ ਯੋਗ ਸਮਝਦੇ ਹਨ। ਏਥੇ ਸਾਨੂੰ ਨਾਮਦੇਵ ਜੀ ਦੀ ਅਪਣੀ ਸਿਰ ਬੀਤੀ ਆਪ ਬਿਆਨ ਕਰਨ ਦੀ ਵਾਰਤਾ ਮਿਲਦੀ ਹੈ ਤੇ ਇਹ ਕਿਵੇਂ ਬੀ ਅਮੰਨਾ ਕੀਤੇ ਜਾਣ ਤੋਂ ਵਿਰਵੀ ਨਹੀਂ ਰਹਿ ਸਕਦੀ। ਅਸੀਂ ਹੈਰਾਨ ਹੁੰਦੇ ਹਾਂ ਤੇ ਬੇਯਕੀਨੀ ਵਲ ਰੁਖ਼ ਕਰਦੇ ਹਾਂ। ਪਰ ਉਹ ਆਪ ਦੱਸਦੇ ਹਨ:- ਅਤਿਭੁਜ ਭਇਓ ਅਪਾਰਲਾ॥ ਉਂਞ ਭਗਤਮਾਲ ਤੇ ਹੋਰ ਅਨੇਕ ਗ੍ਰੰਥਾਂ ਤੇ ਆਮ ਗੀਤਾਂ ਵਿਚ ਬੀ ਇਹ ਵਾਕਿਆ ਵਰਣਨ ਹੋਇਆ ਹੈ।

ਦੂਸਰਾ ਵਾਕਿਆ ਪ੍ਰਹਲਾਦ ਭਗਤ ਦਾ ਹੈ। ਇਸ ਭਗਤ ਦਾ ਅਪਣਾ ਲਿਖਿਆ ਤਾਂ ਨਹੀਂ ਮਿਲਦਾ ਪਰ ਪੁਰਾਤਨ ਤੋਂ ਪੁਰਾਤਨ ਗ੍ਰੰਥਾਂ ਵਿਚ ਮਿਲਦਾ ਹੈ। ਭਗਤ ਮਾਲ ਵਿਚ ਹੈ ਤੇ ਲਿਖੇ ਜਾਣ ਤੋਂ ਪਹਿਲੋਂ ਲੋਕ ਗਾਥਾ ਵਿਚ ਪ੍ਰਸਿਧ ਹੈ ਅਰ ਮੁਲਤਾਨ ਵਿਚ ਦਾ ਵਾਕਿਆ ਸਾਰੇ ਹਿੰਦ ਵਿਚ ਪ੍ਰਸਿੱਧ ਹੈ। ਗੁਰਬਾਣੀ ਵਿਚ ਬੀ ਹੈ, ਇਸ ਲਈ ਸੰਸੇ ਦੀ ਲੋੜ ਨਹੀਂ।

ਪ੍ਰਹਲਾਦ ਦਾ ਪਿਤਾ ਮੁਲਤਾਨ ਦਾ ਰਾਜਾ ਸੀ ਤੇ ਨਾਸਤਕ ਸੀ। ਆਪਣੇ ਪੁਤ੍ਰ ਦੀ ਭਗਤੀ ਦੇ ਵਿਰੁੱਧ ਉਸ ਨੂੰ ਤਸੀਹੇ ਦੇਂਦਾ ਸੀ ਕਿ ਕਿਵੇਂ ਨਾਸਤਕ ਹੋ ਜਾਏ, ਪਰੰਤੂ ਉਹ ਦ੍ਰਿੜਤਾ ਵਿਚ ਰਿਹਾ ਤੇ ਆਖਰ ਦੈਤ ਪਿਤਾ, ਜਿਸ ਨੂੰ ਲੋਕ ਗਾਥਾ ਵਿਚ ਹਰਨਾਖਸ਼ ਤੇ ਧੋਤੇ ਹੋਏ ਸੰਸਕ੍ਰਿਤ ਲੇਖਾਂ ਵਿਚ ਹਰਿਨਕਸ਼ਜਪ ਕਿਹਾ ਗਿਆ ਹੈ, ਈਸ਼੍ਵਰੀਯ ਕਰਾਮਾਤੀ ਸ਼ਕਤੀ ਨਾਲ ਨਰਸਿੰਘ ਦੇ ਹੱਥੋਂ ਮਾਰਿਆ ਗਿਆ।

ਮੁਰਾਦ ਵਾਕਿਆ ਦੇਣ ਤੋਂ ਭਗਤਾਂ ਦੇ ਭਰੋਸੇ ਨੂੰ ਡਾਢ ਦੇਣ ਦੀ ਹੈ।

[ਆਸਾ ਮਹਲਾ ੪, ਛੰਤ, ੧੪-੨੧]

ਆਸਾ ਮਹਲਾ ੪ ਛੰਤ ਘਰੁ ੫ ੴ ਸਤਿਗੁਰ ਪ੍ਰਸਾਦਿ॥

ਪ੍ਰਾਕ੍ਥਨ–ਸ਼ਬਦ ਵਿਚ ਗੁਰੂ ਮਿਲਣ ਦੀ ਸਿੱਕ ਸੱਧਰ ਤੇ ਮਿਲਾਪ ਤੋਂ ਪ੍ਰਾਪਤ ਆਨੰਦ ਹੈ, ਦਿਲ ਹਿਲਾ ਦੇਣ ਵਾਲੇ ਪਦਾਂ ਵਿਚ ਪ੍ਰੇਮ ਤ੍ਰਿਬੁਡ ਵਰਣਨ ਹੈ।

ਮੂਲ	ਅਰਥ
ਮੇਰੇ ਮਨ ਪਰਦੇਸੀ ਵੇ ਪਿਆਰੇ ਆਉ ਘਰੇ ॥ ਹਰਿ ਗੁਰੂ ਮਿਲਾਵਹੁ ਮੇਰੇ ਪਿਆਰੇ ਘਰਿ ਵਸੈ ਹਰੇ ॥ ਰੰਗਿ ਰਲੀਆ ਮਾਣਹੁ ਮੇਰੇ ਪਿਆਰੇ ਹਰਿ ਕਿਰਪਾ ਕਰੇ ॥ ਗੁਰੁ ਨਾਨਕੁ ਤੁਠਾ ਮੇਰੇ ਪਿਆਰੇ ਮੇਲੇ ਹਰੇ ॥ ੧॥	ਹੇ ਮੇਰੇ ਪਿਆਰੇ (ਪਰ) ਪਰਦੇਸੀ ਮਨ ! ਅਵੇ (ਆਪਣੇ) ਘਰ ਵਿਚ ਆ ਜਾ (ਭਾਵ ਬਾਹਰਮੁਖੀ ਰਹਿਣ ਦੀ ਥਾਂ ਅੰਤਰਮੁਖ ਹੋਕੇ ਆਪਣੇ ਆਪ ਵਿਚ ਟਿਕ ਜਾਹ) ਹੇ ਮੇਰੇ ਪਿਆਰੇ (ਮਨ ! ਆਪਣੇ ਆਪ ਨੂੰ ਹਰੀ ਰੂਪ) ਗੁਰੂ ਨਾਲ ਮਿਲਾ ਤਾਂ ਜੋ ਹਿਰਦੇ ਵਿਚ ਹਰੀ ਵੱਸ ਪਵੇ। ਹੇ ਮੇਰੇ ਪਿਆਰੇ (ਮਨ ! ਫੇਰ) ਹਰੀ ਕਿਰਪਾ ਕਰੇ (ਤਾਂ ਉਸ ਨਾਲ) ਮੌਜਾਂ ਮਾਣੋਂ (ਇਸ ਪ੍ਰਕਾਰ ਦੀ ਅਭਿਲਾਖ ਪੂਰੀ ਹੋਈ ਕਿ) ਹੇ ਮੇਰੇ ਪਿਆਰੇ ! ਗੁਰੂ ਨਾਨਕ ਤੁੱਠ ਪਿਆ (ਜੋ ਤੁੱਠਾ ਹੋਇਆ) ਹਰੀ ਮਿਲਾ ਦੇਂਦਾ ਹੈ॥ ੧॥
ਮੈ ਪ੍ਰੇਮੁ ਨ ਚਾਖਿਆ ਮੇਰੇ ਪਿਆਰੇ ਭਾਉ ਕਰੇ ॥ ਮਨਿ ਤ੍ਰਿਸਨਾ ਨ ਬੁਝੀ ਮੇਰੇ ਪਿਆਰੇ ਨਿਤ ਆਸ ਕਰੇ ॥ ਨਿਤ ਜੋਬਨੁ ਜਾਵੈ ਮੇਰੇ ਪਿਆਰੇ ਜਮੁ ਸਾਸ ਹਿਰੇ ॥ ਭਾਗ ਮਣੀ ਸੋਹਾਗਣਿ ਮੇਰੇ ਪਿਆਰੇ ਨਾਨਕ ਹਰਿ ਉਰਿ ਧਾਰੇ ॥੨॥	ਹੇ ਮੇਰੇ ਪਿਆਰੇ ! ਮੈਂ ਸ਼ਰਧਾ ਕਰਕੇ (ਹਰੀ-) ਪ੍ਰੇਮ (ਦਾ ਰਸ) ਨਹੀਂ ਚਖਿਆ, ਮਨ ਵਿਚੋਂ ਬੀ, ਹੇ ਮੇਰੇ ਪਿਆਰੇ ! ਤ੍ਰਿਸ਼ਨਾ (ਦੀ ਅੱਗ) ਨਹੀਂ ਬੁਝੀ, ਨਿਤ ਆਸ ਹੀ ਕਰਦਾ ਰਹਿੰਦਾ ਹੈ। ਨਿਤ ਜੋਬਨ ਟੁਰਿਆ ਜਾਵੇ (ਤੇ) ਹੇ ਮੇਰੇ ਪਿਆਰੇ ! ਜਮ ਮੇਰੇ ਸੁਆਸ ਪਿਆ ਚੁਰਾਵੇ (ਭਾਵ ਉਮਰਾ ਤੇ ਜੁਆਨੀ ਬੀਤ ਰਹੀ ਸੀ ਕਿ) ਹੇ ਮੇਰੇ ਪਿਆਰੇ ਨਾਨਕ ! (ਮੱਥੇ ਤੇ) ਭਾਗਾਂ ਦੀ ਮਣੀ* ਵਾਲੀ ਹਰੀ ਨੂੰ ਮਨ ਵਿਚ ਧਾਰਨ ਕਰਕੇ ਸੁਹਾਗਣ (ਹੋ ਗਈ) ॥ ੨॥
ਪਿਰ ਰਤਿਅੜੇ ਮੈਡੇ ਲੋਇਣ ਮੇਰੇ ਪਿਆਰੇ ਚਾਤ੍ਰਿਕ ਬੂੰਦ ਜਿਵੈ ॥ ਮਨੁ ਸੀਤਲੁ ਹੋਆ ਮੇਰੇ ਪਿਆਰੇ ਹਰਿ ਬੂੰਦ ਪੀਵੈ ॥ ਤਨਿ ਬਿਰਹੁ ਜਗਾਵੈ ਮੇਰੇ ਪਿਆਰੇ ਨੀਦ ਨ ਪਵੈ ਕਿਵੈ ॥ ਹਰਿ ਸਜਣੁ ਲਧਾ ਮੇਰੇ ਪਿਆਰੇ ਨਾਨਕ ਗੁਰੂ ਲਿਵੈ ॥੩॥	[ਹੁਣ ਸੁਹਾਗਣ ਦੀ ਪ੍ਰਾਪਤੀ ਵਰਣਨ ਕਰਦੇ ਹਨ] ਹੇ ਮੇਰੇ ਪਿਆਰੇ ! ਮੇਰੇ ਨੈਣ ਹਰੀ ਦਰਸ਼ਨ ਲਈ (ਇਉਂ) ਤਾਂਘ ਵਿਚ ਲਗੇ ਹੋਏ ਹਨ ਜਿਵੇਂ ਪਪੀਹਾ (ਸ੍ਵਾਂਤੀ) ਬੂੰਦ (ਦੀ ਪ੍ਰਾਪਤੀ ਲਈ ਲਗਾ ਹੁੰਦਾ ਹੈ। ਹਾਂ) ਮਨ ਸੀਤਲ, ਹੇ ਮੇਰੇ ਪਿਆਰੇ ! (ਤਾਂ ਹੀ) ਹੁੰਦਾ ਹੈ, ਜੇ ਹਰੀ (-ਨਾਮ ਰੂਪੀ ਸ੍ਵਾਂਤੀ) ਬੂੰਦ ਨੂੰ ਪੀਵੇ। ਹੇ ਮੇਰੇ ਪਿਆਰੇ ! ਸਰੀਰ ਵਿਚ ਦੀ ਬਿਰਹੋਂ ਦੀ ਪੀੜਾ (ਮੈਨੂੰ ਪਪੀਹੇ ਵਾਂਙੂ) ਜਗਾਈ ਰਖਦੀ ਹੈ, ਕਿਵੇਂ ਬੀ ਨੀਂਦ ਨਹੀਂ ਪੈਂਦੀ। (ਪਰ ਦੇਖ) ਹੇ ਮੇਰੇ ਪਿਆਰੇ ! ਗੁਰੂ ਦੀ ਲਿਵ ਦੁਆਰਾ ਹਰੀ ਰੂਪੀ ਸੱਜਣ ਲੱਭ ਪਿਆ, (ਦੱਸਦੇ ਹਨ ਸ੍ਰੀ ਗੁਰੂ) ਨਾਨਕ (ਦੇਵ ਜੀ)॥ ੩॥
ਚੜਿ ਚੇਤੁ ਬਸੰਤੁ ਮੇਰੇ ਪਿਆਰੇ ਭਲੀਅ ਰੁਤੇ ॥ ਪਿਰ ਬਾਝੜਿਅਹੁ ਮੇਰੇ ਪਿਆਰੇ ਆਂਗਣਿ ਧੂੜਿ ਲੁਤੇ ॥ ਮਨਿ ਆਸ ਉਡੀਣੀ ਮੇਰੇ ਪਿਆਰੇ ਦੁਇ ਨੈਨ ਜੁਤੇ ॥ ਗੁਰੁ ਨਾਨਕੁ ਦੇਖਿ ਵਿਗਸੀ ਮੇਰੇ ਪਿਆਰੇ ਜਿਉ ਮਾਤ ਸੁਤੇ ॥੪॥	[ਮਾਨੋਂ ਬਿਰਹੋਂ ਦਾ ਸਾਲ ਬੀਤਿਆ ਹੈ ਤੇ ਹੁਣ ਚੇਤ ਜੋ ਮਿਲਾਵਣਹਾਰ ਮਹੀਨਾ ਹੈ ਚੜ੍ਹਿਆ ਹੈ] ਹੇ ਮੇਰੇ ਪਿਆਰੇ ! ਹੇ ਭਲੀ ਰੁੱਤੇ ਬਸੰਤ ਦੀਏ ! ਚੜ੍ਹ ਪਉ ਤੇ ਚੜ੍ਹ ਪਉ ਚੇਤ ਦੇ ਮਹੀਨੇ ! ਦੇਖ ਪਤੀ (ਪਿਆਰੇ ਤੋਂ) ਬਿਨਾਂ ਮੇਰੇ ਵਿਹੜੇ ਵਿਚ, ਹੇ ਮੇਰੇ ਪਿਆਰੇ ! ਧੂੜ ਉਡ ਰਹੀ ਹੈ। ਮਨ ਵਿਚ ਆਸਾ ਕਰ ਕਰਕੇ ਉਦਾਸ ਹੋਈ ਹੋਈ ਦੇ ਦੋਵੇਂ ਨੈਣ, ਹੇ ਮੇਰੇ ਪਿਆਰੇ ! (ਰਸਤੇ ਉਤੇ) ਜੁੜ ਰਹੇ ਸਨ ਕਿ ਗੁਰੂ ਨਾਨਕ ਨੂੰ ਵੇਖਕੇ, ਹੇ ਮੇਰੇ ਪਿਆਰੇ ! (ਮੈਂ) ਖਿੜ ਪਈ, ਜਿਵੇਂ ਮਾਂ ਪੁੱਤ ਨੂੰ ਵੇਖਕੇ॥ ੪॥

* ਭਾਗਮਣੀ=ਭਾਗਾਂ ਦਾ ਰਤਨ। ਭਾਗਾਂ ਰੂਪੀ ਗਹਿਣਾ ਜੋ ਮੱਥੇ ਤੇ ਪਾਈਦਾ ਹੈ ਭਾਵ ਹੈ ਸੁਹਣੇ ਭਾਗਾਂ ਵਾਲੀ।

ਵਯਾਖਯਾ-ਇਸ ਅੰਕ ਵਿਚ ਬਾਰਾਂ ਮਾਹ ਵਾਙੂ ਛੇਕੜਲੇ ਮਹੀਨੇ ਦਾ ਵਰਣਨ ਹੈ, ਜਦੋਂ ਕਿ ਬਿਰਹੇ ਪੀੜਾ ਦੀ ਅਵਧੀ ਹੋ ਗਈ ਹੈ। ਤੇ ਇਸ ਰੁਤ ਨੂੰ ਭਲੀ ਕਿਹਾ ਹੈ ਕਿਉਂਕਿ ਇਸੇ ਵਿਚ ਵਿਛੁੜੇ ਪ੍ਰੀਤਮ ਦਾ ਮਿਲਾਪ ਦਰਸਾਇਆ ਹੈ। ਬਿਰਹੇ ਦੀ ਅਵਧੀ ਇਹ ਹੈ ਕਿ ਵਿਹੜੇ ਵਿਚ ਧੂੜਾਂ ਚੜ੍ਹ ਗਈਆਂ ਹਨ। ਬਿਰਹਨੀ ਅਪਣੇ ਵੈਰਾਗ ਵਿਚ ਰੁੱਝ ਰਹੀ ਹੈ। ਪ੍ਰੀਤਮ ਦੇ ਆਉਣ ਦੀ ਸੋ ਨਹੀਂ ਕਿ ਸਫਾਈ ਦਾ ਉੱਦਮ ਆਵੇ। ਆਸਾ ਕਰਦਿਆਂ ਤੇ ਨਾ ਪੁਗਦਿਆਂ ਦੀ ਉਦਾਸੀ ਵਿਚ ਨੈਣ ਰਾਹ ਤੇ ਗਡ ਰਹੇ ਹਨ। ਦੂਜਾ ਪੱਖ ਜੋ ਚੇਤ ਨੂੰ ਭਲੀ ਰੁਤ ਬਣਾਉਂਦਾ ਹੈ, ਪ੍ਰੀਤਮ ਦਾ ਮੇਲ ਹੈ, ਸੋ ਅਖੀਰਲੀ ਤੁਕ ਵਿਚ ਦਰਸਾਯਾ ਹੈ ਕਿ ਅਚਾਨਕ ਗੁਰੂ ਆ ਗਿਆ ਤੇ ਦੇਖਕੇ ਮੈਂ ਖਿੜ ਗਈ ਜੀਕੂੰ ਮਾਂ ਪੁਤ ਨੂੰ ਦੇਖਕੇ ਖਿੜਦੀ ਹੈ।

ਮਾਂ ਦਾ ਵਿਛੁੜੇ ਪੁਤ ਨੂੰ ਅਚਾਨਕ ਮਿਲਕੇ ਜੋ ਖੇੜਾ ਮਿਲਦਾ ਹੈ ਉਹ ਬੇ ਨਜ਼ੀਰ ਸ਼ੈ ਹੈ। ਉਸ ਖੇੜੇ ਦੀ ਅਵਧੀ ਦਾ ਇਕ ਅੰਗ ਲੈਣਾ ਹੈ ਏਥੇ, ਸਾਰੀ ਉਪਮਾ ਨਹੀਂ ਘਟਾਉਣੀ। ਕਿਉਂਕਿ ਕਾਵਯ ਦਾ ਨਿਯਮ ਇਕੋ ਅੰਗ ਲੈਣ ਦਾ ਵਿਸ਼ੇਸ਼ ਹੈ। ਕਈ ਸਜਣ 'ਜਿਵੇਂ ਪੁਤ ਮਾਂ ਨੂੰ ਵੇਖਕੇ' ਬੀ ਅਰਥ ਕਰਦੇ ਹਨ ਪਰ ਕ੍ਰਿਯਾ ਪਦ 'ਵਿਗਸੀ' ਇਸਤ੍ਰੀ ਲਿੰਗ ਪਿਆ ਹੈ ਅਤੇ 'ਸੁਤੇ' ਪਦ ਵਿਚ 'ਤ' ਦੀ ਲਾਂ ਅਰਥ 'ਪੁਤ੍ਰ ਨੂੰ' ਬੰਨ੍ਹ ਦਿੰਦੀ ਹੈ।

ਦਾਨੇ ਗਯਾਨੀ ਸੱਜਣ ਅੰਤ੍ਰੀਵ ਅਰਥ ਐਉਂ ਲੈਂਦੇ ਹਨ:-

ਬਸੰਤ ਰੁਤ	= ਮਨੁੱਖਾ ਜਨਮ।
ਚੇਤੁ ਦਾ ਮਹੀਨਾ-	= ਪ੍ਰੇਮ।
ਆਂਗਣਿ	= ਹਿਰਦਾ।
ਧੂੜ	= ਸੰਕਲਪ ਵਿਕਲਪ।
ਨੈਨ	= ਬੁੱਧੀ ਰੂਪੀ ਨੇਤ੍ਰ।
ਵਿਗਸੀ	= ਸੁਰਤ ਖਿੜ ਪਈ ਹੈ।

ਨਿਰੁਕ੍ਤ-ਆਂਗਣਿ-ਵਿਹੜੇ ਵਿਚ।

ਲੁਤੇ-ਉਡ ਰਹੀ ਹੈ।

ਹਰਿ ਕੀਆ ਕਥਾ ਕਹਾਣੀਆ ਮੇਰੇ ਪਿਆਰੇ ਸਤਿਗੁਰੂ ਸੁਣਾਈਆ॥ ਗੁਰ ਵਿਟੜਿਅਹੁ ਹਉ ਘੋਲੀ ਮੇਰੇ ਪਿਆਰੇ ਜਿਨਿ ਹਰਿ ਮੇਲਾਈਆ॥ ਸਭਿ ਆਸਾ ਹਰਿ ਪੂਰੀਆ ਮੇਰੇ ਪਿਆਰੇ ਮਨਿ ਚਿੰਦਿਅੜਾ ਫਲੁ ਪਾਇਆ ॥ ਹਰਿ ਤੁਠੜਾ ਮੇਰੇ ਪਿਆਰੇ ਜਨੁ ਨਾਨਕੁ ਨਾਮਿ ਸਮਾਇਆ ॥੫॥

ਹੇ ਮੇਰੇ ਪਿਆਰੇ ! ਹਰੀ ਦੀਆਂ ਕਥਾ ਕਹਾਣੀਆਂ ਸਤਿਗੁਰੂ (ਨਾਨਕ) ਨੇ (ਮੈਨੂੰ) ਸੁਣਾਈਆਂ। ਹੇ ਮੇਰੇ ਪਿਆਰੇ ! ਮੈਂ ਗੁਰੂ ਉਤੋਂ ਸਦਕੇ ਹਾਂ, ਜਿਸ ਨੇ (ਮੈਂ) ਹਰੀ ਨਾਲ ਮਿਲਾ ਦਿੱਤੀ ਹਾਂ। ਹੇ ਮੇਰੇ ਪਿਆਰੇ ! ਹਰੀ ਨੇ ਸਾਰੀਆਂ ਆਸਾਂ ਪੂਰਨ ਕਰ ਦਿੱਤੀਆਂ ਹਨ (ਤੇ ਮੈਂ) ਮਨ ਦਾ ਲੋਚਿਆ ਫਲ ਪ੍ਰਾਪਤ ਕਰ ਲਿਆ ਹੈ। (ਹਾਂ) ਹੇ ਮੇਰੇ ਪਿਆਰੇ ! ਹਰੀ (ਮੇਰੇ ਤੇ) ਤ੍ਰੁੱਠ ਪਿਆ ਤੇ ਦਾਸ ਨਾਨਕ ਨੂੰ (ਉਸਨੇ) ਨਾਮੀ ਵਿਚ ਸਮਾ ਲਿਆ (ਭਾਵ ਆਪਣੇ ਵਿਚ ਸਮਾ ਲਿਆ)॥ ੫॥

ਪਿਆਰੇ ਹਰਿ ਬਿਨੁ ਪ੍ਰੇਮੁ ਨ ਖੇਲਸਾ॥ ਕਿਉ ਪਾਈ ਗੁਰੁ ਜਿਤੁ ਲਗਿ ਪਿਆਰਾ ਦੇਖਸਾ ॥ ਹਰਿ

[ਫੇਰ ਅਭਿਲਾਖ ਤੇ ਮੇਲ ਇਕੋ ਅੰਕ ਵਿਚ ਦੱਸਦੇ ਹਨ] ਹੇ ਪਿਆਰੇ! (ਮੈਂ) ਹਰੀ ਤੋਂ ਬਿਨਾਂ (ਹੋਰ ਕਿਸੇ ਨਾਲ) ਪ੍ਰੇਮ (ਦੀ ਖੇਲ) ਨਹੀਂ ਖੇਲਣੀ, (ਭਾਵ ਹੋਰ ਕਿਸੇ ਨੂੰ ਪ੍ਰੀਤਮ ਨਹੀਂ ਬਨਾਉਣਾ)। (ਉਹ) ਗੁਰੂ (ਮੈਂ ਹੁਣ) ਕੀਕੂੰ ਪਾਵਾਂ, ਜਿਸ ਦੇ (ਚਰਨ) ਲਗਕੇ ਪਿਆਰਾ (ਪ੍ਰਭੂ ਮੈਂ) ਦੇਖਾਂਗੀ? ਹੇ ਹਰੀ (ਮੇਰੇ)

ਦਾਤੜੇ ਮੇਲਿ ਗੁਰੂ ਮੁਖਿ ਗੁਰਮੁਖਿ ਮੇਲਸਾ ॥ ਗੁਰੁ ਨਾਨਕੁ ਪਾਇਆ ਮੇਰੇ ਪਿਆਰੇ ਧੁਰਿ ਮਸਤਕਿ ਲੇਖੁ ਸਾ ॥੬॥੧੪॥੨੧॥

ਦਾਤੇ ! ਮੈਨੂੰ ਮੁਖੀ ਗੁਰੂ ਮਿਲਾ ਦੇ, (ਜਿਸ) ਗੁਰੂ ਦੁਆਰਾ (ਮੈਂ ਆਪਣੇ ਆਪ ਨੂੰ ਤੇਰੇ ਨਾਲ) ਮੇਲ ਲਵਾਂਗੀ। (ਐਉਂ ਅਭਿਲਾਖ ਕਰਦਿਆਂ) ਹੇ ਮੇਰੇ ਪਿਆਰੇ ! (ਮੈਂ) ਗੁਰੂ ਨਾਨਕ ਪਾ ਲਿਆ, (ਏਹ) ਧੁਰੋਂ ਲੇਖ ਲਿਖਿਆ ਹੋਇਆ ਸੀ (ਮੇਰੀ ਸਿਆਣਪ ਚਾਤੁਰੀ ਨਹੀਂ ਹੈ)॥ ੬ ॥ ੧੪ ॥ ੨੧ ॥

[ਆਸਾ ਮਹਲਾ ੫, ਛੰਤ ੧-੨੨]

ੴ ਸਤਿਗੁਰ ਪ੍ਰਸਾਦਿ ॥ ਰਾਗੁ ਆਸਾ ਮਹਲਾ ੫ ਛੰਤ ਘਰੁ ੧

ਮੂਲ

ਅਨਦੋ ਅਨਦੁ ਘਣਾ ਮੈ ਸੋ ਪ੍ਰਭੁ ਡੀਠਾ ਰਾਮ ॥ ਚਾਖਿਅੜਾ ਚਾਖਿਅੜਾ ਮੈ ਹਰਿ ਰਸੁ ਮੀਠਾ ਰਾਮ॥ ਹਰਿ ਰਸੁ ਮੀਠਾ ਮਨ ਮਹਿ ਵੂਠਾ ਸਤਿਗੁਰੁ ਤੂਠਾ ਸਹਜੁ ਭਇਆ॥ ਗ੍ਰਿਹੁ ਵਸਿ ਆਇਆ ਮੰਗਲੁ ਗਾਇਆ ਪੰਚ ਦੁਸਟ ਓਇ ਭਾਗਿ ਗਇਆ ॥ ਸੀਤਲ ਆਘਾਣੇ ਅੰਮ੍ਰਿਤ ਬਾਣੇ ਸਾਜਨ ਸੰਤ ਬਸੀਠਾ॥ ਕਹੁ ਨਾਨਕ ਹਰਿ ਸਿਉ ਮਨੁ ਮਾਨਿਆ ਸੋ ਪ੍ਰਭੁ ਨੈਣੀ ਡੀਠਾ ॥੧॥

ਅਰਥ

ਹੇ ਰਾਮ ! ਮੈਂ ਉਹ ਪ੍ਰਭੂ ਦੇਖ ਲਿਆ ਹੈ, (ਹੁਣ) ਵੱਧ ਤੋਂ ਵੱਧ ਆਨੰਦ ਹੀ ਆਨੰਦ (ਹੋ ਰਿਹਾ ਹੈ)। ਹਾਂ, ਹਰੀ ਮਿਲਾਪ ਦਾ ਮਿੱਠਾ ਰਸ, ਹੇ ਰਾਮ ! ਚੱਖ ਲਿਆ ਹੈ, (ਸਚਮੁਚ) ਚੱਖ ਲਿਆ ਹੈ। (ਕੇਵਲ ਚੱਖਿਆ ਹੀ ਨਹੀਂ, ਉਹ) ਮਿੱਠਾ ਹਰੀ ਰਸ ਸਤਿਗੁਰੂ ਜਦੋਂ ਤ੍ਰੁੱਠ ਪਿਆ (ਤਾਂ ਮੇਰੇ) ਮਨ ਵਿਚ ਬੀ ਵੱਸ ਗਿਆ ਤੇ ਸਹਜ (ਅਵਸਥਾ) ਪ੍ਰਾਪਤ ਹੋ ਗਈ। (ਹੋਰ ਸਤਿਗੁਰ ਤ੍ਰੁੱਠੇ ਦਾ ਫਲ ਤੇ ਸਹਜ ਅਵਸਥਾ ਦੀ ਪ੍ਰਾਪਤੀ ਦਾ ਲੱਛਣ ਇਹ ਪ੍ਰਗਟਿਆ ਹੈ ਕਿ) ਸਰੀਰ ਵਿਚੋਂ ਓਹ ਪੰਜ ਦੁਸ਼ਟ ਨੱਸ ਗਏ ਹਨ, ਗ੍ਰਿਹੁ ਵੱਸ ਵਿਚ ਆ ਗਿਆ ਹੈ ਤੇ ਮੰਗਲਾਚਾਰ ਦੇ ਗੀਤ ਗਾਏ ਜਾ ਰਹੇ ਹਨ। ਸੀਤਲ (ਹੋ ਗਏ ਹਾਂ), ਤ੍ਰਿਪਤ ਹੋ ਗਏ ਹਾਂ; (ਬਾਹਰ ਇਹ ਅਸਰ ਹੋਇਆ ਹੈ ਕਿ) ਸੰਤ (ਲੋਕ ਜੋ ਦਰਗਾਹ ਦੇ) ਵਕੀਲ ਹਨ ਤੇ ਮਿੱਠੀਆਂ ਬਾਣੀਆਂ ਵਾਲੇ ਹਨ, ਸੱਜਣ ਬਣ ਗਏ ਹਨ। ਕਹਿੰਦੇ ਹਨ (ਗੁਰੂ) ਨਾਨਕ (ਦੇਵ ਜੀ) ਹਰੀ ਨਾਲ ਮਨ ਪਤੀਜ ਗਿਆ ਹੈ, (ਕਿਉਂਕਿ) ਉਹ (ਹਰੀ) ਪ੍ਰਭੂ ਅੱਖਾਂ ਨਾਲ ਵੇਖ ਲਿਆ ਹੈ॥ ੧॥

ਸੋਹਿਅੜੇ ਸੋਹਿਅੜੇ ਮੇਰੇ ਬੰਕ ਦੁਆਰੇ ਰਾਮ ॥ ਪਾਹੁਨੜੇ ਪਾਹੁਨੜੇ ਮੇਰੇ ਸੰਤ ਪਿਆਰੇ ਰਾਮ ॥ ਸੰਤ ਪਿਆਰੇ ਕਾਰਜ ਸਾਰੇ ਨਮਸਕਾਰ ਕਰਿ ਲਗੇ ਸੇਵਾ ॥ ਆਪੇ ਜਾਞੀ ਆਪੇ ਮਾਞੀ ਆਪਿ ਸੁਆਮੀ ਆਪਿ ਦੇਵਾ ॥ ਅਪਣਾ ਕਾਰਜੁ ਆਪਿ ਸਵਾਰੇ ਆਪੇ ਧਾਰਨ ਧਾਰੇ ॥ ਕਹੁ

[ਹੁਣ ਆਤਮਕ ਵਿਆਹ ਹੋ ਚੁਕੇ ਦੀ ਪਹਿਲੀ ਹਾਲਤ ਦੱਸਦੇ ਹਨ] ਹੇ ਰਾਮ ! ਮੇਰੇ ਸੁੰਦਰ ਦੁਆਰੇ ਸੁਹਣੇ (ਤੋਂ ਹੋਰ) ਸੁਹਣੇ ਹੋ ਗਏ (ਜਦੋਂ) ਮੇਰੇ ਪ੍ਰਾਹੁਣੇ (ਹਾਂ ਮੇਰੇ ਪ੍ਰਾਹੁਣੇ ਰਾਮ ਪਜਾਰੇ ਸੰਤ (ਲੋਕ ਆ ਗਏ)। (ਇਨ੍ਹਾਂ) ਪਿਆਰੇ ਸੰਤਾਂ ਨੇ (ਸਾਰੇ) ਕੰਮ ਸੁਆਰੇ,(ਪਰ ਅਸੀਂ ਉਨ੍ਹਾਂ ਸੰਤਾਂ ਨੂੰ) ਨਮਸਕਾਰ ਕਰਕੇ (ਉਨ੍ਹਾਂ ਦੀ) ਸੇਵਾ ਵਿਚ ਲਗ ਪਏ। (ਮੂਲਕ ਗੱਲ ਇਹ ਹੈ) ਆਪ ਹੀ ਜਾਂਞੀ ਹੈ ਤੇ ਆਪ ਹੀ ਮਾਂਞੀ ਹੈ, ਆਪ ਹੀ ਦੂਲੋ ਹੈ ਤੇ ਆਪ ਹੀ (ਵਿਆਹ ਮਰਯਾਦਾ ਦਾ ਸਾਖੀ) ਦੇਵਤਾ ਹੈ। ਆਪਣਾ ਕਾਰਜ ਆਪ ਹੀ ਸੁਆਰਦਾ ਹੈ, ਤੇ ਆਪ ਹੀ (ਆਪਣੀ ਵਿਆਹ ਨਾਲ ਰਚੀ) ਰਚਨਾ ਨੂੰ ਸੰਭਾਲਦਾ ਹੈ। ਕਹਿੰਦੇ ਹਨ

ਨਾਨਕ ਸਹੁ ਘਰ ਮਹਿ ਬੈਠਾ ਸੋਹੇ ਬੰਕ ਦੁਆਰੇ ॥੨॥

(ਗੁਰੂ) ਨਾਨਕ (ਦੇਵ ਜੀ ਹੁਣ) ਪਤੀ (ਮੇਰੇ) ਘਰ ਵਿਚ ਬਿਰਾਜਮਾਨ ਹੈ (ਤੇ ਮੇਰੇ) ਬਾਂਕੇ ਦੁਆਰੇ ਸੁਭਾਇਮਾਨ ਹੋ ਰਹੇ ਹਨ॥ ੨॥

ਨਵ ਨਿਧੇ ਨਉ ਨਿਧੇ ਮੇਰੇ ਘਰ ਮਹਿ ਆਈ ਰਾਮ ॥ ਸਭੁ ਕਿਛੁ ਮੈ ਸਭੁ ਕਿਛੁ ਪਾਇਆ ਨਾਮੁ ਧਿਆਈ ਰਾਮ ॥ ਨਾਮੁ ਧਿਆਈ ਸਦਾ ਸਖਾਈ ਸਹਜ ਸੁਭਾਈ ਗੋਵਿੰਦਾ ॥ ਗਣਤ ਮਿਟਾਈ ਚੂਕੀ ਧਾਈ ਕਦੇ ਨ ਵਿਆਪੈ ਮਨ ਚਿੰਦਾ ॥ ਗੋਵਿੰਦ ਗਾਜੇ ਅਨਹਦ ਵਾਜੇ ਅਚਰਜ ਸੋਭ ਬਣਾਈ॥ ਕਹੁ ਨਾਨਕ ਪਿਰੁ ਮੇਰੈ ਸੰਗੇ ਤਾ ਮੈ ਨਵ ਨਿਧਿ ਪਾਈ ॥੩॥

[ਹੁਣ ਵਾਹਿਗੁਰੂ ਨੂੰ ਪ੍ਰਾਪਤ ਪੁਰਖ ਦੀ ਪ੍ਰਾਪਤ ਤੇ ਤ੍ਰਿਪਤੀ ਵਾਲੀ ਅਵਸਥਾ ਦਾ ਵਰਣਨ ਕਰਦੇ ਹਨ] (ਹੁਣ ਇਸ ਤਰ੍ਹਾਂ ਸ਼ਹੁ ਦੇ ਘਰ ਵਿਚ ਸਦਾ ਬਿਰਾਜਮਾਨ ਰਹਿਣੇ ਨਾਲ) ਹੇ ਰਾਮ ! ਮੇਰੇ ਘਰ ਵਿਚ ਨੌਂ ਨਿਧੀ (ਹਾਂ) ਨੌਂ ਨਿਧੀ ਆ ਗਈ ਹੈ। ਮੈਂ ਸਭ ਕੁਛ (ਹਾਂ) ਸੱਭੋ ਕੁਛ ਪ੍ਰਾਪਤ ਕਰ ਲਿਆ ਹੈ, (ਪਰ ਫੇਰ ਬੀ) ਨਾਮ ਧਿਆ ਰਹੀ ਹਾਂ। ਹਾਂ, ਨਾਮ ਧਿਆ ਰਹੀ ਹਾਂ, (ਕਿਉਂਕਿ ਇਹ ਨਾਮ) ਸਦੈਵੀ ਮਿਤ੍ਰ ਹੈ ਤੇ ਗੋਵਿੰਦ ਸਹਜ ਸੁਭਾਵਕ (ਲੱਖਤਾ ਵਿਚ ਸੁਭਾਇਮਾਨ ਹੈ)। (ਜਿਸਨੇ ਕਰਮਾਂ ਦੀ) ਗੇਣਤੀ ਮੇਟ ਦਿੱਤੀ ਹੈ, (ਜਨਮ ਮਰਨ ਦੀ) ਦੌੜ ਮੁੱਕ ਗਈ ਹੈ, ਮਨ ਨੂੰ (ਹੁਣ) ਚਿੰਤਾ ਕਦੇ ਨਹੀਂ ਵਿਆਪਦੀ। ਅਨਹਦ (ਵਾਜੇ) ਵੱਜੇ, (ਇਹ) ਗੋਬਿੰਦ ਗੱਜ ਰਿਹਾ ਹੈ, (ਜਿਸਦੀ) ਸ਼ੋਭਾ ਅਚਰਜ ਬਣ ਰਹੀ ਹੈ। ਕਹਿੰਦੇ ਹਨ (ਗੁਰੂ) ਨਾਨਕ (ਦੇਵ ਜੀ) ਪਤੀ (ਜਦੋਂ) ਮੇਰੇ ਨਾਲ ਹੈ ਤਦ ਮੈਂ ਨਉ ਨਿਧੀ ਪਾ ਲਈ ਹੈ॥ ੩॥

ਸਰਸਿਅੜੇ ਸਰਸਿਅੜੇ ਮੇਰੇ ਭਾਈ ਸਭ ਮੀਤਾ ਰਾਮ ॥ ਬਿਖਮੋ ਬਿਖਮੁ ਅਖਾੜਾ ਮੈ ਗੁਰ ਮਿਲਿ ਜੀਤਾ ਰਾਮ॥ ਗੁਰ ਮਿਲਿ ਜੀਤਾ ਹਰਿ ਹਰਿ ਕੀਤਾ ਤੂਟੀ ਭੀਤਾ ਭਰਮ ਗੜਾ॥ ਪਾਇਆ ਖਜਾਨਾ ਬਹੁਤੁ ਨਿਧਾਨਾ ਸਾਣਥ ਮੇਰੀ ਆਪਿ ਖੜਾ ॥ ਸੋਈ ਸੁਗਿਆਨਾ ਸੋ ਪਰਧਾਨਾ ਜੋ ਪ੍ਰਭਿ ਅਪਨਾ ਕੀਤਾ ॥ ਕਹੁ ਨਾਨਕ ਜਾਂ ਵਲਿ ਸੁਆਮੀ ਤਾ ਸਰਸੇ ਭਾਈ ਮੀਤਾ ॥੪॥੧॥

[ਹੁਣ ਕਾਮਯਾਬ ਵਿਵਾਹ ਦਾ ਹੀ ਦ੍ਰਿਸ਼ਟਾਂਤ ਲੈਕੇ ਵਾਹਿਗੁਰੂ ਨੂੰ ਪ੍ਰਾਪਤ ਪੁਰਖ ਦੀ ਵਿਸ਼ੇਸ਼ ਹਾਲਤ ਵਰਣਨ ਕਰਦੇ ਹਨ] ਹੇ ਰਾਮ ! ਮੇਰੇ ਭਾਈ ਤੇ ਮਿਤ੍ਰ ਸਾਰੇ ਪ੍ਰਸੰਨ (ਹਾਂ) ਪ੍ਰਸੰਨ ਹੋ ਗਏ ਹਨ। ਮੈਂ ਗੁਰੂ ਨਾਲ ਮਿਲਕੇ ਔਖੇ ਤੋਂ ਔਖਾ ਜੁੱਧ ਛੇੜ੍ਹ ਜਿੱਤ ਲਿਆ ਹੈ। (ਕਿਵੇਂ?) ਗੁਰੂ ਨੂੰ ਮਿਲਕੇ ਹਰੀਹਰਿ (ਨਾਮ ਦਾ ਸਿਮਰਨ) ਕੀਤਾ, ਭਰਮ ਦੇ ਕਿਲ੍ਹੇ ਦੀ ਕੰਧ ਟੁੱਟ ਗਈ, (ਐਉਂ) ਜਿੱਤ ਲਿਆ, (ਤਦ ਜਿੱਤੇ ਕਿਲ੍ਹੇ ਵਿਚੋਂ) ਖ਼ਜ਼ਾਨਾ ਮਿਲ ਗਿਆ। (ਇਹ ਖ਼ਜ਼ਾਨਾ) ਬਹੁਤੀਆਂ ਨਿਧੀਆਂ (ਦਾ ਘਰ ਹੈ, ਇਸ ਦੀ ਰਾਖੀ ਲਈ ਹੁਣ ਪ੍ਰਭੂ) ਆਪ ਮੇਰੀ ਮਦੱਦ ਨੂੰ ਖੜਾ ਹੈ। (ਮੂਲਕ ਗੱਲ ਇਹ ਹੈ ਕਿ) ਉਹੀ ਗਜਾਨ ਵਾਲਾ ਹੈ, ਉਹੀ ਸ੍ਰੇਸ਼ਟ ਹੈ, ਜਿਸ ਨੂੰ ਪ੍ਰਭੂ ਨੇ ਅਪਣਾ ਲਿਆ ਹੈ। ਕਹਿੰਦੇ ਹਨ (ਗੁਰੂ) ਨਾਨਕ (ਦੇਵ ਜੀ) ਜਦੋਂ ਵਾਹਿਗੁਰੂ (ਆਪਣੇ) ਵੱਲ ਦਾ ਹੋ ਗਿਆ ਤਾਂ (ਸਾਰੇ) ਭਾਈ ਤੇ ਮਿਤ੍ਰ ਪ੍ਰਸੰਨ ਹੋ ਗਏ॥ ੪॥ ੧॥

ਵਯਾਖਯਾ—ਅੰਕ ੧ ਵਿਚ ਵਾਹਿਗੁਰੂ ਨੂੰ ਪ੍ਰਾਪਤ ਮਹਾਂ ਪੁਰਖ ਦਾ ਆਨੰਦਮਯ ਤੇ ਆਨੰਦ ਰੂਪਾ ਹੋ ਜਾਣਾ ਵਰਣਨ ਕੀਤਾ ਹੈ। ਜੋ ਪਹਿਲੋਂ ਪਰਮ ਉੱਚੀ ਹਾਲਤ ਆਨੰਦ ਨੂੰ ਲਿਆ ਹੈ। ਜੇ ਚਾਹੀਏ ਕਿ ਵਿਚ ਸ਼ੁਰੂ ਕਿਵੇਂ ਹੋਈ ਪ੍ਰਾਪਤੀ ਤਾਂ ਪਹਿਲੇ ਸਤਿਗੁਰੂ ਦੀ ਮਿਹਰ ਹੋਈ। ਇਹ ਵਿਚ ਲੁਪਤੀ ਹੈ ਕਿ ਉਸ ਨੇ ਨਾਮ ਦਿੱਤਾ ਤੇ ਅਸੀਸ ਦਿਤੀ, ਜਿਸ ਕਰਕੇ ਹਰੀ ਨਾਮ ਦਾ ਰਸ ਪ੍ਰਾਪਤ ਹੋਇਆ। ਇਹ ਰਸ ਮਨ ਵਿਚ ਵੱਸ ਪਿਆ, ਜਿਸ ਕਰਕੇ ਸਹਜ ਅਵਸਥਾ ਯਾ ਗਿਆਨ ਪ੍ਰਾਪਤ ਹੋ ਗਿਆ। ਇਹ ਗਿਆਨ ਮਨੋ ਵਿਗਜਾਨ ਮਾਤ੍ਰ ਨਹੀਂ ਸੀ, ਇਹ ਵਾਹਿਗੁਰੂ ਜੀ ਦੇ ਪ੍ਰਤੱਖ ਦਰਸ਼ਨ ਸਨ, ਉਸ ਮਾਲਕ ਪ੍ਰੀਤਮ ਦਾ ਸਾਖਜਾਤਕਾਰ ਸੀ। ਸਾਖਜਾਤਕਾਰਤਾ ਬੀ ਨਿਰੀ ਯੁਕਤੀਆਂ ਦੇ ਸਿੱਧਾਂਤ ਮਾਤ੍ਰ ਨਹੀਂ ਸਨ ਉਹ ਸੀ

ਆਨੰਦਮਯਤਾ। ਉਹ ਆਨੰਦਮਯਤਾ ਕੇਵਲ ਨਿਰਾ ਮਾਨਸਕ ਕਿ ਬੁਧੀ ਦਾ, ਕਿ ਸਤੋ ਭਾਵ ਦਾ, ਆਨੰਦ ਨਹੀਂ ਸੀ, ਉਹ ਤਾਂ 'ਆਨੰਦ ਰੂਪਤਾ' ਸੀ, ਇਸ ਕਰਕੇ ਉਸ ਨੂੰ 'ਅਨੰਦੁ ਘਣਾ' ਕਿਹਾ ਹੈ।

ਹੁਣ ਪੁੱਛ ਹੁੰਦੀ ਹੈ ਕਿ ਬਹੁਤ ਸੁੰਦਰ ਗਲ ਹੋਈ। ਇਹ ਅੰਤਰ ਲੱਖਤਾ ਪ੍ਰਤੱਖ ਦਰਸ਼ਨ ਪਰਮਪਦ ਦੀ ਪ੍ਰਾਪਤੀ ਹੈ। ਮਿਹਰ ਕਰਕੇ ਦੱਸੋ ਕਿ ਸਰੀਰ ਦਾ, ਇੰਦ੍ਰਿਆਂ ਦਾ ਕੀਹ ਹਾਲ ਹੋਇਆ? ਕਿਉਂਕਿ ਜਗਜਾਸੂ ਅਗੇ ਇਸ ਪੱਖ ਤੋਂ ਔਖ ਖੜੇ ਹੁੰਦੇ ਰਹਿੰਦੇ ਹਨ। ਤਾਂ ਉੱਤਰ ਦੇਂਦੇ ਹਨ: 'ਗ੍ਰਿਹੁ ਵਸਿ ਆਇਆ'=ਇਹ ਸਰੀਰ ਸਾਰਾ ਵੱਸ ਵਿਚ ਕਾਬੂ ਹੋ ਗਿਆ ਹੈ, ਤੇ ਪੰਚ ਦੁਸ਼ਟ: ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਇਸ ਤਰ੍ਹਾਂ ਕਾਬੂ ਹੋਏ ਕਿ ਮਾਨੋ ਨੱਸ ਹੀ ਗਏ। ਅਰਥਾਤ ਉਹਨਾਂ ਨੇ ਸਿਰ ਪਟਣਾ ਹੀ ਛਡ ਦਿਤਾ ਹੈ। ਕਾਬੂ ਰੱਖਣ ਦੇ ਯਤਨ ਦੀ ਬੀ ਲੋੜ ਚੁਕ ਗਈ ਹੈ। ਸਰੀਰ ਤੇ ਇੰਦ੍ਰਿਆਂ ਦੇ ਪ੍ਰੇਰਕ ਸਰਦਾਰ ਅੰਤਹਕਰਣ ਹਨ ਸੋ ਸਤੋ ਗੁਣ ਵਿਚ ਰਹਿੰਦੇ ਹਨ, ਠੰਢੇ ਠਾਰ; ਓਹ ਤ੍ਰਿਪਤ ਰਹਿੰਦੇ ਹਨ ਅੰਤ੍ਰੀਵ ਆਨੰਦਤਾ ਕਰਕੇ।

ਹੁਣ ਦੋ ਸੰਬੰਧ ਸਿਧ ਹੋ ਗਏ, ਇਕ ਵਾਹਿਗੁਰੂ ਜੀ ਨਾਲ, ਇਕ ਅਪਣੇ ਸਰੀਰ ਇੰਦ੍ਰਿਆਂ ਤੇ ਅੰਤਹਕਰਣ ਨਾਲ। ਤੀਸਰਾ ਸੰਬੰਧ ਸਾਡਾ ਜਗਤ ਨਾਲ ਹੈ, ਉਸ ਦੀ ਪੁੱਛ ਦਾ ਉੱਤਰ ਇਹ ਹੈ 'ਅੰਮ੍ਰਿਤ ਬਾਣੇ' ਤੇ 'ਬਸੀਠ' ਸੰਤ ਸਜਣ ਬਣ ਗਏ ਹਨ। ਭਾਵ ਜਗਤ ਨਾਲ ਇਹ ਸੰਬੰਧ ਪਿਆ ਕਿ ਮਿੱਠੀਆਂ (ਨਾਮ ਰਸ ਦੀਆਂ) ਗੱਲਾਂ ਕਰਨ ਵਾਲੇ ਸੰਤ, ਜੋ ਦੁਨੀਆਂ ਨੂੰ ਸਾਈਂ ਨਾਲ ਮੇਲਦੇ ਹਨ, ਸਾਡੇ ਸਤਿਸੰਗ ਨਾਲ ਪੈਦਾ ਹੋ ਗਏ ਹਨ ਤੇ ਸਜਣ ਬਣ ਗਏ ਹਨ। ਭਾਵ ਨਾਮ ਪ੍ਰਚਾਰ ਦੇ ਕੰਮ ਵਿਚ ਸਹਾਯਕ ਹਨ।

ਇਸ ਅੱਧੀ ਤੁਕ ਦੇ ਅਰਥ ਭਾਵ ਤੇ ਕੁਛ ਮਤਿ ਭੇਦ ਹੈ ਜੋ ਐਉਂ ਦਾ ਹੈ:-

(੧) ਸੀਤਲ ਬਾਣੀ ਕਰਕੇ ਅੰਤਹਕਰਣ ਸੰਤੁਸ਼ਟ ਹੋ ਗਏ ਹਨ ਅਤੇ (ਗੁਰੂ ਰੂਪੀ) ਸੰਤ ਜੋ (ਮੇਰਾ ਪੂਰਨ) ਸਜਣ ਹੈ, ਪ੍ਰਭੂ ਮਿਲਾਪ ਵਿਚ ਮੇਰਾ ਵਕੀਲ ਬਣ ਗਿਆ ਹੈ।

(੨) ਮਿਤ੍ਰ ਗੁਰੂ ਦੀ ਅੰਮ੍ਰਿਤ ਬਾਣੀ ਨਾਲ ਅੰਤਹਕਰਣ ਸੰਤੁਸ਼ਟ ਹੋ ਗਏ ਜੋ ਗੁਰੂ ਕਿ ਹਰੀ ਮਿਲਾਪ ਦਾ ਸਜਣ ਤੇ ਵਕੀਲ ਹੈ, ਆਦਿ।

ਚੌਥੀ ਸਤਰ ਵਿਚ 'ਗ੍ਰਿਹੁ ਵਸਿ ਆਇਆ' ਫੁਰਮਾਇਆ ਸੀ ਉਸ ਦਾ ਅਰਥ ਬੀ ਕਈ ਦਾਨੇ: ਗ੍ਰਿਹੁ=ਇਸ ਸਰੀਰ ਯਾ ਮਨ ਦਾ ਮਾਲਕ, ਕਰ ਰਹੇ ਹਨ। ਪਰ ਗ੍ਰਿਹੁ ਵਸ ਕਰਨੇ ਦਾ ਭਾਵ ਸਰੀਰ ਕਾਬੂ ਹੋ ਜਾਨਾ ਹੋਰ ਥਾਈਂ ਬੀ ਗੁਰਬਾਣੀ ਵਿਚ ਆਇਆ ਹੈ। ਯਥਾ:-

ਤੂੰ ਠਾਕੁਰ ਇਹੁ ਗ੍ਰਿਹ ਸਭੁ ਤੇਰਾ॥ [ਬਿਭਾਸ ਪ੍ਰਭਾਤੀ ਮਹਲਾ ੫, ਅਸਟ:-੧]
ਪੁਨਾ:-ਗ੍ਰਿਹੁ ਤੇਰਾ ਤੂੰ ਠਾਕੁਰ ਮੇਰਾ ਗੁਰਿ ਹਉ ਖੋਈ ਪ੍ਰਭੁ ਦੀਨਾ॥ [ਸਾਰਗ ਮਹਲਾ ੫-੩੩]

ਅੰਕ ੨-ਇਸ ਵਿਚ ਆਕੇ ਸਪਸ਼ਟ ਹੋ ਜਾਂਦਾ ਹੈ ਕਿ ਸ਼ਬਦ ਵਿਚ ਪ੍ਰਤਖ ਯਾ ਲੁਪਤੀ ਵਿਚ ਅਲੰਕਾਰ ਵਿਵਾਹ ਦਾ ਚੱਲ ਰਿਹਾ ਹੈ, ਪਰ ਇਸ ਵਿਚ ਜ਼ਿਕਰ ਪਹਿਲੀ ਜਗਜਾਸਾ ਅਵਸਥਾ ਦੇ ਸਿਰੇ ਚੜ੍ਹਨ ਦਾ ਹੈ। ਚੜ੍ਹੀ ਹੋਈ ਪ੍ਰਾਪਤ ਯਥਾਰਥਾ ਅਵਸਥਾ ਅੰਕ ੧ ਵਿਚ ਆ ਚੁਕੀ ਹੈ, ਇਥੇ ਕਿਸੇ ਧੇਤੇ ਘਰ ਵਿਚ ਵਿਵਾਹ ਦੀ ਤਿਆਰੀ ਤੇ ਸੇਵਾ ਆਦਿ ਕਾਰਜਾਂ ਦੀ ਬੋਲੀ ਵਿਚ ਮਾਈ ਸੰਤ ਦੱਸੇ ਹਨ ਜੋ ਸਾਰੇ ਕੰਮ ਸੁਆਰਦੇ ਹਨ।

ਏਥੇ ਫੇਰ ਕਾਰਣਾਂ ਦੇ ਕਾਰਣ ਪ੍ਰਭੂ ਨੂੰ ਲੈਂਦੇ ਹਨ ਕਿ ਜਾਵੀ ਮਾਵੀ ਲਾੜਾ ਤੇ ਵਿਵਾਹ ਦਾ ਅਧਿਸ਼ਟਾਤਾ ਦੇਵਤਾ ਅਗਨੀ ਆਦਿ ਯਾ ਪ੍ਰੋਹਿਤ ਸਭ ਕੁਛ ਆਪ ਹੀ ਹੈ।

ਕਈ ਦਾਨੇ ਸਜਣ ਏਥੇ ਆਪੇ ਦਾ ਅਰਥ 'ਸੰਤ ਪਿਆਰੇ' ਲੈਂਦੇ ਹਨ ਕਿ ਪ੍ਰਭੂ ਨਾਲ ਅਭੇਦ ਸੰਤ ਜਾਵੀ ਮਾਵੀ ਲਾੜਾ ਤੇ ਲਾੜੀ ਯਾ ਪ੍ਰੋਹਿਤ ਆਪ ਹੀ ਹਨ। ਪ੍ਰਭੂ ਨਾਲ ਅਭੇਦ ਮੰਨਕੇ ਸੰਤ ਨੂੰ ਪ੍ਰਭੂ ਰੂਪ ਹੀ ਵਰਣਨ ਕਰਦੇ ਹਨ।

ਛੇਕੜਲੀ ਤੁਕ ਦੱਸਦੀ ਹੈ ਕਿ ਲਾੜਾ ਲਾੜੀ ਦੇ ਘਰ ਵਿਚ ਪਹੁੰਚ ਗਿਆ ਹੈ ਤੇ ਵਿਵਾਹ ਹੋ

ਗਿਆ ਹੈ। ਅਰਥਾਤ ਜਗਜਾਸੂ ਨੂੰ ਪ੍ਰਭੂ ਪ੍ਰਾਪਤੀ ਹੋ ਚੁਕੀ ਹੈ।

ਅੰਕ ੩-ਇਹ ਪ੍ਰਾਪਤੀ ਨੌਂ ਨਿਧਾਂ ਦੀਆਂ ਬੀ ਨੌਂ ਨਿਧੀ ਅਰਥਾਤ ਅਤਿ ਕੀਮਤੀ ਹੈ। ਹੁਣ ਇਸ ਤੋਂ ਪਹਿਲਾਂ ਉਪਾਉ ਜੋ ਕੀਤਾ ਸੀ ਸੋ ਦੱਸਦੇ ਹਨ: ਕਿ ਨਾਮ ਨਾਲ ਇਹ ਕੁਛ ਲੱਧਾ ਹੈ। ਉਸ ਪ੍ਰਾਪਤੀ ਦਾ ਵੇਰਵਾ ਦੱਸਦੇ ਹਨ:-

੧. ਸਹਜ ਸੁਭਾ ਗੋਵਿੰਦ ਦੀ ਪ੍ਰਾਪਤੀ। ਇਹ ਪ੍ਰਾਪਤੀ ਯਤਨ ਸਾਧਜ ਨਹੀਂ ਰਹੀ, ਸੁਤੇ ਸਿਧ ਹੋ ਗਈ ਹੈ।

੨. ਲੇਖਾ ਮੁੱਕ ਗਿਆ ਹੈ; ਆਪਣੇ ਆਪ-'ਬ੍ਰਹਮ ਗਿਆਨੀ ਕੈ ਹੋਇ ਸੁ ਭਲਾ' ਹੋ ਗਿਆ ਹੈ। ਹੁਣ ਗਿਣ ਗਿਣਕੇ ਕਰਮ ਨਹੀਂ ਕਰੀਦੇ। ਮਾੜੇ ਹੁੰਦੇ ਹੀ ਨਹੀਂ। ਦੂਸਰੇ ਇਹ ਕਿ ਜਿਸ ਕਰਮ ਗਿਣਤੀ ਨੇ ਜਨਮ ਮਰਨ ਦੇਣਾ ਸੀ ਉਹ ਮਿਟ ਗਈ ਹੈ।

ਧਰਮ ਰਾਇ ਦਰਿ ਕਾਗਦ ਫਾਰੇ ਜਨ ਨਾਨਕ ਲੇਖਾ ਸਮਝਾ॥ [ਜੈਤਸਰੀ ਮਹਲਾ ੪-੫]

ਚੂਕੀ ਧਾਈ-ਸਭ ਕੁਛ ਨਿਰਯਤਨ ਹੋ ਗਿਆ। ਅਥਵਾ ਜਨਮ ਮਰਨ ਦੀ ਦੌੜ ਭੱਜ ਮੁੱਕ ਗਈ। ਅਥਵਾ ਸੰਕਲਪ ਵਿਕਲਪ ਦੀ ਧਾਵਨਾ ਮਿਟ ਗਈ।

ਅੰਕ ੪ ਵਿਚ ਦੱਸਿਆ ਹੈ ਕਿ ਪ੍ਰਾਪਤ ਅਵਸਥਾ ਦਾ ਜਗਤ ਤੇ ਕੀਹ ਅਸਰ ਪਿਆ। ਜਿਵੇਂ ਵਿਵਾਹ ਸ਼ੁਭ ਤਰ੍ਹਾਂ ਹੋ ਜਾਣ ਤੇ ਧੇਤੇ ਪੁਤੇਤੇ ਦੇ ਸਾਕ ਸਨਬੰਧੀ ਖੁਸ਼ ਹੁੰਦੇ ਤੇ ਵਧਾਈਆਂ ਦੇਂਦੇ ਹਨ, ਏਥੇ ਸਤਿਸੰਗੀ ਸਾਕ ਤੇ ਮਿਤ੍ਰ ਖੁਸ਼ ਹੋਏ ਹਨ।

ਦੂਜੀ ਸਤਰ ਵਿਚ ਗੁਰੂ ਦਾ ਸ਼ੁਕਰਾਨਾ ਹੈ, ਫੇਰ ਅਕਾਲ ਪੁਰਖ ਦਾ ਸ਼ੁਕਰਾਨਾ ਹੈ ਕਿ ਸਭ ਕੁਛ ਉਸ ਦੀ ਮੇਹਰ ਦਾ ਸਦਕਾ ਹੈ, ਤੇ ਅੰਤ ਵਿਚ ਦੱਸਿਆ ਹੈ ਕਿ ਜੇ ਪ੍ਰਭੂ ਵੱਲ ਹੈ ਤਾਂ ਭਾਈ ਮ੍ਰਿਤ ਬੀ ਸਾਰੇ ਖੁਸ਼ ਹਨ। ਭਾਵ ਇਹ ਹੈ ਕਿ ਇਹ ਜਗਤ ਵਧਾਈ ਬੀ ਉਸੇ ਦੀ ਮੇਹਰ ਦਾ ਫਲ ਹੈ। ਇਹ ਤੇ ਹੋਰ ਸਾਰੀਆਂ ਪ੍ਰਾਪਤੀਆਂ ਦਾ ਮੂਲ ਪ੍ਰਭੂ ਦੀ ਅਪਣੀ ਮੇਹਰ ਹੈ।

ਨਿਰੁਕ੍ਤ-ਵਜਾਖਜਾ ਵਿਚ ਲਗਦੇ ਹੱਥ ਆ ਗਈ ਹੈ।

[ਆਸਾ ਮਹਲਾ ੫, ਛੰਤ, ੨-੨੩]

ਮੂਲ

ਆਸਾ ਮਹਲਾ ੫ ॥

ਅਕਥਾ ਹਰਿ ਅਕਥ ਕਥਾ ਕਿਛੁ ਜਾਇ ਨ ਜਾਣੀ ਰਾਮ ॥ ਸੁਰਿ ਨਰ ਸੁਰਿ ਨਰ ਮੁਨਿ ਜਨ ਸਹਜਿ ਵਖਾਣੀ ਰਾਮ ॥ ਸਹਜੇ ਵਖਾਣੀ ਅਮਿਉ ਬਾਣੀ ਚਰਣ ਕਮਲ ਰੰਗੁ ਲਾਇਆ ॥ ਜਪਿ ਏਕੁ ਅਲਖੁ ਪ੍ਰਭੁ ਨਿਰੰਜਨੁ ਮਨ ਚਿੰਦਿਆ ਫਲੁ ਪਾਇਆ॥ ਤਜਿ ਮਾਨੁ ਮੋਹੁ ਵਿਕਾਰੁ ਦੂਜਾ ਜੋਤੀ ਜੋਤਿ ਸਮਾਣੀ ॥ ਬਿਨਵੰਤਿ ਨਾਨਕ ਗੁਰ ਪ੍ਰਸਾਦੀ ਸਦਾ

ਅਰਥ

ਵਾਹਿਗੁਰੂ ਵਰਣਨ ਨਹੀਂ ਕੀਤਾ ਜਾ ਸਕਦਾ (ਇਸ ਕਰਕੇ) ਉਸ ਦੀ ਕਥਾ ਬੀ ਕਹੀ ਨਹੀਂ ਜਾ ਸਕਦੀ, ਨਾ ਹੀ (ਉਹ ਕਥਾ ਕਥਨ ਕੀਤੇ ਮਾਤ੍ਰ ਨਾਲ) ਕੁਛ ਜਾਣੀ ਜਾ ਸਕਦੀ ਹੈ। ਦੇਵਤਾ ਪੁਰਖਾਂ ਨੇ, ਸ੍ਰੇਸ਼ਟ ਜਨਾਂ ਨੇ, ਮੁਨੀ ਜਨਾਂ ਨੇ ਵਰਣਨ ਕੀਤੀ ਹੈ, (ਪਰ ਉਹ) ਸਹਜ ਵਿਚ (ਵਰਣਨ ਕੀਤੀ ਹੈ)। ਉਹ ਸਹਜ ਨਾਲ ਵਰਣਨ ਕੀਤੀ ਹੋਈ ਬਾਣੀ (ਬੀ) ਅੰਮ੍ਰਿਤ (ਵਾਂਙੂ ਮਿੱਠੀ) ਬਾਣੀ ਹੈ, (ਕਿਉਂਕਿ ਵਰਣਨ ਕਰਨ ਵਾਲਿਆਂ ਨੇ ਵਾਹਿਗੁਰੂ ਦੇ) ਚਰਨਾਂ ਕਮਲਾਂ ਨਾਲ ਚਿਤ ਲਾਇਆ ਹੋਇਆ ਸੀ, (ਉਨ੍ਹਾਂ ਨੇ) ਇਕ ਮਾਇਆ ਰਹਿਤ ਤੇ ਅਲਖ ਪ੍ਰਭੂ ਨੂੰ ਜਪਕੇ ਮਨ ਦਾ ਚਿਤਵਿਆ (ਹਰੀ ਦਰਸ਼ਨ ਰੂਪ) ਫਲ ਪਾ ਲਿਆ। (ਉਨ੍ਹਾਂ ਦੀ) ਜੋਤ ਮਾਨ ਮੋਹ (ਤੇ ਹੋਰ ਸਾਰਾ) ਦ੍ਵੈਤ ਵਾਲਾ ਵਿਕਾਰ ਛੱਡਕੇ (ਪ੍ਰਭੂ ਦੀ) ਜੋਤ ਵਿਚ ਸਮਾ ਗਈ ਸੀ। ਨਾਨਕ ਬੇਨਤੀ ਕਰਦਾ

ਹਰਿ ਰੰਗੁ ਮਾਣੀ ॥੧॥

ਹੈ (ਕਿ ਉਨ੍ਹਾਂ ਨੇ) ਗੁਰੂ ਦੀ ਕ੍ਰਿਪਾ ਨਾਲ ਸਦਾ ਹਰੀ ਦਾ ਪ੍ਰੇਮ ਮਾਣਿਆ॥ ੧॥

ਹਰਿ ਸੰਤਾ ਹਰਿ ਸੰਤ ਸਜਨ ਮੇਰੇ ਮੀਤ ਸਹਾਈ ਰਾਮ ॥ ਵਡਭਾਗੀ ਵਡਭਾਗੀ ਸਤਸੰਗਤਿ ਪਾਈ ਰਾਮ॥ ਵਡਭਾਗੀ ਪਾਏ ਨਾਮੁ ਧਿਆਏ ਲਾਥੇ ਦੂਖ ਸੰਤਾਪੈ ॥ ਗੁਰ ਚਰਣੀ ਲਾਗੇ ਭ੍ਰਮ ਭਉ ਭਾਗੇ ਆਪੁ ਮਿਟਾਇਆ ਆਪੈ ॥ ਕਰਿ ਕਿਰਪਾ ਮੇਲੇ ਪ੍ਰਭਿ ਅਪੁਨੈ ਵਿਛੁੜਿ ਕਤਹਿ ਨ ਜਾਈ ॥ ਬਿਨਵੰਤਿ ਨਾਨਕ ਦਾਸੁ ਤੇਰਾ ਸਦਾ ਹਰਿ ਸਰਣਾਈ ॥੨॥

ਹਰੀ ਦੇ ਸੰਤ (ਹਾਂ) ਹਰੀ ਦੇ ਸੰਤ ਸੱਜਣ (ਹੁੰਦੇ ਹਨ ਓਹ) ਮੇਰੇ ਮਿਤ੍ਰ ਤੇ ਸਹਾਇਕ ਹਨ। ਹੇ ਰਾਮ ! ਐਸਿਆਂ ਦੀ ਸਤਿਸੰਗਤ ਵਡੇ ਭਾਗਾਂ ਨਾਲ (ਹਾਂ) ਵਡੇ (ਹੀ) ਭਾਗਾਂ ਨਾਲ ਪਾਈਦੀ ਹੈ। (ਜੇ ਕੋਈ) ਵਡੇ ਭਾਗਾਂ ਨਾਲ ਪਾ ਲਵੇ (ਤੇ ਉਸ ਸਤਿਸੰਗ ਵਿਚ) ਨਾਮ ਧਿਆਵੇ (ਉਸ ਦੇ) ਦੁਖ ਤੇ ਸੰਤਾਪ ਲਹਿ ਗਏ (ਸਮਝੋ। ਹਾਂ, ਓਹ ਜੋ) ਗੁਰ ਕੇ ਚਰਨੀਂ ਲਗ ਪਏ (ਉਨ੍ਹਾਂ ਦੇ) ਭਰਮ ਤੇ ਭਉ ਦੂਰ ਹੋ ਗਏ, (ਉਨ੍ਹਾਂ ਨੇ ਆਪਣੇ ਸ਼ੁਧ) ਆਪੇ ਦੁਆਰਾ (ਆਪਣੇ) ਆਪ ਨੂੰ (ਭਾਵ ਹੰਕਾਰ ਨੂੰ) ਮੇਟ ਲਿਆ (ਓਹ) ਪ੍ਰਭੂ ਨੇ ਕਿਰਪਾ ਕਰਕੇ ਆਪਣੇ ਨਾਲ ਮੇਲ ਲਏ ਹਨ (ਉਹ) ਵਿਛੁੜਕੇ ਕਿਧਰੇ ਨਹੀਂ ਜਾਂਦੇ। ਨਾਨਕ ਬੇਨਤੀ ਕਰਦਾ ਹੈ (ਕਿ) ਹੇ ਹਰੀ ! ਤੇਰਾ ਦਾਸ ਸਦਾ (ਤੇਰੀ) ਸ਼ਰਣ ਵਿਚ (ਵਸਦਾ) ਹੈ॥ ੨॥

ਹਰਿ ਦਰੇ ਹਰਿ ਦਰਿ ਸੋਹਨਿ ਤੇਰੇ ਭਗਤ ਪਿਆਰੇ ਰਾਮ ॥ ਵਾਰੀ ਤਿਨ ਵਾਰੀ ਜਾਵਾ ਸਦ ਬਲਿਹਾਰੇ ਰਾਮ ॥ ਸਦ ਬਲਿਹਾਰੇ ਕਰਿ ਨਮਸਕਾਰੇ ਜਿਨ ਭੇਟਤ ਪ੍ਰਭੁ ਜਾਤਾ ॥ ਘਟਿ ਘਟਿ ਰਵਿ ਰਹਿਆ ਸਭ ਥਾਈ ਪੂਰਨ ਪੁਰਖੁ ਬਿਧਾਤਾ ॥ ਗੁਰੁ ਪੂਰਾ ਪਾਇਆ ਨਾਮੁ ਧਿਆਇਆ ਜੂਐ ਜਨਮੁ ਨ ਹਾਰੇ॥ ਬਿਨਵੰਤਿ ਨਾਨਕ ਸਰਣਿ ਤੇਰੀ ਰਾਖੁ ਕਿਰਪਾ ਧਾਰੇ ॥੩॥

ਹੇ ਰਾਮ ! (ਤੈਂ) ਹਰੀ ਦੇ ਦੁਆਰੇ (ਹਾਂ ਤੈਂ) ਹਰੀ ਦੇ ਦੁਆਰੇ ਤੇਰੇ ਪਿਆਰੇ ਭਗਤ ਸੁਭਾਇਮਾਨ ਹੁੰਦੇ ਹਨ। (ਮੈਂ) ਉਨ੍ਹਾਂ ਤੋਂ ਵਾਰੀ ਜਾਵਾਂ, ਘੋਲੀ ਜਾਵਾਂ, ਸਦਾ ਬਲਿਹਾਰ ਹੋਵਾਂ, ਹੇ ਰਾਮ ! ਜਿਨ੍ਹਾਂ ਨੂੰ ਮਿਲਕੇ ਪ੍ਰਭੂ ਨੂੰ ਪੱਛਾਤਾ ਹੈ (ਉਨ੍ਹਾਂ ਨੂੰ ਮੇਰੀ) ਨਮਸਕਾਰ ਹੈ, (ਮੈਂ ਉਨ੍ਹਾਂ ਤੋਂ) ਸਦਾ ਸਦਕੇ ਹਾਂ। ਕਰਤਾ ਪੁਰਖ ਤਾਂ ਘਟ ਘਟ ਵਿਚ ਰਵ ਰਿਹਾ ਹੈ, ਸਾਰੀਆਂ ਥਾਵਾਂ ਵਿਚ ਪੂਰਨ ਹੈ, (ਪਰ ਜਿਸ ਨੇ) ਪੂਰਾ ਗੁਰੂ ਪਾ ਲਿਆ (ਤੇ) ਨਾਮ ਦੀ ਅਰਾਧਨਾ ਕੀਤੀ ਉਹ (ਮਨੁੱਖਾ) ਜਨਮ ਨੂੰ ਜੂਏ ਵਿਚ ਨਹੀਂ ਹਾਰ ਜਾਂਦਾ (ਭਾਵ ਬਿਰਥਾ ਨਹੀਂ ਗੁਆ ਜਾਂਦਾ)। ਨਾਨਕ ਬੇਨਤੀ ਕਰਦਾ ਹੈ (ਹੈ ਪ੍ਰਭੂ) ਮੈਂ ਤੇਰੀ ਸ਼ਰਣ ਹਾਂ, ਕਿਰਪਾ ਕਰਕੇ (ਮੈਨੂੰ) ਰੱਖ ਲੈ॥ ੩॥

ਬੇਅੰਤਾ ਬੇਅੰਤ ਗੁਣ ਤੇਰੇ ਕੇਤਕ ਗਾਵਾ ਰਾਮ ॥ ਤੇਰੇ ਚਰਣਾ ਤੇਰੇ ਚਰਣ ਧੂੜਿ ਵਡਭਾਗੀ ਪਾਵਾ ਰਾਮ ॥ ਹਰਿ ਧੂੜੀ ਨ੍ਹਾਈਐ ਮੈਲੁ ਗਵਾਈਐ ਜਨਮ ਮਰਣ ਦੁਖ ਲਾਥੇ ॥ ਅੰਤਰਿ ਬਾਹਰਿ ਸਦਾ ਹਦੂਰੇ ਪਰਮੇਸਰੁ ਪ੍ਰਭੁ ਸਾਥੇ ॥ ਮਿਟੇ ਦੂਖ ਕਲਿਆਣ ਕੀਰਤਨ ਬਹੁੜਿ ਜੋਨਿ ਨ ਪਾਵਾ ॥ ਬਿਨਵੰਤਿ ਨਾਨਕ ਗੁਰ ਸਰਣਿ ਤਰੀਐ ਆਪਣੇ ਪ੍ਰਭ ਭਾਵਾ ॥੪॥੨॥

ਤੇਰੇ ਗੁਣ, ਹੇ ਰਾਮ, ਬੇਅੰਤ ਬੇਅੰਤ ਹਨ ਕਿੰਨੇ ਕੁ (ਮੈਂ) ਗਾਵਾਂ? ਹੇ ਰਾਮ ! ਤੇਰੇ ਚਰਣ ਤੇ ਤੇਰੇ ਚਰਣਾਂ ਦੀ ਧੂੜ ਵਡੇ ਭਾਗਾਂ ਨਾਲ ਮਿਲਦੀ ਹੈ। ਹਰੀ ਦੀ ਧੂੜੀ ਵਿਚ ਇਸ਼ਨਾਨ ਕਰੀਏ (ਅੰਦਰ ਦੀ ਹਉਮੈਂ ਆਦਿ ਦੀ) ਮੈਲ ਦੂਰ ਕਰ ਲਈਏ (ਜਿਸ ਕਰਕੇ) ਜਨਮ ਮਰਨ ਦੇ ਦੁਖ ਲਹਿ ਜਾਣ, (ਤੇ) ਅੰਦਰ ਬਾਹਰ ਪ੍ਰਭੂ ਪਰਮੇਸ਼ੁਰ (ਆਪਣੇ) ਨਾਲ ਤੇ ਸਦਾ ਹਜ਼ੂਰ (ਦਿੱਸ ਪਵੇ)। (ਸ਼ੁਕਰ ਹੈ ਕਿ ਸਾਰੇ) ਦੁਖ (ਤੇਰੇ) ਕੀਰਤਨਾਂ ਨਾਲ ਮਿਟ ਗਏ ਹਨ ਤੇ ਕਲਿਆਣ (ਮੁਕਤੀ) ਹੋ ਗਈ ਹੈ, (ਹੁਣ) ਮੁੜਕੇ ਜੂਨ ਵਿਚ ਨਹੀਂ ਪਵਾਂਗਾ। ਬਿਨਤੀ ਕਰਦੇ ਹਨ (ਗੁਰੂ) ਨਾਨਕ (ਦੇਵ ਜੀ, ਹੇ ਲੋਕੋ !) ਗੁਰੂ ਦੀ ਸ਼ਰਣ ਦੁਆਰਾ ਆਪਣੇ ਪ੍ਰਭੂ ਨੂੰ ਭਾ ਜਾਈਦਾ ਹੈ (ਤੇ ਭਵ ਸਾਗਰ) ਤਰ ਜਾਈਦਾ ਹੈ॥ ੪॥ ੨॥

ਵਯਾਖਯਾ-ਪਿਛਲੇ ਸ਼ਬਦ ਵਿਚ ਪ੍ਰਭੂ ਦਰਸ਼ਨ ਤੋਂ ਪ੍ਰਾਪਤ ਪਰਮ ਆਨੰਦ ਦਾ ਵਰਣਨ ਸੀ। ਸੁਣਨ ਵਾਲੇ ਨੂੰ ਸੁਤੇ ਹੀ ਵਧੇਰਾ ਵੇਰਵਾ ਜਾਣਨੇ ਦੀ ਇੱਛਾ ਪੈਦਾ ਹੁੰਦੀ ਹੈ ਕਿ ਜਦ ਅੱਖੀਂ ਦੇਖ ਲਿਆ ਹੈ ਤਾਂ ਉਸ ਦੀ ਕਥਾ ਦਾ ਹੋਰ ਵੇਰਵਾ ਖੁੱਲ੍ਹੇ। ਇਸ ਪ੍ਰਕਾਰ ਦੀ ਇਛ ਪ੍ਰਗਟੀ ਤੇ ਕਥਨ ਕਰਦੇ ਹਨ ਕਿ ਉਸ ਪ੍ਰਭੂ ਦੀ ਕਥਾ ਕਥੀ ਨਹੀਂ ਜਾ ਸਕਦੀ, ਕਿਉਂਕਿ ਉਹ ਆਪ ਅਕੱਥ ਹੈ। ਅਕੱਥ ਕਿਉਂ ਹੈ, ਇਸ ਦਾ ਜੁਆਬ ਕਈ ਜਗ੍ਹਾ ਗੁਰਬਾਣੀ ਵਿਚ ਆਇਆ ਹੈ ਕਿ-

ਹਰਿ ਬੇਅੰਤੁ ਹਉ ਮਿਤਿ ਕਰਿ ਵਰਨਉ ਕਿਆ ਜਾਨਾ ਹੋਇ ਕੈਸੋ ਰੇ॥

[ਸੋਰਠਿ ਮ: ੫-੧੩]

ਇਸ ਪਰ ਫੇਰ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਪਰੰਪਰਾ ਤੋਂ ਪ੍ਰਭੂ ਦੀ ਕਥਾ ਵਰਣਨ ਹੁੰਦੀ ਆਈ ਹੈ, ਤਾਂ ਫੁਰਮਾਉਂਦੇ ਹਨ ਕਿ ਹਾਂ ਹੁੰਦੀ ਆਈ ਹੈ, ਪਰ ਉਹ ਸਹਜ ਸੁਭਾਵ ਦੇ ਵਰਣਨ ਹਨ। ਸਾਂਗੋ ਪਾਂਗ ਪ੍ਰਭੂ ਦੀਆਂ ਸੰਪੂਰਨ ਕਥਾ ਨਹੀਂ ਹੁੰਦੀਆਂ, ਕਿਉਂਕਿ ਉਹ ਅਮਿਤ ਹੈ, ਬੇਹੱਦ ਹੈ।

ਫਿਰ ਸੰਸਾ ਉਠਦਾ ਹੈ ਕਿ ਉਹ ਕਥੀਆਂ ਹੋਈਆਂ ਕਥਾਂ ਵਿਅਰਥ ਹੋਈਆਂ? ਤਾਂ ਸੰਸੇ ਨਵਿਰਤੀ ਲਈ ਫੁਰਮਾਉਂਦੇ ਹਨ ਕਿ ਉਹ ਸਹਜ ਬਾਣੀ ਅੰਮ੍ਰਿਤ ਬਾਣੀ ਹੈ, ਤੇ ਵਾਹਿਗੁਰੂ ਦੇ ਚਰਨਾਂ ਨਾਲ ਪ੍ਰੇਮ ਲਾਉਣ ਵਾਲੀ ਹੈ, ਕਿਉਂਕਿ ਜਿਨ੍ਹਾਂ ਨੇ ਉਚਾਰੀ ਹੈ ਚਰਨਾਂ ਕਮਲਾਂ ਨਾਲ ਪ੍ਰੇਮ ਲਾਕੇ ਆਖੀ ਹੈ। ਮਾਨੋਂ ਉਸ ਬਾਣੀ ਲਈ ਤੀਸਰੀ ਗਲ ਇਹ ਦੱਸੀ ਹੈ ਕਿ ਉਹ ਸਹਜ ਕਥਾਵਾਂ ਨਿਰਾ ਵਾਕ ਰਚਨਾਂ ਦੇ ਚਤੁਰ ਪੰਡਤਾਂ ਦੀਆਂ ਰਚੀਆਂ ਹੋਈਆਂ ਨਹੀਂ ਹੁੰਦੀਆਂ, ਉਨ੍ਹਾਂ ਦੇ ਰਚਨਹਾਰ ਨਾਮ ਦੇ ਪ੍ਰੇਮੀ ਤੇ ਮਾਨ ਮੋਹ ਤੇ ਦ੍ਵੈਤ ਭਾਵਨਾ ਨੂੰ ਲੰਘ ਗਏ ਜੋਤੀ ਵਿਚ ਜੋਤ ਮਿਲੇ ਮਹਾਂ ਪੁਰਖ ਹੁੰਦੇ ਹਨ ਤੇ ਅੱਖੀਂ ਦੇਖਕੇ ਓਹ ਲਿਖਦੇ ਹਨ। ਯਥਾ:-

ਸਹਜ ਕਥਾ ਪ੍ਰਭ ਕੀ ਅਤਿ ਮੀਠੀ॥ ਵਿਰਲੈ ਕਾਹੂ ਨੇਤ੍ਰਹੁ ਡੀਠੀ॥

[ਸੂਹੀ ਮਹਲਾ ੫-੧੨]

ਹਾਂ, ਇਹ ਨਿਯਮ ਹੈ ਕਿ ਭਗਤ ਜਨ ਵੇਖਕੇ ਲਿਖਦੇ ਹਨ:-

ਸੰਤਨ ਕੀ ਸੁਣਿ ਸਾਚੀ ਸਾਖੀ॥ ਸੋ ਬੋਲਹਿ ਜੋ ਪੇਖਹਿ ਆਖੀ॥

[ਰਾਮਕਲੀ ਮਹਲਾ ੫-੩੬]

ਅੰਕ ੨-ਅੰਕ ਇਕ ਵਿਚ ਪਰਮੇਸ਼ੁਰ ਦੇ ਪਜਾਰੇ ਪਰਮੇਸ਼ੁਰ ਨੂੰ ਪੁੱਜੇ ਹੋਏ ਮਹਾਂ ਪੁਰਖਾਂ ਦੇ ਉਚਾਰੇ ਹਰੀ ਕਥਾ ਦੇ ਲੇਖਾਂ ਨੂੰ ਹਰੀ ਪ੍ਰਾਪਤੀ ਦਾ ਇਕ ਸਾਧਨ ਦੱਸਿਆ। ਹੁਣ ਦੂਸਰਾ ਉਪਰਾਲਾ 'ਸੰਤ' ਦੱਸਦੇ ਹਨ, ਜੋ ਸਦਾ ਹਰੀ ਦੀ ਸ਼ਰਣ ਰਹਿੰਦੇ ਹਨ। ਭਾਵ ਇਹ ਹੈ ਕਿ ਜੋ ਇਸ ਵੇਲੇ ਪ੍ਰਤੱਖ ਜਗਤ ਵਿਚ ਮੌਜੂਦ ਹਨ। ਪਹਿਲੇ-ਸੰਤ ਜਨਾਂ ਦੇ ਸਤਿਸੰਗ ਵਿਚ ਗਏ, ਫੇਰ ਗੁਰੂ ਮਿਲਿਆ, ਫੇਰ ਨਾਮ ਮਿਲਿਆ, ਨਾਮ ਜਪਿਆ, ਸਿਮਰਿਆ, ਜਨਮ ਜਨਮ ਦੇ ਪਾਪ ਲੱਥੇ, ਦੁਖ ਸੰਤਾਪ ਦੂਰ ਹੋਏ ਤੇ ਮਿਲਾਪ ਹੋ ਗਿਆ ਐਸਾ ਕਿ ਫੇਰ ਵਿਛੋੜਾ ਨਾ ਹੋਇਆ।

ਅੰਕ ੩ ਵਿਚ ਹੋਰ ਲੱਛਣ ਉਹਨਾਂ ਭਗਤਾਂ ਸੰਤਾਂ ਦੇ ਉਚਾਰੇ ਹਨ, ਜਿਨ੍ਹਾਂ ਦੇ ਸਤਿਸੰਗ ਤੋਂ ਕਾਰਜ ਰਾਸ ਹੁੰਦਾ ਹੈ ਕਿ ਓਹ ਦਰਗਾਹੇ ਮਕ਼ਬੂਲ ਹੋਏ ਹੋਏ ਹੁੰਦੇ ਹਨ, ਉਹਨਾ ਦੇ ਸੰਗ ਵਿਚ ਨਾਮ ਧਿਆਕੇ ਪ੍ਰਭੂ ਮਿਲਦਾ ਹੈ। ਅੰਤਲੀ ਤੁਕ ਵਿਚ ਅਰਦਾਸ ਹੈ।

ਅੰਕ ੪ ਵਿਚ ਅਰਦਾਸ ਜਾਰੀ ਹੈ। ਨਾਲ ਹਰੀ ਕੀਰਤਨ ਦੇ ਕਰਨ ਦਾ ਉਪਦੇਸ਼ ਹੈ, ਕੀਰਤਨ ਤੇ ਨਾਮ ਦੀ ਸਹਾਇਤਾ ਨਾਲ ਪਹਿਲੀ ਪ੍ਰਾਪਤੀ ਕੀ ਹੋਸੀ? ਕਿ ਵਾਹਿਗੁਰੂ ਦੀ ਹਜ਼ੂਰੀ ਦੀ ਪ੍ਰਾਪਤੀ ਪ੍ਰਤੀਤੀ ਹੋ ਆਵੇਗੀ। ਅਸੀਂ ਪ੍ਰਤੀਤ ਕਰਾਂਗੇ ਕਿ ਅਸੀਂ ਪਾਰਬ੍ਰਹਮ ਪਰਮੇਸ਼ੁਰ ਦੀ ਹਜ਼ੂਰੀ ਵਿਚ ਹਾਂ, ਅਰ ਉਹ ਸਾਡੇ ਅੰਗ ਸੰਗ ਹੈ। ਉਸ ਪ੍ਰਤੀਤੀ ਵਿਚੋਂ ਬਾਹਰ ਆਉਣ ਨੂੰ ਚਿਤ ਨਹੀਂ ਕਰੇਗਾ। ਯਥਾ:-

ਮੋਹਿ ਮਛੁਲੀ ਤੁਮ ਨੀਰ ਤੁਝ ਬਿਨੁ ਕਿਉ ਸਰੈ॥

[ਬਿਲਾਵਲ ਮਹਲਾ ੫, ਛੰਤ-੩]

ਉਹ ਪ੍ਰਭੂ ਅੰਦਰ ਬਾਹਰ ਹੈ, ਜੀਕੂੰ ਮੱਛੀ ਦੇ ਅੰਦਰ ਬਾਹਰ ਜਲ ਹੈ। ਇਹ ਗਲ ਜੋ ਸਦਾ ਸਤਜ ਹੈ ਨਾਮੀ ਪੁਰਖਾਂ ਦੀ ਪ੍ਰਤੀਤੀ ਵਿਚ ਆ ਜਾਂਦੀ ਹੈ। ਉਸ ਦਾ ਫਲ:-ਜਨਮ ਮਰਨ ਦੇ ਦੁਖ ਦੂਰ ਹੋ ਜਾਂਦੇ ਹਨ, ਮੁਕਤੀ ਪਦ ਮਿਲ ਜਾਂਦਾ ਹੈ।

ਨਿਰੁਕ੍ਤ-ਸੁਰਿ ਨਰ-ਦੇਵਤਿਆਂ ਵਰਗੀ ਖ਼ਸਲਤ ਵਾਲੇ ਮਾਨੁਖ। ਮਹਾਂ ਪੁਰਖ।

ਸਹਜਿ / ਸਹਜੇ } ਸਹਜ ਵਿਚ। ਸਹਜ ਨਾਲ। ਸਹਿ ਸੁਭਾ ਉਚਾਰ ਹੋਈ। ਭਾਵ ਹੈ ਜੋ ਕੀਰਤਨ ਤੇ ਯਸ਼ ਰੂਪ ਤਾਂ ਹੈ ਪਰ ਅਨੰਤ ਨੂੰ ਅੰਤ ਵਿਚ ਨਹੀਂ ਲਿਆ ਸਕਦੀ।

ਪੁਰਖੁ ਬਿਧਾਤਾ-ਕਰਤਾ ਪੁਰਖ। ਰਚਣਹਾਰ।

[ਆਸਾ ਮਹਲਾ ੫, ਛੰਤ, ੩-੨੪]

ਆਸਾ ਛੰਤ ਮਹਲਾ ੫ ਘਰੁ ੪ ੧ੴ ਸਤਿਗੁਰ ਪ੍ਰਸਾਦਿ॥

ਪ੍ਰਾਕ੍ਥਨ-ਇਸ ਸ਼ਬਦ ਵਿਚ ਸਦਾ ਹਜ਼ੂਰੀ ਦੀ ਪ੍ਰਤੀਤੀ ਤੇ ਪ੍ਰਭੂ ਮਿਲਾਪ ਦੀ ਵਧੇਰੇ ਵਜਾਖਜਾ ਵਰਣਨ ਹੋਈ ਹੈ।

ਮੂਲ	ਅਰਥ
ਹਰਿ ਚਰਨ ਕਮਲ ਮਨੁ ਬੇਧਿਆ ਕਿਛੁ ਆਨ ਨ ਮੀਠਾ ਰਾਮ ਰਾਜੇ ॥ ਮਿਲਿ ਸੰਤਸੰਗਤਿ ਆਰਾਧਿਆ ਹਰਿ ਘਟਿ ਘਟੇ ਡੀਠਾ ਰਾਮ ਰਾਜੇ ॥ ਹਰਿ ਘਟਿ ਘਟੇ ਡੀਠਾ ਅੰਮ੍ਰਿਤੋ ਵੂਠਾ ਜਨਮ ਮਰਨ ਦੁਖ ਨਾਠੇ ॥ ਗੁਣ ਨਿਧਿ ਗਾਇਆ ਸਭ ਦੂਖ ਮਿਟਾਇਆ ਹਉਮੈ ਬਿਨਸੀ ਗਾਠੇ॥ ਪ੍ਰਿਉ ਸਹਜ ਸੁਭਾਈ ਛੋਡਿ ਨ ਜਾਈ ਮਨਿ ਲਾਗਾ ਰੰਗੁ ਮਜੀਠਾ ॥ ਹਰਿ ਨਾਨਕ ਬੇਧੇ ਚਰਨ ਕਮਲ ਕਿਛੁ ਆਨ ਨ ਮੀਠਾ ॥੧॥	ਹੇ ਰਾਮ ਰਾਜੇ ! ਹਰੀ ਦੇ ਚਰਨਾਂ ਕਮਲਾਂ ਨੇ ਮਨ ਨੂੰ ਵਿੰਨ੍ਹ ਲਿਆ ਹੈ (ਭਾਵ ਆਪਣੇ ਤੇ ਮੋਹਿਤ ਕਰ ਲਿਆ ਹੈ, ਹੁਣ) ਹੋਰ ਕੁਛ ਮਿੱਠਾ ਨਹੀਂ ਲਗਦਾ। (ਕੀਕੂੰ?) ਸੰਤ ਸੰਗਤ ਵਿਚ ਮਿਲਕੇ (ਪ੍ਰਭੂ ਦੀ) ਅਰਾਧਨਾ ਕੀਤੀ ਤਾਂ ਉਸ ਨੂੰ ਹਰ ਸਰੀਰ ਵਿਚ (ਵਜਾਪਕ) ਵੇਖ ਲਿਆ। ਹੇ ਰਾਮ ਰਾਜੇ ! ਹਰੀ ਨੂੰ (ਜਦ) ਘਟ ਘਟ ਵਿਚ ਵੇਖ ਲਿਆ ਤਾਂ (ਹਿਰਦੇ ਵਿਚ) ਅੰਮ੍ਰਿਤ ਆ ਵੱਸਿਆ ਤੇ ਜਨਮ ਮਰਨ ਦੇ ਦੁੱਖ ਨੱਸ ਗਏ। (ਗੱਲ ਕੀਹ ਜਦ ਐਉਂ) ਗੁਣਾਂ ਦੀ ਨਿਧੀ (ਪ੍ਰਭੂ) ਨੂੰ ਗਾਇਆ ਤਾਂ ਸਾਰੇ ਦੁਖਾਂ ਨੂੰ ਮਿਟਾ ਲਿਆ ਤੇ ਹਉਮੈ ਦੀ ਗੰਢ ਬੀ ਖੁਲ੍ਹ ਗਈ ਹੈ। (ਹੁਣ) ਪਿਆਰਾ ਪਤੀ ਸੁਭਾਵਕ ਹੀ (ਨਾਲ ਰਹਿੰਦਾ ਹੈ), ਛੱਡਕੇ ਨਹੀਂ ਜਾਂਦਾ, ਮਨ ਨੂੰ (ਇਹ) ਪ੍ਰੇਮ ਮਜੀਠ (ਦੇ ਰੰਗ ਵਾਂਙੂ ਪੱਕਾ ਹੋਕੇ) ਲਗਾ ਹੈ। ਹੇ ਨਾਨਕ ! ਹਰੀ ਦੇ ਚਰਨ ਕਮਲਾਂ ਨੇ ਵਿੰਨ੍ਹ ਲਿਆ ਹੈ (ਹੁਣ) ਹੋਰ ਕੁਛ ਮਿੱਠਾ ਨਹੀਂ ਲਗਦਾ॥ ੧॥
ਜਿਉ ਰਾਤੀ ਜਲਿ ਮਾਛੁਲੀ ਤਿਉ ਰਾਮ ਰਸਿ ਮਾਤੇ ਰਾਮ ਰਾਜੇ ॥	[ਪਹਿਲੀ ਮਿਸਾਲ ਭੌਰੇ ਦੇ ਕਮਲ ਵਿਚ ਪ੍ਰੇਮਾਰਤ ਹੋਕੇ ਵਿੰਨ੍ਹੇ ਜਾਣ ਦੀ ਦਿੱਤੀ ਹੈ। ਹੁਣ ਮਛਲੀ ਦੀ ਜਲ ਪ੍ਰੀਤਿ ਦੁਆਰਾ ਵਰਣਨ ਕਰਦੇ ਹਨ] ਹੇ ਰਾਮ ਰਾਜੇ ! ਜਿਵੇਂ ਮੱਛੀ ਜਲ (ਦੀ ਪ੍ਰੀਤ) ਵਿਚ ਮੱਤੀ ਹੋਈ ਹੈ ਤਿਵੇਂ (ਅਸੀਂ) ਰਾਮ ਰਸ ਵਿਚ ਮੱਤੇ ਹੋਏ ਹਾਂ, (ਪਰ) ਹੇ ਰਾਮ ਰਾਜੇ ! (ਸਾਨੂੰ) ਪੂਰੇ ਗੁਰੂ ਨੇ

ਗੁਰ ਪੂਰੈ ਉਪਦੇਸਿਆ ਜੀਵਨ ਗਤਿ ਭਾਤੇ ਰਾਮ ਰਾਜੇ ॥ ਜੀਵਨ ਗਤਿ ਸੁਆਮੀ ਅੰਤਰਜਾਮੀ ਆਪਿ ਲੀਏ ਲੜਿ ਲਾਏ ॥ ਹਰਿ ਰਤਨ ਪਦਾਰਥੋ ਪਰਗਟੋ ਪੂਰਨੋ ਛੋਡਿ ਨ ਕਤਹੂ ਜਾਏ॥ ਪ੍ਰਭੁ ਸੁਘਰੁ ਸਰੂਪੁ ਸੁਜਾਨੁ ਸੁਆਮੀ ਤਾ ਕੀ ਮਿਟੈ ਨ ਦਾਤੇ ॥ ਜਲ ਸੰਗਿ ਰਾਤੀ ਮਾਛੁਲੀ ਨਾਨਕ ਹਰਿ ਮਾਤੇ ॥੨॥

ਉਪਦੇਸ਼ ਦਿੱਤਾ ਸੀ, (ਤਾਂ) ਜੀਵਨ ਮੁਕਤੀ ਦਾ (ਇਹ) ਪ੍ਰਕਾਰ* (ਮਿਲਿਆ ਸੀ; ਭਾਵ ਮਛਲੀ ਤੁੱਲ ਪ੍ਰੀਤ ਕਰਨ ਦਾ ਰਸਤਾ ਲੱਭਾ ਸੀ। ਫੇਰ) ਅੰਤਰਜਾਮੀ ਮਾਲਕ ਨੇ (ਆਪਣੇ) ਲੜ ਆਪ ਲਾ ਲਿਆ ਤਾਂ ਜੀਵਨ ਮੁਕਤੀ (ਪ੍ਰਾਪਤ ਹੋਈ † । ਉਹ ਮੁਕਤੀ ਕੀਹ ਹੈ? ਉੱਤਰ:) ਹਰੀ ਰੂਪ ਰਤਨ ਪਦਾਰਥ ਪ੍ਰਗਟ ਹੋ ਗਿਆ (ਤੇ ਸਾਰੇ) ਪੂਰਨ ਦਿੱਸ ਪਿਆ (ਜੋ ਹੁਣ ਪ੍ਰੇਮੀ ਨੂੰ) ਛਡਕੇ ਕਿਤੇ ਨਹੀਂ ਜਾਂਦਾ। ਪ੍ਰਭੂ ਪ੍ਰਬੀਨ ਹੈ, ਸੁੰਦਰ ਹੈ, ਗਜਾਨ ਸਰੂਪ ਹੈ, (ਸਭ ਸ੍ਰਿਸ਼ਟੀ ਦਾ) ਮਾਲਕ ਹੈ, ਉਸ ਦੀ (ਦਿੱਤੀ) ਦਾਤ (ਕਦੇ) ਮਿਟ ਨਹੀਂ ਸਕਦੀ। (ਉਸ) ਹਰੀ ਨਾਲ, ਹੇ ਨਾਨਕ ! (ਅਸੀਂ ਐਉਂ) ਰੱਤੇ ਹੋਏ ਹਾਂ (ਜੀਕੂੰ) ਮੱਛੀ ਜਲ ਨਾਲ ਮੱਤੀ ਹੁੰਦੀ ਹੈ॥ ੨॥

ਚਾਤ੍ਰਿਕੁ ਜਾਚੈ ਬੂੰਦ ਜਿਉ ਹਰਿ ਪ੍ਰਾਨ ਅਧਾਰਾ ਰਾਮ ਰਾਜੇ ॥ ਮਾਲੁ ਖਜੀਨਾ ਸੁਤ ਭ੍ਰਾਤ ਮੀਤ ਸਭਹੂੰ ਤੇ ਪਿਆਰਾ ਰਾਮ ਰਾਜੇ ॥ ਸਭਹੂੰ ਤੇ ਪਿਆਰਾ ਪੁਰਖੁ ਨਿਰਾਰਾ ਤਾ ਕੀ ਗਤਿ ਨਹੀ ਜਾਣੀਐ ॥ ਹਰਿ ਸਾਸਿ ਗਿਰਾਸਿ ਨ ਬਿਸਰੈ ਕਬਹੂੰ ਗੁਰ ਸਬਦੀ ਰੰਗੁ ਮਾਣੀਐ ॥ ਪ੍ਰਭੁ ਪੁਰਖੁ ਜਗਜੀਵਨੋ ਸੰਤ ਰਸੁ ਪੀਵਨੋ ਜਪਿ ਭਰਮ ਮੋਹ ਦੁਖ ਡਾਰਾ ॥ ਚਾਤ੍ਰਿਕੁ ਜਾਚੈ ਬੂੰਦ ਜਿਉ ਨਾਨਕ ਹਰਿ ਪਿਆਰਾ ॥੩॥

[ਹੁਣ ਚਾਤ੍ਰਿਕ ਦਾ ਦ੍ਰਿਸ਼ਟਾਂਤ ਲੈਕੇ ਪ੍ਰੀਤ ਵਰਣਨ ਕਰਦੇ ਹਨ:] ਹੇ ਰਾਮ ਰਾਜੇ ! ਜਿਵੇਂ ਪਪੀਹਾ (ਸ੍ਵਾਂਤੀ) ਬੂੰਦ ਨੂੰ ਮੰਗਦਾ ਹੈ (ਤਿਵੇਂ) ਹਰੀ ਪ੍ਰਾਣਾਂ ਦਾ ਆਸਰਾ (ਹੋ ਗਿਆ ਹੈ। ਹਾਂ,) ਹੇ ਰਾਮ ਰਾਜੇ ! ਮਾਲ, ਖ਼ਜ਼ਾਨਾ, ਪੁਤ੍ਰ, ਭਿਰਾਉ, ਮਿਤ੍ਰ ਸਭ ਤੋਂ ਪਿਆਰਾ (ਹਰੀ) ਲਗਦਾ ਹੈ। ਸਭਨਾਂ ਤੋਂ (ਵਧੀਕ) ਪਿਆਰਾ ਹੈ, (ਫਿਰ ਉਹ) ਨਿਰਲੇਪ ਪੁਰਖ ਹੈ, ਉਸ ਦੀ ਗਤੀ ‡ ਜਾਣ ਨਹੀਂ ਸਕੀਦੀ। (ਫੇਰ ਜੇ ਉਸ ਨੂੰ) ਹਰ ਸਾਹ ਲੈਂਦਿਆਂ, (ਹਰ) ਗ੍ਰਾਹੀ (ਚਿੱਥਦਿਆਂ) ਕਦੇ ਨਾ ਭੁੱਲੀਏ, (ਤਦ) ਗੁਰੂ ਦੇ ਸ਼ਬਦ ਦੁਆਰਾ (ਉਸ ਦੇ) ਪ੍ਰੇਮ ਨੂੰ ਮਾਣੀਦਾ ਹੈ। (ਉਹ) ਪ੍ਰਭੂ ਜਗਜੀਵਨ ਪੁਰਖ ਹੈ, ਸੰਤ (ਉਸ ਦਾ ਪ੍ਰੇਮ) ਰਸ ਪੀਂਦੇ ਹਨ, (ਉਨ੍ਹਾਂ ਸੰਤਾਂ ਨੇ ਉਸ ਨੂੰ) ਜਪਕੇ ਭਰਮ ਤੇ ਮੋਹ ਦੂਰ ਕਰ ਲਿਆ ਹੈ। ਜਿਵੇਂ ਚਾਤ੍ਰਿਕ (ਸੁਆਂਤੀ) ਬੂੰਦ ਨੂੰ ਮੰਗਦਾ ਹੈ, ਹੇ ਨਾਨਕ ! (ਤਿਵੇਂ) ਮੈਨੂੰ ਹਰੀ ਪਿਆਰਾ ਹੈ॥ ੩॥

ਮਿਲੇ ਨਰਾਇਣ ਆਪਣੇ ਮਾਨੋਰਥੋ ਪੂਰਾ ਰਾਮ ਰਾਜੇ ॥ ਢਾਠੀ ਭੀਤਿ ਭਰੰਮ ਕੀ ਭੇਟਤ ਗੁਰੁ ਸੂਰਾ ਰਾਮ ਰਾਜੇ ॥ ਪੂਰਨ ਗੁਰ ਪਾਏ ਪੁਰਬਿ ਲਿਖਾਏ ਸਭ ਨਿਧਿ ਦੀਨ ਦਇਆਲਾ॥ ਆਦਿ ਮਧਿ ਅੰਤਿ ਪ੍ਰਭੁ ਸੋਈ ਸੁੰਦਰ ਗੁਰ ਗੋਪਾਲਾ ॥

[ਮਿਲਕੇ ਸਾਈਆਂ ਜੀਉ ਨੂੰ ਜੋ ਪ੍ਰੇਮੀ ਦੀ ਗਤੀ ਹੁੰਦੀ ਹੈ ਉਸ ਦਾ ਸਹਜ ਵਰਣਨ ਕਰਦੇ ਹਨ] (ਇਸ ਪ੍ਰਕਾਰ ਦੀ ਪ੍ਰੀਤ ਕਰਦਿਆਂ ਹੁਣ) ਹੇ ਰਾਮ ਰਾਜੇ ! ਆਪਣੇ ਵਾਹਿਗੁਰੂ ਜੀ ਮਿਲ ਪਏ ਹਨ, (ਮਨ ਦਾ) ਮਨੋਰਥ ਪੂਰਾ ਹੋ ਗਿਆ। ਹੇ ਰਾਮ ਰਾਜੇ ! ਸੂਰੇ ਗੁਰੂ ਦੇ ਮਿਲਿਆਂ ਭਰਮ ਦੀ ਕੰਧ ਢੈ ਪਈ ਹੈ। [ਪ੍ਰਸ਼ਨ-ਪੂਰਾ ਗੁਰੂ ਕਿਵੇਂ ਮਿਲਦਾ ਹੈ? ਉੱਤਰ:] ਸਭ (ਪ੍ਰਕਾਰ ਦੀ) ਨਿਧੀ, ਦੀਨਾਂ ਤੇ ਦਿਆਲ ਪੂਰਨ ਗੁਰੂ ਪੂਰਬਲੇ ਲਿਖੇ ਹੋਏ (ਲੇਖਾਂ ਅਨੁਸਾਰ) ਮਿਲਦੇ ਹਨ। (ਉਨ੍ਹਾਂ ਗੁਰਾਂ ਦੇ ਲਖਾਉਣ ਨਾਲ) ਉਹੋ ਸੁੰਦਰ, ਗੁਰੂ ਤੇ ਪ੍ਰਿਥਵੀ ਪਾਲਕ (ਪ੍ਰਭੂ ਹੀ) ਤਿੰਨਾਂ ਕਾਲਾਂ ਵਿਚ (ਇਕ ਰਸ ਰਹਿਣੇ ਵਾਲਾ ਹੈ, ਇਹ ਗੱਲ ਅਨੁਭਵ

* ਐਉਂ ਬੀ ਕਰਦੇ ਹਨ:-ਜੀਵਨ ਮੁਕਤੀ (ਦੇ ਦਾਤੇ) ਪ੍ਰਭੂ ਨੂੰ ਭਾ ਗਏ।

† ਜੀਵਨ ਮੁਕਤੀ ਦੇ ਦਾਤੇ ਅੰਤਰਜਾਮੀ ਨੇ ਆਪ ਲੜ ਲਾ ਲਏ।

‡ ਪੂਰੀ ਹਾਲਤ। ਉਸ ਦੇ ਵਜੂਦ, ਉਸ ਦੇ ਕਰਨੇ ਨੂੰ ਨਾ ਜਾਣ ਸਕਣਾ ਗਤੀ ਨੂੰ ਨਾ ਜਾਣਨਾ ਹੈ।

ਸੂਖ ਸਹਜ ਆਨੰਦ ਘਨੇਰੇ ਪਤਿਤ ਪਾਵਨ ਸਾਧੂ ਧੂਰਾ ॥ ਹਰਿ ਮਿਲੇ ਨਰਾਇਣੰ ਨਾਨਕਾ ਮਾਨੋਰਥੋੁ ਪੂਰਾ ॥੪॥੧॥੩॥

ਕਰ ਲਈ ਹੈ)। ਸਾਧੂ ਦੀ ਧੂੜੀ ਪਤਿਤਾਂ ਨੂੰ ਪਵਿਤ੍ਰ ਕਰਨੇ ਵਾਲੀ ਹੈ (ਜਿਸ ਤੋਂ) ਸਹਜ ਸੁਖ ਤੇ ਪਰਮ ਆਨੰਦ ਪ੍ਰਾਪਤ ਹੁੰਦੇ ਹਨ। (ਉਸੇ ਗੁਰੂ ਦੀ ਮੇਹਰ ਨਾਲ) ਹਰੀ ਨਾਰਾਇਣ (ਜਦ) ਮਿਲ ਪਏ ਤਾਂ, ਹੇ ਨਾਨਕ ! (ਮਨ ਦਾ ਮਨੋਰਥ ਪੂਰਾ ਹੋ ਗਿਆ॥ ੪॥ ੧॥ ੩॥

ਵਯਾਖਯਾ ਤੇ ਨਿਰੁਕ੍ਤ-ਸੁਗਮ ਹੈ

[ਆਸਾ ਮਹਲਾ ੫, ਛੰਤ ੪-੨੫]

ਆਸਾ ਮਹਲਾ ੫ ਛੰਤ ਘਰੁ ੬ ੧ਓ ਸਤਿਗੁਰ ਪ੍ਰਸਾਦਿ॥

ਮੂਲ

ਸਲੋਕੁ ॥ ਜਾ ਕਉ ਭਏ ਕ੍ਰਿਪਾਲ ਪ੍ਰਭ ਹਰਿ ਹਰਿ ਸੇਈ ਜਪਾਤ ॥ ਨਾਨਕ ਪ੍ਰੀਤਿ ਲਗੀ ਤਿਨ੍ ਰਾਮ ਸਿਉ ਭੇਟਤ ਸਾਧ ਸੰਗਾਤ ॥੧॥

ਛੰਤੁ ॥ ਜਲ ਦੁਧ ਨਿਆਈ ਰੀਤਿ ਅਬ ਦੁਧ ਆਚ ਨਹੀ ਮਨ ਐਸੀ ਪ੍ਰੀਤਿ ਹਰੇ ॥ ਅਬ ਉਰਝਿਓ ਅਲਿ ਕਮਲੇਹ ਬਾਸਨ ਮਾਹਿ ਮਗਨ ਇਕੁ ਖਿਨੁ ਭੀ ਨਾਹਿ ਟਰੈ ॥ ਖਿਨੁ ਨਾਹਿ ਟਰੀਐ ਪ੍ਰੀਤਿ ਹਰੀਐ ਸੀਗਾਰ ਹਭਿ ਰਸ ਅਰਪੀਐ ॥ ਜਹ ਦੂਖੁ ਸੁਣੀਐ ਜਮ ਪੰਥੁ ਭਣੀਐ ਤਹ ਸਾਧਸੰਗਿ ਨ ਡਰਪੀਐ ॥ ਕਰਿ ਕੀਰਤਿ ਗੋਵਿੰਦ ਗੁਣੀਐ ਸਗਲ ਪ੍ਰਾਛਤ ਦੁਖ ਹਰੇ ॥ ਕਹੁ ਨਾਨਕ ਛੰਤ ਗੋਵਿੰਦ ਹਰਿ ਕੇ ਮਨ ਹਰਿ ਸਿਉ ਨੇਹੁ ਕਰੇਹੁ ਐਸੀ ਮਨ ਪ੍ਰੀਤਿ ਹਰੇ ॥੧॥

ਅਰਥ

ਪ੍ਰਭੂ ਜੀ ਜਿਨ੍ਹਾਂ ਉਤੇ ਕ੍ਰਿਪਾਲੂ ਹੋ ਜਾਣ ਵਾਹਿਗੁਰੂ ਜੀ ਨੂੰ ਓਹੀ ਸਿਮਰਦੇ ਹੈਨ। ਹੇ ਨਾਨਕ ! (ਅਗੋਂ) ਉਨ੍ਹਾਂ ਨੂੰ ਵਾਹਿਗੁਰੂ ਜੀ ਨਾਲ ਪ੍ਰੀਤ ਲਗ ਪੈਂਦੀ ਹੈ ! [ਕੀਕੂੰ? ਉੱਤਰ:] ਸਾਧੂ ਦੀ ਸੰਗਤਿ ਪ੍ਰਾਪਤ ਕਰਨੇ ਨਾਲ॥੧॥

ਹੇ ਮਨ ! ਵਾਹਿਗੁਰੂ ਜੀ ਨਾਲ ਹੁਣ ਐਸੀ ਪ੍ਰੀਤ ਕਰ ਜੋ ਜਲ ਤੇ ਦੁੱਧ ਦੀ ਰੀਤੀ ਦੀ ਹੋਵੇ (ਦੇਖੋ ਦੁਧ ਵਿਚ ਪਿਆ ਪਾਣੀ) ਦੁੱਧ ਨੂੰ ਸੇਕ ਨਹੀਂ ਲਗਣ ਦੇਂਦਾ। ਹੁਣ (ਹੋਰ ਸੁਣੋ ਜਿਵੇਂ) ਭੌਰਾ ਕਮਲ ਦੀ ਵਾਸ਼ਨਾ ਵਿਚ ਮਗਨ (ਉਸ ਵਿਚ) ਫਸਿਆ (ਬੈਠਾ) ਰਹਿੰਦਾ ਹੈ, ਇਕ ਪਲ ਬੀ (ਉਸ ਤੋਂ ਪਰੇ) ਨਹੀਂ ਹਟਦਾ। (ਤਿਵੇਂ ਸਾਨੂੰ ਬੀ ਚਾਹੀਦਾ ਹੈ ਕਿ ਇਕ) ਪਲ ਬੀ ਪਰੇ ਨਾ ਹਟੀਏ, ਵਾਹਿਗੁਰੂ ਜੀ ਦੀ ਪ੍ਰੀਤੀ ਤੋਂ, (ਸਗੋਂ) ਸਾਰੇ ਸੀਂਗਾਰ (ਜਪ ਤਪ ਆਦਿ ਤੇ ਸਾਰੇ ਮਾਯਕ) ਰਸ (ਉਸ ਦੀ ਪ੍ਰੀਤ ਨੂੰ) ਭੇਟਾ ਕਰ ਦੇਵੀਏ। ਜਿਥੇ ਦੁਖ ਸੁਣੀਏ, (ਸਗੋਂ) ਜਮ ਦੇ ਪੰਥ (ਵਰਗਾ ਔਖਾ) ਰਾਹ ਕਿਹਾ ਜਾਂਦਾ ਹੋਵੇ ਓਥੇ (ਭੀ) ਸਾਧ ਸੰਗ (ਦੇ) ਕਾਰਣ ਡਰੀਏ ਨਾ। (ਚਾਹੀਦਾ ਹੈ ਕਿ ਸਦਾ) ਵਾਹਿਗੁਰੂ ਜੀ ਦੇ ਗੁਣਾਂ ਦਾ ਕੀਰਤਨ ਕਰੀਏ (ਜਿਸ ਕਰਕੇ ਕਿ ਸਾਰੇ) ਪਾਪ ਤੇ (ਉਹਨਾਂ ਦੇ ਫਲ ਵਿਚ ਆਏ) ਦੁਖ ਦੂਰ ਹੋ ਜਾਣਗੇ। (ਕਹਿੰਦੇ ਹਨ ਗੁਰੂ) ਨਾਨਕ (ਦੇਵ ਜੀ) ਹੇ ਮਨ ! ਵਾਹਿਗੁਰੂ ਜੀ ਦੇ ਛੰਤ ਕਹੁ (ਭਾਵ ਕੀਰਤੀ ਕਰ ਤੇ) ਹਰੀ (-ਨਾਮ) ਨਾਲ ਪ੍ਰੇਮ ਕਰ (ਹਾਂ, ਹੇ ਮਨ !) ਵਾਹਿਗੁਰੂ ਜੀ ਨਾਲ ਐਸੀ ਪ੍ਰੀਤ (ਕਰ)॥ ੧॥

ਜੈਸੀ ਮਛੁਲੀ ਨੀਰ ਇਕੁ ਖਿਨੁ ਭੀ ਨਾ ਧੀਰੇ ਮਨ ਐਸਾ ਨੇਹੁ ਕਰੇਹੁ ॥ ਜੈਸੀ ਚਾਤ੍ਰਿਕ ਪਿਆਸ ਖਿਨੁ ਖਿਨੁ ਬੂੰਦ ਚਵੈ ਬਰਸੁ ਸੁਹਾਵੇ ਮੇਹੁ ॥ ਹਰਿ ਪ੍ਰੀਤਿ ਕਰੀਜੈ ਇਹੁ ਮਨੁ ਦੀਜੈ ਅਤਿ ਲਾਈਐ ਚਿਤੁ ਮੁਰਾਰੀ ॥ ਮਾਨੁ ਨ ਕੀਜੈ ਸਰਣਿ ਪਰੀਜੈ ਦਰਸਨ ਕਉ ਬਲਿਹਾਰੀ ॥ ਗੁਰ ਸੁਪ੍ਰਸੰਨੇ ਮਿਲੁ ਨਾਹ ਵਿਛੁੰਨੇ ਧਨ ਦੇਦੀ ਸਾਚੁ ਸਨੇਹਾ॥ ਕਹੁ ਨਾਨਕ ਛੰਤ ਅਨੰਤ ਠਾਕੁਰ ਕੇ ਹਰਿ ਸਿਉ ਕੀਜੈ ਨੇਹਾ ਮਨ ਐਸਾ ਨੇਹੁ ਕਰੇਹੁ ॥੨॥

[ਹੁਣ ਤੀਸਰਾ ਦ੍ਰਿਸ਼ਟਾਂਤ ਦੇਂਦੇ ਹਨ:] ਹੇ ਮਨ ! ਐਸਾ ਪ੍ਰੇਮ ਕਰ ਜੈਸਾ ਕਿ ਮਛਲੀ ਪਾਣੀ ਨਾਲ (ਕਰਦੀ ਹੈ, ਜੋ ਉਸ ਤੋਂ ਵਿਛੁੜਕੇ) ਇਕ ਪਲ ਬੀ ਧੀਰਜ ਨਹੀਂ ਕਰਦੀ। [ਹੁਣ ਚੌਥਾ ਦ੍ਰਿਸ਼ਟਾਂਤ ਦੇਂਦੇ ਹਨ:] ਜੈਸੀ ਕਿ ਪਪੀਹੇ ਨੂੰ (ਸ੍ਵਾਂਤੀ) ਬੂੰਦ ਦੀ ਤ੍ਰਿਖਾ ਹੁੰਦੀ ਹੈ, (ਜੋ) ਪਲ ਪਲ ਵਿਚ ਪੁਕਾਰਦਾ ਹੈ: ਹੇ ਸੁਹਣੇ ਬੱਦਲ ਵੱਸ ਪਓ (ਵੱਸ ਪਓ) ! ਵਾਹਿਗੁਰੂ ਜੀ ਨਾਲ (ਐਸੀ) ਪ੍ਰੀਤ ਕਰੀਏ ਕਿ ਇਹ ਮਨ (ਹੀ) ਦੇ ਦੇਈਏ, ਗਲ ਕੀ ਵਾਹਿਗੁਰੂ ਜੀ ਵਿਚ ਅਤਿ ਦਾ ਚਿਤ ਲਾਈਏ (ਫੇਰ) ਮਾਨ ਨਾ ਕਰੀਏ, ਸ਼ਰਣ ਵਿਚ ਪਏ ਰਹੀਏ, ਦਰਸ਼ਨ ਤੋਂ ਬਲਿਹਾਰ ਹੋ ਜਾਣ (ਦੀ ਸਿੱਕ ਵਿਚ ਰਹੀਏ)। ਗੁਰੂ (ਐਸੇ ਪ੍ਰੀਤਵਾਨ ਉਤੇ) ਬਹੁਤ ਖੁਸ਼ ਹੁੰਦੇ ਹਨ, (ਉਸ ਗੁਰੂ ਨੂੰ ਜਗਜਾਸੂ ਰੂਪ) ਇਸਤ੍ਰੀ ਸਚਾ ਸੁਨੇਹਾ ਘੱਲਦੀ ਹੈ ਕਿ ਹੇ ਵਿਛੁੜੇ ਹੋਏ ਪਤੀ (ਵਾਹਿਗੁਰੂ ਜੀ ਮੈਨੂੰ) ਮਿਲ ਪਓ। ਕਹਿੰਦੇ ਹਨ (ਗੁਰੂ) ਨਾਨਕ (ਦੇਵ ਜੀ) ਬੇਅੰਤ ਵਾਹਿਗੁਰੂ ਦੇ ਛੰਦ ਕਹੁ (ਜਸ ਗਾਯਨ ਕਰ ਤੇ), ਹਰੀ (ਨਾਮ) ਨਾਲ ਕਰ ਪ੍ਰੇਮ, (ਹਾਂ) ਹੇ ਮਨ ! (ਵਾਹਿਗੁਰੂ ਜੀ ਨਾਲ) ਐਸਾ ਪ੍ਰੇਮ ਕਰ (ਜੈਸਾ ਕਿ ਇਸ ਅੰਕ ਵਿਚ ਦੱਸਿਆ ਹੈ)॥ ੨॥

ਚਕਵੀ ਸੂਰ ਸਨੇਹੁ ਚਿਤਵੈ ਆਸ ਘਣੀ ਕਦਿ ਦਿਨੀਅਰੁ ਦੇਖੀਐ ॥ ਕੋਕਿਲ ਅੰਬ ਪਰੀਤਿ ਚਵੈ ਸੁਹਾਵੀਆ ਮਨ ਹਰਿ ਰੰਗੁ ਕੀਜੀਐ॥ ਹਰਿ ਪ੍ਰੀਤਿ ਕਰੀਜੈ ਮਾਨੁ ਨ ਕੀਜੈ ਇਕ ਰਾਤੀ ਕੇ ਹਭਿ ਪਾਹੁਣਿਆ ॥ ਅਬ ਕਿਆ ਰੰਗੁ ਲਾਇਓ ਮੋਹੁ ਰਚਾਇਓ ਨਾਗੇ ਆਵਣ ਜਾਵਣਿਆ ॥ ਥਿਰੁ ਸਾਧੂ ਸਰਣੀ ਪੜੀਐ ਚਰਣੀ ਅਬ ਟੂਟਸਿ ਮੋਹੁ ਜੁ ਕਿਤੀਐ ॥ ਕਹੁ ਨਾਨਕ ਛੰਤ ਦਇਆਲ ਪੁਰਖ ਕੇ ਮਨ ਹਰਿ ਲਾਇ ਪਰੀਤਿ ਕਬ ਦਿਨੀਅਰੁ ਦੇਖੀਐ ॥੩॥

[ਹੁਣ ਦ੍ਰਿਸ਼ਟਾਂਤ ਦੇਂਦੇ ਹਨ:] (ਜਿਵੇਂ) ਚਕਵੀ ਦਾ ਸੂਰਜ ਨਾਲ ਪ੍ਰੇਮ ਹੈ (ਦੇਖੋ ਓਹ) ਡਾਢੀ ਆਸ ਨਾਲ ਚਿਤਾਰਦੀ ਰਹਿੰਦੀ ਹੈ ਕਿ ਕਦੋਂ ਸੂਰਜ ਦਿੱਸੇਗਾ। [ਹੋਰ ਦ੍ਰਿਸ਼ਟਾਂਤ:] (ਜਿਵੇਂ) ਕੋਇਲ ਦੀ ਅੰਬ ਪ੍ਰੀਤੀ ਹੈ (ਜੋ ਉਸ ਦੀ ਮਹਿਮਾ ਦੇ) ਸੁਹਾਵੇ (ਗੀਤ) ਬੋਲਦੀ ਹੈ, ਹੇ ਮਨ ! (ਐਉਂ ਦਾ) ਵਾਹਿਗੁਰੂ ਪ੍ਰੇਮ ਕਰਨਾ ਚਾਹੀਦਾ ਹੈ, (ਹਾਂ) ਵਾਹਿਗੁਰੂ ਜੀ ਨਾਲ ਪ੍ਰੀਤ ਕਰੀਏ, (ਉਸ ਨਾਲ) ਮਾਨ ਨਾ ਕਰੀਏ (ਅਸੀਂ) ਸਾਰੇ (ਮਾਨੋ) ਇਕ ਰਾਤ ਦੇ ਪ੍ਰਾਹੁਣੇ ਹਾਂ। ਹੁਣ (ਦੱਸ ! ਇਸ ਦੁਨੀਆਂ ਨਾਲ) ਕੀਹ ਪਿਆਰ ਪਾਇਆ ਹਈ, ਤੇ ਮੋਹ (ਦਾ ਤੰਦਣ ਤਾਣਾ) ਰਚਾ ਛੱਡਿਆਈ, (ਏਥੇ ਤਾਂ) ਨੰਗੇ ਹੀ ਆਈਦਾ ਹੈ (ਤੇ ਨੰਗੇ ਹੀ) ਉਠ ਜਾਈਦਾ ਹੈ। ਸਾਧੂ ਦੀ ਸ਼ਰਣ ਥਿਰ ਵਸਤੂ ਹੈ (ਉਸ ਦੇ) ਚਰਣਾਂ ਵਿਚ ਜਾ ਪਈਏ, ਹੁਣ (ਦੇਖ) ਜੋ ਮੋਹ ਕੀਤੇ ਹੋਏ ਹਨ ਟੁੱਟ ਜਾਣਗੇ। ਕਹਿੰਦੇ ਹਨ (ਗੁਰੂ) ਨਾਨਕ (ਦੇਵ ਜੀ) ਦਿਆਲ ਪੁਰਖ (ਵਾਹਿਗੁਰੂ) ਦੇ ਜਸ ਨੂੰ; ਹੇ ਮਨ ! (ਉਸ) ਹਰੀ ਨਾਲ ਪ੍ਰੀਤ ਲਾ ਤੇ (ਕਹੁ ਕਿ) ਕਦੋਂ (ਅਪਣੇ) ਸੂਰਜ (ਵਾਹਿਗੁਰੂ) ਨੂੰ ਦੇਖਾਂਗੇ॥ ੩॥

ਨਿਸਿ ਕੁਰੰਕ ਜੈਸੇ ਨਾਦ ਸੁਣਿ ਸ੍ਰਵਣੀ ਹੀਉ ਡਿਵੈ ਮਨ ਐਸੀ ਪ੍ਰੀਤਿ ਕੀਜੈ ॥ ਜੈਸੀ ਤਰੁਣਿ ਭਤਾਰ ਉਰਝੀ ਪਿਰਹਿ ਸਿਵੈ

[ਹੋਰ ਦ੍ਰਿਸ਼ਟਾਂਤ ਦੇਂਦੇ ਹਨ] ਜਿਸ ਤਰ੍ਹਾਂ ਰਾਤ ਨੂੰ ਹਰਨ (ਘੰਡਾ ਹੇੜੇ ਦੀ) ਅਵਾਜ਼ ਕੰਨਾਂ ਨਾਲ ਸੁਣਕੇ ਦਿਲ (ਉਸ ਵਿਚ) ਲਾ ਦੇਂਦਾ ਹੈ, ਹੇ ਮਨ ! ਐਸੀ ਪ੍ਰੀਤ ਕਰਨੀ ਚਾਹੀਏ। [ਹੋਰ ਦ੍ਰਿਸ਼ਟਾਂਤ:] ਜਿਵੇਂ ਮੁਟਿਆਰ (ਅਪਣੇ) ਪਤੀ (ਦੇ ਪ੍ਰੇਮ) ਵਿਚ

ਇਹੁ ਮਨੁ ਲਾਲ ਦੀਜੈ ॥ ਮਨੁ ਲਾਲਹਿ ਦੀਜੈ ਭੋਗ ਕਰੀਜੈ ਹਭਿ ਖੁਸੀਆ ਰੰਗ ਮਾਣੇ ॥ ਪਿਰੁ ਅਪਨਾ ਪਾਇਆ ਰੰਗੁ ਲਾਲੁ ਬਣਾਇਆ ਅਤਿ ਮਿਲਿਓ ਮਿਤ੍ਰ ਚਿਰਾਣੇ ॥ ਗੁਰੁ ਥੀਆ ਸਾਖੀ ਤਾ ਡਿਠਮੁ ਆਖੀ ਪਿਰ ਜੇਹਾ ਅਵਰੁ ਨ ਦੀਸੈ ॥ ਕਹੁ ਨਾਨਕ ਛੰਤ ਦਇਆਲ ਮੋਹਨ ਕੇ ਮਨ ਹਰਿ ਚਰਣ ਗਹੀਜੈ ਐਸੀ ਮਨ ਪ੍ਰੀਤਿ ਕੀਜੈ ॥੪॥੧॥੪॥

ਫਸੀ ਹੋਈ ਪਤੀ ਨੂੰ ਸੇਂਵਦੀ ਹੈ (ਤਿਵੇਂ) ਇਹ ਮਨ (ਅਪਣੇ) ਪਿਆਰੇ (ਵਾਹਿਗੁਰੂ ਜੀ) ਪਿਆਰੇ ਨੂੰ ਦੇਵੀਏ।(ਹਾਂ ,ਐਸ ਤਰ੍ਹਾਂ ਆਪਣਾ) ਮਨ (ਵਾਹਿਗੁਰੂ ਜੀ) ਪਿਆਰੇ ਨੂੰ ਦੇਵੀਏ, (ਉਸ ਦਾ ਮੇਲ ਰੂਪੀ) ਭੋਗ ਕਰੀਏ, ਸਭ ਖੁਸ਼ੀਆਂ ਤੇ ਰੰਗ ਮਾਣੀਏ। ਆਪਣਾ ਪਤੀ ਪਾ ਲਿਆ ਹੈ, ਬਹੁਤੇ ਚਿਰਾਂ ਦਾ (ਵਿਛੁੜਿਆ) ਮਿਤ੍ਰ ਮਿਲ ਪਿਆ ਹੈ, (ਹੁਣ) ਖੁਸ਼ੀਆਂ ਦਾ ਸਾਮਾਨ ਬਣ ਪਿਆ ਹੈ। (ਅਸਲ ਗੱਲ ਇਹ ਹੈ ਕਿ) ਗੁਰੂ ਸਾਖੀ ਹੋ ਗਿਆ (ਭਾਵ ਵਿਚੋਲਾ ਬਣ ਗਿਆ) ਤਾਂ (ਮੈਂ ਪਿਰ) ਅੱਖੀਂ ਦੇਖਿਆ, (ਹੁਣ) ਪਿਰ ਜਿਹਾ (ਪਜਾਰਾ) ਹੋਰ ਕੋਈ ਨਹੀਂ ਦਿੱਸਦਾ। ਕਹਿੰਦੇ ਹਨ (ਗੁਰੂ) ਨਾਨਕ (ਦੇਵ ਜੀ) ਹੇ ਮਨ ! ਦਿਆਲ ਤੇ ਮੋਹ ਲੈਣ ਵਾਲੇ (ਵਾਹਿਗੁਰੂ ਜੀ ਦੇ) ਜਸ ਨੂੰ ਕਹੁ ਤੇ ਵਾਹਿਗੁਰੂ ਦੇ ਚਰਨਾਂ ਨੂੰ ਫੜੀ ਰਖ, (ਹੇ ਮਨ !) ਐਸੀ ਪ੍ਰੀਤ ਕਰੀਏ (ਜੈਸੇ ਵਰਣਨ ਕੀਤੀ ਹੈ)॥ ੪॥ ੧॥ ੪॥

ਵਜਾਖਜਾ-ਇਨ੍ਹਾਂ ਸ਼ਬਦਾਂ ਵਿਚ ਪਹਿਲਾਂ ਸਲੋਕ ਹੈ ਫੇਰ ਛੰਤ ਹੈ, ਸਲੋਕ ਵਿਚ ਸਮੁੱਚਾ ਯਾ ਸੰਖੇਪ ਭਾਵ ਸਾਰੇ ਛੰਤ ਦਾ ਹੈ।

ਇਸ ਛੰਤ ਵਿਚ ਵਾਹਿਗੁਰੂ ਪ੍ਰੇਮ ਦੀ ਅਤਿਸ਼ਯਤਾ ਦਾ ਵਰਣਨ ਹੈ ਜੋ ਪ੍ਰੀਤਮ ਵਾਹਿਗੁਰੂ ਵਿਚ ਪਹੁੰਚਾ ਦੇਂਦੀ ਹੈ। ਉਹ ਅਤਿਸ਼ਯਤਾ ਦ੍ਰਿਸ਼ਟਾਂਤਾਂ ਨਾਲ ਦੱਸੀ ਹੈ, ਦ੍ਰਿਸ਼ਟਾਂਤਾਂ ਨੂੰ ਜੇ ਕ੍ਰਮ ਵਾਰ ਤੱਕੀਏ ਤਾਂ ਸਾਰੀ ਰਚਨਾਂ ਵਿਚੋਂ ਐਉਂ ਲਏ ਹਨ:-

ਪਹਿਲਾ-ਪ੍ਰਕ੍ਰਿਤੀ ਦੀ ਬੇਜਾਨ ਰਚਨਾ ਵਿਚੋਂ 'ਜਲ ਤੇ ਦੁਧ' ਦੀ ਪ੍ਰੀਤ ਦਾ ਦ੍ਰਿਸ਼ਟਾਂਤ ਲਿਆ ਹੈ, ਫੇਰ ਕਮਲ ਦੀ ਪ੍ਰੀਤ ਲਈ, ਜੋ ਸੂਰਜ ਨਾਲ ਹੈ, ਉਸ ਦਾ ਇਸ਼ਾਰਾ ਹੈ ਸਪਸ਼ਟ ਨਹੀਂ। ਇਹ ਬਨਸਪਤੀ ਦੀ ਮਿਸਾਲ ਲਈ। ਫੇਰ ਭਵਰੇ ਦੀ ਕਮਲ ਨਾਲ, ਮੱਛੀ ਦੀ ਪਾਣੀ ਨਾਲ, ਚਾਤ੍ਰਿਕ ਦੀ ਸ੍ਵਾਂਤੀ ਬੂੰਦ ਨਾਲ, ਚਕਵੀ ਦੀ ਸੂਰਜ ਨਾਲ, ਕੋਇਲ ਦੀ ਅੰਬ ਨਾਲ, ਹਰਨ ਦੀ ਨਾਦ ਨਾਲ, ਏਹ ਪ੍ਰੀਤਾਂ ਦੇ ਦ੍ਰਿਸ਼ਟਾਂਤ ਜੰਤੂਆਂ ਦੀ ਪ੍ਰੀਤ ਦੇ ਲਏ। ਅੰਤ ਵਿਚ ਇਨਸਾਨੀ ਪ੍ਰੀਤ ਲਈ: ਇਕ ਜੁਆਨ ਵਿਆਹੀ ਇਸਤ੍ਰੀ ਦੀ ਪ੍ਰੀਤ ਅਪਣੇ ਪ੍ਰਾਣ ਪ੍ਰਿਯ ਨਾਲ, ਤੇ ਉਸ ਦੀ ਸੇਵਾ, ਜੋ ਇਨਸਾਨੀ ਪਿਆਰ ਵਿਚ ਮੱਤੀ ਹੋਈ ਉਹ ਕਰਦੀ ਹੈ, ਲਈ ਹੈ। ਏਹ ਸਾਰੇ ਪਿਆਰ ਪਰਮੇਸ਼ੁਰ ਦੇ ਪਿਆਰਿਆਂ ਨੂੰ ਦੱਸੇ ਪ੍ਰੇਮ ਦੀ ਅਤਿਸ਼ਯਤਾ ਵਾਸਤੇ, ਬਹੁੱਲਤਾ ਵਾਸਤੇ। ਜਿਸ ਪ੍ਰੇਮ ਦੀ ਬਹੁੱਲਤਾ ਦੇ ਕਾਰਣ ਹੋਰ ਸਾਰੇ ਪ੍ਰਿਯ ਪਦਾਰਥਾਂ ਸਨਬੰਧੀਆਂ ਮਿਤ੍ਰਾਂ ਆਦਿ ਨਾਲ ਗੌਣ ਹੋ ਜਾਂਦੇ ਹਨ, ਇਤਨੇ ਕਿ ਉਹਨਾਂ ਨਾਲ ਬਿਨਾ ਵੈਰਾਗ ਕੀਤੇ ਦੇ ਵੈਰਾਗ ਹੋ ਜਾਂਦਾ ਹੈ। ਇਸ ਨੂੰ 'ਸਹਜ ਵੈਰਾਗ' ਗੁਰਬਾਣੀ ਵਿਚ ਫੁਰਮਾਇਆ ਹੈ। ਫੇਰ ਉਹ ਪ੍ਰੀਤ ਅਤਿਸ਼ਯਤਾ ਪ੍ਰੀਤਮ ਵਿਚ ਲੈ ਜਾਂਦੀ ਹੈ। ਪ੍ਰੀਤਮ ਆਪ 'ਪ੍ਰਿਯ' ਸਰੂਪ ਹੈ, ਜੀਵ ਉਸ ਦੀ ਅੰਸ਼ ਹੋਣ ਕਰਕੇ ਪ੍ਰਿਯਤਾ ਦੀ ਅੰਸ਼ ਵਾਲਾ ਹੈ, ਇਹ ਅੰਸ਼ ਸਿਮਰਨ, ਕੀਰਤਨ ਆਦਿ ਵਸੀਲਿਆਂ ਨਾਲ ਅਤਿਸ਼ਯ ਹੋਕੇ ਪ੍ਰੀਤਮ ਨੂੰ ਪ੍ਰਾਪਤ ਕਰ ਦੇਂਦੀ ਹੈ। ਇਹ ਲੀਨਤਾ ਹੁੰਦੀ ਹੈ। ਜੋਤਿ ਸਰੂਪੀ ਅੰਸ਼, ਪ੍ਰਿਯ ਸਰੂਪ ਅੰਸ਼ੀ, ਪ੍ਰੇਮ ਸਰੂਪ ਅੰਸ਼ੀ, ਜਜੋਤਿ ਸਰੂਪ ਅੰਸ਼ੀ ਵਿਚ ਜਾ ਮਿਲਦੀ ਹੈ। ਕੀਕੂੰ? ਦੱਸਿਆ ਨਹੀਂ ਜਾ ਸਕਦਾ। ਜਲ ਵਿਚ ਜਲ ਬੂੰਦ ਦਾ ਸਮਾਉਣਾ ਕਹੀਦਾ ਹੈ, ਪਰ ਉਹ ਬੀ ਦ੍ਰਿਸ਼ਟਾਂਤ ਮਾਤ੍ਰ ਹੈ, ਕਿਉਂਕਿ ਦ੍ਰਿਸ਼ਟਾਂਤ ਸਾਰੇ ਦੇਸ਼ ਕਾਲ ਵਸਤੂ ਯਾ ਦੇਸ਼ ਕਾਲ ਨਮਿਤ ਦੇ ਹੁੰਦੇ ਹਨ, ਤੇ ਜੋ ਅਸਲੀ ਰੂਹ ਦਾ ਵਾਹਿਗੁਰੂ ਵਿਚ ਸੰਮੇਲਨ ਹੈ, ਉਹ ਅਦੇਸ਼ ਅਕਾਲ ਦਾ ਹੈ, ਸੋ ਪ੍ਰਮਾਣ ਖਿਆਲ ਦੇਂਦੇ ਹਨ, ਅਸਲ ਸੁਆਦ ਪ੍ਰਾਪਤੀ ਨਾਲ ਹੀ ਮਿਲਦਾ ਹੈ। ਇਹੋ ਗਲ 'ਡਿਠਮੁ ਆਖੀ' ਕਹਿਕੇ ਜਣਾਈ ਹੈ।

ਫਿਰ ਇਸ ਸ਼ਬਦ ਵਿਚ ਇਸ ਪ੍ਰਾਪਤੀ ਦੇ ਸਹਾਯਕ ਵਸੀਲੇ ਦੱਸੇ ਹਨ: ਸਾਧ ਸੰਗਤ, ਗੁਰੂ, ਹਰੀ ਜਸ, ਹਰੀ ਸਿਮਰਨ, ਮਾਨ ਹੰਕਾਰ ਦਾ ਤਯਾਗ। ਮਨ ਦੀ ਭਾਵਨਾ, ਮਨ ਦਾ ਰੁਖ਼ ਪ੍ਰੀਤਮ ਲਈ ਰਖਣਾ। ਸੁਖ ਵੇਲੇ ਤਾਂ ਸੁਖ ਵਿਚ, ਦੁਖ ਵੇਲੇ, ਮੌਤ ਵੇਲੇ ਬੀ ਲਗੇ ਰਹੀਏ, ਕਦੇ ਕਿਸੇ ਔਖ ਤੋਂ ਡਰਕੇ ਪ੍ਰੀਤ ਨਾ ਤਿਆਗੀਏ। ਅਥਵਾ ਕਿਸੇ ਦੁਖ ਵੇਲੇ ਡਰ ਨਾ ਮੰਨੀਏ, ਦ੍ਰਿੜ ਰਹੀਏ ਕਿ ਸਾਈਂ ਦੀ ਪ੍ਰੀਤ ਅਗੇ ਕੋਈ ਦੁਖ ਰੋਕ ਨਹੀਂ ਪਾ ਸਕਦਾ।

ਇਹੋ ਖਿਆਲ ਗੁਰੂ ਪੰਚਮ ਜੀ ਨੇ ਮੁੜਕੇ ਇਸੇ ਰਾਗ ਦੇ ਆਖਰੀ ਛੰਤ ਘਰ ੮ ਵਿਚ ਵਰਣਨ ਕੀਤੇ ਹਨ। ਇਹੋ ਦ੍ਰਿਸ਼ਟਾਂਤ ਵਰਤੇ ਹਨ ਪਰ ਕਿਸ ਸੁੰਦਰਤਾ ਨਾਲ ਕਿ ਇਸ ਸ਼ਬਦ ਦੀ ਲਾਵੰਨਤਾ ਅਪਣੀ ਹੈ ਤੇ ਉਸ ਦੀ ਅਪਣੀ। ਦੁਇ ਹੀਰੇ ਦੀਆਂ ਕਣੀਆਂ ਵਾਙੂ ਅਪਣੇ ਸੁਆਦ ਵਿਚ ਦਮਕਦੇ ਹਨ। ਕਿਸ ਤਰ੍ਹਾਂ ਦਾ ਕਮਾਲ ਬਾਣੀ ਉਚਾਰਨ ਤੇ ਪਦਾਂ ਦੀ ਚੋਣ ਵਿਚ ਹੈ ! ਇਸ ਛੰਤ ਦੇ ਨਾਲ ਉਸ ਛੰਤ ਨੂੰ ਪੜ੍ਹ ਲਿਆਂ ਸੁਆਦ ਵਧੀਕ ਹੋ ਜਾਂਦਾ ਹੈ। ਉਸ ਦੀ ਪਹਿਲੀ ਤੁਕ ਹੈ:-

ਕਮਲਾ ਭ੍ਰਮ ਭੀਤਿ ਕਮਲਾ ਭ੍ਰਮ ਭੀਤਿ ਹੇ ਤੀਖਣ ਮਦ ਬਿਪਰੀਤਿ ਹੈ ਅਵਧ ਅਕਾਰਥ ਜਾਤ॥

ਤਿਵੇਂ ਹੀ ਸਿਰੀ ਰਾਗੁ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਅਸ਼ਟਪਦੀ ਹੈ:-

ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਜਲ ਕਮਲੇਹਿ॥

[ਸਿਰੀ ਰਾਗੁ ਮਹਲਾ ੧, ਅਸਟ:-੧੧]

ਇਸ ਸ਼ਬਦ ਵਿਚ ਇਸੀ ਪ੍ਰਕਾਰ ਦੇ ਦ੍ਰਿਸ਼ਟਾਂਤ ਵਰਤਕੇ ਵਾਹਿਗੁਰੂ ਪ੍ਰੇਮ ਦੀ ਅਤਿਸ਼ਯਤਾ ਵਰਣਨ ਕੀਤੀ ਹੈ। ਦੋਹਾਂ ਸ਼ਬਦਾਂ ਦਾ ਵਾਚ ਲੈਣਾ ਇਸ ਸ਼ਬਦ ਦੀ ਸੋਝੀ ਵਿਚ ਸਹਾਯਕ ਹੋਵੇਗਾ।

ਉਂਞ ਏਹ ਦ੍ਰਿਸ਼ਟਾਂਤ ਗੁਰਬਾਣੀ ਵਿਚ ਹੋਰਥੇ ਬੀ ਵਰਣਨ ਹੋਏ ਹਨ। ਯਥਾ:-

ਮੋਹਿ ਮਛੁਲੀ ਤੁਮ ਨੀਰ ਤੁਝ ਬਿਨੁ ਕਿਉ ਸਰੈ॥ [ਬਿਲਾਵਲ ਮਹਲਾ ੫, ਛੰਤ-੩]

ਨਿਰੁਕ੍ਤ-ਭੇਟਤ-ਮਿਲਿਆਂ, ਮਿਲਨ ਕਰਕੇ, ਮਿਲਦਿਆਂ।

ਆਚ-ਅੱਗ, ਭਾਵ ਸੇਕ। ਅਬ-ਹੁਣ। ਆਬ ਨਾਮ ਪਾਣੀ ਦਾ ਹੈ ਤੇ ਕਈ ਦਾਨੇ ਪਾਣੀ ਅਰਥ ਲਾਕੇ ਬੀ ਸਫਲਤਾ ਕਰਦੇ ਹਨ। ਉਰਝਿਓ-ਫਸਿਆ। ਲਗਿਆ।

ਅਲਿ- [ਸੰਸ:, ਅਲਿ:] ਭੌਰਾ। ਪ੍ਰਾਛਤ- [ਸੰਸ:, ਪ੍ਰਾਯਸ਼੍ਚਿਤ੍ਤੰ] ਪਾਪ ਕਰਮਾਂ ਦਾ ਫਲ ਦੂਰ ਕਰਨ ਲਈ ਕੀਤੇ ਕਰਮ ਆਦਿ ਉਪਰਾਲੇ, ਪਰ ਗੁਰਬਾਣੀ ਵਿਚ ਕਈ ਵੇਰ ਪ੍ਰਾਛਤ ਪਦ 'ਪਾਪ' ਅਰਥਾਂ ਵਿਚ ਬੀ ਵਰਤਿਆ ਹੈ। ਚਾਤ੍ਰਿਕ-ਪਪੀਹਾ।

ਮੁਰਾਰੀ, ਗੋਬਿੰਦ, ਹਰੀ, ਹਰੇ ਠਾਕੁਰ, ਦਿਆਲੁ ਪੁਰਖ, ਲਾਲ, ਦਇਆਲੁ ਮੋਹਨਿ ਆਦਿ ਸਾਰੇ ਵਾਹਿਗੁਰੂ ਜੀ ਦੇ ਵਾਚਕ ਹਨ। ਦਿਨੀਅਰੁ-ਸੂਰਜ। ਕੋਕਿਲ-ਕੋਇਲ।

ਚਵੈ-ਬੋਲਦੀ ਹੈ। ਹਭਿ-ਸਭ। ਨਿਸਿ-ਰਾਤ ਨੂੰ।

ਕੁਰੰਕ- [ਸੰਸ:, ਕੁਰੰਗ:=ਲਾਲ ਰੰਗ ਦਾ ਹਿਰਨ] ਹਰਨ।

ਨਾਦ-ਅਵਾਜ਼, ਘੰਡਾ ਹੇੜੇ ਦੀ ਅਵਾਜ਼ ਜੋ ਸ਼ਿਕਾਰੀ ਕਰਕੇ ਹਰਨਾਂ ਨੂੰ ਮਸਤ ਕਰ ਲੈਂਦਾ ਹੈ।

ਹੀਉ ਡਿਵੈ- [ਲਹਿੰਦਾ ਪੰਜਾਬੀ] ਹਿਰਦਾ ਦੇਂਦਾ ਹੈ।

ਤਰੁਣਿ- [ਸੰਸ:, ਤਰੁਣੀ] ਇਸਤ੍ਰੀ, ਜੁਆਨ ਇਸਤ੍ਰੀ, ਮੁਟਿਆਰ।

ਸਿਵੈ-ਸੇਂਵਦੀ ਹੈ। ਚਿਰਾਣੇ-ਚਿਰਾਂ ਦੇ, ਜਿਨ੍ਹਾਂ ਨੂੰ ਵਿਛੁੜਿਆਂ ਚਿਰ ਹੋ ਗਿਆ ਹੈ। ਗਹੀਜੈ-ਫੜੀਏ।

[ਆਸਾ ਮਹਲਾ ੫, ਛੰਤ, ੫-੨੬]

ਮੂਲ	ਅਰਥ
ਆਸਾ ਮਹਲਾ ੫ ॥ ਸਲੋਕੁ ॥	
ਬਨੁ ਬਨੁ ਫਿਰਤੀ ਖੋਜਤੀ ਹਾਰੀ ਬਹੁ ਅਵਗਾਹਿ ॥ ਨਾਨਕ ਭੇਟੇ ਸਾਧ ਜਬ ਹਰਿ ਪਾਇਆ ਮਨ ਮਾਹਿ ॥੧॥	ਬਨੋ ਬਨ ਖੋਜਦੀ ਫਿਰਦੀ ਰਹੀ ਤੇ ਬਹੁਤ ਫਰੋਲਾ ਫਰਾਲੀ ਕਰਦੀ (ਅੰਤ) ਹਾਰ ਗਈ, (ਭਾਵ ਮਤਿ ਤੇ ਪੁਸਤਕ ਫੋਲਦੀ ਥੱਕ ਗਈ)। ਹੇ ਨਾਨਕ ! ਜਦ ਸਾਧੂ ਮਿਲ ਪਏ (ਤਦ) ਹਰੀ ਮਨ ਵਿਚੋਂ ਹੀ ਪਾ ਲਿਆ॥ ੧॥
ਛੰਤ ॥ ਜਾ ਕਉ ਖੋਜਹਿ ਅਸੰਖ ਮੁਨੀ ਅਨੇਕ ਤਪੇ ॥ ਬ੍ਰਹਮੇ ਕੋਟਿ ਅਰਾਧਹਿ ਗਿਆਨੀ ਜਾਪ ਜਪੇ ॥ ਜਪ ਤਾਪ ਸੰਜਮ ਕਿਰਿਆ ਪੂਜਾ ਅਨਿਕ ਸੋਧਨ ਬੰਦਨਾ ॥ ਕਰਿ ਗਵਨੁ ਬਸੁਧਾ ਤੀਰਥਹ ਮਜਨੁ ਮਿਲਨ ਕਉ ਨਿਰੰਜਨਾ ॥ ਮਾਨੁਖ ਬਨੁ ਤਿਨੁ ਪਸੂ ਪੰਖੀ ਸਗਲ ਤੁਝਹਿ ਅਰਾਧਤੇ ॥ ਦਇਆਲ ਲਾਲ ਗੋਬਿੰਦ ਨਾਨਕ ਮਿਲੁ ਸਾਧਸੰਗਤਿ ਹੋਇ ਗਤੇ ॥੧॥	ਜਿਸ ਨੂੰ ਖੋਜਦੇ ਹਨ ਅਣਗਿਣਤ ਮੁਨੀ ਤੇ ਅਨੇਕਾਂ ਤਪ ਕਰਨ ਵਾਲੇ, ਕ੍ਰੋੜਾਂ ਬ੍ਰਹਮੇ (ਜਿਸ ਨੂੰ) ਧਿਆਉਂਦੇ ਹਨ ਤੇ ਗਯਾਨੀ (ਜਿਸ ਦੇ) ਜਾਪ ਜਪਦੇ ਹਨ। (ਹੋਰ ਅਨੇਕਾਂ ਲੋਕ) ਨਿਰੰਜਨ (=ਨਿਰਗੁਣ ਪ੍ਰਭੂ) ਨੂੰ ਮਿਲਣ ਵਾਸਤੇ ਜਪ, ਤਪ, ਇੰਦ੍ਰੈ ਦਮਨ, (ਕਰਮ ਕਾਂਡੀ) ਕਰਮ, ਪੂਜਾ, ਸ਼ੁਧੀਆਂ ਕਰਨ ਦੇ ਕਰਮ ਤੇ ਮੱਥੇ ਟੇਕਣੇ, ਧਰਤੀ ਉਤੇ ਗਵਨ ਕਰਨਾ, ਤੀਰਥਾਂ ਤੇ ਨ੍ਹਾਉਣਾ (ਆਦਿ ਕਰਮ) ਕਰਦੇ ਹਨ। ਮਾਨੁਖ, ਜੰਗਲ, ਘਾਸ, ਪਸ਼ੂ, ਪੰਛੀ ਸਾਰੇ ਤੈਨੂੰ ਅਰਾਧ ਰਹੇ ਹਨ। ਹੇ ਦਿਆਲੂ ਤੇ ਪਿਆਰੇ ਗੋਬਿੰਦ ! (ਮੈਨੂੰ ਤਾਂ) ਸਾਧ ਸੰਗਤਿ ਦੁਆਰਾ ਮਿਲ ਪਉ ਜੋ ਮੁਕਤੀ ਹੋ ਜਾਵੇ, (ਬਿਨੈ ਕਰਦੇ ਹਨ ਗੁਰੂ) ਨਾਨਕ (ਦੇਵ ਜੀ)॥ ੧॥
ਕੋਟਿ ਬਿਸਨ ਅਵਤਾਰ ਸੰਕਰ ਜਟਾਧਾਰ ॥ ਚਾਹਹਿ ਤੁਝਹਿ ਦਇਆਰ ਮਨਿ ਤਨਿ ਰੁਚ ਅਪਾਰ॥ ਅਪਾਰ ਅਗਮ ਗੋਬਿੰਦ ਠਾਕੁਰ ਸਗਲ ਪੂਰਕ ਪ੍ਰਭ ਧਨੀ ॥ ਸੁਰ ਸਿਧ ਗਣ ਗੰਧਰਬ ਧਿਆਵਹਿ ਜਖ ਕਿੰਨਰ ਗੁਣ ਭਨੀ ॥ ਕੋਟਿ ਇੰਦ੍ਰ ਅਨੇਕ ਦੇਵਾ ਜਪਤ ਸੁਆਮੀ ਜੈ ਜੈ ਕਾਰ ॥ ਅਨਾਥ ਨਾਥ ਦਇਆਲ ਨਾਨਕ ਸਾਧਸੰਗਤਿ ਮਿਲਿ ਉਧਾਰ ॥੨॥	ਵਿਸ਼ਨੂੰ ਦੇ ਕ੍ਰੋੜਾਂ ਅਵਤਾਰ ਤੇ ਸ਼ਿਵ ਜੀ ਦੇ ਜਟਾਧਾਰੀ (ਅਵਤਾਰ) ਹੇ ਦਿਆਲ ! ਮਨ ਤੇ ਤਨ ਦੀ ਅਪਾਰ ਚਾਹਨਾ ਨਾਲ ਤੈਨੂੰ ਲੋਚਦੇ ਹਨ। ਹੇ ਪਾਰ ਤੋਂ ਰਹਿਤ, (ਮਨ ਬਾਣੀ ਦੀ) ਪਹੁੰਚ ਤੋਂ ਪਰੇ, ਪ੍ਰਿਥਵੀ ਪਾਲਕ, ਮਾਲਕ, ਸਾਰਿਆਂ ਨੂੰ ਪਾਲਣ ਵਾਲੇ ਧਨੀ ਪ੍ਰਭੂ ! (ਤੈਨੂੰ) ਧਿਆਉਂਦੇ ਹਨ ਦੇਵਤੇ, ਸਿਧ, ਗਣ, ਗੰਧਰਬ, (ਹਾਂ) ਜੱਖ ਤੇ ਕਿੰਨਰ; (ਤੇਰੇ) ਗੁਣ ਉਚਾਰਦੇ ਹਨ। ਕ੍ਰੋੜਾਂ ਇੰਦ੍ਰ ਅਨੇਕਾਂ ਦੇਵਤੇ, ਹੇ ਮਾਲਕ ! ਜੈ ਜੈ ਕਾਰ ਕਰਦੇ ਹੋਏ (ਤੈਨੂੰ) ਜਪ ਰਹੇ ਹਨ। (ਪਰ) ਹੇ ਨਾਨਕ ! ਅਨਾਥਾਂ ਦਾ ਨਾਥ (ਤੇ ਗਰੀਬਾ ਤੇ) ਦਿਆਲੂ ਸਾਧ ਸੰਗਤ ਦੁਆਰਾ (ਜਿਸ ਨੂੰ) ਮਿਲ ਪਿਆ (ਉਸ ਦਾ) ਉਧਾਰ ਹੋ ਗਿਆ॥ ੨॥
ਕੋਟਿ ਦੇਵੀ ਜਾ ਕਉ ਸੇਵਹਿ ਲਖਿਮੀ ਅਨਿਕ ਭਾਤਿ ॥ ਗੁਪਤ ਪ੍ਰਗਟ ਜਾ ਕਉ ਅਰਾਧਹਿ ਪਉਣ ਪਾਣੀ ਦਿਨਸੁ ਰਾਤਿ ॥ ਨਖਿਅਤ੍ਰ ਸਸੀ-	ਕ੍ਰੋੜਾਂ ਦੇਵੀਆਂ ਤੇ ਲੱਛਮੀਆਂ ਜਿਸ ਨੂੰ ਅਨੇਕਾਂ ਤਰ੍ਹਾਂ ਨਾਲ ਸੇਵਦੀਆਂ ਹਨ, ਜਿਸ ਨੂੰ ਗੁਪਤ ਤੇ ਪ੍ਰਗਟ ਹਸਤੀਆਂ ਅਰਾਧਦੀਆਂ ਹਨ, ਪਉਣ, ਪਾਣੀ ਤੇ ਦਿਨ ਰਾਤ (ਜਿਸਨੂੰ ਅਰਾਧਦੇ ਹਨ; ਜਿਸ ਨੂੰ) ਨਛੜ੍ਹ, ਚੰਦ, ਸੂਰਜ ਆਦਿ ਧਿਆਉਂਦੇ ਹਨ

ਅਰ ਸੂਰ ਧਿਆਵਹਿ ਬਸੁਧ ਗਗਨਾ ਗਾਵਏ ॥ ਸਗਲ ਖਾਣੀ ਸਗਲ ਬਾਣੀ ਸਦਾ ਸਦਾ ਧਿਆਵਏ ॥ ਸਿਮ੍ਰਿਤਿ ਪੁਰਾਣ ਚਤੁਰ ਬੇਦਹ ਖਟੁ ਸਾਸਤ੍ਰ ਜਾ ਕਉ ਜਪਾਤਿ ॥ ਪਤਿਤ ਪਾਵਨ ਭਗਤਿ ਵਛਲ ਨਾਨਕ ਮਿਲੀਐ ਸੰਗਿ ਸਾਤਿ ॥੩॥

ਤੇ ਜ਼ਿਮੀਂ ਅਸਮਾਨ ਗਾਉਂਦੇ ਹਨ। ਸਾਰੀਆਂ ਖਾਣੀਆਂ ਸਾਰੀਆਂ ਬਾਣੀਆਂ (ਦੁਆਰਾ) ਸਦਾ ਸਦਾ (ਜਿਸ ਨੂੰ) ਧਿਆਉਂਦੇ ਹਨ। ਸਿੰਮ੍ਰਤੀਆਂ, ਪੁਰਾਣ, ਚਾਰੇ ਵੇਦ, ਛੇ ਸ਼ਾਸਤ੍ਰ ਜਿਸ ਨੂੰ ਜਪਦੇ ਹਨ। ਪਤਿਤਾਂ ਨੂੰ ਪਵਿਤ੍ਰ ਕਰਨ ਵਾਲਾ ਤੇ ਜੋ ਭਗਤ ਵਛਲ ਹੈ, (ਉਸ ਨੂੰ) ਹੇ ਨਾਨਕ ! ਸਤਿਸੰਗ ਦੁਆਰਾ ਮਿਲ ਪਈਦਾ ਹੈ॥ ੩॥

ਜੇਤੀ ਪ੍ਰਭੂ ਜਨਾਈ ਰਸਨਾ ਤੇਤ ਭਨੀ॥ ਅਨਜਾਨਤ ਜੋ ਸੇਵੈ ਤੇਤੀ ਨਹ ਜਾਇ ਗਨੀ ॥ ਅਵਿਗਤ ਅਗਨਤ ਅਥਾਹ ਠਾਕੁਰ ਸਗਲ ਮੰਝੇ ਬਾਹਰਾ॥ ਸਰਬ ਜਾਚਿਕ ਏਕੁ ਦਾਤਾ ਨਹ ਦੂਰਿ ਸੰਗੀ ਜਾਹਰਾ ॥ ਵਸਿ ਭਗਤ ਥੀਆ ਮਿਲੇ ਜੀਆ ਤਾ ਕੀ ਉਪਮਾ ਕਿਤ ਗਨੀ ॥ ਇਹੁ ਦਾਨੁ ਮਾਨੁ ਨਾਨਕੁ ਪਾਏ ਸੀਸੁ ਸਾਧਹ ਧਰਿ ਚਰਨੀ ॥੪॥੨॥੫॥

(ਪ੍ਰਭੂ ਨੂੰ ਗਾਉਣੇ ਵਾਲੀ) ਜਿੰਨੀ (ਸ੍ਰਿਸ਼ਟੀ) ਪ੍ਰਭੂ ਨੇ (ਸਾਨੂੰ ਇਸ ਵੇਲੇ) ਜਣਾਈ ਹੈ ਉਤਨੀ ਜੀਭ ਨੇ ਗਿਣੀ ਹੈ, ਜੋ ਸਾਡੀ ਗਜਾਤ ਤੋਂ ਪਰੇ (ਰਖੀ ਹੈ) ਉਤਨੀ (ਉਹ) ਗਿਣੀ ਨਹੀਂ ਜਾ ਸਕਦੀ, (ਉਹ ਬੀ ਇਸ ਨੂੰ) ਸੇਵਦੀ ਹੈ। ਜੋ ਅਵਜਕਤ (ਰੂਪ ਰੇਖ ਤੋਂ ਨਿਆਰਾ ਹੈ), ਗੇਣਤੀ ਤੋਂ ਪਰੇ ਹੈ, ਜਿਸ ਦਾ ਥਾਹ (ਅੰਤ) ਨਹੀਂ ਲਿਆ ਜਾ ਸਕਦਾ, (ਜੋ ਸਭ ਦਾ) ਮਾਲਕ ਹੈ, ਜੋ ਸਾਰਿਆਂ ਦੇ ਵਿਚ ਬੀ ਹੈ ਤੇ ਬਾਹਰ ਬੀ ਹੈ; ਸਾਰੇ (ਉਸ ਦੇ) ਮੰਗਤੇ ਹਨ, (ਉਹੋ) ਇਕੋ ਦਾਤਾ ਹੈ, (ਜੋ) ਦੂਰ ਨਹੀਂ ਹੈ (ਸਭ ਦਾ) ਸੰਗੀ ਹੈ ਤੇ ਜ਼ਾਹਰਾ ਜ਼ਹੂਰ ਹੈ। ਉਹ ਭਗਤਾਂ ਦੇ ਵੱਸ ਵਿਚ ਹੋ ਗਿਆ ਹੈ (ਜੋ ਐਉਂ ਭਾਵ ਅਰਥਾਤ ਭਗਤੀ ਦੁਆਰਾ) ਜੀਵਾਂ ਨੂੰ ਮਿਲ ਪੈਂਦਾ ਹੈ, ਉਸ ਦੀ ਮਹਿਮਾ ਮੈਂ ਕੀਹ ਆਖਾਂ? (ਉਸ ਪ੍ਰਭੂ ਤੋਂ) ਨਾਨਕ (ਕਿਵੇਂ) ਇਹ ਦਾਨ (ਤੇ ਇਹੋ) ਮਾਨ ਪ੍ਰਾਪਤ ਕਰ ਲਵੇ (ਕਿ ਉਸ ਦਾ) ਸੀਸ ਸਾਧਾਂ ਦੇ ਚਰਨਾਂ ਉਤੇ ਧਰਿਆ ਰਹੇ*॥ ੪॥ ੨॥ ੫॥

ਵਜਾਖਜਾ-ਇਸ ਸ਼ਬਦ ਵਿਚ ਸਾਰੀ ਰਚਨਾ ਨੂੰ ਰਚਣਹਾਰ ਦੀ ਅਰਾਧਨਾ ਵਿਚ ਦੱਸਿਆ ਹੈ। ਕੋਈ ਅਰਾਧਨਾਂ ਉੱਦਮ ਨਾਲ ਹੋ ਰਹੀ ਹੈ, ਜੈਸੀ ਮੁਨੀਆਂ, ਸਾਧਕਾਂ, ਦੇਵਤਿਆਂ ਆਦਿ ਦੀ; ਕੋਈ ਜੋ ਸੁਤੇ ਸਿੱਧ ਹੋ ਰਹੀ ਹੈ ਜੈਸੀ ਸਸੀ, ਸੂਰ, ਨਛੱਤ੍ਰ ਆਦਿ ਦੀ। ਸਾਰੀ ਗਿਣਕੇ ਤੇ ਜੋ ਗੇਣਤੀ ਤੋਂ ਦੂਰ ਹੈ, ਉਸ ਦਾ ਜ਼ਿਕਰ ਕਰਕੇ ਚਾਰੋਂ ਹੀ ਪਦਿਆਂ ਵਿਚ ਸਤਿਸੰਗ ਦੁਆਰਾ ਪ੍ਰਭੂ ਪ੍ਰਾਪਤੀ ਨੂੰ ਵੱਡਾ ਤੇ ਸੁਗਮ ਦਿਖਾਇਆ ਹੈ। ਸਤਿਸੰਗ ਤੋਂ ਭਗਤੀ ਪ੍ਰਾਪਤ ਹੁੰਦੀ ਦੱਸੀ ਹੈ। ਭਗਤੀ ਵਿਚ ਵਾਹਿਗੁਰੂ ਨਾਲ ਪ੍ਰੇਮ ਕਰੀਦਾ ਹੈ। ਪ੍ਰਭੂ ਦਾ ਸਰੂਪ ਅਸਤੀ, ਭਾਂਤੀ ਪ੍ਰੇਯ ਦੱਸੀ ਦਾ ਹੈ। ਜੋ ਪ੍ਰਿਯ ਸਰੂਪ ਹੈ, ਉਸ ਨੂੰ ਜੋ ਪ੍ਰੇਮ ਨਾਲ ਅਰਾਧੇਗਾ ਉਹ ਉਸ ਦੇ ਪ੍ਰਿਯ ਸਰੂਪ ਨੂੰ ਅਪਣਾ ਪ੍ਰੇਮ ਉਂਡੇਲਨ ਲਈ ਮਾਨੋਂ ਪ੍ਰੇਰੇਗਾ। ਪ੍ਰਿਯ ਸਰੂਪ ਨੂੰ ਪ੍ਰੇਮ ਨਾਲ ਮਿਲਣਾ ਹੀ ਸੁਗਮ ਤੇ ਇਹੋ ਮੇਲ ਰਸਦਾਯਕ ਹੁੰਦਾ ਹੈ, ਇਹ ਗੱਲ ਪ੍ਰਤੱਖ ਹੈ। ਭਗਤੀ- ਪ੍ਰੇਮ ਇਹ ਸਤਿਸੰਗ ਵਿਚੋਂ ਮਿਲਦੀ ਹੈ, ਇਸ ਕਰਕੇ ਸਾਰੇ ਸ਼ਬਦ ਦਾ ਉਪਦੇਸ਼ ਸਤਿਸੰਗ ਕਰਨਾ ਹੈ।

ਨਿਰੁਕ੍ਤ-ਸਲੋਕ ਵਿਚ ਜੋ ਗਲ ਉਤਮ ਪੁਰਖ ਵਿਚ ਕਹੀ ਹੈ ਉਹ ਅਸਲ ਵਿਚ ਜਗਤ ਵਜਾਪਕ ਗਲ ਸੀ, ਜੋ ਅਪਣੇ ਦੁਆਰਾ ਦੱਸੀ। ਛੰਤ ਵਿਚ ਉਹ ਫੇਰ ਖੋਹਲਕੇ ਅੰਨਯ ਪੁਰਖ ਵਿਚ ਵਰਣਨ ਕਰ ਦਿੱਤੀ ਹੈ।

* ਯਥਾ:-ਮੇਰਾ ਮੂੰਡੁ ਸਾਧ ਪਗਾ ਹੇਠਿ ਰੁਲਸੀ ਰੇ॥ [ਦੇਵਗੰਧਾਰੀ ਮਹਲਾ ੫-੩੨]

ਅਵਗਾਹਿ- [ਸੰਸ:, ਅਵਗਾਹਨਮ੍-ਨਹਾਉਣਾ। (ਅ) ਛਾਣਬੀਨ ਕਰਨੀ] ਫੋਲਕੇ। ਭਾਵ ਹੈ ਸ਼ਾਸਤ੍ਰਾਂ ਆਦਿ ਦੀ ਘੋਖਨਾ ਕਰਕੇ। ਅਸੰਖ-ਬੇ-ਗਿਣਤ। ਬਹੁਤੇ।

ਮੁਨੀ-ਤਜਾਗੀ ਵੈਰਾਗੀ ਲੋਕ। (ਅ) ਮੋਨ ਧਾਰੀ।

ਸੰਜਮ-ਇੰਦ੍ਰਿਆਂ ਨੂੰ ਭੋਗਾਂ ਤੋਂ ਰੋਕਣਾ। (ਅ) ਯੋਗ ਦਰਸ਼ਨ ਵਿਚ ਸੰਯਮ ਦਾ ਭਾਵ ਹੈ, ਧਾਰਨਾ, ਧਿਆਨ, ਸਮਾਧੀ ਤਿੰਨਾਂ ਦਾ ਇਕੱਠ। ਸੋਧਨ-ਸਰੀਰਕ ਸ਼ੁੱਧੀ ਕਰਨੀ।

ਬੰਦਨਾ-ਮੱਥੇ ਟੇਕਣੇ। ਖਾਸ ਕਰ ਤਿਬੱਤੀ ਲੋਕਾਂ ਦਾ ਕਦਮ ਕਦਮ ਮੱਥੇ ਟੇਕਦੇ ਯਾਤ੍ਰਾ ਕਰਨੀਆਂ।

ਬਸੁਧਾ-ਧਰਤੀ।　　ਮਜਨੁ-ਇਸ਼ਨਾਨ।

ਸੰਕਰ- [ਸੰਸ:, ਸ਼ੰਕਰ:] ਸ਼ਿਵ ਜੀ।　　ਦਇਆਰ-ਦਇਆਲ। ਕ੍ਰਿਪਾਲੂ।

ਅਪਾਰ- ਪਾਰ ਤੋਂ ਰਹਿਤ।　　ਅਗਮ-ਮਨ ਬਾਣੀ ਕਰਕੇ ਜੋ ਨਾ ਜਾਣਿਆ ਜਾ ਸਕੇ।

ਸਗਲ ਪੂਰਨ-ਸਭ ਨੂੰ ਭਰਨ ਵਾਲਾ, ਭਾਵ ਪਾਲਣ ਵਾਲਾ।

ਗਣ-ਸ਼ਿਵ ਦੇ ਦਾਸ।　　ਗੰਧਰਬ-ਦੇਵਤਿਆਂ ਦੇ ਗਵੱਯੇ।

ਜਖ-ਇਕ ਦੇਵ ਜੂਨੀ।　　ਕਿੰਨਰ-ਇਕ ਪ੍ਰਕਾਰ ਦੇ ਦੇਵਤੇ ਜਿਨ੍ਹਾਂ ਦਾ ਮੂੰਹ ਘੋੜੇ ਵਰਗਾ ਹੋਣਾ ਮੰਨਿਆ ਜਾਂਦਾ ਹੈ। ਦੇਵਤਿਆਂ ਦੇ ਗਵੱਯੇ ਵਜੱਯੇ।　ਦੇਵਾ-ਦੇਵਤੇ।

ਲਖਿਮੀ- [ਸੰਸ:, ਲਕਸ਼ਮੀ] ਵਿਸ਼ਨੂੰ ਦੀ ਇਸਤ੍ਰੀ।　　ਗੁਪਤ-ਲੁਕਿਆ ਹੋਇਆ। ਉਹ ਲੋਕ ਜੋ ਦਿੱਸਦੇ ਨਹੀਂ ਪਰ ਹੈਨ। ਧਰਮ ਖੰਡ ਸਰਮ ਖੰਡ ਆਦਿ ਦੇ ਰਹਿਣੇ ਵਾਲੇ।

ਨਖਿਅਤ੍ਰ-ਨਛਤ੍ਰ। ਤਾਰਿਆਂ ਦੇ ਝੁੰਡ ਜੋ ਗ੍ਰੈਹਾਂ ਤੋਂ ਵੱਖਰੇ ਤੇ ਦੂਰ ਦੂਰ ਹਨ, ਅਸਲ ਵਿਚ ਜੋ ਅਤਿ ਦੂਰੀਆਂ ਦੇ ਸੂਰਜ ਹਨ।　　ਸਸੀਅਰ-ਚੰਦ੍ਰਮਾ।　　ਸੂਰ-ਸੂਰਜ। ਸੰਗਿ ਸਾਤਿ-ਸਾਤ ਸੰਗ। ਸਾਤ ਦਾ ਭਾਵ ਹੈ ਸਤਿ, ਸਤਿ+ਸੰਗਿ=ਸਤਿਸੰਗਿ। ਹੋਰਥੇ ਬੀ ਇਹ ਪਦ ਵਰਤਿਆ ਹੈ; ਯਥਾ:-

ਸੁਹਾਗਨਿ ਸਾਤਿ ਬੁਝਹੀਅਉ ॥　　[ਜੈਤਸਰੀ ਮਹਲਾ ੫-੨]

ਅਵਿਗਤ-ਅਵਜਕਤ। ਜਿਸ ਦਾ ਸਰੀਰ, ਰੂਪ, ਰੇਖ ਨਹੀਂ। ਨਿਰਗੁਣ ਪਰਮਾਤਮਾ।

(੨) ਅਵਿਨਾਸ਼। ਨਾ ਚਲਾਇਮਾਨ ਹੋਣ ਵਾਲਾ।

ਜਾਚਿਕ- [ਸੰਸ:, ਯਾਚਕ:] ਮੰਗਤਾ, ਭਿਖਾਰੀ, ਭਿਖਸ਼ੂ।

ਮਾਨ-ਇੱਜ਼ਤ, ਆਦਰ। ਸਾਧੂ ਦੇ ਚਰਨਾਂ ਤੇ ਸਿਰ ਧਰਨੇ ਦਾ ਦਾਨ ਮਿਲੇ ਤੇ ਇਹੋ ਮਾਨ ਹੈ ਕਿਉਂਕਿ ਇਸੇ ਨੇ ਹਉਂ ਰਹਤ ਕਰਕੇ ਭਗਤ ਵੱਛਲ ਦੇ ਪ੍ਰੇਮ ਲੀਨ ਕਰਨਾ ਹੈ।

[ਆਸਾ ਮਹਲਾ ੫, ਛੰਤ, ੬-੨੭]

ਪ੍ਰਾਕ੍ਕਥਨ-ਮੱਧਮ ਪੁਰਖ ਸਾਹਮਣੇ ਖੜੇ ਨੂੰ ਨਾਮ ਜਪ ਲਈ ਉੱਦਮ ਕਰਨੇ ਦਾ ਉਪਦੇਸ਼ ਦਿੱਤਾ ਹੈ। ਤੇ ਉਸ ਦਾ ਫਲ ਦੱਸਿਆ: ਦੁਖਾਂ ਦਾ ਦੂਰ ਹੋਣਾ ਤੇ ਭਵ ਸਾਗਰ ਨੂੰ ਤਰ ਜਾਣਾ।

ਮੂਲ	ਅਰਥ
ਆਸਾ ਮਹਲਾ ੫ ॥ ਸਲੋਕ ॥	
ਉਦਮੁ ਕਰਹੁ ਵਡਭਾਗੀਹੋ ਸਿਮਰਹੁ ਹਰਿ ਹਰਿ ਰਾਇ ॥ ਨਾਨਕ ਜਿਸੁ	ਹੇ ਵਡੇ ਭਾਗਾਂ ਵਾਲਿਓ ! ਉੱਦਮ ਕਰੋ ਤੇ ਪ੍ਰਕਾਸ਼ ਸਰੂਪ ਹਰੀ ਹਰਿ ਦਾ ਸਿਮਰਨ ਕਰੋ, ਜਿਸ ਨੂੰ ਸਿਮਰਦਿਆਂ ਸਾਰੇ ਸੁਖ

ਸਿਮਰਤ ਸਭ ਸੁਖ ਹੋਵਹਿ ਦੂਖੁ ਦਰਦੁ ਭ੍ਰਮੁ ਜਾਇ ॥੧॥

(ਪ੍ਰਾਪਤ) ਹੁੰਦੇ ਹਨ, ਭਰਮ (ਤੇ ਉਸ ਦਾ ਫਲ) ਦੁਖ ਤੇ ਦਰਦ ਦੂਰ ਹੋ ਜਾਂਦਾ ਹੈ, (ਕਹਿੰਦੇ ਹਨ ਗੁਰੂ) ਨਾਨਕ ਜੀ॥ ੧॥

ਛੰਤੁ ॥ ਨਾਮੁ ਜਪਤ ਗੋਬਿੰਦ ਨਹ ਅਲਸਾਈਐ ॥ ਭੇਟਤ ਸਾਧੂ ਸੰਗ ਜਮ ਪੁਰਿ ਨਹ ਜਾਈਐ ॥ ਦੂਖ ਦਰਦ ਨ ਭਉ ਬਿਆਪੈ ਨਾਮੁ ਸਿਮਰਤ ਸਦ ਸੁਖੀ ॥ ਸਾਸਿ ਸਾਸਿ ਅਰਾਧਿ ਹਰਿ ਹਰਿ ਧਿਆਇ ਸੋ ਪ੍ਰਭੁ ਮਨਿ ਮੁਖੀ ॥ ਕ੍ਰਿਪਾਲ ਦਇਆਲ ਰਸਾਲ ਗੁਣ ਨਿਧਿ ਕਰਿ ਦਇਆ ਸੇਵਾ ਲਾਈਐ ॥ ਨਾਨਕੁ ਪਇਅੰਪੈ ਚਰਣ ਜੰਪੈ ਨਾਮੁ ਜਪਤ ਗੋਬਿੰਦ ਨਹ ਅਲਸਾਈਐ ॥੧॥

ਗੋਬਿੰਦ ਦਾ ਨਾਮ ਜਪਦਿਆਂ ਆਲਸ ਨਹੀਂ ਕਰਨਾ ਚਾਹੀਦਾ। ਸਾਧੂ ਸੰਗ ਦੇ ਮਿਲਣ ਨਾਲ ਜਮ ਪੁਰੀ ਵਿਚ ਨਹੀਂ ਜਾਈਦਾ। (ਅਤੇ ਜੀਉਂਦੇ ਜੀ) ਨਾ ਦੁੱਖ, ਨਾ ਦਰਦ, ਨਾ ਡਰ ਵਾਪਰਦਾ ਹੈ, (ਸਗੋਂ) ਨਾਮ ਜਪਦਿਆਂ ਸਦਾ ਸੁਖੀ ਰਹੀਦਾ ਹੈ। (ਇਸ ਲਈ ਹੇ ਵਡਭਾਗੀ !) ਹਰੀ ਹਰਿ ਨੂੰ ਸੁਆਸ ਸੁਆਸ ਆਰਾਧ, (ਹਾਂ) ਉਸ ਪ੍ਰਭੂ ਨੂੰ ਮਨ ਵਿਚ ਤੇ ਮੂੰਹ ਨਾਲ ਧਿਆਉ। (ਅਰਦਾਸ ਕਰਦੇ ਹਨ) ਹੇ ਕ੍ਰਿਪਾਲ ! ਹੇ ਦਇਆਲ ! ਹੇ ਰਸ ਰੂਪ ! ਹੇ ਗੁਣਾਂ ਦੇ ਸਮੁੰਦਰ ! ਦਇਆ ਕਰਕੇ (ਸਾਨੂੰ) ਸੇਵਾ ਵਿਚ ਲਾ ਲਓ। (ਹੇ ਵਡਭਾਗੀਓ !) ਗੋਬਿੰਦ ਦਾ ਨਾਮ ਜਪਦਿਆਂ ਆਲਸ ਨਹੀਂ ਕਰਨਾ ਚਾਹੀਦਾ; (ਗੁਰੂ) ਨਾਨਕ (ਦੇਵ ਜੀ ਹਰੀ ਦੇ) ਚਰਨਾਂ ਨੂੰ ਸਿਮਰਦਿਆਂ (ਇਹ ਗੱਲ) ਉਚਾਰਨ ਕਰ ਰਹੇ ਹਨ॥ ੧॥

ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥ ਭਰਮ ਅੰਧੇਰ ਬਿਨਾਸ ਗਿਆਨ ਗੁਰ ਅੰਜਨਾ ॥ ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ ॥ ਇਕ ਨਿਮਖ ਜਾ ਕੈ ਰਿਦੈ ਵਸਿਆ ਮਿਟੇ ਤਿਸਹਿ ਵਿਸੂਰਿਆ ॥ ਅਗਾਧਿ ਬੋਧ ਸਮਰਥ ਸੁਆਮੀ ਸਰਬ ਕਾ ਭਉ ਭੰਜਨਾ ॥ ਨਾਨਕੁ ਪਇਅੰਪੈ ਚਰਣ ਜੰਪੈ ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥੨॥

ਨਿਰੰਜਨ ਦਾ ਨਾਮ ਪਤਿਤਾਂ ਨੂੰ ਪਵਿਤ੍ਰ ਕਰਨੇ ਵਾਲਾ ਹੈ। ਗੁਰੂ ਦੇ ਗਿਆਨ ਦਾ ਸੁਰਮਾ ਭਰਮ ਰੂਪੀ ਹਨੇਰੇ ਦੇ ਨਾਸ਼ ਕਰਨੇ ਵਾਲਾ ਹੈ। ਗੁਰੂ ਦੇ ਗਿਆਨ ਦਾ ਸੁਰਮਾ (ਦਿਖਾ ਦੇਂਦਾ ਹੈ ਕਿ) ਨਿਰੰਜਨ ਪ੍ਰਭੂ ਜਲ ਥਲ ਤੇ ਧਰਤੀ ਅਕਾਸ਼ ਵਿਚਾਲੇ ਪਰੀ ਪੂਰਨ ਹੈ। (ਉਹ) ਇਕ ਪਲਕਾਰੇ (ਜਿੰਨੇ ਚਿਰ ਲਈ) ਜਿਸਦੇ ਹਿਰਦੇ ਵਿਚ ਵਸ ਜਾਵੇ ਉਸ ਦੇ ਝੋਰੇ ਦੂਰ ਹੋ ਜਾਂਦੇ ਹਨ। (ਉਸ) ਸੁਆਮੀ ਦਾ ਗਿਆਨ ਅਥਾਹ ਹੈ, (ਉਹ ਸਰਬ-) ਸਮਰਥ ਹੈ ਤੇ ਸਾਰਿਆਂ ਦਾ ਡਰ ਭੰਨ ਸਿੱਟਣ ਵਾਲਾ ਹੈ। (ਉਸ) ਨਿਰੰਜਨ ਦਾ ਨਾਮ ਪਤਿਤਾਂ ਨੂੰ ਪਵਿਤ੍ਰ ਕਰਨੇ ਵਾਲਾ ਹੈ, (ਗੁਰੂ) ਨਾਨਕ (ਦੇਵ ਜੀ ਹਰੀ ਦੇ) ਚਰਨਾਂ ਨੂੰ ਸਿਮਰਦੇ (ਹੋਏ ਇਹ ਗੱਲ) ਉਚਾਰਨ ਕਰਦੇ ਹਨ॥ ੨॥

ਓਟ ਗਹੀ ਗੋਪਾਲ ਦਇਆਲ ਕ੍ਰਿਪਾ ਨਿਧੇ ॥ ਮੋਹਿ ਆਸਰ ਤੁਅ ਚਰਨ ਤੁਮਾਰੀ ਸਰਨਿ ਸਿਧੇ ॥ ਹਰਿ ਚਰਨ ਕਾਰਨ ਕਰਨ ਸੁਆਮੀ ਪਤਿਤ ਉਧਰਨ ਹਰਿ ਹਰੇ ॥ ਸਾਗਰ ਸੰਸਾਰ ਭਵ ਉਤਾਰ ਨਾਮੁ ਸਿਮਰਤ ਬਹੁ ਤਰੇ॥

[ਹੁਣ ਆਪਣੇ ਦੁਆਰਾ ਅਰਦਾਸ ਕਰਦੇ ਹੋਏ ਉਪਦੇਸ਼ ਕਰਦੇ ਹਨ:] ਹੇ ਦਿਆਲੂ ਵਾਹਿਗੁਰੂ ! ਹੇ ਕਿਰਪਾ ਦੇ ਸਮੁੰਦਰ ! (ਮੈਂ ਤੇਰੀ) ਓਟ ਲੀਤੀ ਹੈ, (ਹੁਣ) ਮੈਨੂੰ ਤੇਰੇ ਹੀ ਚਰਨਾਂ ਦਾ ਆਸਰਾ ਹੈ, ਤੁਸਾਂ ਦੀ ਸ਼ਰਨ ਵਿਚ ਹੀ ਸਿਧੀ ਹੈ (ਭਾਵ ਕਾਰਜ-ਰਾਸਤਾ ਹੈ, ਇਸ ਲਈ ਮੈਨੂੰ ਤੁਸਾਂ ਦੇ ਚਰਨਾਂ ਦਾ ਹੀ ਆਸਰਾ ਹੈ)। ਹੇ ਹਰੀ ਹਰਿ ! ਹੇ ਕਾਰਨਾਂ ਦੇ ਕਰਨ ਵਾਲੇ ਮਾਲਕਾ ! (ਤੈਂ) ਹਰੀ ਦੇ ਚਰਨ ਪਤਿਤਾਂ ਦਾ ਉਧਾਰ ਕਰਨ ਵਾਲੇ ਹਨ (ਭਾਵ ਪਾਪੀ ਤੇਰੇ ਚਰਨਾਂ ਦੀ ਓਟ ਲੈਕੇ ਤਰ ਜਾਂਦੇ ਹਨ)। ਸੰਸਾਰ ਭਵ ਸਾਗਰ ਹੈ, (ਇਸ ਤੋਂ) ਨਾਮ ਪਾਰ ਉਤਾਰਦਾ ਹੈ, (ਇਸ ਨੂੰ) ਸਿਮਰਦਿਆਂ ਬਹੁਤੇ ਤਰ ਗਏ ਹਨ। ਬੇਅੰਤ (ਲੋਕ ਤੇਰਾ)

ਆਦਿ ਅੰਤਿ ਬੇਅੰਤ ਖੋਜਹਿ ਸੁਨੀ ਉਧਰਨ ਸੰਤਸੰਗ ਬਿਧੇ ॥ ਨਾਨਕੁ ਪਇਅੰਪੈ ਚਰਨ ਜੰਪੈ ਓਟ ਗਹੀ ਗੋਪਾਲ ਦਇਆਲ ਕ੍ਰਿਪਾ ਨਿਧੇ ॥੩॥	ਆਦਿ ਅੰਤ ਖੋਜਦੇ ਹਨ (ਪਰ ਪਾ ਨਹੀਂ ਸਕਦੇ, ਕਿੰਤੂ ਮੈਂ ਸੰਸਾਰ ਸਾਗਰ ਤੋਂ) ਉਧਰਨ ਦੀ ਬਿਧੀ ਸੰਤਾਂ ਦਾ ਸੰਗ ਸੁਣਿਆ ਹੈ। (ਗੁਰੂ) ਨਾਨਕ (ਦੇਵ ਜੀ ਹਰੀ ਦੇ) ਚਰਨਾਂ ਨੂੰ ਸਿਮਰਦੇ ਹੋਏ (ਇਹ ਗੱਲ) ਉਚਾਰਨ ਕਰਦੇ ਹਨ ਕਿ ਹੇ ਦਿਆਲੂ ਵਾਹਿਗੁਰੂ, ਹੇ ਕ੍ਰਿਪਾ ਦੇ ਸਮੁੰਦਰ (ਮੈਂ ਤੇਰੀ) ਓਟ ਲੀਤੀ ਹੈ। ੩ ॥
ਭਗਤਿ ਵਛਲੁ ਹਰਿ ਬਿਰਦੁ ਆਪਿ ਬਨਾਇਆ ॥ ਜਹ ਜਹ ਸੰਤ ਅਰਾਧਹਿ ਤਹ ਤਹ ਪ੍ਰਗਟਾਇਆ॥ ਪ੍ਰਭਿ ਆਪਿ ਲੀਏ ਸਮਾਇ ਸਹਜਿ ਸੁਭਾਇ ਭਗਤ ਕਾਰਜ ਸਾਰਿਆ ॥ ਆਨੰਦ ਹਰਿ ਜਸ ਮਹਾ ਮੰਗਲ ਸਰਬ ਦੂਖ ਵਿਸਾਰਿਆ ॥ ਚਮਤਕਾਰ ਪ੍ਰਗਾਸੁ ਦਹ ਦਿਸ ਏਕੁ ਤਹ ਦ੍ਰਿਸਟਾਇਆ ॥ ਨਾਨਕੁ ਪਇਅੰਪੈ ਚਰਣ ਜੰਪੈ ਭਗਤਿ ਵਛਲੁ ਹਰਿ ਬਿਰਦੁ ਆਪਿ ਬਨਾਇਆ ॥੪॥੩॥੬॥	ਹਰੀ ਨੇ (ਆਪਣਾ) ਬਿਰਦ ਭਗਤਿ ਵਛਲ ਆਪ ਬਣਾਇਆ ਹੈ, ਜਿਥੇ ਜਿਥੇ ਸੰਤ ਅਰਾਧਨਾ ਕਰਦੇ ਹਨ ਓਥੇ ਓਥੇ ਪ੍ਰਗਟ ਹੋ ਜਾਂਦਾ ਹੈ। ਪ੍ਰਭੂ (ਆਪਣੇ ਭਗਤ) ਆਪ (ਆਪਣੇ ਵਿਚ) ਸਮਾ ਲੈਂਦਾ ਹੈ ਤੇ ਭਗਤਾਂ ਦੇ ਕਾਰਜ ਬੀ (ਆਪ ਹੀ) ਸਹਜ ਸੁਭਾ ਸੰਵਾਰ ਦੇਂਦਾ ਹੈ (ਅਥਵਾ ਸਿਰੇ ਚਾੜ੍ਹ ਦੇਂਦਾ ਹੈ) (ਭਗਤਾਂ ਨੂੰ) ਸਾਰੇ ਦੁਖ ਭੁੱਲ ਜਾਂਦੇ ਹਨ, ਆਨੰਦ, ਹਰੀ ਜਸ ਦਾ ਵਡਾ ਮੰਗਲ (ਭਾਵ ਅਨੰਤ ਖੁਸ਼ੀਆਂ ਪ੍ਰਾਪਤ ਹੋ ਜਾਂਦੀਆਂ ਹਨ)। ਉਨ੍ਹਾਂ ਨੂੰ ਦਸੋ ਦਿਸ਼ਾ ਵਿਚ (ਐਸਾ) ਚਮਕਾਰ ਤੇ ਚਾਨਣਾ ਹੋ ਜਾਂਦਾ ਹੈ (ਕਿ) ਓਥੇ (ਉਨ੍ਹਾਂ ਨੂੰ) ਇਕੋ ਨਜ਼ਰੀ ਆਉਂਦਾ ਹੈ। ਹਰੀ ਨੇ (ਆਪਣਾ) ਬਿਰਦ ਭਗਤਿ ਵਛਲ ਆਪ ਬਣਾਇਆ ਹੈ (ਗੁਰੂ) ਨਾਨਕ (ਦੇਵ ਜੀ ਹਰੀ ਦੇ) ਚਰਨਾਂ ਨੂੰ ਸਿਮਰਦੇ ਹੋਏ (ਇਹ ਬਚਨ) ਉਚਾਰ ਰਹੇ ਹਨ॥ ੪॥ ੩॥ ੬॥

ਵਯਾਖਯਾ–ਸ਼ਲੋਕ ਵਿਚ ਸਨਮੁਖ ਖੜੇ ਜਗਯਾਸੂਆਂ ਨੂੰ ਮੱਧਮ ਪੁਰਖ ਵਿਚ ਉਪਦੇਸ਼ ਕੀਤਾ ਹੈ। ਛੰਤ ਦੇ ਅੰਕ ੧ ਵਿਚ ਬੀ ਇਹੋ ਧੁਨਿ ਜਾਰੀ ਹੈ। ਅੰਕ ਦੋ ਵਿਚ ਬੀ ਲਗ ਪਗ ਇਸੇ ਤਰ੍ਹਾਂ ਉਪਦੇਸ਼ ਕਰਦੇ ਹਰੀ ਨਾਮ ਦੇ ਲਾਭ ਦੱਸ ਰਹੇ ਹਨ। ਅੰਕ ੩ ਵਿਚ ਆਪਣੇ ਦੁਆਰਾ ਉੱਤਮ ਪੁਰਖ ਵਿਚ ਅਰਦਾਸ ਦੀ ਰੰਗਤ ਵਿਚ ਉਪਦੇਸ਼ ਕਰਦੇ ਹਨ ਤੇ ਜਗਤ ਦੇ ਉਧਾਰ ਲਈ ਅਰਜ਼ਾਂ ਕਰਦੇ ਹਨ। ਅੰਕ ੪ ਵਿਚ ਵਾਹਿਗੁਰੂ ਦੇ ਭਗਤ ਵਛਲ ਬਿਰਦ ਤੇ ਆਸਰਾ ਧਾਰਨ ਦਾ ਉਪਦੇਸ਼ ਹੈ, ਨਾਲ ਸਾਖ ਭਰੀ ਹੈ ਕਿ ਆਪਣੇ ਭਗਤਾਂ ਦੇ ਕਾਰਜ ਸਾਰਨ ਲਈ ਆਪ (ਜੁਗੋ ਜੁਗ) ਪ੍ਰਗਟ ਹੁੰਦਾ ਰਿਹਾ ਹੈ। ਇਹ ਗੱਲਾਂ ਭਗਤਾਂ ਲਈ ਪ੍ਰਭੂ ਸਹਜ ਸੁਭਾ ਹੀ ਕਰ ਦੇਂਦਾ ਹੈ, ਉਸ ਦੇ ਸੁਭਾਵ ਭੂਤ ਹੋ ਚੁਕੀ ਹੈ ਭਗਤ ਵਤਸਲਤਾ, ਜੋ ਦੁਹੀਂ ਪਾਸੀਂ ਕੰਮ ਕਰਦੀ ਹੈ: ਭਗਤਾਂ ਦੇ ਸੰਸਾਰਕ ਕਾਰਜ ਬੀ ਸਾਰਦੀ ਹੈ ਤੇ ਆਪਣੇ ਸਰੂਪ ਵਿਚ ਸਮਾ ਲੈਣ ਦੀ ਮੇਹਰ ਬੀ ਕਰਦੀ ਹੈ। ਅਖ਼ੀਰਲੀਆਂ ਤੁਕਾਂ ਵਿਚ ਪ੍ਰਭੂ ਨੂੰ ਪ੍ਰਾਪਤ ਭਗਤਾਂ ਦੀ ਪ੍ਰਾਪਤੀ ਦਾ ਰੂਪ ਦੱਸਿਆ ਹੈ:-ਉਨ੍ਹਾਂ ਦੇ ਦੁਖ ਦੂਰ ਹੋ ਜਾਂਦੇ ਹਨ, ਆਨੰਦ ਸਰੂਪ ਹੋ ਜਾਂਦੇ ਹਨ, ਹਰੀ ਜਸ ਦੇ ਮੰਗਲਾਂ-ਖੁਸ਼ੀਆਂ-ਵਿਚ ਵਿਚਰਦੇ ਹਨ, ਉਨ੍ਹਾਂ ਨੂੰ ਫੇਰ ਗ੍ਯਾਨ ਦਾ ਚਮਕਾਰਾ ਵੱਜਕੇ ਲਗਾਤਾਰੀ ਚਾਨਣਾ ਹੋ ਜਾਂਦਾ ਹੈ ਤੇ ਇਕੋ ਇਕ ਦ੍ਰਿਸ਼ਟੀ ਪੈਂਦਾ ਹੈ।

ਨਿਰੁਕ੍ਤ–ਨਹ ਅਲਸਾਈਐ–ਆਲਸ ਨਾ ਕਰੀਏ।

ਮਨਿ ਮੁਖੀ–ਮਨ ਵਿਚ ਤੇ ਮੂੰਹ ਨਾਲ।

ਰਸਾਲ–ਰਸਾਂ ਦਾ ਘਰ। ਸੁਖ ਸਰੂਪ।

ਗੁਣਨਿਧਿ–ਗੁਣਾਂ ਦਾ ਸਮੁੰਦਰ।

ਪਇਅੰਪੈ–ਉਚਾਰਦਾ ਹੈ,ਬਿਨੈ ਕਰਦਾ ਹੈ ।

ਵਿਤਪਤੀਆਂ ਇਕ ਤੋਂ ਵਧੀਕ ਖਜਾਲੀਆਂ ਜਾਂਦੀਆਂ ਹਨ:-

੧. [ਪ੍ਰਾ:, ਪਾਯ=ਪੈਰ+'ਅੰਪੈ' ਸੰਸ:, ਅਰਪਨ ਤੋਂ, ਸੋ ਪੇਸ਼ ਕਰਦਾ ਹੈ] ਪੈਰਾਂ ਤੇ ਪੇਸ਼ ਕਰਦਾ ਹੈ ਭਾਵ ਬਿਨੈ ਕਰਦਾ ਹੈ। ੨. ਸੰਸ:, ਪ੍ਰਲਪਨਮ੍=ਬੋਲਨਾ ਤੋਂ ਪਇਅੰਪੈ॥

੩. ਸੰਸ:, ਪ੍ਰਤਿ ਜਲ੍ਪ=ਜਵਾਬ ਦੇਣਾ। ਪ੍ਰਤਿਜਲ੍ਪ:=ਉੱਤਰ, ਜਵਾਬ।

ਜੰਪੈ-੧. [ਸੰਸ:, ਜਪ੍=ਜਪਣਾ] ਜਪਦਾ ਹੈ, ਸਿਮਰਦਾ ਹੈ। ੨. [ਸੰਸ:, ਜਲ੍ਪ੍=ਬੋਲਣਾ ਤੋਂ] ਕਹਿੰਦਾ ਹੈ। ਚਰਨਾਂ ਨੂੰ ਯਾਦ ਕਰਨੇ ਲਈ। 'ਚਰਨਾਂ ਨੂੰ ਜਪਣਾ' ਗੁਰਬਾਣੀ ਵਿਚ ਹੋਰਥੇ ਬੀ ਆਇਆ ਹੈ,

ਯਥਾ:- 'ਨਾਨਕ ਜਪਿ ਜਪਿ ਜੀਵੈ ਹਰਿ ਕੇ ਚਰਨ॥' [ਸੁਖਮਨੀ, ੫-੪]

ਗਿਆਨ ਗੁਰ ਅੰਜਨਾ-ਗੁਰੂ ਦੇ ਗਿਆਨ ਦਾ ਸੁਰਮਾ। ਵਿਸੂਰਿਆ-ਝੋਰੇ। ਦੁਖ।

ਅਗਾਧਿ ਬੋਧ-ਜਿਸ ਦਾ ਗਜਾਨ ਬੇਥਾਹ ਹੈ, ਬੇਅੰਤ ਹੈ।

ਸਿਧੇ-ਸਿਧੀ, ਕਾਮਯਾਬੀ, ਸਿਰੇ ਚੜ੍ਹਨਾ।

ਆਦਿ ਅੰਤਿ ਬੇਅੰਤ ਦਾ ਐਉਂ ਬੀ ਅਰਥ ਲਾਉਂਦੇ ਹਨ, ਜਿਸ ਦਾ ਆਦਿ ਤੇ ਅੰਤ ਬੇਅੰਤ ਹੈ ਉਸ ਨੂੰ ਖੋਜਦੇ ਹਨ (ਲੋਕੀਂ) ਸੁਨੀ-ਸੁਣੀ ਹੈ।

ਸਾਰਿਆ-ਸੰਵਾਰਿਆ, ਸਿਰੇ ਚਾੜ੍ਹਿਆ।

[ਆਸਾ ਮਹਲਾ ੫, ਛੰਤ, ੭-੨੮]

ਮੂਲ	ਅਰਥ
ਆਸਾ ਮਹਲਾ ੫॥ ਥਿਰੁ ਸੰਤਨ ਸੋਹਾਗੁ ਮਰੈ ਨ ਜਾਵਏ॥ ਜਾ ਕੈ ਗ੍ਰਿਹਿ ਹਰਿ ਨਾਹੁ ਸੁ ਸਦ ਹੀ ਰਾਵਏ ॥ ਅਵਿਨਾਸੀ ਅਵਿਗਤੁ ਸੋ ਪ੍ਰਭੁ ਸਦਾ ਨਵਤਨੁ ਨਿਰਮਲਾ ॥ ਨਹ ਦੂਰਿ ਸਦਾ ਹਦੂਰਿ ਠਾਕੁਰੁ ਦਹ ਦਿਸ ਪੂਰਨੁ ਸਦ ਸਦਾ ॥ ਪ੍ਰਾਨਪਤਿ ਗਤਿ ਮਤਿ ਜਾ ਤੇ ਪ੍ਰਿਅ ਪ੍ਰੀਤਿ ਪ੍ਰੀਤਮੁ ਭਾਵਏ ॥ ਨਾਨਕੁ ਵਖਾਣੈ ਗੁਰ ਬਚਨਿ ਜਾਣੈ ਥਿਰੁ ਸੰਤਨ ਸੋਹਾਗੁ ਮਰੈ ਨ ਜਾਵਏ ॥੧॥	ਸੰਤਾਂ (ਰੂਪੀ ਸੁਹਾਗਣਾਂ) ਦਾ ਸੁਹਾਗ (ਸਦਾ) ਥਿਰ ਰਹਿੰਦਾ ਹੈ, (ਉਹ ਸੁਹਾਗ) ਨਾ ਮਰਦਾ ਹੈ, (ਨਾ ਛਡਕੇ) ਕਿਤੇ ਜਾਂਦਾ ਹੈ। ਜਿਸ (ਸੁਹਾਗਣ) ਦੇ ਘਰ ਵਿਚ ਹਰੀ ਰੂਪੀ ਪਤੀ ਹੋਵੇ ਉਹ ਸਦਾ (ਉਸ ਨੂੰ) ਭੋਗਦੀ ਹੈ। ਹਾਂ, ਉਹ ਪ੍ਰਭੂ ਨਾਸ਼ ਰਹਿਤ ਹੈ, ਨਾ ਉਹ ਚਲਾਯਮਾਨ ਹੋਣ ਵਾਲਾ ਹੈ, ਉਹ ਸਦਾ ਨਵੀਨ ਰਹਿਣੇ ਵਾਲਾ ਹੈ ਤੇ ਪਵਿਤ੍ਰ ਹੈ। (ਫਿਰ ਉਹ) ਦੂਰ ਨਹੀਂ ਹੈ, (ਹਾਂ, ਉਹ) ਠਾਕੁਰ ਸਦਾ ਹਾਜ਼ਰਾ ਹਜ਼ੂਰ ਹੈ, ਦਸੋ ਦਿਸ਼ਾ ਵਿਚ ਪਰੀ ਪੂਰਨ ਹੈ ਤੇ ਸਦਾ ਸਦਾ (ਕਾਯਮ ਹੈ), ਉਹ ਪ੍ਰਾਣਾਂ ਦਾ ਮਾਲਕ ਹੈ, ਜਿਸ ਤੋਂ (ਸੁਹਾਗਣਾਂ ਨੂੰ) ਮੁਕਤੀ ਤੇ ਬੁੱਧੀ (ਪ੍ਰਾਪਤ ਹੁੰਦੀ ਹੈ, ਹਾਂ, ਉਸ) ਪ੍ਰੀਤਮ ਨੂੰ (ਬੀ) ਪ੍ਰਿਯਾ ਦੀ ਪ੍ਰੀਤੀ ਪਿਆਰੀ ਲਗਦੀ ਹੈ। (ਗੁਰੂ) ਨਾਨਕ (ਜੀ) ਆਖਦੇ ਹਨ (ਕਿ ਇਸ ਸੁਹਾਗ ਨੂੰ ਜਗਜਾਸੂ ਰੂਪ ਇਸਤ੍ਰੀ) ਗੁਰੂ ਬਚਨਾਂ ਦੁਆਰੇ ਜਾਣ ਲਵੇ, (ਜੋ ਕਿ) ਸੰਤਾਂ ਦਾ ਥਿਰ ਸੁਹਾਗ ਹੈ, (ਜੋ) ਨਾ ਮਰਦਾ ਹੈ ਤੇ (ਨਾ ਉਨ੍ਹਾਂ ਨੂੰ ਛਡਕੇ ਕਿਧਰੇ) ਜਾਂਦਾ ਹੈ॥ ੧॥
ਜਾ ਕਉ ਰਾਮ ਭਤਾਰੁ ਤਾ ਕੈ ਅਨਦੁ ਘਣਾ ॥ ਸੁਖਵੰਤੀ ਸਾ ਨਾਰਿ ਸੋਭਾ ਪੂਰਿ ਬਣਾ ॥ ਮਾਣੁ ਮਹਤੁ ਕਲਿਆਣੁ ਹਰਿ ਜਸੁ ਸੰਗਿ ਸੁਰਜਨੁ ਸੋ	ਜਿਸ ਦਾ ਰਾਮ ਪਤੀ ਹੋਵੇ ਉਸ ਨੂੰ ਬਹੁਤਾ ਅਨੰਦ (ਪ੍ਰਾਪਤ ਹੁੰਦਾ ਹੈ)। ਉਹੋ (ਸੰਤ ਰੂਪ) ਇਸਤ੍ਰੀ ਸੁਖਾਂ ਵਾਲੀ ਹੈ, (ਉਸੇ ਦੀ) ਸ਼ੋਭਾ ਪੂਰੀ ਬਣਦੀ ਹੈ, (ਉਸੇ ਨੂੰ) ਮਾਨ, ਵਡਿਆਈ, ਮੁਕਤੀ, ਤੇ ਹਰੀ ਵਲੋਂ ਯਸ਼ ਮਿਲਦਾ ਹੈ ਤੇ ਉਸੇ ਦੇ ਅੰਗ ਸੰਗ ਉਹੀ ਪ੍ਰਭੂ ਹੁੰਦਾ ਹੈ (ਜੋ) ਸੁਰਜਨ ਹੈ (ਭਾਵ ਪ੍ਰੀਤਮ ਤੋਂ ਹੈ)।

ਪ੍ਰਭੂ ॥ ਸਰਬ ਸਿਧਿ ਨਵ ਨਿਧਿ ਤਿਤੁ ਗ੍ਰਿਹਿ ਨਹੀ ਊਨਾ ਸਭੁ ਕਛੂ ॥ ਮਧੁਰ ਬਾਨੀ ਪਿਰਹਿ ਮਾਨੀ ਥਿਰੁ ਸੋਹਾਗੁ ਤਾ ਕਾ ਬਣਾ ॥ ਨਾਨਕੁ ਵਖਾਣੈ ਗੁਰ ਬਚਨਿ ਜਾਣੈ ਜਾ ਕੋ ਰਾਮੁ ਭਤਾਰੁ ਤਾ ਕੈ ਅਨਦੁ ਘਣਾ ॥੨॥

ਸਾਰੀਆਂ ਸਿਧੀਆਂ, ਨਵੇਂ ਨਿਧੀਆਂ ਉਸ ਘਰ ਹੁੰਦੀਆਂ ਹਨ, ਕਿਸੇ ਗਲ ਦੀ ਕਮੀ ਨਹੀਂ ਹੁੰਦੀ (ਓਥੇ) ਸਭੋ ਕੁਛ ਹੁੰਦਾ ਹੈ। ਉਹ ਮਿਠੀ ਬਾਣੀ ਵਾਲੀ ਹੈ, (ਉਹ) ਪਤੀ ਦੀ ਸਨਮਾਨੀ ਹੋਈ ਹੈ ਉਸ ਦਾ ਸੁਹਾਗ ਥਿਰ ਹੋ ਗਿਆ ਹੈ। ਨਾਨਕ ਆਖਦਾ ਹੈ (ਇਹ ਗਲ ਜੋ ਉਹ) ਗੁਰੂ ਦੇ ਬਚਨ ਦੁਆਰਾ (ਬੀ) ਜਾਣਦਾ ਹੈ ਕਿ ਜਿਸ ਦਾ ਪਤੀ ਰਾਮ ਹੈ ਉਸ ਨੂੰ ਬਹੁਤ ਅਨੰਦ (ਪ੍ਰਾਪਤ ਹੁੰਦਾ) ਹੈ॥ ੨॥

ਆਉ ਸਖੀ ਸੰਤ ਪਾਸਿ ਸੇਵਾ ਲਾਗੀਐ ॥ਪੀਸਉ ਚਰਣ ਪਖਾਰਿ ਆਪੁ ਤਿਆਗੀਐ ॥ ਤਜਿ ਆਪੁ ਮਿਟੈ ਸੰਤਾਪੁ ਆਪੁ ਨਹ ਜਾਣਾਈਐ॥ ਸਰਣਿ ਗਹੀਜੈ ਮਾਨਿ ਲੀਜੈ ਕਰੇ ਸੋ ਸੁਖੁ ਪਾਈਐ ॥ ਕਰਿ ਦਾਸ ਦਾਸੀ ਤਜਿ ਉਦਾਸੀ ਕਰ ਜੋੜਿ ਦਿਨੁ ਰੈਣਿ ਜਾਗੀਐ ॥ ਨਾਨਕੁ ਵਖਾਣੈ ਗੁਰ ਬਚਨਿ ਜਾਣੈ ਆਉ ਸਖੀ ਸੰਤ ਪਾਸਿ ਸੇਵਾ ਲਾਗੀਐ ॥ ੩॥

ਹੇ ਸਖੀ ! ਸੰਤਾਂ ਪਾਸ ਆਓ, (ਉਹਨਾਂ ਦੀ) ਸੇਵਾ ਵਿਚ ਲੱਗ ਪਈਏ (ਚੱਕੀ) ਪੀਸੀਏ ਤੇ ਚਰਣ ਧੋ ਧੋਕੇ ਆਪਾ ਭਾਵ ਤਿਆਗੀਏ। ਹਾਂ, ਆਪਾ ਤਿਆਗੀਏ ਜੋ ਸੰਤਾਪ ਮਿਟ ਜਾਏ (ਫੇਰ ਮੁੜਕੇ) ਆਪਾ ਨਾ ਜਣਾਈਏ। (ਉਸ ਦੀ) ਸ਼ਰਣ ਫੜੀ ਰਖੀਏ (ਉਸ ਦੀ ਆਗਿਆ) ਮੰਨਦੇ ਰਹੀਏ (ਜੋ) ਕਰੇ ਉਸ ਤੋਂ ਸੁਖ ਪ੍ਰਾਪਤ ਕਰੀਏ (ਭਾਵ ਸੁਖ ਮਨਾਈਏ)। (ਸੰਤ ਦੇ) ਦਾਸ ਦੀ ਦਾਸੀ (=ਸੇਵਾ) ਕਰੀਏ, ਉਦਾਸੀ ਦੂਰ ਕਰੀਏ, ਤੇ ਹਥ ਜੋੜਕੇ ਦਿਨ ਰਾਤ (ਸੇਵਾ ਵਿਚ) ਜਾਗੀਏ। ਨਾਨਕ ਆਖਦਾ ਹੈ (ਉਹ ਗਲ ਜੋ ਉਹ) ਗੁਰੂ ਦੇ ਬਚਨਾਂ ਦੁਆਰੇ ਜਾਣਦਾ ਹੈ, ਆਓ ਹੇ ਸਖੀਓ ! ਸੰਤਾਂ ਪਾਸ ਸੇਵਾ ਵਿਚ ਲੱਗ ਪਈਏ॥ ੩॥

ਜਾ ਕੈ ਮਸਤਕਿ ਭਾਗ ਸਿ ਸੇਵਾ ਲਾਇਆ ॥ ਤਾ ਕੀ ਪੂਰਨ ਆਸ ਜਿਨ੍ ਸਾਧਸੰਗੁ ਪਾਇਆ ॥ ਸਾਧਸੰਗਿ ਹਰਿ ਕੈ ਰੰਗਿ ਗੋਬਿੰਦ ਸਿਮਰਣ ਲਾਗਿਆ ॥ ਭਰਮੁ ਮੋਹੁ ਵਿਕਾਰੁ ਦੂਜਾ ਸਗਲ ਤਿਨਹਿ ਤਿਆਗਿਆ ॥ ਮਨਿ ਸਾਂਤਿ ਸਹਜੁ ਸੁਭਾਉ ਵੂਠਾ ਅਨਦ ਮੰਗਲ ਗੁਣ ਗਾਇਆ ॥ ਨਾਨਕੁ ਵਖਾਣੈ ਗੁਰ ਬਚਨਿ ਜਾਣੈ ਜਾ ਕੈ ਮਸਤਕਿ ਭਾਗ ਸਿ ਸੇਵਾ ਲਾਇਆ ॥੪॥੪॥੭॥

ਜਿਸ ਦੇ ਮੱਥੇ ਉਤੇ ਭਾਗ ਹੁੰਦੇ ਹਨ ਉਹ ਸੇਵਾ ਵਿਚ ਲਾਇਆ ਜਾਂਦਾ ਹੈ। ਉਸ ਦੀ ਆਸਾ ਪੂਰਨ ਹੁੰਦੀ ਹੈ ਜਿਸ ਨੂੰ ਸਾਧੂ ਦਾ ਸੰਗ ਮਿਲ ਜਾਂਦਾ ਹੈ। (ਹਾਂ) ਸਾਧੂ ਦੇ ਸੰਗ ਵਿਚ ਆਕੇ (ਉਹ) ਗੋਬਿੰਦ ਦੇ ਸਿਮਰਣ ਤੇ ਹਰੀ ਦੇ ਪ੍ਰੇਮ ਵਿਚ ਲਗ ਜਾਂਦਾ ਹੈ। ਭਰਮ, ਮੋਹ, ਵਿਕਾਰ ਤੇ ਦੁਐਤ ਉਹ ਸਾਰਾ ਹੀ ਤਿਆਗ ਦੇਂਦਾ ਹੈ। (ਉਸ ਦੇ) ਮਨ ਵਿਚ ਸ਼ਾਂਤੀ ਤੇ ਟਿਕਿਆ ਹੋਇਆ ਸੁਭਾਵ ਵੱਸ ਜਾਂਦਾ ਹੈ (ਤੇ ਉਹ) ਖੁਸ਼ੀਆਂ ਤੇ ਮੰਗਲਾਂ ਨਾਲ (ਹਰੀ ਦੇ) ਗੁਣ ਗਾਉਂਦਾ ਹੈ। ਨਾਨਕ ਆਖਦਾ ਹੈ (ਜੋ ਗਲ ਕਿ ਉਹ) ਗੁਰੂ ਬਚਨ ਦੁਆਰਾ (ਬੀ) ਜਾਣਦਾ ਹੈ ਕਿ ਜਿਸ ਦੇ ਮੱਥੇ ਉਤੇ ਭਾਗ ਹੁੰਦੇ ਹਨ ਉਹ ਸੇਵਾ ਵਿਚ ਲਾਇਆ ਜਾਂਦਾ ਹੈ॥ ੪॥ ੪॥ ੭॥

ਵ੍ਯਾਖ੍ਯਾ-ਸੰਤ ਨਾਸ਼ਮਾਨ ਤੋਂ ਪ੍ਰੀਤ ਚਾ ਲੈਂਦੇ ਹਨ ਤੇ ਪਰਮੇਸ਼ੁਰ ਨੂੰ ਪਤੀ ਜਾਣਕੇ ਪਿਆਰਦੇ ਹਨ ਸੋ ਉਹਨਾਂ ਦੀ ਅਵਸਥਾ ਸੁਹਾਗ ਅਵਸਥਾ ਹੁੰਦੀ ਹੈ, ਸਦੈਵੀ ਸੁਹਾਗ ਕਿਉਂਕਿ ਸੁਹਾਗ ਵਾਹਿਗੁਰੂ ਸਦਾ ਥਿਰ ਹੈ।

ਨਿਰੁਕ੍ਤ-ਅਵਿਗਤੁ-ਅਵ੍ਯਕਤ। (੨) ਜੋ ਚਲਾਇਮਾਨ ਨਾ ਹੋਵੇ।

ਨਵਤਨੁ- [ਸੰਸ:, ਨੂਤਨ] ਨਵਾਂ। ਜੋ ਕਦੇ ਬੁੱਢਾ ਨਾ ਹੋਵੇ। (ਸਦਾ) ਜੁਆਨ।

ਨਿਰਮਲਾ- [ਸੰਸ:, ਨਿਰ੍ਮਲ] ਮੈਲ ਤੋਂ ਰਹਿਤ, ਪਵਿਤ੍ਰ।

ਪ੍ਰਾਨਪਤਿ-ਪ੍ਰਾਣਾਂ ਦਾ ਪਤੀ। ਪਤੀ ਪ੍ਰੇਮਣ ਇਸਤ੍ਰੀਆਂ ਅਪਣੇ ਮਾਲਕਾਂ ਨੂੰ ਪ੍ਰਾਣਪਤਿ ਕਿਹਾ ਕਰਦੀਆਂ ਹਨ, ਇਹ ਮੁਹਾਵਰੇ ਦਾ ਲਫ਼ਜ਼ ਹੈ। ਭਤਾਰੁ-ਭਰਤਾ, ਪਤੀ।

ਪੂਰਿ-ਪੂਰੀ। ਸਿਆਰੀ ਏਥੇ ਬਿਹਾਰੀ ਦਾ ਸੰਖੇਪ ਹੈ ਛੰਦ ਦੇ ਵਜ਼ਨ ਲਈ।

ਮਹਤ-ਵਡਿਆਈ। ਕਲਿਆਣਿ- [ਸੰਸ:, ਕਲ੍ਯਾਣੰ] ਮੁਕਤੀ। ਸੁਖ ਅਵਸਥਾ।

ਸੁਰਜਨੁ-ਸੁਜਨ, ਸ੍ਰੇਸ਼ਟ ਜਨ। ਇਹ ਬੀ ਮੁਹਾਵਰੇ ਵਿਚ ਪਤੀ ਨੂੰ ਯਾ ਪਜਾਰੇ ਨੂੰ ਕਿਹਾ ਕਰਦੇ ਸਨ।

ਯਥਾ:-ਸੁਰਿਜਨ ਭਾਨੀ ਤਾ ਮਨੁ ਮੋਹਿਆ॥ [ਆਸਾ ਮਹਲਾ ੫-੫੨]

ਸਿਧਿ-ਸਿਧੀ। ੧੮ ਸਿੱਧੀਆਂ। ਨਿਧਿ-ਨਿਧੀਆਂ। ਨੌ ਨਿਧੀਆਂ।

ਮਧੁਰ ਬਾਣੀ-ਮਿਠੀ ਬਾਣੀ। ਮਾਨੀ-ਸਤਿਕਾਰੀ ਹੋਈ।

ਪਖਾਰਿ-ਧੋਕੇ। ਗਹੀਜੈ-ਫੜੀਏ। ਕਰਿ-ਕਰਕੇ। ਕਰ।

ਕਰ-ਹਥ। ਰੈਣਿ-ਰਾਤੀਂ। ਰੰਗਿ-ਪ੍ਰੇਮ ਵਿਚ।

ਦੂਜਾ-ਦੁਐਤ। ਦੁਐਤ ਭਾਵਨਾ। ਵੂਠਾ-ਵਸ ਪਿਆ।

[ਆਸਾ ਮਹਲਾ ੫, ਛੰਤ, ੮-੨੯]

ਪ੍ਰਾਕ੍ਥਨ-ਅਪਣੇ ਦੁਆਰਾ ਅਰਦਾਸ ਕੀਤੀ ਹੈ ਤੇ ਹਰੀ ਕੀਰਤਨ ਲਈ ਪ੍ਰੇਰਿਆ ਹੈ।

ਮੂਲ	ਅਰਥ
ਆਸਾ ਮਹਲਾ ੫ ॥	
ਸਲੋਕੁ ॥ ਹਰਿ ਹਰਿ ਨਾਮੁ ਜਪੰਤਿਆ ਕਛੁ ਨ ਕਹੈ ਜਮਕਾਲੁ ॥ ਨਾਨਕ ਮਨੁ ਤਨੁ ਸੁਖੀ ਹੋਇ ਅੰਤੇ ਮਿਲੈ ਗੋਪਾਲੁ ॥੧॥	ਹਰੀ ਹਰਿ ਨਾਮ ਜਪਦਿਆਂ ਨੂੰ ਜਮ ਕਾਲ ਕੁਛ ਨਹੀਂ ਆਖ ਸਕਦਾ, (ਭਾਵ ਦੁਖ ਨਹੀਂ ਦੇ ਸਕਦਾ। ਉਨ੍ਹਾਂ ਦਾ ਜੀਉਂਦੇ ਜੀ) ਮਨ ਤੇ ਤਨ ਸੁਖੀ ਰਹਿੰਦਾ ਹੈ ਤੇ ਅੰਤ ਨੂੰ (ਜਮਕਾਲ ਦੀ ਥਾਂ) ਪ੍ਰਭੂ (ਆਪ) ਮਿਲਦਾ ਹੈ, ਹੇ ਨਾਨਕ ! ॥ ੧॥
ਛੰਤ ॥ ਮਿਲਉ ਸੰਤਨ ਕੈ ਸੰਗਿ ਮੋਹਿ ਉਧਾਰਿ ਲੇਹੁ ॥ ਬਿਨਉ ਕਰਉ ਕਰ ਜੋੜਿ ਹਰਿ ਹਰਿ ਨਾਮੁ ਦੇਹੁ ॥ ਹਰਿ ਨਾਮੁ ਮਾਗਉ ਚਰਣ ਲਾਗਉ ਮਾਨੁ ਤਿਆਗਉ ਤੁਮ੍ ਦਇਆ ॥ ਕਤਹੂੰ ਨ ਧਾਵਉ ਸਰਣਿ ਪਾਵਉ ਕਰੁਣਾ ਮੈ ਪ੍ਰਭ ਕਰਿ ਮਇਆ ॥ ਸਮਰਥ ਅਗਥ ਅਪਾਰ ਨਿਰਮਲ ਸੁਣਹੁ ਸੁਆਮੀ ਬਿਨਉ ਏਹੁ ॥ ਕਰ ਜੋੜਿ ਨਾਨਕ ਦਾਨੁ ਮਾਗੈ ਜਨਮ ਮਰਣ ਨਿਵਾਰਿ ਲੇਹੁ ॥ ੧॥	(ਇਸ ਲਈ) ਮੈਂ ਸੰਤਾਂ ਦੇ ਸੰਗ ਵਿਚ ਮਿਲ ਪਵਾਂ (ਤੇ ਬੇਨਤੀ ਕਰਾਂ ਕਿ) ਮੈਨੂੰ ਬਚਾ ਲਓ। (ਹਾਂ) ਹੱਥ ਜੋੜਕੇ ਬੇਨਤੀ ਕਰਾਂ ਕਿ (ਮੈਨੂੰ) ਹਰੀ ਹਰਿ ਦਾ ਨਾਮ ਦਿਓ। (ਹਾਂ, ਉਨ੍ਹਾਂ ਦੇ) ਚਰਨੀਂ ਪੈ ਜਾਵਾਂ ਤੇ ਹਰੀ ਦਾ ਨਾਮ ਮੰਗਾਂ, (ਆਖਾਂ) ਜੇ ਤੁਹਾਡੀ ਕਿਰਪਾ ਹੋਵੇ ਤਾਂ ਮੈਂ ਮਾਨ ਛਡ ਦਿਆਂ; (ਅਤੇ ਸੰਕਲਪਾਂ ਵਿਕਲਪਾਂ ਦੇ ਮਗਰ ਲਗਾ) ਕਿਸੇ (ਹੋਰ) ਪਾਸੇ ਨਾ ਦੌੜਾਂ, (ਤੇਰੀ) ਸ਼ਰਣ ਪ੍ਰਾਪਤ ਰਹੇ, ਹੇ ਦਇਆ ਦੇ ਸਰੂਪ ਪ੍ਰਭੂ ! (ਮੇਰੇ ਤੇ) ਮੇਹਰ ਕਰੋ। ਹੇ (ਸਰਬ-) ਸਮਰਥ, (ਹੇ ਸਾਥੋਂ) ਵਰਣਨ ਨਾ ਕੀਤੇ ਜਾ ਸਕਣ ਵਾਲੇ ! ਹੇ ਬੇਅੰਤ ! ਹੇ ਪਵਿਤ੍ਰ ! ਹੇ ਮਾਲਕ ! (ਮੇਰੀ) ਇਹ ਬੇਨਤੀ ਸੁਣੋ: ਹਥ ਜੋੜਕੇ ਨਾਨਕ ਇਹ ਦਾਨ ਮੰਗਦਾ ਹੈ ਕਿ (ਮੇਰਾ) ਜਨਮ ਮਰਨ (ਦਾ ਗੇੜ) ਦੂਰ ਕਰ ਦਿਓ॥ ੧॥

ਅਪਰਾਧੀ ਮਤਿਹੀਨੁ ਨਿਰਗੁਨੁ ਅਨਾਥੁ ਨੀਚੁ ॥ ਸਠ ਕਠੋਰੁ ਕੁਲਹੀਨੁ ਬਿਆਪਤ ਮੋਹ ਕੀਚੁ ॥ ਮਲ ਭਰਮ ਕਰਮ ਅਹੰ ਮਮਤਾ ਮਰਣੁ ਚੀਤਿ ਨ ਆਵਏ ॥ ਬਨਿਤਾ ਬਿਨੋਦ ਅਨੰਦ ਮਾਇਆ ਅਗਿਆਨਤਾ ਲਪਟਾਵਏ॥ ਖਿਸੈ ਜੋਬਨੁ ਬਧੈ ਜਰੂਆ ਦਿਨ ਨਿਹਾਰੇ ਸੰਗਿ ਮੀਚੁ ॥ ਬਿਨਵੰਤਿ ਨਾਨਕ ਆਸ ਤੇਰੀ ਸਰਣਿ ਸਾਧੂ ਰਾਖੁ ਨੀਚੁ ॥੨॥

(ਮੈਂ) ਪਾਪੀ ਹਾਂ, (ਸ਼ੁਭ) ਮਤਿ ਤੋਂ ਖਾਲੀ ਹਾਂ, (ਦੈਵੀ) ਗੁਣਾਂ ਤੋਂ ਸੱਖਣਾ ਹਾਂ ਅਨਾਥ ਹਾਂ, ਨੀਵਾਂ ਹਾਂ, ਮੂਰਖ ਹਾਂ; ਕਰੜੇ ਦਿਲ ਵਾਲਾ ਹਾਂ (ਭਾਵ ਬੇਰਹਿ ਹਾਂ), ਜਾਤ ਕਰਕੇ (ਬੀ) ਨੀਵਾਂ ਹਾਂ, ਮੋਹ ਦਾ ਚਿਕੜ (ਮੈਨੂੰ) ਚੰਬੜ ਰਿ ਹੈ, (ਮੈਨੂੰ) ਕਰਮਾਂ ਦੀ ਮੈਲ ਤੇ ਭਰਮ (ਦੀ ਮੈਲ, ਅਤੇ) ਅਹੰਤਾ ਤੇ ਮਮਤ ਵਿਆਪ ਰਹੀ ਹੈ, ਮਰਨਾ (ਤਾਂ ਮੈਨੂੰ) ਚੇਤੇ ਹੀ ਨਹੀਂ ਆਉਂਦਾ। ਇਸਤ੍ਰੀ ਸੁਖ ਸੁਆਦ, ਮਾਇਆ ਦੀਆਂ ਖੁਸ਼ੀਆਂ (ਤੇ ਇਨ੍ਹਾਂ ਦਾ ਮੂਲ) ਗਿਆ ਹੀਨਤਾ (ਮੈਨੂੰ) ਲਿਪਟ ਰਹੀਆਂ ਹਨ। ਜੁਆਨੀ ਤਿਲਕਦੀ ਜਾਂਦੀ ਹੈ ਬੁਢਾਪਾ ਵਧ ਰਿਹਾ ਹੈ, (ਇਸ ਦੇ) ਨਾਲ ਰਹਿ ਰਹਿਕੇ ਮੌਤ ਦਿਨ ਤੱਕ ਰਹੀ ਹੈ (ਕਿ ਕਦੋਂ ਮੁੱਕਣ ਤੇ ਇਸ ਨੂੰ ਮਾਰਾਂ)। ਨਾਨਕ ਬੇਨਤੀ ਕਰਦਾ (ਇਕ) ਤੇਰੀ ਆਸ ਹੈ (ਕਿ ਇਸ) ਨੀਚ ਨੂੰ ਸਾਧੂ ਦੀ ਸ਼ਰਣ ਦੁਆਰੇ ਰ ਲਓ॥ ੨॥

ਭਰਮੇ ਜਨਮ ਅਨੇਕ ਸੰਕਟ ਮਹਾ ਜੋਨ ॥ ਲਪਟਿ ਰਹਿਓ ਤਿਹ ਸੰਗਿ ਮੀਠੇ ਭੋਗ ਸੋਨ ॥ ਭ੍ਰਮਤ ਭਾਰ ਅਗਨਤ ਆਇਓ ਬਹੁ ਪ੍ਰਦੇਸਹ ਧਾਇਓ ॥ ਅਬ ਓਟ ਧਾਰੀ ਪ੍ਰਭ ਮੁਰਾਰੀ ਸਰਬ ਸੁਖ ਹਰਿ ਨਾਇਓ ॥ ਰਾਖਨਹਾਰੇ ਪ੍ਰਭ ਪਿਆਰੇ ਮੁਝ ਤੇ ਕਛੂ ਨ ਹੋਆ ਹੋਨ ॥ ਸੂਖ ਸਹਜ ਆਨੰਦ ਨਾਨਕ ਕ੍ਰਿਪਾ ਤੇਰੀ ਤਰੈ ਭਉਨ ॥੩॥

(ਮੈਂ) ਅਨੇਕਾਂ ਜਨਮਾਂ ਵਿਚ ਭਟਕਿਆ ਹਾਂ (ਤੇ) ਜੂਨੀਆਂ ਦੇ ਭਾਰੇ ਕਸ਼ (ਸਹਾਰੇ ਹਨ। ਹੁਣ ਬੀ) ਉਨ੍ਹਾਂ ਹੀ ਮਿੱਠੇ ਲਗਣ ਵਾਲੇ ਭੋਗਾਂ ਤੇ ਮਾਯ ਪਦਾਰਥਾਂ ਨੂੰ ਚੰਬੜ ਰਿਹਾ ਹਾਂ। ਅਣਗਿਣਤ (ਪਾਪਾਂ ਦੇ) ਭਾਰਾਂ (ਕਰ ਜਨਮਾਂ ਵਿਚ) ਭਰਮਦਾ ਆਇਆ ਹਾਂ (ਤੇ) ਬਹੁਤੇ ਪਰਦੇਸਾਂ ਵਿਚ ਭੱਜਿਅ ਫਿਰਿਆ ਹਾਂ (ਭਾਵ ਥਾਂ ਥਾਂ ਫਿਰਿਆ ਹਾਂ ਬਚਾਉ ਦਾ ਰਾਹ ਲਭਦਿਆਂ) ਹੁਣ ਹੇ ਮੁਰਾਰੀ ! ਹੇ ਪ੍ਰਭੂ ! (ਤੇਰੀ) ਓਟ ਪਕੜੀ ਹੈ (ਤੇ) ਤੇਰੇ ਨਾਮ ਵਿਚ ਹੀ) ਸਾਰੇ ਸੁਖ (ਮਿਲੇ) ਹਨ। ਹੇ ਰਖਣ ਵਾਲੇ ਪਿਆਰੇ ਪ੍ਰਭੂ ! ਮੇਰੇ ਤੋਂ ਕੁਛ ਬੀ ਨਹੀਂ ਹੋ ਸਕਿਆ ਤੇ ਨਾ ਹੋ ਸਕਣਾ ਹੈ। (ਕੇਵਲ) ਤੇਰੀ ਕਿਰਪਾ ਨਾਲ ਸਹਜ ਸੁਖ ਦਾ ਆਨੰਦ (ਪ੍ਰਾਪਤ ਕਰੇਗਾ) ਤੇ ਸੰਸਾਰ (ਸਾਗਰ ਨੂੰ ਤਰ ਜਾਏਗਾ)॥ ੩॥

ਨਾਮ ਧਾਰੀਕ ਉਧਾਰੇ ਭਗਤਹ ਸੰਸਾ ਕਉਨ ॥ ਜੇਨ ਕੇਨ ਪਰਕਾਰੇ ਹਰਿ ਹਰਿ ਜਸੁ ਸੁਨਹੁ ਸ੍ਰਵਨ ॥ ਸੁਨਿ ਸ੍ਰਵਨ ਬਾਨੀ ਪੁਰਖ ਗਿਆਨੀ ਮਨਿ ਨਿਧਾਨਾ ਪਾਵਹੇ ॥ ਹਰਿ ਰੰਗਿ ਰਾਤੇ ਪ੍ਰਭ ਬਿਧਾਤੇ ਰਾਮ ਕੇ ਗੁਣ ਗਾਵਹੇ ॥ ਬਸੁਧ ਕਾਗਦ ਬਨਰਾਜ ਕਲਮਾ ਲਿਖਣ ਕਉ ਜੇ ਹੋਇ ਪਵਨ ॥

ਨਾਮਧਰੀਕ ਪਰਮਾਰਥੀ (ਵਾਹਿਗੁਰੂ ਜੀ ਨੇ) ਤਾਰ ਲਏ ਹਨ ਤਾਂ ਭਗਤਾਂ ਨੂੰ ਕਿਹੜਾ ਸੰਸਾ ਹੋ ਸਕਦਾ ਹੈ (ਭਾਵ ਆਪਣੇ ਤਾਰੇ ਜਾਣ ਵਿਚ ਕੋਈ ਸ਼ੱਕ ਸ਼ੁਭਾ ਨਹੀਂ ਰਹਿਣਾ ਚਾਹੀਦਾ)। ਤਾਂਤੇ ਜਿਸ ਜਿਸ ਤਰੀਕੇ ਨਾਲ ਹੋ ਸਕੇ ਹਰੀ ਹਰਿ ਦਾ ਜਸ ਕੰਨਾਂ ਨਾਲ ਸੁਣੋ। ਗਿਆਨੀ ਪੁਰਖ ਦੀ ਬਾਣੀ ਕੰਨ ਨਾਲ ਸੁਣਕੇ (ਜੀਵ) ਮਨ ਵਿਚੋਂ (ਹੀ) ਖ਼ਜ਼ਾਨਾ ਪਾ ਲੈਂਦਾ ਹੈ, ਸੋ ਚਾਹੀਦਾ ਹੈ ਕਿ ਜੀਵ ਵਿਧਾਤੇ ਪ੍ਰਭੂ ਹਰੀ ਦੇ ਪ੍ਰੇਮ ਵਿਚ ਰਤਿਆਂ ਜਾਕੇ (ਉਸ ਰਾਮ= ਵਿਆਪਕ ਦੇ ਗੁਣ ਗਾਵੇ। ਜੇ ਧਰਤੀ (ਬਣ ਜਾਏ) ਕਾਗ਼ਜ਼, ਬਨਸਪਤੀ (ਬਣ ਜਾਏ) ਕਲਮ ਤੇ ਪਵਨ ਹੋ ਜਾਏ ਲਿਖਣ ਉਤੇ (ਭਾਵ ਲਿਖਾਰੀ ਬਣ ਜਾਏ ਤਾਂ ਬੀ) ਬੇਅੰਤ (ਪ੍ਰਭੂ) ਦਾ ਅੰਤ ਨਹੀਂ ਪਾਇਆ ਜਾ ਸਕਦਾ, (ਇਸ ਲਈ ਉਸ ਦੇ ਨਿਰੇ ਵਰਣਨ ਕਰਨ ਦੀ ਥਾਂ ਅਸਾਂ ਉਸ

ਬੇਅੰਤ ਅੰਤੁ ਨ ਜਾਇ ਪਾਇਆ ਗਹੀ ਨਾਨਕ ਚਰਣ ਸਰਨ ॥੪॥੫॥੮॥	ਦੇ) ਚਰਨਾਂ ਦੀ ਸ਼ਰਨ ਫੜ ਲਈ ਹੈ (ਆਖਦੇ ਹਨ ਸ੍ਰੀ ਗੁਰੂ) ਨਾਨਕ (ਦੇਵ ਜੀ), (ਭਾਵ ਭਗਤੀ ਭਾਵ ਧਾਰਨ ਕਰਕੇ ਉਸ ਦੇ ਨਾਮ ਸਿਮਰਣ ਵਿਚ ਲਗ ਪਏ ਹਾਂ)॥ ੪॥ ੫॥ ੮॥

ਵਯਾਖਯਾ-ਸਲੋਕ ਵਿਚ ਨਾਮ ਸਿਮਰਨ ਦਾ ਫਲ ਦੱਸਿਆ ਹੈ ਜੋ ਦੋਹੀਂ ਜਹਾਨੀ ਵਰਤਦਾ ਹੈ, ਜੀਉਂਦੇ ਜੀ ਤਨ ਤੇ ਮਨ ਸੁਖੀ ਰਹਿੰਦਾ ਹੈ ਤੇ ਸਰੀਰ ਦੇ ਅੰਤ ਹੋਣੇ ਪਰ ਪ੍ਰਭੂ ਮਿਲਦਾ ਹੈ। ਇਸ ਦਾ ਇਹ ਮਤਲਬ ਨਹੀਂ ਕਿ ਜੀਉਂਦੇ ਜੀ ਸੁਖ ਹੀ ਮਿਲਦਾ ਹੈ ਪ੍ਰਭੂ ਨਹੀਂ ਮਿਲਦਾ। ਪ੍ਰਭੂ ਜੀਉਂਦੇ ਜੀ ਹੀ ਉਸ ਨੂੰ ਮਿਲਦਾ ਹੈ ਇਸੇ ਕਰਕੇ ਮਨ ਸੁਖੀ ਰਹਿੰਦਾ ਹੈ, ਸੁਖੀ ਮਨ ਵਾਲੇ ਦਾ ਸਰੀਰ ਆਪੂੰ ਸੁਖੀ ਰਹਿੰਦਾ ਹੈ। *'ਅੰਤੇ ਮਿਲੈ ਗੋਪਾਲੁ'* ਦਾ ਭਾਵ ਇਹ ਹੈ ਕਿ ਉਸ ਨੂੰ ਮਰਕੇ ਬੀ ਦੁਖ ਨਹੀਂ ਹੁੰਦਾ, ਸੁਖਾਂ ਦਾ ਸਾਗਰ ਪ੍ਰਭੂ ਜੁ ਮਿਲਿਆ ਹੈ। ਜੀਉਂਦੇ ਸਰੀਰਕ ਲੋੜਾਂ ਆਦਿ ਪ੍ਰਭੂ ਮੇਲ ਦੇ ਨਾਲ ਵਾਧੂ ਫ਼ਰਜ਼ ਹੁੰਦੇ ਹਨ, ਚੋਲਾ ਛੋੜਕੇ ਕੋਈ ਐਸਾ ਫਰਜ਼ ਨਹੀਂ ਰਹਿੰਦਾ, ਰੂਹ ਜੋ ਮਿਲੀ ਰਹਿੰਦੀ ਸੀ ਉਹ ਪੂਰੇ ਤੌਰ ਤੇ ਪ੍ਰਭੂ ਵਿਚ ਪਹੁੰਚ ਪੈਂਦੀ ਯਾ ਲੀਨ ਹੋ ਜਾਂਦੀ ਹੈ।

ਛੰਤ-ਇਹ ਛੰਤ ਇਕ ਅਰਦਾਸ ਹੈ, ਜਿਸ ਦੇ ਪਦ ਤੇ ਭਾਵ ਐਸੇ ਦਿਲ ਦੀ ਪ੍ਰੀਤ ਨਾਲ ਗੁੰਦੇ ਗਏ ਹਨ ਕਿ ਹਰ ਸਮੇ ਹਰ ਪ੍ਰਾਣੀ ਇਸ ਅਰਦਾਸ ਨੂੰ ਅਪਣੀ ਵਲੋਂ ਅਪਣੀ ਸਮਝਕੇ ਸਾਈਂ ਸਚੇ ਅੱਗੇ ਉਚਾਰ ਕਰ ਸਕਦਾ ਹੈ।

ਗੁਰੂ ਜੀ ਤਾਂ ਗੁਰੂ ਗਾਦੀ ਤੇ ਸਨ, ਗੁਰੂ ਸਨ:-

ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ॥　　[ਸਿਰੀ ਰਾਗੁ ਮਹਲਾ ੧, ਅਸਟ:-੧੨]

ਦੇ ਅਸੂਲ ਮੂਜਬ ਆਪ ਅਭੁਲ ਸਨ। ਫਿਰ ਅਰਦਾਸ ਵਿਚ ਆਪ ਨੂੰ ਅਪਰਾਧੀ ਮਤਿ ਹੀਨ ਆਦਿ ਕਿਉਂ ਕਹਿ ਰਹੇ ਹਨ? ਇਕ ਤਾਂ ਸਾਡੇ ਲਈ ਅਪਣੇ ਦੁਆਰਾ ਅਰਦਾਸ ਕਰ ਰਹੇ ਹਨ, ਦੂਜੇ ਸਾਨੂੰ ਅਪਣੇ ਕੀਤੇ ਪਾਪਾਂ ਤੋਂ ਅਰਦਾਸ ਦੇ ਜ਼ਰੀਏ ਨਿਰਮਲ ਕਰ ਲੈਣ ਦੀ ਜਾਚ ਸਿਖਾਲ ਰਹੇ ਹਨ। ਇਹ ਕਈ ਵਾਰ ਦੱਸ ਚੁਕੇ ਹਾਂ ਕਿ ਸਾਡੇ ਸਾਹਿਤਯ ਵਿਚ ਅਪਣੇ ਦੁਆਰਾ ਉਪਦੇਸ਼ ਕਰਨਾ ਉੱਤਮ ਸਮਝਿਆ ਜਾਂਦਾ ਹੈ। ਤ੍ਰੈ ਅੰਕ ਲਗ ਪਗ ਬੜੀ ਨਿੰਮ੍ਰਤਾ ਤੇ ਹਿਰਦੇ ਦੀਆਂ ਡੂੰਘਾਣਾਂ ਨੂੰ ਹਿਲਾਉਣ ਲਈ ਅਰਦਾਸ ਦੇ ਹਨ। ਚੌਥੇ ਅੰਕ ਵਿਚ ਮੱਧਮ ਪੁਰਖ ਵਿਚ ਉਪਦੇਸ਼ ਹੈ। ਇਸ ਤੋਂ ਬੀ ਸਹੀ ਹੋ ਜਾਂਦਾ ਹੈ ਕਿ ਪਹਿਲੀ ਅਰਦਾਸ ਬੀ ਮੱਧਮ ਤੇ ਅੰਨਯ ਪੁਰਖਾਂ ਲਈ ਹੈ।

ਅੰਕ ੪ ਵਿਚ ਇਸ਼ਾਰਾ ਕੀਤਾ ਹੈ ਨਾਉਂ ਧਰੀਕ ਭਗਤਾਂ ਵਲ, ਜਿਨ੍ਹਾਂ ਦਾ ਉਧਾਰ ਹੋ ਗਿਆ ਸੀ। ਬਹੁਤੀ ਗਲੇ ਸਧਨੇ ਭਗਤ ਦੇ ਦੱਸੇ ਉਸ ਨਾਉਂ ਧ੍ਰੀਕ ਭਗਤ ਵਲ ਇਸ਼ਾਰਾ ਹੈ, ਜਿਸ ਦਾ ਜ਼ਿਕਰ ਸਧਨਾ ਜੀ ਦੇ ਸ਼ਬਦ ਰਾਗ ਬਿਲਾਵਲ ਵਿਚ ਹੈ, ਜੋ ਪਾਵਨ ਬੀੜ ਵਿਚ ਹੈ ਤੇ ਜਿਸ ਦੀ ਪਹਿਲੀ ਤੁਕ ਹੈ:-

ਨ੍ਰਿਪ ਕੰਨਿਆ ਕੇ ਕਾਰਨੈ ਇਕੁ ਭਇਆ ਭੇਖ ਧਾਰੀ॥　　[ਬਿਲਾਵਲ ਸਧਨਾ ਜੀ,]

ਪੁਰਾਤਣ ਜਨਮ ਸਾਖੀ ਤੋਂ ਪਤਾ ਚਲਦਾ ਹੈ ਕਿ 'ਨਾਮ ਧਰੀਕ' ਹੋਣਾ ਉਸ ਸਮੇਂ ਨਾਮ ਧਾਰਨ ਕਰਨ ਦੇ ਅਰਥਾਂ ਵਿਚ ਬੀ ਵਰਤਿਆ ਜਾਂਦਾ ਸੀ ਜੋ ਅਰਥ ਕਿ ਅੱਜ ਕਲ ਨਹੀਂ ਲਏ ਜਾਂਦੇ। ਉਸ ਸਮੇਂ ਦੇ ਉਹਨਾ ਅਰਥਾਂ ਨੂੰ ਲੈਕੇ ਐਉਂ ਬੀ ਇਸ ਤੁਕ ਦੇ ਅਰਥ ਸਫਲਾਏ ਜਾਂਦੇ ਹਨ ਕਿ ਨਾਮ ਦੇ ਧਾਰਨ ਕਰਨ ਵਾਲੇ (ਪਰਮੇਸ਼ੁਰ ਨੇ ਜਦ ਸਦਾ ਹੀ) ਉਧਾਰੇ ਹਨ ਫੇਰ ਭਗਤੀ ਕਰਨ ਵਾਲੇ ਭਗਤਾਂ ਨੂੰ ਤੌਖਲਾ ਕਿਸ ਗਲ ਦਾ ਹੈ? ਇਸ ਲਈ ਜਿਸ ਕਿਸ ਤਰ੍ਹਾਂ ਬੀ ਹੋ ਸਕੇ ਵਾਹਿਗੁਰੂ ਦਾ ਕੀਰਤਨ ਸੁਣੋ ਜੋ ਮਨ ਪ੍ਰੇਮ ਵਿਚ ਰੰਗਿਆ ਜਾਵੇ। ਉਸ ਪ੍ਰਭੂ ਦਾ ਅੰਤ ਪਾਉਣ ਦੇ ਰਸਤੇ ਪਓਗੇ ਤਾਂ ਅੰਤ ਨਹੀਂ ਪਾ ਸਕੋਗੇ, ਪਰ ਜੇ ਨਾਮ ਕੀਰਤਨ ਦੇ ਰਸਤੇ ਉਸ ਦੀ ਸ਼ਰਨ ਲੈ ਲਓਗੇ ਤਾਂ ਤਰ ਜਾਓਗੇ।

ਨਿਰੁਕ੍ਤ-ਜਮਕਾਲੁ-ਯਮ ਜੋ ਮੌਤ ਲਿਆ ਦੇਂਦਾ ਹੈ। ਭਾਵ ਮੌਤ।

ਕਰੁਣਾਮੈ- [=ਕਰੁਣਾਮਯ] ਦਇਆ ਦਾ ਸਰੂਪ।

ਅਗਥ- [=ਅਕਥ] ਜਿਸ ਦਾ ਵਰਣਨ ਨਾ ਹੋ ਸਕੇ।

ਨਿਵਾਰਿ ਲੇਹੁ-ਦੂਰ ਕਰ ਦਿਓ। ਸਠ- [=ਸ਼ਠ] ਮੂਰਖ।

ਕੀਚੁ-ਚਿੱਕੜ। ਬਨਿਤਾ-ਇਸਤ੍ਰੀ। ਬਿਨੋਦ-ਖ਼ੁਸ਼ੀ ।

ਜਰੂਆ-ਬੁਢੇਪਾ। ਨਿਹਾਰੇ-ਦੇਖਦੀ ਹੈ। ਮੀਚੁ-ਮੌਤ।

ਸੋਨ-ਸੋਨੇ ਦੇ। ਮਾਯਾ ਕਰਕੇ ਪ੍ਰਾਪਤ ਭੋਗ। (ਅ) ਨਿੰਦ੍ਰਾ, ਭਾਵ ਮੋਹ ਮਾਯਾ ਦੀ ਨੀਂਦ ਤੋਂ ਲਿਆ ਜਾਂਦਾ ਹੈ।

ਭਉਨ-ਭੁਵਨ। ਸੰਸਾਰ। ਜਗਤ।

ਨਾਮਧਾਰੀਕ-ਨਾਉਂ ਧਰੀਕ। ਬਨਾਵਟੀ। (ਅ) ਨਾਮ ਦੇ ਧਾਰਨ ਕਰਨ ਵਾਲੇ।

ਬਸੁਧ-ਧਰਤੀ। ਬਨਰਾਜ-ਬਨਸਪਤੀ।

[ਆਸਾ ਮਹਲਾ ੫, ਛੰਤ, ੯-੩੦]

ਪ੍ਰਾਕ੍ਥਨ-ਪਿਛਲੇ ਛੰਤ ਦੇ ਅੰਤ ਵਿਚ ਚਰਨ ਸ਼ਰਣ ਲੈਣ ਦਾ ਉਪਦੇਸ਼ ਸੀ। ਇਸ ਛੰਤ ਵਿਚ ਸ਼ਰਨ ਦਾ ਵਿਸ਼ੇਸ਼ ਰੂਪ ਤੇ ਫਲ ਦੱਸਿਆ ਹੈ।

ਮੂਲ

ਆਸਾ ਮਹਲਾ ੫ ॥

ਪੁਰਖ ਪਤੇ ਭਗਵਾਨ ਤਾ ਕੀ ਸਰਣਿ ਗਹੀ ॥ ਨਿਰਭਉ ਭਏ ਪਰਾਨ ਚਿੰਤਾ ਸਗਲ ਲਹੀ ॥ ਮਾਤ ਪਿਤਾ ਸੁਤ ਮੀਤ ਸੁਰਿਜਨ ਇਸਟ ਬੰਧਪ ਜਾਣਿਆ ॥ ਗਹਿ ਕੰਠਿ ਲਾਇਆ ਗੁਰਿ ਮਿਲਾਇਆ ਜਸੁ ਬਿਮਲ ਸੰਤ ਵਖਾਣਿਆ ॥ ਬੇਅੰਤ ਗੁਣ ਅਨੇਕ ਮਹਿਮਾ ਕੀਮਤਿ ਕਛੂ ਨ ਜਾਇ ਕਹੀ ॥ ਪ੍ਰਭ ਏਕ ਅਨਿਕ ਅਲਖ ਠਾਕੁਰ ਓਟ ਨਾਨਕ ਤਿਸੁ ਗਹੀ ॥੧॥

ਅੰਮ੍ਰਿਤ ਬਨੁ ਸੰਸਾਰੁ ਸਹਾਈ ਆਪਿ ਭਏ ॥ ਰਾਮ ਨਾਮੁ ਉਰ ਹਾਰੁ ਬਿਖੁ ਕੇ ਦਿਵਸ ਗਏ ॥ ਗਤੁ ਭਰਮ ਮੋਹ ਬਿਕਾਰ ਬਿਨਸੇ ਜੋਨਿ ਆਵਣ

ਅਰਥ

(ਹਾਂ ਉਸ ਜੀਵਾਂ ਦੇ ਸੁਆਮੀ ਭਗਵਾਨ ਦੀ ਮੈਂ ਸ਼ਰਨ ਲਈ ਹੈ, (ਮੇਰਾ) ਜੀਵਨ ਭੈ ਰਹਿਤ ਹੋ ਗਿਆ ਹੈ, (ਤੇ) ਸਾਰੀ ਚਿੰਤਾ ਦੂਰ ਹੋ ਗਈ ਹੈ. [ਪ੍ਰਸ਼ਨ-ਉਸ ਸ਼ਰਣ ਲੈਣ ਦਾ ਰੂਪ ਕੀ ਹੈ? ਉੱਤਰ:] (ਉਸ ਨੂੰ ਮੈਂ) ਮਾਤਾ, ਪਿਤਾ, ਪੁਤ੍ਰ, ਮਿਤ੍ਰ, ਸ੍ਰੇਸ਼ਟ ਸਜਣ ਤੇ ਪਿਆਰਾ ਸਨਬੰਧੀ ਕਰਕੇ ਜਾਣਿਆ. ਗੁਰੂ ਨੇ (ਮੈਨੂੰ ਉਹ ਸੁਰਜਨ) ਮਿਲਾ ਦਿਤਾ ਹੈ (ਮੈਨੂੰ) ਫੜਕੇ (ਉਸ ਦੇ) ਕੰਠ ਨਾਲ ਲਾ ਦਿਤਾ ਹੈ, (ਪਹਿਲੋਂ ਉਸ ਦਾ) ਯਸ਼ (ਉਹਨਾਂ) ਸੰਤਾਂ ਨੇ (ਮੈਨੂੰ) ਵਰਣਨ ਕਰ ਦਿਤਾ ਸੀ। (ਉਸ ਪ੍ਰਭੂ ਦੇ) ਗੁਣ ਬੇਅੰਤ ਹਨ, (ਉਸ ਦੀਆਂ) ਵਡਿਆਈਆਂ ਅਨੇਕਾਂ ਹਨ, (ਉਸ ਦੀ) ਕੀਮਤ ਕੁਛ ਕਹੀ ਨਹੀਂ ਜਾ ਸਕਦੀ। (ਉਹ) ਪ੍ਰਭੂ ਇਕ ਹੈ (ਹਾਂ ਉਹ) ਠਾਕੁਰ (ਫਿਰ) ਅਨੇਕ ਬੀ ਹੈ (ਫਿਰ) ਅਲਖ ਹੈ (ਸਮਝਿਆ ਨਹੀਂ ਜਾ ਸਕਦਾ) ਉਸ ਦੀ ਓਟ ਨਾਨਕ ਨੇ ਪਕੜੀ ਹੈ॥ ੧॥

(ਓਹ ਪ੍ਰਭੂ ਜੀ ਮੇਰੇ) ਆਪ ਸਹਾਈ ਹੋ ਗਏ (ਤਦ ਇਹ) ਸੰਸਾਰ ਅੰਮ੍ਰਿਤ ਜਲ (ਦਾ ਸਰੋਵਰ) ਹੋ ਗਿਆ। ਰਾਮ ਨਾਮ ਗਲੇ ਦੇ ਹਾਰ (ਵਾਙੂ ਧਾਰਨ ਹੋ ਗਿਆ ਤਦ) ਵਿਹੁ ਵਾਲੇ ਦਿਨ ਚਲੇ ਗਏ। ਭਰਮ ਤੇ ਮੋਹ ਚਲੇ ਗਏ, ਵਿਕਾਰ ਨਾਸ਼ ਹੋ ਗਏ, ਜੂਨਾਂ ਵਿਚ ਆਉਣੇ ਜਾਣੇ ਸਭ ਰਹਿ ਗਏ (ਭਾਵ ਮਿਟ ਗਏ)। (ਹਾਂ,

ਸਭ ਰਹੇ ॥ ਅਗਨਿ ਸਾਗਰ ਭਏ ਸੀਤਲ ਸਾਧ ਅੰਚਲ ਗਹਿ ਰਹੇ ॥ ਗੋਵਿੰਦ ਗੁਪਾਲ ਦਇਆਲ ਸੰਮ੍ਰਿਥ ਬੋਲਿ ਸਾਧੂ ਹਰਿ ਜੈ ਜਏ ॥ ਨਾਨਕ ਨਾਮੁ ਧਿਆਇ ਪੂਰਨ ਸਾਧਸੰਗਿ ਪਾਈ ਪਰਮ ਗਤੇ ॥੨॥

ਜਦ) ਸਾਧੂ ਦੇ ਪੱਲੇ ਨੂੰ ਫੜੀ ਰੱਖਿਆ (ਤਦ) ਅੱਗ ਦੇ ਸਮੁੰਦਰ ਠੰਢੇ ਹੋ ਗਏ। ਗੋਬਿੰਦ ਗੋਪਾਲ ਦਿਆਲੂ ਤੇ ਸਮਰਥ ਹੈ, ਸਾਧੂਓ ਬੋਲੋ: ਹੇ ਹਰੀ ! (ਤੇਰੀ) ਜੈ ਹੋਵੇ (ਤੇਰੀ) ਜੈ ਹੋਵੇ*। ਹੇ ਨਾਨਕ ! ਸਾਧ ਸੰਗ ਵਿਚ (ਉਸ) ਪੂਰਨ ਦਾ ਨਾਮ ਧਿਆ ਕੇ ਪੂਰਨ ਗਤੀ ਪ੍ਰਾਪਤ ਕੀਤੀ ਹੈ॥ ੨॥

ਜਹ ਦੇਖਉ ਤਹ ਸੰਗਿ ਏਕੋ ਰਵਿ ਰਹਿਆ ॥ ਘਟ ਘਟ ਵਾਸੀ ਆਪਿ ਵਿਰਲੈ ਕਿਨੈ ਲਹਿਆ ॥ ਜਲਿ ਥਲਿ ਮਹੀਅਲਿ ਪੂਰਿ ਪੂਰਨ ਕੀਟ ਹਸਤਿ ਸਮਾਨਿਆ ॥ ਆਦਿ ਅੰਤੇ ਮਧਿ ਸੋਈ ਗੁਰ ਪ੍ਰਸਾਦੀ ਜਾਨਿਆ ॥ ਬ੍ਰਹਮੁ ਪਸਰਿਆ ਬ੍ਰਹਮ ਲੀਲਾ ਗੋਵਿੰਦ ਗੁਣ ਨਿਧਿ ਜਨਿ ਕਹਿਆ ॥ ਸਿਮਰਿ ਸੁਆਮੀ ਅੰਤਰਜਾਮੀ ਹਰਿ ਏਕੁ ਨਾਨਕ ਰਵਿ ਰਹਿਆ ॥੩॥

[ਪਰਮਗਤੀ ਦਾ ਸਰੂਪ ਦੱਸਦੇ ਹਨ] ਜਿੱਧਰ ਦੇਖਦਾ ਹਾਂ ਓਧਰ ਇਕੋ (ਉਹੀ ਪ੍ਰਭੂ) ਵਜ਼ਾਪਕ ਹੋ ਰਿਹਾ ਹੈ (ਤੇ ਉਹੀ ਮੇਰੇ) ਨਾਲ ਹੈ। (ਉਹੀ) ਆਪ ਹਰੇਕ ਹਿਰਦੇ ਦਾ ਵਾਸੀ ਹੋ ਰਿਹਾ ਹੈ, (ਪਰ) ਕਿਸੇ ਵਿਰਲੇ ਨੇ (ਐਉਂ ਉਸ ਨੂੰ) ਲਖਿਆ। ਉਹੀ ਜਲ ਥਲ ਵਿਚ ਜਿਮੀਂ ਤੇ ਅਸਮਾਨ ਦੇ ਵਿਚਾਲੇ ਭਰਪੂਰ ਹੋ ਰਿਹਾ ਹੈ, ਹਾਥੀ ਤੇ ਕੀੜੀ (ਸਭ) ਵਿਚ (ਇਕ) ਸਮਾਨ ਪੂਰਨ ਹੈ। ਆਦਿ ਵਿਚ ਉਹੋ ਸੀ ਅੰਤ ਵਿਚ ਉਹ ਹੋਸੀ, ਵਿਚਕਾਰ ਉਹ ਹੈ, (ਉਸ ਨੂੰ) ਗੁਰੂ ਦੀ ਕਿਰਪਾ ਨਾਲ ਜਾਣਿਆ ਹੈ। ਬ੍ਰਹਮ (ਸਾਰੇ) ਫੈਲ ਰਿਹਾ ਹੈ, (ਜਗਤ) ਬ੍ਰਹਮ ਦੀ ਖੇਡ ਹੈ, (ਪਰਮੇਸ਼ੁਰ ਦੇ) ਦਾਸਾਂ ਨੇ ਉਸ ਨੂੰ ਗੁਣਾਂ ਦੀ ਨਿਧਿ ਗੋਵਿੰਦ ਆਖਿਆ ਹੈ। ਹੇ ਨਾਨਕ ! (ਉਸ) ਹਰੀ ਨੂੰ (ਜੋ) ਇਕੋ ਹੈ ਤੇ ਮਾਲਕ ਹੈ, ਸਿਮਰੋ, (ਉਹੀ ਸਭ ਦੇ) ਅੰਦਰ ਬਿਰਾਜਮਾਨ ਹੈ, (ਉਹੀ ਸਾਰੇ) ਰਵ ਰਿਹਾ ਹੈ॥ ੩॥

ਦਿਨੁ ਰੈਣਿ ਸੁਹਾਵੜੀ ਆਈ ਸਿਮਰਤ ਨਾਮੁ ਹਰੇ ॥ ਚਰਣ ਕਮਲ ਸੰਗਿ ਪ੍ਰੀਤਿ ਕਲਮਲ ਪਾਪ ਟਰੇ ॥ ਦੂਖ ਭੂਖ ਦਾਰਿਦ੍ਰ ਨਾਠੇ ਪ੍ਰਗਟੁ ਮਗੁ ਦਿਖਾਇਆ ॥ ਮਿਲਿ ਸਾਧਸੰਗੇ ਨਾਮ ਰੰਗੇ ਮਨਿ ਲੋੜੀਦਾ ਪਾਇਆ ॥ ਹਰਿ ਦੇਖਿ ਦਰਸਨੁ ਇਛ ਪੁੰਨੀ ਕੁਲ ਸੰਬੂਹਾ ਸਭਿ ਤਰੇ ॥ ਦਿਨਸੁ ਰੈਣਿ ਅਨੰਦ ਅਨਦਿਨੁ ਸਿਮਰੰਤ ਨਾਨਕ ਹਰਿ ਹਰੇ ॥੪॥੬॥੯॥

(ਹੁਣ) ਹਰੀ ਦਾ ਨਾਮ ਸਿਮਰਦਿਆਂ ਦਿਨ ਤੇ ਰਾਤ ਸੁਹਾਵੀ ਆਉਂਦੀ ਹੈ। (ਹਰੀ ਦੇ) ਚਰਣ ਕਮਲਾਂ ਨਾਲ ਪ੍ਰੀਤ (ਲਗ ਗਈ ਹੈ, ਜਿਸ ਕਰਕੇ) ਬੁਰਾਈਆਂ ਤੇ ਪਾਪ ਟਲ ਗਏ ਹਨ। ਸਿੱਧਾ ਰਸਤਾ ਦਿੱਸ ਪਿਆ ਹੈ, ਦੁਖ ਭੁਖ ਤੇ ਦਲਿਦ੍ਰ ਨੱਸ ਗਏ ਹਨ। (ਜੋ ਇਹ ਹੈ ਕਿ) ਸਾਧ ਸੰਗ ਨੂੰ ਮਿਲਕੇ ਨਾਮ ਦੇ ਪ੍ਰੇਮ ਨਾਲ ਮਨ ਵਿਚ ਚਾਹਿਆ ਫਲ ਮਿਲ ਗਿਆ ਹੈ। ਹਰੀ ਦਾ ਦਰਸ਼ਨ ਦੇਖਕੇ ਮਨ ਦੀਆਂ ਇਛਜਾਂ ਪੁਗ ਗਈਆਂ, ਸਾਰੀਆਂ ਕੁਲਾਂ ਤੇ ਹੋਰ ਸਾਰੇ (ਅਪਣੇ) ਤਰ ਗਏ। ਹੇ ਨਾਨਕ ! ਹਰੀ ਹਰ ਨੂੰ ਸਿਮਰਦਿਆਂ ਦਿਨ ਤੇ ਰਾਤ ਹਰ ਦਿਨ ਅਨੰਦ (ਬਣਿਆ ਰਹਿੰਦਾ ਹੈ)॥ ੪॥ ੬॥ ੯॥

ਵਜਾਖਜਾ–ਪਿਛਲੇ ਸ਼ਬਦ ਦੇ ਅਖੀਰ 'ਸ਼ਰਣ ਲਈ' ਦਾ ਜ਼ਿਕਰ ਸੀ। ਇਸ ਵਿਚ ਉਹੋ ਸ਼ਰਣ ਲੈਣ ਦਾ ਵਿਸ਼ਯ ਜਾਰੀ ਹੈ ਤੇ ਸ਼ਰਣ ਲੈਣ ਦਾ ਰੂਪ ਕੀ ਹੈ? ਉਹ ਵਰਣਨ ਕੀਤਾ ਹੈ। ਦੱਸਿਆ

* ਅਥਵਾ-ਸੰਤ ਜਨ ਗੋਪਾਲ ਗੋਬਿੰਦ ਦਿਆਲ ਸਮਰਥ ਪ੍ਰਭੂ ਦੀ ਜੈ ਜੈ ਕਾਰ ਬੋਲਦੇ ਹਨ।

ਹੈ: ਜਿਤਨੇ ਪਜਾਰਾਂ ਦਾ ਇਨਸਾਨ ਜਾਣੂ ਹੈ, ਉਹਨਾਂ ਵਰਗੀ ਪ੍ਰੇਮ ਭਾਵਨਾ ਪ੍ਰਭੂ ਵਿਚ ਧਾਰਨ ਕਰਨਾ ਸ਼ਰਨ ਲੈਣੀ ਹੈ। ਇਸ ਪਜਾਰ ਵਿਚ ਸੰਤ ਪਾਉਂਦਾ ਹੈ ਤੇ ਗੁਰੂ ਲਗਾਉਂਦਾ ਹੈ।

ਅੰਕ ੨ ਵਿਚ ਸ਼ਰਣ ਗਹੀ ਤੇ ਸਾਈਂ ਦੇ ਕੰਠ ਲਗਣੇ ਤੇ ਕੀ ਅਵਸਥਾ ਹੁੰਦੀ ਹੈ, ਇਸ ਦਾ ਰੂਪਕ ਬੱਧਾ ਹੈ। ਸਤਿਸੰਗ ਕਰਨੇ ਦਾ ਫੇਰ ਉਪਦੇਸ਼ ਦਿੱਤਾ ਹੈ, ਤੇ ਜੋ ਜੋ ਦੈਵੀ ਪ੍ਰਾਪਤੀ ਹੋਈ ਹੈ ਦੱਸੀ ਹੈ।

ਅੰਕ ੩ ਵਿਚ ਬੀ ਪ੍ਰਾਪਤੀ ਦਾ ਵਰਣਨ ਹੈ। ਪਰ ਹੁਣ ਆਤਮ ਪ੍ਰਾਪਤੀ ਦਾ ਵਰਣਨ ਹੈ ਕਿ ਜਲ ਥਲ ਪੂਰਨ ਅੰਦਰ ਬਾਹਰ ਵਜਾਪਕ ਪ੍ਰਭੂ ਦਾ ਅਨੁਭਵ ਹੋ ਗਿਆ, ਇਥੋਂ ਤਾਈਂ ਕਿ ਪਰੀਪੂਰਣ ਬ੍ਰਹਮ ਦੀ ਲੱਖਤਾ ਹੋ ਗਈ, ਤੇ ਜਗਤ ਉਸ ਦੀ ਲੀਲ੍ਹਾ ਦਿੱਸ ਪਿਆ।

ਅੰਕ ੪ ਵਿਚ ਇਸ ਪ੍ਰਾਪਤੀ ਨੂੰ ਕੇਵਲ ਜਾਣਨੇ ਮਾਤ੍ਰ ਨਾ ਸਮਝ ਲਿਆ, ਇਸ ਤੋਂ ਉੱਚਾ ਚੁੱਕਿਆ ਕਿ ਦਿਨ ਰੈਣ ਸੁਹਾਵੇ ਹੋ ਗਏ, ਨਾਮ ਦਾ ਰੰਗ ਹੋਰ ਚਮਕਿਆ; ਯਥਾ:-

ਬ੍ਰਹਮ ਗਿਆਨੀ ਕੈ ਨਾਮੁ ਅਧਾਰੁ॥ [ਸੁਖਮਨੀ, ੮-੫]

ਪ੍ਰਤੱਖ ਦਰਸ਼ਨ ਹੁੰਦੇ ਹਨ। ਦੁਖ, ਭੁਖ, ਦਲਿਦ੍ਰ, ਪਾਪ, ਵਿਕਾਰ, ਦੂਰ ਹੋ ਜਾਂਦੇ ਹਨ। ਆਪ ਤਰ ਜਾਈਦਾ ਹੈ ਕੁਲਾਂ ਤਰ ਜਾਂਦੀਆਂ ਹਨ। ਤੇ ਦਿਨੇ ਰਾਤ ਹੁਣ ਆਨੰਦ ਬਣਿਆਂ ਰਹਿੰਦਾ ਹੈ, ਬਿਰਤੀ ਵਿਚ ਬ੍ਰਹਮ ਸਿਮਰਨ ਜਾਰੀ ਰਹਿੰਦਾ ਹੈ।

ਨਿਰੁਕ੍ਤ-ਪੁਰਖ ਪਤੇ-ਪੁਰਖਾਂ ਦਾ ਪਤੀ। ਜੀਵਾਂ ਦਾ ਮਾਲਕ।

ਪਰਾਨ-ਪ੍ਰਾਣ ਨਿਰਭਉ ਹੋ ਗਏ। ਭਾਵ ਹੈ ਜੀਵਨ ਭੈ ਰਹਿਤ ਹੋ ਗਿਆ। ਜਦੋਂ ਡਰ ਭੈ ਵਾਪਰਦੇ ਹਨ ਤਾਂ ਮੁਹਾਵਰੇ ਵਿਚ ਕਹੀਦਾ 'ਪ੍ਰਾਣ ਖੁਸ਼ਕ ਹੋ ਗਏ'। ਸੋ ਦੱਸਦੇ ਹਨ ਕਿ ਪ੍ਰਾਣ ਨਿਰਭੈ ਹੋ ਗਏ। ਜੀਵਨ ਨਿਰਭੈ ਹੋ ਗਿਆ।

ਸੁਰਿਜਨ-ਸ੍ਰੇਸ਼ਟ ਪੁਰਖ। ਇਸ਼ਾਰਾ ਪਤੀ ਵਲ ਹੁੰਦਾ ਹੈ। ਇਸਟ-ਪਜਾਰਾ।

ਅੰਮ੍ਰਿਤ ਬਨੁ-ਅੰਮ੍ਰਿਤ ਜਲ। 'ਬਨ' ਨਾਮ ਪਾਣੀ ਦਾ ਬੀ ਹੈ।

ਉਰਹਾਰੁ-ਗਲੇ ਦਾ ਹਾਰ। ਬਿਖੁ-ਵਿਹੁ, ਭਾਵ ਦੁਖ ਭਰੇ ਦਿਨ।

ਅਗਨਿ ਸਾਗਰ-ਅੱਗ ਦੇ ਸਮੁੰਦਰ। ਭਾਵ ਚਿੰਤਾ, ਫਿਕਰ ਆਦਿ।

ਪਰਮਗਤੇ-ਉੱਚੀ ਪਦਵੀ। ਲਹਿਆ-ਲਖਿਆ। ਵੇਖਿਆ।

ਕੀਟ-ਕੀੜੀ। ਹਸਤਿ-ਹਸ੍ਤੀ, ਹਾਥੀ।

ਕਲਮਲ-ਪਾਪ। ਵਿਕਾਰ। ਦੋਖ।

[ਆਸਾ ਮਹਲਾ ੫, ਛੰਤ, ੧੦-੩੧]

ਆਸਾ ਮਹਲਾ ੫ ਛੰਤ ਘਰੁ ੭ ੴ ਸਤਿਗੁਰ ਪ੍ਰਸਾਦਿ॥

ਮੂਲ	ਅਰਥ
ਸਲੋਕੁ ॥ ਸੁਭ ਚਿੰਤਨ ਗੋਬਿੰਦ ਰਮਣ ਨਿਰਮਲ ਸਾਧੂ ਸੰਗ ॥ ਨਾਨਕ ਨਾਮੁ ਨ ਵਿਸਰਉ ਇਕ ਘੜੀ ਕਰਿ ਕਿਰਪਾ ਭਗਵੰਤ ॥੧॥	ਹੇ ਭਗਵੰਤ ! ਨਾਨਕ ਤੇ ਕਿਰਪਾ ਕਰ (ਕਿ) ਗੋਬਿੰਦ ਦਾ ਸ਼ੁਭ ਚਿੰਤਨ ਕਰਨਾ (ਭਾਵ ਹਿਰਦੇ ਵਿਚ ਧਿਆਨ ਧਰਨਾ ਤੇ ਗੋਬਿੰਦ ਦਾ ਹੀ) ਰਮਣ ਕਰਨਾ (ਭਾਵ ਬਾਣੀ ਕਰਕੇ ਉਸ ਦੇ ਗੁਣ ਉਚਾਰਨਾ ਅਤੇ) ਸਾਧੂ ਦਾ ਪਵਿਤ੍ਰ ਸੰਗ (ਕਰਨਾ ਭਾਵ ਸਰੀਰ ਕਰਕੇ ਸਤਿਸੰਗ ਵਿਚ ਜਾਣਾ ਪ੍ਰਾਪਤ ਰਹੇ ਤੇ) ਇਕ ਘੜੀ ਬੀ

(ਤੇਰਾ) ਨਾਮ ਨਾ (ਮੈਨੂੰ) ਭੁੱਲੇ* ॥ ੧॥

ਛੰਤ ॥ ਭਿੰਨੀ ਰੈਨੜੀਐ ਚਾਮਕਨਿ ਤਾਰੇ ॥ ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ ॥ ਰਾਮ ਪਿਆਰੇ ਸਦਾ ਜਾਗਹਿ ਨਾਮੁ ਸਿਮਰਹਿ ਅਨਦਿਨੋ॥ ਚਰਣ ਕਮਲ ਧਿਆਨੁ ਹਿਰਦੈ ਪ੍ਰਭ ਬਿਸਰੁ ਨਾਹੀ ਇਕੁ ਖਿਨੋ ॥ ਤਜਿ ਮਾਨੁ ਮੋਹੁ ਬਿਕਾਰੁ ਮਨ ਕਾ ਕਲਮਲਾ ਦੁਖ ਜਾਰੇ ॥ ਬਿਨਵੰਤਿ ਨਾਨਕ ਸਦਾ ਜਾਗਹਿ ਹਰਿ ਦਾਸ ਸੰਤ ਪਿਆਰੇ ॥੧॥

(ਤ੍ਰੇਲ ਨਾਲ) ਭਿਜੀ ਹੋਈ ਰਾਤ ਵਿਚ ਤਾਰੇ (ਸਾਫ) ਚਮਕ ਰਹੇ ਹਨ, (ਇਸ ਵੇਲੇ) ਮੇਰੇ ਰਾਮ ਦੇ ਪਿਆਰੇ ਸੰਤ ਜਨ ਜਾਗ ਰਹੇ ਹਨ। ਹਾਂ, ਰਾਮ ਪਿਆਰੇ (ਕੇਵਲ ਰਾਤ ਨੂੰ ਨਹੀਂ ਸਗੋਂ) ਸਦੀਵ ਜਾਗਦੇ ਹਨ (ਤੇ ਓਹ) ਹਰ ਦਿਨ ਨਾਮ ਸਿਮਰਦੇ ਹਨ। ਹੇ ਪ੍ਰਭੂ ! ਤੇਰੇ ਚਰਨਾਂ ਕਮਲਾਂ ਦਾ ਧਿਆਨ (ਸਦਾ) ਹਿਰਦੇ (ਵਿਚ ਰਖਦੇ ਹਨ ਤੇ ਅਰਦਾਸ ਕਰਦੇ ਹਨ ਕਿ ਤੂੰ ਉਹਨਾਂ ਨੂੰ) ਇਕ ਖਿਨ ਬੀ ਨਾ ਵਿਸਰ, (ਫੇਰ ਓਹ) ਮਾਨ ਮੋਹ, ਮਨ ਦਾ ਵਿਕਾਰ ਤੇ ਬਦੀਆਂ ਤਿਆਗਕੇ (ਇਨ੍ਹਾਂ ਤੋਂ ਉਪਜੇ) ਦੁਖ ਸਾੜ ਲੈਂਦੇ ਹਨ। ਬੇਨਤੀ ਕਰਦਾ ਹੈ ਨਾਨਕ ਕਿ ਹਰੀ ਦੇ ਦਾਸ (ਤੇ ਉਸ ਦੇ) ਪਿਆਰੇ ਸੰਤ ਸਦਾ ਹੀ ਜਾਗਦੇ ਹਨ॥ ੧॥

ਮੇਰੀ ਸੇਜੜੀਐ ਆਡੰਬਰੁ ਬਨਿਆ ॥ ਮਨਿ ਅਨਦੁ ਭਇਆ ਪ੍ਰਭੁ ਆਵਤ ਸੁਣਿਆ॥ ਪ੍ਰਭ ਮਿਲੇ ਸੁਆਮੀ ਸੁਖਹ ਗਾਮੀ ਚਾਵ ਮੰਗਲ ਰਸ ਭਰੇ॥ ਅੰਗ ਸੰਗਿ ਲਾਗੇ ਦੂਖ ਭਾਗੇ ਪ੍ਰਾਣ ਮਨ ਤਨ ਸਭਿ ਹਰੇ ॥ ਮਨ ਇਛ ਪਾਈ ਪ੍ਰਭ ਧਿਆਈ ਸੰਜੋਗੁ ਸਾਹਾ ਸੁਭ ਗਣਿਆ ॥ ਬਿਨਵੰਤਿ ਨਾਨਕ ਮਿਲੇ ਸ੍ਰੀਧਰ ਸਗਲ ਆਨੰਦ ਰਸੁ ਬਣਿਆ ॥੨॥

ਮੇਰੀ (ਅੰਤਹਕਰਣ ਰੂਪੀ) ਸੇਜਾ ਉਤੇ (ਦੈਵੀ ਗੁਣਾਂ ਰੂਪੀ) ਸ਼ਿੰਗਾਰ ਦਾ ਸਾਮਾਨ ਬਣ ਗਿਆ ਹੈ, ਪ੍ਰਭੂ (ਜੀ) ਆ ਰਹੇ ਹਨ (ਇਹ ਸੋ) ਸੁਣੀ ਹੈ ਤੇ ਮਨ ਵਿਚ ਆਨੰਦ ਹੋਇਆ ਹੈ। (ਹਾਂ, ਹੁਣ ਤਾਂ) ਮਾਲਕ ਪ੍ਰਭੂ ਜੀ ਆ ਮਿਲੇ ਹਨ (ਜੋ ਸੰਪੂਰਨ) ਸੁਖਾਂ ਵਿਚ ਗੰਮਤਾ ਰਖਣੇ ਵਾਲੇ ਹਨ, (ਉਹਨਾ ਦੇ ਮਿਲਨੇ ਤੇ) ਚਾਉ ਖੁਸ਼ੀਆਂ ਤੇ ਸੁਆਦ ਭਰ ਗਏ ਹਨ। (ਹਾਂ ਹੁਣ ਤਾਂ ਮੇਰੇ) ਅੰਗ ਨਾਲ ਲਗ ਗਏ ਹਨ (ਭਾਵ ਗਲੇ ਲਾ ਲਿਆ ਨੇ ਸੋ) ਦੁਖ ਸਾਰੇ ਨੱਸ ਗਏ ਹਨ, ਤੇ ਤਨ ਪ੍ਰਾਣ ਤੇ ਮਨ ਸਾਰੇ (ਹਰੇ=) ਪ੍ਰਫੁੱਲਤ ਹੋ ਗਏ ਹਨ। ਇਹ ਮਨ ਦੀ ਇੱਛਾ ਤਾਂ ਪਾਈ ਹੈ ਕਿ ਪ੍ਰਭੂ ਨੂੰ ਧਿਆਇਆ ਸੀ। (ਜਿਸ ਕਰਕੇ) ਮੇਲ ਵਾਲਾ ਸ਼ੁਭ ਸਾਹਾ ਗਿਣਿਆ ਗਿਆ ਸੀ। ਬੇਨਤੀ ਕਰਦੇ ਹਨ (ਗੁਰੂ) ਨਾਨਕ (ਦੇਵ ਜੀ ਕਿ) ਮਿਲ ਪਏ ਹਨ ਵਾਹਿਗੁਰੂ ਜੀ, ਸਾਰੇ ਆਨੰਦਾਂ ਦਾ ਸੁਆਦ ਬਣ ਗਿਆ ਹੈ॥ ੨॥

ਮਿਲਿ ਸਖੀਆ ਪੁਛਹਿ ਕਹੁ ਕੰਤ ਨੀਸਾਣੀ ॥ ਰਸਿ ਪ੍ਰੇਮ ਭਰੀ ਕਛੁ ਬੋਲਿ ਨ ਜਾਣੀ ॥ ਗੁਣ ਗੂੜ ਗੁਪਤ ਅਪਾਰ ਕਰਤੇ ਨਿਗਮ ਅੰਤੁ ਨ ਪਾਵਹੇ ॥ ਭਗਤਿ ਭਾਇ ਧਿਆਇ ਸੁਆਮੀ ਸਦਾ ਹਰਿ ਗੁਣ ਗਾਵਹੇ ॥ ਸਗਲ ਗੁਣ ਸੁਗਿਆਨ ਪੂਰਨ ਆਪਣੇ ਪ੍ਰਭ ਭਾਣੀ ॥

[ਪਤੀ ਮਿਲਾਪ ਤੋਂ ਪਿੱਛੋਂ ਸਖੀਆਂ ਦੀ ਪੁੱਛ:] (ਜਗਜਾਸੂ ਰੂਪੀ) ਸਖੀਆਂ (ਰਲਕੇ) ਮਿਲਨ (ਆਈਆਂ) ਪੁਛਦੀਆਂ ਹਨ ਕਿ ਪਤੀ (ਪਰਮੇਸ਼ੁਰ ਦੇ ਸਾਖਸ਼ਾਤਕਾਰ ਹੋਣ) ਦੀ ਨਿਸ਼ਾਨੀ ਦੱਸ। ਪ੍ਰੇਮ ਦੇ ਰਸ ਦੀ ਭਰੀ ਹੋਈ (ਸੁਹਾਗਵੰਤੀ) ਬੋਲਣਾ ਨਹੀਂ ਜਾਣਦੀ (ਭਾਵ ਮਾਣੇ ਰਸ ਨੂੰ ਬਿਆਨ ਨਹੀਂ ਕਰ ਸਕਦੀ)। (ਉਸ ਪਤੀ-) ਕਰਤਾਰ ਦੇ ਗੁਣ ਗੂੜੇ, ਗੁਪਤ ਤੇ ਪਾਰ ਰਹਿਤ (=ਬੇਅੰਤ) ਹਨ, (ਉਹਨਾਂ ਦਾ) ਅੰਤ ਤਾਂ ਵੇਦ ਬੀ ਨਹੀਂ ਪਾ ਸਕਦਾ। (ਸੋ ਭਗਤ ਰੂਪ ਸੁਹਾਗਵੰਤੀ ਉਸ) ਸੁਆਮੀ ਹਰੀ ਦੇ ਸਦਾ ਗੁਣ ਗਾਉਂਦੀ ਹੈ ਤੇ ਭਗਤੀ ਭਾਵ ਨਾਲ (ਉਸ ਨੂੰ) ਧਿਆਉਂਦੀ ਹੈ। ਸਫਲ ਗਿਆਨ ਦੇ ਸਾਰੇ ਗੁਣਾਂ ਵਿਚ ਪੂਰੀ

* ਇਹ ਸ਼ਲੋਕ ਅੱਗੇ ਚੱਲਕੇ ਗੂਜਰੀ ਦੀ ਮਹਲਾ ਪੰਜਵੇਂ ਦੀ ਵਾਰ ਦੀ ੧੭ਵੀਂ ਪਉੜੀ ਨਾਲ ਬੀ ਆਵੇਗਾ।

ਮੂਲ	ਅਰਥ
ਬਿਨਵੰਤਿ ਨਾਨਕ ਰੰਗਿ ਰਾਤੀ ਪ੍ਰੇਮ ਸਹਜਿ ਸਮਾਣੀ ॥੩॥	ਹੋਕੇ (ਉਹ) ਆਪਣੇ ਪਤੀ (ਪਰਮੇਸਰ ਨੂੰ) ਭਾ ਜਾਂਦੀ ਹੈ। ਬਿਨੈ ਕਰਦੇ ਹਨ (ਗੁਰੂ) ਨਾਨਕ (ਦੇਵ ਜੀ ਕਿ ਜੋ) ਪ੍ਰੇਮ ਦੇ ਰੰਗ ਵਿਚ ਰੰਗੀ ਜਾਂਦੀ ਹੈ ਉਹ ਸਹਜੇ ਹੀ (ਪਰਮੇਸ਼ੁਰ ਪਤੀ ਵਿਚ) ਸਮਾ ਜਾਂਦੀ ਹੈ॥ ੩ ॥
ਸੁਖ ਸੋਹਿਲੜੇ ਹਰਿ ਗਾਵਣ ਲਾਗੇ॥ ਸਾਜਨ ਸਰਸਿਅੜੇ ਦੁਖ ਦੁਸਮਨ ਭਾਗੇ ॥ ਸੁਖ ਸਹਜ ਸਰਸੇ ਹਰਿ ਨਾਮਿ ਰਹਸੇ ਪ੍ਰਭਿ ਆਪਿ ਕਿਰਪਾ ਧਾਰੀਆ ॥ ਹਰਿ ਚਰਣ ਲਾਗੇ ਸਦਾ ਜਾਗੇ ਮਿਲੇ ਪ੍ਰਭ ਬਨਵਾਰੀਆ ॥ ਸੁਭ ਦਿਵਸ ਆਏ ਸਹਜਿ ਪਾਏ ਸਗਲ ਨਿਧਿ ਪ੍ਰਭ ਪਾਗੇ ॥ ਬਿਨਵੰਤਿ ਨਾਨਕ ਸਰਣਿ ਸੁਆਮੀ ਸਦਾ ਹਰਿ ਜਨ ਤਾਗੇ ॥੪॥੧॥੧੦॥	[ਜਗਜਾਸੂਆਂ ਲਈ ਇਸ ਮਿਲਾਪ ਅਵਸਥਾ ਵਿਚ ਪਹੁੰਚਣੇ ਦਾ ਉਪਾਉ ਕਥਨ ਕਰਨ ਲਗੇ ਹਨ:] (ਜਦ ਤੋਂ ਅਸੀਂ) ਹਰੀ ਦੇ (ਜਸ ਦੇ) ਸੁਖ ਸੋਹਿਲੇ ਗਾਉਣ ਲਗੇ ਹਾਂ, ਸਜਣ ਖੁਸ਼ ਹੋਏ, ਦੋਖੀ ਤੇ ਦੁਸ਼ਮਨ ਭੱਜ ਗਏ। (ਹਾਂ ਜਦ ਤੋਂ) ਹਰੀ ਦੇ ਨਾਮ ਵਿਚ (ਲਗੇ) ਪ੍ਰਭੂ ਨੇ ਆਪ ਕਿਰਪਾ ਕੀਤੀ, (ਤਦ) ਸਹਜ ਦੇ ਸੁਖ (ਆਤਮ ਸੁਖ) ਵਧੇ ਤੇ (ਅਸੀਂ) (ਰਹਸੇ=) ਪ੍ਰਸੰਨ ਹੋ ਗਏ। (ਹਾਂ, ਅਸੀਂ) ਹਰੀ ਦੇ ਚਰਨਾਂ ਨੂੰ ਲੱਗੇ ਰਹੇ, ਸਦਾ (ਇਸ ਆਤਮ ਜਾਗ ਵਿਚ) ਜਾਗਦੇ ਰਹੇ, (ਤਦ ਸਾਨੂੰ) ਹਰੀ ਪ੍ਰਭੂ ਮਿਲ ਪਏ। (ਹੁਣ) ਸ਼ੁਭ ਦਿਨ ਆਏ ਹਨ, ਸਹਜ ਨਾਲ (ਪ੍ਰਭੂ) ਪਾ ਲਏ ਹਨ (ਅਤੇ) ਸਾਰੇ (ਸੁਖਾਂ ਦੀ) ਨਿਧਿ ਪ੍ਰਭੂ ਵਿਚ ਮਿਲ ਗਏ ਹਾਂ। ਬੇਨਤੀ ਕਰਦੇ ਹਨ (ਸ੍ਰੀ ਗੁਰੂ) ਨਾਨਕ (ਦੇਵ ਜੀ ਕਿ) ਹਰੀ ਦੇ ਜਨ ਸਦਾ ਸੁਆਮੀ ਦੀ ਸ਼ਰਣ ਵਿਚ ਟਿਕੇ ਰਹਿੰਦੇ ਹਨ॥ ੪ ॥ ੧ ॥ ੧੦ ॥

ਵਜਾਖਜਾ-ਸੁਗਮ ਹੈ।

ਨਿਰੁਕ੍ਤ-ਸੁਭ ਚਿੰਤਨ-ਸ਼ੁਭ ਸੋਚਾਂ, ਚੰਗੇ ਖਿਆਲ। ਭਾਵ ਹਿਰਦੇ ਵਿਚ ਪਿਆਰ ਪੂਰਤ ਧਿਆਨ ਕਰਨਾ।

ਗੋਬਿੰਦ ਰਮਣ-ਵਾਹਿਗੁਰੂ ਦੇ ਵਸਲ ਵਿਚ ਵੱਸਣਾ, ਬਾਣੀ ਕਰਕੇ ਗੁਣ ਉਚਾਰਨ ਕਰਨਾ।

ਭਿੰਨੀ-ਭਿੱਜੀ ਹੋਈ, ਤ੍ਰੇਲ ਨਾਲ ਸਿੱਜੀ ਹੋਈ।

ਅਨਦਿਨੋ- ਹਰ ਰੋਜ਼, ਹਰ ਦਿਨ। ਸਦਾ।

ਬਿਨਵੰਤਿ-ਬੇਨਤੀ ਕਰਦੇ ਹਨ।

ਅਡੰਬਰ-ਸ਼ਿੰਗਾਰ ਸਜਾਵਟ ਦਾ ਸਾਮਾਨ।

ਸੁਖਹਗਾਮੀ-ਸੁਖਾਂ ਵਿਚ ਗੰਮਤਾ ਰਖਣ ਵਾਲੇ।

ਸ੍ਰੀ ਧਰ-ਮਾਇਆ ਦੇ ਪਤੀ, ਵਾਹਿਗੁਰੂ।

ਨਿਗਮ-ਵੇਦ, ਵੇਦ ਦਾ ਮੰਤ੍ਰ ਭਾਗ।

ਸੁਗਿਆਨ-ਸਫਲ ਗਿਆਨ।

ਸਰਸਿਅੜੇ-ਸਰਸੇ ਹੋਏ, ਪ੍ਰਫੁੱਲਤ ਹੋਏ, ਖੁਸ਼ ਹੋਏ।

ਰਹਸੇ-ਪ੍ਰਸੰਨ ਹੋਏ।

ਤਾਗੇ-ਟਿਕੇ ਰਹਿੰਦੇ ਹਨ। ਤੱਗਦੇ, ਨਿਭਦੇ ਹਨ।

[ਆਸਾ ਮਹਲਾ ੫, ਛੰਤ ੧੧-੩੨]

ਮੂਲ	ਅਰਥ
ਆਸਾ ਮਹਲਾ ੫ ॥ ਉਠਿ ਵੰਞੁ ਵਟਾਊੜਿਆ ਤੈ ਕਿਆ ਚਿਰੁ ਲਾਇਆ ॥ ਮੁਹਲਤਿ ਪੁੰਨੜੀਆ ਕਿਤੁ ਕੂੜਿ ਲੋਭਾਇਆ ॥	ਹੇ ਮੁਸਾਫਰ! ਉੱਠ ਚੱਲ (ਸਤਿਸੰਗ ਵਿਚ ਹੁਣ) ਤੂੰ ਕਿਉਂ ਚਿਰ ਲਾਇਆ ਈ? (ਹੁਣ ਤਾਂ) ਮੁਹਲਤ ਪੁੱਗ ਖੜੋਤੀ ਹੈ (ਅਜੇ ਬੀ) ਕਿਉਂ ਝੂਠ ਵਿਚ ਲੋਭਿਤ ਹੋ ਰਿਹਾ ਹੈਂ?(ਹਾਂ)ਹੇ ਕੂੜ ਵਿਚ ਲਾਲਚੀ ਹੋ ਰਹੇ (ਵਟਾਊ)! ਦਗ਼ੇ ਕਮਾ ਰਿਹਾ ਹੈਂ

ਕੂੜੇ ਲੁਭਾਇਆ ਧੋਹੁ ਮਾਇਆ ਕਰਹਿ ਪਾਪ ਅਮਿਤਿਆ ॥ ਤਨੁ ਭਸਮ ਢੇਰੀ ਜਮਹਿ ਹੇਰੀ ਕਾਲਿ ਬਪੁੜੈ ਜਿਤਿਆ ॥ਮਾਲੁ ਜੋਬਨੁ ਛੋਡਿ ਵੈਸੀ ਰਹਿਓ ਪੈਨਣੁ ਖਾਇਆ ॥ ਨਾਨਕ ਕਮਾਣਾ ਸੰਗਿ ਜੁਲਿਆ ਨਹ ਜਾਇ ਕਿਰਤੁ ਮਿਟਾਇਆ ॥੧॥

ਤੇ ਅਨੇਕਾਂ ਪਾਪ ਕਰਦਾ ਹੈਂ। (ਤੇਰਾ) ਸਰੀਰ (ਇਕ) ਸੁਆਹ ਦਾ ਢੇਰ ਹੈ (ਇਹ ਢਾਹਣ ਲਈ) ਜਮਾਂ ਨੇ ਤਾੜ ਰਖੀ ਹੈ (ਤੇ ਅੰਤ ਤੈਨੂੰ ਹੇ) ਬੇਚਾਰੇ (ਜੀਵ) ਕਾਲ ਨੇ (ਖਿਨ ਖਿਨ ਕਰਕੇ) ਜਿੱਤ ਲੈਣਾ ਹੈ*। ਮਾਲ ਤੇ ਜੋਬਨ ਛੱਡਕੇ ਟੁਰ ਪਏਂਗਾ, ਖਾਣਾ ਤੇ ਪਹਿਨਣਾ (ਏਥੇ ਹੀ) ਰਹਿ ਜਾਏਗਾ। ਹੇ ਨਾਨਕ ! (ਤੇਰਾ) ਕੀਤਾ ਕਮਾਇਆ (ਤੇਰੇ) ਨਾਲ ਜਾਏਗਾ (ਕਿਉਂਕਿ ਜੋ ਕਿਛ) ਕੀਤਾ ਜਾਂਦਾ ਹੈ ਉਹ ਮਿਟਾਇਆ ਨਹੀਂ ਜਾ ਸਕਦਾ (ਕਮਾਇਆ ਨਾਲ ਜਾਂਦਾ ਹੈ)॥ ੧॥

ਫਾਥੋਹੁ ਮਿਰਗ ਜਿਵੈ ਪੇਖਿ ਰੈਣਿ ਚੰਦ੍ਰਾਇਣੁ ॥ ਸੂਖਹੁ ਦੂਖ ਭਏ ਨਿਤ ਪਾਪ ਕਮਾਇਣੁ ॥ ਪਾਪਾ ਕਮਾਣੇ ਛਡਹਿ ਨਾਹੀ ਲੈ ਚਲੇ ਘਤਿ ਗਲਾਵਿਆ ॥ ਹਰਿਚੰਦਉਰੀ ਦੇਖਿ ਮੂਠਾ ਕੂੜੁ ਸੇਜਾ ਰਾਵਿਆ ॥ ਲਬਿ ਲੋਭਿ ਅਹੰਕਾਰਿ ਮਾਤਾ ਗਰਬਿ ਭਇਆ ਸਮਾਇਣੁ ॥ ਨਾਨਕ ਮ੍ਰਿਗ ਅਗਿਆਨਿ ਬਿਨਸੇ ਨਹ ਮਿਟੈ ਆਵਣੁ ਜਾਇਣੁ ॥੨॥

(ਤੂੰ) ਹਰਨ ਵਾਙੂ ਫਸ ਜਾਂਦਾ ਹੈਂ (ਜਿਵੇਂ ਉਹ ਸ਼ਿਕਾਰੀ ਦੇ ਕੀਤੇ ਹੋਏ) ਰਾਤ (ਸਮੇਂ ਦੇ) ਚਾਨਣੇ ਨੂੰ ਦੇਖਕੇ (ਫਸ ਜਾਂਦਾ ਹੈ)। ਨਿਤ ਦੇ ਪਾਪ ਕਮਾਉਣ ਤੋਂ ਸੁਖਾਂ ਦੇ ਦੁਖ ਬਣ ਜਾਂਦੇ ਹਨ। ਕਮਾਏ ਹੋਏ ਪਾਪ ਛੱਡਦੇ ਨਹੀਂ (ਗਲ ਵਿਚ) ਗਲਾਵਾਂ ਪਾਕੇ ਲੈ ਜਾਂਦੇ ਹਨ। ਸੇਜਾ ਉਤੇ (ਇਸਤ੍ਰੀਆਂ ਦੇ) ਭੋਗ ਦਾ ਭੋਗਣਾ (ਇਉਂ ਕੂੜਾ ਹੈ ਜਿਵੇਂ) ਹਰਿ ਚੰਦਉਰੀ (ਦੀ ਝੂਠੀ ਨਗਰੀ ਨੂੰ) ਦੇਖਕੇ (ਕਿਸੇ ਦਾ) ਠਗਿਆ ਜਾਣਾ। ਤੂੰ ਲਬ ਵਿਚ ਲੋਭ ਵਿਚ, ਅਹੰਕਾਰ ਵਿਚ ਮਸਤ ਹੋ ਰਿਹਾ ਹੈਂ ਤੇ ਹੈਂਕੜ ਵਿਚ ਤੇਰਾ ਸਮਾਉਣਾ ਹੋ ਰਿਹਾ ਹੈ। ਹੇ ਨਾਨਕ ! (ਜੀਵ ਰੂਪੀ) ਹਰਨ ਅਗਿਆਨ ਵਿਚ (ਫਸਕੇ) ਨਾਸ਼ ਹੋ ਰਹੇ ਹਨ, ਉਹਨਾਂ ਦਾ ਜਨਮ ਮਰਨ (ਇਸ ਕਰਕੇ) ਮਿਟਦਾ ਨਹੀਂ॥ ੨॥

ਮਿਠੈ ਮਖੁ ਮੁਆ ਕਿਉ ਲਏ ਓਡਾਰੀ॥ ਹਸਤੀ ਗਰਤਿ ਪਇਆ ਕਿਉ ਤਰੀਐ ਤਾਰੀ ॥ ਤਰਣੁ ਦੁਹੇਲਾ ਭਇਆ ਖਿਨ ਮਹਿ ਖਸਮੁ ਚਿਤਿ ਨ ਆਇਓ ॥ ਦੂਖਾ ਸਜਾਈ ਗਣਤ ਨਾਹੀ ਕੀਆ ਅਪਣਾ ਪਾਇਓ ॥ ਗੁਝਾ ਕਮਾਣਾ ਪ੍ਰਗਟੁ ਹੋਆ ਈਤ ਉਤਹਿ ਖੁਆਰੀ ॥ ਨਾਨਕ ਸਤਿਗੁਰ ਬਾਝੁ ਮੂਠਾ ਮਨਮੁਖੋ ਅਹੰਕਾਰੀ ॥੩॥

ਸ਼ਹਦ ਵਿਚ (ਫਸਿਆ) ਮੱਖ ਕੀਕੂੰ ਉਡਾਰੀ ਲਾਏ (ਉਹ ਤਾਂ ਓਥੇ ਫਸਿਆ ਹੀ) ਮਰ ਜਾਂਦਾ ਹੈ। ਹਾਥੀ (ਜੋ ਛਲ ਨਾਲ ਕੱਜੇ) ਟੋਏ ਵਿਚ ਡਿਗ ਪੈਂਦਾ ਹੈ (ਉਹ ਉਸ ਵਿਚੋਂ) ਕੀਕੂੰ ਤਰ ਨਿਕਲੇ? (ਤਿਵੇਂ ਉਸ ਜੀਵ ਨੂੰ ਸੰਸਾਰ ਸਾਗਰ ਨੂੰ) ਤਰਣਾ ਕਠਨ ਹੋ ਜਾਂਦਾ ਹੈ (ਜਿਸ ਨੂੰ ਕਦੇ) ਖਿਨ ਭਰ ਲਈ ਮਾਲਕ (ਪ੍ਰਭੂ) ਯਾਦ ਨਹੀਂ ਆਇਆ। (ਉਸ ਦੇ) ਦੁਖਾਂ ਤੇ ਸਜ਼ਾਵਾਂ ਦੀ ਗਿਣਤੀ ਕੀਤੀ ਨਹੀਂ ਜਾ ਸਕਦੀ (ਭਾਵ ਬਹੁਤ ਹੁੰਦੀਆਂ ਹਨ ਪਰ ਜੋ ਕੁਛ ਬੀ ਹੁੰਦਾ ਹੈ) ਅਪਣਾ ਕੀਤਾ ਹੀ ਪਾਉਂਦਾ ਹੈ। ਲੁਕ ਕੇ ਕਮਾਇਆ ਹੋਇਆ ਜ਼ਾਹਰ ਹੋ ਜਾਂਦਾ ਹੈ (ਤੇ) ਇਸ (ਜਹਾਨ) ਵਿਚ (ਤੇ) ਅਗਲੇ ਵਿਚ (ਦੁਹੀਂ ਥਾਈਂ) ਖੁਆਰੀ ਹੁੰਦੀ ਹੈ। ਹੇ ਨਾਨਕ ! ਹੰਕਾਰੀ ਮਨਮੁਖ ਸਤਿਗੁਰੂ ਤੋਂ ਵਿਰਵਾ ਰਹਿਣੇ ਕਰਕੇ (ਇਉਂ) ਠੱਗਿਆ ਜਾਂਦਾ ਹੈ॥ ੩॥

[ਹੁਣ ਹਰੀ ਦੇ ਦਾਸਾਂ ਦੀ ਕਲਜਾਣ ਦਾ ਵੇਰਵਾ ਦੱਸਦੇ ਹਨ:]

ਹਰਿ ਕੇ ਦਾਸ ਜੀਵੇ ਲਗਿ ਪ੍ਰਭ ਕੀ ਚਰਣੀ ॥ ਕੰਠਿ ਲਗਾਇ ਲੀਏ

ਵਾਹਿਗੁਰੂ ਜੀ ਦੇ ਦਾਸ ਵਾਹਿਗੁਰੂ ਜੀ ਦੇ ਚਰਨੀ ਲੱਗੇ ਰਹਿਕੇ ਜੀਉਂਦੇ ਹਨ। (ਉਧਰੋਂ) ਉਹ ਸ਼ਰਣ ਦਾਤਾ ਠਾਕੁਰ (ਉਹਨਾਂ

* ਅਥਵਾ-ਹੇ ਬਪੁੜੇ ! ਸਮੇ ਨੇ (ਛਿਨ ਛਿਨ ਕਰਕੇ ਤੈਨੂੰ) ਜਿੱਤ ਲੈਣਾ ਹੈ, (ਹੁਣ ਜਦ) ਜਮਾਂ ਨੇ (ਤੈਨੂੰ) ਤੱਕਿਆ (ਤੇਰੇ) ਤਨ ਨੂੰ ਸੁਆਹ ਦੀ ਢੇਰੀ (ਕਰ ਦੇਣਗੇ)।

ਤਿਸੁ ਠਾਕੁਰ ਸਰਣੀ ॥ ਬਲ ਬੁਧਿ ਗਿਆਨੁ ਧਿਆਨੁ ਅਪਣਾ ਆਪਿ ਨਾਮੁ ਜਪਾਇਆ ॥ ਸਾਧਸੰਗਤਿ ਆਪਿ ਹੋਆ ਆਪਿ ਜਗਤੁ ਤਰਾਇਆ ॥ ਰਾਖਿ ਲੀਏ ਰਖਣਹਾਰੈ ਸਦਾ ਨਿਰਮਲ ਕਰਣੀ ॥ ਨਾਨਕ ਨਰਕਿ ਨ ਜਾਹਿ ਕਬਹੂੰ ਹਰਿ ਸੰਤ ਹਰਿ ਕੀ ਸਰਣੀ ॥੪॥੨॥੧੧॥

ਨੂੰ ਅਪਣੇ) ਗਲੇ ਲਗਾ ਲੈਂਦਾ ਹੈ, (ਤੇ ਉਹਨਾਂ ਨੂੰ) ਆਪਣਾ ਬਲ ਬੁਧੀ ਤੇ ਗਿਆਨ ਧਿਆਨ ਦੇਂਦਾ ਹੈ (ਤੇ) ਆਪ (ਅਪਣਾ) ਨਾਮ ਜਪਵਾਉਂਦਾ ਹੈ। (ਹਾਂ, ਉਹ) ਆਪ ਸਾਧ ਸੰਗਤ ਬਣਕੇ* ਆਪ ਹੀ ਜਗਤ ਨੂੰ ਤਾਰਦਾ ਹੈ। ਪਵਿਤ੍ਰ ਕਰਨੀ ਵਾਲਿਆਂ ਨੂੰ (ਉਹ) ਰਖਣ ਵਾਲਾ ਸਦਾ (ਆਪ) ਰਖ ਲੈਂਦਾ ਹੈ (ਭਾਵ ਬਚਾ ਲੈਂਦਾ ਹੈ)। ਹੇ ਨਾਨਕ ! (ਓਹ) ਹਰੀ ਦੇ ਸੰਤ (ਹਨ, ਓਹ) ਕਦੇ ਨਰਕ ਨੂੰ ਨਹੀਂ ਜਾਂਦੇ (ਉਹ ਤਾਂ ਸਦਾ) ਵਾਹਿਗੁਰੂ ਦੀ ਸ਼ਰਣ ਵਿਚ (ਰਹਿੰਦੇ) ਹਨ † ॥ ੪॥ ੨॥ ੧੧॥

ਵ੍ਯਾਖ੍ਯਾ-ਪਹਿਲੇ ਤਿੰਨਾਂ ਅੰਗਾਂ ਵਿਚ ਮਾਯਾ ਵਿਚ ਫਾਥੇ ਪਾਪੀ ਪੁਰਖ ਦਾ ਹਾਲ ਖੋਹਲਿਆ ਹੈ। ਜੋ ਸਪਸ਼ਟ ਪਦ 'ਪਾਪ ਕਮਾਣੇ' ਤੇ 'ਕਰਹਿ ਪਾਪ ਅਮਿਤਿਆ' ਵਾਕ ਕਹੇ ਹੈਨ। ਸੋ ਇਹ ਕੇਵਲ ਗ਼ਾਫ਼ਲ ਨੂੰ ਨਹੀਂ ਪਾਪੀ ਗ਼ਾਫ਼ਲ ਨੂੰ ਉਪਦੇਸ਼ ਦਿਤਾ ਹੈ, ਉਸ ਦੇ ਮੰਦੇ ਕਰਮ ਤੇ ਉਹਨਾਂ ਦੇ ਫਲ ਦਿਖਲਾਏ ਹਨ।

ਤ੍ਰੈ ਮਿਸਾਲਾਂ ਦੇਕੇ ਉਸ ਦੀ ਮਾਯਾ ਰੁਚੀ ਨੂੰ ਕੂੜੀ ਤੇ ਭੁਲੇਖੇ ਕਰਕੇ ਹੋਈ ਦੱਸਿਆ ਹੈ। ਰਾਤ ਸਮੇ ਜੰਗਲ ਵਿਚ ਸ਼ਿਕਾਰੀ ਇਕ ਤ੍ਰਿਖੀ ਰੌਸ਼ਨੀ ਕਰ ਦੇਂਦੇ ਹਨ, ਮ੍ਰਿਗ ਉਸ ਵਲ ਤੱਕਦੇ ਬੜੱਕ ਖੜੇ ਰਹਿ ਜਾਂਦੇ ਹਨ ਤੇ ਸ਼ਿਕਾਰੀ ਜਾ ਫੜਦਾ ਹੈ। ਅਜ ਕਲ ਜੇ ਮੋਟਰ ਲੈਕੇ ਜੰਗਲ ਵਿਚ ਜਾਓ ਤਾਂ ਮ੍ਰਿਗ ਰੌਸ਼ਨੀ ਨੂੰ ਤੱਕਦਾ ਬੜੱਕ ਖੜਾ ਰਹਿ ਜਾਂਦਾ ਹੈ ਤੇ ਹਿਲਦਾ ਜੁਲਦਾ ਨਹੀਂ। ਉਸ ਰੌਸ਼ਨੀ ਨੂੰ, ਜੋ ਸ਼ਿਕਾਰੀ ਬਨਾਵਟੀ ਕਰਦੇ ਸਨ, ਚੰਦ੍ਰਾਇਣ ਕਿਹਾ ਕਰਦੇ ਸਨ। ਦੂਜੀ ਮਿਸਾਲ ਹਰਿ ਚੰਦਉਰੀ ਦੀ ਦਿਤੀ ਹੈ, ਇਹ ਇਕ ਨਗਰੀ ਸਮੁੰਦਰਾਂ ਦੇ ਕੰਢੇ ਯਾ ਰੇਤ ਥਲਿਆਂ ਵਿਚ ਸੂਰਜੋਦਯ ਦੇ ਲਗ ਪਗ ਦਿੱਸਿਆ ਕਰਦੀ ਹੈ, ਜੋ ਮ੍ਰਿਗ ਤ੍ਰਿਸ਼ਨਾ ਦੇ ਜਲ ਵਾਙੂ ਭੁਲੇਵਾ ਮਾਤ੍ਰ ਹੁੰਦੀ ਹੈ, ਨਗਰੀ ਵਗਰੀ ਕੁਛ ਨਹੀਂ ਹੁੰਦੀ। ਸੋ ਇਸ ਜਗਤ ਦੇ ਲੁਭਾਇਮਾਨ ਕਰਨ ਵਾਲੇ ਸਾਮਾਨਾਂ ਨੂੰ ਇਸ ਨਾਲ ਮਿਸਾਲ ਦਿਤੀ ਹੈ, ਕਿਉਂਕਿ ਇਹ ਨਾਸ਼ਮਾਨ ਹੈ। ਤੀਸਰੀ ਮਿਸਾਲ ਆਮ ਮੱਖੀ ਦੀ ਦਿਤੀ ਹੈ ਜੋ ਸ਼ਹਦ ਯਾ ਸ਼ਰਬਤ ਤੇ ਬੈਠੀ ਮਿੱਠੇ ਵਿਚ ਫਸਕੇ ਫੇਰ ਨਿਕਲ ਨਹੀਂ ਸਕਦੀ, ਓਥੇ ਹੀ ਮਰ ਜਾਂਦੀ ਹੈ। ਚੌਥੀ ਮਿਸਾਲ ਹਾਥੀ ਦੇ ਟੋਏ ਵਿਚ ਡਿੱਗਕੇ ਫਸ ਜਾਣ ਦੀ ਦਿਤੀ ਹੈ। ਜੋ ਹੱਥਣੀ ਦੀ ਖਿੱਚ ਵਿਚ ਕੱਜੇ ਟੋਏ ਨੂੰ ਨਿਗਰ ਥਾਂ ਸਮਝਕੇ ਫਸ ਮਰਦਾ ਹੈ। ਤਿਵੇਂ ਇਸ ਵਿਚ ਫਲ ਦਿਖਾਇਆ ਮੋਹ ਮਾਯਾ ਦੇ ਵਿਚ ਫਸਣੇ ਦਾ। ਇਸ ਤਰ੍ਹਾਂ ਪਾਪੀ ਨੂੰ ਲੋਕ ਪ੍ਰਲੋਕ ਖੁਆਰੀ ਪੱਲੇ ਪੈਂਦੀ ਦਸੀ ਹੈ।

ਅੰਕ ੪ ਵਿਚ ਪਾਪੀ, ਜੋ ਮਾਇਆ ਦਾ ਦਾਸ ਬਣਕੇ ਤਬਾਹ ਹੁੰਦਾ ਹੈ, ਦੇ ਉਲਟ ਹਰੀ ਦੇ ਦਾਸ ਦੀ ਸ਼ੁਭਗਤੀ ਦਿਖਾਈ ਹੈ। ੧. ਉਹਨਾਂ ਦਾ ਜੀਵਨ ਹੀ ਹਰੀ ਦੇ ਚਰਨਾਂ ਨਾਲ ਲਗੇ ਰਹਿਣਾ ਦੱਸਿਆ। ਭਾਵ ਹੈ ਕਿ ਵਾਹਿਗੁਰੂ ਦਾ ਨਾਮ, ਇਸ ਤੋਂ ਪ੍ਰਾਪਤ ਵਾਹਿਗੁਰੂ ਨਾਲ ਲਗਾਉ, ਉਹਨਾਂ ਦਾ ਜੀਵਨ ਬਣ ਜਾਂਦਾ ਹੈ। ਐਸੇ ਫੇਰ ਆਪ ਹੀ ਅਪਣੇ ਯਤਨ ਵਿਚ ਨਹੀਂ ਲਗੇ ਰਹਿੰਦੇ ਰਬ ਜੀ ਵਲੋਂ ਉਹਨਾਂ ਨੂੰ ਪਿਆਰਿਆ ਜਾਂਦਾ ਹੈ। ਉਹਨਾਂ ਨੂੰ ਪ੍ਰਭੂ ਅਪਣਾ ਨਾਮ ਜਪਾਉਂਦਾ ਹੈ, ਉਹਨਾ ਦਾ ਬਲ ਬੁਧੀ ਤੇ ਗ੍ਯਾਨ ਆਪ ਹੋ ਖੜੋਂਦਾ ਹੈ। ਇਨ੍ਹਾਂ ਦਾਤਾਂ ਤੇ ਪਹਿਲੋਂ ਉਹਨਾਂ ਨੂੰ ਜੋ ਸਤਿਸੰਗ ਮਿਲ ਪੈਂਦਾ ਹੈ, ਉਹ ਬੀ ਕਰਤਾਰ ਦੀ ਅਨੁਗ੍ਰਹਿ ਹੁੰਦੀ ਹੈ। ਸਾਧ ਸੰਗਤਿ ਵਿਚ ਪ੍ਰਭੁ ਆਪ ਵਰਤਦਾ ਹੈ, ਇਸ ਕਰਕੇ ਸਮਝੋ ਸਾਧ ਸੰਗਤਿ ਬੀ ਆਪ ਹੀ ਹੁੰਦਾ ਹੈ। ਇਉਂ ਜਗਤ ਦੇ ਤਰਨੇ ਤਾਰਨੇ ਦਾ ਕੰਮ ਬੀ ਆਪ ਹੀ ਕਰ ਰਿਹਾ ਹੈ।

* ਅਥਵਾ ਸਾਧ ਸੰਗਤਿ ਦੇ ਵਿਚ ਹੋਕੇ।

† ਅਥਵਾ-(ਜੋ) ਹਰੀ ਦੀ ਸ਼ਰਣ ਵਿਚ ਰਹਿੰਦੇ ਹਨ ਹਰੀ ਦੇ ਸੰਤ (ਓਹ) ਕਦੇ ਨਰਕ ਵਿਚ ਨਹੀਂ ਜਾਂਦੇ।

ਕਿਉਂਕਿ ਕਰਤਾਰ ਹੈ, ਇਸ ਕਰਕੇ ਪਾਲਣਹਾਰ ਹੈ, ਕਿਉਂਕਿ ਕਰਤਾਰ ਤੇ ਪਾਲਣਹਾਰ ਹੈ ਇਸ ਕਰਕੇ ਸਿਖਾਵਣਹਾਰ ਹੈ, ਕਿਉਂਕਿ ਸਿਖਾਵਣਹਾਰ ਹੈ ਉਸ ਸਿਖਾਵਣ ਹਾਰਤਾ ਵਿਚ ਤਾਰਨ ਵਿਧੀ ਸਿਖਾਕੇ ਤਾਰਣਹਾਰ ਬੀ ਆਪ ਹੀ ਹੈ।

ਅੰਤਮ ਉਪਦੇਸ਼ ਇਹ ਹੈ ਕਿ ਨਿਰਮਲ ਕਰਣੀ ਕਰੋ, ਸਭ ਤੋਂ ਪਵਿਤ੍ਰ ਕਰਣੀ ਹਰੀ ਨਾਮ ਹੈ, ਐਸੀ ਕਰਨੀ ਵਾਲੇ ਸੰਤ ਹਨ ਜੋ ਹਰੀ ਦੇ ਸ਼ਰਣਾਗਤ ਹੋਣ ਕਰਕੇ ਸਦਾ ਹਰੀ ਸ਼ਰਣ ਵਿਚ ਰਹਿੰਦੇ ਹਨ, ਹਰੀ ਦੀ ਸ਼ਰਣ ਵਿਚ ਰਹਿਣ ਵਾਲੇ ਹੋਣ ਕਰਕੇ ਕੋਈ ਤਾਕਤ ਉਹਨਾਂ ਨੂੰ ਨਰਕਾਂ ਵਿਚ ਨਹੀਂ ਲੈ ਜਾ ਸਕਦੀ।

ਨਿਰੁਕ੍ਤ-ਵਟਾਊੜਿਆ-ਵਾਟ ਤੇ ਤੁਰਨ ਵਾਲਿਆ ! ਮੁਸਾਫਰ। ਭਾਵ, ਹੇ ਜੀਵ ! ਤੂੰ ਪਰਮਪਦ ਤੇ ਨਾ ਪਹੁੰਚਣ ਕਰਕੇ ਜਨਮ ਮਰਨ ਵਿਚ ਤੁਰਦਾ ਰਹਿੰਦਾ ਹੈ। ਅਥਵਾ-ਤੇਰਾ ਮਰਨਾ ਨਿਸ਼ਚੇ ਹੈ, ਇਸ ਧਰਤੀ ਤੇ ਤੇਰਾ ਇਹ ਜੀਵਨ ਮੁਸਾਫਰ ਦੇ ਰਹਿਣ ਵਾਙੂ ਹੈ, ਜਿਸ ਨੇ ਟੁਰ ਜਾਣਾ ਹੈ।

ਮੁਹਲਤਿ- [ਅ:,ਮੁਹਲਤ] ਮੁੱਦਤ। ਮੁਕਰਰ ਕੀਤਾ ਹੋਇਆ ਵਕਤ। ਭਾਵ-ਉਮਰਾ ਤੇਰੀ ਮੁੱਕਣ ਵਾਲੀ ਹੈ।

ਧੋਹੁ-ਧ੍ਰੋਹ। ਦਗ਼ਾ। ਛਲ। ਫਰੇਬ।

ਅਮਿਤਿਆ-ਮਿਤ ਤੋਂ ਬਾਹਰੇ। ਭਾਵ ਬਹੁਤੇ।

ਹੇਰੀ-ਦੇਖੀ ਹੈ। ਭਾਵ ਜਮ ਦੇਖ ਰਿਹਾ ਹੈ ਕਿ ਸਮਾਂ ਮੁੱਕਣੇ ਦੀ ਤਤ ਛਿਨ ਮਾਰ ਲੈਣਾ ਹੈ ਇਸ ਨੂੰ।

ਜੁਲਿਆ-ਚਲਿਆ। ਚੰਦ੍ਰਾਇਣੁ-ਵਯਾਖਯਾ ਵਿਚ ਵੇਰਵਾ ਆ ਚੁਕਾ ਹੈ।

ਹਰਿਚੰਦਉਰੀ-ਵਯਾਖਯਾ ਵਿਚ ਵੇਰਵਾ ਆ ਚੁਕਾ ਹੈ।

ਮਿਠੈ-ਮਿੱਠੇ ਵਿਚ ਯਾ ਮਿੱਠੇ ਕਰਕੇ। ਭਾਵ ਹੈ ਸ਼ਹਤ ਸ਼ਰਬਤ ਆਦਿ ਗਿੱਲੇ ਮਿੱਠੇ ਤੋਂ। 'ਮਖੁ' ਤੋਂ ਮੁਰਾਦ ਆਮ ਮੱਖੀ ਹੈ। ਹਸਤੀ-ਹਾਥੀ।

ਗਰਤ-ਟੋਆ। ਇਕ ਟੋਏ ਤੇ ਕਖ ਫੂਸ ਪਾਕੇ ਕੱਜ ਦੇਂਦੇ ਹਨ, ਇਸ ਤੋਂ ਲੰਘਦਾ ਹਾਥੀ ਟੋਏ ਵਿਚ ਡਿੱਗ ਪੈਂਦਾ ਤੇ ਨਿਕਲ ਨਹੀਂ ਸਕਦਾ। ਟੋਏ ਪਾਸ ਹਥਣੀ ਦਾ ਕਲਬੂਤ ਖੜਾ ਕਰ ਦੇਂਦੇ ਹਨ, ਹਾਥੀ ਮਦਮਤਾ ਹਥਣੀ ਦੇ ਮਗਰ ਆਉਂਦੇ ਟੋਏ ਵਿਚ ਡਿੱਗ ਪੈਂਦਾ ਹੈ।

ਨਿਰਮਲ ਕਰਣੀ-ਪਵਿਤ੍ਰ ਕਰਣੀ। ਨਿਰਮਲ ਕਰਣੀ ਕਿਹੜੀ ਹੈ? ਗੁਰੂ ਜੀ ਫੁਰਮਾਉਂਦੇ ਹਨ:-

ਜਪਿ ਜਨ ਸਦਾ ਸਦਾ ਦਿਨੁ ਰੈਣੀ॥ ਸਭ ਤੇ ਊਚ ਨਿਰਮਲ ਇਹ ਕਰਣੀ॥ [ਸੁਖਮਨੀ, ੧੫-੭]

[ਆਸਾ ਮਹਲਾ ੫, ਛੰਤ, ੧੨-੩੩]

ਮੂਲ

ਆਸਾ ਮਹਲਾ ੫ ॥

ਵੰਞੁ ਮੇਰੇ ਆਲਸਾ ਹਰਿ ਪਾਸਿ ਬੇਨੰਤੀ ॥ ਰਾਵਉ ਸਹੁ ਆਪਨੜਾ ਪ੍ਰਭ ਸੰਗਿ ਸੋਹੰਤੀ ॥ ਸੰਗੇ ਸੋਹੰਤੀ ਕੰਤ ਸੁਆਮੀ ਦਿਨਸੁ ਰੈਣੀ ਰਾਵੀਐ ॥ ਸਾਸਿ ਸਾਸਿ ਚਿਤਾਰਿ

ਅਰਥ

ਚਲਾ ਜਾਹ ਮੇਰੇ ਆਲਸਾ (ਮੇਰੇ ਨੇੜੇ ਨਾ ਆ, ਹੁਣ ਤਾਂ ਮੈਂ) ਹਰੀ ਪਾਸ ਬੇਨਤੀਆਂ (ਵਿਚ ਰਹਿੰਦੀ ਹਾਂ। ਹਾਂ, ਹੁਣ ਮੈਂ) ਆਪਣਾ ਪਤੀ ਮਾਣ ਰਹੀ ਹਾਂ (ਤੇ ਉਸ) ਪ੍ਰਭੂ ਦੇ ਸੰਗ ਵਿਚ ਸੁਭਾਗਿਮਾਨ ਹੋ ਰਹੀ ਹਾਂ। (ਹਾਂ,ਆਪਣੇ) ਮਾਲਕ ਪਤੀ ਦੇ ਨਾਲ ਸੁਭਾਇਮਾਨ ਹੋ ਰਿਹਾਂ ਦਿਨੇ ਰਾਤ ਉਸ ਨੂੰ ਮਾਣੀਦਾ ਹੈ। [ਪ੍ਰਸ਼ਨ: ਕਿਵੇਂ ? ਉੱਤਰ:] ਹਰ ਸੁਆਸ ਵਿਚ (ਉਸ ਨੂੰ)

ਜੀਵਾ ਪ੍ਰਭੁ ਪੇਖਿ ਹਰਿ ਗੁਣ ਗਾਵੀਐ ॥ ਬਿਰਹਾ ਲਜਾਇਆ ਦਰਸੁ ਪਾਇਆ ਅਮਿਉ ਦ੍ਰਿਸਟਿ ਸਿੰਚੰਤੀ ॥ ਬਿਨਵੰਤਿ ਨਾਨਕੁ ਮੇਰੀ ਇਛ ਪੁੰਨੀ ਮਿਲੇ ਜਿਸੁ ਖੋਜੰਤੀ ॥੧॥

ਯਾਦ ਕਰਦੀ ਜੀਉਂਦੀ ਹਾਂ, ਪ੍ਰਭੂ ਨੂੰ ਦੇਖਦੀ ਹਾਂ ਤੇ ਹਰੀ ਦੇ ਗੁਣ ਗਾਈਦੇ ਹਨ*। (ਹੁਣ) ਬਿਰਹੋਂ ਨੂੰ ਸ਼ਰਮ ਆ ਗਈ ਹੈ (ਭਾਵ ਨੇੜੇ ਨਹੀਂ ਢੁੱਕਦਾ, ਕਿਉਂਕਿ ਪ੍ਰੀਤਮ ਦਾ) ਦਰਸ਼ਨ ਮਿਲ ਗਿਆ ਹੈ (ਤੇ ਉਸ ਪਿਆਰੇ ਦੀ) ਅੰਮ੍ਰਿਤ (ਵਰਗੀ) ਨਜ਼ਰ (ਸਾਨੂੰ) ਸਿੰਜਦੀ ਰਹਿੰਦੀ ਹੈ †। ਬੇਨਤੀ ਕਰਦੇ ਹਨ (ਸ੍ਰੀ ਗੁਰੂ) ਨਾਨਕ (ਦੇਵ ਜੀ): ਮੇਰੀ ਇਛਾ ਪੂਰਨ ਹੋ ਗਈ ਹੈ, (ਕਿਉਂਕਿ) ਜਿਸ ਨੂੰ ਖੋਜਦੀ ਸਾਂ (ਉਹ) ਮਿਲ ਪਿਆ ਹੈ॥ ੧॥

ਨਸਿ ਵੰਞਹੁ ਕਿਲਵਿਖਹੁ ਕਰਤਾ ਘਰਿ ਆਇਆ ॥ ਦੂਤਹ ਦਹਨੁ ਭਇਆ ਗੋਵਿੰਦੁ ਪ੍ਰਗਟਾਇਆ ॥ ਪ੍ਰਗਟੇ ਗੁਪਾਲ ਗੋਬਿੰਦ ਲਾਲਨ ਸਾਧਸੰਗਿ ਵਖਾਣਿਆ ॥ ਆਚਰਜੁ ਡੀਠਾ ਅਮਿਉ ਵੂਠਾ ਗੁਰ ਪ੍ਰਸਾਦੀ ਜਾਣਿਆ ॥ ਮਨਿ ਸਾਂਤਿ ਆਈ ਵਜੀ ਵਧਾਈ ਨਹ ਅੰਤੁ ਜਾਈ ਪਾਇਆ ॥ ਬਿਨਵੰਤਿ ਨਾਨਕ ਸੁਖ ਸਹਜਿ ਮੇਲਾ ਪ੍ਰਭੂ ਆਪਿ ਬਣਾਇਆ ॥੨॥

ਹੇ ਪਾਪੋ ! ਨੱਸਕੇ ਦੂਰ ਚਲੇ ਜਾਓ (ਹੁਣ) ਕਰਤਾਰ (ਮੇਰੇ) ਘਰ ਵਿਚ ਆ ਗਿਆ ਹੈ, (ਹਾਂ, ਹੁਣ ਵਿਕਾਰਾਂ ਰੂਪੀ) ਵੈਰੀਆਂ ਦਾ ਸਸਕਾਰ ਹੋ ਗਿਆ ਹੈ, (ਕਿਉਂਕਿ) ਗੋਬਿੰਦ ਪ੍ਰਗਟ ਹੋ ਗਿਆ ਹੈ। (ਹਾਂ) ਸਾਧ ਸੰਗਤਿ ਵਿਚ ਬਿਆਨ ਕੀਤੇ ਗਏ ਪਿਆਰੇ ਗੋਪਾਲ ਗੋਬਿੰਦ ਪ੍ਰਗਟ ਹੋ ਗਏ ਹਨ। (ਇਹ ਜੋ) ਅਚਰਜ (ਮੈਂ) ਵੇਖਿਆ (ਜਿਸ ਤੋਂ) ਅੰਮ੍ਰਿਤ ਵੱਸਿਆ (ਇਹ) ਗੁਰੂ ਦੀ ਕਿਰਪਾ ਕਰਕੇ ਜਾਣਿਆ ਹੈ। (ਜਿਸ ਜਾਣਨ ਕਰਕੇ) ਮਨ ਵਿਚ ਸ਼ਾਂਤੀ ਆ ਗਈ ਤੇ ਖੁਸ਼ੀਆਂ ਹੋਈਆਂ ਕਿ ਅੰਤ ਹੀ ਨਹੀਂ ਪਾਇਆ ਜਾਂਦਾ। ਬਿਨੈ ਕਰਦੇ ਹਨ (ਗੁਰੂ) ਨਾਨਕ (ਦੇਵ ਜੀ ਕਿ) ਇਹ ਸਹਜ ਸੁਖ ਦਾ ਮੇਲਾ ਪ੍ਰਭੂ ਨੇ ਆਪ ਬਣਾਇਆ ਹੈ॥ ੨॥

ਨਰਕ ਨ ਡੀਠੜਿਆ ਸਿਮਰਤ ਨਾਰਾਇਣ ॥ ਜੈ ਜੈ ਧਰਮੁ ਕਰੇ ਦੂਤ ਭਏ ਪਲਾਇਣ ॥ ਧਰਮ ਧੀਰਜ ਸਹਜ ਸੁਖੀਏ ਸਾਧਸੰਗਤਿ ਹਰਿ ਭਜੇ ॥ ਕਰਿ ਅਨੁਗ੍ਰਹੁ ਰਾਖਿ ਲੀਨੇ ਮੋਹ ਮਮਤਾ ਸਭ ਤਜੇ ॥ ਗਹਿ ਕੰਠਿ ਲਾਏ ਗੁਰਿ ਮਿਲਾਏ ਗੋਵਿੰਦ ਜਪਤ ਅਘਾਇਣ ॥ ਬਿਨਵੰਤਿ ਨਾਨਕ ਸਿਮਰਿ ਸੁਆਮੀ ਸਗਲ ਆਸ ਪੁਜਾਇਣ ॥੩॥

ਵਾਹਿਗੁਰੂ ਦਾ ਸਿਮਰਣ ਕਰਦਿਆਂ (ਕਦੇ ਕਿਸੇ ਨੇ) ਨਰਕ ਨਹੀਂ ਵੇਖਿਆ। ਧਰਮਰਾਜ ਉਨ੍ਹਾਂ ਨੂੰ ਜੈ ਜੈ ਕਰਦਾ ਹੈ, (ਭਾਵ ਮੱਥੇ ਟੇਕਦਾ ਹੈ) ਜਮਦੂਤ (ਉਨ੍ਹਾਂ ਤੋਂ ਦੂਰ) ਭੱਜ ਜਾਂਦੇ ਹਨ। (ਇਧਰ ਲੋਕ ਵਿਚ ਓਹ) ਧਰਮ ਧੀਰਜ ਤੇ ਸਹਜ ਸੁਖ ਵਾਲੇ (ਹੋ ਜਾਂਦੇ ਹਨ ਤੇ) ਸਾਧ ਸੰਗਤਿ ਵਿਚ ਹਰੀ ਨੂੰ ਸਿਮਰਦੇ ਰਹਿੰਦੇ ਹਨ। (ਹਰੀ ਨੇ) ਮੇਹਰ ਕਰਕੇ (ਓਹ) ਰੱਖ ਲਏ ਹਨ, (ਉਸੇ ਦੀ ਮੇਹਰ ਨਾਲ) ਮੋਹ ਮਮਤਾ (ਆਦਿ) ਸਾਰੇ (ਅਵਗੁਣ ਉਨ੍ਹਾਂ ਨੇ) ਛਡ ਦਿੱਤੇ ਹਨ। ਗੁਰੂ ਦੇ ਮਿਲਾਏ ਹੋਏ (ਓਹ) ਵਾਹਿਗੁਰੂ ਨੇ ਫੜਕੇ (ਆਪਣੇ) ਗਲੇ ਲਾ ਲਏ ਹਨ, (ਇਹ) ਤ੍ਰਿਪਤੀ (ਉਨ੍ਹਾਂ ਨੂੰ) ਵਾਹਿਗੁਰੂ ਨੂੰ ਜਪਣ ਕਰਕੇ (ਮਿਲੀ ਹੈ)। ਬਿਨੈ ਕਰਦੇ ਹਨ (ਗੁਰੂ) ਨਾਨਕ (ਦੇਵ ਜੀ) ਮਾਲਕ (ਵਾਹਿਗੁਰੂ ਨੂੰ) ਸਿਮਰ, (ਉਹ) ਸਾਰੀਆਂ ਆਸਾਂ ਪੂਰੀਆਂ ਕਰਨੇ ਵਾਲਾ ਹੈ॥ ੩॥

ਨਿਧਿ ਸਿਧਿ ਚਰਣ ਗਹੇ ਤਾ ਕੇਹਾ ਕਾੜਾ ॥ ਸਭੁ ਕਿਛੁ ਵਸਿ ਜਿਸੈ ਸੋ

(ਜਦੋਂ) ਹਰੀ ਦੇ ਚਰਨ ਫੜ ਲਏ (ਜਿਨ੍ਹਾਂ ਵਿਚ) ਨਿਧੀਆਂ ਸਿਧੀਆਂ (ਵਸਦੀਆਂ ਹਨ) ਤਦ (ਫੇਰ ਹੁਣ) ਝੋਰਾ ਕਿਸ ਗੱਲ

* ਅਥਵਾ-ਸਾਸ ਸਾਸ ਸਿਮਰੀਦਾ ਹੈ, ਹਰੀ ਗੁਣ ਗਾਈਦੇ ਹਨ (ਤਦ) ਪ੍ਰਭੂ (ਪੇਖਿ=) ਦੇਖੀਦਾ ਹੈ।

† ਅਥਵਾ-ਜਦ (ਗੁਰੂ ਦੀ) ਅੰਮ੍ਰਿਤ ਦ੍ਰਿਸ਼ਟੀ ਸਿੰਚਨ ਲੱਗੀ (ਤਦ) ਦਰਸ਼ਨ ਪਾ ਲਿਆ (ਤਦ) ਬਿਰਹੋਂ ਸ਼ਰਮਿੰਦਾ ਹੋ ਗਿਆ।

280

ਪ੍ਰਭੂ ਅਸਾੜਾ ॥ ਗਹਿ ਭੁਜਾ ਲੀਨੇ ਨਾਮ ਦੀਨੇ ਕਰੁ ਧਾਰਿ ਮਸਤਕਿ ਰਾਖਿਆ ॥ ਸੰਸਾਰ ਸਾਗਰੁ ਨਹ ਵਿਆਪੈ ਅਮਿਉ ਹਰਿ ਰਸੁ ਚਾਖਿਆ ॥ ਸਾਧਸੰਗੇ ਨਾਮ ਰੰਗੇ ਰਣੁ ਜੀਤਿ ਵਡਾ ਅਖਾੜਾ ॥ ਬਿਨਵੰਤਿ ਨਾਨਕ ਸਰਣਿ ਸੁਆਮੀ ਬਹੁੜਿ ਜਮਿ ਨ ਉਪਾੜਾ ॥੪॥੩॥੧੨॥

ਦਾ? (ਹਾਂ) ਸਭੋ ਕੁਛ ਜਿਸ ਦੇ ਵੱਸ ਵਿਚ ਹੈ ਉਹ ਪ੍ਰਭੂ (ਹੁਣ) ਸਾਡਾ ਹੈ। (ਉਸ ਨੇ ਅਸੀਂ) ਬਾਂਹ ਤੋਂ ਫੜ ਲਏ ਹਾਂ, (ਅਸੀਂ ਉਸ ਤੋਂ) ਨਾਮ ਦਿੱਤੇ ਗਏ ਹਾਂ (ਤੇ) ਮੱਥੇ ਤੇ ਹੱਥ ਰੱਖ ਕੇ (ਉਸ ਨੇ ਸਾਨੂੰ) ਬਚਾ ਲਿਆ ਹੈ। (ਹੁਣ ਸਾਨੂੰ) ਸੰਸਾਰ ਸਮੁੰਦਰ ਨਹੀਂ ਪੋਂਹਦਾ, (ਕਿਉਂਕਿ ਅਸਾਂ) ਹਰੀ ਰਸ (ਰੂਪੀ) ਅੰਮ੍ਰਿਤ ਚੱਖ ਲਿਆ ਹੈ। ਸਾਧ ਸੰਗਤ ਦੁਆਰਾ ਨਾਮ ਦੇ ਪਿਆਰ ਨਾਲ (ਅਸਾਂ ਕਾਮਾਦਿਕਾਂ ਦਾ) ਜੰਗ, ਜੋ ਵਡਾ ਅਖਾੜਾ (ਸੀ) ਜਿੱਤ ਲਿਆ ਹੈ। ਬਿਨੈ ਕਰਦੇ ਹਨ (ਗੁਰੂ) ਨਾਨਕ (ਦੇਵ ਜੀ ਕਿ ਜੋ) ਮਾਲਕ (ਵਾਹਿਗੁਰੂ) ਦੀ ਸ਼ਰਣ ਵਿਚ ਪੈ ਗਿਆ ਹੈ (ਉਸ ਨੂੰ) ਯਮ ਨੇ ਫੇਰ (ਕਦੇ) ਨਹੀਂ ਉਖੇੜਿਆ (ਭਾਵ ਦੁੱਖ ਨਹੀਂ ਦਿੱਤਾ)॥ ੪ ॥ ੩ ॥ ੧੨ ॥

ਵਯਾਖਯਾ-ਸਾਰੇ ਸ਼ਬਦ ਵਿਚ ਵਾਹਿਗੁਰੂ ਮਿਲਾਪ ਦੇ ਅਤਿ ਸੁੰਦਰ ਨਕਸ਼ੇ ਖਿੱਚੇ ਹਨ। ਪਹਿਲੇ ਅੰਕ ਵਿਚ ਉਸ ਅੰਮ੍ਰਿਤ ਅਵਸਥਾ ਦਾ ਨਕਸ਼ਾ ਬੰਨ੍ਹਦਿਆਂ ਆਲਸ ਦੇ ਦੂਰ ਹੋਕੇ ਸਦਾ ਸਾਵਧਾਨਤਾ ਦੀ ਪ੍ਰਾਪਤੀ ਦਾ ਜ਼ਿਕਰ ਹੈ, ਜਿਸ ਸਾਵਧਾਨਤਾ ਵਿਚ ਸੁਤੇ ਸਿਮਰਨ ਚਲ ਰਿਹਾ ਹੈ, ਜਿਸ ਕਰਕੇ ਪ੍ਰਭੂ ਨਾਲ ਸਚਮੁਚ ਦਾ ਵਾਸਾ ਮਿਲ ਗਿਆ ਹੈ।

ਅੰਕ ੨ ਵਿਚ ਪਾਪਾਂ ਦੇ ਬਿਨਾਸ ਹੋ ਜਾਣ ਦਾ ਜ਼ਿਕਰ ਹੈ ਕਿ ਗੋਬਿੰਦ ਜੀ ਦੇ ਪ੍ਰਗਟ ਹੋ ਜਾਣ ਨਾਲ ਹੁਣ ਪਾਪ ਕਰਮ ਕੋਈ ਨਹੀਂ ਸਤਾਉਂਦੇ। ਰੁਚੀ ਹੀ ਮਿਟ ਜਾਂਦੀ ਹੈ ਇਸ ਅਵਸਥਾ ਵਿਚ। ਇਸ ਪ੍ਰਾਪਤੀ ਨੂੰ ਅਚਰਜ ਦੱਸਿਆ ਹੈ ਤੇ ਸਹਜ ਸੁਖ ਵਾਲੀ ਦੱਸਿਆ ਹੈ ਤੇ ਇਸ ਦੀ ਵਡਿਆਈ ਪ੍ਰਭੂ ਨੂੰ ਹੀ ਦਿੱਤੀ ਹੈ।

ਅੰਕ ੩ ਵਿਚ ਫੇਰ ਹੋਰ ਸੁੰਦਰ ਨਕਸ਼ਾ ਉਸੇ ਮਿਲਾਪ ਦਾ ਹੈ। ਪਹਿਲੇ ਆਲਸ ਕੱਟਿਆ ਸੀ ਫੇਰ ਪਾਪ, ਹੁਣ ਨਰਕ ਨੂੰ ਹਰਾਮ ਕਰ ਦਿੱਤਾ ਹੈ ਮਿਲਿਆਂ ਲਈ, ਧਰਮਰਾਜ ਨੂੰ ਉਨ੍ਹਾਂ ਅੱਗੇ ਮੱਥਾ ਟੇਕਦੇ ਦੱਸਿਆ ਹੈ। ਕਾਰਣ ਨਾਮ ਸਿਮਰਣ ਹੀ ਦੱਸਿਆ ਹੈ। ਅਵਸਥਾ ਉਨ੍ਹਾਂ ਧਰਮ ਵਾਲੀ, ਧੀਰਜ ਵਾਲੀ, ਤੇ ਪੂਰਨ ਤ੍ਰਿਪਤੀ ਵਾਲੀ ਦੱਸੀ ਹੈ। ਅੰਕ ੩ ਦੇ ਅਖੀਰ 'ਸਗਲ ਆਸ ਪੁਜਾਇਣ' ਫੁਰਮਾਇਆ।

ਹੁਣ ਅੰਕ ੪ ਵਿਚ ਸਾਈਂ ਦੇ ਚਰਨਾਂ ਦੀ ਤਾਰੀਫ ਦੱਸਦੇ ਹਨ ਕਿ ਨਿਧਿ ਸਿਧਿ ਉਨ੍ਹਾਂ ਵਿਚ ਵਸਦੀ ਹੈ। ਓਹ ਚਰਨ ਪਕੜਨ ਕਰਕੇ ਉਨ੍ਹਾਂ ਦੀ ਕੋਈ ਲੋੜ ਬਾਕੀ ਨਹੀਂ ਰਹੀ। ਉਨ੍ਹਾਂ ਦੀ ਮੁੱਖ ਲੋੜ ਸਾਈਂ ਪ੍ਰਾਪਤੀ ਸੀ ਉਹ ਪੂਰੀ ਹੋ ਗਈ ਹੈ, ਸੋ ਕੋਈ ਝੋਰਾ ਬਾਕੀ ਨਹੀਂ ਰਿਹਾ, ਤੇ ਫੇਰ ਗਿਰਾਉ ਹੋਣ ਦਾ ਅੰਦੇਸ਼ਾ ਬੀ ਚੁੱਕ ਗਿਆ ਹੈ। ਭੇਤ ਦੀ ਗੱਲ ਇਹ ਦੱਸੀ ਹੈ ਕਿ ਸਦਾ ਹਰੀ ਦੇ ਨਾਲ ਰਹਿੰਦੇ ਹਾਂ, ਇਹ ਮੇਲ ਅਵਿਛੜ ਹੈ, ਇਸ ਕਰਕੇ ਗਿਰਾਉ ਦਾ ਭੈ ਨਹੀਂ। ਉਪਦੇਸ਼ ਸ਼ਰਣ ਲੈਣ ਤੇ ਨਾਮ ਸਿਮਰਣ ਦਾ ਹੈ ਜਿਸ ਨੂੰ ਸਾਰਾ ਭਾਗ ਲਗਦਾ ਹੈ।

ਨਿਰੁਕ੍ਤ-ਆਲਸਾ-ਹੇ ਆਲਸ ! ਹੇ ਸੁਸਤੀ ! ਰਾਵਉ-ਮਾਣਾਂ। ਸੁਖ ਲਵਾਂ।

ਲਜਾਇਆ-ਸ਼ਰਮਾਇਆ। ਸ਼ਰਮ ਖਾਕੇ ਜੀਵ ਪਰੇ ਰਹਿੰਦਾ ਹੈ। ਸੋ ਭਾਵ ਦੂਰ ਰਹਿਣ ਦਾ ਹੈ। ਪਰੇ ਹਟ ਗਿਆ ਹੈ। ਅਮਿਉ-ਅੰਮ੍ਰਿਤ।

ਕਿਲਵਿਖਹੁ-ਹੇ ਪਾਪੋ ! ਦਹਨੁ-ਸੜਨ। ਸਸਕਾਰ। ਸਾੜੇ ਜਾਣ ਦੀ ਕ੍ਰਿਯਾ।

ਲਾਲਨ-ਪਿਆਰਾ। ਦੂਤ-ਜਮਦੂਤ ਤੋਂ ਮੁਰਾਦ ਹੈ।

ਧਰਮੁ-ਧਰਮਰਾਜ ਤੋਂ ਭਾਵ ਹੈ। ਅਨੁਗ੍ਰਹੁ- [ਸੰਸ:, ਅਨੁਗ੍ਰਹ:] ਕ੍ਰਿਪਾ। ਮੇਹਰ।

ਅਘਾਇਣ-ਰੱਜ ਜਾਣਾ, ਤ੍ਰਿਪਤੀ ਹੋ ਜਾਣੀ ਪੂਰੀ ਪੂਰੀ।

ਰਣੁ ਜੀਤਿ ਵਡਾ ਅਖਾੜਾ-ਵੱਡਾ ਜੋ ਮੈਦਾਨ ਜੰਗ ਸੀ (ਕਾਮਾਦਿਕਾਂ ਦਾ ਉਹ) ਜਿੱਤ ਹੋ ਗਿਆ ਹੈ।

ਜਮਿ-ਜਮ ਨੇ। ਨ ਉਪਾੜਾ-ਨਹੀਂ ਉਖੇੜਿਆ। ਨਾਸ਼ ਨਹੀਂ ਕੀਤਾ, ਭਾਵ ਦੁਖ ਨਹੀਂ ਦਿੱਤਾ

[ਆਸਾ ਮਹਲਾ ੫, ਛੰਤ, ੧੩-੩੪]

ਪ੍ਰਾਕਥਨ-ਪਾਪੀਆਂ, ਠੱਗਾਂ ਆਦਿ ਮਾੜੇ ਕਰਮਾਂ ਵਾਲਿਆਂ ਪ੍ਰਤੀ ਉਪਦੇਸ਼ ਹੈ।

ਮੂਲ	ਅਰਥ
ਆਸਾ ਮਹਲਾ ੫ ॥ ਦਿਨੁ ਰਾਤਿ ਕਮਾਇਅੜੋ ਸੋ ਆਇਓ ਮਾਥੈ ॥ ਜਿਸੁ ਪਾਸਿ ਲੁਕਾਇਦੜੋ ਸੋ ਵੇਖੀ ਸਾਥੈ ॥ ਸੰਗਿ ਦੇਖੈ ਕਰਣਹਾਰਾ ਕਾਇ ਪਾਪੁ ਕਮਾਈਐ ॥ ਸੁਕ੍ਰਿਤੁ ਕੀਜੈ ਨਾਮੁ ਲੀਜੈ ਨਰਕਿ ਮੂਲਿ ਨ ਜਾਈਐ ॥ ਆਠ ਪਹਰ ਹਰਿ ਨਾਮੁ ਸਿਮਰਹੁ ਚਲੈ ਤੇਰੈ ਸਾਥੇ ॥ ਭਜੁ ਸਾਧਸੰਗਤਿ ਸਦਾ ਨਾਨਕ ਮਿਟਹਿ ਦੋਖ ਕਮਾਤੇ ॥੧॥	(ਹੇ ਗਵਾਰ ! ਹੇ ਮੂਰਖ !) ਜੋ ਕੁਛ ਤੂੰ ਦਿਨ ਰਾਤ ਕਮਾਉਂਦਾ ਰਿਹਾ ਸੈਂ ਸ (ਤੇਰੇ) ਮੱਥੇ ਉਤੇ ਆਇਆ ਹੈ, (ਕਿਉਂਕਿ) ਜਿਸ ਪਾਸੋਂ ਤੂੰ ਲੁਕਾਉਂਦਾ ਹੁੰਦਾ ਸੈਂ ਉਹ (ਤੇਰੇ) ਨਾਲ (ਹੀ ਰਹਿੰਦਾ ਸਭ ਕੁਛ) ਦੇਖਦਾ ਹੁੰਦਾ ਸੀ। (ਹੁਣ ਹੀ ਸੋਚ ਕਰ ਜਦ) ਕਰਤਾਰ ਨਾਲ (ਵੱਸਦਾ ਸਭ ਕੁਛ) ਦੇਖਦਾ ਹੈ (ਤਦ) ਪਾਪ ਕਰੀਏ ਹੀ ਕਿਉਂ? (ਫੇਰ ਤਾਂ ਚਾਹੀਦਾ ਹੈ ਕਿ) ਨੇਕੀ ਕਰੀਏ, ਨਾਮ ਲਈਏ (ਤਾਂ ਜੋ) ਨਰਕ ਨੂੰ ਬਿਲਕੁਲ ਜਾਈਏ ਹੀ ਨਾ। (ਹਾਂ) ਅੱਠੇ ਪਹਿਰ ਹਰੀ ਨਾਮ ਨੂੰ ਸਿਮਰ ਜੋ ਤੇਰੇ ਨਾਲ ਜਾਵੇ। (ਗੁਰੂ) ਨਾਨਕ (ਦੇਵ ਜੀ ਆਖਦੇ ਹਨ) ਸਾਧ ਸੰਗਤ ਦੁਆਰਾ ਸਦਾ (ਹਰੀ ਦਾ) ਭਜਨ ਕਰ ਜੋ ਤੇਰੇ ਕੀਤੇ ਦੋਸ਼ (ਬੀ) ਮਿਟ ਜਾਣ॥ ੧॥
ਵਲਵੰਚ ਕਰਿ ਉਦਰੁ ਭਰਹਿ ਮੂਰਖ ਗਾਵਾਰਾ ॥ ਸਭੁ ਕਿਛੁ ਦੇ ਰਹਿਆ ਹਰਿ ਦੇਵਣਹਾਰਾ ॥ ਦਾਤਾਰੁ ਸਦਾ ਦਇਆਲੁ ਸੁਆਮੀ ਕਾਇ ਮਨਹੁ ਵਿਸਾਰੀਐ ॥ ਮਿਲੁ ਸਾਧਸੰਗੇ ਭਜੁ ਨਿਸੰਗੇ ਕੁਲ ਸਮੂਹਾ ਤਾਰੀਐ ॥ ਸਿਧ ਸਾਧਿਕ ਦੇਵ ਮੁਨਿ ਜਨ ਭਗਤ ਨਾਮੁ ਅਧਾਰਾ ॥ ਬਿਨਵੰਤਿ ਨਾਨਕ ਸਦਾ ਭਜੀਐ ਪ੍ਰਭੁ ਏਕੁ ਕਰਣੈਹਾਰਾ ॥੨॥	ਵਲ ਛਲ ਕਰਕੇ ਪੇਟ ਭਰਦਾ ਹੈਂ, ਹੇ ਮੂਰਖ ਗਵਾਰ ! ਦੇਣ ਵਾਲਾ (ਪ੍ਰਭੂ ਤਾਂ) ਸਭ ਕੁਛ ਦੇ ਰਿਹਾ ਹੈ। (ਉਹ) ਮਾਲਕ ਦਾਤਾ ਹੈ (ਤੇ) ਸਦਾ ਦਿਆਲੂ ਹੈ, (ਉਸਨੂੰ) ਕਿਉਂ ਮਨ ਤੋਂ ਭੁਲਾ ਦੇਈਏ, ਸਾਧੂ ਦੇ ਸੰਗ ਵਿਚ ਮਿਲ ਪਉ, ਤੇ ਸ਼ੰਕਾ ਲਾਹਕੇ ਭਜਨ ਕਰ (ਇਸ ਤਰ੍ਹਾਂ ਕਰਨੇ ਨਾਲ) ਸਾਰੀਆਂ ਕੁਲਾਂ ਤਾਰ ਲਈਦੀਆਂ ਹਨ। ਸਿਧ ਹੋ ਗਏ, ਸਾਧਨਾ ਕਰਨ ਵਾਲੇ, ਦੇਵਤੇ, ਮੁਨੀ ਲੋਕ ਤੇ ਭਗਤ (ਸਭਨਾਂ ਨੂੰ) ਨਾਮ ਦਾ ਹੀ ਆਧਾਰ ਸੀ। (ਗੁਰੂ) ਨਾਨਕ ਦੇਵ ਜੀ ਬਿਨੈ ਕਰਦੇ ਹਨ ਕਿ ਇਕ ਕਰਤਾਰ ਪ੍ਰਭੂ ਦਾ ਸਦਾ ਸਿਮਰਨ ਕਰੀਏ॥ ੨॥
ਖੋਟੁ ਨ ਕੀਚਈ ਪ੍ਰਭੁ ਪਰਖਣਹਾਰਾ॥ ਕੂੜੁ ਕਪਟੁ ਕਮਾਵਦੜੇ ਜਨਮਹਿ ਸੰਸਾਰਾ ॥ ਸੰਸਾਰੁ ਸਾਗਰੁ ਤਿਨੀ	(ਅਪਣੇ ਕਰਨਿਆਂ ਵਿਚ) ਖੋਟ ਨਾ ਪਾਓ (ਕਿਉਂਕਿ) ਪ੍ਰਭੂ ਪਰਖ ਲੈਣ ਵਾਲਾ ਹੈ (ਜਿਵੇਂ ਸੋਨੇ ਵਿਚ ਰੱਖਿਆ ਖੋਟ ਸਰਾਫ ਪਰਖ ਲੈਂਦਾ ਹੈ)। (ਜੋ) ਝੂਠ ਤੇ ਦਗ਼ਾ ਵਰਤਦੇ ਹਨ (ਓਹ ਮੁੜ ਮੁੜ) ਸੰਸਾਰ ਵਿਚ ਜੰਮਦੇ ਹਨ। (ਇਹ) ਸੰਸਾਰ ਸਮੁੰਦਰ (ਤਾਂ

ਤਰਿਆ ਜਿਨੀ ਏਕੁ ਧਿਆਇਆ ॥ ਤਜਿ ਕਾਮੁ ਕ੍ਰੋਧੁ ਅਨਿੰਦ ਨਿੰਦਾ ਪ੍ਰਭ ਸਰਣਾਈ ਆਇਆ ॥ ਜਲਿ ਥਲਿ ਮਹੀਅਲਿ ਰਵਿਆ ਸੁਆਮੀ ਊਚ ਅਗਮ ਅਪਾਰਾ ॥ ਬਿਨਵੰਤਿ ਨਾਨਕ ਟੇਕ ਜਨ ਕੀ ਚਰਣ ਕਮਲ ਅਧਾਰਾ ॥੩॥

ਉਹੀ ਤਰਦੇ ਹੈਨ ਜਿਨ੍ਹਾਂ ਨੇ ਇਕ ਪ੍ਰਭੂ ਨੂੰ ਧਿਆਇਆ (ਹੁੰਦਾ ਹੈ। ਹਾਂ, ਉਹ ਤਰਦਾ ਹੈ ਜੋ) ਕਾਮ ਕ੍ਰੋਧ ਤੇ ਉਸਤਤ ਨਿੰਦਿਆ ਛਡਕੇ ਪ੍ਰਭੂ ਦੀ ਸ਼ਰਣੀ ਆ ਪੈਂਦਾ ਹੈ; (ਉਸ ਪ੍ਰਭੂ ਦੀ ਜੋ) ਜਲ ਥਲ ਤੇ ਜ਼ਿਮੀਂ ਅਸਮਾਨ ਵਿਚ ਵਜਾਪਕ ਹੈ ਜੋ ਉੱਚਾ ਹੈ ਪਹੁੰਚੋਂ ਪਰੇ ਤੇ ਅਨੰਤ ਹੈ। ਬੇਨਤੀ ਕਰਦੇ ਹਨ (ਗੁਰੂ) ਨਾਨਕ (ਦੇਵ ਜੀ) ਉਹੀ ਭਗਤਾਂ ਦਾ ਆਸਰਾ ਹੈ (ਉਸੇ ਦੇ) ਚਰਨਾਂ ਕਮਲਾਂ ਦਾ (ਭਗਤਾਂ ਨੂੰ) ਆਧਾਰ ਹੈ॥ ੩॥

ਪੇਖੁ ਹਰਿਚੰਦਉਰੜੀ ਅਸਥਿਰੁ ਕਿਛੁ ਨਾਹੀ ॥ ਮਾਇਆ ਰੰਗ ਜੇਤੇ ਸੇ ਸੰਗਿ ਨ ਜਾਹੀ ॥ ਹਰਿ ਸੰਗਿ ਸਾਥੀ ਸਦਾ ਤੇਰੈ ਦਿਨਸੁ ਰੈਣਿ ਸਮਾਲੀਐ ॥ ਹਰਿ ਏਕ ਬਿਨੁ ਕਛੁ ਅਵਰੁ ਨਾਹੀ ਭਾਉ ਦੁਤੀਆ ਜਾਲੀਐ ॥ ਮੀਤੁ ਜੋਬਨੁ ਮਾਲੁ ਸਰਬਸੁ ਪ੍ਰਭੁ ਏਕੁ ਕਰਿ ਮਨ ਮਾਹੀ ॥ ਬਿਨਵੰਤਿ ਨਾਨਕੁ ਵਡਭਾਗਿ ਪਾਈਐ ਸੂਖਿ ਸਹਜਿ ਸਮਾਹੀ ॥੪॥੪॥੧੩॥

ਦੇਖ ! (ਇਹ ਜਗਤ) ਹਰ ਚੰਦਉਰੀ (ਵਾਂਙੂ ਝੂਠੀ ਨਗਰੀ) ਹੈ (ਇਸ ਵਿਚ) ਕੁਛ ਬੀ ਟਿਕਣੇ ਵਾਲਾ ਨਹੀਂ ਹੈ। ਮਾਇਆ ਦੇ ਜਿਤਨੇ ਨਜ਼ਾਰੇ ਹਨ ਓਹ ਨਾਲ ਨਹੀਂ ਜਾਂਦੇ। ਹਰੀ ਸਦਾ ਤੇਰੇ ਨਾਲ (ਤੇਰਾ) ਸੰਗੀ ਤੇ ਸਾਥੀ ਹੈ, (ਉਸਨੂੰ) ਦਿਨੇ ਰਾਤ ਯਾਦ ਕਰੀਏ। ਇਕ ਹਰੀ ਬਿਨਾ ਹੋਰ ਦੂਜਾ ਕੁਛ ਬੀ (ਪਾਏਦਾਰ) ਨਹੀਂ ਹੈ (ਇਸ ਕਰਕੇ) ਦੂਜਿਆਂ ਨਾਲ (ਪ੍ਰੇਮ) ਭਾਵਨਾ ਸਾੜ ਸੱਟੀਏ। ਇਕੋ ਪ੍ਰਭੂ ਨੂੰ ਮਿਤ੍ਰ, ਜੁਆਨੀ, ਮਾਲ ਤੇ ਸਰਬੰਸ ਕਰਕੇ ਮਨ ਵਿਚ ਮੰਨੀਏ। ਬਿਨੈ ਕਰਦੇ ਹਨ (ਗੁਰੂ) ਨਾਨਕ (ਦੇਵ ਜੀ ਉਹ ਪ੍ਰਭੂ) ਵਡੇ ਭਾਗਾਂ ਨਾਲ ਪਾਈਦਾ ਹੈ, (ਜੋ ਪਾ ਲਵੇ ਉਹ) ਸਹਜ ਸੁਖ ਵਿਚ ਸਮਾਏਗਾ॥ ੪॥ ੪॥ ੧੩॥

ਵਜਾਖਜਾ-ਇਸ ਛੰਤ ਵਿਚ ਮਾੜੇ ਕੰਮ ਕਰਨ ਵਾਲਿਆਂ ਪ੍ਰਤਿ ਉਪਦੇਸ਼ ਹੈ ਜੋ ਆਪਣੇ ਕੀਤੇ ਕਰਮਾਂ ਨੂੰ ਲੁਕਾਉਂਦੇ ਹਨ, ਦੱਸਿਆ ਹੈ ਕਿ ਓਹ ਹਰੀ ਤੋਂ ਨਹੀਂ ਲੁਕਦੇ, ਫੇਰ ਓਹ ਨਾਸ਼ ਬੀ ਨਹੀਂ ਹੁੰਦੇ, ਕਿਉਂਕਿ ਓਹ ਕਰਮ ਰੇਖਾ ਬਣਕੇ ਮੱਥੇ ਤੇ ਲਿਖੇ ਜਾਂਦੇ ਹਨ। ਇਸ ਦਾ ਭਾਵ ਇਹ ਬੀ ਹੈ ਕਿ ਦਿਮਾਗ਼ ਵਿਚ ਉਹਨਾਂ ਕੰਮਾਂ ਦੇ ਕਰਨੇ ਦੀ ਰੁਚੀ ਬਣ ਜਾਂਦੀ ਹੈ, ਜੋ ਸੁਭਾਵ ਦੀ ਸੂਰਤ ਫੜਕੇ ਉਹੋ ਕਰਮ ਬਾਰ ਬਾਰ ਕਰਵਾਉਂਦੀ ਹੈ। ਇਸ ਤਰ੍ਹਾਂ ਟਿੰਡਾਂ ਦੇ ਗੇੜ ਵਾਂਙੂ ਇਕ ਚੱਕ੍ਰ ਕਰਨੀ ਤੇ ਕਰਨੀ ਦੇ ਫਲ ਭੋਗਾਂ ਦਾ ਬਣ ਜਾਂਦਾ ਹੈ। ਇਹ ਦੱਸਕੇ ਨੇਕ ਕਰਮ ਕਰਨ ਤੇ ਨਾਮ ਸਿਮਰਨ ਦਾ ਉਪਦੇਸ਼ ਦਿੱਤਾ ਹੈ, ਫੇਰ ਇਸ ਦਾ ਫਲ ਦੱਸਿਆ ਕਿ ਕੀਤੇ ਪਾਪ ਮਿਟ ਜਾਣਗੇ ਤੇ ਨਾਲ ਫੇਰ ਇਹ ਨਾਮ ਜਾਏਗਾ।

ਅੰਕ ੨-ਵਿਚ ਛਲ ਵਲ ਦਗੇ ਕਰਨ ਦੀ ਨਿਸ਼ਫਲਤਾ ਦਿਖਾਈ ਕਿ ਜੋ ਕੁਛ ਦੇਣਾ ਹੈ ਪ੍ਰਭੂ ਅਧੀਨ ਹੈ, ਉਸ ਨੂੰ ਪਜਾਰ ਕਰ, ਉਹ ਜੋ ਤੇਰੇ ਲਈ ਠੀਕ ਸਮਝੇਗਾ ਤੈਨੂੰ ਦੇਣੋਂ ਸੰਕੋਚ ਨਹੀਂ ਕਰੇਗਾ, ਕਿਉਂਕਿ ਉਹ ਦਾਤਾ ਬੀ ਹੈ ਤੇ ਦਿਆਲੂ ਦਾਤਾ ਬੀ ਹੈ। ਇਹ ਕਹਿਕੇ ਸਤਿਸੰਗ ਤੇ ਨਾਮ ਵਲ ਪ੍ਰੇਰਿਆ ਹੈ। ਇਸ ਅੰਕ ਵਿਚ ਇਕ ਹੋਰ ਗਲ ਦੱਸੀ ਹੈ ਕਿ ਭਗਤ ਤਾਂ ਨਾਮ ਆਸਰੇ ਹੁੰਦੇ ਹਨ ਕਿ ਸਿਧ ਸਾਧਿਕ ਮੁਨੀ ਆਦਿ ਬੀ ਅਸਲ ਵਿਚ ਨਾਮ ਦੇ ਆਸਰੇ ਹੁੰਦੇ ਹਨ; ਸਿਧ-ਜੋਗੀਆਂ ਲਈ ਤਾਂ ਯੋਗ ਦਰਸ਼ਨ ਵਿਚ 'ਸ੍ਵਾਧਜਾਯ' ਸਾਫ ਲਿਖਿਆ ਹੈ। 'ਈਸ਼੍ਵਰ ਪ੍ਰਣਿਧਾਨ' ਬੀ ਲਿਖਿਆ ਹੈ। ਕਰਮ ਕਾਂਡੀ ਯਗ ਆਦਿ ਕਰਦੇ ਨਾਮ ਲੈ ਲੈ ਹੀ ਅਹੂਤੀਆਂ ਦੇਂਦੇ ਹਨ। ਸਫਲ ਗਜਾਨੀ ਬ੍ਰਿਤੀ ਵਿਚ ਬ੍ਰਹਮ ਅਰੂੜ ਰਖਦੇ ਮਾਨੋ ਸਿਮਰਨ ਹੀ ਕਰਦੇ ਹਨ। ਹੋਰ ਸਾਧਨਾਂ ਵਾਲੇ ਬੀ ਕਿਸੇ ਨਾ ਕਿਸੇ ਸ਼ਕਲ ਵਿਚ ਨਾਮ ਲੈਂਦੇ ਹਨ, ਚਾਹੋ ਮੁੱਖਤਾ ਆਪਣੇ ਸਾਧਨ ਨੂੰ ਦੇਂਦੇ ਹਨ। ਜਿਵੇਂ ਜਵੈਣ ਹੋਰ ਹੋਰ ਵਖੋ ਵਖ ਅਨੂਪਾਨਾਂ ਨਾਲ ਖਾਧੀ ਜਾਏ,

ਮੁੱਖਤਾ ਅਨੁਪਾਨ ਨੂੰ ਮਿਲ ਜਾਂਦੀ ਹੈ, ਪਰ ਅਸਲ ਵਿਚ ਅਸਰ ਕਰਨੇ ਵਾਲੀ ਰੋਗ ਨਾਸ਼ਕ ਔਖਧੀ ਵਿਚ ਜਵੈਣ ਹੀ ਹੁੰਦੀ ਹੈ। ਭਗਤੀ ਵਿਚ ਨਾਮ ਨੂੰ ਮੁੱਖਤਾ ਹੈ। ਸਿਧਾ ਰਾਹ ਹੈ।

ਅੰਕ ੩-ਫੇਰ ਨਜ਼ਰ ਇਸ ਗਲ ਵਲ ਦਿਵਾਈ ਕਿ ਪ੍ਰਭੂ ਤੇਰੇ ਖੋਟ ਪਛਾਣਦਾ ਹੈ, ਉਸ ਤੋਂ ਲੁਕਾ ਬ੍ਰਿਥਾ ਹੈ। ਓਹ ਜਨਮ ਮਰਨ ਦਾ ਦਾਤਾ ਹੈ ਸੋ ਉਸੇ ਪ੍ਰਭੂ ਦੀ ਆਰਾਧਨਾ ਕਰ ਤੇ ਕਾਮ ਕ੍ਰੋਧ ਆਦਿ ਤਜਾਗ ਦੇਹ। ਉਸੇ ਦੀ ਟੇਕ ਲੈ ਉਸੇ ਨੂੰ ਸਿਮਰਨ ਦੁਆਰਾ ਅੰਦਰ ਵਸਾ।

ਅੰਕ ੪ ਵਿਚ ਜਿਨ੍ਹਾਂ ਪਦਾਰਥਾਂ ਦੀ ਖ਼ਾਤਰ ਠੱਗੀਆਂ, ਖੋਟ, ਛਲ ਵਲ ਕਰਨੇ ਹਨ, ਉਹਨਾਂ ਦੀ ਅਸਾਰਤਾ ਦਿਖਾਈ ਹੈ ਤੇ ਪ੍ਰਭੂ ਨੂੰ ਪਜਾਰ ਕਰਨਾ ਸਿਖਾਇਆ ਹੈ, ਕਿ ਅਪਣੇ ਪਜਾਰ ਨੂੰ ਜੋ ਮਿਤ੍ਰਾਂ ਉਤੇ, ਅਪਣੇ ਸਰੀਰ ਉਤੇ, ਅਪਣੇ ਮਾਲ ਧਨ ਉਤੇ ਲਗ ਰਿਹਾ ਹੈ, ਸਾਈਂ ਤੇ ਲਾਓ, ਉਸ ਅਵਿਨਾਸ਼ ਨੂੰ ਅਪਣਾ ਸਭ ਕੁਛ ਸਮਝੋ, ਤਾਂ ਜੋ ਸਹਜ ਸੁਖ ਵਿਚ ਪਹੁੰਚ ਪਵੋ। ਉਹ ਸੁਖ ਜੋ ਆਤਮਾਂ ਨੂੰ ਅਪਣੇ ਸਰੂਪ ਵਿਚ ਪਰਮਾਤਮਾ ਨਾਲ ਮਿਲਿਆ ਅਨੁਭਵ ਕਰਕੇ ਸੁਤੇ ਸਿਧ ਸੁਭਾਵਕ ਹੀ ਹੁੰਦਾ ਹੈ, ਸਰੂਪ ਪ੍ਰਾਪਤੀ ਦੀ ਆਨੰਦ ਸਰੂਪਤਾ।

ਨਿਰੁਕ੍ਤ-ਮਾਥੈ-ਮੱਥੇ ਉਤੇ। ਕਰਮ ਰੇਖਾ ਹੋਕੇ ਅਤੇ ਦਿਮਾਗ਼ ਵਿਚ ਸੁਭਾਵ ਰੂਪ ਹੋਕੇ। ਵਜਾਖਜਾ ਵਿਚ ਵੇਰਵਾ ਆ ਚੁਕਾ ਹੈ।　　ਸੁਕ੍ਰਿਤੁ- [ਸੰਸ:, ਸੁਕ੍ਰਿਤੰ] ਨੇਕ ਕਰਨੀ। ਨੇਕੀ। ਭਲਿਆਈ। ਸ਼ੁਭ ਕਰਮ।　　ਕਮਾਤੇ-ਕਮਾਏ ਹੋਏ।

ਵਲਵੰਚ-[ਵਲ=ਵਲਾਉ। ਵਲ+ਵੰਚ=ਛਲ] ਵਲ ਛਲ ਯਾ ਛਲ ਵਲ।

(ਅ) ਵਲ ਵੰਚ ਦਾ ਅਰਥ 'ਛਲ ਨਾਲ ਛਲਨਾ'='ਠਗੀ ਯਾ ਡਕੈਤੀ' ਬੀ ਕਰਦੇ ਹਨ।

ਉਦਰੁ-ਪੇਟ।　　ਨਿਸੰਗੇ-ਨਿਸ਼ੰਕ। ਸੰਗ ਲਾਹਕੇ। ਕਿਸੇ ਦੇ ਭੈ ਡਰ ਲਿਹਾਜ਼ ਆਦਿ ਕਰਕੇ ਭਜਨ ਕਰਨੋਂ ਨਾ ਰੁਕੀਏ।　　ਸਿਧ-ਸਿਰੇ ਚੜ੍ਹਿਆ ਜੋਗੀ।

ਸਾਧਿਕ-ਜੋ ਸਾਧਨਾ ਕਰ ਰਹੇ ਹਨ।　　ਖੋਟੁ-ਕਿਸੇ ਸ਼ੈ ਵਿਚ ਕੁਛ ਹੋਰ ਘਟੀਆ ਸ਼ੈ ਰਲਾਉਣਾ।

ਅਨਿੰਦ-ਜੋ ਨਿੰਦਿਆ ਨਾ ਹੋਵੇ, ਉਸਤਤ। 'ਉਸਤਤ ਨਿੰਦਿਆ' ਦਾ ਫਿਕਰਾ ਦ੍ਵੰਦ ਹੋਕੇ ਵਰਤੀਂਦਾ ਹੈ ਇਸ ਕਰਕੇ ਦਾਨੇ ਇਸ ਦਾ ਭਾਵ ਉਸਤਤ ਲੈਂਦੇ ਆਏ ਹਨ। (ਅ) ਪਰ ਕਈ ਦਾਨੇ ਇਸ ਦਾ ਅਰਥ 'ਨਾ ਨਿੰਦੇ ਜਾਣ ਜੋਗ' ਬੀ ਕਰਦੇ ਹਨ।　　ਹਰਿ ਚੰਦਉਰੜੀ-ਦੇਖੋ ਪਿਛੇ ਪੰਨਾ ੨੮੨੧ ਪਰ ਛੰਤ ੩੨ ਦੀ ਵਜਾਖਜਾ।

ਭਾਉ ਦੁਤੀਆ-ਦੂਜਾ ਪ੍ਰੇਮ। ਸਾਈਂ ਤੋਂ ਛੁਟ ਹੋਰਨਾਂ ਵਿਚ ਪ੍ਰੇਮ ਭਾਵਨਾ।

[ਆਸਾ ਮਹਲਾ ੫, ਛੰਤ, ੧੪-੩੫]

ਆਸਾ ਮਹਲਾ ੫ ਛੰਤ ਘਰੁ ੮ ੴ ਸਤਿਗੁਰ ਪ੍ਰਸਾਦਿ ॥

ਪ੍ਰਾਕ੍ਕਥਨ-ਮਾਇਆ ਦੀ ਪ੍ਰਬਲਤਾ, ਮਾਯਕ ਜੀਵਨ ਦੀ ਅੰਧਕਾਰਤਾ ਅਤਿ ਅਨੂਪਮ ਢੰਗ ਤੇ ਵਰਣਨ ਕੀਤੀ ਹੈ ਤੇ ਫੇਰ ਵਾਹਿਗੁਰੂ ਪ੍ਰੇਮ ਦੇ ਦ੍ਰਿਸ਼ਟਾਂਤ ਨਾਲ ਨਕਸ਼ੇ ਖਿੱਚੇ ਤੇ ਪ੍ਰਭੂ ਸਮੀਪਤਾ ਲਈ ਅਰਦਾਸਾਂ ਕੀਤੀਆਂ ਹਨ।

ਸੂਚਨਾ-ਅਗੇ ਕੁਝ ਤੁਕਾਂ ਦੇ ਇਕ ਖਾਨੇ ਵਿਚ ਹੇਠਾਂ ਪਹਿਲੇ ਦੋ ਵਾਕਾਂ ਨੂੰ ਵੀਪਸਾ ਅਲੰਕਾਰ

ਸਮਝਕੇ ਅਰਥ ਕੀਤੇ ਹਨ ਤੇ ਦੂਜੇ ਖਾਨੇ ਵਿਚ ਇਨ੍ਹਾਂ ਦੇ ਪਹਿਲੇ ਵਾਕਾਂ ਨੂੰ 'ਯਮਕਾ ਅਲੰਕਾਰ' ਦੁਆਰੇ ਖੋਹਲਿਆ ਹੈ। ਬਾਕੀ ਤੁਕਾਂ ਦੇ ਅਰਥ ਇਕ ਇਕ ਰਖੇ ਹਨ।

ਮੂਲ	ਅਰਥ	
ਕਮਲਾ ਭ੍ਰਮ ਭੀਤਿ ਕਮਲਾ ਭ੍ਰਮ ਭੀਤਿ ਹੇ ਤੀਖਣ ਮਦ ਬਿਪਰੀਤਿ ਹੇ ਅਵਧ ਅਕਾਰਥ ਜਾਤ ॥	ਮਾਇਆ ਭਰਮ ਦੀ ਕੰਧ (ਹੈ, ਹਾਂ) ਮਾਇਆ ਭਰਮ ਦੀ ਕੰਧ ਹੈ, (ਇਹ ਮਾਇਆ) ਤ੍ਰਿਖਾ ਨਸ਼ਾ ਹੈ (ਜੋ ਮਤਿ ਨੂੰ) ਉਲਟਿਆਂ ਕਰ ਦੇਂਦਾ ਹੈ, (ਐਉਂ) ਉਮਰਾ ਬਿਰਥਾ ਚਲੀ ਜਾ ਰਹੀ ਹੈ।	ਮਾਯਾ ਦੇ ਭਰਮ ਰੂਪੀ ਉਹਲੇ* (ਹੇਠ ਆਕੇ ਜੀਵ) ਕਮਲਾ (=ਪਾਗਲ) ਹੋਇਆ ਭਰਮ ਤੇ ਭੈ ਵਿਚ ਹੈ, (ਮਾਨੋ) ਤ੍ਰਿੱਖੇ ਨਸ਼ੇ ਵਿਚ ਪੁਠੀ (ਮਤਿ) ਵਾਲਾ ਹੋ ਗਿਆ ਹੈ ਤੇ ਉਮਰਾ ਬ੍ਰਿਥਾ ਬੀਤ ਰਹੀ ਹੈ।
ਗਹਬਰ ਬਨ ਘੋਰ ਗਹਬਰ ਬਨ ਘੋਰ ਹੇ ਗ੍ਰਿਹ ਮੂਸਤ ਮਨ ਚੋਰ ਹੇ ਦਿਨਕਰੋ ਅਨਦਿਨੁ ਖਾਤ ॥	(ਇਹ ਸੰਸਾਰ) ਸੰਘਣਾ ਤੇ ਡਰਾਉਣਾ ਜੰਗਲ, (ਹਾਂ) ਸੰਘਣਾ ਤੇ ਡਰਾਉਣਾਂ ਬਨ ਹੈ, (ਇਸ ਵਿਚ ਜੀਵ ਦਾ) ਘਰ ਹੈ (ਜਿਸ ਨੂੰ) ਮਨ ਦੇ ਚੋਰ (ਕਾਮਾਦਿ) ਚੁਰਾ ਰਹੇ ਹਨ ਤੇ ਸੂਰਜ (ਜੀਵ ਦੀ) ਉਮਰਾ ਨੂੰ ਦਿਨੋ ਦਿਨ ਖਾਈ ਜਾਂਦਾ ਹੈ।	(ਇਹ ਸੰਸਾਰ) ਸੰਘਣੇ ਤੇ ਡਰਾਉਣੇ ਬਨ (ਸਮਾਨ ਹੈ, ਇਸ ਵਿਚ ਵਸਦਾ ਜੀਵ ਘੋਰ=) ਬੜਾ (ਗਹਬਰ=)ਛਲੀਆ ਬਣ ਰਿਹਾ ਹੈ†, ਮਨ ਦੇ ਚੋਰ (ਕਾਮ ਕ੍ਰੋਧ ਆਦਿ ਇਸ) ਦੇ ਘਰ ਨੂੰ ਚੁਰਾ ਰਹੇ ਹਨ (ਉਪਰੋਂ) ਸੂਰਜ ਹਰ ਦਿਨ (ਇਸ ਦੀ ਉਮਰਾ ਨੂੰ)ਖਾ ਰਿਹਾ ਹੈ ‡ ।
ਦਿਨ ਖਾਤ ਜਾਤ ਬਿਹਾਤ ਪ੍ਰਭ ਬਿਨੁ ਮਿਲਹੁ ਪ੍ਰਭ ਕਰੁਣਾ ਪਤੇ ॥ ਜਨਮ ਮਰਣ ਅਨੇਕ ਬੀਤੇ ਪ੍ਰਿਅ ਸੰਗ ਬਿਨੁ ਕਛੁ ਨਹ ਗਤੇ ॥ ਕੁਲ ਰੂਪ ਧੂਪ ਗਿਆਨ ਹੀਨੀ ਤੁਝ ਬਿਨਾ ਮੋਹਿ ਕਵਨ ਮਾਤ ॥ ਕਰ ਜੋੜਿ ਨਾਨਕੁ ਸਰਣਿ ਆਇਓ ਪ੍ਰਿਅ ਨਾਥ ਨਰਹਰ ਕਰਹੁ ਗਾਤ ॥੧॥	(ਹਾਂ) ਦਿਨ (ਉਮਰਾ ਨੂੰ) ਖਾਈ ਜਾਂਦੇ ਹਨ। (ਹਾਂ, ਇਉਂ ਦਿਨ) ਪ੍ਰਭੂ ਨੂੰ (ਮਿਲੇ) ਬਿਨਾਂ ਬੀਤਦੇ ਜਾਂਦੇ ਹਨ। ਹੇ ਮੇਹਰਾਂ ਦੇ ਸਾਈਂ (ਪ੍ਰਭੂ ਜੀ ਆਪੇ) ਮਿਲ ਪਓ। ਅਨੇਕਾਂ ਜਨਮ ਮਰਨ ਬੀਤ ਚੁਕੇ ਹਨ, (ਜੋ) ਪਿਆਰੇ (ਪ੍ਰਭੂ) ਦੇ ਸੰਗ (ਹੋਏ) ਬਿਨਾਂ ਬੀਤੇ ਹਨ (ਇਸ ਕਰਕੇ) ਗਤੀ ਨਹੀਂ ਹੋਈ। (ਮੈਂ) ਕੁਲੀਨ ਨਹੀਂ ਹਾਂ, ਰੂਪਵੰਤ ਨਹੀਂ ਹਾਂ, ਸੁਭਾਇਮਾਨਤਾ ਵਾਲੀ ਨਹੀਂ ਹਾਂ ਗਿਆਨ ਤੋਂ ਸੱਖਣੀ ਹਾਂ; ਤੇਰੇ ਬਿਨਾ ਮੈਨੂੰ ਕੌਣ (ਅਪਣੇ ਪਾਸ) ਸਮਾਈ ਦੇ ਸਕਦਾ ਹੈ। ਹੱਥ ਜੋੜਕੇ ਨਾਨਕ ਸ਼ਰਣੀ ਆਇਆ ਹੈ ਕਿ ਹੇ ਪਜਾਰੇ ਸੁਆਮੀ ! ਹੇ ਪ੍ਰਭੂ ! (ਮੇਰੀ) ਗਤੀ ਕਰੋ॥ ੧॥	
ਮੀਨਾ ਜਲਹੀਨ ਮੀਨਾ ਜਲਹੀਨ ਹੇ ਓਹੁ ਬਿਛੁਰਤ ਮਨ ਤਨ ਖੀਨ ਹੇ ਕਤ ਜੀਵਨੁ ਪ੍ਰਿਅ ਬਿਨੁ	(ਜੈਸੇ) ਮੱਛੀ ਜਲ ਤੋਂ ਬਿਨਾ (ਹਾਂ) ਮੱਛੀ (ਜਿਵੇਂ) ਜਲ ਤੋਂ ਬਿਨਾ ਹੋਵੇ ਉਹ (ਜਲ ਤੋਂ) ਵਿਛੁੜਦਿਆਂ ਹੀ ਮਨ ਤਨ ਕਰਕੇ ਦੁਖਾਤੁਰ ਹੋ ਜਾਂਦੀ ਹੈ (ਤਿਵੇਂ ਮੇਰਾ) ਜੀਵਨ ਪਿਆਰੇ	(ਜਿਵੇਂ) ਮੱਛੀ ਜਲ ਬਿਨਾਂ ਮਰ ਜਾਂਦੀ ਹੈ (ਤਿਵੇਂ ਮੈਂ ਮਿਲਾਪ ਰੂਪੀ) ਜਲ ਬਿਨਾ (ਨਿਸਚੇ ਮਰ ਜਾਂਦਾ ਹਾਂ)। ਮੀਨਾ=[ਸੰਸ:,ਮੀਨ]ਮੱਛੀ। ਮੀ+ਨਾ=

* ਕੰਧ=ਓਹਲਾ। † ਗਹਵਰ= [ਸੰਸ:, ਗਹ੍ਵਰੰ] ਕੰਦਰਾ, ਜੰਗਲ, ਛਲ, ਰੋਣਾ ਆਦਿ। ਇਸ ਤੁਕ ਵਿਚ ਅਰਥ ਛਲੀਆ ਲਗਦਾ ਹੈ ਤੇ ਅਗਜਾਨੀ ਬੀ ਲਾ ਲੈਂਦੇ ਹਨ।

‡ (ਅ) ਇਸ ਸਤਰ ਦਾ ਅਰਥ 'ਯਮਕ' ਅਨੁਸਾਰ ਐਉਂ ਬੀ ਲੱਗਦਾ ਹੈ:-ਇਹ ਸੰਸਾਰ ਸੰਘਣੇ ਡਰਾਉਣੇ ਬਨ ਸਮਾਨ ਹੈ, (ਇਸ ਵਿਚ ਜੀਵਨ ਨੂੰ ਗਹ=) ਫੜ ਲਿਆ ਹੈ (ਘੋਰ=) ਡਰਾਉਣੀ (ਬਰਬਨੀ)=ਵਰਖਾ ਨੇ (ਭਾਵ ਪਦਾਰਥਾਂ ਰੂਪੀ ਵਰਖਾ ਨੇ। ਉਧਰ ਇਸ ਦੇ) ਘਰ ਨੂੰ ਲੁਟੀ ਜਾਂਦੇ ਹਨ (ਕਾਮਾਦਿ) ਮਨ ਦੇ ਚੋਰ, ਤੇ ਉਪਰੋਂ ਸੂਰਜ (ਇਸ ਦੀ ਉਮਰਾ ਨੂੰ) ਘਟਾਈ ਜਾਂਦਾ ਹੈ।

ਹੋਤ ॥

ਬਿਨਾ ਕਕਿੱ ਰਹਿ ਸਕਦਾ ਹੈ?

[ਸੰਸ:, ਮੀ=ਮੀਯਤੇ]ਮਰ ਜਾਂਦਾ ਹਾਂ । ਨਾ=ਨਿਸਚੇ।

ਸਨਮੁਖ ਸਹਿ ਬਾਨ ਸਨਮੁਖ ਸਹਿ ਬਾਨ ਹੇ ਮ੍ਰਿਗ ਅਰਪੇ ਮਨ ਤਨ ਪ੍ਰਾਨ ਹੇ ਓਹੁ ਬੇਧਿਓ ਸਹਜ ਸਰੋਤ ॥

(ਜਿਵੇਂ) ਸਨਮੁਖ ਹੋਕੇ ਸਹਿੰਦਾ ਹੈ ਤੀਰ (ਹਾਂ ਜਿਵੇਂ) ਸਾਹਮਣੇ ਖੜੋਕੇ ਤੀਰ ਸਹਾਰਦਾ ਹੈ ਮ੍ਰਿਗ ਤੇ ਅਰਪ ਦੇਂਦਾ ਹੈ ਮਨ ਤਨ ਪ੍ਰਾਨ, (ਕਿਉਂਕਿ) ਉਹ (ਘੰਡੇ ਹੇੜੇ ਦੀ) ਅਵਾਜ਼ ਦੇ ਸਹਜ (=ਅਨੰਦ) ਨਾਲ ਵਿੰਨ੍ਹਿਆ ਹੋਇਆ (=ਮਸਤ ਹੋਇਆ) ਹੁੰਦਾ ਹੈ। (ਤਿਵੇਂ ਮੈਨੂੰ ਬੀ)

(ਮ੍ਰਿਗ) ਸਨਮੁਖ ਹੋਕੇ ਤੀਰ ਸਹਾਰਦਾ ਹੈ (ਦੇਖੋ) ਸਾਹਮਣੇ (ਖੜੇ ਸ਼ਿਕਾਰੀ ਦ ਤੀਰ ਨੂੰ ਦੇਖਦਾ ਹੋਇਆ.ਭੁੱਲ ਜਾਂਦਾ ਹੈ*ਆਪਣੀ ਸਰੀਰਕ ਵਾਦੀ ਤ੍ਰਬਕਣ ਦੀ ਤੇ ਮਨ ਤਨ ਪ੍ਰਾਨ ਅਰਪ ਦੇਂਦਾ ਹੈ (ਕਿਉਂਕਿ) ਵਿੰਨ੍ਹਿਆ ਹੋਇਆ ਹੁੰਦਾ ਹੈ ਆਵਾਜ਼ ਤੇ ਆਨੰਦ ਦਾ

ਪ੍ਰਿਅ ਪ੍ਰੀਤਿ ਲਾਗੀ ਮਿਲੁ ਬੈਰਾਗੀ ਖਿਨੁ ਰਹਨੁ ਧ੍ਰਿਗ ਤਨੁ ਤਿਸੁ ਬਿਨਾ ॥

ਪਿਆਰੇ ਦੀ ਪ੍ਰੀਤ ਲਗ ਪਈ ਹੈ (ਐਸੀ ਕਿ ਮੇਰਾ) ਸਰੀਰ ਉਸ ਬਿਨਾ ਖਿਨ ਪਲ ਰਹਿ ਸਕਣਾ (ਮਾਨੋਂ) ਧ੍ਰਿਗ (ਜੀਵਨ) ਲਗਦਾ ਹੈ। (ਹੇ ਪ੍ਰਭੂ ਮੈਂ) ਵੈਰਾਗਵਾਨ † ਨੂੰ ਮਿਲ ਪਓ।

ਪਲਕਾ ਨ ਲਾਗੈ ਪ੍ਰਿਅ ਪ੍ਰੇਮ ਪਾਗੈ ਚਿਤਵੰਤਿ ਅਨਦਿਨੁ ਪ੍ਰਭ ਮਨਾ ॥ ਸ੍ਰੀਰੰਗ ਰਾਤੇ ਨਾਮ ਮਾਤੇ ਭੈ ਭਰਮ ਦੁਤੀਆ ਸਗਲ ਖੋਤ ॥ ਕਰਿ ਮਇਆ ਦਇਆ ਦਇਆਲ ਪੂਰਨ ਹਰਿ ਪ੍ਰੇਮ ਨਾਨਕ ਮਗਨ ਹੋਤ ॥੨॥

ਹੇ ਪਿਆਰੇ ਪ੍ਰਭੂ ! (ਤੈਨੂੰ) ਸਦਾ ਮਨ ਵਿਚ ਯਾਦ ਕਰਦਿਆਂ (ਮੇਰੀਆਂ) ਪਲਕਾਂ (ਝਿੰਮਣੀਆਂ) ਪ੍ਰੇਮ (ਅੰਝੂਆਂ) ਨਾਲ ਭਿੱਜੀਆਂ ਲਗਦੀਆਂ ਨਹੀਂ (ਭਾਵ ਨੀਂਦ ਨਹੀਂ ਪੈਂਦੀ) ‡। (ਪਰ) ਸ੍ਰੀ ਰੰਗ (ਭਾਵ ਪ੍ਰਭੂ) ਵਿਚ ਰੱਤੇ ਰਿਹਾਂ, (ਉਸ ਦੇ) ਨਾਮ ਵਿਚ ਮੱਤੇ ਰਿਹਾਂ, ਭੈ, ਭਰਮ ਤੇ ਦੁਐਤ ਸਾਰਾ ਨਾਸ਼ ਹੋ ਰਿਹਾ ਹੈ। ਹੇ ਪੂਰਨ ਦਿਆਲ ਹਰੀ ! ਦਇਆ ਕਰ, ਮੇਹਰ ਕਰ ਨਾਨਕ (ਤੇਰੇ) ਪ੍ਰੇਮ ਵਿਚ ਮਗਨ ਹੋਇਆ ਰਹੇ॥ ੨॥

ਅਲੀਅਲ ਗੁੰਜਾਤ ਅਲੀਅਲ ਗੁੰਜਾਤ ਹੇ ਮਕਰੰਦ ਰਸ ਬਾਸਨ ਮਾਤ ਹੇ ਪ੍ਰੀਤਿ ਕਮਲ ਬੰਧਾਵਤ ਆਪ ॥ ਚਾਤ੍ਰਿਕ ਚਿਤ ਪਿਆਸ ਚਾਤ੍ਰਿਕ ਚਿਤ ਪਿਆਸ ਹੇ ਘਨ ਬੂੰਦ ਬਚਿਤ੍ਰਿ ਮਨਿ ਆਸ ਹੇ ਅਲ

ਭੌਰੇ ਗੁੰਜਾਰ ਕਰ ਰਹੇ (ਹਾਂ) ਮਕਰੰਦ ਰਸ (ਪ੍ਰਾਗ) ਵਾਸ਼ਨਾ ਤੇ ਮਸਤ ਹੋਏ ਹੋਏ ਭੌਰੇ ਗੁੰਜਾਰ ਕਰ ਰਹੇ ਹਨ, ਤੇ ਕਮਲ ਦੀ ਪ੍ਰੀਤੀ ਕਰਕੇ (ਅਪਣੇ ਆਪ ਨੂੰ ਕਮਲ ਵਿਚ ਹੀ) ਬਨ੍ਹਾ ਲੈਂਦੇ ਹਨ।ਚਾਤ੍ਰਿਕ§ਦੇ ਚਿਤ ਦੀ ਤ੍ਰੇਹ (ਹਾਂ) ਚਾਤ੍ਰਿਕ ਦੇ ਚਿਤ ਦੀ (ਜੋ) ਤ੍ਰੇਹ ਹੈ (ਹਾਂ, ਜਿਸ ਦੇ) ਮਨ ਵਿਚ ਬੱਦਲਾਂ ਦੀ ਵਚਿਤ੍ਰ ਬੂੰਦ (ਭਾਵ ਸ੍ਵਾਂਤੀ ਬੂੰਦ) ਲਈ ਆਸਾ ਲਗੀ ਹੁੰਦੀ ਹੈ (ਉਸ ਦੇ) ਪੀਂਦੇ ਸਾਰ (ਉਸ ਦੀ) ਤਪਸ਼ ਪੂਰੀ ਪੂਰੀ ()ਦੂਰਹੋ ਜਾਂਦੀ ਹੈ[ ]

---

*ਸਹਵ=ਭੁੱਲ। ਸਹਵ=ਅਰਬੀ ਪਦ ਹੈ, ਆਪਣੀਆਂ ਸਰੀਰਕ ਆਦਤਾਂ ਨੂੰ ਭੁੱਲ ਜਾਂਦਾ ਹੈ। ਅਰਬੀ, ਸਹਵ=ਭੁੱਲ। ਸਹਵਾਨ=ਭੁੱਲ ਜਾਣ ਵਾਲਾ ਹੋ ਜਾਂਦਾ ਹੈ। ਇਹ ਅਰਥ ਹਨ ਸੂਫੀਆਂ ਵਿਚ ਇਸ ਦੇ। ਇਥੇ ਹਰਨ ਆਪਣੀ ਡਰਾਕੁਲ ਵਾਦੀ ਨੂੰ ਭੁੱਲ ਜਾਂਦਾ ਹੈ।

†ਤੂੰ ਜੋ ਬੈਰਾਗੀ ਹੈਂ, ਭਾਵ ਜੋ ਰਾਗ ਰਹਿਤ ਹੈਂ, ਭਾਵ ਤੀਨ ਲੋਕ ਤੋਂ ਅਲੇਪ ਨਿਆਰਾ ਹੈਂ।

‡ਪਿਆਰੇ ਦੇ ਪ੍ਰੇਮ ਵਿਚ ਪਾਗਿਆਂ=ਮਗਨ ਰਹਿੰਦਿਆਂ) ਹਰ ਦਿਨ ਪ੍ਰਭੂ ਨੂੰ ਮਨ ਵਿਚ ਯਾਦ ਕਰਦਿਆਂ ਝਿੰਮਣੀਆਂ ਨਹੀ ਜੁੜਦੀਆਂ (ਭਾਵ ਨੀਂਦ ਨਹੀਂ ਪੈਂਦੀ)।

§ਚਾਤ੍ਰਿਕ ਪਦ ਦਾ ਮੂਲ 'ਚਾਤਕ' ਹੈ ਜੋ ਨਾਮ ਹੈ ਪਪੀਹੇ ਦਾ। ਚਾਤਕ ਦਾ ਧਾਤੂ ਹੈ ਚਤ੍ਰ। 'ਚਤ੍ਰ' ਦਾ ਅਰਥ ਹੈ ਮੰਗਣਾ। ਸੋ ਚਾਤ੍ਰਿਕ ਦਾ ਯਮਕ ਅਰਥ ਏਥੇ ਲਗਦਾ ਹੈ-ਯਾਚਕ, ਮੰਗਤਾ।

()ਅਲ=ਸਾਰੀ, ਸੰਪੂਰਨ, ਪੂਰੀ ਪੂਰੀ।

[ ] (ਅ) (ਅਲੀ=) ਹੇ ਸਖੀ (ਅਲ=) ਭੌਰੇ ਗੁੰਜਾਰ ਕਰਦੇ ਹਨ। (ਹਾਂ, ਅਲੀ=) ਭੌਰੀਆਂ (ਤੇ ਅਲ) ਭੌਰੇ ਗੁੰਜਾਰ ਕਰਦੇ ਹਨ, ਚਾਤ੍ਰਿਕ ਦੇ ਚਿਤ ਦੀ ਪਿਆਸ (ਜੋ ਹੈ, ਉਹੀ ਇਸ) ਯਾਚਕ ਦੀ ਪਿਆਸ ਹੈ (ਬਾਕੀ ਅਰਥ ਉਹੋ ਹੀ)।

ਪੀਵਤ ਬਿਨਸਤ ਤਾਪ ॥ ਤਾਪਾ ਬਿਨਾਸਨ ਦੂਖ ਨਾਸਨ ਮਿਲੁ ਪ੍ਰੇਮੁ ਮਨਿ ਤਨਿ ਅਤਿ ਘਨਾ॥ਸੁੰਦਰੁ ਚਤੁਰੁ ਸੁਜਾਨ ਸੁਆਮੀ ਕਵਨ ਰਸਨਾ ਗੁਣ ਭਨਾ ॥ ਗਹਿ ਭੁਜਾ ਲੇਵਹੁ ਨਾਮੁ ਦੇਵਹੁ ਦ੍ਰਿਸਟਿ ਧਾਰਤ ਮਿਟਤ ਪਾਪ॥ ਨਾਨਕੁ ਜੰਪੈ ਪਤਿਤ ਪਾਵਨ ਹਰਿ ਦਰਸੁ ਪੇਖਤ ਨਹ ਸੰਤਾਪ ॥੩॥

(ਤਿਵੇਂ) ਹੇ ਤਾਪ ਦੂਰ ਕਰਨ ਵਾਲੇ ! ਹੇ ਦੁਖਾਂ ਦੇ ਨਾਸ਼ ਕਰਨ ਵਾਲੇ ! (ਤੇਰਾ) ਪ੍ਰੇਮ ਮੇਰੇ ਮਨ ਤਨ ਵਿਚ ਅਤਿ ਦਾ ਬਹੁਤਾ ਹੈ (ਇਸ ਲਈ ਮੈਨੂੰ) ਮਿਲ ਪਓ। ਹੇ ਮਾਲਕ ! ਤੁਸੀਂ ਸੁੰਦਰ ਹੋ, ਚਤੁਰ ਹੋ, ਸੁਜਾਨ ਹੋ, ਤੁਸਾਡੇ ਗੁਣ ਕਿਸ ਰਸਨਾ ਨਾਲ (ਮੈਂ) ਵਰਣਨ ਕਰਾਂ? (ਹੇ ਮਾਲਕ ਜੀ ! ਮੇਰੀ) ਬਾਂਹ ਫੜ ਲਵੋ (ਅਪਣਾ) ਨਾਮ ਦੇਵੋ, (ਆਪ ਦੀ ਤਾਂ) ਨਜ਼ਰ ਪੈਂਦਿਆਂ ਹੀ ਪਾਪ ਮਿਟ ਜਾਂਦੇ ਹਨ। ਨਾਨਕ ਆਖਦਾ ਹੈ ਹੇ ਹਰੀ ਤੁਸੀਂ ਪਤਿਤਾਂ ਨੂੰ ਪਾਵਨ ਕਰ ਲੈਣ ਵਾਲੇ ਹੋ (ਤੁਸਾਡਾ ਤਾਂ) ਦਰਸ਼ਨ ਦੇਖਦਿਆਂ ਹੀ ਸੰਤਾਪ (ਕੋਈ) ਨਹੀਂ ਰਹਿੰਦੇ ॥ ੩ ॥

ਚਿਤਵਉ ਚਿਤ ਨਾਥ ਚਿਤਵਉ ਚਿਤ ਨਾਥ ਹੇ ਰਖਿ ਲੇਵਹੁ ਸਰਣਿ ਅਨਾਥ ਹੇ ਮਿਲੁ ਚਾਉ ਚਾਈਲੇ ਪ੍ਰਾਨ ॥ ਸੁੰਦਰ ਤਨ ਧਿਆਨ ਸੁੰਦਰ ਤਨ ਧਿਆਨ ਹੇ ਮਨੁ ਲੁਬਧ ਗੋਪਾਲ ਗਿਆਨ ਹੇ ਜਾਚਿਕ ਜਨ ਰਾਖਤ ਮਾਨ ॥ ਪ੍ਰਭ ਮਾਨ ਪੂਰਨ ਦੁਖ ਬਿਦੀਰਨ ਸਗਲ ਇਛ ਪੁਜੰਤੀਆ ॥ ਹਰਿ ਕੰਠਿ ਲਾਗੇ ਦਿਨ ਸਭਾਗੇ ਮਿਲਿ ਨਾਹ ਸੇਜ ਸੋਹੰਤੀਆ ॥ ਪ੍ਰਭ ਦ੍ਰਿਸਟਿ ਧਾਰੀ ਮਿਲੇ ਮੁਰਾਰੀ ਸਗਲ ਕਲਮਲ ਭਏ ਹਾਨ ॥ ਬਿਨਵੰਤਿ ਨਾਨਕ ਮੇਰੀ ਆਸ ਪੂਰਨ ਮਿਲੇ ਸ੍ਰੀਧਰ ਗੁਣ ਨਿਧਾਨ ॥੪॥੧॥੧੪॥

ਹੇ ਨਾਥ ! ਤੈਨੂੰ ਚਿਤ ਕਰਕੇ ਯਾਦ ਕਰ ਰਿਹਾਂ ਹਾਂ। ਹੇ ਨਾਥ ਚਿਤ ਕਰਕੇ (ਤੈਨੂੰ) ਯਾਦ ਕਰ ਰਿਹਾ ਹਾਂ। (ਮੈਂ) ਅਨਾਥ ਨੂੰ ਅਪਣੀ ਸ਼ਰਣ ਵਿਚ ਰਖ ਲਓ* ਤੇ ਮਿਲ ਪਓ (ਆਪ ਦੇ ਮਿਲਣ ਲਈ ਮੇਰੇ) ਪ੍ਰਾਣਾਂ ਵਿਚ ਉਤਸ਼ਾਹ ਭਰਿਆ ਚਾਉ ਹੈ। (ਤੇਰੇ) ਤਨ (=ਸਰੂਪ) ਦਾ ਧਿਆਨ ਸੁੰਦਰ ਹੈ, (ਹਾਂ) ਸੁੰਦਰ ਹੈ ਤੇਰੇ ਸਰੂਪ ਦਾ ਧਿਆਨ †, (ਮੇਰਾ) ਮਨ, ਹੇ ਗੋਪਾਲ ! (ਹੁਣ) ਤੇਰੇ ਗਿਆਨ ਦਾ ਲੋਭਾਇਮਾਨ ਹੋ ਰਿਹਾ ਹੈ (ਤੁਸੀਂ) ਮੰਗਤੇ ਦਾਸਾਂ ਦਾ ਮਾਣ (ਸਦਾ) ਰਖਦੇ ਹੋ। ਹੇ ਪ੍ਰਭੂ (ਤੁਸੀਂ ਦਾਸਾਂ ਦਾ) ਮਾਨ ਪੂਰਾ ਕਰਨ ਵਾਲੇ ਹੋ, ਦੁਖਾਂ ਦਾ ਨਾਸ਼ ਕਰਨ ਵਾਲੇ ਹੋ, (ਤੁਸਾਂ ਦੇ ਲੜ ਲੱਗਿਆਂ) ਸਾਰੀਆਂ ਆਸਾਂ ਪੂਰਨ ਹੋ ਰਹੀਆਂ ਹਨ। (ਹੁਣ) ਭਾਗਾਂ ਵਾਲੇ ਦਿਨ ਆ ਗਏ ਹਨ, ਹਰੀ ਦੇ ਗਲੇ ਲਗ ਗਏ ਹਾਂ, ਪਤੀ ਨੂੰ ਮਿਲਕੇ ਸੇਜਾ ਸੁਹਣੀ ਹੋ ਗਈ ਹੈ। (ਹਾਂ) ਪ੍ਰਭੂ ਨੇ ਮੇਹਰ ਨਜ਼ਰ ਕੀਤੀ ਹੈ, (ਹਾਂ) ਪ੍ਰਭੂ ਜੀ ਆਪੇ ਮਿਲ ਪਏ ਹਨ, ਸਾਰੇ ਪਾਪ ਨਸ਼ਟ ਹੋ ਗਏ ਹਨ। ਬੇਨਤੀ ਕਰਦੇ ਹਨ (ਗੁਰੂ) ਨਾਨਕ (ਦੇਵ ਜੀ) ਮੇਰੀ ਆਸਾ ਪੂਰਨ ਹੋ ਗਈ ਜੋ ਗੁਣਾਂ ਦੀ ਨਿਧੀ ਪ੍ਰਭੂ ਜੀ (ਆਪ) ਮਿਲ ਪਏ ਹਨ॥ ੪॥ ੧॥ ੧੪॥

ਵਯਾਖਯਾ–ਇਹ ਛੰਤ ਇਕ ਅਜੀਬ ਲਾਵੰਨਯਤਾ ਦੀ ਚਾਲ ਵਾਲਾ ਹੈ, ਪਿੰਗਲ ਦੇ ਨੁਕਤੇ ਤੋਂ ਸੁੰਦਰ ਹੈ, ਤੇ ਗਾਇਨ ਵਿਚ ਮਨੋਰੰਜਕ ਧਾਰਨਾ ਨਾਲ ਗਾਵੇਂ ਜਾਣ ਵਾਲਾ ਹੈ, ਪਰ ਸਿਖ ਅਪਣੀਆਂ ਸੰਗੀਤਕ ਰੀਤਾਂ ਨੂੰ ਭੁੱਲ ਰਹੇ ਹਨ। ਪਹਿਲੇ ਅੰਕ ਦਾ ਦੁਹਰਾਉ ਵਾਧੂ ਗਲ ਨਹੀਂ, ਗਾਯਨ ਦੀ ਚਾਲ ਦੀ ਸ਼ੋਭਾ ਲਈ ਹੈ। ਹਰੇਕ ਸਤਰ ਦੇ ਚਾਰ ਚਾਰ ਟੁਕੜੇ ਹਨ, ਅਖੀਰਲੇ ਦਾ ਤੁਕਾਂਤ ਚਹੁੰ ਹੀ ਸਤਰਾਂ ਵਿਚ ਮਿਲਦਾ ਹੈ ਤੇ ਪਹਿਲੀਆਂ ਤਿੰਨ ਤਿੰਨ ਟੁਕੜੀਆਂ ਦਾ ਆਪੋ ਵਿਚ ਮਿਲਦਾ ਹੈ।

* (ਅ) ਹੇ ਨਾਥ ਚਿਤ ਕਰਕੇ ਯਾਦ ਕਰਦਾ ਹਾਂ ਤੇ ਹੇ ਨਾਥ (ਇਹ ਗੱਲ) ਚਿੰਤਨ ਕਰ ਰਿਹਾ ਹਾਂ ਕਿ ਹੇ ਨਾਥ ਮੈਨੂੰ ਆਪਣੀ ਸ਼ਰਣ ਵਿਚ ਰਖ ਲਓ। ਚਿਤਵਉ=ਯਾਦ ਕਰਦਾ ਹਾਂ। ਚਿਤਵਉ=ਚਿੰਤਨ ਕਰ ਰਿਹਾ ਹਾਂ, ਸੋਚ ਰਿਹਾ ਹਾਂ।

† (ਅ) (ਤੇਰੇ) ਸਰੂਪ ਦਾ ਧਿਆਨ ਸੁੰਦਰ ਹੈ, (ਹਾਂ, ਮੇਰਾ) ਧਿਆਨ ਤੇਰੇ ਸੁੰਦਰ ਸਰੂਪ ਵਿਚ (ਖਚਿਤ) ਹੈ।

ਇਸ ਤੋਂ ਛੁਟ ਪੁਰਾਣੇ ਵਿਦ੍ਵਾਨ ਇਸ ਵਿਚ 'ਯਮਕ' ਦਾ ਵਰਤਾਉ ਬੀ ਦੇਖਦੇ ਸਨ। ਯਮਕ ਗੁਰਬਾਣੀ ਵਿਚ ਵਰਤੀ ਹੋਈ ਹੈ ਕਈ ਥਾਈਂ:-

ਭਾਤਿ ਭਾਤਿ ਬਨ ਬਨ ਅਵਗਾਹੇ॥ [ਮਾਝ ਮਹਲਾ ੫-੧੨]

ਇਕ 'ਬਨ' ਦਾ ਅਰਥ 'ਜੰਗਲ' ਹੈ ਦੂਸਰੇ ਦਾ 'ਪਾਣੀ' ਹੈ।

ਇਸੀ ਤਰ੍ਹਾਂ ਇਸ ਛੰਤ ਵਿਚ ਬੀ ਯਮਕ ਦਾ ਵਰਤਾਉ ਦਾਨੇ ਦੱਸਦੇ ਤੇ ਅਰਥ ਕਰਦੇ ਸਨ ਜੋ ਅਰਥ ਅਸੀਂ ਉਪਰ ਇਕ ਵੱਖਰਾ ਖਾਨਾਂ ਵਾਹਕੇ ਯਾ ਟੂਕਾਂ ਵਿਚ ਨਾਲ ਨਾਲ ਦਰਸਾ ਆਏ ਹਾਂ।

ਇਸ ਛੰਤ ਵਿਚ ਚਾਰ ਦ੍ਰਿਸ਼ਟਾਂਤ ਦੱਸੇ ਹਨ, ਜਿਨ੍ਹਾਂ ਵਿਚ ਲਗਨ ਦੀ ਅਵਧਿ ਦਾ ਤਾਤਪਰਜ ਲਿਆ ਹੈ।

ਅੰਕ ੧ ਵਿਚ ਮਾਯਾ ਦੀ ਪ੍ਰਬਲਤਾ ਦਿਖਾਈ ਹੈ, ਉਹ ਜੀਵ ਦੇ ਅਗੇ ਭਰਮ ਪੈਦਾ ਕਰਦੀ ਹੈ, ਭਰਮ ਭੈ ਦਾ ਜਨਕ ਹੋ ਜਾਂਦਾ ਹੈ, ਜਿਵੇਂ ਰੱਸੀ ਵਿਚ ਸੱਪ ਦਾ ਭਰਮ ਪਿਆਂ ਡਰ ਆਉਣ ਲਗ ਜਾਂਦਾ ਹੈ। ਉਸ ਵੇਲੇ ਬੁਧੀ ਮਾਨੋਂ ਵਿਪਰੀਤਿ ਅਰਥਾਤ ਉਲਟ ਪੁਲਟ ਹੋ ਜਾਂਦੀ ਹੈ। ਉਸ ਬੁੱਧੀ ਵਿਚਲਤਾ ਵਿਚ ਮਨ ਨੂੰ ਲਗੇ ਚੋਰ ਕਾਮ ਕ੍ਰੋਧ ਆਦਿ ਸਜਣ ਦਿੱਸਦੇ ਹਨ ਤੇ ਲੁੱਟੇ ਜਾਈਦਾ ਹੈ; ਅਰਥਾਤ, ਜੋ 'ਅੰਤਰਿ ਖੂਹਟਾ ਅੰਮ੍ਰਿਤਿ ਭਰਿਆ*' ਹੈ ਉਹ ਲੁੱਟ ਹੋ ਜਾਂਦਾ ਹੈ। ਜਦ ਕਦੇ ਮੌਤ ਦਾ ਨਜ਼ਾਰਾਂ ਅੱਖਾਂ ਅੱਗੇ ਆਵੇ ਯਾ ਕੋਈ ਪਰਮਾਰਥਕ ਉਪਦੇਸ਼ ਦੀ ਸੱਦ ਕੰਨੀਂ ਪੈ ਜਾਵੇ ਤਾਂ ਕਹਿ ਛਡੀਦਾ ਹੈ: 'ਹਛਾ ਕਰ ਲਵਾਂਗੇ'। ਪਰ ਉਹ ਕਰਨ ਦਾ ਵੇਲਾ ਨਹੀਂ ਆਉਂਦਾ, ਕਿਉਂਕਿ ਸੂਰਜ ਉਮਰਾ ਦੇ ਦਿਨਾਂ ਨੂੰ ਚੁਪਾਤੇ ਹੀ ਖਾਈ ਜਾਂਦਾ ਹੈ, ਤਦੇ ਹੀ ਪਤਾ ਲਗਦਾ ਹੈ ਜਦੋਂ ਜੀਵ ਲੰਮਾ ਪੈ ਜਾਂਦਾ ਹੈ ਤੇ ਵੈਦ ਬੋਲਦੇ ਹਨ ਹੁਣ ਕੋਈ ਆਸ ਬਚਣੇ ਦੀ ਨਹੀਂ। ਸੋ ਇਸ ਦਿਨ ਤੋਂ ਪਹਿਲੇ ਦੇ ਦਿਨਾਂ ਨੂੰ ਪ੍ਰਭੂ ਬਿਨਾਂ ਬੀਤ ਰਹੇ ਦਿਨ ਆਖਿਆ ਹੈ। ਇਹ ਕਹਿਕੇ ਪਰਮ ਵੈਰਾਗ ਤੇ ਤਰਲੇ ਦੀ ਬਾਣੀ ਵਿਚ ਅਰਦਾਸ ਕੀਤੀ ਹੈ ਕਿ ਸਾਡੀ ਗ਼ਾਫ਼ਲੀ ਦੀ ਅਵਸਥਾ ਤੇ ਤਰਸ ਕਰੋ ਤੇ ਮੇਹਰ ਕਰਕੇ ਆਪੇ ਮਿਲ ਪਓ, ਕਿਉਂਕਿ ਤੁਸੀਂ 'ਕਰੁਣਾਪਤੇ' ਹੋ। ਆਪਣੀ ਅਨਅਧਿਕਾਰਤਾ ਦੀ ਅਵਸਥਾ ਫਿਰ ਅਵਗੁਣਾਂ ਵਾਲੀ ਤੇ ਕੁਰੂਪ ਇਸਤ੍ਰੀ ਦੇ ਦ੍ਰਿਸ਼ਟਾਂਤ ਨਾਲ ਸੂਚਿਤ ਕਰਕੇ ਅਰਦਾਸ ਕੀਤੀ ਹੈ ਤੇ ਸ਼ਰਣ ਆਉਣ ਦੀ ਸਾਈਂ ਦੇ ਬਿਰਦ ਨੂੰ ਵੰਗਾਰ ਪਾਈ ਹੈ ਕਿ ਹੇ ਪ੍ਰਭੂ ਮੇਰੀ ਸ਼ੁਭ ਗਤੀ ਕਰੋ। ਫੇਰ ਅੰਕ ੪ ਵਿਚ ਇਹੋ ਅਰਦਾਸ ਹੈ, ਪਰ ਓਥੇ ਸਾਈਆਂ ਜੀਉ ਦੀ ਮਿਹਰ ਹੋ ਗਈ ਹੈ ਤੇ 'ਆਸਾ ਪੂਰਕ ਤ੍ਰਿਪਤੀ' ਦੀ ਪ੍ਰਾਪਤ ਅਵਸਥਾ ਦਾ ਸਰੂਪ ਬੀ ਦੱਸਿਆ ਹੈ।

ਅੰਕ ੨-ਹੁਣ ਚਾਰ ਦ੍ਰਿਸ਼ਟਾਂਤ ਵਾਰੋ ਵਾਰੀ ਲੈਂਦੇ ਹਨ। ਪਹਿਲਾ ਤਾਂ ਹੈ ਮੱਛੀ ਦਾ, ਜਿਸ ਦਾ ਜੀਵਨ ਹੀ ਪਾਣੀ ਤੇ ਨਿਰਭਰ ਰਖਦਾ ਹੈ। ਇਸ ਤਰ੍ਹਾਂ ਹਰੀ ਜਨ ਪਰਮੇਸ਼ੁਰ ਦੇ ਪਿਆਰ ਆਸ਼੍ਰਿਤ ਹੋ ਜਾਂਦਾ ਹੈ, ਕਿ ਉਸ ਬਿਨਾਂ ਜੀ ਹੀ ਨਹੀਂ ਸਕਦਾ, ਅਰਥਾਤ ਸਾਈਂ ਦਾ ਸਿਮਰਨ ਸਾਈਂ ਦੀ ਅਨੁਭਵਤਾ, ਉਸ ਦਾ ਜੀਵਨ ਆਸ਼ਰਾ ਹੋ ਜਾਂਦੀ ਹੈ। ਯਥਾ:-

ਬਿਛੁਰਤ ਮਰਨੁ ਜੀਵਨੁ ਹਰਿ ਮਿਲਤੇ.....॥ [ਮਲਾਰ ਮਹਲਾ ੫-੯]
ਪੁਨਾ:- ਬਿਛੁਰਤ ਕਿਉ ਜੀਵੇ ਓਇ ਜੀਵਨ॥ [ਮਲਾਰ ਮ: ੫-੧੨]

ਫਿਰ ਦ੍ਰਿਸ਼ਟਾਂਤ ਲਿਆ ਹੈ ਹਰਨ ਦੀ ਰਾਗ ਮਸਤੀ ਦਾ। ਘੰਡਾ ਹੇੜੇ ਦਾ ਰਾਗ ਮ੍ਰਿਗ ਨੂੰ ਇਤਨਾ ਮਸਤ ਕਰ ਲੈਂਦਾ ਹੈ ਕਿ ਸ਼ਿਕਾਰੀ ਸਾਹਮਣੇ ਖੜੋਕੇ ਉਸ ਨੂੰ ਤੀਰ ਮਾਰਦਾ ਹੈ,ਪਰ ਉਸ ਨੂੰ ਰਾਗ ਮਸਤੀ ਵਿਚ ਦੁਖ ਪੀੜਾ ਤੇ ਮੌਤ ਦੀ ਹੋਸ਼ ਬੀ ਨਹੀਂ ਰਹਿੰਦੀ। ਇਸ ਤਰ੍ਹਾਂ ਪ੍ਰਭੂ ਪ੍ਰੇਮੀ ਦੁਖ ਸੁਖ ਭੋਗਦਾ ਆਪਣੀ ਪ੍ਰੀਤ ਤਾਰ ਵਿਚੋਂ ਤ੍ਰੁੱਟਦਾ ਨਹੀਂ। ਇਹ ਮਿਸਾਲ ਦੇਕੇ ਆਪਣੀ ਪ੍ਰਭੂ ਪ੍ਰੀਤੀ ਨੂੰ ਉਸ ਤਰ੍ਹਾਂ ਦੀ ਪ੍ਰਾਗੱਲਭ ਦੱਸਕੇ ਅਤੇ ਦੁਖ ਸੁਖ ਦੀ ਪਰਵਾਹ ਤੋਂ ਬੀ ਬੇਪਰਵਾਹ ਹੋਕੇ ਬੇਬਸੀ ਵਿਚ ਪਹੁੰਚੀ ਹੋਈ ਵਰਣਨ ਕਰਕੇ ਅਰਦਾਸ ਕੀਤੀ ਹੈ ਪਿਛਲੇ ਹੀ ਅੰਕ ਵਾਂਙੂ, ਪਰ ਓਥੇ ਸੀ ਸ਼ਰਣ ਆਉਣਾ ਤੇ ਸ਼ੁਭ ਗਤੀ ਦੀ ਮੰਗ, ਏਥੇ

* ਵਡਹੰਸ ਮਹਲਾ ੩, ਛੰਤ ੫-੨

ਹੈ ਕਿ ਹਰੀ ਨਾਲ ਲਗੇ ਰਹਿਣਾ 'ਮੱਛੀ' ਦੇ ਜਲ ਬਿਨਾਂ ਨਾ ਰਹਿਣ ਵਾਂਙੂ 'ਜੀਵਨ ਹੀ ਰਹਿ ਸੰਗ' ਤੇ ਨਿਰਭਾਰਿਤ ਹੋ ਜਾਵੇ। ਫੇਰ ਆਖਦੇ ਹਨ ਕਿ ਜਿਵੇਂ ਮਿਰਗ ਦੁਖ ਦੀ ਮੌਤ ਦੀ ਪਰਵਾਹ ਤੋਂ ਬੇਪਰਵਾਹ ਹੋਕੇ ਸ਼ਬਦ ਮਗਨ ਹੁੰਦਾ ਹੈ ਤਿਵੇਂ ਮੈਂ ਤੇਰੇ ਪ੍ਰੇਮ ਵਿਚ ਮਗਨ ਹੋ ਜਾਵਾਂ।

ਅੰਕ ੩-ਹੁਣ ਭਵਰੇ ਦਾ ਦ੍ਰਿਸ਼ਟਾਂਤ ਲਿਆ ਹੈ ਜੋ ਕਮਲ ਵਿਚ ਬੈਠਾ ਉਸ ਦੇ ਮਕਰੰਦ ਰਸ ਤੇ ਪ੍ਰਾਗ ਵਾਸ਼ਨਾ (ਖੁਸ਼ਬੋਈ) ਉਤੇ ਮਸਤ ਜਾਂਦਾ ਹੈ। ਇਸ ਮਸਤੀ ਵਿਚ ਕਵਲ ਬੰਦ ਹੋ ਜਾਂਦਾ ਹੈ ਤੇ ਭੌਰਾ ਵਿਚੇ ਬੈਠਾ ਮਰ ਜਾਂਦਾ ਹੈ, ਪਰ ਉਸ ਦੀ ਉਹ ਮਗਨਤਾ ਨਹੀਂ ਛੁਟਦੀ। ਤਿਸ ਪ੍ਰਕਾਰ ਦੀ ਮਗਨਤਾ ਦੇ ਆਪਣੇ ਪਜਾਰ ਵਿਚ ਕਿ ਤੇਰੇ ਵਿਚ ਮਗਨੇ ਤੇਰੇ ਹੀ ਘੱਲੇ ਦੁਖ ਆਦਿ ਸਾਨੂੰ ਆਪਣੇ ਪ੍ਰੇਮ ਤੋਂ ਵਿਚਲਨ ਨਾ ਦੇਣ।

ਇਹ ਦ੍ਰਿਸ਼ਟਾਂਤ ਦੇਕੇ ਹੁਣ ਚਾਤ੍ਰਿਕ ਅਰਥਾਤ ਪਪੀਹੇ ਦਾ ਦ੍ਰਿਸ਼ਟਾਂਤ ਦੇਂਦੇ ਹਨ। ਕਟਾਖਜ ਹੁਣ ਇਹ ਹੈ ਕਿ ਉਪਰ ਦੱਸੀਆਂ ਮਗਨਤਾਈਆਂ ਕਿਵੇਂ ਮਿਲਦੀਆਂ ਹਨ? ਜੀਵ ਨੂੰ ਉਪਰ ਕਹੀ ਪ੍ਰੀਤ ਮਗਨਤਾ ਦੀ ਲੋੜ ਹੈ, ਉਹ ਚਾਤ੍ਰਿਕ ਵਾਙੂ ਸਿਮਰਨ ਵਿਚ ਰਹੇ। ਚਾਤ੍ਰਿਕ ਦੀ ਪੁਕਾਰ ਲਗਾਤਾਰੀ ਹੁੰਦੀ ਹੈ। ਫੁਰਮਾਨ ਹੈ:-

ਕਬੀਰ ਕੇਸੋ ਕੇਸੋ ਕੂਕੀਐ ਨ ਸੋਈਐ ਅਸਾਰ॥

[ਸਲੋਕ ਕਬੀਰ ਜੀ-੨੨੩]

ਇਹ ਗੱਲ ਜੋ ਚਾਤ੍ਰਿਕ ਦੇ ਦ੍ਰਿਸ਼ਟਾਂਤ ਵਿਚ ਕਹੀ ਹੈ, ਇਸੇ ਅੰਕ ਵਿਚ ਸਪਸ਼ਟ ਬੀ ਕਹਿ ਦਿੱਤੀ ਹੈ, ਪਰ ਉਸੇ ਅਰਦਾਸ ਦੇ ਰੁਖ਼ ਵਿਚ, ਜੋ ਅਰਦਾਸ ਦਾ ਰੁਖ਼ ਕਿ ਪਿਛਲੇ ਅੰਕਾਂ ਵਿਚ ਤੁਰਿਆ ਆ ਰਿਹਾ ਹੈ, ਮੰਗਿਆ ਹੈ:- ਗਹਿ ਭੁਜਾ ਲੇਵਹੁ ਨਾਮੁ ਦੇਵਹੁ ਦ੍ਰਿਸਟਿ ਧਾਰਤ ਮਿਟਤ ਪਾਪ॥

ਮੇਹਰ ਕਰੋ, ਬਾਂਹ ਫੜੋ ਤੇ ਨਾਮ ਦਿਓ; ਕੈਸਾ ਨਾਮ? ਚਾਤਿਕ੍ਰ ਦੀ ਪੁਕਾਰ ਵਾਲਾ। ਅਖੀਰਲੀ ਤੁਕ ਵਿਚ ਦਰਸ਼ਨ ਦਾ ਦਰਜਾ ਆ ਗਿਆ ਦੱਸਿਆ ਹੈ, ਇਸ ਕਰਕੇ ਹੁਣ ਦ੍ਰਿਸ਼ਟਾਂਤ ਹੋਰ ਦੇਣੇ ਬੰਦ ਕੀਤੇ ਹਨ ਤੇ ਅੰਕ ੪ ਵਿਚ ਸਿੱਧੀ ਅਰਦਾਸ ਕੀਤੀ ਹੈ:- ਅਨਾਥ ਹਾਂ, ਸ਼ਰਣ ਆਇਆ ਹਾਂ, ਚਿਤਵਦਾ ਹਾਂ, ਸਿਮਰਨ ਵਿਚ ਹਾਂ ਤੇ ਪ੍ਰਾਣਾਂ ਵਿਚ ਮਿਲਣ ਦਾ ਚਾਉ ਹੀ ਚਾਉ ਭਰ ਰਿਹਾ ਹੈ, ਹੇ ਪ੍ਰਾਣਨਾਥ ਮਿਲੋ।

ਛੇਕੜਲੀਆਂ ੪ ਤੁਕਾਂ ਵਿਚ ਜੋ ਕੁਛ ਸੁਹਣੇ ਮਿੱਠੇ ਪਦਾਂ ਵਿਚ ਵਰਣਿਤ ਹੈ, ਉਹ ਮਿਲ ਪੈਣ ਦੀ ਅਵਸਥਾ ਦੀ ਤਸਵੀਰ ਹੈ। 'ਹਰਿ ਕੰਠਿ ਲਾਗੇ' ਨਿਰੇ ਕੰਠ ਨਹੀਂ ਲਗੇ ਸੇਜਾ ਤੇ ਪ੍ਰਾਪਤ ਹੋਏ, ਤੇ ਸਗਲ ਇਛਾਂ, ਸਗਲ ਆਸਾਂ ਪੂਰਨ ਹੋ ਗਈਆਂ, ਤੇ ਸਾਰੇ ਕਲਮਲ ਸਦਾ ਲਈ ਦੂਰ ਹੋ ਗਏ।

ਕਿਸ ਖ਼ੂਬੀ ਨਾਲ ਮਾਯਕ ਬਨ ਦਿਖਾਕੇ, ਇਨਸਾਨ ਦੀ ਗ਼ਫ਼ਲਤ ਦੀ ਡਰਾਉਣੀ ਤਸਵੀਰ ਦਿਖਾਕੇ ਕਿਵੇਂ ਦਰਜੇ ਵਾਰ ਕਲਜਾਨ ਦੀਆਂ ਮੰਜ਼ਲਾਂ ਤੋਂ ਰਹਿਬਰੀ ਕਰਦੇ ਅੰਤ ਪ੍ਰਾਪਤੀ ਤੇ ਲੈ ਗਏ ਹਨ। ਸਾਰਾ ਸ਼ਬਦ ਆਪਣੇ ਤੇ ਕਿਹਾ ਹੈ, ਪਰ ਹੈ ਜੀਵਾਂ ਦੀ ਕਲਜਾਣ ਲਈ, ਜਿਸ ਵਿਚ ਭਗਤੀ ਮਾਰਗ ਦਾ ਆਦਰਸ਼, ਪ੍ਰਾਪਤੀ ਤੇ ਰਸਤਾ ਉੱਚ ਕਾਵਯ ਵਿਚ ਵਰਣਨ ਕੀਤਾ ਹੈ, ਜੋ ਖੁਸ਼ਕ ਵਰਣਨ ਨਹੀਂ, ਪਰ ਰਸਮਈ ਸੰਗੀਤ ਹੈ ਤੇ ਫੇਰ ਸਿਖਜ਼ਾ ਦਾਤਾ ਹੈ। ਜਿਵੇਂ ਮਲ੍ਹਮ ਠੰਢ ਬੀ ਪਾਉਂਦੀ ਹੈ, ਪਰ ਜ਼ਖਮ ਬੀ ਰਾਜ਼ੀ ਕਰ ਦੇਂਦੀ ਹੈ।

ਨਿਰੁਕ੍ਤ-ਕਮਲਾ- [ਸੰਸ:,] ਲੱਛਮੀ, ਭਾਵ ਮਾਯਾ। (ਅ) [ਪੰਜਾ:,] ਪਾਗਲ।

ਭ੍ਰਮ-ਭਰਮ-ਸੰਸ਼ਯ, ਵਿਪਰਯਯ ਵਾਲੀ ਸਮਝ।

ਭੀਤਿ- [ਸੰਸ:, ਭਿਤ੍ਤਿ:, ਹਿੰਦੀ,] ਕੰਧ।(ਅ) [ਸੰਸ:, ਭੀਤ=ਡਰ ਵਾਲਾ। ਭੀਤਿ:=ਡਰ] ਡਰ, ਡਰ ਵਿਚ।

ਤੀਖਣ- [ਸੰਸ:, ਤੀਕਸ਼ਣ=ਤਿਖਾ, ਗਰਮ, ਤੇਜ਼] ਤ੍ਰਿੱਖੀ। ਤੇਜ਼।

ਬਿਪਰੀਤਿ- [ਸੰਸ:, ਵਿਪਰੀਤ=ਉਲਟਾ, ਵਿਰੁੱਧ] ਉਲਟੀ। ਪੁੱਠੀ। ਭਾਵ ਹੈ ਬੁੱਧੀ ਉਲਟੀ ਹੋ ਜਾਂਦੀ ਹੈ। 'ਮਤਿ' ਪਦ ਦੀ ਲੁਪਤੀ ਹੈ।

ਅਵਧ- [ਸੰਸ:, ਅਵਧਿ:=ਮੁਕਰਰਾ ਵਕਤ, ਮਯਾਦ, ਹਦ] ਉਮਰਾ।

ਗਹਬਰ-[ਸੰਸ਼:, ਗਹੂਰੰ=ਹਨੇਰਾ ਥਾਂ। ਸੰਘਣੇ ਬਨ ਵਾਲਾ ਥਾਂ] ਸੰਘਣਾ।

ਬਨ-ਜੰਗਲ। ਘੋਰ-ਡਰਾਉਣਾ। ਮੂਸਤ-ਚੁਰਾਉਂਦੇ ਹਨ।

ਦਿਨਕਰੋ- [ਸੰਸ:, ਦਿਨਕਰ:] ਸੂਰਜ। ਬਿਹਾਤ-ਬੀਤਦੇ ਜਾਂਦੇ ਹਨ (ਦਿਨ)।

ਗਤੇ-ਗਤੀ। ਸ਼ੁਭ ਦਸ਼ਾ। ਮੁਕਤੀ।

ਧੂਪ- [ਰੋਸ਼ਨੀ, ਚਮਕ] ਚਮਕ ਦਮਕ, ਸ਼ੁਭਾਇਮਾਨਤਾ।

ਮਾਤ-ਸਮਾਈ ਕਰਦਾ ਹੈ। ਨਰਹਰ-ਭਾਵ ਵਾਹਿਗੁਰੂ ਜੀ ਤੋਂ ਹੈ।

ਮੀਨਾ-ਮੱਛੀ। ਸਹਿ ਬਾਨ-ਸਹਿੰਦਾ ਹੈ ਤੀਰ।

ਸਹਜ ਸਰੋਤ-ਸਰੋਤ ਦਾ ਸਹਜ। ਆਵਾਜ਼ ਤੋਂ ਪੈਦਾ ਹੋਈ ਸਹਜ ਹਾਲਤ। ਭਾਵ ਹੈ ਰਾਗ ਦੀ ਆਵਾਜ਼ ਤੋਂ ਉਪਜਿਆ ਆਨੰਦ।

ਬੈਰਾਗੀ-ਜਿਸ ਨੂੰ ਵੈਰਾਗ ਅਰਥਾਤ ਬਿਰਹ ਵਿਚ ਪ੍ਰੇਮ ਹੈ। ਪ੍ਰੇਮੀ।

(ਅ) ਪ੍ਰਭੂ ਜੋ ਸਦਾ ਵੈਰਾਗੀ-ਨਿਰਲੇਪ ਹੈ। **ਪ੍ਰਭ ਮੇਰੇ ਓਇ ਬੈਰਾਗੀ ਤਿਆਗੀ॥**

[ਮਲਾਰ ਮ: ੫-੫]

ਪਲਕਾ-ਝਿੰਮਣੀਆਂ। ਪਲਕਾਂ ਨਾ ਲਗਣੀਆਂ, ਮੁਹਾਵਰਾ ਹੈ ਨੀਂਦ ਨਾ ਆਉਣਾ।

ਪਾਗੈ-ਲਿੱਬੜੇ ਹੋਏ। ਭਾਵ ਹੈ ਮਗਨ ਹੋਏ ਹੋਏ। (ਅ) ਭਿੱਜੀਆਂ ਹੋਈਆਂ (ਹੋਣ ਕਰਕੇ)।

ਸ੍ਰੀ ਰੰਗ-ਭਾਵ ਹੈ ਵਾਹਿਗੁਰੂ ਜੀ। ਦੁਤੀਆ-ਦੁਐਤ।

ਅਲੀਅਲ-ਭਉਰਾ। (ਅ) ਅਲੀ=ਭਉਰੀ। ਅਲ=ਭਉਰਾ। ਅਲੀ=ਹੇ ਸਖੀ !

ਗੁੰਜਾਤ-ਗੁੰਜਾਰ ਕਰਦੇ ਹਨ।

ਮਕਰੰਦ ਰਸ-ਇਕ ਰਸ ਜੋ ਫੁਲਾਂ ਦੀਆਂ ਮਦੀਨ ਤੁਰੀਆਂ ਵਿਚ ਹੁੰਦਾ ਹੈ।

ਬਾਸਨ-ਖੁਸ਼ਬੋ।ਮੁਰਾਦ ਹੈ ਜੋ ਫੁਲਾਂ ਦੀਆਂ ਨਰ ਤੁਰੀਆਂ ਤੇ ਧੂੜਾ ਹੁੰਦਾ ਹੈ।

(ਅ) ਬਾਸਨ ਤੋਂ ਮੁਰਾਦ ਨਿਰੀ 'ਵਾਸ਼ਨਾ' (=ਖੁਸ਼ਬੋ) ਦੀ ਬੀ ਹੁੰਦੀ ਹੈ।

ਚਾਤ੍ਰਿਕ- [ਸੰਸ:, ਚਾਤਕ:] ਪਪੀਹਾ। ਘਨ ਬੂੰਦ-ਬਦਲ ਦੀ ਬੂੰਦ, ਸ੍ਵਾਂਤੀ ਬੂੰਦ।

ਅਲ-ਪੂਰੀ ਤਰ੍ਹਾਂ (ਤਾਪ) ਮਿਟ ਜਾਂਦਾ ਹੈ। ਸਾਰਾ (ਤਾਪ ਮਿਟ ਜਾਂਦਾ ਹੈ)।

ਜੰਪੈ-ਆਖਦਾ ਹੈ। ਚਾਉ ਚਾਈਲੇ-ਚਾਉ ਭਰਿਆ ਹੋਇਆ। ਉਤਸਾਹ ਨਾਲ ਚਾਉ ਵਿਚ ਹਨ ਪ੍ਰਾਣੀ। ਬਿਦੀਰਨ-ਨਾਸ਼ ਕਰਨ ਵਾਲੇ।

ਨਾਹ-ਪਤੀ। ਕਲਮਲ-ਪਾਪ।

ਗੋਪਾਲ, ਮੁਰਾਰੀ, ਸ੍ਰੀ ਧਰ ਪਦਾਂ ਦਾ ਭਾਵ ਵਾਹਿਗੁਰੂ ਹੈ।

--0--

-ਆਸਾ ਦੀ ਵਾਰ ਸ਼ੁਰੂ-

ਪ੍ਰਾਕਥਨ-ਆਸਾ ਦੀ ਵਾਰ-ਇਹ ਬਾਣੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਚਾਰਣ ਕੀਤੀ। ਪੁਰਾਤਨ ਜਨਮ ਸਾਖੀ ਤੋਂ ਪਤਾ ਚੱਲਦਾ ਹੈ ਕਿ ਪਹਿਲੀਆਂ ਨੌਂ ਪਉੜੀਆਂ ਸ਼ੇਖ ਬ੍ਰਹਮ (ਸ਼ੇਖ ਇਬ੍ਰਾਹੀਮ ਸਾਲਸ)ਪਰਥਾਇ ਤੇ ਬਾਕੀ ੧੫ ਲਾਹੌਰ ਦੇ ਦੁਨੀਚੰਦ ਧੁੱਪੜ ਪਰਥਾਇ ਉਚਾਰਣ ਹੋਈਆਂ। ਰਚੇ ਜਾਣ ਵੇਲੇ ਇਹ ਬਾਣੀ ਕੇਵਲ ੨੪ ਪਉੜੀਆਂ ਮਾਤ੍ਰ ਸਨ। ਵਾਰਾਂ ਦੇ ਗਾਇਨ ਵਿਚ ਸਲੋਕ ਦਿੱਤੇ ਜਾਇਆ ਕਰਦੇ ਸਨ। ਇਸੇ ਤਰ੍ਹਾਂ ਇਸ ਵਾਰ ਵਿਚ ਬੀ ਸ਼ਲੋਕ ਦਿੱਤੇ ਜਾਣੇ ਕੁਦਰਤੀ ਬਾਤ ਸੀ, ਸੋ ਗਾਇਨ ਸਮੇਂ ਭਾਈ ਮਰਦਾਨਾ ਵਿਚ ਵਿਚ ਆਦਿ ਪਾਤਸ਼ਾਹੀ ਦੇ ਸ਼ਲੋਕ ਬੀ ਲਾਉਂਦਾ ਰਿਹਾ ਹੋਸੀ।

ਇਸ ਬਾਣੀ ਵਿਚ ਥੋੜੇ ਸ਼ਲੋਕ ਦੂਸਰੀ ਪਾਤਸ਼ਾਹੀ ਦੇ ਬੀ ਲਿਖੇ ਹਨ। ਇਹ ਇੰਵ ਹੋਇਆ ਸਹੀ ਹੁੰਦਾ ਹੈ ਕਿ ਆਸਾ ਦੀ ਵਾਰ ਗਾਇਨ ਕਰਨ ਵੇਲੇ, ਦੂਸਰੀ ਪਾਤਸ਼ਾਹੀ ਦੇ ਇਹ ਸ਼ਲੋਕ ਬੀ ਵਾਰ ਦੇ ਕੀਰਤਨ ਵੇਲੇ ਵਿਚ ਵਿਚ ਲਾਉਂਦੇ ਰਹੇ ਹਨ। ਏਹ ਬਹੁਤ ਥੋੜੇ ਹੋਣ ਕਰਕੇ ਵਾਰ ਦੇ ਉਤੇ ਇਨ੍ਹਾਂ ਦਾ ਵੱਖਰਾ ਸਿਰਲੇਖ ਨਹੀਂ ਦਿੱਤਾ ਗਿਆ, ਪਰ ਹਰ ਸ਼ਲੋਕ ਦੇ ਉੱਤੇ ਇਨ੍ਹਾਂ ਦਾ ਪਤਾ ਲਾ ਦਿੱਤਾ ਗਿਆ ਹੈ ਕਿ ਇਹ ਦੂਸਰੀ ਪਾਤਸ਼ਾਹੀ ਜੀ ਦਾ ਹੈ। ਅਚਰਜ ਨਹੀਂ ਕਿ ਇਹ ਸ਼ਲੋਕ, ਗੁਰੂ ਅੰਗਦ ਦੇਵ ਜੀ ਨੂੰ ਗੱਦੀ ਦੇਣ ਮਗਰੋਂ, ਉਨ੍ਹਾਂ ਦੇ ਉਚਾਰੇ ਹੋਏ, ਵਾਰ ਵਿਚ ਗਾਂਵੇ ਜਾਣ ਦੀ ਆਗਜਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮੇਂ ਆਪ ਹੀ ਬਖਸ਼ੀ ਹੋਵੇ। ਪੰਜਵੇਂ ਸਤਿਗੁਰਾਂ ਨੇ ਬੀੜ ਬੰਨ੍ਹਣ ਵੇਲੇ ਇਸ ਵਾਰ ਵਿਚ ਜੋ ਸ਼ਲੋਕ ਉਨ੍ਹਾਂ ਤੋਂ ਪਹਿਲੋਂ ਗਾਇਨ ਵੇਲੇ ਵਿਚ ਦਿੱਤੇ ਜਾਂਦੇ ਸੇ ਸੋ ਸ਼ਾਮਲ ਰਖੇ, ਪਰ ਜੋ ਸਰੂਪ ਵਾਰ ਦਾ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੈ ਉਸ ਦੀ ਅੰਤਮ ਕ੍ਰਮ ਬੰਦੀ ਪੰਜਵੇਂ ਸਤਿਗੁਰਾਂ ਦੀ ਪ੍ਰਵਾਣਤਾ ਨਾਲ ਹੋਣੀ ਆਪਣੇ ਆਪ ਵਿਦਿਤ ਹੈ*। ਵਾਰ ਦੇ ਉਪਰ ਐਉਂ ਲਿਖਿਆ ਹੈ:-'ਸਲੋਕ ਭੀ ਮਹਲੇ ਪਹਿਲੇ ਕੇ ਲਿਖੇ'। ਜਿਸ ਤੋਂ ਧ੍ਵਨੀ ਨਿਕਲਦੀ ਹੈ ਕਿ ਸ੍ਰੀ ਸੰਕਲਤ ਕਰਤਾ ਜੀ ਨੇ ਆਪ ਉਚੇਚ ਕਰਕੇ ਮਹਲੇ ਪਹਿਲੇ ਦੀ ਵਾਰ ਹੋਣ ਤੇ ਸਲੋਕ ਬੀ ਪਹਿਲੇ ਮਹਲੇ ਦੇ ਹੀ ਬਹੁਤ ਵਿਚ ਵਿਚ ਕਰਕੇ ਲਿਖੇ ਹਨ। ਪ੍ਰਚਲਤ ਚਲੇ ਆਏ ਬੀ ਤੇ ਆਪ ਵਿਚ ਵਿਚ ਹੋਰ ਬੀ ਵਧਾਏ ਹਨ।

ਆਸਾ- ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗਮਾਲਾ ਮੂਜਬ ਆਸਾ ਮੇਘ ਰਾਗ ਦੀ ਰਾਗਣੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਇਸ ਰਾਗ ਵਿਚ ਬਾਹਲੀ ਹੈ। ਇਹ ਰਾਗ ਆਪ ਦੀ ਹੀ ਵਿਉਂਤ ਦਾ ਹੋਣਾ ਸੰਭਵ ਜਾਪਦਾ ਹੈ। ਇਹ ਅੰਮ੍ਰਿਤ ਵੇਲੇ ਦਾ ਰਾਗ ਹੈ, ਇਸ ਵੇਲੇ ਨਾਲ ਆਪ ਨੂੰ ਪ੍ਰੇਮ ਬਾਹਲਾ ਸੀ ਤੇ ਖਿਆਲ ਹੈ ਕਿ ਇਹ ਪਦ 'ਅੰਮ੍ਰਿਤ ਵੇਲਾ' ਬੀ ਆਪ ਦੀ ਹੀ ਰਚਨਾ ਹੈ। ਗੁਰਮਤਿ ਸੰਗੀਤ ਮਰਯਾਦਾ ਵਿਚ ਸਾਯੰਕਾਲ ਸੋਦਰ ਦੀ ਪਉੜੀ ਬੀ ਇਸੇ ਰਾਗ ਵਿਚ ਗਾਂਵੀ ਜਾਂਦੀ ਹੈ। ਵਿਸ਼ੇਸ਼ ਲਈ ਦੇਖੋ ਆਸਾ ਰਾਗ ਦਾ ਆਰੰਭ, ਸੰਥਯਾ ਪੋਥੀ ਪੰਜਵੀਂ ਦਾ ਪੰਨਾ ੨੧੯੫

ਵਾਰ- ਇਹ ਪਦ ਸੰਸਕ੍ਰਿਤ ਦੇ ਪਦ 'ਵਾਰ੍ਤ੍ਰਾ' ਤੋਂ ਸੰਖੇਪ ਹੋਕੇ ਬਣਿਆ ਸਹੀ ਹੁੰਦਾ ਹੈ। ਵਾਰ੍ਤ੍ਰਾ ਦਾ ਅਰਥ ਹੈ-ਖ਼ਬਰ, ਹਾਲ, ਕਿਸੇ ਹੋਏ ਵਾਕਿਆ ਬਾਬਤ ਹਾਲ, ਕਥਾ ਦਾ ਉਪਕਥਨ, ਕਥਾ ਵਾਰਤ੍ਰਾ † ।

ਪਹਿਲੇ ਪਹਿਲ ਇਹ ਪਦ ਵਾਕਿਆਤ ਦੀਆਂ ਖ਼ਬਰਾਂ, ਫੇਰ ਜੰਗਾਂ ਜੁੱਧਾਂ ਦੀਆਂ ਖ਼ਬਰਾਂ ਤੇ ਵਰਤੀਂਦਾ ਉਨ੍ਹਾਂ ਦੇ ਹਾਲਾਤ ਦੇ ਕਥਾ ਰੂਪ ਵਰਣਨ ਤੇ ਆ ਗਿਆ। ਨਸਰ ਵਿਚ ਹੋਏ ਬੀਰ ਰਸੀ ਵਾਕਯਾਤ ਨੂੰ ਸੁਣਨ ਵਾਲਿਆਂ ਨੇ ਯਾਦਦਹਾਨੀ ਲਈ ਛੰਦਾਂ ਵਿਚ ਸੰਖੇਪ ਵੇਰਵੇ ਰਚ ਲਏ, ਨਾਲ ਢੱਡ ਸਾਰੰਗੀ ਆਦਿ ਸਾਜ਼ ਲੈ ਲਏ। ਇਉਂ ਉਨ੍ਹਾਂ ਨੇ ਹੋਏ ਵਾਕਜਾਤ ਦੇ ਹਾਲ ਸੁਨਾਉਣੇ, ਵੇਰਵੇ ਦੇਣੇ ਤੇ ਵਿਚ ਵਿਚ ਰਚੇ ਛੰਦ ਗਾਉਣੇ, ਜਿਨ੍ਹਾਂ ਦੀ ਕਿ ਮਾਨੋਂ ਵ੍ਯਾਖ੍ਯਾ ਕਰ ਰਹੇ ਹਨ। ਐਸੇ ਛੰਦ ਪਉੜੀ ਕਹਿਲਾਏ, ਜੋ

---

* ਵਾਰ ਆਸਾ ਦੇ ਗਾਇਨ ਵਿਚ ਹਰ ਪਉੜੀ ਦੇ ਪਹਿਲੇ ਚੌਥੀ ਪਾਤਸ਼ਾਹੀ ਦਾ ਇਕ ਇਕ ਛਕਾ ਲਾਕੇ ਆਸਾ ਰਾਗ ਦੇ ੨੪ ਛਕੇ ਪੂਰੇ ਕੀਤੇ ਜਾਂਦੇ ਹਨ,ਪਰ ਏਹ ਛਕੇ ਵਾਰ ਦੀ ਕ੍ਰਮ ਬੰਦੀ ਵਿਚ ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਪਾਵਨ ਬੀੜ ਵਿਚ ਨਹੀਂ ਪਾਏ। ਗਾਣੇ ਦੀ ਮਰਯਾਦਾ ਪਰੰਪਰਾ ਤੋਂ ਹੈ।

† ਪਦ 'ਵਾਰ' ਜਿਸ ਦੇ ਪੰਜਾਬੀ ਅਰਥ ਹਨ ਹਮਲਾ, ਓਹੀ ਵ੍ਰਿ ਧਾਤੂ ਤੋਂ ਬਣਦਾ ਹੈ, ਜਿਸ ਦਾ ਅਰਥ ਹੈ ਰੋਕ ਕਰਨੀ ਹਮਲੇ ਨੂੰ ਨਿਵਾਰਣ ਕਰਨਾ ਆਦਿ। ਇਸ ਅਰਥ ਵਿਚ ਪਦਾਂ 'ਵਾਰ' ਰਿਗਵੇਦ (ਮੰਡਲ ੧ ਸੂਕਤ ੩੨ ਮੰਤਾਂ ੧੨) ਵਿਚ ਆਯਾ ਹੈ। ਹੋ ਸਕਦਾ ਹੈ ਕਿ ਇਹੋ ਪਦ ਹੀ ਗੀਤ ਵਾਲੇ ਅਰਥਾਂ ਵਿਚ ਕਾਲਾਂਤ੍ਰ ਅਰਥ ਵਟਾਉ ਨਾਲ ਆ ਗਿਆ ਹੋਵੇ।ਪਰ ਵਧੀਕ ਠੀਕ ਇਹੋ ਜਾਪਦਾ ਹੈ ਕਿ ਇਹੋ ਪਦ 'ਵਾਰ' ਯੁਧਮਈ ਗੀਤ' ਦੇ ਅਰਥਾਂ ਵਾਲਾ 'ਵਾਰ੍ਤ੍ਰਾ' ਪਦ ਤੋਂ ਸੰਖੇਪ ਹੋਕੇ ਬਣਿਆ ਹੈ, ਇਸ ਪਦ 'ਵਾਰ੍ਤ੍ਰਾ' ਦਾ ਧਾਤੂ ਹੈ 'ਵ੍ਰਿਤ੍ਰ' ਜਿਸ ਦਾ ਇਕ ਅਰਥ ਹੈ ਬੋਲਣਾ ਵਰਣਨ ਕਰਨਾ। ਸੰਸਕ੍ਰਿਤ 'ਵਾਰਵਾਣਿ' ਪਦ ਉੱਤਮ ਗਵੱਯੇ ਦੇ ਅਰਥਾਂ ਵਿਚ ਬੀ ਆਇਆ ਹੈ। ਹੋ ਸਕਦਾ ਹੈ 'ਵਾਰਵਾਣਿ' ਤੋਂ ਵਾਰ ਪਦ ਸੰਖਿਪਤ ਹੋਕੇ ਇਨ੍ਹਾਂ ਅਰਥਾਂ ਵਿਚ ਰਹਿ ਗਿਆ ਹੋਵੇ।

ਹਾਲਾਤ ਦਾ ਸਿਲਸਿਲਾ ਉਸ ਵਿਚ ਡੰਡਿਆਂ ਵਾਂਙੂ ਟੁਰਦਾ ਹੈ। ਪਹਿਲੋਂ ਪਹਿਲ ਇਹ ਛੰਦ ਨਿਸ਼੍ਰੇਣੀ ਛੰਦ ਵਿਚ ਸਨ 'ਨਿਸ਼੍ਰੇਣੀ' ਪਦ ਦਾ ਅਰਥ ਹੈ ਪੌੜੀ। ਇਹ ਜੁੱਧਾਂ ਜੰਗਾਂ ਦੇ ਹਾਲਾਤ ਤੇ ਸੂਰਮਿਆ ਦੀਆਂ ਬਹਾਦਰੀਆਂ ਦੇ ਯਸ਼ ਗਾਉਂਕੇ ਵਯਾਖਯਾ ਕਰਕੇ, ਵਿਚ ਪ੍ਰਮਾਣ ਤੇ ਸਿਖਯਾ ਰੂਪ ਸ਼ਲੋਕ ਲਾ ਲਾ ਕੇ ਸੁਨਾਉਣੇ ਦਾ ਰਿਵਾਜ਼ ਪਿਆ।

ਜਿਸ ਵਾਰ ਉਤੇ ਲਿਖਿਆ ਹੋਵੇ 'ਮਹਲਾ ੧', ਉਸ ਦਾ ਮਤਲਬ ਇਹ ਹੈ ਕਿ ਪਉੜੀਆਂ ਦੀ ਰਚਨਾਂ ਸਾਰੀ ਗੁਰੂ ਨਾਨਕ ਦੇਵ ਜੀ ਦੀ ਹੈ ਤੇ ਸ਼ਲੋਕ ਹੋਰ ਪਾਤਸ਼ਾਹੀਆਂ ਦੇ ਹਨ। ਹਰ ਸ਼ਲੋਕ ਉਤੇ ਉਸ ਪਾਤਸ਼ਾਹੀ ਦਾ ਮਹਲਾ ਵੱਖੋ ਵੱਖ ਲਿਖਿਆ ਹੁੰਦਾ ਹੈ।

ਢਾਢੀ ਲੋਕ ਵਾਰਾਂ ਲਾਉਂਦੇ ਜੁੱਧਾਂ ਜੰਗਾਂ ਦੇ ਹਾਲ ਵਾਰਤਕ ਵਿਚ ਸੁਣਾਉਂਦੇ, ਉਸ ਦਾ ਸੰਖੇਪ ਪਉੜੀ ਵਿਚ ਦੇਂਦੇ ਹੁੰਦੇ ਸਨ। ਵਿਚ ਵਿਚ ਸ਼ਲੋਕ ਦਿਆ ਕਰਦੇ ਸਨ, ਜਿਨ੍ਹਾਂ ਦਾ ਸੰਬੰਧ ਕਦੇ ਚਲ ਰਹੇ ਪ੍ਰਸੰਗ ਨਾਲ, ਕਦੇ ਵਯੰਗ ਨਾਲ, ਕਦੇ ਧੁਨੀ ਵਿਚ, ਕਦੇ ਉਪਦੇਸ਼ ਰੂਪ ਵਿਚ ਹੁੰਦਾ ਸੀ। ਇਸੇ ਤਰ੍ਹਾਂ ਗੁਰਬਾਣੀ ਦੀਆਂ ਵਾਰਾਂ ਵਿਚ ਸਲੋਕਾਂ ਦਾ ਸਨਬੰਧ ਪਉੜੀਆਂ ਨਾਲ ਕਿਤੇ ਸਿੱਧਾ, ਕਿਤੇ ਵਯੰਗ, ਧੁਨੀ ਆਦਿ ਨਾਲ, ਕਦੇ ਆਪਣੇ ਕਿਸੇ ਸਿੱਧਾਂਤ ਦੇ ਇਸ਼ਾਰੇ ਵਤ ਹੁੰਦਾ ਹੈ, ਪਰ ਅਕਸਰ ਵਾਰਾਂ ਤੇ ਪਉੜੀਆਂ ਦੇ ਭਾਵ ਕਿਵੇਂ ਨਾ ਕਿਵੇਂ ਢੁੱਕਵੇਂ ਹੀ ਹੁੰਦੇ ਹਨ। ਇਸ ਆਸਾ ਦੀ ਵਾਰ ਦੀ ਸੰਥਯਾ ਵਿਚ ਉਹ ਭਾਵ ਦਾ ਢੁਕਾਉ ਲੱਭ ਲੈਣ ਦਾ ਜਤਨ ਕੀਤਾ ਗਿਆ ਹੈ।

ਵਾਰਾਂ ਦੇ ਕੀਰਤਨ ਵਿਚ ਬੀ ਪਉੜੀ ਸ਼ਲੋਕਾਂ ਦੇ ਮਗਰੋਂ ਯਕਾ, ਤਿੰਨ ਤਾਲ, ਪੰਜ ਤਾਲ, ਢਾਈ ਤਾਲ ਆਦਿ ਵਿਚ ਲਾਉਂਦੇ ਹਨ, ਉਸ ਵੇਲੇ ਜੋੜੀ ਦੀ ਗਤ ਨਹੀਂ, ਪਰ ਸਾਜ਼ ਵਜਾਈਦਾ ਹੈ। ਮਗਰੋਂ ਫੇਰ ਪਉੜੀ, ਸਾਜ਼ ਬੰਦ ਕਰਕੇ, ਪਾਠ ਮਾਤ੍ਰ ਸੁਣਾਈ ਜਾਂਦੀ ਹੈ। ਪਉੜੀ ਦਾ ਵਜ਼ਨ-ਚੌਪਈ, ਹੰਸ ਗਤ, ਦੋਹਿਰਾ ਆਦਿ ਅਨੇਕ ਵਜ਼ਨਾਂ ਦਾ ਹੁੰਦਾ ਹੈ।

ਪਉੜੀ ਲਾਉਣੀ ਪੁਰਾਤਨ ਰਬਾਬੀਆਂ ਰਾਗੀਆਂ ਦਾ ਇਕ ਖਾਸ ਹੁਨਰ ਹੁੰਦਾ ਸੀ। ਹੁਣ ਕਈ ਰਾਗਾਂ ਦੀਆਂ ਪਉੜੀਆਂ, ਜੈਸਾ ਕਿ ਕਾਨੜਾ ਹੈ, ਪੁਰਾਤਨ ਰੀਤਾਂ ਅਨੁਸਾਰ ਰਾਗੀ ਨਹੀਂ ਲਾ ਸਕਦੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ੨੨ ਵਾਰਾਂ ਹਨ, ਪਰ ਉਨ੍ਹਾਂ ਦੀਆਂ ਪਉੜੀਆਂ ਦਾ ਵਜ਼ਨ ਇਕ ਨਹੀਂ, ਅਨੇਕਾਂ ਹਨ, ਸੋ ਪਉੜੀ ਇਕ ਛੰਦ ਦੀ ਚਾਲ ਦਾ ਨਾਮ ਹੈ, ਜਿਸ ਦੇ ਚਾਰ ਚਰਣ ਪੂਰੇ ਤੇ ਇਕ ਚਰਣ ਕੁਛ ਮਾਤ੍ਰਾ ਘੱਟ ਦਾ ਹੁੰਦਾ ਹੈ, ਉਂਞ ਵਾਰਾਂ ਦੀਆਂ ਪਉੜੀਆਂ ਵਿਚ ਚਰਣ ਵਧ ਘਟ ਰਚ ਲੈਣਾ ਵਿਹਤ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਵਾਰਾਂ ਵਿਚ ਪਉੜੀਆਂ ਦੇ ਆਮਤੌਰ ਤੇ ਸਮ ਮਾਤ੍ਰਾ ਦੇ ਪੰਜ ਪੰਜ ਯਾ ਅੱਠ ਅੱਠ ਚਰਨ ਹੀ ਬਹੁਤ ਕਰਕੇ ਹਨ।

ਇਹ ਸਾਰਾ ਪ੍ਰਬੰਧ 'ਵਾਰ' ਕਹਿਲਾਇਆ। ਸਹਿਜੇ ਸਹਿਜੇ ਇਸ ਪਦ ਦਾ ਪੰਜਾਬੀ ਵਿਚ ਅਰਥ ਹੋ ਗਿਆ 'ਬੀਰ ਰਸੀ ਜੋਧਿਆਂ ਦੇ ਗੁਣ ਕਥਨ ਦਾ ਗੀਤ'।

ਸ਼ੇਖ ਬ੍ਰਹਮ ਨੇ ਜਦ ਸੁਣਿਆ ਕਿ ਗੁਰੂ ਨਾਨਕ ਦੇਵ ਜੀ ਨੇ ਆਸਾ ਰਾਗ ਵਿਚ ਖੁਦਾਇ ਦੀ ਵਾਰ ਕਹੀ ਹੈ ਤਾਂ ਉਸ ਨੇ ਗੁਰੂ ਜੀ ਨੂੰ ਕਿਹਾ ਕਿ ਵਾਰ ਸੁਣਾਓ* ਮੈਂ ਦੇਖਾਂ ਕਿ ਤੁਸਾਂ ਉਸ ਵਾਰ ਵਿਚ 'ਇਕ' ਕਿਵੇਂ ਰਖਿਆ ਹੈ, ਵਾਰਤਾ 'ਦੋਹ' ਬਾਝੋਂ ਹੁੰਦੀ ਨਹੀਂ। ਇਸ ਤੋਂ ਬੀ ਪਤਾ ਲਗਾ ਕਿ ਉਸ ਸਮੇਂ ਦੇ ਯਾ ਵਧੀਕ ਸੂਰਮਿਆਂ ਦੋ ਜੁੱਧ ਦੇ ਵਰਣਨ ਨੂੰ ਵਾਰ ਆਖਦ ਸਨ।

ਗੁਰੂ ਸਾਹਿਬਾਂ ਨੇ ਵਾਰਾਂ ਕਹੀਆਂ ਜਿਨ੍ਹਾਂ ਵਿਚ ਸ਼ਾਂਤਿ ਰਸੀ ਜਤਨਾਂ ਦਾ, ਆਸੁਰੀ ਸੰਪਦਾ ਉਤੇ ਦੈਵੀ ਸੰਪਦਾ ਦੀ ਫਤੇ ਦਾ, ਤੇ ਦੈਵੀ ਸੰਪਦਾ ਦੇ ਸੁਆਮੀ ਵਾਹਿਗੁਰੂ ਦਾ ਗੁਣ ਕਥਨ ਸ਼ਾਮਲ ਕੀਤਾ ਤੇ ਸਿਖਯਾ ਉਪਦੇਸ਼ ਤੇ ਹੋਰ ਉੱਤਮ ਭਾਵਾਂ ਦੇ ਗੁਰਬਾਣੀ ਦੇ ਸ਼ਲੋਕ ਵਿਚ ਵਿਚ ਗਾਯਨ ਦੀ ਆਗਯਾ ਕੀਤੀ, ਜਿਨ੍ਹਾਂ ਦੇ ਨਾਲ ਮਿਲਣ ਨਾਲ ਉਪਰ ਕਥੇ ਭਾਵ ਪੂਰੇ ਤੇ ਸਪਸ਼ਟ ਦਿੱਸ ਪੈਂਦੇ ਹਨ।

---

* ਪੁਰਾਤਨ ਜਨਮ ਸਾਖੀ।

੧ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ

ਆਸਾ ਮਹਲਾ ੧॥ ਵਾਰ ਸਲੋਕਾ ਨਾਲਿ ਸਲੋਕ ਭੀ ਮਹਲੇ ਪਹਿਲੇ ਕੇ ਲਿਖੇ

ਇਹ ਵਾਰ ਸਲੋਕਾਂ ਸਮੇਤ ਹੈ ਤੇ ਸਲੋਕ* ਭੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹੀ (ਇਸ ਵਾਰ ਵਿਚ ਪਉੜੀ ਨਾਲ ਜੋੜਕੇ) ਲਿਖੇ ਹਨ। (ਕੁਛ ਸਲੋਕ ਪਾਤਸ਼ਾਹੀ ਦੂਸਰੀ ਦੇ ਬੀ ਹਨ)।

ਟੁੰਡੇ ਅਸਰਾਜੈ ਕੀ ਧੁਨੀ॥

ਅਸਰਾਜ † (ਨਾਮੇ) ਟੁੰਡੇ (ਰਾਜੇ) ਦੀ (ਵਾਰ ਜਿਸ) ਤਰਜ਼ (ਧਾਰਨਾ ਤੇ ਗਾਵੀਂ ਜਾਂਦੀ ਹੈ ਇਹ ਆਸਾ ਦੀ ਵਾਰ ਉਸ ਧਾਰਨਾ ਤੇ ਗਾਵਣੀ ਹੈ)।

[ਪਹਿਲੀ ਪਉੜੀ]

ਮੂਲ	ਅਰਥ
ਸਲੋਕ ਮਃ ੧ ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ ॥ ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ॥੧॥	(ਮੈਂ) ਆਪਣੇ ਗੁਰੂ ਤੋਂ ਕੁਰਬਾਨ ਹਾਂ, (ਨਾ ਕੇਵਲ ਇਕ ਵਾਰੀ) ਦਿਨ ਵਿਚ ਸੌ ਸੌ ਵਾਰੀ; ਜਿਸ (ਗੁਰੂ) ਨੇ ਮਨੁਖਾਂ ਤੋਂ ਦੇਵਤੇ ਬਣਾ ਦਿੱਤੇ ਤੇ ਬਣਾਉਂਦਿਆਂ ਚਿਰ ਬੀ ਨਾ ਲੱਗਾ ‡ ॥ ੧॥

* ਸਲੋਕ= ਛੰਦ, ਜੋ ਵਾਰਾਂ ਦੀਆਂ ਪਉੜੀਆਂ ਵਿਚ ਦਿਤੇ ਜਾਦੇ ਹਨ, ਤੇ ਉਂਞ ਬੀ ਵਾਰਾਂ ਤੋਂ ਵਧੀਕ ਵਿਚ ਹਨ। ਗੁਰਬਾਣੀ ਵਿਚ ਇਹਨਾਂ ਦਾ ਵਜ਼ਨ ਅਕਸਰ ਦੋਹੇ ਦਾ ਹੁੰਦਾ ਹੈ ਪਰ ਕਈ ਵੇਰ ਹੋਰ ਹੋਰ ਵਜ਼ਨ ਦੇ ਬੀ ਹੁੰਦੇ ਹਨ ਜੋ ਕੋਈ ੨੦ ਤੋਂ ਉਪਰ ਵਜ਼ਨ ਹਨ।

† ਦੇਰ ਹੋਈ ਅਸਰਾਜ ਦੀ ਵਾਰ ਦੇ ਵਜ਼ਨ ਦਾ ਨਮੂਨਾ ਸ਼੍ਰੀਮਾਨ ਡਾਕਟਰ ਚਰਨ ਸਿੰਘ ਜੀ ਨੇ ਖੋਜਕੇ ਲੱਭਾ ਸੀ, ਤੇ ਬਾਣੀ ਬਿਉਰੇ ਵਿਚ (ਸੰਨ ੧੯੦੨ ਈ: ਵਿਚ) ਛਾਪਿਆ ਸੀ ਤੇ ਨਾਲ ਕਥਾ ਬੀ ਦਿਤੀ ਸੀ ਜਿਸ ਤੋਂ ਅਕਸਰ ਕਈ ਜਨਾਂ ਨੇ ਲਾਭ ਉਠਾਇਆ। ਡਾਕਟਰ ਸਾਹਿਬ ਜੀ ਦੀ ਲਿਕਤ ਇਸ ਪ੍ਰਕਾਰ ਹੈ:-

ਬਚਿਤ੍ਰ ਵੀਰਜ ਰਾਜਾ ਦੀ ਨਵੀਨ ਇਸਤ੍ਰੀ ਨੇ ਮਤਰੇਏ ਪੁਤ੍ਰ ਪਰ ਪੂਰਨ ਦੀ ਮਤਰੇਈ ਮਾਂ ਵਾਂਙੂ ਊਜ ਲਾਈ ਤੇ ਰਾਜੇ ਨੇ ਜਲਾਦਾਂ ਦੇ ਹਵਾਲੇ ਕੀਤਾ, ਜਿਨ੍ਹਾਂ ਨੇ ਤਰਸ ਖਾਕੇ ਇਕ ਹਥੱ ਕੱਟਕੇ ਰਾਣੀ ਨੂੰ ਲਿਆ ਦਿਤਾ ਤੇ ਉਸ ਨੂੰ ਬਨ ਵਿਚ ਛੱਡ ਆਏ। ਦੈਵ ਗਤੀ ਨਾਲ ਉਹ ਟੁੰਡਾ ਅਸਰਾਜ ਬਚ ਰਿਹਾ ਤੇ ਹੋਰ ਥਾਂ ਦਾ ਰਾਜਾ ਹੋ ਗਿਆ ਤੇ ਇਸ ਨੇ ਆਪਣੇ ਪਿਤਾ ਨੂੰ ਭਰਾ ਦੀ ਕੈਦੋਂ ਛੁਡਾਇਆ। ਅਸਰਾਜ ਟੁੰਡੇ ਦੀ ਵਾਰ ਦਾ ਨਮੂਨਾ ਇਹ ਹੈ:-

ਭਭਕਿਉ ਸ਼ੇਰ ਸਰਦੂਲ ਰਾਇ ਰਣ ਮਾਰੂ ਵੱਜੇ।
ਖਾਨ ਸੁਲਤਾਨ ਬਡ ਸੂਰਮੇ ਵਿਚ ਰਣ ਦੇ ਗੱਜੇ।
ਖਤ ਲਿਖੇ ਟੁੰਡੇ ਅਸਰਾਜ ਨੂੰ ਪਤਸ਼ਾਹੀ ਅੱਜੇ।
ਟਿੱਕਾ ਸਾਰੰਗ ਬਾਪ ਨੇ ਭਰ ਦਿਤਾ ਲੱਜੇ।
ਫਤੇ ਪਾਇ ਅਸਰਾਜ ਜੀ ਸ਼ਾਹੀ ਘਰ ਸੱਜੇ।

‡ ਮਨੁਖ ਦੇ ਸੁਭਾਵ ਵਿਚ ਦੀ ਉਹ ਸਭਵਤਾ ਦਰਸਾਈ ਹੈ ਕਿ ਜੋ ਪਾਪ ਜੀਵਨ ਤੋਂ ਇਕ ਦਮ ਪਵਿਤ੍ਰਤਾ ਵਿਚ ਪਲਟਾ ਖਾ ਸਕਦੀ ਹੈ, ਅਤੇ ਪੂਰਨ ਗੁਰੂ ਦੀ ਉਹ ਸਕਤੀ ਦਰਸਾਈ ਹੈ ਜੋ ਜੀਵਨ ਨੂੰ ਇਕ ਦਮ ਪਲਟਾ ਦੇ ਕੇ ਪਵਿਤ੍ਰਤਾ ਵਿਚ ਸੱਟ ਦੇਂਦੀ ਹੈ। ਇਸੇ ਗੱਲ ਨੂੰ ਇਸ ਵਾਰ ਦੀ ਇਹ ਤੁਕ (ਪਉੜੀ ੧੮ ਦੀ) ਵਿਦਿਤ ਕਰਦੀ ਹੈ-'ਕਰਿ ਹੁਕਮੁ ਮਸਤਕਿ ਹਥੁ ਧਰਿ ਵਿਚਹੁ ਮਾਰਿ ਕਢੀਆ ਬੁਰਿਆਈਆ॥' ਤਤਛਿਨ ਪਲਟੇ ਬਾਬਤ ਲਿਖਿਆ ਹੈ:-

ਨਰ ਤੇ ਸੁਰ ਹੋਇ ਜਾਤ ਨਿਮਖ ਮੇ ਸਤਿਗੁਰ ਬੁਧਿ ਸਿਖਲਾਈ॥ [ਗੌਂਡ ਨਾਮਦੇਵ ਜੀ-੩]
ਪੁਨਾ:- ਰਵਿ ਪ੍ਰਗਾਸ ਰਜਨੀ ਜਥਾ ਗਤਿ ਜਾਨਤ ਸਭ ਸੰਸਾਰ॥
ਪਾਰਸ ਮਾਨੋ ਤਾਬੋ ਛੁਏ ਕਨਕ ਹੋਤ ਨਹੀ ਬਾਰ॥ [ਗਉੜੀ ਰਵਿਦਾਸ ਜੀ]

ਮਹਲਾ ੨ ॥ ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥ ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥੨॥	ਜੇ ਸੌ ਚੰਦ ਚੜ੍ਹ ਪੈਣ ਤੇ ਹਜ਼ਾਰ ਸੂਰਜ ਉਦੈ ਹੋ ਪੈਣ, ਏਡੇ (ਤ੍ਰਿੱਖੇ ਤੇ ਬਹੁਤੇ) ਚਾਨਣਾਂ ਦੇ ਹੁੰਦਿਆਂ ਬੀ ਗੁਰੂ ਤੋਂ ਬਿਨਾਂ ਘੋਰ ਹਨੇਰਾ ਰਹਿੰਦਾ ਹੈ॥ ੨॥
ਮ: ੧ ॥ ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ ॥ ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ ॥ ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ ॥ ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ ॥੩॥	ਹੇ ਨਾਨਕ ! (ਜੋ) ਗੁਰੂ ਨੂੰ ਨਹੀਂ ਚੇਤਦੇ (ਯਾਦ ਕਰਦੇ) ਤੇ ਆਪਣੇ ਮਨ ਵਿਚ (ਆਪੇ ਹੀ) ਸੁਚੇਤ (ਦਾਨੇ ਬਣੀ ਬੈਠੇ) ਹਨ, (ਖੇਤ ਸਾਂਭ ਲੈਣ ਸਮੇਂ) ਜਿਵੇਂ ਬੂਆੜ ਤਿਲ (ਦੇ ਬੂਟੇ) ਖਾਲੀ ਹੋਏ ਖੇਤ ਵਿਚ ਛੱਡ ਦਿੱਤੇ ਜਾਂਦੇ ਹਨ (ਤਿਵੇਂ ਓਹ ਸਾਈਂ ਦੀ ਸੰਭਾਲ ਵੇਲੇ ਛੱਡ ਦਿੱਤੇ ਜਾਣਗੇ)। ਕਹਿੰਦੇ ਹਨ (ਗੁਰੂ) ਨਾਨਕ ਦੇਵ ਜੀ, ਖੇਤ ਵਿਚ (ਇਕੱਲੇ) ਛੱਡੇ ਗਿਆਂ ਦਾ (ਕੋਈ) ਹੱਜ ਨਹੀਂ, (ਕਿਉਂਕਿ ਭਾਵੇਂ ਓਹ) ਵਿਚਾਰੇ ਪਏ ਫਲਦੇ ਬੀ ਹਨ ਤੇ ਫੁਲਦੇ ਬੀ ਹਨ, ਪਰ ਤਦ ਬੀ ਉਨ੍ਹਾਂ ਦੇ ਤਨ (=ਫਲੀ) ਵਿਚ ਸੁਆਹ ਹੀ (ਤਿਆਰ) ਹੁੰਦੀ ਹੈ ॥ ੩॥
ਪਉੜੀ ॥ ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ ॥ ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥	ਆਪ ਹੀ (ਨਿਰਗੁਣ ਨਿਰਾਕਾਰ ਪਰਮਾਤਮਾ) ਨੇ ਆਪ ਨੂੰ (ਸਰਗੁਣ ਰੂਪਤਾ ਵਿਚ) ਉਪਾਇਆ ਤੇ ਆਪ ਹੀ (ਉਸ) ਨੇ ਨਾਮ ਰਚਿਆ, (ਤੇ ਆਪ ਹੀ ਉਸ ਨੇ) ਦੂਜੀ (ਸ਼ੈ) ਕੁਦਰਤ ਰਚੀ, (ਇਹ ਆਪਣੇ ਤੋਂ ਭਿੰਨ ਰਚੀ, ਪਰ ਫਿਰ ਇਸ ਵਿਚ) ਆਸਣ ਲਾਕੇ ਬਹਿ ਗਿਆ* (=ਵਜਾਪਕ ਹੋ ਗਿਆ ਤੇ ਇਉਂ ਇਸ ਤੋਂ ਭਿੰਨ ਅਭਿੰਨ ਹੋਕੇ ਇਸ ਨੂੰ) ਦੇਖਣ ਤੇ ਖੁਸ਼ ਹੋਣ ਲੱਗਾ। (ਹੇ ਨਿਰਗੁਣ ਤੇ ਸਰਗੁਣ ਰੂਪ ਮਾਲਕ ! ਤੂੰ ਰਚਨਾਂ ਰਚਣ ਤੋਂ ਪਹਿਲਾਂ ਸਭ ਕੁਛ
ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ ॥	ਦਾ ਆਪਣੇ ਆਪ ਤੋਂ) ਦਾਤਾ ਹੈਂ, (ਆਪ ਹੀ ਆਪਣੀ ਦਾਤ ਤੋਂ ਇਸ ਨੂੰ ਰਚਕੇ ਇਸ ਦਾ) ਕਰਤਾ ਹੈਂ (ਅਤੇ) ਆਪ ਹੀ ਤੂੰ (ਇਸ ਦੀ ਸਥਿਤੀ ਦਾ ਕਾਰਣ ਹੋ ਰਿਹਾ ਹੈਂ, ਜੋ ਇਸ ਨੂੰ ਹਰ ਲੋੜੀਂਦੇ ਸਾਮਾਨ ਆਪ) ਤ੍ਰੁੱਠਕੇ ਦੇ ਰਿਹਾ (ਤੇ ਇਸ ਪਰ) ਪ੍ਰਸਾਦ ਬੀ ਕਰ ਰਿਹਾ ਹੈਂ (ਭਾਵ ਗੁਰੂ ਬੀ ਤੂੰ ਹੈਂ, ਪ੍ਰਸਾਦ ਕਰਕੇ ਭੈਜਲ ਤੋਂ ਤਾਰਣਹਾਰ ਬੀ ਤੂੰ ਹੈਂ। ਰਚਣਹਾਰ, ਪਾਲਣਹਾਰ ਤੇ ਪ੍ਰਸਾਦ ਦਾਤਾ ਹੋਣ ਦੇ ਨਾਲ ਤੂੰ ਸਰਬ ਸ਼ਕਤੀਮਾਨ ਤੇ ਸਰਬੱਗਜ ਬੀ ਹੈਂ,
ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ ॥ ਕਰਿ ਆਸਣੁ ਡਿਠੋ ਚਾਉ ॥੧॥	ਕਿਉਂਕਿ) ਤੂੰ ਸਭ ਕਿਸੇ ਦਾ ਜਾਣਨਹਾਰ ਹੈਂ, (ਫਿਰ ਲਯਕਰਤਾ ਬੀ ਆਪ ਹੀ ਹੈਂ, ਜਿਵੇਂ) ਦੇਂਦਾ ਹੈਂ ਜਿੰਦ ਤੇ ਸਰੀਰ (ਤਿਵੇਂ ਤੂੰ ਆਪ ਹੀ ਇਹ) ਲੈ ਲੈਂਦਾ ਹੈਂ। (ਇਹ ਸਭ ਕੁਛ ਕਰਦੇ ਹੋਇਆਂ ਤੂੰ ਨਿਰਾਲਮ ਬੈਠਾ ਹੈਂ † ਪਰ ਬੈਠਾ ਹੈਂ) ਆਸਣ ਲਾਕੇ (ਇਸੇ ਕੁਦਰਤ ਦੇ ਵਿਚ ਤੇ ਆਪਣੀ ਕੀਤੀ ਨੂੰ) ਦੇਖ ਦੇਖ ਕੇ ਖੁਸ਼ (ਹੋ ਰਿਹਾ ਹੈਂ)॥ ੧॥

* ਸਚੈ ਤਖਤੁ ਰਚਾਇਆ ਬੈਸਣ ਕਉ ਜਾਂਈ॥ [ਰਾਮਕਲੀ ਵਾਰ ਮ: ੩-੧]

† ਬੈਠਾ ਵੇਖੈ ਵਖਿ ਇਕੇਲਾ॥ [ਤਿਲੰਗ ਮਹਲਾ ੧-੫]

ਵਯਾਖਯਾ-ਪਉੜੀਆਂ ਦੀ ਵਾਰ ਪਹਿਲੋਂ ਰਚੀ ਗਈ ਤੇ ਸ਼ਲੋਕ ਮਗਰੋਂ ਚੜ੍ਹਾਏ ਗਏ। ਇਸ ਪਰ ਚਾਨਣਾ ਉਪਰ ਪੈ ਚੁਕਾ ਹੈ। ਇਸ ਪਹਿਲੀ ਪਉੜੀ ਦਾ ਭਾਵ ਹੈ ਕਿ ਇਸ ਵਿਸ਼੍ਵ ਦਾ ਮੂਲ 'ਇਕ' ਹੈ, ਜਿਸ ਇਕੋ ਵਰਗਾ ਦੂਸਰਾ ਹੈ ਨਹੀਂ। ਫਿਰ ਪ੍ਰਸ਼ਨ ਹੁੰਦਾ ਹੈ ਕਿ ਰਚਨਾ ਕਿਵੇਂ ਹੋ ਗਈ? ਉੱਤਰ:ਉਸ ਇਕ ਨੇ, ਜਿਸ ਨੂੰ ਏਥੇ 'ਆਪੀ' ਕਿਹਾ ਹੈ, ਆਪ ਨੂੰ ਸਾਜਿਆ। ਸਾਜਿਆ ਮਤਲਬ ਇਹ ਨਹੀਂ ਸੀ ਕਿ ਪਹਿਲੇ ਨਾ ਸੀ ਤੇ ਫੇਰ ਰਚਿਆ, ਪਰ ਇਹ ਕਿ ਪਹਿਲਾ ਰੰਗ ਐਸਾ ਸੀ ਜਿਸ ਨੂੰ ਨਿਰਗੁਣ ਕਹਿ ਲਈਏ, ਪਰ ਉਹ 'ਨੇਸਤੀ' ਨਹੀਂ ਸੀ ਉਹ ਅਸਤੀ ਸੀ, ਹਸਤੀ ਸੀ, ਹੋਂਦ ਸੀ। ਉਹ ਹਸਤੀ ਸਰਵੱਗ ਸੀ। ਉਸ ਨੇ ਆਪਣਾ ਸਰਗੁਣ ਸਰੂਪ ਧਾਰਿਆ। ਇਹ ਦੂਸਰਾ ਰੂਪ ਇਕ ਰੰਗ ਸੀ, ਕੋਈ ਦੂਸਰੀ ਹਸਤੀ ਨਹੀਂ ਸੀ। ਇਸ ਕਰਕੇ ਗੁਰੂ ਜੀ ਨੇ ਰਚਣਹਾਰ ਨੂੰ 'ਆਪੀ' ਕਿਹਾ ਤੇ ਜੋ ਰਚਿਆ ਉਸ ਨੂੰ 'ਆਪੁ' ਕਿਹਾ ਹੈ। ਏਹ ਵਖਰੀਆਂ ਕੋਈ ਦੋ ਹਸਤੀਆਂ ਨਹੀਂ। ਇਸ ਪਰ ਵਾਕ ਹੈ:-

ਸਰਗੁਣ ਨਿਰਗੁਣ ਥਾਪੈ ਨਾਉ॥ ਦੁਹ ਮਿਲਿ ਏਕੈ ਕੀਨੋ ਠਾਉ॥ [ਆਸਾ ਮਹਲਾ ੫-੬੮]

ਜੀਕੂੰ ਦੁਤੀਆ ਦਾ ਚੰਦ ਤੇ ਪੁੰਨਯਾਂ ਦਾ ਚੰਦ ਦੋ ਨਹੀਂ; ਚੰਦ ਇਕੋ ਦਾ ਇਕੋ ਹੈ। ਫੇਰ ਫੁਰਮਾਇਆ ਕਿ ਆਪੁ ਨੇ ਨਾਉ ਰਚਿਆ। ਨਾਉਂ ਬੀ ਸਰਗੁਣਤਾ ਵਾਙੂ ਆਪੀ ਦਾ ਹੀ ਰੂਪ ਹੈ ਤੇ ਏਕੇ ਦੀ ਗੇਣਤੀ ਵਿਚ ਹੀ ਹੈ, ਕਿਉਂਕਿ 'ਆਪੀ' ਵਾਙੂ ਆਕਾਸ਼ ਪਾਤਾਲ ਨੂੰ ਇਹਾਂ ਧਾਰਨ ਕਰ ਰਿਹਾ ਹੈ। ਏਥੇ ਗੁਰੂ ਜੀ ਕਰਤਾਰ ਦੀ ਸ਼ੁੱਧ 'ਏਕਤਾ' ਦੱਸ ਰਹੇ ਹਨ ਤੇ ਉਸ ਦੇ ਪਹਿਲੂ ਦਿਖਾ ਰਹੇ ਹਨ। ਖ਼ੁਦਾ ਤੇ ਸ਼ੈਤਾਨ ਵਾਲੀ ਦੁਐਤ ਨਹੀਂ ਦਿਖਾ ਰਹੇ*। ਹੁਣ ਕੁਦਰਤ ਜੋ ਆਪੀ ਨੇ ਰਚੀ ਉਸ ਨੂੰ 'ਦੂਜੀ' ਕਹਿ ਰਹੇ ਹਨ। ਇਸ ਕਹਿਣ ਵਿਚ ਬੀ ਦੁਐਤ ਨਹੀਂ ਦੱਸ ਰਹੇ, ਕਿਉਂਕਿ ਦੂਜੀ ਕੁਦਰਤ 'ਰਚਿਤ ਵਸਤੂ' ਹੈ ਏਕੇ ਦੀ, ਉਹ 'ਏਕੇ ਦੇ ਮੁਕਾਬਲੇ ਦੀ' ਦੂਜੀ ਨਹੀਂ ਹੋ ਸਕਦੀ। ਕਿਉਂਕਿ ਉਸ ਨੂੰ ਦੂਜੀ ਵਿਚ ਆਸਣ ਲਾਕੇ ਬੈਠਾ ਦੱਸਕੇ ਉਸ ਦਾ ਕਰਤਾ ਤੇ ਦਾਤਾ ਵਰਣਨ ਕਰ ਰਹੇ ਹਨ।

'ਨਾਮ' ਦੂਜੀ ਵਿਚ ਕਿਉਂ ਨਹੀਂ? ਉੱਤਰ: ਨਾਮ ਪਦ 'ਸ਼ਬਦ' ਦੇ ਅਰਥਾਂ ਵਿਚ ਆਯਾ ਹੈ:-

ਨਾਮ ਕੇ ਧਾਰੇ ਆਗਾਸ ਪਾਤਾਲ॥ [ਗਉੜੀ ਸੁਖਮਨੀ, ੧੬-੫]

ਪੁਨਾ-**ਨਾਮੈ ਹੀ ਤੇ ਸਭੁ ਕਿਛੁ ਹੋਆ ਬਿਨੁ ਸਤਿਗੁਰ ਨਾਮੁ ਨ ਜਾਪੈ॥** [ਸੂਹੀ ਮ: ੩ ਅਸਟ:-੧]

ਮੂਸਾਈ (ਯਹੂਦੀ), ਈਸਾਈ, ਮੁਸਲਮਾਨ ਆਦਿ ਸੈਮੇਟਿਕ ਕਹੀਦੇ ਹਨ। ਇਨ੍ਹਾਂ ਦੇ ਇਕ ਧਰਮ ਪੁਸਤਕ ਵਿਚ ਲਿਖਿਆ ਹੈ:'ਆਦਿ ਵਿਚ ਬੀ ਸ਼ਬਦ ਸੀ, ਸ਼ਬਦ ਰਬ ਦੇ ਨਾਲ ਸੀ, ਸ਼ਬਦ ਰਬ ਸੀ'। ਗੁਰੂ ਜੀ ਸ਼ੇਖ ਬ੍ਰਹਮ ਨੂੰ, ਜੋ ਸੈਮੇਟਿਕ (ਸ਼ਾਮੀ) ਮਤ ਦਾ ਪੈਰੋਕਾਰ ਹੈ, ਦੱਸ ਰਹੇ ਹਨ ਕਿ ਨਿਰਗੁਣ ਤੋਂ ਮੁਹਰੇ ਸ਼ਬਦ ਬੀ ਨਹੀਂ, ਨਾ ਨਿਰੰਕਾਰ ਤੋਂ ਸੁਤੰਤਰ ਵਸਤੂ ਹੈ। ਆਦਿ ਵਿਚ ਨਿਰਗੁਣ ਬ੍ਰਹਮ ਹੈ, ਅਪਣੇ ਸਰਗੁਣ ਰੂਪ ਨੂੰ ਬੀ ਉਹ ਆਪ ਸਾਜਦਾ ਹੈ। ਉਸ ਤੋਂ ਨਾਮ (=ਸ਼ਬਦ) ਰਚਕੇ ਉਹ ਫਿਰ ਕੁਦਰਤ ਨੂੰ ਬੀ ਆਪ ਸਾਜਦਾ ਹੈ। ਇਉਂ ਗੇਣਤੀ ਵਿਚ 'ਸਰਗੁਣਤਾ' ਤੇ ਨਾਮ='ਸ਼ਬਦ' ਏਕੇ ਦੇ ਮੰਡਲ ਦੀਆਂ ਚੀਜ਼ਾਂ ਰਹੀਆਂ। ਇਸ ਕਰਕੇ ਇਹਨਾ ਨੂੰ ਗੇਣਤੀ ਵਿਚ ਦੂਜਾ ਨਹੀਂ ਕਿਹਾ। ਕੁਦਰਤ ਨੂੰ ਦੂਜੀ ਕਿਹਾ ਹੈ ਜੋ ਆਪਣੇ ਤੋਂ ਅਲੱਗ ਕਰਕੇ ਰਚੀ ਹੈ। ਉਹ ਇਸ ਦਾ ਦੇਖਣਹਾਰ (ਦ੍ਰਿਸ਼ਟਾ) ਹੈ, ਪਰ ਦ੍ਰਿਸ਼ਟਾ ਹੋਕੇ ਇਸ ਤੋਂ ਭਿੰਨ ਬੀ ਨਹੀਂ, ਇਸ ਦੇ ਵਿਚ ਹੀ ਆਸਣ ਲਾਕੇ ਬੈਠਾ ਹੋਇਆ ਹੈ, ਤੇ ਆਪਣੀ ਕੀਤੀ (ਰਚੀ) ਨੂੰ ਦੇਖਕੇ ਅਨੰਦ ਹੋ ਰਿਹਾ ਹੈ। ਦ੍ਰਿਸ਼ਟਾ ਕਰਕੇ ਜੋ ਭਿੰਨਤਾ ਦਾ ਆਭਾਸ ਹੈ, ਵਿਚ ਵਯਾਪਕ ਹੋਣ ਕਰਕੇ ਅਭਿੰਨ ਹੈ, ਇਸ ਤਰ੍ਹਾਂ ਭਿੰਨ ਹੁੰਦਾ ਹੋਇਆ ਭਿੰਨ ਨਹੀਂ ਬੀ ਹੈ।

'ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ॥' [ਮਲਾਰ ਵਾਰ ਮਹਲਾ ੧-੨੮]

ਦਾ ਵਾਕ ਵਰਣਨ ਹੋ ਗਿਆ।

---

* ਜਦ ਇਕੋ ਦੀ ਸਾਰੀ ਰਚਨਾ ਹੈ ਤਾਂ ਹਿੰਦੂ ਮੁਸਲਮਾਨ ਦੇ ਵਿਖੇਵੇਂ ਵੈਰ ਵਾਲੀ ਦੁਐਤ ਦੀ ਗੁੰਜਾਇਸ਼ ਨਹੀਂ ਰਹਿੰਦੀ।

ਪੁਰਾਤਨ ਜਨਮਸਾਖੀ ਵਿਚ ਆਇਆ ਹੈ ਕਿ ਗੁਰੂ ਜੀ ਨੂੰ ਮਿਲਕੇ ਸ਼ੇਖ ਬ੍ਰਹਮ ਨੇ ਪੁਛਿਆ ਸੀ 'ਹਿਕ ਸਾਹਿਬ ਤੈ ਦੁਇ ਹਦੀ, ਕਿਹੜਾ ਸੇਵੀ ਕਿਹੜਾ ਰਦੀ?' ਗੁਰੂ ਜੀ ਨੇ ਉੱਤਰ ਦਿੱਤਾ ਸੀ:'ਹਿਕੋ ਸਾਹਿਬ ਹਿਕੋ ਹਦਿ। ਹਿਕੋ ਸੇਵ ਤੇ ਦੂਜਾ ਰਦਿ।' ਸ਼ੇਖ ਨੇ ਇਹ ਬੀ ਪੁੱਛਿਆ ਸੀ ਕਿ ਆਪਣੇ ਇਸ ਸ਼ਲੋਕ ਦਾ ਭਾਵ ਦੱਸੋ:-

ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ॥
ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ॥ [ਮਲਾਰ ਵਾਰ ਮ: ੧-੨੮]

ਫਿਰ ਕੁਛ ਵੀਚਾਰ ਮਗਰੋਂ ਸ਼ੇਖ ਨੇ ਕਿਹਾ ਸੀ ਕਿ 'ਇਕ ਖੁਦਾਇ ਦੀ ਵਾਰ ਸੁਣਾਇ, ਵਾਰ ਦੁਹ ਬਾਝੋਂ ਹੁੰਦੀ ਨਾਹੀਂ ਅਤੇ ਤੂੰ ਇਕੋ ਇਕ ਆਖਦਾ ਹੈਂ। ਵੇਖਾਂ ਖੁਦਾਇ ਦਾ ਸਰੀਕ ਤੂੰ ਕਵਣ ਕਰੇਸੀ?' ਇਸ ਦੇ ਉੱਤਰ ਵਿਚ ਮਰਦਾਨੇ ਰਬਾਬ ਵਜਾਇਆ ਤਾਂ ਗੁਰੂ ਨਾਨਕ ਦੇਵ ਜੀ ਨੇ ਵਾਰ ਉਚਾਰੀ। ਸੋ ਪਹਿਲੀ ਪਉੜੀ 'ਆਪੀਨੈ੍' ਵਿਚ ਇਕ ਕਰਤਾਰ ਦੱਸਿਆ, ਉਸ ਦਾ ਸਰਗੁਣ ਸਰੂਪ ਬੀ ਉਸੇ ਦੀ ਆਪਣੀ 'ਏਕਤ੍ਵ' ਦੀ ਖੇਲ ਦੱਸੀ ਤੇ 'ਨਾਮ' ਬੀ ਉਸੇ ਦੀ ਏਕਤ੍ਵ ਦੀ ਸ਼ੈ ਦੱਸੀ ਤੇ 'ਕੁਦਰਤ', ਜਿਸ ਨੂੰ ਦੂਜੀ ਕਿਹਾ, ਉਸੇ ਦੀ ਸਾਜਨਾ ਦੱਸੀ ਕਿ ਉਹ ਕ੍ਰਿਤ ਹੈ, ਕਰਤਾ ਦੇ ਮੁਕਾਬਲੇ ਦੀ ਸ਼ੈ ਨਹੀਂ। ਸ਼ੇਖ ਦੇ ਕਹਿਣ ਤੋਂ ਜਾਪਦਾ ਹੈ ਕਿ 'ਵਾਰ' ਪਦ ਉਸ ਵੇਲੇ ਦੋ ਸੂਰਮਿਆਂ ਦੇ ਮੁਕਾਬਲੇ ਦੇ ਹਾਲਾਤ ਦੀ ਵਜਾਖਜਾ ਦਾ ਨਾਉਂ ਹੁੰਦਾ ਸੀ, ਸੋ ਉਹ ਪੁੱਛਦਾ ਹੈ ਜਦ ਤੁਸਾਂ ਰੱਬ ਦੀ ਵਾਰ ਉਚਾਰੀ ਹੈ ਤਾਂ ਮੈਂ ਸੁਣਾਂ ਤੇ ਦੇਖਾਂ ਕਿ ਆਪ ਨੇ ਦੂਜਾ ਕਿਹੜਾ ਖ਼ੁਦਾਇ ਨਾਲ ਮੁਕਾਬਲਾ ਕਰਨ ਵਾਲਾ ਵਾਰ ਵਿਚ ਵਰਣਨ ਕੀਤਾ ਹੈ। ਸੋ ਪਹਿਲੀ ਪਉੜੀ ਸੁਣਕੇ ਉਸ ਨੂੰ ਪਤਾ ਲਗ ਗਿਆ ਕਿ ਗੁਰੂ ਨਾਨਕ 'ਇਕੋ ਇਕ' ਦੀ ਵਾਰ ਕਹਿ ਰਿਹਾ ਹੈ। ਦੂਜਾ ਰੱਬ ਦੇ ਟਾਕਰੇ ਤੇ ਕੋਈ ਨਹੀਂ ਦੱਸ ਰਿਹਾ।

'ਦੁਯੀ ਕੁਦਰਤਿ ਸਾਜੀਐ' ਕਹਿਣ ਵਿਚ ਉਸ ਨੂੰ 'ਕਰਤਾ' ਜਣਾਇਆ ਕੁਦਰਤ ਦਾ, ਪਰ ਵਿਚੇ ਬੈਠਾ ਦਿਖਾਇਆ ਅਰਥਾਤ ਉਹ ਰਾਜ ਵਾਂਙੂ ਘਰ ਉਸਾਰਕੇ ਵਿਦਾ ਨਹੀਂ ਹੋ ਗਿਆ, ਆਪ ਵਿਚ ਵਜਾਪਕ ਹੈ। ਇਥੇ ਜਣਾਇਆ ਕਿ ਉਹ ਇਕ ਦੇਸ਼ੀ ਨਹੀਂ ਸਰਬ ਵਜਾਪਕ ਹੈ।

'ਦਾਤਾ', 'ਕਰਤਾ', 'ਤੁਸਿ ਦੇਵਣਹਾਰ' ਤੇ 'ਪ੍ਰਸਾਦ ਕਰਤਾ' ਏਥੇ ਚਾਰ ਪਦ ਵਰਤੇ ਹਨ। 'ਦਾਤਾ' ਪਦ 'ਕਰਤਾ' ਤੋਂ ਪਹਿਲੋਂ ਵਰਤਿਆ ਹੈ ਤੇ 'ਤੁਸਿ ਦੇਵਣਹਾਰ' 'ਪ੍ਰਸਾਦ ਕਰਤਾ' ਪਿਛੋਂ ਤੇ 'ਕਰਤਾ' ਵਿਚਕਾਰ। 'ਕਰਤਾ' ਪਦ ਸੰਸਕ੍ਰਿਤ ਵਿਚ ਵਿਸ਼ੇਸ਼ ਅਰਥ 'ਨਮਿਤ ਕਾਰਣ' ਦੇ ਦਿੰਦਾ ਹੈ। ਨਮਿਤ ਕਰਤਾ ਨੂੰ ਲੋੜ ਹੁੰਦੀ ਹੈ ਕਿਸੇ ਭਿੰਨ ਸ਼ੈ ਦੀ, ਜਿਸ ਤੋਂ ਰਚੇ। ਜਿਸ ਤੋਂ ਕਰਤਾ ਰਚਦਾ ਹੈ ਉਸ ਨੂੰ 'ਉਪਾਦਾਨ ਕਾਰਣ' ਕਹਿੰਦੇ ਹਨ। ਜਿਵੇਂ ਘੁਮਿਆਰ ਨਮਿਤ ਹੈ ਤੇ ਮਿੱਟੀ ਉਪਾਦਾਨ। ਏਥੇ ਕਰਤਾ ਤੋਂ ਦਾਤਾ ਪਦ ਪਹਿਲੇ ਪਿਆ ਹੋਣ ਕਰਕੇ ਇਸ ਦਾ ਇਸ਼ਾਰਾ ਉਪਾਦਾਨ ਕਾਰਣ ਵਲ ਹੈ ਕਿ ਉਸ ਨੇ ਕਿਸੇ ਆਪਣੇ ਤੋਂ ਸੁਤੰਤ੍ਰ ਹੋਰ ਪਦਾਰਥ ਤੋਂ ਜਗਤ ਨੂੰ ਨਹੀਂ ਰਚਿਆ। ਜਿਸ ਤੋਂ ਇਹ ਜਗਤ ਰਚਿਆ ਗਿਆ ਉਸ ਦਾ ਦੇਣਹਾਰ ਬੀ ਉਹ ਆਪ ਹੀ ਹੈ। ਜਿਵੇਂ ਉਸ ਨੇ ਆਪਣੀ ਨਿਰਗੁਣਤਾ ਤੋਂ ਆਪਣੀ ਸਰਗੁਣਤਾ ਬਣਾਈ, ਜਿਵੇਂ ਸ਼ਬਦ ਦੀ ਸਾਜਨਾਂ ਆਪੇ ਤੋਂ ਹੀ ਕੀਤੀ, ਤਿਵੇਂ ਆਪੇ ਦੀ ਦਾਤ ਤੋਂ ਹੀ ਸਾਰੀ ਕੁਦਰਤ ਰਚੀ 'ਐਉਂ ਸਾਹਿਬ ਹਿਕ ਹੈ' ਵਰਣਨ ਕੀਤਾ। ਹੁਣ ਜੋ ਰਚੀ ਗਈ, ਉਹ ਅਜੀਵ ਬੀ ਹੈ ਤੇ ਸਜੀਵ ਬੀ ਹੈ, ਇਸ ਦੀ ਕਾਯਮੀ ਲਈ ਉਹ ਤ੍ਰੁੱਠ ਕੇ ਉਸ ਨੂੰ ਲੋੜੀਂਦੀਆਂ ਵਸਤੂ ਦੇਂਦਾ ਹੈ। ਭਾਵੇਹ ਕਿ ਇਸ ਰਚਨਾ ਦੀ ਸਥਿਤੀ ਦਾ ਕਾਰਣ ਬੀ ਉਸਦੀ ਅਪਣੀ ਸੁਤੰਤਰ ਇੱਛਾ (=ਕ੍ਰਿਪਾਲਤਾ) ਹੀ ਹੈ। ਆਪਣੀ ਰਚੀ ਹੋਣ ਕਰਕੇ ਇਸ ਤੇ ਤ੍ਰੁੱਠਣਾ ਤੇ ਮਿਹਰ ਕਰਨੀ ਬੀ ਉਸ ਦਾ ਆਪਣਾ ਕੰਮ ਹੈ, ਜਿਵੇਂ ਮਾਤਾ ਆਪਣੇ ਜਾਏ ਬੱਚੇ ਤੇ ਆਪ ਤ੍ਰੁੱਠਦੀ (ਪਾਲਦੀ) ਹੈ।

'ਕਰਹਿ ਪਸਾਉ' ਦਾ ਅਰਥ ਹੈ ਪ੍ਰਸਾਦ ਕਰਦਾ ਹੈ। ਪ੍ਰਸਾਦ ਕੰਮ ਗੁਰੂ ਦਾ ਹੈ। ਸੋ ਸਦੀਵ ਸ੍ਰਿਸ਼ਟੀ ਦੀ ਕਲਜਾਨ ਲਈ ਉਹ ਪ੍ਰਸਾਦ ਕਰਤਾ (ਗੁਰੂ) ਬੀ ਹੈ। ਪਦ 'ਦਾਤਾ' ਤੇ 'ਤੁਸਿ ਦੇਵਹਿ' ਤੇ 'ਕਰਹਿ

ਪਸਾਉ' ਦਾ ਇਹ ਵਿਤ੍ਰੇਕ ਹੈ।

ਅਗਲੀ ਤੁਕ ਤੋਂ ਸਾਫ ਪਤਾ ਲਗ ਜਾਂਦਾ ਹੈ ਕਿ 'ਤੁਸਿ ਦੇਵਹਿ' 'ਕਰਹਿ ਪਸਾਉ' ਜੀਵਧਾਰੀਆਂ ਸੰਬੰਧੀ ਕਹਿ ਰਹੇ ਹਨ, ਕਿਉਂਕਿ ਏਥੇ 'ਤੁਸਿ' ਤੇ 'ਪ੍ਰਸਾਦ' ਕਹਿਕੇ ਅਗਲੀ ਤੁਕ ਵਿਚ ਸਭ 'ਜੀਵਾਂ' ਦੇ ਦਿਲਾਂ ਦੀਆਂ ਜਾਣਨ ਵਾਲਾ ਦੱਸ ਰਹੇ ਹਨ। ਜਾਣਨ ਵਾਲਾ ਦੱਸਕੇ ਜਿਵੇਂ ਜਿੰਦ ਤੇ ਦੇਹ ਦਾ ਦੇਣ ਵਾਲਾ ਉਸੇ ਨੂੰ ਦੱਸਿਆ ਹੈ, ਉਸੇ ਤਰ੍ਹਾਂ ਜਿੰਦ ਤੇ ਦੇਹਾਂ ਦੇ ਲੈਣ ਵਾਲਾ ਬੀ ਉਸੇ ਨੂੰ ਦੱਸਿਆ ਹੈ।

ਵਾਹਿਗੁਰੂ ਜੀ ਨੂੰ ਦ੍ਵੈਤ ਤੋਂ ਬਿਨਾ ਇਕੋ ਇਕ ਅਪਣੇ ਸਾਰੇ ਰੂਪਾਂ, ਰੰਗਾਂ, ਖੇਲਾਂ ਦਾ ਮਾਲਕ ਕੁਦਰਤ ਦਾ ਰਚਨਹਾਰ ਦੱਸਿਆ, ਰਚਣਹਾਰ ਹੋਕੇ ਸਾਰੇ ਪਰੀਪੂਰਣ, ਅਸੰਗ, ਪਰ ਫੇਰ ਕਾਦਰ ਦੱਸਿਆ ਜੋ ਅਨੰਦ ਸਰੂਪ ਸਾਰੀ ਵਿਚ ਮੌਜੂਦ ਹੈ।

ਸ਼ਲੋਕਾਂ ਦਾ ਪਉੜੀ ਨਾਲ ਸੰਬੰਧ-ਸੋ ਵੀਚਾਰ ਹੁਣ ਇਹ ਹੈ ਕਿ ਇਸ ਪਹਿਲੀ ਪਉੜੀ ਵਿਚ ਵਿਸ਼ਯ ਹੈ ਕਰਤਾ ਪੁਰਖ ਦਾ। ਇਸ ਤੋਂ ਪਹਿਲੇ ਸ਼ਲੋਕ ਇਸ ਦੇ ਭਾਵ ਨਾਲ ਢੁੱਕਦੇ ਘੱਟ ਦਿੱਸਦੇ ਹਨ; ਗੁਰੂ ਕੀ ਗਤਿ ਗੁਰੂ ਜਾਣੇ, ਪਰ ਜਾਪਦਾ ਹੈ ਕਿ ਪਹਿਲੇ ਸ਼ਲੋਕ ਪਉੜੀਆਂ ਵਾਲੀ ਵਾਰ ਦੇ ਪੁਸਤਕ ਦੇ ਮੰਗਲਾਚਰਣ ਵਾਙੂ ਰਖੇ ਗਏ ਹਨ ਜੋ ਦੱਸਦੇ ਹਨ ਕਿ ਪਉੜੀ ਵਿਚ ਜੋ ਗਜਾਨ ਤੇ ਬ੍ਰਹਮ ਗਜਾਨ ਵਰਣਨ ਹੋਇਆ ਹੈ ਤੇ ਜੋ ਵਾਰ ਦਾ ਵਿਸ਼ਯ ਹੈ, ਉਸ ਦਾ ਗਜਾਨ ਦਾਤਾ ਗੁਰੂ ਹੈ। ਪਹਿਲੇ ਸਲੋਕ ਵਿਚ ਗੁਰੂ ਦਾ 'ਸ਼ੁਕਰੀਆ ਹੈ ਤੇ ਨਮਸਕਾਰ' ਹੈ ਜੋ ਸਦਕੇ ਹੋਣ ਤਕ ਲੈ ਗਈ ਹੈ। ਇਹ ਵਾਰ ਦਾ ਮੰਗਲਾਚਰਣ ਹੈ। ਦੂਜੇ ਸਲੋਕ ਵਿਚ ਦੂਸਰੇ ਪਾਤਸ਼ਾਹ ਨੇ ਕਾਰਣ ਦੱਸਿਆ ਹੈ ਕਿ ਕਿਉਂ ਗੁਰੂ ਤੋਂ ਸਦਕੇ ਹੋਣਾ ਹੈ। ਕਿ ਅੱਖਾਂ ਦੇ ਹਨੇਰੇ ਤਾਂ ਸੂਰਜ ਚੰਦ ਦੂਰ ਕਰਦੇ ਹਨ, ਪਰ ਮਨ ਦਾ ਅਗਜਾਨ ਰੂਪੀ ਅੰਧੇਰਾ ਗੁਰੂ ਦੂਰ ਕਰਦਾ ਹੈ, ਇਸ ਕਰਕੇ ਗਜਾਨ ਦਾਤਾ ਗੁਰੂ ਤੋਂ ਸਦਕੇ ਹਾਂ।

ਤੀਸਰਾ ਸਲੋਕ ਫੇਰ ਆਦਿ ਪਾਤਸ਼ਾਹੀ ਦਾ ਰਖਿਆ ਹੈ ਕਿ ਗੁਰੂ ਨਾਨਕ ਸਾਹਿਬ ਬੀ ਇਸ ਗਲ ਨੂੰ ਪ੍ਰਤਿਪਾਦਨ ਕਰਦੇ ਹਨ। ਇਸ ਵਿਚ ਇਕ ਤਰ੍ਹਾਂ ਗੁਰੂ ਤੋਂ ਬੇਮੁਖਾਂ, ਅਰਥਾਤ ਮਨਮੁਖਾਂ ਦਾ ਨਕਸ਼ਾ ਬੱਧਾ ਹੈ, ਤੇ ਉਹਨਾਂ ਦਾ ਅੰਤ ਦੱਸਿਆ ਹੈ। ਇਹ ਬੀ ਉਲਟਵੇਂ ਪੱਖ ਦੁਆਰਾ ਗੁਰੂ ਦੀ ਲੋੜ ਦੱਸੀ ਹੈ ਤੇ ਗੁਰੂ ਦਾ ਯਸ਼ ਕੀਤਾ ਹੈ। ਗੁਰੂ ਤੋਂ ਵੇਮੁਖਾਂ ਦੀ ਗਤੀ ਦਿਖਾਕੇ ਗੁਰੂ ਦੀ ਲੋੜ ਤੇ ਮਹਿੰਮਾ ਅਨੁਭਵ ਕਰਾਈ ਹੈ।

ਇਸ ਪਉੜੀ ਵਿਚ ਵਾਹਿਗੁਰੂ, ਉਸ ਦਾ ਸਰੂਪ, ਉਸ ਦਾ ਕਰਤਾਪਨ, ਉਸ ਦੀ ਵਜਾਪਕਤਾ ਉਸ ਦਾ ਨਾਮ, ਨਾਮ ਜ਼ਰੀਏ ਤਾਰਨਾ ਤੇ ਤ੍ਰੁੱਠਣਾ ਦੱਸਿਆ। ਸ਼ਲੋਕਾਂ ਨੇ ਇਹ ਗੱਲ ਜਣਾਈ ਕਿ ਪਉੜੀ ਵਿਚ ਕਥਿਆ ਗਜਾਨ ਮਨ ਦੀ ਮਤਿ ਨਾਲ ਨਹੀਂ ਆਉਂਦਾ। ਇਸ ਲਈ ਗੁਰਮਤਿ ਦੀ ਲੋੜ ਹੈ। ਦੇਂਦਾ ਇਹ ਬੀ ਵਾਹਿਗੁਰੂ ਹੀ ਹੈ, ਇਹ ਮਨ ਦੀ ਆਪਣੀ ਸੁਚੇਤਤਾ=ਮਨਮੁਖਤਾ ਦਾ ਕੰਮ ਨਹੀਂ, ਇਹ ਨਾਮ, ਇਹ ਗਜਾਨ ਗੁਰੂ ਦੀ ਦਾਤ ਹੈ।

ਨਿਰੁਕ੍ਤ-ਦਿਉਹਾੜੀ-ਦਿਹਾੜੀ ਵਿਚ। ਦਿਨ ਵਿਚ।

ਸਦਵਾਰ- [ਫ਼ਾ:, ਸੁਦ=ਸੌ] ਸੌਵਾਰ। ਵਾਰ- [ਹਿੰਦੀ, ਬੇਰ] ਦੇਰ ਢਿੱਲ। (ਅ) ਵਾਲੀ।

ਘੋਰ ਅੰਧਾਰ-ਹਨੇਰਾ ਘੁੱਪ। ਭਾਵ ਅਗਜਾਨ ਦਾ ਅੰਧੇਰਾ। ਮਾਣਸ-ਮਾਨੁਖ।

ਸੁਚੇਤ-ਸਿਆਣੇ। ਭਾਵ ਦਾਨੇ ਬਣਦੇ ਹਨ ਮਨ ਮਤਿ ਨਾਲ।

ਬੂਆੜ-ਤਿਲਾਂ ਦਾ ਉਹ ਬੂਟਾ ਜਿਸ ਦੀ ਫਲੀ ਵਿਚ ਤਿਲ ਨਹੀਂ ਹੁੰਦੇ। ਅਫਲ ਤਿਲ ਬੂਟਾ।

ਸੁੰਞੇ ਅੰਦਰਿ ਖੇਤ-ਸੁੰਞੇ ਖੇਤ ਅੰਦਰ। ਖਾਲੀ ਹੋਏ ਖੇਤ ਵਿਚ। [ਸੰਸ:, ਸ਼ੂਨਜ=ਖਾਲੀ, ਰੀਤਾ, ਅਭਾਵ। ਅਭਾਵ ਯੁਕ੍ਤ ਆਦਿ] ਇਸ ਦੇ ਅਰਥ ਵਾਰਾਂ ਭਾਈ ਗੁਰਦਾਸ ਵਿਚ ਖੁੱਲ੍ਹਦੇ ਹਨ:-'ਖੇਤ ਸਫਰ ਹੋਇ ਲਾਵਣੀ ਛੁਟਨ ਤਿਲ ਬੂਆੜ ਨਿਰਾਲੇ' ਤੇ ਇਸ ਦਾ ਅਰਥ ਨਿਗੁਰਿਆਂ ਉਤੇ ਲਾਕੇ ਭਾਈ ਜੀ

ਐਉਂ ਦੱਸਦੇ ਹਨ:- **ਨਿਹਫਲ ਜਨਮ ਅਕਾਰਥਾ ਹਲਤ ਪਲਤ ਹੋਵਨ ਮੁਹ ਕਾਲੇ।**
ਜਮ ਪੁਰ ਜਮ ਜੰਦਾਰ ਹਵਾਲੇ। [ਵਾਰ ੧੭-੧੬]

ਸਉ ਨਾਹ-ਦੇ ਤ੍ਰੈ ਅਰਥ ਕੀਤੇ ਜਾਂਦੇ ਹਨ, ਪਰ ਭਾਵ ਇਕੋ ਟਿਕਾਣੇ ਤੇ ਆ ਟਿਕਦਾ ਹੈ।

(ੳ) ਸਉ=ਸੌ (੧੦੦), ਨਾਹ=ਖਸਮ। ਕਿਉਂਕਿ ਗੁਰਬਾਣੀ ਵਿਚ 'ਨਾਹ' ਪਦ ਪਤੀ ਅਰਥਾਂ ਵਿਚ ਆਉਂਦਾ ਹੈ ਤੇ 'ਸਉ' ਦੇ ਗੁਰਬਾਣੀ ਵਿਚ ਕਈ ਅਰਥਾਂ ਵਿਚੋਂ ਇਕ ਅਰਥ ਹੈ (ਸੌ) ੧੦੦ ਬੀ ਹੈ। ਸੰਤ ਭਾਈ ਫਤਹਚੰਦ ਜੀ ਸੰਪ੍ਰਦਾਈ ਗਜ਼ਾਨੀ, ਇਹ ਅਰਥ ਕਰਦੇ ਹੁੰਦੇ ਸਨ ਕਿ 'ਉਹਨਾਂ ਦੇ ਫਿਰ ਸੌ ਖਸਮ ਹੁੰਦੇ ਹਨ'। ਵਿਪਰੀਤ ਲੱਛਣਾਂ ਦੇ ਨੇਮ ਅਨੁਸਾਰ 'ਸੌ ਖਸਮ ਹੋਣ' ਦਾ ਅਰਥ 'ਨਿਖਸਮੇ ਹੋਣਾ' ਹੀ ਹੈ।

(ਅ) ਦੂਸਰਾ ਸੰਪ੍ਰਦਾਈ ਅਰਥ ਹੈ ਨਿਖਸਮੇ ਹੋਣਾ। ਸਉ=ਸੁਆਮੀ, ਖਸਮ [ਫਾ:, ਸ਼ਉ=ਖਸਮ] ਨਾਹ=ਨਹੀਂ
ਪ੍ਰਮਾਣ-'**ਹਰਿ ਤਾਰਨ ਤਰਨ ਸਮ੍ਰਥ ਸਭੈ ਬਿਧਿ ਕੁਲਹ ਸਮੂਹ ਉਧਾਰਨ ਸਉ** '॥
[ਸਵਯੇ ਸ੍ਰੀ ਮੁਖ ਵਾਕ ਮਹਲਾ ੫-੮]

ਇਥੇ ਸਉ ਦਾ ਅਰਥ ਸੁਆਮੀ ਹੈ, 'ਸੌ' ਨਹੀਂ, ਕਿਉਂਕਿ 'ਸਮੂਹ' ਕਹਿਕੇ ਫੇਰ ਸੌ ਕਹਿਣਾ ਨਜੂਨੋਪਮਾ ਹੋ ਜਾਊ। ਇਸ ਤਰ੍ਹਾਂ 'ਨਾਹ' ਪਦ 'ਨਹੀਂ' ਦੇ ਅਰਥਾਂ ਵਿਚ ਬੀ ਆਯਾ ਹੈ।

ਪ੍ਰਮਾਣ-'**ਕਨਿਕ ਮਾਣਿਕ ਗਜ ਮੋਤੀਅਨ ਲਾਲਨ ਨਹ ਨਾਹ ਨਹੀ**'॥
[ਆਸਾ ਮਹਲਾ ੫-੧੪੩]

ਅਰਥਾਤ-ਸੋਨਾ, ਰਤਨ, ਹਾਥੀ ਦੇ ਸਿਰ ਵਿਚੋਂ ਨਿਕਲੇ ਮੋਤੀ ਨਹੀਂ ਨਹੀਂ, ਹਾਂ ਨਹੀਂ ਚਾਹੀਦੇ। ਸੋ 'ਸਉਨਾਹ' ਦਾ ਅਰਥ ਬਣਿਆਂ ਉਹਨਾਂ ਦਾ ਸੁਆਮੀ ਯਾ ਖਸਮ ਕੋਈ ਨਹੀਂ ਬਣਦਾ।

(ੲ) ਤੀਸਰਾ ਪੁਰਾਤਨ ਅਰਥ ਇਹ ਬੀ ਹੈ-ਸਉ=ਸੁਆਦ। ਨਾਹ=ਨਹੀਂ। ਉਹਨਾਂ ਦੇ ਫਲਨ ਫੁਲਨ ਦਾ ਕੀ ਸੁਆਦ ਹੈ, ਜਦ ਕਿ ਉਹਨਾਂ ਦੇ ਵਿਚ ਸੁਆਹ ਹੈ। ਸੌ ਖਸਮੀ ਦੇ ਜੀਵਨ ਦਾ ਕੋਈ ਹੱਜ ਨਹੀਂ, ਨਿਖਸਮੀ ਦੇ ਜੀਉਣ ਦਾ ਕੋਈ ਹੱਜ ਨਹੀਂ। ਫਲ ਫੁਲ ਕੇ ਅੰਤ ਸੁਆਹ ਪੈਣ ਵਾਲੇ ਦੇ ਵੱਧਣ ਫੁਲਣ ਦਾ ਕੋਈ ਹੱਜ ਨਹੀਂ। ਇਸ ਕਰਕੇ ਭਾਵ ਨੂੰ ਅਦਾ ਕਰਨ ਵਾਲਾ ਪਦ ਟੀਕਾ ਪਦ ਵਿਚ 'ਹਜ ਨਹੀਂ' ਵਰਤਿਆ ਗਿਆ ਹੈ। ਆਨੰਦ ਘਨ ਨੇ 'ਸਉਨਾਹ' ਦਾ ਅਰਥ ਕੀਤਾ ਸੀ, ਸੋ (ਤਿਲ) ਨਹੀਂ (ਉਹਨਾਂ ਫਲੀਆਂ ਵਿਚ)

ਜਾਣੋਈ-ਜਾਣਨਹਾਰ।

ਦੇ ਲੈਸਹਿ ਜਿੰਦੁ ਕਵਾਉ-ਜਿੰਦ ਤੇ ਸਰੀਰ ਦਿੰਦਾ ਬੀ ਆਪ ਹੈ ਤੇ ਲੈਂਦਾ ਬੀ ਆਪ ਹੈ, ਭਾਵ ਸੰਘਾਰ ਕਰਤਾ ਬੀ ਆਪ ਹੈ। [ਜਿੰਦ=ਜਾਨ। ਕਵਾ (ਕ਼ਬਾ=) ਪੁਸ਼ਾਕ। ਜਿੰਦ ਤੇ ਜਿੰਦ ਦੀ ਪੁਸ਼ਾਕ=ਸਰੀਰ] (ਅ) ਸੰਪ੍ਰਦਾ ਵਿਚ ਕਵਾਉ ਦਾ ਅਰਥ ਏਥੇ ਵਾਕ ਬੀ ਕੀਤਾ ਜਾਂਦਾ ਹੇ। ਜਿਸ ਤਰ੍ਹਾਂ 'ਕੀਤਾ ਪਸਾਉ ਏਕੋ ਕਵਾਉ' ਰਚਣ ਵੇਲੇ ਕਿਹਾ ਹੈ, ਤਿਵੇਂ ਸੰਘਾਰ ਕਰਨ ਵੇਲੇ ਲਈ ਬੀ ਕਹਿ ਰਹੇ ਹਨ 'ਦੇ ਲੈਸਹਿ ਜਿੰਦੁ ਕਵਾਓ' ਵਾਕ ਨਾਲ ਹੀ ਜਿੰਦ ਲੈ ਲੈਸੀ।

[ਪਉੜੀ ਦੂਸਰੀ]

ਮੂਲ	ਅਰਥ
ਸਲੋਕੁ ਮਃ ੧ ॥ **ਸਚੇ ਤੇਰੇ ਖੰਡ ਸਚੇ ਬ੍ਰਹਮੰਡ ॥**	(ਬਿਨੈ ਕਰਦੇ ਹਨ ਕਿ ਹੇ ਵਾਹਿਗੁਰੂ ਇਹ ਜੋ ਕੁਦਰਤ ਤੁਸਾਂ ਨੇ ਸਾਜੀ ਹੈ, ਇਸ ਵਿਚ ਜੋ ਰਚੇ ਗਏ ਸਾਮਾਨ ਦਿੱਸ ਰਹੇ ਹਨ ਓਹ ਤੇਰੇ ਰਚੇ ਹੋਏ ਹੋਣ ਕਰਕੇ ਤੇ ਤੇਰੇ ਆਸ਼ਰੇ ਕਾਯਮ ਹੋਣ ਕਰਕੇ ਸਚੇ ਹਨ, ਹੁਣ ਵੇਰਵਾ ਐਉਂ ਦੱਸਦੇ ਹਨ:-ਏਹ ਸ੍ਰਿਸ਼ਟੀ ਦੇ) ਖੰਡ

ਸਚੇ ਤੇਰੇ ਲੋਅ ਸਚੇ ਆਕਾਰ ॥
ਸਚੇ ਤੇਰੇ ਕਰਣੇ ਸਰਬ ਬੀਚਾਰ ॥
ਸਚਾ ਤੇਰਾ ਅਮਰੁ ਸਚਾ ਦੀਬਾਣੁ ॥
ਸਚਾ ਤੇਰਾ ਹੁਕਮੁ ਸਚਾ ਫੁਰਮਾਣੁ ॥

ਸਚਾ ਤੇਰਾ ਕਰਮੁ ਸਚਾ ਨੀਸਾਣੁ ॥
ਸਚੇ ਤੁਧੁ ਆਖਹਿ ਲਖ ਕਰੋੜਿ ॥
ਸਚੈ ਸਭਿ ਤਾਣਿ ਸਚੈ ਸਭਿ ਜੋਰਿ ॥
ਸਚੀ ਤੇਰੀ ਸਿਫਤਿ ਸਚੀ ਸਾਲਾਹ॥ ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ ॥

ਨਾਨਕ ਸਚੁ ਧਿਆਇਨਿ ਸਚੁ ॥ ਜੋ ਮਰਿ ਜੰਮੇ ਸੁ ਕਚੁ ਨਿਕਚੁ ॥੧॥

ਤੇਰੇ (ਰਚੇ ਹੋਏ ਹਨ ਸੋ) ਸੱਚੇ ਹਨ (ਤੇ ਤੇਰੇ) ਬ੍ਰਹਮੰਡ (ਬੀ) ਸੱਚੇ ਹਨ, (ਹਾਂ, ਏਹ) ਤੇਰੇ ਲੋਕ ਸੱਚੇ ਹਨ (ਤੇ ਇਨ੍ਹਾਂ ਵਿਚ ਦੇ ਸਾਰੇ) ਆਕਾਰ (ਵਾਲੇ ਬੀ) ਸੱਚੇ ਹਨ। (ਕਿਉਂਕਿ) ਤੇਰੇ (ਓਹ) ਸਾਰੇ ਵੀਚਾਰ (ਜਿਨ੍ਹਾਂ ਨਾਲ ਤੂੰ ਏਹ ਸਾਰੇ ਕੌਤਕ ਕੀਤੇ ਹਨ ਸਚੇ ਹਨ ਸੋ ਤੇਰੇ ਏਹ) ਕੀਤੇ ਹੋਏ (ਬੀ ਸਭ) ਸਚੇ ਹਨ। ਤੇਰਾ ਦਰਬਾਰ ਸਚਾ ਹੈ (ਤੇ ਅਪਣੀ ਰਚੀ ਨੂੰ ਪ੍ਰਬੰਧ ਵਿਚ ਤੋਰਨ ਲਈ ਤੇਰਾ) ਅਮਰ (ਬੀ) ਸੱਚਾ ਹੈ। ਤੇਰਾ ਹੁਕਮ (ਬੀ) ਸੱਚਾ ਹੈ, (ਤੇਰਾ) ਫੁਰਮਾਣ (ਬੀ) ਸੱਚਾ ਹੈ। (ਜੀਵਾਂ ਤੇ ਤੇਰਾ ਪ੍ਰਸਾਦਿ ਅਰਥਾਤ) ਤੇਰਾ ਫ਼ਜ਼ਲ ਸੱਚਾ ਹੈ, (ਇਹੋ) ਨਿਸ਼ਾਨ ਸੱਚਾ ਹੈ, (ਜਿਸ ਨਾਲ ਜੀਵਾਂ ਨੇ ਬਚਣਾ ਹੈ)। (ਓਹ) ਲੱਖਾਂ ਕ੍ਰੋੜਾਂ (ਬੀ) ਸੱਚੇ ਹਨ (ਜੋ) ਤੈਨੂੰ ਆਖਦੇ (=ਸਿਮਰਦੇ) ਹਨ। (ਏਹ) ਸਾਰੇ ਹੀ ਸੱਚੇ ਹਨ, (ਪਰ ਤੇਰੇ) ਤਾਣ ਕਰਕੇ ਤੇ ਸਾਰੇ ਹੀ ਸੱਚੇ ਹਨ (ਤੇਰੇ) ਜ਼ੋਰ ਕਰਕੇ। (ਹੇ ਕਰਤਾ !) ਤੇਰੀ ਸਿਫਤ ਸੱਚੀ ਹੈ ਤੇ (ਤੇਰੀ) ਸਲਾਹ ਸੱਚੀ ਹੈ। (ਐਉਂ ਹੇ) ਸੱਚੇ ਪਾਤਸ਼ਾਹ ! ਤੇਰੀ ਕੁਦਰਤ (ਬੀ) ਸੱਚੀ ਹੈ। (ਏਹ ਸਾਰੇ ਸੱਚ ਦੇ ਜ਼ੋਰ ਤੇ ਤਾਣ ਆਸ਼੍ਰਿਤ ਹੋਣ ਕਰਕੇ ਸੱਚੇ ਹਨ, ਪਰ ਇਨ੍ਹਾਂ ਸਚਿਆਂ ਦਾ 'ਆਧਾਰ ਸਚ' ਯਾ ਸਚ ਦਾ ਸਚ ਤੂੰ ਆਪ ਹੈਂ)। ਹੇ ਨਾਨਕ ! (ਜੋ ਇਸ) ਸਚ ਨੂੰ ਧਿਆਉਂਦੇ ਹਨ (ਓਹ ਇਸ) ਸਚ (ਨੂੰ ਪ੍ਰਾਪਤ ਹੋਕੇ ਸਤਜ ਸਰੂਪ ਹੋ ਜਾਂਦੇ ਹਨ; ਪਰ) ਜੋ ਮਰਨ ਜੰਮਣ (ਵਾਲੇ ਆਧੇਯ ਰੂਪ ਸਚ ਵਿਚ ਹੈਨ ਅਤੇ ਆਪ ਨੂੰ ਆਧਾਰ ਰੂਪ ਸੱਚ ਮੰਨ ਰਹੇ ਹਨ ਓਹ ਕਚਿਆਂ ਤੋਂ ਬੀ ਕੱਚੇ ਹਨ (ਕਿਉਂਕਿ ਉਹਨਾਂ ਦੀ ਮਨਉਤ ਅਸਤਿ ਹੈ)॥ ੧॥

ਵਜਾਖਜਾ-ਇਹ ਸ਼ਲੋਕ ਪਉੜੀ ਵਿਚ 'ਇਕ' ਦੇ ਆਏ ਭਾਵ ਨੂੰ ਸਪਸ਼ਟ ਕਰਨੇ ਲਈ ਇਕ ਪ੍ਰਮਾਣ ਹੈ ਕਿ ਕੁਦਰਤ ਦੇ, ਦੂਜੀ ਹੁੰਦੇ ਹੋਇਆਂ ਬੀ ਉਹ 'ਸੁਤੰਤਰ ਦੂਜੀ' ਨਹੀਂ ਹੈ, ਕਿਉਂਕਿ ਉਹ ਉਸ 'ਸਚ ਦੇ ਸਚ-ਸਦਾ ਸਚ' ਦੀ ਰਚੀ ਹੋਈ ਤੇ ਉਸ ਦੇ ਆਸਰੇ ਕਾਯਮ ਹੈ।

ਸਭ ਪਦਾਰਥਾਂ ਨੂੰ 'ਤੇਰੇ, ਤੇਰਾ, ਤੇਰੀ' ਕਹਿਕੇ ਸੱਚੇ ਕਿਹਾ ਹੈ। ਅੱਠਵੀਂ ਤੁਕ ਵਿਚ ਫੁਰਮਾਇਆ ਹੈ- '*ਸਚੇ ਸਭਿ ਤਾਣਿ ਸਚੇ ਸਭਿ ਜੋਰਿ*', ਅਰਥਾਤ ਸਾਰੇ ਸਚੇ ਹਨ ਤੇਰੇ ਤਾਣ ਕਰਕੇ ਤੇ ਤੇਰੇ ਜ਼ੋਰ ਕਰਕੇ। ਭਾਵ ਇਹ ਹੈ ਕਿ ਤੂੰ ਜੋ 'ਸੱਚ' ਹੈਂ ਤੇਰੇ ਹੋਣ ਕਰਕੇ ਤੇ ਤੇਰੇ ਤਾਣ ਦੇ ਜ਼ੋਰ ਦੇ ਆਸਰੇ ਕਾਯਮ ਹੋਣ ਕਰਕੇ ਸਾਰੇ ਸੱਚੇ ਹਨ।

ਇਹ ਸ਼ਲੋਕ ਕਿਸ ਪਰਥਾਇ ਰਚਿਆ ਗਿਆ? ਇਸ ਦੇ ਭਾਵ ਤੋਂ ਐਉਂ ਪ੍ਰਤੀਤ ਦੇਂਦਾ ਹੈ ਕਿ ਕੋਈ ਵਾਚਯ ਗਿਆਨੀ ਆਪਣੇ ਆਪ ਨੂੰ 'ਸੱਤਜ ਸਰੂਪ' ਕਹਿ ਰਿਹਾ ਹੈ ਤੇ ਉਪਨਿਖ੍ਧ ਦਾ ਇਹ ਖਿਆਲ ਪੇਸ਼ ਕਰ ਰਿਹਾ ਹੈ:-

ਜਿਵੇਂ ਡੌਰਾ ਆਪਣੇ ਫੈਲਾਏ ਜਾਲ ਦੀਆਂ ਤਾਰਾਂ ਵਿਚ ਵਿਚਰਦਾ ਹੈ, ਜਿਵੇਂ ਅਗਨੀ ਤੋਂ ਨਿੱਕੀਆਂ ਚੰਗਿਆੜੀਆਂ ਉਠਦੀਆਂ ਹਨ, ਇਸੀ ਤਰ੍ਹਾਂ (ਆਤਮ=) ਬ੍ਰਹਮ ਤੋਂ ਸਾਰੇ ਇੰਦ੍ਰਯ, ਸਾਰੇ ਲੋਕ, ਸਾਰੇ ਦੇਵਤਾ, ਸਾਰੇ ਪ੍ਰਾਣਧਾਰੀ (ਅਥਵਾ ਮਹਾਂ ਭੂਤ) ਨਿਕਲਦੇ ਹਨ। ਉਸ ਦਾ ਨਾਮ ਹੈ 'ਸਚ' ਦਾ

'ਸੱਚ', ਇਸੀ ਤਰ੍ਹਾਂ ਨਿਸਚੇ ਕਰਕੇ ਇਹ ਇੰਦ੍ਰਯ ਸਚੇ ਹਨ। ਪਰ ਇਨ੍ਹਾਂ ਸਾਰਿਆਂ ਵਿਚ (ਬ੍ਰਹਮ) 'ਸਚ' ਹੈ।

[ਬ੍ਰਿਹਦਾ: ਉਪ: ਅਧਯਾਯ ੨, ਬ੍ਰਹਮ:੧-੨੦

ਗੁਰੂ ਸਾਹਿਬ ਉਸ ਵਾਚਜ ਗਜਾਨੀ ਨੂੰ ਸਮੋਧ ਕਰਦੇ ਹੋਏ ਸਾਰੇ ਰਚੇ ਹੋਏ ਸਾਮਾਨ, ਸਾਰੇ ਸਾਈਂ ਸੰਬੰਧੀ ਮਾਮਲੇ ਗਿਣਕੇ ਕਹਿੰਦੇ ਹਨ ਕਿ ਇਹ ਸਾਰੇ ਸੱਚੇ ਹਨ, ਕਿਉਂਕਿ ਉਸ ਸਚੇ ਪਾਤਸ਼ਾਹ ਦੇ ਤਾਣ ਤੇ ਜ਼ੋਰ ਦੇ ਆਸ਼੍ਰਿਤ ਕਾਯਮ ਹਨ. ਪਰ ਨਿਸ਼ਚੇ ਜਾਣ ਕਿ 'ਸਚ ਦਾ ਸਚ' ਸਾਰੇ ਸਚਿਆਂ ਦਾ ਆਧਾਰ ਰੂਪ ਸਚ ਉਹ ਆਪ ਹੈ*। ਬਾਕੀ ਰਿਹਾ ਤੂੰ ਸੋ ਤੂੰ ਕੱਚਿਆਂ ਤੋਂ ਕੱਚਾ ਹੈਂ, ਕਿਉਂਕਿ 'ਸਤਯ ਸਰੂਪ' ਉਹ ਹੋ ਸਕਦਾ ਹੈ ਜੋ ਉਸ 'ਸਚ ਦੇ ਸਚ' ਨੂੰ ਪ੍ਰਾਪਤ ਹੋ ਚੁਕਾ ਹੈ। ਪ੍ਰਾਪਤ ਉਹ ਕਹੀਦਾ ਹੈ ਜੋ ਸੱਚੇ ਦੀ ਧਾਰਨਾ ਵਿਚ ਰਹਿੰਦਾ ਹੈ। ਉਸ ਅਮਰ ਪਦ ਤੋਂ ਉਰੇ ਰਿਹਾ ਜੀਵ ਜੋ ਅਜੇ ਜੰਮਣ ਮਰਨ ਦੇ ਗੇੜ ਵਿਚ ਹੈ ਅਤੇ ਜੋ ਆਪ ਨੂੰ 'ਸਤਯ ਸਰੂਪ' ਕਹਿ ਰਹਿਾ ਹੈ, ਨਿਸ਼ਚੇ ਕੱਚਾ ਹੈ ਕਿਉਂਕਿ ਉਸ ਦੀ ਮਨਉਤ ਅਸਤਿ ਹੈ।

ਪ੍ਰਾਕ੍ਥਨ-ਪਿਛਲੇ ਸਲੋਕ ਵਿਚ ਵਾਹਿਗੁਰੂ ਜੀ ਨੂੰ ਸੱਚਾ ਪਾਤਸ਼ਾਹ ਕਿਹਾ ਹੈ, ਇਸ ਸ਼ਲੋਕ ਵਿਚ ਸੱਚੇ ਪਾਤਸ਼ਾਹ ਦੇ ਨਾਮ, ਗੁਣ, ਜ਼ਾਤ ਤੇ ਕਰਮ ਨੂੰ ਵਿਸ਼ੇਸ਼ ਵਰਣਨ ਕੀਤਾ ਹੈ ਕਿ ਉਸ ਸੱਚੇ ਪਾਤਸ਼ਾਹ ਦੀਆਂ ਇਹ ਚਾਰੇ ਚੀਜ਼ਾਂ ਸੰਪੂਰਨ ਹਨ, ਜਿਹੜੀਆਂ ਸੰਸਾਰਕ ਪਾਤਸ਼ਾਹਾਂ ਵਿਚ ਊਰੀਆਂ ਰਹਿ ਜਾਂਦੀਆਂ ਹਨ।

ਮੂਲ	ਅਰਥ
ਮਃ ੧ ॥ ਵਡੀ ਵਡਿਆਈ ਜਾ ਵਡਾ ਨਾਉ ॥ ਵਡੀ ਵਡਿਆਈ ਜਾ ਸਚੁ ਨਿਆਉ ॥ ਵਡੀ ਵਡਿਆਈ ਜਾ ਨਿਹਚਲ ਥਾਉ ॥ ਵਡੀ ਵਡਿਆਈ ਜਾਣੈ ਆਲਾਉ ॥ ਵਡੀ ਵਡਿਆਈ ਬੁਝੈ ਸਭਿ ਭਾਉ ॥	(ਉਸ ਰਚਣਹਾਰ ਦੀ) ਵਡਿਆਈ ਵੱਡੀ ਹੈ, ਕਿਉਂਕਿ (ਉਸ ਦਾ) ਨਾਮ ਵੱਡਾ ਹੈ †, (ਨਾਮ ਵੱਡਾ ਇਸ ਕਰਕੇ ਹੈ ਕਿ ਜੀਵਾਂ ਨੂੰ ਸਾਈਂ ਨਾਲ ਮੇਲ ਦੇਂਦਾ ਹੈ। ਫਿਰ ਉਸ ਦੀ) ਵਡਿਆਈ (ਇਸ ਕਰਕੇ ਬੀ) ਵੱਡੀ ਹੈ ਕਿ (ਉਸ ਦਾ) ਨਿਆਉਂ ਸੱਚਾ ਹੈ ‡। (ਉਸ ਦੀ) ਵਡਿਆਈ ਵੱਡੀ ਹੈ ਕਿ (ਉਸ ਦਾ) ਆਸਣ ਅਟੱਲ ਹੈ § । (ਫਿਰ ਉਸ ਦੀ) ਵਡਿਆਈ ਵੱਡੀ ਹੈ ਕਿ (ਉਹ ਸਭ ਦੇ) ਬੋਲਣ ਨੂੰ ਸਮਝਦਾ ਹੈ। (ਨਾ ਕੇਵਲ ਬੋਲਣ ਨੂੰ ਸਗੋਂ ਉਹ) ਸਭਨਾਂ ਦੇ (ਦਿਲਾਂ ਦੇ) ਭਾਵ (ਮਾਤ੍ਰ) ਨੂੰ (ਬੀ) ਬੁੱਝ ਲੈਂਦਾ ਹੈ [], (ਇਹ ਉਸ ਤੋਂ ਭੀ) ਵੱਡੀ ਵਡਿਆਈ ਹੈ। (ਨਾਉਂ,

* ਇਸ ਸਲੋਕ ਵਿਚ 'ਸਚ' ਕੇਵਲ ਅਕਾਲ ਪੁਰਖ ਨੂੰ ਕਿਹਾ ਹੈ, ਬਾਕੀ ਸਾਰਿਆਂ ਨੂੰ ਸਚਾ, ਸਚੀ। ਸਚੇ, ਸਚੈ ਪਦ ਨਾਲ ਯਾਦ ਕੀਤਾ ਹੈ, ਜੋ ਵਿਸ਼ੇਸ਼ਣ ਹਨ। ਸਚ ਦਾ ਭਾਵ 'ਸਤਯ ਦਾ ਸਤਯ', 'ਕਾਯਮ ਬਿਲਜ਼ਾਤ' ਸਾਰੇ ਸਚਾਂ ਦਾ 'ਆਧਾਰ ਰੂਪ ਸਚ' ਹੈ:-

ਯਥਾ:-ਸਤਿ ਸਤਿ ਸਤਿ ਪ੍ਰਭੁ ਸੋਈ॥ ਸਦਾ ਸਦਾ ਸਦ ਆਪੇ ਹੋਈ॥ [ਮਾਝ ਮਹਲਾ ੫-੩੩]

† ਨਾਮ ਤੁਲਿ ਕਛੁ ਅਵਰੁ ਨ ਹੋਇ॥ [ਗਉੜੀ ਸੁਖਮਨੀ-੨-੮]

ਤਥਾ-ਵਡਾ ਸਾਹਿਬੁ ਊਚਾ ਥਾਉ॥ ਊਚੇ ਉਪਰਿ ਊਚਾ ਨਾਉ॥ [ਜਪੁਜੀ-੨੪]

‡ ਹਰਿ ਕੀ ਵਡਿਆਈ ਵਡੀ ਹੈ ਜਾ ਨਿਆਉ ਹੈ ਧਰਮ ਕਾ॥ [ਵਾਰ ਸਿਰੀ ਰਾਗੁ ਮ: ੪-੬]

ਪੁਨਾ-ਹਰਿ ਕਾ ਏਕੁ ਅਚੰਭਉ ਦੇਖਿਆ ਮੇਰੇ ਲਾਲ ਜੀਉ ਜੋ ਕਰੇ ਸੁ ਧਰਮ ਨਿਆਏ ਰਾਮ॥

[ਬਿਹਾਗੜਾ ਮ: ੫, ਛੰਤ-੧]

ਭਾਵ ਕਿਸੇ ਦੀ ਹੱਕ ਤਲਫੀ ਨਹੀਂ ਹੁੰਦੀ।

§ ਨਿਹਚਲ ਮਹਲੁ ਨਹੀ ਛਾਇਆ ਮਾਇਆ॥ [ਗਉੜੀ ਮ: ੧, ਅਸਟ:-੧੫]

[] ਅਨਬੋਲੇ ਕਉ ਤੁਹੀ ਪਛਾਨਹਿ ਜੋ ਜੀਅਨ ਮਹਿ ਹੋਤਾ॥ [ਬਿਲਾਵਲ ਮਹਲਾ ੫-੯੪]

ਪੁਨਾ-ਘਟ ਘਟ ਕੇ ਪਟ ਪਟ ਕੀ ਜਾਨਤਿ॥ [ਬੇਨਤੀ ਚਉਪਈ, ਪਾ: ੧੦]

ਵਡੀ ਵਡਿਆਈ ਜਾ ਪੁਛਿ ਨ ਦਾਤਿ॥

ਵਡੀ ਵਡਿਆਈ ਜਾ ਆਪੇ ਆਪਿ॥

ਨਾਨਕ ਕਾਰ ਨ ਕਥਨੀ ਜਾਇ॥ ਕੀਤਾ ਕਰਣਾ ਸਰਬ ਰਜਾਇ ॥੨॥

ਨਿਆਉਂ ਅਟੱਲਤਾ ਤੇ ਅੰਤਰਯਾਮਤਾ ਦੇ ਪੱਖ ਦੱਸਕੇ ਹੁਣ ਬਖਸ਼ਿਸ਼ ਦੇ ਪੱਖ ਤੋਂ ਵਡਿੱਤ ਦੱਸਦੇ ਹਨ:) ਬਖਸ਼ਿਸ਼ (ਕਰਨੀ ਹੋਵੇ) ਤਾਂ (ਓਹ ਕਿਸੇ ਨੂੰ) ਪੁੱਛਕੇ ਨਹੀਂ ਕਰਦਾ (ਇਹ ਇਕ ਹੋਰ ਉਸ ਦੀ) ਵਡਿਆਈ ਦੀ ਵਡਿੱਤ ਹੈ*। (ਨਿਆਇ ਤੇ ਬਖਸ਼ਿਸ਼ ਦੀਆਂ ਅਦੁਤੀ ਸਿਫਤਾਂ ਕਰਕੇ ਵਡਿੱਤ ਦੱਸਦੇ ਹੋਏ ਹੁਣ ਉਸ ਦੀ ਜ਼ਾਤ ਦੀ) ਵਡਿੱਤ (ਦੱਸਦੇ ਹਨ ਕਿ ਉਹ ਇਸ ਕਰਕੇ) ਵੱਡਾ ਹੈ ਕਿ ਉਹ ਆਪੇ ਆਪ ਹੈ † (ਭਾਵੇਂ ਕਿ ਸਿਫਾਤੀ ਤੌਰ ਤੇ ਜਿਵੇਂ ਵੱਡਾ ਹੈ ਜ਼ਾਤੀ ਤੌਰ ਤੇ ਬੀ ਵੱਡਾ ਹੈ, ਉਹ ਕਾਯਮ ਬਿਲਜ਼ਾਤ ਹੈ)। ਹੇ ਨਾਨਕ ! (ਉਸ ਵੱਡੇ ਦੀ) ਕਾਰ ਦਾ ਵਰਣਨ ਨਹੀਂ ਹੋ ਸਕਦਾ। ਜੋ (ਉਸ ਨੇ) ਕੀਤਾ ਹੈ (ਤੇ ਜੋ ਉਸ ਨੇ) ਕਰਨਾ ਹੈ ਸਭ (ਉਸ ਦੀ ਆਪਣੀ) ਰਜ਼ਾ (=ਮਰਜ਼ੀ) ਦੇ ਅਧੀਨ ਹੈ ‡ ॥ ੨॥

'ਸਰਬ ਰਜਾਇ' ਅਰਥਾਤ 'ਹੁਕਮ' ਪਰ ਦੂਸਰੇ ਸਤਿਗੁਰਾਂ ਦਾ ਸ਼ਲੋਕ ਆਇਆ:-

ਮਹਲਾ ੨ ॥ ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥

ਇਕਨ੍ਹਾ ਹੁਕਮਿ ਸਮਾਇ ਲਏ ਇਕਨ੍ਹਾ ਹੁਕਮੇ ਕਰੇ ਵਿਣਾਸੁ ॥

ਇਕਨ੍ਹਾ ਭਾਣੈ ਕਢਿ ਲਏ ਇਕਨ੍ਹਾ ਮਾਇਆ ਵਿਚਿ ਨਿਵਾਸੁ ॥ ਏਵ ਭਿ ਆਖਿ ਨ ਜਾਪਈ ਜਿ ਕਿਸੈ ਆਣੇ ਰਾਸਿ ॥ ਨਾਨਕ ਗੁਰਮੁਖਿ ਜਾਣੀਐ ਜਾ ਕਉ ਆਪਿ ਕਰੇ ਪਰਗਾਸੁ ॥੩॥

ਇਹ ਸੰਸਾਰ (ਉਸ) ਸੱਚੇ (ਵਾਹਿਗੁਰੂ ਦੇ ਵੱਸਣ) ਦੀ (ਮਾਨੋ ਇਕ) ਕੋਠੜੀ ਹੈ, (ਜਿਸ) ਵਿਚ (ਕਿ ਉਸ) ਸੱਚੇ ਦਾ ਵਾਸਾ ਹੈ। (ਇਸ ਵਿਚ ਉਹ 'ਮੱਠ ਵਿਚ ਆਕਾਸ਼' ਵਤ ਨਹੀਂ ਵੱਸ ਰਿਹਾ, ਪਰ ਕਾਦਰ ਹੋਕੇ ਵੱਸ ਰਿਹਾ ਹੈ § ਤੇ ਆਪਣੀ ਰਚੀ (ਕੁਦਰਤ ਵਿਚ ਉਹ) ਇਕਨਾਂ (ਜੀਆਂ ਨੂੰ (ਆਪਣੇ) ਹੁਕਮ ਨਾਲ (ਆਪਣੇ ਵਿਚ) ਮੇਲ ਲੈਂਦਾ ਹੈ (ਤੇ) ਬਾਜ਼ਿਆਂ ਨੂੰ (ਆਪਣੇ) ਹੁਕਮ ਨਾਲ ਹੀ ਵਿਨਾਸ ਕਰ ਦੇਂਦਾ ਹੈ। ਕਈਆਂ ਨੂੰ (ਉਹ ਆਪਣੇ) ਭਾਣੇ ਨਾਲ (ਮਾਇਆ ਵਿਚੋਂ) ਕੱਢ ਲੈਂਦਾ ਹੈ (ਤੇ) ਇਕਨਾਂ ਨੂੰ ਮਾਇਆ ਵਿਚ ਵਾਸਾ (ਦੇਈ ਰਖਦਾ ਹੈ, ਭਾਵ ਉਹ ਮਾਇਆ ਵਿਚੋਂ ਨਹੀਂ ਨਿਕਲਦੇ)। ਇਹ ਭੀ ਪਤਾ ਨਹੀਂ ਲਗਦਾ (ਤੇ) ਕਿਹਾ ਨਹੀਂ ਜਾ ਸਕਦਾ (ਕਿ ਘਾਲ ਕਰ ਰਹੇ) ਕਿਸ (ਘਾਲੀ ਦੀ ਘਾਲ) ਨੂੰ (ਉਹ) ਰਾਸ ਲੈ ਆਵੇਗਾ। (ਪਰ) ਹੇ ਨਾਨਕ ! ਜਿਸ ਉਤੇ ਉਹ ਆਪ ਪ੍ਰਕਾਸ਼ (ਆਤਮ ਚਾਨਣਾ) ਪਾ ਦੇਵੇ (ਉਸ ਨੂੰ) ਗੁਰਮੁਖ ਜਾਣ ਲਈਦਾ ਹੈ॥ ੩॥

ਵਯਾਖਯਾ-ਸ੍ਰੀ ਗੁਰੂ ਅੰਗਦ ਦੇਵ ਜੀ ਨੇ ਕੋਠੜੀ ਦਾ ਰੂਪਕ ਵਰਤਕੇ ਜੋ ਸਾਹਿਤਕ ਤਸਵੀਰ ਇਸ ਅੰਕ ਵਿਚ ਖਿੱਚੀ ਹੈ ਇਸ ਦੇ ਭਾਵ ਦੀ ਉਹ ਤਸਵੀਰ ਹੀ ਕੁੰਜੀ ਹੈ। ਜਗਤ ਦੀ ਹੈਸੀਅਤ ਇਕ ਕੋਠੜੀ ਮਾਤ੍ਰ ਹੈ, ਜੋ ਆਪ ਤਾਂ ਮਾਲਕ ਦੇ ਬਣਾਏ ਨਿਯਮਾਂ ਵਿਚ ਬੱਧੀ ਹੈ, ਪਰ ਮਾਲਕ ਨੂੰ ਆਪਣੇ

* ਹਰਿ ਜੋ ਕਿਛੁ ਕਰੇ ਸੁ ਆਪੇ ਆਪੇ ਓਹੁ ਪੂਛਿ ਨ ਕਿਸੈ ਕਰੇ ਬੀਚਾਰਿ॥ [ਭੈਰਉ ਮਹਲਾ ੪-੫]

† ਆਪੇ ਆਪਿ ਨਿਰੰਜਨੁ ਸੋਇ॥ [ਜਪੁਜੀ-੫]

‡ ਜੋ ਕਿਛੁ ਕਰਣਾ ਸੋ ਕਰਿ ਰਹਿਆ ਕੀਤੇ ਕਿਆ ਚਤੁਰਾਈ॥ [ਆਸਾ ਮ: ੧-੩੯]

ਕਰਤਾਰ ਪੂਰਨ ਹੈ, ਜੋ ਕੁਛ ਕਰਦਾ ਹੈ ਉਹ ਬੀ ਪੂਰਨ ਹੁੰਦਾ ਹੈ:-

ਪੂਰੇ ਕਾ ਕੀਆ ਸਭ ਕਿਛੁ ਪੂਰਾ ਘਟਿ ਵਧਿ ਕਿਛੁ ਨਾਹੀ॥ [ਸਲੋਕ ਵਾਰਾਂ ਤੇ ਵਧੀਕ ਮ: ੧-੩੩]

§ ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ.....॥ [ਆਸਾ ਵਾਰ ਮ: ੧-੩]

ਕਿਸੇ ਨਿਯਮ ਨਾਲ ਬੰਨ੍ਹ ਨਹੀਂ ਸਕਦੀ। ਵਾਹਿਗੁਰੂ ਕੋਠੜੀ ਦਾ ਮਾਲਕ ਹੋਣ ਦੀ ਹੈਸੀਅਤ ਵਿਚ ਸੁਛੰਦ ਵਰਤਦਾ ਹੈ। ਉਸ ਦੀ ਸੁਤੰਤ੍ਰਤਾ ਇਤਨੀ ਬੇਹਦ ਦੀ ਹੈ ਕਿ ਉਸਦੀ ਮਰਜ਼ੀ ਨੂੰ ਕੋਈ ਜਾਣ ਨਹੀਂ ਸਕਦਾ। ਇਸ ਤਸਵੀਰ ਵਿਚ ਦਾਰਸ਼ਨਿਕ ਰਮਜ਼ ਇਹ ਹੈ ਕਿ ਇਨਸਾਨੀ ਦਿਮਾਗ਼ ਦੀਆ ਵਿਚਾਰੀਆਂ ਹੱਦਬੰਦੀਆਂ ਨਾਲ ਉਸ ਅਗੰਮ ਨੂੰ ਹੱਦਬੰਦ ਕਰਨਾ ਭੁੱਲ ਹੈ। ਉਸ ਦੀ ਜ਼ਾਤ, ਉਸ ਦੇ ਵੀਚਾਰ ਤੇ ਕਰਨੇ ਸਭ ਜੀਵ ਗਜਾਤ ਤੋਂ ਪਰੇ, ਅਮਿਤ, ਸੱਚੇ ਤੇ ਇਸ ਕਰਕੇ ਅਕੱਥ ਹਨ।

ਪਉੜੀ ॥ ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮੁ ਬਹਾਲਿਆ ॥ ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ ॥ ਥਾਉ ਨ ਪਾਇਨਿ ਕੂੜਿਆਰ ਮੁਹ ਕਾਲ੍ਹੈ ਦੋਜਕਿ ਚਾਲਿਆ ॥ ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ ॥ ਲਿਖਿ ਨਾਵੈ ਧਰਮੁ ਬਹਾਲਿਆ ॥੨॥

(ਫੁਰਮਾਉਂਦੇ ਹਨ ਗੁਰੂ) ਨਾਨਕ, (ਪਰਮੇਸ਼ੁਰ ਨੇ) ਜੀਵ ਪੈਦਾ ਕਰਕੇ ਲੇਖੇ ਲਿਖਣ ਨੂੰ ਧਰਮ ਅਸਥਾਪਨ ਕੀਤਾ। ਓਥੇ (ਜਿਥੇ ਧਰਮ ਨੂੰ ਬਹਾਲਿਆ ਹੈ) ਸੱਚ ਦੁਆਰਾ ਹੀ ਸੱਚ (ਆਪਣੇ ਆਪ) ਨਿਰਣੈ ਹੋ ਜਾਂਦਾ ਹੈ (ਜੋ) ਕਸਰਾਂ ਵਾਲੇ (ਨਿਕਲਦੇ ਹਨ ਓਹ) ਚੁਣਕੇ ਵੱਖਰੇ ਕੱਢੇ ਜਾਂਦੇ ਹਨ। ਕੂੜਿਆਰਾਂ ਨੂੰ ਟਿਕਾਣਾ ਨਹੀਂ ਲੱਭਦਾ (ਫੇਰ ਓਹ) ਕਾਲੇ ਮੂੰਹ ਨਾਲ ਨਰਕ ਵਲ ਚਲਾਏ ਜਾਂਦੇ ਹਨ (ਤੋਰੇ ਜਾਂਦੇ ਹਨ)। (ਹੇ ਵਾਹਿਗੁਰੂ !) ਤੇਰੇ ਨਾਮ ਵਿਚ ਜੋ (ਜੀਉਂਦਿਆਂ) ਰੱਤੇ ਰਹੇ (=ਪਜਾਰ ਨਾਲ ਲਗੇ ਰਹੇ) ਓਹ (ਮਨੁੱਖਾ ਜਨਮ ਨੂੰ) ਜਿੱਤ ਗਏ (ਤੇ) ਓਹ (ਜੋ ਜੀਉਂਦੇ ਜੀ) ਠੱਗਣ ਵਾਲੇ ਸਨ (ਮਨੁੱਖਾ ਜਨਮ ਨੂੰ) ਹਾਰ ਗਏ। (ਤਾਂਤੇ ਜੀਵੋ ! ਖ਼ਬਰਦਾਰ ਹੋਵੋ, ਕੀਤੇ ਕਰਮ ਐਵੇਂ ਨਹੀਂ ਮਿਸ ਰਹੇ, ਏਹ ਲਿਖੇ ਜਾਂਦੇ ਹਨ ਤੇ) ਲੇਖੇ ਲਿਖਣੇ ਨੂੰ ਧਰਮ ਸਥਾਪਨ ਕੀਤਾ ਹੋਇਆ ਹੈ, (ਭਾਵ ਇਹ ਕਿ ਨਾਮ ਵਿਚ ਰੱਤੇ ਰਹਿਣ ਨਾਲ ਸੁੱਚਾ ਸੱਚ ਪ੍ਰਾਪਤ ਹੁੰਦਾ ਹੈ)॥ ੨॥

ਵਜਾਖਜਾ-ਇਸ ਪਉੜੀ ਵਿਚ ਦੱਸਿਆ ਹੈ ਕਿ ਜਦ ਇਨਸਾਨ ਪੈਦਾ ਕਰ ਦਿਤੇ ਤਦ ਉਹਨਾਂ ਦੀ ਰਾਹਨੁਮਾਈ ਲਈ 'ਧਰਮ' ਭਾਵ ਪੈਦਾ ਕਰ ਦਿਤਾ। ਇਹ ਧਰਮ ਦਾ ਨੁਕਤਾ ਹਰੇਕ ਦੇ ਅੰਦਰ ਹੈ, ਚਾਹੋ ਕੋਈ ਕੁਛ ਕਰੇ, ਉਸ ਨੂੰ ਠੀਕ ਹੈ ਕਿ ਨਹੀਂ ਇਸ ਗਲ ਦਾ ਅਹਸਾਸ ਹੁੰਦਾ ਹੈ, ਧਰਮ ਦਾ ਨੁਕਤਾ ਅੰਦਰ ਹੈ ਪਰ ਵਰਤੋਂ ਵਿਚ ਬੀ ਦੇਖੀਏ ਤਾਂ ਜਿਸ ਨਾਲ ਅਧਰਮ ਹੋਵੇ ਉਹ ਦੁਖੀ ਹੁੰਦਾ ਹੈ, ਹੋਏ ਅਧਰਮ ਨੂੰ ਨਾ-ਪਸੰਦ ਕਰਦਾ ਹੈ, ਐਉਂ ਹਰ ਕੋਈ ਹੋਏ ਅਧਰਮ ਨੂੰ ਨਾ-ਪਸੰਦ ਕਰਦਾ ਹੈ, ਇਸ ਤੋਂ ਸਿੱਟਾ ਨਿਕਲਿਆ ਕਿ ਅਧਰਮ ਸਭ ਨੂੰ ਨਾ-ਪਸੰਦ ਹੈ, ਸੋ ਧਰਮ ਪਸੰਦ ਹੋ ਗਿਆ ਸਭ ਕਿਸੇ ਨੂੰ। ਇਸ ਪ੍ਰਕਾਰ ਹਰ ਕਿਸੇ ਨੂੰ ਧਰਮ ਦੀ ਗਜਾਤ ਦੇ ਅੰਦਰ ਹੋਣ ਦਾ ਪਤਾ ਲਗ ਗਿਆ।

ਫੇਰ ਪਉੜੀ ਦੀ ਦੂਜੀ ਤੁਕ ਵਿਚ 'ਓਥੇ' ਪਦ ਤੋਂ ਪਤਾ ਲਗਾ ਕਿ ਪਰਲੋਕ ਦਾ ਜ਼ਿਕਰ ਕਰ ਰਹੇ ਹਨ ਜੈਸੇ ਕਿ 'ਐਥੇ ਓਥੈ ਨਿਬਹੀ ਨਾਲਿ*' ਆਦਿ ਵਾਕ ਆਖਕੇ ਐਥੇ ਤੋਂ ਇਹ ਲੋਕ ਤੇ ਓਥੇ ਤੋਂ ਪਰਲੋਕ ਭਾਵ ਲੈ ਰਹੇ ਹਨ।

ਸੋ ਦੂਜਾ ਭਾਵ ਧਰਮ ਦਾ ਧਰਮਰਾਜ ਹੈ। ਏਥੇ ਤਾਂ ਜੀਵ ਬਣਾਏ ਓਥੇ ਧਰਮਰਾਜ ਸਾਜਿਆ ਜੋ ਜੀਵਾਂ ਦੇ ਲੇਖੇ ਲਿਖੇ, ਉਸ ਨੂੰ ਕਾਨੂੰਨ ਦੀ ਪੋਥੀ ਦਿਤੀ ਦੋਹਰਫ਼ੀ 'ਸਚ'। ਸੋ ਉਸ 'ਸਚ' ਦੇ ਕਾਨੂੰਨ ਮੂਜਬ ਓਥੇ ਸਚ ਦੀ ਜਾਂਚ ਪੜਤਾਲ ਤੋਲ ਤੱਕ ਨਾਲ ਫੈਸਲੇ ਹੁੰਦੇ ਹਨ। ਜੋ ਸਚ ਦੇ ਤੱਕੜ ਤੇ ਨਹੀਂ ਤੁਲਦੇ, ਓਹ ਕੂੜਿਆਰ ਵੱਖ ਕੱਢੇ ਤੇ ਦੁਖਾਂ ਵਿਚ ਸੱਟੇ ਜਾਂਦੇ ਹਨ।

ਇਹ ਆਖਕੇ ਹੁਣ ਆਪਣੇ ਸਿੱਧਾਂਤ ਦੀ ਰਮਜ਼ ਸੱਟਦੇ ਹਨ ਕਿ ਓਥੇ ਓਹੋ ਜਿੱਤਣਗੇ ਜੋ ਨਾਮ

* ਰਾਮਕਲੀ ਮਹਲਾ ੧-੭ ।

ਵਿਚ ਰੱਤੇ ਹੋਏ ਹੋਣਗੇ। ਸੈਂਨਤ ਇਹ ਹੈ ਕਿ ਓਥੇ ਸੁਰਖ਼ਰੋਈ ਦਾ ਰਸਤਾ ਨਾਮ ਦੀ ਕਮਾਈ ਹੈ, ਜੋ ਜੀਉਂਦੇ ਜੀ ਸੱਚ ਤੇ ਲੈ ਜਾਂਦੀ ਹੈ।

ਹੁਣ ਵੀਚਾਰ ਇਸ ਗਲ ਦੀ ਹੈ ਕਿ ਪਉੜੀ ਤੋਂ ਪਹਿਲੇ ਆਏ ਸਲੋਕ ਇਸ ਪਉੜੀ ਵਿਚ ਕਿਉਂ ਗਾਵੇਂ ਜਾਣ ਲਈ ਧਰੇ ਗਏ?

ਪਉੜੀ ਵਿਚ ਦੱਸਿਆ ਹੈ ਕਿ ਓਥੇ ਸਚ ਨਿੱਬੜੇਗਾ। ਪਹਿਲੇ ਸਲੋਕ ਵਿਚ ਸੱਚ ਦਾ ਵੇਰਵਾ ਦਿਤਾ ਹੈ:-ਪਹਿਲਾ ਸਚ ਆਪ ਪ੍ਰਭੂ ਆਧਾਰ ਰੂਪ ਸਚ ਹੈ, ਦੂਜਾ ਸਚ ਉਸ ਦੀ ਰਚਨਾ, ਉਸ ਦੇ ਕੀਤੇ, ਉਸ ਦੇ ਆਸਰੇ, ਆਧੇਯ ਸਚ ਹਨ। ਤੀਸਰਾ ਸਚ ਹੈ ਉਸ ਦੇ ਵੀਚਾਰ, ਕਰਣੇ, ਹੁਕਮ ਤੇ ਫੁਰਮਾਣ। ਚੌਥਾ ਸਚ ਹੈ ਉਸ ਦੀ ਮੇਹਰ। ਪੰਜਵਾਂ ਸਚ ਹੈ, ਜੀਵਾਂ ਦਾ ਉਸ ਦੀ ਸਿਫਤ ਸਲਾਹ ਦੇ ਰਾਹੇ ਪੈ ਜਾਣਾ। ਛੇਵਾਂ ਸਚ ਹੈ ਜੀਵਾਂ ਦਾ ਪ੍ਰਭੂ ਨੂੰ ਆਖਣਾ, ਨਾਮ ਜਪਣਾ। ਸੱਤਵਾਂ ਹੈ ਪ੍ਰਭੂ ਨੂੰ ਧਿਆਉਣਾ, ਜੀਵਾਂ ਦਾ ਉਸ ਦੇ ਧਯਾਨ ਮਗਨ ਹੋ ਜਾਣਾ।

ਇਹ ਸਚ ਦੀ ਵਯਾਖਯਾ ਆ ਗਈ ਜੋ ਪਉੜੀ ਵਿਚ 'ਸਚੋ ਹੀ ਸਚ' ਲਿਖਿਆ ਹੈ। ਚਾਹੋ ਇਹ ਸਲੋਕ ਕਿਸੇ ਪਰਥਾਇ ਯਾ ਕਿਸੇ ਰੰਗ ਵਿਚ ਰਚਿਆ ਗਿਆ, ਏਥੇ 'ਸਚ' ਪਉੜੀ ਦੇ ਸਚ ਦੇ ਪ੍ਰਮਾਣ ਹੋਣ ਲਈ ਰਖਿਆ ਗਿਆ ਸਹੀ ਹੁੰਦਾ ਹੈ।

ਦੂਜਾ ਸਲੋਕ-ਪਹਿਲੇ ਸਚ ਦੇ ਨਾਲ ਪ੍ਰਭੂ ਦੀ ਮਹਿਮਾ ਬੀ ਹੈ ਤੇ ਉਸ ਨੂੰ ਸਚਾ ਪਾਤਸ਼ਾਹ ਕਿਹਾ ਹੈ। ਪਾਤਸ਼ਾਹ ਵਡਿਆਈ ਜੋਗ ਹੁੰਦਾ ਹੈ, ਸੱਚੇ ਪਾਤਸ਼ਾਹ ਦੀ ਵਡਿਆਈ ਸਚ ਹੈ, ਸੋ ਇਸ ਸਲੋਕ ਵਿਚ ਉਸ ਦੇ ਨਾਮ, ਗੁਣ, ਦਾਤ ਤੇ ਸਦਾ ਥਿਰਤਾ ਆਦਿ ਦਾ ਜ਼ਿਕਰ ਕਰਕੇ ਕਿਹਾ ਕਿ ਉਹ ਸਚਮੁਚ ਸਚਾ ਪਾਤਸ਼ਾਹ ਆਦਰਸ਼ਕ ਪਾਤਸ਼ਾਹ ਹੈ। ਅੰਤ ਵਿਚ ਕਿਹਾ ਕਿ ਉਹ ਕਾਯਮ ਬਿਲਜ਼ਾਤ ਹੈ ਤੇ ਜੋ ਕੁਛ ਉਸ ਕੀਤਾ ਤੇ ਕਰਨਾ ਹੈ ਸਭ ਉਸ ਦੀ 'ਰਜਾਇ' ਅਪਣੀ ਮਰਜ਼ੀ ਯਾ ਹੁਕਮ ਹੈ।

ਅਗਲਾ ਤੀਸਰਾ ਸ਼ਲੋਕ ਓਸ ਰਜ਼ਾ ਯਾ ਹੁਕਮ ਦਾ ਵੇਰਵਾ ਹੈ ਤੇ ਹੁਕਮ ਲਈ ਪ੍ਰਮਾਣ ਵਜੋਂ ਗਾਂਵਿਆ ਜਾਂਦਾ ਰਿਹਾ ਹੈ। ਇਹ ਸਲੋਕ ਇਕ ਸੰਸੇ ਨਵਿਰਤੀ ਲਈ ਹੈ ਜੋ ਇਹ ਹੈ:-

ਕਰਤਾ ਪੁਰਖ ਨੇ ਰਚਨਾ ਰਚਕੇ ਨਿਯਮ ਬਣਾਕੇ ਸ੍ਰਿਸ਼ਟੀ ਸੰਚਾਲਨ ਕਰ ਦਿਤੀ, ਸਾਰੀ ਰਚਨਾਂ ਦੇ ਕਾਇਦੇ ਕਾਨੂੰਨ ਨਿਯਮਾਂ ਵਿਚ ਹੋ ਰਹੇ ਹਨ। ਕੀਹ ਕਰਤਾ ਪੁਰਖ ਆਪ ਬੀ ਆਪੇ ਨੂੰ ਰਚਕੇ ਰਚਨਾਂ ਦੇ ਨਿਯਮਾਂ ਵਿਚ ਬੱਝ ਗਿਆ ਹੈ? ਜਿਸ ਤਰ੍ਹਾਂ ਕਈ ਕਹਿ ਦਿਆ ਕਰਦੇ ਹਨ ਕਿ ਉਹ ਜੇ ਨਯਾਯ ਕਰਤਾ ਹੈ ਤਾਂ ਪ੍ਰਸ਼ਾਦ ਕਰਤਾ (ਰਹੀਮ) ਨਹੀਂ ਹੋ ਸਕਦਾ, ਜੇ ਪ੍ਰਸਾਦ ਕਰਤਾ ਹੈ ਤਾਂ ਨਯਾਯ ਕਰਤਾ ਨਹੀਂ ਹੋ ਸਕਦਾ। ਐਸੇ ਸੰਸਿਆਂ ਦੇ ਦੂਰ ਕਰਨੇ ਲਈ ਦੂਸਰੇ ਪਾਤਸ਼ਾਹ ਦਾ ਇਹ ਸ਼ਲੋਕ ਰਖਿਆ ਗਿਆ ਹੈ। ਜਿਸ ਦਾ ਇਹ ਭਾਵ ਹੈ ਕਿ ਚਾਹੋ ਇਸ ਜਗਤ ਵਿਚ ਉਹ ਵਯਾਪਕ ਹੋਇਆ ਬੈਠਾ ਹੈ ਜਿਵੇਂ ਰਾਜ ਇਕ ਕੋਠੜੀ ਬਣਾਕੇ ਵਿਚ ਵੱਸ ਪੈਂਦਾ ਹੈ, ਪਰ ਰਾਜ ਵਾਙੂ ਉਹ ਇਕ ਦੇਸ਼ੀ ਹੋਕੇ ਕੋਠੜੀ ਵਿਚ ਨਹੀਂ ਬੈਠਾ, ਉਹ ਵਿਚ ਬੈਠਾ ਫੇਰ ਸਰਬ ਵਯਾਪੀ ਹੈ ਤੇ ਉਸ ਦਾ ਹੁਕਮ ਸ੍ਵੈਛੰਦ ਚਲਦਾ ਹੈ। ਉਹ ਰਚਨਾ ਦੇ ਕਿਸੇ ਨਿਯਮ ਨਾਲ ਬੰਧਾਇਮਾਨ ਨਹੀਂ। ਉਹ ਆਪਣੇ ਸ੍ਵੈਛੰਦ ਭਾਣੇ ਨਾਲ, ਜਿਸ ਨੂੰ ਚਾਹੇ ਤਾਰ ਲਵੇ। ਭਾਣੇ ਨਾਲ ਹੀ ਕਿਸੇ ਨੂੰ ਠੀਕ ਕਰ ਲਵੇ, ਕਿਸੇ ਨੂੰ ਮਾਇਆ ਵਿਚ ਬੰਧਾਇਮਾਨ ਟੁਰਿਆ ਰਹਿਣ ਦੇਵੇ। ਜਿਸ ਨੂੰ ਚਾਹੇ ਗਯਾਨ ਦਾ ਚਾਨਣਾ ਆਪੇ ਦੇਕੇ ਪ੍ਰਕਾਸ਼ ਕਰ ਦੇਵੇ ਤੇ ਗੁਰਮੁਖ ਯਾ ਸਚਿਆਰ ਬਣਾ ਲਵੇ। ਕੋਈ ਹਦਬੰਦੀ ਕਰਤਾ ਪੁਰਖ ਦੀ ਰਚੀ ਹੋਈ ਕਰਤਾ ਪੁਰਖ ਨੂੰ ਬੰਧਾਇਮਾਨ ਨਹੀਂ ਕਰਦੀ।

ਇਹ ਦੱਸਕੇ ਜੀਵ ਨੂੰ ਉਦਾਸੀ ਭਰੇ ਨਿਖਸਮੇ ਕਰਮ ਮਾਰਗ ਤੇ ਅਟੁੱਟ ਕਰਮ ਮਾਰਗ ਤੋਂ ਚੱਕ ਕੇ ਕਰਤਾ ਪੁਰਖ ਦੇ ਪ੍ਰੇਮ ਦੀ ਸੈਂਨਤ ਦਿਤੀ ਤੇ ਜਣਾਇਆ ਕਿ ਨਾਮ ਨਾਲ, ਗੁਣ ਗਾਯਨ ਨਾਲ, ਤੁਸੀਂ ਕਰਤਾ ਪੁਰਖ ਦੇ ਨੇੜੇ ਹੋ ਜਾਓਗੇ। ਉਸ ਦੇ ਪ੍ਰਸਾਦ ਦੇ ਪਾਤ੍ਰ ਬਣਕੇ ਤਰ ਜਾਓਗੇ। ਜਿਵੇਂ ਪਾਲੇ ਲਗਦਿਆਂ ਅਗਨੀ ਦੇ ਨੇੜੇ ਹੋਇਆਂ ਅਗਨੀ ਦੇ ਪ੍ਰਸਾਦ ਪਾਤ੍ਰ ਬਣ ਜਾਈਦਾ ਹੈ।

ਇਸ ਪ੍ਰਕਾਰ ਤ੍ਰੈਹਾਂ ਸਲੋਕਾਂ ਨੇ ਪਉੜੀ ਵਿਚ ਆਏ ਭਾਵ ਨੂੰ ਇਕ ਪ੍ਰਕਾਰ ਦੀ ਵਯਾਖਯਾ ਤੇ ਪ੍ਰਮਾਣ ਦੇ ਦੇਕੇ ਸੁਗਮ ਕਰ ਦਿਤਾ।

ਨਿਰੁਕ੍ਤ–ਸਚੇ–'ਸਚੇ' ਦਾ ਅਰਥ 'ਹੇ ਸਚ !' ਬੀ ਕਰਦੇ ਹਨ, ਪਰ ਅਗੇ ਚਲਕੇ ਪਦ 'ਸਚਾ ਤੇ ਸਚੀ' ਨਿਰਸੰਸੇ ਕਰ ਦੇਂਦੇ ਹਨ ਕਿ 'ਸਚੇ' ਪਦ ਵਿਸ਼ੇਸ਼ਣ ਹੈ ਸੰਬੋਧਨ ਨਹੀਂ।

ਲੋਅ–ਲੋਕ ਤੋਂ ਭਾਵ ਦੇਸ਼ ਕਾਲ ਵਾਲੇ ਟਿਕਾਣੇ (Spaces) ਹਨ ਤੇ ਆਕਾਰ ਤੋਂ ਭਾਵ ਹੈ ਉਹਨਾਂ ਟਿਕਾਣਿਆਂ ਵਿਚ ਰਹਿਣ ਵਾਲੀਆਂ ਜੜ੍ਹ ਚੇਤਨ ਰੂਪ ਧਾਰੀ ਹਸਤੀਆਂ।

ਅਮਰੁ– [ਅ਼:, ਅ਼ਮਲ ਤੋਂ] ਹੁਕਮ, ਹਕੂਮਤ, ਰਾਜ, ਰਾਜ ਦਾ ਬੰਦੋਬਸਤ। ਜੇ ਇਸ ਪਦ ਨੂੰ ਅਰਬੀ 'ਅਮਰ' ਸਮਝੀਏ ਤਾਂ ਅਰਥ ਹੈ 'ਹੁਕਮ, ਕੰਮ' ਪਰ 'ਹੁਕਮ' ਤੇ 'ਫੁਰਮਾਨ' ਪਦ ਅਗੇ ਪਏ ਹਨ।

ਹੁਕਮ–ਹੁਕਮ ਪਦ ਦਾ ਅਰਬੀ ਭਾਸ਼ਾ ਵਿਚ ਪਹਿਲਾ ਅਰਥ ਹੈ 'ਨਜ਼ਾਯਕਾਰੀ ਆਗਜਾ' ਤੇ ਫੁਰਮਾਨ ਦਾ ਫਾਰਸੀ ਵਿਚ ਅਰਥ ਹੈ 'ਪਾਤਸ਼ਾਹੀ ਆਗਜਾ', ਵਿਸ਼ੇਸ਼ ਕਰਕੇ ਪ੍ਰਬੰਧ ਅਤੇ ਦਾਨ ਆਦਿਕ ਸਬੰਧੀ।

ਫੁਰਮਾਣੁ–'ਲਿਖਕੇ ਜਾਰੀ ਹੋਏ ਹੁਕਮ' ਨੂੰ ਬੀ ਕਹਿੰਦੇ ਹਨ।

ਕਰਮੁ ਸਚਾ ਨੀਸਾਣੁ–ਭਾਵ ਤੇਰਾ ਫ਼ਜ਼ਲ ਸੱਚਾ ਹੈ ਤੇ ਇਹੋ ਤੇਰੇ ਫ਼ਜ਼ਲ ਦਾ ਸੱਚਾ ਨਿਸ਼ਾਨ ਹੈ। ਦ੍ਵਾਰਕਾ ਵਿਚ ਵੈਸ਼ਨਵਾਂ ਦਾ ਤੱਤਾ ਠੱਪਾ (ਚਰਮ ਮੁੰਦ੍ਰਾ) ਜੋ ਸਰੀਰ ਉਪਰ ਨਿਸ਼ਾਨ ਲਾਉਂਦੇ ਹਨ, ਕਿ ਇਹ ਨਿਸ਼ਾਨ ਅੱਗੇ ਜਾਕੇ ਛੁਟਕਾਰਾ ਦੇਵੇਗਾ ਤੇ ਹੋਰ ਮਤ ਮਤਾਂਤ੍ਰਾਂ ਦੇ ਐਸੇ ਚਿੰਨ੍ਹਾਂ ਬਾਬਤ ਗੁਰੂ ਜੀ ਦੱਸਦੇ ਹਨ ਕਿ ਐਸੇ ਨਿਸ਼ਾਨ ਠੀਕ ਨਹੀਂ, ਤੇਰਾ (ਕਰਮ=) ਫਜ਼ਲ ਹੀ ਸਚਾ ਨਿਸ਼ਾਨ ਹੈ; ਯਥਾ:-

ਨਦਰੀ ਕਰਮਿ ਪਵੈ ਨੀਸਾਣੁ॥　　[ਜਪੁਜੀ-੩੪]

ਸਿਫਤਿ ਸਾਲਾਹ–ਇਸ ਦਾ ਭਾਵ ਹੈ ਵਾਹਿਗੁਰੂ ਜੀ ਦੇ ਪ੍ਰੇਮ ਵਿਚ ਉਸ ਦੀ ਉੱਚਤਾ, ਮਹਾਨਤਾ, ਅਸਚਰਜਤਾ ਦੇ ਭਾਵ ਵਿਚ ਉਸ ਦੇ ਗੁਣ ਕਥਨ, ਮਹਿੰਮਾ ਵਡਿਆਈ ਕਰਨੀ ਯਾ ਇਸ ਭਾਵ ਵਿਚ ਮਗਨਤਾ। ਦੁਇ ਪਦ ਅਰਬੀ ਦੇ ਹਨ, 'ਸਿਫਤ' 'ਸਲਾਹ'। 'ਸਿਫਤ' ਦੇ ਅਰਥ ਹਨ: ਗੁਣ, ਤਾਰੀਫ ਤੇ 'ਸਲਾਹ' ਦੇ ਅਰਥ: ਖ਼ੂਬੀ, ਨੇਕੀ; ਪਰ ਜਾਪਦਾ ਹੈ ਕਿ ਸਲਾਹ ਦਾ ਪਦ ਸੰਸਕ੍ਰਿਤ ਦੇ ਪਤ 'ਸ਼ਲਾਘਾ' ਦਾ ਪ੍ਰਾਕ੍ਰਿਤ ਵਿਚ ਰੂਪ 'ਸਲਾਹਾ' ਲੈਕੇ ਪੰਜਾਬੀ ਵਿਚ 'ਸਲਾਹ' ਰੂਪ ਧਾਰਕੇ ਵਰਤਿਆ ਗਿਆ ਹੈ। ਵਾਹਿਗੁਰੂ ਸਾਰੇ ਗੁਣਾਂ, ਸਿਫਤਾਂ, ਖ਼ੂਬੀਆਂ ਦੀ ਅਵਧੀ ਹੈ, ਉਸਦੀ ਉਸਤਤਿ ਤੇ ਮਹਿਮਾਂ ਕਰਨੇ ਵਿਚ ਅਤਯੋਕਤੀ ਹੋ ਹੀ ਨਹੀਂ ਸਕਦੀ। ਜੋ ਗੁਣ ਵਰਣਨ ਕਰੋਗੇ, ਸੋ ਸੱਚ ਹੋਵੇਗਾ।

ਕੁਦਰਤਿ–ਰਚਨਾ। ਵਿਸ਼ੇਸ਼ ਲਈ ਦੇਖੋ ਇਸੇ ਵਾਰ ਦੀ ਪਉੜੀ ੩ ਦੂਜੇ ਸਲੋਕ ਦੀ ਵਯਾਖਯਾ। ਇਸੇ ਪੋਥੀ ਦਾ ਪੰਨਾ ੨੮੫੦-੫੧।　　ਏਵ–ਏਵਮ੍=ਐਉਂ।

ਨਿਬੜੈ–ਏਥੇ 'ਨਿਬੜੈ' ਪਦ ਕ੍ਰਿਯਾ ਹੈ। ਪਰ ਇਹ ਕ੍ਰਿਯਾ 'ਕਰਤ੍ਰੀ ਵਾਚ' ਯਾ 'ਕਰਮ ਵਾਚ' ਨਹੀਂ, ਇਹ ਕਰਮ ਕਰਤ੍ਰੀ ਪ੍ਰਕ੍ਰਿਯਾ ਹੈ। ਇਸ ਦਾ ਅਰਥ ਹੈ ਨਿਬੜਦਾ ਹੈ। ਯਥਾ:-'ਆਦਮੀ ਦਰਖਤ ਫਾੜਦਾ ਹੈ' 'ਕਰਤ੍ਰੀ ਵਾਚ' ਹੈ, 'ਆਦਮੀ ਤੋਂ ਦਰਖਤ ਫਾੜਿਆ ਜਾਂਦਾ ਹੈ' 'ਕਰਮ ਵਾਚ' ਹੈ ਪਰ 'ਦਰਖਤ ਫਟਦਾ ਹੈ' ਇਹ ਕਰਮ ਕਰਤ੍ਰੀ ਪ੍ਰਕ੍ਰਿਆ ਹੈ। ਇਸ ਕਿਸਮ ਦੀ ਕ੍ਰਿਯਾ ਨੂੰ ਯੂਨਾਨੀਆਂ ਨੇ ਮਿਡਲ ਵਾਇਸ (Middle Voice) ਕਿਹਾ ਹੈ। ਜਿਸ ਦੇ ਮੁਕਾਬਲੇ ਤੇ ਅੰਗ੍ਰੇਜ਼ੀ ਵਿਚ (reflexive verbs) ਹੁੰਦੇ ਹਨ, ਪਰ ਵੱਖਰੀ ਵਾਚ (Voice) ਨਹੀਂ ਹੁੰਦੀ। Reflexive forms imply agents action upon itself.

ਇਸ ਤੁਕ ਵਿਚ ਪਹਿਲਾ ਪਦ ਹੈ 'ਸਚੇ', ਜੋ ਕਰਣ ਕਾਰਕ ਹੈ=ਸਚ ਦੁਆਰਾ। ਦੂਸਰਾ ਪਦ ਹੈ 'ਸਚਿ', ਇਹ ਕਰਤਾ ਕਾਰਕ ਹੈ। ਤੀਸਰਾ ਪਦ ਹੈ 'ਨਿਬੜੈ' ਇਹ 'ਕਰਮ ਕਰਤ੍ਰੀ ਪ੍ਰਕ੍ਰਿਯਾ' ਹੈ। ਓਥੇ

ਸਚ ਦੁਆਰਾ ਹੀ ਸਚ (ਆਪਣੇ ਆਪ) ਨਿਬੜਦਾ ਹੈ। ਭਾਵ, 'ਸਚ'=ਇਹ ਸਚ, ਮਾਨੋ ਓਥੇ ਇਕ ਨਾਪ ਹੈ, ਜਿਸ ਦੁਆਰਾ 'ਸਚਿ'=ਜਗਤ ਵਿਚ ਕਮਾਇਆ ਹੋਇਆ ਸਚ, 'ਨਿਬੜੈ' ਅਪਣੇ ਆਪ ਦਾ ਨਿਬੇੜਾ ਕਰਦਾ ਹੈ। 'ਕਰਮ ਕਰਤ੍ਰੀ ਪ੍ਰਕ੍ਰਿਆ' ਵਰਤਕੇ ਗੁਰੂ ਜੀ ਨੇ ਇਸ ਵਾਕ ਵਿਚ ਇਕ ਉਚਾ ਦਾਰਸ਼ਨਿਕ ਕਟਾਖਯ ਰਖਿਆ ਹੈ ਕਿ ਸਚ ਅਪਣੇ ਆਪ ਦਾ ਨਿਬੇੜਾ ਆਪ ਕਰ ਲੈਂਦਾ ਹੈ, ਜਦੋਂ ਆਦਰਸ਼ਕ ਸੱਚ ਦੇ ਨਾਪ (Standard) ਦੇ ਸਾਹਮਣੇ ਆਕੇ ਖੜੋਂਦਾ ਹੈ।

ਦ੍ਰਿਸ਼ਟਾਂਤ-ਇਕ ਸਰਾਫ ਹੈ, ਉਸ ਪਾਸ ਕੰਡਾ ਹੈ ਪਾਣੀ ਵਾਲਾ, ਜਿਸ ਪਰ ਸੋਨਾ ਰੱਖਣ ਨਾਲ ਆਪਣੀ 'ਗੁਰੁਤਵ' (Specific gravity) ਤੋਂ ਹੀ ਆਪ ਪਤਾ ਦੇ ਦੇਂਦਾ ਹੈ ਕਿ ਮੈਂ ਸੁੱਚਾ ਸੋਨਾ ਹਾਂ ਕਿ ਨਹੀਂ। ਇਸ ਕੰਡੇ ਤੇ ਜਦ ਸੋਨਾ ਤੁਲਿਆ, ਸਰਾਫ ਕੰਡੇ ਦੀ ਸੂਈ ਦੇਖਕੇ ਕਹਿ ਦੇਂਦਾ ਹੈ ਕਿ ਇਹ ਸੁੱਚਾ ਹੈ, ਖਜ਼ਾਨੇ ਦਾਖਲ ਕਰੋ। ਕਸਰ ਵਾਲੇ ਨੂੰ ਵੱਖਰਾ ਕਰਕੇ ਰੱਖ ਦੇਂਦਾ ਹੈ ਤੇ ਕਹਿੰਦਾ ਹੈ ਸੱਟ ਦਿਓ।

ਜਜਮਾਲਿਆ-ਜਜ਼ਮ ਵਾਲਿਆ=ਕਟੇ ਹੋਏ, ਭਾਵ ਨੇਕੀ ਤੇ ਸੱਚ ਤੋਂ ਕੱਟੇ ਹੋਏ। ਗੁਰਬਾਣੀ ਵਿਚ ਇਸ ਪਦ ਦਾ ਭਾਵ 'ਝੂਠੇ, ਕਪਟੀ, ਵਿਕਾਰੀ ਤੇ ਕਸਰਾਂ ਵਾਲੇ' ਲਏ ਹਨ। ਯਥਾ:-

ਜਿਨ੍ ਅੰਦਰਿ ਕਪਟੁ ਵਿਕਾਰੁ ਝੂਠੁ ਓਇ ਆਪੇ ਸਚੈ ਵਖਿ ਕਢੇ ਜਜਮਾਲੇ॥

[ਗਉੜੀ ਵਾਰ ਮਹਲਾ ੪-੧੦]

[ਅ਼ਰਬੀ, ਜਜ਼ਮ=] ਕੱਟਣਾ, ਕਤਲ ਕਰਨਾ। ਇਕ ਪਦਾਂ ਤੇ ਲਗਣ ਵਾਲਾ ਨਿਸ਼ਾਨ ਜੋ ਸਾਕਨ ਹਰਫਾਂ ਤੇ ਲਗਦਾ ਹੈ। ਪੱਕਾ ਇਰਾਦਾ। (ਅ) ਅਰਬੀ ਜੁਜ਼ਿਮ=ਕੋਹੜ ਦੇ ਰੋਗ ਨਾਨ ਰੋਗੀ ਹੋਣਾ, ਪਰ ਇਸ ਪਦ ਦਾ ਪਾਠ ਜਜ਼ਮ ਨਹੀਂ 'ਜੁਜ਼ਿਮ' ਹੈ, ਫਿਰ ਜੁਜ਼ਮ ਪਦ 'ਜ਼ੇ' ਨਾਲ ਨਹੀਂ 'ਜ਼ਾਲ' ਨਾਲ ਲਿਖੀਦਾ ਹੈ।

ਦੋਜਕਿ- [ਫਾ:, ਦੋਜ਼ਖ਼] ਜਹੱਨਮ, ਨਰਕ। ਨਾਇ-ਨਾਮ, ਵਾਹਿਗੁਰੂ ਨਾਮ।

ਧਰਮੁ-ਧਰਮ ਦਾ ਭਾਵ ਜੋ ਜੀਵਾਂ ਦੇ ਅੰਦਰ ਹੈ, ਜਿਸ ਅਨੁਸਾਰ ਅੰਦਰੇ ਸ਼ੁਭ ਅਸ਼ੁਭ ਕੀਤੇ ਦਾ ਗਜਾਨ ਚਿੱਤ੍ਰਿਤ ਹੋ ਜਾਂਦਾ ਹੈ, ਯਥਾ:-

ਧਰਮੁ ਦਲਾਲੁ ਪਾਏ ਨੀਸਾਣੁ॥ [ਸੂਹੀ ਵਾਰ ਮਹਲਾ ੧-੧੩]

(ਅ) ਧਰਮ=ਧਰਮ ਰਾਜ। ਯਥਾ:-

ਧਰਮਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ॥ [ਸਿਰੀ ਰਾਗੁ ਮਹਲਾ ੩-੬੩]

[ਪਉੜੀ ਤੀਸਰੀ]

ਮੂਲ	ਅਰਥ
ਸਲੋਕ ਮਃ ੧ ॥ **ਵਿਸਮਾਦੁ ਨਾਦ ਵਿਸਮਾਦੁ ਵੇਦ ॥** **ਵਿਸਮਾਦੁ ਜੀਅ ਵਿਸਮਾਦੁ ਭੇਦ ॥** **ਵਿਸਮਾਦੁ ਰੂਪ ਵਿਸਮਾਦੁ ਰੰਗ ॥** **ਵਿਸਮਾਦੁ ਨਾਗੇ ਫਿਰਹਿ ਜੰਤ ॥**	(ਕਈ ਤਰ੍ਹਾਂ ਦੇ ਆਪੇ ਹੋ ਰਹੇ, ਗਾਵੇਂ, ਅਲਾਪੇ ਜਾ ਰਹੇ) ਨਾਦ ਵਿਸਮਾਦ (ਉਤਪਤ ਕਰ ਰਹੇ) ਹਨ,(ਇਸੀ ਤਰ੍ਹਾਂ ਲਿਖੇ ਗਏ ਸ਼ਬਦ) ਵੇਦ (ਆਦਿ) ਵਿਸਮਾਦ (ਦੇਂਦੇ ਹਨ)। ਜ਼ਿੰਦਗੀ (ਜੀਵਨ ਨੂੰ ਦੇਖਕੇ) ਵਿਸਮਾਦ ਛਾਉਂਦਾ ਹੈ, (ਫਿਰ ਜੀਵਨ ਦੇ) ਭੇਦ (ਪ੍ਰਭੇਦ ਮਾਨੁਖ, ਜਾਨਵਰ, ਬਨਸਪਤੀ ਆਦਿ ਦੇਖਕੇ) ਵਿਸਮਾਦ (ਦਸ਼ਾ ਆਉਂਦੀ ਹੈ)*। (ਫਿਰ ਇਸ ਵਿਚ ਦੇ ਕਈ) ਰੂਪ (ਕਈ) ਰੰਗ (ਹਨ,ਜਿਨ੍ਹਾਂ ਨੂੰ ਤੱਕਕੇ) ਵਿਸਮਾਦ ਹੀ ਵਿਸਮਾਦ ਹੁੰਦਾ ਹੈ। (ਫੇਰ ਜੀਵ ਸ਼੍ਰੇਣੀ ਵਿਚੋਂ) ਜਾਨਵਰ ਨੰਗੇ ਫਿਰਦੇ ਹਨ (ਇਹ ਦੇਖਕੇ) ਵਿਸਮਾਦ ਛਾ ਜਾਂਦਾ ਹੈ)।

* ਐਉਂ ਬੀ ਕਰਦੇ ਹਨ:-ਜੀਵ ਬਹੁਤੇ ਹਨ ਤੇ ਉਨ੍ਹਾਂ ਦੀਆਂ ਕਿਸਮਾਂ ਬਹੁਤੀਆਂ ਹਨ।

ਵਿਸਮਾਦੁ ਪਉਣੁ ਵਿਸਮਾਦੁ ਪਾਣੀ॥
ਵਿਸਮਾਦੁ ਅਗਨੀ ਖੇਡਹਿ ਵਿਡਾਣੀ॥

ਵਿਸਮਾਦੁ ਧਰਤੀ ਵਿਸਮਾਦੁ ਖਾਣੀ ॥

ਵਿਸਮਾਦੁ ਸਾਦਿ ਲਗਹਿ ਪਰਾਣੀ ॥
ਵਿਸਮਾਦੁ ਸੰਜੋਗੁ ਵਿਸਮਾਦੁ ਵਿਜੋਗੁ॥
ਵਿਸਮਾਦੁ ਭੁਖ ਵਿਸਮਾਦੁ ਭੋਗੁ ॥

ਵਿਸਮਾਦੁ ਸਿਫਤਿ ਵਿਸਮਾਦੁ ਸਾਲਾਹ ॥

ਵਿਸਮਾਦੁ ਉਝੜ ਵਿਸਮਾਦੁ ਰਾਹ ॥

ਵਿਸਮਾਦੁ ਨੇੜੈ ਵਿਸਮਾਦੁ ਦੂਰਿ ॥
ਵਿਸਮਾਦੁ ਦੇਖੈ ਹਾਜਰਾ ਹਜੂਰਿ ॥

ਵੇਖਿ ਵਿਡਾਣੁ ਰਹਿਆ ਵਿਸਮਾਦੁ ॥
ਨਾਨਕ ਬੁਝਣੁ ਪੂਰੈ ਭਾਗਿ ॥੧॥

ਪਉਣ, (ਇਸ ਦੇ ਵੇਗ ਤੇ ਕੌਤਕ) ਵਿਸਮਾਦ (ਛਾਉਂਦੇ) ਹਨ ਪਾਣੀ (ਇਸ ਦੇ ਪਾਣੀ,ਭਾਫ,ਬਰਫ,ਗੜੇ, ਤ੍ਰੇਲ ਆਦਿ ਰੂਪ ਤੇ ਕੌਤਕ) ਵਿਸਮਾਦ (ਹਾਲਤ ਲਾ ਦੇਂਦੇ ਹਨ)। ਅਗਨੀ (ਕਈ ਤਰ੍ਹਾਂ ਦੀ ਹੈ ਅਰ ਉਨ੍ਹਾਂ ਦੇ ਕੌਤਕ ਤੇ) ਖੇਡ ਅਦਭੁਤ ਹੋ ਰਹੀਆਂ ਹਨ (ਜਿਨ੍ਹਾਂ ਨੂੰ ਤੱਕਕੇ) ਵਿਸਮਾਦ (ਹੁੰਦਾ) ਹੈ। ਧਰਤੀ, (ਇਸ ਦਾ ਪੇਹਨ, ਚਾਲ, ਇਸ ਦੀਆਂ ਪੈਦਾਵਾਰਾਂ, ਫਲ ਫੁਲ, ਮੇਵੇ ਤੇ ਹੋਰ ਸਾਮਾਨ) ਅਸਚਰਜ (ਕਰ ਦੇਂਦੇ) ਹਨ (ਤੇ ਇਸਦੀਆਂ) ਖਾਣੀਆਂ (ਬੀ ਅਸਚਰਜ ਲਾ ਦੇਂਦੀਆਂ) ਹਨ। (ਜਿਨ੍ਹਾਂ ਨਾਨਾ ਤਰ੍ਹਾਂ ਦੇ) ਸੁਆਦਾਂ ਵਿਚ ਤਤਜੀਵ ਲੱਗੇ ਹੋਏ (ਮਗਨ ਹੋ ਰਹੇ ਹਨ, ਇਹ ਦੇਖਕੇ ਬੀ) ਅਚਰਜ ਹੁੰਦਾ ਹੈ। (ਸੰਸਾਰ ਵਿਚ ਜੀਵਾਂ ਦੇ ਕਿਤੇ) ਸੰਜੋਗ (ਮੇਲੇ ਹੋ ਰਹੇ ਹਨ, ਕਿਤੇ) ਵਿਛੋੜੇ ਹੋ ਰਹੇ ਹਨ (ਇਹ ਤਕ ਕੇ ਬੀ) ਅਚਰਜ ਹੁੰਦਾ ਹੈ। ਭੁੱਖ (ਇਸ ਦਾ ਦੁਖ, ਇਸ ਤੋਂ ਪੈਦਾ ਹੋਏ ਪ੍ਰਯਤਨ, ਭਾਲਾਂ, ਕਾਢਾਂ ਤੇ ਘੋਖਾਂ ਦੇਖਕੇ) ਅਸਚਰਜ (ਛਾ ਜਾਂਦਾ ਹੈ ਤੇ ਫੇਰ ਜੀਵਾਂ ਦਾ) ਭੋਗਾਂ (ਵਿਚ ਰਚਣਾ, ਭੋਗਾਂ ਦੇ ਰਸ ਤੇ ਫੇਰ ਮਾੜੇ ਫਲ ਤੇ ਫਿਰ ਬੀ ਜੀਵਾਂ ਦਾ ਭੋਗਾਂ ਵਲ ਹੀ ਰੁਖ਼ ਰਹਿਣਾ) ਵਿਸਮਾਦ ਲਾ ਦੇਂਦਾ ਹੈ। (ਪਰ ਅਸਲ) ਵਿਸਮਾਦ (ਵਿਚ ਲੈ ਜਾਣ ਵਾਲੀ ਖੇਡ) ਪਰਮੇਸ਼ੁਰ ਦੀ ਸਿਫਤ ਤੇ ਸਲਾਹ ਹੈ, (ਜਿਸ ਨਾਲ ਸਿਫਤ ਸਲਾਹ ਕਰਨੇ ਵਾਲਾ ਪਰਮੇਸ਼ੁਰ ਨੂੰ ਹਾਜ਼ਰਾ ਹਜ਼ੂਰ ਦੇਖਣ ਵਿਚ ਲਗ ਪੈਂਦਾ ਹੈ; ਪਰ ਇਹ ਬੀ) ਵਿਸਮਾਦ ਹੀ ਹੈ (ਕਿ ਕੋਈ ਐਉਂ ਸਿਫਤ ਸਲਾਹ ਦੇ ਠੀਕ) ਰਸਤੇ ਪੈ ਗਿਆ (ਕੋਈ ਇਸ ਤੋਂ ਉਲਟ ਉਝੜ=) ਕੁਰਾਹੇ ਪੈ ਗਿਆ ਹੈ। (ਜੋ ਰਾਹੇ ਪਿਆ ਹੈ ਉਸਨੂੰ ਸਾਈਂ) ਨੇੜੇ ਜਾਪਦਾ ਹੈ, (ਜੋ ਕੁਰਾਹੇ ਪੈ ਗਿਆ ਹੈ ਉਸ ਨੂੰ) ਦੂਰ (ਜਾਪਦਾ ਹੈ, ਇਹ ਬੀ) ਵਿਸਮਾਦ ਹੈ। (ਸਿਰ ਵਿਸਮਾਦਾਂ ਦੇ) ਵਿਸਮਾਦ ਹੈ (ਵਾਹਿਗੁਰੂ ਨੂੰ) ਹਾਜ਼ਰਾ ਹਜ਼ੂਰ ਵੇਖਣਾ*। (ਐਉਂ ਸਾਈਂ ਦੀ) ਅਸਚਰਜ ਰੂਪਤਾ ਨੂੰ ਵੇਖ ਵੇਖ ਕੇ (ਮੈਂ) ਵਿਸਮਾਦ ਹੋ ਰਿਹਾ ਹਾਂ। (ਇਸ ਅਸਚਰਜ ਨੂੰ) ਬੁੱਝ ਸਕਣਾ ਪੂਰੇ ਭਾਗਾਂ ਨਾਲ ਹੁੰਦਾ ਹੈ (ਕਹਿੰਦੇ ਹਨ ਸ੍ਰੀ ਗੁਰੂ) ਨਾਨਕ ਦੇਵ ਜੀ॥ ੧॥

ਵਜਾਖਜਾ-ਇਸ ਅੰਕ ਵਿਚ ਵਾਹਿਗੁਰੂ ਦੇ 'ਅਸਚਰਜ ਸਰੂਪ' ਦਾ ਦਰਸ਼ਨ ਹੈ:-

ਆਪਨ ਆਪ ਆਪ ਹੀ ਅਚਰਜਾ॥ ਨਾਨਕ ਆਪਨ ਰੂਪ ਆਪ ਹੀ ਉਪਰਜਾ॥ [ਗਉੜੀ ਸੁਖਮਨੀ, ੨੧-੩]

ਇਸ ਸਰੂਪ ਦਾ ਨਾਉਂ 'ਵਿਸਮਾਦੁ' ਹੈ, ਇਹ ਅਨੁਭਵ ਇਸ ਤਰ੍ਹਾਂ ਹੁੰਦਾ ਹੈ:-

ਬਿਸਮੁ ਪੇਖੈ ਬਿਸਮੁ ਸੁਣੀਐ ਬਿਸਮਾਦੁ ਨਦਰੀ ਆਇਆ॥ [ਸੂਹੀ ਮ: ੫, ਛੰਤ-੨

---

* ਵਾਹਿਗੁਰੂ ਨੂੰ ਹਾਜ਼ਰ ਵੇਖਣਾ ਤੇ ਆਪ ਨੂੰ ਉਸ ਦੀ ਹਜ਼ੂਰੀ ਵਿਚ ਵੇਖਣਾ।

ਨਾਲ ਤਨਮਯ ਹੋ ਜਾਂਦਾ ਹੈ, ਯਥਾ:-

ਬਿਸਮਨ ਬਿਸਮ ਭਏ ਬਿਸਮਾਦ॥ [ਗਉੜੀ ਸੁਖਮਨੀ, ੧੬-੮]

ਉਸ ਲਈ ਤਾਂ ਸਾਰੀ ਕੁਦਰਤ ਹੀ ਆਪਣੇ ਕਾਦਰ ਨਾਲ ਕਿਸੇ ਵਿਸਮਾਦੀ ਤਦਲੀਨਤਾ ਵਿਚ ਵਸਦੀ ਹੈ:-

ਤੂ ਅਚਰਜੁ ਕੁਦਰਤਿ ਤੇਰੀ ਬਿਸਮਾ॥ [ਵਡਹੰਸ ਮਹਲਾ ੫-੮]

ਐਸੇ ਪੁਰਸ਼ ਦੀ ਦ੍ਰਿਸ਼ਟੀ ਸੰਸਾਰ ਦੀ ਹਰ ਇਕ ਵਸਤੂ ਨੂੰ ਉਸ ਸਮੂਚੇ 'ਵਿਸਮਾਦ ਸਰੂਪ' ਦੇ ਹੀ ਅੰਗ ਲਖਦੀ ਹੈ, 'ਨਾਦ, ਵੇਦ' ਆਦਿ ਜਿਤਨੀਆਂ ਅੱਡ ਅੱਡ ਸ਼ੈਆਂ ਹਨ, ਉਹ ਸਾਰੀਆਂ ਹੀ ਵਿਸਮਾਦ ਸਰੂਪ ਦੀ ਸੰਪੂਰਣਤਾ ਤੇ ਅਵਸਥਾ ਪ੍ਰਤੀਤ ਹੋਣ ਲੱਗ ਜਾਂਦੀਆਂ ਹਨ। ਯਥਾ:-

ਏਕਸੁ ਤੇ ਸਭਿ ਰੂਪ ਹਹਿ ਰੰਗਾ॥ ਪਉਣ ਪਾਣੀ ਬੈਸੰਤਰੁ ਸਭਿ ਸਹਲੰਗਾ॥
ਭਿੰਨ ਭਿੰਨ ਵੇਖੈ ਹਰਿ ਪ੍ਰਭੁ ਰੰਗਾ॥ ਏਕੁ ਅਚਰਜੁ ਏਕੋ ਹੈ ਸੋਈ॥
ਗੁਰਮੁਖਿ ਵੀਚਾਰੇ ਵਿਰਲਾ ਕੋਈ॥ ੧॥ ਰਹਾਉ॥ [ਗਉੜੀ ਮਹਲਾ ੩-੨੯]

ਸੋ ਇਸ ਅੰਕ ਵਿਚ 'ਅਚਰਜ ਰੂਪੁ ਨਿਰੰਜਨੋ' ਦੀ ਇਕ ਝਾਕੀ ਮਾਤ੍ਰ ਦਰਸਾਈ ਹੈ ਤੇ ਏਸ ਖਯਾਲ ਵਲ ਇਸ਼ਾਰਾ ਸੁੱਟਿਆ ਹੈ ਕਿ ਇਸ ਵਿਸਮਾਦ ਦ੍ਰਿਸ਼ਟੀ ਦਾ ਗਿਆਨ ਪੂਰਨ ਭਾਗਾਂ ਵਾਲੇ ਨੂੰ ਪ੍ਰਾਪਤ ਹੁੰਦਾ ਹੈ*।

ਪ੍ਰਾਕ੍ਥਨ-ਪਿਛਲੇ ਵਿਸਮਾਦ ਦੇ ਸ਼ਲੋਕ ਵਿਚ ਕੁਦਰਤੀ ਵਸਤਾਂ ਦੀ ਅਸਚਰਜਤਾ ਦਾ ਅਸਰ ਪੈਦਾ ਕਰਕੇ ਮਨੁਖ ਨੂੰ ਰਸਾਵੇਸ਼ ਕਰਨ ਦਾ ਜੋ ਵੇਰਵਾ ਸੀ, ਅਗਲੇ ਸਲੋਕ ਵਿਚ ਉਹਨਾਂ ਯਾ ਉਸ ਪ੍ਰਕਾਰ ਦੇ ਸਾਮਾਨਾਂ ਨੂੰ ਗਿਣਕੇ ਦੱਸਿਆ ਹੈ ਕਿ 'ਕਾਦਰ' ਪਦ ਵਿਚ ਕੀ ਆਉਂਦਾ ਹੈ ਤੇ 'ਕੁਦਰਤ' ਪਦ ਵਿਚ ਕੀ ਆਉਂਦਾ ਹੈ।

ਮਃ੧॥ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ॥

ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ॥
ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ॥ ਕੁਦਰਤਿ ਖਾਣਾ ਪੀਣਾ ਪੈਨ੍ਣੁ ਕੁਦਰਤਿ ਸਰਬ ਪਿਆਰੁ॥

ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਅ ਜਹਾਨ॥ਕੁਦਰਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨੁ ਅਭਿਮਾਨੁ॥ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ

(ਜੋ) ਦਿੱਸਦਾ ਹੈ (ਸੋ) ਕੁਦਰਤ ਹੈ, (ਜੋ) ਸੁਣੀਂਦਾ ਹੈ (ਸੋ) ਕੁਦਰਤ ਹੈ (ਭਾਵ ਜੋ ਕੁਛ ਅੱਖਾਂ ਨਾਲ ਦਿੱਸੇ ਤੇ ਕੰਨਾਂ ਨਾਲ ਸੁਣੀਵੇ ਉਹ ਰਚੀ ਹੋਈ ਹੈ); ਡਰ ਤੇ ਸੁਖ (ਜਿਨ੍ਹਾਂ ਦੇ ਅਸਰ ਹੇਠ ਜਗਤ ਕਰਮ ਕਰ ਰਿਹਾ ਹੈ ਉਸ ਦਾ) ਮੂਲ ਭੀ ਕੁਦਰਤ ਹੈ। ਪਤਾਲਾਂ ਤੇ ਅਕਾਸ਼ਾਂ ਵਿਚ (ਜੋ ਸੱਖਣੇ ਟਿਕਾਣੇ ਹਨ ਉਹ ਬੀ) ਕੁਦਰਤ ਹੈ; (ਇਨ੍ਹਾਂ ਵਿਚ ਜੋ) ਸਾਰਾ ਆਕਾਰ (ਵਾਲਾ ਸਾਮਾਨ ਹੈ ਉਹ ਬੀ) ਕੁਦਰਤ ਹੈ। ਵੇਦ ਪੁਰਾਣ (ਤੇ ਹੋਰ) ਕਿਤਾਬਾਂ (ਗੱਲ ਕੀ) ਸਾਰੀ ਵੀਚਾਰ (ਜਿਸ ਨਾਲ ਜੀਵ ਵਿਚਾਰਵਾਨ ਬਣਦਾ ਹੈ) ਕੁਦਰਤ ਹੀ ਕੁਦਰਤ ਹੈ। (ਮਨੁਖ ਦਾ ਨਾਨਾ ਤਰ੍ਹਾਂ ਦਾ) ਖਾਣਾ ਤੇ ਪੀਣਾ (ਨਾਨਾ ਤਰ੍ਹਾਂ ਦਾ ਪਹਿਰਾਵਾ) ਪਹਿਰਨਾ ਕੁਦਰਤ ਹੈ (ਜੀਵਾਂ ਦਾ ਪਰਸਪਰ ਜੋ) ਪਿਆਰ (ਹੈ ਉਹ ਬੀ) ਸਾਰਾ ਕੁਦਰਤ ਹੈ। (ਮਨੁੱਖਾਂ ਤੇ) ਜਗਤ ਦੇ ਹੋਰ ਜੀਵਾਂ ਜੰਤੂਆਂ ਦੀਆਂ ਜਾਤਾਂ, ਕਿਸਮਾਂ (ਤੇ ਅੱਡ ਅੱਡ) ਰੰਗਾਂ (ਦੇ ਵੇਰਵਿਆਂ) ਵਿਚ (ਜੋ ਕੁਛ ਬੀ ਹੈ) ਕੁਦਰਤ ਹੈ। ਨੇਕੀਆਂ ਬਦੀਆਂ, ਮਾਨ ਅਭਿਮਾਨ (ਸਭ) ਕੁਦਰਤ ਹੈ। ਹਵਾ, ਪਾਣੀ, ਅੱਗ, ਧਰਤੀ, ਮਿੱਟੀ ਸਭ ਕੁਦਰਤ ਹੈ। (ਇਹ ਗੇਣਤੀ ਜੋ ਅਸਾਂ

* ਪੱਛਮੀਆਂ ਦਾ aesthetics ਜੋ ਰੂਹਾਨੀ ਮਗਨਤਾ ਤੇ ਤਦਲੀਨਤਾ ਵਿਚ ਲੈ ਜਾਏ ਤਾਂ ਵਿਸਮਾਦ ਦਾ ਲਖਾਯਕ ਹੋ ਜਾਂਦਾ ਹੈ।

ਧਰਤੀ ਖਾਕੁ ॥ ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ॥ ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ ॥੨॥

ਗਿਣੀ ਹੈ) ਸਾਰੀ ਤੇਰੀ ਕੁਦਰਤ ਹੈ, ਤੂੰ (ਇਸ ਦਾ) ਕਰਤਾ ਹੈਂ (ਤੂੰ ਹੀ ਇਸ ਦਾ) ਕਾਦਰ ਹੈਂ (ਫੇਰ ਤੇਰੀ) ਪਵਿਤ੍ਰ ਵਡਿਆਈ (ਇਹ ਹੈ ਕਿ ਤੂੰ ਇਸ ਕੁਦਰਤ ਦਾ ਕਾਦਰ ਕਰਤਾ ਹੁੰਦਿਆਂ ਹੋਇਆਂ ਇਸ ਸਾਰੀ ਕੁਦਰਤ ਤੋਂ) ਅਤ੍ਰਿਕਤ ਹੈਂ। (ਦੱਸਦੇ ਹਨ ਗੁਰੂ) ਨਾਨਕ ਦੇਵ ਜੀ, (ਸਾਰੀ ਕੁਦਰਤ ਕਾਦਰ ਤੇ ਕਰਤੇ ਦੇ) ਹੁਕਮ ਵਿਚ (ਕਾਯਮ) ਹੈ, (ਉਹ ਉਸ ਸਾਰੀ ਨੂੰ) ਵੇਖ ਰਿਹਾ ਹੈ (ਪਰ ਫੇਰ ਉਹ ਆਪ) ਇਕੋ ਇਕ ਵਿਦਮਾਨ ਹੈ। (ਭਾਵ ਇਤਨੀ ਨਾਨਤ੍ਵ ਵਾਲੀ ਕੁਦਰਤ ਦਾ ਕਰਤਾ ਕਾਦਰ ਹੋਕੇ ਉਸ ਦੀ ਖ਼ੂਬੀ ਇਹ ਹੈ ਕਿ ਆਪਣੀ ਏਕਤ੍ਵ ਵਿਚ ਇਕ ਰਹਿਕੇ ਹੀ ਜਿਉਂ ਦਾ ਤਿਉਂ ਵਿਦਮਾਨ ਹੈ) ॥ ੨॥

ਵਯਾਖਯਾ-'ਕੁਦਰਤ' ਪਦ ਦਾ ਏਥੇ ਅਰਥ ਕਰਤਾ ਤੋਂ ਭਿੰਨ ਉਸਦੀ ਕੀਤੀ ਹੋਈ ਅਰਥਾਤ ਰਚਨਾ ਹੈ। ਪਉੜੀ ੧ ਵਿਚ ਪਿੱਛੇ ਕੁਦਰਤ ਨੂੰ ਕਰਤਾਰ ਤੋਂ ਭਿੰਨ 'ਦੁਯੀ ਕੁਦਰਤਿ ਸਾਜੀਐ' ਕਰਕੇ ਲਿਖਿਆ ਹੈ। ਪਰ 'ਰਚਨਾ' ਪਦ ਨੂੰ, ਮਤ ਭੇਦ ਅਨੁਸਾਰ, ਪਰਮੇਸ਼ੁਰ ਕਰਤਾ ਨ ਮੰਨਕੇ ਬੀ, ਕਈ ਲੋਕਾਂ ਨੇ ਵਰਤਿਆ ਹੈ। ਸ਼ਕਤੀ, ਮਾਯਾ, ਪ੍ਰਕ੍ਰਿਤੀ ਤੋਂ ਰਚੀ ਗਈ ਨੂੰ ਬੀ ਰਚਨਾ ਕਿਹਾ ਹੈ। ਰਚਣਹਾਰ ਦੀ ਰਚੀ ਮੰਨਕੇ ਉਸ ਤੋਂ ਇਸ ਨੂੰ ਸੁਤੰਤਰ ਬੀ ਮੰਨਿਆ ਹੈ। ਇਸ ਤਰ੍ਹਾਂ ਦੇ ਕਾਰਣਾਂ ਕਰਕੇ ਗੁਰੂ ਜੀ ਨੇ ਪਦ 'ਕੁਦਰਤ' ਵਰਤਿਆ ਹੈ, ਜਿਸ ਨਾਲ ਇਨ੍ਹਾਂ ਭਾਵਾਂ ਤੋਂ ਵਿਲੱਖਣਤਾ ਹੋ ਜਾਵੇ, ਕਿਉਂਕਿ ਆਪ ਇਸ ਨੂੰ ਕਰਤਾਰ ਦੀ ਸਾਜੀ ਹੋਈ ਮੰਨਦੇ ਹਨ। ਕੁਦਰਤ ਦੇ ਅਰਬੀ ਵਿਚ ਮੂਲਕ ਅਰਥ ਹਨ:-ਸ਼ਕਤੀ, ਬਲ, ਰੱਬੀ ਬਲ ਤੇ ਦੂਸਰੇ ਅਰਥ ਉਸੇ ਜ਼ੁਬਾਨ ਵਿਚ ਹਨ:-ਰਚਨਾ, ਵਿਸ਼੍ਵ, ਦ੍ਰਿਸ਼ਯ। ਇਥੇ ਗੁਰੂ ਜੀ ਨੇ ਰਚਨਾ ਦੇ ਅਰਥ ਲਏ ਹਨ; ਉਹ ਰਚਨਾ ਜਿਸ ਦਾ ਰਚਣਹਾਰ ਹੈ ਤੇ ਉਹ ਰਚਣਹਾਰ ਸੁਤੰਤਰ ਰਚਣਹਾਰ ਹੈ ਤੇ ਰਚੀ ਹੋਈ ਰਚੀ ਜਾਕੇ ਉਸ ਤੋਂ ਸੁਤੰਤਰ ਨਹੀਂ ਚੱਲ ਰਹੀ, ਉਸ ਦੀ ਚਲਾਈ ਚਲ ਰਹੀ ਹੈ, ਪਰ ਉਹ ਉਸ ਦਾ ਕਰਤਾ ਹੋਣ ਦੇ ਨਾਲ ਉਸ ਦਾ ਕਾਦਰ ਬੀ ਹੈ। ਕਾਦਰ ਸੁੰਤੰਤਰ ਹੈ ਤੇ ਕੁਦਰਤਿ ਆਪਣੇ ਕਾਦਰ ਦੇ ਅਧੀਨ ਹੈ।

'ਪਾਕ' ਪਦ ਫਾਰਸੀ ਦਾ ਹੈ, ਇਸ ਦੇ ਅਰਥ ਹਨ-ਪਵਿਤ੍ਰ ਤੇ ਮੁਬੱਰਾ। 'ਪਾਕੀ ਨਾਈ' ਦਾ ਅਰਥ ਹੈ ਪਵਿਤ੍ਰ ਵਡਿਆਈ ਤੇ ਇਥੇ 'ਪਾਕ' ਦਾ ਅਰਥ ਹੈ 'ਮੁਬੱਰਾ'। ਮੁਬੱਰਾ ਦਾ ਭਾਵ ਹੈ:-ਸਭ ਤਰ੍ਹਾਂ ਅਤ੍ਰਿਕਤ, ਲਿਪਾਇਮਾਨ ਨਾ ਹੋਣਾ। ਗੁਰੂ ਜੀ ਅਪਣੇ ਵਾਹਿਗੁਰੂ ਨੂੰ ਕੁਦਰਤ ਵੱਸਿਆ ਅਰਥਾਤ 'ਥਨੰਤਰੀ' ਦੱਸਦੇ ਹੋਏ, ਏਥੇ ਉਸ ਨੂੰ 'ਅਪਰੰਪਰ' ਦੱਸ ਰਹੇ ਹਨ। 'ਥਨੰਤਰ' ਪਦ ਗੁਰੂ ਜੀ 'ਹਰ ਥਾਂ ਵਿਚ ਵਯਾਪਕ, ਸਾਰੇ ਦੇਸ਼ ਦੇ ਅੰਤਰਗਤਿ' ਲਈ ਵਰਤਦੇ ਹਨ, ਅਤੇ 'ਅਪਰੰਪਰ' ਪਦ ਇਸ ਅਰਥ ਲਈ ਵਰਤਦੇ ਹਨ: ਜੋ ਸਾਰੀ ਰਚਨਾ, ਸਾਰੀ ਵਿਸ਼੍ਵ ਤੋਂ ਉਪਰ ਤੇ ਪਰੇ ਹੈ। ਪਾਕ ਪਦ ਫਾਰਸੀ ਦਾ ਹੈ। 'ਪਾਕ' ਦਾ ਓਥੇ ਦੂਜਾ ਅਰਥ ਹੈ ਪਵਿੱਤ੍ਰ। 'ਪਾਕੀ ਨਾਈ' ਦਾ ਅਰਥ ਹੈ ਪਵਿਤ੍ਰ ਵਡਿਆਈ, ਪੰਜਾਬੀ ਵਿਚ 'ਪਾਕ' ਦਾ ਇਸਤ੍ਰੀ ਲਿੰਗ 'ਪਾਕੀ' 'ਨਾਈ' ਪਦ ਜੋ ਇਸਤ੍ਰੀ ਲਿੰਗ ਪਿਆ ਹੈ, ਇਸ ਕਰਕੇ 'ਪਾਕ' ਤੋਂ 'ਪਾਕੀ' ਇਸਤ੍ਰੀ ਲਿੰਗ ਬਣਾਇਆ ਹੈ, ਇਸੇ ਤਰ੍ਹਾਂ ਦਾ ਪਾਠ ਹੈ:-

ਵਡਾ ਸਾਹਿਬ ਵਡੀ ਨਾਈ॥ [ਜਪੁਜੀ-੨੧]

ਪਉੜੀ ॥ਆਪੀਨੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ॥

ਆਪ ਹੀ (ਜੀਵ) ਨੇ ਭੋਗਾਂ ਨੂੰ ਭੋਗਿਆ (ਤੇ ਭੋਗਾਂ ਦੇ ਅੰਤ ਵਿਚ ਮੌਤ ਆ ਗਈ ਤਾਂ ਸਰੀਰ) ਸੁਆਹ ਦੀ ਢੇਰੀ ਹੋ ਗਿਆ (ਤੇ) ਜੀਵ ਆਤਮਾ ਉੱਠ ਟੁਰਿਆ। (ਜੋ ਦੁਨੀਆਂ ਵਿਚ) ਵਡਾ

ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥ ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ ॥ ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ ॥ ਮਨਿ ਅੰਧੈ ਜਨਮੁ ਗਵਾਇਆ ॥੩॥

ਦੁਨੀਆਂਦਾਰ ਬਣ ਰਿਹਾ ਸੀ (ਉਸ ਦਾ ਅੰਤ ਇਹ ਹੋਇਆ ਕਿ ਸੰਗਲ ਪਾਉਣ ਵਾਲਿਆਂ ਨੇ) ਗਲ ਵਿਚ ਸੰਗਲ ਪਾ ਕੇ ਟੋਰ ਲਿਆ*। ਅਗੇ (ਪਰਲੋਕ ਵਿਚ ਦੁਨਿਆਵੀ ਵਡਿੱਤ ਦਾ ਕੁਛ ਮੁੱਲ ਨਹੀਂ ਪੈਂਦਾ, ਓਥੇ ਤਾਂ ਜੀਵ ਦੇ) ਕੀਤੇ ਕਰਮਾਂ ਦੀ ਕੀਰਤੀ (ਅਪਕੀਰਤੀ) ਵਾਚੀ ਜਾਂਦੀ ਹੈ, (ਸੋ ਇਸ ਨੂੰ) ਬਹਾਕੇ (ਚੰਗੀ ਤਰ੍ਹਾਂ) ਲੇਖਾ ਕਰਕੇ ਸਮਝਾ ਦਿੱਤਾ ਗਿਆ (ਕਿ ਤੂੰ ਚੰਗੀ ਕਰਣੀ ਕਰਕੇ ਨਹੀਂ ਆਇਆ। ਹੁਣ) ਮਾਰ ਪੈਂਦਿਆਂ (ਦੰਡ ਮਿਲਦਿਆਂ) ਨੂੰ (ਭੱਜਕੇ ਬਚਾਉ ਦੀ) ਥਾਂ ਨਹੀਂ ਲੱਭਦੀ, ਹੁਣ ਉਸ ਦਾ ਰੋਇਆ ਰੁਆਇਆ ਕੀ ਸੁਣਿਆ ਜਾਵੇ? (ਜਦ ਕਿ ਉਸ) ਅੰਨ੍ਹੇ ਮਨ ਵਾਲੇ ਨੇ (ਜਦੋਂ ਕਿ ਉਹ ਜਗਤ ਵਿਚ ਸੀ ਕੁਛ ਸ਼ੁਭ ਕਰਣੀ ਨਾ ਸੀ ਕੀਤੀ ਤੇ ਮਨੁੱਖਾ) ਜਨਮ (ਐਵੇਂ ਹੀ) ਗੁਆ ਲਿਆ ਸੀ॥ ੩ ॥

ਪਉੜੀ ਤੇ ਸ਼ਲੋਕਾਂ ਦਾ ਸੰਮੇਲਨ–ਪਿੱਛੇ ਆਈ ਪਉੜੀ ਤੀਜੀ ਵਿਚ ਸਾਈਂ ਤੋਂ ਬੇਮੁਖਾਂ, ਦੁਨੀਆਦਾਰਾਂ ਦਾ ਅੰਤ ਦੱਸਿਆ ਸੀ, ਕਿ ਉਨ੍ਹਾਂ ਅੰਨ੍ਹੇ ਮਨ ਵਾਲਿਆਂ ਨੇ ਜਨਮ ਗੁਆ ਲਿਆ। ਇਸ ਪਉੜੀ ਤੋਂ ਪਹਿਲੋਂ ਵਿਸਮਾਦ ਦਾ ਸ਼ਲੋਕ ਰੱਖਕੇ ਇਹ ਜਣਾਇਆ ਹੈ ਕਿ ਦਿੱਸਣ ਵਾਲੇ ਜੋ ਜੋ ਪਦਾਰਥ ਤੁਹਾਨੂੰ ਮੋਹਕੇ ਭੁਲਾ ਰਹੇ ਹਨ ਓਹ ਤੁਹਾਡੇ ਕਲਜਾਣਕਾਰੀ ਤਾਂ ਹਨ ਜੇ ਵਿਸਮਾਦ ਦੇ ਰਸਤੇ ਪੈ ਜਾਓਗੇ।ਜੇ ਸਾਰੇ ਦ੍ਰਿਸ਼ਟਮਾਨੀ ਪਦਾਰਥਾਂ ਤੋਂ ਵਿਸਮਾਦ ਅਸਰ ਲਓ ਤਾਂ ਆਪ ਵਿਸਮਾਦ ਲੀਨ ਹੋ ਜਾਓਗੇ।

ਦੂਸਰੇ ਸ਼ਲੋਕ ਵਿਚ ਜਣਾਇਆ ਕਿ ਪਹਿਲਾਂ ਕਾਦਰ ਤੇ ਕੁਦਰਤ ਦਾ ਫਰਕ ਸਮਝੋ; ਸੋ ਆਪ ਨੇ ਇਕ ਸੰਖੇਪ ਸੂਚੀ ਕੁਦਰਤ ਦੀ ਦੇਕੇ ਕਰਤਾ ਨੂੰ ਕਾਦਰ ਦੱਸਿਆ। ਹੁਣ ਜੇ ਵਿਸਮਾਦ ਵਾਲੇ ਸ਼ਲੋਕ ਨਾਲ ਮੇਲੋ ਇਸ ਸ਼ਲੋਕ ਨੂੰ ਤਾਂ ਭਾਵ ਨਿਕਲਿਆ ਕਿ ਇਸ ਕੁਦਰਤ ਦੇ ਪਦਾਰਥ ਵਰਗ ਨੂੰ ਵੇਖਕੇ ਤੁਸਾਂ ਕਾਦਰ ਵਿਚ ਜਾਣਾ ਹੈ; ਤੇ ਰਸਤਾ ਪਦਾਰਥਾਂ ਦੀ ਤ੍ਰਿਸ਼ਨਾ ਨਹੀਂ, ਰਸਤਾ ਵਿਸਮਾਦ ਹੈ। ਇਸ ਵਿਚ ਭਾਵ ਬੀ ਹੈ ਕਿ ਢਹਿੰਦੀਆਂ ਕਲਾਂ ਵਾਲਾ ਵੈਰਾਗ ਰਸਤਾ ਨਹੀਂ ਪਰ ਵਿਸਮਾਦ ਭਾਵ ਤੋਂ ਉਪਜਿਆ 'ਪ੍ਰਭੂ ਰਾਗ' ਰਸਤਾ ਹੈ। ਪਦਾਰਥ ਤੇ ਪੁਰਖਾਂ ਨਾਲ 'ਸਹਜ ਬੈਰਾਗ' ਆਪੇ ਹੋ ਜਾਏਗਾ।

ਜੇ ਇਹ ਮਾਰਗ ਨਾ ਧਾਰਨ ਕਰੋ ਤੇ ਤ੍ਰਿਸ਼ਨਾ ਦਾ ਮਾਰਗ ਧਾਰਨ ਕਰੋ, ਤੇ ਵਿਸਮਾਦ ਦੀ ਥਾਂ ਭੋਗਾਂ ਵਿਚ ਖਚਿਤ ਹੋ ਜਾਓ, ਤਾਂ ਕੀਹ ਫਲ ਨਿਕਲੇਗਾ? ਇਹ ਪਉੜੀ ਵਿਚ ਨਿਰੂਪਣ ਕੀਤਾ ਹੋਇਆ ਹੈ ਤੇ ਅੰਤ ਦੱਸਿਆ ਹੈ:- ਮਨਿ ਅੰਧੈ ਜਨਮੁ ਗਵਾਇਆ॥

ਪਉੜੀ ਦੂਜੀ ਦੇ ਅੰਤ ਵਿਚ ਸੀ:-ਹਾਰਿ ਗਏ ਸਿ ਠਗਣ ਵਾਲਿਆ॥

ਪਉੜੀ ਤੀਜੀ ਦੇ ਅੰਤ ਵਿਚ ਆਇਆ ਹੈ:-ਮਨਿ ਅੰਧੈ ਜਨਮੁ ਗਵਾਇਆ॥

ਇਨ੍ਹਾਂ ਦੋਹਾਂ ਦੇ ਵਿਚਕਾਰ ਵਿਸਮਾਦ ਤੇ ਕੁਦਰਤ ਦੇ ਸ਼ਲੋਕ ਦੇਕੇ 'ਹਾਰਕੇ ਜਨਮ ਗੁਆ ਜਾਣ' ਦੇ ਟਾਕਰੇ ਤੇ 'ਜਨਮ ਸਫਲਾ ਕਰਨ' ਦਾ ਵੇਰਵਾ ਦੇ ਦਿਤਾ।

ਨਿਰੁਕ੍ਤ– ਵਿਸਮਾਦੁ- [ਸੰਸ:, ਧਾ:-ਸਿੑ$_{ਮ}$ =ਮੁਸਕਰਾਉਣਾ। ਵਿ+ਸਿ-।=ਵਿਸਿ-।=ਹੈਰਾਨ ਹੋ ਜਾਣਾ, ਅਚਰਜ ਹੋਣਾ। ਵਿਸਮ੍ਯ:=ਹੈਰਾਨੀ, ਅਚਰਜ। ਅਦਭੁਤਦਾ ਸਥਾਈ ਭਾਵ ਹੈ-ਵਿਸਮਯ] ਅਸਚਰਜਤਾ। ਅਦਭੁਤ ਰਸ ਵਿਚ ਲੀਨਤਾ। ਇਹ ਪਦ 'ਵਿਸਮਾਦ' ਸੰਸਕ੍ਰਿਤ ਵਿਚ ਨਹੀਂ ਹੈ, ਇਹ ਸਿਫਤ ਸਲਾਹ

* ਗਲਿ ਸੰਗਲੁ ਸਿਰਿ ਮਾਰੇ ਉਭੌ ਨਾ ਦੀਸੈ ਘਰ ਬਾਰੋ॥ [ਵਡਹੰਸ ਮਹਲਾ ੧, ਅਲਾਹਣੀ-੪]

ਵਾਲਿਆਂ ਨੇ ਵਿਸਮਯ ਤੋਂ ਬਣਾਇਆ ਹੈ।

ਵੇਖੈ-ਵੇਖਦਾ ਹੈ। ਭਾਵ ਸ਼ਾਕੜੀ ਹੈ। ਕੁਦਰਤ ਦੀਸਣਹਾਰ ਹੈ, ਕਾਦਰ ਦੇਖਣਹਾਰ (ਸਾਕੜੀ) ਹੈ।

ਵਰਤੈ- [ਸੰਸ:, ਵਰ੍ਤ੍ਤਨੇ=ਹੋਣਾ, ਵਿਦਮਾਨ ਹੋਣਾ] (being, abiding, the Property of a fixed presence) [ਵਿ: ਕੋ:] । ਵਰਤਦਾ ਹੈ, ਵਿਦਮਾਨ ਹੈ।

ਤਾਕ-ਤ਼ਾਕ਼, ਅਰਬੀ ਪਦ ਹੈ, ਅਰਥ ਹੈ: ਇਕ। ਪੰਜਾਬੀ ਮੁਹਾਵਰੇ ਵਿਚ ਜੋ ਜੁਸਤ ਤਾਂਕ ਬੋਲਦੇ ਹਨ, ਉਹ ਇਹੋ ਅਰਬੀ ਦਾ 'ਤ਼ਾਕ਼' ਪਦ ਹੈ। ਵਿਖਮ, ਟੌਂਕ। odd numbers।

ਆਪੀਨੈ੍-ਏਥੇ ਪਹਿਲੀ ਪਉੜੀ ਵਾਲਾ 'ਆਪੀਨੈ੍' ਨਹੀਂ ਸਗੋਂ ਇਸ ਤੁਕ ਵਿਚ ਪਏ 'ਭਉਰ' ਪਦ ਦਾ ਇਹ ਸਰਬ ਨਾਮ ਪਿਆ ਹੈ। ਭਸਮੜ-ਭਸਮ ਦੀ ਮੜ੍ਹੀ। ਸੁਆਹ ਦੀ ਢੇਰੀ।

ਵਡਾ ਹੋਆ-ਵਡਾ ਹੋ ਰਿਹਾ ਸੀ। ਸੰਪ੍ਰਦਾਈ ਤੇ ਯੋਗ ਅਰਥ ਇਹੀ ਹੈ। (ਅ) ਦੀਵੇ ਦੇ ਬੁਝਣ ਨੂੰ 'ਵਡਾ ਹੋਣਾ' ਆਖਦੇ ਹਨ, ਅਨੰਦ ਘਨ ਨੇ ਇਸ ਤੋਂ ਵਡਾ ਹੋਇਆ ਦਾ ਅਰਥ 'ਮਰਨਾ' ਲੀਤਾ ਹੈ।

ਦੁਨੀਦਾਰ-ਦੁਨੀਆਂਦਾਰ। ਸੰਸਾਰ ਵਿਹਾਰ ਵਿਚ ਫਸਿਆ ਹੋਇਆ ਆਦਮੀ।

ਕਰਣੀ ਕੀਰਤਿ-ਕਰਣੀ ਅਤੇ ਕੀਰਤੀ।

ਰੂਆਇਆ-ਪੁਕਾਰ। ਰੋਣਾਂ। 'ਸੁਣੀਐ ਕਿਆ ਰੂਆਇਆ' ਦਾ ਭਾਵ ਹੈ ਕਿ ਰੋਣਾਂ ਨਹੀਂ ਸੁਣਿਆਂ ਜਾਂਦਾ।

[ਚਉਥੀ ਪਉੜੀ]

ਪ੍ਰਾਕ੍ਥਨ-'ਕੁਦਰਤ ਦੇ ਸਾਮਾਨ ਸੁਤੰਤ੍ਰ ਨਹੀਂ ਚੱਲ ਰਹੇ ਕਾਦਰ ਦੇ ਭੈ ਵਿਚ ਟੁਰ ਰਹੇ ਹਨ', ਇਹ ਅਗਲੇ ਸ਼ਲੋਕ ਵਿਚ ਖੋਹਲਦੇ ਹਨ:-

ਮੂਲ

ਸਲੋਕ ਮਃ ੧ ॥

ਭੈ ਵਿਚਿ ਪਵਣੁ ਵਹੈ ਸਦਵਾਉ ॥
ਭੈ ਵਿਚਿ ਚਲਹਿ ਲਖ ਦਰੀਆਉ॥
ਭੈ ਵਿਚਿ ਅਗਨਿ ਕਢੈ ਵੇਗਾਰਿ ॥
ਭੈ ਵਿਚਿ ਧਰਤੀ ਦਬੀ ਭਾਰਿ ॥
ਭੈ ਵਿਚਿ ਇੰਦੁ ਫਿਰੈ ਸਿਰ ਭਾਰਿ ॥
ਭੈ ਵਿਚਿ ਰਾਜਾ ਧਰਮ ਦੁਆਰੁ ॥
ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥
ਕੋਹ ਕਰੋੜੀ ਚਲਤ ਨ ਅੰਤੁ ॥
ਭੈ ਵਿਚਿ ਸਿਧ ਬੁਧ ਸੁਰ ਨਾਥ ॥
ਭੈ ਵਿਚਿ ਆਡਾਣੇ ਆਕਾਸ ॥
ਭੈ ਵਿਚਿ ਜੋਧ ਮਹਾਬਲ ਸੂਰ ॥
ਭੈ ਵਿਚਿ ਆਵਹਿ ਜਾਵਹਿ ਪੂਰ ॥

ਅਰਥ

ਪੌਣ (ਪਰਮੇਸ਼ੁਰ ਦੇ) ਭਉ ਵਿਚ ਹੀ ਸਦਾ ਵਗਦੀ ਹੈ। (ਉਸ ਦੇ) ਭੈ ਵਿਚ ਹੀ ਵਗ ਰਹੇ ਹਨ ਲੱਖਾਂ ਦਰਿਆਉ। (ਉਸ ਦੇ) ਭੈ ਵਿਚ ਹੀ ਅੱਗ (ਸਿਰ ਪਿਆ) ਕੰਮ ਕਰ ਰਹੀ ਹੈ। (ਉਸ ਦੇ) ਭੈ ਵਿਚ ਹੀ ਧਰਤੀ ਦੱਬੀ ਹੋਈ ਹੈ ਭਾਰ ਨਾਲ। ਭੈ ਵਿਚ (ਹੀ) ਇੰਦਰ (ਭਾਵ ਬੱਦਲ) ਸਿਰ ਦੇ ਪਰਨੇ (ਭੱਜਾ) ਫਿਰਦਾ ਹੈ। ਭੈ ਵਿਚ ਹੈ ਧਰਮ ਰਾਜਾ (ਤੇ ਭੈ ਵਿਚ ਹੈ ਉਸ ਦਾ) ਦੁਆਰ*। (ਉਸ ਦੇ) ਭੈ ਵਿਚ ਹੀ ਸੂਰਜ ਹੈ (ਤੇ) ਭੈ ਵਿਚ ਹੀ ਚੰਦ ਹੈ, ਕ੍ਰੋੜਾਂ ਕੋਹ ਚਲਦੇ ਹਨ (ਜਿਨ੍ਹਾਂ ਕੋਹਾਂ ਦੀ ਗੇਣਤੀ ਦਾ) ਅੰਤ ਨਹੀਂ। ਸਿਧ, ਬੁਧ, ਨਾਥ ਤੇ ਦੇਵਤੇ (ਬੀ ਉਸ ਦੇ) ਭੈ ਵਿਚ ਹਨ। (ਇਹ ਜੋ) ਅਕਾਸ਼ ਫੈਲੇ ਹੋਏ ਹਨ ਭੈ ਵਿਚ ਹਨ। (ਇਸ ਧਰਤੀ ਦੇ ਜੀਵਾਂ ਵਿਚੋਂ ਜੋ ਬੜੇ) ਜੋਧੇ ਮਹਾਂ ਬਲੀ ਸੂਰਮੇ ਹਨ (ਉਹ ਬੀ ਉਸ ਦੇ) ਭੈ ਵਿਚ ਹਨ, (ਹੋਰ ਆਮ ਜਨਤਾ ਦੇ) ਪੂਰਾਂ ਦੇ ਪੂਰ, ਜੋ ਜੰਮਦੇ ਮਰਦੇ ਰਹਿੰਦੇ ਹਨ (ਸਭ) ਭੈ ਵਿਚ ਹਨ।

* ਉਪਨਿਖਧ 'ਕਠ' (੬,੩) ਤੇ 'ਤੈਤ੍ਰਿਯ' (੮)ਵਿਚ ਅਗਨੀ, ਸੂਰਜ, ਚੰਦ, ਵਾਯੂ, ਤੇ ਮੌਤ ਪੰਜੇ ਭੌ ਹੇਠ ਦੱਸੇ ਹਨ।

-310

ਸਗਲਿਆ ਭਉ ਲਿਖਿਆ ਸਿਰਿ ਲੇਖੁ ॥ ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ ॥੧॥

(ਸੋ) ਭਉ ਦਾ ਲੇਖ ਸਾਰਿਆਂ ਦੇ ਸਿਰ ਤੇ ਲਿਖਿਆ ਹੋਇਆ ਹੈ। ਭਉ ਤੋਂ ਰਹਿਤ (ਕੇਵਲ) ਇਕ ਹੈ (ਜੋ) ਸੱਚਾ ਹੈ ਤੇ ਨਿਰਾਕਾਰ ਹੈ (ਕਹਿੰਦੇ ਹਨ ਸ੍ਰੀ ਗੁਰੂ) ਨਾਨਕ (ਦੇਵ ਜੀ)॥ ੧॥

ਵਯਾਖਯਾ-ਸਾਰੇ ਉਸ ਬੱਧੇ ਨੇਮਾਂ ਵਿਚ ਕੰਮ ਕਰ ਰਹੇ ਹਨ, ਇਨ੍ਹਾਂ ਵਿਚ ਜੋ ਨੇਮ ਉਲੰਘ ਸਕਣ ਦੀ ਰਵਸ਼ ਹੈ, ਇਹ ਕਿਸੇ ਹਦਬੰਦੀ ਦੇ ਅੰਦਰ ਹੈ, ਉਹ ਹਦਬੰਦੀ ਕਰਤੇ ਨੇ ਬੰਨ੍ਹੀ ਹੈ। ਹਦਬੰਦੀ ਵਿਚ ਰਹਿਣਾ ਤੇ ਉਸ ਨੂੰ ਉਲੰਘ ਨਾ ਸਕਣਾ 'ਕਰਤੇ' ਦੀ ਜਿਸ ਸ਼ਕਤੀ ਕਰਕੇ ਹੈ 'ਉਹ' ਕੀਤੇ ਹੋਇਆਂ ਲਈ ਉਸ ਦਾ ਭੈ ਹੈ। ਸੰਖੇਪ ਨਾਲ ਸਮਝਣ ਲਈ ਇਉਂ ਹੈ, ਭੈ ਤੋਂ ਮਤਲਬ ਉਹਨਾਂ ਕੁਦਰਤੀ ਨਿਯਮਾਂ ਦਾ ਹੈ ਜੋ ਅਮਿਟ ਹਨ ਤੇ ਜਿਨ੍ਹਾਂ ਦਾ ਉਲੰਘਣ ਅਸੰਭਵ ਹੈ। ਭਾਵ ਇਹੋ ਹੈ ਕਿ ਪੂਜਯ ਉਹੋ ਹੈ ਜੋ ਨਿਰਭਉ ਹੈ; ਹੋਰ ਸਾਰੇ ਜੋ ਭਉ ਹੇਠ ਹਨ ਓਹ ਪੂਜਯ ਨਹੀਂ। ਕੁਦਰਤ ਵਿਚ ਭੈ ਦਿਖਾਕੇ ਅਗਲੇ ਸ਼ਲੋਕ ਵਿਚ ਦੱਸਿਆ ਹੈ ਕਿ ਰਾਮ ਆਦਿਕ ਅਵਤਾਰ ਭੀ ਭੈ ਵਿਚ ਹਨ, ਇਕੋ ਆਪ ਨਿਰੰਕਾਰ ਨਿਰਭਉ ਹੈ।

ਮ:੧॥ ਨਾਨਕ ਨਿਰਭਉ ਨਿਰੰਕਾਰੁ ਹੋਰਿ ਕੇਤੇ ਰਾਮ ਰਵਾਲ ॥ ਕੇਤੀਆ ਕੰਨ੍ ਕਹਾਣੀਆ ਕੇਤੇ ਬੇਦ ਬੀਚਾਰ ॥

ਕੇਤੇ ਨਚਹਿ ਮੰਗਤੇ ਗਿੜਿ ਮੁੜਿ ਪੂਰਹਿ ਤਾਲ ॥

ਬਾਜਾਰੀ ਬਾਜਾਰ ਮਹਿ ਆਇ ਕਢਹਿ ਬਾਜਾਰ ॥ ਗਾਵਹਿ ਰਾਜੇ ਰਾਣੀਆ ਬੋਲਹਿ ਆਲ ਪਤਾਲ ॥

ਲਖ ਟਕਿਆ ਕੇ ਮੁੰਦੜੇ ਲਖ ਟਕਿਆ ਕੇ ਹਾਰ ॥ ਜਿਤੁ ਤਨਿ ਪਾਈਅਹਿ ਨਾਨਕਾ ਸੇ ਤਨ ਹੋਵਹਿ ਛਾਰ ॥ ਗਿਆਨੁ ਨ ਗਲੀਈ ਢੂਢੀਐ ਕਥਨਾ ਕਰੜਾ ਸਾਰੁ ॥

(ਹੇ) ਨਾਨਕ ! (ਇਕ) ਨਿਰੰਕਾਰ (ਵਾਹਿਗੁਰੂ ਹੀ ਹੈ ਜੋ) ਭਉ ਤੋਂ ਰਹਿਤ ਹੈ, ਹੋਰ ਕਿਤਨੇ ਹੀ ਰਾਮ ਹੋਏ ਹਨ (ਤੇ ਕਿਤਨੇ ਹੀ) ਕ੍ਰਿਸ਼ਨ (ਹੋਏ ਹਨ, ਅਤੇ ਉਹਨਾਂ ਦੀਆਂ) ਕਈ ਕਹਾਣੀਆਂ (ਚਲ ਰਹੀਆਂ) ਹਨ, (ਪਰ ਓਹ ਸਾਰੇ ਅਕਾਲ ਪੁਰਖ ਅਗੇ) ਧੂੜੀ (ਭਾਵ ਤੁੱਛ) ਹਨ; (ਜਿਵੇਂ ਰਾਮ ਕ੍ਰਿਸ਼ਨ* ਨੂੰ ਪਰਮੇਸ਼ੁਰ ਦੱਸਣ ਦੀਆਂ ਕਥਾ ਪੁਰਾਣਾਂ ਵਿਚੋਂ ਕਰਦੇ ਹਨ ਤਿਵੇਂ) ਕਈ ਵੀਚਾਰ ਵੇਦਾਂ ਦੇ ਬੀ (ਦੱਸਦੇ ਹਨ। ਏਹ ਦੱਸਣ ਵਾਲੇ) ਕਈ ਤਾਂ ਮੰਗਤੇ (ਸਾਧੂ ਹਨ ਜੋ ਉਹਨਾਂ ਬਾਬਤ ਕਥਾ ਕਹਾਣੀਆਂ ਕਰਨ ਆਦਿ ਤੋਂ ਛੁਟ ਉਹਨਾਂ ਦੇ ਜੀਵਨ ਪ੍ਰਸੰਗ ਪਰਤੱਖ ਕਰਕੇ ਦੱਸਣ ਲਈ ਲੀਲਾਂ ਰਾਸਾਂ ਪਾਉਂਦੇ ਤੇ) ਨਚਦੇ ਹਨ ਤੇ ਫੇਰੀਆਂ ਲੈ ਲੈ ਤੇ ਮੋੜੇ ਖਾਕੇ (ਬਤਾਵੇ ਕਰ ਕਰਕੇ) ਤਾਲ ਪੂਰਦੇ ਹਨ। (ਕਈ) ਕਮਾਮ ਵਾਲੇ (ਲੋਕ ਹਨ, ਅਰਥਾਤ ਰਾਸਧਾਰੀਏ ਜੋ) ਬਜ਼ਾਰਾਂ ਵਿਚ (ਇਨ੍ਹਾਂ ਲੀਲਾ ਤੇ ਰਾਸਾਂ ਦਾ ਮਾਨੋ) ਬਾਜ਼ਾਰ ਆ ਲਾਉਂਦੇ ਹਨ। (ਏਹ ਲੋਕ ਫੇਰ ਸਾਂਗ ਭਰਦੇ ਹਨ ਤੇ) ਰਾਜੇ ਰਾਣੀਆਂ (ਬਣਕੇ ਗਉਣ) ਗਾਉਂਦੇ ਹਨ (ਤੇ ਵਾਰਤਕ ਬੀ) ਬੋਲਦੇ ਹਨ (ਪਰ ਜੋ ਕੁਛ ਬੋਲਦੇ ਹਨ) ਆਲ ਪਤਾਲ ਹੁੰਦਾ ਹੈ। (ਜੈਸਾ ਇਨ੍ਹਾਂ ਦਾ ਬੋਲਨ ਆਲ ਪਤਾਲ ਭਾਵ ਝੂਠਾ ਹੈ, ਇਸੇ ਤਰ੍ਹਾਂ ਇਨ੍ਹਾਂ ਦੇ ਕੰਨੀਂ ਤੇ ਗਲੇ ਵਿਚ ਪਹਿਨੇ ਹੋਏ) ਲੱਖ ਟਕਿਆਂ ਦੇ ਬੁੰਦੇ ਤੇ ਲਖ ਟਕਿਆਂ ਦੇ ਹਾਰ (ਝੂਠੇ ਹਨ। ਏਹ ਗਹਿਣੇ ਹੀ ਝੂਠੇ ਨਹੀਂ)। ਹੇ ਨਾਨਕ ! ਜਿਸ ਤਨ ਨੂੰ (ਤੇ ਜਿਸ ਤਨ ਦੀ ਪਾਲਣਾ ਦੀ ਖਾਤਰ ਏਹ) ਪਾਏ ਜਾਂਦੇ ਹਨ ਓਹ ਤਨ (ਬੀ ਅੰਤ) ਸੁਆਹ (ਝੂਠੇ) ਹੋ ਜਾਂਦੇ ਹਨ। (ਇਸ ਤਰ੍ਹਾਂ ਦੇ ਬਤਾਵਿਆਂ) ਗਲਾਂ (ਤੇ ਕਥਨੀਆਂ) ਨਾਲ (ਦਿਲ ਪਰਚਾਵੇ ਤਾਂ ਹੁੰਦੇ ਹਨ ਪਰ ਨਿਰੰਕਾਰ ਦਾ) ਗਯਾਨ ਨਹੀਂ ਲੱਭਿਆ ਜਾ ਸਕਦਾ, (ਉਸ

* ਪੌਰਾਣਕ ਕਥਾ ਬੀ ਕਰਦੇ ਹਨ ਤੇ ਵਿਚ ਵਿਚ ਉਪਨਿਖਧਾਂ ਆਦਿ ਦੇ 'ਵੇਦ ਵੀਚਾਰ' ਬੀ ਸੁਣਾਉਂਦੇ ਹਨ।

ਦੇ ਤਤ ਗਜਾਨ ਦਾ) ਕਥਨ ਕਰ ਸਕਣਾ (ਇਨਾ) ਔਖਾ (ਹੈ ਜਿਤਨਾ) ਲੋਹਾ। (ਇਨ੍ਹਾਂ ਨਾਟਕਾਂ ਚੇਟਕਾਂ ਨਾਲ ਤਾਂ ਕੀਹ, ਸਾਰੇ ਸਾਧਨਾਂ ਦੇ

ਕਰਮਿ ਮਿਲੈ ਤਾ ਪਾਈਐ ਹੋਰ ਹਿਕਮਤਿ ਹੁਕਮੁ ਖੁਆਰੁ ॥੨॥

ਕਰਦਿਆਂ ਬੀ ਜੇ ਸਾਈਂ ਦੀ) ਮਿਹਰ ਨਾਲ ਮਿਲ ਜਾਏ ਤਾਂ (ਉਹ ਗਜਾਨ) ਪ੍ਰਾਪਤ ਹੁੰਦਾ ਹੈ; (ਇਨ੍ਹਾਂ) ਹਿਕਮਤਾਂ ਨਾਲ (ਕਹੋ ਜਾਂ) ਹੁਕਮ (ਨਾਲ ਕਹੋ ਤਾਂ ਉਹ ਨਹੀਂ ਮਿਲਦਾ ਇਹ ਤਾਂ ਸਗੋਂ) ਖੁਆਰੀ ਹੈਨ॥ ੨॥

ਪ੍ਰਾਕ੍ਕਥਨ-ਅਗੇ ਪਉੜੀ ਵਿਚ ਪਰਮੇਸ਼ੁਰ ਦੀ ਮਿਹਰ ਦਾ ਵੇਰਵਾ ਹੈ:-

ਪਉੜੀ ॥ ਨਦਰਿ ਕਰਹਿ ਜੇ ਆਪਣੀ ਤਾ ਨਦਰੀ ਸਤਿਗੁਰੁ ਪਾਇਆ ॥ ਏਹੁ ਜੀਉ ਬਹੁਤੇ ਜਨਮ ਭਰੰਮਿਆ ਤਾ ਸਤਿਗੁਰਿ ਸਬਦੁ ਸੁਣਾਇਆ ॥ ਸਤਿਗੁਰ ਜੇਵਡੁ ਦਾਤਾ ਕੋ ਨਹੀ ਸਭਿ ਸੁਣਿਅਹੁ ਲੋਕ ਸਬਾਇਆ ॥ ਸਤਿਗੁਰਿ ਮਿਲਿਐ ਸਚੁ ਪਾਇਆ ਜਿਨੀ ਵਿਚਹੁ ਆਪੁ ਗਵਾਇਆ ॥ ਜਿਨਿ ਸਚੋ ਸਚੁ ਬੁਝਾਇਆ ॥੪॥

(ਹੇ ਅਕਾਲ ਪੁਰਖ ! ਜੇ ਤੂੰ) ਆਪਣੀ ਮਿਹਰ ਦੀ ਦ੍ਰਿਸ਼ਟੀ ਪਾਵੇਂ ਤਾਂ (ਉਸ) ਮਿਹਰ ਦੀ ਦ੍ਰਿਸ਼ਟੀ ਨਾਲ ਸਤਿਗੁਰ ਪ੍ਰਾਪਤ ਹੁੰਦਾ ਹੈ*। (ਇਸ ਤੋਂ ਪਹਿਲਾਂ) ਇਹ ਜੀਵ ਬਹੁਤੇ ਜਨਮਾਂ ਵਿਚ ਭਟਕਦਾ ਫਿਰਿਆ (ਸੀ, ਹੁਣ ਜਦ ਨਦਰ ਹੋਈ ਤਾਂ ਸਤਿਗੁਰ ਮਿਲਿਆ) ਸਤਿਗੁਰ ਨੇ (ਮਿਲਕੇ ਇਸ ਨੂੰ) ਸ਼ਬਦ ਸੁਣਾਇਆ (=ਨਾਮ ਦਾ ਉਦਪੇਸ਼ ਦਿੱਤਾ। ਉਸ ਸ਼ਬਦ ਦੀ ਕਮਾਈ ਨੇ ਭਰਮਣਾ ਭਟਕਣਾਂ ਦੂਰ ਕਰ ਦਿੱਤਾ)। ਹੇ ਸਾਰੇ ਲੋਕੋ ! (ਤੁਸੀਂ) ਸਾਰੇ † ਸੁਣ ਲਓ ਕਿ ਸਤਿਗੁਰੂ ਜੇਡਾ ਦਾਤਾ (ਹੋਰ) ਕੋਈ ਨਹੀਂ ਹੈ, (ਕਿਉਂਕਿ) ਜਿਨ੍ਹਾਂ ਨੇ ਸਤਿਗੁਰੂ ਮਿਲ ਪੈਣ ਤੇ (ਆਪਣੇ ਮਨ) ਵਿਚੋਂ ਆਪਾ ਭਾਵ ਗੁਆ ਦਿੱਤਾ ਹੈ, (ਉਨ੍ਹਾਂ ਨੇ) 'ਸੱਚ' ਨੂੰ ਪ੍ਰਾਪਤ ਕਰ ਲਿਆ ਹੈ, ਜਿਸ (ਗੁਰੂ) ਨੇ (ਕਿ ਸਿਖ ਨੂੰ ਮਿਲਕੇ ਉਸ ਨੂੰ ਕੇਵਲ) ਸੱਚ ਹੀ ਸੱਚ (ਵਾਹਿਗੁਰੂ) ਲਖਾ ਦਿੱਤਾ ਹੈ॥ ੪॥

ਪਉੜੀ ਤੇ ਸਲੋਕਾਂ ਦਾ ਸੰਮੇਲਨ-ਇਸ ਤੀਜੀ ਪਉੜੀ ਵਿਚ ਭੋਗਾਂ ਵਿਚ ਖਚਿਤ ਹੋਕੇ ਜਨਮ ਬਿਰਥਾ ਜਾਂਦਾ ਦੱਸਿਆ ਸੀ। ਉਸ ਤੋਂ ਬਚਨ ਦਾ ਰਾਹ ਕਿੱਥੋਂ ਲੱਭਦਾ ਹੈ, ਇਸ ਦਾ ਉੱਤਰ ਇਸ ਪਉੜੀ ਵਿਚ ਹੈ। ਕਿਉਂਕਿ ਸਤਿਗੁਰੂ ਨੂੰ ਮਿਲਕੇ ਤਾਰਨਹਾਰ ਸੱਚ ਲੱਭਦਾ ਹੈ।

ਪਹਿਲੇ ਸ਼ਲੋਕ ਵਿਚ ਪਉੜੀ ਦੇ ਭਾਵ ਲਈ ਸ੍ਰੋਤਿਆਂ ਦੇ ਮਨ ਨੂੰ ਤਿਆਰ ਕੀਤਾ ਹੈ ਕਿ ਪਰਮਾਤਮਾ ਤੋਂ ਛੁਟ ਕੋਈ ਭੈ ਰਹਿਤ ਨਹੀਂ। ਕਟਾਖਯ ਇਹ ਹੈ ਕਿ ਭੈ ਰਹਿਤ ਦੇ ਧਯਾਨ ਨਾਲ ਭੈ ਦੂਰ ਹੋਊ, ਭੈ ਸੰਯੁਕਤਾਂ ਨਾਲ ਲੱਭਿਆਂ ਭੈ ਬਣਿਆ ਰਹੂ। ਦੂਸਰੇ ਸ਼ਲੋਕ ਵਿਚ ਖੋਹਲ ਕੇ ਦੱਸ ਦਿਤਾ ਹੈ ਕਿ ਰਾਮ, ਕੰਨ੍ਹ (ਕ੍ਰਿਸ਼ਨ ਆਦਿ ਤੇ) ਵੇਦ ਵੀਚਾਰਨ ਨਾਲ ਪੰਡਿਤ ਸਭ ਭਉ ਹੇਠ ਹਨ।

ਫੇਰ ਅਜ ਕਲ ਜੋ ਤੁਸੀਂ ਰਾਸਾਂ ਵਿਚ ਰਾਮ ਕ੍ਰਿਸ਼ਨ ਤੇ ਨਾਟ ਵਾਲੇ ਸਰੂਪ ਵੇਖਦੇ ਹੋ, ਉਹ ਤਾਂ ਮੂਲੋਂ ਹੀ ਭਉ ਹੇਠ ਹੋਏ, ਕਿਉਂਕਿ ਆਮ ਮੁੰਡਿਆਂ ਨੂੰ ਸ੍ਰੀ ਰਾਮ ਤੇ ਕ੍ਰਿਸ਼ਨ ਦਾ ਸਾਂਗ ਬਣਾ ਦੇਂਦੇ ਹਨ। ਸੋ ਇਨ੍ਹਾਂ ਗਲਾਂ ਨਾਲ ਉਹ ਗਜਾਨ ਨਹੀਂ ਪੈਦਾ ਹੁੰਦਾ ਜੋ ਵਿਸਮਾਦ ਵਿਚ ਲੈ ਜਾਵੇ। ਉਹ ਮੇਹਰ ਦੀ ਵਸਤੂ ਹੈ, ਸੋ ਦੇਖੋ: ਇਨ੍ਹਾਂ ਸ਼ਲੋਕਾਂ ਵਿਚ ਪਾਠਕ ਯਾ ਸ੍ਰੋਤੇ ਨੂੰ ਉਸ ਗਜਾਨ ਦੀ ਲੋੜ ਉਪਜਦੀ ਹੈ ਤੇ ਪੁੱਛਦਾ ਹੈ ਗਿਆਨ ਕੀਕੂੰ ਮਿਲੇ? ਤਾਂ ਅਗੋਂ ਪਉਡੀ ਦਾ ਭਾਵ ਆ ਢੁੱਕਿਆ। ਸ਼ਲੋਕ ਮੁੱਕਾ ਸੀ ਇਹ

* (ਅ) 'ਮਹਾਰਾਜ ਜਬ ਹੀ ਅਪਣੀ ਨਜ਼ਰ ਕਰਤਾ ਹੈ'।　　[ਅਨੰਦ ਘਨ]
(ੲ) ਜੇ ਆਪਣੀ ਮੇਹਰ ਕਰੇ ਤਾਂ.....।　　[ਸੰਪ੍ਰ:]
† (ਅ) ਸਭ='ਸਾਰੇ ਜਗਤ ਵਿਚ' ਬੀ ਸੰਪ੍ਰਦਾ ਵਿਚ ਅਰਥ ਕਰਦੇ ਹਨ।

ਕਹਿਕੇ ਕਿ 'ਕਰਮਿ ਮਿਲੈ ਤਾ ਪਾਈਐ'; ਪਉੜੀ ਸ਼ੁਰੂ ਹੋਈ, 'ਨਦਰਿ ਕਰਹਿ ਜੇ ਆਪਣੀ'।

ਇਹ ਕਹਿਕੇ ਪਉੜੀ ਵਿਚ ਦੱਸਿਆ ਇਹ ਹੈ ਕਿ ਸਤਿਗੁਰੂ ਸਚ ਦਾ ਦਾਤਾ ਹੈ ਤੇ ਉਹ ਸੱਚ (ਨਾਮ) ਸ਼ਬਦ ਦੁਆਰਾ ਦ੍ਰਿੜਾਉਂਦਾ ਹੈ ਤੇ ਉਸ ਦੀ ਦੱਸੀ ਨਾਮ ਘਾਲ ਨਾਲ ਹਉਂ ਦੂਰ ਹੁੰਦੀ ਤੇ ਸਚ ਹੀ ਸਚ ਦ੍ਰਿੜ ਹੋ ਜਾਂਦਾ ਹੈ। ਭਾਵ ਸਤਜ ਸਰੂਪ ਨੂੰ ਪ੍ਰਾਪਤ ਹੋ ਜਾਈਦਾ ਹੈ।

ਨਿਰੁਕ੍ਤ-ਸਦਵਾਉ-ਗੁਰੂ ਗ੍ਰੰਥ ਕੋਸ਼ ਵਿਚ 'ਸਦਵਾਉ' ਦਾ ਮੂਲ 'ਸਦੈਵ' ਦੱਸ ਆਏ ਹਾਂ। ਸਦਾ+ਇਵ= ਸਦੈਵ, ਸਦਾ, ਹਮੇਸ਼ਾ। (ਅ) ਨਰੋਤਮ ਤਾਰਾ ਸਿੰਘ ਜੀ ਨੇ 'ਸਦਾ ਚਲਣੇ ਵਾਲੀ' ਅਰਥ ਕੀਤਾ ਹੈ। ਪੌਣ ਥੋੜੀ ਬਹੁਤ ਚਾਲ ਵਿਚ ਸਦਾ ਰਹਿੰਦੀ ਹੈ ਇਸ ਕਰਕੇ ਸੰਸਕ੍ਰਿਤ ਵਿਚ 'ਸਦਾ ਗਤਿ' ਪਦ ਪਉਣ ਲਈ ਵਰਤਿਆ ਹੈ। 'ਪਵਣ ਸਦਵਾਉ'=ਸਦਾ ਚਾਲ ਵਿਚ ਰਹਿਣੇ ਵਾਲੀ ਪੌਣ। ਇਹ ਅਰਥ ਭੀ ਸੰਪ੍ਰਦਾਈ ਹੈ।

ਕਢੈ ਵੇਗਾਰਿ-ਵੇਗਾਰ ਕੱਢਣਾ=ਉਹ ਸੇਵਾ ਜੋ ਅਪਣੀ ਇੱਛਾ ਨਾ ਹੁੰਦਿਆਂ ਬੀ ਕਰਨੀ ਪਵੇ। ਹਿੰਦੂ ਮਤ ਅਨੁਸਾਰ ਸਾਰੇ ਦੇਉਤਿਆਂ ਦੀਆਂ ਅਹੂਤੀਆਂ ਅਗਨੀ ਲੈਂਦੀ ਹੈ ਤੇ ਉਹਨਾਂ ਨੂੰ ਪੁਚਾਉਂਦੀ ਹੈ। ਸੋ ਅਗਨੀ ਨੂੰ ਦੂਜੇ ਦੇਵਤਿਆਂ ਦੀ ਮਾਨੋਂ ਵੇਗਾਰ ਕੱਢਣੀ ਪੈਂਦੀ ਹੈ। ਇਸੇ ਤਰ੍ਹਾਂ ਚੁੱਲ੍ਹੇ ਭੱਠੀਆਂ ਆਦਿਕਾਂ ਵਿਚ ਪਾਕੇ ਆਦਮੀ ਬੀ ਇਸ ਤੋਂ ਕੰਮ ਲੈਂਦਾ ਹੈ।

ਧਰਤੀ-ਜਿਸ ਪਰ ਕੁਛ ਧਾਰਿਆ ਜਾਵੇ। ਧਰਤੀ ਪਰ ਜਲ, ਵਾਯੂ, ਤੱਤ ਤੇ ਹੋਰ ਬਨਸਪਤੀ, ਜੀਵ ਜੋ ਕੁਛ ਇਸ ਪਰ ਧਰਿਆ ਹੈ, ਸਭ ਉਸ ਦਾ ਭਾਰ ਹੈ।

ਰਾਜਾ ਧਰਮ-ਧਰਮ ਰਾਜਾ। 'ਧਰਮ ਰਾਜਾ' ਤੇ 'ਦੁਆਰ' ਦੁਇ ਪਦ ਕਰਮ ਕਾਰਕ ਵਿਚ ਹੈਨ।

ਸਿਧ-ਜੈਨੀਆਂ ਦੇ ਸਭ ਤੋਂ ਵਡੇ, ਜੋਗੀ ਬੀ ਇਹ ਪਦ ਆਪਣੇ ਵਡਿਆਂ ਲਈ ਵਰਤ ਲੈਂਦੇ ਹਨ।

ਬੁਧ-ਬੋਧੀਆਂ ਦਾ ਸਭ ਤੋਂ ਵੱਡਾ ਆਚਾਰਯ। ਓਹ ਬੁਧ ਇਕ ਨਹੀਂ ਕਈ ਹੋਏ ਮੰਨਦੇ ਹਨ।

ਸੁਰ-ਦੇਵਤੇ। ਨਾਥ-ਜੋਗੀਆਂ ਦੇ ਸਭ ਤੋਂ ਵਡੇ ਜੋ ਨੌਂ ਹਨ।

ਭਉ-'ਭਯ' ਤੋਂ 'ਭਉ' ਪਦ ਬਣਿਆ ਹੈ। ਸੰਸਕ੍ਰਿਤ 'ਯ' ਪੰਜਾਬੀ ਵਿਚ 'ਉ' ਵਿਚ ਬਦਲਦਾ ਹੈ। ਕੋਸ਼ ਵਿਚ ਇਹ ਨਿਯਮ ਦੱਸ ਆਏ ਹਾਂ।

ਕੰਨ੍ਹ- [ਸੰਸ:, ਕ੍ਰਿਖ੍ਣ ਦਾ ਪ੍ਰਾਕ੍ਰਿਤ ਰੂਪ ਹੈ ਕੰਨ੍ਹ] ਕ੍ਰਿਸ਼ਨ।

ਰਵਾਲ-ਥੋੜੀ ਜਿਹੀ ਸ਼ੈ, ਕਿਣਕਾ ਧੂੜੀ, ਭਾਵ ਤੁੱਛ।

ਬਾਜਾਰੀ-ਬਾਜ਼ਾਰ ਲਾਉਣ ਵਾਲੇ, ਵਪਾਰ ਕਰਕੇ ਪੈਸੇ ਕਮਾਉਣ ਵਾਲੇ, ਕਮਾਮ ਵਾਲੇ। ਹਿੰਦ ਦੀਆਂ ਕਈ ਪ੍ਰਾਂਤਾਂ ਵਿਚ ਸ਼ਹਿਰਾਂ ਤੋਂ ਦੂਰ ਗਿਰਾਵਾਂ ਵਿਚ ਫਿਰਤੂ ਵਪਾਰੀ ਬਾਜ਼ਾਰ ਆ ਲਾਉਂਦੇ ਹਨ, ਇਰਦ ਗਿਰਦ ਦੇ ਲੋਕ ਆਕੇ ਸੌਦੇ ਖ਼੍ਰੀਦਦੇ ਹਨ, ਉਨ੍ਹਾਂ ਨਾਲ ਗੁਰੂ ਜੀ ਰਾਸਧਾਰੀਆਂ ਨੂੰ ਉਪਮਾ ਦੇ ਰਹੇ ਹਨ।

ਆਲ ਪਤਾਲ- [ਸੰਪ੍ਰਦਾ ਵਿਚ] ਅਕਾਸ਼ ਪਤਾਲ ਦੀਆਂ ਗੱਲਾਂ। ਐਸੀਆਂ ਗੱਲਾਂ ਜੋ ਹਸਾ ਰੁਆ ਜਾਣ, ਪਰ ਹੋਣ ਬੇਥਵੀਆਂ। ਜਿਵੇਂ ਅਕਾਸ਼ ਪਤਾਲ ਨਹੀਂ ਮਿਲਦੇ, ਉਸੇ ਤਰ੍ਹਾਂ ਜਿਨ੍ਹਾਂ ਗੱਲਾਂ ਵਿਚ ਪਾੜਾ ਅਕਾਸ਼ ਪਤਾਲ ਦਾ ਹੋਵੇ, ਅਸੰਗਤ ਤੇ ਅਮੇਲਵੀਆਂ। ਰਾਸਧਾਰੀਏ ਰਾਸਾਂ ਵਿਚ ਰਾਮ ਕ੍ਰਿਸ਼ਨ ਤੋਂ ਛੁੱਟ ਰਾਜਾ ਰਸਾਲੂ, ਭਰਥਰੀ, ਲੂਣਾ, ਇੰਦੁਮਤੀ ਆਦਿ ਦੇ ਕਿੱਸੇ ਕਹਾਣੀਆਂ ਸਭ ਮੱਲੋਮੱਲੀ ਲਿਆ ਘੁਸੇੜਦੇ ਅਤੇ ਅਸੰਗਤ ਪ੍ਰਸੰਗ ਤੇ ਹਾਸਾ ਮਖ਼ੌਲ ਕਰਦੇ ਹਨ। [ਅ਼ਰਬੀ, ਆਅਲਾ=ਬਹੁਤ ਉੱਚਾ, ਭਾਵ ਅਕਾਸ਼। ਪਾਤਾਲ=ਹੇਠਲੇ ਸਤ ਲੋਕਾਂ ਵਿਚੋਂ ਅੰਤਲਾ]। ਉਚਿਆਈ ਅਰਥ ਵਾਲਾ ਪਦ, ਜਿਸ ਦਾ ਭਾਵ ਅਰਥ ਅਕਾਸ਼ ਹੈ, ਗੁਰਬਾਣੀ ਵਿਚ 'ਪਤਾਲ' ਪਦ ਦੇ ਨਾਲ ਹੋਰਥੇ ਬੀ ਆਯਾ ਹੈ, ਜੈਸੇ: 'ਛੂਟਸਿ ਨਾਹੀ ਊਭ ਪਇਆਲ'*=(ਊਭ=ਉੱਚਾ, ਭਾਵ) ਅਕਾਸ਼ ਪਤਾਲ ਵਿਚ ਚੜ੍ਹ ਉਤਰਕੇ ਬੀ ਨਹੀਂ ਛੁਟ ਸਕਦਾ।

* ਗਉੜੀ ਮਹਲਾ ੫, ਸੁਖਮਨੀ, ੩-੪

(ਅ) 'ਅਸਤ ਵਿਅਸਤ ਗੱਲਾਂ' ਦੇ ਅਰਥ ਵਿਚ ਬੀ ਇਹ ਪਦ ਗੁਰਬਾਣੀ ਵਿਚ ਆਯਾ ਹੈ:-

ਓਹੁ ਆਲੁ ਪਤਾਲੁ ਮੁਹਹੁ ਬੋਲਦੇ ਜਿਉ ਪੀਤੈ ਮਦਿ ਮਤਵਾਲੇ॥ [ਗਉੜੀ ਵਾਰ ਮ: ੪-੧੯]

(ੲ) 'ਚੰਗਾ ਮੰਦਾ, ਉੱਚਾ ਨੀਵਾਂ' ਦੇ ਅਰਥ ਵਿਚ ਬੀ ਆਯਾ ਹੈ। ਯਥਾ:-

ਉਰਵਾਰ ਪਾਰ ਕੇ ਦਾਨੀਆ ਲਿਖਿ ਲੇਹੁ ਆਲ ਪਾਤਾਲੁ॥ [ਗਉੜੀ ਰਵਿ:-੧]

ਮੁੰਦੜੇ-ਮੁੰਦ੍ਰਾ, ਮੁੰਦਰਾਂ, ਮੁੰਦੜਾਂ, ਰੂਪ ਬਦਲਦਾ ਅਜ ਕਲ ਬੁੰਦਾ ਤੇ ਬੁੰਦੜੇ ਰੂਪ ਬੋਲਿਆ ਜਾਂਦਾ ਹੈ। ਇਸ ਦਾ ਅਰਥ ਹੈ:-ਵਾਲਾ, ਤਨੌੜਾ, ਕੁੰਡਲ; ਤੇ ਮੁੰਦਰੀਆਂ ਛੱਲੇ ਬੀ ਲਾ ਲੈਂਦੇ ਹਨ।

ਸਾਰੁ-ਲੋਹਾ। ਸਿਧ ਗੋਸ਼ਟ (ਪਉੜੀ ੧੯) ਵਿਚ ਪ੍ਰਸ਼ਨ ਹੈ:-ਬਿਨੁ ਦੰਤਾ ਕਿਉ ਖਾਈਐ ਸਾਰੁ॥ ਉੱਤਰ (ਪਉੜੀ ੨੦ ਵਿਚ) ਹੈ:-ਤ੍ਰੈ ਗੁਣ ਮੇਟੇ ਖਾਈਐ ਸਾਰੁ॥ ਪਰ ਨਾਲ ਦੱਸਿਆ ਹੈ:-'ਮਨਸਾ ਆਸਾ ਸਬਦਿ ਜਲਾਈ', ਇਹ ਮਿਹਰ ਹੈ।

ਹਿਕਮਤਿ- [ਅ:, ਹ਼ਿਕਮਤ] ਅ਼ਰਬੀ ਵਿਚ ਹਿਕਮਤ ਦੇ ਪਹਿਲੇ ਅਰਥ ਹਨ ਦਾਨਾਈ, ਅਮਲ ਦੀ ਸਚਿਆਈ, ਵਿਦਵਤਾ। ਫਿਰ ਵਿਦਵਤਾ ਦੇ ਬਿਆਨ ਵਿਚ ਦੀਆਂ ਕਈ ਕਿਸਮਾਂ ਕਰਦੇ ਹਨ। ਪੰਜਾਬੀ ਵਿਚ ਇਸ ਦੇ ਅਰਥ ਹਨ: ਵੈਦ ਦੀ ਵੈਦੰਗੀ, ਦਾਨਾਈ, ਚਾਲਾਕੀ ਦੀ ਤਰਕੀਬ ਯਾ ਚਾਲਾਕੀ। ਇਥੇ ਵਿਸ਼ੇਸ਼ ਭਾਵ ਤਰਕੀਬਾਂ ਤੇ ਚਾਲਾਕੀਆਂ ਤੋਂ ਹੈ।

ਹੁਕਮ- [ਅ:, ਹੁਕਮ] ਫ਼ੁਰਮਾਨ। ਜ਼ੋਰ ਨਾਲ ਗੱਲ ਮਨਾਉਣੀ। ਹੋ ਸਕਦਾ ਹੈ ਕਿ ਹਿਕਮਤ ਹੁਕਮ ਏਥੇ 'ਹਿਕਮਤ ਹਕੂਮਤ' ਦਾ ਸੰਖੇਪ ਹੋਵੇ। 'ਹੁਕਮ' ਸੰਖੇਪ ਹੈ 'ਹਕੂਮਤ' ਦਾ ਤੇ ਇਹ ਹਿਕਮਤ ਦੀ ਤਾਬਿਆ ਮੁਹਮਲ ਹੈ ਅਰਥਾਤ ਹਿਕਮਤਾਂ ਆਦਿਕਾਂ ਨਾਲ।

[ਪਉੜੀ ਪੰਜਵੀਂ]

ਪ੍ਰਾਕ੍ਥਨ-ਚੌਥੀ ਪਉੜੀ ਦੇ ਦੂਸਰੇ ਸਲੋਕ ਵਿਚ ਰਾਸਧਾਰੀਆਂ ਦੀ ਰਾਸ ਨੂੰ ਇਕ ਖੇਲ ਤਮਾਸ਼ਾ ਮਾਤ੍ਰ ਵਰਣਨ ਕੀਤਾ ਹੈ ਤੇ ਇਨ੍ਹਾਂ ਦਿਲ ਪਰਚਾਵੇ ਦੀ ਹਾ ਹਾ ਹੂ ਹੂ ਤੋਂ ਗਯਾਨ ਉਤਪਤੀ ਦੀ ਅਭਾਵਤਾ ਦਿਖਾਈ ਹੈ। ਸੰਸਾਰ ਵਿਚ ਹੋ ਰਹੇ ਐਸੇ ਕੌਤਕ ਕੌਡ ਤਮਾਸ਼ਿਆਂ ਦੇ ਆਪਣੇ ਵਿਚ ਮੁਗਧ ਕਰਕੇ ਗਯਾਨ ਪ੍ਰਾਪਤੀ ਦੇ ਰਾਹ ਤੋਂ ਵਰਜ ਰਹਾਣ ਵਾਲੇ ਨਜ਼ਾਰੇ ਤੋਂ ਆਪ ਜੀ ਦਾ ਵਿਸ਼ਾਲ ਮਨ ਕੁਦਰਤ ਦੀ ਵਿਸ਼ਾਲਤਾ ਵਿਚ ਉਪਰ ਨੂੰ ਉਠ ਗਿਆ ਹੈ ਤੇ ਆਪ ਕੁਦਰਤ ਦੇ ਸਾਮਾਨਾਂ ਵਿਚ ਹੀ ਵਿਸ਼੍ਵ ਰਾਸ ਪੈ ਰਹੀ ਅਨੁਭਵ ਕਰਦੇ ਹਨ ਜੋ ਅਗਲੇ ਸ਼ਲੋਕ ਵਿਚ ਹੈ। ਇਸ ਰਾਸ ਵਿਚ ਇਕ ਪਾਸੇ ਤਾਂ ਚੰਦ ਸੂਰਜ ਘੜੀਆਂ ਆਦਿਕ ਹਨ ਜੋ ਮਾਨੋ 'ਕਾਲ' ਦੇ ਸੂਚਕ ਹਨ। ਦੂਜੇ ਪਾਸੇ ਧਰਤੀ ਹੈ ਜੋ 'ਦੇਸ਼' ਦੀ ਸੂਚਕ ਹੈ। ਤੀਜੇ ਪਾਸੇ ਮਾਲ ਧਨ ਪਉਣ ਪਾਣੀ ਬੈਸੰਤਰ ਆਦਿਕ ਹਨ ਜੋ ਮਾਨੋ ਇਕ 'ਵਸਤੂ' ਰੂਪ ਹਨ। ਇਨ੍ਹਾਂ ਸਾਰਿਆਂ ਪਦਾਰਥਾਂ ਦੀ ਪਰਸਪਰ ਵਰਤੋਂ ਮਾਨੋਂ 'ਦੇਸ਼ ਕਾਲ ਵਸਤੂ' ਦੀ ਪਰਸਪਰ ਖੇਡ ਹੈ, ਜੋ ਰਾਸ ਦੇ ਤੁੱਲਜ ਹੈ। ਇਸ ਦੇਸ਼ ਕਾਲ ਆਦਿਕ ਦੀ ਖੇਡ ਦੇ ਮੁਕਾਬਲੇ ਤੇ ਇਕ ਇਨ੍ਹਾਂ ਤੋਂ ਭਿੰਨ ਹੋਰ ਪਦਾਰਥ ਹੈ ਜੋ 'ਗਯਾਨ' ਹੈ। ਇਸ ਦੇ ਹੋਣ ਨਾਲ ਇਹ ਰਾਸ ਇਕ ਸਾਰਥਿਕ ਚੀਜ਼ ਹੈ, ਜਿਸ ਗਯਾਨ ਦੀ ਅਣਹੋਂਦ ਮੰਨਣ ਨਾਲ ਇਹ ਸਾਰੀ ਦੇਸ਼ ਕਾਲ ਵਸਤੂ ਦੀ ਖੇਡ ਮਾਨੋਂ ਜਮਕਾਲ ਦੇ ਚੱਕ੍ਰ ਦੀ ਭਉਂ ਭਉਂ ਹੀ ਹੈ।

ਮੂਲ	ਅਰਥ
ਘੜੀਆ ਸਭੇ ਗੋਪੀਆ ਪਹਰ ਕੰਨ੍	ਚੰਦ ਤੇ ਸੂਰਜ (ਮਾਨੋ) ਦੋ ਅਵਤਾਰ* (ਹਨ ਜੋ ਕ੍ਰਿਸ਼ਨ ਤੇ ਰਾਮ

* ਪਿਛੇ ਆਏ 'ਨਾਨਕ ਨਿਰਭਉ ਨਿਰੰਕਾਰੁ' ਵਾਲੇ ਸ਼ਲੋਕ ਵਿਚ ਰਾਮ ਤੇ ਕ੍ਰਿਸ਼ਨ ਦਾ ਜ਼ਿਕਰ ਹੈ, ਇਸ ਤੋਂ ਅਗਲੇ ਸ਼ਲੋਕ ਵਿਚ ਕਾਹਨ ਤੇ ਰਾਮ ਦਾ ਜ਼ਿਕਰ ਹੈ, ਤਾਂਤੇ ਏਥੇ ਬੀ ਭਾਵ ਇਹੋ ਹੈ ਕਿ ਕ੍ਰਿਸ਼ਨ ਤੇ ਰਾਮ ਦੀ ਥਾਵੇਂ ਚੰਦ ਤੇ ਸੂਰਜ ਹਨ।

314

ਗੋਪਾਲ ॥ ਗਹਣੇ ਪਉਣੁ ਪਾਣੀ ਬੈਸੰਤਰੁ ਚੰਦੁ ਸੂਰਜੁ ਅਵਤਾਰ ॥ ਸਗਲੀ ਧਰਤੀ ਮਾਲੁ ਧਨੁ ਵਰਤਣਿ ਸਰਬ ਜੰਜਾਲ ॥

ਦੀ ਥਾਵੇਂ ਮੁੱਖ ਨਾਟਕ ਪਾਤ੍ਰ ਹਨ), ਪਹਿਰ (ਮਾਨੋਂ) ਕ੍ਰਿਸ਼ਨ ਦੇ (ਨਾਲ ਉਸ ਦੇ ਸਖੇ) ਗੋਪ ਹਨ (ਤੇ) ਘੜੀਆਂ (ਜੋ ਹਨ ਸੋ) ਸਾਰੀਆਂ (ਮਾਨੋਂ) ਗੋਪੀਆਂ ਹਨ, (ਇਨ੍ਹਾਂ ਨਾਟਕ ਪਾਤ੍ਰਾਂ ਨੇ) ਪਉਣ ਪਾਣੀ ਤੇ ਅਗਨੀ ਦੇ (ਮਾਨੋਂ) ਗਹਿਣੇ ਪਾਏ ਹੋਏ ਹਨ। ਸਾਰੀ ਧਰਤੀ (ਇਸ ਰਾਸ ਦੀ ਰੰਗ ਭੂਮੀ ਹੈ ਤੇ ਧਰਤੀ ਦਾ) ਮਾਲ (ਇਸ ਰਾਸ ਦੇ ਰਾਸ ਪਾਤ੍ਰਾਂ ਦੇ ਤਮਾਸ਼ੇ ਕਰਨ ਦਾ ਸਾਮਾਨ ਹੈ ਤੇ) ਧਨ (ਉਹ ਸ਼ੈ ਹੈ ਜਿਸ ਕਰਕੇ ਜੀਵਾਂ ਦੀ ਪਰਸਪਰ) ਵਰਤੋਂ ਹੁੰਦੀ ਹੈ (ਵਰਤੋਂ ਤੋਂ) ਸਾਰੇ ਜੰਜਾਲ ਪੈਂਦੇ ਹਨ (ਇਹ ਮਾਨੋਂ ਇਸ ਵਿਚ ਨਾਟ ਹੋ ਰਿਹਾ ਹੈ*। ਇਸ

ਨਾਨਕ ਮੁਸੈ ਗਿਆਨ ਵਿਹੂਣੀ ਖਾਇ ਗਇਆ ਜਮਕਾਲੁ ॥੧॥

ਰਾਸ ਵਿਚ) ਗਿਆਨ ਤੋਂ ਸੱਖਣੀ (ਸ੍ਰਿਸ਼ਟੀ) ਠੱਗੀ ਜਾ ਰਹੀ ਹੈ ਤੇ ਜਮਕਾਲ (ਇਹਨੂੰ) ਖਾਈ ਜਾਂਦਾ ਹੈ॥ ੧॥

ਪ੍ਰਾਕ੍ਕਥਨ-ਵਿਸ਼੍ਵ ਦੀ ਰਾਸ ਦਾ ਦਰਸ਼ਨ ਦੱਸਕੇ ਆਪ ਮੁੜ ਅਗਲੇ ਸ਼ਲੋਕ ਵਿਚ ਰਾਸਧਾਰੀਆਂ ਦੀ ਰਾਸ ਲੀਲਾ ਪਰ ਅਪਣਾ ਵੀਚਾਰ ਦੇਂਦੇ ਹਨ ਤੇ ਉਸ ਦੀ ਇਖ਼ਲਾਕੀ ਵੀਚਾਰ ਕਰਦੇ ਹੋਏ ਨਾਲ ਉਸ ਪਰ ਸਾਹਿੱਤਕ ਪੜਚੋਲ ਬੀ ਦੇਂਦੇ ਹਨ ਕਿ ਉਹ ਇਖ਼ਲਾਕ ਦੇ ਨਾਲ ਅਪਣੇ 'ਨਾਟਕੀ ਰਸ' ਨੂੰ ਬੀ ਕੁਰਸ ਕਰ ਰਹੀ ਹੈ। ਗੋਯਾ ਕਿ ਨਾਟਕਲਾ ਬੀ ਗਿਰ ਚੁਕੀ ਹੈ; ਤੇ ਇਸ ਦੇ ਮੁਕਾਬਲੇ ਤੇ ਸੱਚੀ ਭਗਤੀ ਦਾ ਰਸਤਾ ਦੱਸਦੇ ਹਨ:-

ਮਃ ੧॥ਵਾਇਨਿ ਚੇਲੇ ਨਚਨਿ ਗੁਰ ॥ ਪੈਰ ਹਲਾਇਨਿ ਫੇਰਨਿ੍ ਸਿਰ ॥ ਉਡਿ ਉਡਿ ਰਾਵਾ ਝਾਟੈ ਪਾਇ ॥

ਚੇਲੇ (ਸਾਜ਼) ਵਜਾਉਂਦੇ ਹਨ, ਗੁਰੂ ਨੱਚਦੇ ਹਨ † (ਓਹ ਨੱਚਦੇ ਹੋਏ) ਪੈਰ ਮਾਰਦੇ ਹਨ (ਤੇ) ਸਿਰ ਫੇਰਦੇ ਹਨ (ਭਾਵ ਉਨ੍ਹਾਂ ਦਾ ਨਾਚ ਪੈਰ ਮਾਰਨ ਤੇ ਸਿਰ ਫੇਰਨ ਦੀ ਹਰਕਤ ਮਾਤ੍ਰ ਹੈ। ਪੈਰ ਮਾਰਨ ਨਾਲ) ਘੱਟਾ (ਉਡਦਾ ਹੈ ਜੋ) ਉਡ ਉਡਕੇ (ਉਨ੍ਹਾਂ ਦੇ ਫੇਰੇ ਲੈ ਰਹੇ) ਸਿਰ ਦੇ ਵਾਲਾਂ ਵਿਚ ਪੈਂਦਾ ਹੈ। (ਬਜਾਏ ਇਸ ਦੇ ਕਿ ਓਹ ਲੋਕਾਂ ਵਿਚ ਪ੍ਰੇਮ ਰਸ ਯਾ ਉਨਰ

ਵੇਖੈ ਲੋਕੁ ਹਸੈ ਘਰਿ ਜਾਇ ॥

ਰਸ ਪੈਦਾ ਕਰਨ, ਓਹ ਆਪਣੇ ਲਈ ਹਾਸੋਹੀਣੀ ਦਸ਼ਾ ਬਣਾ ਰਹੇ ਹਨ ਕਿ) ਜੋ ਲੋਕ ਵੇਖ ਰਹੇ ਹਨ ਮਖ਼ੌਲ ਕਰ ਰਹੇ ਹਨ (ਤੇ ਟਿਚਕਰਾਂ ਕਰਦੇ ਆਪੋ ਆਪਣੇ) ਘਰੀਂ ਜਾ ਰਹੇ ਹਨ (ਪੱਲੇ ਕਿਸੇ ਦੇ ਕੁਛ ਨਹੀਂ ਪੈਂਦਾ)। (ਪਰ ਰਾਸਧਾਰੀਆਂ ਨੂੰ ਪਰਵਾਹ ਨਹੀਂ ਕਿ ਕਿਸੇ ਦੇ ਪੱਲੇ ਕੁਛ ਪਿਆ ਕਿ ਨਹੀਂ, ਹਾਸੇ ਖੇਲ ਦਾ ਪਰਚਾਵਾ ਪਾਕੇ ਪੈਸੇ ਲੈਣੇ ਉਨ੍ਹਾਂ ਦਾ ਮੰਤਵ ਹੈ, ਇਸ

ਰੋਟੀਆ ਕਾਰਣਿ ਪੂਰਹਿ ਤਾਲ ॥ ਆਪੁ ਪਛਾੜਹਿ ਧਰਤੀ ਨਾਲਿ ॥ ਗਾਵਨਿ ਗੋਪੀਆ ਗਾਵਨਿ ਕਾਨ੍ ॥

ਲਈ ਓਹ) ਰੋਟੀਆਂ (ਕਮਾਉਣ) ਦੇ ਲਈ ਤਾਲ ਪੂਰਦੇ ਹਨ (ਤੇ) ਅਪਣੇ ਆਪ ਨੂੰ (ਮਾਨੋਂ) ਧਰਤੀ ਨਾਲ ਪਛਾੜਦੇ ਹਨ। (ਏਹ ਕੁਛ ਏਹ ਲੋਕ ਨਿਰੇ ਨਟ ਬਣਕੇ ਨਹੀਂ ਕਰ ਰਹੇ, ਓਹ ਤਾਂ) ਕ੍ਰਿਸ਼ਨ ਤੇ ਗੋਪੀਆਂ (ਦੇ ਸਾਂਗ ਬਣੇ ਹੋਏ ਐਸਾ) ਗਾਇਨ ਕਰ ਰਹੇ ਹਨ (ਯਾ) ਰਾਜੇ

* ਜਗਤ ਦੇ ਜੀਵਾਂ ਦੀ ਇਸ ਦੇਸ਼ ਕਾਲ ਵਾਲੇ ਜਗਤ ਵਿਚ 'ਮਾਲ ਧਨ ਤੇ ਵਰਤੋਂ' ਵਿਚ ਹੀ ਸਾਰੇ ਮਾਮਲੇ ਪੈਂਦੇ ਤੇ ਰੋਜ਼ ਨਵੇਂ ਨਵੇਂ ਕਿੱਸੇ ਕਹਾਣੀਆਂ ਤੇ ਨਾਟਕ ਹੋ ਰਹੇ ਹਨ।

† ਚੇਲੇ ਸਾਜ ਵਜਾਇੰਦੇ ਨਚਨਿ ਗੁਰੂ ਬਹੁਤ ਬਿਧਿ ਭਾਈ॥ [ਭਾਈ ਗੁਰਦਾਸ ਵਾਰ ੧-੩੦]

ਗਾਵਨਿ ਸੀਤਾ ਰਾਜੇ ਰਾਮ ॥

ਰਾਮ ਤੇ ਸੀਤਾ (ਦਾ ਸਾਂਗ ਬਣਕੇ ਐਸਾ) ਗਾਯਨ ਕਰ ਰਹੇ ਹਨ। (ਹੁਣ ਸੱਚੇ ਹਰੀ ਭਗਤਾਂ ਦੀ ਕਰਨੀ ਦੱਸਦੇ ਹਨ ਕਿ ਇਨ੍ਹਾਂ ਬਨਾਵਟੀ ਨਟਾਂ ਦੇ ਰਾਮ-

ਨਿਰਭਉ ਨਿਰੰਕਾਰੁ ਸਚੁ ਨਾਮੁ ॥ ਜਾ ਕਾ ਕੀਆ ਸਗਲ ਜਹਾਨੁ ॥ ਸੇਵਕ ਸੇਵਹਿ ਕਰਮਿ ਚੜਾਉ ॥ ਭਿੰਨੀ ਰੈਣਿ ਜਿਨ੍ਹਾ ਮਨਿ ਚਾਉ ॥

ਕ੍ਰਿਸ਼ਨ ਦੀ ਓਹ ਪੂਜਾ ਨਹੀਂ ਕਰਦੇ, ਉਹ ਤਾਂ ਉਸ ਦੀ ਪੂਜਾ ਕਰਦੇ ਹਨ ਜਿਸ ਦਾ (ਇਹ) ਸਾਰਾ ਜਹਾਨ ਰਚਿਆ ਹੋਇਆ ਹੈ, ਜੋ ਨਿਰੰਕਾਰ ਹੈ (ਅਕਾਰ ਤੋਂ ਰਹਿਤ ਹੈ), ਭਉ ਤੋਂ ਰਹਿਤ ਹੈ ਤੇ ਉਸ ਦਾ ਨਾਮ ਹੈ 'ਸੱਚ'* । (ਓਹ ਸੱਚੇ ਭਗਤ ਤੇ ਸੱਚੇ) ਸੇਵਕ (ਉਸ ਦੀ) ਸੇਵਾ ਮਨ ਤੇ ਚਾਉ ਨਾਲ ਕਰਦੇ ਹਨ (ਤੇ ਉਸ ਨਿਰੰਕਾਰ ਦੀ ਕਰਮ=) ਬਖਸ਼ਿਸ਼ ਨਾਲ (ਉਨ੍ਹਾਂ ਨੂੰ ਸੁਰਤ ਦਾ) ਚੜ੍ਹਾਉ (ਪ੍ਰਾਪਤ ਹੁੰਦਾ ਹੈ ਤੇ ਉਨ੍ਹਾਂ ਦੀ ਰਾਤ) ਭਿੰਨੀ (ਰਸਮਈ ਰਾਤ ਹੋ ਜਾਂਦੀ ਹੈ † । (ਇਹ) ਸਿੱਖਜਾ, (ਜਿਨ੍ਹਾਂ ਨੇ) ਗੁਰੂ ਦੀ ਵੀਚਾਰ

ਸਿਖੀ ਸਿਖਿਆ ਗੁਰ ਵੀਚਾਰਿ ॥ ਨਦਰੀ ਕਰਮਿ ਲਘਾਏ ਪਾਰਿ ॥

ਦੁਆਰਾ ਸਿੱਖੀ ਹੈ ‡ ਮਿਹਰ ਦ੍ਰਿਸ਼ਟੀ ਵਾਲਾ (ਨਿਰੰਕਾਰ ਉਨ੍ਹਾਂ ਨੂੰ) ਮਿਹਰ ਨਾਲ ਪਾਰ ਲੰਘਾ ਲੈਂਦਾ ਹੈ। (ਪਰ ਰਾਸਾਂ ਦਾ ਨਾਚ ਤੇ ਕਲਾ ਦੇ ਪੁਰਜ਼ਿਆਂ ਵਤ ਇਕ ਨਿਰਜਿੰਦ, ਨਿਰਭਾਵ। ਨਿਰਗਯਾਨ 'ਭਉਣ ਮਾਤ੍ਰ' ਦੀ ਕ੍ਰਿਯਾ ਹੈ

ਕੋਲੂ ਚਰਖਾ ਚਕੀ ਚਕੁ ॥ ਥਲ ਵਾਰੋਲੇ ਬਹੁਤੁ ਅਨੰਤੁ ॥ ਲਾਟੂ ਮਾਧਾਣੀਆ ਅਨਗਾਹ ॥ ਪੰਖੀ ਭਉਦੀਆ ਲੈਨਿ ਨ ਸਾਹ ॥

ਜੀਕੂੰ ਭਉਂਦਾ ਹੈ (ਤੇਲ ਪੀੜਨ ਵਾਲਾ) ਕੋਹਲੂ, (ਕੱਤਣ ਵਾਲਾ) ਚਰਖਾ (ਪੀਹਣ ਵਾਲੀ) ਚੱਕੀ ਤੇ ਭਾਂਡੇ (ਘੜੇ ਜਾਣ ਵਾਲਾ) ਚੱਕ। (ਰੇਤ) ਥਲਿਆਂ ਦੇ ਬਹੁਤ ਵਾ ਵਰੋਲੇ (ਪਏ ਘੁੰਮਦੇ ਹਨ, ਜਿਨ੍ਹਾਂ ਦਾ) ਅੰਤ ਕੋਈ ਨਹੀਂ। (ਖੇਡ ਦਾ) ਲਾਟੂ, (ਲੱਸੀ ਰਿੜਕਨ ਵਾਲੀਆਂ) ਮਧਾਣੀਆਂ, ਅੰਨ ਗਾਹੁਣ ਵਾਲੇ (ਫਲ੍ਹੇ ਭਉਂਦੇ ਰਹਿੰਦੇ ਹਨ। ਫਿਰ) ਪੰਖੀ (ਹਨ, ਜੈਸੇ ਕਿ ਇੱਲਾਂ ਹਨ ਜੋ ਭਉਂਦੀਆਂ ਸਾਹ ਨਹੀਂ ਲੈਂਦੀਆਂ। ਸੂਏ ਤੇ ਚਾੜ੍ਹਕੇ ਜੰਤ ਭੁਆਈਦੇ ਹਨ

ਸੂਐ ਚਾੜਿ ਭਵਾਈਅਹਿ ਜੰਤ ॥ ਨਾਨਕ ਭਉਦਿਆ ਗਣਤ ਨ ਅੰਤ ॥

(ਸੋ ਹੇ) ਨਾਨਕ ! ਭਉਣ ਵਾਲਿਆਂ ਦੀ ਗਿਣਤੀ ਦਾ ਅੰਤ ਨਹੀਂ। (ਜਿਨ੍ਹਾਂ ਬੰਧਨਾਂ ਵਿਚ ਇਹ ਸਾਰੇ ਬੱਧੇ ਹੋਏ ਹਨ) ਓਹੋ ਬੰਧਨ (ਇਨ੍ਹਾਂ ਨੂੰ) ਭੁਆ ਰਹੇ

ਬੰਧਨ ਬੰਧਿ ਭਵਾਏ ਸੋਇ ॥ ਪਇਐ ਕਿਰਤਿ ਨਚੈ ਸਭੁ ਕੋਇ ॥

ਹਨ §, (ਅਰਥਾਤ) ਕਿਰਤ (ਦੇ ਬੰਧਨ) ਵਿਚ ਪੈ ਕੇ ਸਭ ਕੋਈ ਨੱਚ ਰਿਹਾ ਹੈ, (ਪਰ ਜਿਨ੍ਹਾਂ ਦਾ ਕਮਾਮ) ਨਚ ਨਚ ਕੇ (ਰੋਜ਼ੀ ਪੈਦਾ ਕਰਨ ਦਾ ਹੋ ਗਿਆ ਹੈ ਅਰਥਾਤ ਰਾਸਧਾਰੀਏ ਹੋ ਗਏ ਹਨ, ਓਹ ਭਾਵੇਂ ਨਕਲੀ ਹਾਸੇ) ਹੱਸ ਲੈਂਦੇ

* ਭਾਵ, ਪਰਮੇਸ਼ੁਰ ਨਿਰ-ਆਕਾਰ ਹੋਣ ਕਰਕੇ ਅਜੋਨੀ ਹੈ, ਉਸ ਦੇ ਅਵਤਾਰ ਮੰਨਣੇ ਤੇ ਉਹਨਾਂ ਦੇ ਸਾਂਗ ਉਤਾਰਨੇ, ਰਾਸਾਂ ਪਾਉਣੀਆਂ ਤੇ ਉਹ ਭੀ ਪੈਸੇ ਦੀ ਖਾਤਰ, ਭਗਤੀ ਦੇ ਨੁਕਤਾ ਨਿਗਾਹ ਤੋਂ ਨਿਸ਼ਫਲ ਕ੍ਰਿਯਾ ਹੈ।

† ਨਿਰੰਕਾਰ ਦੇ ਸੇਵਕ ਪੈਸੇ ਦੀ ਖ਼ਾਤਰ ਨਕਲ ਨਹੀਂ ਉਤਾਰਦੇ, ਉਹਨਾਂ ਦੇ ਅੰਦਰ ਮਨ ਦੇ ਚਾਉ ਤੋਂ ਸੇਵਾ ਦਾ ਭਾਉ ਉਪਜਦਾ ਹੈ। ਉਹਨਾਂ ਰਾਸਧਾਰੀਆਂ ਵਾਕਰ ਇਥੇ ਘੱਟਾ ਨਹੀਂ ਸਿਰ ਪੈਂਦਾ ਤੇ ਰਾਤ ਹਾਸੋ ਹੀਣੀ ਨਹੀਂ ਬੀਤਦੀ, ਪਰੰਤੂ ਇਸ ਦੇ ਟਾਕਰੇ ਤੇ ਉਹਨਾਂ ਦਾ ਸਮਾਂ ਰਾਤ ਦੀ ਤਰਾਵਤ (ਭਿੰਨੀ ਰੈਣ) ਵਿਚ ਆਤਮ ਚਾਉ ਵਿਚ ਗੁਜ਼ਰਦਾ ਹੈ। ਨਾਂ ਹੀ ਉਹਨਾ ਨੂੰ ਆਪਣੇ ਆਪ ਨੂੰ ਧਰਤੀ ਤੇ ਪਛਾੜਨਾ ਪੈਂਦਾ ਹੈ, ਪਰੰਤੂ ਇਸ ਦੇ ਉਲਟ ਉਹਨਾ ਨੂੰ (ਸੁਰਤ ਦਾ) ਚੜ੍ਹਾਉ ਪ੍ਰਾਪਤ ਹੁੰਦਾ ਹੈ।

‡ ਰਾਸ ਵਿਚ ਚੇਲੇ ਬੈਠਕੇ ਸਾਜ਼ ਵਜਾਉਂਦੇ ਹਨ ਤੇ ਗੁਰੂ ਨੱਚਦੇ ਹਨ ਤੇ ਦੋਹਾਂ ਦੀ ਨਜ਼ਰ ਰੋਟੀਆਂ ਤੇ ਹੁੰਦੀ ਹੈ, ਪਰ ਸੱਚੀ ਭਗਤੀ ਵਿਚ ਸਿੱਖ ਸਿਖਦਾ ਹੈ ਤੇ ਗੁਰਮੁਖ ਸਿਖਾਉਂਦਾ ਹੈ, ਦੋਹਾਂ ਦੀ ਦ੍ਰਿਸ਼ਟੀ ਨਿਰੰਕਾਰ ਦੀ ਪ੍ਰਾਪਤੀ ਤੇ ਹੁੰਦੀ ਹੈ।

§ ਜੋ ਬੀ ਚੀਜ਼ ਬੰਧਨ ਵਿਚ ਬੱਧੀ ਭੌਂ ਰਹੀ ਹੈ, ਮੁਕਤ ਨਹੀਂ ਹੋ ਸਕਦੀ।

ਨਚਿ ਨਚਿ ਹਸਹਿ ਚਲਹਿ ਸੇ ਰੋਇ॥ ਉਡਿ ਨ ਜਾਹੀ ਸਿਧ ਨ ਹੋਹਿ॥ ਨਚਣੁ ਕੁਦਣੁ ਮਨ ਕਾ ਚਾਉ॥

(ਅੰਤ ਨੂੰ ਓਹ ਏਥੋਂ) ਰੋ ਕੇ ਟੁਰਨਗੇ। ਨਾ ਉੱਡਕੇ (ਕਿਤੇ) ਪਹੁੰਚ ਪੈਣਗੇ ਤੇ ਨਾ (ਕਿਸੇ) ਸਿਧੀ ਨੂੰ ਪ੍ਰਾਪਤ ਹੋਣਗੇ। (ਕਿਉਂਕਿ) ਇਨ੍ਹਾਂ ਦਾ ਨੱਚਣਾ ਕੁੱਦਣਾ (ਕਿਸੇ ਭਾਉ ਭਗਤੀ ਲਈ ਨਹੀਂ, ਇਹ ਤਾਂ ਐਵੇਂ ਇਕ) ਮਨ ਦਾ ਪਰਚਾਵਾ ਹੈ। (ਭਗਤੀ ਵਿਚ ਅਦਬ ਲੋੜੀਦਾ ਹੈ, ਪਰ ਇਹ ਤਾਂ ਰਾਮ ਕ੍ਰਿਸ਼ਨ ਅਪਣੇ ਇਸ਼ਟ ਦੀਆਂ ਨਕਲਾਂ ਕਰਕੇ ਬੇਅਦਬ ਹੁੰਦੇ ਹੁੰਦੇ ਭੈ ਰਹਿਤ ਹੋ ਜਾਂਦੇ ਹਨ)

ਨਾਨਕ ਜਿਨ੍ ਮਨਿ ਭਉ ਤਿਨ੍ਹਾ ਮਨਿ ਭਾਉ ॥੨॥

ਹੇ ਨਾਨਕ ! ਪ੍ਰੇਮ ਤਾਂ ਉਨ੍ਹਾਂ ਦੇ ਮਨ ਉਪਜਦਾ ਹੈ ਜਿਨ੍ਹਾਂ ਦੇ ਮਨ (ਪਰਮੇਸ਼ੁਰ ਦਾ) ਭੈ (=ਅਦਬ) ਹੁੰਦਾ ਹੈ* ॥ ੨ ॥

ਪ੍ਰਾਕ੍ਥਨ-ਇਸ ਪੰਜਵੀਂ ਪਉੜੀ ਦੇ ਪਹਿਲੇ ਸ਼ਲੋਕ ਵਿਚ ਕੁਦਰਤੀ ਤੌਰ ਤੇ ਹੋ ਰਹੀ ਰਾਸ ਵਰਣਨ ਹੋਈ ਹੈ, ਦੂਸਰੇ ਸ਼ਲੋਕ ਵਿਚ ਉਹ ਰਾਸ ਦੱਸੀ ਹੈ ਜੋ ਲੋਕੀ ਪਾ ਰਹੇ ਹਨ ਤੇ ਕਰਤਾ ਪੁਰਖ ਤੋਂ ਭੁੱਲਕੇ ਨੱਚਣ ਕੁੱਦਣ, ਖੇਡਾਂ ਤੇ ਦਿਲਪਰਚਾਵਿਆਂ ਵਿਚ ਸਮਾਂ ਗੁਆ ਰਹੇ ਹਨ, ਇਸ ਵਿਚ ਰਾਸਧਾਰੀਆਂ ਦੀ ਧਾਰਮਕ ਨੁਕਤੇ ਤੋਂ ਨਿਖੇਧੀ ਕਰ ਆਏ ਹਨ ਤੇ ਦੱਸ ਆਏ ਹਨ ਕਿ ਨਕਲ ਉਤਾਰਨ ਵਿਚ ਬੇਅਦਬੀ ਹੋਣ ਕਰਕੇ ਇਸ ਤਰ੍ਹਾਂ ਰਾਸ ਭਗਤੀ ਭਾਵ ਤੋਂ ਊਣੀ ਰਹਿ ਜਾਂਦੀ ਹੈ। ਅਗਲੀ ਪਉੜੀ ਵਿਚ ਉਸੇ ਚੀਜ਼ ਦੀ ਨਿਖੇਧੀ ਦਾਰਸ਼ਨਿਕ ਦ੍ਰਿਸ਼ਟੀ ਤੋਂ ਵਰਣਨ ਹੋਈ ਹੈ, ਜਿਸ ਵਿਚ ਦੱਸਿਆ ਹੈ ਕਿ ਰਾਸਧਾਰੀਏ ਰਾਮ ਕ੍ਰਿਸ਼ਨ ਆਦਿਕ ਦੇ ਸਾਂਗ ਉਤਾਰ ਕੇ ਸਾਕਾਰ ਰੂਪਾਂ ਦੀ ਨਕਲ ਉਤਾਰਦੇ ਹਨ, ਇਹ ਨਿਸਫਲ ਯਤਨ ਹੈ। ਉਸ ਦਾ ਸ਼ੁੱਧ ਸਰੂਪ ਨਿਰੰਕਾਰ ਹੈ, ਅਰਥਾਤ ਆਕਾਰ ਰਹਿਤ ਤੇ ਉਸ ਦੇ ਏਸੇ ਸਰੂਪ ਦੀ ਆਰਾਧਨਾ ਹੋਣੀ ਚਾਹੀਦੀ ਹੈ। ਉਸ ਦੀ ਅਸਲੀ ਉਪਾਸਨਾ ਉਸ ਦੀ ਨਾਮ ਅਰਾਧਨਾ ਹੈ, ਨਾਕਿ ਰਾਸਧਾਰੀ ਨਕਲ। ਫੇਰ ਰਾਸਧਾਰੀਏ ਜੋ ਨਕਲ ਉਤਾਰਦੇ ਹਨ ਉਹ ਦਾਨ ਲੈਣ ਦੀ ਖ਼ਾਤਰ ਹੁੰਦੀ ਹੈ, ਹਾਲਾਂਕਿ ਚੰਗੀ ਗੱਲ ਇਹ ਹੈ ਕਿ ਕਿਰਤ ਕਮਾਈ ਕਰਕੇ ਦਾਨ ਦੇਵੇ, ਲਵੇ ਨਾ। ਦਾਨ ਦੀ ਵਿਧਿ ਇਹ ਹੈ, ਸਭ ਕੁਝ ਪਰਮੇਸ਼ੁਰ ਦਾ ਸਮਝੇ। ਏਸ ਸਮਝ ਨਾਲ ਦਾਨ ਦੇਵੇ। ਦੇਕੇ ਫੇਰ ਨਿੰਮ੍ਰਤਾ ਵਿਚ ਰਹੇ। ਜੇ ਨਿੰਮ੍ਰਤਾ ਨਹੀਂ ਤੇ ਹੰਕਾਰ ਵਿਚ ਹੈ ਤਾਂ ਇਹ ਹੰਕਾਰ ਵਿਅਰਥ ਹੈ। ਕਾਲ ਦੇ ਅੱਗੇ ਸਭ ਨੂੰ ਝੁਕਣਾ ਪੈਂਦਾ ਹੈ, ਉਸ ਨੂੰ ਕੋਈ ਧੋਖਾ ਨਹੀਂ ਦੇ ਸਕਦਾ। ਇਹ ਸਿੱਧਾਂਤ ਅਗਲੀ ਪਉੜੀ ਵਿਚ ਹੈ।

ਪਉੜੀ ॥ ਨਾਉ ਤੇਰਾ ਨਿਰੰਕਾਰੁ ਹੈ ਨਾਇ ਲਇਐ ਨਰਕਿ ਨ ਜਾਈਐ॥ ਜੀਉ ਪਿੰਡੁ ਸਭੁ ਤਿਸ ਦਾ ਦੇ ਖਾਜੈ ਆਖਿ ਗਵਾਈਐ ॥ ਜੇ ਲੋੜਹਿ ਚੰਗਾ ਆਪਣਾ ਕਰਿ ਪੁੰਨਹੁ ਨੀਚੁ ਸਦਾਈਐ ॥

(ਸਾਕਾਰ ਸਭ ਨਾਸ਼ਵੰਤ ਹਨ, ਨਿਰਾਕਾਰ ਅਵਿਨਾਸ਼ੀ ਹੈ) † , ਤੂੰ ਨਿਰਾਕਾਰ ਹੈਂ, ਤੇਰਾ ਨਾਮ ਲਿਆਂ ਨਰਕ ਵਿਚ ਨਹੀਂ ਜਾਈਦਾ, (ਤੈਂ ਨਿਰੰਕਾਰ ਦੇ ਪਾਸ ਜਾਈਦਾ ਹੈ)। ਸਰੀਰ ਤੇ ਜੀਵ (ਜਿਸ ਨੂੰ ਅਸੀਂ ਆਪਣਾ ਸਮਝਦੇ ਹਾਂ) ਸਾਰਾ ਕੁਛ ਉਸੇ (ਨਿਰੰਕਾਰ) ਦਾ (ਦਿੱਤਾ ਹੋਇਆ) ਹੈ, (ਸੋ ਜੋ ਕੁਛ ਸਾਡੇ ਪਾਸ ਹੈ ਉਹ ਬੀ ਉਸੇ ਦਾ ਹੋਇਆ, ਉਸ ਵਿਚੋਂ) ਵੰਡਕੇ ਖਾਈਏ, (ਫਿਰ ਵੰਡਕੇ ਕਹੀਏ ਨਾ ਕਿ ਮੈਂ ਦਿੱਤਾ ਹੈ, ਕਿਉਂਕਿ ਹੈਸੀ ਜੋ ਸਭ ਕੁਛ ਓਸੇ ਦਾ, ਸੋ ਇਉਂ) ਕਹਿਣ ਨਾਲ (ਫਲ) ਗੁਆ ਲਈਦਾ ਹੈ। ਜੇ (ਹੁਣ ਅਸੀਂ) ਆਪਣਾ ਭਲਾ ਚਾਹੁੰਦੇ ਹਾਂ (ਤਾਂ ਇਹ ਸੁਭਾਵ ਬਣਾਈਏ ਕਿ) ਪੁੰਨਾਂ ਨੂੰ ਕਰਦੇ ਹੋਏ (ਫੇਰ) ਨੀਚ ਸਦਵਾਈਏ। (ਹੁਣ ਵੇਲਾ ਹੈ ਇਨਾਂ ਦੋ ਕੰਮਾਂ-ਨਾਮ ਤੇ ਦਾਨ-

* ਬਾ ਅਦਬ ਬਾਸ਼ੰਦ ਦਾਯਮ ਬਾ ਅਦਬ। [ਜ਼ਿੰਦਗੀ ਨਾਮਾ, ਭਾਈ ਨੰਦ ਲਾਲ।]

† ਗੁਰੂ ਸਾਹਿਬ ਦਾ ਭਗਤੀ ਮਾਰਗ ਨਿਰਾਕਾਰ ਹੈ। ਸਾਕਾਰ ਉਪਾਸਨਾ ਦੇ ਗਿਰਾਉ ਵਿਚ ਚਲੇ ਗਏ ਸਾਮਾਨਾਂ ਦੀ ਨਿਸ਼ਫਲਤਾ ਵਰਣਨ ਹੋ ਰਹੀ ਹੈ।

ਜੇ ਜਰਵਾਣਾ ਪਰਹਰੈ ਜਰੁ ਵੇਸ ਕਰੇਦੀ ਆਈਐ ॥ ਕੋ ਰਹੈ ਨ ਭਰੀਐ ਪਾਈਐ ॥੫॥	ਦੇ ਕਰਨ ਦਾ, ਮਤ ਜਾਣ) ਕਿ (ਕਿਸੇ ਗਲੇ*) ਜ਼ਾਲਮ (ਕਾਲ ਤੈਨੂੰ) ਛੱਡ ਜਾਏਗਾ, (ਪ੍ਰਤੱਖ ਦੇਖ ਲੈ ਕਿ ਕਾਲ ਦੀ ਹਲਕਾਰਣ) ਬ੍ਰਿਧ ਅਵਸਥਾ (ਆਪਣਾ) ਵੇਸ ਧਾਰਦੀ ਹੋਈ (ਤੁਰੀ) ਆ ਰਹੀ ਹੈ (ਤੇ ਤੇਰੀ ਕੋਈ ਪੇਸ਼ ਨਹੀਂ ਜਾ ਰਹੀ, ਨਿਸਚੇ ਹੈ ਕਿ ਇਸ ਜਗਤ ਵਿਚ ਉਮਰਾ ਦਾ ਪੈਮਾਨਾ) ਪੂਰਾ ਹੋ ਜਾਣੇ ਤੇ ਕੋਈ ਨਹੀਂ ਰਹਿੰਦਾ॥ ੫॥

ਸਲੋਕਾਂ ਦਾ ਪਉੜੀ ਨਾਲ ਸੰਮੇਲਨ-ਪੰਜਵੀਂ ਪਉੜੀ ਵਿਚ ਇਹ ਸੁਮਤਿ ਦਿੱਤੀ ਹੈ ਕਿ ੧. ਬੁਢੇਪਾ ਆ ਰਿਹਾ ਹੈ, ੨. ਇਸ ਤੋਂ ਮਗਰੋਂ ਮੌਤ ਆ ਰਹੀ ਹੈ, ਜੇ ਉਸ ਤੋਂ ਮਗਰੋਂ ਤੈਨੂੰ ਅਪਣੇ ਭਲੇ ਦੀ ਲੋੜ ਹੈ ਤਾਂ, ੩. ਕਰਮ ਕਰ ਪੁੰਨ ਮਯ, ੪. ਪੁੰਨ ਮਯ ਕਰਮ ਕਰਕੇ ਹੰਕਾਰ ਨਾ ਕਰ, ਨਿੰਮ੍ਰਤਾ ਵਿਚ ਰਹੁ; ੫. ਜੇ ਇਹ ਕੁਛ ਕਰਕੇ ਨਾਮ ਅਰਾਧਨਾ ਕਰੇਂ ਤਾਂ ਨਰਕ ਵਿਚ ਨਾ ਜਾਏਂਗਾ, ਪਉੜੀ ੩ ਵਿਚ ਆਏ '*ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ*' ਵਾਲਾ ਹਾਲ ਨਾ ਹੋਵੇਗਾ; ੬. ਨਾਮ ਲੈਂਦਿਆਂ ਵਾਹਿਗੁਰੂ ਪਰਾਇਣ ਰਹਿਣਾ ਹੈ ਕਿ ਅਪਣੀ ਜਿੰਦ ਤੇ ਸਰੀਰ ਅਪਣਾ ਨਹੀਂ ਪਰ ਉਸ ਦਾ ਸਮਝਣਾ ਹੈ, ਸਹਜ ਬੈਰਾਗ ਵਿਚ ਰਹਿਣਾ ਹੈ। ੭. ਜੋ ਕੁਛ ਪਿੰਡ ਦੀ ਪਾਲਣਾ ਲਈ ਦੇਵੇ ਉਸ ਵਿਚੋਂ ਵੰਡ ਖਾਈਏ, ਇਹ ਰਸਤਾ ਹੈ ਅਪਣੇ ਆਪ ਨਾਲ ਚੰਗਿਆਈ ਕਰਨ ਦਾ। ਪਹਿਲੇ ਧਰੇ ਦੋਹਾਂ ਸਲੋਕਾਂ ਵਿਚ ਇਕ ਤਾਂ ਉਹਨਾਂ ਗ਼ਲਤ ਰਸਤਿਆਂ ਤੋਂ ਬਚਣ ਦੀ ਸੂਚਨਾ ਦਿੱਤੀ ਹੈ, ਜਿਨ੍ਹਾਂ ਵਿਚ ਪੈਕੇ ਜਗਤ ਮੁਸਿਆ (ਠੱਗਿਆ) ਜਾ ਰਿਹਾ ਹੈ, ਤੇ ਅਪਣਾ ਭਲਾ ਨਹੀਂ ਕਰ ਰਿਹਾ। ਇਸ ਨੂੰ ਗ੍ਯਾਨ ਵਿਹੂਣੀ ਦਸ਼ਾ ਕਿਹਾ। ਤੇ ਪਹਿਲੇ ਸਲੋਕ ਦੇ ਮੁੱਢ ਵਿਚ ਹੀ ਗ੍ਯਾਨ ਮਯ ਅਵਸਥਾ ਦੱਸੀ ਜੋ ਕਾਦਰ ਦੀ ਕੁਦਰਤ ਰਾਸ ਤੱਕ ਕੇ 'ਵਿਸਮਾਦ' ਵਿਚ ਉੱਠਣਾ ਹੈ।

ਪਉੜੀ ਵਿਚ ਉਹੋ ਭਾਵ ਹੈ ਕਿ ਅਪਣੇ ਪਰਲੋਕ ਦੇ ਭਲੇ ਲਈ ਕਿੰਞ ਦਾ ਉੱਦਮ ਕਰਨਾ ਹੈ। ਸਲੋਕਾਂ ਵਿਚ ਗ਼ਲਤ ਉੱਦਮ ਅਕਾਰਥੇ ਜਾਂਦੇ ਦੱਸਕੇ ਪਉੜੀ ਵਿਚ ਸਫਲ ਉੱਦਮ ਸਮਝਣੇ ਤੇ ਕਰਨੇ ਲਈ ਸ਼੍ਰੋਤਾ ਦੇ ਅੰਦਰ ਤਯਾਰੀ ਪੈਦਾ ਕੀਤੀ ਸਹੀ ਹੁੰਦੀ ਹੈ।

ਨਿਰੁਕ੍ਤ-ਗੋਪੀਆਂ- [ਸੰਸ:, ਗੋਪੀ=ਗੋਪ ਜਾਤਿ ਦੀ ਇਸਤ੍ਰੀ, ਗਵਾਲਨ] ਸ੍ਰੀ ਕ੍ਰਿਸ਼ਨ ਦੀ ਰਾਸ ਲੀਲਾ ਵਿਚ ਨੱਚਣ ਵਾਲੀਆਂ ਗੋਪੀਆਂ।

ਕਾਨ੍ਹ- [ਹਿੰ:, ਕਾਨ੍ਹ] ਕ੍ਰਿਸ਼ਨ ਜੀ ਨੂੰ ਕਹਿੰਦੇ ਹਨ।

ਗੋਪਾਲ-ਗੁਵਾਲਾ, ਅਹੀਰ, ਗੋਪ। ਕ੍ਰਿਸ਼ਨ ਜੀ ਦੇ ਸਖੇ। (ਅ) ਇਸ ਪਦ ਦਾ ਅਰਥ ਕ੍ਰਿਸ਼ਨ ਤੇ ਪਰਮੇਸ਼ੁਰ ਬੀ ਹੁੰਦਾ ਹੈ। ਮੁਸੈ- [ਸੰਸ:, ਧਾਤੂ ਮੁਖ੍=ਲੁੱਟਣਾ, ਚੋਰੀ ਕਰਨਾ] ਲੁਟੀ ਜਾਂਦੀ ਹੈ।

ਵਾਇਨਿ- [ਸੰਸ:, ਵਾਦਨੰ=ਵਜਾਉਣਾ। [ਪੰ:, ਵਾਵਣ=ਵਜਾਉਣਾ,ਕੋਈ ਸਾਜ਼ ਵਜਾਉਣਾ] ਵਜਾਉਂਦੇ ਹਨ। ਵਾਜੇ ਯਾ ਤਬਲੇ ਆਦਿਕ ਵਜਾਉਂਦੇ ਹਨ। ਰਾਵਾ-[ਸੰਸ:,ਰਜ:=ਮਿੱਟੀ ਦੀ ਧੂੜ,ਗਰਦਾ] ਮਿੱਟੀ ਘੱਟਾ। ਗਰਦ, ਧੂੜ।

ਝਾਟੈ- [ਪੰ:, ਝਾਟਾ=ਸਿਰ ਦੇ ਉਲਝੇ ਹੋਏ ਵਾਲ] ਵਾਲਾਂ ਵਿਚ, ਸਿਰ ਵਿਚ।

ਕੋਲੂ-ਸਰ੍ਹੋਂ, ਤੋਰੀਏ ਆਦਿਕ ਦੇ ਬੀਆਂ ਵਿਚੋਂ ਤੇਲ ਕੱਢਣ ਦਾ ਯੰਤ੍ਰ, ਜਾਂ ਗੰਨਾਂ ਪੀੜਨ ਦੀ ਮਸ਼ੀਨ।

ਚੱਕੀ-ਆਟਾ ਪੀਸਣ ਦਾ ਯੰਤ੍ਰ।

ਚਕ- [ਸੰਸ:, ਚਕ੍ਰੰ=] ਚੱਕ। ਘੁਮ੍ਹਿਆਰ ਦਾ ਚੱਕ, ਜਿਸ ਨਾਲ ਮਿੱਟੀ ਦੇ ਭਾਂਡੇ ਤੇ ਹੋਰ ਚੀਜ਼ਾਂ

---

* ਤੰਤ ਮੰਤ੍ਰ ਸਭ ਅਉਖਧ ਜਾਨਹਿ ਅੰਤਿ ਤਊ ਮਰਨਾ॥ [ਆਸਾ ਕਬੀਰ ਜੀ-੫]

ਬਣਦੀਆਂ ਹਨ। ਥਲ ਵਾਰੋਲੈ-ਰੇਤਲੇ ਮੈਦਾਨਾਂ ਵਿਚ ਜ਼ੋਰ ਨਾਲ ਚੱਲਣ ਵਾਲੀ ਹਵਾ। ੨. ਹਵਾ ਦਾ ਵਾਵਰੋਲਾ, ਜਿਸ ਵਿਚ ਮਿੱਟੀ ਘੱਟਾ ਆਦਿਕ ਗੋਲ ਚੱਕਰ ਵਿਚ ਭਉਂਦੇ ਹਨ।

ਅਨਗਾਹ- [ਅੰਨ+ਗਾਹ] ਕਣਕ ਨੂੰ ਗਾਹੁਣ ਵਾਸਤੇ ਬਣਾਇਆ ਫਲ੍ਹਾ, ਜਿਸ ਨਾਲ ਬੈਲ ਆਦਿ ਜੋੜਕੇ ਗੋਲ ਚੱਕ੍ਰ ਵਿਚ ਫਿਰਦੇ ਹਨ। ਸੂਐ-ਸੂਈ ਦੀ ਸ਼ਕਲ ਦਾ ਬਣਿਆ ਲੋਹੇ ਦੀ ਤਾਰ ਦਾ ਵਡਾ ਸੂਆ। ਸੂਏ ਤੇ। ਸੂਏ ਉਤੇ।

ਪੰਖੀ-'ਪੰਖੀ' ਦਾ ਸੰਪ੍ਰਦਾਈ ਭਾਵ ਏਥੇ 'ਇੱਲਾਂ' ਹੈ, ਜੋ ਇਕੋ ਸਾਹ ਚੱਕ੍ਰਾਕਾਰ ਭਉਂਦੀਆਂ ਉਡਦੀਆਂ ਰਹਿੰਦੀਆਂ ਹਨ। ਉਡਦੀਆਂ ਨਹੀਂ ਮਾਨੋਂ ਮੁਰਦੇ ਤਾਰੀ ਤਰਨ ਵਾਲੇ ਤਾਰੂ ਵਾਂਙੂ ਹਵਾ ਵਿਚ ਬਿਨਾ ਖੰਭ ਮਾਰੇ ਤਰਦੀਆਂ ਹਨ ਤੇ ਇਸ ਤਰ੍ਹਾਂ ਦੀ ਤਾਰੀ ਵਰਗੀ ਉਡਾਰੀ (gliding) ਉਨ੍ਹਾਂ ਦੀ ਗੋਲ ਚੱਕ੍ਰਾਕਾਰ ਹੁੰਦੀ ਹੈ, ਜਿਸ ਨੂੰ 'ਭਉਦੀਆ' ਲਿਖਿਆ ਹੈ। ਇਥੇ ਭਉਦੀਆਂ ਪਦ ਇਸਤ੍ਰੀ ਲਿੰਗ ਵਰਤਿਆ ਹੈ ਸ਼ਬਦ ਦੇ ਅਰਥ ਹਿਤ। ਇਸ ਲਈ ਪੰਖੀ ਪਦ ਪੁਲਿੰਗ ਨਹੀਂ ਤੇ ਇੱਲ ਭਾਵ ਲੈਣਾ ਵਧੇਰੇ ਦਰੁਸਤ ਹੈ। (ਅ) ਅਨਲ ਪੰਛੀ ਬੀ ਭਾਵ ਲੈ ਲੈਂਦੇ ਹਨ ਜੋ ਭਉਂਦਾ ਹੀ ਰਹਿੰਦਾ ਕਦੀ ਹੇਠ ਨਹੀਂ ਆਉਂਦਾ। ਯਥਾ:-**ਅਨਲ ਅਕਾਸ ਪੰਛੀ ਡੋਲਬੋ ਕਰਤ ਹੈ।** [ਅਕਾਲ ਉਸਤਤਿ] (ੲ) ਕੂੰਜਾ,ਚਿੜੀਆਂ, ਭੰਬੀਰੀਆਂ ਬੀ ਅਰਥ ਲਾ ਲੈਂਦੇ ਹਨ।

ਜੰਤ-ਇਸ ਦੇ ਕਈ ਭਾਵ ਲੈਂਦੇ ਹਨ: ਇਕ ਜੰਤ ਦਾ ਅਰਥ ਜੀਵ ਕਰਕੇ ਤੇ ਇਕ ਜੰਤ੍ਰ (ਯੰਤ੍ਰ) ਕਰਕੇ। ਜੀਵ ਕਰਕੇ-ਬਾਜ਼ੀਗਰ ਪਿੱਠ ਸੀਖ ਤੇ ਟਿਕਾਕੇ ਭਉਂਦੇ ਹਨ। ਦੱਖਣ ਵਿਚ ਸੂਆ ਦੇਵੀ ਦੇ ਅੱਗੇ ਸੁੱਖਣਾਂ ਦੇ ਬੱਚਿਆਂ ਨੂੰ ਪਿੱਠ ਸੀਖ ਤੇ ਟਿਕਾਕੇ ਭੁਆਉਂਦੇ ਹਨ। ਬੱਚੇ ਬਿੰਡੇ ਆਦਿ ਜੀਵਾਂ ਨੂੰ ਸੂਲਾਂ ਤੇ ਰੱਖਕੇ ਭੁਆਉਂਦੇ ਹਨ। ਜੰਤ੍ਰ ਕਰਕੇ- ਇਕ ਵਡੇ ਸੂਏ ਤੇ ਇਕ ਚੱਕ੍ਰਾਕਾਰ ਹਿੰਡੋਲਾ ਭੁਆਉਂਦੇ ਹਨ, ਜਿਸ ਪਰ ਬੱਚੇ ਬੈਠਕੇ ਸੁਆਦ ਲੈਂਦੇ ਹਨ, ਇਸ ਨੂੰ ਪੰਘੂੜਾ ਬੀ ਕਹਿੰਦੇ ਹਨ। ਇਕ ਜੰਗਮ ਜੇਹੇ ਫਕੀਰ ਇਕ ਨੋਕਦਾਰ ਸੀਖ ਤੇ ਥਾਲੀ ਰੱਖਕੇ ਭੁਆਉਂਦੇ ਹਨ ਤੇ ਉੱਚੀ ਸੁੱਟਕੇ ਫੇਰ ਉਸ ਨੋਕ ਤੇ ਲੈ ਲੈਂਦੇ ਹਨ ਤੇ ਥਾਲੀ ਭਉਂਦੀ ਰਹਿੰਦੀ ਹੈ। ਸੀਖ ਤੇ ਪਿੱਠ ਟਿਕਾਕੇ ਦੋਸ਼ੀਆਂ ਨੂੰ ਭੁਆਉਣਾ ਕਿ ਜੁਰਮ ਦਾ ਕਰਾਰ ਕਰ ਲੈਣ ਲਈ ਬੀ ਪਿਛਲੇ ਸਮੇਂ ਹੁੰਦਾ ਸੀ। ਖਰਾਦ ਯੰਤ੍ਰ ਦੇ ਦੋ ਸੂਇਆਂ ਵਿਚ ਸ਼ੈ ਫਸਾਕੇ ਘੁਮਾਉਂਦੇ ਤੇ ਖ਼੍ਰਾਦਦੇ ਹਨ।

ਕਿਰਤ-ਰੋਜ਼ੀ। ਜੈਸਾ ਕਿ ਪਿਛੇ ਫੁਰਮਾ ਆਏ ਹਨ-'ਰੋਟੀਆ ਕਾਰਣਿ ਪੂਰਹਿ ਤਾਲ'। (ਅ) ਇਉਂ ਬੀ ਅਰਥ ਲਾ ਲੈਂਦੇ ਹਨ-ਜੀਵ ਨੂੰ ਓਹ (ਕਰਤਾਰ ਪ੍ਰਾਰਬਧ) ਦੇ ਬੰਧਨ ਵਿਚ ਭੁਆਉਂਦਾ ਹੈ। ਆਪਣੀ ਕੀਤੀ ਕਰਤੂਤ ਦੇ ਅਨੁਸਾਰ ਸਭ ਕੋਈ ਨੱਚ ਰਿਹਾ ਹੈ।

ਉਡਿ ਨ ਜਾਹੀ ਸਿਧ ਨ ਹੋਹਿ-ਉਡ ਜਾਣ ਦਾ ਇਸ਼ਾਰਾ ਰਾਸਾਂ ਦੀ ਫਲ ਪ੍ਰਾਪਤੀ ਵਲ ਹੈ, ਜੋ ਓਹ ਲੋਕ ਰਾਮ ਕ੍ਰਿਸ਼ਨ ਆਦਿ ਦਿਖਾਕੇ ਲੋਕਾਂ ਦਾ ਪ੍ਰਾਪਤ ਹੋਣਾ ਮੰਨਦੇ ਹਨ। ਗੁਰੂ ਜੀ ਦੱਸਦੇ ਹਨ ਕਿ ਇਹ ਰਾਸਾਂ ਉਸ ਮਨੌਤ ਨੂੰ ਸਫਲ ਨਹੀਂ ਕਰਦੀਆਂ। ਲੋਕ ਪ੍ਰਾਪਤੀ ਤੋਂ ਅੱਗੇ ਕੇਵਲ ਮੁਕਤੀ ਦਾ ਫਲ ਮੰਨਿਆ ਹੈ, ਇਹ ਭਾਵ 'ਸਿਧ ਨ ਹੋਹਿ' ਦਾ ਹੈ ਕਿ ਉਹ ਬੀ ਸਫਲ ਨਹੀਂ ਹੁੰਦਾ।

ਦੇ ਖਾਜੈ-ਦੇ ਕੇ (ਵੰਡਕੇ) ਖਾਈਏ। ਜਰੁ-ਜਰਾ। ਅਖਯਾਣਕਾ ਵਿਚ 'ਜਰਾ' ਨਾਮ ਕਾਲ ਦੀ ਧੀ ਦਾ ਹੈ, ਜੋ ਸਾਰੇ ਰੋਗਾਂ ਦੇ ਸਣੇ ਸਰੀਰ ਨੂੰ ਜੀਰਣ ਕਰਦੀ ਤੇ ਕਾਲ ਗ੍ਰਾਸ ਵਿਚ ਪਾਉਂਦੀ ਹੈ। ਜਰਾ ਪਦ ਇਸਤ੍ਰੀ ਲਿੰਗ ਹੈ, ਇਸੇ ਕਰਕੇ 'ਕਰੇਦੀ' ਇਸਤ੍ਰੀ ਲਿੰਗ ਕ੍ਰਿਯਾ ਵਰਤੀ ਗਈ ਹੈ।

ਜਰੁ ਵੇਸੁ-ਬ੍ਰਿਧ ਅਵਸਥਾ ਦਾ ਵੇਸ ਹੈ-ਚਿੱਟੇ ਕੇਸ ਤੇ ਚਿੱਟਾ ਦਾੜ੍ਹਾ, ਸਰੀਰ ਤੇ ਝੁਰੀਆਂ, ਅੰਗਾਂ ਵਿਚ ਨਤਾਕਤੀ, ਦੰਦਾਂ ਦਾ ਘਸਣਾ ਤੇ ਟੁੱਟਣਾ, ਨਜ਼ਰ ਦਾ ਹੁੱਟਣਾ ਆਦਿ। ਇਉਂ ਬੀ ਅਰਥ ਲਾਉਂਦੇ ਹਨ:- ਜੋ (ਜਰਾ+ਬਾਣਾ=) ਬੁਢਾਪੇ ਦਾ ਵੇਸ-ਚਿੱਟੇ ਕੇਸ-ਕੋਈ ਦੂਰ ਕਰ ਦੇਵੇ ਕਲਫ ਆਦਿ ਲਾਕੇ, ਤਾਂ ਬੁਢੇਪਾ ਹੋਰ ਵੇਸ ਕਰੀ ਆਉਂਦਾ ਹੈ। ਪਰ ਪਉੜੀ ਵਿਚ ਚਲ ਰਹੀ ਮੁਰਾਦ ਦੱਸਦੀ ਹੈ ਕਿ 'ਜੇ'

ਦਾ ਭਾਵ 'ਮਤੇ ਜਾਣੇ' ਯਾ 'ਮਤ ਜਾਣ' ਤੋਂ ਹੈ। 'ਜੇ' ਪਦ ਦਾ ਅਰਥ 'ਕਿਵੇਂ' ਤੇ 'ਮਤੇ' ਆਦਿ ਬੀ ਹੁੰਦਾ ਹੈ।

ਪਾਈ-ਅਗਲੇ ਸਮੇਂ ਦਾਣੇ ਮਿਣਕੇ ਵੇਚਦੇ ਸਨ, ਤੋਲਣਾ ਪਿੱਛੋਂ ਚੱਲਿਆ ਹੈ। 'ਪਾਈ' ਇਕ ਮਿਣਤੀ ਦੇ ਭਾਂਡੇ ਦਾ ਨਾਮ ਹੈ, ਜਿਸ ਨੂੰ ਟੋਪਾ ਤੇ ਪੜੋਪਾ ਬੀ ਆਖਦੇ ਸਨ। ਸ੍ਰੀਮਾਨ ਸੰਤ ਫਤੇ ਚੰਦ ਜੀ ਸੰਪ੍ਰਦਾਈ ਗਿਆਨੀ 'ਪਾਈ' ਪਦ ਦਾ ਦੂਸਰਾ ਅਰਥ 'ਜਲ ਘੜੀ' ਯਾ 'ਬੇਲੀ' ਬੀ ਕਰਦੇ ਹੁੰਦੇ ਸਨ, ਜਿਸ ਦੇ ਪਾਣੀ ਨਾਲ ਭਰੀ ਜਾ ਕੇ ਡੁਬ ਜਾਣ ਤੋਂ ਲੋਕ ਵਕਤ ਦੀ ਗੇਣਤੀ ਕਰਦੇ ਹੁੰਦੇ ਸਨ। ਇਹ ਜਦ ਭਰ ਜਾਂਦੀ ਸੀ ਤਾਂ ਆਪੇ ਡੁਬ ਜਾਂਦੀ ਸੀ।

[ਪਉੜੀ ਛੇਵੀਂ]

ਪ੍ਰਾਕ੍ਥਨ-ਪਿਛਲੇ ਸ਼ਲੋਕਾਂ ਵਿਚ ਭਗਤੀ ਦਾ ਜੋ ਗਿਰਾਉ ਰਾਸਾਂ ਤੇ ਲੀਲਾਂ ਵਿਚ ਹੋਇਆ ਸੀ ਉਹ ਦੱਸਿਆ ਹੈ। ਪਉੜੀ ਵਿਚ ਸੱਤਜ ਮਾਰਗ – ਨਿਰਗੁਣ ਉਪਾਸਨਾ ਤੇ ਨਿਸ਼ਕਾਮ ਦਾਨ ਦਾ ਦੱਸਿਆ ਸੀ। ਇਸ ਅਗਲੇ ਸ਼ਲੋਕ ਵਿਚ ਮੁਸਲਮਾਨਾਂ, ਹਿੰਦੂਆਂ, ਹੋਰ ਮਤਾਂ ਦੇ ਆਦਰਸ਼ਾਂ ਤੇ ਉਨ੍ਹਾਂ ਤੋਂ ਗਿਰਾਉ ਦਾ ਨਕਸ਼ਾ ਖਿੱਚਕੇ ਤੇ ਗੁਣਹੀਨਾਂ ਦਾ ਕਥਨ ਕਰਦੇ ਅੰਤ ਵਿਚ ਸੱਚੇ ਵਾਹਿਗੁਰੂ ਪ੍ਰੇਮੀਆਂ ਦਾ ਲੱਛਣ ਦੱਸਦੇ ਹਨ।

ਮੂਲ	ਅਰਥ
ਸਲੋਕ ਮਃ ੧ ॥ **ਮੁਸਲਮਾਨਾ ਸਿਫਤਿ ਸਰੀਅਤਿ ਪੜਿ ਪੜਿ ਕਰਹਿ ਬੀਚਾਰੁ ॥ ਬੰਦੇ ਸੇ ਜਿ ਪਵਹਿ ਵਿਚਿ ਬੰਦੀ ਵੇਖਣ ਕਉ ਦੀਦਾਰੁ ॥ ਹਿੰਦੂ ਸਾਲਾਹੀ ਸਾਲਾਹਨਿ ਦਰਸਨਿ ਰੂਪਿ ਅਪਾਰੁ ॥ ਤੀਰਥਿ ਨਾਵਹਿ ਅਰਚਾ ਪੂਜਾ ਅਗਰ ਵਾਸੁ ਬਹਕਾਰੁ ॥**	ਮੁਸਲਮਾਨਾਂ ਵਿਚ ਸ਼ਰੀਅਤ ਦੀ ਸਿਫਤ (ਕੀਤੀ ਜਾਂਦੀ ਹੈ, ਓਹ ਸ਼ਰਹ, ਫਿਕ਼ਹ ਦੇ ਪੁਸਤਕ) ਪੜ੍ਹ ਪੜ੍ਹਕੇ (ਉਸ ਦੀ) ਵੀਚਾਰ ਕਰਦੇ ਰਹਿੰਦੇ ਹਨ (ਤੇ ਕਹਿੰਦੇ ਹਨ ਕਿ ਜੋ ਸ਼ਰਹ ਦੀ) ਕੈਦ ਵਿਚ ਸਾਈਂ ਦਾ ਦੀਦਾਰ ਦੇਖਣੇ ਲਈ ਪੈਂਦੇ ਹਨ ਉਹੋ ਹੀ ਬੰਦੇ ਹਨ*। (ਸਾਡੇ) ਸਲਾਹੁਣ ਯੋਗ (ਨਿਰੰਕਾਰ) ਨੂੰ ਹਿੰਦੂ (ਬੀ) ਸਲਾਹੁੰਦੇ ਹਨ, ਦਰਸ਼ਨ (ਸ਼ਾਸਤ੍ਰ) ਦੁਆਰਾ (ਉਸ ਨੂੰ) ਰੂਪ ਵਿਚ ਅਪਾਰ (ਦੱਸਦੇ ਹਨ, ਭਾਵ ਨਿਰਗੁਣ ਵਰਣਨ ਕਰਦੇ ਹਨ, ਪਰੰਤੂ ਫੇਰ) ਤੀਰਥਾਂ ਤੇ ਨ੍ਹਾਉਂਦੇ ਹਨ, (ਮੂਰਤੀਆਂ ਦੀ) ਪੂਜਾ ਅਰਚਨ (ਕਰਦੇ ਹਨ ਤੇ) ਅਗਰ (ਆਦਿ ਧੁਖਾਕੇ) ਵਾਸ਼ਨਾ (=ਖੁਸ਼ਬੋ) ਦੇਂਦੇ (ਤੇ ਹੋਰ ਚੰਦਨ ਅਤਰ ਆਦਿ ਦੀ) ਮਹਿਕਾਰ ਦੇਂਦੇ ਹਨ (ਭਾਵ ਨਿਰਗੁਣ ਨੂੰ ਜਾਣਦੇ ਹੋਏ ਕਰਮ ਕਾਂਡ ਵਿਚ ਫਸੇ ਪਏ ਮੂਰਤੀਆਂ ਦੀ ਪੂਜਾ ਕਰਦੇ ਹਨ)।
ਜੋਗੀ ਸੁੰਨਿ ਧਿਆਵਨਿ੍ ਜੇਤੇ ਅਲਖ ਨਾਮੁ ਕਰਤਾਰੁ ॥ ਸੂਖਮ ਮੂਰਤਿ ਨਾਮੁ ਨਿਰੰਜਨ ਕਾਇਆ ਕਾ ਆਕਾਰੁ ॥	ਜਿਤਨੇ ਜੋਗੀ ਹਨ (ਭਾਵੇਂ ਜਤਨ ਤਾਂ) ਸੁੰਨ ਵਿਚ (ਟਿਕਣ ਦਾ ਕਰਦੇ ਹਨ ਪਰ ਇਹ ਜਤਨ ਚੂੰਕਿ) ਧਿਆਨ ਦ੍ਵਾਰਾ ਹੁੰਦਾ ਹੈ (ਏਸ ਕਰਕੇ ਜੋ ਵੀ ਚੀਜ਼ ਉਹ ਸਾਖਯਾਤਕਾਰ ਕਰਨਗੇ ਉਹ ਚਾਹੇ ਕਿੱਡੀ ਹੀ) ਸੂਖਮ ਸ਼ਕਲ ਦੀ (ਕਿਉਂ ਨਾ ਹੋਵੇ ਉਹ ਜ਼ਰੂਰ) ਕਾਇਆਂ ਦੇ ਆਕਾਰ ਵਾਲੀ

* ਇਸ ਦਾ ਅਰਥ ਐਉਂ ਬੀ ਹੈ-'ਪਰ ਰਬ ਦੇ ਬੰਦੇ ਓਹ ਹਨ ਜੋ ਦੀਦਾਰ ਦੇਖਣ ਲਈ ਬੰਦਗੀ ਵਿਚ ਪੈਂਦੇ ਹਨ।' ਪਰ ਇਸ ਸ਼ਲੋਕ ਵਿਚ ਨਿਜ ਸਿਧਾਂਤਾਤਮਿਕ ਬਚਨ ਸਮੁੱਚਾ ਅਖੀਰ ਤੇ ਆਉਂਦਾ ਹੈ, ਵਿਚ ਨਹੀਂ ਆਉਂਦਾ। ਤਾਂਤੇ ਇਸ ਦੇ ਅਰਥ ਬੀ ਪਹਿਲੀ ਤੁਕ ਦੇ ਖਿਆਲ ਦੀ ਲੜੀ ਦੇ ਜਾਰੀ ਰਹਿਣ ਵਾਲੇ ਹਨ। ਭਾਈ ਗੁਰਦਾਸ ਜੀ ਇਸ ਸ਼ਰਈ ਬੰਦਸ਼ ਦਾ ਵੇਰਵਾ ਦੇਂਦੇ ਹਨ-ਰੋਜ਼ੇ ਈਦ ਨਿਮਾਜ਼ ਕਰ ਕਰਨੀ ਬੰਦ ਕੀਆ ਸਸਾਰਾ॥ [ਵਾਰ ੧-੧੦]। ਸੋ ਭਾਵ ਇਹ ਹੈ ਕਿ ਮੁਸਲਮਾਨਾਂ ਦੀ ਆਦਤ ਸ਼ਰਅ ਦੀ ਸਿਫਤ ਕਰਨ ਪੜ੍ਹਨ ਵੀਚਾਰਨ ਤੇ ਇਸ ਵਿਚ ਜਕੜਬੰਦ ਹੋਣ ਦੀ ਹੋ ਗਈ ਹੈ। ਚਾਹੀਦਾ ਸੀ ਨਿਰੰਕਾਰ ਦੀ ਕੀਰਤੀ, ਉਸ ਦਾ ਦੀਦਾਰ ਆਦਰਸ਼ ਬਣਦਾ ਤੇ ਸ਼ਰਅ ਇਕ ਵਸੀਲਾ ਬਣਦੀ, ਨਾ ਕਿ ਸ਼ਰਅ ਅਪਣੀਆਂ ਫਰੂਈਆਤ ਵਿਚ ਨੱਪ ਲੈਂਦੀ।

ਹੋਵੇਗੀ; ਨਾਮ (ਚਾਹੇ ਉਸ) ਕਰਤਾਰ ਦਾ ਓਹ ਨਿਰੰਜਨ (ਨਿਰਾਕਾਰ) ਤੇ ਅਲਖ (ਆਦਿ ਰੱਖ ਲੈਂਦੇ ਹਨ)*।

ਸਤੀਆ ਮਨਿ ਸੰਤੋਖੁ ਉਪਜੈ ਦੇਣੈ ਕੈ ਵੀਚਾਰਿ ॥ ਦੇ ਦੇ ਮੰਗਹਿ ਸਹਸਾ ਗੂਣਾ ਸੋਭ ਕਰੇ ਸੰਸਾਰੁ ॥

ਦਾਨੀਆਂ ਦੇ ਮਨ ਵਿਚ ਦਾਨ ਦੇਣ ਦੇ ਵੀਚਾਰ ਨਾਲ (ਅਪਣੇ ਲਈ ਘੱਟ ਖਰਚ ਕਰਨੇ ਦਾ) ਸੰਤੋਖ ਉਪਜਦਾ ਹੈ। (ਪਰ ਦਾਨ) ਦੇ ਦੇ ਕੇ (ਵਾਹਿਗੁਰੂ ਤੋਂ ਓਹ) ਹਜ਼ਾਰ ਗੁਣਾਂ (ਫਲ) ਮੰਗਦੇ ਹਨ (ਤੇ ਨਾਲ ਹੀ ਮੰਗਦੇ ਹਨ ਕਿ) ਸੰਸਾਰ ਸਾਡੀ ਸ਼ੋਭਾ ਕਰੇ। [ਹੁਣ ਤਾਈਂ ਧਰਮ ਅਵਿਲੰਬੀਆਂ ਦੀ ਤਸਵੀਰ ਖਿੱਚੀ ਜਾਂਦੀ ਰਹੀ ਹੈ, ਹੁਣ ਅਧਰਮ ਵਿਚ ਪਰਵਿਰਤਾਂ ਦੀ ਤਸਵੀਰ ਵਾਹੁੰਦੇ ਹਨ:]

ਚੋਰਾ ਜਾਰਾ ਤੈ ਕੂੜਿਆਰਾ ਖਾਰਾਬਾ ਵੇਕਾਰ ॥ ਇਕਿ ਹੋਦਾ ਖਾਇ ਚਲਹਿ ਐਥਾਊ ਤਿਨਾ ਭਿ ਕਾਈ ਕਾਰ ॥

ਇਕ (ਐਸੇ ਹਨ ਜਿਨ੍ਹਾਂ ਨੇ ਪਿਛੇ ਕੁਛ ਭਲਾ ਕੀਤਾ ਸੀ ਉਹ ਉਹਨਾਂ ਪਾਸ ਕੁਛ ਰਾਸ ਸੀ ਉਹ) ਪੱਲੇ ਹੁੰਦੀ ਰਾਸ ਏਥੇ ਹੀ ਖਾ ਚੱਲੇ ਹਨ, (ਜੇਹਾ ਕੁ) ਚੋਰਾਂ ਯਾਰਾਂ, ਕੂੜਿਆਰਾਂ (ਹੋਰ ਅਨੇਕਾਂ) ਖ਼ਰਾਬੀਆਂ ਤੇ ਵਿਕਾਰਾਂ ਦੇ ਕਰਨ ਵਾਲਿਆਂ ਦੀ (ਕਰਨੀ ਕਰਤੂਤ ਹੈ), ਕੀ ਉਹਨਾਂ ਦੀ ਕਰਨੀ ਬੀ ਕੋਈ ਕਮਾਈ ਹੈ? (ਜੋ ਸਤੀਆ ਵਾਙੂ ਉਹਨਾਂ ਨੂੰ ਬੀ ਕੁਛ ਮਿਲੇ। ਭਾਵ ਉਹ ਤਾਂ 'ਹੈ' ਬੀ ਨਹੀਂ ਤੇ 'ਸ਼ੂਨ' [=ਸਿਫਰ] ਵੀ ਨਹੀਂ, ਉਹ ਤਾਂ 'ਮਨਫੀਅਤ' [–] ਹੈ)। (ਹੁਣ ਉਸ ਸ੍ਰਿਸ਼ਟੀ ਵਲ ਦ੍ਰਿਸ਼ਟੀ ਦੇਂਦੇ ਹਨ ਜੋ ਇਨਸਾਨੀ ਸਮਾਲੋਚਨਾ ਤੋਂ ਪਰੇ ਹੈ–)।

ਜਲਿ ਥਲਿ ਜੀਆ ਪੁਰੀਆ ਲੋਆ ਆਕਾਰਾ ਆਕਾਰ ॥ ਓਇ ਜਿ ਆਖਹਿ ਸੁ ਤੂੰਹੈ ਜਾਣਹਿ ਤਿਨਾ ਭਿ ਤੇਰੀ ਸਾਰ ॥

ਜਲ ਵਿਚ ਥਲ ਵਿਚ ਜੀਵ (ਹਨ ਫਿਰ) ਪੁਰੀਆਂ ਦੇ ਲੋਕਾਂ (ਵਿਚ ਜੀਵ ਨਾਨਾ ਤਰ੍ਹਾਂ ਦੀਆਂ) ਸੂਰਤਾਂ ਸ਼ਕਲਾਂ ਵਾਲੇ ਹਨ। (ਹੇ ਕਰਤਾਰ !) ਜੋ ਕੁਛ ਓਹ ਆਖਦੇ ਹਨ, ਸੋ ਤੂੰ ਆਪ ਹੀ ਜਾਣਦਾ ਹੈਂ † ਤੇ ਉਹਨਾ ਨੂੰ ਬੀ ਤੇਰੀ ਸਾਰ ਹੈ? (ਇਹ ਗੱਲ ਬੀ ਤੂੰਹੋਂ ਜਾਣਦਾ ਹੈਂ)। (ਹੁਣ ਉਹਨਾਂ ਦਾ ਜ਼ਿਕਰ ਕਰਦੇ ਹਨ, ਜੋ ਰਸਤੇ ਸਿਰ ਠੀਕ ਚੱਲ ਰਹੇ ਹਨ:–

ਨਾਨਕ ਭਗਤਾ ਭੁਖ ਸਾਲਾਹਣੁ ਸਚੁ ਨਾਮੁ ਆਧਾਰੁ ॥ ਸਦਾ ਅਨੰਦਿ ਰਹਹਿ ਦਿਨੁ ਰਾਤੀ ਗੁਣਵੰਤਿਆ ਪਾ ਛਾਰੁ ॥੧॥

ਇਕ ਪਰਮੇਸ਼ੁਰ ਦੇ ਭਗਤ ਸੱਚੇ ਭਗਤ ਹਨ, ਇਨ੍ਹਾਂ) ਭਗਤਾਂ ਨੂੰ ਵਾਹਿਗੁਰੂ ਦੀ ਗੁਣ ਕੀਰਤੀ ਦੀ ਭੁੱਖ (ਲਗੀ ਰਹਿੰਦੀ) ਹੈ (ਤੇ) ਸਤਜ ਨਾਮ ਉਹਨਾਂ ਦਾ ਆਧਾਰ ਹੁੰਦਾ ਹੈ। (ਇਸ ਦੇ ਨਾਲ ਓਹ ਸ਼ੁਭ ਗੁਣਾਂ ਦੇ ਧਾਰਨੀ ਹੁੰਦੇ ਹਨ ਤੇ ਕਦਰਦਾਨ ਐਤਨੇ ਹੁੰਦੇ ਹਨ ਕਿ ਆਪ ਨੂੰ ਐਸੇ) ਗੁਣਵਾਨਾਂ ਦੇ ਪੈਰਾਂ ਦੀ ਖਾਕ ਸਮਝਦੇ ਹਨ ‡, (ਇਨ੍ਹਾਂ ਤਿੰਨਾਂ§

* ਇਸ ਵਿਚੋਂ ਇਹ ਗੱਲ ਨਿਕਲਦੀ ਹੈ ਕਿ ਜਿਸ ਨੂੰ ਅਲਖ ਨਿਰੰਜਨ ਕਹਿੰਦੇ ਹਨ ਤੇ ਸੁੰਨ ਦੱਸਦੇ ਹਨ ਉਸ ਦਾ ਮਨ ਵਿਚ ਧਯਾਨ ਧਰਦੇ ਹਨ। ਮਨ ਦੇ ਧਯਾਨ ਵਿਚ ਚਾਹੋ ਕਿਨੀ ਸੂਖਮ ਸ਼ੈ ਹੋਵੇ ਉਹ ਮੂਰਤੀ ਅਖਤਯਾਰ ਕਰੇਗੀ ਕਾਯਾਂ ਦੇ ਆਕਾਰ ਦੀ। ਕਿਉਂਕਿ ਜੋ ਕੁਝ ਦਿੱਸਦਾ ਹੈ ਯਾ ਮਨ ਵਿਚ ਬੁੱਝਦਾ ਹੈ ਸੋ ਦੇਸ਼ ਕਾਲ ਵਾਲਾ ਹੁੰਦਾ ਹੈ, ਮਨ ਆਪ ਜੂ ਦੇਸ਼ ਕਾਲ ਵਾਲਾ ਹੋਇਆ। ਇਹ ਬੀ ਕਈ ਦੱਸਦੇ ਹਨ ਕਿ ਜੋਗੀ ਧਯਾਨ ਆਕਾਰ ਦਾ ਧਰਦੇ ਹਨ।

† ਆਸਾ ਦੀ ਵਾਰ ਪਉੜੀ ਅੱਠ ਦੇ ਪਹਿਲੇ ਸਲੋਕ ਵਿਚ ਇਹ ਗੱਲ ਦੱਸੀ ਹੈ:–'ਸੋ ਮਿਤਿ ਜਾਣੈ ਨਾਨਕਾ ਸਰਾਂ ਮੇਰਾਂ ਜੰਤਾਹ॥' ਸਗੋਂ ਇਹ ਬੀ ਫੁਰਮਾਇਆ ਹੈ–'ਨਾਨਕ ਜੰਤ ਉਪਾਇਕੈ ਸੰਮਾਲੇ ਸਭਨਾਹ॥'

‡ 'ਐਸੇ ਗੁਣਵੰਤਿਆਂ ਦੇ ਪੈਰਾਂ ਦੀ ਧੂੜੀ ਮੈਂ ਮੰਗਦਾ ਹਾਂ' ਬੀ ਭਾਵ ਕਰ ਲੈਂਦੇ ਹਨ।

§ ੧. ਸੱਚਾ ਨਾਮ। ੨. ਸਿਫਤ ਸਲਾਹ। ੩. ਸ਼ੁਭ ਗੁਣ।

ਗੱਲਾਂ ਕਰਕੇ ਓਹ) ਦਿਨ ਰਾਤ (ਕੀਹ) ਸਦਾ ਅਨੰਦ ਰਹਿੰਦੇ ਹਨ* (ਕਹਿੰਦੇ ਹਨ ਸ੍ਰੀ ਗੁਰੂ) ਨਾਨਕ ਜੀ॥ ੧॥

ਪ੍ਰਾਕ੍ਥਨ-ਮੁਸਲਮਾਨ ਮੁਰਦੇ ਦੱਬਦੇ ਹਨ ਤੇ ਹਿੰਦੂਆਂ ਨੂੰ ਜੋ ਸਾੜਦੇ ਹਨ, ਕਹਿੰਦੇ ਹਨ ਕਿ ਜਿਨ੍ਹਾਂ ਦੀ ਦੇਹ ਸਾੜੀ ਜਾਂਦੀ ਹੈ ਦੋਜ਼ਕ ਨੂੰ ਜਾਂਦੇ ਹਨ, ਐਸੇ ਕੱਚੇ ਖਿਆਲ ਨੂੰ ਰੱਦ ਕਰਨ ਲਈ ਸ੍ਰੀ ਗੁਰੂ ਜੀ ਅਗਲੇ ਸ਼ਲੋਕ ਵਿਚ ਨਕਸ਼ਾ ਵਾਹੁੰਦੇ ਹਨ, ਜਿਸ ਵਿਚ ਮੁਸਲਮਾਨ ਦੀ ਮਿੱਟੀ ਭੀ ਸੜਦੀ ਦਿਖਾਲਦੇ ਹਨ।

ਮঃ ੧ ॥ ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ ॥ ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ ॥ ਜਲਿ ਜਲਿ ਰੋਵੈ ਬਪੁੜੀ ਝੜਿ ਝੜਿ ਪਵਹਿ ਅੰਗਿਆਰ ॥

ਮੁਸਲਮਾਨ ਦੀ ਮਿੱਟੀ ਕੁਮਿਹਾਰ ਦੇ ਪੇਟੇ ਪੈ ਗਈ † (ਉਸ ਨੇ ਉਸ ਮਿੱਟੀ ਤੋਂ) ਭਾਂਡੇ ਘੜੇ ਤੇ ਇੱਟਾਂ ਬਣਾਈਆਂ (ਤੇ ਆਵੇ ਵਿਚ ਬੀੜ ਕੇ ਅੱਗ ਦ ਦਿੱਤੀ, ਹੁਣ ਉਹ ਓਥੇ) ਸੜਦੀ ਹੋਈ (ਜੋ ਸ਼ੂੰ ਸ਼ੂੰ ਕਰਦੀ ਹੈ) ਪੁਕਾਰ ਕਰਦੀ ਹੈ, (ਹਾਂ) ਵਿਚਾਰੀ ਸੜ ਸੜਕੇ ਰੋਂਦੀ ਹੈ (ਤੇ ਇਹ ਜੋ) ਝੜ ਝੜਕੇ ਅੰਗਾਰ ਡਿਗਦੇ ਹਨ (ਮਾਨੋ ਉਸ ਦੇ ਰੋਣ ਦੇ ਅੱਥਰੂ ਡਿਗਦੇ ਹਨ)। (ਮੁਸਲਮਾਨ ਨੂੰ ਦੱਬਿਆ ਸੀ ਤੇ ਸਾੜਿਆ ਨਹੀਂ ਸੀ ਕਿ ਨਰਕਾਂ ਨੂੰ ਨਾ ਜਾਵੇ ਪਰ ਦੇਖੋ ਉਸ ਦੇ ਸਾੜਨ ਦਾ ਕਾਰਣ ਬੀ ਸਾਈਂ ਵਲੋਂ ਬਣਾ ਦਿੱਤਾ ਗਿਆ, ਹੁਣ ਉਹ ਸੁਰਗ ਵਿਚ ਰਿਹਾ ਕਿ ਨਰਕ ਨੂੰ ਗਿਆ ਇਹ ਗਲ) ਉਹ ਕਰਤਾਰ ਹੀ ਜਾਣੇ ਜਿਸ

ਨਾਨਕ ਜਿਨਿ ਕਰਤੈ ਕਾਰਣੁ ਕੀਆ ਸੋ ਜਾਣੈ ਕਰਤਾਰੁ ॥੨॥

(ਕਾਰਣਾਂ ਦੇ) ਕਰਤੇ ਨੇ ਇਹ ਕਾਰਣ ਬਣਾ ਦਿਤਾ (ਕਿ ਚੰਗਾ ਭਲਾ ਦੱਬਿਆ ਹੋਇਆ ਫੇਰ ਅੱਗ ਵਿਚ ਜਾ ਪਿਆ) ‡, ਹੇ ਨਾਨਕ !॥ ੨॥

ਪ੍ਰਾਕ੍ਥਨ-ਆਪਣੇ ਰੱਬ ਨੂੰ ਗੁਰੂ ਜੀ ਨਿਰੰਕਾਰ ਕਹਿੰਦੇ ਚਲੇ ਆ ਰਹੇ ਹਨ, ਉਸਨੂੰ ਮਿਲਣ ਦਾ ਸਾਧਨ ਨਿਰੰਕਾਰ ਦਾ 'ਨਾਮ', 'ਸਿਫਤ ਸਲਾਹ' ਤੇ 'ਗੁਣ ਧਾਰਨਾ' ਦੱਸਦੇ ਆ ਰਹੇ ਹਨ। ਹੋਰ ਸਾਧਨ ਸਰਗੁਣ ਉਪਾਸਨਾਂ ਤੇ ਸ਼ਰਹਾ ਦੇ ਝੇੜੇ ਤੇ ਅਕਾਰਾਂ ਦੇ ਧਿਆਨ ਆਦਿ ਦੇ ਸਲੋਕਾਂ ਵਿਚ ਖੰਡੇ

* (ਅ) (ਪਰ ਪਰਮੇਸ਼ੁਰ ਨੂੰ ਪਿਆਰ ਕਰਨ ਵਾਲੇ ਚਾਹੇ ਕੋਈ ਹੋਣ ਉਸ ਦੇ ਭਗਤ ਹਨ) ਭਗਤਾਂ ਦਾ ਆਧਾਰ ਹੈ (ਵਾਹਿਗੁਰੂ ਦਾ) ਸੱਚਾ ਨਾਮ (ਪਰ ਇਹ ਆਧਾਰ ਐਸਾ ਹੈ ਕਿ ਓਹ ਨਾਮ ਰਸ ਲੈਂਦੇ ਹੋਏ ਬੀ ਉਸ ਦੀ) ਸਿਫਤ ਸਲਾਹ ਕਰਦੇ ਰਜਦੇ ਨਹੀਂ (ਉਨ੍ਹਾਂ ਦਾ ਪ੍ਰੇਮ ਭਾਵ ਸਦਾ ਉਮੰਗ ਤੇ ਉਤਸ਼ਾਹ ਵਿਚ ਰਹਿੰਦਾ ਹੈ ਜਿਸ ਨਾਲ ਓਹ) ਦਿਨੇ ਬੀ ਤੇ ਰਾਤੀਂ ਬੀ ਸਦਾ ਅਨੰਦ ਵਿਚ ਰਹਿੰਦੇ ਹਨ। (ਫਿਰ ਹੰਕਾਰ ਉਨ੍ਹਾਂ ਦੇ ਨੇੜੇ ਨਹੀਂ ਢੁੱਕਦਾ, ਓਹ ਇਸ ਪ੍ਰਕਾਰ ਦੇ ਗੁਰਮੁਖੀ) ਗੁਣਾਂ ਵਾਲਿਆਂ ਦੀ ਆਪ ਨੂੰ ਧੂੜ (ਸਮਝਦੇ ਹਨ)।

† ਪੇਟੇ ਪੈ ਗਈ, ਭਾਵ ਹੈ ਉਸ ਦੇ ਹੱਥ ਆ ਗਈ। ਵੱਸ ਵਿਚ ਪੈ ਗਈ। ਪੁਰਾਣੇ ਕਬਰਸਤਾਨਾਂ ਦੀ ਮਿੱਟੀ ਦੇ ਭਾਂਡੇ ਤੇ ਇੱਟਾਂ ਬਹੁਤ ਚੰਗੇ ਬਣਦੇ ਹਨ, ਇਸ ਲਈ ਕੁਮਿਹਾਰ ਉਸ ਨੂੰ ਚਾਹਕੇ ਲੱਭਦੇ ਤੇ ਵਰਤਦੇ ਹਨ।

‡ 'ਕਾਰਣੁ' ਦਾ ਅਰਥ 'ਕਾਰਜ' ਲੈਕੇ ਇਸ ਦੇ ਅਰਥ ਐਉਂ ਬੀ ਕਰਦੇ ਹਨ ਕਿ ਜਿਸ ਨੇ ਸ੍ਰਿਸ਼ਟੀ ਰਚੀ ਹੈ ਓਹੋ ਜਾਣੇ। ਪਰ ਇਥੇ ਤਾਂ 'ਗੁਰ ਨਾਨਕ ਸਾਇਰ' ਜੀ ਇਸੇ ਨਾ ਆਸ ਕੀਤੀ ਗਈ 'ਦੇ ਵਰਤ ਜਾਣ ਦੇ ਕਾਰਣ ਵਲ' ਅਸਚਰਜ ਭਰੀ ਰਮਜ਼ ਸੱਟ ਰਹੇ ਹਨ, ਕਿ ਜੋ ਦਬਿਆ ਸੀ ਉਹ ਬੀ ਫੇਰ ਸੜਿਆ। ਇਹ 'ਕਾਰਣ' ਕਰਤੇ ਨੇ ਬਣਾ ਦਿੱਤਾ ਹੈ।

ਗਏ ਹਨ। ਹੁਣ ਪ੍ਰਸ਼ਨ ਹੁੰਦਾ ਹੈ ਕਿ ਸਤਿ ਨੂੰ ਠੀਕ ਤਰ੍ਹਾਂ ਪ੍ਰਾਪਤ ਕਿਵੇਂ ਹੋਈਏ? ਇਹ ਅਕਾਂਖਯਾ ਸ਼ਲੋਕਾਂ ਨੇ ਪੈਦਾ ਕੀਤੀ, ਉਸ ਦੀ ਪੂਰਣਤਾ ਪਉੜੀ ਵਿਚ ਹੈ:-

ਪਉੜੀ ॥ ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ ॥ ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ ॥ ਸਤਿਗੁਰ ਮਿਲਿਐ ਸਦਾ ਮੁਕਤੁ ਹੈ ਜਿਨਿ ਵਿਚਹੁ ਮੋਹੁ ਚੁਕਾਇਆ ॥ ਉਤਮੁ ਏਹੁ ਬੀਚਾਰੁ ਹੈ ਜਿਨਿ ਸਚੇ ਸਿਉ ਚਿਤੁ ਲਾਇਆ॥ ਜਗਜੀਵਨੁ ਦਾਤਾ ਪਾਇਆ ॥੬॥

ਸਤਿਗੁਰ ਤੋਂ ਬਿਨਾਂ (ਉਸ ਨੂੰ ਜੋ ਨਿਰੰਕਾਰ ਹੈ) ਕਿਸੇ ਨੇ ਨਹੀਂ ਪ੍ਰਾਪਤ ਕੀਤਾ, (ਹਾਂ) ਸਤਿਗੁਰ ਤੋਂ ਬਿਨਾਂ ਕਿਸੇ ਨੇ ਨਹੀਂ ਪ੍ਰਾਪਤ ਕੀਤਾ*। (ਉਸ ਦਾਤੇ ਨੇ) ਸਤਿਗੁਰ ਵਿਚ ਅਪਣੇ ਆਪ ਨੂੰ ਰੱਖਿਆ ਹੈ। (ਜਿਸ ਗੱਲ ਨੂੰ ਅਸਾਂ) ਪ੍ਰਗਟ ਕਹਿਕੇ (ਵੱਜ ਵਜਾਕੇ) ਸੁਣਾ ਦਿਤਾ ਹੈ, ਜਿਸ ਨੇ ਸਤਿਗੁਰ ਨਾਲ ਮੇਲ ਪ੍ਰਾਪਤ ਹੋਣ ਤੇ (ਉਸ ਦੇ ਉਪਦੇਸ਼ ਨਾਲ ਅਪਣੇ) ਅੰਦਰੋਂ ਮੋਹ ਦੂਰ ਕਰ ਦਿਤਾ ਹੈ, (ਉਹ) ਸਦਾ ਮੁਕਤ ਹੈ। ਇਹ ਵੀਚਾਰ (ਪਰਮ) ਉੱਤਮ ਹੈ ਕਿ ਜੇ ਕੋਈ (ਸਤਿਗੁਰੂ ਨੂੰ ਮਿਲਕੇ ਹਉਂ ਤੋਂ ਚਿਤ ਚੁੱਕਕੇ) ਸੱਚੇ ਨਾਲ ਚਿੱਤ ਲਾ ਲੈਂਦਾ ਹੈ (ਉਹੋ ਹੀ) ਜਗਤ ਦੇ ਜੀਵਨ ਦਾਤੇ (ਸੱਚੇ ਪਰਮੇਸ਼ੁਰ) ਨੂੰ ਪਾ ਲੈਂਦਾ ਹੈ॥ ੬॥

ਪਉੜੀ ਤੇ ਸਲੋਕਾਂ ਦਾ ਸੰਮੇਲਨ-ਪਉੜੀ ੫ ਵਿਚ ਨਾਮ ਜਪ, ਉੱਤਮ ਜੀਵਨ ਤੇ ਨਿਸ਼ਕਾਮ ਆਦਿ ਦਾ ਉਪਦੇਸ਼ ਦਿੱਤਾ ਸੀ। ਇਸ ਛੇਵੀਂ ਪਉੜੀ ਵਿਚ ਗੁਰੂ ਜੀ ਨੇ ਨਾਮ ਦੀ ਪ੍ਰਾਪਤੀ ਦਾ ਵਸੀਲਾ ਸਤਿਗੁਰੂ ਦੱਸਿਆ ਹੈ। ਸਤਿਗੁਰੂ ਤੋਂ ਨਾਮ ਪਾਯਾ ਜਾਂਦਾ ਹੈ। ਮੋਹ ਦੂਰ ਹੁੰਦਾ ਹੈ ਤੇ ਸੱਚੇ ਨਾਲ ਚਿਤ ਲਗਦਾ ਤੇ ਉਸ ਜਗਜੀਵਨ ਦੀ ਪ੍ਰਾਪਤੀ ਹੋ ਜਾਂਦੀ ਹੈ। ਪਉੜੀ ਤੋਂ ਪਹਿਲੋਂ ਦੋ ਸ਼ਲੋਕ ਹਨ, ਪਹਿਲੇ ਵਿਚ ਲਗਪਗ ਓਹ ਸਾਰੇ ਗਿਣ ਲਏ ਹਨ ਜੋ ਨਾਮ ਭਗਤੀ ਤੋਂ ਵਿਰਵੇ ਹਨ, ਪਰ ਉਂਵ ਪਰਮਾਰਥਕ ਯਤਨ ਕਰਨ ਵਾਲੇ ਹਨ। ਪਉੜੀ ਵਿਚ ਦੱਸਿਆ ਹੈ: 'ਕਿਨੈ ਨ ਪਾਇਓ', ਸ਼ਲੋਕ ਉਹ ਰਖਿਆ ਜਿਸ ਵਿਚ ਟੀਕਾ ਹੈ 'ਕਿਨੈ ਨ ਪਾਇਓ' ਦਾ ਕਿ ਨਮੂਨੇ ਲਈ ਦੇਖ ਲਓ ਕਿ ਯਤਨ ਕਰਦਿਆਂ ਇਨ੍ਹਾਂ ਨੇ ਬੀ ਗੁਰੂ ਵਿਹੂਣੇ ਰਹਿਕੇ ਤੇ ਨਾਮ-ਪ੍ਰੀਤ ਬਿਨਾਂ ਕਿਸੇ ਨੇ ਨਹੀਂ ਪਾਇਆ। ਸ਼ਲੋਕ ਦੇ ਅਖੀਰ ਵਿਚ 'ਭਗਤਾ' ਪਦ ਪਉੜੀ ਦੇ ਇਸ ਭਾਵ ਨਾਲ ਮਿਲ ਜਾਂਦਾ ਹੈ:-'*ਜਿਨਿ ਸਚੇ ਸਿਉ ਚਿਤੁ ਲਾਇਆ।*'

ਦੂਜੇ ਸ਼ਲੋਕ ਵਿਚ ਮੁਸਲਮਾਨ ਲਏ ਹਨ, ਜੋ ਤਅੱਸਬ ਭਰੇ ਆਖਦੇ ਸਨ ਕਿ 'ਸਾਰੇ ਹਿੰਦੂ ਨਰਕਾਂ ਨੂੰ ਜਾਣੇ ਹਨ, ਕਿਉਂਕਿ ਓਹ ਮੁਰਦੇ ਸਾੜਦੇ ਹਨ'। ਉਨ੍ਹਾਂ ਨੂੰ ਸਤਿਗੁਰੂ ਵਿਹੂਣੇ, ਨਾਮ ਤੋਂ ਸੱਖਣੇ, ਹਠਾਗ੍ਰਹ ਵਿਚ ਭੁੱਲਾਂ ਕਰਨ ਵਾਲੇ ਦੱਸਿਆ ਹੈ। ਇਨ੍ਹਾਂ ਦੇ ਖਾਸ ਜ਼ਿਕਰ ਦਾ ਸ਼ਲੋਕ ਤਾਂ ਰੱਖਿਆ ਸਹੀ ਹੁੰਦਾ ਹੈ ਕਿ ਤਦੋਂ ਜ਼ੋਰ ਮੁਸਲਮਾਨਾਂ ਦਾ ਸੀ ਤੇ ਓਹ ਤਅੱਸਬ ਵਿਚ ਗ਼ਰਕ ਸਨ ਤੇ ਰਾਜ ਹੋਣ ਕਰਕੇ ਜ਼ੁਲਮ ਤੇ ਧੱਕੇ ਕਰਦੇ ਸਨ। ਇਨ੍ਹਾਂ ਦੀ ਗੁਰੂ ਵਿਹੂਣਤਾ ਪ੍ਰਮਾਣ ਵਜੋਂ ਦਿਖਾਈ ਤੇ ਉਨ੍ਹਾਂ ਦੇ ਖਿਆਲ ਮੂਜਬ ਉਨ੍ਹਾਂ ਨੂੰ ਨਰਕ ਜਾਂਦੇ ਦੱਸਿਆ ਹੈ।

ਨਿਰੁਕ੍ਤ-ਅਰਚਾ-ਮੂਰਤੀਆਂ ਉਤੇ ਚੰਦਨ ਕੇਸਰ ਛਿੜਕਣੇ। ਘੰਟੀਆਂ ਵਜਾਕੇ ਹੋਰ ਪੂਜਾ ਦੇ ਸਾਮਾਨ ਅਗੇ ਧਰਕੇ ਜੋ ਆਰਾਧਨਾ ਕਰਨੀ ਹੈ ਸੋ ਅਰਚਨ ਹੈ।

ਬਹਿਕਾਰੁ-ਮਹਿਕਾਰ। (ਅ) 'ਕਾਰ ਕੱਢਕੇ ਬੈਠਦੇ ਹਨ' ਬੀ ਅਰਥ ਕਰ ਲੈਂਦੇ ਹਨ।

---

* ਦੋ ਵੇਰ 'ਪਾਇਓ' ਤੇ 'ਪਾਇਆ' ਕਹਿਣ ਵਿਚ ਭਾਵ ਤਾਕੀਦ ਹੈ। ਅਰਥਾਤ ਬੀਤ ਚੁਕੇ ਚਿਰ ਕਾਲ ਦੇ ਸਮੇਂ ਵਿਚ ਕਿਸੇ ਨੇ ਨਹੀਂ ਸੀ ਪਾਇਆ ਤੇ ਨੇੜੇ ਦੇ ਬੀਤੇ ਸਮੇਂ ਵਿਚ ਬੀ ਕਿਸੇ ਨੇ ਨਹੀਂ ਪਾਇਆ।

[ਪਉੜੀ ਸੱਤਵੀਂ]

ਮੂਲ	ਅਰਥ
ਸਲੋਕ ਮਃ ੧ ॥ ਹਉ ਵਿਚਿ ਆਇਆ ਹਉ ਵਿਚਿ ਗਇਆ ॥ ਹਉ ਵਿਚਿ ਜੰਮਿਆ ਹਉ ਵਿਚਿ ਮੁਆ ॥	(ਜੀਵ ਜਗਤ ਵਿਚ) ਹਉਂ* (ਦੇ ਅਧ੍ਯਾਸ) ਵਿਚ (ਪਰਪੱਕ ਹੋਇਆ ਹੋਇਆ ਹੀ) ਆਉਂਦਾ ਹੈ, (ਇਸੇ) ਹਉਂ (ਦੇ ਅਧ੍ਯਾਸ) ਵਿਚ (ਮੁੜ ਪਰਪੱਕ ਹੋਕੇ ਹੀ ਜਗਤ ਤੋਂ ਫੇਰ) ਟੁਰ ਜਾਂਦਾ ਹੈ। ਸੋ (ਇਉਂ) ਹਉਂ ਵਿਚ (ਹੀ) ਜੰਮਦਾ (ਤੇ) ਹਉਂ ਵਿਚ (ਹੀ) ਮਰਦਾ ਹੈ (ਭਾਵ ਇਸ ਤਰ੍ਹਾਂ ਹਉਂ ਵਿਚ ਬੱਝੇ ਹੋਏ ਹੋਣ ਕਰਕੇ ਇਸ ਦੇ ਜਨਮ ਮਰਨ ਦਾ ਗੇੜ ਤੁਰਿਆ ਰਹਿੰਦਾ ਹੈ।
ਹਉ ਵਿਚਿ ਦਿਤਾ ਹਉ ਵਿਚਿ ਲਇਆ ॥ ਹਉ ਵਿਚਿ ਖਟਿਆ ਹਉ ਵਿਚਿ ਗਇਆ ॥ ਹਉ ਵਿਚਿ ਸਚਿਆਰੁ ਕੂੜਿਆਰੁ ॥ ਹਉ ਵਿਚਿ ਪਾਪ ਪੁੰਨ ਵੀਚਾਰੁ ॥	ਜੰਮਕੇ ਵੱਡਾ ਹੋਕੇ ਦੇਣ ਲੈਣ ਕਰਦਾ ਹੈ ਸੋ) ਹਉਂ ਵਿਚ ਦੇਂਦਾ ਹੈ ਤੇ ਹਉਂ ਵਿਚ (ਹੀ) ਲੈਂਦਾ ਹੈ। (ਜੇ ਇਸ ਨੇ) ਖੱਟਿਆ (ਤਾਂ) ਹਉਂ ਵਿਚ, ਜੇ (ਇਸ ਦਾ) ਗੁਆਚਾ (ਘਾਟਾ ਪਿਆ) ਤਾਂ ਹਉਂ ਵਿਚ। (ਇਹ ਜੇ) ਸਚਯਾਰ (ਬਣਦਾ ਹੈ ਤਾਂ ਉਸ ਵੇਲੇ ਬੀ) ਹਉਂ ਵਿਚ (ਹੁੰਦਾ ਹੈ ਤੇ ਜੇ) ਕੂੜਿਆਰ ਹੋ ਜਾਵੇ (ਤਾਂ ਬੀ ਉਸੇ) ਹਉਂ ਵਿਚ (ਹੁੰਦਾ ਹੈ)। (ਜਦੋਂ ਇਹ) ਪਾਪਾਂ ਪੁੰਨਾਂ ਦੀ ਵੀਚਾਰ (ਕਰਦਾ ਹੈ ਤਦ ਬੀ) ਹਉਂ ਵਿਚ (ਹੁੰਦਾ ਹੈ)। (ਇਸ) ਹਉਂ (ਦੇ ਪਰਪੱਕ ਅਧ੍ਯਾਸ)
ਹਉ ਵਿਚਿ ਨਰਕਿ ਸੁਰਗਿ ਅਵਤਾਰੁ ॥ ਹਉ ਵਿਚਿ ਹਸੈ ਹਉ ਵਿਚਿ ਰੋਵੈ ॥ ਹਉ ਵਿਚਿ ਭਰੀਐ ਹਉ ਵਿਚਿ ਧੋਵੈ ॥ ਹਉ ਵਿਚਿ ਜਾਤੀ ਜਿਨਸੀ ਖੋਵੈ ॥	ਵਿਚ (ਆਪਣੇ ਕੀਤੇ ਪਾਪ ਪੁੰਨ ਦੇ ਹਿਸਾਬ ਮੂਜਬ) ਨਰਕ (ਕਿ) ਸੁਰਗ ਵਿਚ (ਇਸ ਦਾ) ਜਾਣਾ ਹੁੰਦਾ ਹੈ। ਹਸਦਾ ਹੈ (ਤਾਂ ਬੀ) ਹਉਂ ਵਿਚ ਹੁੰਦਾ ਹੈ, ਰੋਂਦਾ ਹੈ (ਤਾਂ ਬੀ) ਹਉਂ ਵਿਚ (ਹੁੰਦਾ ਹੈ। ਜਦੋਂ ਪਾਪਾਂ ਨਾਲ ਆਪ ਨੂੰ) ਭਰ ਲੈਂਦਾ ਹੈ (ਤਾਂ) ਹਉਂ ਵਿਚ (ਹੁੰਦਾ ਹੈ, ਪਰ ਜਦੋਂ ਉਨ੍ਹਾਂ ਪਾਪਾਂ ਤੋਂ ਆਪ ਨੂੰ) ਧੋਂਦਾ ਹੈ (ਤਾਂ ਬੀ) ਹਉਂ ਵਿਚ। (ਜਦੋਂ ਇਹ) ਜਾਤ (ਤੇ) ਜਿਨਸ (ਦੇ ਮਾਣ ਵਿਚ ਹੁੰਦਾ ਹੈ † ਤਾਂ ਬੀ) ਹਉਂ ਵਿਚ ਹੁੰਦਾ ਹੈ, (ਪਰ ਜਦੋਂ ਇਸ ਜਾਤ ਅਭਿਮਾਨ ਨੂੰ ਖੋਵੇ=) ਦੂਰ ਕਰਦਾ ਹੈ (ਤਦ ਬੀ ਹਉਂ ਵਿਚ ਹੀ ਰਹਿਕੇ ਕਰਦਾ ਹੈ)।
ਹਉ ਵਿਚਿ ਮੂਰਖੁ ਹਉ ਵਿਚਿ	ਹਉਂ ਵਿਚ (ਹੀ ਇਹ ਮੂਰਖਤਾਈ ਦੇ ਕੰਮ ਕਰਕੇ) ਮੂਰਖ

* ਹਉਂ : [ਸੰਸ:,] ਅਹੰ=ਮੈਂ ਦਾ ਭਾਵ। ਜਦੋਂ ਇਹ ਭਾਵ ਸ਼ੁਧ ਹੁੰਦਾ ਹੈ ਤਾਂ ਇਹ ਇਸ ਦਾ ਆਪਣਾ ਰੂਪ ਹੈ। ਜਦ ਇਹ ਗ੍ਰਹਣ (Assertion) ਦਾ ਰੂਪ ਲੈਂਦਾ ਹੈ ਤਾਂ ਇਹ 'ਹਉਂ' ਉਹ 'ਹਉਂ' ਬਣਦੀ ਹੈ ਜਿਸ ਦਾ ਵੇਰਵਾ ਇਸ ਸ਼ਲੋਕ ਵਿਚ ਹੈ। ਜਦੋਂ ਜੀਵ ਇਸ ਗ੍ਰਹਣ ਵਾਲੀ ਹਉਂ ਵਿਚ ਪੈਂਦਾ ਹੈ ਤਦੋਂ ਮੇਰੀ ਦਾ ਭਾਵ ਉਪਜਦਾ ਹੈ ਤੇ ਵਰਤੋਂ ਮੋਹ ਮਾਯਾ ਦੀ ਹੋ ਜਾਂਦੀ ਹੈ, ਇਹ ਜੀਵ ਦੇ ਬੰਧ ਦਾ ਕਾਰਣ ਹੈ। ਜਦੋਂ ਇਸ ਭਾਵ ਤੋਂ ਨਿਵਿਰਤੀ (Denial) ਕਰਦਾ ਹੈ ਤਾਂ ਸ਼ੁਧ 'ਅਹੰ' ਭਾਵ ਯਾ ਆਪਣੇ ਸਰੂਪ ਵਿਚ ਆ ਜਾਂਦਾ ਹੈ। ਹਉਂ ਤੋਂ ਯਾ ਹਉਮੈਂ ਤੋਂ ਨਵਿਰਤੀ ਵਾਲਾ ਜੀਉਂਦਾ ਹੈ, ਕੰਮ ਕਰਦਾ ਹੈ, ਖਾਂਦਾ ਪੀਂਦਾ ਹੈ, ਸ਼ੁਧ ਆਚਰਣੀਯ ਤੇ ਬੰਦਗੀ ਵਾਲਾ ਹੁੰਦਾ ਹੈ, ਪਰ ਉਹ 'ਗ੍ਰਹਣ' (Assertion) ਵਾਲੀ ਹਉਂ ਦੇ ਹਨੇਰੇ ਵਿਚ ਨਹੀਂ ਹੁੰਦਾ। ਉਹ ਇਸ ਹਉਂ ਨੂੰ ਬੁੱਝ ਲੈਂਦਾ ਹੈ। ਫੇਰ ਉਸ ਦੇ ਵੀਚਾਰ ਤੇ ਕਰਮ 'ਮਮੱਤ' ਤੇ 'ਮੇਰੀ' ਦੀ ਪਕੜ ਵਾਲੀ ਨਹੀਂ ਹੁੰਦੀ, ਪਰ ਜੋ ਜੀਵ ਗ੍ਯਾਨ ਵਿਚ ਅਰਥਾਤ ਹਉਮੈਂ ਨੂੰ ਬੁੱਝ ਲੈਣ ਵਾਲੀ ਅਵਸਥਾ ਵਿਚ ਨਹੀਂ ਆਏ, ਉਨ੍ਹਾਂ ਦੇ ਕਰਮ ਚੰਗੇ ਕਿ ਮਾੜੇ ਇਸੇ ਹਉਮੈਂ ਦੇ ਪ੍ਰਭਾਵ ਵਿਚ ਹੁੰਦੇ ਹਨ, ਇਸ ਸ਼ਲੋਕ ਵਿਚ ਇਸੇ ਕਰਕੇ 'ਸਚਿਆਰ ਕੂੜਿਆਰ' ਆਦਿ ਦ੍ਵੰਦ ਅਰਥਾਤ ਤਜ਼ਾਦ ਵਾਲੇ ਜੋੜੇ ਜੋੜੇ ਹੀ ਵਰਣਨ ਕੀਤੇ ਹਨ।

† 'ਜਾਤੀ ਦੀ ਹਉਂ ਵਿਚ ਨਾਮ ਰੂਪੀ (ਜਿਨਸ) ਵੱਖਰ ਨੂੰ ਖੋ ਬੈਠਦਾ ਹੈ' ਬੀ ਅਰਥ ਲਾਉਂਦੇ ਹਨ।

ਸਿਆਣਾ ॥ ਮੋਖ ਮੁਕਤਿ ਕੀ ਸਾਰ ਨ ਜਾਣਾ ॥

(ਬਣ ਜਾਂਦਾ ਹੈ, ਫੇਰ ਅਕਲ ਇਲਮ ਸਿੱਖਕੇ) ਸਿਆਣਾ (ਬਣਦਾ ਹੈ ਤਾਂ ਬੀ) ਹਉਂ ਵਿਚ (ਹੀ ਹੁੰਦਾ ਹੈ)। (ਇਸ ਤਰ੍ਹਾਂ ਹਉਂ ਵਿਚ ਬੱਝਿਆਂ ਇਸ ਨੂੰ ਜਗਤ ਜਾਲ ਤੋਂ) ਛੁਟਕਾਰੇ ਦੀ (ਤੇ ਛੁੱਟਕੇ) ਪਰਮਾਤਮਾਂ ਵਿਚ ਮੇਲ ਦੀ ਸੋਝੀ ਨਹੀਂ ਪੈਂਦੀ। (ਕਿਉਂਕਿ) ਮਾਯਾ (ਭੁਲੇਵਾ) ਤੇ ਛਾਇਆ (ਅਨ੍ਹੇਰਾ ਦੋਹਾਂ ਕਰਕੇ ਇਸ ਨੂੰ ਮੋਖ ਦੀ ਸੋਝੀ ਨਹੀਂ ਪੈਂਦੀ, ਓਹ ਦੁਇ ਬੀ ਇਸਦੇ) ਹਉਂ ਵਿਚ (ਹੋਣ ਕਰਕੇ ਹਨ)। ਜੀਵਾਂ (ਦੇ ਜਨਮ ਲੈ ਲੈਕੇ ਮੁੜ ਮੁੜ) ਹਉਮੈ ਕਰਦੇ ਰਹਿਣ ਕਰਕੇ ਹੀ (ਇਨ੍ਹਾਂ ਨੂੰ ਮੁੜ ਮੁੜ) ਉਪਾਇਆ (ਜਾਂਦਾ ਹੈ=ਜਨਮ ਦਿੱਤਾ ਜਾਂਦਾ ਹੈ। ਜੇ ਇਹ ਜੀਵ) ਹਉਮੈਂ (ਨੂੰ) ਸਮਝ ਲਵੇ (ਤਾਂ ਇਸ ਨੂੰ ਸਾਈਂ ਦਾ) ਦਰ ਦਿੱਸ ਪਵੇ। (ਅਰਥਾਤ-ਜਦ ਇਸ ਨੂੰ ਸਮਝ ਪੈ ਜਾਵੇ ਕਿ ਮੇਰੇ ਸ਼ੁਭ ਅਸ਼ੁਭ ਸਾਰੇ ਕੰਮ ਹਉਮੈ ਕਰਾ ਰਹੀ ਹੈ ਤਾਂ ਇਹ ਸਮਝ ਲਊ ਕਿ ਇਸ ਨੂੰ ਨਵਿਰਤ ਕਰਨ ਨਾਲ ਮੈਂ ਸੁਖ ਸਰੂਪ ਹੋ ਜਾਣਾ ਹੈ। ਇਸ ਯਥਾਰਥ) ਗਯਾਨ (ਤੋਂ ਜੋ) ਸੱਖਣਾ (ਹੈ ਸੋ ਗਯਾਨ ਦੀਆਂ ਸੱਖਣੀਆਂ) ਗੱਲਾਂ ਹੀ ਗੱਲਾਂ ਮਾਰਦਾ ਝਗੜੇ ਕਰਦਾ ਰਹਿੰਦਾ ਹੈ। ਹੇ ਨਾਨਕ ! (ਵਾਹਿਗੁਰੂ ਦੇ) ਹੁਕਮ ਨਾਲ ਹੀ ਲੇਖ ਲਿਖੇ ਜਾਂਦੇ ਹਨ (ਜਿਹਾ ਕੁ ਆਦਿ ਲੇਖ ਹਉਮੈ ਦਾ ਲਿਖਿਆ ਗਿਆ-'*ਹਉਮੈ ਏਹੋ ਹੁਕਮੁ ਹੈ ਪਇਐ ਕਿਰਤਿ ਫਿਰਾਹਿ॥*' ਹਉਮੈ ਹੁਕਮ ਨਾਲ ਬਣੀ ਹੈ, ਇਸ ਵਿਚ ਪੈਕੇ ਕਰਮ ਕਰੀਦੇ ਹਨ, ਫੇਰ ਉਹ ਕਰਮ ਲੇਖ ਹੋਕੇ ਪਏ ਫਿਰਾਉਂਦੇ ਹਨ। ਸੋ ਜੇ ਹਉਂ ਵਿਚੋਂ ਨਿਕਲਣਾ ਹੈ ਤਾਂ ਦਰਵਾਜ਼ੇ ਬੰਦ ਨਹੀਂ, ਤੇਰੀ ਦ੍ਰਿਸ਼ਟੀ ਹੀ ਹੈ) ਜੇਹਾ ਵੇਖੇਂਗਾ ਤੇਹਾ ਵੇਖ ਲਈਂ*। (ਜੇ ਹਉਂ ਨਾਲ ਨਿਜ ਨੂੰ ਅਭੇਦ ਵੇਖੇਂਗਾ ਤਾਂ ਉਪਰ ਕਥੇ ਹਉਂ ਦੇ ਜਾਲ ਤੇ ਦ੍ਵੰਦਾਂ ਦੇ ਫੇਰ ਵਿਚ ਆਪ ਨੂੰ ਵੇਖੇਂਗਾ ਤੇ ਜੇ ਹਉਂ ਨੂੰ ਬੁੱਝਕੇ ਨਿਜ ਨੂੰ ਹਉਂ ਤੋਂ ਅਤੀਤ ਦੇਖੇਂਗਾ ਤਾਂ ਆਪੇ ਨੂੰ ਉਪਰ ਕਥੇ ਦ੍ਵੰਦ ਜਾਲ ਤੋਂ ਮੁਕਤ ਦੇਖੇਂਗਾ, ਫੇਰ ਤੈਨੂੰ 'ਦਰ' ਸਪਸ਼ਟ ਪਿਆ ਦਿੱਸੇਗਾ)॥ ੧॥

ਹਉ ਵਿਚਿ ਮਾਇਆ ਹਉ ਵਿਚਿ ਛਾਇਆ ॥ ਹਉਮੈ ਕਰਿ ਕਰਿ ਜੰਤ ਉਪਾਇਆ ॥

ਹਉਮੈ ਬੂਝੈ ਤਾ ਦਰੁ ਸੂਝੈ ॥

ਗਿਆਨ ਵਿਹੂਣਾ ਕਥਿ ਕਥਿ ਲੂਝੈ ॥ ਨਾਨਕ ਹੁਕਮੀ ਲਿਖੀਐ ਲੇਖੁ ॥

ਜੇਹਾ ਵੇਖਹਿ ਤੇਹਾ ਵੇਖੁ ॥੧॥

ਪ੍ਰਾਕ੍ਥਨ-ਇਹ ਗਯਾਨ ਦ੍ਰਿਸ਼ਟੀ 'ਹਉਮੈ ਬੂਝੈ' ਵਾਲੀ ਕੀਕੂੰ ਮਿਲੇ? ਇਸ ਦਾ ਵੇਰਵਾ ਅਗਲੇ ਸ਼ਲੋਕ ਵਿਚ ਹੈ:-

---

* ਇਉਂ ਬੀ ਇਸ ਤੁਕ ਦੇ ਪੁਰਾਤਨ ਅਰਥ ਹੈਨ-ਜੇਹਾ ਤੂੰ ਅਪਨੇ ਅੰਦਰ ਦੁਖ ਦੀ ਪੀੜਾ ਤੇ ਅਨੰਦ ਦੇਖਦਾ ਹੈਂ, ਐਸਾ ਦੂਜਿਆਂ ਵਿਚ ਵੀ ਵੇਖ, ਐਸਾ ਦੇਖਣ ਨਾਲ ਤੇਰੀ ਦੁਜੈਗੀ ਮਿਟ ਜਾਏਗੀ। ਯਥਾ:-

ਜਿਉ ਮਨੁ ਦੇਖਹਿ ਪਰ ਮਨੁ ਤੈਸਾ॥ ਜੈਸੀ ਮਨਸਾ ਤੈਸੀ ਦਸਾ॥ [ਪ੍ਰਭਾਤੀ ਮ: ੧, ਅਸਟ:-੧

(ਅ) (ਜੇ ਲੇਖ ਦੇਖਣੇ ਚਾਹੇਂ ਤਾਂ ਆਪਣੇ ਕਰਮਾਂ ਨੂੰ ਦੇਖ ਕਿਉਂਕਿ) ਜਿਹੋ ਜਿਹਾ ਤੂੰ (ਅਪਨੇ ਕਰਮਾਂ ਨੂੰ) ਵੇਖੇਂ ਓਹੋ ਜੇਹਾ (ਅਪਣਾ) ਲੇਖ (ਲਿਖਿਆ ਗਿਆ) ਵੇਖ ਲਈਂ (ਸਮਝ ਲਈਂ)। (ੲ) ਜੇਹਾ ਤੂੰ ਜਗਤ ਨੂੰ ਵੇਖੇਂਗਾ (ਤੇਹੋ ਜਿਹਾ ਵੇਖੇ ਜਾਣ ਦੀ) ਆਸ ਜਗਤ ਤੋਂ ਰੱਖ। ਪਰ ਉਪਰਲੇ ਅਰਥ 'ਹਉਮੈਂ' ਦੇ ਚਲ ਰਹੇ ਪ੍ਰਸੰਗ ਨਾਲ ਠੀਕ ਢੁੱਕਦੇ ਹਨ।

ਮਹਲਾ ੨ ॥ ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥ ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥ ਹਉਮੈ ਕਿਥਹੁ ਊਪਜੈ ਕਿਤੁ ਸੰਜਮਿ ਇਹ ਜਾਇ ॥ ਹਉਮੈ ਏਹੋ ਹੁਕਮੁ ਹੈ ਪਇਐ ਕਿਰਤਿ ਫਿਰਾਹਿ ॥

ਇਹੋ ਹਉਮੈ (ਹੀ ਇਸ ਜੀਵ ਦੀ) ਉਤਪਤੀ ਹੈ (ਭਾਵ ਮੂਲ ਹੈ ਤੇ ਅਗੋਂ) ਕਰਮਾਂ ਵਿਚ ਪਰਵਿਰਤ ਬੀ ਹਉਮੈ ਹੀ (ਜੀਵ ਨੂੰ) ਕਰਦੀ ਹੈ। (ਕਰਮ ਪਰਵਿਰਤੀ ਦੇ ਕਾਰਣ) ਏਹੋ ਹਉਮੈ ਹੀ (ਜੀਵ ਲਈ) ਬੰਧਨ ਰੂਪ (ਹੋ ਜਾਂਦੀ) ਹੈ, (ਇਹੋ ਬੰਧਨ ਰੂਪ ਹੋਕੇ ਇਸ ਨੂੰ) ਮੁੜ ਮੁੜ ਜੂਨਾਂ ਵਿਚ ਪਾਉਂਦੀ ਹੈ। (ਪ੍ਰਸ਼ਨ-ਇਹ) ਹਉਮੈਂ ਕਿਥੋਂ ਉਗਮ ਪੈਂਦੀ ਤੇ ਕਿਸ ਉਪਾਉ ਨਾਲ ਦੂਰ ਹੋ ਸਕਦੀ ਹੈ? (ਉੱਤਰ:-) ਏਹ ਹਉਮੈ ਤਾਂ (ਵਾਹਿਗੁਰੂ ਦਾ) ਹੁਕਮ ਹੈ (ਭਾਵ ਵਾਹਿਗੁਰੂ ਦੇ ਹੁਕਮ ਤੋਂ ਹੁੰਦੀ ਤੇ ਜੀਵ ਨੂੰ ਪੈਂਦੀ ਹੈ, ਜਦ ਇਹ) ਪੈ ਗਈ ਤਾਂ (ਫੇਰ ਕਰਮ ਕਰੀਦੇ ਹਨ, ਜਿਨ੍ਹਾਂ ਤੋਂ ਕਿਰਤ ਦਾ ਗੇੜ ਬੱਝਦਾ ਹੈ, ਉਹ) ਕਿਰਤ (ਜੂਨਾਂ ਵਿਚ) ਫੇਰਦੀ ਹੈ।

ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥ ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥ ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ ॥੨॥

(ਐਉਂ) ਹਉਮੈ ਦੀਰਘ ਰੋਗ ਹੈ (ਪਰ ਅਸਾਧ ਰੋਗ ਨਹੀਂ) ਦਾਰੂ ਬੀ ਏਸ ਵਿਚ ਹੈ। ਜੇ (ਵਾਹਿਗੁਰੂ) ਆਪਣੀ ਕ੍ਰਿਪਾ ਕਰੇ ਤਾਂ (ਜੀਵ) ਗੁਰੂ ਦੇ ਸ਼ਬਦ ਦੀ ਕਮਾਈ ਵਿਚ ਲੱਗ ਪੈਂਦਾ ਹੈ। (ਗੁਰ) ਨਾਨਕ (ਦੇਵ ਜੀ) ਕਹਿੰਦੇ ਹਨ: ਹੇ ਸੱਜਣੋ ! ਸੁਣੋ ਇਹ ਉਪਾਉ ਹੈ (ਜਿਸ ਨਾਲ ਹਉਂ ਤੋਂ ਉਪਜੇ) ਦੁਖ ਦੂਰ ਹੁੰਦੇ ਹਨ॥ ੨॥

ਵ੍ਯਾਖ੍ਯਾ-ਇਸ ਸ਼ਲੋਕ ਦਾ ਭਾਵ ਇਉਂ ਹੈ ਕਿ ਏਹ ਜੋ ਜੀਵ ਦਿੱਸ ਰਹੇ ਹਨ, ਹਉਂ ਹੀ ਇਨ੍ਹਾਂ ਦੇ ਜੀਵੱਤ੍ਵ ਦਾ ਮੂਲ ਹੈ। ਇਹ ਹਉਂ ਸਾਈਂ ਦੇ ਹੁਕਮ ਵਿਚ ਪਾਈ ਗਈ ਹੈ। ਹਉਂ ਵਾਲਾ ਜੀਵ ਅਪਣੀ ਪਾਲਨਾ ਤੇ ਸਲਾਮਤੀ ਆਦਿ ਲੋੜਾਂ ਲਈ ਫਿਰ ਯਤਨ ਕਰਦਾ ਹੈ, ਐਉਂ ਹਉਮੈਂ ਹੀ ਇਸ ਨੂੰ ਕਰਮ ਵਿਚ ਪ੍ਰਵਿਰਤ ਕਰਦੀ ਹੈ। ਸੁਖ ਦੀ ਇੱਛਾ, ਦੁਖ ਦੀ ਨਵਿਰਤੀ ਤੇ ਭੋਗਾਂ ਦੇ ਰਸ ਤੋਂ ਵਾਸ਼ਨਾ ਤ੍ਰਿਸ਼ਨਾ ਬਣਦੀ ਹੈ, ਜੋ ਵਾਸ਼ਨਾ ਤੇ ਕਰਮ ਦਾ ਆਪੋ ਵਿਚ ਕਾਰਣ ਕਾਰਜ ਦਾ ਇਕ ਗੇੜ ਬਣ ਜਾਂਦਾ ਹੈ, ਜਿਸ ਤੋਂ ਜਨਮ ਮਰਨ ਹੁੰਦਾ ਹੈ। ਇਸ ਕਿਰਤ ਦੇ ਗੇੜ ਵਿਚੋਂ ਨਿਕਲਣਾ ਕਠਨ ਹੋ ਜਾਂਦਾ ਹੈ, ਜਿਵੇਂ ਟਿੰਡਾਂ ਦਾ ਬੈੜ ਦੇ ਗੇੜ ਵਿਚੋਂ ਨਿਕਲਣਾ। ਇਸ ਤਰ੍ਹਾਂ ਹਉਮੈਂ ਹੀ ਇਸ ਲਈ ਬੰਧਨ ਰੂਪ ਹੋ ਗਈ। ਸੋ ਪ੍ਰਸ਼ਨ ਹੁੰਦਾ ਹੈ ਕਿ ਇਹ ਕਿਥੋਂ ਉਪਜਦੀ ਹੈ ਤੇ ਬੰਧਨ ਰੂਪ ਹੋ ਚੁਕੀ ਕਿਵੇਂ ਨਿਵਿਰਤ ਹੁੰਦੀ ਹੈ? ਇਸ ਦਾ ਉੱਤਰ ਦੇਂਦੇ ਹਨ ਕਿ ਇਸ ਨੂੰ ਪੈਦਾ ਕਰਨ ਵਾਲਾ ਸਾਈਂ ਦਾ ਹੁਕਮ ਹੈ, ਇਹ ਜੀਵ ਦੇ ਕਿਸੇ ਪਹਿਲੇ ਕਰਮ ਤੋਂ ਨਹੀਂ ਸੀ ਬਣੀ, ਪਰ ਜਦ ਇਹ ਬਣ ਗਈ ਤੇ ਇਸ ਦੇ ਜੀਵੱਤ੍ਵ ਦਾ ਮੂਲ ਇਹੋ ਹੋਈ ਫੇਰ ਇਸੇ ਕਰਕੇ ਜੀਵ ਕਰਮਾਂ ਵਿਚ ਪਰਵਿਰਤ ਹੋ ਗਿਆ, ਤਦ ਹੁਣ ਕਰਮ ਦਾ ਗੇੜ ਤੁਰ ਪਿਆ, ਜਿਸ ਵਿਚ ਜੀਵ ਘੁਮੇਟੇ ਖਾਂਦਾ ਹੈ ਤੇ ਨਿਕਲ ਨਹੀਂ ਸਕਦਾ, ਸੋ ਹੁਣ ਇਹ ਬੰਧਨ ਯਾ ਰੋਗ ਰੂਪ ਹੋ ਗਈ, ਪਰ ਇਹ ਰੋਗ ਅਸਾਧ੍ਯ ਨਹੀਂ ਹੈ, ਇਸ ਰੋਗ ਵਿਚ ਦਾਰੂ ਬੀ ਹੈ।

ਦਾਰੂ ਹੁਣ ਐਉਂ ਹੁੰਦਾ ਹੈ:-ਹਉਂ ਤੋਂ ਉਪਜੇ ਦੁਖਾਂ ਦੀ ਪੀੜਾ ਵਿਆਕੁਲ ਕਰਦੀ ਹੈ ਤੇ ਭੋਗ ਕੌੜੇ ਲਗਦੇ ਹਨ ਤੇ ਮਨ ਬਚਾਉ ਦੇ ਰਸਤੇ ਭਾਲਦਾ ਹੈ। ਦਾਰੂ ਹੈ ਨਾਮ। ਯਥਾ:-

ਅਹੰਬੁਧਿ ਬੰਧਨ ਪਰੇ ਨਾਨਕ ਨਾਮ ਛੁਟਾਰ॥ [ਗਉ: ਬਾ: ਅ: ਮ: ੫-੨੪]

ਸੋ ਜੇ ਵਾਹਿਗੁਰੂ ਦੀ ਮਿਹਰ ਹੋਵੇ ਤਾਂ ਗੁਰੂ ਮਿਲ ਪੈਂਦਾ ਹੈ, ਨਾਮ ਦਾਨ ਦੇਂਦਾ ਹੈ, ਜੀਵ ਉਸ ਨਾਮ ਦੀ ਕਮਾਈ ਕਰਦਾ ਹੈ, ਉਸ ਨਾਲ ਉਸ ਦਾ ਵਾਹਿਗੁਰੂ ਨਾਲ ਸੰਜੋਗ ਹੁੰਦਾ ਹੈ। ਹਉਂ ਨੇ ਹੀ ਤਾਂ ਵਾਹਿਗੁਰੂ ਤੋਂ ਦੁਜੈਗੀ ਪੁਆਈ ਸੀ, ਜਦੋਂ ਨਾਮ ਅਭ੍ਯਾਸ ਨਾਲ ਸਾਈਂ ਸੰਜੋਗ ਹੋ ਗਿਆ ਤਾਂ ਹਉਮੈ ਗਈ। ਉਧਰ ਕਰਮ ਜਾਲ, ਜਿਸ ਵਿਚ ਹਉਂ ਨੇ ਫਸਾਇਆ ਸੀ, ਐਉਂ ਛੁਟਦਾ ਹੈ ਕਿ ਪਰਮੇਸ਼ੁਰ ਨੂੰ

ਆਰਾਧਣ ਵਾਲਾ ਮਾੜੇ ਕਰਮ ਆਪੇ ਛੱਡ ਦੇਂਦਾ ਹੈ, ਉਹ ਇਸ ਦੇ ਪ੍ਰੀਤਮ ਪਰਮੇਸ਼ੁਰ ਨੂੰ ਭਾਉਂਦੇ ਨਹੀਂ, ਇਸ ਕਰਕੇ ਉਹ ਹੁਣ ਮਾੜੇ ਕਰਮ ਕਰਦਾ ਹੀ ਨਹੀਂ ਤੇ ਸ਼ੁਭ ਕਰਮ ਕਰਕੇ ਵਾਹਿਗੁਰੂ ਨੂੰ ਅਰਪਣ ਕਰਦਾ ਹੈ।

'ਕਾਹੂ ਫਲ ਕੀ ਇਛਾ ਨਹੀ ਬਾਛੈ॥ ਕੇਵਲ ਭਗਤਿ ਕੀਰਤਨ ਸੰਗਿ ਰਾਚੈ॥' [ਸੁਖਮਨੀ, ੯-੨

ਐਉਂ ਕਰਮ ਜਾਲ ਤੋਂ ਬੀ ਛੁਟ ਗਿਆ। ਸੋ ਉਹ ਸਰੀਰ ਦੇ ਹੁੰਦਿਆਂ ਹੀ ਮਾੜੇ ਕਰਮਾਂ ਤੋਂ ਉੱਚਾ-ਸ਼ੁਭ ਕਰਮਾਂ ਦਾ ਨਿਸ਼ਕਾਮ ਧਾਰਣੀ-ਤੇ ਪਰਮੇਸ਼ੁਰ ਦਾ ਪਿਆਰਾ ਹੋ ਗਿਆ ਤੇ 'ਹਉਂ ਦੇ' ਜਾਲ ਤੋਂ ਮੁਕਤ ਹੋ ਗਿਆ। ਉਸ ਦਾ ਪੁਰਖੱਤ੍ਵ (ਸ਼ਖਸੀਅਤ) ਨਿਰਅਭਿਮਾਨ ਹੋ ਗਿਆ। ਨਾਲ ਹੀ ਉਹ ਸ਼ੁਭ ਤੇ ਪ੍ਰੇਮ ਸੰਯੁਕਤ ਸੁਖਦਾਈ ਬੱਦਲ ਵਤ ਸੁਖ ਵਰਸਾਉਂਦਾ ਹੋ ਗਿਆ। ਐਸੇ ਵਾਹਿਗੁਰੂ ਨੂੰ ਧਿਆਉਣ ਵਾਲੇ ਦਾ ਕਰਤੱਬ ਗੁਰੂ ਨਾਨਕ ਦੇਵ ਜੀ ਦੀ ਅਗਲੀ ਪਉੜੀ ਵਿਚ ਨਿਰੂਪਣ ਹੋਇਆ ਹੋਇਆ ਹੈ।

ਪਉੜੀ ॥ ਸੇਵ ਕੀਤੀ ਸੰਤੋਖੀਈ ਜਿਨ੍ਹੀ ਸਚੋ ਸਚੁ ਧਿਆਇਆ ॥ ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥

ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥

ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ ॥

ਵਡਿਆਈ ਵਡਾ ਪਾਇਆ ॥੭॥

(ਸੱਚੀ) ਸੇਵਾ ਸੰਤੋਖੀਆਂ ਨੇ ਕੀਤੀ ਹੈ ਜਿਨ੍ਹਾਂ ਨੇ 'ਨਿਰੋਲ ਸੱਚ' (ਅਕਾਲ ਪੁਰਖ) ਦੀ ਆਰਾਧਨਾ ਕੀਤੀ ਹੈ। ਉਹਨਾਂ ਨੇ (ਕਦੇ) ਮਾੜੇ ਪਾਸੇ ਵਲ (ਜਿੱਧਰ ਗਿਆਂ ਪਾਪ ਹੋਣ) ਪੈਰ (ਹੀ) ਨਹੀਂ ਧਰੇ, ਨੇਕੀ ਦੇ ਕੰਮ ਕਰਕੇ (ਉਨ੍ਹਾਂ ਨੇ ਸਦਾ) ਧਰਮ ਕਮਾ ਲਿਆ ਹੈ। (ਭਾਵ ਨੇਕੀ ਧਰਮ ਦੀ ਖ਼ਾਤਰ ਕਰਦੇ ਹਨ ਕਿਸੇ ਦਿਖਾਵੇ, ਮਨੋਰਥ ਯਾ ਗ਼ਰਜ਼ ਲਈ ਨਹੀਂ ਕਰਦੇ। ਨੇਕੀ ਨੇਕੀ ਦੀ ਖ਼ਾਤਰ ਹੋਣ ਕਰਕੇ ਉਨ੍ਹਾ ਦੇ ਪੱਲੇ ਧਰਮ ਪੈਂਦਾ ਹੈ)। ਉਨ੍ਹਾਂ ਨੇ ਅੰਨ ਪਾਣੀ ਥੋੜਾ ਖਾਧਾ ਹੈ (ਜੋ ਸੁਰਤ ਸਾਵਧਾਨ ਰਹੇ ਸਿਮਰਨ ਵਿਚ, ਫੇਰ ਉਨ੍ਹਾਂ ਨੇ) ਦੁਨੀਆ ਦੇ (ਉਲਝਾਉ ਜੋ ਸੁਰਤ ਨੂੰ ਆਪਣੇ ਵਿਚ ਫਸਾਕੇ) ਬੰਧਨ (ਬਣ ਜਾਂਦੇ ਹਨ, ਬੀ) ਤੋੜ ਦਿੱਤੇ ਹਨ। (ਪਰ ਹੇ ਦਾਤਾ !) ਤੂੰ ਬਹੁਤ ਵੱਡਾ ਬਖਸ਼ਿਸ਼ਾਂ ਕਰਨ ਵਾਲਾ ਹੈਂ, (ਇਕ ਵੇਰ ਨਹੀਂ ਤੂੰ) ਸਦਾ ਦੇਂਦਾ (ਹੀ ਦੇਂਦਾ) ਹੈਂ (ਤੇ ਤੇਰਾ ਦੇਣ ਘਟਦਾ ਨਹੀਂ, ਸਗੋਂ) ਸਵਾਇਆ (ਚੜ੍ਹਦਾ=) ਵਧਦਾ ਹੈ (ਪਹਿਲੇ ਨਾਲੋਂ। ਭਾਵ ਐਸੇ ਸੰਤੋਖੀਆਂ ਤੇ ਤੇਰੀ ਮਿਹਰ ਦੂਣ ਸਵਾਈ ਹੁੰਦੀ ਹੈ। ਉਨ੍ਹਾਂ ਸੰਤੋਖੀਆਂ ਨੇ ਪਰਮੇਸ਼ੁਰ ਦੀ) ਵਡਿਆਈ ਕਰਕੇ (ਭਾਵ ਗੁਣ ਗਾ ਗਾਕੇ ਹੀ ਉਸ ਸਭ ਤੋਂ ਵਡੇ ਤੇ ਸਦਾ) ਵਡੇ ਨੂੰ ਪਾ ਲਿਆ ਹੈ॥ ੭॥

ਪਉੜੀ ਤੇ ਸ਼ਲੋਕਾਂ ਦਾ ਸੰਮੇਲਨ--ਪਉੜੀ ਛੇ ਦੇ ਅੰਤ '*ਸਚੈ ਸਿਉ ਚਿਤੁ ਲਾਇਆ*' ਬਚਨ ਕੀਤਾ ਸੀ, ਸਤਵੀਂ ਪਉੜੀ ਵਿਚ '*ਸਚੋ ਸਚੁ ਧਿਆਇਆ*' ਕਿਹਾ ਹੈ, ਗੋਯਾ ਪਿਛਲਾ ਮਜ਼ਮੂਨ ਜਾਰੀ ਹੈ। ਇਸ ਵਿਚ ਗੁਣਵੰਤਿਆਂ ਦੀ ਕਰਨੀ ਤੇ ਪ੍ਰਾਪਤੀ ਦਿਖਾਈ ਹੈ। ਦੋ ਸ਼ਲੋਕ ਜੋ ਸੱਤਵੀਂ ਪਉੜੀ ਦੇ ਪਹਿਲੇ ਰਖੇ ਹਨ, ਓਹ ਦੇਹੁਲੀ ਚਾਨਣ ਪਾਉਂਦੇ ਹਨ। ਛੇਵੀਂ ਪਉੜੀ ਵਿਚ ਆਏ ਪ੍ਰਯਤਨੀ ਪੁਰਖਾਂ ਦੀ ਨਾਕਾਮਯਾਬੀ ਦਾ ਕਾਰਨ ਹੈ '*ਹਉਮੈ*', ਸੱਤਵੀਂ ਪਉੜੀ ਵਿਚ ਆਏ ਸੰਤੋਖੀਆਂ ਦੀ ਕਾਮਯਾਬੀ ਦਾ ਕਾਰਣ ਹੈ '*ਹਉਮੈ ਦੀ ਨਵਿਰਤੀ*'; ਕਿਉਂਕਿ ਹਉਮੈ ਨੂੰ ਦੀਰਘ ਰੋਗ ਦੱਸਕੇ ਨਾਲ ਇਸਦਾ ਇਲਾਜ ਪਹਿਲੇ ਸ਼ਲੋਕ ਵਿਚ ਦਾਰੂ ਦੱਸਿਆ ਹੈ:-'*ਹਉਮੈ ਬੂਝੈ ਤਾ ਦਰੁ ਸੂਝੈ*' ਤੇ ਦੂਜੇ ਸ਼ਲੋਕ ਵਿਚ ਦੱਸਿਆ '*ਗੁਰ ਕਾ ਸਬਦੁ*'। ਅਗੇ ਪਉੜੀ ਵਿਚ ਪਿਆ ਹੈ '*ਸਚੋ ਸਚੁ ਧਿਆਇਆ*'। ਐਉਂ ਦੋਹਾਂ ਸ਼ਲੋਕਾਂ ਦਾ ਭਾਵ ਪਉੜੀ ਦੇ ਭਾਵ ਦੀ ਪ੍ਰਾਪਤੀ ਲਈ ਸਹਾਯਕ ਤੇ ਚਾਨਣ ਪਾਉਣ ਵਾਲਾ ਹੈ। ਸ਼ਲੋਕ ੧ ਤੇ ਪਉੜੀ ਗੁਰੂ ਨਾਨਕ ਦੇਵ ਜੀ ਦੀ ਹੈ ਤੇ ਦੂਜਾ ਸ਼ਲੋਕ ਦੂਜੀ ਪਾਤਸ਼ਾਹੀ ਜੀ ਦਾ ਹੈ।

ਨਿਰੁਕ੍ਤ-ਜਾਤ-ਜੈਸੇ ਬ੍ਰਹਮਣ , ਖੱਤ੍ਰੀ।   ਜਿਨਸ-ਜੈਸੇ ਢਾਈ ਘਰ ਖੱਤ੍ਰੀ, ਗੌੜ, ਬ੍ਰਾਹਮਣ ਆਦਿ। ਖੋਵੈ-ਦਾ ਭਾਵ ਹੈ '*ਹਉ ਵਿਚਿ ਜਾਤੀ ਜਿਨਸੀ ਖੋਵੈ* ' ਇੰਨੇ ਵਾਕ ਨੂੰ ਸਤਿਗੁਰੂ ਜੀ ਨੇ ਖੋਵੈ ਨਾਲ ਪ੍ਰਗਟ ਕਰ ਦਿੱਤਾ ਹੈ। ਕਿਉਂਕਿ ਜਾਤੀ ਜਿਨਸੀ ਪਹਿਲੇ ਪਿਆ ਹੈ, ਤੇ ਹਰ ਸਤਰ ਵਿਚ ਮੁਕਾਬਲੇ ਦੇ ਜੋੜੇ (ਦ੍ਵੰਦ) ਆ ਰਹੇ ਹਨ, ਇਸ ਵਿਚ ਭੀ ਉਹੀ ਭਾਵ ਹੈ ਕਿ ਜਾਤੀ ਜਿਨਸੀ ਵਿਚ ਹੈ ਤਾਂ ਹਉਂ ਵਿਚ ਹੈ, ਜੇ ਇਸ ਨੂੰ ਖੋਵੈ ਤਾਂ ਬੀ ਹਉਂ ਵਿਚ ਹੈ।

ਮੋਖ-ਜੀਵਤੱਤ ਦਾ ਜਨਮ ਮਰਨ ਤੋਂ ਛੁਟਕਾਰਾ ਤੇ ਆਪਣੇ ਆਪ ਵਿਚ ਟਿਕਾਉ।

ਮੁਕਤਿ-ਭਗਤ ਜੀਵਨ ਤੋਂ ਛੁਟਕਾਰਾ ਅਤੇ ਪਰਮ ਤੱਤ ਵਿਚ ਮਿਲਾਪ।

ਮਾਇਆ-ਜੋ ਹੋਰ ਦਾ ਹੋਰ ਦਿਖਾਵੇ।

ਛਾਇਆ-ਜੋ ਦਿੱਸਣ ਹੀ ਨਾ ਦੇਵੇ, ਹਨ੍ਹੇਰਾ, ਅਵਿਦਯਾ।

ਲੂਝੈ-ਸੜਦਾ ਰਹਿੰਦਾ ਹੈ। (ਅ) ਝਗੜਾ ਕਰਨਾ ਬੀ ਅਰਥ ਹੈ, ਯਥਾ:-

ਵਿਣੁ ਮਨੈ ਜਿ ਹੋਰੀ ਨਾਲਿ ਲੁਝਣਾ ਜਾਸੀ ਜਨਮੁ ਗਵਾਇ॥   [ਵਾਰ ਸਿਰੀਰਾਗੁ ਮ: ੩-੧੨]

ਜਾਤਿ-ਪਦ ਸੰਸਕ੍ਰਿਤ ਹੈ। ਇਸ ਦਾ ਅਰਥ ਹੈ-ਉਤਪਤੀ। ਅਰਬੀ ਪਦ ਹੈ ਜ਼ਾਤ, ਇਸ ਦਾ ਅਰਥ ਹੈ ਪੁਰਖਤ੍ਵ, ਸ਼ਖਸੀਅਤ। ਦੁਹਾਂ ਦਾ ਭਾਵ ਹੈ-ਹਉਮੈ ਦਾ ਮੂਲ ਕਾਰਣ, ਜਿਸ ਤੋਂ ਜੀਵ ਦੇ ਜੀਵਤ੍ਵ-ਸਾਈਂ ਤੋਂ ਅੱਡਰਾਪਨ ਵਾਲੇ ਆਪੇ - ਦੀ ਉਤਪਤੀ ਹੋਈ ਹੈ। [ਸੰਸ:, ਜਾਤਿ=ਉਤਪਤੀ, ਜਨਮ] । (ਅ) ਜਨਮ ਸੇ ਨਿਸਚਿਤ ਹੋਣੇ ਵਾਲੀ ਜਾਤੀ। ਵੰਸ਼, ਕੁਲ, ਕਿਸੀ ਵਸਤੂ ਯਾ ਜੀਵ ਕੀ ਵਿਸ਼ੇਸ਼ਤਾ ਆਦਿ। [ਸੰ: ਸ਼: ਕੋਸ਼:] । ਅ਼ਰਬੀ, ਜ਼ਾਤ=ਮਾਲਿਕ, ਸਾਹਿਬ। (ਅ) ਹਰ ਸ਼ੈ ਦੀ ਹਸਤੀ, ਹਕੀਕਤ। ਹਰ ਸ਼ੈ ਦਾ ਨਫਸ। ਸੰਪ੍ਰਦਾਈ ਅਰਥ-ਉਤਪਤੀ, ਅਸਲੀਅਤ ਆਦਿ ਹੈ।

ਏਹਾ-ਨੂੰ ਜਾਤਿ ਨਾਲ ਹੀ ਅੰਨ੍ਵਯ ਕਰਨ ਨਾਲ ਅਰਥ ਇਹ ਹੁੰਦਾ ਹੈ:-ਹਉਮੈ (ਜੋ ਹੈ ਸੋ) ਇਹੋ ਹੀ (ਜੀਵ ਦੇ ਜੀਵਤ੍ਵ ਦੀ) ਉਤਪਤੀ ਹੈ। ਇਸ ਦਾ ਭਾਵ ਬੀ ਉਹੋ ਹੀ ਹੈ ਜੋ ਉਪਰ ਅਰਥ ਵਿਚ ਦਿੱਤਾ ਹੈ।

ਦੀਰਘ ਰੋਗੁ- [ਸੰਸ:, ਦੀਰਘ=ਲੰਮਾ] ਲੰਮਾ ਰੋਗ, ਚਿਰੰਕਾਲ ਦਾ ਲਗਾ ਹੋਇਆ ਰੋਗ। ਇਸ ਦਾ ਅਰਥ ਵੱਡਾ ਰੋਗ ਤੇ ਕੋੜ੍ਹ ਬੀ ਕਰਦੇ ਹਨ।

ਕਮਾਇਆ-ਮਿਹਨਤ ਕਰਕੇ ਹਾਸਲ ਕਰ ਲੈਣ ਨੂੰ ਬੀ ਕਮਾਉਣਾ ਕਹਿੰਦੇ ਹਨ।

[ਪਉੜੀ ਅੱਠਵੀਂ]

ਪ੍ਰਾਕ੍ਕਥਨ-ਅਗਲੀ ਅਰਥਾਤ ਅੱਠਵੀਂ ਪਉੜੀ ਵਿਚ 'ਸਚਾ ਨੀਸਾਣ' ਦੱਸਿਆ ਹੈ। ਇਸ ਸਲੋਕ ਵਿਚ ਉਸ ਦਾ 'ਮੂਲ' ਅਤੇ ਬਾਹਰਲੇ ਨਿਸ਼ਾਨਾਂ ਦੀ ਨਿਸ਼ਫਲਤਾ ਦੱਸੀ ਹੈ, ਇਹੋ ਗਲ ਅਗਲੇ ਸਲੋਕ ਵਿਚ ਦੱਸੀ ਹੈ।

ਮੂਲ	ਅਰਥ
ਸਲੋਕ ਮਃ ੧ ॥ ਪੁਰਖਾਂ ਬਿਰਖਾਂ ਤੀਰਥਾਂ ਤਟਾਂ ਮੇਘਾਂ ਖੇਤਾਂਹ ॥ ਦੀਪਾਂ ਲੋਆਂ ਮੰਡਲਾਂ ਖੰਡਾਂ ਵਰਭੰਡਾਂਹ ॥ ਅੰਡਜ ਜੇਰਜ ਉਤਭੁਜਾਂ ਖਾਣੀ ਸੇਤਜਾਂਹ ॥ ਸੋ ਮਿਤਿ ਜਾਣੈ ਨਾਨਕਾ	ਆਦਮੀਆਂ, ਰੁਖ਼ਾਂ, ਤੀਰਥਾਂ, (ਨਦੀ ਸਮੁੰਦਰਾਂ ਦੇ) ਕਿਨਾਰਿਆਂ ਬੱਦਲਾਂ, ਖੇਤਾਂ,ਟਾਪੂਆਂ,ਲੋਕਾਂ,ਮੰਡਲਾਂ, ਖੰਡਾਂ, ਬ੍ਰਹਮੰਡਾ, ਅੰਡਜਾਂ, ਜੇਰਜਾਂ, ਉਤਭੁਜਾਂ, ਸੇਤਜਾਂ (ਚੌਹਾਂ) ਖਾਣੀਆਂ (ਤੋਂ ਵਸਦੇ ਜੀਵਾਂ ਜੰਤਾਂ ਬੂਟਿਆਂ), ਸਮੁੰਦਰਾਂ ਤੇ ਪਹਾੜਾਂ (ਵਿਚ ਵਸਦੇ ਜੀਵਾਂ) ਜੰਤਾਂ ਸਭਨਾਂ ਦੀ ਗਿਣਤੀ ਮਿਣਤੀ,ਹੇ ਨਾਨਕ! ਉਹੋ (ਪਰਮੇਸ਼ੁਰ) ਜਾਣਦਾ ਹੈ। (ਇਹ ਸਾਰੇ ਉਸ ਨੇ ਉਪਾਏ

ਸਰਾਂ ਮੇਰਾਂ ਜੰਤਾਹ ॥ ਨਾਨਕ ਜੰਤ ਉਪਾਇ ਕੈ ਸੰਮਾਲੇ ਸਭਨਾਹ ॥ ਜਿਨਿ ਕਰਤੈ ਕਰਣਾ ਕੀਆ ਚਿੰਤਾ ਭਿ ਕਰਣੀ ਤਾਹ ॥ ਸੋ ਕਰਤਾ ਚਿੰਤਾ ਕਰੇ ਜਿਨਿ ਉਪਾਇਆ ਜਗੁ ॥ ਤਿਸੁ ਜੋਹਾਰੀ ਸੁਅਸਤਿ ਤਿਸੁ ਤਿਸੁ ਦੀਬਾਣੁ ਅਭਗੁ ॥ ਨਾਨਕ ਸਚੇ ਨਾਮ ਬਿਨੁ ਕਿਆ ਟਿਕਾ ਕਿਆ ਤਗੁ ॥੧॥

ਹਨ, ਸੋ ਗਿਣਤੀ ਮਿਣਤੀ ਉਪਾਵਨਹਾਰ ਤੋਂ ਗੁੱਝੀ ਨਹੀਂ ਹੋ ਸਕਦੀ ਪਰ ਦੇਖੋ ਓਹ ਐਤਨੇ) ਜੀਵ ਜੰਤੁ ਪੈਦਾ ਕਰਕੇ (ਬੇਫਿਕਰ ਨਹੀਂ ਹੋ ਬੈਠਾ), ਸਭ ਦੀ (ਪਾਲਣ ਪੋਖਣ ਸਿਖਯਾ ਆਦਿ ਦੀ ਸਾਰੀ) ਸੰਭਾਲ (ਆਪ) ਰਖਦਾ ਹੈ, ਹੇ ਨਾਨਕ ! (ਹਾਂ), ਜਿਸ ਕਰਤਾਰ ਨੇ ਸ੍ਰਿਸ਼ਟੀ ਰਚੀ ਹੈ (ਇਸ ਦੇ ਪਾਲਣ ਪੋਖਣ ਸੁਧਾਰਣ ਦੀ) ਚਿੰਤਾ ਬੀ ਉਸੇ (ਪਿਤਾ) ਨੂੰ ਕਰਨੀ ਬਣਦੀ ਸੀ, ਸੋ (ਦੇਖ ਲਓ ਕਿ) ਕਰਤਾਰ ਜਿਸ ਨੇ ਜਗਤ ਪੈਦਾ ਕੀਤਾ ਸੀ (ਇਸ ਦਾ) ਫਿਕਰ ਉਹੀ ਕਰ ਰਿਹਾ ਹੈ। ਉਸ (ਉਪਾਵਣਹਾਰ ਜਾਣਨਹਾਰ, ਚਿੰਤਾ ਕਰਨਹਾਰ, ਸੰਭਾਲਨਹਾਰ ਪਰਮੇਸ਼ੁਰ) ਨੂੰ (ਮੇਰੀ) ਨਮਸਕਾਰ ਹੈ, ਉਸੇ ਦੀ (ਮੈਂ) ਕਲਯਾਣ ਗਾਉਂਦਾ ਹਾਂ (ਤੇ ਦੱਸਦਾ ਹਾਂ ਕਿ) ਉਸੇ ਦਾ ਦਰਬਾਰ (ਏਹ ਸਾਰੇ ਦਾਨ ਕਰਨ ਵਾਲਾ) ਅਟੱਲ ਹੈ। ਹੇ ਨਾਨਕ ! (ਐਸੇ ਪਰਮੇਸ਼ੁਰ ਦੇ) ਸੱਚੇ ਨਾਮ ਦੀ (ਅਰਾਧਨਾ ਕਰ, ਇਸ) ਬਿਨਾ ਟਿੱਕਾ ਕੀਹ ਹੈ ਤੇ ਜਨੇਊ ਕੀਹ ਹੈ? (ਭਾਵ ਕੁਛ ਨਹੀਂ)॥ ੧॥

ਵਯਾਖਯਾ--'ਪੁਰਖਾਂ.....' ਤੋਂ ਲੈਕੇ '.....ਜਗ' ਤਕ ਪਰਮੇਸ਼ੁਰ ਦੇ ਰਚਣਹਾਰ ਤੇ ਸੰਭਾਲਣਹਾਰ ਹੋਣ ਦਾ ਕਥਨ ਕਰਕੇ ਅਗੋਂ 'ਤਿਸ.....' ਤੋਂ '.....ਤਗ' ਤੱਕ ਰਚੇ ਗਏ ਦਾ ਉਸ ਵਲ ਫਰਜ਼ ਦੱਸਦੇ ਹਨ ਜੋ ਇਹ ਹੈ-ਉਸ ਨੂੰ ਨਮਸਕਾਰ ਕਰਨੀ ਤੇ ਉਸ ਦੇ ਸੁਅਸਤੀ ਭਾਵ ਵਿਚ ਜੀਉਣਾ। ਇਸ ਭਾਵ ਵਿਚ ਸਦਾ ਰਹਿਣ ਦਾ ਤਰੀਕਾ ਸੱਚਾ ਨਾਮ ਹੈ। ਬਾਕੀ (ਟਿੱਕਾ) ਸੰਪ੍ਰਦਾਇਕ ਚਿੰਨ੍ਹ ਤੇ (ਤਗੁ) ਵਰਣਾਸ਼੍ਰਮਿਕ ਚਿੰਨ੍ਹ ਹਨ, ਏਹ ਵਾਹਿਗੁਰੂ ਨਾਲ ਨਿਜ ਸੰਬੰਧ ਹੋਣ ਦੇ ਲਖਾਯਕ ਨਹੀਂ ਹਨ। ਸ਼ਲੋਕ ਦਾ ਭਾਵ ਇਹ ਹੈ-ਵਾਹਿਗੁਰੂ ਰਚਨਹਾਰ ਹੈ ਇਓਂ ਸਾਡੇ ਪਾਲਣ ਆਦਿ ਦੀ ਚਿੰਤਾ ਉਸ ਨੂੰ ਹੋਣੀ ਉਸ ਦਾ ਸੁਤੇ ਫਰਜ਼ ਹੈ, ਤਿਵੇਂ ਅਸੀਂ ਜੋ ਰਚੇ ਗਏ ਪਾਲੇ ਪੋਸੇ ਜਾ ਰਹੇ ਹਾਂ, ਸਾਡਾ ਸੁਤੇ ਫਰਜ਼ ਪਾਲਣਹਾਰ ਵਲ ਇਹ ਹੈ ਕਿ ਉਸ ਦੇ ਪਯਾਰ ਵਿਚ ਜੀਵੀਏ ਤੇ ਉਸ ਦੇ ਆਗਯਾਕਾਰੀ ਸੁਪੁਤ੍ਰ ਬਣੀਏ।

ਮਃ੧॥ ਲਖ ਨੇਕੀਆ ਚੰਗਿਆਈਆ ਲਖ ਪੁੰਨਾ ਪਰਵਾਣੁ ॥ ਲਖ ਤਪ ਉਪਰਿ ਤੀਰਥਾਂ ਸਹਜ ਜੋਗ ਬੇਬਾਣ॥ ਲਖ ਸੂਰਤਣ ਸੰਗਰਾਮ ਰਣ ਮਹਿ ਛੁਟਹਿ ਪਰਾਣ ॥ ਲਖ ਸੁਰਤੀ ਲਖ ਗਿਆਨ ਧਿਆਨ ਪੜੀਅਹਿ ਪਾਠ ਪੁਰਾਣ ॥ ਜਿਨਿ ਕਰਤੈ ਕਰਣਾ ਕੀਆ ਲਿਖਿਆ ਆਵਣ ਜਾਣੁ ॥ ਨਾਨਕ ਮਤੀ ਮਿਥਿਆ ਕਰਮੁ ਸਚਾ ਨੀਸਾਣੁ ॥੨॥

(ਦੂਜੇ ਨੂੰ ਸੁਖ ਦੇਣ ਵਾਲੀਆਂ) ਲਖਾਂ ਨੇਕੀਆਂ, (ਆਪ ਨੂੰ ਚੰਗਾ ਬਨਾਉਣ ਵਾਲੀਆਂ) ਚੰਗਿਆਈਆਂ (=ਗੁਣ ਤੇ ਖ਼ੂਬੀਆਂ ਅਤੇ ਸ਼ਾਸਤ੍ਰਾਂ ਵਿਚ ਦੱਸੇ ਯਗ ਆਦਿ) ਪ੍ਰਮਾਣੀਕ ਲੱਖਾਂ ਪੁੰਨ ਹੋਣ। ਤੀਰਥਾਂ ਤੇ ਬੈਠ ਕੇ ਲੱਖਾਂ ਹੀ ਤਪ ਕੀਤੇ ਜਾਣ ਤੇ ਉਜਾੜਾਂ ਵਿਚ ਬੈਠਕੇ ਜੋਗ ਦੇ (ਕਠਨ ਤੇ) ਸਹਿਜ (ਦੋਵੇਂ ਅਭਯਾਸ) ਕੀਤੇ ਜਾਣ। ਜੁੱਧਾਂ (ਵਿਚ ਜਾਕੇ) ਲੱਖਾਂ ਸੂਰਮਗਤੀਆਂ (ਦੇ ਕੰਮ ਕੀਤੇ ਜਾਣ, ਇਥੋਂ ਤਾਈਂ ਕਿ) ਪ੍ਰਾਣ ਹੀ ਮੈਦਾਨ ਜੰਗ ਵਿਚ ਛੁਟ ਜਾਣ*। ਲੱਖਾਂ (ਪਾਠ) ਸ਼ੁਤੀਆਂ (ਦੇ ਕੀਤੇ ਜਾਣ ਤੇ) ਲੱਖਾਂ ਗਯਾਨ (ਕੀਤੇ ਜਾਣ ਤੇ) ਲੱਖਾਂ ਵਾਰ ਧਯਾਨ ਜੋੜੇ ਜਾਣ (ਤੇ) ਪੁਰਾਣਾਂ (ਆਦਿਕ) ਦੇ ਪਾਠ ਪੜ੍ਹੇ ਜਾਣ। (ਏਹ ਸਭੇ ਜੀਵ ਦੇ ਮਨ ਦੀ) ਮਤਿ (ਦੇ ਵੀਚਾਰ ਤੋਂ ਕੀਤੇ ਗਏ ਕੰਮ ਹਨ ਇਸ ਲਈ) ਇਹ ਕੂੜੀਆਂ (ਨਿਸ਼ਾਨੀਆਂ ਹਨ)। ਹੇ ਨਾਨਕ ! ਜਿਸ ਕਰਤਾਰ ਨੇ

* ਰਣ ਵਿਚ ਮਰਨਾ ਛਤ੍ਰੀ ਲਈ ਸਦਗਤੀ ਪ੍ਰਾਪਤ ਹੋਣ ਦੀ ਨਿਸ਼ਾਨੀ ਮੰਨੀ ਜਾਂਦੀ ਹੈ।

(ਇਹ) ਸ੍ਰਿਸ਼ਟੀ ਰਚੀ ਹੈ ਤੇ ਜੰਮਣ ਮਰਣ ਲਿਖਿਆ ਹੈ (ਨਿਯਤ ਕੀਤਾ ਹੈ, ਉਸ ਦਾ) ਫਜ਼ਲ (ਹੀ ਜੀਵ ਦੇ ਉਧਾਰ ਦਾ) ਸੱਚਾ ਨਿਸ਼ਾਨ ਹੈ। (ਤਾਂ ਤੇ ਬਖਸ਼ਿਸ਼ ਉਤੇ ਟੇਕ ਰੱਖ, ਬਖਸ਼ਿਸ਼ ਉਤੇ ਟੇਕ ਵਾਲਾ ਅਪਣੇ ਆਪ ਨੂੰ ਉਸ ਦੇ ਪਰਨੇ ਤੇ ਸੁੱਟ ਦੇਂਦਾ ਹੈ ਤੇ ਸਿਫਤ ਸਲਾਹ ਕਰਦਾ ਹੈ, ਨਾਮ ਸਿਮਰਦਾ ਹੈ ਤੇ ਅਰਦਾਸ ਤੇ ਸ਼ੁਕਰ ਵਿਚ ਜੀਉਂਦਾ ਹੈ॥ ੨॥

ਵਯਾਖਯਾ-ਪਿਛਲੇ ਸ਼ਲੋਕ ਵਿਚ ਦੱਸਿਆ ਸੀ ਕਿ 'ਸੱਚਾ ਨਾਮ' ਪਰਮੇਸ਼ੁਰ ਨਾਲ ਨਿਜ ਦਾ ਸੰਬੰਧ ਹੈ, ਇਸ ਸ਼ਲੋਕ ਵਿਚ ਵਾਹਿਗੁਰੂ ਦੀ ਅਰਾਧਨਾ ਉਤੇ ਜੋ ਉਸ ਦਾ ਫਜ਼ਲ ਹੁੰਦਾ ਹੈ ਉਹ ਜੀਵ ਦੇ ਉਧਾਰ ਦੀ ਪੱਕੀ ਨਿਸ਼ਾਨੀ ਹੈ, ਇਹ ਗਲ ਨਿਰੂਪਣ ਕੀਤੀ ਹੈ। ਮਨੁੱਖ ਦੇ ਅਪਣੇ ਕੀਤੇ ਸਾਧਨਾਂ ਤੋਂ ਅੰਦਾਜ਼ਾ ਨਹੀਂ ਲਗ ਸਕਦਾ ਕਿ ਉਹ ਪਰਮੇਸ਼ੁਰ ਦੀ ਦਰਗਾਹੇ ਪਰਵਾਣ ਹੋ ਗਿਆ ਹੈ ਕਿ ਨਹੀਂ, ਕਿਉਂਕਿ ਮਨੁੱਖ ਅਪਣੀ ਮਤਿ ਅਨੁਸਾਰ ਕਰਦਾ ਹੈ ਤੇ ਮਤਿ 'ਹਉਂ' ਵਿਚ ਕੰਮ ਕਰਦੀ ਹੈ, ਸੋ ਬਖਸ਼ਿਸ਼ ਪੱਕੀ ਨਿਸ਼ਾਨੀ ਹੈ। ਵੈਸ਼ਨਵਾਂ ਵਿਚ ਦੁਆਰਕਾ ਵਿਚ ਲਗਾ ਠੱਪਾ (ਚਰਮ ਮੁੱਦ੍ਰਾ) ਇਸ ਲਈ ਹੁੰਦਾ ਹੈ ਕਿ ਇਹ ਨਿਸ਼ਾਨੀ ਅਗੇ ਗਿਆਂ ਨੂੰ ਪਰਖਾ ਦੇਵੇਗਾ। ਇਸੀ ਤਰ੍ਹਾਂ ਭਿੰਨ ਭਿੰਨ ਸੰਪ੍ਰਦਾਵਾਂ ਦੇ ਆਪੋ ਆਪਣੇ ਨਿਸ਼ਾਨ ਹੁੰਦੇ ਹਨ। ਗੁਰੂ ਸਾਹਿਬ ਦੱਸਦੇ ਹਨ ਕਿ ਇਹੋ ਜਿਹੇ ਨਿਸ਼ਾਨ ਕੰਮ ਨਹੀਂ ਆਉਂਦੇ, ਪਰ ਉਸ ਦਾ ਫਜ਼ਲ ਹੀ ਸੱਚਾ ਨਿਸ਼ਾਨ ਹੈ।

ਪਉੜੀ ॥ ਸਚਾ ਸਾਹਿਬੁ ਏਕੁ ਤੂੰ ਜਿਨਿ ਸਚੋ ਸਚੁ ਵਰਤਾਇਆ ॥ ਜਿਸੁ ਤੂੰ ਦੇਹਿ ਤਿਸੁ ਮਿਲੈ ਸਚੁ ਤਾ ਤਿਨੀ ਸਚੁ ਕਮਾਇਆ ॥ ਸਤਿਗੁਰਿ ਮਿਲਿਐ ਸਚੁ ਪਾਇਆ ਜਿਨ੍ ਕੈ ਹਿਰਦੈ ਸਚੁ ਵਸਾਇਆ ॥ ਮੂਰਖ ਸਚੁ ਨ ਜਾਣਨੀ ਮਨਮੁਖੀ ਜਨਮੁ ਗਵਾਇਆ ॥ ਵਿਚਿ ਦੁਨੀਆ ਕਾਹੇ ਆਇਆ ॥੮॥

ਤੂੰ ਹੀ (ਹੇ ਨਿਰੰਕਾਰ !) ਇਕ ਸੱਚਾ ਮਾਲਕ ਹੈਂ ਜੋ (ਅਪਣੇ ਸੇਵਕਾਂ ਵਿਚ) ਸੱਚ ਹੀ ਸੱਚ ਵਰਤਾ ਦੇਂਦਾ ਹੈ। (ਕਿਉਂਕਿ) ਸਚ ਤਾਂ (ਕੇਵਲ) ਉਸੇ ਨੂੰ ਮਿਲਦਾ ਹੈ ਜਿਸ ਨੂੰ ਤੂੰ (ਆਪ) ਦੇ ਦੇਂਦਾ ਹੈ, ਉਹੋ (ਫੇਰ) ਸੱਚ ਦੀ ਕਮਾਈ ਕਰਦਾ ਹੈ। (ਪਰ ਇਹ) ਸੱਚ ਜਿਨ੍ਹਾਂ ਦੇ ਹਿਰਦੇ ਵਿਚ (ਤੂੰ) ਵਸਾਇਆ ਹੈ ਉਹਨਾ ਨੇ ਇਹ ਸੱਚ ਸਤਿਗੁਰੂ ਦੇ ਮਿਲ ਪੈਣ ਨਾਲ ਹੀ ਪ੍ਰਾਪਤ ਕੀਤਾ ਹੈ। (ਪਰ) ਮੂਰਖ ਸੱਚ ਨਹੀਂ ਜਾਣਦੇ (ਐਸੇ) ਮਨਮੁਖਾਂ ਨੇ ਜਨਮ (ਹੀ) ਬਿਰਥਾ ਗੁਆ ਲਿਆ ਹੈ। (ਐਸੇ ਲੋਕਾਂ ਦਾ) ਜਗਤ ਵਿਚ ਆਇਆ ਕਿਸ ਲਈ ਸੀ? (ਭਾਵ ਬਿਰਥਾ ਸੀ। ਯਥਾ-'*ਮਾਨੁਖੁ ਬਿਨੁ ਬੂਝੇ ਬਿਰਥਾ ਆਇਆ।*' [ਟੋਡੀ ਮ: ੫-੪]॥ ੮॥

ਵਯਾਖਯਾ-ਇਸ ਪਉੜੀ ਵਿਚ 'ਇਖ਼ਲਾਕੀ ਯਾ ਸਦਾਚਾਰੀ ਸੱਚ' ਤੇ 'ਰਹੱਸਯਕ ਸੱਚ' ਦੁਇ ਪ੍ਰਤਿਪਾਦਨ ਕੀਤੇ ਹਨ। ਰਹੱਸਯਕ ਸੱਚ ਨੂੰ ਪ੍ਰਾਪਤ ਹੋਏ ਬਾਝ ਜੀਵ ਮਨ ਬਚ ਕਰਕੇ ਸੱਚਾ ਨਹੀਂ ਹੋ ਸਕਦਾ। ਹਿਰਦੇ ਵਿਚ ਸੱਚੇ-ਪਰਮਾਤਮਾ ਦਾ ਨਿਵਾਸ-ਮੂਲ ਸੱਚ ਹੈ। ਵਿਸ਼ੇਸ਼ ਲਈ ਦੇਖੋ ਦਸਵੀਂ ਪਉੜੀ ਦਾ ਦੂਸਰਾ ਸ਼ਲੋਕ ਜੋ ਅੱਗੇ ਆਵੇਗਾ-'*ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ॥*'

ਪਉੜੀ ਤੇ ਸਲੋਕਾਂ ਦਾ ਸੰਮੇਲਨ-ਪਉੜੀ ੭ ਵਿਚ 'ਸਚੋ ਸਚੁ ਧਿਆਇਆ' ਕਿਹਾ ਸੀ। ਉਹ ਸੀ 'ਸਿਖ ਦਾ ਕਰਹਲਾ-ਪ੍ਰਯਤਨ'। ਅੱਠਵੀਂ ਪਉੜੀ ਵਿਚ 'ਸਚੋ ਸਚੁ ਵਰਤਾਇਆ' ਫੁਰਮਾਇਆ ਹੈ। ਇਹ ਹੈ 'ਸਾਹਿਬ ਦੀ ਵਰਤੋਂ'। ਇਸ ਸਚ ਦੀ ਦਾਤ ਸਾਹਿਬ ਦੇਂਦਾ ਹੈ। ਜਿਸ ਨੂੰ ਮਿਲ ਜਾਏ ਉਹ ਸਚ ਦੀ ਕਮਾਈ ਕਰਦਾ ਹੈ, ਪਰ ਕਮਾਈ ਦੀ ਜਾਚ ਗੁਰੂ ਤੋਂ ਮਿਲਦੀ ਤੇ ਸਚ ਨੂੰ ਪ੍ਰਾਪਤ ਹੋ ਜਾਂਦਾ ਹੈ। ਉਸ ਲਈ ਅਰਦਾਸ ਕਰੋ।

ਪਹਿਲੇ ਸ਼ਲੋਕ ਵਿਚ ਦੱਸਿਆ ਕਿ ਜਿਸ ਨੂੰ ਵਾਹਿਗੁਰੂ ਸਚ ਦੇਵੇ ਉਸ ਨੂੰ ਮਿਲਦਾ ਹੈ। ਇਹ ਵਾਕ ਨਿਰਾਸਤਾ ਦਾ ਨਹੀਂ, ਕਿ ਖਬਰੇ ਦੇਊ ਕਿ ਨਾ। ਇਹ ਵਾਕ ਨਿਸ਼ਚਾ ਬਨ੍ਹਾਊ ਹਨ। ਕਿਉਂਕਿ ਓਥੇ ਵਾਕ ਕਹੇ ਹਨ:-'ਜਿਨਿ ਕਰਤੈ ਕਰਣਾ ਕੀਆ ਚਿੰਤਾ ਭਿ ਕਰਣੀ ਤਾਹਿ॥' ਫੇਰ ਦੱਸਿਆ ਕਿ ਉਹ ਚਿੰਤਾ ਕਰਦਾ ਹੈ:-'ਸੋ ਕਰਤਾ ਚਿੰਤਾ ਕਰੇ'। ਚਿੰਤਾ ਹੀ ਨਿਰੀ ਨਹੀਂ ਕਰਦਾ, ਸਗੋਂ ਅਮਲੀ ਤੌਰ ਤੇ ਸੰਮ੍ਹਾਲ ਕਰ ਰਿਹਾ ਹੈ:-'ਨਾਨਕ ਜੰਤ ਉਪਾਇਕੈ ਸੰਮਾਲੇ ਸਭਨਾਹ'। ਹੁਣ ਜੀਵ ਨੇ ਕੀਹ ਕਰਨਾ ਹੈ? ਉੱਤਰ ਹੈ:'ਤਿਸੁ ਜੋਹਾਰੀ.....'। ਉਸ ਦੀ ਭਗਤੀ ਕਰੋ, ਤੇ ਨਾਮ ਜਪੋ।

ਇਉਂ ਸੱਚ ਦੇ ਮਿਲਣੇ ਦੀ ਜਾਚ ਦੱਸੀ ਹੈ। ਹੁਣ ਦੂਜੇ ਸ਼ਲੋਕ ਵਿਚ ਦੱਸਿਆ ਹੈ ਕਿ ਕਰਤਾ ਪੁਰਖ ਦੇ 'ਕਰਮ' ਦਾ ਨਿਸ਼ਾਨ ਜੇ ਪੈ ਜਾਵੇ ਤਾਂ ਹੀ ਪ੍ਰਾਪਤੀ ਸਫਲ ਹੈ, ਇਸ 'ਕਰਮ' ਤੋਂ ਛੁਟ ਸਾਰੇ ਪ੍ਰਯਤਨ ਮਿਥਯਾ ਹਨ। 'ਕਰਮ' ਤਾਂ ਸਾਹਿਬ ਦੇ ਹੱਥ ਹੈ, ਜੀਵ ਦੇ ਹੱਥ ਨਹੀਂ। ਜੀਵ ਕੀ ਕਰੇ? ਉੱਤਰ ਹੈ: ਅਰਦਾਸ ਕਰੇ। ਯਾਚਕ ਦਾ ਕੰਮ ਮੰਗਣਾ ਹੀ ਹੁੰਦਾ ਹੈ, ਦਾਤ ਹਥ ਦਾਤੇ ਦੇ ਹੁੰਦੀ ਹੈ, ਸੋ ਦੁਇ ਸਲੋਕਾਂ ਨੇ ਜੋ ਅਕਾਂਖਯਾ ਪੈਦਾ ਕੀਤੀ ਹੈ ਉਹ ਪਉੜੀ ਵਿਚ ਪੂਰੀ ਹੁੰਦੀ ਹੈ, ਸਚੇ ਸਾਹਿਬ ਅਗੇ ਅਰਦਾਸ ਕੀਤੀ ਹੈ ਕਿ ਸਚ ਦੀ ਬਖਸ਼ਿਸ਼ ਕਰੇ। ਅਰਦਾਸ ਕਰਕੇ ਦੂਜੀ ਜਾਚ ਇਹ ਦੱਸੀ ਕਿ ਸਤਿਗੁਰੂ ਨੂੰ ਮਿਲੇ। ਸਤਿਗੁਰੂ ਮਾਨੋ ਦਾਤ ਲੈ ਦੇਣ ਦਾ ਮਿਤ੍ਰ ਵਿਚੋਲਾ ਹੈ:-

ਘੋਲਿ ਘੁਮਾਈ ਤਿਸੁ ਮਿਤ੍ਰ ਵਿਚੋਲੇ ਜੈ ਮਿਲਿ ਕੰਤੁ ਪਛਾਣਾ॥ [ਰਾਮਕਲੀ ਵਾਰ ਮ: ੫-੧੫]

ਨਿਰੁਕ੍ਤ-ਤੀਰਥ-ਹਿੰਦੂ ਧਰਮ ਦਾ ਪਵਿੱਤ੍ਰ ਮੰਨਿਆ ਟਿਕਾਣਾ, ਚਾਹੋ ਨਦੀ ਦੇ ਕਿਨਾਰੇ ਤੇ ਹੋਵੇ ਤੇ ਚਾਹੋ ਉਂਞ। ਤਟ-ਤੋਂ ਮੁਰਾਦ ਉਹਨਾਂ ਤੀਰਥਾਂ ਦੀ ਹੈ ਜੋ ਜ਼ਰੂਰ ਨਦੀ ਸਮੁੰਦਰ ਦੇ ਕਿਨਾਰੇ ਤੇ ਹੋਣ, ਜਿਵੇਂ ਬਨਾਰਸ, ਦ੍ਵਾਰਕਾ।

ਖਾਣੀ-ਚਾਰ ਖਾਣੀਆਂ ਵਿਚ ਸਾਰੀ ਸ੍ਰਿਸ਼ਟੀ ਦੀ ਉਪਜ ਵੰਡੀ ਹੋਈ ਹੈ:ਅੰਡਿਆਂ ਤੋਂ, ਜੇਰ ਤੋਂ, ਦੁਹਾਂ ਤੋਂ ਛੁਟ ਹੋਰ ਤਰ੍ਹਾਂ ਪਸੀਨੇ ਆਦਿ ਤੋਂ, ਤੇ ਬਨਸਪਤੀ।

ਮੇਰ-ਸੁਮੇਰ ਪਰਬਤ, ਮੇਰਾਂ=(ਆਮ) ਪਰਬਤਾਂ।

ਜੋਹਾਰੀ-ਨਮਸਕਾਰ ਹੈ। ਸੁਅਸਤਿ-ਸ੍ਵਸ੍ਤਿ=ਕਿਸੇ ਨੂੰ ਕਹਿਣਾ ਤੇਰੀ ਕਲਯਾਣ ਹੋਵੇ, ਭਲਾ ਹੋਵੀ, ਸ਼ੁਭ ਤੇ ਅਸ਼ੀਰਵਾਦਿਕ ਵਾਕ ਕਹਿਣੇ।

ਅਭਗੁ-ਜੋ ਨਾ ਟੁੱਟੇ, ਅਟੱਲ। ਤਗੁ-ਧਾਗਾ, ਭਾਵ ਹੈ ਜਨੇਊ।

ਪੁੰਨਾ ਪਰਵਾਣ-ਪ੍ਰਮਾਣੀਕ ਪੁੰਨ, ਸ਼ਾਸਤ੍ਰਾਂ ਨੇ ਜੋ ਕਰਨੇ ਦੱਸੇ ਹਨ।

ਬੇਬਾਣ- [ਫ਼ਾ:, ਬਯਾਬਾਨ] ਉਜਾੜ।

[ਪਉੜੀ ਨੌਂਵੀ]

ਪ੍ਰਾਕ੍ਥਨ-ਪਿਛਲੀ ਪਉੜੀ ਵਿਚ 'ਸੱਚ' ਦਾ ਪ੍ਰਤਿਪਾਦਨ ਕੀਤਾ ਸੀ ਅਗਲੇ ਦੋ ਸ਼ਲੋਕਾਂ ਵਿਚ ਪਹਿਲੇ ਪੜ੍ਹਨ ਤੇ ਫੇਰ ਹੋਰ ਤਪਾਂ ਹਠਾਂ ਨੂੰ ਹਉਂ ਤੇ ਅਵਿਦਯਾ ਦੇ ਕੰਮ ਦੱਸਕੇ ਨਾਮ ਦੀ ਪ੍ਰੌੜ੍ਹਤਾ ਵਰਣਿਤ ਕੀਤੀ ਹੈ, ਅਤੇ ਪਉੜੀ ਵਿਚ ਭਗਤੀ ਦੀ ਵਡਿਆਈ ਵਰਣਨ ਹੋਈ ਹੈ।

ਮੂਲ	ਅਰਥ
ਸਲੋਕੁ ਮਃ ੧ ॥ ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ ॥ ਪੜਿ ਪੜਿ ਬੇੜੀ ਪਾਈਐ	(ਐਤਨਾ) ਪੜ੍ਹੀਏ ਕਿ ਪੜ੍ਹਕੇ ਗੱਡੀਆਂ ਲੱਦ ਲਈਏ (ਸਗੋਂ ਐਤਨਾ ਪੜ੍ਹੀਏ ਕਿ ਪੁਸਤਕਾਂ) ਪੜ੍ਹ ਕੇ ਬਲੇਦੇ ਲੱਦ ਲਈਏ। (ਹਾਂ ਇੰਨਾਂ ਪੜ੍ਹੀਏ ਕਿ) ਪੜ੍ਹ ਪੜ੍ਹਕੇ (ਪੁਸਤਕਾਂ ਨਾਲ) ਬੇੜੀਆਂ

ਪੜਿ ਪੜਿ ਗਡੀਅਹਿ ਖਾਤ ॥ ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ ॥ ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ॥ ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥੧॥

ਭਰ ਲਈਏ (ਜਾਂ) ਪੜ੍ਹੀਆਂ (ਪੋਥੀਆਂ ਐਨੀਆਂ ਹੋ ਜਾਣ ਕਿ) ਖਾਤੇ ਭਰੇ ਜਾ ਸਕਣ। (ਪਹਿਲੇ ਪੋਥੀਆਂ ਦੀ ਬਹੁਲੱਤਾ ਦੱਸੀ ਹੁਣ ਉਹਨਾਂ ਨੂੰ ਪੜ੍ਹਨ ਦੇ ਵਕਤ ਦੀ ਬਾਹੁਲਤਾ ਦੱਸਦੇ ਹਨ)। ਜਿੰਨੇ ਮਹੀਨੇ (ਸਾਲ ਦੇ ਹੋਣ ਸੋ) ਹਰ ਮਹੀਨੇ ਤੇ (ਉਮਰਾ ਦੇ) ਜਿੰਨੇ ਵਰ੍ਹੇ (ਹੋਣ ਹਰ) ਵਰ੍ਹੇ ਪੜ੍ਹਦੇ ਹੀ ਰਹੀਏ, (ਐਉਂ) ਸਾਰੀ ਉਮਰ ਪੜ੍ਹਦੇ ਰਹੀਏ ਤੇ ਜਿੰਨੇ ਸਾਸ (ਮਿਲੇ ਹਨ ਹਰ ਸਵਾਸ) ਪੜ੍ਹਦੇ ਹੀ ਰਹੀਏ (ਭਾਵ ਲਗਾਤਾਰ ਜੁੱਟੇ ਹੀ ਰਹੀਏ, ਪਰ ਵਾਹਿਗੁਰੂ ਦੇ ਦਰ) ਲੇਖੇ ਪੈਣ ਵਾਲੀ ਗਲ ਤਾਂ ਇਕ (ਨਾਮ) ਹੈ ਹੋਰ (ਉਸ ਬਿਨਾ ਪੜ੍ਹਨਾ ਤਾਂ) ਹਉਮੈ ਵਿਚ ਖਪਦੇ ਰਹਿਣਾ ਹੈ* ਹੇ ਨਾਨਕ ! ॥ ੧॥

ਵਯਾਖਯਾ–ਬਹੁਤ ਪੜ੍ਹੇ ਦਿਗਵਿਜਈ ਪੰਡਤ ਪੋਥੀਆਂ ਨਾਲ ਰਖਦੇ ਸਨ, ਸੜਕਾਂ ਤੇ ਗੱਡਿਆਂ ਵਿਚ ਲੱਦਕੇ ਪਹਾੜੀ ਅਤੇ ਤੰਗ ਰਾਹਾਂ ਤੇ ਊਠਾਂ ਬੌਲਦਾਂ ਉਤੇ ਲੱਦਕੇ, ਨਦੀਆਂ ਟੱਪਣੀਆਂ ਤਾਂ ਬੇੜੀਆਂ ਉਤੇ ਲੱਦਕੇ, ਜੇ ਘਰੀਂ ਟਿਕਾਣ ਕਰ ਬੈਠਦੇ ਸਨ ਤਾਂ ਸੰਦੂਕਾਂ ਨੂੰ ਘਰਾਂ ਦੇ ਹੇਠਾਂ ਭੋਰਿਆਂ ਤੇ ਤਹਿਖਾਨਿਆਂ ਵਿਚ ਸਾਂਭਦੇ ਸਨ ਜੋ ਚੋਰੀ ਨਾ ਹੋ ਜਾਣ। ਇਸ ਸ਼ਲੋਕ ਵਿਚ ਕਵਿਤਾ ਦਾ ਕੈਸਾ ਕਮਾਲ ਹੈ। 'ਇਕ ਗਲ' ਦੇ ਟਾਕਰੇ ਤੇ ਬਾਕੀ ਗੇਣਤੀਆਂ ਦੀ ਅਨੇਕਤਾ ਕਿਸ ਵਿਸ਼ਾਲਤਾ ਨਾਲ ਗਿਣੀ ਹੈ ਤੇ 'ਇਕ ਗਲ' ਤੇ ਸਾਰਾ ਜ਼ੋਰ ਭਰ ਦਿੱਤਾ ਹੈ। 'ਇਕ ਗਲ' ਦੀ ਵਯਾਖਯਾ ਅਗਲੇ ਸ਼ਲੋਕ ਵਿਚ ਹੈ, ਦੇਖੋ ਸਤਰ ੧੨-੧੫।

ਮਃ ੧ ॥ ਲਿਖਿ ਲਿਖਿ ਪੜਿਆ ॥ ਤੇਤਾ ਕੜਿਆ ॥ ਬਹੁ ਤੀਰਥ ਭਵਿਆ ॥ ਤੇਤੋ ਲਵਿਆ ॥ ਬਹੁ ਭੇਖ ਕੀਆ ਦੇਹੀ ਦੁਖੁ ਦੀਆ ॥

ਸਹੁ ਵੇ ਜੀਆ ਅਪਣਾ ਕੀਆ ॥ ਅੰਨੁ ਨ ਖਾਇਆ ਸਾਦੁ ਗਵਾਇਆ ॥ ਬਹੁ ਦੁਖੁ ਪਾਇਆ ਦੂਜਾ ਭਾਇਆ॥ ਬਸਤ੍ਰ ਨ ਪਹਿਰੈ ॥ ਅਹਿਨਿਸਿ

(ਜਿਤਨਾਂ ਪੁਸਤਕਾਂ ਆਦਿ ਵਿਚ ਹੋਰਨਾਂ ਦਾ) ਲਿਖਿਆ (ਕੋਈ) ਪੜ੍ਹਦਾ ਹੈ (ਤੇ ਫੇਰ ਅਗੋਂ ਆਪ ਜਿਤਨਾ) ਲਿਖਦਾ ਹੈ (ਜਾਣੋ) ਉਤਨਾ ਹੀ (ਉਹ) ਕੁੜ੍ਹਦਾ ਰਹਿੰਦਾ ਹੈ। (ਜਿਤਨਾ ਕੋਈ) ਤੀਰਥਾਂ ਉਤੇ ਬਹੁਤਾ ਫਿਰਦਾ ਹੈ ਉਤਨਾ ਹੀ (ਵੱਧ) ਬਕਵਾਸੀ ਹੋ ਜਾਂਦਾ ਹੈ (ਭਾਵ ਗੱਪਾਂ ਬਹੁਤ ਮਾਰਦਾ ਹੈ)। (ਜਿਤਨਾ ਕੋਈ) ਬਹੁਤੇ ਭੇਖ ਕਰਦਾ ਹੈ (ਉਤਨਾਂ ਵਧੀਕ ਅਪਣੇ) ਸਰੀਰ ਨੂੰ ਕਸ਼ਟ ਦੇਂਦਾ ਹੈ (ਭੇਖੀ ਸਾਧੂ ਸਰੀਰ ਨੂੰ ਔਖਿਆਂ ਕਰਕੇ ਹੀ ਅਪਣੇ ਤਪਾਂ ਹਠਾਂ ਦਾ ਅਸਰ ਪਾਉਂਦੇ ਹਨ। ਇਉਂ ਏਹ ਕਸ਼ਟ ਜੋ ਓਹ ਆਪੇ ਝੱਲਦੇ ਹੈਨ ਅਪਣੇ ਆਪ ਨੂੰ ਦੰਡ ਦੇ ਰਹੇ ਹੈਨ ਸੋ ਕਹਿਣਾ ਚਾਹੀਏ ਕਿ) ਸਹੁ ਭਾਈ (ਇਹ ਦੁਖ ਤੇਰਾ) ਆਪਣਾ (ਹੀ) ਪੈਦਾ ਕੀਤਾ ਹੋਇਆ ਹੈ † । (ਜਿਸ ਨੇ ਕਠਨ ਬ੍ਰਤ ਧਾਰੇ ਤੇ) ਅੰਨ ਨਹੀਂ ਖਾਧਾ (ਉਸ ਨੇ ਇਕ ਤਾਂ ਆਪਣਾ) ਸੁਆਦ ਗੁਆਇਆ ਹੈ (ਦੂਜੇ ਫਾਕੇ ਕਸ਼ੀ ਦਾ) ਬਹੁਤ ਦੁਖ ਪਾਇਆ ਹੈ, (ਤੀਜੇ ਉਹ) ਦ੍ਵੈਤ ਭਾਵ ਵਿਚ ਹੈ ‡ । ਜੋ ਕਪੜੇ

---

* ਯਥਾ-ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ ਇਨ ਪੜਿਆ ਮੁਕਤਿ ਨ ਹੋਈ॥
ਏਕੁ ਅਖਰੁ ਜੋ ਗੁਰਮੁਖਿ ਜਾਪੈ ਤਿਸਕੀ ਨਿਰਮਲ ਸੋਈ॥ [ਸੂਹੀ ਮ: ੫-੫੦]

† ਭਾਵ-ਇਹ ਕਸ਼ਟ ਸਹਿਣੇ ਭੇਖੀ ਬਣਨ ਦੀ ਸਜ਼ਾ ਹੈ।

‡ ਬ੍ਰਤਧਾਰੀ ਤੇ ਰੋਜ਼ਦਾਰ ਦੂਸਰਿਆਂ ਨੂੰ ਜੋ ਬ੍ਰਤ ਯਾ ਰੋਜ਼ਾ ਨਾ ਰਖੇ ਮਾੜਾ ਸਮਝਦਾ ਹੈ, ਐਉਂ ਦ੍ਵੈਤ ਭਾਵ ਵਿਚ ਚਲਾ ਜਾਂਦਾ ਹੈ।

ਕਹਰੈ ॥ ਮੋਨਿ ਵਿਗੂਤਾ ॥ ਕਿਉ ਜਾਗੈ ਗੁਰ ਬਿਨੁ ਸੂਤਾ ॥

ਪਗ ਉਪੇਤਾਣਾ ॥ ਅਪਣਾ ਕੀਆ ਕਮਾਣਾ ॥ ਅਲੁ ਮਲੁ ਖਾਈ ਸਿਰਿ ਛਾਈ ਪਾਈ ॥ ਮੂਰਖਿ ਅੰਧੈ ਪਤਿ ਗਵਾਈ ॥ ਵਿਣੁ ਨਾਵੈ ਕਿਛੁ ਥਾਇ ਨ ਪਾਈ ॥ ਰਹੈ ਬੇਬਾਣੀ ਮੜੀ ਮਸਾਣੀ ॥ ਅੰਧੁ ਨ ਜਾਣੈ ਫਿਰਿ ਪਛੁਤਾਣੀ ॥ ਸਤਿਗੁਰੁ ਭੇਟੇ ਸੋ ਸੁਖੁ ਪਾਏ ॥ ਹਰਿ ਕਾ ਨਾਮੁ ਮੰਨਿ ਵਸਾਏ ॥ ਨਾਨਕ ਨਦਰਿ ਕਰੇ ਸੋ ਪਾਏ ॥ ਆਸ ਅੰਦੇਸੇ ਤੇ ਨਿਹਕੇਵਲੁ ਹਉਮੈ ਸਬਦਿ ਜਲਾਏ ॥੨॥

ਨਹੀਂ ਪਹਿਨਦਾ (ਭਾਵ ਨਾਂਗਾ ਰਹਿੰਦਾ ਹੈ) ਉਹ ਦਿਨੇ ਰਾਤ (ਆਪ ਨੂੰ) ਦੁਖੀ ਕਰਦਾ ਹੈ। (ਜੋ) ਮੋਨੀ (ਅਰਥਾਤ ਮੋਨਧਾਰੀ ਹੈ ਉਸ ਨੇ ਆਪਣੇ ਆਪ ਨੂੰ) ਵਿਗੋਚੇ ਵਿਚ ਪਾ ਲਿਆ ਹੋਇਆ ਹੈ, (ਪਰ ਕੀ ਕਰੇ ਅਗਜਾਨ ਨਿੰਦ੍ਰਾ ਵਿਚ) ਸੁੱਤਾ ਪਿਆ ਹੈ ਗੁਰੂ ਬਿਨ ਕੀਕੂੰ ਜਾਗੇ। (ਜੋ) ਜੁੱਤੀ ਬਿਨਾ (ਪੈਰੋਂ ਨੰਗਾ) ਫਿਰਦਾ ਹੈ (ਉਸ ਨੂੰ ਜੋ ਖੇਦ ਹੈ ਸੋ) ਅਪਣੀ ਕੀਤੀ (ਇਸੇ ਮੂਰਖਤਾ ਦਾ) ਫਲ ਹੈ। ਜਿਸ ਨੇ ਗੰਦ ਮੰਦ ਖਾਧੇ (ਉਸ ਨੇ ਅਪਣੇ) ਸਿਰ ਸੁਆਹ ਪਾ ਲਈ ਹੈ, (ਹਾਂ, ਉਸ) ਅੰਨ੍ਹੇ ਮੂਰਖ ਨੇ (ਲੋਕਾਂ ਵਿਚ) ਪਤ ਗੁਆ ਲਈ ਹੈ*। (ਪਰ ਸੱਚ ਇਹ ਹੈ ਕਿ) ਨਾਮ ਤੋਂ ਬਿਨਾਂ ਕੋਈ ਗਲ (ਦਰ) ਪਰਵਾਨ ਨਹੀਂ ਹੁੰਦੀ। ਜੋ ਉਜਾੜਾਂ, ਕਬਰਾਂ ਤੇ ਮਸਾਣਾਂ ਵਿਚ ਰਹਿੰਦਾ ਹੈ, (ਉਹ) ਮੂਰਖ ਨਹੀਂ ਜਾਣਦਾ (ਕਿ ਇਸ ਦਾ ਫਲ ਖੋਟਾ ਹੈ, ਉਹ) ਫਿਰ (ਪਿਛੋਂ) ਪਛੋਤਾਉਂਦਾ ਹੈ †। ਸੁਖ (ਤਾਂ) ਉਹੋ ਪਾਉਂਦਾ ਹੈ (ਜਿਸ ਨੂੰ) ਸਤਿਗੁਰੂ ਮਿਲ ਪੈਂਦਾ ਹੈ (ਤੇ ਸਤਿਗੁਰੂ ਦੇ ਮਿਲ ਪਿਆਂ ਜੋ) ਹਰੀ ਦੇ ਨਾਮ ਨੂੰ ਮਨ ਵਿਚ ਵਸਾ ਲੈਂਦਾ ਹੈ, (ਪਰ) ਹੇ ਨਾਨਕ ! ਜਿਸ ਤੇ (ਵਾਹਿਗੁਰੂ) ਨਜ਼ਰ ਕਰੇ ਓਹੀ (ਗੁਰੂ ਨੂੰ) ਪਾਉਂਦਾ ਹੈ, (ਓਹੀ ਗੁਰੂ ਦੇ ਦਿਤੇ ਸ਼ਬਦਿ=) ਨਾਮ ਨਾਲ ਆਸ ਤੇ ਅੰਦੇਸੇ ਤੋਂ ਸ਼ੁਧ ਹੋ ਜਾਂਦਾ ਹੈ (ਅਤੇ ਅਪਣੀ) ਹਉਮੈਂ ਨੂੰ (ਮੂਲੋਂ) ਸਾੜ ਸੁਟਦਾ ਹੈ॥ ੨॥

ਐਸੇ ਪੁਰਸ਼ ਅਸਲੀ ਭਗਤ ਹਨ, ਅਗੇ ਪਉੜੀ ਵਿਚ ਉਹਨਾਂ ਦੀ ਕਰਨੀ ਕੀਰਤਿ ਹੈ:-

ਪਉੜੀ ॥ ਭਗਤ ਤੇਰੈ ਮਨਿ ਭਾਵਦੇ ਦਰਿ ਸੋਹਨਿ ਕੀਰਤਿ ਗਾਵਦੇ ॥ ਨਾਨਕ ਕਰਮਾ ਬਾਹਰੇ ਦਰਿ ਢੋਅ ਨ ਲਹਨ੍ਹੀ ਧਾਵਦੇ ॥ ਇਕਿ ਮੂਲੁ ਨ ਬੁਝਨ੍ਹਿ ਆਪਣਾ ਅਣਹੋਦਾ ਆਪੁ ਗਣਾਇਦੇ ॥ ਹਉ ਢਾਢੀ ਕਾ ਨੀਚ ਜਾਤਿ ਹੋਰਿ ਉਤਮ ਜਾਤਿ ਸਦਾਇਦੇ ॥ ਤਿਨ੍ਹ ਮੰਗਾ ਜਿ ਤੁਝੈ ਧਿਆਇਦੇ ॥ ੯॥

(ਹੇ ਨਿਰੰਕਾਰ !) ਤੇਰੇ ਮਨ ਨੂੰ ਭਗਤ ਪਿਆਰੇ ਲਗਦੇ ਹਨ, (ਓਹ ਤੇਰੇ) ਦਰ ਉਤੇ (ਤੇਰਾ) ਜਸ ਗਾਉਂਦੇ ਸ਼ੋਭ ਰਹੇ ਹਨ। (ਪਰ ਉਸ) ਦਰ ਉਤੇ ਕਰਮ ਹੀਣ ਲੋਕਾਂ ਨੂੰ ਢੋਈ ਨਹੀਂ ਮਿਲਦੀ, ਓਹ ਧਾਂਵਦੇ ਰਹਿੰਦੇ ਹਨ, ਹੇ ਨਾਨਕ ! ਇਕ (ਐਸੇ ਹਨ ਕਿ ਜੋ) ਅਪਣਾ ਅਸਲਾ ਨਹੀਂ ਪਛਾਣਦੇ (ਜਿਨ੍ਹਾਂ ਵਿਚ ਗੁਣ ਤਾਂ ਕੋਈ ਨਹੀਂ ਤੇ) ਗੁਣਹੀਣਤਾ ਵਿਚ ਅਪਣੇ ਆਪ ਨੂੰ ਗੁਣਵਾਨ ਜਣਾਉਂਦੇ ਹਨ, (ਪਰ ਮੈਂ ਕੀਹ ਹਾਂ? ਇਕ) ਢਾਡੀ (ਤੇਰੇ ਜਸ ਗਾਉਣ ਵਾਲਾ ਅਤੇ ਵਰਣਾਸ਼੍ਰਮੀਆਂ ਮੂਜਬ ਢਾਡੀ ਦੀ ਜਾਤ ਨੀਵੀਂ ਹੈ, ਸੋ) ਮੈਂ ਨੀਚ ਜਾਤ ਵਾਲਾ ਹੋਇਆ ਅਤੇ ਹੋਰ ਉਤਮ ਜਾਤ ਵਾਲੇ ਸਦਵਾਉਂਦੇ ਹਨ। (ਪਰ ਮੈਨੂੰ ਜਾਤੀ ਨਾਲ ਕੀਹ ਮੈਂ ਤਾਂ ਤੈਥੋਂ) ਉਹਨਾਂ ਦੀ ਮੰਗ ਕਰਦਾ ਹਾਂ ਜੋ ਤੈਨੂੰ ਧਿਆਉਂਦੇ ਹਨ (ਚਾਹੇ ਕਿਸੇ ਜਾਤੀ ਦੇ ਹੋਣ, ਓਹਨਾਂ ਦੇ ਸਤਿਸੰਗ ਦੀ ਮੈਨੂੰ ਖੈਰ ਪਾ। ਭਾਵ ਮੈਂ ਤੇਰੀ ਵਾਰ ਕੀਤੀ ਹੈ ਮੈਂ

* ਅਘੋਰੀਆਂ ਤੋਂ ਭਾਵ ਹੈ, ਜੋ ਘ੍ਰਿਣਤ ਪਦਾਰਥ (ਗੰਦਗੀ) ਬੀ ਖਾ ਜਾਂਦੇ ਹਨ।

† ਭਾਵ ਐਉਂ ਬੀ ਲੈਂਦੇ ਹਨ-ਮਰਕੇ ਪਛੁਤਾਉਂਦਾ ਹੈ।

ਢਾਡੀ ਹਾਂ, ਮੈਨੂੰ ਇਨਾਮ ਇਹ ਦੇਹ ਕਿ ਤੇਰੇ ਪਜਾਰੇ ਮੈਨੂੰ ਮਿਲਣ)॥ ੯॥

ਵਜਾਖਜਾ-ਏਥੇ ਪਹਿਲੀਆਂ ੯ ਪਉੜੀਆਂ ਸਮਾਪਤ ਹਨ। ਢਾਡੀ ਪਦ ਦਾ ਇਸ ਵਿਚ ਹੋਣਾ ਤੇ ਮਜ਼ਮੂਨ ਦਾ ਭਾਵ ਕੁਛ ਕੁਛ ਸਮਾਪਤੀ ਦਾ ਸੂਚਕ ਭਾਸਦਾ ਹੈ। ਵਾਹਿਗੁਰੂ ਦੇ ਗੁਣ ਗਾਇਨ ਕਰਦੇ ਗੁਰੂ ਜੀ ਆਪ ਨੂੰ ਢਾਡੀ ਕਿਹਾ ਕਰਦੇ ਸਨ। ਗੁਰੂ ਸਾਹਿਬ ਜਨਮ ਕਰਕੇ ਜਾਤ ਦੀ ਨਿਖੇਧੀ ਕਰਦੇ ਹਨ, ਜਿਸ ਤੋਂ ਮੁਰਾਦ ਹੈ ਕਿ ਜਾਤ, ਗੁਣ, ਕਰਮ ਅਨੁਸਾਰ ਹੋਣੀ ਚਾਹੀਏ। ਏਥੇ ਦੱਸਦੇ ਹਨ ਕਿ ਕਿਉਂਕਿ ਮੈਂ ਢਾਡੀ ਦਾ ਕਰਤਵਜ ਅਖਤਿਆਰ ਕਰ ਲਿਆ ਹੈ ਤੇ ਵਰਣ ਆਸ਼੍ਰਮ ਵਾਲਿਆਂ ਅਨੁਸਾਰ ਢਾਡੀਆਂ ਦੀ ਜ਼ਾਤ ਨੀਵੀਂ ਹੈ, ਇਸ ਲਈ ਮੈਂ ਜ਼ਾਤ ਅਭਿਮਾਨ ਦੀ ਕੋਈ ਗੱਲ ਆਪਣੇ ਗੁਣ ਵਿਸ਼ੇਸ਼ ਵਿਚ ਪੇਸ਼ ਨਹੀਂ ਕਰਦਾ। ਮੈਂ ਤਾਂ ਤੇਰੇ ਦਰ ਦਾ ਢਾਡੀ ਹਾਂ, ਮੈਨੂੰ ਆਪਣੇ ਗੁਣ ਗਾਇਕਾਂ ਦਾ ਸੰਗ ਬਖਸ਼।

ਪਉੜੀ ਤੇ ਸਲੋਕਾਂ ਦਾ ਸੰਮੇਲਨ-ਪਹਿਲਾ ਸਲੋਕ ਜੋ ਰਖਿਆ ਗਿਆ ਹੈ ਉਸ ਵਿਚ ਉਹਨਾਂ ਭਗਤੀ ਹੀਣਾ ਦਾ ਜ਼ਿਕਰ ਹੈ ਜੋ ਪੜ੍ਹ ਤਾਂ ਗਏ ਪਰ ਇਕ ਪ੍ਰਭੂ ਦੀ ਪ੍ਰਾਪਤੀ ਦੀ ਗਲ ਅਨੁਭਵ ਨਾ ਕੀਤੀ। ਉਹਨਾਂ ਦਾ ਪੜ੍ਹਨਾ ਹਉਮੈ ਦਾ ਝਖਣਾ ਹੀ ਰਿਹਾ। ਦੂਜੇ ਸਲੋਕ ਵਿਚ 'ਇਕ ਗਲ' ਨਾ ਬੁਝੇ ਹੋਏ ਭਗਤ ਹੀਣਾ ਦਾ ਜ਼ਿਕਰ ਹੈ ਜੋ ਹੋਰ ਹੋਰ ਕਰਮ ਕਰਦੇ ਰਹੇ; ਜਿਹਾ ਕੁ:-ਤੀਰਥਾਟਨ, ਭੇਖ, ਬ੍ਰਤ, ਨੰਗੇ ਰਹਿਣਾ, ਮੋਨ, ਨੰਗੇ ਪੈਰੀਂ ਫਿਰਨਾ, ਗੰਦੇ ਭੋਜਨ, ਮਸਾਣੀਂ ਵਾਸ। ਇਨ੍ਹਾਂ ਦੀ ਨਿਸ਼ਫਲਤਾ ਦਿਖਾਕੇ ਸਫਲਤਾ ਵਾਲਾ ਜੀਵਨ ਦਰਸਾਇਆ:-ਸਤਿਗੁਰ ਨੂੰ ਮਿਲਣਾ, ਨਾਮ ਮਨ ਵਿਚ ਵਸਾਉਣਾ, ਆਸ ਅੰਦੇਸੇ ਛੱਡਣੇ, ਹਉਮੈ ਤਜਾਗਣੀ, ਨਦਰ ਵਿਚ ਆ ਜਾਣਾ।

ਸੋ ਸਲੋਕਾਂ ਦਾ ਭਾਵ ਪਉੜੀ ਨਾਲ ਢੁੱਕ ਪਿਆ। ਐਉਂ ਕਿ ਪਉੜੀ ਵਿਚ ਪਹਿਲਾਂ ਭਗਤੀ ਦਾ ਜ਼ਿਕਰ ਕੀਤਾ ਹੈ ਤੇ ਭਗਤ ਦੇ ਲੱਛਣ ਉਹੀ ਹਨ ਜੋ ਦੂਜੇ ਸ਼ਲੋਕ ਦੇ ਅੰਤ ਵਿਚ ਕਹੇ ਹਨ।

ਪਉੜੀ ਵਿਚ ਦੂਜਾ ਜ਼ਿਕਰ ਭਗਤੀ ਹੀਨ ਅਗਜਾਨੀਆਂ ਦਾ ਹੈ, ਇਹ ਜਾ ਢੁੱਕਾ ਪਹਿਲੇ ਤੇ ਦੂਜੇ ਸਲੋਕਾਂ ਵਿਚ ਦੱਸੇ ਤਪੀਆਂ ਹਠੀਆਂ ਦੀ ਅਫਲ ਘਾਲ ਤੇ ਅਪ੍ਰਾਪਤੀ ਦੇ ਜੀਵਨ ਨਾਲ; ਅਰਥਾਤ ਨਾਮ ਤੋਂ ਵਿਹੂਣੇ ਸਤਿਗੁਰ ਤੋਂ ਵਿਰਵੇ ਹੋਣ ਕਰਕੇ 'ਦਰਿ ਢੋਅ ਨ ਲਹਨੀ ਧਾਵਦੇ' ਨਾਲ।

ਬਾਕੀ ਪਉੜੀ ਵਿਚ ਅਪਣੇ ਦੁਆਰਾ ਨਾਮ ਪ੍ਰੇਮੀਆਂ ਨੂੰ ਨੰਮ੍ਰਤਾ ਤੇ ਨਾਮ ਪ੍ਰੇਮੀਆਂ ਦੇ ਸਤਿਸੰਗ ਦਾ ਉਪਦੇਸ਼ ਹੈ।

ਨਿਰੁਕ੍ਤ-ਸਾਥ-ਸੰਗ। ਪੁਰਖ ਇਕੱਠ। ਲੱਦੇ ਹੋਏ ਢੇਰ ਸਾਰੇ ਬੋਲਦ ਊਠ ਆਦਿ, ਬਲੇਦਾ [ਸੰਸ:, ਸਾਰਥ:=ਇਕ ਕਿਸਮ ਦੇ ਪਸ਼ੂਆਂ ਦਾ ਸਮੁਦਾਯ] ।

ਖਾਤ-ਖਾਤੇ। ਜਿਵੇਂ ਦਾਣਿਆਂ ਦੇ ਖਾਤੇ ਭਰੀਦੇ ਹਨ, ਤਿਵੇਂ ਪੁਸਤਕਾਂ ਦੇ ਭਰੇ ਜਾ ਸਕਣ। ਭੋਰੇ ਅਤੇ ਤਹਿਖਾਨਿਆਂ ਵਲ ਇਸ਼ਾਰਾ ਹੈ।

ਕੜਿਆ-ਕੜਨਾ=ਤਪਣਾ, ਕੁੜ੍ਹਨਾ। ਇਸ ਪਦ ਦਾ ਅਰਥ-ਤਪਣਾ, ਸੜਨਾ, ਕ੍ਰੁੱਝਣਾ, ਕੁੜ੍ਹਨਾ, ਹੋਰਨਾਂ ਤੁਕਾਂ ਵਿਚ ਬੀ ਆਇਆ ਹੈ, ਯਥਾ:-

ਤੂ ਕਰਹ ਸੋ ਸਚੇ ਹੋਇਸੀ ਤਾ ਕਾਇਤ ਕੜੀਐ॥　　[ਗਉੜੀ ਵਾਰ ਮ: ੪-੩]

(ਅ) 'ਲਿਖਿ ਲਿਖਿ ਪੜਿਆ' ਦਾ ਅਰਥ ਲਿਖ ਲਿਖਕੇ ਪੜ੍ਹਿਆ ਅਰ ਲਿਖਿਆ ਪੜ੍ਹਿਆ ਬੀ ਕਰ ਲੈਂਦੇ ਹਨ।

ਅਹਿਨਿਸਿ-ਅਹਿ=ਦਿਨ, ਨਿਸ=ਰਾਤ। [ਸੰਸ:, ਅਹਰ੍ਨਿਸ਼ੰ=ਦਿਨ ਰਾਤ। ਪ੍ਰਾ: ਅੰਹਰੁਨਿਸ, ਪੁ: ਪੰ:, ਅਹਿਨਿਸ] ।

ਕਹਰੈ- [ਕ਼ਹਰ ਅਰਬੀ ਪਦ ਹੈ। ਕ਼ਹਰ=ਗ਼ਾਲਬ ਆਉਣਾ] , ਮਜਬੂਰ ਕਰਨਾ, ਦੁਖ ਦੇਣਾ। ਗੁਰੂ ਜੀ ਨੇ ਇਸ ਦੀ ਪ੍ਰਜਾਬੀ ਕ੍ਰਿਯਾ ਬਣਾਈ ਹੈ 'ਕਹਰੈ'=

ਕਹਿਰ ਕਰਦਾ ਹੈ, ਦੁਖੀ ਕਰਦਾ ਹੈ। (ਅ) (ਹੁਨਾਲ ਦਾ) ਦਿਨ ਤੇ (ਸਿਆਲ ਦੀ) ਰਾਤ ਉਸ ਤੇ ਕਹਿਰ ਕਰਦੀ ਹੈ।

ਪਗ ਉਪੇਤਾਣਾ-ਨੰਗੇ ਪੈਰ। ਜੈਸੇ ਕਈ ਸਾਧੂ, ਜੈਨੀ ਭਿਖੂ ਆਦਿ ਨੰਗੇ ਪੈਰੀਂ ਰਹਿੰਦੇ ਹਨ। ਸੰਸਕ੍ਰਿਤ ਲਫਜ਼ 'ਪਾਦ ਤ੍ਰਾਣੰ' (ਜਾਂ ਪਗ ਤ੍ਰਾਣ) ਨਾਮ ਹੈ ਪੈਰਾਂ ਦੀ ਰਖਯਾ ਕਰਨੇ ਵਾਲੀ ਸ਼ੈ ਦਾ, ਜੈਸਾ ਕਿ ਜੁੱਤੀ ਖੜਾਵਾਂ ਆਦਿ। ਸੋ 'ਪਗ ਉਪੇ ਤਾਣਾ' ਹੈ-ਉਪੇ+ਪਗ+ਤ੍ਰਾਣ+ਾ=ਬਿਨਾ ਜੁਤੀ ਦੇ ਰਹਿਣਾ। 'ਉਪੇ' ਸੰਸਕ੍ਰਿਤ 'ਅਪ' ਉਪਸਰਗ ਤੋਂ ਬਣਿਆ ਹੈ ਜੋ ਨਿਖੇਧ ਦੇ ਅਰਥ ਦੇਂਦਾ ਹੈ। ਇਸੇ ਲਫਜ਼ 'ਪਾਦ ਤ੍ਰਾਣੰ' ਦਾ ਨਿਖੇਧਿ ਵਾਚਕ ਅਰਥ ਵਾਲਾ ਰੂਪ ਸੰਸਕ੍ਰਿਤ ਵਿਚ ਹੈ-'ਅਪ ਪਾਦਤ੍ਰ:'। ਇਹ 'ਅਪ ਪਾਦਤ੍ਰ' ਲਫਜ਼ 'ਅਪ' ਉਪਸਰਗ ਲਗਕੇ ਹੀ ਬਣਿਆ ਹੈ। ਅਪ ਪਾਦਤ੍ਰ=ਜਿਸਦੇ ਪੈਰਾਂ ਪਰ ਰਖਯਾ ਦਾ ਸਾਮਾਨ ਨਾ ਹੋਵੇ, ਜੁਤੀ ਤੋਂ ਹੀਨ। 'ਪਗ ਤ੍ਰਾਣ' ਪਦ ਹੋਰਨਾਂ ਕਵੀਆਂ ਨੇ ਬੀ ਵਰਤਿਆ ਹੈ, ਯਥਾ-'ਸੁਨਿ ਕੈ ਨਿਸ਼ਾਨ ਧੁਨਿ, ਦੁਰੇ ਅਰਿ ਕਾਨਨ ਮੈਂ ਬਿਨ ਪਗੁ ਤ੍ਰਾਨੁ ਕਾਂਟੇ ਪਾਇਨ ਕੇ ਜੋਵੇਂ ਹੈਂ। [ਬ੍ਰਿਜ ਰਾਜ ਵਿਨੋਦ, ਮੇਘ ਸਿੰਘ ਕਵੀ ਕ੍ਰਿਤ]। 'ਉਪੇਤਾਣ' ਨੂੰ ਇਕ ਪਦ ਸਮਝਕੇ ਉਪਾਨਹ ਜਾਂ ਉਪਾਨਤ ਜਾਂ ਪਨਨਦਧਰੀ ਤੋਂ ਬਣਿਆ ਸਮਝਣਾ ਠੀਕ ਨਹੀਂ ਜਾਪਦਾ।

ਅਲੁ ਮਲੁ-ਗੰਦ ਮੰਦ। (ਅ) ਸੱਜਰੀ ਮੈਲ।

ਸਿਰਿ ਛਾਈ ਪਾਈ-ਉਹਨਾਂ ਦੇ ਸਿਰ ਸੁਆਹ ਪਾਈ, ਯਥਾ:-

ਨਾਨਕ ਜੇ ਸਿਰ ਖੁਥੇ ਨਾਵਨਿ ਨਾਹੀ ਤਾ ਸਤਿ ਚਟੇ ਸਿਰਿ ਛਾਈ॥ [ਮਾਝ ਵਾਰ ਮਹਲਾ ੧-੨੬]

(ਅ) ਸਿਰਿ ਛਾਈ ਪਾਈ=ਅਤੇ ਉਹਨਾ ਨੇ ਅਪਣੇ ਸਿਰ ਵਿਚ ਸੁਆਹ ਪਾਈ ਹੋਈ ਹੈ।

ਨਿਹਕੇਵਲ-ਅਲੇਪ, ਸ਼ੁਧ। ਕਰਮਾ ਬਾਹਰੇ-ਕਰਮਹੀਣ।

ਢੋਅ ਨ ਲਹਨੀ-ਭਾਵ, ਅਮੁਕਤ ਰਹਿੰਦੇ ਹਨ। ਸੰਪ੍ਰਦਾ ਵਿਚ ਐਉਂ ਬੀ ਭਾਵ ਲੈਂਦੇ ਹਨ-ਕਿਉਂਕਿ ਓਹ ਸਿਮਰਨ ਛੱਡਕੇ ਬਾਹਯਕਰਮਾਂ ਵਿਚ ਭੱਜੇ ਫਿਰਦੇ ਹਨ ਇਸ ਕਰਕੇ ਢੋਈ ਨਹੀਂ ਮਿਲਦੀ।

ਕਾ=ਕੀਹ। 'ਕਾ' ਪਦ ਗੁਰਬਾਣੀ ਵਿਚ ਕਈ ਅਰਥਾਂ ਵਿਚ ਆਯਾ ਹੈ, ਯਥਾ:-

ਕਾ=ਦਾ-ਖੋਟੇ ਕਾ ਮਲੁ ਏਕੁ ਦੁਗਾਣਾ॥ [ਧਨਾਸਰੀ ਮ: ੧-੬]

ਕਾ=ਕੋਈ-ਕਾ ਵਿਰਲੀ ਜਾਇ ਵੁਠੀ॥ [ਗਉੜੀ ਮ: ੫-੧੬੯]

ਕਾ=ਕੁਛ-ਤਿਨ੍ਹਾ ਭੁਖ ਨ ਕਾ ਰਹੀ॥ [ਗਉੜੀ ਵਾਰ ਮ: ੫-੨੧]

ਕਾ=ਕਿਸ-ਉਇ ਸੁਖ ਕਾ ਸਿਉ ਬਰਨਿ ਸੁਨਾਵਤ॥ [ਸਾਰੰਗ ਮਹਲਾ ੫-੯]

ਕਾ=ਕੀਹ- ਕਹੁ ਜਨ ਕਾ ਨਾਹੀ ਘਰ ਤਾਕੇ॥ [ਗਉੜੀ ਕਬੀਰ ਜੀ-੩੮]

ਇਥੇ 'ਕਾ' ਪਦ ਦਾ ਇਹ ਪੰਜਵਾਂ ਅਰਥ 'ਕੀਹ' ਲਗਦਾ ਹੈ; 'ਹਉ ਢਾਢੀ ਕਾ'=ਹਉ ਕਾ ਢਾਢੀ? ਮੈਂ ਕੀ ਹਾਂ ਢਾਢੀ (ਮਾਤ੍ਰ)। ਇਹ ਅਰਥ ਸੰਪ੍ਰਦਾ ਵਿਚ ਬੀ ਪਰਵਾਣ ਹੈ। ਇਸ ਤੋਂ ਛੁਟ ਸੰਪ੍ਰਦਾਈ ਦਾਨੇ ਇਉਂ ਬੀ ਲਾਉਂਦੇ ਹਨ-ਮੈਂ ਆਪ ਦਾ ਢਾਡੀ ਨੀਚ ਜਾਤ ਦਾ ਹਾਂ; ਅਤੇ ਮੈਂ ਜਾਤ ਦਾ ਨੀਚ ਢਾਡੀ ਹਾਂ।

[ਪਉੜੀ ਦਸਵੀਂ]

ਪ੍ਰਾਕ੍ਥਨ-ਪੁਰਾਤਨ ਜਨਮ ਸਾਖੀ ਅਨੁਸਾਰ ਅਗੋਂ ਹੁਣ ਲਾਹੌਰ ਦੁਨੀ ਚੰਦ ਪਰਥਾਇ ਉਚਾਰੀਆਂ ੧੫ ਪਉੜੀਆਂ ਚੱਲੀਆਂ। ਪਉੜੀ ਦਸਵੀਂ ਵਿਚ ਕੂੜੇ ਲਾਲਚ ਛੱਡਣ ਦਾ ਤੇ ਅਲਖ ਅਰਾਧਨ ਦਾ ਉਪਦੇਸ਼ ਹੈ। ਸੋ ਪਉੜੀ ਤੋਂ ਪਹਿਲੇ ਦੋ ਸ਼ਲੋਕ ਆਏ ਹਨ, ਜਿਨ੍ਹਾਂ ਵਿਚ ਕੂੜ ਤੇ ਸੱਚ ਦੀ ਵਯਾਖਯਾ ਹੈ।

ਮੂਲ	ਅਰਥ
ਮਃ ੧ ॥ ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ ॥ ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ ॥ ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨ੍ਹਣਹਾਰੁ ॥ ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ ॥ ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ ॥ ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ ॥ ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ ॥ ਕੂੜੁ ਮਿਠਾ ਕੂੜੁ ਮਾਖਿਉ ਕੂੜੁ ਡੋਬੇ ਪੂਰੁ॥ ਨਾਨਕੁ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ ॥੧॥	(ਕਰਤਾਰ ਬਿਨਾਂ ਸਭ ਚੱਲਣਹਾਰ ਹੈ, ਯਥਾ:-'*ਦ੍ਰਿਸਟਿਮਾਨ ਹੈ ਸਗਲ ਮਿਥੇਨਾ*। ਸੋ ਪਰਪੰਚ ਵਿਚ) ਰਾਜਾ ਝੂਠ ਹੈ, ਪਰਜਾ ਝੂਠ ਹੈ ਤੇ ਸਾਰਾ ਸੰਸਾਰ ਹੀ ਝੂਠ ਹੈ। ਝੂਠ ਹੈਨ ਮੰਡੂਏ, ਝੂਠ ਹੈਨ ਮਾੜੀਆਂ, ਝੂਠ ਹੈ (ਇਨ੍ਹਾਂ ਵਿਚ) ਬੈਠਣੇ ਵਾਲਾ। ਝੂਠ ਹੈ ਸੋਨਾਂ, ਝੂਠ ਹੈ ਚਾਂਦੀ, ਝੂਠ ਹੈ (ਸੋਨੇ ਚਾਂਦੀ ਤੋਂ ਬਣੇ ਗਹਿਣੇ) ਪਹਿਨਣੇ ਵਾਲਾ। ਝੂਠ ਹੈ ਸਰੀਰ, ਝੂਠ ਹੈ ਕਪੜਾ, ਝੂਠ ਹੈ ਅਦੁਤੀ ਸੁੰਦਰਤਾ (ਜਿਸ ਲਈ ਕਪੜੇ ਗਹਿਣੇ ਪਹਿਨੀਦੇ ਹਨ)। ਝੂਠ ਹੈ ਪਤੀ, ਝੂਠ ਹੈ ਵਹੁਟੀ (ਜੋ ਗ੍ਰਿਹਸਤ ਦੇ ਝੇੜਿਆਂ ਵਿਚ ਉਲਝ) ਖਪ ਖਪ ਕੇ ਖੁਆਰ ਹੋਏ। ਝੂਠੇ ਦਾ ਝੂਠੇ ਨਾਲ ਪਿਆਰ ਪੈ ਗਿਆ ਹੈ ਤੇ ਕਰਤਾਰ ਭੁੱਲ ਗਿਆ ਹੈ, (ਸੋ ਹੁਣ ਦੱਸੋ) ਕਿਸ ਨਾਲ ਦੋਸਤੀ ਪਾਈਏ, ਸਾਰਾ ਸੰਸਾਰ ਹੀ ਤਾਂ ਚੱਲਣਹਾਰ ਹੈ। (ਚਲਣਹਾਰ ਦੇਖਦਿਆਂ ਬੀ ਲੋਕੀ ਇਸ ਕੂੜੇ ਜਗਤ ਵਿਚ ਹੀ ਵਿਆਪ ਰਹੇ ਹੈਨ, ਇਸ ਦਾ ਕਾਰਣ ਇਹ ਹੈ ਕਿ) ਕੂੜ ਮਿੱਠਾ ਹੈ, ਕੂੜ (ਮਿੱਠਾ ਬੀ ਐਸਾ ਹੈ ਜੈਸਾ) ਸ਼ਹਿਤ। (ਇਸ ਡਾਢੀ ਮਿਠਾਸ ਦੇ ਕਾਰਣ) ਕੂੜ ਨੇ ਤਾਂ ਪੂਰਾਂ ਦੇ ਪੂਰ ਡੋਬ (ਘੱਤੇ) ਹਨ*। (ਗੁਰੂ) ਨਾਨਕ ਦੇਵ ਜੀ (ਸਾਈ ਅੱਗੇ) ਬੇਨਤੀ ਕਰਦੇ ਹਨ (ਸਚਮੁਚ ਹੇ ਦਾਤਾ !) ਤੈਥੋਂ ਬਿਨਾ (ਸਭ ਕੁਛ) ਝੂਠ ਹੀ ਝੂਠ ਹੈ॥ ੧॥

ਪ੍ਰਾਕ੍ਥਨ-ਹੁਣ 'ਤੁਧੁ ਬਾਝ' ਵਿਚ ਆਖੇ 'ਤੁਧ' ਦਾ ਭਾਵ ਖੁੱਲ੍ਹਦਾ ਹੈ। ਜੇ ਸਭ ਕੁਛ 'ਤੁਧੁ ਬਾਝ' ਕੂੜ (ਅਸੱਤ) ਹੈ ਤਾਂ ਤੂੰ 'ਸੱਤ' ਹੈਂ। ਫੇਰ ਦੇਖਦੇ ਹਾਂ ਕਿ ਸੱਤ ਨਾਲ ਨੇਹੁੰ ਲਾਏ ਬਿਨਾ 'ਕੂੜ ਨਾਲ ਨੇਹੁੰ ਵਾਲੇ' ਖੁਆਰ ਹੋ ਰਹੇ ਹਨ, ਤਾਂ ਦੱਸੋ ਉਸ ਸੱਚ ਨੂੰ ਕੀਕੂੰ ਜਾਣਿਆ ਜਾਵੇ? ਉੱਤਰ:-

ਮਃ ੧ ॥ ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ ॥ ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ ॥ ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ ॥ ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖ ਦੁਆਰੁ ॥ ਸਚੁ ਤਾ ਪਰੁ ਜਾਣੀਐ ਜਾ ਜੁਗਤਿ	(ਉਹ ਸੱਚ 'ਸੱਚ ਬੋਲਣਾ' ਮਾਤ੍ਰ ਨਹੀਂ ਉਹ) ਸੱਚ ਤਾਂ ਹੀ ਜਾਣ ਸਕੀਦਾ ਹੈ ਜੇ ਰਿਦੇ ਵਿਚ ਸੱਚਾ (ਪਰਮੇਸ਼ੁਰ) ਹੋਵੇ † । (ਇਸ ਸੱਚ ਦੇ ਅੰਦਰ ਹੋਣ ਨਾਲ) ਕੂੜ ਦੀ ਮੈਲ (ਮਨ ਤੋਂ) ਉਤਰਦੀ ਹੈ (ਤੇ ਇਹ ਸੱਚ ਸਰੀਰ ਨੂੰ ਕੂੜੇ ਪਾਸੇ ਜਾਣ ਦੇ ਸੁਭਾਵ ਤੋਂ ਵਰਜਕੇ) ਤਨ ਨੂੰ ਬੀ ਧੋ ਕੇ ਸ੍ਵੱਛ ਕਰ ਦੇਂਦਾ ਹੈ। (ਫੇਰ) ਸੱਚ ਤਾਂ (ਹੀ) ਜਾਣ ਸਕੀਦਾ ਹੈ ਜੇ (ਇਸ) ਸੱਚ ਨਾਲ ਪਿਆਰ (ਸ਼ਰਧਾ) ਧਾਰਨ ਕਰੇ (ਐਤਨਾ ਕਿ ਇਸ ਸੱਚ ਦਾ) ਨਾਮ ਸੁਣਕੇ ਮਨ ਆਨੰਦ ਹੋਵੇ, ਤਦੋਂ (ਜੀਵ) ਮੁਕਤੀ ਦਾ ਦਰ ਪਾਉਂਦਾ ਹੈ; (ਪਰ ਇਹ) ਸੱਚ ਤਾਂ ਹੀ ਜਾਣ ਸਕੀਦਾ ਹੈ (ਜੇ

* ਸੰਪ੍ਰ: ਅਰਥ ਐਉਂ ਬੀ ਹੈ-ਮਿਠਾ ਕੂੜ ਹੈ, ਸ਼ਹਿਤ ਕੂੜ, ਕੂੜ ਨੇ ਪੂਰਾਂ ਦੇ ਪੂਰ ਡੋਬੇ ਹਨ।

† ਇਹ 'ਸੱਚ' ਹੈ ਜੋ 'ਕੂੜ ਨਹੀਂ', ਸੋ ਇਹ ਸੱਚ ਨਿਰੰਕਾਰ ਦਾ ਹੀ ਨਾਉਂ ਹੈ। ਯਥਾ-ਤੇਰਾ ਸਚੁ ਨਾਮੁ ਪਰਮੇਸਰਾ॥ [ਬਸੰਤ ਮ: ੧-੨] । ਅਰਥਾਤ-ਹੇ ਪਰਮੇਸ਼ੁਰ ਤੇਰਾ ਨਾਮ ਹੈ 'ਸੱਚੁ'। ਪੁਨਾ:-ਨਾਨਕ ਸਾਚੇ ਕਉ ਸਚੁ ਜਾਣੁ॥ [ਸਿਰੀਰਾਗੁ ਮ: ੧-੫]

ਜਾਣੈ ਜੀਉ ॥ ਧਰਤਿ ਕਾਇਆ ਸਾਧਿ ਕੈ ਵਿਚਿ ਦੇਇ ਕਰਤਾ ਬੀਉ॥ ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ ॥ ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ ॥

ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ ॥ ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ ॥ ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥ ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ ॥੨॥

ਆਪਣੇ) ਜੀਉ ਨੂੰ ਜੋੜਨ (ਦੀ ਜੁਗਤੀ ਪਹਿਲਾਂ) ਜਾਣ ਲਵੇ, (ਉਹ ਇਉਂ ਹੈ ਕਿ) ਸਰੀਰ ਨੂੰ ਧਰਤੀ ਵਾਂਙੂ ਤਯਾਰ ਕਰਕੇ ਕਰਤਾ (ਪੁਰਖ ਦੇ ਨਾਮ ਨੂੰ ਮਨ ਵਿਚ ਬੀਜ ਵਾਂਙੂ) ਬੀਜ ਦੇਵੇ (ਪਰ) ਇਹ ਤਾਂ ਹੋ ਸਕਦਾ ਹੈ ਜੇ (ਪਹਿਲੋਂ ਗੁਰੂ ਪਾਸੋਂ) ਸੱਚੀ ਸਿਖ੍ਯਾ ਲੈ ਲਵੇ। (ਇਉਂ ਜਦ ਸੁਸਿਖ੍ਯਤ ਹੋ ਨਾਮ ਬੀਜੇਗਾ ਤਾਂ ਉਸ ਦਾ ਬ੍ਰਿੱਛ ਹੋਕੇ ਉਸ ਨੂੰ ਇਹ ਫਲ ਲਗੇਗਾ ਕਿ ਇਹ) ਜੀਅਦਾਨ ਕਰਨ ਦੀ ਦਇਆ ਨੂੰ ਸਮਝੇਗਾ ਤੇ ਪੁੰਨ ਦਾਨ ਕਰੇਗਾ। (ਭਾਵ ਨਾਮ ਦੇ ਬ੍ਰਿਛ ਦਾ ਫਲ ਨਾਮ ਇਹ ਦਾਨ ਕਰੇਗਾ, ਇਉਂ ਜੀਅਦਾਨ ਦਾਤਾ ਹੋ ਵਰਤੇਗਾ*। ਫਿਰ) ਤਾਂ ਹੀ ਸੱਚ ਜਾਣ ਸਕੀਦਾ ਹੈ, (ਜੇ ਇਸ ਤਰ੍ਹਾਂ ਦਾ ਪੁੰਨ ਦਾਨ ਕਰਦਾ ਹੋਇਆ ਇਹ ਅਪਣੇ ਅੰਦਰੋਂ ਉਥਾਨ ਨਾ ਹੋਵੇ ਸਗੋਂ ਅਪਣੇ ਅੰਦਰ) ਆਤਮਾ ਰੂਪੀ ਤੀਰਥ ਤੇ ਟਿਕ ਜਾਵੇ; (ਪਰ ਇਹ ਤਾਂ ਹੋ ਸਕਦਾ ਹੈ ਜੇ) ਸਤਿਗੁਰੂ ਤੋਂ (ਜਾਚ) ਪੁੱਛਕੇ (ਆਤਮ ਤੀਰਥ ਉਤੇ ਤੀਰਥ ਵਾਸੀ ਵਾਂਙੂ) ਟਿਕ ਹੀ ਜਾਵੇ (ਭਾਵ ਪੱਕਾ ਅਭ੍ਯਾਸ ਕਰਕੇ ਅੰਤਰਮੁਖ ਹੋਕੇ ਆਤਮਾ ਨੂੰ ਉਸ ਸਚ ਨਾਲ ਇਕ ਰੂਪ ਕਰ ਲਵੇ। ਇਹ ਸਚ ਜੋ ਹੁਣ ਅਪਣੇ ਆਤਮਾ ਨਾਲ ਅਭੇਦ ਹੋ ਗਿਆ ਹੈ, ਉਹ) ਸਚ ਹੈ ਜੋ (ਕੂੜ ਦੇ ਮੋਹ ਵਿਚ ਸਹੇੜੇ) ਸਾਰੇ ਪਾਪਾਂ ਨੂੰ ਧੋ ਕੱਢਦਾ ਹੈ (ਤੇ ਉਹਨਾਂ ਪਾਪਾਂ ਤੋਂ ਪੈਦਾ ਹੋਏ ਦੁਖਾਂ ਦਾ) ਦਾਰੂ ਬਣ ਜਾਂਦਾ ਹੈ। (ਐਸਾ) ਸੱਚ ਜਿਨ੍ਹਾਂ ਦੇ ਪਾਸ ਹੈ (ਉਹਨਾਂ ਅਗੇ) ਨਾਨਕ ਦੀ ਅਰਦਾਸ ਹੈ॥ ੨॥

ਵ੍ਯਾਖ੍ਯਾ-ਇਸ ਸ਼ਲੋਕ ਵਿਚ ਸੱਚ ਦੇ ਜਾਣਨੇ ਦਾ ਜ਼ਿਕਰ ਕੀਤਾ ਹੈ। ਪਿਛਲੇ ਸ਼ਲੋਕ ਵਿਚ 'ਕੂੜ' ਪਦ ਦੇ ਹੇਠਾਂ ਗਿਣੇ ਜਾ ਸਕਣ ਵਾਲੇ ਪਦਾਰਥ ਤੇ ਵ੍ਯਕਤੀਆਂ ਦੀ ਗੇਣਤੀ ਸੀ। ਉਸੇ ਸ਼ਲੋਕ ਵਿਚ 'ਵਿਸਰਿਆ ਕਰਤਾਰੁ' ਤੇ 'ਤੁਧੁ ਬਾਝੁ ਕੂੜੋ ਕੂੜੁ' ਕਹਿਕੇ ਸੈਨਤ ਦੇ ਦਿੱਤੀ ਸੀ ਕਿ 'ਸੱਚ' ਕੀ ਹੈ। ਇਸ ਸ਼ਲੋਕ ਵਿਚ ਉਸੇ ਅਸਲੀ ਸੱਚ ਦਾ ਪਤਾ ਦੇਂਦੇ ਹਨ ਤੇ ਨਿਰੇ 'ਇਖਲਾਕੀ ਸੱਚ' ਤੇ ਬੱਸ ਨਹੀਂ ਕਰਦੇ ਪਰ 'ਰਹੱਸ੍ਯਕ ਸੱਚ' ਦਾ ਨਿਖੇੜਵਾਂ ਵਰਣਨ ਕਰਦੇ ਹਨ ਤੇ ਦੱਸਦੇ ਹਨ ਕਿ 'ਸੱਚ' ਜੇ ਰਿਦੇ ਵਿਚ ਆ ਟਿਕੇ ਤਾਂ ਹੀ ਸੱਚ ਨੂੰ ਜਾਣ ਸਕੀਦਾ ਹੈ। ਉਸ ਦੇ ਆਇਆਂ ਮਨ ਵਿਚੋਂ ਕੂੜ ਦੀ ਮੈਲ ਉਤਰਦੀ ਹੈ ਤੇ ਤਨ ਬੀ ਸ੍ਵੱਛ ਹੋ ਜਾਂਦਾ ਹੈ। ਭਾਵ ਫਿਰ ਆਦਮੀ ਮਨ ਬਾਣੀ ਕਰਮ ਕਰਕੇ ਸੱਚਾ ਹੋ ਜਾਂਦਾ ਹੈ। ਇਖ਼ਲਾਕੀ ਸੱਚ ਬੋਲਣ ਵਾਲੇ ਸਚੇ ਦੇ ਹੰਕਾਰ ਵਿਚ ਆ ਜਾਂਦੇ ਹਨ। ਅਰ ਕਈ ਗ਼ਰਜ਼ਾਂ ਤੇ ਕਈ ਵਿੰਗ ਰੱਖਕੇ ਬੀ ਸਤ੍ਯਵਾਦੀ ਬਣ ਜਾਂਦੇ ਹਨ, ਪਰ ਇਨ੍ਹਾਂ ਗੱਲਾਂ ਨਾਲ ਮਨ ਵਿਚ ਕੂੜ ਦੀ ਮੈਲ ਲਗੀ ਰਹਿੰਦੀ ਹੈ। ਇਸ ਕਰਕੇ ਉਸ ਸੱਚ ਦੇ ਜਾਣਨ ਦੀ ਲੋੜ ਹੈ ਜੋ ਤਨ ਮਨ ਦੋਹਾਂ ਨੂੰ ਧੋ ਦੇਂਦਾ ਹੈ। ਉਸ ਸੱਚ ਦਾ ਜਾਣਨਾ ਉਸ ਨੂੰ ਧਾਰਨਾ ਹੈ। ਉਸਨੂੰ ਜਾਣਨੇ ਦੀ ਵਿਧਿ ਇਹ ਹੈ-ਕਿ ਪਹਿਲੋਂ ਉਸ ਸੱਚ ਦੇ ਜਾਣਨੇ ਵਿਚ ਪਿਆਰ ਅਥਵਾ ਸ਼ਰਧਾ ਹੋਵੇ, ਫੇਰ ਗੁਰੂ ਦੀ ਸਿਖ੍ਯਾ ਲਵੇ, ਉਸ ਅਨੁਸਾਰ ਸਰੀਰ ਨੂੰ ਧਰਤੀ ਵਾਙੂ ਤਯਾਰ ਕਰਕੇ ਭਾਵ ਸ਼ਰੀਰਕ ਸੰਯਮ ਸਾਧਕੇ ਮਨ ਵਿਚ ਨਾਮ ਦਾ ਬੀਜ ਬੋਵੇ ਤੇ ਅਭ੍ਯਾਸ ਕਰੇ। ਇਸ

* ਜੀਅਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥ [ਸੂਹੀ ਮ: ੫-੫੪]

(ਅ) ਐਉਂ ਬੀ ਕਰਦੇ ਹਨ-ਜੀਵ ਦਇਆ ਨੂੰ ਜਾਣੇਗਾ ਤੇ ਪੁੰਨਦਾਨ ਕਰੇਗਾ।

ਤਰ੍ਹਾਂ ਉਸ ਨੂੰ 'ਜੀਉ ਦੇ ਜੋੜਨ ਦੀ' ਵਿਧੀ ਆ ਜਾਵੇਗੀ। ਪਿਛਲੇ ਸ਼ਲੋਕ ਵਿਚ ਕਿਹਾ ਸੀ 'ਵਿਸਰਿਆ ਕਰਤਾਰੁ' ਏਸ ਕਿਹਾ ਹੈ 'ਵਿਚਿ ਦੇਇ ਕਰਤਾ ਬੀਉ' ਕਿ 'ਨਾਮ' ਉਸ ਕਰਤਾਰ ਨੂੰ ਅੰਦਰ ਵਸਾ ਲੈਣ ਦਾ ਬੀਜ ਵਾਙੂ ਵਸੀਲਾ ਹੈ। ਜਾਂ ਇਹ ਕਰਤਾਰ ਦੇ ਨਾਮ ਦਾ ਬੀਜ ਬ੍ਰਿੱਛ ਬਣਕੇ ਫਲੇ ਫੁੱਲੇਗਾ ਤਾਂ ਇਨਸਾਨ ਦੀ ਵਰਤੋਂ ਬੀ ਬਦਲੇਗੀ। ਇਸ ਦੀ ਕ੍ਰਿਤ ਪੁੰਨਦਾਨ ਤੇ ਜੀਵਾਂ ਪਰ ਦਇਆ ਕਰਨੇ ਦੀ ਹੋ ਜਾਏਗੀ। ਸਭ ਤੋਂ ਵੱਡਾ ਪੁੰਨ ਜੀਅਦਾਨ ਹੈ। ਇਹ ਕ੍ਰਿਤੀ ਉਸ ਸੱਚ ਨੂੰ ਵਜ਼ਾਪਕ ਤੇ ਅਨੰਤ ਅਨੁਭਵ ਕਰਨੇ ਕਰਕੇ ਹੋਵੇਗੀ ਤੇ ਇਨਸਾਨ ਦਾ ਅਪਣਾ ਅੰਦਰਲਾ (ਰਹਸੀਐ=) ਸੁਖੀ ਹੁੰਦਾ ਹੋਇਆ ਅਪਣੇ ਆਤਮਾ ਵਿਚ ਨਿਵਾਸੀ ਹੋ ਜਾਵੇਗਾ, ਐਸਾ ਕਿ ਹੁਣ ਉਹ ਉਸ ਸੱਚ ਨੂੰ ਅਪਣੇ ਆਤਮਾ ਨਾਲ ਯੁਕਤ ਦੇਖੇਗਾ। ਉਥੇ ਫਿਰ ਇਹ ਐਸਾ ਟਿਕ ਜਾਏਗਾ ਕਿ ਮਾਨੋ ਉਥੇ ਦਾ ਵਾਸੀ ਹੋ ਗਿਆ ਹੈ ਤੇ ਇਹ ਗਲ ਇਸ ਨੂੰ ਆਪੇ ਪਈ ਪ੍ਰਤੀਤ ਦੇਵੇਗੀ। ਇਹ ਆਤਮ ਟਿਕਾਉ ਤੀਰਥ ਤੁੱਲ ਹੋ ਜਾਏਗਾ। ਇਥੋਂ ਹੁਣ ਜੋ ਕੁਛ ਨਿਕਲੇਗਾ ਸੁਤੇ ਹੀ ਧੋਤਾ ਹੋਇਆ ਤੇ ਪਵਿੱਤ੍ਰ ਨਿਕਲੇਗਾ। ਝੂਠ ਦੇ ਭਾਵ, ਕੂੜ ਦੇ ਨੇਹੁ ਤੇ ਹੋਰ ਪਾਪਮਈ ਭਾਵ ਸਾਰੇ ਅੰਦਰੋਂ ਹੀ ਉਠਦੇ ਹੁੰਦੇ ਸਨ ਪਰ ਹੁਣ ਉਥੋਂ ਜੋ ਕੁਛ ਨਿਕਲੇਗਾ ਉਹ 'ਸੱਚ' ਹੋਵੇਗਾ, ਜਿਸ 'ਸੱਚ' ਨਾਲ ਕਿ ਸਾਰੇ ਪਾਪ ਧੋਤੇ ਜਾਂਦੇ ਹਨ। ਭਾਵ ਉਹ ਸੱਚ ਨਿਰੀ ਪਵਿੱਤ੍ਰਤਾ ਹੈ। ਸੋ ਇਸ 'ਰਹਸਜ਼ਕ ਸਚ' ਦੇ ਅੰਦਰ ਨਿਵਾਸ ਹੋ ਜਾਣ ਨਾਲ-ਆਤਮਾ ਨਾਲ ਤਦਰੂਪ ਹੋ ਜਾਣ ਨਾਲ-ਇਨਸਾਨ ਦੇ ਸਾਰੇ ਵੀਚਾਰ, ਬੋਲ ਤੇ ਕਰਨੇ ਸਤਜ ਵਾਲੇ ਹੋ ਜਾਣਗੇ। ਉਹ ਸੱਚ ਕਿਹੜਾ ਸੱਚ ਹੈ? (ਉੱਤਰ:) ਜਿਸ ਨੂੰ ਕਿਹਾ ਹੈ-'ਤੁਧੁ ਬਾਝੁ ਕੂੜੋ ਕੂੜੁ' ਅਰਥਾਤ-ਉਹ ਜੋ ਕਦੀ ਕੂੜ ਨਹੀਂ=ਅਮਰ ਹੈ, (ਸਚ ਹੈ=) ਸਦਾ ਥਿਰ ਹੈ, ਅਨੰਤ ਹੈ, ਵਜ਼ਾਪਕ ਹੈ, ਚੇਤਨ ਹੈ ਤੇ ਆਤਮਾ ਨਾਲ ਅਵਿਰਲ ਹੈ।

ਪ੍ਰਾਕ੍ਥਨ-ਇਹ ਸ਼ਲੋਕ ਬੜੇ ਸੁਆਦਲੇ ਥਾਂ ਆਇਆ ਹੈ, ਇਸ ਦੀ ਅੰਤਲੀ ਤੁਕ ਵਿਚ ਸਚਜ਼ਾਰਾਂ ਅੱਗੇ ਬੇਨਤੀ ਹੈ ਤੇ ਅਗਲੀ ਪਉੜੀ ਵਿਚ ਚਰਨ ਧੂੜ ਦੀ ਯਾਚਨਾ ਹੈ; ਜਿਥੇ 'ਤਿਨ੍ਹਾ ਦੀ' ਧੂੜ ਕਿਹਾ ਹੈ, ਉਸ ਤੋਂ ਉਹਨਾਂ ਸਚਜ਼ਾਰਾਂ ਦੀ ਹੀ ਚਰਣ ਧੂੜ ਦੀ ਮੁਰਾਦ ਹੈ। ਇਹ ਗਲ ਪਿਛਲੀ ਪਉੜੀ ਨਾਲ ਬੀ ਮੇਲ ਖਾਂਦੀ ਹੈ, ਜਿਥੇ ਪਾਠ ਹੈ:- ਤਿਨ ਮੰਗਾ ਜਿ ਤੁਝੈ ਧਿਆਇਦੇ॥

ਪਉੜੀ ॥ ਦਾਨੁ ਮਹਿੰਡਾ ਤਲੀ ਖਾਕੁ ਜੇ ਮਿਲੈ ਤ ਮਸਤਕਿ ਲਾਈਐ ॥ ਕੂੜਾ ਲਾਲਚੁ ਛਡੀਐ ਹੋਇ ਇਕ ਮਨਿ ਅਲਖੁ ਧਿਆਈਐ ॥ ਫਲੁ ਤੇਵੇਹੋ ਪਾਈਐ ਜੇਵੇਹੀ ਕਾਰ ਕਮਾਈਐ ॥ ਜੇ ਹੋਵੈ ਪੂਰਬਿ ਲਿਖਿਆ ਤਾ ਧੂੜਿ ਤਿਨ੍ਹਾ ਦੀ ਪਾਈਐ ॥ ਮਤਿ ਥੋੜੀ ਸੇਵ ਗਵਾਈਐ ॥੧੦॥

ਮੇਰਾ ਦਾਨ (ਸੱਚ ਪੱਲੇ ਵਾਲਿਆਂ ਦੀ) ਤਲੀਆਂ ਦੀ ਧੂੜ ਹੈ*, ਜੇ (ਇਹ ਦਾਨ) ਮਿਲ ਪਵੇ ਤਾਂ ਮੱਥੇ ਉਤੇ ਲਾ ਲਈਏ। (ਉਹਨਾਂ ਤੋਂ ਹੋਰ ਪਦਾਰਥਾਂ ਦੇ ਦਾਨ ਮੰਗਣ ਦਾ ਲਾਲਚ) ਕੂੜਾ ਲਾਲਚ (ਹੈ † ਇਸ ਨੂੰ) ਛੱਡ ਦੇਵੀਏ (ਤੇ ਪਰਮੇਸ਼ੁਰ ਦਾ ਨਾਮ ਮੰਗਕੇ) ਇਕ ਮਨ ਵਾਲੇ (=ਏਕਾਗਰ ਚਿਤ) ਹੋਕੇ ਨਿਰੰਕਾਰ ਨੂੰ ‡ ਧਿਆਈਏ। (ਕਿਉਂਕਿ ਪ੍ਰਤੱਖ ਹੈ ਕਿ) ਜੇਹੋ ਜੇਹੀ ਕਰਨੀ ਕਰੀਦੀ ਹੈ, ਓਹੋ ਜੇਹੇ ਫਲ ਪਾਈਦੇ ਹਨ। (ਸੋ ਜੇ ਅਭਿਮਾਨ ਛੱਡਕੇ ਸਚਿਆਰਾਂ ਦੇ ਕਹੇ ਲਗ ਕੇ ਅਲਖ ਨੂੰ ਧਿਆਵਾਂਗੇ ਤਾਂ ਅਲਖ ਦੀ ਪ੍ਰਾਪਤੀ ਰੂਪ ਫਲ ਪਾਵਾਂਗੇ ਪਰ) ਉਹਨਾਂ ਦੀ ਧੂੜੀ (ਤਾਂ ਹੀ) ਪ੍ਰਾਪਤ ਹੋ ਸਕਦੀ ਹੈ (ਭਾਵ ਉਹਨਾਂ ਦਾ ਮਿਲਾਪ ਤਾਂ ਹੀ ਹੁੰਦਾ ਹੈ) ਜੇ ਪੂਰਬਲਾ ਲਿਖਿਆ ਲੇਖ ਹੋਵੇ। (ਸਾਡੀ ਅਪਣੀ) ਮਤਿ (ਤਾਂ ਨਾ ਉਚੀ ਹੈ ਨਾ ਵਿਸ਼ਾਲ ਹੈ ਨਾ ਵਾਹਿਗੁਰੂ ਦੀ ਰਾਖੀ ਵਿਚ ਹੈ ਤਾਂ ਤੇ) ਥੋੜੀ ਹੈ (ਨਿਰੀ ਇਸ ਨਾਲ ਕੀਤੀ

---

* ਧੂੜੀ ਮਜਨੁ ਸਾਧਖੇ ਸਾਈ ਥੀਏ ਕ੍ਰਿਪਾਲ॥ [ਸਿਰੀ ਰਾਗੁ ਮ: ੫, ਛੰਤ ਡਖਣਾ-੩]

† ਕਿਉਂਕਿ ਪਦਾਰਥ ਸਭ ਕੂੜ ਹਨ।

‡ ਜੋ ਇੰਦ੍ਰੇ ਗੋਚਰਾ ਨਹੀਂ। ਨਿਰੰਕਾਰ।

ਸੇਵਾ) ਗੁਆ ਲਈਦੀ ਹੈ* ॥ ੧੦॥

ਪਉੜੀ ਤੇ ਸਲੋਕਾਂ ਦਾ ਸੰਮੇਲਨ-ਨਾਵੀਂ ਪਉੜੀ ਦੇ ਅਖੀਰ ਸੀ '*ਤਿਨ੍ ਮੰਗਾ ਜਿ ਤੁਝੈ ਧਿਆਇਦੇ*'; ਇਸ ਪਉੜੀ ਵਿਚ ਉਨ੍ਹਾਂ ਦੀ 'ਤਲੀ ਖਾਕੁ' ਮੰਗਦੇ ਹਨ, ਅਰਥਾਤ ਸੱਚੇ ਭਗਤ ਨੂੰ ਸਰਵ ਸ਼ਿਰੋਮਣ ਮੰਨਦੇ ਹਨ ਤੇ ਉਸ ਦਾ ਸਤਿਸੰਗ ਮੰਗਦੇ ਹਨ।

ਇਸ ਦਸਵੀਂ ਪਉੜੀ ਦੇ ਪਹਿਲੇ ਦੋ ਸ਼ਲੋਕ ਇਸ ਲਈ ਆਏ ਸਹੀ ਹੁੰਦੇ ਹਨ ਕਿ ਇਸ ਪਉੜੀ ਵਿਚ ਕਿਹਾ ਹੈ, 'ਕੂੜਾ ਲਾਲਚੁ ਛਡੀਐ' ਸੋ ਪਹਿਲੇ ਸ਼ਲੋਕ ਵਿਚ ਕੂੜ ਦੀ ਇਕ ਵਜਾਖਜਾ ਸੂਚੀ ਵਾਂਙੂ ਦਿਤੀ ਹੈ। ਇਸ ਕੂੜ ਦਾ ਫਲ 'ਕਰਤਾਰ' ਦਾ ਵਿਸਰਨਾ ਹੈ ਤੇ ਇਸ ਵਿਸਾਰੇ ਦਾ ਫਲ ਖੁਆਰੀ ਹੈ, ਜੋ ਪੂਰਾਂ ਦੇ ਪੂਰਾਂ ਨੂੰ ਡੋਬ ਰਹੀ ਹੈ। ਹੁਣ ਜਦ ਕੂੜ ਦੀ ਵਜਾਖਜਾ ਦਿਤੀ ਤੇ ਸਚ ਬੀ ਪ੍ਰਤਿਪਾਦਨ ਕਰਨਾ ਚਾਹੀਏ। ਸੋ ਦੂਸਰੇ ਸ਼ਲੋਕ ਵਿਚ ਕੀਤਾ ਹੈ। ਇਹ ਸਚ ਕੂੜ ਦੀ ਮੈਲ ਦੂਰ ਕਰਦਾ ਹੈ, ਪਾਪਾਂ ਦੀ ਮੈਲ ਧੋ ਕੱਢਦਾ ਹੈ, ਇਹ ਸਚ 'ਨਾਮ' ਨਾਲ ਪ੍ਰਾਪਤ ਹੁੰਦਾ ਹੈ। ਇਸ ਦੇ ਸਹਾਯਕ ਪੁੰਨ ਦਾਨ ਦਇਆ ਤੇ ਧਰਮ ਹਨ। ਇਹ ਗੁਰੂ ਤੋਂ ਮਿਲਨਾ ਹੈ। ਅੰਤ ਵਿਚ ਬੇਨਤੀ ਹੈ ਕਿ ਇਹ ਸਚ ਜਿਨ੍ਹਾਂ ਦੇ ਪੱਲੇ ਹੈ ਮੇਰੀ ਉਨ੍ਹਾਂ ਅਗੇ ਬੇਨਤੀ ਹੈ। ਉਹ ਬੇਨਤੀ ਪਉੜੀ ਵਿਚ ਹੈ ਕਿ ਉਨ੍ਹਾਂ ਦੀ, ਜੋ ਇਸ ਸਚ ਨੂੰ ਪ੍ਰਾਪਤ ਭਗਤ ਹਨ ਚਰਨ ਧੂੜ ਮੈਨੂੰ ਮਿਲੇ। ਕੈਸੇ ਸਪਸ਼ਟ ਤਰੀਕੇ ਨਾਲ ਸਲੋਕਾਂ ਦੇ ਭਾਵ ਪਉੜੀ ਦੇ ਭਾਵ ਨਾਲ ਆ ਢੁੱਕੇ ਹਨ। ਨਾਵੀਂ ਪਉੜੀ ਦੇ ਭਗਤ ਨੂੰ ਕੂੜ ਤੋਂ ਸਾਫ, ਸਚ ਦਾ ਧਾਰਨੀ ਤੇ ਅਭੇਦ ਦੱਸਕੇ ਇਸ ਪਉੜੀ ਵਿਚ ਉਸ ਦੇ ਦਰਸ਼ਨ ਤੇ ਸੇਵਾ ਮੰਗੀ ਹੈ।

ਨਿਰੁਕ੍ਤ-ਕੂੜ- [ਸੰਸ:, ਕੂਟ। ਪ੍ਰਾਕ੍ਰਿਤ, ਕੂਡ। ਪੰਜਾ:, ਕੂੜ=] ਅਸੱਤਜ, ਝੂਠ। ਭ੍ਰਾਂਤਿਜਨਕ ਰੂਪ ਆਦਿ। ਜਿਸ ਸਰੂਪ ਵਿਚ ਦਿੱਸੇ ਉਸ ਨੂੰ ਛਡ ਦੇਵੇ। ਕੂੜਾ=ਝੂਠਾ। ਕੂੜੇ=ਝੂਠੇ ਨਾਲ। ਇਸੇ ਸ਼ਲੋਕ ਵਿਚ ਹੀ **'ਕੂੜੇ'** ਦਾ ਭਾਵ ਚੱਲਣਹਾਰ ਦੱਸਿਆ ਗਿਆ ਹੈ। ਯਥਾ-.....ਸਭੁ ਜਗੁ ਚਲਣਹਾਰੁ।

ਮੰਡਪ-ਆਰਜ਼ੀ ਬੰਗਲੇ ਤੇ ਉਸਾਰੇ ਮੰਦਰ ਨੂੰ ਬੀ ਕਹਿੰਦੇ ਹਨ। ਯਥਾ-

ਕੋਠੇ ਮੰਡਪ ਮਾੜੀਆ ਉਸਾਰੇ ਦੇ ਭੀ ਗਏ॥ **[ਸਲੋਕ ਫਰੀਦ-੪੬**

ਖਾਰੁ- [ਫ਼ਾ, ਖ਼੍ਵਾਰ=ਜ਼ਲੀਲ, ਖੱਜਲ। ਸੰਸ:, ਕਸ਼ਾਰ=ਛਾਰ=ਸੁਆਹ] ਖ਼ੁਆਰ, ਖੱਜਲ।

ਤਾਂ ਪਰੁ-ਤਦੋਂ ਹੀ, ਤਾਂ ਹੀ, ਤਾਂ ਪੂਰੀ ਤਰ੍ਹਾਂ।

[ਪਉੜੀ ਯਾਰ੍ਹਵੀਂ]

ਪ੍ਰਾਕ੍ਥਨ-ਪਿਛਲੇ ਜੁਗਾਂ ਵਿਚ 'ਧਰਮ' ਬੀਜ ਸੀ, ਇਸਨੂੰ ਸੰਚਯ ਕਰਦੇ ਸਨ, ਪਰ ਦਿਲਾਂ ਵਿਚ ਸੱਚ ਹੋਣ ਕਰਕੇ ਇਹ ਬੀਜ ਸਾਬਤ ਸੀ, ਹੁਣ ਕਲਜੁਗ ਵਿਚ ਸੱਚ ਨਾ ਰਹਿਣ ਕਰਕੇ ਧਰਮ ਦਾ ਬੀਜ ਟੁੱਟ ਕੇ ਦਾਲ ਵਾਂਙੂ ਦੁਫਾਂਕ ਹੋ ਗਿਆ ਹੈ, ਇਹ ਉਗ ਨਹੀਂ ਸਕਦਾ। ਦਾਲ ਜੁੜਕੇ ਇਕ ਨਹੀਂ ਹੋ ਸਕਦੀ ਤੇ ਰੁਤ ਬੀ ਨਹੀਂ ਕਰਮ ਦੇ ਉੱਗਣ ਦੀ †। ਫਟੇ ਬੀਜ ਦਾ ਦ੍ਰਿਸ਼ਟਾਂਤ ਮੁੜ 'ਸੁਧਾਰ' ਤੇ ਨਹੀਂ ਘਟ ਸਕਦਾ, ਇਸ ਲਈ ਬੇਤਾਲ (=ਭੂਤ) ਹੋਏ ਮਨਾਂ ਦੇ ਸੁਧਾਰ ਲਈ ਨਵਾਂ ਦ੍ਰਿਸ਼ਟਾਂਤ 'ਰੰਗ' ਦਾ ਲੈਂਦੇ

* ਐਉਂ ਬੀ ਲਾਉਂਦੇ ਹਨ-(ਅ) ਸੇਵਾ ਕਰਕੇ ਤੁਛ ਬੁੱਧੀ ਨੂੰ ਗੁਆ ਲਈਏ। (ੲ) ਮਤ ਥੋੜੀ ਜਾਣਕੇ ਸੇਵਾ ਗੁਆ ਬਹੀਏ, ਜਿੰਨੀ ਕੁ ਮਿਲ ਜਾਏ ਲਾਭ ਹੀ ਹੈ, ਯਥਾ:-ਜੈ ਕੋ ਜੀਉ ਕਹੈ ਓਨਾ ਕਉ ਜਮ ਕੀ ਤਲਬ ਨ ਹੋਈ॥ [ਪ੍ਰਭਾਤੀ ਮ: ੧-੩]

† ਕਲਜੁਗ ਮਹਿ ਬਹੁ ਕਰਮ ਕਮਾਹਿ॥ ਨਾ ਰੁਤਿ ਨ ਕਰਮ ਥਾਇ ਪਾਹਿ॥ ੧॥ ਕਲਜੁਗ ਮਹਿ ਰਾਮ ਨਾਮੁ ਹੈ ਸਾਰੁ॥ [ਭੈਰਉ ਮ: ੩-੧੦] ਕਲਿਜੁਗ ਮਹਿ ਹਰਿ ਜੀਉ ਏਕੁ ਹੋਰੁ ਰੁਤਿ ਨ ਕਾਈ॥ [ਭੈਰਉ ਮ:੩-੧੦]
ਅਬ ਕਲੂ ਆਇਓ ਰੇ॥ ਇਕੁ ਨਾਮੁ ਬੋਵਹੁ ਬੋਵਹੁ॥ ਅਨ ਰੁਤਿ ਨਾਹੀ ਨਾਹੀ॥ ਮਤੁ ਭਰਮਿ ਭੂਲਹੁ ਭੂਲਹੁ॥ ਗੁਰ ਮਿਲੇ ਹਰਿ ਪਾਏ॥ ਜਿਸੁ ਮਸਤਕਿ ਹੈ ਲੇਖਾ॥ ਮਨ ਰੁਤਿ ਨਾਮ ਰੇ।..... [ਬਸੰਤ ਮ: ੫-੧੮]

ਹਨ ਅਤੇ ਦਾਰੂ ਹੁਣ ਇਹ ਦੱਸਦੇ ਹਨ ਕਿ ਪਰਮੇਸ਼ੁਰ ਦੀ ਭਗਤੀ ਕੀਤੀ ਜਾਵੇ ਤਦ 'ਸੱਚਾਂ ਦਾ ਮੂਲ ਸੱਚ' (=ਸੱਚਾ ਵਾਹਿਗੁਰੂ) ਪ੍ਰਾਪਤ ਹੋ ਜਾਏਗਾ, ਫੇਰ ਕੂੜ, ਜਿਸ ਨੇ ਬ੍ਰਿਤੀਆਂ ਭੂਤ ਕਰ ਰਖੀਆਂ ਹਨ, ਮੂਲੋਂ ਉਡ ਜਾਏਗਾ। ਪਰ ਨਾਮ ਨਾਲ ਦੋ ਚੀਜ਼ਾਂ ਦੀ ਲੋੜ ਹੈ, 'ਭੈ ਤੇ ਸ਼ਰਮ' ਦੀ। ਇਸ ਲਈ ਹੁਣ ਦ੍ਰਿਸ਼ਟਾਂਤ 'ਬੀਜ' ਦਾ ਨਹੀਂ, ਪਰ 'ਰੰਗ' ਦਾ ਵਰਤਦੇ ਹਨ ਤੇ ਦੱਸਦੇ ਹਨ ਕਿ ਭਗਤੀ ਦਾ ਰੰਗ ਕੋਰੇ ਮਨ ਤੇ ਨਹੀਂ ਚੜ੍ਹਦਾ। ਇਸ ਲਈ ਮਨਾਂ ਨੂੰ ਸਾਈਂ ਦੇ ਭੈ ਨਾਲ ਧੋਕੇ ਚਿੱਟਾ ਕਰਨਾ ਚਾਹੀਏ, ਸਰਮ ਦੀ ਪਾਹ ਦੇਣੀ ਚਾਹੀਏ, ਫੇਰ ਭਗਤੀ ਦਾ ਰੰਗ ਚੜ੍ਹੇਗਾ। ਫੇਰ ਕੂੜ ਦੀ ਸੋ ਬੀ ਨਹੀਂ ਰਹੇਗੀ; ਸਚ ਹੀ ਸਚ ਵਰਤ ਜਾਏਗਾ। ਇਹ ਤਸਵੀਰ ਹੈ ਜੋ ਅਗਲੇ ਸ਼ਲੋਕ ਵਿਚ ਖਿੱਚੀ ਗਈ ਹੈ।

ਮੂਲ	ਅਰਥ
ਸਲੋਕੁ ਮਃ ੧ ॥ ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ ॥	ਕਲਜੁਗ (ਦਾ ਸਮਾਂ ਹੈ ਕਿਉਂਕਿ) ਸਚ ਦਾ ਕਾਲ ਪੈ ਰਿਹਾ ਹੈ ਤੇ ਕੂੜ ਪਰਵਿਰਤ ਹੋ ਰਿਹਾ (ਫੈਲ ਰਿਹਾ ਹੈ, ਸੋ ਹੁਣ ਪਰਵਿਰਤ ਹੋ ਰਹੇ ਕੂੜ ਦੀ) ਕਾਲਖ (ਨਾਲ ਜੀਵ) ਭੂਤਨੇ ਬਣ ਰਹੇ ਹਨ। (ਪਿਛਲੇ ਜੁਗਾਂ ਦੇ ਕਈ ਲੋਕੀ ਆਪੋ ਆਪਣੇ ਜੁਗ ਦਾ ਧਰਮ* ਰੂਪੀ) ਬੀ ਬੀਜਕੇ ਇੱਜ਼ਤ ਆਬਰੋ ਲੈ ਗਏ,
ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ ॥ ਜੇ ਇਕੁ ਹੋਇ ਤ ਉਗਵੈ ਰੁਤੀ ਹੂ ਰੁਤਿ ਹੋਇ ॥ ਨਾਨਕ ਪਾਹੈ ਬਾਹਰਾ ਕੋਰੈ ਰੰਗੁ ਨ ਸੋਇ ॥ ਭੈ ਵਿਚਿ ਖੁੰਬਿ ਚੜਾਈਐ ਸਰਮੁ ਪਾਹੁ ਤਨਿ ਹੋਇ ॥ ਨਾਨਕ ਭਗਤੀ ਜੇ ਰਪੈ ਕੂੜੈ ਸੋਇ ਨ ਕੋਇ ॥੧॥	ਹੁਣ (ਉਹ ਬੀਜ ਦਾਲ ਵਾਂਙੂ ਟੁਕੜੇ ਹੋ ਗਿਆ † ਹੈ ਸੋ) ਦਾਲ ਕੀਕੂੰ ਉੱਗੇ। ਜੇ (ਉਸ ਬੀਉ ਦਾ ਦਾਣਾ) ਇਕ ਹੋਵੇ (=ਸਬੂਤ ਹੋਵੇ ਅਰ) ਰੁਤਾਂ ਵਿਚੋਂ ਰੁੱਤ (ਬੀ ਉਸ ਦੇ ਉਗਣੇ ਦੀ) ਹੋਵੇ ਤਾਂ ਉਹ ਉੱਗ ਪਵੇ। (ਪਰ ਨਾ ਰੁਤ ਹੈ ਨਾ ਦਾਣਾ ਸਬੂਤ ਹੈ ‡ ਸੋ ਉਹ ਹੁਣ ਉੱਗ ਨਹੀਂ ਸਕਦਾ। ਹੁਣ ਕੀ ਹੋਵੇ? ਉੱਤਰ- § ਹੁਣ ਜੇ ਕੋਈ) ਭਗਤੀ (ਦੇ ਰੰਗ) ਵਿਚ ਰੰਗਿਆ ਜਾਵੇ, ਹੇ ਨਾਨਕ ! (ਤਾਂ ਸਚ ਹੀ ਸਚ ਵਰਤ ਜਾਵੇਗਾ, ਐਸਾ ਕਿ ਫੇਰ) ਕੂੜ ਦੀ ਕੋਈ ਲੇਸ਼ ਨਹੀਂ ਲਗੇਗੀ। (ਪਰੰਤੂ ਜੀਵਾਂ ਦੇ ਮਨ ਕੋਰੇ ਹੋ ਰਹੇ ਹਨ ਤੇ) ਕੋਰੇ (ਕਪੜੇ ਤੇ ਜਿਵੇਂ ਧੋਤੇ ਬਿਨਾ ਤੇ) ਪਾਹ ਦੇ ਚਾੜ੍ਹੇ ਬਿਨਾ ਰੰਗ ਸ਼ੋਭਾ ਨਹੀਂ ਦੇਂਦਾ (ਤਿਵੇਂ ਕੋਰੇ ਮਨ ਤੇ ਪ੍ਰੇਮਾ ਭਗਤੀ ਦਾ ਰੰਗ ਠੀਕ ਨਹੀਂ ਚੜ੍ਹਦਾ, ਇਸ ਲਈ ਪਹਿਲਾਂ ਪਰਮੇਸ਼ੁਰ ਦੇ) ਭੈ ਵਿਚ (ਮਨ ਨੂੰ) ਖੁੰਬ ਚਾੜ੍ਹੀਏ (ਤੇ ਫੇਰ) ਸਰਮ ਦੀ ਪਾਹ ਤਨ ਨੂੰ ਦੇਵੀਏ (ਫੇਰ ਭਗਤੀ ਦਾ ਰੰਗ ਸ਼ੋਭਨੀਕ ਚੜ੍ਹੇਗਾ)॥ ੧॥

ਪ੍ਰਾਕ੍ਕਥਨ-ਹੁਣ ਕਲਜੁਗ ਨੂੰ, ਜਿਸ ਵਿਚ ਸੱਚ ਨਹੀਂ ਰਿਹਾ ਕੂੜ ਪ੍ਰਵਿਰਤ ਹੈ ਤੇ ਲੋਕੀ ਭੂਤ ਹੋ ਰਹੇ ਹਨ ਇਕ ਪਾਤਸ਼ਾਹ ਦੇ ਰੂਪਕ ਵਿਚ ਵਰਣਨ ਕਰਦੇ ਹਨ। ਇਸ ਵਿਚ ਉਸ ਸਮੇਂ ਦੇ ਰਾਜਿਆਂ, ਵਡਿਆਂ, ਧਰਮੀਆਂ ਤੇ ਰਈਅਤ ਆਦਿ ਸਭ ਦੀ ਇਤਿਹਾਸਕ ਹਾਲਤ ਅੱਖਾਂ ਅਗੇ ਆ ਜਾਂਦੀ ਹੈ:-

* ਸਤਯੁਗ ਵਿਚ ਧਰਮ ਸਤ੍ਯ ਸੀ, ਪੁੰਨ ਤੇ ਸਤ੍ਯ ਵਿਚ ਸਾਰੇ ਵਰਤਦੇ ਸੇ। ਤ੍ਰੇਤਾ ਵਿਚ ਯੱਗ ਤੇ ਦੁਆਪਰ ਵਿਚ ਪੂਜਾ ਸੀ। ਯਥਾ-ਸਤਿਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ॥ [ਗਉੜੀ ਰਵਿਦਾਸ, ਅਸਟ:-੧]

† ਧਰਮੁ ਦੇ ਚਾਰ ਪੈਰ ਸਨ, ਤ੍ਰੈ ਟੁੱਟ ਚੁਕੇ ਹਨ, ਸੋ ਉਹ ਹੁਣ ਇਕ ਟੁਕੜਾ ਰਹਿ ਗਿਆ ਹੈ:-ਸਤਿਜੁਗਿ ਧਰਮੁ ਪੈਰ ਹੈ ਚਾਰਿ.....॥ ਤੇਤੈ ਇਕ ਕਲ ਕੀਨੀ ਦੂਰਿ.....॥ ਦੁਆਪਰਿ ਧਰਮਿ ਦੁਇ ਪੈਰ ਰਖਾਏ.....॥ ਕਲਜੁਗਿ ਧਰਮ ਕਲਾ ਇਕ ਰਹਾਏ॥ ਇਕ ਪੈਰਿ ਚਲੈ ਮਾਇਆ ਮੋਹੁ ਵਧਾਏ॥ [ਰਾਮਕਲੀ ਮ: ੩-੧੨]

‡ਕਲਜੁਗ ਮਹਿ ਬਹੁ ਕਰਮ ਕਮਾਹਿ॥ ਨਾ ਰੁਤਿ ਨ ਕਰਮ ਥਾਇ ਪਾਹਿ॥ ੧॥ ਕਲਜੁਗ ਮਹਿ ਰਾਮ ਨਾਮੁ ਹੈ ਸਾਰੁ॥ [ਭੈਰਉ ਮ: ੩-੧੦]

§ ਸੁਗਮਤਾ ਲਈ ਛੇਕੜਲੀ ਤੁਕ ਦਾ ਅਰਥ ਪਹਿਲੋਂ ਲਾਇਆ ਹੈ।

ਮਃ ੧ ॥ ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ ॥ ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ ॥ ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ ॥

ਰਾਜਾ ਤੇ ਵਜ਼ੀਰ (ਇਸ ਸਮੇਂ ਵਿਚ) ਦੁਇ ਲਬ ਤੇ ਪਾਪ ਹਨ (ਭਾਵ ਲੋਭ ਤਾਂ ਰਾਜਾ ਹੈ, ਤੇ ਪਾਪ* ਵਜ਼ੀਰ ਹੈ ਤੇ) ਝੂਠ ਸਿਕਦਾਰ ਹੈ। ਕਾਮ ਨਾਇਬ ਹੈ, (ਜਿਸ ਨੂੰ ਹਰ ਗਲ ਵਿਚ) ਸੱਦਕੇ (ਸਲਾਹ) ਪੁੱਛੀ ਜਾਂਦੀ ਹੈ ਤੇ ਜੋ ਨਾਲ ਬੈਠ ਬੈਠਕੇ ਵੀਚਾਰ ਕਰਦਾ ਹੈ। ਰਈਅਤ ਗਯਾਨ (ਵਿਦਯਾ ਤੇ ਅਕਲਮੰਦੀ) ਤੋਂ ਖਾਲੀ ਅੰਨ੍ਹੀ ਹੋ ਰਹੀ ਹੈ, (ਉਹ ਬਿਨਾ ਸੋਚੇ ਵੀਚਾਰੇ ਇਨ੍ਹਾਂ ਦੀ ਤ੍ਰਿਸ਼ਨਾਂ ਦੀ) ਅੱਗ ਵਿਚ (ਜੋ ਮੰਗਣ ਸੋ ਦੇਕੇ ਉਸ ਨੂੰ ਮਾਨੋ) ਮੁਰਦਾਰ ਨਾਲ ਭਰ ਰਹੀ ਹੈ (ਭਾਵ ਅਗੋਂ ਬੋਲਣੋ, ਕੁਸਕਣੋ, ਮੁਕਾਬਲਾ ਕਰਨੋਂ ਸੱਚ ਤੇ ਖੜੋਕੇ ਸ਼ਹੀਦ ਹੋ ਜਾਣੋ ਮੁਰਦਾ ਹੋ ਰਹੀ ਹੈ। ਹੁਣ ਸਵਾਲ ਹੁੰਦਾ ਹੈ ਕਿ ਪਰਮਾਰਥ ਦੇ ਆਗੂ ਤੇ ਗਯਾਨ ਸੰਯੁਕਤ ਲੋਕ ਕਿਉਂ ਨਹੀਂ ਅਗੇ ਹੁੰਦੇ, ਤਾਂ ਦੱਸਦੇ ਹਨ)

ਗਿਆਨੀ ਨਚਹਿ ਵਾਜੇ ਵਾਵਹਿ ਰੂਪ ਕਰਹਿ ਸੀਗਾਰੁ ॥ ਊਚੇ ਕੂਕਹਿ ਵਾਦਾ ਗਾਵਹਿ ਜੋਧਾ ਕਾ ਵੀਚਾਰੁ ॥

ਗਯਾਨੀ (ਹੁਣ ਉਸ ਨੂੰ ਕਹਿੰਦੇ ਹਨ ਜੋ ਰਾਸਧਾਰੀਏ ਬਣਕੇ) ਨੱਚਦੇ ਹਨ, ਵਾਜੇ ਵਜਾਉਂਦੇ ਹਨ ਤੇ (ਬਨਾਵਟੀ) ਰੂਪ (ਬਣਾਕੇ, ਭਾਵ ਸਾਂਗ ਭਰਕੇ ਗਹਿਣੇ ਆਦਿ ਦਾ) ਸ਼ਿੰਗਾਰ ਕਰਦੇ ਹਨ। (ਕਦੇ ਪਿਛਲੇ ਬਜ਼ੁਰਗਾਂ ਦੇ ਜਸ) ਉੱਚੀ ਉੱਚੀ ਕੂਕ ਕੇ (ਸੁਣਾਉਂਦੇ ਹਨ, ਕਦੇ) ਜੁੱਧਾਂ ਦੇ ਪ੍ਰਸੰਗ ਗਾਉਂਦੇ ਹਨ, (ਜਿਨ੍ਹਾਂ ਵਿਚ) ਸੂਰਮਿਆਂ ਦੀ (ਸੂਰਮਗਤੀ ਦੇ ਹਾਲਾਂ ਦਾ) ਵੀਚਾਰ (ਵੀ ਹੁੰਦਾ ਹੈ)।

ਮੂਰਖ ਪੰਡਿਤ ਹਿਕਮਤਿ ਹੁਜਤਿ ਸੰਜੈ ਕਰਹਿ ਪਿਆਰੁ ॥

(ਪ੍ਰਸ਼ਨ:-ਪੰਡਤਾਂ ਨੂੰ ਕੀ ਹੋਇਆ? ਉੱਤਰ) ਪੰਡਤ (ਪੜ੍ਹ ਸੁਣਕੇ) ਮੂਰਖ ਹੋ ਰਹੇ ਹਨ (ਜੋ ਸੱਚ ਪ੍ਰਤੀਪਾਦਨ ਕਰਨ ਦੀ ਥਾਂ) ਹੁੱਜਤਬਾਜ਼ੀ ਵਿਚ (ਰਹਿੰਦੇ ਹਨ ਤੇ) ਹਿਕਮਤ (ਚਲਾਕੀ ਦੀ ਜੋੜ ਤੋੜ ਵਿਚ ਰਹਿੰਦੇ ਹਨ ਕਿਉਂਕਿ ਓਹ ਮੋਖ ਨੂੰ ਨਹੀਂ ਪਰ ਧਨ) ਕੱਠਾ ਕਰਨ ਨੂੰ ਪਿਆਰ ਕਰਦੇ ਹਨ।

ਧਰਮੀ ਧਰਮੁ ਕਰਹਿ ਗਾਵਾਵਹਿ ਮੰਗਹਿ ਮੋਖ ਦੁਆਰੁ ॥ ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰ ਬਾਰੁ ॥

ਧਰਮੀ ਧਰਮ ਕਰਦੇ ਹਨ (ਫਲ ਉਸਦਾ ਸ੍ਵਰਗ ਆਦਿਕ ਹੀ) ਮੰਗਦੇ ਹਨ, ਮੋਖ ਦੁਆਰ ਤਾਂ ਉਹ (ਮੁੱਢੋਂ ਹੀ) ਗੁਆ ਲੈਂਦੇ ਹਨ। (ਜੋ) ਜਤੀ ਸਦਾਉਂਦੇ ਹਨ (ਓਹ ਅਸਲੀ ਗ੍ਰਿਹਸਤ ਜਤੀ ਹੋਣ ਦੀ) ਜੁਗਤ ਨਹੀਂ ਜਾਣਦੇ (ਓਹ ਬ੍ਰਿਥਾ) ਘਰ ਬਾਰ ਛਡ ਬਹਿੰਦੇ ਹਨ (ਇਉਂ ਪ੍ਰਜਾ ਤੋਂ ਪਰੇ ਚਲੇ ਜਾਣ ਕਰਕੇ ਕੁਛ ਉਸ ਦੀ ਭਲਿਆਈ ਨਹੀਂ ਕਰਦੇ ਨਾ ਆਪਨਾ ਕੁਛ ਸੁਆਰਦੇ ਹਨ। ਇਹ ਕੁਛ ਕਰਦਿਆਂ ਫਿਰ ਅਸੰਚਰਜ ਇਹ ਹੈ ਕਿ)

ਸਭੁ ਕੋ ਪੂਰਾ ਆਪੇ ਹੋਵੈ ਘਟਿ ਨ ਕੋਈ ਆਖੈ ॥ ਪਤਿ ਪਰਵਾਣਾ ਪਿਛੈ ਪਾਈਐ ਤਾ ਨਾਨਕ ਤੋਲਿਆ ਜਾਪੈ ॥੨॥

ਸਭ ਕੋਈ (ਅਪਣੇ ਵਹਿਮ ਵਿਚ ਤੇ ਕਥਨੀ ਵਿਚ) ਪੂਰਾ ਹੋ ਹੋ ਪੈਂਦਾ ਹੈ ਤੇ ਆਪ ਨੂੰ ਘੱਟ ਕੋਈ ਨਹੀਂ ਕਹਿੰਦਾ। (ਪਰ) ਹੇ ਨਾਨਕ ! (ਜੇ ਉਸ ਦੇ ਕਰਮ ਧਰਮ ਗਯਾਨ ਆਦਿ ਨੂੰ ਤੱਕੜੀ ਦੇ ਇਕ ਛਾਬੇ ਵਿਚ ਪਾਇਆ ਜਾਵੇ ਤੇ) ਪਿਛਲੇ (ਛਾਬੇ) ਵਿਚ ਪਤ ਦਾ ਵੱਟਾ ਪਾਇਆ ਜਾਵੇ ਤਾਂ ਫੇਰ ਤੋਲਿਆਂ ਪਤਾ ਲਗੇ (ਕਿ ਕੌਣ ਪੂਰਾ

* ਲੋਭ ਫੁਰਨਾ ਹੈ ਲਾਲਚ ਦਾ ਤੇ ਪਾਪ ਉਸ ਕ੍ਰਿਆ ਦਾ ਨਾਮ ਹੈ ਜੋ ਫੁਰਨਿਆਂ ਦੀ ਪੂਰਤੀ ਲਈ ਕੀਤੀ ਜਾਂਦੀ ਹੈ।

ਹੈ, ਭਾਵ ਦਰਗਾਹ ਵਿਚ ਇੱਜ਼ਤ ਮਿਲਨੀ ਇਹ ਵੱਟਾ ਹੈ, ਜਿਸ ਨੇ ਦੱਸਣਾ ਹੈ ਕਿ ਸਚ ਮੁਚ ਪੂਰਾ ਕੌਣ ਹੈ)॥ ੨॥

ਵਯਾਖਯਾ-ਰਾਸਧਾਰੀਆਂ ਵਿਚ ਅਗੂਏ ਨੂੰ ਗਯਾਨੀ ਕਹਿੰਦੇ ਹਨ। ਗੋਯਾ ਇਤਨਾ ਅੰਧਕਾਰ ਛਾਇਆ ਹੋਇਆ ਹੈ ਕਿ ਗਯਾਨ ਪ੍ਰਕਾਸ਼ਨ ਵਾਲੇ ਦੀ ਥਾਂ ਨਟਾਂ ਨੂੰ ਗਯਾਨੀ ਕਹਿੰਦੇ ਹਨ, ਯਾ ਗਯਾਨੀ ਕਹਾਉਣ ਵਾਲੇ ਨਟਾਂ ਦਾ ਕੰਮ ਕਰਦੇ ਹਨ।

ਧਰਮ ਦੀ ਸਾਰੀ ਕਾਰਗੁਜ਼ਾਰੀ ਕਰਮ ਕਾਂਡ ਦੇ ਅਧੀਨ ਹੋਣ ਕਰਕੇ ਮੁਕਤੀ ਨੂੰ ਆਪਣਾ ਨਿਸ਼ਾਨਾ ਨਹੀਂ ਬਣਾਉਂਦੀ ਪਰੰਤੂ ਸ਼ੁਭ ਕਰਮਾਂ ਦੇ ਫਲ-ਸੁਰਗ ਆਦਿਕ-ਨੂੰ ਹੀ ਪ੍ਰਾਪਤ ਕਰਨਾ ਚਾਹੁੰਦੀ ਹੈ। (ਅ) ਧਰਮੀ ਧਰਮ (ਤਾਂ) ਕਰਦੇ ਹਨ (ਪਰ ਗਾਵਾਵਹਿ=) ਲੋਕਾਂ ਵਿਚ ਅਪਣੇ ਕੀਤੇ ਦੀ ਕੀਰਤੀ ਕਰਵਾਉਂਦੇ ਹਨ (ਫੇਰ) ਮੁਕਤੀ ਦਾ ਦੁਆਰਾ ਮੰਗਦੇ ਹਨ। (ਜੋ ਧਰਮ ਕੀਤਾ ਸ਼ੋਭਾ ਲੈਣ ਵਾਸਤੇ ਉਸ ਦਾ ਫਲ ਸ਼ੋਭਾ ਮਿਲ ਗਿਆ ਫੇਰ ਮੁਕਤ ਦੁਆਰਾ ਕੀਕੂੰ ਮਿਲੇ, ਸੋ ਉਹਨਾਂ ਦੀ ਮੰਗ ਅਚਰਜ ਜਨਕ ਹੈ)। (ੲ) ਬਹੁਤਿਆਂ ਦੀ ਰੁਚੀ ਇਹ ਅਰਥ ਕਰਨ ਵਲ ਰਹਿੰਦੀ ਹੈ:-ਧਰਮੀ ਧਰਮ ਕਰਦੇ ਹਨ ਪਰ ਮੰਗਦੇ ਹਨ ਮੁਕਤੀ ਦਾ ਦੁਆਰਾ (ਇਸ ਸਕਾਮ ਮੰਗ ਕਰਕੇ ਕੀਤੇ ਦਾ ਫਲ) ਗੁਆ ਲੈਂਦੇ ਹਨ। ਪਰ ਇਸ ਵਿਚ 'ਮੋਖੇਛਾ' ਨੂੰ ਸਕਾਮ ਕਰਮ ਗਿਣਨ ਦੀ ਤ੍ਰੁੱਟੀ ਰਹਿ ਜਾਂਦੀ ਹੈ।

ਪ੍ਰਾਕ੍ਕਥਨ-ਪਿਛਲੇ ਸ਼ਲੋਕ ਵਿਚ ਉਸ ਸਮੇਂ ਜੋ ਕੁਛ ਰਾਜੇ, ਰਯਤ, ਧਰਮੀ, ਪੰਡਤ, ਜਤੀ, ਗਯਾਨੀ ਆਦਿ ਕਰ ਰਹੇ ਸਨ, ਉਸ ਹਾਲਤ ਦਾ ਨਕਸ਼ਾ ਖਿੱਚਿਆ ਸੀ ਤੇ ਦੱਸਿਆ ਸੀ ਕਿ ਏਹ ਕੁਛ ਕਰਨ ਵਾਲੇ ਫੇਰ ਸੱਚੇ ਤੇ ਪੂਰੇ ਬਣਦੇ ਹਨ ਪਰ ਪਤ ਦੇ ਤੋਲ ਨਾਲ ਤੋਲਿਆਂ ਪੂਰੇ ਊਰੇ ਦਾ ਪਤਾ ਲਗੇਗਾ। ਅਗਲੇ ਤੀਸਰੇ ਸ਼ਲੋਕ ਵਿਚ 'ਪਰਲੋਕ ਵਿਚ ਗਿਆਂ ਜੋ ਵਰਤਣੀ ਹੈ' ਸੋ ਦੱਸਦੇ ਹਨ:-

ਮਃ ੧ ॥ ਵਦੀ ਸੁ ਵਜਗਿ ਨਾਨਕਾ ਸਚਾ ਵੇਖੈ ਸੋਇ ॥ ਸਭਨੀ ਛਾਲਾ ਮਾਰੀਆ ਕਰਤਾ ਕਰੇ ਸੁ ਹੋਇ ॥ ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ ॥ ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ ॥੩॥

(ਕਰਮ ਕਰਨ ਵੇਲੇ ਜੀਵ ਨੇ ਭਾਵਨੀ ਅਪਣੇ ਅੰਦਰ) ਜੋ ਧਾਰੀ ਸੀ (ਅੰਤ) ਓਹੋ ਪ੍ਰਗਟੇਗੀ (ਕਿਉਂਕਿ) ਓਹ ਸੱਚਾ (ਵਾਹਿਗੁਰੂ ਹਿਰਦਿਆਂ ਨੂੰ) ਵੇਖ ਰਿਹਾ ਹੈ। ਹੇ ਨਾਨਕ ! ਸਭਨਾਂ ਨੇ ਛਾਲਾ ਮਾਰੀਆਂ ਹਨ (ਭਾਵ ਕਰਮ ਛੇਤ੍ਰ ਵਿਚ ਯਤਨ ਕੀਤੇ ਹਨ ਕਿੰਤੂ ਅੰਦਰਲੀ ਭਾਵਨੀ ਨੂੰ ਦੇਖਣਹਾਰ) ਕਰਤਾਰ ਜੋ (ਫੈਸਲਾ) ਕਰੇਗਾ ਸੋਈਓ (ਠੀਕ) ਹੋਵੇਗਾ। (ਪਰ ਇਕ ਗਲ ਨਿਸਚੇ ਜਾਣ ਲਓ ਕਿ) ਅਗੇ ਤਾਂ ਨਾ ਜੋਰ ਹੈ, ਨਾ ਜਾਤ (ਦਾ ਵੱਸ ਚਲਦਾ) ਹੈ, ਅਗੇ ਤਾਂ ਜੀਵ ਹੀ ਨਵੀਂ (ਭਾਂਤ ਦੇ) ਹਨ*। (ਓਥੇ) ਜਿਨ੍ਹਾਂ ਦੀ ਪਤ ਲੇਖੇ ਪਵੇਗੀ ਓਹੀ ਕੋਈ (ਵਿਰਲੇ) ਚੰਗੇ ਮੰਨੇ ਜਾਣਗੇ † ॥ ੩॥

ਪ੍ਰਾਕ੍ਕਥਨ-ਅਗਲੀ ਪਉੜੀ ਵਿਚ ਜੀਵ ਦੀ ਨਿਰਾਸਤਾ ਪੁਰ ਤਰਸ ਦੇ ਭਾਵ ਵਿਚ, ਗੁਰੂ ਜੀ ਕਰਤਾਰ ਅਗੇ ਅਰਦਾਸ ਕਰਦੇ ਹਨ-

* (ਅ) ਐਉਂ ਬੀ ਅਰਥ ਲਾਉਂਦੇ ਹਨ-'ਜੀਉ' ਨ, 'ਵੇ'। ਅਗੇ ਗਿਆਂ ਕਿਸੇ ਨੇ 'ਜੀਉ' ਨਹੀਂ ਕਹਿਣਾ 'ਵੇ ਵੇ' ਕਰਕੇ ਬੁਲਾਉਣਗੇ। ਹਾਂ, ਜਿਨ੍ਹਾਂ ਦੀ ਪਤਿ ਲੇਖੈ ਪਵੇਗੀ ਉਹ ਚੰਗੇ ਮੰਨੇ ਜਾਣਗੇ ਭਾਵੇਂਹ ਕਿ ਉਹਨਾਂ ਨੂੰ 'ਜੀਉ ਜੀਉ' ਹੋਵੇਗੀ।

† ਓਥੇ ਜਾਤ ਜੋਰ ਛੱਡਕੇ ਜਿਨ੍ਹਾਂ ਦੀ ਪਤ ਪ੍ਰਮਾਣੀਕ ਸਮਝੀ ਜਾਊ ਉਹੋ ਚੰਗੇ ਹੋਣਗੇ। ਪਿਛਲੇ ਸ਼ਲੋਕ ਵਿਚ ਰਾਜੇ ਵਜ਼ੀਰ ਆਦਿ ਜ਼ੋਰ ਦੇ ਅਭਿਮਾਨੀ ਤੇ ਰਈਅਤ ਵਿਚੋਂ ਪੰਡਤ ਆਦੀ ਜ਼ਾਤ ਦੇ ਅਭਿਮਾਨੀ ਗਿਣੇ ਸਨ।

ਪਉੜੀ ॥ ਧੁਰਿ ਕਰਮੁ ਜਿਨਾ ਕਉ ਤੁਧੁ ਪਾਇਆ ਤਾ ਤਿਨੀ ਖਸਮੁ ਧਿਆਇਆ ॥ ਏਨਾ ਜੰਤਾ ਕੈ ਵਸਿ ਕਿਛੁ ਨਾਹੀ ਤੁਧੁ ਵੇਕੀ ਜਗਤੁ ਉਪਾਇਆ ॥ ਇਕਨਾ ਨੋ ਤੂੰ ਮੇਲਿ ਲੈਹਿ ਇਕਿ ਆਪਹੁ ਤੁਧੁ ਖੁਆਇਆ॥ ਗੁਰ ਕਿਰਪਾ ਤੇ ਜਾਣਿਆ ਜਿਥੈ ਤੁਧੁ ਆਪੁ ਬੁਝਾਇਆ ॥ ਸਹਜੇ ਹੀ ਸਚਿ ਸਮਾਇਆ॥੧੧॥

(ਹੇ ਕਰਤਾਰ !) ਤੂੰ ਜਿਨ੍ਹਾਂ ਨੂੰ ਧੁਰੋਂ ਕਰਮ (ਬਖਸ਼ਿਸ਼ ਦਾ ਲੇਖ) ਪਾਇਆ ਹੈ ਉਹਨਾਂ ਨੇ (ਹੀ ਤੈਂ) ਖਸਮ ਨੂੰ ਧਿਆਇਆ ਹੈ। ਇਨ੍ਹਾਂ ਜੀਵਾਂ ਦੇ ਵੱਸ ਕੁਝ ਨਹੀਂ, ਤੂੰ ਭਿੰਨ ਭਿੰਨ (ਤਰ੍ਹਾਂ ਦੇ ਜੀਵਾਂ ਵਾਲਾ) ਸੰਸਾਰ ਉਤਪਤ ਕੀਤਾ ਹੈ। ਇਕਨਾਂ ਨੂੰ ਤੂੰ ਮੇਲ ਲੈਂਦਾ ਹੈਂ, ਇਕਨਾਂ ਨੂੰ ਤੂੰ ਆਪਣੇ ਤੋਂ ਦੂਰ ਰਖਦਾ ਹੈਂ*। ਜਿਥੇ ਤੈਂ (ਕਿਸੇ ਨੂੰ) ਆਪਣਾ ਆਪ ਬੁਝਾ ਦਿੱਤਾ ਹੈ ਓਥੇ ਗੁਰੂ ਦੀ ਕਿਰਪਾ ਨਾਲ (ਹੀ ਉਸ ਨੇ ਤੈਨੂੰ) ਜਾਣਿਆ ਹੈ। (ਅਰ ਉਹ) ਸਹਿਜੇ ਹੀ (ਤੇਰੇ) ਸੱਚ (ਸਰੂਪ) ਵਿਚ ਸਮਾ ਗਿਆ ਹੈ। (ਭਾਵ ਇਹ ਕਿ ਇਨ੍ਹਾਂ ਨੂੰ ਤੂੰ ਆਪ ਹੀ ਕਲਯਾਣ ਦਾ ਰਾਹ ਦਿਖਾਲ)॥ ੧੧॥

ਪਉੜੀ ਤੇ ਸਲੋਕਾਂ ਦਾ ਸੰਮੇਲਨ—੧੧ਵੀਂ ਪਉੜੀ ਵਿਚ ਵਾਹਿਗੁਰੂ ਜੀ ਦੀ 'ਧੁਰੋਂ ਮੇਹਰ' ਦਾ ਵਰਣਨ ਹੈ। ਮੇਹਰ ਪ੍ਰਾਪਤ ਨਾਮ ਜਪਦੇ ਹਨ। ਇਸ ਵਿਚ ਇਕ ਪਾਠ ਹੈ 'ਇਕਿ ਆਪਹੁ ਤੁਧੁ ਖੁਆਇਆ'। ਇਸ ਅੱਧੀ ਤੁਕ ਦੇ ਭਾਵ ਉਤੇ ਸ਼ਲੋਕ ਇਕ ਦ੍ਰਿਸ਼ਟਾਂਤ ਵਾਙੂ ਰਖੇ ਸਹੀ ਹੁੰਦੇ ਹਨ।

ਪਹਿਲੇ ਸ਼ਲੋਕ ਵਿਚ ਸਾਈਂ ਤੋਂ 'ਖੁਆਏ' ਗੁਆਚੇ ਹੋਇਆਂ ਦਾ ਕਾਰਣ ਸਚ ਦਾ ਕਾਲ ਤੇ ਕੂੜ ਦਾ ਵਰਤਾਰਾ ਦੱਸਿਆ ਤੇ ਕਰਮ ਕਾਂਡੀ 'ਕਰਮਾਂ ਨਾਲ ਸਚ ਦਾ ਪੂਰਾ ਹੋਣ ਦਾ ਸਮਾਂ ਨਹੀਂ' ਦੱਸਕੇ 'ਭਗਤੀ' ਨੂੰ ਸਫਲ ਦਾਰੂ ਦੱਸਿਆ। ਜਿਸ ਦੀ ਸੈਨਤ ਪਉੜੀ ਦੀ ਅੰਤਲੀ ਤੁਕ 'ਸਹਜੇ ਹੀ ਸਚਿ ਸਮਾਇਆ' ਵਿਚ ਹੈ।

ਦੂਸਰਾ ਸ਼ਲੋਕ ਪਹਿਲੇ ਦੀ ਹੀ ਮਾਨੋ ਵਯਾਖਯਾ ਹੈ, ਕੂੜ ਦੇ ਵਰਤਾਰੇ ਦੀ ਤਸਵੀਰ ਦਿਖਾਈ ਹੈ: ਗਯਾਨੀ, ਪੰਡਿਤ, ਪੁੰਨੀ, ਧਰਮੀ, ਜਤੀ, ਆਦਿ ਸਭ ਵਿਚ ਕੂੜ ਵਰਤਦਾ ਤੇ ਸਚ ਦਾ ਕਾਲ ਪੈ ਰਿਹਾ ਦੱਸਿਆ ਹੈ। ਏਹ ਤਾਂ ਗਿਣਿਆ ਧਰਮ ਪਖ ਵਿਚ ਕੂੜ ਦਾ ਵਰਤਾਰਾ। ਇਸੇ ਸਲੋਕ ਦੇ ਆਦਿ ਵਿਚ ਰਾਜਿਆਂ ਵਿਚ ਕੂੜ ਤੇ ਪਾਪ ਦਾ ਵਰਤਾਰਾ ਦਿਖਾਇਆ ਹੈ ਤੇ ਨਾਲ ਹੀ ਆਮ ਰਈਅਤ (=ਪ੍ਰਜਾ) ਵਿਚ ਗਿਆਨ ਅਭਾਵਤਾ ਤੇ ਮਨਾਂ ਵਿਚ ਵਾਪਰ ਰਹੀ ਹੀਨਤਾ, ਤੇ ਤੁਰਕਾਂ ਅੱਗੇ ਅਧੀਨਤਾ ਦਾ ਮੁਰਦਾਪਨ ਦਿਖਾਇਆ।

ਸਾਰੇ ਕੂੜ ਵਿਚ ਵਰਤਦੇ ਫੇਰ ਪੂਰੇ ਹੋ ਹੋ ਦੱਸਦੇ ਹਨ। ਕਿਉਂਕਿ ਸਾਰੇ ਫੇਰ ਪੂਰੇ ਕਹਾਉਂਦੇ ਹਨ ਤਾਂ ਦੱਸਦੇ ਹਨ ਕਿ ਪੂਰੇ ਪਨ ਦਾ ਪਤਾ 'ਪਤਿ ਦੇ ਵੱਟਿਆਂ ਨਾਲ' ਤੁਲੀਣ ਤੋਂ ਲਗੇਗਾ। ਇਸ ਖਯਾਲ ਦੀ ਲੜੀ ਤੀਸਰੇ ਸਲੋਕ ਵਿਚ ਤੁਰਦੀ ਹੈ ਕਿ ਸਮਝੋ ਸਭ ਨੇ ਨਦੀ ਵਿਚ ਛਾਲਾਂ ਮਾਰੀਆਂ ਹਨ।

ਇਸ ਦ੍ਰਿਸ਼ਟਾਂਤ ਨੂੰ ਇਹ ਦੱਸਕੇ ਖੋਹਲਦੇ ਹਨ ਕਿ'ਅਗੇ ਪਰਲੋਕ ਵਿਚ ਸਤਿਕਾਰ ਯੋਗ ਜੋ ਨਿਕਲਣ, ਉਹੀ ਚੰਗੇ ਜਾਣੋ। ਪਰ ਓਥੇ 'ਜਾਤ ਤੇ ਜੋਰ' ਨਹੀਂ ਚਲਦੇ ਓਥੇ ਨਵੇਂ ਜੀਵ ਸਚ ਦੇ ਧਾਰਨੀ ਹੁੰਦੇ ਹਨ।

ਸੋ ਇਨ੍ਹਾਂ ਸ਼ਲੋਕਾਂ ਵਿਚ ਸਤਜ ਮਾਰਗ ਤੋਂ ਘੁੱਸੇ ਹੋਏ ਲੋਕਾਂ ਦੀ ਤਸਵੀਰ ਹੈ। ਤੇ 'ਕਰਤਾ ਕਰੇ ਸੁ ਹੋਇ' ਵਿਚ ਕਰਤਾਰ ਦੀ ਸਰਬ ਸ਼ਕਤੀ ਮਾਨਤਾ ਦੱਸਕੇ ਮਾਨੋ ਸ੍ਰੋਤੇ ਦਾ ਮਨ ਸਾਈਂ ਦੀ 'ਧੁਰਾਹੂ ਮੇਹਰ' ਸੁਣਨ ਲਈ ਤਯਾਰ ਕੀਤਾ ਹੈ, ਜੋ ਭਾਵ ਕਿ ਪਉੜੀ ਵਿਚ ਹੈ। ਪਉੜੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰਬ ਜੀ ਅੱਗੇ ਸਿਫਾਰਸ਼ੀ ਅਰਦਾਸ ਹੈ ਜੋ ਸਲੋਕਾਂ ਵਿਚ ਦੱਸੇ ਘੁਸੇ ਜਾਂਦਿਆਂ ਦੀ ਕਲਯਾਨ ਵਾਸਤੇ ਹੈ।

* ਪੁਰਾਤਨ ਅਰਥ ਭਾਵ ਇਉਂ ਹੈ-ਇਕਨਾ (ਗੁਰਮੁਖਾਂ) ਨੂੰ ਤੂੰ ਮੇਲ ਲੈਂਦਾ ਹੈਂ, ਇਕਨਾ (ਮਨਮੁਖਾਂ) ਨੂੰ ਤੂੰ ਘੁਸਾ ਦੇਂਦਾ ਹੈਂ।

(ਅ) ਇਉਂ ਬੀ ਲਾਉਂਦੇ ਹਨ-ਇਕਨਾ ਨੇ ਤੈਥੋਂ (ਅਪਣੇ ਆਪ ਨੂੰ) ਆਪ ਹੀ ਖੁੰਝਾ ਲਿਆ ਹੈ।

ਨਿਰੁਕ੍ਤ-ਸੋਇ-ਲੇਸ਼। ਕੂੜ ਕਲਜੁਗ ਦੀ ਕਾਲਖ ਜੋ ਪਹਿਲੀ ਤੁਕ ਵਿਚ ਦੱਸੀ ਹੈ। ਭਗਤੀ ਦਾ ਰੰਗ ਐਸਾ ਰੰਗ ਹੈ ਕਿ ਉਸ ਨੂੰ ਫੇਰ ਕੂੜ ਦੀ ਕਾਲਖ ਦਾ ਲੇਸ਼ ਨਹੀਂ ਲਗ ਸਕਦਾ। [ਸੰਸ:, ਛੁਪ, ਪ੍ਰਾ: ਛੁਵ, ਪੁ: ਪੰ:, ਛੋਇ. ਸੋਇ=ਸਪਰਸ਼, ਲੇਸ਼, ਲਿਪਾਇਮਾਨਤਾ] । ਗੁਰਬਾਣੀ ਵਿਚ 'ਸੋਇ' ਪਦ ਦੇ ਕਈ ਅਰਥ ਲਗਦੇ ਹਨ:-

ਸੋਇ=ਲੇਸ਼-ਕੂੜੇ ਸੋਇ ਨ ਕੋਇ॥ [ਵਾਰ ਆਸਾ ਮ: ੧-੧੧]

ਸੋਇ=ਉਹ-ਚਤੁਰ ਸਿਆਣਾ ਸੁਘੜੁ ਸੋਇ॥ [ਥਿਤੀ ਗਉੜੀ ਮ: ੫-੪]

ਸੋਇ=ਸੋਭਾ-ਫਿਕੇ ਫਿਕੀ ਸੋਇ॥ [ਵਾਰ ਆਸਾ ਮ: ੧-੨੦]

ਸੋਇ=ਸ਼ੋਭਦਾ-ਕੋਰੈ ਰੰਗੁ ਨ ਸੋਇ॥ [ਵਾਰ ਆਸਾ ਮ: ੧-੧੧]

ਸੋਇ=ਸੌਣਾ-ਸੋਇ ਅਚਿੰਤਾ ਜਾਗਿ ਅਚਿੰਤਾ॥ [ਭੈਰਉ ਮ: ੫-੧]

ਸੋਇ=ਪੌਣ, ਖੁਸ਼ਬੋ ਵਾਲੀ ਪੌਣ-ਇਸੁ ਮਨ ਕਉ ਬਸੰਤ ਕੀ ਲਗੈ ਨ ਸੋਇ॥ [ਬਸੰਤ ਮ: ੩-੧੬]

ਸੋਇ=ਕਨਸੋ, ਖ਼ਬਰ-ਕੀ ਨ ਸੁਣੇਹੀ ਗੋਰੀਏ ਆਪਣ ਕੰਨੀ ਸੋਇ॥ [ਸਿਰੀ ਰਾਗੁ ਮ: ੧-੨੪]

ਇਸ ਤੁਕ ਵਿਚ ਬੀ 'ਕਨਸੋ' ਅਰਥ ਲਾ ਲੈਂਦੇ ਹਨ: ਫਿਰ ਕੂੜ ਦੀ ਕਨਸੋ ਤਕ ਨਹੀਂ ਪਹੁੰਚਦੀ।

ਕੋਰੈ-ਅਨਧੋਤਾ (ਕਪੜਾ)। ਕੋਰਾ ਕਪੜਾ ਮੈਲਾ, ਖਰ੍ਵਾ ਤੇ ਕੁਛ ਪਾਣ ਦੀ ਬੋ ਵਾਲਾ ਹੁੰਦਾ ਹੈ। ਕੋਰੇਪਨ ਤੋਂ ਮੁਰਾਦ ਮੈਲੇ ਤੇ ਖਰ੍ਵੇ (ਕਠੋਰ ਹੋਏ) ਮਨ ਦੀ ਹੈ।

ਪਾਹ-ਮਾਂਈਂ ਯਾ ਫਟਕੜੀ ਆਦਿ ਵਿਚ ਕਪੜੇ ਨੂੰ ਦਿੱਤਾ ਡੋਬਾ ਜੋ ਧੋਣ ਤੋਂ ਪਿਛੋਂ ਤੇ ਰੰਗਣ ਤੋਂ ਪਹਿਲੋਂ ਦੇਂਦੇ ਹਨ।

ਸਰਮ- [ਫ਼ਾ:, ਸ਼ਰਮ, ਲਾਜ, ਹਯਾ] ਭਾਵ ਹੈ ਮਾੜੇ ਕਰਮ ਕਰਨ ਤੋਂ ਲਾਜ ਆਵੇ। ਸੰਪ੍ਰਦਾ ਵਿਚ ਵੈਰਾਗ ਅਰਥ ਬੀ ਕਰਦੇ ਹਨ। (ਅ) ਸ਼੍ਰਮ=ਘਾਲ। [ਸੰਸ:, ਸ਼੍ਰਮ=ਮਿਹਨਤ] ।

ਮਹਤਾ- [ਸੰਸ:, ਮਹੱਤਰ:] ਵਡਾ। ਪਿਛਲੇ ਸਮੇਂ ਛੋਟੇ ਰਾਜੇ ਵਜ਼ੀਰਾਂ ਤੇ ਕਾਰਦਾਰਾਂ ਚੌਧਰੀਆਂ ਨੂੰ ਮਹਿਤਾ ਕਰਕੇ ਕੁਆਉਂਦੇ ਹੁੰਦੇ ਸਨ।

ਸਿਕਦਾਰ- [ਅਰਬੀ, ਸ਼ਿੱਕ=ਕਿਸੇ ਸ਼ੈ ਦਾ ਅੱਧਾ ਹਿੱਸਾ। ਦੇਸ਼ ਦਾ ਹਿੱਸਾ ਜੋ ਮਾਮਲਾ ਉਗ੍ਰਾਹੁਣ ਲਈ ਨਿਯਤ ਕੀਤਾ ਜਾਵੇ। ਜਿਵੇਂ ਅਜ ਕਲ ਤਸੀਲ ਹੈ। ਸ਼ਿੱਕਦਾਰ, (ਸ਼ਿੱਕਦਾਯਰ)=ਹਾਕਮ ਦੇਹਾਤ ਵ ਆਮਿਲ ਪਰਗਨਾਤ; ਸ਼ਿਕ ਦਾ ਮਾਮਲਾ ਉਗ੍ਰਾਹੁਣ ਵਾਲਾ ਅਹੁਦੇਦਾਰ, ਦੇਸ਼ ਪ੍ਰਬੰਧ ਆਦਿ ਵਿਚ ਬੀ ਇਸ ਦਾ ਜ਼ਿੰਮਾ ਹੁੰਦਾ ਹੈਸੀ] ਹਾਕਮ। ਤਸੀਲ ਯਾ ਜ਼ਿਲੇ ਦਾ ਅਹੁਦੇਦਾਰ। ਸਰਦਾਰ।

ਨੇਬੁ- [ਫ਼ਾ:, ਨਾਯਬ] ਮਾਤਹਿਤ। ਮੁਰਾਦ ਵਜ਼ੀਰ ਦੇ ਨਾਇਬ ਤੋਂ ਹੈ।

ਮੁਰਦਾਰ-ਮੁਰਦੇ ਜਾਨਵਰ ਦੀ ਲੋਥ। ਭਾਵ ਧਰਮ ਤੇ ਕਾਨੂੰਨ ਵਿਰੁੱਧ ਸਾਮਾਨ ਜੋ ਵੱਢੀ ਵਜੋਂ ਦਿਤੇ ਜਾਣ। (ਅ) ਭਾਹ ਭਰੇ ਮੁਰਦਾਰ=ਲੋਕੀ ਤ੍ਰਿਸ਼ਨਾਂ ਅੱਗ ਨਾਲ ਭਰੇ (ਧਰਮ ਕਰਮ ਵਲੋਂ) ਮੁਰਦਾ ਲੋਥ ਹੋ ਰਹੇ ਹਨ।

ਵਜਗਿ-ਵੱਜੇਗੀ। ਢੋਲ ਵਜਾਕੇ ਕਿਸੇ ਖ਼ਬਰ ਦੇ ਪ੍ਰਚਾਰਣ ਨੂੰ 'ਵਜਗਿ' ਕਿਹਾ ਹੈ, ਤਾਂਤੇ ਇਸ਼ਾਰਾ ਕਿਸੇ ਛਿਪੀ ਗਲ ਵਲ ਹੈ, ਜਿਸ ਨੂੰ 'ਸੱਚਾ' ਤਾਂ ਹੁਣ ਬੀ ਵੇਖ ਰਿਹਾ ਹੈ, ਪਰ ਪਰਲੋਕ ਵਿਚ ਜਿਸ ਵਜਣਾ=ਉਘੜਨਾ ਹੈ, ਛਿਪੇ ਨਹੀਂ ਰਹਿਣਾ, ਸੋ ਹੈ ਜੀਵ ਦੇ ਅੰਦਰਲੀ ਨਿਯਤ ਯਾ ਭਾਵਨੀ ਜਿਸ ਨੂੰ ਧਾਰਕੇ ਕੰਮ ਕਰਦਾ ਹੈ। ਤਾਂਤੇ ਵਦੀ=(ਜੋ ਜੀਵ ਨੇ ਆਪਣੇ ਅੰਦਰ ਭਾਵਨੀ ਯਾ ਨਿਯਤ) ਠਟੀ ਹੈ ਯਾ ਧਾਰੀ ਹੈ। [ਵਦਨਾ=ਠਹਿਰਾਨਾ, ਨਿਯਤ ਕਰਨਾ, ਪਹਿਲੇ ਤੋਂ ਮੁਕਰਰ ਕਰਨਾ (ਹਿੰਦੀ ਕੋਸ਼)। ਵਦਣਾ=to determine (ਪੰਜਾਬੀ ਕੋਸ਼)]।ਇਸ ਅਰਥ ਦੇ ਹੱਲ ਕਰਨ ਵਿਚ ਦਾਨਿਆਂ ਨੇ ਚਾਰ

ਪੰਜ ਟੋਹਾਂ ਹੋਰ ਬੀ ਲਾਈਆਂ ਹਨ:-੧. ਵਦੀ=ਕ੍ਰਿਸ਼ਨਾ ਪਖ, ਸੁਵਜਗਿ=ਸ਼ੁਕਲਾ ਪਖ। ਭਾਵ ਕ੍ਰਿਸ਼ਨ ਕਰਮ-ਪਾਪ, ਸ਼ੁਕਲ ਕਰਮ-ਪੁੰਨ, ਅਰਥਾਤ ਪਾਪ ਪੁੰਨ (ਦੋਹਾਂ ਨੂੰ) ਕਰਤਾ ਵੇਖ ਰਿਹਾ ਹੈ (੧੯੫੬ ਬਿ:)। ੨. ਵਦੀ ਸੁ ਵਜਗਿ-ਜੋ ਠਟੀ ਗਈ ਹੈ (ਕਰਤਾਰ ਵਲੋਂ) ਸੋ ਪ੍ਰਗਟੇਗੀ। (੧੯੭੭ ਬਿ:)। ੩. ਜੀਵ ਨੇ ਜੋ ਕ੍ਰਿਯਾ ਕੀਤੀ ਅਥਵਾ ਜੋ ਕਰਨੀ ਇਸ ਤੋਂ ਹੋਈ। ੪. ਵਦੀ=(ਕਾਲ ਦਾ) ਵਾਜਾ (ਭੇਰੀ ਆਦਿ) (ਸੁ ਵਜਗਿ) ਜਦ ਵੱਜੇਗਾ।

[ਪਉੜੀ ਬਾਰ੍ਹਵੀਂ]

ਮੂਲ	ਅਰਥ
ਸਲੋਕੁ ਮਃ ੧ ॥ ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ ॥ ਤੂੰ ਕਰਤਾ ਕਰਣਾ ਮੈ ਨਾਹੀ ਜਾ ਹਉ ਕਰੀ ਨ ਹੋਈ ॥੧॥ ਬਲਿਹਾਰੀ ਕੁਦਰਤਿ ਵਸਿਆ ॥ ਤੇਰਾ ਅੰਤੁ ਨ ਜਾਈ ਲਖਿਆ ॥੧॥ ਰਹਾਉ ॥	(ਹੇ ਨਿਰੰਕਾਰ ! ਤੇਰੀ ਕੁਦਰਤ ਅਸਚਰਜ ਹੈ) ਸੁਖ (ਜਿਸ ਨੂੰ ਪਾਕੇ ਤੈਂ ਸੁਖ ਸਰੂਪ ਨਾਲ ਜੁੜਨਾ ਚਾਹੀਦਾ ਸੀ ਉਹ ਸੁਖ ਜੀਵਾਂ ਨੂੰ) ਰੋਗ ਹੋ ਢੁੱਕਾ ਹੈ (ਤੇ) ਦੁਖ (ਸਗੋਂ) ਦਾਰੂ ਹੋ ਗਿਆ ਹੈ*, ਜਦੋਂ (ਇਨ੍ਹਾਂ ਨੂੰ) ਸੁਖ ਹੁੰਦਾ ਹੈ ਤਦੋਂ (ਇਨ੍ਹਾਂ ਦੀ ਰੁਚੀ ਤੇਰੇ ਵਲ) ਨਹੀਂ ਹੁੰਦੀ (ਪਰ ਜਦੋਂ ਦੁਖ ਹੁੰਦਾ ਹੈ ਤਾਂ ਯਾਦ ਕਰਦੇ ਹਨ †, ਤੂੰਹੀ ਇਨ੍ਹਾਂ ਨੂੰ ਸੁਮਤਿ ਦੇਹ ਕਿਉਂਕਿ) ਤੂੰ (ਹੀ ਇਨ੍ਹਾਂ ਦਾ) ਕਰਤਾ ਹੈਂ, (ਜੋ ਚਾਹੇਂ ਸੋ) ਕਰਨੇ ਨੂੰ ਸਮਰਥ ਹੈਂ, ਮੈਂ (ਕੁਛ) ਨਹੀਂ, ਮੈਂ ਜੇ (ਕੋਈ ਜਤਨ) ਕਰਦਾ ਹਾਂ ਤਾਂ ਹੁੰਦਾ ਨਹੀਂ (ਮੈਂ ਤਾਂ ਤੈਥੋਂ) ਹੇ ਕੁਦਰਤ (ਸਾਜਕੇ ਫੇਰ ਇਸ ਦੇ) ਵਿਚੇ ਵੱਸ ਰਹੇ (ਨਿਰੰਕਾਰ ! ਸਦਕੇ ਹਾਂ, ਤੇਰਾ ਅੰਤ (ਮੈਥੋਂ) ਨਹੀਂ ਲਖਿਆ ਜਾਂਦਾ॥ ੧॥ ਰਹਾਉ॥

ਵਿਸ਼ੇਸ਼-ਇਨ੍ਹਾਂ ਤੁਕਾਂ ਦਾ ਭਾਵ ਐਉਂ ਵਧੇਰੇ ਸਪਸ਼ਟ ਹੁੰਦਾ ਹੈ-(ਹੇ ਨਿਰੰਕਾਰ ਤੇਰੀ ਕੁਦਰਤ ਵਿਚ ਅਸਚਰਜ ਰੰਗ ਹਨ) ਜਦੋਂ ਸੁਖ (ਸਮਝਕੇ ਸੁਖ ਕੱਠਾ ਕਰੀਦਾ ਹੈ) ਤਾਂ (ਉਹ ਸੁਖ) ਨਹੀਂ ਨਿਕਲਦਾ (ਉਹ) ਰੋਗ ਹੋ ਢੁੱਕਦਾ ਹੈ। (ਜਦੋਂ ਤੇਰੇ ਭਾਣੇ ਵਿਚ) ਦੁਖ (ਆਉਂਦਾ ਹੈ ਤੇ ਘਾਬਰੀਦਾ ਹੈ, ਓਹ ਸਗੋਂ) ਦਾਰੂ ਹੋਕੇ ਲਗਦਾ ਹੈ। (ਸੋ ਉਸ ਸੁਖ ਦਾ ਜੋ ਸੁਖ ਹੋਕੇ ਲੱਗੇ) ਕਰਤਾ ਤੂੰ ਹੈਂ, (ਉਹ ਸੁਖ ਸਾਨੂੰ ਤੂੰਹੋਂ) ਕਰਣਾ ਹੈ, ਮੈਂ (ਉਸ ਨੂੰ) ਨਹੀਂ (ਕਰ ਸਕਣਾ, ਕਿਉਂਕਿ) ਜਦ ਮੈਂ ਕਰਦਾ ਹਾਂ (ਉਹ) ਨਹੀਂ ਹੁੰਦਾ। (ਹੇ ਕੁਦਰਤ ਰਚਕੇ ਅਸੰਗ ਪਰ ਫੇਰ ਅਪਣੀ) ਕੁਦਰਤ ਦੇ ਵਿਚ ਵੱਸ ਰਹੇ (ਚੋਜੀ ! ਮੈਂ) ਸਦਕੇ ! ਤੇਰਾ ਅੰਤ (ਸਾਥੋਂ) ਲਖਿਆ ਨਹੀਂ ਜਾ ਸਕਦਾ।

ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ ਅਕਲ ਕਲਾ ਭਰਪੂਰਿ ਰਹਿਆ ॥	ਹਰ ਉਤਪਤ ਹੋਈ ‡ ਚੀਜ਼ ਵਿਚ (ਤੇਰੀ) ਜੋਤ ਹੈ (ਤੇ ਤੇਰੀ) ਜੋਤ ਵਿਚ ਏਹ ਸਾਰੀਆਂ ਉਤਪਤ ਹੋਈਆਂ ਚੀਜ਼ਾਂ ਹਨ, (ਇਸ ਤਰ੍ਹਾਂ ਤੂੰ) ਕਲਾ ਰੂਪ (=ਪਰਛਿੰਨ ਹੋਕੇ ਸਭਨਾ ਵਿਚ) ਭਰਪੂਰ ਹੁੰਦਾ ਹੋਇਆ (ਬੀ ਫੇਰ) ਅਕਲ (ਅਪ੍ਰਛਿੰਨ) ਹੈਂ। (ਤੇਰਾ ਅੰਤ

* ਦੁਖਾ ਤੇ ਸੁਖ ਉਪਜਹਿ ਸੂਖੀ ਹੋਵਹਿ ਦੂਖ॥ [ਪ੍ਰਭਾਤੀ ਮ: ੧-੨]
ਪੁਨਾ-ਸੂਖਹੁ ਦੂਖ ਭਏ ਨਿਤ ਪਾਪ ਕਮਾਇਣ॥ [ਆਸਾ ਮ: ੫, ਛੰਤ-੧੧]
† ਦੁਖੁ ਲਾਗੈ ਤਾ ਰਾਮੁ ਪੁਕਾਰਾ ਹੇ। [ਮਾਰੂ ਮ: ੧, ਸੋਲਹਾ, ੧੦-੧੩]
‡ ਭਾਵ ਹਰ ਵਜੂਦ ਵਿਚ ਤੇਰੀ ਜੋਤ ਹੈ ਤੇ ਤੇਰੀ ਜੋਤ ਵਿਚ (ਸਾਰੇ) ਵਜੂਦ ਹੈਨ। 'ਜਾਤਿ' ਪਦ ਦੀ ਵਿਤਪਤੀ ਤੇ ਅਰਥ ਲਈ ਦੇਖੋ ਪਉੜੀ ੭ ਦੀ ਨਿਰੁਕਤ ਪੰਨਾ ੨੯੭੧।

ਤੂੰ ਸਚਾ ਸਾਹਿਬੁ ਸਿਫਤਿ ਸੁਆਲਿ੍ਉ ਜਿਨਿ ਕੀਤੀ ਸੋ ਪਾਰਿ ਪਇਆ ॥ ਕਹੁ ਨਾਨਕ ਕਰਤੇ ਕੀਆ ਬਾਤਾ ਜੋ ਕਿਛੁ ਕਰਣਾ ਸੁ ਕਰਿ ਰਹਿਆ ॥੨॥

ਨਹੀਂ ਲਖਿਆ ਜਾ ਸਕਦਾ) ਤੂੰ ਸੱਚਾ ਮਾਲਕ ਹੈਂ, (ਤੇਰੀ) ਸਿਫਤ ਸਲਾਹ (ਸਭ ਤੋਂ ਸੁਹਣੀ ਵਸਤੂ ਹੈ) ਜਿਸ ਨੇ (ਇਹ) ਕੀਤੀ ਉਹ (ਸੰਸਾਰ ਸਮੁੰਦਰ ਤੋਂ) ਪਾਰ ਹੋ ਗਿਆ। ਹੇ ਨਾਨਕ ! ਤੂੰ ਕਰਤਾਰ ਦੀਆਂ ਗਲਾਂ ਕਹੁ* (ਭਾਵ ਉਸਦੀ ਸਿਫਤ ਸਲਾਹ ਕਰ, ਉਸ ਦੇ ਕਰਨਿਆਂ ਦੀ ਪੜਚੋਲ ਵਿਚ ਨਾ ਪਉ। ਜੋ ਕੁਛ (ਉਸ ਨੇ) ਕਰਨਾ ਹੁੰਦਾ ਹੈ ਸੋ (ਉਹ ਆਪ ਹੀ) ਪਿਆ ਕਰਦਾ ਹੈ ॥ ੨॥

ਮः ੨ ॥ ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਬ੍ਰਾਹਮਣਹ ॥ ਖਤ੍ਰੀ ਸਬਦੰ ਸੂਰ ਸਬਦੰ ਸੂਦ੍ਰ ਸਬਦੰ ਪਰਾ ਕ੍ਰਿਤਹ॥ ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ ॥ ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ ॥੩॥

ਜੋਗ (ਮਾਰਗ ਵਾਲਿਆਂ ਦਾ) ਧਰਮ ਗਿਆਨ (ਪ੍ਰਾਪਤੀ) ਦਾ ਧਰਮ ਹੈ, ਬ੍ਰਾਹਮਣਾਂ ਦਾ ਧਰਮ ਹੈ ਵੇਦ (ਦਾ ਅਭਯਾਸ)। ਖੱਤ੍ਰੀਆਂ ਦਾ ਧਰਮ ਹੈ ਸੂਰਮਗਤੀ ਵਾਲਾ ਧਰਮ ਤੇ ਸ਼ੂਦ੍ਰਾਂ ਦਾ ਧਰਮ ਹੈ ਪਰਾਈ ਕਿਰਤ ਕਰਨੀ। ਪਰ ਸਰਬ (ਧਰਮਾਂ) ਦਾ ਧਰਮ ਇਕ 'ਸ਼ਬਦ' (ਨਾਮ) ਹੈ, ਜੇ ਕੋਈ ਇਸ (ਸ਼ਬਦ=ਬ੍ਰਹਮ) ਦਾ ਭੇਦ ਜਾਣਦਾ ਹੋਵੇ, ਨਾਨਕ ਉਸ ਦਾ ਦਾਸ ਹੈ, ਉਹੀ ਮਾਯਾ ਰਹਿਤ ਤੇ ਪ੍ਰਕਾਸ਼ ਸਰੂਪ ਹੈ॥ ੩॥

ਮः੨॥ ਏਕ ਕ੍ਰਿਸਨੰ ਸਰਬ ਦੇਵਾਦੇਵ ਦੇਵਾਤ ਆਤਮਾ ॥ ਆਤਮਾ ਬਾਸੁਦੇਵਸਿ੍ ਜੇ ਕੋ ਜਾਣੈ ਭੇਉ ॥ ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ ॥੪॥

ਇਕ ਬ੍ਰਹਮ ਸਾਰੇ (ਦੇਵਾਦੇਵ=) ਦੇਵਤਿਆਂ ਤੇ ਅਦੇਵਾਂ ਦਾ ਪ੍ਰਕਾਸ਼ ਸਰੂਪ ਆਤਮਾ ਹੈ। (ਫੇਰ ਉਹੀ) ਆਤਮਾ ਬ੍ਰਹਮ ਦਾ (ਅਪਣਾ ਰੂਪ ਹੈ, ਇਸ) ਭੇਤ ਨੂੰ ਜੇ ਕੋਈ ਜਾਣ ਲਵੇ ਤਾਂ ਉਹੀ ਮਾਯਾ ਰਹਿਤ ਪ੍ਰਕਾਸ਼ ਸਰੂਪ ਹੋ ਜਾਂਦਾ ਹੈ ਨਾਨਕ ਉਸ ਦਾ ਦਾਸ ਹੈ † ॥ ੪॥

ਮः ੧ ॥ ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ ॥ ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ ॥੫॥

ਘੜੇ ਦਾ ਬੰਨਿ੍ਆ ਹੋਇਆ ਪਾਣੀ ਟਿਕਿਆ ਰਹਿੰਦਾ ਹੈ, (ਪਰ) ਘੜਾ ਪਾਣੀ ਤੋਂ ਬਿਨਾ ਨਹੀਂ ਬਣਦਾ। ਗਿਆਨ ਦਾ ਬੱਧਾ ਮਨ ਟਿਕ ਜਾਂਦਾ ਹੈ (ਪਰ ਮਨ ਤੋਂ ਬਿਨਾ ਗਯਾਨ ਦੀ ਪ੍ਰਾਪਤੀ ਨਹੀਂ ਹੋ ਸਕਦੀ; ਫੇਰ) ਗੁਰੂ ਤੋਂ ਬਿਨਾਂ (ਉਹ) ਗਿਆਨ (ਜਿਸ ਨਾਲ ਕਿ ਮਨ ਟਿਕਦਾ ਹੈ) ਪ੍ਰਾਪਤ ਨਹੀਂ ਹੁੰਦਾ (ਪਰ ਬਿਨਾ ਗਿਆਨ ਦੇ ਗੁਰੂ ਪ੍ਰਾਪਤ ਨਹੀਂ ਹੁੰਦਾ)॥ ੫॥

ਵ੍ਯਾਖ੍ਯਾ-ਇਸ ਦੋ ਸਤਰੇ ਸ਼ਲੋਕ ਵਿਚ ਭਾਵ ਬਹੁਤ ਵਡਾ ਸਾਰਾ ਹੈ। ਵਿਚ ਲੁਪਤੀਆਂ ਹਨ, ਜਿਨ੍ਹਾਂ ਦਾ ਅਧ੍ਯਾਹਾਰ ਵਿਚੋਂ ਹੀ ਕਿਆਸ ਹੋ ਜਾਂਦਾ ਹੈ, ਉਨ੍ਹਾਂ ਅਧ੍ਯਾਹਾਰ ਕਰਨੇ ਨਾਲ ਅਰਥ ਭਾਵ ਖੁੱਲ੍ਹ ਆਉਂਦਾ ਹੈ [ਦ੍ਰਿਸ਼ਟਾਂਤ] - ਜਿਵੇਂ ਪਾਣੀ ਨੂੰ ਟਿਕਾਕੇ ਰੱਖਣ ਵਾਲਾ ਘੜਾ ਹੈ, ਪਰ ਘੜੇ ਦੀ

---

* ਮੈ ਗੁਣ ਗਲਾ ਕੇ ਸਿਰਿ ਭਾਰ॥ ਗਲੀ ਗਲਾ ਸਿਰਜਣਹਾਰ॥ [ਆਸਾ ਮ: ੧-੯
ਭਾਵ ਸਭ ਤੋਂ ਸ੍ਰੇਸ਼ਟ ਗਲਾਂ ਵਾਹਿਗੁਰੂ ਦੀਆਂ ਹਨ।

† (ਅ) ਸਰਬ ਦੇਵਾਂ ਦਾ ਦੇਵ ਇਕ ਕ੍ਰਿਸ਼ਨ (=ਬ੍ਰਹਮ) ਹੈ, ਫਿਰ (ਉਹੀ) ਦੇਵਤਿਆਂ ਦਾ ਆਤਮਾ ਹੈ, (ਉਹੀ) ਆਤਮਾ (ਫਿਰ) ਪਰਮਾਤਮਾ ਦਾ ਆਪਣਾ ਆਪ ਹੈ) ਆਦਿ। (ੲ) ਇਕ ਹੈ ਬ੍ਰਹਮ, ਜੋ ਦੇਵੀਤਆਂ, ਅਦੇਵਾਂ, (ਦੇਵਾਤ) ਤੇਜੱਸ੍ਵੀਆਂ, ਸਭ ਦੀ ਆਤਮਾ ਹੈ, ਆਤਮਾ (ਫਿਰ) ਬ੍ਰਹਮ ਹੈ। ਇਸੀ ਤਰ੍ਹਾਂ ਤ੍ਰੈ ਭਿੰਨਤਾ ਵਾਲੇ ਅਰਥ ਬੀ ਗ੍ਯਾਨੀ ਕਰਦੇ ਹਨ, ਪਰ ਭਾਵ ਇਕੋ ਹੈ ਜੋ ਗੁਰਬਾਣੀ ਦੀ ਇਸ ਤੁਕ ਵਿਚ ਹੈ:-
ਆਤਮ ਮਹਿ ਰਾਮੁ ਰਾਮ ਮਹਿ ਆਤਮੁ ਚੀਨਸਿ ਗੁਰ ਬੀਚਾਰਾ॥ [ਭੈਰਉ ਮ: ੧, ਅਸਟਪਦੀ-੧

ਬਣਤਰ ਵਿਚ ਪਾਣੀ ਦਾ ਹਿੱਸਾ ਹੈ। [ਦਾਰਸ਼ਟਾਂਤ] -ਤਿਵੇਂ ਮਨ ਨੂੰ ਟਿਕਾਉਣ ਵਾਲੀ ਵਸਤੂ ਗਿਆਨ ਹੈ, ਪਰ ਮਨ ਹੀ ਗਜਾਨੇਂਦ੍ਰਯ ਹੈ [ਮਨ੍=ਗਜਾਨੇ] । ਹੋਰ ਇੰਦ੍ਰੇ ਗਜਾਨ ਦੇ ਇੰਦ੍ਰੇ ਨਹੀਂ ਹਨ। ਫੇਰ ਮਨ ਚਾਹੋ ਗਜਾਨੇਂਦ੍ਰਯ ਹੈ, ਪਰ ਇਸ ਨੂੰ ਟਿਕਾਉ ਦੇਣ ਵਾਲਾ ਗਿਆਨ ਗੁਰੂ ਤੋਂ ਮਿਲਦਾ ਹੈ, ਪਰ ਜੇ ਮਨ ਵਿਚ 'ਗੁਰੂ ਸਿਆਣ' ਮਾਤ੍ਰ ਦਾ ਪਹਿਲੋਂ ਗਜਾਨ ਨਾ ਹੋਵੇ ਤਾਂ ਮਨ ਗੁਰੂ ਗਜਾਨ ਨੂੰ ਸ੍ਵੀਕਾਰ ਕਿਵੇਂ ਕਰੇ।

ਪਉੜੀ॥ਪੜਿਆ ਹੋਵੈ ਗੁਨਹਗਾਰੁ ਤਾ ਓਮੀ ਸਾਧੁ ਨ ਮਾਰੀਐ ॥

(ਜੇ ਇਕ) ਪੜ੍ਹਿਆ ਹੋਇਆ (ਆਦਮੀ) ਪਾਪੀ ਹੋਵੇ (ਤੇ ਇਕ) ਅਨਪੜ੍ਹ (ਹੋਵੇ ਪਰ ਹੋਵੇ) ਸਾਧੂ (ਭਲਾ, ਨਿਸ਼ਪਾਪ) ਤਾਂ (ਉਸ ਅਨਪੜ੍ਹ ਨੂੰ ਇਸ ਕਰਕੇ ਤਾਂ ਦਰਗਾਹੇ) ਮਾਰ ਨਹੀਂ ਪੈਣੀ (ਕਿ ਉਹ ਅਨਪੜ੍ਹ ਹੈ ਤੇ ਪੜ੍ਹਿਆ ਹੋਇਆ ਛੱਡਿਆ ਨਹੀਂ ਜਾਣਾ ਕਿ ਉਹ ਪੜ੍ਹਿਆ ਹੋਇਆ ਹੈ। ਪ੍ਰਤੱਖ ਦੇਖ ਲਓ ਕਿ) ਜੇਹੋ ਜੇਹੇ ਕੋਈ ਕਰਮ ਕਰਦਾ ਹੈ (ਏਥੇ ਹੀ) ਓਹੋ ਜਿਹਾ (ਉਸ ਦਾ) ਨਾਂ ਪ੍ਰਸਿੱਧ ਹੋ ਜਾਂਦਾ ਹੈ। (ਭਾਵ ਪੜ੍ਹਿਆ ਅਨਪੜ੍ਹਿਆ ਕਰਤੂਤਾਂ ਮੂਜਬ ਚੰਗਾ ਮੰਦਾ ਸਦਾਉਂਦਾ ਹੈ। ਇਸ ਲਈ ਇਸ ਜਗਤ ਵਿਚ ਜੀਉਂਦਿਆਂ) ਐਸੀ ਖੇਡ ਨਹੀਂ ਖੇਡਣੀ ਚਾਹੀਦੀ ਕਿ ਜਿਸ ਨਾਲ ਦਰਗਾਹੇ ਜਾਕੇ ਹਾਰ ਜਾਈਏ। ਅਗੇ ਤਾਂ ਪੜ੍ਹਿਆਂ ਤੇ ਅਨਪੜ੍ਹਿਆਂ ਦੀ ਵੀਚਾਰ (ਕਰਮਾਂ ਅਨੁਸਾਰ) ਵੀਚਾਰੀ ਜਾਵੇਗੀ। (ਕਰਮੀ ਕਰਮੀ ਹੋਇ ਵੀਚਾਰੁ॥ ਸਚਾ ਆਪਿ ਸਚਾ ਦਰਬਾਰੁ॥) ਜੋ ਮੂੰਹ ਜ਼ੋਰ ਹੋਕੇ (ਏਥੇ) ਚਲਦਾ ਹੈ ਉਹ ਅਗੇ ਜਾਕੇ ਮਾਰੀਦਾ ਹੈ॥ ੧੨॥

ਜੇਹਾ ਘਾਲੇ ਘਾਲਣਾ ਤੇਵੇਹੋ ਨਾਉ ਪਚਾਰੀਐ॥ ਐਸੀ ਕਲਾ ਨ ਖੇਡੀਐ ਜਿਤੁ ਦਰਗਹ ਗਇਆ ਹਾਰੀਐ ॥ ਪੜਿਆ ਅਤੈ ਓਮੀਆ ਵੀਚਾਰੁ ਅਗੈ ਵੀਚਾਰੀਐ ॥ ਮੁਹਿ ਚਲੈ ਸੁ ਅਗੈ ਮਾਰੀਐ ॥੧੨॥

ਪਉੜੀ ਤੇ ਸਲੋਕਾਂ ਦਾ ਸੰਮੇਲਨ-ਇਸ ੧੨ਵੀਂ ਪਉੜੀ ਵਿਚ ਤੁਕ ਆਈ ਹੈ:-

'ਐਸੀ ਕਲਾ ਨ ਖੇਡੀਐ ਜਿਤੁ ਦਰਗਹ ਗਇਆ ਹਾਰੀਐ '॥

ਪਹਿਲੇ ਜੋ ਪੰਜ ਸਲੋਕ ਰਖੇ ਗਏ ਹਨ ਜਾਚ ਦੱਸਦੇ ਹਨ ਦਰਗਾਹ ਜਾਕੇ ਜਿੱਤੇ ਹੋਇਆਂ ਵਿਚ ਗਿਣੇ ਜਾਣ ਦੀ। ਕਿਉਂਕਿ ਅੱਗੇ ਪੜ੍ਹੇ ਅਨਪੜ੍ਹੇ ਦਾ ਲਿਹਾਜ਼ ਨਹੀਂ, ਓਥੇ 'ਅਗੈ ਕਰਣੀ ਕੀਰਤਿ ਵਾਚੀਐ' ਹੁੰਦਾ ਹੈ। ਉਸੇ ਕਰਣੀ ਦੀ ਵਜਾਖਜਾ ਹੈ ਪੰਜਾਂ: ਸ਼ਲੋਕਾਂ ਵਿਚ।

ਪਉੜੀ ੧੧ ਵਿਚ ਪੁਰਖ ਦੱਸੇ ਸਨ, ਜਿਨ੍ਹਾਂ ਨੇ ਅਪਣੇ ਆਪ ਨੂੰ ਖੁਆਇਆ (=ਗੁਆ ਲਿਆ) ਹੈ, ਓਹ ਕੀਕੂੰ ਸੰਵਰਦੇ ਹਨ?

ਸੁਖਾਂ ਵਿਚ ਮਸਤ ਹੋ ਜੀਵ ਪਾਪ ਕਰਦਾ ਮਾਨੋਂ ਰੋਗੀ ਹੋ ਜਾਂਦਾ ਹੈ, ਏਹ ਰੋਗ ਯਾ ਦੁਖ ਪਛੁਤਾਵਾ ਪੈਦਾ ਕਰਕੇ ਭੋਗਾਂ ਤੇ ਪਾਪਾਂ ਤੋਂ ਮੂੰਹ ਮੋੜਦਾ ਤੇ ਸ਼ੁਭ ਕਰਨੀ ਵਲ ਪ੍ਰੇਰਦਾ ਹੈ, ਇਸ ਉਲਟਵੇਂ ਅਸਰ ਨੂੰ ਦੇਖਕੇ ਕਾਦਰ ਤੋਂ, ਜੋ ਕੁਦਰਤ ਵਿਚ ਵਸ ਰਿਹਾ ਹੈ, ਬੇਅੰਤ ਕਹਿਕੇ ਬਲਿਹਾਰ ਜਾਂਦੇ ਹਨ।

ਦੂਜੇ ਸਲੋਕ ਵਿਚ ਉਹ ਭਾਵ ਸਿਫਤ ਸਲਾਹ ਦਾ ਜਾਰੀ ਹੈ ਤੇ ਇਹੋ ਮਾਰਗ ਕਲਜਾਣ ਦਾ ਦੱਸਿਆ ਹੈ। ਤੀਸਰੇ ਸਲੋਕ ਵਿਚ ਵਖਰੇ ਵਖਰੇ ਧਰਮ: ਜੋਗੀ, ਬ੍ਰਾਹਮਣ ਆਦੀ ਦੇ ਦੱਸਕੇ ਸਭ ਸ੍ਰਿਸ਼ਟੀ ਦਾ ਧਰਮ, ਸ਼ਬਦ (=ਨਾਮ) ਦੱਸਿਆ। ਗੋਯਾ ਦੋਹਾਂ ਸ਼ਲੋਕਾਂ ਵਿਚ ਸਿਫਤ ਸਲਾਹ ਤੇ ਨਾਮ ਦਾ ਉਪਦੇਸ਼ ਦਿੱਤਾ।

ਚੌਥੇ ਸਲੋਕ ਵਿਚ ਗਜਾਨ ਦਾ ਨਕਸ਼ਾ ਬੱਧਾ ਕਿ ਵਜਾਪਕ ਪ੍ਰਭੂ ਨੂੰ ਜਾਣ ਲੈਣਾ ਪਰਮਾਤਮ ਸਰੂਪਤਾ ਤੱਕ ਅੱਪੜ ਪੈਣਾ ਹੈ। ਪੰਜਵੇਂ ਸਲੋਕ ਵਿਚ ਦੱਸਿਆ ਕਿ ਚੌਥੇ ਵਿਚ ਦੱਸਿਆ ਗਿਆਨ ਤੇ ਤੀਜੇ ਵਿਚ ਦੱਸਿਆ ਨਾਮ ਤੇ ਦੂਜੇ ਵਿਚ ਦੱਸੀ ਸਿਫਤ ਸਲਾਹ ਗੁਰੂ ਤੋਂ ਪ੍ਰਾਪਤ ਹੁੰਦੀ ਹੈ, ਜੋ ਦਿਖਾ ਦੇਂਦਾ

ਹੈ ਕਿ ਤੇਰੇ ਭੋਗਾਂ ਨੇ ਦੁਖ ਆਂਦੇ, ਦੁਖ ਪਾਕੇ ਸੁਖ ਵਲ ਰੁਖ਼ ਕਰ ਤੇ ਸਿਫਤ ਸਲਾਹ ਨਾਮ ਤੇ ਗਯਾਨ ਦੇ ਰਸਤੇ ਪਉ। ਸੋ ਸ਼੍ਰੋਤਾ ਪੰਜੇ ਸਲੋਕ ਸੁਣਕੇ ਉਹ ਕੁਛ ਜਾਣ ਗਿਆ ਹੈ ਜੋ ਕੁਛ ਕਿ ਪਉੜੀ ਵਿਚ ਦੱਸਿਆ ਹੈ ਕਿ ਐਸੀ ਕਲਾ ਖੇਡੋ ਜਿਸ ਨਾਲ ਦਰਗਾਹੇ ਜਿੱਤੇ ਹੋਏ ਜਾਓ ਤੇ 'ਐਸੀ ਕਲਾ ਨ ਖੇਡੀਐ ਜਿਤੁ ਦਰਗਹ ਗਇਆ ਹਾਰੀਐ॥੩

ਨਿਰੁਕ੍-ਤਾਮਿ ਨ ਹੋਈ-ਤਦੋਂ ਨਹੀਂ ਹੁੰਦੀ। ਇਸ ਤੁਕ ਦੇ ਅਰਥਾਂ ਵਿਚ ਕਠਨਤਾ 'ਤਾਮਿ ਨ ਹੋਈ' ਤੋਂ ਪੈਂਦੀ ਹੈ। ਤਾਮਿ ਦਾ ਅਰਥ ਹੈ 'ਤਾਂ', ਨ ਹੋਈ=ਨਹੀਂ ਹੁੰਦੀ। ਪ੍ਰਸ਼ਨ ਹੁੰਦਾ ਹੈ ਕਿ ਕੀਹ ਨਹੀਂ ਹੁੰਦੀ? ਇਹ ਗੱਲ ਦੱਸੀ ਨਹੀ ਹੋਈ. ਸੋ ਅਧਯਾਹਾਰ ਦੀ ਲੋੜ ਪੈਂਦੀ ਹੈ ਤੇ 'ਰੁਚੀ' ਯਾ 'ਇੱਛਾ' ਪਦ ਦਾ ਅਧਯਾਹਾਰ ਠੀਕ ਢੁੱਕਦਾ ਹੈ ਤੇ ਅਰਥ ਸਾਫ ਹੋ ਜਾਂਦਾ ਹੈ। ਪਰ ਕਈ ਇਥੇ ਅਧਯਾਹਾਰ 'ਦੁਖ' ਦਾ ਕਰਦੇ ਹਨ ਤੇ ਸੁਖ ਦਾ ਅਰਥ ਆਤਮ ਸੁਖ ਲਾਉਂਦੇ ਹਨ। ਅਰਥਾਤ ਜਾਂ ਆਤਮ ਸੁਖ ਹੋਇਆ ਤਾਂ ਦੁਖ ਨਹੀਂ ਹੁੰਦਾ। ਕਈ 'ਪਰਮੇਸ਼ੁਰ' ਦਾ ਅਧਯਾਹਾਰ ਕਰਦੇ ਹਨ।

ਕਿਵੇਂ ਅਧਯਾਹਾਰ ਤੋਂ ਬਿਨਾਂ ਬੀ ਅਰਥ ਬਣ ਸਕੇ, ਪੁਰਾਤਨ ਦਾਨੇ 'ਤਾਮਿ' ਪਦ ਨੂੰ 'ਹੋਈ' ਦਾ ਕਰਤਾ ਕਾਰਕ ਰੱਖਕੇ ਘੁੰਡੀ ਖੋਹਲਦੇ ਹੁੰਦੇ ਸਨ। ਤਾਮਿ=ਤਮਆ=ਭਾਵ ਇਛਾ। ਤਾਮਿ ਨ ਹੋਈ=ਇੱਛਾ ਨਹੀਂ ਹੁੰਦੀ। ਯਾ ਐਉਂ:- ਤਾ+ਆਮਿ=(ਤਾਂ=ਤਦੋਂ। ਆਮਯ=ਰੋਗ) ਤਾਂ ਰੋਗ ਨਹੀਂ ਹੁੰਦਾ। ਅਰਥਾਤ ਜਦ (ਆਤਮ) ਸੁਖ ਹੋ ਜਾਏ ਤਾਂ ਫੇਰ ਰੋਗ ਨਹੀਂ ਹੁੰਦਾ।

ਸੰਪ੍ਰ: ਗਯਾਨੀ ਇਸ ਦੇ ਭਾਵ ਵਿਚ ਬੀ ਵਿਲੱਖਣਤਾ ਕਰਦੇ ਹਨ:-

੧. 'ਵਿਸ਼ੇ ਸੁਖ' ਰੋਗ ਤੇ 'ਸਰੀਰਕ ਮਾਨਸਿਕ ਦੁਖ' ਜੋ ਵਿਸ਼ਿਆਂ ਦਾ ਫਲ ਹਨ ਦਾਰੂ।

੨. 'ਵਿਸ਼ੇ ਸੁਖ' ਰੋਗ ਤੇ 'ਜਪ ਤਪ ਸਾਧਨ ਦਾਰੂ' ਜੋ ਦੁੱਖ ਰੋਗ ਨੂੰ ਕੱਟਦੇ ਹਨ।

੩. 'ਦੁਖ' (ਜਨਮ ਮਰਨ ਦਾ) ਰੋਗ ਭਇਆ ਤੇ 'ਸੁਖ' (ਨਾਮ ਦਾ) ਦਾਰੂ ਭਇਆ। ਜਦੋਂ ਇਹ ਸੁਖ (ਨਾਮ ਦਾ) ਹੋਇਆ ਤਾਂ ਫੇਰ ਰੋਗ (ਜਨਮ ਮਰਨ) ਦਾ ਨਾਂ ਹੋਇਆ।

ਕਲਾ-ਕਲਾ ਸੰਸਕ੍ਰਿਤ ਪਦ ਹੈ, ਇਸ ਦਾ ਅਰਥ ਹੈ ਕਿਸੇ ਸ਼ੈ ਦਾ ਕੋਈ ਹਿੱਸਾ ਯਾ ਭਾਗ ਯਾ ਟੁਕੜਾ। ਵਾਹਿਗੁਰੂ ਦੀ ਜੋਤਿ ਹਰ ਉਪਜੀ ਸ਼ੈ ਵਿਚ-ਜੋ ਇਕ ਦੂਜੇ ਤੋਂ ਜੁਦਾ ਹਨ-ਜਦ ਵਯਾਪਕ ਹੋਏਗੀ ਤਾਂ ਜੋਤ ਦੇ ਮਾਨੋ ਹਿੱਸੇ ਹੋ ਹੋਕੇ ਇਕ ਇਕ ਵਿਚ ਵਯਾਪਣਗੇ। ਐਉਂ ਉਹ ਪ੍ਰਛਿੰਨ ਅਰਥਾਤ ਹਿੱਸਿਆਂ ਜਾਂ ਟੁਕੜਿਆਂ ਵਾਲਾ ਹੋ ਜਾਏਗਾ, ਪਰ ਉਸ ਦੀ ਅਚਰਜ ਰੂਪਤਾ ਇਹ ਹੈ ਕਿ ਉਹ ਇਉਂ ਹਰ ਹਰ ਵਿਚ 'ਕਲਾ' ਵਿਚ ਵੰਡਿਆ ਜਾਕੇ ਭਰਪੂਰ ਹੁੰਦਾ ਹੋਇਆ ਫਿਰ 'ਅਕਲ' ਅਰਥਾਤ-ਟੁਕੜੇ ਰਹਿਤ ਅਪ੍ਰਛਿੰਨ-ਨਿਰ ਅਵਯਵ ਹੈ। ਇਸ ਤੁਕ ਦਾ ਅਰਥ ਗੁਰ ਨਾਨਕ ਦੇਵ ਜੀ ਨੇ ਆਪ ਐਉਂ ਕੀਤਾ ਹੈ:-

ਜਹ ਜਹ ਦੇਖਾ ਤਹ ਜੋਤਿ ਤੁਮਾਰੀ ਤੇਰਾ ਰੂਪ ਕਿਨੇਹਾ॥
ਇਕਤੁ ਰੂਪ ਫਿਰਹਿ ਪਰਛੰਨਾ ਕੋਇ ਨ ਕਿਸਹੀ ਜੇਹਾ॥
ਅੰਡਜ ਜੇਰਜ ਉਤਭੁਜ ਸੇਤਜ ਤੇਰੇ ਕੀਤੇ ਜੰਤਾ॥
ਏਕੁ ਪੁਰਬੁ ਮੈ ਤੇਰਾ ਦੇਖਿਆ ਤੂ ਸਭਨਾ ਮਾਹਿ ਰਵੰਤਾ॥　　[ਸੋਰਠਿ ਮ: ੧-੪]

(ਅ) ਅਕਲ=ਸ਼ਕਤੀ ਰਹਿਤ, ਨਿਰਗੁਣ। ਕਲਾ=ਸ਼ਕਤੀ ਸੰਯੁਕਤ, ਸਰਗੁਣ। ਕਲਾ ਦਾ ਅਰਥ ਗੁਣ ਤੇ ਖੇਡ ਆਦਿ ਹੋਰ ਵੀ ਹਨ।

ਧਰਮੁ-ਦਾਤਾ ਦੀ ਆਗਯਾ ਤੋਂ ਧਰਮ ਬਿਵਸਥਾ ਬੱਝਦੀ ਹੈ, ਆਗਯਾ ਸ਼ਬਦ ਦੁਆਰਾ ਹੁੰਦੀ ਹੈ ਸੋ ਇਸ ਲੱਛਣਾ (ਬ੍ਰਿਤੀ) ਕਰਕੇ ਸ਼ਬਦ ਦਾ ਅਰਥ ਧਰਮ ਬੀ ਹੁੰਦਾ ਹੈ।　　[ਗੁ: ਗ੍ਰੰਥ ਕੋਸ਼]

ਯਥਾ:-ਸਭੁ ਤੇਰਾ ਸਬਦੁ ਵਰਤੈ ਉਪਾਵਣਹਾਰਿਆ॥　　[ਸੋਰਠਿ ਵਾਰ ਮਹਲਾ ੪-੧]

ਪਰਾਕ੍ਰਿਤਹ-ਕਈ ਸਿਆਣੇ ਇਸ ਪਦ ਵਿਚ ਵੈਸ਼ ਧਰਮ ਬੀ ਸਮਝਦੇ ਹਨ। ਪਰਾਕ੍ਰਿਤਹ ਨੂੰ ਸ਼ਲੇਖ-ਲੈਂਦੇ ਹਨ। ਪਰਾਈ ਕਿਰਤ ਕਰਨੀ ਸ਼ੂਦ੍ਰ ਦਾ ਧਰਮ ਹੈ ਤੇ (ਪਰਾ ਕ੍ਰਿਤ) ਭਲੀ ਕ੍ਰਿਤ (ਵਪਾਰ ਖੇਤੀ ਆਦਿ) ਜੋ ਕਰੇ ਸੋ ਵੈਸ਼।

ਕ੍ਰਿਸ਼ਨੰ-ਕ੍ਰਿਸ਼ਨ ਪਦ ਦਾ ਇਕ ਅਰਥ ਬ੍ਰਹਮ ਹੈ ਤੇ ਦੂਜਾ ਗੀਤਾ ਵਾਲੇ ਸ੍ਰੀ ਕ੍ਰਿਸ਼ਨ ਜੀ। ਕ੍ਰਿਸ਼ਨ ਦਾ ਪਦ ਅਰਥ ਜੇ ਗੀਤਾ ਵਾਲੇ ਕ੍ਰਿਸ਼ਨ ਜੀ ਹੋਵੇ ਤਾਂ ਇਹ ਪਦ ਪੁਲਿੰਗ ਹੈ। ਪਰ ਇਥੇ 'ਕ੍ਰਿਸ਼ਨੰ' ਟਿੱਪੀ ਨਾਲ ਹੈ। ਇਹ ਨਿਪੁੰਸਕ ਲਿੰਗ ਵਿਚ ਹੈ। ਬ੍ਰਹਮ ਪਦ ਬੀ ਨਿਪੁੰਸਕ ਹੈ। ਤਾਂ ਤੇ ਕ੍ਰਿਸ਼ਨ ਪਦ ਦੇ ਦੋ ਅਰਥਾਂ ਵਿਚੋਂ ਏਥੇ 'ਬ੍ਰਹਮ' ਅਰਥ ਲੈਣਾ ਠੀਕ ਹੈ। ਕ੍ਰਿਸ਼ਨ ਪਦ ਦਾ ਬ੍ਰਹਮ ਅਰਥ ਇਸ ਪ੍ਰਮਾਣ ਕਰਕੇ ਬੀ ਹੈ, ਯਥਾ:-

'ਕ੍ਰਿਖਿਰ੍ ਭੂ ਵਾਚਕ: ਸ਼ਬਦ: ਣਸ੍ਚ ਨਿਰਿਵ੍ਰਿਤੀ ਵਾਚਕ:।
ਤਯੋਰੈਕ੍ਯੰ ਪਰੰ ਬ੍ਰਹਮ ਕ੍ਰਿਖ੍ਣ ਇਤ੍ਯਭਿਧੀਯਤੇ।' [ਸ੍ਰੀ ਧਰ। ਦੇਖੋ ਗੁਰੂ ਗ੍ਰੰਥ ਕੋਸ਼]

ਅਰਥਾਤ-ਹੋਣਾ ਔਰ ਨਵਿਰਤੀ, ਇਨ੍ਹਾਂ ਦੀ ਜੋ ਏਕਤਾ ਹੈ, ਉਸ ਪਰੰਬ੍ਰਹਮ ਦਾ ਵਾਚਕ ਕ੍ਰਿਸ਼ਨ ਪਦ ਹੈ। ਭਾਵ ਪਾਰਬ੍ਰਹਮ ਦਾ ਨਾਮ ਕ੍ਰਿਸ਼ਨ ਹੈ।

ਦੇਵਾਦੇਵ-ਦੇਵ+ਅਦੇਵ=ਦੇਵਾਦੇਵ। ਦੇਵਤਿਆਂ ਤੇ ਅਦੇਵਾਂ।

ਦੇਵਾਤ ਆਤਮਾ-ਦੇਵਾਤਮਨ=ਪ੍ਰਕਾਸ਼ ਸਰੂਪ ਆਤਮਾ।

ਵਾਸੁਦੇਵ-ਇਕ ਅਰਥ ਹੈ ਵਸੁਦੇਵ ਦਾ ਪੁਤ੍ਰ-ਕ੍ਰਿਸ਼ਨ। ਦੂਸਰਾ ਅਰਥ ਹੈ ਸਰਬ ਵਜਾਪਕ ਬ੍ਰਹਮ। [ਵਸ੍=ਨਿਵਾਸੇ ਧਾਤੂ ਹੈ] । ਗੁਰੂ ਜੀ ਨੇ ਲਿਖਿਆ ਹੈ:-

ਵਾਸੁਦੇਵ ਸਰਬਤ੍ਰ ਮੈ ਊਨ ਨ ਕਤਹੂ ਠਾਇ॥ [ਗਉੜੀ ਬਾ: ਅ:-੪੬]

ਵਿਸ਼ਨੂੰ ਪੁਰਾਣ ਵਿਚ ਬੀ ਇਹੋ ਅਰਥ ਕੀਤੇ ਹਨ। ਯਥਾ:-

सर्वत्रासौ समस्तं च वसत्यत्रेति वैयत:॥ तत: स वासु देवेति विद्वद्भि: परि पठ्यते॥

[ਵਿਸ਼ਨੂੰ ਪੁਰਾਣ ਅਸ਼:੧, ਅ:੨, ਅੰਕ੧੨]

ਅਰਥਾਤ-ਉਹ ਸਰਵਤ੍ਰ ਹੈ ਅਤੇ ਉਸ ਵਿਚ ਸਮਸਤ ਵਿਸ਼੍ਵ ਵਸਿਆ ਹੋਇਆ ਹੈ, ਇਸ ਵਾਸਤੇ ਵਿਦਵਾਨ ਉਸ ਨੂੰ ਵਾਸੁਦੇਵ ਕਹਿੰਦੇ ਹਨ।

ਓਮੀ- [ਅਰਬੀ, ਉਮੀ=ਅਨਪੜ੍ਹ] ਲੁਗਾਤਾਂ ਵਿਚ ਲਿਖਿਆ ਹੈ ਕਿ 'ਉਮ' ਨਾਮ ਹੈ 'ਮਾਂ' ਦਾ। ਜਿਸ ਬੱਚੇ ਦਾ ਪਿਤਾ ਛੋਟੀ ਉਮਰੇ ਗੁਜ਼ਰ ਜਾਵੇ ਤੇ ਮਾਂ ਕੋਲ ਹੀ ਪਲੇ ਤੇ ਪੜ੍ਹਨੋਂ ਲਿਖਣੋਂ ਰਹਿ ਜਾਵੇ, ਉਸ ਨੂੰ ਉੱਮੀ ਕਹਿੰਦੇ ਹਨ। ਆਮ ਅਰਥ ਹਨ-ਅਨਪੜ੍ਹ।

ਘਾਲੇ ਘਾਲਣਾ-ਘਾਲ ਘਾਲੇ, ਮਿਹਨਤ ਕਰੇ, ਕੰਮ ਕਰੇ, ਅਮਲ ਕਰੇ।

ਕਲਾ ਨ ਖੇਡੀਐ-ਦਾ ਭਾਵ ਹੈ ਕਰਮ ਨਾ ਕਰੀਏ, ਖੇਡ ਨਾ ਖੇਡੀਏ। ਪਰ ਕਲਾ ਨ ਖੇਡੀਐ ਵਿਚ ਧੁਨੀ ਹੈ:ਕਲਾ ਨਾਲ ਕੀਤੇ ਕੰਮ, ਚਲਾਕੀਆਂ ਤੇ ਹੁਸ਼ਿਆਰੀਆਂ ਨਾਲ ਕੀਤੇ ਕੰਮ ਤੇ ਉਨ੍ਹਾਂ ਨੂੰ ਕਰਕੇ ਖੇਡ ਤਮਾਸ਼ੇ ਵਾਂਙੂ ਕਰਨ ਵਾਲਾ ਖੁਸ਼ ਹੁੰਦਾ ਹੈ ਕਿ ਚਾਲਾਕੀ ਸਿਰੇ ਚੜ੍ਹੀ, ਐਸੇ ਕੰਮ ਨਾ ਕਰੀਏ।

ਮੁਹਿ ਚਲੈ-ਜੋ ਮੁਤਾਣਾ, ਮੂੰਹ ਜ਼ੋਰ ਹੋਕੇ ਟੁਰੇ।

[ਪਉੜੀ ਤੇਰ੍ਹਵੀਂ]

ਮੂਲ	ਅਰਥ
ਸਲੋਕੁ ਮਃ ੧ ॥ ਨਾਨਕ ਮੇਰੁ ਸਰੀਰ ਕਾ ਇਕੁ ਰਥੁ ਇਕੁ ਰਥਵਾਹੁ ॥	ਹੇ ਨਾਨਕ ! ਇਕ ਹੈ ਜੀਵ ਤੇ ਇਕ ਹੈ ਉਸ ਦਾ ਸਰੀਰ ਤੇ ਇਕ ਹੈ ਜੀਵ ਦੇ ਅੰਦਰ ਫੁਰਨਿਆਂ ਦੀ ਗੰਢ। (ਇਹ ਫੁਰਨਿਆਂ

ਜੁਗੁ ਜੁਗੁ ਫੇਰਿ ਵਟਾਈਅਹਿ ਗਿਆਨੀ ਬੁਝਹਿ ਤਾਹਿ ॥ ਸਤਜੁਗਿ ਰਥੁ ਸੰਤੋਖ ਕਾ ਧਰਮੁ ਅਗੈ ਰਥਵਾਹੁ॥ ਤ੍ਰੇਤੈ ਰਥੁ ਜਤੈ ਕਾ ਜੋਰੁ ਅਗੈ ਰਥਵਾਹੁ ॥ ਦੁਆਪੁਰਿ ਰਥੁ ਤਪੈ ਕਾ ਸਤੁ ਅਗੈ ਰਥਵਾਹੁ ॥ ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ ॥੧॥

ਦੀ ਗੰਢ ਬਾਹਰੋਂ ਰੂਪ ਆਦਰਸ਼ ਦਾ ਧਾਰਨ ਕਰਦੀ ਹੈ, ਪਰ ਅੰਦਰੋਂ ਵਾਸ਼ਨਾ ਮੂਲਕ ਹੀ ਹੁੰਦੀ ਹੈ। ਜੀਵ ਰਥ ਉਤੇ ਬੈਠਾ ਚਲ ਰਿਹਾ ਹੈ, ਪਰ ਜਿਸ ਥਾਂ ਤੇ ਜੀਵ ਨੇ ਪਹੁੰਚਣਾ ਹੈ ਉਥੇ ਪਹੁੰਚਦਾ ਨਹੀਂ। ਰਥ ਟੁੱਟਣ ਨਾਲ ਵੀ ਇਹ ਪੈਂਡਾ ਖਤਮ ਨਹੀਂ ਹੁੰਦਾ, ਜਦ ਇਕ ਰਥ ਟੁੱਟਦਾ ਹੈ ਤਾਂ ਦੂਜਾ ਵਟਾ ਲੈਂਦਾ ਹੈ. ਇਹ) ਵਟਾਉ ਜੁਗੋ ਜੁਗ ਚਲ ਰਿਹਾ ਹੈ, ਏਸ (ਗੱਲ) ਨੂੰ ਕੇਵਲ ਗਿਆਨੀ ਬੁਝਦਾ ਹੈ। ਸਤਿਜੁਗ ਵਿਚ (ਜੀਵਾਤਮਾ ਦਾ ਸਰੀਰ ਰੂਪੀ) ਰਥ ਸੰਤੋਖ ਦਾ ਸੀ (ਤੇ ਸਰੀਰ ਦੇ ਅੰਦਰ) ਧਰਮ (ਦੀ ਪ੍ਰੇਰਣਾ) ਰਥਵਾਹੀ (ਵਾਂਙੂ) ਆਗੂ (ਹੋਕੇ ਇਸ ਨੂੰ ਟੋਰਦੀ) ਸੀ। ਤ੍ਰੇਤੇ (ਜੁਗ) ਵਿਚ (ਸਰੀਰ ਰੂਪੀ) ਰਥ ਜਤ ਦਾ (ਤੇ ਸਰੀਰ ਦੇ ਅੰਦਰ) 'ਜ਼ੋਰ' (ਦੀ ਪ੍ਰੇਰਣਾ) ਅੱਗੇ ਰਥਵਾਹੀ ਹੋ ਗਈ। ਦੁਆਪਰ (ਜੁਗ) ਵਿਚ (ਸਰੀਰ ਰੂਪੀ) ਰਥ ਤਪ ਦਾ ਹੋ ਗਿਆ ਤੇ (ਸਰੀਰ ਦੇ ਅੰਦਰ) ਸਤ (ਦੀ ਪ੍ਰੇਰਣਾ) ਅੱਗੇ ਰਥਵਾਹੀ ਹੋ ਗਈ। ਕਲਿਜੁਗ ਵਿਚ (ਸਰੀਰ ਰੂਪੀ) ਰਥ ਅੱਗ (ਤ੍ਰਿਸ਼ਨਾ) ਦਾ ਹੋ ਗਿਆ ਤੇ (ਸਰੀਰ ਦੇ ਅੰਦਰ ਝੂਠ (ਦੀ ਪ੍ਰੇਰਣਾ) ਅਗੇ ਰਥਵਾਹੀ ਹੋ ਗਈ॥ ੧॥

ਵਯਾਖਯਾ-ਮਨੁਖ ਦੀ ਜ਼ਿੰਦਗੀ ਨੂੰ ਰਥ-ਯਾਤ੍ਰਾ ਦੇ ਰੂਪਕ ਵਿਚ ਵਰਣਨ ਕੀਤਾ ਹੈ। ਸਰੀਰ ਨੂੰ ਰਥ ਕਿਹਾ ਹੈ, ਅੰਤਹਕਰਣ ਵਿਚ ਜੋ ਵਾਸ਼ਨਾ ਵਸਦੀਆਂ ਹਨ, ਉਹਨਾਂ ਦੀ ਗੰਢ ਨੂੰ ਰਥਵਾਹੀ ਗਿਣਿਆ ਹੈ, ਜੀਵਾਤਮਾ ਯਾਤ੍ਰੂ ਹੈ ਜੋ ਰੂਹਾਨੀ ਉੱਨਤੀ ਦੀ ਯਾਤ੍ਰਾ ਕਰ ਰਿਹਾ ਹੈ। ਜਿਸ ਤਰ੍ਹਾਂ ਯਾਤ੍ਰਾ ਦੀ ਸਫਲ ਪੂਰਣਤਾ ਰਥ ਅਤੇ ਰਥਵਾਹੀ ਦੇ ਉਪਰ ਨਿਰਭਰ ਹੁੰਦੀ ਹੈ, ਏਸ ਤਰ੍ਹਾਂ ਆਤਮਕ ਉੱਨਤੀ ਲਈ ਸਰੀਰਕ ਕਰਮ ਸ਼ੁੱਧ ਹੋਣੇ ਅਤੇ ਅੰਤਹਕਰਣ ਵਿਚ ਵੱਸਣ ਵਾਲੀਆਂ ਵਾਸ਼ਨਾ (ਜੋ ਕਰਮਾਂ ਦੀਆਂ ਪ੍ਰੇਰਕ ਹਨ) ਦਾ ਨਵਿਰਤ ਹੋਣਾ ਜ਼ਰੂਰੀ ਹੈ। ਅੱਜ ਕੱਲ ਦੇ ਜ਼ਮਾਨੇ ਵਿਚ ਜ਼ਾਹਿਰਾ ਤੌਰ ਤੇ ਪਿਛਲੇ ਜੁਗਾਂ ਦੇ ਮੁਕਾਬਲੇ ਤੇ ਆਤਮਕ ਜੀਵਨ ਬਸਰ ਕਰਨਾ ਜ਼ਯਾਦਾ ਮੁਸ਼ਕਲ ਹੈ, ਪਰ ਮੁਕਤੀ ਦੇ ਖਿਆਲ ਤੋਂ ਇਹ ਗੱਲ ਗ਼ਲਤ ਹੈ। ਚਾਰ ਜੁਗਾਂ ਦੀ ਧਾਰਮਕ ਅਵਸਥਾ ਵਿਚ ਭੇਦ ਹੁੰਦਿਆਂ ਹੋਇਆਂ ਵੀ ਮੋਖ ਪ੍ਰਾਪਤੀ ਦੇ ਅਵਸਰ ਮਨੁੱਖ ਲਈ ਇਕੋ ਜੇਹੇ ਹਨ। ਸਤਿਜੁਗ ਵਿਚ ਰਥ ਰੂਪੀ ਸਰੀਰ ਸੰਤੋਖ ਦਾ ਸੀ*। ਸਰੀਰ ਦੇ ਇੰਦ੍ਰੇ ਵਿਸ਼ਿਆਂ ਪਿਛੇ ਚੰਚਲ ਨਹੀਂ ਸਨ, ਪਰੰਤੂ ਸੰਤੋਖ ਦੀ ਧਾਰਨਾ ਵਿਚ ਹੀ ਸੰਤੁਸ਼ਟ ਸਨ। 'ਅੰਦਰ ਦੇ ਖਿਆਲਾਂ ਦੀ ਗੰਢ ਧਰਮ ਦੇ ਭਾਵ ਦੀ ਪਰਪੱਕਤਾ ਵਾਲੀ ਸੀ, ਜੋ ਸਰੀਰ ਨੂੰ ਕਰਮ ਛੇਤ੍ਰ ਵਿਚ ਚਲਾਉਣ ਵਿਚ ਰਥਵਾਹੀ ਦਾ ਕੰਮ ਦੇਂਦੀ ਸੀ। ਜਿਤਨੀ ਕ੍ਰਿਯਾ ਸਰੀਰ ਤੋਂ ਹੁੰਦੀ ਸੀ ਉਸ ਦਾ ਕਾਰਣ ਵਿਸ਼ਿਆਂ ਦੀ ਖਿੱਚ ਨਹੀਂ ਸੀ, ਸਗੋਂ ਅੰਦਰ ਧਰਮ ਦੀ ਪ੍ਰੇਰਣਾ ਕੰਮ ਕਰਾਉਂਦੀ ਸੀ। ਨਤੀਜਾ ਇਹ ਸੀ ਕਿ ਏਸ ਜੁਗ ਵਿਚ ਲੋਕਾਂ ਦੀ ਰਹਿਣੀ ਬਹਿਣੀ ਵਰਤੋਂ ਵਿਹਾਰ ਵਿਚ ਸੱਚ ਦਾ ਵਰਤਾਰਾ ਸੀ †। ਜ਼ਮਾਨੇ ਦਾ ਐਸਾ ਸੁੱਚਾ ਵਿਹਾਰ ਹੁੰਦੇ ਹੋਇਆਂ ਵੀ ਇਹ ਜ਼ਰੂਰੀ ਨਹੀਂ ਸੀ ਕਿ ਹਰ ਇਕ ਵਯਕਤੀ ਮੁਕਤੀ ਨੂੰ ਪ੍ਰਾਪਤ ਹੁੰਦੀ ਸੀ। ਮਨੁੱਖਾਂ ਨੂੰ ਮੁੜ ਮੁੜ ਜਨਮ ਧਾਰਨ ਕਰਨੇ ਪੈਂਦੇ ਸਨ ‡ । ਇਸ ਦਾ ਕਾਰਣ

* ਸਤਜੁਗ ਸਤ ਸੰਤੋਖੁ ਸਰੀਰਾ॥ [ਮਾਰੂ ਮ: ੧, ਸੋਲਹਾ, ੪-੩]

† ਸਤਿਜੁਗਿ ਸਾਚੁ ਕਹੈ ਸਭੁ ਕੋਈ॥ ਸਚਿ ਵਰਤੈ ਸਾਚਾ ਸੋਈ॥ [ਮਾਰੂ ਮ: ੧, ਸੋਲਹਾ ੪-੫]

‡ ਜੁਗਿ ਜੁਗਿ ਮੇਰੁ ਸਰੀਰ ਕਾ ਬਾਸਨਾ ਬਧਾ ਆਵੈ ਜਾਵੈ॥ ਫਿਰਿ ਫਿਰਿ ਫੇਰਿ ਵਟਾਈਐ ਗਿਆਨੀ ਹੋਇ ਮਰਮੁ ਕਉ ਪਾਵੈ॥ [ਭਾਈ ਗੁਰਦਾਸ, ਵਾਰ ੧-੧੫]

ਉਹ ਸੂਖਮ ਵਾਸ਼ਨਾ ਹੁੰਦੀਆਂ ਸਨ ਜੋ ਵਿਸ਼ਿਆਂ ਤੋਂ ਅਸੰਗ ਹੋਕੇ ਵੀ ਨਹੀਂ ਮਰਦੀਆਂ ਤੇ ਜੋ ਸਥੂਲ ਭਰਮਾਂ ਦੇ ਆਧਾਰ ਬਣਦੀਆਂ ਸਨ, ਜਿਨ੍ਹਾਂ ਦਾ ਨਤੀਜਾ ਇਹ ਹੁੰਦਾ ਸੀ ਕਿ ਮਨੁੱਖ ਨੂੰ ਇਤਨੀ ਵੇਰ ਜਨਮ ਭੁਗਤਣੇ ਪੈਂਦੇ ਸਨ ਕਿ ਸਤਿਜੁਗ ਬੀਤ ਕੇ ਤ੍ਰੇਤਾ ਆ ਜਾਂਦਾ ਸੀ*।

ਸਤਿਜੁਗ ਜਦ ਖਤਮ ਹੋਇਆ ਅਤੇ ਤ੍ਰੇਤਾ ਸ਼ੁਰੂ ਹੋਇਆ ਤਾਂ ਮਨੁੱਖ ਦੇ ਜੀਵਨ ਵਿਚ ਵੀ ਫਰਕ ਆ ਗਿਆ। ਸਤਿਜੁਗ ਵਿਚ ਤਾਂ ਰਥਵਾਹੀ ਧਰਮ ਸੀ ਪਰ ਤ੍ਰੇਤੇ ਵਿਚ ਇਹ ਗੱਲ ਨਾ ਰਹੀ † । ਧਰਮ ਦੀ ਥਾਂ ਰਥਵਾਹੀ 'ਜੋਰ' ਹੋ ਗਿਆ। ਅਗੇ ਜੋ ਸਰੀਰਕ ਕੰਮ ਹੁੰਦੇ ਸਨ, ਉਨ੍ਹਾਂ ਦੀ ਪ੍ਰੇਰਕ ਉਹ ਵਾਸ਼ਨਾ ਹੁੰਦੀ ਸੀ, ਜਿਸ ਦਾ ਆਦਰਸ਼ ਧਰਮ ਕਰਮ ਸੀ, ਪਰ ਤ੍ਰੇਤੇ ਵਿਚ ਆਦਰਸ਼ 'ਜ਼ੋਰ' ਹੋ ਗਿਆ ਤੇ ਮਨੁੱਖ ਦੇ ਸਾਰੇ ਕਰਤੱਵ ਸੂਰਮਗਤੀ ਦਾ ਨਿਸ਼ਾਨਾ ਸਾਹਮਣੇ ਰਖਕੇ ਹੋਣ ਲਗ ਪਏ, ਇਸ ਕਰਕੇ ਸਰੀਰ 'ਜਤ' ਦਾ ਹੋ ਗਿਆ। ਬਹਾਦਰੀ ਦੇ ਕਰਤੱਵਾਂ ਲਈ ਇੰਦ੍ਰਿਆਂ ਵਿਚ ਜਤ ਦਾ ਸੰਜਮ ਵਰਤੀਣ ਲਗਾ ‡। ਪਰ ਇਹ ਮੁਕਤੀ ਦੇ ਸਾਧਨ ਨਹੀਂ ਸਨ। ਤ੍ਰੇਤੇ ਦੇ ਕਰਮਾਂ ਵਿਚ ਬੱਧੇ ਮਨੁਖ ਨੂੰ ਇਤਨੀ ਵੇਰ ਜਨਮ ਧਾਰਨ ਕਰਨਾ ਪਿਆ ਕਿ ਤ੍ਰੇਤਾ ਬੀਤਕੇ ਅਗਲਾ ਜੁਗ ਦੁਆਪੁਰ ਆ ਗਿਆ §। ਤ੍ਰੇਤੇ ਜੁਗ ਦੇ ਬਾਦ ਪ੍ਰੇਰਕ ਨਿਸ਼ਾਨਾ ਬਿਲਕੁਲ ਬਦਲ ਗਿਆ। ਸਤਿਜੁਗ ਦਾ ਨਿਸ਼ਾਨਾ ਧਰਮ ਸੀ, ਤ੍ਰੇਤੇ ਦਾ ਸੂਰਮਗਤੀ ਪਰ ਦੁਆਪੁਰ ਵਿਚ ਜੋ ਨਿਸ਼ਾਨਾ ਮਨੁੱਖ ਦੇ ਕਰਤਵਾਂ ਨੂੰ ਪ੍ਰੇਰਨ ਲਗਾ ਉਹ 'ਸਾਕਾਮ ਸਿੱਧੀ' ਦਾ ਆਦਰਸ਼ ਸੀ। ਏਸ ਜੁਗ ਵਿਚ ਮਨੁਖ ਨੇ ਜੋ ਸੱਤ ਬ੍ਰਤ ਧਾਰਿਆ ਉਹ ਕੇਵਲ ਆਪਣੀਆਂ ਕਾਮਨਾਂ ਨੂੰ ਪੂਰਣ ਕਰਨ ਲਈ ਸੀ। ਜੋ ਯੱਗ ਹਵਨ ਕੀਤੇ ਉਹ ਨਤੀਜੇ ਵਿਚ ਨਿਰੀ ਦਇਆ ਰਹਿਤ ਜੀਵ ਹੱਤਿਆ ਹੋਈ**। ਜੋ ਦਾਨ ਪੁੰਨ ਕੀਤੇ ਉਹ ਵਧੇਰੇ ਮਿਲਨ ਦੀ ਲੋਭ ਮਈ ਆਸਾ ਧਾਰਕੇ ਕੀਤੇ ††। ਹੋਰ ਜੋ ਵੀ ਜ਼ਾਹਿਰਾ ਧਰਮ ਦੇ ਕੰਮ ਕੀਤੇ ਉਹ ਕਿਸੇ ਆਪਣੇ ਮਤਲਬ ਪਰਥਾਇ ਕੀਤੇ‡‡। ਇਸ ਤੋਂ ਸਿਵਾ ਜੋ ਹੋਰ ਜਪ ਤਪ ਹਠ ਨਿਗ੍ਰਹ ਹੋਏ ਉਹ ਸ੍ਵਰਗ ਦੇ ਸੁਖ ਭੋਗਣ ਦੀ ਸਾਕਾਮਤਾ ਨੂੰ ਮੁੱਖ ਰਖਕੇ ਹੋਏ। ਦੁਆਪੁਰ ਵਿਚ ਏਸ ਕਰਕੇ ਪ੍ਰੇਰਨਾ 'ਸਾਕਾਮ ਸੱਤ ਬ੍ਰਤ' ਦੀ ਸੀ ਤੇ ਸਰੀਰ ਉਸ ਦੇ ਮੁਤਾਬਿਕ ਤਤਿਖਜ਼ਾ ਵਾਲੇ ਅਤੇ ਤਾਪਸੀਆਂ ਵਾਲੇ ਹੋ ਗਏ। ਸਰੀਰ ਦੀ ਤਪੱਸਿਆ ਚਾਹੇ ਕਸ਼ਟ ਵਾਲੀ ਸੀ ਪਰ ਮਨੋਰਥ 'ਸਾਕਾਮ ਸਿੱਧੀ' ਦਾ ਹੋਣ ਕਰਕੇ 'ਹਰਿ ਮਿਲਣ' ਦੇ ਨੁਕਤੇ ਤੋਂ ਇਕ ਭਰਮ ਦਾ ਜਾਲ ਹੀ ਸੀ§§।

ਕਲਜੁਗ ਵਿਚ ਤਬਦੀਲੀ ਹੋਰ ਵਧੇਰੇ ਹੋ ਗਈ, ਦੁਆਪਰ ਦੇ ਹੋਰ ਲੁਕੇ ਛਿਪੇ ਪਾਖੰਡ ਹਟਕੇ ਖੁੱਲ੍ਹਮ ਖੁੱਲ੍ਹਾ ਕੂੜ ਪ੍ਰਧਾਨ ਹੋ ਗਿਆ। ਮਨੁਖ ਦੇ ਸਰੀਰਕ ਕਰਤੱਵ ਤ੍ਰਿਸ਼ਨਾ ਦੀ ਅੱਗ ਨਾਲ ਭੜਕ ਉਠੇ। ਜੋ ਕੰਮ ਵੀ ਮਨੁਖ ਨੇ ਕੂੜ ਦੀ ਪ੍ਰੇਰਨਾ ਕਰਕੇ ਕੀਤਾ, ਇਸ ਕਰਕੇ ਸਰੀਰ ਦੀ ਸਾਰੀ ਕ੍ਰਿਆ ਮੋਹ ਮਾਇਆ ਦੀ ਤਪਸ਼ ਵਾਲੀ ਹੋ ਗਈ ¥ । ਜਦ ਪਹਿਲੇ ਤਿੰਨਾਂ ਜੁਗਾਂ ਵਿਚ ਮਨੁਖ ਮੁਕਤੀ ਦੇ ਨਿਸ਼ਾਨੇ ਤੋਂ ਉਟਕ ਗਿਆ ਤਾਂ ਕਲਜੁਗ ਵਿਚ ਇਸ ਦਾ ਜਨਮ ਮਰਨ ਦਾ ਸੰਸਾ ਕੱਟਿਆ ਜਾਣਾ ਹੋਰ ਵੀ ਕਠਨ ਹੋ ਗਿਆ ¶।

---

* ਸਤਿਜੁਗਿ ਦੂਜਾ ਭਰਮੁ ਕਰਿ ਤ੍ਰੇਤੈ ਵਿਚਿ ਜੋਨੀ ਫਿਰਿ ਆਵੈ॥ [ਭਾਈ ਗੁਰਦਾਸ, ਵਾਰ ੧-੧੫]

† ਤ੍ਰੇਤੈ ਧਰਮ ਕਲਾ ਇਕ ਚੂਕੀ॥ [ਮਾਰੂ ਮ: ੧, ਸੋਲਹਾ ੪-੬]

ਪੁਨਾ-ਤ੍ਰੇਤੈ ਇਕ ਕਲ ਕੀਨੀ ਦੂਰਿ॥ ਪਾਖੰਡੁ ਵਰਤਿਆ ਹਰਿ ਜਾਣਨਿ ਦੂਰਿ॥ [ਰਾਮਕਲੀ ਮ: ੩-੧]

‡ ਤੇਤਾ ਜੁਗੁ ਆਇਆ ਅੰਤਰਿ ਜੋਰੁ ਪਾਇਆ ਜਤੁ ਸੰਜਮ ਕਰਮ ਕਮਾਇ ਜੀਉ॥ [ਆਸਾ ਮ: ੪, ਛੰਤ-੪]

§ ਤ੍ਰੇਤੇ ਕਰਮਾ ਬਾਧਤੇ ਦੁਆਪਰਿ ਫਿਰਿ ਅਵਤਾਰ ਕਰਾਵੈ॥ [ਭਾਈ ਗੁਰਦਾਸ, ਵਾਰ ੧-੧੫]

** ਦਇਆ ਦੁਆਪੁਰਿ ਅਧੀ ਹੋਈ॥ [ਮਾਰੂ ਮ: ੧, ਸੋਲਹਾ ੪-੮]

†† ਆਸਾ ਬੰਧੇ ਦਾਨੁ ਕਰਾਏ॥ [ਮਾਰੂ ਮ: ੧, ਸੋਲਹਾ ੪-੯]

‡‡ ਰਾਜ ਧਰਮੁ ਕਰਹਿ ਪਰਥਾਏ॥ [ਮਾਰੂ ਮ: ੧, ਸੋਲਹਾ ੪-੯]

§§ ਦੁਆਪੁਰਿ ਦੂਜੈ ਦੁਬਿਧਾ ਹੋਇ॥ ਭਰਮਿ ਭੁਲਾਨੇ ਜਾਣਹਿ ਦੋਇ॥ [ਰਾਮਕਲੀ ਮਹਲਾ ੩-੧]

¥ ਕਲਜੁਗਿ ਧਰਮ ਕਲਾ ਇਕ ਰਹਾਏ॥ ਇਕ ਪੈਰਿ ਚਲੈ ਮਾਇਆ ਮੋਹੁ ਵਧਾਏ॥ [ਰਾਮਕਲੀ ਮ: ੩-੧]

¶ ਤ੍ਰਿਹੁ ਜੁਗਾਂ ਕੇ ਕਰਮ ਕਰਿ ਜਨਮ ਮਰਨ ਸੰਸਾ ਨ ਚੁਕਾਵੈ॥ ਫਿਰਿ ਕਲਿਜੁਗਿ ਅੰਦਰਿ ਦੇਹਿ ਧਰਿ ਕਰਮਾ ਅੰਦਰਿ ਫੇਰ ਵਸਾਵੈ॥ [ਭਾਈ ਗੁਰਦਾਸ ਵਾਰ ੧-੧੫]

ਇਨ੍ਹਾਂ ਜੁਗਾਂ ਦੇ ਕਥਨ ਵਿਚ ਸਿੱਧਾਂਤਕ ਗਲ ਇਹ ਹੈ ਕਿ ਪਾਰ ਉਤਾਰੇ ਲਈ ਸਭ ਤੋਂ ਉੱਤਮ ਚੀਜ਼ ਨਾਮ ਹੈ। ਚਾਰੇ ਜੁਗਾਂ ਵਿਚ ਇਹ ਮੁਕਤੀ ਦਾਤਾ ਸਾਧਨ ਹੈ। ਕਲਜੁਗ ਵਿਚ ਵੀ ਏਸੇ ਹੀ ਦਵਾਰਾ ਮੋਖ ਪ੍ਰਾਪਤ ਹੁੰਦੀ ਹੈ*, ਕਿਉਂਕਿ ਨਾਮ ਸਿਮਰਨ ਨਾਲ ਉਨ੍ਹਾਂ ਸੂਖਮ ਵਾਸ਼ਨਾਵਾਂ ਦੀ ਨਿਵਿਰਤੀ ਹੋ ਜਾਂਦੀ ਹੈ ਜੋ ਜੁਗਾਂ ਤੇ ਜੁਗਾਂਤਰਾਂ ਵਿਚ ਜੀਵਾਤਮਾਂ ਨੂੰ ਜਨਮਾਂ ਵਿਚ ਭਟਕਾਉਂਦੀਆਂ ਰਹਿੰਦੀਆਂ ਹਨ † । ਇਨ੍ਹਾਂ ਵਾਸ਼ਨਾਵਾਂ ਦੀ ਨਵਿਰਤੀ 'ਧਰਮ' 'ਜੋਰ' 'ਸਤਿ' ਆਦਿਕ ਆਦਰਸ਼ਾਂ ਦੇ ਮਗਰ ਲਗਿਆਂ ਨਹੀਂ ਹੁੰਦੀ। ਇਹ ਆਦਰਸ਼ ਆਪਣੇ ਅਸਲੇ ਵਿਚ ਉਨ੍ਹਾਂ ਵਾਸ਼ਨਾਵਾਂ ਤੋਂ ਹੀ ਉਪਜਦੇ ਹਨ ਜੋ ਮਨੁਖ ਨੂੰ ਕਿਸਮ ਕਿਸਮ ਦੇ ਭੁਲੇਵਿਆਂ ਹੇਠ ਭੋਗ ਭੁਗਵਾਉਂਦੀਆਂ ਹਨ।

ਸੂਚਨਾ-ਕਠੋਪਨਿਖ਼ਦ ਵਿਚ ਬੀ ਰਥ ਦਾ ਅਲੰਕਾਰ ਆਇਆ ਹੈ, ਪਰ ਗੁਰੂ ਨਾਨਕ ਦੇਵ ਜੀ ਦਾ ਇਹ ਅਲੰਕਾਰ ਕੁਛ ਵਿਲੱਖਣ ਹੈ। ਓਥੇ ਰੂਪਕ ਇਹ ਹੈ ਕਿ ਸਰੀਰ ਰਥ ਹੈ, ਆਤਮਾ ਰਥੀ ਹੈ, ਬੁੱਧੀ ਸਾਰਥੀ ਹੈ, ਮਨ ਲਗਾਮ ਹੈ, ਇੰਦ੍ਰੀਆਂ ਘੋੜੇ ਹਨ, ਵਿਸ਼ਿਆਂ ਦੀ ਸੜਕ ਹੈ, ਜਿਸ ਪਰ ਇਹ ਜਾ ਰਿਹਾ ਹੈ। ਜਦ ਆਤਮਾ ਇਨ੍ਹਾਂ ਨਾਲ ਯੁਕਤ ਹੈ ਤਾਂ ਭੋਗਦਾ ਹੈ, ਉਹ ਪਰਮ ਪਦ ਤੇ ਨਹੀਂ ਪਹੁੰਚ ਸਕਦਾ, ਸਗੋਂ ਸੰਸਾਰ (=ਜਨਮ ਮਰਨ) ਵਿਚ ਰਹਿੰਦਾ ਹੈ, ਪਰ ਜਿਸ ਆਤਮਾ ਦਾ 'ਵਿਗਜਾਨ' ਸਾਰਥੀ ਹੈ ਤੇ ਮਨ ਵੱਸ ਵਿਚ ਹੈ ਉਹ ਪਰਮ ਪਦ ਤੇ ਜਾ ਟਿਕਦਾ ਹੈ।

ਗੁਰੂ ਨਾਨਕ ਦੇਵ ਜੀ ਰਥ ਦੇ ਰੂਪਕ ਵਿਚ ਏਸ ਪਾਸੇ ਵਲ ਲਿਜਾ ਰਹੇ ਹਨ ਕਿ ਸੂਖਮ ਵਾਸ਼ਨਾਂ ਜੋ ਅੰਤਹਕਰਣ ਵਿਚ ਵਸਦੀਆਂ ਹਨ ਉਹ ਵਿਸ਼ਿਆਂ ਤੋਂ ਅਸੰਗ ਹੋਕੇ ਵੀ ਨਹੀਂ ਹਟਦੀਆਂ ਤੇ ਚਾਰੇ ਜੁਗਾਂ ਵਿਚ ਵੀ ਨਹੀਂ ਹਟਦੀਆਂ। ਉਨ੍ਹਾਂ ਨੂੰ ਹਟਾਉਣ ਦਾ ਤਰੀਕਾ (ਹੁਣ ਕਲਿਯੁਗ ਵਿਚ ਉਹ ਨਹੀਂ ਜੋ ਤਰੀਕਾ ਕਠ ਉਪਨਿਸ਼ਦ ‡ ਨੇ ਦੱਸਿਆ ਹੈ, ਪ੍ਰੰਤੂ) ਮਨ ਨੂੰ ਨਾਮ ਸਿਮਰਨ ਦੇ ਵਿਚ ਰੰਗਣ ਦਾ ਹੈ।

'ਬੁਧ ਸਾਹਿਤਜ' ਵਿਚ ਬੀ ਰਥ ਦਾ ਅਲੰਕਾਰ ਵਰਤਿਆ ਗਿਆ ਹੈ। ਮਲਿੰਦ ਬਾਦਸ਼ਾਹ ਅਤੇ ਨਾਗ ਸੇਨ ਦੀ ਪ੍ਰਸ਼ਨੋਤਰੀ ਵਿਚ 'ਰਥ ਕੀ ਚੀਜ਼ ਹੈ?' ਇਸ ਉਪਰ ਬਹਿਸ ਹੈ। ਇਹ ਵਾਰਤਾਲਾਪ ਏਸ ਸਿੱਟੇ ਪਰ ਪੁੱਜਦੀ ਹੈ ਕਿ 'ਰਥ' ਆਪਣੇ ਆਪ ਵਿਚ ਕੁਛ ਚੀਜ਼ ਨਹੀਂ ਅਤੇ ਫੇਰ ਏਹੋ ਦ੍ਰਿਸ਼ਟਾਂਤ ਆਤਮਾ ਦੀ ਅਣਹੋਂਦ ਉਪਰ ਘਟਾਇਆ ਹੈ [ਦੇਖੋ' Malinda II. I. I.]। ਏਸ ਪ੍ਰਸ਼ਨੋਤਰੀ ਵਿਚ ਉਪਨਿਸ਼ਦ ਵਾਲਾ ਰਥ ਦਾ ਰੂਪਕ ਨਹੀਂ ਵਰਤਿਆ। ਪਲਾਤੂਸ ਨੇ ਵੀ ਰਥ ਦਾ ਦ੍ਰਿਸ਼ਟਾਂਤ ਲੀਤਾ ਹੈ। ਇਹ ਉਪਨਿਸ਼ਦ ਦੇ ਖਿਆਲ ਦੇ ਜ਼ਿਆਦਾ ਨਜ਼ਦੀਕ ਹੈ। ਫਰਕ ਇਤਨਾ ਹੈ ਕਿ ਉਪਨਿਸ਼ਦ (ਵਿਸ਼ਿਆਂ ਦੀ ਸੜਕ ਉਤੋਂ) ਅਸੰਗ ਹੋਣ ਦਾ ਉਪਦੇਸ਼ ਕਰਦੀ ਹੈ, ਪਲਾਤੂਸ ਦਾ ਸਿੱਧਾਂਤ ਮਨ ਨੂੰ ਸੋਧਣ ਦੇ ਉਪਾਉ ਦੱਸਣ ਦਾ ਹੈ।

ਮਃ ੧॥ ਸਾਮ ਕਹੈ ਸੇਤੰਬਰੁ ਸੁਆਮੀ ਸਚ ਮਹਿ ਆਛੈ ਸਾਚਿ ਰਹੇ ॥ ਸਭੁ ਕੋ ਸਚਿ ਸਮਾਵੈ ॥ ਰਿਗੁ ਕਹੈ ਰਹਿਆ ਭਰਪੂਰਿ ॥ ਰਾਮ ਨਾਮੁ ਦੇਵਾ ਮਹਿ ਸੂਰੁ ॥ ਨਾਇ

ਸਾਮ ਵੇਦ (ਮੁਤਾਬਕ) ਸੇਤੰਬਰ ਸੁਆਮੀ ਕਹਿੰਦਾ ਹੈ (ਭਾਵ ਉਪਦੇਸ਼ ਕਰਦਾ ਹੈ) ਸਦਾ ਸੱਚ ਵਿਚ ਟਿਕੇ ਰਹਿਣ ਦਾ, (ਉਸ) ਸੱਚ ਵਿਚ (ਜੋ) ਸਰਬ ਵਜਾਪਕ ਹੈ। (ਰਾਮ) ਕਹਿੰਦਾ ਹੈ (ਕਿ ਮੈਂ) ਰਿਗਵੇਦ ਨੂੰ ਪੂਰਨ ਭਰ ਰਿਹਾ ਹਾਂ। ਰਾਮ ਦਾ ਨਾਮ (ਸਾਰੇ) ਦੇਵਤਿਆਂ ਵਿਚ ਬਲਵਾਨ (ਗਿਣਿਆਂ ਜਾਂਦਾ) ਹੈ। (ਉਸ ਰਾਮ ਦਾ) ਨਾਮ ਲੈਣ ਨਾਲ ਪਾਪ ਝੜ ਜਾਂਦੇ ਹਨ ਤਦ (ਐਉਂ

* ਜੁਗ ਚਾਰੇ ਨਾਮੁ ਉਤਮੁ ਸਬਦੁ ਬੀਚਾਰਿ॥ ਕਲਿ ਮਹਿ ਗੁਰਮੁਖਿ ਉਤਰਸਿ ਪਾਰਿ॥
[ਗਉੜੀ ਮ: ੩, ਅਸਟ:-੧]

† ਬਾਸਨਾ ਬਧਾ ਆਵੈ ਜਾਵੈ॥ [ਭਾਈ ਗੁਰਦਾਸ, ਵਾਰ ੧-੧੫]

‡ ਕਠ ਉਪਨਿਸ਼ਦ ਦਾ ਤਰੀਕਾ ਇਹ ਹੈ ਕਿ (ਘੋੜੇ ਰੂਪੀ ਇੰਦ੍ਰੀਆਂ) ਨੂੰ ਵਿਸ਼ਯ ਰੂਪੀ ਸੜਕ ਤੋਂ ਅਸੰਗ ਕਰਕੇ ਮਨ ਵਿਚ ਲਯ ਕਰੇ, ਫੇਰ ਮਨ ਨੂੰ ਬੁਧਿ ਵਿਚ ਲਯ ਕਰੇ। ਏਸ ਤਰ੍ਹਾਂ ਦਰਜੇ ਵਾਰ ਵਧਦੇ ਵਧਦੇ ਆਤਮਾ ਵਿਚ ਲੀਨ ਹੋ ਜਾਵੇ। [ਦੇਖੋ ਕਠ ਉਪਨਿਸ਼ਦ ਅਧਜਾਯ ੧, ਵੱਲੀ ੩, ਮੰਤ੍ਰ ੧੩.]

ਲਇਐ ਪਰਾਛਤ ਜਾਹਿ ॥ ਨਾਨਕ ਤਉ ਮੋਖੰਤਰੁ ਪਾਹਿ ॥ ਜੁਜ ਮਹਿ ਜੋਰਿ ਛਲੀ ਚੰਦ੍ਰਾਵਲਿ ਕਾਨ੍ ਕ੍ਰਿਸਨੁ ਜਾਦਮੁ ਭਇਆ ॥ ਪਾਰਜਾਤੁ ਗੋਪੀ ਲੈ ਆਇਆ ਬਿੰਦ੍ਰਾਬਨ ਮਹਿ ਰੰਗੁ ਕੀਆ ॥ ਕਲਿ ਮਹਿ ਬੇਦੁ ਅਥਰਬਣੁ ਹੂਆ ਨਾਉ ਖੁਦਾਈ ਅਲਹੁ ਭਇਆ॥ ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ ॥ ਚਾਰੇ ਵੇਦ ਹੋਏ ਸਚਿਆਰ ॥ ਪੜਹਿ ਗੁਣਹਿ ਤਿਨ੍ ਚਾਰ ਵੀਚਾਰ ॥ ਭਉ ਭਗਤਿ ਕਰਿ ਨੀਚੁ ਸਦਾਏ ॥ ਤਉ ਨਾਨਕ ਮੋਖੰਤਰੁ ਪਾਏ ॥੨॥

ਲੋਕ) ਮੁਕਤੀ ਪ੍ਰਾਪਤ ਕਰ ਲੈਂਦੇ ਹਨ, ਹੇ ਨਾਨਕ ! ਯਜੁਰਵੇਦ ਵਿਚ (ਜ਼ਿਕਰ ਹੈ) ਕਾਨ੍ਹ (ਦਾ, ਜਿਸ ਨੂੰ) ਕ੍ਰਿਸ਼ਨ (ਵੀ ਕਹਿੰਦੇ ਹਨ ਤੇ ਜੋ) ਯਾਦਵ (ਵੰਸ਼ ਵਿਚੋਂ) ਸੀ, (ਇਹ ਉਹੋ ਕ੍ਰਿਸ਼ਨ ਸੀ ਜਿਸ ਨੇ) ਜ਼ੋਰ ਨਾਲ ਚੰਦ੍ਰਾਵਲੀ ਨੂੰ ਛਲਿਆ (ਮੋਹਿਆ ਤੇ ਆਪਣੀ) ਗੋਪੀ (ਸਤਿਭਾਮਾ ਵਾਸਤੇ) ਪਾਰਜਾਤ (ਦਾ ਦਰਖਤ) ਲੈ ਆਇਆ ਤੇ ਬਿੰਦ੍ਰਾਬਨ ਵਿਚ ਮੌਜਾਂ ਮਾਣੀਆਂ। ਕਲਿਜੁਗ ਵਿਚ ਅਥਰਬਣ ਵੇਦ ਦੀ (ਪ੍ਰਸਿੱਧੀ) ਹੋਈ ਹੈ; ਪਰਮੇਸ਼ੁਰ ਦਾ ਨਾਉਂ ਅੱਲਾਹ ਹੋ ਗਿਆ ਹੈ। ਨੀਲੇ ਰੰਗ ਦੇ ਬਸਤ੍ਰ (ਤੋਂ ਬਣੇ ਹੋਏ) ਕਪੜੇ ਪਾਏ ਹੋਏ ਤੁਰਕਾਂ ਤੇ ਪਠਾਣਾਂ ਦਾ ਰਾਜ ਹੋ ਗਿਆ ਹੈ। ਚਾਰੇ ਵੇਦ (ਆਪੋ ਆਪਣੇ ਨੁਕਤੇ ਤੋਂ) ਸੱਚ ਹੋਏ ਹਨ, (ਪਰ ਜੋ) ਇਨ੍ਹਾਂ ਨੂੰ (ਵਿਧਿ ਨਿਸ਼ੇਧ* ਦੇ ਤਰੀਕੇ ਨਾਲ) ਪੜਦੇ (ਤੇ ਇਸ ਵਿਚੋਂ) ਗੁਣ ਲੈਂਦੇ ਹਨ (ਵਰਣ ਵਿਵਸਥਾ ਮੁਤਾਬਿਕ) ਉਨ੍ਹਾਂ ਦੇ ਪੱਲੇ ਚਾਰ ਵੀਚਾਰ ਪੈਂਦੀ ਹੈ † । (ਪ੍ਰੰਤੂ) ਮੁਕਤਿ ਦੀ ਪ੍ਰਾਪਤੀ ਲਈ ਤਾਂ (ਮਨੁੱਖ ਨੂੰ ਲੋੜ ਹੈ) ਪ੍ਰੇਮ ਭਗਤਿ ਦੀ (ਅਤੇ ਆਪਣੇ ਆਪ ਨੂੰ ਵਰਣ ਵਿਵਸਥਾ ਦੇ ਕਰਮ ਧਰਮ ਛੱਡਕੇ) ਨੀਵਾਂ ਕਹਾਉਣ ਦੀ, ਹੇ ਨਾਨਕ॥ ੨॥

ਵਿਆਖਿਆ--ਵਰਣ ਵਿਵਸਥਾ ਦੀ ਜਕੜ ਵਿਚ ਬੱਧੇ ਹੋਏ ਹਿੰਦੂ ਸਮਾਜ ਲਈ ਵੇਦ ਭਾਵੇਂ ਯੱਗ ਹੋਮ ਆਦਿਕ ਕਰਮਾਂ ਲਈ ਮੁੱਖ ਚੀਜ਼ ਹੈ ਪਰ ਵੇਦ ਗਿਆਨ ਅਤੇ ਭਗਤੀ ਤੋਂ ਖਾਲੀ ਨਹੀਂ, ਇਸ ਗਲ ਵਲ ਸ਼੍ਰੀ ਗੁਰੂ ਜੀ ਦਾ ਇਸ਼ਾਰਾ ਹੈ। ਕਈ ਪੁਰਾਤਨ ਲੋਕ ਵੀ ਸਾਮ ਵੇਦ ਨੂੰ ਕਰਮ ਕਾਂਡ ਤੋਂ ਪਰੇ ਦੀ ਚੀਜ਼ ਮੰਨਦੇ ਸਨ। ਸਾਮ ਸ਼ਬਦ ਦੇ ਅਰਥ ਹਨ 'ਸਮਾਪਤੀ' ਅਰਥਾਤ ਜੋ 'ਕਰਮ' ਨੂੰ ਸਮਾਪਤ ਕਰਦਾ ਹੈ ‡ ਤੇ ਉਪਾਸਨਾ ਆਦਿਕਾਂ ਦਾ ਪ੍ਰਤਿਪਾਦਨ ਕਰਦਾ ਹੈ। ਕਈ ਨਵੀਨ ਵਿਦਵਾਨਾਂ ਦਾ ਵੀ ਇਸੇ ਤਰ੍ਹਾਂ ਦਾ ਖਿਆਲ ਹੈ ਕਿ 'ਸਾਮ ਵੇਦ ਦਾ ਮੁੱਖ ਵਿਸ਼ਯ ਉਪਾਸਨਾ ਕਾਂਡ ਹੈ § ।

ਸਾਮ ਵੇਦ ‡‡ ਦੀ ਮੁਖ ਉਪਨਿਸ਼ਦ ਦਾ ਨਾਮ ਛਾਂਦੋਗਯ ਉਪਨਿਸ਼ਦ ਹੈ। ਇਹ ਸਾਮ ਵੇਦ ਦੇ ਛਾਂਦੋਗਯ ਬ੍ਰਾਹਮਣ ਦੇ ਅਰਣਯਕ ਭਾਗ ਦਾ ਇਕ ਅੰਸ਼ ਹੈ। ਇਸ ਵਿਚ ਸ਼੍ਵੇਤਕੇਤੂ ਨਾਮ ਦੇ ਰਿਸ਼ੀ-ਪੁਤ੍ਰ ਨੂੰ ਉਸ ਦੇ ਪਿਤਾ ਉਦਾਲਕ (=ਸ਼੍ਵੇਤੰਬਰ ਸ੍ਵਾਮੀ) ਵਲੋਂ ਸੱਚ ਬਾਰੇ ਉਪਦੇਸ਼ ਹੈ §§ ।

---

*ਕਰਮ ਕਾਂਡ ਆਦਿ। †ਅਰਥਾਤ ਉਹ ਚੰਗੀ ਵੀਚਾਰ ਜੋ ਕਰਮ ਕਾਂਡੀ ਨੂੰ ਯੱਗ ਆਦਿ ਕਰਮਾਂ ਵਲ ਪ੍ਰੇਰਤ ਕਰਦੀ ਹੈ।

‡ धा, सो, सयति कर्माणि समापयति इति साम: [ਸੰਧਯਾ ਦਰਪਣ, ਸਫਾ ੧੦੦

§ ਸਾਮ ਵੇਦ ਸੰਹਿਤਾ ਭਾਸ਼ਾ ਭਾਸ਼ ਸ੍ਰੀ ਪੰਡਤ ਜੈ ਦੇਵ ਸ਼ਰਮਾ, ਸਫਾ ੧੬।

‡‡ ਵੇਦ ਪਦ ਤੋਂ ਮਤਲਬ ਮੰਤ੍ਰ ਭਾਗ, ਬ੍ਰਹਮਣ ਤੇ ਉਪਨਿਸ਼ਦ ਆਦਿ ਸਾਰੇ ਤੋਂ ਹੈ। ਵੇਦ ਨੂੰ ਨਿਰੀ 'ਮੰਤ ਸੰਹਿਤਾ' ਸਮਝ ਲੈਣਾ ਨਵੀਨ ਪਰਿਪਾਟੀ ਹੈ।

§§ The man that was not burnt, lived in Truth. Remember that all visible things live in truth; remember that truth and self are one, Shwet Ketu ! you are that.
[Swami & W.B. Yeats; the Doctrine of Chandogyas, Book VI.]
ਭਾਸ਼ਾ ਵਿਚ ਇਸ ਛਾਂਦਗਯ ਮੰਤ੍ਰ ਦਾ ਇਹ ਅਨੁਵਾਦ ਹੈ:-
ਹੇ ਪ੍ਰਿਯ ਪੁਤ੍ਰ ਜਿਸ ਤਰਹ ਉਹ ਸਤਯਵਾਦੀ ਉਸ ਪ੍ਰੀਖਯਾ ਮੇਂ ਨਹੀਂ ਜਲਤਾ ਹੈ, ਉਸੀ ਤਰਹ ਬ੍ਰਹਮਨਿਸ਼ਟ ਸਤਯਵਾਦੀ ਪੁਰਸ਼ ਸੰਸਾਰ ਵਿਖੇ ਦੁਖੋਂ ਕਰਕੇ ਨਹੀਂ ਤਪਾਯਮਾਨ ਹੋਤਾ ਹੈ। ਔਰ ਜੋ ਯਿਹ ਸਤਯ ਵਯਾਪਕ ਆਤਮਾ ਹੈ ਵਹ ਵੁਹ ਸਭ ਜਗਤ ਹੈ ਔਰ ਵਹੀ ਤੇਰਾ ਆਤਮਾ ਹੈ, ਵਹੀ ਸੱਤ ਹੈ, ਹੇ ਸ਼੍ਵੇਤ ਕੇਤੂ ਵਹੀ ਤੂ ਹੈ। ਇਸ ਪ੍ਰਕਾਰ ਉਸ ਆਪਨੇ ਪਿਤਾ ਕੇ ਉਸ ਉਪਦੇਸ਼ ਕੋ ਭਲੀ ਪ੍ਰਕਾਰ ਸਮਝਤਾ ਭਯਾ। ਇਸ ਪ੍ਰਕਾਰ ਸਮਝਤਾ ਭਯਾ। 'ਛਾਂਦੋਗਯ ਉਪਨਿਸ਼ਦ, ਉਤ੍ਰਾਰਧ ੬.੧੬.ਟੀਕਾ ਜ਼ਾਲਮ ਸਿੰਹ।

ਰਿਗ ਵੇਦ ਬਾਬਤ ਭੀ ਸ੍ਰੀ ਗੁਰੁ ਜੀ ਦਾ ਆਸ਼ਾ ਇਹ ਗਲ ਦਰਸਾਉਂਦਾ ਹੈ ਕਿ ਇਹ ਭਗਤੀ ਮਾਰਗ ਤੋਂ ਖਾਲੀ ਨਹੀਂ। ਪੁਰਾਤਨਾਂ ਨੇ ਰਿਗ ਦੇ ਅਰਥ ਹੀ ਐਉਂ ਕੀਤੇ ਹਨ: ('ਰਿਕ੍' ਸ਼ਬਦ ਦੀ ਵਯੁਤਪਤਿ ਇਹ ਹੈ ਕਿ ਜਿਸ ਨਾਲ ਕਿਸੀ ਦੇਵਤਾ ਵਿਸ਼ੇਸ਼ ਯਾ ਸਾਧਨ ਵਿਸ਼ੇਸ਼ ਦੀ ਪੂਜਾ ਜਾਂ ਪ੍ਰਸੰਸਾ ਕੀਤੀ ਜਾਂਦੀ ਹੈ, ਉਹ ਰਿਕ੍* ਹੈ)।

ਭਗਤਾਂ ਲਈ ਰਿਗ ਵੇਦ ਦੀ ਹਰ ਇਕ ਰਿਚ (ਮੰਤ੍ਰ) ਵਿਚ ਰਾਮ ਹੀ ਭਰਪੂਰ ਹੈ 'ਮੁਕਤਿਕ ਉਪਨਿਸ਼ਦ' ਵਿਚ ਖੁਦ ਸ੍ਰੀ ਰਾਮ ਜੀ ਨੇ ਹਨੂਮਾਨ ਨੂੰ ਕਿਹਾ ਹੈ:-'ਰਿਗ ਵੇਦ ਦੀਆਂ ੨੧ ਸ਼ਾਖਾਂ ਹਨ, ਯਜੁਰ ਵੇਦ ਦੀਆਂ ੧੦੯ ਸ਼ਾਖਾਂ ਹਨ. ਸਾਮ ਵੇਦ ਦੀਆਂ ੧੦੦੦ ਸ਼ਾਖਾਂ ਹਨ। ਅਥਰਵ ਵੇਦ ਦੀਆਂ ੫੦ ਸ਼ਾਖਾਂ ਹਨ, ਹਰ ਇਕ ਸ਼ਾਖ ਦੇ ਨਾਲ ਇਕ ਇਕ ਉਪਨਿਸ਼ਦ ਹੈ। ਜਿਹੜਾ ਇਨ੍ਹਾਂ ਵਿਚੋਂ ਇਕ ਰਿਚ (ਰਿਗ ਵੇਦ ਦਾ ਮੰਤਰ) ਭਗਤੀ ਨਾਲ ਪੜ੍ਹੇਗਾ ਉਸ ਨੂੰ ਮੇਰੇ ਨਾਲ ਸਾਯੁਜ ਪਦਵੀ ਪ੍ਰਾਪਤ ਹੋਵੇਗੀ ਜੋ ਮੁਨੀਆਂ ਲਈ ਵੀ ਦੁਰਲਭ ਹੈ † ' ਸੋ ਇਹ ਉਪਨਿਖਦ ਦੱਸਦੀ ਹੈ ਕਿ ਰਾਮ ਜੀ ਹਰ ਇਕ ਰਿਚ ਵਿਚ ਆਪਾ ਭਰਪੂਰ ਕਰ ਰਹੇ ਹਨ।

ਏਸੇ ਤਰ੍ਹਾਂ ਯਜੁਰ ਵੇਦ ਕਰਮ ਕਾਂਡ ਦੀ ਸਭ ਤੋਂ ਵਡੀ ਪੁਸਤਕ ਹੈ ਪਰ ਇਸ ਦੇ ਭਾਗ ਵੀ ਕ੍ਰਿਸ਼ਨ ਦੇ ਜ਼ਿਕਰ ਤੋਂ ਖਾਲੀ ਨਹੀਂ। 'ਕ੍ਰਿਸ਼ਨ ਯਜੁਰ ਵੇਦ' ਦੀ ਨਾਰਾਯਣ ਉਪਨਿਸ਼ਦ ਵਿਚ ਸਾਫ ਕਿਹਾ ਹੈ:-

ब्रह्मरायो देवकी पुत्रो ब्रह्मरायो मधुसूदन:

ਅਰਥਾਤ-ਦੇਵਕੀ ਦਾ ਪੁਤ੍ਰ ਬ੍ਰਾਹਮਣ ਹੈ, ਮਧੁਸੂਦਨ ਬ੍ਰਾਹਮਣ ਹੈ ‡।

ਫੇਰ, 'ਕਲਿ ਸੰਤਰਣ ਉਪਨਿਸ਼ਦ' ਵਿਚ ਰਾਮ ਅਤੇ ਕ੍ਰਿਸ਼ਨ ਦੋਹਾਂ ਦਾ ਨਾਮ ਹੈ। ਇਹ ਉਪਨਿਸ਼ਦ ਵੀ ਕ੍ਰਿਸ਼ਨ ਯਜੁਰ ਵੇਦ ਦੀ ਹੈ। ਜ਼ਿਕਰ ਇਸ ਤਰ੍ਹਾਂ ਹੈ:-ਦ੍ਵਾਪਰ ਦੇ ਮੁੱਕਣ ਉੱਪਰ ਨਾਰਦ ਬ੍ਰਹਮਾ ਕੋਲ ਗਿਆ ਤੇ ਉਸ ਨੂੰ ਏਸ ਤਰ੍ਹਾਂ ਆਖਿਆ:-ਹੇ ਭਗਵਨ ਮੈਂ ਇਸ ਪ੍ਰਿਥਵੀ ਉਪਰ ਰਟਨ ਕਰਦਾ ਹੋਇਆ 'ਕਲਿ' ਨੂੰ ਕਿਸ ਤਰ੍ਹਾਂ ਪਾਰ ਉਤਰਾਂਗਾ? ਤਦ ਬ੍ਰਹਮਾ ਨੇ ਉੱਤਰ ਦਿੱਤਾ ਤੂੰ ਠੀਕ ਪੁੱਛਿਆ ਹੈ, ਏਸ ਗੱਲ ਨੂੰ ਸੁਣ ਜੋ ਸਾਰੇ ਵੇਦਾਂ ਨੇ ਲੁਕਾ ਕੇ ਰੱਖੀ ਹੋਈ ਹੈ, ਜਿਸ ਨਾਲ ਤੂੰ ਕਲਿ ਸੰਸਾਰ ਤੋਂ ਪਾਰ ਉਤਰੇਂਗਾ। ਨਾਰਾਯਣ ਜੋ 'ਭਗਵਾਨ' ਹੈ ਜੋ 'ਆਦਿ ਪੁਰਸ਼' ਹੈ, ਉਸ ਦਾ ਨਾਮ ਉਚਾਰਣ ਮਾਤ੍ਰ ਨਾਲ ਕਲਿ ਦਾ ਅਸਰ ਉਤਰ ਜਾਏਗਾ § । ਫੇਰ ਨਾਰਦ ਨੇ ਬ੍ਰਹਮਾ ਨੂੰ ਪੁੱਛਿਆ, ਉਹ ਕਿਹੜਾ ਨਾਮ ਹੈ? ਹਿਰਣਯ ਗਰ੍ਭ (ਬ੍ਰਹਮਾਂ) ਨੇ ਉੱਤਰ ਦਿਤਾ:-

'ਹਰੇ ਰਾਮ ਹਰੇ ਰਾਮ ਰਾਮ ਰਾਮ ਹਰੇ ਹਰੇ। ਹਰੇ ਕ੍ਰਿਸ਼ਣ ਹਰੇ ਕ੍ਰਿਸ਼ਣ ਕ੍ਰਿਸ਼ਣ ਕ੍ਰਿਸ਼ਣ ਹਰੇ ਹਰੇ।

[ਕਲਿ ਸੰਤਰਣ ਉਪਨਿਸ਼ਦ ਕ੍ਰਿਸ਼ਣ ਯਜੁਰ ਵੇਦ ਦੀ।

ਉਪਨਿਸ਼ਦਾਂ ਵਿਚ ਹਨੂਮਾਨ, ਸ਼ਤ੍ਰ ਘਨ, ਭਰਤ ਆਦਿ ਨਾਮ ਵੀ ਆਏ ਹਨ। ਦੇਖੋ ਤਾਰ ਸਾਰ ਉਪਨਿਸ਼ਦ। ਜਨਕ (ਜੋ ਰਾਮਚੰਦ੍ਰ ਜੀ ਦਾ ਸਹੁਰਾ ਸੀ ਅਤੇ ਜੋ ਵਿਦੇਹ ਦਾ ਰਾਜਾ ਸੀ) ਦਾ ਜ਼ਿਕਰ ਬਹੁਤ ਕਰਕੇ ਵੇਦ ਦੇ ਬ੍ਰਾਹਮਣ ਭਾਗ ਵਿਚ ਆਉਂਦਾ ਹੈ, ਦੇਖੋ ਸ਼ਤਪਥ ਬ੍ਰਾਹਮਣ ¶ ।

ਵੇਦ ਵਿਚ ਰਾਮ ਆਦਿਕ ਦੇ ਨਾਮ ਲਈ ਹੋਰ ਦੇਖੋ, ਰਾਮ ਰਹਸ੍ਯ ਉਪਨਿਸ਼ਦ, ਰਾਮ ਤਾਪਿਨਿ ਉਪਨਿਸ਼ਦ। ਸੀਤਾ ਦਸ਼ਰਥ ਆਦਿ ਦੇ ਨਾਮ ਲਈ ਦੇਖੋ ਪੰਡਤ ਜਵਾਲਾ ਪ੍ਰਸ਼ਾਦ ਦਾ ਰਿਗਵੇਦ ੩, ੮੯, ਮੰਤ੍ਰ ੫੭-੬, ੨-੧ ੧੩-੪। ਵੇਦਾਂ ਵਿਚੋਂ ਰਾਮ ਕ੍ਰਿਸ਼ਨ ਆਦਿਕ ਤੇ ਹੋਰ ਅਵਤਾਰ ਸਿਧੀ ਦੀਆਂ

---

* ऋक् अर्च्यते प्रशस्यते अनय देव विशेषा:   [ਸੰਧਯਾ ਦਰਪਣ, ਸਫਾ ੧੦੦

† तासामेकामृचं यश्च पठते भक्तितो मयि॥१४॥ समत्सायुज्यपदवीं प्राप्नोति मुनिदुर्लभाम्॥

‡ ਦੇਵਕੀ ਦਾ ਪੁਤ੍ਰ=ਕ੍ਰਿਸ਼ਨ। ਮਧੁਸੂਦਨ=ਕ੍ਰਿਸ਼ਨ।

§भगवत आदि पुरूषस्य नारायरास्य, नामोच्चाररा मात्रेरा निर्धूत कलिर्भवित॥ [निर्धूत= ਧੁਲ ਜਾਣਾ]

¶ ਜੂਲੀਅਤ ਐਂਗਲਿੰਗ ਦੇ 'ਸ਼ਤਪਥ' ਦੇ ਅੰਗ੍ਰੇਜ਼ੀ ਤਰਜਮੇ ਦੇ ਇਹ ਸਫੇ ਹਨ:-

[Part V. Pages 64, 66, 112, 114, 115.

ਯੁਕਤੀਆਂ ਲਈ ਦੇਖੋ ਪੰਡਿਤ ਜਵਾਲਾ ਪ੍ਰਸ਼ਾਦ ਕ੍ਰਿਤ 'ਦਯਾ ਨੰਦ ਤਿਮਿਰ ਭਾਸਕਰ' ਸਪਤਮ ਉਲਾਸ ਸਫਾ ੧੬੩-੧੭੩।

ਅਥਰਵ ਵੇਦ ਨੂੰ ਕਲਿਯੁਗ ਦਾ ਵੇਦ ਕਿਹਾ ਹੈ। ਇਹ ਵੇਦ ਸਭ ਤੋਂ ਪਿਛੋਂ ਬਣਿਆ ਹੈ। ਪਹਿਲੇ ਤਿੰਨ ਵੇਦ ਹੀ ਹੁੰਦੇ ਸਨ। ਅਥਰਵ ਵੇਦ ਦੀ ਇਸ ਕਰਕੇ ਵੈਸੀ ਪ੍ਰਤਿਸ਼ਠਾ ਨਹੀਂ ਜੈਸੀ ਕਿ ਪਹਿਲੇ ਤਿੰਨਾਂ ਵੇਦਾਂ ਦੀ ਹੈ। ਕਈ ਸ਼ਾਸਤ੍ਰਾਂ ਵਿਚ ਤਾਂ ਇਸ ਦੀ ਕਾਫੀ ਨਿੰਦਾ ਹੈ ਅਰ ਇਸ ਨੂੰ ਬਹੁਤ ਨੀਵਾਂ ਗਿਣਿਆਂ ਹੈ*। ਕਈਆਂ ਨੇ ਤਾਂ ਇਸ ਦੇ ਕੁਛ ਆਭਿਚਾਰਿਕ ਮੰਤ੍ਰ † ਪੜ੍ਹਨ ਵਾਲੇ ਨੂੰ ਹੱਤਜਾ ਕਰਨ ਵਾਲੇ ਪਾਪੀਆਂ ਵਿਚ ਗਿਣਿਆਂ ਹੈ ‡ । ਖ਼ੁਦ ਉਪਨਿਸ਼ਦਾਂ ਵਿਚ ਵੀ ਏਸ ਲਈ ਨਜ਼ੂਨਤਾ ਦੇ ਪਦ ਵਰਤੇ ਗਏ ਹਨ। ਅਥਰਵ ਵੇਦ ਦੀ ਬਾਕੀ ਤਿੰਨਾਂ ਵੇਦਾਂ ਦੀ ਪੂਛ ਵਿਚ ਸਿਥਿਤੀ ਗਿਣੀ ਹੈ§ ।

ਮੁਸਲਮਾਨੀ ਮਤ ਨਾਲ ਅਥਰਵ ਵੇਦ ਦਾ ਤਅੱਲਕ ਬਹੁਤ ਮੁੱਦਤ ਤੋਂ ਗਿਣਿਆ ਜਾ ਰਿਹਾ ਹੈ। ਬਦਾਯੂਨੀ ਨੇ ਲਿਖਿਆ ਹੈ, 'ਏਸ ਸਾਲ (੯੮੩ ਹਿਜ਼ਰੀ) ਦੱਖਣ ਦੇਸ਼ ਵਿਚ ਸ਼ੇਖ ਭਾਵਨ ਨਾਮ ਦਾ ਇਕ ਪੜ੍ਹਿਆ ਹੋਇਆ ਬ੍ਰਾਹਮਣ ਆਇਆ ਅਤੇ ਮੁਸਲਮਾਨ ਬਣ ਗਿਆ। ਉਸ ਸਮੇਂ ਬਾਦਸ਼ਾਹ ਅਕਬਰ ਨੇ ਸਾਨੂੰ ਅਥਰਵਨ ਅਨੁਵਾਦ ਕਰਨ ਲਈ ਹੁਕਮ ਦਿਤਾ। ਇਸ ਗ੍ਰੰਥ ਦੇ ਕਿਤਨੇ ਹੀ ਧਰਮ ਉਪਦੇਸ਼ ਇਸਲਾਮ ਦੇ ਧਰਮ ਸ਼ਾਸਤ੍ਰ ਨਾਲ ਮਿਲਦੇ ਹਨ। ਅਨੁਵਾਦ ਦੇ ਵਕਤ ਐਸੇ ਕਿਤਨੇ ਹੀ ਮੁਸ਼ਕਲ ਹਿੱਸੇ ਦੇਖਣ ਵਿਚ ਆਏ ਜਿਨ੍ਹਾਂ ਦਾ ਸ਼ੇਖ ਭਾਵਨ ਜੈਸੇ ਪੰਡਤ ਵੀ ਮਤਲਬ ਸਪਸ਼ਟ ਨਾ ਕਰ ਸਕੇ। ਅਸਾਂ ਇਹ ਗਲ ਬਾਦਸ਼ਾਹ ਨੂੰ ਕਹੀ। ਉਹਨਾਂ ਨੇ ਸ਼ੇਖ ਫ਼ੈਜ਼ੀ ਅਰ ਹਾਜੀ ਇਬਰਾਹੀਮ ਨੂੰ ਅਨੁਵਾਦ ਕਰਨ ਲਈ ਸਲਾਹ ਦਿੱਤੀ। ਹਾਜੀ ਇਬਰਾਹੀਮ ਨੇ ਇੱਛਾ ਰਹਨੇ ਪਰ ਭੀ ਕੁਛ ਨਾ ਲਿਖਿਆ। ਅਥਰਵਨ ਦੇ ਉਪਦੇਸ਼ਾਂ ਵਿਚ ਇਕ ਜਗ੍ਹਾ ਲਿਖਿਆ ਹੈ ਕਿ ਏਸ ਗ੍ਰੰਥ ਦਾ ਕੋਈ ਨਾ ਕੋਈ ਹਿੱਸਾ ਨਾ ਪੜ੍ਹਨੇ ਨਾਲ ਕੋਈ ਭੀ ਰਖਜ਼ਾ ਨ ਪਾਏਗਾ। ਏਸ ਹਿੱਸੇ ਵਿਚ ਮੁੜ ਮੁੜ 'ਲਾ' ਲਿਖਿਆ ਗਿਆ ਹੈ ਜੋ ਸਾਡੇ ਕੁਰਾਨ ਦੇ ਕਹੇ ਅਲਾਹ, ਇਲਾਹ ਇਤਜਾਦਿ ਜੈਸਾ ਹੈ †† । ਸ਼ੇਖ ਨੇ ਇਨ੍ਹਾਂ ਅੰਸ਼ਾਂ ਦੇ ਆਧਾਰ ਉਪਰ ਬ੍ਰਾਹਮਣਾਂ ਨੂੰ ਹਰਾਇਆ ਸੀ ਤੇ ਉਹ ਇਸਲਾਮ ਦਾ ਮਜ਼੍ਹਬ ਕਬੂਲਣ ਲਈ ਤਜ਼ਾਰ ਹੋ ਗਏ ਸਨ।

[ਮੁੰਤਖਿੱਬੁਲ ਤਵਾਰੀਖ, ੨, ੨੧੨.]

ਕੁਰਾਨ ਸ਼ਰੀਫ ਅਤੇ ਅਥਰਵ ਵੇਦ ਦਾ ਤਅੱਲੁਕ ਬਦਾਯੂਨੀ ਤੋਂ ਵੀ ਬਹੁਤ ਪੁਰਾਣਾ ਲੋਕਾਂ ਵਿਚ ਮਸ਼ਹੂਰ ਤੁਰਿਆ ਆਉਂਦਾ ਹੈ। ਅਥਰਵ ਵੇਦ ਤੇ ਜ਼ੈਂਦ ਅਵਸਥਾ ਦੇ ਆਪਸ ਵਿਚ ਮਿਲਦੇ ਜੁਲਦੇ ਹੋਣ ਲਈ ਦੇਖੋ **Haugs Essays on the Parsis P. 1 2.** ਅਥਰਵ ਵੇਦ ਦੀ ਇਕ ਲੋਪ ਹੋ ਚੁਕੀ 'ਭ੍ਰਿਗੂ ਸੰਹਿਤਾ' ਦਾ ਤਅੱਲੁਕ ਪਾਰਸੀਆਂ ਦੀ ਧਰਮ ਪੁਸਤਕ 'ਜ਼ੈਂਦ ਅਵਸਥਾ' ਨਾਲ ਤੇ ਫੇਰ 'ਜ਼ੇਂਦ ਅਵਸਥਾ' ਦਾ ਤਅੱਲੁਕ ਕੁਰਾਨ ਨਾਲ ਭੀ ਹੈ। ਏਸ ਬਹਿਸ ਲਈ ਦੇਖੋ ਪੁਸਤਕ ਐਥੀਕਲ ਕਨਸੈਪਸ਼ਨ ਔਫ ਦੀ ਗਾਥਾ-ਜੇ.ਐਮ.ਚੈਟਰ ਜੀ।

ਅਥਰਵ ਵੇਦ ਵਿਚ ਕਈ ਗਲਾਂ ਐਸੀਆਂ ਹਨ ਜੋ ਹਿੰਦੂ ਮਤ ਦੇ ਬਿਲਕੁਲ ਵਿਰੁੱਧ ਹਨ। ਇਸ

---

* The inferiority of the Atharvan is stated outright at Apasta. II. 29, 10, 11. [Bloomfield XLIX]

† ਜਾਦੂ ਟੂਣੇ ਵਾਲੇ ਮੰਤ੍ਰ।

‡ Vishnu V. 191, counts him that recites a deadly incantation from the Atharvana Veda as one of the seven kinds of assasins. [Ibidem]

§ अथर्वाङ्ग रसः पुच्छं प्रतिष्ठा॥ [तै: उ:

††ਖ਼ੁਦਾ ਦਾ ਮੂਲ ਹੈ ਖ਼ੁਦ+ਆ, ਜੋ ਆਪਣੇ ਆਪ ਤੋਂ ਆਪ ਆਯਾ ਹੈ। ਪਰ 'ਖ਼ੁਦ' ਸੰਸਕ੍ਰਿਤ ਦੇ 'ਸ੍ਵਜ' ਤੋਂ ਬਣਿਆ ਹੈ। ਈਰਾਨੀਆਂ ਦਾ ਈਸ਼੍ਵਰੀ ਨਾਮ ਖ਼ੁਦਾ ਸੀ ਜੋ ਸੰਸਕ੍ਰਿਤ ਮੂਲਕ ਸੀ, ਅਰਬ ਵਾਲਿਆਂ ਜਦ ਈਰਾਨ ਮੁਸਲਮਾਨ ਕੀਤਾ ਤਾਂ ਖ਼ੁਦਾ ਦਾ ਨਾਮ ਅੱਲਾ ਹੋ ਗਿਆ, ਓਥੋਂ ਇਹ ਹਿੰਦ ਵਿਚ ਆਇਆ।

ਮੁਤਾਬਿਕ ਵਿਧਵਾ ਵਿਵਾਹ ਅਤੇ ਇਕ ਪਤੀ ਦੇ ਹੁੰਦਿਆਂ ਹੋਇਆਂ ਹੋਰ ਪਤੀ ਗ੍ਰਹਿਣ ਕਰਨ ਦੀ ਲਿਖਤ ਮੌਜੂਦ ਹੈ, ਦੇਖੋ ਅਥਰਵ ਵੇਦ ੯, ੫, ੨੭-੨੮।

ਇਕ ਗਲ ਹੋਰ ਹੈ ਜੋ ਵਿਚਾਰ ਗੋਚਰੀ ਹੈ। ਬਹੁਤ ਸਾਰੇ ਟੀਕਾ-ਕਾਰਾਂ ਨੇ ਚਾਰਾਂ ਵੇਦਾਂ ਨੂੰ ਚਾਰ ਜੁਗਾਂ ਦੇ ਪ੍ਰਤਿਨਿਧ ਅਰਥ ਕੀਤੇ ਹਨ ਤੇ ਦੱਸਿਆ ਹੈ ਕਿ ਇਨ੍ਹਾਂ ਤੁਕਾਂ ਵਿਚ ਚਾਰ ਮੁਖ਼ਤਲਿਫ ਜੁੱਗਾਂ ਦੀਆਂ ਵੱਡੀਆਂ ਵਜਕਤੀਆਂ ਤੇ ਉਹਨਾਂ ਜੁਗਾਂ ਦੀ ਵਖੋ ਵਖ ਧਰਮ ਅਵਸਥਾ ਦਾ ਜ਼ਿਕਰ ਹੈ। ਇਨ੍ਹਾਂ ਅਰਥਾਂ ਦੀ ਪ੍ਰੋੜ੍ਹਤਾ ਪਿਛਲੇ ਸਲੋਕ ਤੋਂ ਮਿਲਦੀ ਹੈ ਜਿਸ ਵਿਚ 'ਸਤਿਜੁਗ ਰਥ ਸੰਤੋਖ ਕਾ' ਆਦਿਕ ਜ਼ਿਕਰ ਹੈ। ਸੰਪ੍ਰਦਾਈ ਅਰਥ* ਵੀ ਏਸੇ ਖਿਆਲ ਵਲ ਝੁਕਦੇ ਹਨ।

ਕਈ ਗਿਆਨੀਆਂ ਦਾ ਖਿਆਲ, ਇਨ੍ਹਾਂ ਤੁਕਾਂ ਵਿਚ ਆਏ ਰੰਗਾਂ ਕਰਕੇ, ਜੁਗਾਂ ਤੇ ਵੇਦਾਂ ਦੇ ਰੰਗਾਂ ਵਲ ਗਿਆ ਹੈ ਸਤਿਗੁਰ ਜੀ ਦਾ ਅਪਣਾ ਕਥਨ ਵੀ ਕਿਸੇ ਹੋਰ ਥਾਵੇਂ ਰੰਗਾਂ ਬਾਬਤ ਇਸ ਤਰ੍ਹਾਂ ਹੈ:-

ਬਗਾ ਰਤਾ ਪੀਅਲਾ ਕਾਲਾ ਬੇਦਾ ਕਰੀ ਪੁਕਾਰ॥　[ਮਾਝ ਵਾਰ ਮਹਲਾ ੧]

ਰੰਗਾਂ ਬਾਬਤ ਅਨੇਕ ਮਤ ਹਨ ਜਿਨ੍ਹਾਂ ਵਿਚ ਭਿੰਨ ਭੇਦ ਹੈ ਪਰ ਜੋ ਆਮ ਲੋਕਾਂ ਵਿਚ ਮਸ਼ੂਹਰ ਹੋਏ ਹਨ ਉਹ ਇਸ ਤਰ੍ਹਾਂ ਹਨ-

ਸਤਿਜੁਗ ਸ਼ੁਕਲ, ਤ੍ਰੇਤਾ ਰਕਤ, ਦੁਆਪਰ ਪੀਤ, ਕਲਿਜੁਗ ਨੀਲ, ਇਹ 'ਸਾਰ ਗੀਤਾ' ਦੇ ਮੁਤਾਬਿਕ ਹੈ। ਏਸ ਪੁਸਤਕ ਵਿਚ ਇਕ ਥਾਵੇਂ ਰਿਗ ਵੇਦ ਦਾ ਨੀਲ ਵਰਣ ਕਿਹਾ ਹੈ ਅਰ ਯਜੁਰ ਵੇਦ ਦਾ ਪੀਤ ਪਰ ਦੂਜੀ ਥਾਵੇਂ ਹਿਸਾਬ ਨਾਲ ਰਿਗ ਦਾ ਨੀਲ ਨਿਕਲਦਾ ਹੈ ਅਰ ਯਜੁਰ ਦਾ ਸ਼ੁਕਲ (ਚਿੱਟਾ)। ਅਸਲ ਵਿਚ ਵੇਦਾਂ ਦੇ ਰੰਗ ਦਾ ਵਿਸ਼ਯ ਇਨ੍ਹਾਂ ਦੀ ਉਤਪਤੀ ਨਾਲ ਸੰਬੰਧਿਤ ਹੈ। ਵੇਦਾਂ ਦੇ ਪ੍ਰਗਟ ਹੋਣ ਬਾਬਤ ਮੰਨੂੰ (੧-੨੩) ਵਿਚ ਇਸ ਤਰ੍ਹਾਂ ਲਿਖਿਆ ਹੈ: 'ਯਗ ਆਦਿਕ ਕੀ ਸਿਧੀ ਕੇ ਲੀਏ ਉਨ੍ਹੋਂ ਨੇ ਅਗਨੀ ਸੇ ਰਿਗ ਵੇਦ, ਵਾਯੂ ਸੇ ਯਜੁਰ ਵੇਦ ਔਰ ਸੂਰਯ ਸੇ ਸਾਮ ਵੇਦ ਉਧ੍ਰਿਤ ਕੀਆ।' ਇਸ ਕਥਨੀ ਦੇ ਮੁਤਾਬਿਕ ਰੰਗਾਂ ਬਾਬਤ ਮਤ ਭੇਦ ਹੁੰਦਿਆਂ ਹੋਇਆਂ ਭੀ ਇਹੋ ਵੰਡ ਜ਼ਿਆਦਾ ਮੁਨਾਸਬ ਮਲੂਮ ਹੁੰਦੀ ਹੈ ਸਾਮਵੇਦ (ਬੱਗਾ=) ਚਿੱਟਾ, ਰਿਗ (ਰਤਾ=) ਲਾਲ, ਯਜੁਰ (ਪੀਅਲਾ=) ਪੀਲਾ।

ਹੁਣ ਤਕ ਦੀ ਕੀਤੀ ਖੋਜ ਅਨੁਸਾਰ ਇਨ੍ਹਾਂ ਤੁਕਾਂ ਦੇ ਮੁੱਖ ਅਰਥ ਉਹੋ ਹੀ ਹਨ ਜੋ ਪਿਛੇ ਕਰ ਆਏ ਹਾਂ। ਬਾਕੀ ਗੱਲਾਂ ਇਨ੍ਹਾਂ ਤੁਕਾਂ ਦੇ ਕਾਵਯ ਰਸ ਦੀ ਗੁੱਝੀ ਰਮਜ਼ ਦੇ ਝਲਕਾਰੇ ਹਨ। ਕਾਵਯ ਦੇ ਨੁਕਤੇ ਤੋਂ ਜਾਚੀਏ ਤਾਂ 'ਸਾਮ ਕਹੈ ਸੇਤੰਬਰ ਸੁਆਮੀ' ਵਿਚ ਕੇਵਲ 'ਸ' ਅਖਰ ਦਾ ਅਨੁਪ੍ਰਾਸ (Alliteration) ਹੀ ਨਹੀਂ ਬਲਕਿ ਸਾਮ ਵੇਦ ਦਾ ਸੰਬੰਧ ਜੋ ਚਿਟੇ ਰੰਗ ਨਾਲ ਹੈ ਉਸ ਨੂੰ ਭੀ ਗੁਰੂ ਜੀ ਨੇ ਸ਼ਬਦਾਂ ਦੀ ਗੋਂਦ ਵਿਚੋਂ ਝਲਕਾ ਦਿੱਤਾ ਹੈ।

ਕਈ ਹੋਰ ਕਵੀਆਂ ਨੇ ਸਾਮ ਵੇਦ ਦੀ ਸਫੈਦੀ ਨੂੰ ਅਪਣੀ ਛੰਦ ਰਚਨਾ ਵਿਚ ਰਚਿਆ ਹੈ। ਕੇਸ਼ੋ ਦਾਸ ਨੇ ਭਾਰਦ੍ਵਾਜ ਬੁੱਢੇ ਰਿਸ਼ੀ ਦੀਆਂ ਚਿੱਟੀਆਂ ਭੌਹਾਂ ਨੂੰ ਸਾਮਵੇਦ ਦੇ (ਸਫੈਦ) ਮੰਤ੍ਰਾਂ ਨਾਲ

* ਸੰਪ੍ਰਦਾਈ ਅਰਥ ਇਸ ਤਰ੍ਹਾਂ ਚਲਦੇ ਹਨ-"(ਸਤਿਜੁਗ ਦਾ) ਸਾਮਵੇਦ (ਹੈ ਜੋ) ਸ੍ਵਾਮੀ ਨੂੰ ਸੇਤੰਬਰ (ਹੰਸ ਅਵਤਾਰ) ਕਹਿੰਦਾ ਹੈ, (ਓਦੋਂ) ਸਭ ਕੋਈ ਸੱਚ ਵਿਚ ਰਹਿੰਦਾ ਹੁੰਦਾ ਸੀ ਤੇ ਸੱਚ ਵਿਚ ਸਮਾਉਂਦਾ ਸੀ। ਹੇ ਨਾਨਕ (ਤ੍ਰੇਤੇ ਜੁਗ ਦਾ ਵੇਦ) ਰਿਗ ਹੈ ਜੋ ਸ੍ਵਾਮੀ ਨੂੰ ਭਰਪੂਰ ਦੱਸਦਾ ਹੈ (ਕਿ ਉਸ ਦਾ) ਨਾਮ ਰਾਮ ਸੀ ਤੇ ਦੇਵਤਿਆਂ ਵਿਚ (ਸੂਰਯ ਸਮਾਨ) ਸੀ, (ਉਹ) ਨਾਮ ਲੈਣ ਨਾਲ ਪਾਪ ਝੜਦੇ ਸਨ, (ਤਦ ਲੋਕੀਂ) ਅੰਦਰ (ਹੀ) ਮੁਕਤੀ ਪਾ ਲੈਂਦੇ ਸਨ। ਹੇ ਨਾਨਕ (ਦੁਆਪਰ ਜੁਗ ਦਾ ਵੇਦ ਹੈ) ਯਜੁਰ (ਉਸ ਜੁਗ) ਵਿਚ ਯਾਦਵ ਕੁਲ ਵਾਲਾ ਕ੍ਰਿਸ਼ਨ (ਪ੍ਰਸਿਧ ਨਾਮ ਕਾਨ੍ਹ) ਹੋਇਆ, (ਜਿਸ ਨੇ) ਚੰਦ੍ਰਾਵਲਿ ਜੋਰ ਨਾਲ ਛਲੀ ਤੇ ਪਾਰਜਾਤ (ਬ੍ਰਿਛ ਆਪਣੀ) ਗੋਪੀ ਵਾਸਤੇ ਲੈ ਆਇਆ ਤੇ ਬਿੰਦਾਬਨ ਵਿਚ ਰੰਗ ਰਲੀਆਂ ਕਰਦਾ ਰਿਹਾ। ਕਲਿਜੁਗ ਵਿਚ ਵੇਦ ਅਥਰਬਣ ਹੋਇਆ ਤੇ (ਖ਼ੁਦਾਈ) ਸ੍ਵਾਮੀ ਦਾ ਨਾਉਂ ਅੱਲਾ ਪੈ ਗਿਆ। ਤੁਰਕਾਂ ਤੇ ਪਠਾਣਾਂ ਦਾ ਰਾਜ ਹੋ ਗਿਆ ਹੈ, (ਜਿਨ੍ਹਾਂ ਨੇ) ਨੀਲੇ ਬਸਤ੍ਰ ਲੈਕੇ (ਕਪੜੇ) ਬਣਵਾਕੇ ਪਹਿਨੇ ਹੋਏ ਹਨ।" (ਅ) ਸੰਪ੍ਰਦਾਈ ਗਯਾਨੀ 'ਕਹੈ' ਦਾ ਅਰਥ 'ਕੋਈ ਕਹਿੰਦਾ ਹੈ' ਕਰਕੇ ਬੀ ਅਰਥ ਢੁਕਾਉਂਦੇ ਹਨ।

ਉਪਮਾ ਦਿੱਤੀ ਹੈ*।

ਮੀਮਾਂਸਿਕ ਖਿਆਲਾਂ ਮੂਜਬ ਸਾਮਵੇਦ ਇਕ ਪੁਸਤਕ ਹੀ ਨਹੀਂ ਬਲਕਿ ਆਪਣੇ ਮੰਤ੍ਰਾਤਮਿਕ ਦੇਵਤੇ ਦਾ 'ਸ਼ਬਦ ਸਰੂਪ' ਹੈ। ਏਸ ਵੇਦ ਦੇ ਮੰਤ੍ਰ ਚਿੱਟੇ ਹੋਣ ਕਰਕੇ ਸਾਮਦੇਵ ਦੇਵਤਾ ਆਪ ਵੀ ਸੇਤੰਬਰ ਸੁਆਮੀ ਹੈ। ਸ਼ੈਵ ਮਤ ਅਨੁਸਾਰ ਸਾਮ ਵੇਦ ਸ਼ਿਵਜੀ ਨਾਲ ਅਭੇਦ ਹੈ। ਸ਼੍ਵੇਤਾਂਬਰ † ਸ਼ਬਦ ਦਾ ਇਕ ਅਰਥ ਸ਼ਿਵ ਬੀ ਹੈ। [ਦੇਖੋ ਹਿੰਦੀ ਸ਼ਬਦ ਸਾਗਰ] । ਪਰ ਇਹ ਸਾਰੀਆਂ ਗੱਲਾਂ ਚਿਟਿਆਈ ਦੀਆਂ ਹੀ ਸੂਚਕ ਹਨ। ਸੱਚ ਵੀ ਚਿੱਟਾ ਹੈ। ਸ੍ਰੀ ਗੁਰੂ ਜੀ ਨੇ ਸਾਮ ਵੇਦ ਵਿਚ ਆਏ 'ਸੱਚ' ਵਲ ਇਸ਼ਾਰਾ ਕੀਤਾ ਹੈ, ਜਿਸ ਦਾ ਪ੍ਰਤਿਪਾਦਨ ਸ਼੍ਵੇਤਕੇਤੂ ਦੇ ਪਿਤਾ ਨੇ ਕੀਤਾ ਹੈ ਤੇ ਜਿਸ ਸੱਚ ਦੀ ਵਿਦਜਾ ਨੂੰ ਸ਼੍ਵੇਤਕੇਤੂ ਨੇ ਰਾਜ ਰਿਸ਼ੀ ਜਨਕ ਪਾਸੋਂ ਜਾਕੇ ਸਭ ਤੋਂ ਪਹਿਲੇ ਗ੍ਰਹਿਣ ਕੀਤਾ ਸੀ।

ਪਰ ਏਸ ਸਾਰੇ ਕਹਿਣ ਤੋਂ ਭਾਵ ਗੁਰੂ ਜੀ ਦਾ ਆਪਣਾ ਆਸ਼ਾ ਵੇਦਾਂ ਦੇ ਕਰਮ ਕਾਂਡ ਦੇ ਖੰਡਨ ਨੂੰ ਪ੍ਰਗਟ ਕਰਦਾ ਹੈ। ਵੇਦ ਬਹੁਤ ਵਡੀ ਚੀਜ਼ ਹੋਣ ਦੇ ਕਾਰਣ ਉਨ੍ਹਾਂ ਦਾ ਖ਼ਿਆਲ ਵੇਦਾਂ ਬਾਬਤ ਕੁਛ ਐਸ ਤਰ੍ਹਾਂ ਦਾ ਹੈ ਜਿਸ ਤਰ੍ਹਾਂ ਕਿ ਗੀਤਾ ਵਿਚ ਕਿਹਾ ਹੈ:"ਹੇ ਅਰਜਨ, ਵੇਦ ਤਿੰਨਾਂ ਗੁਣਾਂ ਵਿਚ ਵਿਚਰ ਰਹੇ ਹਨ, ਤੂੰ ਤਿੰਨਾਂ ਗੁਣਾਂ ਤੋਂ ਪਰੇ ਹੋ ਜਾ, ਸਭ ਪਾਸਿਆਂ ਤੋਂ ਭਰੇ ਹੋਏ ਜਲ ਨਾਲ ਜਿਤਨਾ ਕੁ ਪਾਣੀ ਲੈਣ (ਜਾਂ ਪੀਣ) ਦੀ ਜ਼ਰੂਰਤ ਹੈ ਉਤਨਾਂ ਕੁ ਹੀ ਪ੍ਰਯੋਜਨ ਸਾਰੇ ਵੇਦਾਂ ਦੇ ਮੱਧ ਨਾਲ ਗਜਾਨਵਾਨ ਬ੍ਰਾਹਮਣ ਨੂੰ ਹੋਣਾ ਚਾਹੀਦਾ ਹੈ।'' ਅਗਲੀ ਪਉੜੀ ਵਿਚ ਗਿਆਨ ਹੀ ਦਾ ਉਪਦੇਸ਼ ਹੈ, ਜੋ ਗੁਰੂ ਤੋਂ ਪ੍ਰਾਪਤ ਹੁੰਦਾ ਹੈ, ਇਸ ਕਰਕੇ ਗੁਰੂ ਦੀ ਮਹਿਮਾ ਦਰਸਾਈ ਹੈ।

ਪਉੜੀ ॥ ਸਤਿਗੁਰ ਵਿਟਹੁ ਵਾਰਿਆ ਜਿਤੁ ਮਿਲਿਐ ਖਸਮੁ ਸਮਾਲਿਆ ॥ ਜਿਨਿ ਕਰਿ ਉਪਦੇਸੁ ਗਿਆਨ ਅੰਜਨੁ ਦੀਆ ਇਨ੍ਹੀ ਨੇਤ੍ਰੀ ਜਗਤੁ ਨਿਹਾਲਿਆ ॥ ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ ॥ ਸਤਿਗੁਰੂ ਹੈ ਬੋਹਿਥਾ ਵਿਰਲੈ ਕਿਨੈ ਵੀਚਾਰਿਆ ॥ ਕਰਿ ਕਿਰਪਾ ਪਾਰਿ ਉਤਾਰਿਆ ॥੧੩॥

ਮੈਂ (ਅਪਣੇ) ਸਤਿਗੁਰੂ ਤੋਂ ਸਦਕੇ ਹਾਂ, ਜਿਸ ਦੇ ਮਿਲਣੇ ਨਾਲ (ਮੈਂ ਅਪਣੇ) ਮਾਲਕ (ਵਾਹਿਗੁਰੂ) ਨੂੰ ਯਾਦ ਕੀਤਾ ਹੈ। ਜਿਸ ਨੇ (ਮੈਨੂੰ) ਉਪਦੇਸ਼ ਕਰਕੇ ਗਿਆਨ ਰੂਪੀ ਸੁਰਮਾ ‡ਦਿੱਤਾ, (ਜਿਸ ਗਜਾਨ ਸੁਰਮੇ ਦੀ ਤੁਫੈਲ ਮੈਂ) ਇਨ੍ਹਾਂ ਅੱਖਾਂ ਨਾਲ ਜਗਤ ਨੂੰ ਵੇਖਿਆ। (ਤਾਂ ਅਗਜਾਨ ਦ੍ਰਿਸ਼ਟੀ, ਜਿਸ ਕਰਕੇ ਹੋਰ ਦਾ ਹੋਰ ਦਿੱਸਦਾ ਸੀ, ਨਾਸ਼ ਹੋ ਗਈ, ਫਿਰ ਸ਼ੋਕ ਆਇਆ ਅਗਜਾਨ ਦ੍ਰਿਸ਼ਟੀ ਵਾਲੇ) ਵਪਾਰੀਆਂ (ਤੇ ਕਿ ਜੋ ਵਾਹਿਗੁਰੂ) ਮਾਲਕ ਨੂੰ ਛੱਡਕੇ ਦੂਜੇ (ਪਾਸੇ) ਲੱਗੇ ਹੋਏ ਹਨ, (ਕਿਉਂਕਿ) ਓਹ (ਨਿਸ਼ਚੇ) ਡੁਬ ਰਹੇ ਹਨ। (ਉਨ੍ਹਾਂ ਡੁਬਦਿਆਂ ਨੂੰ ਬੀ ਤਾਰਨਹਾਰ) ਜਹਾਜ਼ ਸਤਿਗੁਰੂ ਹੀ ਹੈ, (ਇਹ ਗੱਲ) ਕਿਸੇ ਵਿਰਲੇ ਹੀ ਵੀਚਾਰੀ ਹੈ। (ਜਿਸ ਕਿਸੇ ਇਹ ਗੱਲ ਸਮਝ ਲਈ ਹੈ ਤੇ ਗੁਰੂ ਦੀ ਸ਼ਰਨ ਲੈ ਲਈ ਹੈ ਉਸ ਨੂੰ ਗੁਰੂ ਨੇ) ਕਿਰਪਾ ਕਰਕੇ ਪਾਰ ਕਰ ਦਿੱਤਾ ਹੈ ॥ ੧੩ ॥

---

* ਭ੍ਰਿਕੁਟੀ ਵਿਰਾਜਤ ਸ੍ਵੇਤ ਮਾਨਹੁ ਮੰਤ੍ਰ ਅਦਭੁਤ ਸਾਮ ਕੇ।
ਜਿਨ ਕੇ ਵਿਲੋਕਤ ਹੀ ਬਿਲਾਤ ਅਸ਼ੇਸ਼ ਕਾਰਮੁਕ ਕਾਮ ਕੇ।

† ਦੇਖੋ ਚੰਡੀ ਸਪ੍ਰਸ਼ਤੀ ਪ੍ਰਥਮ ਮੱਧਮ ਉੱਤਮ ਤੀਨ ਚਰਿੱਤ੍ਰ। ਇਸ ਮੁਤਾਬਿਕ ਸਾਮ ਵੇਦ ਦੀ ਅਭੇਦਤਾ ਸ਼ਿਵ ਨਾਲ, ਯਜਰ ਦੀ ਵਿਸ਼ਨੂੰ ਨਾਲ ਤੇ ਰਿਗ ਦੀ ਬ੍ਰਹਮਾ ਨਾਲ ਹੈ।

‡ ਗਜਾਨ ਅੰਜਨ ਨਾਲ ਅਗਜਾਨ ਦੂਰ ਹੁੰਦਾ ਹੈ:-ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥ [ਗਉੜੀ ਸੁਖਮਨੀ, ੨੩ ਸਲੋਕ] । ਗਿਆਨ ਅੰਜਨ ਨਾਲ ਵਾਹਿਗੁਰੂ ਦਿਸ ਪੈਂਦਾ ਹੈ- ਗੁਰਪਰਸਾਦੀ ਬੁਝਿਆ ਜਾ ਵੇਖਿਆ ਹਰਿ ਇਕੁ ਹੈ ਹਰਿ ਬਿਨ ਅਵਰੁ ਨ ਕੋਈ॥ [ਅਨੰਦ ੩੬]। ਪੁਨਾ:-ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ॥[ਅਨੰਦ-੩੬]।

ਸਲੋਕਾਂ ਤੇ ਪਉੜੀ ਦਾ ਸੰਮੇਲਨ-ਪਉੜੀ ਤੋਂ ਪਹਿਲੋਂ ਆਏ ਦੋ ਸ਼ਲੋਕਾਂ ਵਿਚ ਪਹਿਲੋਂ ਜੁਗਾਂ ਦੇ ਵਰਤਾਰੇ ਤੇ ਫੇਰ ਚਾਰ ਵੇਦਾਂ ਦੇ ਮਤਿ ਕਹੇ, ਫੇਰ ਦੋ ਅਵਤਾਰਾਂ ਤੇ ਫੇਰ ਮੁਸਲਮਾਨੀ ਮਤਿ ਦਾ ਜ਼ਿਕਰ ਕੀਤਾ, ਅਖ਼ੀਰ ਵਿਚ ਫੁਰਮਾਯਾ:-

ਭਾਉ ਭਗਤਿ ਕਰਿ ਨੀਚੁ ਸਦਾਏ॥ ਤਉ ਨਾਨਕ ਮੋਖੰਤਰੁ ਪਾਏ॥ ੨॥

ਜਿਸ ਵਿਚ ਜਣਾਇਆ ਕਿ ਮੋਖ ਪਾਉਣ ਦਾ ਤਰੀਕਾ 'ਪ੍ਰੇਮਾ ਭਗਤੀ' ਹੈ, ਨਾਮ ਹੈ, ਪਿਛਲੇ ਤਰੀਕੇ ਠੀਕ ਨਹੀਂ ਬੈਠਦੇ। ਇਹ ਵਾਕ ਰੌਸ਼ਨੀ ਪਾਉਂਦਾ ਹੈ '*ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ*' ਵਾਲੀ ਤੁਕ ਤੇ, ਜੋ ਪਉੜੀ ਵਿਚ ਕਹੀ ਹੈ। ਹੁਣ ਅਕਾਂਖ੍ਯਾ ਇਹ ਹੁੰਦੀ ਹੈ ਕਿ 'ਖਸਮੁ' ਨੂੰ ਕਿਵੇਂ ਲਗੇ? ਭਗਤੀ ਕਿਵੇਂ ਪ੍ਰਾਪਤ ਹੋਵੇ? ਇਸ ਦਾ ਹੱਲ ਬਾਕੀ ਦੀ ਪਉੜੀ ਹੈ ਕਿ ਸਤਿਗੁਰੂ ਖਸਮ ਦੀ ਸਮ੍ਹਾਲ ਬਖਸ਼ਦਾ ਹੈ ਤੇ ਗਿਆਨ ਦਾਨ ਕਰਦਾ ਹੈ ਤੇ ਜਹਾਜ਼ ਵਾਂਙੂ ਭਵ ਸਾਗਰ ਤੋਂ ਪਾਰ ਕਰ ਦੇਂਦਾ ਹੈ। ਗੋਯਾ ਸਲੋਕਾਂ ਨੂੰ ਸੁਣਕੇ ਮਨ ਤਿਆਰ ਹੁੰਦਾ ਹੈ ਜਾਣਨ ਲਈ ਕਿ ਕਾਮਯਾਬ ਰਸਤਾ ਤੇ ਕਲਿਯੁਗ ਵਿਚ ਮੁਕਤੀ ਦੇਣ ਵਾਲਾ ਰਸਤਾ ਕਿਵੇਂ ਪ੍ਰਾਪਤ ਹੁੰਦਾ ਹੈ? ਜਿਸ ਦੇ ਅਖ਼ੀਰ ਵਿਚ 'ਭਾਉ ਭਗਤੀ ਰਸਤਾ ਹੈ' ਬੀ ਦੱਸਿਆ। ਹੁਣ 'ਭਾਉ ਭਗਤੀ' ਕਿਵੇਂ ਪ੍ਰਾਪਤ ਹੁੰਦੀ ਹੈ? ਇਸ ਗਲ ਦੇ ਜਾਣਨੇ ਦੀ ਲੋੜ ਪੈਦਾ ਹੋ ਗਈ, ਉਹ ਲੋੜ ਪਉੜੀ ਵਿਚੋਂ ਪਈ ਪੂਰੀ ਹੁੰਦੀ ਹੈ ਕਿ ਭਾਉ ਭਗਤੀ ਗੁਰੂ ਦਾਨ ਕਰਦਾ ਹੈ। ਸੋ ਸਲੋਕਾਂ ਤੇ ਪਉੜੀ ਦੇ ਭਾਵ ਆਪੋ ਵਿਚ ਐਉਂ ਆ ਜੁੜੇ।

ਨਿਰੁਕ੍ਤ-ਮੇਰੁ ਸਰੀਰ ਕਾ-ਸਰੀਰ ਕਾ ਮੇਰੁ, ਸਰੀਰ ਦਾ ਸ਼ਿਰੋਮਣੀ, ਭਾਵ ਜੀਵ।

ਰਥੁ-ਬਹਿਲ ਵਰਗੀ ਪਰ ਉਸ ਤੋਂ ਸੁਹਣੀ ਇਕ ਸਵਾਰੀ ਦੀ ਗੱਡੀ, ਭਾਵ ਸਰੀਰ।

ਰਥਵਾਹੁ-ਰਥ ਨੂੰ ਚਲਾਉਣ ਵਾਲਾ, ਸਾਰਥੀ। ਭਾਵ ਜੀਵ ਦੇ ਅੰਦਰ ਵਿਚਰਨ ਵਾਲੇ ਉਨ੍ਹਾਂ ਖਿਆਲਾਂ (ਫੁਰਨਿਆ) ਦੀ ਗੰਢ ਜੋ ਇਸ ਨੂੰ ਬਾਹਰੋਂ ਤਾਂ ਆਦਰਸ਼ ਦਾ ਰੂਪ ਧਾਰਕੇ ਕਰਮਾਂ ਵਲ ਪ੍ਰੇਰਦੀ ਹੈ, ਪਰ ਅੰਦਰੋਂ ਵਾਸ਼ਨਾ ਮੂਲਕ ਹੋਣ ਕਰਕੇ ਵਧੇਰੇ ਪੱਕੀ ਹੁੰਦੀ ਰਹਿੰਦੀ ਹੈ ਤੇ ਨਿਵਿਰਤ ਨਹੀਂ ਹੁੰਦੀ।

ਸੇਤੰਬਰੁ-ਸ਼੍ਵੇਤ ਕੇਤੂ, ਇਕ ਰਿਸ਼ੀ-ਪੁਤ੍ਰ ਦਾ ਨਾਮ। ਸ਼੍ਵੇਤ ਕੇਤੂ ਦਾ ਜ਼ਿਕਰ ਬਹੁਤਾ ਸਾਮ ਵੇਦ ਦੀ ਛਾਂਦੋਗ੍ਯ ਉਪਨਿਸ਼ਦ ਵਿਚ ਹੈ। ਸ਼ਬਦ 'ਸ਼੍ਵੇਤ ਕੇਤੂ' ਇਕ ਅਰਥ ਦੇ ਲਿਹਾਜ਼ ਨਾਲ 'ਸ਼੍ਵੇਤਾਂਬਰ' ਦੀ ਪ੍ਰਯਾਯ ਉਕਤਿ ਹੈ। (ਦੇਖੋ ਸੰਸਕ੍ਰਿਤ ਕੋਸ਼ ਮੋਨਿਯਰ ਵਿਲਿਯਮ)। ਸ਼੍ਵੇਤੰਬਰ ਸੁਆਮੀ=ਉਦਾਲਕ ਰਿਖੀ, ਸ਼੍ਵੇਤ ਕੇਤੂ ਦਾ ਪਿਤਾ ਉਪਦੇਸ਼ਟਾ।

ਸਾਚਿ-ਸਦਾ। ਆਛੈ ਰਹੇ-ਟਿਕਿਆ ਰਹੇ।

ਸਭੁ ਕੋ ਸਚਿ ਸਮਾਵੈ-ਉਹ ਸਚ ਜੋ ਸਭ ਨੂੰ (ਅਪਣੇ ਵਿਚ) ਸਮਾ ਲੈਂਦਾ ਹੈ, ਸਭ ਨੂੰ ਸਮਾਉਣ ਵਾਲਾ ਸੱਚ, ਭਾਵ ਸਰਬ ਵ੍ਯਾਪੀ ਸੱਚ। ਰਹਿਆ-ਰਹਿਆਂ=ਰਿਹਾ ਹਾਂ।

ਸੂਰੁ-ਸੂਰਬੀਰ। ਬਲਵਾਨ। ਦੇਵਤਿਆਂ ਨੂੰ ਰਾਵਣ ਨੇ ਜ਼ੇਰ ਕਰ ਲੀਤਾ ਸੀ ਤੇ ਉਹਨਾਂ ਕੋਲੋਂ ਘਰ ਦੇ ਨੌਕਰਾਂ ਵਾਲੇ ਕੰਮ ਕਰਾਉਂਦਾ ਹੁੰਦਾ ਸੀ। ਰਾਮ ਨੇ ਰਾਵਣ ਨੂੰ ਮਾਰਿਆ, ਦੇਵਤੇ ਸਾਰੇ ਕੈਦੋਂ ਛੁਟੇ, ਏਸ ਕਰਕੇ ਦੇਵਤਿਆਂ ਵਿਚ ਰਾਮ ਸੂਰਬੀਰ ਮੰਨਿਆਂ ਗਿਆ।

ਚੰਦ੍ਰਾਵਲਿ-'ਚੰਦ੍ਰਾਵਲੀ' ਗੋਵਰਧਨ ਮੱਲ ਦੀ ਇਸਤ੍ਰੀ ਸੀ। ਇਸ ਦੀ ਕੁੰਜ ਵਿਚ ਜਾਕੇ ਕ੍ਰਿਸ਼ਨ ਦੀਆਂ ਰੰਗ ਰਲੀਆਂ ਕਰਨ ਦੀਆਂ ਕਥਾ ਕਹਾਣੀਆਂ ਕਈ ਹਨ।

ਗੋਪੀ – ਗੋਪਾਲ ਦੀ ਵਹੁਟੀ ਹੋਣ ਕਰਕੇ ਸਤਿਭਾਮਾਂ ਨੂੰ ਗੋਪੀ ਕਿਹਾ ਹੈ। ਸਤਿਭਾਮਾ ਦੀ ਖਾਤਰ ਇੰਦਰ ਦੇ ਬਾਗ ਵਿਚੋਂ ਪਾਰਜਾਤ ਦਾ ਦਰਖਤ ਪੁੱਟਕੇ ਲੈ ਆਉਣ ਦੀ ਕਥਾ ਕ੍ਰਿਸ਼ਨ ਬਾਬਤ ਆਮ ਪ੍ਰਸਿੱਧ ਹੈ।

ਪਾਰਜਾਤੁ-ਸ੍ਵਰਗ ਦੇ ਪੰਜ ਬ੍ਰਿਛਾਂ ਵਿਚੋਂ ਇਕ।

358

[ਪਉੜੀ ਚੌਧਵੀਂ]

ਮੂਲ	ਅਰਥ
ਸਲੋਕੁ ਮਃ ੧॥ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ॥ ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ ॥ ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ॥ ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥ ਸਭੁ ਕੋ ਨਿਵੈ ਆਪ ਕਉ ਪਰ ਕਉ ਨਿਵੈ ਨ ਕੋਇ॥	(ਭਾਵੇਂ) ਸਿੰਮਲ ਦਾ ਰੁੱਖ ਸਿੱਧਾ ਬਹੁਤ ਲੰਮਾ ਤੇ ਬਹੁਤ ਮੋਟਾ ਹੁੰਦਾ ਹੈ (ਪਰੰਤੂ) ਓਹ (ਪੰਛੀ) ਜਿਹੜੇ (ਫਲ ਦੀ) ਆਸ ਕਰਕੇ (ਪਾਸ) ਆਉਂਦੇ ਹਨ ਕਿਸ ਤਰ੍ਹਾਂ ਨਿਰਾਸੇ (ਹੋਕੇ) ਚਲੇ ਜਾਂਦੇ ਹਨ। (ਦੇਖੋ ਇਡੀ ਵਡਿੱਤ ਦੇ ਹੁੰਦਿਆਂ ਇਸ ਦੇ) ਫਲ ਫਿੱਕੇ ਹਨ, ਫੁਲ ਬਕਬਕੇ ਹਨ ਤੇ ਪੱਤੇ (ਬੀ) ਕੰਮ ਨਹੀਂ ਆਉਂਦੇ। (ਸੋ ਮਿਠਾਸ ਤੋਂ ਬਿਨਾਂ ਉੱਚਾਪਨ, ਵੱਡਾਪਨ ਤੇ ਸੁਹਣਾ ਦਿਖਾਵਾ ਨਿਕੰਮੇ ਹਨ, ਇਸ ਦੇ ਟਾਕਰੇ ਤੇ) ਹੇ ਨਾਨਕ ! ਮਿਠਤ (ਵਰਤਨੀ ਤੇ ਨਿੰਮ੍ਰਤਾ ਇਕ) ਨੀਵੀਂ* (ਗਲ ਲਗਦੀ ਹੈ, ਪਰ ਇਹ ਨਿਊਂ ਜਾਣਾ ਸਾਰੇ) ਗੁਣਾਂ ਤੇ (ਸਾਰੀਆਂ) ਚੰਗਿਆਈਆਂ ਦਾ ਸਾਰ ਹੈ। (ਅਸਲ ਵਿਚ ਨਿਓਣਾ ਨੀਵਾਂਪਨ ਨਹੀਂ, ਇਹ ਤਾਂ ਆਪਣੇ ਆਪ ਨੂੰ ਗੌਰਵ ਕਰਨਾ, ਇਸ ਲਈ) ਸਭ ਕੋਈ (ਜੋ) ਨਿਉਂਦਾ ਹੈ ਆਪਣੇ ਆਪ ਅਗੇ ਨਿਉਂਦਾ ਹੈ। ਪਰਾਏ ਅਗੇ ਕੋਈ ਨਹੀਂ ਨਿਉਂਦਾ। (ਸੋ ਇਹ ਨੀਉਂਣਾ ਨੀਚਾਪਨ ਨਹੀਂ, ਇਸੇ ਵਿਚ
ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ ॥ ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ ॥ ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ ॥੧॥	ਗੌਰਵਤਾ ਹੈ, ਪ੍ਰਤੱਖ ਦੇਖੋ ਜਦ ਕੋਈ ਸ਼ੈ) ਤੱਕੜੀ ਉਤੇ ਧਰਕੇ ਤੋਲੀਏ ਤਾਂ (ਜੋ ਛਾਬਾ) ਨਿਉਂਦਾ ਹੈ ਉਹੋ ਭਾਰਾ ਹੁੰਦਾ ਹੈ, (ਪਰ ਅੰਦਰ ਅਵਗੁਣ ਰਖਕੇ ਜੋ ਨੀਉਣਾ ਹੈ ਉਹ ਨੀਉਣਾ ਕਿਸੇ ਕੰਮ ਨਹੀਂ †, ਦੇਖੋ) ਅਪਰਾਧੀ ਦੂਣਾ ਨੀਉਂਦਾ ਹੈ ਜੀਕੂੰ ਮਿਰਗਾਂ ਦਾ ਸ਼ਿਕਾਰੀ (ਨੀਉਂਦਾ ਹੈ)। (ਸੋ) ਸਿਰ ਨਿਵਾਉਣ ਦਾ ਕੀ ਲਾਭ ਹੁੰਦਾ ਹੈ ਜਦੋਂ ਕਿ ਦਿਲ ਵਿਚ (ਉਹ ਨਿਵਾਣ) ਖੋਟੇ (ਪਾਸੇ ਵਲ) ਜਾ ਰਹੀ ਹੈ॥ ੧॥

ਭਾਵ-ਇਸ ਸਲੋਕ ਵਿਚ 'ਮਿੱਠਤ ਤੇ ਨਿੰਮ੍ਰਤਾ' ਉਤੇ ਜ਼ੋਰ ਹੈ। ਮਿੱਠਤ ਹੀਨ ਉੱਚਾਪਨ ਕਿਸੇ ਕੰਮ ਨਹੀਂ, ਮਿੱਠਤ ਹੀਨ ਯਾ ਖੋਟ ਵਾਲੀ ਨਿੰਮ੍ਰਤਾ ਕਿਸੇ ਕੰਮ ਨਹੀਂ। ਮਿੱਠਤ ਇਕ ਐਸੀ ਗੌਰਵਤਾ ਹੈ, ਜਿਸ ਦੇ ਅੰਦਰ ਆਇਆਂ ਸੁਤੇ ਨਿੰਮ੍ਰਤਾ ਉਪਜਦੀ ਹੈ। ਇਹ ਨਿੰਮ੍ਰਤਾ ਨੀਵਾਂ ਪਨ ਨਹੀਂ, ਇਹ ਆਪੇ ਦਾ ਗੌਰਵ ਹੈ, ਇਹੋ ਸਾਰੇ ਗੁਣਾਂ ਤੇ ਚੰਗਿਆਈਆਂ ਦਾ ਸਾਰ ਹੈ। ਸਿੰਮਲ ਤੋਂ ਗਯਾਨੀ ਭਾਵ ਦਿਖਾਵੇ ਦੇ ਉਪਕਾਰੀ ਤੇ ਸੰਤ ਦਾ ਬੀ ਲੈਂਦੇ ਹਨ, ਜਿਸ ਪਾਸ ਜਗਯਾਸੂ ਆਕੇ ਨਿਰਾਸ ਜਾਂਦੇ ਸਨ। ਅਸਲੀ ਆਤਮ ਰਸ ਮਈ ਅਵਸਥਾ ਵਾਲੇ ਸੰਤ ਜੋ ਨਿੰਮ੍ਰਤਾ ਵਿਚ ਵਸਦੇ ਹਨ ਤੇ ਮਿੱਠਤ ਨਾਲ ਵਰਤਦੇ ਹਨ ਉਹਨਾਂ ਤੋਂ ਉਪਕਾਰ ਹੁੰਦਾ ਹੈ, ਸੋ ਅਸਲ ਗੌਰਵ ਵਾਲੇ ਓਹੋ ਮੰਨੇ ਜਾਂਦੇ ਹਨ।

ਇਸ ਦੇ ਅਗੇ ਸ਼ਲੋਕ ਰਖਿਆ ਗਿਆ ਹੈ ਉਸ ਵਿਚ ਪਖੰਡੀ ਪੰਡਿਤ ਦਾ ਹੀ ਨਿਰੂਪਣ ਹੈ।

---

* (ਅ) 'ਮਿਠਤ ਨੀਵੀ' ਦਾ ਅਰਥ ਬੇਰੀ ਵੀ ਲੈਂਦੇ ਹਨ ਜੋ ਹੁੰਦੀ ਨੀਵੀਂ ਹੈ, ਪਰ ਮਿੱਠੇ ਫਲਾਂ ਵਾਲੀ ਹੈ। ਇਹ ਲਾਕਸ਼ਣਿਕ ਅਰਥ ਹਨ। (ੲ) ਨਿੰਮ੍ਰਤਾ ਜੋ ਮਿੱਠਤ (ਵਾਲੀ ਹੈ)।

† ਇਸ ਅੱਧੀ ਤੁਕ ਦਾ ਇਕ ਅਰਥ ਹੈ ਕਿ ਭਾਰਾ ਛਾਬਾ ਨਿਵੇਂਗਾ, ਦੂਜਾ ਅਰਥ ਹੈ, ਗੁਣਾਂ ਦੀ ਗੌਰਵਤਾ ਵਾਲਾ ਪੁਰਖ ਨਿੰਮ੍ਰਤਾ ਵਾਲਾ ਹੋਵੇਗਾ। ਇਹ ਵਾਕ ਇਸ ਖੂਬੀ ਦਾ ਹੈ ਕਿ ਪੰਜਾਬੀ ਵਿਚ ਤਦ ਤੋਂ 'ਜ਼ਰਬੁਲ ਮਿਸਲ' ਅਰਥਾਤ ਅਖਾਵਤ ਬਣ ਗਿਆ ਹੈ। ਵਡਾ ਪੁਰਖ ਜਦ ਨਿੰਮ੍ਰਤਾ ਕਰੇ ਤਦ ਲੋਕੀਂ ਬੋਲਦੇ ਹਨ 'ਨਿਵੈ ਸੁ ਗਉਰਾ ਹੋਇ'।

ਮਃ ੧ ॥ ਪੜਿ ਪੁਸਤਕ ਸੰਧਿਆ ਬਾਦੰ ॥ਸਿਲ ਪੂਜਸਿ ਬਗੁਲ ਸਮਾਧੰ॥ ਮੁਖਿ ਝੂਠ ਬਿਭੂਖਣ ਸਾਰੰ॥ ਤ੍ਰੈਪਾਲ ਤਿਹਾਲ ਬਿਚਾਰੰ ॥ ਗਲਿ ਮਾਲਾ ਤਿਲਕੁ ਲਿਲਾਟੰ ॥ ਦੁਇ ਧੋਤੀ ਬਸਤ੍ਰ ਕਪਾਟੰ ॥ ਜੇ ਜਾਣਸਿ ਬ੍ਰਹਮੰ ਕਰਮੰ॥ ਸਭਿ ਫੋਕਟ ਨਿਸਚਉ ਕਰਮੰ ॥ ਕਹੁ ਨਾਨਕ ਨਿਹਚਉ ਧਿਆਵੈ ॥ ਵਿਣੁ ਸਤਿਗੁਰ ਵਾਟ ਨ ਪਾਵੈ ॥੨॥

(ਫੋਕਟ ਕਰਮੀ ਪੰਡਤ) ਪੁਸਤਕਾਂ ਪੜ੍ਹਦਾ ਹੈ (ਪਰ) ਵਾਦ ਵਿਵਾਦ (ਬਹਿਸ ਤੇ ਝਗੜੇ ਕਰਨ ਲਈ)। ਮੂਰਤੀ ਪੂਜਦਾ ਹੈ, ਸੰਧਯਾ (ਉਚਾਰਦਾ ਹੈ, ਪਰ ਉਸ ਵਿਚ ਉਸ ਦੀ ਧਾਰਨਾ) ਬਗਲੇ ਦੀ ਸਮਾਧੀ (ਵਾਙੂ ਹੈ। ਉਸ ਦੇ) ਮੂੰਹ ਵਿਚ ਜੋ ਸਾਰ (ਸ੍ਰੇਸ਼ਟ ਗਲਬਾਤ ਪ੍ਰਤੀਤ ਹੁੰਦੀ ਹੈ ਉਹ ਝੂਠੇ=) ਮੁਲੰਮੇ ਦੇ ਗਹਿਣਿਆਂ (ਵਾਂਙੂ) ਹੈ। ਤਿੰਨ ਵੇਲੇ ਗਾਯਤ੍ਰੀ ਮੰਤ੍ਰ ਦਾ ਵਿਚਾਰ ਕਰਦਾ ਹੈ। ਗਲ ਵਿਚ ਮਾਲਾ (ਪਈ) ਹੈ ਤੇ ਮੱਥੇ ਤੇ ਤਿਲਕ (ਲਾਇਆ) ਹੈ। ਦੋ ਧੋਤੀਆਂ (ਪਾਸ ਰਖਦਾ ਹੈ ਤੇ ਪੂਜਾ ਵੇਲੇ) ਕਪੜਾ (ਤਾਣਕੇ) ਪਰਦਾ (ਕਰ ਲੈਂਦਾ ਹੈ)। ਜੇ (ਏਹ ਪੰਡਤ ਅਸਲੀ) ਬ੍ਰਹਮ ਕਰਮ ਨੂੰ ਜਾਣਦਾ ਹੋਵੇ ਤਾਂ ਨਿਸਚੇ (ਜਾਣ ਲਵੇ ਕਿ ਉਸ ਦੇ ਏਹ) ਸਾਰੇ ਕਰਮ ਫੋਕਟ ਹਨ*। (ਬ੍ਰਹਮ ਕਰਮ ਦੱਸਦੇ ਹਨ:-) ਕਹਿੰਦੇ ਹਨ (ਗੁਰੂ) ਨਾਨਕ, (ਲੋੜ ਤਾਂ ਕੇਵਲ ਇਸ ਗਲ ਦੀ ਸੀ ਕਿ) ਸ਼ਰਧਾ ਨਾਲ (ਪਰਮੇਸ਼ੁਰ ਨੂੰ) ਧਿਆਵੇ † (ਪਰ ਇਹ ਸ਼ਰਧਾ ਵਾਲਾ) ਮਾਰਗ ਸਤਿਗੁਰੂ ਤੋਂ ਬਿਨਾਂ ਪ੍ਰਾਪਤ ਨਹੀਂ ਹੁੰਦਾ॥ ੨॥

ਪਉੜੀ ॥ ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ ॥ ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥ ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ ॥ ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ ॥ ਕਰਿ ਅਉਗਣ ਪਛੋਤਾਵਣਾ ॥੧੪॥

ਬਸਤ੍ਰ ਤੇ ਸੁੰਦਰ ਰੂਪ‡ (ਇਸ) ਦੁਨੀਆਂ ਵਿਚ (ਹੀ) ਛੱਡਕੇ (ਜੀਵ ਨੇ ਪਰਲੋਕ ਨੂੰ) ਤੁਰ ਜਾਣਾ ਹੈ (ਪਰ ਕਰਮਾਂ ਨੇ ਨਾਲ ਜਾਣਾ ਹੈ ਸੋ) ਸ਼ੁਭ ਅਸ਼ੁਭ (ਜੇਹਾ ਕੁਛ) ਆਪਣਾ ਕੀਤਾ (ਕਰਮ ਹੈ ਉਹੋ ਜੇਹਾ ਉਸ ਦਾ ਫਲ ਅਗੇ ਜਾਕੇ) ਆਪ ਹੀ ਪਾਉਣਾ ਹੈ। (ਏਸ ਦੁਨੀਆਂ ਵਿਚ ਭਾਵੇਂ) ਮਨ ਭਾਂਵਦੇ ਹੁਕਮ ਕੀਤੇ ਹੋਣ, (ਪਰ) ਅਗੇ ਤਾਂ ਭੀੜੇ ਰਸਤੇ ਥਾਣੀਂ ਲੰਘਣਾ ਹੈ§ । (ਐਸਾ ਜੀਵ ਜਦ) ਦੋਜਕ ਨੂੰ ਨੰਗਾ ਟੋਰਿਆ ਜਾਂਦਾ ਹੈ ਤਾਂ ਬੜਾ ਭਯਾਨਕ ਨਜ਼ਰ ਆਉਂਦਾ ਹੈ। (ਐਉਂ) ਔਗੁਣ ਕਰਕੇ (ਜੀਵ ਨੂੰ ਮਗਰੋਂ) ਪੱਛੋਤਾਉਣਾ ਪੈਂਦਾ ਹੈ॥ ੧੪॥

ਸੂਚਨਾ-ਜਾਪਦਾ ਹੈ ਕਿ ਇਸ ਪਉੜੀ ਦਾ ਪਹਿਲਾ ਸ਼ਲੋਕ 'ਸਿੰਮਲ ਰੁਖ' ਕਿਸੇ ਕਰਨੀ ਹੀਨ ਪਰ ਕਾਮਯਾਬ ਬਨਾਵਟੀ ਸਾਧੂ ਪਰਥਾਇ ਹੈ, ਦੂਸਰਾ ਸ਼ਲੋਕ ਕਿਸੇ ਵੈਸੇ ਪੰਡਤ ਪਰਥਾਇ ਹੈ ਅਤੇ ਇਹ ਪਉੜੀ ਕਿਸੇ ਜ਼ੋਰਾਵਰ ਦੇ ਚਲਾਣੇ ਪਰਥਾਇ ਹੈ। 'ਦੋਜ਼ਖ' ਪਦ ਤੋਂ ਸੰਭਵ ਜਾਪਦਾ ਹੈ ਕਿ ਉਹ ਮੁਸਲਮਾਨ ਹੋਵੇ।

---

* ਐਉਂ ਬੀ ਕਰਦੇ ਹਨ, ਜੋ ਬ੍ਰਹਮ ਦੇ ਕਰਮ ਨੂੰ ਸਮਝਦਾ ਹੈ ਉਹ ਨਿਸਚੇ ਇਨ੍ਹਾਂ ਨੂੰ ਫੋਕਟ ਕਰਮ ਸਮਝੇਗਾ, ਪਰ ਇਸ ਵਿਚ 'ਜੇ' ਦਾ ਅਰਥ 'ਜੋ' ਲਾਉਣਾ ਪੈਂਦਾ ਹੈ।

† ਇਸ ਤੋਂ ਪਤਾ ਲਗਦਾ ਹੈ ਕਿ 'ਬ੍ਰਹਮੰ ਕਰਮੰ' ਤੋਂ ਮੁਰਾਦ ਸਤਿਗੁਰਾਂ ਦੀ ਬ੍ਰਹਮ ਕਰਮ ਸਮਾਧਿ ਦੀ ਹੈ, ਜਿਸ ਦਾ ਅਰਥ ਹੈ ਸਮਾਧਿ ਕਰਕੇ ਜੀਵਾਤਮਾ ਨੂੰ ਪਰਮਾਤਮਾ ਵਿਚ ਯੁਕਤ ਕਰਨਾ, ਕਿਉਂਕਿ ਨਿਹਚਉ ਧਿਆਵੈ ਦਾ ਬੀ ਇਹੀ ਅਰਥ ਭਾਵ ਹੈ, ਅਤੇ ਸ਼ਲੋਕ ਦੇ ਆਰੰਭ ਵਿਚ ਜ਼ਿਕਰ ਬਗੁਲ ਸਮਾਧੀ ਦਾ ਹੈ।

‡ 'ਕਪੜ' ਪਦ ਵਿਚ ਸਾਰੀ ਸੰਪਤੀ ਦਾ ਭਾਵ ਹੈ ਤੇ 'ਰੂਪ' ਪਦ ਵਿਚ ਸਰੀਰ ਤੇ ਇਸ ਦੀ ਸੁੰਦਰਤਾ ਦਾ ਤਾਤਪਰਜ ਹੈ।

§ ਇਥੇ ਕਾਵ੍ਯ ਦਾ ਇਕ ਸੁੰਦਰ ਅਲੰਕਾਰ ਹੈ। ਦੁਨੀਆਂ ਵਿਚ ਉਸ ਨੂੰ ਮਨ ਭਾਂਵਦੇ ਕਰਮ ਕਰਨ ਦੀ ਖੁਲ੍ਹ ਪ੍ਰਾਪਤ ਸੀ, ਪਰ ਅਗੋਂ (ਖੁਲ੍ਹ ਦੇ ਉਲਟ) ਭੀੜ ਦੀ ਮਜਬੂਰੀ ਆ ਗਈ।

ਸਲੋਕਾਂ ਤੇ ਪਉੜੀ ਦਾ ਸੰਮੇਲਨ--ਇਸ ੧੪ਵੀਂ ਪਉੜੀ ਦੇ ਵਿਚ ਆਇਆ ਹੈ 'ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ'; ਅੰਤ ਵਿਚ ਫੁਰਮਾਇਆ 'ਕਰਿ ਅਉਗਣ ਪਛੋਤਾਵਣਾ'। ਪਉੜੀ ਤੋਂ ਪਹਿਲੋਂ ਦੋ ਸ਼ਲੋਕ ਆਏ ਹਨ, ਦੋਹਾਂ ਵਿਚ ਅਵਗੁਣੀ ਯਾ ਪਾਪ ਮਈ ਦਸ਼ਾ ਦਿਖਾਈ ਹੈ। ਪਹਿਲੇ ਵਿਚ 'ਨਿਰਗੁਣਤਾ' ਦੱਸੀ ਹੈ ਸਿੰਮਲ ਦੇ ਰੁਖ ਦਾ ਦ੍ਰਿਸ਼ਟਾਂਤ ਦੇਕੇ,ਫੇਰ'ਅਵਗੁਣਤਾ' ਦਰਸਾਈ ਹੈ ਸ਼ਿਕਾਰੀ ਦੇ ਨੀਉਣ ਵਾਲਾ ਦ੍ਰਿਸ਼ਟਾਂਤ ਦੇਕੇ, ਜੋ ਅਪਰਾਧ ਕਰਨ ਲਈ ਨੀਵਾਂ ਹੁੰਦਾ ਹੈ।

ਦੂਜੇ ਸਲੋਕ ਵਿਚ ਇਕ ਕਪਟੀ ਸਮਾਧੀਆਂ ਲਾਉਣ ਵਾਲੇ ਵਿਦਵਾਨ ਸੰਤ ਯਾ ਪੰਡਤ ਦਾ ਦ੍ਰਿਸ਼ਟਾਂਤ ਦੇਕੇ ਫੋਕਟ ਕਰਮਾਂ ਦੀ ਪਖੰਡ ਮੂਰਤ ਦਰਸਾਈ ਹੈ। ਹੁਣ ਇਹ ਪੁੱਛ ਪੈਦਾ ਹੋ ਗਈ ਕਿ ਅਵਗੁਣਾਂ ਦਾ ਅੰਤ ਕੀਹ ਹੁੰਦਾ ਹੈ? ਜਿਸ ਦੀ ਪੂਰਣਤਾ ਪਉੜੀ ਵਿਚ ਹੈ ਕਿ ਹਰ ਅਵਗੁਣੀ ਪੁਰਖ ਨੰਗਾ ਨਰਕਾਂ ਨੂੰ ਜਾਏਗਾ। ਸੂਰਤ ਭਯਾਨਕ ਹੋਵੇਗੀ ਤੇ ਪਛੋਤਾਉਂਦਾ ਜਾਏਗਾ 'ਹਾਇ ਕਾਸ ਨੂੰ ਅਵਗੁਣਾਂ' ਵਾਲੇ ਕਰਮ ਕੀਤੇ।

ਨਿਰੁਕ-ਸਰਾਇਰਾ-ਦਾ ਸੰਪ੍ਰਦਾਈ ਅਰਥ ਹੈ ਸਿੱਧਾ, ਸੂਧਾ। ਇਸ ਦਾ ਮੂਲ ਕੋਸ਼ ਵਿਚ ਦੱਸ ਆਏ ਹਾਂ-ਸਰ+ਆਇਰਾ=ਤੀਰ ਵਰਗਾ। (ਅ) ਦੂਸਰਾ ਅਰਥ ਸਰਾਇਰਾ ਦਾ ਹੈ-ਸਰਾਇ+ਰਾ=ਸਰਾਂ ਵਰਗਾ ਫੈਲਾਉਦਾਰ, ਜਿਥੇ ਸੁਖ ਦੀ ਆਸਾ ਕਰਕੇ ਮੁਸਾਫਰ ਲੋਕੀ ਆਉਂਦੇ ਹਨ। (ੲ) ਨੈਨੀਤਾਲ ਆਦੀ ਪਹਾੜਾਂ ਵਿਚ ਇਕ ਬਹੁਤ ਹੀ ਉੱਚਾ ਬ੍ਰਿੱਛ ਹੁੰਦਾ ਹੈ 'ਸਰਾਯ'। ਉਸ ਦਾ ਦੂਜਾ ਨਾਮ ਹੈ: ਗੁੱਲਰ। ਸਰਾਯਰਾ=ਸਰਾਯ ਬ੍ਰਿੱਛ ਵਰਗਾ ਉੱਚਾ। ਭਾਵ ਉੱਚਾ ਤਾਂ ਗੁਲਰ ਨਾਮੇ ਬ੍ਰਿਛ ਵਰਗਾ ਹੈ ਪਰ ਉਸ ਵਰਗਾ ਗੁਣਾਂ ਵਿਚ ਨਹੀਂ।

'ਓਇ' ਤੋਂ ਭਾਵ ਪੰਛੀ ਹੈ ਤੇ ਪੰਛੀ ਵਿਸ਼ੇਸ਼ ਤੋਤਾ ਹੈ, ਜੈਸਾ ਕਿ ਭਾਈ ਗੁਰਦਾਸ ਜੀ ਨੇ ਦੱਸਿਆ ਹੈ:-ਫੁਲ ਰਤੇ ਫਲ ਬਕਬਕੇ ਹੁਇ ਅਫਲ ਫਲੰਦਾ॥ ਸਾਵਾ ਤੋਤਾ ਚੁਹਚੁਹਾ ਤਿਸੁ ਦੇਖਿ ਭੁਲੰਦਾ। [ਵਾਰ ੩੬-੧੦

ਕਿਤੁ-ਕਿਸ ਤਰ੍ਹਾਂ? ਹੋਰ ਥਾਈਂ ਬੀ ਸ੍ਰੀ ਗੁਰੂ ਜੀ 'ਕਿਤ' ਪਦ 'ਕਿਸ ਤਰ੍ਹਾਂ' ਅਰਥਾਂ ਵਿਚ ਵਰਤਦੇ ਹਨ, ਯਥਾ:- ਅਖੀ ਲੋੜੀ ਨਾ ਲਹਾ ਹਉ ਚੜਿ ਲੰਘਾ ਕਿਤੁ॥ [ਸੂਹੀ ਮਹਲਾ ੧-੩

ਤ੍ਰੈ ਪਾਲ-ਤ੍ਰਿਪਦਾ=ਗਾਯਤ੍ਰੀ। [ਤਿਪਾਲ=ਤਿੰਨਾਂ ਸਤਰਾਂ ਵਾਲੀ, ਭਾਵ ਗਾਯਤ੍ਰੀ] । (ਅ) ਗਯਾਨੀ ਇਉਂ ਬੀ ਲਾ ਲੈਂਦੇ ਹਨ: ਤਿੰਨਾਂ ਲੋਕਾਂ ਨੂੰ ਪਾਲਣ ਵਾਲਾ ਤੇਰੇ ਹਾਲ ਦੀ ਵੀਚਾਰ ਕਰਦਾ ਹੈ।

ਤਿਹਾਲ- [ਸੰਸ:, ਤ੍ਰਿਕਾਲੰ, ਪ੍ਰਾ: ਤਿਆਲ, ਦੇਸ਼ ਭਾਸ਼ਾ ਤਿਹਾਲ] ਤਿੰਨ ਵੇਲੇ।

ਕਪਾਟੰ- [ਸੰਸ:, ਕਪਾਟੰ] ਪਰਦਾ। ਪੂਜਾ ਵੇਲੇ ਦੁਆਲੇ ਪਰਦਾ ਤਾਣ ਲੈਂਦੇ ਹਨ। (ਅ) 'ਕਪਾਟ' ਨੂੰ 'ਕਪਾਲ' ਸਮਝਕੇ ਬਸਤ੍ਰ ਕਪਾਟ ਦਾ ਅਰਥ 'ਸੰਧਯਾ ਕਰਨ ਵੇਲੇ ਸਿਰ ਤੇ ਰਖਣ ਵਾਲਾ ਗਿੱਲਾ ਕਪੜਾ' ਬੀ ਅਰਥ ਕਰ ਲੈਂਦੇ ਹਨ। (ੲ) 'ਬਸਤ੍ਰਕ+ਪਾਟੰ' ਕਰਕੇ ਪਟ ਦਾ ਕਪੜਾ ਬੀ ਅਰਥ ਲਾ ਲੈਂਦੇ ਹਨ।

[ਪਉੜੀ ਪੰਦਰ੍ਹਵੀਂ]

ਪ੍ਰਾਕ੍ਥਨ-ਅਗਲੇ ਚਾਰੇ ਸ਼ਲੋਕ ਜਨੇਊ ਪਰਥਾਇ ਹਨ। ਜਨਮ ਸਾਖੀਆਂ ਵਿਚ ਲਿਖਤ ਹੈ ਕਿ ਏਹ ਗੁਰੂ ਜੀ ਨੇ ਆਪਣੀ ਯਗਜੋਪਵੀਤ ਦੀ ਰਸਮ ਹੋਣ ਵੇਲੇ ਉਚਾਰ ਕੇ ਪਾਂਧੇ ਪ੍ਰਤੀ ਸਮੋਧ ਕੀਤਾ ਸੀ।

ਮੂਲ	ਅਰਥ
ਸਲੋਕੁ ਮਃ ੧ ॥ ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥ ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥ ਨਾ ਏਹੁ ਤੁਟੈ ਨਾ ਮਲੁ ਲਗੈ ਨਾ ਏਹੁ ਜਲੈ ਨ ਜਾਇ ॥ ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ॥ ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ ॥ ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣੁ ਥਿਆ ॥ ਓਹੁ ਮੁਆ ਓਹੁ ਝੜਿ ਪਇਆ ਵੇਤਗਾ ਗਇਆ ॥੧॥	ਦਇਆ (ਰੂਪੀ) ਕੁਪਾਹ (ਹੋਵੇ, ਉਸ ਤੋਂ) ਸੰਤੋਖ (ਰੂਪ) ਸੂਤ (ਬਣਾਯਾ ਜਾਵੇ), ਸਤ ਦੇ ਉਸ (ਸੂਤ) ਨੂੰ ਵੱਟ (ਦਿੱਤੇ ਜਾਣ ਤੇ) ਜਤ ਦੀਆਂ ਗੰਢਾਂ (ਪਾਈਆਂ ਜਾਣ)। ਇਹ (ਜਨੇਊ ਤੇਰੇ ਪਿੰਡੇ ਤੇ ਪਾਏ ਜਾਣ ਵਾਲੇ ਜਨੇਊ ਦੇ ਟਾਕਰੇ ਤੇ) ਜੀਵ ਦੇ (ਗਲੇ ਪੈਣ ਵਾਲਾ) ਜਨੇਊ ਹੈ, ਜੇ (ਇਹ ਤੇਰੇ ਪਾਸ) ਹੈ (ਤਾਂ ਸਾਨੂੰ) ਹੇ ਪਾਂਡੇ ! ਪਾ ਦੇਹ। ਇਹ (ਉਸ ਜਨੇਊ ਵਾਙੂ) ਟੁਟਦਾ ਨਹੀਂ, ਨਾਂ (ਇਸ ਨੂੰ) ਮੈਲ ਲਗਦੀ ਹੈ, ਨਾ ਇਹ (ਅਗ ਨਾਲ) ਸੜਦਾ ਹੈ ਨਾ ਗੁਆਚਦਾ ਹੈ, (ਤੇ) ਜੋ (ਇਸ ਨੂੰ) ਗਲ ਵਿਚ ਪਾਕੇ ਟੁਰੇ ਹਨ*, ਹੇ ਨਾਨਕ ! ਓਹ (ਧਾਰਨਹਾਰ) ਮਨੁੱਖ ਬੀ ਧੰਨ ਹਨ। (ਪਰ ਜੋ ਜਨੇਊ ਤੂੰ ਪਾਉਣ ਖੜੋਤਾ ਹੈਂ ਇਹ ਤਾਂ) ਚਾਰ ਕੌਡੀਆਂ ਨੂੰ ਮੁੱਲ ਆ ਜਾਂਦਾ ਹੈ, ਚਉਕੇ ਵਿਚ ਬੈਠਕੇ ਪਾ ਲਈਦਾ ਹੈ। (ਪਾਉਣ ਵਾਲਾ) ਬ੍ਰਾਹਮਣ ਕੰਨ ਵਿਚ ਸਿਖ੍ਯਾ ਦੇਂਦਾ ਹੈ ਤੇ (ਇੰਨੇ ਮਾਤ੍ਰ ਨਾਲ) ਗੁਰੂ ਬਣ ਬਹਿੰਦਾ ਹੈ † । (ਜਦੋਂ ਦਿਨ ਪੁੱਗੇ ਤਦ) ਓਹ (=ਧਾਰਨ ਵਾਲਾ) ਮਰ ਜਾਂਦਾ ਹੈ (ਤੇ) ਉਹ ਜਨੇਊ ਸਰੀਰ ਤੋਂ ਲਹਿ ਜਾਂਦਾ ਹੈ, ਸੋ (ਧਾਰਨਹਾਰ ਦਾ ਜੀਵ ਪਰਲੋਕ ਨੂੰ) ਜਨੇਊ ਤੋਂ ਖਾਲੀ ਹੀ ਜਾਂਦਾ ਹੈ ‡ ॥ ੧॥
ਮਃ ੧ ॥ ਲਖ ਚੋਰੀਆ ਲਖ ਜਾਰੀਆ ਲਖ ਕੂੜੀਆ ਲਖ ਗਾਲਿ ॥ ਲਖ ਠਗੀਆ ਪਹਿਨਾਮੀਆ ਰਾਤਿ ਦਿਨਸੁ ਜੀਅ ਨਾਲਿ ॥ ਤਗੁ ਕਪਾਹਹੁ ਕਤੀਐ	(ਉਪਰਲੇ ਜਨੇਊ ਦੇ ਰਸਮੀ ਸੰਸਕਾਰ ਮਾਤ੍ਰ ਨਾਲ ਜੋ ਸਮਝ ਲਿਆ ਗਿਆ ਕਿ ਦੀਖ੍ਯਾ ਹੋ ਗਈ ਤੇ ਇਸ ਦੀਖ੍ਯਾ ਨੇ ਕਲ੍ਯਾਣ ਕਰ ਦਿੱਤੀ ਉਹ ਨਹੀਂ ਹੁੰਦੀ, ਕਿਉਂਕਿ) ਜੀਵ ਦੇ ਨਾਲ ਅਨੇਕਾਂ§ ਚੋਰੀਆਂ, ਅਨੇਕਾਂ ਯਾਰੀਆਂ, ਅਨੇਕਾਂ ਝੂਠੀਆਂ (ਵੀਚਾਰਾਂ), ਅਨੇਕਾਂ ਗਾਲੀਆਂ, ਅਨੇਕਾਂ ਠੱਗੀਆਂ, (ਅਨੇਕਾਂ) ਬੇਈਮਾਨੀਆਂ ਦਿਨ ਰਾਤ ਰਹਿੰਦੀਆਂ ਹਨ। ਜੰਞੂ (ਤਾਂ ਆਪ ਹੀ) ਕਪਾਹ ਤੋਂ ਕੱਤੀਦਾ ਹੈ, ਬਾਹਮਣ ਆਕੇ (ਉਸ ਨੂੰ) ਵੱਟਕੇ

* ਅੰਤਲੀ ਤੁਕ 'ਵੇਤਗਾ ਗਇਆ' ਦੱਸਦੀ ਹੈ ਕਿ ਏਥੇ 'ਜੋ ਗਲਿ ਚਲੇ ਪਾਇ' ਦਾ ਭਾਵ ਹੈ ਕਿ ਏਹ ਜਨੇਊ ਜੀਵ ਦੇ ਗਲੇ ਪੈ ਗਿਆ ਹੈ, ਜੀਵ ਦੇ ਨਾਲ ਅਗੇ ਜਾਏਗਾ।

† ਬ੍ਰਾਹਮਣ ਛੱਤ੍ਰੀ ਵੈਸ਼ ਤਿੰਨਾਂ ਦਾ-ਯਗਜ਼ੋਪਵੀਤ, ਉਪਨਯਨ ਯਾ ਜਨੇਊ ਦਾ ਸੰਸਕਾਰ ਹੁੰਦਾ ਹੈ। 'ਯਗਜ਼ੋਪਵੀਤੇ ਪਰਮੰ ਪਵਿਤ੍ਰੰ.....' ਇਕ ਸ਼ਲੋਕ ਪੜ੍ਹਕੇ ਪਹਿਨਾਉਂਦੇ ਹਨ। ਫੇਰ ਸਾਵਿਤ੍ਰੀ ਦਾ ਅਧ੍ਯਯਨ ਕਰਾਉਂਦੇ ਹਨ, ਦੀਖ੍ਯਤ ਕਰਦੇ ਹਨ।ਉਹ ਹੈ ਗਾਯਤ੍ਰੀ ਮੰਤ੍ਰ ਦਾ ਪੜ੍ਹਾਉਣਾ। ਇਸ ਦਾ ਬੀ ਕੁਛ ਵਿਸਥਾਰ ਹੈ, ਪਰ ਹੁਣ ਬ੍ਰਾਹਮਣ ਉਸੇ ਵੇਲੇ ਕੰਨ ਵਿਚ ਮੰਤ੍ਰ ਦੇਣ ਮਾਤ੍ਰ ਨਾਲ ਖਤਮ ਕਰਦਾ ਹੈ। ਅਗੇ ਇਹ ਸੰਸਕਾਰ ਹੋਕੇ ਗੁਰੂ ਪਾਸ ਵਿਦ੍ਯਾ ਪਾਉਣ ਵਾਸਤੇ ਜਾਂਦੇ ਸਨ, ਹੁਣ ਬਸ ਕੰਨ ਵਿਚ ਜੋ ਮੰਤ੍ਰ ਬ੍ਰਾਹਮਣ ਕਹਿ ਦੇਂਦਾ ਹੈ ਉਹ ਸੰਸਕ੍ਰਿਤ ਵਿਚ ਹੋਣ ਕਰਕੇ ਧਾਰਨ ਵਾਲਾ ਸਮਝਦਾ ਨਹੀਂ। ਉਸ ਦੇ ਆਚਰਣ ਅਤੇ ਹੋਰ ਦ੍ਵਿਜ ਧਰਮ ਆਦਿ ਦਾ ਬ੍ਰਾਹਮਣ ਕੋਈ ਉਪਰਾਲਾ ਨਹੀਂ ਕਰਦਾ, ਕੇਵਲ ਸਮਝੇ ਨਾ ਪਏ ਪਦ ਮਾਤ੍ਰ ਕਨ ਵਿਚ ਚੜ੍ਹਾ ਦੇਣ ਨਾਲ ਗੁਰੂ ਬਣ ਬਹਿੰਦਾ ਹੈ। [ਸਿਖਾ=ਸਿਖ੍ਯਾ। ਸੰਸ:, ਸਿਕਸ਼ਾ, ਪ੍ਰਾਕ੍ਰਿਤ, ਸਿਕ੍ਖਾ। ਪੰਜਾਬੀ ਸਿੱਖਾ]।

‡ਸੈਨਤ ਇਹ ਹੈ ਕਿ ਦ੍ਵਿਜ ਜੀਵ ਜਦ ਪ੍ਰਲੋਕ ਨੂੰ ਗਿਆ ਜਨੇਊ ਲਹਿ ਜਾਣ ਕਰਕੇ (ਏਥੇ ਰਹਿ ਜਾਣ ਕਰਕੇ) ਸ਼ੂਦਰ ਹੋ ਗਿਆ। § ਲਖ ਤੋਂ ਭਾਵ ਅਨੇਕਾਂ ਹੈ।

ਬਾਮ੍ਹਣੁ ਵਟੇ ਆਇ ॥ ਕੁਹਿ ਬਕਰਾ ਰਿੰਨ੍ਹਿ ਖਾਇਆ ਸਭੁ ਕੋ ਆਖੈ ਪਾਇ॥ ਹੋਇ ਪੁਰਾਣਾ ਸੁਟੀਐ ਭੀ ਫਿਰਿ ਪਾਈਐ ਹੋਰੁ ॥ ਨਾਨਕ ਤਗੁ ਨ ਤੁਟਈ ਜੇ ਤਗਿ ਹੋਵੈ ਜੋਰੁ ॥੨॥

(ਜਨੇਊ) ਬਣਾ ਲੈਂਦਾ ਹੈ (ਜਿਸ ਨੂੰ ਪਹਿਨਣ ਲਗਿਆਂ) ਬਕਰਾ ਕੋਹਕੇ ਰਿੰਨ੍ਹਕੇ ਖਾਧਾ ਜਾਂਦਾ ਹੈ* ਤੇ ਸਭ ਕੋਹੀ ਆਖਦਾ ਹੈ (ਜਨੇਊ) ਪੈ ਗਿਆ ਹੈ। (ਇਹ ਜਨੇਊ ਜੋ ਐਡੇ ਅਡੰਬਰ ਨਾਲ ਪਿਆ ਸੀ) ਪੁਰਾਣਾ ਹੋਣ ਤੇ (ਝੱਟ ਲਾਹਕੇ) ਸੱਟ ਦੇਈਦਾ ਹੈ, ਫੇਰ (ਬਿਨਾਂ ਅਡੰਬਰ ਕੀਤੇ ਦੇ) ਹੋਰ ਪਾ ਲਈਦਾ ਹੈ। (ਪਰ) ਹੇ ਨਾਨਕ ! ਜੇ (ਇਸ) ਜਨੇਊ ਵਿਚ (ਸ਼ੁਭ ਗੁਣਾਂ ਦੀ ਧਾਰਨਾਂ ਦਾ) ਜ਼ੋਰ ਹੁੰਦਾ ਤਾਂ ਟੁਟਦਾ ਨਾਂ (ਜਿਵੇਂ ਕਿ ਇਹ) ਤਾਗਾ (ਟੁੱਟ ਜਾਂਦਾ ਹੈ)॥ ੨॥

ਮਃ ੧ ॥ ਨਾਇ ਮੰਨਿਐ ਪਤਿ ਊਪਜੈ ਸਾਲਾਹੀ ਸਚੁ ਸੂਤੁ ॥ ਦਰਗਹ ਅੰਦਰਿ ਪਾਈਐ ਤਗੁ ਨ ਤੂਟਸਿ ਪੂਤ ॥੩॥

(ਪਰਮੇਸ਼ੁਰ ਦੇ) ਨਾਮ ਦੇ ਮੰਨਣ ਨਾਲ ਪਤ ਉਪਜਦੀ ਹੈ (ਤੇ ਉਸ ਦੀ) ਸਿਫਤ ਸਲਾਹ ਨਾਲ ਸੱਚਾ ਜਨੇਊ (ਬਣਦਾ) ਹੈ। (ਇਹ) ਪਵਿੱਤ੍ਰ ਜਨੇਊ ਪਾਈਏ, (ਕਿਉਂਕਿ ਇਹ) ਟੁਟਦਾ ਬੀ ਨਹੀਂ ਤੇ ਦਰਗਾਹ ਵਿਚ (ਨਾਲ ਵੀ ਜਾਂਦਾ ਹੈ) ॥ ੩॥

ਵਯਾਖਯਾ-ਜੰਞੂ ਦਾ ਮਤਲਬ ਹੁੰਦਾ ਹੈ ਦ੍ਵਿਜ (ਦੁਜਨਮਾ) ਬਨਾਉਣਾ, ਦ੍ਵਿਜ ਹੋ ਜਾਣ ਨਾਲ ਪ੍ਰਤਿਸ਼ਠਾ ਹੋ ਜਾਂਦੀ ਹੈ, ਪਰ ਅਸਲੀ ਅਰਥਾਂ ਵਿਚ ਪੁਰਖ ਏਸ ਤਰ੍ਹਾਂ ਪਰਤਿਸ਼ਠਿਤ ਨਹੀਂ ਹੁੰਦਾ, ਕਿਉਂਕਿ ਠੱਗੀਆਂ ਪਹਿਨਾਮੀਆਂ ਜੀਵ ਦੇ ਨਾਲ ਰਹਿੰਦੀਆਂ ਹਨ ਤੇ ਜੰਞੂ ਇਨ੍ਹਾਂ ਨੂੰ ਰੋਕਦਾ ਨਹੀਂ। ਇਸ ਲਈ ਦੱਸਦੇ ਹਨ ਕਿ ਲੋਕ ਪ੍ਰਲੋਕ ਦੀ ਪਤਿ ਨਾਮ ਨਾਲ ਉਪਜਦੀ ਹੈ ਤੇ ਸਿਫਤ ਸਲਾਹ ਨਾਲ ਪਵਿੱਤ੍ਰ ਤੇ ਅਟੁੱਟ ਜੰਞੂ ਪ੍ਰਾਪਤ ਹੁੰਦਾ ਹੈ ਜੋ ਸਭ ਲੱਖਾਂ ਪਹਿਨਾਮੀਆਂ ਆਦਿਕਾਂ ਤੋਂ ਪਵਿੱਤ੍ਰ ਕਰਦਾ ਹੈ ਤੇ ਦਰਗਾਹ ਵਿਚ ਬੀ ਨਾਲ ਜਾਂਦਾ ਹੈ।

ਪ੍ਰਾਕ੍ਥਨ-ਪਿਛਲਿਆਂ ਤ੍ਰੈ ਸ਼ਲੋਕਾਂ ਵਿਚ ਜਨੇਊ ਤੇ 'ਪਹਿਨਣਹਾਰ' ਬਾਬਤ ਜ਼ਿਕਰ ਸੀ ਹੁਣ 'ਪਹਿਨਾਵਣਹਾਰ' ਬਾਬਤ ਜ਼ਿਕਰ ਕਰਦੇ ਹਨ। ਇਸ ਚਉਥੇ ਸ਼ਲੋਕ ਵਿਚ 'ਤਗ' ਤੋਂ ਮੁਰਾਦ 'ਰੋਕ' ਹੈ ਕਿ ਇਸ ਤੱਗ ਨੇ ਮੰਦ ਕਰਮਾਂ ਵਲੋਂ ਰੋਕ ਨਹੀਂ ਪਾਈ।

ਮਃ੧॥ਤਗੁ ਨ ਇੰਦ੍ਰੀ ਤਗੁ ਨ ਨਾਰੀ॥ ਭਲਕੇ ਥੁਕ ਪਵੈ ਨਿਤ ਦਾੜੀ ॥ ਤਗੁ ਨ ਪੈਰੀ ਤਗੁ ਨ ਹਥੀ ॥ ਤਗੁ ਨ ਜਿਹਵਾ ਤਗੁ ਨ ਅਖੀ ॥ ਵੇਤਗਾ ਆਪੇ ਵਤੈ ॥ ਵਟਿ ਧਾਗੇ ਅਵਰਾ ਘਤੈ ॥ ਲੈ ਭਾੜਿ ਕਰੇ ਵੀਆਹੁ ॥

(ਹੇ ਬ੍ਰਹਮਣ ਤੈਂ ਆਪਣੇ) ਕਾਮ ਵਿਕਾਰ ਨੂੰ ਜੰਞੂ ਨਹੀਂ ਪਹਿਰਾਇਆ (ਭਾਵ ਰੋਕ ਨਹੀਂ ਪਾਈ) ਨਾ (ਆਪਣੀਆਂ) ਨਾੜਾਂ ਨੂੰ ਜੰਞੂ ਪਹਿਰਾਇਆ ਹੈ। (ਇਸ ਤੇਰੀ) ਨਿਤਪ੍ਰਤੀ (ਦੀ ਬੇਨਿਯਮੀ ਉਪਰ) ਰੋਜ਼ ਲਾਨਤ ਪੈਂਦੀ ਹੈ। ਪੈਰਾਂ ਤੇ ਹਥਾਂ ਨੂੰ ਬੀ (ਮਾੜੇ ਕਰਮਾਂ ਤੋਂ ਰੁਕਣ ਦਾ ਕੋਈ) ਧਾਗਾ (ਰੋਕ ਰੁਕਾਵਾਂ) ਨਹੀਂ ਪਿਆ ਹੋਇਆ। (ਇਸੇ ਤਰ੍ਹਾਂ) ਜੀਭ ਨੂੰ (ਫਿੱਕੇ ਵਾਕਾਂ ਤੋਂ ਰੁਕਣ ਦਾ ਤੇ ਰਸਾਂ ਤੋਂ ਰੋਕਣ ਦਾ ਅਤੇ) ਅੱਖਾਂ ਨੂੰ (ਮੰਦੀ ਦ੍ਰਿਸ਼ਟੀ ਤੋਂ ਵਰਜੇ ਜਾਣ ਦਾ ਕੋਈ) ਧਾਗਾ ਨਹੀਂ ਪਿਆ ਹੋਇਆ। (ਸੋ ਅਸਲ ਵਿਚ ਬ੍ਰਹਮਣ ਆਪ ਜੰਞੂ ਪਹਿਨੇ ਹੋਏ ਬੀ) ਬੇ ਜਨੇਊ ਹੋਕੇ ਵਰਤ ਰਿਹਾ ਹੈ, (ਪਰ ਅਚਰਜ ਹੈ ਕਿ) ਲੋਕਾਂ ਨੂੰ ਧਾਗੇ ਵਟ ਵਟਕੇ ਪਹਿਨਾ ਰਿਹਾ ਹੈ। (ਜੇ ਇਸ ਬ੍ਰਹਮਣ ਦੇ ਹੋਰ ਕਰਮ ਦੇਖੋ ਤਾਂ) ਵਿਆਹ ਕਰਾਉਂਦਾ ਹੈ ਤਾਂ ਭਾੜਾ ਲੈਕੇ ਕਰਾਉਂਦਾ ਹੈ। (ਜੇ ਕੋਈ ਸਫਰ ਬਾਬਤ ਆ ਪੁੱਛੇ

* ਬਕਰੇ ਕੁਹਣ ਨੂੰ ਧਾਰਮਕ ਰਸਮ ਦਾ ਇਕ ਅੰਗ ਬਣਾ ਲੈਣਾ ਦੱਸਕੇ ਉਸ ਪਰ ਕਿੰਤੂ ਕਰ ਰਹੇ ਹਨ।

ਕਢਿ ਕਾਗਲੁ ਦਸੇ ਰਾਹੁ ॥ ਸੁਣਿ ਵੇਖਹੁ ਲੋਕਾ ਏਹੁ ਵਿਡਾਣੁ ॥ ਮਨਿ ਅੰਧਾ ਨਾਉ ਸੁਜਾਣੁ ॥੪॥	ਤਾਂ) ਪੱਤ੍ਰੀ ਕੱਢ ਕੇ ਰਸਤੇ ਦੱਸਦਾ ਹੈ (ਹਾਲਾਂਕਿ ਉਸ ਨੂੰ ਆਪ ਕੁਝ ਪਤਾ ਨਹੀਂ ਹੁੰਦਾ)। ਹੇ ਲੋਕੋ ! ਸੁਣੋ ਤੇ ਵੇਖੋ ਕੇਡੇ ਅਚਰਜ ਦੀ ਗੱਲ ਹੈ (ਕਿ ਇਹ ਆਪ ਹੈ ਤਾਂ) ਮਨ ਦਾ ਅੰਨ੍ਹਾਂ, ਪਰ ਇਸ ਦਾ ਨਾਉਂ ਹੈ ਪੰਡਿਤ* ॥ ੪ ॥

ਪ੍ਰਾਕ੍ਥਨ-੧੪ਵੀਂ ਪਉੜੀ ਵਿਚ ਫੁਰਮਾਯਾ ਸੀ ਕਿ ਪਾਪੀ ਨੰਗਾ ਦੋਜ਼ਖ ਨੂੰ ਜਾਂਦਾ ਹੈ ਤੇ ਉਪਰਲੇ ਸ਼ਲੋਕਾਂ ਵਿਚ ਬੀ ਇਥੇ ਸ਼ਰਮਿੰਦਗੀ ਵਾਲੇ ਕਰਮਾਂ ਵਿਚ ਲਗੇ ਰਹਿਣ ਦਾ ਜ਼ਿਕਰ ਹੈ। ਅਗਲੀ ਪਉੜੀ ਵਿਚ ਦੱਸਿਆ ਹੈ ਕਿ ਕਿਵੇਂ ਉਹੋ ਜੀਵ ਇਥੋਂ ਸੁਰਖਰੂ ਬੀ ਜਾ ਸਕਦਾ ਹੈ ਅਗੇ ਤੇ ਅਬਰੋ ਪਾ ਸਕਦਾ ਹੈ।

ਪਉੜੀ॥ਸਾਹਿਬੁ ਹੋਇ ਦਇਆਲੁ ਕਿਰਪਾ ਕਰੇ ਤਾ ਸਾਈ ਕਾਰ ਕਰਾਇਸੀ॥ ਸੋ ਸੇਵਕੁ ਸੇਵਾ ਕਰੇ ਜਿਸ ਨੋ ਹੁਕਮੁ ਮਨਾਇਸੀ ॥ ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ॥ਖਸਮੈ ਭਾਵੈ ਸੋ ਕਰੇ ਮਨਹੁ ਚਿੰਦਿਆ ਸੋ ਫਲੁ ਪਾਇਸੀ ॥ ਤਾ ਦਰਗਹ ਪੈਧਾ ਜਾਇਸੀ ॥੧੫॥	(ਜਿਸ ਉਤੇ) ਮਾਲਕ (ਵਾਹਿਗੁਰੂ) ਦਿਆਲ ਹੋਵੇ (ਤੇ ਆਪਣੀ) ਕਿਰਪਾ ਕਰੇ ਤਾਂ (ਉਸ ਪੁਰਖ ਤੋਂ) ਉਹੋ ਕੰਮ ਕਰਾਏਗਾ (ਜੋ ਸਾਹਿਬ ਨੂੰ ਭਾਉਂਦਾ ਹੈ)। ਉਹੋ ਸੇਵਕ (ਉਸ ਦੀ) ਸੇਵਾ ਕਰੇਗਾ ਜਿਸ ਨੂੰ (ਸਾਹਿਬ ਆਪ ਆਪਣਾ) ਹੁਕਮ ਮਨਾਏਗਾ। (ਸੇਵਕ) ਹੁਕਮ ਹੀ ਦੇ ਮੰਨਣੇ ਨਾਲ ਪਰਵਾਨ ਹੋਵੇਗਾ ਤਾਂ (ਅਰਥਾਤ ਪਰਵਾਣ ਹੋਣ ਨਾਲ) ਸਾਹਿਬ ਦਾ ਮਹਿਲ ਪ੍ਰਾਪਤ ਕਰੇਗਾ। (ਜੋ ਕਾਰ) ਖਸਮ ਨੂੰ ਭਾਵੇ (ਜੋ ਸੇਵਕ) ਉਹੋ (ਕਾਰ) ਕਰੇਗਾ ਉਹ ਮਨਚਿੰਦਿਆ ਫਲ ਪਾਵੇਗਾ † । ਤਦ ਦਰਗਾਹ ਵਿਚ ਪਹਿਨਿਆ ਜਾਏਗਾ ‡ ॥ ੧੫ ॥

ਸਲੋਕਾਂ ਤੇ ਪਉੜੀ ਦਾ ਸੰਮੇਲਨ- ੧੪ਵੀਂ ਪਉੜੀ ਵਿਚ ਫੁਰਮਾਇਆ ਸੀ 'ਨੰਗਾ ਦੋਜਕਿ ਚਾਲਿਆ'। ਕਿਨ੍ਹਾਂ ਮਾੜੇ ਕਰਮਾਂ ਯਾ ਅਵਗੁਣਾਂ ਕਰਕੇ 'ਦੋਜਕਿ ਚਾਲਿਆ' ਉਹ ਸ਼ਲੋਕਾਂ ਵਿਚ ਗਿਣੇ ਹਨ ਤੇ ਪਉੜੀ ਵਿਚ ਅਵਗੁਣ ਕਹਿਕੇ ਇਸ਼ਾਰਾ ਦਿੱਤਾ ਸੀ। ਇਸ ਪੰਦਰਵੀਂ ਪਉੜੀ ਵਿਚ ਲਿਖਿਆ ਹੈ 'ਤਾ ਦਰਗਹ ਪੈਧਾ ਜਾਇਸੀ'; ਬਾਕੀ ਪਉੜੀ ਵਿਚ ਓਹ ਕੁਝ ਗਿਣਿਆ ਹੈ ਜਿਨ੍ਹਾਂ ਕਰਕੇ 'ਦਰਗਾਹ ਪੈਧਾ ਜਾਇਸੀ'।

ਪਹਿਲੇ ਸਲੋਕ ਵਿਚ ਉਸ ਜਨੇਊ ਦਾ ਜ਼ਿਕਰ ਹੈ ਜੋ ਪਹਿਨਕੇ ਜੇ ਮਨੁੱਖ ਜਾਏਗਾ ਤਦ ਉਹ ਧੰਨਤਾ ਯੋਗ ਹੋਵੇਗਾ, ਦੂਜਾ ਉਹ ਜਨੇਊ ਦੱਸਿਆ ਜੋ ਨਾਲ ਨਹੀਂ ਜਾਏਗਾ। ਦੂਜੇ ਸ਼ਲੋਕ ਵਿਚ ਓਹ ਬਦੀਆਂ ਗਿਣੀਆਂ ਜੋ ਮਨੁਖ ਜਨੇਊ ਪਹਿਨਕੇ ਬੀ ਦਿਨੇ ਰਾਤ ਕਰਦੇ ਰਹਿੰਦੇ ਹਨ। ਤੀਸਰੇ ਸ਼ਲੋਕ ਵਿਚ ਦੱਸਿਆ ਕਿ ਸਿਫਤ ਸਲਾਹ ਤੇ ਨਾਮ ਰੂਪੀ ਜਨੇਊ ਦਰਗਾਹ ਵਿਚ ਨਾਲ ਜਾਂਦਾ ਹੈ ਤਾਂ ਪਤ ਅਬਰੋ ਬਣਦੀ ਹੈ। ਚੌਥੇ ਸ਼ਲੋਕ ਵਿਚ ਜਨੇਊ ਪਾਉਣ ਵਾਲੇ ਆਚਾਰਯ ਦਾ ਗਿਰਿਆ ਹੋਇਆ ਜੀਵਨ ਦੱਸਿਆ ਹੈ।

ਗੱਲ ਕੀ, ਸ਼ਲੋਕਾਂ ਵਿਚ ਜ਼ਿਕਰ ਜਨੇਊ ਦਾ ਹੈ, ਜੋ ਨਾਲ ਨਹੀਂ ਜਾਂਦਾ। ਜਨੇਊ ਪਹਿਨਕੇ ਪਾਪ ਕੀਤੇ ਪਾਪ ਹੀ ਰਹਿੰਦੇ ਹਨ, ਮਾਫ ਨਹੀਂ ਹੁੰਦੇ, ਪਤ ਨਹੀਂ ਬਣਦੀ, ਦਰਗਾਹੇ ਪੈਧਾ ਨਹੀਂ ਜਾਂਦਾ। ਹੁਣ

* ਮੂਰਖ ਪੰਡਿਤੁ ਨਾਉ॥ [ਮਲਾਰ ਵਾਰ ਮ: ੨-੨੨]

† ਭਾਵ ਹੈ ਕਿ ਇਸ ਜਗਤ ਵਿਚ ਮਨ ਚਿੰਦਿਆ ਫਲ ਪਾਵੇਗਾ ਤੇ ਅਗੇ ਪੈਧਾ ਜਾਏਗਾ।

‡ ਪਿਛੇ ਕਹੇ 'ਨੰਗਾ ਦੋਜਕਿ ਚਾਲਿਆ' ਦਾ ਉਲਟ ਇਥੇ ਦਿਖਾਇਆ ਹੈ, ਹੋਰਥੇ ਬੀ ਫੁਰਮਾਯਾ ਹੈ:-
ਹਰਿ ਸੋਭਾ ਪਾਈ ਹਰਿ ਨਾਮਿ ਵਡਿਆਈ ਹਰਿ ਦਰਗਹ ਪੈਧੇ ਜਾਨਿ ਜੀਉ॥ [ਆਸਾ ਮ: ੪, ਛੰਤ-੬]

ਪਉੜੀ ਨਾਲ ਢੁਕਾਉ ਆ ਮਿਲਿਆ ਕਿ ਦਰਗਾਹੇ ਪੈਧਾ ਜਾਣਾ ਐਉਂ ਹੁੰਦਾ ਹੈ ਜਿਵੇਂ ਪਉੜੀ ਵਿਚ ਕਿਹਾ ਹੈ। ਐਉਂ ਧੁਨਜਾਤਮਿਕ ਮੇਲ ਸ਼ਲੋਕਾਂ ਤੇ ਪਉੜੀ ਦਾ ਹੋ ਗਿਆ ਕਿ ਜਨੇਊ ਆਦਿ ਦਾ ਪਹਿਨਣਾ ਕਰਕੇ ਇਹ ਸਮਝ ਲੈਣਾ ਕਿ ਸੁਰਗਾਂ ਨੂੰ ਜਾਵਾਂਗੇ ਗ਼ਲਤ ਹੈ, ਜਦ ਪਾਪ ਕਰਮ ਉਸੀ ਤਰ੍ਹਾਂ ਹੋ ਰਹੇ ਹਨ। ਜਨੇਊ ਤਾਂ ਸਰੀਰ ਦੇ ਨਾਲ ਏਥੇ ਹੀ ਰਹਿ ਜਾਏਗਾ; ਜੀਵ ਦੇ ਨਾਲ ਤਾਂ ਹੁਕਮ ਦੀ ਕਾਰ ਕਮਾਉਣ ਨਾਲ ਇਕ ਪਤ ਦਾ ਬਸਤ੍ਰ ਮਿਲੇਗਾ, ਉਹ ਨਾਲ ਜਾਏਗਾ ਤੇ ਦਰਗਾਹੇ ਗਿਆਂ ਅਬਰੋ ਬਣੇਗੀ। ਐਉਂ ਸ਼ਲੋਕਾਂ ਦਾ ਪਉੜੀ ਨਾਲ ਢੁਕਾਉ ਸਹੀ ਪਿਆ ਹੁੰਦਾ ਹੈ।

ਨਿਰੁਕ੍ਤ-ਜਾਰੀਆ- [ਸੰਸ:, ਜਾਰ: । ਫਾਰਸੀ, ਯਾਰ; ਪੰਜਾਬੀ-ਯਾਰ] ਪਰ ਇਸਤ੍ਰੀ ਜਾਂ ਪਰ ਪੁਰਸ਼ ਨਾਲ ਨਾਜਾਇਜ਼ ਤਅੱਲਕ। ਤਗੁ-ਤਾਗਾ, ਜਨੇਊ।

ਤਗੁ ਨ ਇੰਦ੍ਰੀ ਤਗੁ ਨ ਨਾਰੀ-ਇੰਦ੍ਰੀ ਤੋਂ ਮੁਰਾਦ 'ਕਾਮ ਵਿਕਾਰ' ਦੀ ਹੈ। ਕਾਮ ਵਿਕਾਰ ਨੂੰ ਮਰਯਾਦਾ ਦੀ ਰੋਕ ਨਹੀਂ ਪਾਈ, ਅਤੇ ਨਾ ਹੀ ਅਪਣੀਆਂ ਨਾੜਾਂ-ਇੜਾ ਪਿੰਗਲਾ ਆਦਿ-ਨੂੰ ਕਿਸੇ ਸੰਜਮ ਵਿਚ ਸਾਧਿਆ ਹੈ। [ਨਾਰੀ=ਨਾੜੀ] ।(ਅ) [ਨਾਰੀ=ਇਸਤ੍ਰੀ] ਇਸਤ੍ਰੀ ਨੂੰ ਜੰਞੂ ਨਹੀਂ ਪਾਉਂਦੇ ਹੋ, ਬੀ ਅਰਥ ਕਰਦੇ ਹਨ।

ਥੁਕ ਪਵੈ-ਲਾਅ੍ਨਤ ਪੈਂਦੀ ਹੈ। ਧਰਮ ਸ਼ਾਸਤ੍ਰ ਮੁਜਬ ਇਸਤ੍ਰੀ ਬਿਵਹਾਰ ਕੇਵਲ ਸੰਤਾਨ ਉਤਪਤੀ ਹਿਤ ਅਨੇਕ ਪ੍ਰਕਾਰ ਦੇ ਨਿਯਮਾਂ ਤੇ ਰੁਕਾਵਟਾਂ ਵਿਚ ਬੱਝਾ ਹੋਇਆ ਹੈ, ਇਸ ਦਾ ਉਲੰਘਨ ਦ੍ਵਿਜ ਨੂੰ ਆਪਣੀ ਸ਼੍ਰੇਣੀ ਤੋਂ ਨੀਵਾਂ ਕਰਦਾ ਹੈ। [ਦਾੜੀ ਤੇ ਥੁਕ ਪੈਣਾ=ਫਿਟਕਾਰ ਪੈਣੀ] ।

[ਪਉੜੀ ਸੋਲ੍ਵੀਂ]

ਪ੍ਰਾਕ੍ਥਨ-ਇਸ ਅਗਲੇ ਸ਼ਲੋਕ ਵਿਚ ਮੁਸਲਮਾਨਾਂ ਦੇ ਖਤ੍ਰੀ ਆਦਿ ਹਿੰਦੂ ਮੁਲਾਜ਼ਮਾਂ ਦੀ ਗਿਰਾਵਟ ਦੱਸੀ ਹੈ-

ਮੂਲ	ਅਰਥ
ਸਲੋਕ ਮਃ ੧ ॥ ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ ॥ ਧੋਤੀ ਟਿਕਾ ਤੈ ਜਪਮਾਲੀ ਧਾਨੁ ਮਲੇਛਾਂ ਖਾਈ ॥ ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ ॥	ਗਊ ਤੇ ਬਾਮ੍ਹਣ (ਜੋ ਤੁਹਾਡੇ ਪੂਜਨੀਕ ਹਨ) ਉਤੇ (ਤਾਂ ਤੁਸੀਂ) ਮਸੂਲ ਲਾਉਂਦੇ ਹੋ*, (ਪਰ ਉਸ ਗਊ ਦੇ ਗੋਹੇ ਨੂੰ ਪਵਿੱਤ੍ਰ ਜਾਣਕੇ ਉਸ ਨਾਲ ਚੌਕਾ ਦਿੰਦੇ ਹੋ, ਪਰ ਜਾਣ ਲਓ ਕਿ) ਇਸ ਗੋਹੇ ਨਾਲ ਤਰਿਆ ਨਹੀਂ ਜਾਣਾ। (ਤੇੜ) ਧੋਤੀ, (ਮੱਥੇ) ਟਿੱਕਾ ਤੇ (ਹਥ ਵਿਚ) ਜਪ ਕਰਨ ਦੀ ਮਾਲਾ (ਤਾਂ ਤੁਸੀਂ ਧਾਰਨ ਕਰ ਰਖੀ ਹੈ, ਪਰ) ਧਾਨ ਮਲੇਛਾਂ ਦਾ ਖਾਂਦੇ ਹੋ † । ਅੰਦਰ (ਵੜਕੇ ਤਾਂ ਠਾਕੁਰ) ਪੂਜਾ ਕਰਦੇ ਹੋ (ਤੇ ਬਾਹਰ ਮੁਸਲਮਾਨਾਂ ਦੀਆਂ) ਕਿਤਾਬਾਂ ਪੜ੍ਹਦੇ ਹੋ (ਤੇ) ਰਹੁ ਰੀਤਿ (ਬੀ) ਤੁਰਕਾਂ ਵਾਲੀ ਤੁਹਾਨੂੰ ਭਾਉਂਦੀ ਹੈ‡। (ਧਰਮ ਇਹ ਹੈ ਕਿ ਇਸ ਪ੍ਰਕਾਰ ਦਾ) ਪਖੰਡ

* ਕਹਿੰਦੇ ਹਨ ਕਿਸੇ ਖੱਤ੍ਰੀ ਤੇ ਵੈਸ਼ਨਵ ਧਰਮੀ ਮਸੂਲੀਏ ਨੇ ਇਕ ਬਾਹਮਣ ਨੂੰ ਗਊ ਸਮੇਤ ਪੁਲ ਯਾ ਪੱਤਣ ਤੋਂ ਲੰਘਣ ਨਾ ਦਿੱਤਾ, ਕਿਉਂਕਿ ਉਸ ਪਾਸ ਗਾਂ ਦਾ ਮਸੂਲ ਦੇਣ ਵਾਸਤੇ ਮਾਯਾ ਨਾ ਸੀ ਤੇ ਉਸੇ ਗਾਂ ਦਾ ਗੋਹਾ ਲੈਕੇ ਚੌਕਾ ਪਾਕੇ ਥਾਂ ਪਵਿਤ੍ਰ ਕੀਤੀ, ਉਸ ਦੇ ਪਾਖੰਡ ਧਰਮ ਪਰ ਗੁਰੂ ਜੀ ਨੇ ਇਹ ਵਾਕ ਉਚਾਰਿਆ।

† ਹਿੰਦੂ ਮਸੂਲੀਏ ਮੁਸਲਮਾਨ ਸਰਕਾਰ ਦੇ ਨੌਕਰ ਹੁੰਦੇ ਸਨ, ਜਿਨ੍ਹਾਂ ਨੂੰ ਉਹ ਉਂਞ ਮਲੇਛ ਦੱਸਦੇ ਹਨ।

‡ ਭਾਵ, ਕਿਤਾਬਾਂ ਪੜ੍ਹਕੇ ਉਹਨਾਂ ਦੇ ਅਸਰ ਹੇਠ ਆਕੇ ਅਪਣੀ ਸਭਯਤਾ ਨੂੰ ਵਿਦੇਸ਼ੀਆਂ ਦੇ ਅਸਰ ਨਾਲ ਪ੍ਰਭਾਵਿਤ ਕਰ ਰਹੇ ਹੋ ਜਿਨ੍ਹਾਂ ਨੂੰ ਮਲੇਛ ਤੇ ਅਛੂਤ ਦੱਸਦੇ ਹੋ ।

(ਅ) 'ਭਾਈ' ਦਾ ਅਰਥ 'ਹੇ ਭਾਈ' ਬੀ ਲਾਉਂਦੇ ਹਨ।

ਛੋਡੀਲੇ ਪਾਖੰਡਾ ॥ ਨਾਮਿ ਲਇਐ ਜਾਹਿ ਤਰੰਦਾ ॥੧॥ ਮਃ ੧ ॥	ਛੱਡ ਦੇਹ, (ਪਰਮੇਸ਼ੁਰ ਦਾ) ਨਾਮ ਲੈਣ ਨਾਲ ਹੀ (ਤੂੰ) ਤਰ ਸਕੇਂਗਾ॥ ੧॥

ਪ੍ਰਾਕ੍ਰਥਨ-ਅਗੇ ਹੁਣ ਹਿੰਦੂ ਮੁਸਲਮਾਨ ਦੋਹਾਂ ਅਧਰਮੀਆਂ ਦਾ ਹਾਲ ਦੱਸਦੇ ਹਨ-

ਮਾਣਸ ਖਾਣੇ ਕਰਹਿ ਨਿਵਾਜ ॥ ਛੁਰੀ ਵਗਾਇਨਿ ਤਿਨ ਗਲਿ ਤਾਗ ॥ ਤਿਨ ਘਰਿ ਬ੍ਰਹਮਣ ਪੂਰਹਿ ਨਾਦ ॥ ਉਨ੍ਹਾ ਭਿ ਆਵਹਿ ਓਈ ਸਾਦ ॥	ਮਨੁਖਾਂ ਨੂੰ ਖਾ ਜਾਣ ਵਾਲੇ (-ਜ਼ਾਲਮ ਤੁਰਕ ਹਾਕਮ ਤਾਂ) ਨਿਮਾਜ਼ਾਂ ਪਏ ਪੜ੍ਹਦੇ ਹਨ (ਤੇ ਇਨ੍ਹਾਂ ਦੇ ਖਾਣ ਲਈ ਮਨੁੱਖਾਂ ਦਾ) ਛੁਰੀ ਚਲਾ ਕੇ (ਮਾਸ ਤਿਆਰ ਕਰਨ ਵਾਲੇ ਇਨ੍ਹਾਂ ਦੇ ਮੁਲਾਜ਼ਮ ਖੱਤ੍ਰੀ ਹਨ) ਉਨ੍ਹਾਂ ਦੇ ਗਲ ਵਿਚ ਜਨੇਊ ਹਨ*। ਇਨ੍ਹਾਂ (ਕਸਾਈ ਖੱਤ੍ਰੀਆਂ) ਦੇ ਘਰੀਂ ਬ੍ਰਹਮਣ (ਭੋਜਨ ਖਾਣ ਜਾਂਦੇ ਹਨ ਤੇ) ਨਾਦ ਵਜਾਉਂਦੇ (ਸੰਖ ਪੂਰਦੇ) ਹਨ। ਇਨ੍ਹਾਂ (ਬ੍ਰਹਮਣਾਂ) ਨੂੰ ਬੀ (ਉਸ ਅੰਨ ਦੇ) ਓਹੀ ਸੁਆਦ ਆਉਂਦੇ ਹਨ (ਭਾਵ ਕੀਤਾ ਤਾਂ ਖੱਤ੍ਰੀ ਨੇ ਹੈ ਬ੍ਰਹਮ ਭੋਜ ਪਰ ਬ੍ਰਹਮਣਾਂ ਨੂੰ ਉਥੇ ਬ੍ਰਹਮ ਭੋਜ ਦਾ ਸਤੋਗੁਣੀ ਸੁਆਦ ਨਹੀਂ ਆਵੇਗਾ, ਉਨ੍ਹਾਂ ਨੂੰ ਤਾਮਸੀ ਸੁਆਦ ਆਵੇਗਾ † । ਇਹ ਹਾਲਤ ਹਿੰਦੂਆਂ ਦੀ ਤੁਰਕਾਂ ਦੀ ਗ਼ੁਲਾਮੀ ਕਬੂਲ ਲੈਣ ਤੋਂ ਹੋਈ ਜੋ ਮੂਲਕ ਭੁੱਲ ਸੀ, ਜਦ ਇਹ
ਕੂੜੀ ਰਾਸਿ ਕੂੜਾ ਵਾਪਾਰੁ ॥ ਕੂੜੁ ਬੋਲਿ ਕਰਹਿ ਆਹਾਰੁ ॥ ਸਰਮ ਧਰਮ ਕਾ ਡੇਰਾ ਦੂਰਿ ॥ ਨਾਨਕ ਕੂੜੁ ਰਹਿਆ ਭਰਪੂਰਿ ॥	ਰਾਸ ਹੀ ਕੂੜੀ ਸੀ (ਤਾਂ ਇਸ ਦਾ ਅਗੋਂ) ਵਿਹਾਰ (ਵਰਤੋਂ ਸਾਰੀ) ਕੂੜੀ ਹੋਣੀ ਹੀ ਸੀ। (ਹੁਣ ਇਥੋਂ ਤਕ ਗਿਰਾਵਟ ਆਈ ਕਿ) ਰੋਟੀ ਭੀ ਝੂਠ ਬੋਲਕੇ ਹੀ ਪ੍ਰਾਪਤ ਹੁੰਦੀ ਹੈ‡ । (ਇਥੋਂ ਤਾਈਂ ਕਿ) ਧਰਮ (ਤਾਂ ਨਹੀਂ ਸੀ ਰਿਹਾ, ਹੁਣ) ਸ਼ਰਮ ਬੀ ਉੱਕੀ ਨਹੀਂ ਰਹੀ। (ਸਾਰੇ) ਕੂੜ ਹੀ ਕੂੜ ਭਰਪੂਰ ਹੋ ਰਿਹਾ ਹੈ. ਹੇ ਨਾਨਕ ! (ਇਸ ਕੂੜ ਨਾਲ ਇਨ੍ਹਾਂ ਦੀ 'ਸ਼ਕਲ ਮੋਮਨਾਂ ਤੇ ਕਰਤੂਤ
ਮਥੈ ਟਿਕਾ ਤੇੜਿ ਧੋਤੀ ਕਖਾਈ ॥ ਹਥਿ ਛੁਰੀ ਜਗਤ ਕਾਸਾਈ ॥	ਕਾਫਰਾਂ' ਇੰਨੀ ਹੋ ਰਹੀ ਹੈ ਕਿ) ਮੱਥੇ ਤੇ ਟਿੱਕਾ (ਲੱਗਾ ਹੁੰਦਾ ਹੈ) ਤੇੜ ਪਿਛੇ ਲੜ-ਟੁੰਗਵੀਂ ਧੋਤੀ (ਬੱਧੀ ਹੁੰਦੀ ਹੈ, ਪਰ) ਹੱਥ ਵਿਚ ਛੁਰੀ ਹੁੰਦੀ ਹੈ (ਜਿਸ ਨਾਲ ਇਕ ਅੱਧੇ ਦੇ ਨਹੀਂ ਪਰ) ਜਗਤ ਦੇ ਕਸਾਈ (ਹੋਕੇ ਹਿੰਸਾ ਕਮਾਉਂਦੇ ਹਨ)। (ਇਨ੍ਹਾਂ ਛੁਰੀ ਵਗਾਉਣ ਵਾਲਿਆਂ ਦੀ ਦੇਖੋ ਹੁਣ ਸੂਰਤ ਕੀ ਬਣ ਰਹੀ
ਨੀਲ ਵਸਤ੍ਰ ਪਹਿਰਿ ਹੋਵਹਿ ਪਰ-	ਹੈ ਕਿ ਤੁਰਕ ਹਾਕਮਾਂ ਨੂੰ ਰੀਝਾਉਣ ਵਾਸਤੇ) ਨੀਲੇ ਕਪੜੇ §

* ਭਾਵ, ਜੋ ਹਿੰਦੂ ਕਿ ਹਕੂਮਤ ਦੇ ਨੌਕਰ ਹੋਕੇ ਹਿੰਦੀ ਪਰਜਾ ਤੇ ਜ਼ੁਲਮ ਦਾ ਹਥਜਾਰ ਮੁਸਲਮਾਨਾਂ ਦੇ ਹਥ ਵਿਚ ਬਣ ਰਹੇ ਹਨ।

† ਜਦੋਂ ਸ੍ਰੀ ਗੁਰੂ ਜੀ ਨੂੰ ਆਪ ਐਸਾ ਸਮਾਂ ਬਣਿਆ ਕਿ ਐਸੇ ਖੜ੍ਹੀ-ਮਲਕ ਭਾਗੋ ਦੇ ਘਰ ਬ੍ਰਹਮ ਭੋਜ ਤੇ ਜਾਣਾ ਪਿਆ ਤਾਂ ਨਾ ਗਏ ਅਰ ਉਹ ਜ਼ੋਰ ਜ਼ੁਲਮ ਦਾ ਤਾਮਸੀ ਅਹਾਰ ਨਾਂ ਖਾਧਾ। ਜ਼ੁਲਮ ਪਾਪ ਤੇ ਅਨਜਾਯ ਨੂੰ ਬੁਰਾ ਦਸਦਿਆਂ ਇਨ੍ਹਾਂ ਤੁਕਾਂ ਵਿਚ ਹਿੰਦੂਆਂ ਦੀ ਤੁਰਕਾਂ ਹੇਠ ਹੋ ਚੁਕੀ ਗਿਰਾਵਟ ਨੂੰ ਤੱਕਕੇ ਆਪਦੇ ਹੁੱਬਲ-ਵਤਨੀ ਦੇ ਜਜ਼ਬੇ ਦੀ ਝਲਕ ਹੈ।

‡ਕਿਉਂਕਿ ਗੁਲਾਮ ਦਾ ਗੁਜ਼ਾਰਾ ਜ਼ਾਲਮ ਮਾਲਕ ਨਾਲ ਝੂਠ ਛਲ ਬਿਨਾ ਨਹੀਂ ਹੋ ਸਕਦਾ। ਇਨ੍ਹਾਂ ਤੁਕਾਂ ਦਾ ਭਾਵ ਇਹ ਬੀ ਲੈਂਦੇ ਹਨ ਕਿ ਜੋ ਖਤਰੀ ਆਦਿ ਹਿੰਦੂ ਤੁਰਕਾਂ ਦੀ ਨੌਕਰੀ ਕਰਦੇ ਹਨ ਉਹਨਾਂ ਦਾ ਹਾਲ ਤਾਂ ਆ ਗਿਆ ਹੁਣ ਵਪਾਰ ਕਰਨ ਵਾਲੇ ਖੱਤ੍ਰੀਆਂ ਦਾ ਹਾਲ ਦੱਸਦੇ ਹਨ ਕਿ ਓਹ ਵਪਾਰ ਝੂਠ ਦਾ ਕਰਦੇ ਹਨ, ਝੂਠ ਹੀ ਮਾਨੋ ਉਹਨਾ ਦੀ ਪੂੰਜੀ ਹੈ। ਝੂਠ ਨਾਲ ਹੀ ਅਹਾਰ ਦਾ ਅੰਨ ਕਮਾਉਂਦੇ ਹਨ ਇੰਨਾ ਕਿ ਸ਼ਰਮ ਧਰਮ ਦਾ ਡੇਰਾ ਹੀ ਦੂਰ ਹੋ ਗਿਆ ਹੈ। § ਨੀਲੇ ਬਸਤ੍ਰ ਹਿੰਦੂਆਂ ਵਿਚ ਨਖਿਧ ਚੀਜ਼ ਸਮਝੀ ਜਾਂਦੀ ਹੈ, ਪਰ ਮੁਸਲਮਾਨ ਮਾਲਕਾਂ ਨੂੰ ਖੁਸ਼ ਕਰਨ ਲਈ ਹਿੰਦੂ ਨੀਲੇ ਬਸਤ੍ਰ ਪਹਿਨਣ ਲਗ ਪਏ ਸਨ।

ਵਾਣੁ ॥ ਮਲੇਛ ਧਾਨੁ ਲੇ ਪੂਜਹਿ ਪੁਰਾਣੁ ॥

(ਬੀ) ਪਹਿਨ ਲੈਂਦੇ ਹਨ (ਤੇ ਏਸ ਤਰ੍ਹਾਂ ਉਹਨਾਂ ਦੀ ਨਜ਼ਰ ਵਿਚ) ਪ੍ਰਵਾਨਗੀ ਹੋ ਜਾਂਦੀ ਹੈ। (ਇਸ ਲਈ ਕਿ ਪ੍ਰਵਾਨ ਹੋਕੇ ਉਹਨਾਂ ਤੋਂ ਧਨ ਮਿਲੇਗਾ, ਪਰ ਉਹ ਧਨ) ਮਲੇਛ (ਧਾਨ ਹੈ, ਫਿਰ ਅਚਰਜ ਦੇਖੋ ਕਿ ਇਸ) ਧਨ ਨਾਲ (ਪੂਜਾ ਪਾਠ ਬ੍ਰਹਮ ਭੋਜ ਆਦਿਕ ਕਰਦੇ ਹੈਨ ਅਤੇ ਭਾਗਵਤ) ਪੁਰਾਣ ਦੀ ਪੂਜਾ ਕਰਦੇ ਹਨ* (ਫਿਰ ਦੇਖੋ ਇਹ ਲੋਕ) ਬਕਰਾ ਖਾਂਦੇ ਹਨ ਜੋ (ਤੁਰਕਾਂ ਦੇ ਤਰੀਕੇ ਨਾਲ ਉਹਨਾਂ ਦੀ) ਕਲਾਮ ਪੜ੍ਹਕੇ ਕੁੱਠਾ ਕੀਤਾ ਹੋਇਆ ਹੁੰਦਾ ਹੈ।

ਅਭਾਖਿਆ ਕਾ ਕੁਠਾ ਬਕਰਾ ਖਾਣਾ॥ ਚਉਕੇ ਉਪਰਿ ਕਿਸੈ ਨ ਜਾਣਾ ॥ ਦੇ ਕੈ ਚਉਕਾ ਕਢੀ ਕਾਰ ॥ ਉਪਰਿ ਆਇ ਬੈਠੇ ਕੂੜਿਆਰ ॥ ਮਤੁ ਭਿਟੈ ਵੇ ਮਤੁ ਭਿਟੈ ॥ ਇਹੁ ਅੰਨੁ ਅਸਾਡਾ ਫਿਟੈ ॥ ਤਨਿ ਫਿਟੈ ਫੇੜ ਕਰੇਨਿ ॥ ਮਨਿ ਜੂਠੈ ਚੁਲੀ ਭਰੇਨਿ ॥ ਕਹੁ ਨਾਨਕ ਸਚੁ ਧਿਆਈਐ ॥ ਸੁਚਿ ਹੋਵੈ ਤਾ ਸਚੁ ਪਾਈਐ ॥੨॥

(ਇਹ ਅਪਵਿਤ੍ਰ ਮਾਸ ਜਦ ਰਿੰਨ੍ਹਦੇ ਹਨ ਤਾਂ) ਚੌਂਕਾ ਦੇਕੇ ਲੀਕ ਕੱਢਕੇ (ਉਸ ਥਾਂ ਤੇ ਰਿੰਨ੍ਹਦੇ ਹਨ ਤੇ ਆਖਦੇ ਹਨ: ਵੇਖਣਾ) ਕੋਈ ਚਉਂਕੇ ਵਿਚ ਨਾ ਜਾਵੇ, ਪਰ ਚਉਂਕੇ ਉਪਰ ਆਕੇ ਕੂੜਿਆਰ (ਝੂਠੇ ਲੋਕ ਆਪ) ਬੈਠ ਜਾਂਦੇ ਹਨ (ਤੇ ਦੂਸਰਿਆਂ ਨੂੰ ਕਹਿੰਦੇ ਹਨ) ਛੁਹਣਾ ਨਾ, ਮਤਾਂ ਸਾਡਾ ਚੌਂਕਾ ਭਿੱਟ ਜਾਏ ਤੇ ਇਹ ਸਾਡਾ ਅੰਨ ਫਿੱਟ (ਭਿੱਟ ਯਾ ਖਰਾਬ ਹੋ) ਜਾਏ। (ਪਰ ਦੇਖੋ ਇਹਨਾਂ ਦਾ) ਸਰੀਰ (ਤਾਂ ਅੱਗੇ ਹੀ ਵਿਕਾਰਾਂ ਨਾਲ) ਫਿੱਟ ਰਿਹਾ ਹੈ; ਕਰਮ (ਏਹ=) ਮੰਦੇ ਕਰਦੇ ਹਨ ਤੇ ਮਨ (ਖੋਟੇ ਸੰਕਲਪਾਂ ਨਾਲ) ਜੂਠੇ ਹੈਨ (ਪਰ ਮੂੰਹ ਨਾਲ) ਚੁਲੀਆਂ ਭਰ ਭਰਕੇ (ਸੁੱਚੇ ਬਣ ਰਹੇ ਹਨ)। ਕਹਿੰਦੇ ਹਨ (ਗੁਰੂ) ਨਾਨਕ (ਠੀਕ ਰਸਤਾ ਇਹ ਹੈ ਕਿ) ਸਚੇ (ਵਾਹਿਗੁਰੂ) ਨੂੰ ਧਿਆਈਏ (ਜਿਸ ਨਾਲ ਮਨ ਤੇ ਤਨ ਦੀ ਸੁਚ ਆਉਂਦੀ ਹੈ, ਇਹ) ਸੁਚ ਹੋਵੇ ਤਾਂ ਹੀ ਸਚੇ (=ਵਾਹਿਗੁਰੂ) ਨੂੰ ਪਾਈਦਾ ਹੈ † ॥ ੨॥

ਪਉੜੀ ॥ ਚਿਤੈ ਅੰਦਰਿ ਸਭੁ ਕੋ ਵੇਖਿ ਨਦਰੀ ਹੇਠਿ ਚਲਾਇਦਾ ॥ ਆਪੇ ਦੇ ਵਡਿਆਈਆ ਆਪੇ ਹੀ ਕਰਮ ਕਰਾਇਦਾ ॥ ਵਡਹੁ ਵਡਾ ਵਡ ਮੇਦਨੀ ਸਿਰੇ ਸਿਰਿ ਧੰਧੈ ਲਾਇਦਾ ॥ ਨਦਰਿ ਉਪਠੀ ਜੇ ਕਰੇ ਸੁਲਤਾਨਾ ਘਾਹੁ ਕਰਾਇਦਾ ॥

(ਚੇਤਨ ਵਾਹਿਗੁਰੂ ਦੇ) ਚਿਤ ਵਿਚ ਸਭ ਕੋਈ ਹੈ (ਓਹ 'ਚਿਤ ਸਰੂਪ' ਸਭਨਾਂ ਨੂੰ) ਵੇਖਦਾ (ਤੇ ਅਪਣੀ) ਨਜ਼ਰ ਹੇਠ ਤੋਰਦਾ ਹੈ। (ਉਹ) ਆਪ ਹੀ ਕਰਮ ਕਰਵਾਉਂਦਾ ਹੈ ਤੇ ਆਪ ਹੀ ਵਡਿਆਈਆਂ ਦੇਂਦਾ ਹੈ‡। (ਸਾਰੇ) ਵਡਿਆਂ ਤੋਂ (ਉਹ ਆਪ) ਵਡਾ ਹੈ (ਤੇ ਏਡਾ ਵਡਾ ਹੋਕੇ ਉਹ ਸਾਰੇ ਵੇਰਵੇ ਵਿਚ ਆਪ ਵਰਤਦਾ ਹੈ ਇਥੋਂ ਤਕ ਕਿ ਇਡੀ) ਵਡੀ ਸ੍ਰਿਸ਼ਟੀ ਦੇ ਹਰ ਇਕ ਜੀਵ ਨੂੰ (ਆਪੋ ਅਪਣੇ) ਕੰਮ ਵਿਚ ਲਾਈ ਰਖਦਾ ਹੈ§। (ਜਗਤ ਦੇ ਵਡਿਆਂ ਨੂੰ ਸੁਤੰਤ੍ਰ ਵਡੇ ਨਾ ਜਾਣੋ ਉਹ ਕਿਸੇ ਵਲ) ਜੇ ਪੁੱਠੀ ਨਜ਼ਰ ਚਾ ਕਰੇ ਤਾਂ ਪਾਤਸ਼ਾਹਾਂ ਨੂੰ ਘਾਹੀ ਬਣਾ ਦੇਂਦਾ ਹੈ। (ਚਾਹੇ ਤਾਂ ਘਾਹੀ ਤੋਂ ਬੀ ਨੀਵਾਂ ਕਰਕੇ ਐਸੇ ਮੰਗਤੇ ਬਣਾ

* ਭਾਗਵਤ ਪੁਰਾਣ ਦੀ ਕਥਾ ਸੁਣਨੀ ਤੇ ਇਸ ਪੁਰਾਣ ਦੀ ਪੂਜਾ ਕਰਨੀ ਤੇ ਕਥਾ ਕਰਨ ਵਾਲੇ ਨੂੰ ਮਾਯਾ ਦੇਣੀ ਇਕ ਆਮ ਰਿਵਾਜ ਸੀ।

† ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥ [ਜਪੁਜੀ-੨੦] । ਇਉਂ ਸੁਚ ਹੋ ਜਾਣ ਤੇ ਜੋ ਨਾਮ ਜਪੀਦਾ ਹੈ ਉਸ ਨਾਲ ਨਾਮ ਅੰਮ੍ਰਿਤ ਹੋਕੇ ਰਿਦੇ ਵਿਚ ਸਮਾਉਂਦਾ ਤੇ ਨਾਮੀ ਮਿਲਾਉਂਦਾ ਹੈ। ਯਥਾ:-ਪ੍ਰਭ ਕੈ ਸਿਮਰਨਿ ਮਨ ਕੀ ਮਲ ਜਾਇ॥ ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ॥ [ਸੁਖਮਨੀ ੧-੪]

‡ ਭਾਵ, ਆਪੇ ਹੀ ਵਡਿਆਈ ਦਾ ਆਦਰਸ਼ ਦੁਨੀਆਂ ਦੇ ਸਾਹਮਣੇ ਰਖਦਾ ਹੈ, ਜਿਸ ਨੂੰ ਪ੍ਰਾਪਤ ਕਰਨ ਲਈ ਲੋਕਾਂ ਤੋਂ ਕੰਮ ਕਰਾਉਂਦਾ ਹੈ।

§ ਯਥਾ-ਜਿਨਿ ਜਗਤ ਉਪਾਇਆ ਧੰਧੈ ਲਾਇਆ.....॥ [ਆਸਾ ਮ: ੧, ਛੰਤ ੪-੧]

ਦਰਿ ਮੰਗਨਿ ਭਿਖ ਨ ਪਾਇਦਾ ॥੧੬॥	ਦੇਂਦਾ ਹੈ ਕਿ) ਦਰ ਦਰ ਮੰਗਦਿਆਂ ਨੂੰ ਖੈਰ ਬੀ ਨਹੀਂ ਪੈਂਦੀ॥ ੧੬॥

ਸਲੋਕਾਂ ਤੇ ਪਉੜੀ ਦਾ ਸੰਮੇਲਨ-ਪਹਿਲੇ ਸਲੋਕ ਵਿਚ ਉਸ ਵੇਲੇ ਦੇ ਹਿੰਦੂਆਂ ਦਾ, ਜੋ ਮੁਸਲਮਾਨੀ ਰਾਜ ਦੇ ਹੇਠਾਂ ਉਨ੍ਹਾਂ ਦੇ ਅਸਰ ਨਾਲ ਪ੍ਰਭਾਵਿਤ ਹੋਕੇ ਅੰਦਰੋਂ ਬਾਹਰੋਂ ਉਲਟ ਕਰਮ ਕਰ ਰਹੇ ਸਨ, ਨਕਸ਼ਾ ਬੱਧਾ ਹੈ ਪਹਿਲੇ ਦੇ ਅਖ਼ੀਰ ਇਲਾਜ ਫੁਰਮਾਇਆ ਹੈ:'*ਛੋਡੀਲੇ ਪਾਖੰਡਾ॥ ਨਾਮਿ ਲਇਐ ਜਾਹਿ ਤਰੰਦਾ॥*' ਦੂਜੇ ਦੇ ਅਖੀਰ ਇਲਾਜ ਦੱਸਿਆ:'*ਕਹੁ ਨਾਨਕ ਸਚੁ ਧਿਆਈਐ॥ ਸੁਚਿ ਹੋਵੈ ਤਾ ਸਚੁ ਪਾਈਐ॥*' ਇਸ ਪਰਵਿਰਤ ਪਾਖੰਡ ਤੇ ਕੂੜ ਦੇ ਵਰਤਾਰੇ ਦਾ ਨਕਸ਼ਾ ਬੱਝ ਗਿਆ ਤੇ ਸਲੋਕਾਂ ਦਾ ਭਾਵ ਪਉੜੀ ਨਾਲ ਇਉਂ ਆ ਢੁੱਕਿਆ ਕਿ ਇਹ ਨਾ ਸਮਝੋ ਕਿ ਕਰਨ ਵਾਲਿਆ ਦੇ ਏਹ ਪਖੰਡ ਤੇ ਕੂੜ ਬੇਗਉਲੇ ਲੰਘ ਰਹੇ ਹਨ, ਏਹ ਵਾਹਿਗੁਰੂ ਜੀ ਦੇ ਧਿਆਨ ਵਿਚ ਹਨ। ਓਹ ਸਭ ਕੁਛ ਦੇਖ ਰਿਹਾ ਹੈ। ਜਿਨ੍ਹਾਂ ਤੁਰਕ ਪਾਤਸ਼ਾਹਾਂ ਦੇ ਖੁਸ਼ ਕਰਨੇ ਲਈ ਪਖੰਡੀ ਜੀਵਨ ਬਣਾ ਰਹੇ ਹਨ ਉਨ੍ਹਾਂ ਨੂੰ ਓਹ 'ਵਡਹੁ ਵਡਾ ਵਡ ਮੇਦਨੀ' ਕੌਡੀ ਦੇ ਕਰ ਸਕਦਾ ਹੈ, ਜਿਨ੍ਹਾਂ ਨੂੰ ਮੰਗਿਆਂ ਖੈਰ ਬੀ ਨਾ ਪਵੇ, ਅਰਥਾਤ ਜਿਨ੍ਹਾਂ ਮਲੇਛ ਹਾਕਮਾਂ ਨੂੰ ਖੁਸ਼ ਕਰਨ ਲਈ ਗ਼ੁਲਾਮੀ ਧਾਰਕੇ ਪਖੰਡ ਰਚਦੇ ਹੋ, ਓਹ ਕਰਤਾਰ ਦੇ ਅੱਗੇ ਤੁੱਛ ਹਨ, ਸੋ ਉਸ 'ਵਡਹੁ ਵਡਾ ਵਡ ਮੇਦਨੀ' ਨੂੰ ਵਡਾ ਸਮਝਕੇ ਸੁਚੇਤ ਰਹੋ।

ਸੋ ਸੱਚ ਦੇਖਣ ਵਿਚ ਬੀ ਆ ਗਿਆ ਕਿ ਉਨ੍ਹਾਂ ਜ਼ਾਲਮ ਪਾਤਸ਼ਾਹਾਂ ਦੇ ਸ਼ਾਹਜ਼ਾਦੇ ਦਿੱਲੀ ਵਿਚ ਰੁਲਦੇ ਤੇ ਭਿੱਖ ਮੰਗਦੇ ਦੇਖੇ ਗਏ ਹਨ।

ਨਿਰੁਕ੍ਤ-ਕਖਾਈ-ਕਕਸ਼ਾ ਵਾਲੀ ਧੋਤੀ। ਪਿੱਛੇ ਪਿੱਠ ਵਲ ਲੜ ਟੁੰਗਕੇ ਧੋਤੀ ਬੰਨ੍ਹਣੀ, ਸ਼ਾਸਤ੍ਰ ਮੂਜਬ ਇਹ ਗ੍ਰਿਹਸਤੀ ਦੀ ਧੋਤੀ ਹੈ। ਕਈ ਤ੍ਰੈ ਕਈ ਪੰਜ ਲੜ ਟੁੰਗਣਾਂ ਬੀ ਇਸ ਧੋਤੀ ਦਾ ਰੂਪ ਦੱਸਦੇ ਹਨ। (ਅ) 'ਕਖਾਯ' ਦਾ ਅਰਥ ਗੇਰੂ ਰੰਗੀ ਯਾ ਨੀਮ ਭਗਵੀ ਵੀ ਕਰਦੇ ਹਨ। (ੲ) ਮਗ਼ਜ਼ੀ ਯਾ ਡੋਰੇ ਵਾਲੀ ਨੂੰ ਭੀ ਕਖਾਈ ਕਹਿ ਲੈਂਦੇ ਹਨ।

ਅਭਾਖਿਆ ਕਾ ਕੁਠਾ-ਕਲਾਮ ਪੜ੍ਹਕੇ ਕੋਹਿਆ ਹੋਇਆ। ਲੌਕਿਕ ਸੰਸਕ੍ਰਿਤ ਲਈ ਸ਼ਬਦ 'ਭਾਖਾ' ਪ੍ਰਵਿਰਤ ਰਿਹਾ ਹੈ, ਹੋਰ ਕੋਈ ਵਿਦੇਸ਼ੀ ਬੋਲੀ, ਜੋ ਭਾਖਾ ਤੋਂ ਅਤ੍ਰਿਕਤ ਹੋਵੇ, ਉਹ ਅਭਾਖਾ ਹੈ। ਸੋ ਅਭਾਖਿਆ ਤੋਂ ਏਥੇ ਮੁਰਾਦ ਅਰਬੀ ਦੀ ਹੈ, ਜਿਸ ਦੇ ਲਫਜ਼ 'ਬਿਸਮਿੱਲਾ' ਵਗੈਰਾ ਕਹਿਕੇ ਕੁੱਠਾ ਕੀਤਾ ਜਾਂਦਾ ਹੈ, ਜਿਸ ਨੂੰ ਅਸਾਂ ਉਪਰ ਕਲਾਮ ਲਿਖਿਆ ਹੈ।

ਮੇਦਨੀ-ਧਰਤੀ। ਧਰਤੀ ਉਪਲਖਤ ਸ੍ਰਿਸ਼ਟੀ।

ਘਾਹੁ- ਘਾਹ ਕਰਨਾ' ਲਹਿੰਦੇ ਵਲ ਘਾਹ ਕੱਟਣੇ ਨੂੰ ਕਹਿੰਦੇ ਹਨ। ਘਾਹੁ ਕਰਾਇਦਾ=ਘਾਹ ਕਟਵਾਉਂਦਾ ਭਾਵ ਘਾਸੀ ਬਣਾ ਦੇਂਦਾ ਹੈ। 'ਰਾਜ' ਦੇ ਟਾਕਰੇ ਤੇ 'ਘਾਸੀ' ਪਦ ਗੁਰਬਾਣੀ ਵਿਚ ਆਯਾ ਹੈ:

ਜੇ ਰਾਜ ਬਹਾਲੇ ਤਾ ਹਰਿ ਗੁਲਾਮੁ ਘਾਸੀ ਕਉ ਹਰਿ ਨਾਮੁ ਕਢਾਈ॥

[ਗਉੜੀ ਬੈਰਾਗਣਿ ਮ: ੪-੪੬]

[ਪਉੜੀ ਸਤਾਰ੍ਹਵੀਂ]

ਮੂਲ	ਅਰਥ
ਸਲੋਕੁ ਮਃ ੧ ॥ ਜੇ ਮੋਹਾਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ ॥ ਅਗੈ ਵਸਤੁ ਸਿਞਾਣੀਐ ਪਿਤਰੀ	ਜੇ ਚੋਰ (ਕਿਸੇ) ਘਰ ਨੂੰ ਭੰਨੇ (ਭਾਵ ਚੋਰੀ ਕਰੇ) ਤੇ ਘਰ ਭੰਨਕੇ (ਪ੍ਰਾਪਤ ਕੀਤੇ ਪਦਾਰਥ ਅਪਣੇ) ਪਿਤਰਾਂ ਦੇ ਨਮਿਤ ਦੇਵੇ (ਤਾਂ ਉਹ) ਪਦਾਰਥ ਅਗੇ (ਪ੍ਰਲੋਕ ਵਿਚ) ਪਛਾਣੇ ਜਾਣਗੇ (ਕਿ ਚੋਰੀ

ਚੋਰ ਕਰੇਇ ॥ ਵਢੀਅਹਿ ਹਥ ਦਲਾਲ ਕੇ ਮੁਸਫੀ ਏਹ ਕਰੇਇ ॥ ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ ॥੧॥

ਦੇ ਹਨ, ਇਉਂ ਉਸ ਦਾਨ ਨਾਲ ਪ੍ਰਲੋਕ ਗਏ ਪਿਤਰਾਂ ਨੂੰ ਬੀ) ਚੋਰ ਬਣਾ ਦਏ-ਗਾ*। (ਓਥੇ ਮੁਨਸਿਫ ਫਿਰ) ਇਹ ਮੁਨਸਫੀ (ਨਿਆਂ ਬੀ) ਕਰੇਗਾ ਕਿ ਦਲਾਲ ਦੇ ਹਥ (ਬੀ) ਵੱਢ ਦਿਓ †। (ਅਸਲ ਗਲ ਇਹ ਹੈ ਕਿ) ਅਗੇ ਜਾਕੇ (ਜੀਵ ਨੂੰ ਸੁਖਦਾਈ ਹੋਣ ਵਾਲਾ) ਉਹ (ਕੁਛ) ਮਿਲਦਾ ਹੈ ਜੋ (ਉਹ) ਘਾਲ ਕਮਾਈ ਨਾਲ ਖੱਟਕੇ ਦਾਨ ਕਰਦਾ ਹੈ, ਹੇ ਨਾਨਕ !॥ ੧॥

ਮਃ ੧ ॥ ਜਿਉ ਜੋਰੂ ਸਿਰ ਨਾਵਣੀ ਆਵੈ ਵਾਰੋ ਵਾਰ ॥ ਜੂਠੇ ਜੂਠਾ ਮੁਖਿ ਵਸੈ ਨਿਤ ਨਿਤ ਹੋਇ ਖੁਆਰੁ ॥ ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ ॥ ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ ॥੨॥

ਜਿਵੇਂ ਇਸਤ੍ਰੀ ਦਾ ਰਜੋ ਧਰਮ ਬਾਰ ਬਾਰ (ਦੀ ਅਪਵਿਤ੍ਰਤਾ ਦਾ ਕਾਰਣ) ਹੁੰਦਾ ਹੈ। ਏਸੇ ਤਰ੍ਹਾਂ ਮੂੰਹ ਦਾ (ਹਰ ਵੇਲੇ) ਜੂਠਾ ਰਹਿਣਾ ਇਸ ਦਾ ਸੁਭਾਵਕ ਕਰਮ ਹੈ (ਜੋ ਆਦਮੀ ਨੂੰ) ਹਮੇਸ਼ਾਂ ਅਪਵਿਤ੍ਰ ਰਖਦਾ ਹੈ। ਪਿੰਡਾ ਧੋਣ ਨਾਲ ਅਪਵਿਤ੍ਰਤਾ ਨਹੀਂ ਹਟਦੀ (ਸਰੀਰ ਤਾਂ ਹੈ ਹੀ 'ਮਾਟੀ ਕਾ ਕਿਆ ਧੋਪੈ', ਮਨ ਧੋਣਾ ਹੈ, ਉਹ ਜਲ ਨਾਲ ਨਹੀਂ ਪਰ ਨਾਮ ਨਾਲ ਪਵਿਤ੍ਰ ਹੁੰਦਾ ਹੈ ਤਾਂ ਤੇ) ਪਵਿਤ੍ਰ ਓਹੀ ਹਨ ਜਿਨ੍ਹਾਂ ਦੇ ਮਨ ਵਿਚ ਉਹ (ਪਰਮੇਸ਼ੁਰ) ਵੱਸਦਾ ਹੈ, ਹੇ ਨਾਨਕ !॥ ੨॥

ਜਾਪਦਾ ਹੈ ਕਿ ਇਹ ਸ਼ਲੋਕ ਕਿਸੇ ਨ੍ਹਾ ਧੋ ਕਰੂਲੀਆਂ ਕਰ ਆਪ ਨੂੰ ਸੁੱਚਾ ਮੰਨਕੇ ਸ਼ਰਾਧ ਆਦਿ ਆਕੇ ਖਾਣ ਬੈਠੇ ਬ੍ਰਹਮਣ ਦੀ ਜ਼ਾਹਰੀ ਪਵਿਤ੍ਰਤਾ ਤੇ ਅੰਦਰ ਦੀ ਵਧ ਰਹੀ ਅਪਵਿੱਤ੍ਰਤਾ ਉਤੇ ਸਮੋਧ ਕੀਤਾ ਗਿਆ ਹੈ, ਅਗੇ ਪਉੜੀ ਵਿਚ ਅਯਾਸ਼ਾਂ ਪਾਪੀਆਂ ਦਾ ਅੰਤ ਦੱਸਿਆ ਹੈ:-

ਪਉੜੀ ॥ ਤੁਰੇ ਪਲਾਣੇ ਪਉਣ ਵੇਗ ਹਰ ਰੰਗੀ ਹਰਮ ਸਵਾਰਿਆ ॥ ਕੋਠੇ ਮੰਡਪ ਮਾੜੀਆ ਲਾਇ ਬੈਠੇ ਕਰਿ ਪਾਸਾਰਿਆ ॥ ਚੀਜ ਕਰਨਿ ਮਨਿ ਭਾਵਦੇ ਹਰਿ ਬੁਝਨਿ ਨਾਹੀ ਹਾਰਿਆ॥ ਕਰਿ ਫੁਰਮਾਇਸਿ ਖਾਇਆ ਵੇਖਿ ਮਹਲਤਿ ਮਰਣੁ ਵਿਸਾਰਿਆ ॥ ਜਰੁ ਆਈ ਜੋਬਨਿ ਹਾਰਿਆ ॥੧੭॥

(ਜਿਨ੍ਹਾਂ ਪਾਸ) ਕਾਠੀਆਂ (ਆਦਿ) ਨਾਲ ਸਜੇ ਹੋਏ ਪਉਣ ਦੇ ਵੇਗ ਵਾਲੇ (=ਤਿੱਖੇ) ਘੋੜੇ ਹਨ, (ਜਿਨ੍ਹਾਂ ਨੇ ਆਪਣੀਆਂ) ਬੇਗਮਾਂ ਨੂੰ ਹਰ ਰੰਗ (ਦੇ ਬਸਤ੍ਰ ਭੂਖਣਾਂ ਨਾਲ) ਸਜਾਇਆ ਹੈ। (ਜਿਨ੍ਹਾਂ ਨੇ) ਘਰ, ਮਹਲ ਤੇ ਮੰਡਪ (ਬਣਾਕੇ ਸਾਮਾਨਾਂ ਨਾਲ ਸੰਵਾਰੇ ਹਨ ਤੇ ਵਿਚ) ਬਿਰਾਜ ਰਹੇ ਹਨ (ਤੇ ਹੋਰ) ਪਸਾਰੇ ਕਰ ਰਹੇ ਹਨ। (ਇਸ ਤਰ੍ਹਾਂ ਦੇ ਸਾਮਾਨ ਵਿਦਮਾਨ ਕਰਕੇ ਜੋ) ਮਨ ਮੰਨੀਆਂ ਐਸ਼ਾਂ ਕਰ ਰਹੇ ਹਨ ਤੇ ਪਰਮੇਸ਼ੁਰ ਨੂੰ ਨਹੀਂ ਸਮਝ ਰਹੇ (ਉਹਨਾਂ ਨੇ ਆਪਣਾ ਜਨਮ ਹੀ) ਹਾਰ ਦਿਤਾ ਹੈ। (ਹਾਂ ਜਿਨ੍ਹਾਂ ਨੇ ਨਿਰੀ) ਹਕੂਮਤ ਨਾਲ ਰੋਟੀ ਖਾਧੀ (ਹੈ ਤੇ ਅਪਣੇ) ਮਹਲਾਂ ਮਾੜੀਆਂ ਨੂੰ ਵੇਖ ਵੇਖਕੇ (ਉਸ ਦੀ ਮਸਤੀ ਵਿਚ) ਮਰਣਾ ਭੁਲਾ ਦਿੱਤਾ ਹੈ, (ਜਦ) ਬੁਢੇਪਾ ਆ ਜਾਂਦਾ ਹੈ (ਤਦ ਉਹ) ਜੋਬਨ ‡ (ਜੋ ਭੋਗਾਂ ਵਿਚ ਸਹਾਈ ਸੀ) ਹਾਰਿਆ ਜਾਂਦਾ ਹੈ (ਯਥਾ-ਜੋਬਨੁ ਜਾਂਦਾ ਨਦਰਿ ਨ ਆਵਈ ਜਰੁ ਪਹੁਚੈ ਮਰਿ ਜਾਈ॥ [ਸਲੋਕ ਮ: ੩ ਵਾ: ਵ:-੧੯)॥ ੧੭॥

* ਸੰਪ੍ਰਦਾਈ ਅਰਥ ਭਾਵਾਂ ਵਿਚ ਦੱਸਦੇ ਹਨ ਕਿ ਜਿਨ੍ਹਾਂ ਦੀ ਵਸਤ ਚੋਰੀ ਹੋਈ ਸੀ ਉਨ੍ਹਾਂ ਦੇ ਪਿਤਰ ਪਰਲੋਕ ਵਿਚ ਵਸਤ ਸਿਆਣਕੇ ਪਿਤ੍ਰਾਂ ਨੂੰ ਚੋਰੀ ਦਾ ਦੂਸ਼ਣ ਦੇਂਦੇ ਹਨ।

† ਉਸ ਸਮੇਂ ਚੋਰ, ਚੋਰੀ ਦਾ ਮਾਲ ਲੈਣ ਤੇ ਵਿਚਵਾਉਣ ਵਾਲੇ ਨੂੰ ਹੱਥ ਵਢੇ ਜਾਣ ਦਾ ਦੰਡ ਮਿਲਦਾ ਸੀ। ਏਥੇ ਭਾਵ ਇਹ ਹੈ ਕਿ ਚੋਰ, ਉਸ ਦੇ ਪਿਤ੍ਰ ਤੇ ਵਿਚੋਲਾ ਬ੍ਰਹਮਣ ਤਿੰਨੇ ਦੰਡ ਯੋਗ ਹੋਣਗੇ। ਦਲਾਲ ਤੋਂ ਭਾਵ ਬ੍ਰਹਮਣ ਦਾ ਹੈ ਜੋ ਬਦਦਿਆਨਤੀ ਨਾਲ ਪ੍ਰਾਪਤ ਕੀਤੇ ਮਾਲ ਨਾਲ ਕੀਤੇ ਗਏ ਸ਼ਰਾਧ ਪਰ ਵਿਚੋਲਾ ਬਣਕੇ ਪਿਤ੍ਰਾਂ ਨੂੰ ਵਸਤੂ ਪੁਚਾਉਣ ਦੀ ਵਿਚੋਲਗੀ ਕਰਦਾ ਹੈ।

‡ ਜੋਬਨੁ ਧਨੁ ਪ੍ਰਭਤਾ ਕੈ ਮਦ ਮੈ ਅਹਿਨਿਸ ਰਹੈ ਦਿਵਾਨਾ॥ [ਧਨਾਸਰੀ ਮ: ੯-੨]

ਸਲੋਕਾਂ ਤੇ ਪਉੜੀ ਦਾ ਸੰਮੇਲਨ-ਇਸ ਪਉੜੀ ਵਿਚ (ਫੁਰਮਾਨ=) ਹਕੂਮਤ ਕਰਨ ਵਾਲਿਆਂ ਦੀਆਂ ਦੁਨਿਆਵੀ ਮੌਜਾਂ ਪਰ ਬੁਢੇਪੇ ਦੇ ਆਇਆਂ ਭੋਗ ਦੀ ਸਤਜਾ ਹੀ ਨਾ ਰਹਿਣੀ ਦਿਖਾਈ ਹੈ, ਜਿਨ੍ਹਾਂ ਦੀ ਉਮਰ 'ਹਰਿ ਬੁਝਨਿ ਨਾਹੀ' ਵਿਚ ਲੰਘ ਗਈ ਤੇ ਅੰਤ 'ਹਾਰਿਆ' ਹੋ ਕੇ ਗਈ।

ਸਲੋਕ ਪਹਿਲੇ ਵਿਚ ਇਨ੍ਹਾਂ ਹਕੂਮਤਾਂ ਵਾਲਿਆਂ ਨੂੰ ਖੁਸ਼ ਕਰਨ ਲਈ ੧੬ਵੀਂ ਪਉੜੀ ਵਿਚ ਦਸੇ ਖੁਸ਼ਾਮਦੀ ਹਿੰਦੂ ਮੁਲਾਜ਼ਮਾਂ ਤੇ ਆਮ ਲੋਕਾਂ ਦੇ ਪਖੰਡ ਰਚਣੇ ਤੇ ਕੂੜ ਵਰਤਣੇ ਦਾ ਇਕ ਨਕਸ਼ਾ ਦੱਸਿਆ ਹੈ ਕਿ ਓਹ ਵੱਢੀਆਂ ਖਾਕੇ ਸ਼ਰਾਧ ਆਦਿ ਕਰਮ ਕਰਦੇ ਹਨ ਤੇ ਤੀਰਥਾਂ ਦੇ ਇਸ਼ਨਾਨ ਕਰਕੇ ਸੁੱਚਮਾਂ ਦੱਸਦੇ ਹਨ, ਸਭ ਕੂੜੇ ਤੇ ਜੂਠੇ (ਮੈਲੇ) ਹਨ।

ਇਸ਼ਾਰਾ ਇਹ ਹੈ ਕਿ ਜੇ ਹਾਕਮ ਜ਼ੋਰ ਜ਼ੁਲਮ ਕਰਕੇ 'ਹਾਰਕੇ ਗਏ' ਤਾਂ ਖੁਸ਼ਾਮਦੀ ਹੋਕੇ ਵੱਢੀ ਆਦਿ ਧਨ ਕੱਠਾ ਕਰਕੇ ਮੌਜਾਂ ਮਾਣਨ ਵਾਲੇ, ਸ਼ਰਾਧ ਤੇ ਸੌਚ ਕਰਮਾਂ ਨਾਲ ਬੀ ਹਾਰੇ ਹੋਏ ਹੀ ਜਾਣਗੇ।

ਨਿਰੁਕ੍ਤ-ਮੋਹਾਕਾ-'ਮੋਹਾਕਾ' ਪਦ ਸੰਸਕ੍ਰਿਤ ਦੇ 'ਮੋਸ਼ਕ:' ਪਦ ਤੋਂ ਬਣਿਆ ਹੈ, 'ਮੋਸ਼ਕ:' ਦੇ ਅਰਥ ਹਨ 'ਚੋਰ'। ਮੁਹਾਕਾ ਦੇ ਅਖੀਰ ਜੋ 'ਕ' ਹੈ ਉਹ ਪਾਣਨੀਯ ਸੂਤ੍ਰ ਕੁਤਿਸਤੇ (੫.੩.੭੪) ਅਨੁਸਾਰ ਕੁਤਸਿਤ ਅਰਥ ਦਾ ਪ੍ਰਤ੍ਯ ਨਹੀਂ ਹੈ। 'ਮੋਸ਼ਕ' ਪਦ ਵਿਚ 'ਅਕ' ਪ੍ਰਤ੍ਯ (ਪਾਣਨੀ ੭.੧.੧.) ਣ੍ਵੁਲ (ਪਾਣਨੀ ੭.੧.੧੩੩) ਦਾ ਆਦੇਸ਼ ਹੈ। ਇਸ ਪਦ ਦਾ ਧਾਤੂ ਹੈ ਮੁਸ਼੍=ਚੋਰੀ ਕਰਨਾ। ਮੋਸ਼ਕ ਪਦ ਇਸ ਤਰ੍ਹਾਂ ਬਣਿਆ ਹੈ:-ਮੁਸ਼+ਣ੍ਵੁਲ੍ (ਅ) ਮੋਸ਼ਕ। 'ਣ੍ਵੁਲ' ਪ੍ਰਤ੍ਯ 'ਕਰਤਾ' ਅਰਥਾਂ ਵਿਚ ਹੁੰਦਾ ਹੈ, ਸੋ ਮੋਹਾਕਾ ਦਾ 'ਕਾ' 'ਮੂਲਕ' ਦੇ 'ਕ' ਦਾ ਬਦਲਿਆ ਹੋਇਆ ਰੂਪ ਹੈ। ਇਸ ਪਦ ਦੇ ਠੀਕ ਅਰਥ ਚੋਰ ਹਨ, ਇਹ ਗਲ ਅਗਲੀ ਤੁਕ ਤੋਂ ਸਪਸ਼ਟ ਹੋ ਜਾਂਦੀ ਹੈ, ਜਿਥੇ ਚੋਰ ਪਦ ਵਰਤਿਆ ਗਿਆ ਹੈ।

ਸਿਰ ਨਾਵਣੀ-ਮਹੀਨੇ ਦੇ ਮਹੀਨੇ ਆਪਣੇ ਰਜੋ ਧਰਮ ਤੋਂ ਇਸਤ੍ਰੀਆਂ ਸਿਰ ਨ੍ਹਾਕੇ ਸ਼ੁਧ ਹੁੰਦੀਆਂ ਹਨ, ਇਸ ਕਰਕੇ ਉਸ ਵਾਸਤੇ ਸੱਭ੍ਯ ਪਦ 'ਸਿਰ ਨ੍ਹਾਵਣੀ' ਵਰਤਿਆ ਜਾਂਦਾ ਹੈ।

ਜੂਠੇ ਜੂਠਾ-ਮੂੰਹ ਨੂੰ ਚੁਲੀਆਂ ਆਦਿਕ ਨਾਲ ਸੁੱਚਾ ਕਰਨ ਲਈ ਕੇਵਲ ਥੋੜੇ ਚਿਰ ਲਈ ਸੁੱਚਤਾ ਹੁੰਦੀ ਹੈ। ਫੇਰ ਮੂੰਹ ਜੂਠੇ ਦਾ ਜੂਠਾ ਹੀ ਰਹਿੰਦਾ ਹੈ। (ਅ) ਸੰਪ੍ਰਦਾ ਵਿਚ 'ਜੂਠੇ' ਦਾ 'ਝੂਠਾ' ਅਰਥ ਬੀ ਲਾ ਲੈਂਦੇ ਹਨ।

(ੲ) ਖੁਆਰ=ਖਰਾਬ, ਗੰਦਾ, ਅਪਵਿੱਤ੍ਰ।

ਪਿੰਡਾ ਧੋਇ-'ਜੋ' ਪਿੰਡੇ ਨੂੰ ਧੋ ਲੈਣ ਨਾਲ ਸੁੱਚੇ ਬਣ ਬੈਠਦੇ ਹਨ ਸੁੱਚੇ ਨਹੀਂ ਕਹੀਦੇ' ਦੀ ਮੁਰਾਦ ਹੈ-ਪਿੰਡਾ ਧੋਣ ਨਾਲ ਅਪਵਿੱਤ੍ਰਤਾ ਨਹੀਂ ਹਟਦੀ।

ਸੂਚੇ-ਪਵਿਤ੍ਰ। ਤਨੋਂ ਬੀ ਤੇ ਮਨੋਂ ਬੀ ਉਹੀ ਸੁੱਚੇ ਹੈਨ ਜਿਨ੍ਹਾਂ ਦੇ ਚਿਤ ਵਿਚ ਸਾਈਂ ਵਸਦਾ ਹੈ।

ਯਥਾ-ਤਨਿ ਮਨਿ ਸੂਚੈ ਸਾਚੁ ਸੁਚੀਤਿ॥ [ਗਉੜੀ ਮ: ੧, ਅਸਟ:-੨]

ਹਰਮ-ਬੇਗਮਾਂ। ਪਦ 'ਹਰਮ' ਤੇ 'ਮਹਲਤਿ' ਵਿਚ ਸੈਨਤ ਹੈ ਕਿ ਇਹ ਵਾਕ ਉਸ ਵੇਲੇ ਦੇ ਕਿਸੇ ਤੁਰਕ ਹਾਕਮ ਪਰਥਾਇ ਉਚਾਰ ਹੋਇਆ ਹੈ। 'ਹਰਮ' ਅਰਬੀ ਪਦ ਹੈ-ਇਸਦਾ ਅਰਥ ਹੈ ਖਾਨਾ ਕਾਬਾ ਦੇ ਉਦਾਲੇ ਦੀ ਕੰਧ, ਜਿਸ ਅੰਦਰ ਜਾਨਵਰ ਮਾਰਨਾ ਮਨ੍ਹੇ ਹੈ। ਮੁਹਾਵਰੇ ਵਿਚ ਬੇਗਮ, ਇਸਤ੍ਰੀ, ਘਰ ਪਈ ਬਾਂਦੀ ਨੂੰ ਤੇ ਬੇਗਮਾਂ ਦੇ ਰਹਿਣ ਦੀ ਥਾਂ ਨੂੰ ਬੀ ਕਹਿੰਦੇ ਹਨ। ਗੁਰਬਾਣੀ ਵਿਚ ਇਹ ਪਦ ਬੇਗਮਾਂ ਦੇ ਅਰਥ ਹੋਰਥੇ ਬੀ ਆਇਆ ਹੈ:-

'ਹਰਮਾ ਹੋਈਆ ਛਾਈ ਮਾਈ॥ [ਆਸਾ ਮ: ੧, ਅਸਟ:-੧੨]

ਨਸੀਹਤਨਾਮੇ ਵਿਚ ਬੀ ਹੈ:-**'ਹਰਮਾ ਸਿਉ ਖੇਲੇ ਖੁਸਬੋਈ ਹਵਾਇ।'**

ਪਲਾਣੇ-[ਸੰਸ:,ਪਲਜਯਨੰ=ਕਾਠੀ, ਜ਼ੀਨ। ਹਿੰ:,ਪਲਾਨ]ਕਾਠੀਆਂ ਆਦਿਕਾਂ ਨਾਲ ਸਜੇ ਹੋਏ।

ਕੋਠੇ ਮੰਡਪ ਮਾੜੀਆ-ਕੋਠੇ ਮਾੜੀਆਂ ਤੋਂ ਮੁਰਾਦ ਟਿਕ ਕੇ ਰਹਿਣ ਦੇ ਵਸੇਬੇ ਹੈ, ਜਿਨ੍ਹਾਂ ਵਿਚ ਹਰਮਾਂ ਨੇ ਤੇ ਮਾਲਕਾਂ ਨੇ ਆਪ ਰਹਿਣਾ ਦੱਸਿਆ ਹੈ। ਮੰਡਪ ਤੋਂ ਮੁਰਾਦ ਬਾਹਰ

ਬਾਗਾਂ ਬਨਾਂ ਜੂਹਾਂ ਵਿਚ ਰਚੇ ਆਰਜ਼ੀ ਵਸੇਬੇ ਤੇ ਤੰਬੂ ਡੇਰਿਆਂ ਤੋਂ ਹੈ, ਜਿਨ੍ਹਾਂ ਵਿਚ ਘੋੜਿਆਂ ਤੇ ਚੜ੍ਹਕੇ ਸ਼ਿਕਾਰ ਆਦਿ ਤੇ ਗਿਆਂ ਜਾਕੇ ਟਿਕਾਣਾ ਕਰਦੇ ਤੇ ਰਸ ਮਾਣਦੇ ਹਨ।

ਮਹਲਤਿ- [ਅ:, ਮਹੱਲਾਤ] ਉਤਰਨੇ ਦੀ ਥਾਂ, ਮਹਿਲਾਂ ਦਾ ਸਮੁਦਾਯ। ਮਹਿਲ ਮਾੜੀਆਂ। ਭਾਵ ਹੈ ਜਾਇਦਾਤਾਂ, ਵਿਭੂਤੀ। ਚੀਜ-ਚੋਜ, ਮੌਜਾਂ, ਐਸ਼ਾਂ।

ਕਰਿ ਫੁਰਮਾਇਸਿ ਖਾਇਆ-ਫੁਰਮਾਇਸ਼ ਕਰਕੇ ਖਾਧਾ=ਕੋਈ ਖੇਤੀ, ਕਿਰਤ, ਵਪਾਰ, ਕਾਰੀਗਰੀ, ਆਦਿ ਕਰਕੇ ਰੋਜ਼ੀ ਨਹੀਂ ਪੈਦਾ ਕਰਦੇ, ਫੌਜਾਂ ਰਖਕੇ ਹਕੂਮਤ ਦੇ ਜ਼ੋਰ ਨਾਲ ਨਿਰੇ ਕਰ ਅਤੇ ਮਸੂਲ ਲਾਕੇ ਧਨ ਕੱਠਾ ਕਰਕੇ ਖਾਂਦੇ ਪੀਂਦੇ ਐਸ਼ਾਂ ਤੇ ਪਾਪ ਕਰਦੇ ਹਨ।

ਜਰੁ-ਬੁਢੇਪਾ। ਵਿਸ਼ੇਸ਼ ਲਈ ਦੇਖੋ ਨਿਰੁਕਤ ਪੰਨਾ ੨੯੬੨।

[ਪਉੜੀ ਅਠ੍ਹਾਰਵੀਂ]

ਪ੍ਰਾਕ੍ਥਨ-ਉਸ ਵੇਲੇ ਦੀ ਪਰਵਿਰਤ ਬੁਰਾਈ ਦੱਸਦੇ ਹੁਣ ਸੂਤਕ ਦੇ ਭਰਮ ਦਾ ਵਿਸ਼ਯ ਚਲਦਾ ਹੈ। ਪਹਿਲਾਂ ਹੈ ਕਿ ਏਹ ਸੂਤਕ ਦੂਰ ਹੁੰਦਾ ਹੀ ਨਹੀਂ।

ਮੂਲ

ਸਲੋਕੁ ਮਃ ੧ ॥ ਜੇ ਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ ॥ ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ ॥ ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ ॥ ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥ ਸੂਤਕੁ ਕਿਉ ਕਰਿ ਰਖੀਐ ਸੂਤਕੁ ਪਵੈ ਰਸੋਇ ॥

ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ ॥੧॥

ਅਰਥ

੧. ਜੇ ਸੂਤਕ (ਦਾ ਭਰਮ ਸੱਚਾ) ਮੰਨ ਲਈਏ (ਤਦ) ਸਭ ਕਿਸੇ (ਦੇ ਜਨਮ ਮਰਨ) ਤੇ ਸੂਤਕ ਪੈ ਜਾਣਾ ਚਾਹੀਏ। ੫. (ਫਿਰ ਦੇਖੋ ਕਿ) ਸੂਤਕ (ਦਾ ਭਰਮ) ਰਖਿਆ (ਬੀ) ਕੀਕੂੰ ਜਾ ਸਕਦਾ ਹੈ (ਜਦ ਕਿ ਹਰ ਵਕਤ) ਸੂਤਕ (ਸਾਡੀ) ਰਸੋਈ ਵਿਚ ਪੈ ਹੀ ਰਿਹਾ ਹੈ। ੨. (ਰਸੋਈ ਵਿਚ ਜੋ ਅਸੀਂ) ਗੋਹੇ ਅਤੇ ਲਕੜੀ (ਬਾਲ ਰਹੇ ਹਾਂ ਉਹਨਾਂ) ਵਿਚ ਕੀੜੇ ਹੁੰਦੇ ਹਨ (ਜੋ ਗੋਹੇ ਵਿਚ ਹੀ ਜੰਮਦੇ ਤੇ ਮਰਦੇ ਹਨ ਤੇ ਕਈ ਵੇਰ ਗੋਹੇ ਬਲਣ ਵੇਲੇ ਮਰਦੇ ਹਨ)। ੩. (ਫੇਰ ਉਸ ਰਸੋਈ ਵਿਚ ਜੋ ਅੰਨ ਵਰਤ ਰਹੇ ਹਾਂ ਉਹ) ਅੰਨ ਦਾ ਹਰੇਕ ਦਾਣਾ ਜੀਵ ਤਤ ਨਾਲ ਭਰਪੂਰ ਹੈ। ੪. (ਅੰਨ ਤੋਂ) ਪਹਿਲਾਂ ਪਾਣੀ ਹੀ ਜੀਵ (ਭਰਪੂਰ) ਹੈ* (ਜੋ ਜੀਵ ਕਿ ਰਸੋਈ ਦੀ ਵਰਤਣ ਵਿਚ ਮਰਦੇ ਹਨ ਫੇਰ ਇਹ ਪਾਣੀ ਰਸੋਈ ਤੋਂ ਬਾਹਰ) ਹਰੇਕ ਚੀਜ਼ ਦਾ ਜੀਵਨ ਆਧਾਰ ਹੈ † (ਤੇ ਜਿੱਥੇ ਜਿੱਥੇ ਇਹ ਜੀਵਨ ਪ੍ਰਦਾਤਾ ਹੋਕੇ ਵਰਤ ਰਿਹਾ ਹੈ ਓਥੇ ਓਥੇ ਜਨਮ ਹੋ ਰਿਹਾ ਹੈ ਤਾਂ ਤੇ ਸੂਤਕ ਸਾਰੇ ਪੈ ਰਿਹਾ ਹੈ) ੬. ਹੇ ਨਾਨਕ ! ਸੂਤਕ ਐਉਂ (ਅਰਥਾਤ ਭਰਮਾਂ ਦੀਆਂ ਵਿਧੀਆਂ ‡ ਨਾਲ ਉਤਾਰਿਆਂ) ਨਹੀਂ ਉਤਰਦਾ (ਕੇਵਲ) ਗਿਆਨ (ਹੀ ਇਸ ਨੂੰ) ਧੋਕੇ ਲਾਹ ਸਕਦਾ ਹੈ॥ ੧॥

---

* ਯਥਾ-ਬਇਆਲੀਸ ਲਖ ਜੀ ਜਲ ਮਹਿ ਹੋਤੇ॥ [ਆਸਾ ਨਾਮਦੇਵ ਜੀ]

† ਐਉਂ ਬੀ ਅਰਥ ਕਰਦੇ ਹਨ-ਪਹਿਲਾਂ ਤਾਂ ਪਾਣੀ ਹੀ ਜੀਵ ਹੈ ਜਿਸ ਤੋਂ ਸਭ ਕੋਈ ਹਰਿਆ ਹੋ ਰਿਹਾ ਹੈ।

‡ ਅਗੇ ਤੀਜੇ ਸ਼ਲੋਕ ਵਿਚ 'ਸਭੋ ਸੂਤਕੁ ਭਰਮੁ ਹੈ' ਆਪ ਹੀ ਗੁਰੂ ਜੀ ਦੱਸਦੇ ਹਨ।

ਸੂਚਨਾ-ਸੂਤਕ ਉਤਾਰਨ ਵਾਸਤੇ ਹਿੰਦੂ ਮਤ ਵਿਚ ਇਸ਼ਨਾਨ, ਕਪੜੇ ਧੋਣ, ਪੰਜ ਗਰਭੇ ਖਾਣ ਆਦਿ ਕਈ ਵਿਧੀਆਂ ਹਨ।

ਪ੍ਰਾਕ੍ਥਨ-ਹੁਣ ਮਾਨਸਕ ਅਥਵਾ ਇਖਲਾਕੀ ਸੂਤਕ ਦੱਸਦੇ ਹਨ ਜੋ ਅਸਲੀ ਹੈ ਤੇ ਦੂਰ ਕਰਨਾ ਚਾਹੀਏ:-

ਮਃ੧ ॥ ਮਨ ਕਾ ਸੂਤਕੁ ਲੋਭੁ ਹੈ ਜਿਹਵਾ ਸੂਤਕੁ ਕੂੜੁ ॥ ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪੁ ॥ ਕੰਨੀ ਸੂਤਕੁ ਕੰਨਿ ਪੈ ਲਾਇਤਬਾਰੀ ਖਾਹਿ ॥ ਨਾਨਕ ਹੰਸਾ ਆਦਮੀ ਬਧੇ ਜਮ ਪੁਰਿ ਜਾਹਿ ॥੨॥

ਮਨ ਦਾ ਸੂਤਕ ਲੋਭ ਹੈ, ਜੀਭ ਦਾ ਸੂਤਕ ਝੂਠ ਹੈ। ਅਖੀਆਂ ਦਾ ਸੂਤਕ ਹੈ ਪਰਾਈ ਇਸਤ੍ਰੀ ਦਾ ਰੂਪ (ਦੇਖਣਾ ਤੇ) ਪਰਾਏ ਧਨ ਵਲ (ਉਸ ਨੂੰ ਲੈਣ ਲਈ) ਤੱਕਣਾਂ। (ਜਦ) ਚੁਗਲੀ (ਕੋਈ) ਖਾਵੇ (=ਵੱਟੇ ਤੇ ਉਹ) ਕੰਨਾਂ ਵਿਚ ਪਵੇ ਤਦ ਕੰਨਾ ਵਿਚ ਸੂਤਕ (ਪੈ ਜਾਂਦਾ) ਹੈ। ਹੇ ਨਾਨਕ ! (ਐਸੇ) ਆਦਮੀ (ਜਿਨ੍ਹਾਂ ਨੇ ਆਪ ਨੂੰ ਸੂਤਕ ਦੂਰ ਕਰਨ ਲਈ ਨ੍ਹਾ ਨ੍ਹਾਕੇ ਅਪਣੀ ਵਲੋਂ) ਹੰਸ (ਵਾਙੂ ਉੱਜਲ ਕੀਤਾ ਹੋਯਾ ਹੈ ਇਨ੍ਹਾਂ ਮਾਨਸਕ ਸੂਤਕਾਂ ਨਾਲ ਉਹ) ਬੱਝੇ* ਹੋਏ ਜਮਪੁਰੀ ਨੂੰ ਜਾਣਗੇ॥ ੨॥

ਪ੍ਰਾਕ੍ਥਨ-ਉਪਰਲੇ ਸਲੋਕ ਵਿਚ ਅਸਲ ਸੂਤਕ ਵਰਣਨ ਹੋਇਆ ਹੈ ਹੁਣ ਦੱਸਦੇ ਹਨ ਕਿ ਸੂਤਕ ਕੁਛ ਨਹੀਂ ਭਰਮ ਮਾਤ੍ਰ ਹੈ:-

ਮਃ ੧ ॥ ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ ॥ ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ ॥ ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ ॥ ਨਾਨਕ ਜਿਨ੍ਹੀ ਗੁਰਮੁਖਿ ਬੁਝਿਆ ਤਿਨ੍ਹਾ ਸੂਤਕੁ ਨਾਹਿ ॥੩॥

(ਉਹ) ਸੂਤਕ (ਜੋ ਤੁਸਾਂ ਮੰਨਿਆਂ ਹੈ ਕਿ) ਦੂਜੇ ਨੂੰ (ਜਾ ਲਗਦਾ ਹੈ ਉਹ) ਸਾਰਾ ਭਰਮ (ਰੂਪ) ਹੈ (ਜੋ ਭਰਮ ਕਰਨ ਵਾਲਿਆਂ ਦੇ ਮਾਨੋ ਦਿਲਾਂ ਨੂੰ) ਜਾ ਚੰਬੜਦਾ ਹੈ। ਜੰਮਣ ਮਰਨ (ਮਾਤ੍ਰ) ਵਿਚ (ਕੋਈ ਸੂਤਕ ਨਹੀਂ, ਇਹ ਤਾਂ) ਹੁਕਮ (ਦੀ ਖੇਡ) ਹੈ, (ਜੰਮਣਾ ਮਰਨਾ ਤਾਂ) ਆਉਣ ਜਾਣ (ਵਾਙੂ ਹੈ ਜੋ) ਭਾਣੇ ਵਿਚ ਹੋ ਰਿਹਾ ਹੈ। (ਇਸੇ ਤਰ੍ਹਾਂ) ਖਾਣ ਪੀਣ (ਮਾਤ੍ਰ ਵਿਚ ਸੂਤਕ ਨਹੀਂ, ਉਹ) ਪਵਿਤ੍ਰ ਹੈ, (ਉਹ ਤਾਂ) ਰਿਜ਼ਕ ਹੈ (ਜੋ ਸਾਈਂ ਨੇ ਸਭ ਨੂੰ) ਮੁਹੱਯਾ ਕਰ ਦਿਤਾ ਹੈ। (ਸੋ) ਜਿਨ੍ਹਾਂ ਨੇ ਗੁਰੂ ਦੁਆਰਾ ਬੁੱਝ ਲਿਆ ਹੈ ਕਿ (ਸਭੋ ਸੂਤਕ ਭਰਮ ਹੈ) ਉਹਨਾਂ ਨੂੰ ਸੂਤਕ ਨਹੀਂ ਪੈਂਦਾ, (ਫੁਰਮਾਉਂਦੇ ਹਨ ਗੁਰੂ) ਨਾਨਕ (ਦੇਵ ਜੀ)॥ ੩॥

ਪਉੜੀ ॥ ਸਤਿਗੁਰੁ ਵਡਾ ਕਰਿ ਸਾਲਾਹੀਐ ਜਿਸੁ ਵਿਚਿ ਵਡੀਆ ਵਡਿਆਈਆ ॥ ਸਹਿ ਮੇਲੇ ਤਾ ਨਦਰੀ ਆਈਆ ॥ ਜਾ ਤਿਸੁ ਭਾਣਾ ਤਾ ਮਨਿ ਵਸਾਈਆ ॥ ਕਰਿ ਹੁਕਮੁ ਮਸਤਕਿ ਹਥੁ ਧਰਿ ਵਿਚਹੁ ਮਾਰਿ ਕਢੀਆ ਬੁਰਿਆਈਆ ॥ ਸਹਿ ਤੁਠੈ ਨਉ ਨਿਧਿ ਪਾਈਆ ॥੧੮॥

ਸਤਿਗੁਰੂ ਨੂੰ ਵਡਾ ਮੰਨਕੇ ਸਲਾਹੁਣਾ ਚਾਹੀਦਾ ਹੈ (ਕਿਉਂਕਿ) ਉਸ ਵਿਚ (ਮਾਮੂਲੀ ਨਹੀਂ ਸਗੋਂ ਬਹੁਤ) ਵਡੀਆਂ ਵਡਿਆਈਆਂ (ਦਾ ਨਿਵਾਸ) ਹੈ। (ਉਹ ਵਡਿਆਈਆਂ ਸਚਮੁਚ ਦੀਆਂ ਗੁਣ ਚੰਗਿਆਈਆਂ ਸਨ ਜੋ) ਤਦੋਂ (ਪਰਤੱਖ) ਦਿੱਸ ਪਈਆਂ (ਜਦੋਂ ਕਿ) ਸ਼ਹੁ (ਵਾਹਿਗੁਰੂ) ਨੇ (ਗੁਰੂ ਦੇ) ਮੇਲ ਕਰਾਏ। (ਤੇ ਏਹ ਨਾ ਕੇਵਲ ਦਿੱਸ ਪਈਆਂ ਸਗੋਂ) ਜਦੋਂ ਉਸ ਨੂੰ ਭਾ ਗਿਆ ਤਦ ਏਹ ਮਨ ਵਿਚ ਬੀ ਵੱਸ ਗਈਆਂ। (ਸਾਡੇ ਅੰਦਰ ਤਾਂ ਕੇਵਲ ਆਪਣੀਆਂ ਬੁਰਿਆਈਆਂ ਸਨ, ਉਸ ਗੁਰੂ ਨੇ) ਮੱਥੇ ਤੇ ਹੱਥ ਧਰਿਆ ਤੇ ਹੁਕਮ ਦੇਕੇ ਓਹ ਬੁਰਿਆਈਆਂ ਮਾਰਕੇ ਅੰਦਰੋਂ ਕੱਢ ਦਿਤੀਆਂ। (ਇਉਂ) ਸ਼ਹੁ ਦੇ ਤ੍ਰੁਠਣੇ ਕਰਕੇ (ਗੁਰੂ

* ਯਥਾ-ਨਾਨਕ ਅਉਗੁਣ ਜੇਤੜੇ ਤੇਤੇ ਗਲੀ ਜੰਜੀਰ॥ [ਸੋਰਠਿ ਮਹਲਾ ੧-੧]

ਦੁਆਰਾ) ਨੌ ਨਿਧਾਂ ਮਿਲ ਪਈਆਂ* ॥ ੧੯ ॥

ਸਲੋਕਾਂ ਤੇ ਪਉੜੀ ਦਾ ਸੰਮੇਲਨ-ਪਿਛਲੀ ਪਉੜੀ ਦੇ ਸ਼ਲੋਕਾਂ ਵਿਚ ਜੀਵਨ ਦੇ ਗਿਰਾਵਾਂ ਦਾ ਜ਼ਿਕਰ ਸੀ। ਠਗੀਆਂ ਕਰਕੇ ਦਾਨ ਦੇਣਾ, ਮਾੜੇ ਕਰਮ ਕਰਕੇ ਇਸ਼ਨਾਨ ਕਰਨੇ।

ਪਉੜੀ ਵਿਚ ਜ਼ੋਰ ਜ਼ੁਲਮ ਦਾ ਜੀਵਨ ਦੱਸਕੇ ਇਹ ਗਲ ਸਮਝੇ ਪਈ ਸੀ ਕਿ ਅੰਤ ਇਨ੍ਹਾਂ ਗਲਾਂ ਦਾ ਜਨਮ ਦਾ ਹਾਰੇ ਜਾਣਾ ਹੈ।

ਹੁਣ ੧੯ਵੀਂ ਪਉੜੀ ਦੇ ਸਲੋਕਾਂ ਵਿਚ ਭਰਮ ਨੂੰ ਲੈਂਦੇ ਹਨ ਤੇ ਵਡਾ ਭਰਮ ਹਿੰਦੂ ਘਰਾਂ ਦਾ ਸੂਤਕ ਹੈ, ਜੋ ਸਦਾ ਪਿਆ ਰਹਿੰਦਾ ਹੈ, ਉਤਰਦਾ ਕੇਵਲ ਗਯਾਨ ਨਾਲ ਹੈ। ਦੂਜੇ ਸ਼ਲੋਕ ਵਿਚ ਸਦਾਚਾਰੀ ਯਾ ਇਖ਼ਲਾਕੀ ਸੂਤਕ ਦੱਸਿਆ ਹੈ, ਤੀਜੇ ਵਿਚ ਸੂਤਕ ਨੂੰ ਭਰਮ ਦੱਸਿਆ ਤੇ ਦਾਰੂ ਬੁੱਝਣਾ ਯਾ ਗਯਾਨ ਦੱਸਿਆ। 'ਇਹ ਬੁੱਝਣਾ ਯਾ ਗਯਾਨ ਕਿਵੇਂ ਪ੍ਰਾਪਤ ਹੋਵੇ?' ਸਲੋਕਾਂ ਨੇ ਅਕਾਂਖਯਾ ਪੈਦਾ ਕਰ ਦਿਤੀ; ਅਗੋਂ ਆ ਗਈ ਪਉੜੀ ਜਿਸ ਵਿਚ ਉੱਤਰ ਮੌਜੂਦ ਹੈ ਕਿ: 'ਸਤਿਗੁਰੂ ਵਡਾ ਹੈ ਜੋ ਵਡਿਆਈ ਦਾ ਖ਼ਜ਼ਾਨਾ ਹੈ, ਜੋ ਮੱਥੇ ਤੇ ਹੱਥ ਧਰਕੇ ਸੂਤਕ, ਪਾਤਕ, ਭਰਮਾਂ, ਜ਼ੋਰ ਜ਼ੁਲਮ ਦੀਆਂ ਕਮਾਈਆਂ ਵੱਢੀਆਂ ਆਦਿ ਦੀਆਂ ਚੋਰੀਆਂ ਸਾਰੀਆਂ ਪਿਛੇ ਕਹੀਆਂ ਬੁਰਾਈਆਂ ਦੂਰ ਕਰ ਦੇਂਦਾ ਹੈ। ਉਹ ਪ੍ਰਭੂ ਦਾ ਮੇਲ ਕਰਾ ਦੇਂਦਾ ਹੈ, ਜਿਸ ਮੇਲ ਨਾ ਕੇਵਲ ਬੁਰਾਈਆਂ ਦੂਰ ਹੁੰਦੀਆਂ ਹਨ ਸਗੋਂ ਪਰਮਾਰਥ ਦੀਆਂ ਨੌ ਨਿਧਾਂ, ਭਾਵ ਸਾਰੀਆਂ ਖ਼ੂਬੀਆਂ, ਪ੍ਰਾਪਤ ਹੋ ਜਾਂਦੀਆਂ ਹਨ।' ਐਉਂ ਸਲੋਕਾਂ ਤੇ ਪਉੜੀ ਦਾ ਪਰਸਪਰ ਸੰਮੇਲਨ ਵਿਦਿਤ ਹੋ ਜਾਂਦਾ ਹੈ।

ਨਿਰੁਕ੍ਤ-ਸੂਤਕ- [ਸੰਸ:, ਸੂਤ] ਹਿੰਦੂ ਮਤ ਵਿਚ ਜਨਮ ਸਮੇਂ ਜੋ ਅਪਵਿੱਤ੍ਰਤਾ ਮੰਨੀ ਜਾਂਦੀ ਹੈ ਉਸ ਨੂੰ ਸੂਤਕ ਕਹਿੰਦੇ ਹੈਨ ਤੇ ਮਰਨ ਵੇਲੇ ਦੀ ਨੂੰ ਪਾਤਕ। ਪਰ ਵਰਤਾਰੇ ਵਿਚ ਦੋਹਾਂ ਨੂੰ ਸੂਤਕ ਬੋਲਦੇ ਹਨ ਤੇ ਇਸ ਤੋਂ ਅਗੇ ਤੀਜੇ ਸ਼ਲੋਕ ਵਿਚ 'ਜੰਮਣੁ ਮਰਣਾ' ਕਹਿਣ ਤੇ ਗੁਰੂ ਜੀ ਦਾ ਭਾਵ ਵੀ ਦੁਹਾਂ ਵੇਲਿਆਂ ਦੀ ਮੰਨੀ ਹੋਈ ਅਪਵਿਤ੍ਰਤਾ ਤੋਂ ਸਹੀ ਹੋ ਜਾਂਦਾ ਹੈ। ਇਸ ਸ਼ਲੋਕ ਵਿਚ ਇਸ ਅਪਵਿਤ੍ਰਤਾ ਦਾ ਭਰਮ ਦੂਰ ਕਰਦੇ ਹਨ।

ਲਾ ਇਤਬਾਰੀ- [ਅ਼ਰਬੀ 'ਲਾ ਏਅ਼ਤਬਾਰ' ਤੋਂ] ਚੁਗਲੀ। ਅੰਨ੍ਵਯ-ਲਾਇਤਬਾਰੀ ਖਾਹਿ, ਕੰਨ ਪੈ, ਕੰਨੀ ਸੂਤਕ। 'ਖਾਹਿ' ਦਾ ਅਰਥ ਕਰਨਾ, 'ਚੁਗਲੀ ਸੁਣਨੀ' ਨਹੀਂ, ਇਸ ਦਾ ਅਰਥ ਚੁਗਲੀ ਵੱਟਣੀ ਹੈ। ਦੇਖੋ ਭਾਈ ਗੁਰਦਾਸ ਜੀ ਕਹਿੰਦੇ ਹਨ:-

ਨਾਰਦ ਮੁਨੀ ਅਖਾਇ ਗਲ ਸੁਣਾਇਆ॥ ਲਾਇਤਬਾਰੀ ਖਾਇ ਚੁਗਲੁ ਸਦਾਇਆ॥

[ਵਾਰ ੧੪-੫]

ਹੰਸਾ-ਹੰਸ ਪੰਛੀ। ਉਸ ਵਾਂਗ ਨ੍ਹਾ ਨ੍ਹਾ ਕੇ ਆਪ ਨੂੰ ਉੱਜਲ ਮੰਨਣ ਵਾਲਾ ਮਨੁੱਖ।(ਅ) [ਸੰਸ:, ਹੰਸ:=ਪੰਛੀ ਵਿਸ਼ੇਸ਼ ॥ ।ਉਵ ਇਸ ਦੇ ਕਈ ਅਰਥ ਹਨ:ਬ੍ਰਹਮਾ, ਵਿਸ਼ਨੂੰ,ਸ਼ਿਵ, ਗੁਰੂ, ਇਕ ਅਵਤਾਰ, ਜੀਵਾਤਮਾ, ਸੂਰਯ, ਸਾਧੂ, ਸੰਤੁਸ਼ਟ ਰਾਜਾ। ਇਕ ਉਜਲ ਪੰਛੀ, ਪਰਬਤ, ਪ੍ਰਾਣ ਵਾਯੂ, ਗਊ ਵਿਸ਼ੇਸ਼, ਸੰਨਯਾਸੀ ਸੰਤ ਆਦਿ। ਇਸ ਦੇ ਨਾਲ ਹੀ ਇਸ ਪਦ ਦਾ ਅਰਥ ਹੈ ਕਾਮਦੇਵ, ਮਤਸਰ, ਦ੍ਵੈਖ। ਇਨ੍ਹਾਂ ਤੁਕਾਂ ਵਿਚ ਕਾਮ ਤੇ ਦ੍ਵੈਖ ਆਦਿ ਅਵਗੁਣਾਂ ਦਾ ਵਰਣਨ ਹੈ ਇਸ ਕਰਕੇ ਐਸੇ ਔਗੁਣਾਂ ਵਾਲੇ ਨੂੰ ਹੰਸ ਕਹਿਕੇ ਕਟਾਖ੍ਯ ਸੱਟਿਆ ਹੈ। (ੲ) ਹੰਸ ਦਾ ਧਾਤੂ ਹੈ ਹਨ੍ ਮਾਰਨਾ, ਹੰਸ ਦਾ ਅਰਥ ਹਿੰਸਕ ਬੀ ਲਾ

* ਸ੍ਰੀ ਦਰਬਾਰ ਸਾਹਿਬ ਵਿਚ ਸਨਾਤਨ ਮਰਯਾਦਾ ਅਕਾਲੀ ਲਹਿਰ ਤਕ ਚਲੀ ਆਈ ਸੀ ਕਿ ਇਕ ਸਿੰਘ ਸ੍ਰੀ ਦਰਬਾਰ ਸਾਹਿਬ ਸੁਖਮਨੀ ਸਾਹਿਬ ਦਾ ਅੰਮ੍ਰਿਤ ਵੇਲੇ ਪਾਠ ਕਰਿਆ ਕਰਦਾ ਸੀ, ਜਦੋਂ ਅੰਦਰ ਰਾਗੀ ਸਿੰਘ ਇਸ ਪਉੜੀ ਦਾ ਭੋਗ ਪਾਉਂਦੇ ਸੀ ਤਾਂ ਉਹ ਸੁਖਮਨੀਆਂ ਸਿਖ ਦੀਵਾਨ ਵਿਚ ਅਖੀਰਲੀਆਂ ਭੋਗ ਦੀਆਂ ਪਉੜੀਆਂ ਉੱਚੀ ਪੜ੍ਹਕੇ ਸੁਣਾਉਂਦਾ ਹੁੰਦਾ ਸੀ, ਉਸ ਤੋਂ ਮਗਰੋਂ ੧੯ਵੀਂ ਪਉੜੀ ਆਸਾ ਦੀ ਵਾਰ ਦੇ ਸ਼ਲੋਕਾਂ ਦਾ ਉਚਾਰ ਸ਼ੁਰੂ ਹੁੰਦਾ ਹੁੰਦਾ ਸੀ।

ਲੈਂਦੇ ਹਨ। (ਸ) ਗੁਰਬਾਣੀ ਵਿਚ 'ਹੰਸਾ' ਪਦ ਇਨ੍ਹਾਂ ਅਰਥਾਂ ਵਿਚ ਬੀ ਆਯਾ ਹੈ:-

ਹੰਸਾ=ਜੀਵਾਤਮਾ, ਯਥਾ-**ਨਿਰਮਲ ਹੰਸਾ ਪ੍ਰੇਮ ਪਿਆਰਿ॥** [ਮਾਝ ਮ: ੩,ਅਸਟ:-੩੨]

ਹੰਸਾ=ਆਦਮੀ=ਆਦਮੀਆਂ ਦੇ ਜੀਵਾਤਮਾ। ਹੰਸਾ=ਬ੍ਰਹਮਾਂ, ਯਥਾ-**ਤਾਚੇ ਹੰਸਾ ਸਗਲੇ ਜਨਾਂ।** [ਧਨਾਸਰੀ ਨਾਮਦੇਵ ਜੀ

ਹੰਸ=ਉੱਤਮ, ਯਥਾ:-**ਹੰਸ ਸਿ ਹੰਸਾ।** [ਆਸਾ ਮਹਲਾ ੧ ਛੰਤ-੪]

ਦੂਜੇ ਲਗੇ-ਦੂਸਰੇ ਨੂੰ ਜਾ ਲਗਦਾ ਹੈ। ਹਿੰਦੂ ਮੰਨਦੇ ਹਨ ਕਿ ਸੂਤਕ ਨਿਰਾ ਪ੍ਰਸੂਤਾ ਨੂੰ ਨਹੀਂ ਲਗਦਾ, ਉਹ ਸ਼ਰੀਕੇ ਆਦਿ ਸਾਰੇ ਪਰਿਵਾਰ ਵਿਚ ਜਾ ਲਗਦਾ ਹੈ। 'ਦੂਜੇ ਲਗੇ' ਦਾ ਭਾਵ ਇਹ ਹੈ। (ਅ) 'ਦੂਜੇ ਲਗੇ ਜਾਇ' ਦਾ ਭਾਵ ਇਹ ਬੀ ਲੈਂਦੇ ਹਨ, ਸਾਰਾ ਸੂਤਕ ਤਾਂ ਭਰਮ ਹੈ ਜਿਸ ਕਰਕੇ ਜੀਵ ਦ੍ਵੈਤ ਵਿਚ ਲਗ ਰਿਹਾ ਹੈ।

ਸੰਬਾਹਿ-ਸੰਬਾਹ ਪਦ ਸੰਸਕ੍ਰਿਤ ਮੂਲਕ ਹੈ-ਸੰਵਹ੍, ਸੰਵਾਹੇ: ਇਸ ਦੇ ਅਰਥ ਵਿਚ ਮਾਲਸ਼ ਕਰਨੀ, ਮੁੱਠੀਆਂ ਭਰਨੀਆਂ ਆਦਿ ਤੋਂ ਛੁੱਟ ਦੋ ਭਾਵ ਹੋਰ ਹਨ: 'ਇਕੱਤ੍ਰ ਕਰਨਾ' ਤੇ 'ਲੈ ਜਾਣਾ'। ਗੁਰਬਾਣੀ ਵਿਚ ਦੁਹਾਂ ਭਾਵਾਂ ਵਾਲੇ ਅਰਥਾਂ ਵਿਚ ਆਇਆ ਹੈ:-

(ੳ) ੧. ਪਹੁੰਚਾਉਣਾ-ਯਥਾ **ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰ॥** [ਗੂਜਰੀ ਮਹਲਾ ੫-੧]

ਇਥੇ ਸੰਬਾਹ ਇਕੱਲਾ ਕ੍ਰਿਯਾ ਰੂਪ ਵਿਚ ਹੈ। ੨. ਮੁਹੱਯਾ ਕਰਦਾ ਹੈ, ਯਥਾ-

ਦੇ ਜੀਆ ਰਿਜਕੁ ਸੰਬਾਹਿ॥ [ਵਾਰ ਆਸਾ ਮਹਲਾ ੧-੨੪]

ਪੁਨਾ:-**ਸਭਨਾ ਪ੍ਰਤਿਪਾਲ ਕਰੇ ਜਗ ਜੀਵਨੁ ਦੇਦਾ ਰਿਜਕੁ ਸੰਬਾਹਾ ਹੇ॥** [ਮਾਰੂ ਮ: ੩ ਸੋਲਹਾ ੧੨-੨]

ਏਥੇ ਸੰਬਾਹ ਦੇ ਨਾਲ 'ਦੇ' ਤੇ 'ਦੇਦਾ' ਮਿਲਾਕੇ ਕ੍ਰਿਯਾ ਰੂਪ ਲਿਆ ਹੈ।

(ਅ) ੩. ਸਮੂਹ, ਸਮੁਦਾਯ-ਯਥਾ-**ਲਸਕਰ ਜੋੜੇ ਕੀਆ ਸੰਬਾਹਾ॥** [ਆਸਾ ਮਹਲਾ ੫-੮੬]

੪. ਇਕੱਤ੍ਰ ਕੀਤੇ; ਯਥਾ- **ਹੈਵਰ ਗੈਵਰ ਰਥ ਸੰਬਾਹੇ॥** [ਗੂਜਰੀ ਮਹਲਾ ੫-੮]

ਵਡਿਆਈਆਂ-ਗੁਣ, ਚੰਗਿਆਈਆਂ, ਖੂਬੀਆਂ ਤੋਂ ਮੁਰਾਦ ਹੈ।

[ਪਉੜੀ ਉਨ੍ਹੀਵੀਂ]

ਪ੍ਰਾਕਥਨ-ਵਹਿਮੀ 'ਸੁੱਚਮਤਾ'ਪੈਦਾ ਕਰਨ ਦੇ ਯਤਨ ਕੁਦਰਤੀ ਪਾਚਨ ਕ੍ਰਿਯਾ ਉਤੇ ਕੋਈ ਕਰਾਮਾਤੀ ਅਸਰ ਪਾ ਕੇ ਉਨ੍ਹਾਂ ਦੇ ਅੰਤਮ ਮਲ ਅਵਸਥਾ ਦੀ ਅਸੁਚੀ ਨੂੰ ਸੁੱਚਤਾ ਨਹੀਂ ਦੇ ਸਕਦੇ, ਇਸ ਪਰਥਾਇ ਅਗਲੇ ਬਚਨ ਹਨ:-

ਮੂਲ	ਅਰਥ
ਸਲੋਕੁ ਮਃ ੧ ॥ ਪਹਿਲਾ ਸੁਚਾ ਆਪਿ ਹੋਇ ਸੁਚੈ ਬੈਠਾ ਆਇ ॥ ਸੁਚੇ ਅਗੈ ਰਖਿਓਨੁ ਕੋਇ ਨ ਭਿਟਿਓ ਜਾਇ ॥ ਸੁਚਾ ਹੋਇ ਕੈ ਜੇਵਿਆ ਲਗਾ ਪੜਣਿ ਸਲੋਕੁ ॥	(ਕਿ ਕੋਈ ਸਾਈਂ ਤੋਂ ਭੁੱਲਾ ਸਰੀਰਕ ਸੁੱਚਤਾ ਦਾ ਅਭਿਮਾਨੀ ਬ੍ਰਾਹਮਣ ਯਾ ਕਰਮ ਕਾਂਡੀ ਹੈ ਉਹ) ਪਹਿਲਾਂ ਆਪ (ਇਸ਼ਨਾਨ ਆਦਿ ਕਰਮ ਕਰਕੇ) ਸੁੱਚਾ ਬਣਦਾ ਹੈ, (ਫਿਰ ਉਹ) ਸੁਚੇ (ਕੀਤੇ ਹੋਏ ਚੌਂਕੇ) ਵਿਚ ਆ ਬੈਠਦਾ ਹੈ। (ਅੱਗੇ। ਸੁੱਚਮਾਂ ਨਾਲ) ਸੁਚੇ ਹੋਏ (ਰਸੋਈਏ) ਨੇ (ਉਸ) ਅੱਗੇ (ਭੋਜਨ) ਰਖਿਆ ਜੋ ਭੋਜਨ ਬੀ ਸੁੱਚਾ ਸੀ, (ਹੁਣ ਸਭ ਤਰ੍ਹਾਂ) ਸੁਚਾ ਹੋਕੇ (ਭੋਜਨ) ਖਾਣ ਲਗ ਪੈਂਦਾ ਹੈ, (ਫੇਰ ਵਿਚ ਵਿਚ) ਸਲੋਕ ਪੜ੍ਹਦਾ ਹੈ (ਜੋ ਸੁੱਚਤਾ ਜਾਰੀ ਰਹੇ*। ਪਰ ਐਡੀ ਸੁੱਚਮਤਾ

* ਭੋਜਨ ਦੇ ਪਹਿਲੋਂ ਕੁਛ ਪੜ੍ਹਦੇ ਹਨ। ਕਈ ਥਾਈਂ ਵਿਚ ਵਿਚ ਸ਼ਲੋਕ ਵੀ ਪੜ੍ਹਦੇ ਹਨ, ਫਿਰ ਅੰਤ ਪਰ ਬੀ ਕੁਛ ਪੜ੍ਹਦੇ ਹਨ।

ਕੁਹਥੀ ਜਾਈ ਸਟਿਆ ਕਿਸੁ ਏਹੁ ਲਗਾ ਦੋਖੁ ॥ ਅੰਨੁ ਦੇਵਤਾ ਪਾਣੀ ਦੇਵਤਾ ਬੈਸੰਤਰੁ ਦੇਵਤਾ ਲੂਣੁ ਪੰਜਵਾ ਪਾਇਆ ਘਿਰਤੁ ॥ ਤਾ ਹੋਆ ਪਾਕੁ ਪਵਿਤੁ ॥ ਪਾਪੀ ਸਿਉ ਤਨੁ ਗਡਿਆ ਥੁਕਾ ਪਈਆ ਤਿਤੁ ॥

ਜਿਤੁ ਮੁਖਿ ਨਾਮੁ ਨ ਊਚਰਹਿ ਬਿਨੁ ਨਾਵੈ ਰਸ ਖਾਹਿ ॥ ਨਾਨਕ ਏਵੈ ਜਾਣੀਐ ਤਿਤੁ ਮੁਖਿ ਥੁਕਾ ਪਾਹਿ ॥੧॥

ਨਾਲ ਖਾਧੇ ਅੰਨ ਦਾ ਅੰਤ ਉਹੋ ਹੋਇਆ ਜੋ ਹੋਰਨਾਂ ਦੇ ਖਾਧੇ ਅੰਨ ਦਾ ਹੁੰਦਾ ਹੈ ਕਿ ਉਸ ਦਾ ਵਿਸ਼ਟਾ ਬਣਕੇ) ਮੈਲੇ ਥਾਂ ਸੁੱਟਿਆ ਗਿਆ, (ਹੁਣ ਦੱਸੋ) ਇਹ ਦੂਸ਼ਣ ਕਿਸ ਨੂੰ ਲਗਾ (ਕਿ) ਅੰਨ ਤਾਂ ਦੇਵਤਾ ਸੀ, ਪਾਣੀ ਬੀ ਦੇਵਤਾ ਸੀ, ਬੈਸੰਤਰ ਬੀ ਦੇਵਤਾ ਸੀ (ਚੌਥਾ) ਲੂਣ ਤੇ ਪੰਜਵਾਂ ਘਿਉ ਪਾਇਆ ਸੀ (ਉਹਨਾਂ ਦੇ ਪੈਣ ਨਾਲ ਸਾਰਾ) ਭੋਜਨ ਪਵਿੱਤ੍ਰ ਹੋ ਗਿਆ ਸੀ*। (ਐਸੇ ਪਵਿਤ੍ਰ ਪਦਾਰਥਾਂ ਤੇ) ਥੁੱਕਾਂ ਜੁ ਪਈਆਂ (ਕਿਉਂ? ਇਸ ਕਰਕੇ ਕਿ) ਸਰੀਰ ਵਿਚ ਉਸਨੇ ਪ੍ਰਵੇਸ਼ ਕੀਤਾ ਸੀ (ਤਾਂ ਤੇ) ਸਰੀਰ ਪਾਪੀ (ਹੋਇਆ? ਜਿਸ ਨਾਲ ਮਿਲਕੇ ਇਹ ਪਾਕ ਪਵਿਤ੍ਰ ਅੰਨ ਗੰਦਾ ਹੋਕੇ ਸਟਿਆ ਗਿਆ ਤੇ ਥੁੱਕਿਆ ਗਿਆ ਭਾਵ ਦੋਸ਼ ਸ਼ਰੀਰ ਦੇ ਸਿਰ ਆਇਆ। ਹੁਣ ਸਰੀਰ ਦੀ ਪਵਿਤ੍ਰਤਾ ਅਪਵਿਤ੍ਰਤਾ ਇਸ ਕੁਦਰਤੀ ਪੇਟ ਅੰਦਰ ਦੀ ਪਾਚਨ ਵਿਧੀ ਵਿਚ ਨਹੀਂ, ਉਹ ਤਾਂ ਸਭ ਦੀ ਇਕੋ ਜੇਹੀ ਹੈ, ਸਰੀਰ ਦੀ ਅਪਵਿਤ੍ਰਤਾ ਪਵਿਤ੍ਰਤਾ ਦਾ ਵੀਚਾਰ ਇਹ ਹੈ ਕਿ) ਜਿਹੜਾ ਮੂੰਹ ਨਾਲ ਨਾਮ ਨਹੀਂ ਜਪਦਾ ਤੇ ਨਾਮ (ਰਸ) ਤੋਂ ਵਿਰਵਾ ਰਹਿਕੇ ਰਸ (ਸੁਆਦੀ ਭੋਜਨ) ਖਾਂਦਾ ਹੈ, ਐਉਂ ਜਾਣ ਲਈਦਾ ਹੈ (ਕਿ ਉਹ ਮੂੰਹ ਨਫਰਤ ਯੋਗ ਹੈ ਤੇ) ਉਸ ਮੂੰਹ ਤੇ ਥੁੱਕਾਂ ਪੈਂਦੀਆਂ ਹਨ (ਭਾਵ ਉਹ ਮੂੰਹ ਘ੍ਰਿਣਤ ਹੁੰਦਾ ਹੈ), ਹੇ ਨਾਨਕ !॥ ੧॥

ਇਸਤ੍ਰੀ ਜਾਤੀ ਨੂੰ ਸ਼ੂਦ੍ਰ ਦਾ ਦਰਜਾ ਸ਼ਾਸਤ੍ਰਾਂ ਨੇ ਦਿੱਤਾ ਹੈ, ਅਗਲੇ ਸ਼ਲੋਕ ਵਿਚ ਉਸ ਖਿਆਲ ਦੀ ਭਰਮ ਨਵਿਰਤੀ ਕਰਦੇ ਹਨ:-

ਮਃ ੧ ॥ ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥ ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥ ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥ ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥ ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥ ਨਾਨਕ ਭੰਡੈ ਬਾਹਰਾ ਏਕੋ

ਇਸਤ੍ਰੀ ਤੋਂ ਜੰਮੀਦਾ ਹੈ, ਇਸਤ੍ਰੀ (ਦੇ ਗਰਭ) ਵਿਚ (ਹੀ) ਨਿੰਮੀਦਾ ਹੈ, ਇਸਤ੍ਰੀ ਨਾਲ ਹੀ ਮੰਗੇਵਾ ਤੇ ਵਿਆਹ (ਹੁੰਦਾ) ਹੈ। ਇਸਤ੍ਰੀ ਤੋਂ ਹੀ ਅਨੁਰਾਗ ਪੈਦਾ ਹੁੰਦਾ ਹੈ, ਇਸਤ੍ਰੀ ਤੋਂ ਹੀ ਸਭਜਤਾ ਟੁਰਦੀ ਹੈ। (ਜਦੋਂ) ਇਸਤ੍ਰੀ ਮਰ ਜਾਏ (ਤਾਂ ਹੋਰ) ਇਸਤ੍ਰੀ ਲੱਭੀਦੀ ਹੈ (ਕਿਉਂਕਿ) ਇਸਤ੍ਰੀ ਨਾਲ ਹੀ ਗ੍ਰਿਹ ਪ੍ਰਬੰਧ ਟੁਰਦਾ ਹੈ। (ਫਿਰ) ਜਿਸ (ਇਸਤ੍ਰੀ ਤੋਂ) ਰਾਜੇ (ਆਦਿ ਪ੍ਰਤਾਪਸ਼ੀਲ ਲੋਕ ਬੀ) ਜੰਮਦੇ ਹਨ, ਉਸ (ਇਸਤ੍ਰੀ) ਨੂੰ ਮਾੜਾ ਕਿਉਂ ਕਹੀਏ। (ਫਿਰ ਦੇਖੋ ਕਿ ਐਤਨੇ ਗੁਣਾਂ ਵਾਲੀ) ਇਸਤ੍ਰੀ ਦੀ ਉਤਪਤੀ ਬੀ (ਇਸੇ) ਇਸਤ੍ਰੀ ਤੋਂ ਹੀ ਹੁੰਦੀ ਹੈ, ਇਸਤ੍ਰੀ ਤੋਂ ਬਿਨਾ ਕਿਸੇ ਦੀ (ਉਤਪਤੀ) ਨਹੀਂ ਹੁੰਦੀ †। ਹੇ ਨਾਨਕ ! ਉਹ

* ਹਿੰਦੂ ਮਤ ਵਿਚ ਅੰਨ, ਪਾਣੀ, ਬੈਸੰਤਰ ਦੇਵਤੇ ਮੰਨੇ ਜਾਂਦੇ ਹਨ। ਘਿਓ ਪਿਆਂ ਪਵਿਤ੍ਰਤਾ ਮੰਨੀ ਜਾਂਦੀ ਹੈ, ਬਿਨਾ ਘਿਉ ਭੂਤ ਰਸੋਈ ਮੰਨਦੇ ਹਨ ਤੇ ਵੈਦਕ ਨੁਕਤੇ ਤੋਂ ਲੂਣ ਰਸੋਈ ਨੂੰ ਸ਼ੁੱਧਤਾ ਦੇਂਦਾ ਹੈ ਤੇ ਇਸ ਨੂੰ ਰਸਾਂ ਦਾ ਰਾਜਾ ਮੰਨਦੇ ਹਨ।

† ਇਸ ਵਿਚ ਮਟਕ ਹੈ ਕਿ ਤੁਸੀਂ ਮਰਦ ਜੋ ਇਸਤ੍ਰੀ ਨੂੰ ਮਾੜਾ ਕਹਿੰਦੇ ਹੋ, ਉਸੇ ਇਸਤ੍ਰੀ ਤੋਂ ਜੰਮਦੇ ਹੋ, ਮਾੜੇ ਸੋਮੇ ਤੋਂ ਉਪਜਕੇ ਬੀ ਤੁਸੀਂ ਕਿਵੇਂ ਚੰਗੇ ਹੋ।

ਸਚਾ ਸੋਇ ॥ ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ ॥ ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ ॥੨॥

ਸੱਚਾ (ਅਕਾਲ ਪੁਰਖ) ਹੀ ਇਕ ਹੈ ਜੋ ਇਸਤ੍ਰੀ ਤੋਂ ਬਿਨਾ ਹੈ (ਅਰਥਾਤ ਸ੍ਵਯੰਭੂ ਹੈ)। (ਇਸਤ੍ਰੀ ਨੂੰ ਨਿੰਦਣਾ ਤੇ ਮਰਦ ਨੂੰ ਸਲਾਹੁਣਾ ਚੰਗਾ ਨਹੀਂ) ਜਿਸ (ਬੀ) ਮੂੰਹ ਨਾਲ (ਚਾਹੇ ਉਹ ਇਸਤ੍ਰੀ ਦਾ ਹੈ ਚਾਹੇ ਮਰਦ ਦਾ, ਪਰਮੇਸ਼ੁਰ ਨੂੰ) ਸਦਾ ਧਿਆਈਏ (ਉਸ ਉਤੇ) ਭਾਗਾਂ ਦੀ ਮਣੀ ਦੀ ਸੁੰਦਰਤਾ (ਆ ਜਾਂਦੀ ਹੈ ਅਤੇ ਅੱਗੇ ਚੱਲਕੇ) ਉਸ ਸਚੇ ਦਰਬਾਰ ਵਿਚ ਉਹੋ ਮੁਖ ਉੱਜਲੇ ਹੋਣਗੇ (ਚਾਹੋ ਉਹ ਇਸਤ੍ਰੀ ਦੇ ਹੋਣ ਚਾਹੋ ਮਰਦਾਂ ਦੇ), ਹੇ ਨਾਨਕ !॥ ੨॥

ਪ੍ਰਾਕ੍ਥਨ-ਹੁਣ ਪਉੜੀ ਵਿਚ ਕਿਸੇ ਨੂੰ ਬੀ ਮੰਦਾ ਕਹਿਣੋਂ ਵਰਜਦੇ ਹਨ, ਭਾਵ ਨਫਰਤ ਕਰਨੋਂ ਹੋੜਦੇ ਹਨ।

ਪਉੜੀ॥ ਸਭੁ ਕੋ ਆਖੈ ਆਪਣਾ ਜਿਸੁ ਨਾਹੀ ਸੋ ਚੁਣਿ ਕਢੀਐ॥

ਕੀਤਾ ਆਪੋ ਆਪਣਾ ਆਪੇ ਹੀ ਲੇਖਾ ਸੰਢੀਐ ॥ ਜਾ ਰਹਣਾ ਨਾਹੀ ਐਤੁ ਜਗਿ ਤਾ ਕਾਇਤੁ ਗਾਰਬਿ ਹੰਢੀਐ॥ ਮੰਦਾ ਕਿਸੈ ਨ ਆਖੀਐ ਪੜਿ ਅਖਰੁ ਏਹੋ ਬੁਝੀਐ ॥ ਮੂਰਖੈ ਨਾਲਿ ਨ ਲੁਝੀਐ ॥੧੯॥

(ਕਹਿਣ ਮਾਤ੍ਰ ਤਾਂ) ਸਭ ਕੋਈ (ਪਰਮੇਸ਼ੁਰ ਨੂੰ) ਅਪਣਾ (ਅਪਣਾ) ਕਹਿਕੇ (ਉਸਦਾ ਦਾਅਵੇਦਾਰ ਬਣ ਬੈਠਦਾ ਹੈ ਤੇ ਹੈ ਬੀ ਠੀਕ, ਕਿਉਂਕਿ) ਜਿਸਦਾ (ਪਰਮੇਸ਼ੁਰ) ਨਹੀਂ ਉਹ ਚੁਣ ਕੇ ਕੱਢ ਦਿਖਾਓ ਤਾਂ। (ਪਰ ਨਿਰੇ ਇਸ ਦਾਅਵੇ ਨਾਲ ਕਿ ਓਹ ਮੇਰਾ ਹੀ ਹੈ, ਗਲ ਨਹੀਂ ਬਣਦੀ, ਦੇਖਣਾ ਤਾਂ ਇਹ ਹੈ ਕਿ ਦਾਅਵੇਦਾਰਾਂ ਨੇ ਕਰਮ ਨਾਲ ਉਸ ਨੂੰ ਕਿਤਨਾ ਕੁ ਅਪਣਾਇਆ ਹੈ, ਕਿਉਂਕਿ) ਆਪੋ ਆਪਣੇ ਕੀਤੇ (ਕਰਮਾਂ ਦਾ) ਲੇਖਾ (ਸਭ ਕਿਸੇ ਨੇ) ਆਪ ਹੀ ਭਰਨਾ ਹੈ*। ਜਦ (ਇਹ ਗਲ ਅਮਿਟ ਹੈ ਕਿ ਕਿਸੇ ਨੇ) ਇਸ ਜਗਤ ਵਿਚ (ਸਦਾ) ਨਹੀਂ ਰਹਿਣਾ ਤਾਂ ਹੰਕਾਰ ਵਿਚ (ਆਪਣੇ ਆਪ ਨੂੰ) ਕਿਉਂ ਖੀਨ ਕਰੀਏ, (ਸਗੋਂ) ਕਿਸੇ (ਦੂਸਰੇ) ਨੂੰ ਮੰਦਾ ਨਾ ਕਹੀਏ, ਵਿਦਜਾ ਪਾਕੇ ਇਹ ਗਲ (ਚੰਗੀ ਤਰ੍ਹਾਂ) ਸਮਝ ਲੈਣੀ ਚਾਹੀਦੀ ਹੈ (ਕਿ ਆਪਣੇ ਆਪ ਨੂੰ ਚੰਗਾ ਦੱਸਣ ਲਈ ਕਿਸੇ) ਮੂਰਖ ਨਾਲ ਝਗੜੇ ਬਹਿਸਾਂ ਨਾ ਕਰੀਏ॥ ੧੯॥

ਸਲੋਕਾਂ ਤੇ ਪਉੜੀ ਦਾ ਸੰਮੇਲਨ-ਇਸ ੧੯ਵੀਂ ਪਉੜੀ ਵਿਚ ਇਕ ਵਾਕ ਹੈ-'....ਕਾਇਤੁ ਗਾਰਬਿ ਹੰਢੀਐ' ਤੇ ਦੂਜਾ ਵਾਕ ਹੈ-'ਮੰਦਾ ਕਿਸੈ ਨ ਆਖੀਐ'। ਪਹਿਲੇ ਵਾਕ ਦੇ ਨਮੂਨੇ ਲਈ ਬ੍ਰਾਹਮਣ ਨੂੰ ਲਿਆ ਜੋ ਆਪ ਨੂੰ ਸੁੱਚਾ ਸਮਝਦਾ ਹੈ ਤੇ ਸੁੱਚਮਾਂ ਕਰਦਾ ਗਾਰਬ ਅਟਿਆ ਹੋ ਰਿਹਾ ਹੈ ਤੇ ਸਭ ਕਿਸੇ ਨੂੰ ਆਪ ਤੋਂ ਨੀਵਾਂ ਸਮਝਦਾ ਹੈ। ਜਿਨ੍ਹਾਂ ਨੂੰ ਉਹ ਨੀਵੇਂ ਸਮਝਦਾ ਹੈ ਉਨ੍ਹਾਂ ਵਿਚੋਂ ਇਸਤ੍ਰੀ ਜਾਤੀ ਨਮੂਨੇ ਲਈ ਲੀਤੀ ਹੈ, ਕਿਉਂਕਿ ਉਸੇ ਤੋਂ ਜੰਮਕੇ ਬ੍ਰਾਹਮਣ ਉਸੇ ਨੂੰ ਸ਼ੂਦਰ ਕਹਿੰਦਾ ਹੈ। ਦੋਹਾਂ ਨਮੂਨਿਆਂ ਦੇ ਸਲੋਕ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਪਣੇ ਮੌਜੂਦ ਸਨ, ਸੋ ਪਉੜੀ ਦੇ ਉਤੇ ਸੁਚੱਜੀ ਕਲਮ ਨੇ ਰਖ ਦਿਤੇ। ਪਉੜੀ ਵਿਚ ਫੁਰਮਾਇਆ ਕਿ ਹੇ ਸੁੱਚਮਾਂ ਦੇ ਹੰਕਾਰੀ ਬ੍ਰਾਹਮਣ ! ਇਸ ਬਨਾਵਟੀ ਸੁੱਚਮ ਤੇ ਹੰਕਾਰ ਦੇ ਗਡੇ ਨਾ ਚੜ੍ਹ ਤੇ ਜਿਨ੍ਹਾਂ ਨੂੰ, ਹੇ ਬ੍ਰਾਹਮਣ ! ਤੂੰ ਨੀਚ ਕਹਿੰਦਾ ਹੈ ਉਸ ਬਾਬਤ ਸੁਣ:

* ਯਥਾ-ਪੁਛਣ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ॥
ਬਾਬਾ ਆਖੇ ਹਾਜੀਆ, ਸੁਭ ਅਮਲਾ ਬਾਝਹੁ ਦੋਨੋ ਰੋਈ॥ [ਭਾਈ ਗੁਰਦਾਸ ਵਾਰ ੧-੩੩]

'ਮੰਦਾ ਕਿਸੈ ਨ ਆਖੀਐ' ਕਿ ਇਸਤ੍ਰੀ ਜਾਤੀ ਨੂੰ ਸ਼ੂਦਰ ਕਹਿਕੇ ਮਾੜੀ ਕਿ ਨੀਵੀਂ ਨਾ ਆਖ*, ਨਾ ਕੇਵਲ ਇਸਤ੍ਰੀ ਨੂੰ, ਕਿਸੇ ਨੂੰ ਬੀ ਮੰਦਾ ਨਾ ਆਖ, ਦੂਜੇ ਨੂੰ ਕਿਸੇ ਵਿਖੇਵੇਂ ਕਰਕੇ ਮੰਦਾ ਨਾ ਕਹੁ। ਐਉਂ ਸਲੋਕਾਂ ਦਾ ਪਉੜੀ ਨਾਲ ਸੰਮੇਲਨ ਸਹੀ ਹੋ ਜਾਂਦਾ ਹੈ।

ਉਂਵ ਸਲੋਕਾਂ ਵਿਚ ਬੀ 'ਗਾਰਬ ਹੰਢੇ' ਸੁਚਮੀ ਬ੍ਰਾਹਮਣ ਨੂੰ ਸੁਮਤਿ ਦਿਤੀ ਹੋਈ ਹੈ ਕਿ ਤੇਰੀ ਸੁੱਚਮ ਕੀਹ ਬਣਾਊ ਜੇ ਤੈਨੂੰ ਮਿਲਕੇ ਸੁੱਚਾ ਅੰਨ ਭ੍ਰਿਸ਼ਟ ਹੋ ਜਾਂਦਾ ਹੈ, ਤੇ ਉਪਦੇਸ਼ ਕੀਤਾ ਕਿ ਨਾਮ ਸਿਮਰਨ ਤੋਂ ਬਿਨਾਂ ਖਾਣਾ ਪੀਣਾ ਸਫਲ ਨਹੀਂ, ਨਾਮ ਜਪ ਤਾਂ ਸਭੋ ਕੁਛ ਸਫਲਾ ਹੈ। ਦੂਜੇ ਸਲੋਕ ਵਿਚ 'ਮੰਦਾ ਕਿਸੈ ਨ ਆਖੀਐ' ਕਹਿਕੇ ਬ੍ਰਾਹਮਣ ਦੀ ਸੂਗ ਬ੍ਰਿਤੀ ਨੂੰ ਰਾਹੇ ਪਾਇਆ ਸੀ, ਪਰ ਨਮੂਨੇ ਲਈ ਉਸ ਦੀ ਇਸਤ੍ਰੀ ਜਾਤੀ ਵੱਲ ਨੂੰ ਹੋ ਰਹੀ ਨਫਰਤ ਬਾਬਤ ਵੀ ਸਮੋਧ ਕੀਤਾ ਹੈ ਕਿ ਤੁਸੀਂ ਜਿਸ ਇਸਤ੍ਰੀ ਤੋਂ ਜੰਮਦੇ ਹੋ, ਸੁੱਚਮਾਂ ਤੇ ਵਿਦਯਾ ਵਾਲੇ ਰਾਜਾਨ ਕਿ ਪ੍ਰਤਾਪਸ਼ੀਲ ਹੋ ਹੋ ਬਹਿੰਦੇ ਹੋ, ਇਹ ਕਿਵੇਂ ਆਇਆ ਹੈ ਕਿ ਤੁਹਾਨੂੰ ਜੰਮਣ ਵਾਲੀ ਮੰਦੀ (=ਸ਼ੂਦਰ) ਰਹਿੰਦੀ ਹੈ। ਫੇਰ ਇਸ ਨਫਰਤ ਦੇ ਦੂਰ ਕਰਨ ਦਾ ਇਲਾਜ ਦੱਸਿਆ ਕਿ ਵਾਹਿਗੁਰੂ ਜੀ ਨੂੰ ਸਦਾ ਸਲਾਹੁਣ ਵਾਲੇ ਮੂੰਹ ਹੀ ਸੱਚੇ ਦਰਬਾਰ ਵਿਚ ਉਜਲੇ ਹੋਣਗੇ। ਭਾਵੇਹ ਕਿ ਸੁੱਚਮਾਂ ਦੀ ਹਉਂ ਵਿਚ ਨਾ ਰਹੁ, ਨਾਮ ਜਪ ਤੇ ਸਿਫਤ ਸਲਾਹ ਵਿਚ ਆ ਤੇ ਦਿਲ ਦੀ ਨਫਰਤ ਨੂੰ ਦੂਰ ਕਰ, ਕਿਸੇ ਨੂੰ ਮੰਦਾ ਨਾ ਕਹੁ, ਸਭ ਵਿਚ ਵਯਾਪਕ ਜੋਤਿ ਨੂੰ ਵੇਖ।

ਨਿਰੁਕ੍ਤ-ਕੋਇ ਨ ਭਿਟਿਓ ਜਾਇ-ਕਿਸੇ ਨੇ ਭਿਟਿਆ ਨਹੀਂ ਸੀ। ਭੋਜਨ ਸੁੱਚਾ ਸੀ। ਛੁਹ ਨਾਲ ਭੋਜਨ ਸੁਚਾ ਨਹੀਂ ਰਹਿੰਦਾ, ਇਸ ਕਰਕੇ ਜਿਸ ਭੋਜਨ ਨੂੰ ਅਜੇ ਕਿਸੇ ਨੇ ਨਹੀਂ ਸੀ ਭਿਟਿਆ ਉਹ ਭੋਜਨ ਭੀ ਸੁਚਾ ਹੈ ਸੀ।

ਪਾਕੁ- [ਸੰਸ:, ਪਕ੍ਵ:] ਪੱਕੀ ਹੋਈ ਸ਼ੈ, ਰਿੱਧਾ ਹੋਇਆ ਭੋਜਨ। ਪਵਿਤ-ਪਵਿਤ੍ਰ।

ਭੰਡਿ-ਇਕ ਵਿਦਵਾਨ ਦਾ ਵੀਚਾਰ ਹੈ ਕਿ ਸੰਸਕ੍ਰਿਤ ਧਾਤੂ 'ਭਦ੍' ਦੇ ਅਰਥ ਹਨ ਸੌਭਾਗ ਮਯ ਹੋਣਾ। ਇਸ ਤੋਂ ਪਦ ਬਣਿਆਂ ਭਾਂਡ ਤੇ ਭੰਡ। ਸੌਭਾਗਯ ਦਾ ਖਯਾਲ ਹੋਣ ਕਰਕੇ 'ਭੰਡ' ਇਸਤ੍ਰੀ ਵਾਚਕ ਹੋਇਆ। ਪਰ ਕਈ ਵੇਰ ਚੰਗੇ ਪਦ ਨਫਰਤ ਲਈ ਵਰਤ ਲੈਂਦੇ ਹਨ ਜੈਸੇ ਪਦ ਭਦ੍ਰ (=ਨੇਕ) ਡਾਕੂਆਂ ਲਈ ਵਰਤਦੇ ਹਨ। ਇਸ ਤਰ੍ਹਾਂ ਸ਼ੁਭ ਅਰਥਾਂ ਵਾਲਾ ਪਦ ਭੰਡ ਇਸਤ੍ਰੀ (ਸ਼ੂਦਰ) ਲਈ ਵਰਤਿਆ ਗਿਆ।

ਭੰਡ ਦੇ ਸ਼ਬਦੀ ਅਰਥ ਬਰਤਨ ਦੇ ਹਨ [ਸੰਸ:, ਭਾਣ੍ਡੰ। ਪ੍ਰਾ:, ਭੰਡ] । ਏਥੇ ਇਹ ਸ਼ਬਦ ਇਸਤ੍ਰੀ ਦਾ ਵਾਚਕ ਹੈ। ਅੰਜੀਲ ਵਿਚ ਵੀ ਵੈਸਲ (Vessel=ਭਾਂਡਾ) ਸ਼ਬਦ ਇਸਤ੍ਰੀ ਸੰਬੰਧੀ ਵਰਤਿਆ ਗਿਆ ਹੈ। ਦੇਖੋ 1. Thes.4.4 ਇਕ ਥਾਵੇਂ ਅੰਜੀਲ ਵਿਚ ਇਸਤ੍ਰੀ ਦੀ ਕਮਜ਼ੋਰ ਭਾਂਡੇ (weaker vessel) ਨਾਲ ਤਸ਼ਬੀਹ ਦਿੱਤੀ ਹੈ, ਦੇਖੋ 1. Peter. 3-7. ਅਜ ਕਲ ਅੰਗ੍ਰੇਜ਼ੀ ਵਿਚ The weaker vessel (ਕਮਜ਼ੋਰ ਭਾਂਡਾ) ਇਸਤ੍ਰੀ ਲਈ ਮਖ਼ੌਲ ਨਾਲ ਵੀ ਵਰਤਿਆ ਜਾਂਦਾ ਹੈ। ਭਾਂਡੇ ਦੇ ਅਰਥਾਂ ਵਾਲਾ ਦੂਜਾ ਸ਼ਬਦ ਰੂਪ ਵਿਚ ਏਸੇ ਨਾਲ ਮਿਲਦਾ ਜੁਲਦਾ ਪਦ 'ਹਾਂਡਾ' ਹੈ, ਇਹ ਸੰਸਕ੍ਰਿਤ ਨਾਟਕਾਂ ਵਿਚ ਸੇਵਕ ਸ਼੍ਰੇਣੀ ਦੀ ਇਸਤ੍ਰੀ ਦੇ ਸੰਬੋਧਨ ਲਈ ਵਰਤੋਂ ਵਿਚ ਆਇਆ ਹੈ। ਪ੍ਰਾਕ੍ਰਿਤ ਵਿਚ ਇਸੇ ਸ਼ਬਦ ਨੂੰ ਸਹੇਲੀ ਨੂੰ ਬੁਲਾਉਣ ਲਈ ਸੰਬੋਧਨ ਰੂਪ ਵਿਚ ਵਰਤਦੇ ਹਨ। ਇਸੇ ਵਾਰ ਦੇ ਸਲੋਕ ੨੪-੧ ਦੇ 'ਆਪੇ ਭਾਂਡੇ ਸਾਜਿਅਨੁ' ਵਿਚ ਭਾਂਡਾ ਪਦ ਸਰੀਰ ਵਾਸਤੇ ਵਰਤਿਆ ਗਿਆ ਹੈ। ਇਸ ਸ਼ਲੋਕ ਵਿਚ 'ਭੰਡ' ਪਦ ਜਿਸ ਦੇ ਅਰਥ ਤਾਂ ਇਸਤ੍ਰੀ ਹਨ, ਪਰ ਪਦ ਪੁਲਿੰਗ ਕਰਕੇ ਬੀ ਵਰਤਿਆ ਗਿਆ ਹੈ। ਜੈਸੇ 'ਮੁਆ', 'ਮੰਦਾ' ਇਸ ਤੋਂ ਪਤਾ ਲਗਦਾ ਹੈ ਕਿ ਭੰਡ ਦਾ ਅਰਥ ਭਾਂਡਾ ਹੈ ਜੋ ਪੁਲਿੰਗ ਹੈ ਤੇ ਇਹ ਪਦ ਇਸਤ੍ਰੀ ਲਈ 'ਲੱਛਣਾ ਬ੍ਰਿਤੀ' ਦੁਆਰਾ ਵਰਤਿਆ ਗਿਆ ਹੈ।

ਨਿੰਮੀਐ-ਨਿੰਮੀਦਾ ਹੈ। [ਸੰਸ:, ਨਿਰਮਾਣੰ=ਪੈਦਾ ਕਰਨਾ। ਪ੍ਰਾ:, ਨਿਮਸ] ਨਿੰਮਣਾ=ਗਰਭ

* ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥

ਵਿਚ ਬੱਚੇ ਦਾ ਬਣਨਾ ਤੇ ਵੱਸਣਾ।

ਰਾਹੁ- [ਫ਼ਾ:, ਰਾਹ] ਰਸਤਾ, ਤਰੀਕਾ, ਰਿਵਾਜ, ਕਾਨੂਨ। ਓਹ ਤਰੀਕੇ ਜਿਨ੍ਹਾਂ ਪਰ ਸੁਸਾਇਟੀ ਦੀ ਹਸਤੀ ਨਿਰਭਰ ਹੈ, ਸਭਯਤਾ।

ਰਾਜਾਨ- [ਸੰਸ:, ਰਾਜਨ] ਰਾਜਾ। ਖਤ੍ਰੀ। ਪ੍ਰਤਾਪਸ਼ੀਲ ਪੁਰਖ। ਰਾਜਾਨ ਪਦ ਇਥੇ 'ਰਾਜਾ' ਦਾ ਬਹੁ ਵਚਨ ਹੈ। ਭਾਵ ਹੈ ਪ੍ਰਤਾਪਸ਼ੀਲ ਲੋਕ।

ਰਤੀ- [ਸੰਸ:, ਰਤਨੰ ਤੋਂ ਰੱਤੀ। ਰਤਨ=ਮਾਣਕ, ਤਾਂਤੇ ਰੱਤੀ] ਮਣੀ। ਭਾਗਾਰਤੀ=ਭਾਗਾਂ ਦਾ ਰਤਨ, ਭਾਗਾਂ ਦੀ ਮਣੀ, ਯਥਾ:-'ਭਾਗ ਮਣੀ ਸੋਹਾਗਣਿ ਮੇਰੇ ਪਿਆਰੇ ॥' [ਆਸਾ ਮਹਲਾ ੪ ਛੰਤ-੨੧]

ਭਾਗ ਜਾਗਿਆਂ ਜੀਕੂੰ ਮੱਥਾ ਖਿੜਦਾ ਹੈ, ਤੀਕੂੰ ਨਾਮ ਰਸ ਨਾਲ ਮਸਤਕ ਖਿੜ ਜਾਏਗਾ।

(ਅ) ਪੁਰਾਤਨ ਅਰਥ ਐਉਂ ਬੀ ਹੈ-ਧਰਮ, ਅਰਥ, ਕਾਮ, ਮੋਖ, ਰੂਪ ਚਾਰ ਰਤੀਆਂ ਉਹਨਾਂ ਦੇ ਭਾਗਾਂ ਵਿਚ ਆ ਜਾਂਦੀਆਂ ਹਨ। ਯਥਾ:-

ਚਾਰਿ ਪਦਾਰਥ ਚਾਰੇ ਪਾਏ ਗੁਰਮਤਿ ਨਾਨਕ ਹਰਿ ਭਜਹੁ ॥ [ਬਿਲਾਵਲ ਮਹਲਾ ੪-੪]

ਸੰਢੀਐ- [ਸੰਸ:, ਸਾਧਨੰ] ਇਸ ਪਦ ਦੇ ੩੦ ਤੋਂ ਵਧੀਕ ਅਰਥਾਂ ਵਿਚੋਂ ਇਕ ਹੈ ਕਰਜ਼ਾ ਯਾ ਜੁਰਮਾਨਾ ਆਦਿ ਭਰਨਾ। ਭਰਨਾ।

ਹੰਢੀਐ- [ਪੰਜਾਬੀ. ਹੰਢਣਾ] ਫਿਰਨਾ, ਖੀਨ ਹੋਣਾ, ਘਸਣਾ। 'ਫਿਰੀਏ' ਬੀ ਅਰਥ ਕਰਦੇ ਹਨ।

ਪੜਿ ਅਖਰੁ-ਅਖਰ ਪੜ੍ਹਕੇ, ਭਾਵ ਵਿਦਯਾ ਪਾਕੇ।

[ਪਉੜੀ ਵੀਹਵੀਂ]

ਪ੍ਰਾਕ੍ਥਨ-ਦੂਸਰੇ ਨਾਲ ਫਿੱਕਾ ਵਾਕ ਉਸ ਦੀ ਹਾਨੀ ਲਈ ਬੋਲੀਦਾ ਹੈ, ਪਰ ਨਾਲ ਜੋ ਆਪਣੀ ਹਾਨੀ ਹੁੰਦੀ ਹੈ, ਉਸ ਵਲ ਨਜ਼ਰ ਪੁਆਉਂਦੇ ਹਨ ਤੇ ਫਿੱਕੇ ਬੋਲਣ ਦੇ ਮਾੜੇ ਫਲ ਲੋਕ ਪ੍ਰਲੋਕ ਦੋਹਾਂ ਦੇ ਦਿਖਾਲਦੇ ਹਨ।

ਮੂਲ	ਅਰਥ
ਸਲੋਕੁ ਮਃ ੧ ॥ ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥ **ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ ॥ ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ ॥**	ਹੇ ਨਾਨਕ ! ਫਿੱਕਾ ਬੋਲਣ ਨਾਲ (ਅਪਣਾ) ਤਨ ਤੇ ਮਨ (ਦੁਇ) ਫਿਕੇ ਪੈ ਜਾਂਦੇ ਹਨ (ਭਾਵ ਫਿਕਾ ਬੋਲਿਆ ਤਾਂ ਇਕ ਜੀਭ ਨੇ ਸੀ ਪਰ ਉਸਦਾ ਅਸਰ ਸਾਰੇ ਸਰੀਰ ਅਤੇ ਮਨ ਉਤੇ ਉਦਾਸੀ ਦਾ ਪੈਂਦਾ ਹੈ। ਸਰੀਰ ਤੇ ਮਨ ਦੀ ਹਾਨੀ ਤੋਂ ਛੁਟ) ਫਿਕੇ ਨੂੰ ਲੋਕੀ 'ਫਿਕਾ' ਸੱਦਣ ਲਗ ਜਾਂਦੇ ਹਨ ਤੇ ਫਿਕੇ ਦੀ ਸ਼ੋਭਾ ਬੀ ਫਿਕੀ ਪੈ ਜਾਂਦੀ ਹੈ (=ਬਦਨਾਮ ਹੋ ਜਾਂਦਾ ਹੈ)। (ਜਗਤ ਦੇ ਅਪਜਸ ਤੋਂ ਛੁਟ) ਫਿਕਾ ਦਰਗਾਹ ਵਿਚੋਂ ਬੀ ਧੱਕਿਆ ਜਾਂਦਾ ਹੈ ਤੇ ਉਸਤੋਂ ਘ੍ਰਿਣਾ ਕੀਤੀ ਜਾਂਦੀ ਹੈ*। (ਫਿਕਾ ਬੋਲਦਿਆਂ ਕਈ ਵੇਰ ਲੜਾਈ ਤਕ ਨੌਬਤ ਆ ਪਹੁੰਚਦੀ ਹੈ ਤੇ ਜੁੱਤੀ ਪੈਜਾਰ ਹੋ ਪੈਂਦੇ ਹਨ, ਯਾ ਅਦਾਲਤਾਂ ਤਕ

* ਪਿਛਲੀ ਪਉੜੀ ਵਿਚ 'ਮੰਦਾ ਕਹਿਣਾ' ਵਰਜਦਿਆਂ 'ਕਿਸੈ' ਪਦ ਵਰਤਿਆ ਹੈ=ਕਿਸੇ ਨੂੰ ਬੀ। ਇਸ ਵਿਚ ਮਜ਼ਹਬੀ ਨਫਰਤ ਤੇ ਝਗੜਾਲੂਆਂ ਪ੍ਰਤਿ ਉਪਦੇਸ਼ ਆ ਗਿਆ ਹੈ ਕਿ ਗੁੱਸੇ ਵਿਚ ਆਕੇ ਕੌੜੇ ਵਾਕਾਂ ਵਿਚ ਜੋ ਆਪੋ ਵਿਚ ਚਿੱਕੜ ਉਛਾਲਦੇ ਹੋ, ਜਿਸ ਰਬ ਦੇ ਦਾਅਵੇ ਬਨ੍ਹਕੇ ਐਸਾ ਕੁਛ ਕਰਦੇ ਹੋ, ਉਸ ਦੀ ਦਰਗਾਹ ਵਿਚ ਹੀ ਤੁਹਾਨੂੰ ਢੋਈ ਨਹੀਂ ਲੱਭਦੀ ਤੇ ਦੁਨੀਆਂ ਵਿਚ ਮੂਰਖ ਸਦੀਵੋਗੇ। ਥੁੱਕਾਂ ਪੈਣੀਆਂ ਦਾ ਭਾਵ ਹੈ ਘ੍ਰਿਣਾ ਕੀਤੀ ਜਾਂਦੀ ਹੈ।

ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ ॥੧॥

ਪਹੁੰਚਕੇ ਸਜ਼ਾ ਪਾਉਂਦੇ ਹਨ ਸੋ ਦੱਸਦੇ ਹਨ ਕਿ ਇਹ ਮਾਨੋ) ਫਿੱਕੇ ਨੂੰ ਜੁੱਤੀਆਂ ਦੀ ਸਜ਼ਾ ਮਿਲਦੀ ਹੈ ਤੇ (ਜਗਤ ਵਿਚ) ਮੂਰਖ ਕਿਹਾ ਜਾਂਦਾ ਹੈ ॥ ੧॥

ਕਿਸੇ ਹਾਥੀ ਘੋੜੇ ਆਦਿ ਦਾ ਫੈਲਾਉ ਤੇ ਸਾਧ ਭੇਖ ਦਾ ਦਿਖਾਵਾ ਬਣਾਕੇ ਤੀਰਥਾਂ ਤੇ ਫਿਰ ਰਹੀ ਸਾਧ ਮੰਡਲੀ ਪਰਥਾਇ ਅਗਲੇ ਵਾਕ ਉਚਾਰੇ ਸਹੀ ਹੁੰਦੇ ਹਨ।

ਮਃ ੧ ॥ ਅੰਦਰਹੁ ਝੂਠੇ ਪੈਜ ਬਾਹਰਿ ਦੁਨੀਆ ਅੰਦਰਿ ਫੈਲੁ ॥ਅਠਸਠਿ ਤੀਰਥ ਜੇ ਨਾਵਹਿ ਉਤਰੈ ਨਾਹੀ ਮੈਲੁ॥ ਜਿਨ੍ ਪਟੁ ਅੰਦਰਿ ਬਾਹਰਿ ਗੁਦੜੁ ਤੇ ਭਲੇ ਸੰਸਾਰਿ ॥ ਤਿਨ੍ ਨੇਹੁ ਲਗਾ ਰਬ ਸੇਤੀ ਦੇਖਨ੍ਹੇ ਵੀਚਾਰਿ ॥ ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ ॥ ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ ॥ਦਰਿ ਵਾਟ ਉਪਰਿ ਖਰਚੁ ਮੰਗਾ ਜਬੈ ਦੇਇ ਤ ਖਾਹਿ ॥ ਦੀਬਾਨੁ ਏਕੋ ਕਲਮ ਏਕਾ ਹਮਾ ਤੁਮ੍ਾ ਮੇਲੁ ॥ ਦਰਿ ਲਏ ਲੇਖਾ ਪੀੜਿ ਛੁਟੈ ਨਾਨਕਾ ਜਿਉ ਤੇਲੁ ॥੨॥

(ਜੋ) ਅੰਦਰੋਂ (ਤਾਂ) ਝੂਠੇ ਹਨ (ਪਰ) ਬਾਹਰੋਂ (ਜਿਨ੍ਹਾਂ ਨੇ ਅਪਣੀ) ਇੱਜ਼ਤ (ਬਣਾਈ ਹੋਈ ਹੈ) ਤੇ ਦੁਨੀਆਂ ਵਿਚ ਅਡੰਬਰ (ਰਚ ਰਖਿਆ) ਹੈ; (ਓਹ) ਜੇ ਅਠਾਹਠ ਤੀਰਥ ਬੀ ਨਹਾ ਲੈਣ ਤਾਂ (ਅੰਦਰ ਦੀ) ਮੈਲ ਨਹੀਂ ਉਤਰਨ ਲੱਗੀ। (ਪਰ) ਜਿਨ੍ਹਾਂ (ਸਾਧੂਆਂ) ਦੇ ਬਾਹਰ (ਤਾਂ) ਗੋਦੜਾ ਕੀਤਾ ਹੋਯਾ ਹੈ (ਪਰ) ਅੰਦਰੋਂ ਰੇਸ਼ਮ (ਵਾਙੂ ਸਚੇ ਪ੍ਰੇਮ ਦੀ ਕੋਮਲਤਾ ਵਾਲੇ) ਹਨ ਓਹ ਸੰਸਾਰ ਵਿਚ ਭਲੇ ਹਨ। ਉਨ੍ਹਾਂ ਦਾ ਵਾਹਿਗੁਰੂ ਨਾਲ ਪ੍ਰੇਮ ਲਗ ਗਿਆ ਹੈ (ਤੇ ਇਹ ਪ੍ਰੇਮ ਕੇਵਲ ਵਾਹਿਗੁਰੂ ਦੇ) ਦਰਸ਼ਨ ਦੇ ਖ਼ਯਾਲ ਤੋਂ (ਲਗਾ ਹੈ)*। (ਓਹ ਕਦੇ) ਪ੍ਰੇਮ ਵਿਚ (ਆਕੇ) ਹੱਸ ਪੈਂਦੇ ਹਨ (ਕਦੇ) ਪ੍ਰੇਮ ਵਿਚ (ਆਕੇ) ਰੋ ਪੈਂਦੇ ਹਨ, (ਕਦੇ ਕਦੇ ਮਗਨ ਹੋ) ਚੁਪ ਬੀ ਕਰ ਜਾਂਦੇ ਹਨ। (ਉਨ੍ਹਾਂ ਨੂੰ) ਸੱਚੇ ਪਤੀ (ਪਰਮੇਸ਼ੁਰ) ਤੋਂ ਬਿਨਾ ਕਿਸੇ ਦੀ ਪ੍ਰਵਾਹ ਨਹੀਂ † । (ਇਸ ਲਈ ਮੈਂ ਤਾਂ ਐਸੇ ਰੱਬੀ ਪਯਾਰ ਵਾਲਿਆਂ ਦੇ) ਦਰ ਉਤੇ ਰਸਤੇ ਦਾ ਖਰਚ (ਬੈਠਾ) ਮੰਗਦਾ ਹਾਂ, ਜਦੋਂ ਦੇਣਗੇ ਤਦੋਂ ਖਾ ਲਵਾਂਗਾ, (ਭਾਵ ਨਾਮ ਦੀ ਦਾਤ ਮੰਗ ਰਿਹਾ ਹਾਂ)। (ਦਿਖਾਵੇ ਦੀ ਸਾਧ ਮੰਡਲੀ ਨੂੰ ਕਹਿੰਦੇ ਹਨ ਕਿ ਏਥੇ ਤਾਂ ਤੁਸੀਂ ਮੌਜਾਂ ਵਿਚ ਹੋ ਤੇ ਪ੍ਰੇਮੀ ਆਤੁਰ ਹਨ, ਪਰ ਅਗੇ ਜਾਕੇ (ਜਿੱਥੇ) ਸਭ ਕਿਸੇ ਦਾ ਮੇਲਾ ਹੋਣਾ ਹੈ (ਓਥੇ) ਦੀਵਾਨ ਇਕੋ ਹੈ(ਜਿਸ ਪਾਸ ਜਾਣਾ ਹੈ ਤੇ) ਕਲਮ ਬੀ ਇਕੋ ਹੈ (ਉਸ) ਦਰ ਉਤੇ (ਜਦ ਉਹ) ਲੇਖਾ ਲਏਗਾ (ਤਦ ਐਉਂ ਲਏਗਾ) ਜਿਵੇਂ ਤਿਲਾਂ ਨੂੰ ਪੀੜਿਆਂ ਤੇਲ ਛੁਟਦਾ ਹੈ, (ਫੁਰਮਾਉਂਦੇ ਹਨ ਗੁਰੂ) ਨਾਨਕ ਦੇਵ ਜੀ। (ਯਥਾ ਲੇਖਾ ਲੀਜੈ ਤਿਲ ਜਿਉ ਪੀੜੀ ‡)॥ ੨॥

ਪਉੜੀ ॥ ਆਪੇ ਹੀ ਕਰਣਾ ਕੀਓ ਕਲ ਆਪੇ ਹੀ ਤੈ ਧਾਰੀਐ ॥ ਦੇਖਹਿ ਕੀਤਾ ਆਪਣਾ ਧਰਿ ਕਚੀ

(ਹੇ ਵਾਹਿਗੁਰੂ ਤੂੰ) ਆਪ ਹੀ (ਜਗਤ ਦੀ ਰਚਨਾ ਰਚੀ ਹੈ ਤੇ ਆਪ ਹੀ ਤੂੰ ਇਸ (ਵਿਚ ਅਪਣੀ) ਸੱਤਾ (ਸ਼ਕਤੀ ਪਾਈ ਹੈ, ਜਿਸ ਨਾਲ ਤੂੰ ਇਸ ਖੇਲ) ਨੂੰ ਧਾਰਨ ਕਰ ਰਿਹਾ ਹੈਂ (ਕਾਇਮ ਰਖ ਰਿਹਾ ਹੈਂ। ਇਸ) ਅਪਣੇ ਕੀਤੇ (ਖੇਲ ਵਿਚ ਤੂੰ ਆਪ ਹੀ)

* ਭਾਵ ਨਿਸ਼ਕਾਮ ਭਗਤੀ ਕਰ ਰਹੇ ਹਨ।

† ਬਾਹਰਲੀ ਪੈਜ ਬਣਾਈ ਰਖਣ ਵਾਲਾ ਮਤਲਬ ਵੇਲੇ ਹਸਦਾ ਹੈ, ਮਤਲਬ ਸਾਧਣ ਵੇਲੇ ਰੋ ਭੀ ਪੈਂਦਾ ਹੈ, ਪਰ ਸੱਚੇ ਪ੍ਰੇਮ ਵਾਲਾ ਅਪਣੇ ਅੰਦਰ ਨਾਲ ਸੱਚਾ ਹੁੰਦਾ ਹੈ, ਪ੍ਰੇਮ ਦੇ ਉਛਾਲ ਆਇਆਂ ਹੱਸਦਾ, ਪ੍ਰੇਮ ਵਿਚ ਵਜੋਗ ਦੇ ਭਾਵ ਹੇਠ ਰੋ ਪੈਂਦਾ ਹੈ, ਪ੍ਰੇਮ ਵਿਚ ਟਿਕਾਉ ਵੇਲੇ ਚੁਪ ਹੁੰਦਾ ਹੈ। ਕਿਸੇ ਦੀ ਪ੍ਰਵਾਹ ਨਹੀਂ ਰਖਦਾ ਕਿ ਕੋਈ ਕੀਹ ਆਖੇਗਾ ਤੇ ਕੀਹ ਟੀਕਾ ਟਿੱਪਣੀ ਕਰੇਗਾ। ‡ ਮਾਰੂ ਮਹਲਾ ੧, ਸੋਲਹਾ ੮-੧੦

ਪਕੀ ਸਾਰੀਐ ॥ ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ ॥ ਜਿਸ ਕੇ ਜੀਅ ਪਰਾਣ ਹਹਿ ਕਿਉ ਸਾਹਿਬੁ ਮਨਹੁ ਵਿਸਾਰੀਐ ॥ ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ ॥੨੦॥

ਕੱਚੀਆਂ ਪੱਕੀਆਂ ਨਰਦਾਂ ਰਖ ਰਖਕੇ (ਆਪ ਹੀ) ਇਸ ਖੇਲ ਨੂੰ ਦੇਖ ਰਿਹਾ ਹੈਂ। (ਇਸ ਚੌਪਟ ਦੇ ਉਪਰ ਨਰਦਾਂ ਵਾਙੂ) ਜੋ ਆਇਆ ਹੈ ਸੋ ਚਲਾ ਜਾਏਗਾ (ਪਾਸੇ ਢਾਲਣਹਾਰ ਦੇ ਢਾਲਣ ਅਨੁਸਾਰ) ਹਰ ਕਿਸੇ ਦੀ (ਟੁਰ ਪੈਣ ਦੀ) ਵਾਰੀ ਆ ਜਾਂਦੀ ਹੈ। (ਪਰ ਇਸ ਖੇਲ ਵਿਚ ਇਕ ਗਲ ਇਨ੍ਹਾਂ ਚੇਤਨ ਨਰਦਾਂ ਦੇ ਅਪਣੇ ਕਰਨ ਦੀ ਬੀ ਹੈ, ਉਹ ਇਤਨੀ ਮਾਤ੍ਰ ਹੈ ਕਿ) ਜਿਸ (ਰਚਣ ਤੇ ਖੇਲਣਹਾਰ) ਮਾਲਕ (ਦੇ ਦਿਤੇ) ਜੀਵ ਤੇ ਪ੍ਰਾਣ ਹੈਨ ਉਸਨੂੰ ਮਨੋਂ ਨਾ ਵਿਸਾਰੀਏ। (ਐਉਂ) ਅਪਣੇ ਹਥੀਂ ਅਪਣਾ ਕੰਮ ਆਪੇ ਹੀ ਸੰਵਾਰ ਲਈਏ। (ਭਾਵ ਉਸਨੂੰ ਯਾਦ ਰਖਣਾ ਹੀ ਆਪਣਾ ਕਾਰਜ ਆਪ ਸੰਵਾਰਣਾ ਹੈ)॥ ੨੦॥

ਸਲੋਕ ਤੇ ਪਉੜੀ ਦੇ ਸੰਮੇਲਨ-ਪਿਛਲੀ ਪਉੜੀ ੧੯ਵੀਂ ਦੇ ਅਖੀਰ ਵਿਚ ਫੁਰਮਾਇਆ ਸੀ 'ਮੰਦਾ ਕਿਸੈ ਨ ਆਖੀਐ' ਏਸੇ ਭਾਵ ਨੂੰ ਵੀਹਵੀਂ ਪਉੜੀ ਦਾ ਪਹਿਲਾ ਸਲੋਕ ਵਧੇਰੇ ਖੋਲ੍ਹਦਾ ਹੈ, ਕਿ ਦੂਸਰਿਆਂ ਨੂੰ ਫਿੱਕਾ ਯਾ ਕੌੜਾ ਬੋਲਣ ਵਾਲਾ ਦੁਨੀਆਂ ਵਿਚ ਬਦਨਾਮ ਹੋ ਜਾਂਦਾ ਹੈ ਤੇ ਉਸ ਦੇ ਆਪਣੇ ਮਨ ਵਿਚ ਬੀ ਕੁੜੱਤਣ, ਸਰੀਰ ਵਿਚ ਬੀ ਫਿੱਕਾਪਨ ਵਾਪਰ ਜਾਂਦਾ ਹੈ ਤੇ ਮਰਕੇ ਦਰਗਾਹ ਵਿਚ ਗਿਆਂ ਬੀ ਉਹ ਧੱਕਿਆ ਜਾਂਦਾ ਹੈ*; ਇਉਂ ਇਹ ਸਲੋਕ ਪਉੜੀ ੧੯ ਦੇ ਭਾਵ ਨਾਲ ਢੁੱਕਦਾ ਹੈ। ਵੀਹਵੀਂ ਪਉੜੀ ਨਾਲ ਐਉਂ ਢੁੱਕਦਾ ਹੈ ਕਿ ਇਸ ਸਲੋਕ ਵਿਚ ਬਚਨਾ ਦੇ ਮੰਦੇ ਲਏ ਹਨ, ਅਗਲੇ ਵਿਚ ਮਨ ਤੇ ਕਰਮਾਂ ਦੇ ਮਾੜੇ ਲਏ ਹਨ ਤੇ ਐਉਂ ਦੋਹਾਂ ਸਲੋਕਾਂ ਵਿਚ ਮਨ ਬਚ ਕਰਮ ਦੇ ਤ੍ਰੈਏ ਮਾੜੇ ਆ ਗਏ। ਦੂਜੇ ਸਲੋਕ ਵਿਚ ਪਹਿਲੋਂ ਅੰਦਰੋਂ ਝੂਠੇ ਤੇ ਬਾਹਰੋਂ ਸਚੇ ਸੁਚੇ ਪਤਿਵੰਤੇ ਲਏ ਜੋ ਬਨਾਵਟ ਬਣਾ ਲੈਂਦੇ ਹਨ, ਉਹਨਾਂ ਬਾਬਤ ਦੱਸਦੇ ਹਨ ਕਿ ਉਹਨਾਂ ਦੀ ਮੈਲ ਕਦੇ ਉਤਰਦੀ ਹੀ ਨਹੀਂ, ਤੇ ਵਾਹਿਗੁਰੂ ਦੇ ਦਰ ਤੇ ਜਦ ਲੇਖਾ ਹੁੰਦਾ ਹੈ ਤਦ ਉਹ ਤੇਲ ਵਾਂਙੂ ਨਪੀੜੇ ਜਾਂਦੇ ਹਨ। ਇਸੇ ਸਲੋਕ ਵਿਚ ਇਨ੍ਹਾਂ ਦੇ ਉਲਟ ਉਹ ਭਲੇ ਪੁਰਸ਼ ਬੀ ਲਏ ਹਨ, ਜੋ ਅੰਦਰੋਂ ਸੁੱਚੇ ਤੇ ਸੱਚੇ ਹਨ, ਤੇ ਬਾਹਰੋਂ ਸਿੱਧ ਪੱਧਰੇ ਹਨ, ਰੱਬ ਦੇ ਦਰਸ਼ਨ ਪਜਾਸੇ ਹਨ, ਰਬ ਦੀ ਰਜ਼ਾ ਤੇ ਟੁਰਦੇ ਹਨ। ਉਹ ਭਲੇ ਪੁਰਸ਼ ਕਹੇ ਹਨ।

ਹੁਣ ਇਹ ਪ੍ਰਸ਼ਨ ਪੈਦਾ ਹੋ ਜਾਂਦਾ ਹੈ ਕਿ ਕੀ ਜਗਤ ਆਪੇ ਹੀ ਪੈਦਾ ਹੋ ਗਿਆ ਤੇ ਆਪੇ ਖੇਲ ਹੋ ਰਹੀ ਹੈ? ਪਉੜੀ ਵਿਚ ਇਸੇ ਗਲ ਦਾ ਉੱਤਰ ਹੈ ਕਿ ਕਰਤਾਰ ਨੇ ਆਪ ਹੀ ਰਚਨਾ ਰਚੀ ਹੈ ਤੇ ਆਪਣੀ ਸ਼ਕਤੀ ਨਾਲ ਧਾਰਨ ਕੀਤੀ ਹੋਈ ਹੈ ਤੇ ਇਸ ਵਿਚ ਜੋ ਲੋਕ ਮੰਦਿਆਈਆਂ ਕਰਕੇ ਕੱਚੇ ਰਹਿ ਗਏ ਹਨ ਤੇ ਜੋ ਲੋਕ ਚੰਗਿਆਈਆਂ ਕਰਕੇ ਪੁੱਗ ਗਏ ਹਨ ਉਹ ਸਭਨਾਂ ਨੂੰ ਦੇਖ ਰਿਹਾ ਹੈ। ਅਰਥਾਤ ਸਭ ਦਾ ਹਿਸਾਬ ਕਰੇਗਾ ਤੇ ਕੱਚੇ ਰਹਿਆਂ ਦਾ 'ਦਰਿ ਲਏ ਲੇਖਾ ਪੀੜਿ ਛੁਟੈ ਨਾਨਕਾ ਜਿਉ ਤੇਲੁ 'ਜੋ ਤੁਕ ਕਿ ਦੂਸਰੇ ਸ਼ਲੋਕ ਦੇ ਅਖੀਰ ਤੇ ਕਹੀ ਹੈ। ਤੇ ਇਸ ਤੋਂ ਬਚਨ ਦਾ ਉਪਾਉ ਦੱਸਿਆ:-

ਜਿਸਕੇ ਜੀਅ ਪਰਾਣ ਹਹਿ ਕਿਉ ਸਾਹਿਬੁ ਮਨਹੁ ਵਿਸਾਰੀਐ॥

ਨਿਰੁਕ੍ਤ-ਫਿਕੈ-ਫਿਕਾ, ਗੁਰੂ ਜੀ ਨੇ ਬੜਾ ਸ਼ੁਸਤਾ ਪਦ ਵਰਤਿਆ ਹੈ, ਮੁਰਾਦ ਹੈ ਕਉੜੇ ਵਾਕਾਂ ਤੋਂ ਜੋ ਮਜ਼ਹਬੀ ਬਹਿਸਾਂ ਵੇਲੇ ਵਰਤ ਲੈਂਦੇ ਸਨ। ਯਥਾ:-

ਸਚੁ ਕਿਨਾਰੇ ਰਹਿ ਗਇਆ ਖਹਿ ਮਰਦੇ ਬਾਹਮਣ ਮਉਲਾਣੇ॥ [ਭਾਈ ਗੁਰਦਾਸ ਵਾਰ ੧-੨੧]

ਗੁਦੜੁ-ਗੋਦੜੀ। ਟੁੱਟੇ ਖੱਥੇ ਉੱਨ ਰੇਸ਼ਮ ਨੂੰ ਬੀ ਕਹਿੰਦੇ ਹਨ।

---

* ਇਕ ਫਲ=ਅਪਣਾ ਅੰਦਰ ਮੈਲਾ ਹੋ ਜਾਣਾ। ਦੂਜਾ ਫਲ=ਜਗਤ ਵਿਚ ਬਦਨਾਮੀ। ਤੀਜਾ ਫਲ=ਦਰਗਾਹ ਵਿਚ ਸ਼ਰਮਿੰਦਗੀ।

ਪਟੁ-ਰੇਸ਼ਮ। (ਅ) ਪਟੁ=ਨਿਪੁੰਨ ਭਾਵ ਗਜ਼ਾਨਵਾਨ। [ਸੰਸ:, ਪਟੁ=ਚਤੁਰ, ਨਿਪੁੰਨ ਆਦਿ] । ਯਥਾ:-

ਗੁਰ ਸਿਖੀ ਗੁਰ ਸਿਖ ਸੁਣ ਅੰਦਰਿ ਸਿਆਨਾ ਬਾਹਰਿ ਭੋਲਾ। [ਭਾਈ ਗੁਰਦਾਸ ਵਾਰ ੪-੧੭]

ਦਰਿ ਵਾਟ ਖਰਚੁ-ਰਸਤੇ ਦਾ ਖਰਚ। (ਅ) ਐਉਂ ਬੀ ਕਰਦੇ ਹਨ-ਪਰਮੇਸ਼ੁਰ ਦੇ ਦਰ ਤੋਂ ਰਸਤੇ ਦੀ ਖ਼ੁਰਾਕ (ਨਾਮ) ਮੰਗਦੇ ਹਨ।

ਸਾਰੀਐ- [ਸੰਸ:, ਸਾਰ:=ਸ਼ਤਰੰਜ ਦਾ ਮੋਹਰਾ] ਨਰਦ। ਯਥਾ:-

ਬਬੈ ਬਾਜੀ ਖੇਲਣ ਲਾਗਾ ਚਉਪੜਿ ਕੀਤੇ ਚਾਰਿ ਜੁਗਾ॥
ਜੀਅ ਜੰਤ ਸਭ ਸਾਰੀ ਕੀਤੇ ਪਾਸਾ ਢਾਲਣਿ ਆਪਿ ਲਗਾ॥ [ਆਸਾ ਮਹਲਾ ੧ ਪਟੀ-੨੯]

[ਪਉੜੀ ਇਕੀਹਵੀਂ]

ਪ੍ਰਾਕ੍ਥਨ-ਅਗੇ ਹੁਣ ਸਚੇ ਸੇਵਕ ਦੇ ਵਾਹਿਗੁਰੂ-ਪ੍ਰੇਮ ਯਾ ਗੁਰੂ-ਪ੍ਰੇਮ ਦੇ ਲੱਛਣ ਦੱਸਦੇ ਹਨ:-

ਮੂਲ	ਅਰਥ
ਸਲੋਕੁ ਮਹਲਾ ੨ ॥ ਏਹ ਕਿਨੇਹੀ ਆਸਕੀ ਦੂਜੈ ਲਗੈ ਜਾਇ ॥ ਨਾਨਕ ਆਸਕੁ ਕਾਂਢੀਐ ਸਦ ਹੀ ਰਹੈ ਸਮਾਇ ॥ ਚੰਗੈ ਚੰਗਾ ਕਰਿ ਮੰਨੇ ਮੰਦੈ ਮੰਦਾ ਹੋਇ ॥ ਆਸਕੁ ਏਹੁ ਨ ਆਖੀਐ ਜਿ ਲੇਖੈ ਵਰਤੈ ਸੋਇ ॥੧॥	(ਜੇ ਕੋਈ ਅਪਣੇ ਪਜਾਰੇ ਤੋਂ ਛੁੱਟ ਕਿਸੇ) ਦੂਸਰੇ ਨਾਲ (ਪ੍ਰੀਤ) ਜਾ ਲਾਵੇ (ਤਾਂ) ਇਹ ਆਸ਼ਕੀ ਕੇਹੀ (ਭਾਵ ਇਹ ਆਸ਼ਕੀ ਯਾ ਪ੍ਰੇਮ ਨਹੀਂ ਹੈ)। ਹੇ ਨਾਨਕ ! ਆਸ਼ਕ ਉਹੀ ਕਹੀਦਾ ਹੈ (ਜੋ ਅਪਣੇ ਪ੍ਰੀਤਮ ਵਿਚ ਹੀ) ਸਦਾ ਸਮਾਇਆ ਰਹੇ। ਜੋ ਚੰਗਿਆਈ ਨੂੰ ਚੰਗਿਆਈ ਕਰਕੇ ਮੰਨਦਾ ਹੈ ਤੇ ਮੰਦਿਆਈ ਨੂੰ ਮੰਦਿਆਈ ਕਰਕੇ ਜਾਣਦਾ ਹੈ, ਉਹ ਤਾਂ ਲੇਖੇ ਵਿਚ ਵਰਤ ਰਿਹਾ ਹੈ, ਉਹ ਆਸ਼ਕ ਨਹੀਂ ਕਿਹਾ ਜਾਂਦਾ॥ ੧॥

ਵਯਾਖਯਾ-ਇਸ ਸਲੋਕ ਵਿਚ ਪ੍ਰੇਮ ਤੇ ਅਪ੍ਰੇਮ ਦਾ ਵਿਤ੍ਰੇਕ ਹੈ। ਪ੍ਰੇਮ ਵਿਚ ਉਹ ਹੈ ਜੋ ਜਦ ਲਗਦਾ ਹੈ ਤਾਂ ਹੋਰ ਵਿਚ ਨਹੀਂ ਲਗਣ ਦੇਂਦਾ, ਅੰਤ ਵਿਚ ਉਸ ਪ੍ਰੀਤਮ ਵਿਚ ਸਮਾਈ ਰਖਦਾ ਹੈ, ਜੇ ਉਹ-ਚਾਹੋ ਕਾਰਣ ਕੋਈ ਹੋਵੇ-ਉਥੋਂ ਤ੍ਰੁਟਦਾ ਤੇ ਹੋਰਥੇ ਜਾਂਦਾ ਹੈ ਤਾਂ ਕਰਨ ਵਾਲਾ ਪ੍ਰੇਮੀ ਨਹੀਂ ਸੀ। ਫੇਰ ਜੋ ਵਰਤਾਉ ਪਜਾਰੇ ਵਲੋਂ ਹੋਵੇ ਪਜਾਰ ਕਰਨ ਵਾਲਾ ਉਸ ਨੂੰ ਮਿੱਠਾ ਕਰਕੇ ਮੰਨੇ, ਜੋ ਚੰਗੇ ਵਰਤਾਉ ਨਾਲ ਪ੍ਰਸੰਨ ਤੇ ਮਾੜੇ ਨਾਲ ਅਪ੍ਰਸੰਨ ਹੁੰਦਾ ਹੈ, ਉਹ ਹਿਸਾਬ ਵਿਚ ਹੈ, ਪ੍ਰੇਮ ਵਿਚ ਨਹੀਂ। ਸੁਖ ਮਿਲੇ ਤਾਂ ਵਾਹਿਗੁਰੂ ਨਾਲ ਪ੍ਰੇਮ, ਦੁਖ ਆਵੇ ਤਾਂ ਉਪ੍ਰਾਮਤਾ, ਇਹ ਪ੍ਰੇਮੀ ਦੇ ਲੱਛਣ ਨਹੀਂ ਹਨ।

ਮਹਲਾ ੨ ॥ ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ ॥ ਨਾਨਕ ਦੋਵੈ ਕੂੜੀਆ ਥਾਇ ਨ ਕਾਈ ਪਾਇ ॥੨॥	*(ਮਾਲਕ ਤੋਂ ਕੁਛ ਮਿਲਣ ਵੇਲੇ ਜੇ ਨੌਕਰ) ਸਲਾਮ ਕਰਦਾ ਹੈ, (ਮਾਲਕ ਵਲੋਂ ਕੋਈ ਹੁਕਮ ਹੋਣ ਉਤੇ ਜੇ ਅਗੋਂ) ਜਵਾਬ ਦੇਂਦਾ ਹੈ, (ਅਰਥਾਤ ਜੇ ਏਹ ਪਰਸਪਰ ਵਿਰੋਧੀ) ਦੋਵੇਂ (ਗਲਾਂ) ਕਰਦਾ ਹੈ, ਉਹ (ਅਪਣੇ ਸੇਵਾ ਦੇ) ਅਰੰਭ ਤੋਂ ਹੀ ਭੁੱਲੀ ਪੈ ਗਿਆ ਹੈ। (ਉਹ ਸੁਆਰਥੀ ਹੈ, ਸੇਵਕ ਨਹੀਂ, ਉਸ ਦੀਆਂ) ਦੁਇ (ਗਲਾਂ ਕੂੜੀਆਂ=) ਬਨਾਵਟੀ ਹਨ, ਕੋਈ ਬੀ ਸਿਰੇ ਨਹੀਂ ਚੜ੍ਹਨੀ, (ਫੁਰਮਾਉਂਦੇ ਹਨ ਗੁਰੂ) ਨਾਨਕ ਦੇਵ ਜੀ॥ ੨॥

* ਏਹ ਵਾਕ ਬੇਥਵੇ ਜਗਜਾਸੂ ਯਾ ਸੁਆਰਥੀ ਜਗਜਾਸੂ ਦੋਹਾਂ ਪਰਥਾਇ ਘਟਦੇ ਹਨ।

ਨਾਮ ਸਿਮਰਨ ਤੇ ਸ਼ੁਭ ਕਰਨੀ ਕਰਨ ਦਾ ਉਪਦੇਸ਼ ਦੇਂਦੇ ਹਨ।

ਪਉੜੀ॥ਜਿਤੁ ਸੇਵਿਐ ਸੁਖੁ ਪਾਈਐ ਸੋ ਸਾਹਿਬੁ ਸਦਾ ਸਮ੍ਾਲੀਐ ॥ ਜਿਤੁ ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਐ ॥ ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ॥ ਜਿਉ ਸਾਹਿਬ ਨਾਲਿ ਨ ਹਾਰੀਐ ਤੇਵੇਹਾ ਪਾਸਾ ਢਾਲੀਐ ॥ ਕਿਛੁ ਲਾਹੇ ਉਪਰਿ ਘਾਲੀਐ ॥੨੧॥

ਜਿਸ ਮਾਲਕ (ਵਾਹਿਗੁਰੂ) ਦੀ ਸੇਵਾ ਕਰਨ ਨਾਲ ਸੁਖ ਪਾਈਦਾ ਹੈ (ਚਾਹੀਦਾ ਹੈ ਕਿ) ਉਸਨੂੰ ਸਦਾ ਯਾਦ ਕਰੀਏ। ਜਿਸ ਆਪਣੀ (ਕੀਤੀ ਮੰਦੀ) ਕਰਨੀ ਦਾ (ਫਲ) ਆਪ ਹੀ ਪਾਉਣਾ ਪੈਂਦਾ ਹੈ, (ਚਾਹੀਦਾ ਹੈ ਕਿ ਉਹ ਬੁਰੀ ਕਰਨੀ ਕਰੀਏ ਹੀ ਨਾ। (ਫਿਰ) ਡੂੰਘੀ ਦ੍ਰਿਸ਼ਟੀ ਨਾਲ ਵੀਚਾਰ ਕਰੀਏ (ਤਾਂ ਦਿੱਸ ਪਏਗਾ ਕਿ) ਮੰਦਿਆਈ (ਹੈ ਹੀ ਮੰਦੀ ਵਸਤੂ, ਇਹ ਮੂਲੋਂ ਹੀ ਨਹੀਂ ਕਰਨੀ ਚਾਹੀਏ। (ਗਲ ਕੀ, ਇਸ ਜੀਵਨ ਵਿਚ ਚੌਪੜ ਦੀ ਖੇਲ ਵਾਙੂ) ਪਾਸਾ ਐਉਂ ਦਾ ਢਾਲੀਏ ਜਿਸ ਤਰ੍ਹਾਂ ਦਾ ਕਿ ਮਾਲਕ ਅਗੇ (ਬਾਜ਼ੀ) ਹਾਰ ਨਾ ਜਾਈਏ। (ਜੋ ਕੁਛ ਕਰੀਏ ਘਾਟੇ ਦੇ ਪੱਖ ਦਾ ਨਾ ਹੋਵੇ ਸਗੋਂ) ਕੁਛ ਨਫੇਵੰਦਾ ਕਰੀਏ॥ ੨੧॥

ਵਜਾਖਜਾ–ਤੁਕ ੨ ਤੇ ੩ ਵਿਚ ਸ਼ੁਭ ਕਰਮਾਂ ਦਾ ਉਪਦੇਸ਼ ਹੈ, ਪਹਿਲੀ ਵਿਚ ਨਾਮ ਜਪ ਦਾ ਉਪਦੇਸ਼ ਹੈ, ਤੁਕ ੪ ਤੇ ੫ ਵਿਚ ਪਹਿਲੀ ਤੁਕ ਵਲ ਇਸ਼ਾਰਾ ਹੈ ਕਿ ਇਸ ਜੀਵਨ ਵਿਚ ਨਿਰੇ ਕਰਮ ਹੀ ਕਾਫੀ ਨਹੀਂ ਪਰ ਚੌਪੜ ਦੀ ਖੇਡ ਵਾਙੂ ਪਾਸਾ ਸੁੱਟੋ ਜੋ ਕਾਮ ਕ੍ਰੋਧ ਪਰ ਤੁਸਾਡੀ ਜਿੱਤ ਹੋਕੇ ਸਾਈਂ ਦੀ ਪ੍ਰਾਪਤੀ ਹੋ ਜਾਏ। 'ਪਾਸਾ ਢਾਲਣ' ਦਾ ਭਾਵ ਨਾਮ ਸਿਮਰਨ ਹੈ, ਇਹ ਗਲ ਗੁਰੂ ਜੀ ਨੇ ਇਉਂ ਦੱਸੀ ਹੈ:-

> ਇਨਿ ਬਿਧਿ ਪਾਸਾ ਢਾਲਹੁ ਬੀਰ॥ ਗੁਰਮੁਖਿ ਨਾਮੁ ਜਪਹੁ ਦਿਨੁ ਰਾਤੀ ਅੰਤ ਕਾਲਿ ਨਹ ਲਾਗੈ ਪੀਰ॥ ੧॥ ਰਹਾਉ॥
> ਕਰਮ ਧਰਮ ਤੁਮ੍ ਚਉਪੜਿ ਸਾਜਹੁ ਸਤੁ ਕਰਹੁ ਤੁਮ ਸਾਰੀ॥ ਕਾਮੁ ਕ੍ਰੋਧੁ ਲੋਭੁ ਮੋਹੁ ਜੀਤਹੁ ਐਸੀ ਖੇਲ ਹਰਿ ਪਿਆਰੀ॥
>
> [ਬਸੰਤ ਮਹਲਾ ੫-੧੯]

ਪਾਸਾ ਢਾਲਣ ਦੀ ਉਪਮਾਂ ਨਾਮ ਨਾਲ ਕਿਉਂ ਦਿਤੀ ਹੈ? ਇਸ ਲਈ ਕਿ ਪਾਸਾ ਸਿੱਧਾ ਪੈਣ ਵਿਚ ਕਿਸਮਤ ਦੀ ਸਹਾਯਤਾ ਦੀ ਲੋੜ ਹੁੰਦੀ ਹੈ, ਇਸ ਤਰ੍ਹਾਂ ਨਾਮ ਆਰਾਧਣ ਦੀ ਸਫਲਤਾ ਲਈ ਪ੍ਰਭੂ ਦੀ ਮੇਹਰ ਦੀ ਲੋੜ ਹੈ।

ਪਉੜੀ ਤੇ ਸ਼ਲੋਕਾਂ ਦਾ ਸੰਮੇਲਨ––ਇਕੀਵੀਂ ਪਉੜੀ ਵਿਚ ਸਚੇ ਸਾਹਿਬ ਵਾਹਿਗੁਰੂ ਜੀ ਦੀ ਸੇਵਾ ਦਾ ਰੂਪ ਦੱਸਿਆ ਹੈ, ਮੰਦੇ ਕਰਮਾਂ ਤੇ ਮੰਦੀ ਘਾਲ ਤੋਂ ਰੋਕਿਆ ਹੈ, ਤੇ ਜਿਸ ਗੱਲੇ ਸਾਹਿਬ ਰੀਝੇ ਤੇ ਖੁਸ਼ ਹੋਵੇ ਉਹ ਕਮਾਈ ਕਰਨੀ ਦੱਸੀ ਹੈ। ਗੋਯਾ 'ਸੇਵਕ' ਦਾ ਰੂਪ ਦੱਸਿਆ ਹੈ, ਸੋ ਪਹਿਲੇ ਸਲੋਕ ਵਿਚੋਂ ਬੀ ਪਉੜੀ ਵਿਚ ਕਹੇ ਭਾਵ ਉਤੇ ਚਾਨਣਾ ਪੈਂਦਾ ਹੈ, ਯਥਾ ਸੇਵਕ ਨੂੰ ਆਸ਼ਕ ਯਾ ਪ੍ਰੇਮੀ ਹੋਣਾ ਚਾਹੀਏ ਜੋ ਅਪਣੇ ਸਾਹਿਬ ਤੋਂ ਸਿਵਾ ਕਿਸੇ ਹੋਰ ਦਾ ਪ੍ਰੇਮੀ ਨਾ ਹੋਵੇ, ਤੇ ਸਦਾ ਸੇਵਾ ਵਿਚ ਤਤਪਰ ਰਹੇ, ਐਸਾ ਕਿ ਸਾਹਿਬ ਦੀ ਸ਼ਰਨ ਵਿਚ ਹੀ ਸਮਾਇਆ ਹੋਇਆ ਹੈ।

ਜੇ ਉਹ ਸਾਹਿਬ ਵਲੋਂ ਚੰਗਿਆਈ ਹੋਈ ਨੂੰ ਚੰਗੀ ਸਮਝੇ, ਤੇ ਮੰਦਿਆਈ ਨੂੰ ਮੰਦੀ ਸਮਝੇ ਤਾਂ ਉਹ ਪ੍ਰੇਮੀ ਨਹੀਂ ਹੈ, ਕਿਉਂਕਿ ਉਹ ਹਿਸਾਬਾਂ ਵਿਚ ਵਰਤ ਰਿਹਾ ਹੈ।

ਦੂਸਰੇ ਸਲੋਕ ਵਿਚ ਬੀ ਦੱਸਿਆ ਹੈ ਕਿ ਜੋ ਕੋਈ ਸਾਹਿਬ ਨੂੰ ਸਲਾਮ ਕਰਦਾ ਅਰਥਾਤ ਉਸ ਦੀ ਸੇਵਾ ਨੂੰ ਸਿਰ ਮੱਥੇ ਤੇ ਧਰਦਾ ਹੈ ਤੇ ਕਿਸੇ ਵੇਲੇ ਸਾਹਮਣੇ ਵੀ ਬੋਲ ਪੈਂਦਾ ਹੈ ਉਹ ਸੇਵਕ ਨਹੀਂ ਹੈ ਤੇ ਉਸ ਨੂੰ ਢੋਈ ਕਿਤੇ ਨਹੀਂ। ਐਉਂ ਪਉੜੀ ਤੇ ਸਲੋਕਾਂ ਵਿਚ ਸੇਵਕ ਤੇ ਸੇਵਾ ਦਾ ਆਦਰਸ਼ ਹੀ ਨਿਰੂਪਣ ਹੋ ਰਿਹਾ ਹੈ।

ਨਿਰੁਕਤ-ਸਲਾਮੁ-ਇਤਾਇਤ। ਝੁਕਣਾ। ਸਿਰ ਨਿਵਾਉਣਾ।

ਜਬਾਬੁ-'ਜਵਾਬ ਦੇਣਾ' ਮੁਹਾਵਰਾ ਹੈ ਸਾਹਮਣੇ ਬੋਲਣ ਦਾ।

ਚਾਕਰੁ ਕਹੀਐ ਖਸਮ ਕਾ ਸਉਹੇ ਉਤਰ ਦੇਇ॥
ਵਜਹੁ ਗਵਾਏ ਆਪਣਾ ਤਖਤਿ ਨ ਬੈਸਹਿ ਸੇਇ॥ [ਰਾਮ: ਮ: ੧, ਓਅੰ:-੪੫]

ਘੁਥਾ-ਖੁੰਝਿਆ, ਭੁੱਲਾ ਹੋਇਆ।

ਥਾਇ ਨ ਕਾਈ ਪਾਇ-ਸਫਲ ਨਹੀਂ ਹੋਣੀਆਂ, ਸਿਰੇ ਨਹੀਂ ਚੜ੍ਹਨੀਆਂ। (ਅ) ਅਥਵਾ, (ਐਸਾ ਕਰਨੇ ਵਾਲਾ) ਕਿਤੇ ਢੋਈ ਪ੍ਰਾਪਤ ਨਹੀਂ ਕਰੇਗਾ। [ਸੰਪ੍ਰ:।

ਸਮ੍ਹਾਲੀਐ-ਸਿਮਰੀਏ, ਯਾਦ ਕਰੀਏ। [ਹਿੰ:, ਸਮਾਰਣਾ=ਸਿਮਰਣ ਕਰਨਾ]।

ਕਿਉ ਘਾਲੀਐ-ਭਾਵ ਹੈ ਨਾ ਕਰੀਏ।

[ਪਉੜੀ ਬਾਈਵੀਂ]

ਪ੍ਰਾਕ੍ਥਨ-ਚੰਗੇ ਸੇਵਕ ਦੇ ਰੂਪਕ ਵਿਚ ਨਿਰਅਭਿਮਾਨ ਜਗਜਾਸੂ ਦਾ ਮਾਰਗ ਦੱਸਦੇ ਹਨ।

ਮੂਲ	ਅਰਥ
ਸਲੋਕੁ ਮਹਲਾ ੨ ॥ ਚਾਕਰੁ ਲਗੈ ਚਾਕਰੀ ਨਾਲੇ ਗਾਰਬੁ ਵਾਦੁ ॥ ਗਲਾ ਕਰੇ ਘਣੇਰੀਆ ਖਸਮ ਨ ਪਾਏ ਸਾਦੁ ॥ ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ ॥ ਨਾਨਕ ਜਿਸ ਨੋ ਲਗਾ ਤਿਸੁ ਮਿਲੈ ਲਗਾ ਸੋ ਪਰਵਾਨੁ ॥੧॥	(ਜੇ ਕੋਈ) ਸੇਵਕ ਸੇਵਾ ਵਿਚ ਲੱਗੇ ਤੇ ਨਾਲ ਹੀ ਹੰਕਾਰ ਕਰੇ, (ਕਿਸੇ ਵੇਲੇ ਮਾਲਕ ਨਾਲ) ਝਗੜਾ (ਬੀ) ਕਰ ਲਵੇ (ਤੇ) ਚਬੜ ਚਬੜ ਕਰਕੇ ਬੀ ਬਹੁਤ ਬੋਲੇ, (ਉਹ) ਮਾਲਕ (ਦੀ ਪ੍ਰਸੰਨਤਾ) ਦਾ ਸੁਆਦ ਨਹੀਂ ਪ੍ਰਾਪਤ ਕਰ ਸਕਦਾ। (ਹਾਂ ਜੇ) ਆਪਾ ਭਾਵ ਗੁਆਕੇ ਸੇਵਾ ਕਰੇ ਤਾਂ ਉਹ ਕੁਛ ਸਤਿਕਾਰ ਪਾ ਲਏਗਾ, (ਪਰ) ਹੇ ਨਾਨਕ ! (ਕਿਸੇ ਜਗਜਾਸੂ ਸੇਵਕ ਦਾ) ਲਗਣਾ ਤਾਂ ਪਰਵਾਨ (ਸਫਲ ਲਗਣਾ ਸਮਝੀਦਾ ਹੈ ਜੇ ਉਹ ਇਸ ਤਰ੍ਹਾਂ ਟੁਰੇ ਕਿ) ਜਿਸਨੂੰ ਲਗਾ ਹੈ ਉਸਨੂੰ ਪ੍ਰਾਪਤ ਹੋ ਜਾਵੇ॥ ੧॥

ਵਯਾਖਯਾ-ਪਹਿਲੇ ਕਿਹਾ ਹੈ 'ਤਾ ਕਿਛੁ ਪਾਏ ਮਾਨ'। ਇਸ ਤੋਂ ਸੰਭਾਵਨਾ ਹੁੰਦੀ ਹੈ ਕਿ ਸਾਰਾ ਕੰਮ ਕੀਕੂੰ ਹੋਵੇ? ਤਾਂ ਦੱਸਦੇ ਹਨ ਕਿ ਆਪਾ ਭਾਵ ਗੁਆ ਕੇ ਐਸੀ ਲੱਗਕੇ ਸੇਵਾ ਕਰੀ ਜਾਏ ਕਿ ਜਿਸ ਤਰ੍ਹਾਂ ਮਾਲਕ ਪ੍ਰਸੰਨ ਹੁੰਦਾ ਹੈ। ਇਥੋਂ ਤਾਈਂ ਕਿ ਮਾਲਕ ਉਸ ਨੂੰ ਅਪਣਾ ਲਵੇ ਤਦ ਸੇਵਾ ਵਿਚ ਲੱਗਣਾ ਪਰਵਾਨ ਅਰਥਾਤ ਸਫਲ ਹੈ। ਭਾਵ ਉਹ ਸੇਵਕ ਦਰ ਕਬੂਲ ਪੈਂਦਾ ਹੈ।

ਮਹਲਾ ੨ ॥ ਜੋ ਜੀਇ ਹੋਇ ਸੁ ਉਗਵੈ ਮੁਹ ਕਾ ਕਹਿਆ ਵਾਉ ॥ ਬੀਜੇ ਬਿਖੁ ਮੰਗੈ ਅੰਮ੍ਰਿਤੁ ਵੇਖਹੁ ਏਹੁ ਨਿਆਉ ॥੨॥	ਜੋ ਕੁਛ (ਕਿਸੇ ਦੇ) ਜੀ ਵਿਚ (ਬੀਜ ਰੂਪ ਵਿਚ) ਹੁੰਦਾ ਹੈ ਓਹੋ ਉਗਦਾ ਹੈ (ਮੂੰਹੋਂ ਨਿਕਲ ਆਉਂਦਾ ਹੈ। ਜੋ ਕੁਛ ਕੋਈ ਉਪਰੋਂ ਉਪਰੋਂ ਆਖਦਾ ਹੈ ਉਹ ਉਸਦਾ) ਮੂੰਹ (ਮਾਤ੍ਰ ਤੋਂ) ਆਖਿਆ ਨਿਸ਼ਫਲ ਜਾਂਦਾ ਹੈ। (ਜੇ ਕੋਈ) ਵਿਹੁ ਬੀਜੇ (ਤੇ ਫਲ ਉਸਦਾ) ਮੰਗੇ ਅੰਮ੍ਰਿਤ (ਹੁਣ ਤੁਸੀਂ ਹੀ) ਦੇਖੋ ! (=ਸੋਚ ਕਰੋ ਕਿ ਕੀ) ਇਹ ਨਿਆਉਂ ਹੈ? (ਭਾਵ ਇਹ ਨਿਆਉਂ ਨਹੀਂ ਹੈ)॥ ੨॥

ਵਯਾਖਯਾ-ਹਿਰਦੇ ਵਿਚ ਬੀਜ ਵੈਰ ਦਾ ਹੈ, ਮੂੰਹੋਂ ਗੱਲਾਂ ਪਿਆਰ ਦੀਆਂ ਕਰਦਾ ਹੈ, ਕਿਸੇ ਨਾ ਕਿਸੇ ਵੇਲੇ ਇਹ ਵੈਰ ਮੂੰਹ ਚੜ੍ਹ ਬੋਲੇਗਾ। ਭਲਾ ਸੋਚੋ ਜਦ ਅੰਦਰ ਬੀਜ ਤਾਂ ਪਿਆ ਹੈ ਵਿਹੁ (ਵੈਰ) ਦਾ, ਇਹ ਜਦ ਉੱਗੇਗਾ ਫਲ ਅੰਮ੍ਰਿਤ ਕੀਕੂੰ ਪਵੇਗਾ?

ਮਹਲਾ ੨ ॥ ਨਾਲਿ ਇਆਣੇ ਦੋਸਤੀ ਕਦੇ ਨ ਆਵੈ ਰਾਸਿ ॥ ਜੇਹਾ ਜਾਣੈ ਤੇਹੋ ਵਰਤੈ ਵੇਖਹੁ ਕੋ ਨਿਰਜਾਸਿ ॥ ਵਸਤੂ ਅੰਦਰਿ ਵਸਤੁ ਸਮਾਵੈ ਦੂਜੀ ਹੋਵੈ ਪਾਸਿ ॥ ਸਾਹਿਬ ਸੇਤੀ ਹੁਕਮੁ ਨ ਚਲੈ ਕਹੀ ਬਣੈ ਅਰਦਾਸਿ ॥ ਕੂੜਿ ਕਮਾਣੈ ਕੂੜੋ ਹੋਵੈ ਨਾਨਕ ਸਿਫਤਿ ਵਿਗਾਸਿ ॥੩॥

ਅਗਯਾਨੀ ਨਾਲ (ਲਾਈ ਹੋਈ) ਦੋਸਤੀ ਕਦੇ ਸੂਤ ਨਹੀਂ ਬੈਠਦੀ, (ਕਿਉਂਕਿ) ਜਿਹੋ ਜਿਹਾ ਉਸਦਾ ਗਯਾਨ ਹੈ ਉਹੋ ਜਿਹੀ ਹੀ (ਉਸਦੀ) ਵਰਤਣ ਹੁੰਦੀ ਹੈ। ਕੋਈ (ਇਸ ਗਲ ਦਾ) ਨਿਰਣਾ (ਆਪ) ਕਰਕੇ ਦੇਖ ਲਵੇ। (ਜੇ ਅਗਯਾਨੀ ਦਾ ਅਗਯਾਨ ਦੂਰ ਕਰਨਾ ਚਾਹੁੰਦੇ ਹੋ ਤਾਂ ਉਸਨੂੰ ਗਯਾਨ ਦੇਣਾ ਆਰੰਭ ਕਰੋ ਕਿਉਂਕਿ ਜਿਉਂ ਜਿਉਂ) ਕਿਸੇ ਅਗੇ ਪਈ ਵਸਤੂ ਵਿਚ ਹੋਰ ਵਸਤੂ ਪਾਈ ਜਾਓਗੇ ਤਾਂ ਦੂਸਰੀ (ਵਸਤੂ ਜੋ ਪਹਿਲੇ ਪਈ ਹੋਈ ਸੀ ਉਹ) ਦੂਰ ਹੁੰਦੀ ਜਾਏਗੀ*। (ਪਰ ਇਹ ਗਲ ਜ਼ੋਰ ਦੀ ਨਹੀਂ, ਕਿਉਂਕਿ) ਮਾਲਕ ਨਾਲ ਹੁਕਮ ਨਹੀਂ ਟੁਰਦਾ (ਉਸ ਅਗੇ ਤਾਂ) ਅਰਦਾਸ ਹੀ ਕੀਤੀ ਬਣਦੀ ਹੈ। (ਅਰਦਾਸ ਦੇ ਨਾਲ) ਸਿਫਤ ਸਲਾਹ (ਵਿਚ ਪੈਣਾ ਚਾਹੀਏ, ਜਿਸ) ਨਾਲ (ਕਿ ਕੂੜ ਦੀ ਮੈਲ ਦੂਰ ਹੋਕੇ ਆਤਮ-) ਵਿਕਾਸ਼ ਪ੍ਰਾਪਤ ਹੋਵੇਗਾ (ਭਾਵ ਗਯਾਨ ਦਾ ਖੇੜਾ ਪ੍ਰਾਪਤ ਹੋਵੇਗਾ, ਪਰ ਜੇ ਪਹਿਲੇ ਵਾਂਙੂ) ਕੂੜ ਹੀ ਪਿਆ ਕਮਾਵੇਗਾ ਤਾਂ ਕੂੜ ਹੀ ਪੱਲੇ ਪਿਆ ਰਹੇਗਾ, (ਆਤਮ ਵਿਕਾਸ਼ ਪ੍ਰਾਪਤ ਨਹੀਂ ਹੋਵੇਗਾ), ਹੇ ਨਾਨਕ !॥ ੩॥

ਮਹਲਾ ੨ ॥ ਨਾਲਿ ਇਆਣੇ ਦੋਸਤੀ ਵਡਾਰੂ ਸਿਉ ਨੇਹੁ ॥ ਪਾਣੀ ਅੰਦਰਿ ਲੀਕ ਜਿਉ ਤਿਸ ਦਾ ਥਾਉ ਨ ਥੇਹੁ ॥੪॥

ਅਜਾਣ (ਯਾ ਇਆਣੇ) ਨਾਲ ਮਿਤ੍ਰਤਾ (ਯਾ ਕਿਸੇ ਆਪ ਤੋਂ) ਵਡੇ ਨਾਲ ਪਿਆਰ (ਐਸਾ ਹੈ) ਜੈਸੇ ਪਾਣੀ ਵਿਚ ਲੀਕ (ਹੁੰਦੀ ਹੈ, ਜੋ ਪੈਂਦੀ ਤਾਂ ਹੈ, ਪਰ ਤਤਛਿਨ) ਉਸ ਦਾ ਥਹੁ ਥਿੱਤਾ ਨਹੀਂ ਰਹਿੰਦਾ॥ ੪॥

ਮਹਲਾ ੨॥ ਹੋਇ ਇਆਣਾ ਕਰੇ ਕੰਮੁ ਆਣਿ ਨ ਸਕੈ ਰਾਸਿ ॥ ਜੇ ਇਕ ਅਧ ਚੰਗੀ ਕਰੇ ਦੂਜੀ ਭੀ ਵੇਰਾਸਿ ॥੫॥ਪਉੜੀ॥

ਹੋਵੇ ਅਜਾਣ (ਯਾ ਇਆਣਾ) ਤੇ ਕਰੇ ਕੰਮ (ਤਾਂ ਉਹ ਉਸ ਨੂੰ) ਸੂਤ ਨਹੀਂ ਲਿਆ ਸਕਦਾ। ਜੇ ਕੋਈ ਇਕ ਅੱਧੀ (ਗਲ) ਚੰਗੀ ਬੀ ਕਰ ਲਵੇ ਤਾਂ ਦੂਜੀ ਕੁਸੂਤ ਕਰ ਦੇਊ (ਭਾਵ ਵਿਗਾੜ ਦੇਵੇਗਾ)॥ ੫॥

ਚਾਕਰੁ ਲਗੈ ਚਾਕਰੀ ਜੇ ਚਲੈ ਖਸਮੈ ਭਾਇ ॥ ਹੁਰਮਤਿ ਤਿਸ ਨੋ ਅਗਲੀ ਓਹੁ ਵਜਹੁ ਭਿ ਦੂਣਾ ਖਾਇ ॥ ਖਸਮੈ ਕਰੇ ਬਰਾਬਰੀ

(ਕੋਈ) ਨੌਕਰ ਨੌਕਰੀ (ਦੇ ਕੰਮ) ਵਿਚ ਲਗ ਪਵੇ, (ਹੁਣ) ਜੇ ਤਾਂ (ਉਹ ਅਪਣੇ) ਮਾਲਕ ਦੇ ਭਾਣੇ ਵਿਚ ਤੁਰ ਪਵੇ (ਤਦ) ਉਸ ਨੂੰ ਬਹੁਤ ਇੱਜ਼ਤ ਮਿਲਦੀ ਹੈ ਤੇ ਰੁਜ਼ੀਨਾ ਬੀ ਉਹ ਦੂਣਾ ਖਾਂਦਾ ਹੈ। (ਪਰ ਜੇ ਚਾਕਰ) ਮਾਲਕ ਦੀ ਬਰੱਬਰੀ ਕਰੇਗਾ ਤਾਂ ਸਗੋਂ

* ਜਿਵੇਂ ਕੋਥਰੇ ਜਲ ਦੇ ਛੰਭ ਵਿਚ ਨਿਰਮਲ ਜਲ ਦੀ ਰੌ ਛਡ ਦਿਓ, ਜਿਉਂ ਜਿਉਂ ਇਹ ਨਿਰਮਲ ਜਲ ਪੈਂਦਾ ਜਾਏਗਾ, ਮੈਲਾ ਜਲ ਨਿਕਲ ਨਿਕਲਕੇ ਦੂਰ ਹੁੰਦਾ ਜਾਏਗਾ, ਅੰਤ ਉਸ ਛੰਭ ਵਿਚ ਕੇਵਲ ਨਿਰਮਲ ਜਲ ਰਹਿ ਜਾਏਗਾ। (ਅ) ਇਥੇ 'ਭਾਂਡੇ' ਦਾ ਅਧਯਾਹਾਰ ਕਰਕੇ ਸੰਪ੍ਰ: ਗਿਆਨੀ ਇਉਂ ਬੀ ਅਰਥ ਲਾਉਂਦੇ ਹਨ ਕਿ ਕਿਸੇ ਭਾਂਡੇ ਵਿਚ ਜੇ ਨਵੀਂ ਵਸਤੂ (ਆਤਮ ਗਯਾਨ) ਪਾਉਣਾ ਚਾਹੁੰਦੇ ਹੋ ਤਾਂ ਦੂਜੀ ਸ਼ੈ (ਹੰਕਾਰ ਯਾ ਅਵਿਦਯਾ) ਨੂੰ ਜੋ ਉਸ ਵਿਚ ਪਹਿਲੋਂ ਪਈ ਹੋਈ ਹੈ ਪਹਿਲਾਂ ਪਾਸੇ (ਲਾਂਭੇ) ਕਰ ਲਓ, ਭਾਵ ਕੱਢ ਦਿਓ।

ਫਿਰਿ ਗੈਰਤਿ ਅੰਦਰਿ ਪਾਇ ॥ ਵਜਹੁ ਗਵਾਏ ਅਗਲਾ ਮੁਹੇ ਮੁਹਿ ਪਾਣਾ ਖਾਇ ॥ ਜਿਸ ਦਾ ਦਿਤਾ ਖਾਵਣਾ ਤਿਸੁ ਕਹੀਐ ਸਾਬਾਸਿ ॥ ਨਾਨਕ ਹੁਕਮੁ ਨ ਚਲਈ ਨਾਲਿ ਖਸਮ ਚਲੈ ਅਰਦਾਸਿ ॥੨੨॥

(ਆਪਣੇ) ਅੰਦਰ ਦੁਜਾਇਗੀ ਪਾ ਲਵੇਗਾ (ਅਤੇ) ਅਪਣਾ ਪਹਿਲਾ ਰੁਜ਼ੀਨਾ ਬੀ ਗੁਆ ਲਵੇਗਾ ਤੇ ਮੂੰਹੋਂ ਮੂੰਹ ਜੁੱਤੀਆਂ ਖਾਏਗਾ*। (ਇਸੇ ਤਰ੍ਹਾਂ) ਜਿਸ (ਵਾਹਿਗੁਰੂ) ਦਾ ਦਿੱਤਾ ਖਾਈਦਾ ਹੈ ਉਸ ਦੇ ਗੁਣ ਗਾਉਣੇ ਚਾਹੀਏ, (ਕਿਉਂਕਿ ਉਸ ਮਾਲਕ ਵਾਹਿਗੁਰੂ) ਨਾਲ, ਹੇ ਨਾਨਕ ! ਹੁਕਮ ਨਹੀਂ ਟੁਰਦਾ, ਮਾਲਕ ਨਾਲ ਤਾਂ ਬੇਨਤੀ ਹੀ ਟੁਰਦੀ ਹੈ (ਭਾਵ ਪ੍ਰਾਪਤੀ ਜ਼ੋਰ ਨਾਲ ਨਹੀਂ ਪਰ ਭਗਤੀ ਨਾਲ ਹੁੰਦੀ ਹੈ)॥ ੨੨ ॥

ਸਲੋਕਾਂ ਤੇ ਪਉੜੀ ਦਾ ਸੰਮੇਲਨ–੨੧ਵੀਂ ਪਉੜੀ ਤੇ ਸਲੋਕ ਵਿਚ ਸਾਹਿਬ ਦੀ ਸੇਵਾ ਤੇ ਪ੍ਰੇਮ ਭਰੀ ਸੇਵਾ ਦਾ ਵਰਣਨ ਸੀ ਅਤੇ ਦੁਇ ਸਲੋਕ ਸਾਹਿਬ ਗੁਰੂ ਅੰਗਦ ਦੇਵ ਜੀ ਦੇ ਸਨ। ੨੨ਵੀਂ ਪਉੜੀ ਨਾਲ ਬੀ ਪੰਜੇ ਸਲੋਕ ਪਾਤਸ਼ਾਹੀ ਦੂਸਰੀ ਦੇ ਹੀ ਹਨ।

ਪਉੜੀ ੨੨ ਵਿਚ ਬੀ ਸਾਹਿਬ ਦੀ ਸੇਵਾ ਦਾ ਵਰਣਨ ਹੈ ਪਰ ਸਾਹਿਬ ਲਈ ਪਦ 'ਖਸਮ' ਤੇ ਸੇਵਾ ਲਈ ਪਦ 'ਚਾਕਰੀ' ਵਰਤਿਆ ਹੈ।

ਸਲੋਕ ਪਹਿਲੇ ਵਿਚ ਹੰਕਾਰ ਰਹਿਤ ਹੋ ਆਪਾ ਭਾਵ ਗੁਆ ਕੇ ਚੁਪਚਾਪ ਸੇਵਾ ਦੱਸੀ। ਦੂਜੇ ਸਲੋਕ ਵਿਚ ਬੀ ਸੈਨਤ ਉਧਰੇ ਹੈ ਕਿ ਅੰਦਰੋਂ ਸੱਚਾ ਹੋਕੇ ਸੇਵਾ ਕਰਨੀ ਹੈ, ਜੇ ਅੰਦਰ ਸੇਵਾ ਭਾਵ ਨਹੀਂ ਤੇ ਮੂੰਹ ਤੇ ਹੈ ਤਾਂ ਬ੍ਰਿਥਾ ਹੈ।

ਤੀਜੇ ਸਲੋਕ ਵਿਚ ਸੇਵਾ ਸੰਬੰਧੀ ਇਕ ਮੁਸ਼ਕਲ ਹੱਲ ਕੀਤੀ ਕਿ ਜੇ ਸਾਹਿਬ ਨੂੰ ਕੁਛ ਕਹਿਣਾ ਹੋਵੇ ਤਾਂ ਕੀ ਮੌਨ ਹੀ ਧਾਰੀ ਰਖੇ? ਨਹੀਂ ਅਰਦਾਸ ਦੇ ਭਾਵ ਵਿਚ ਬੇਨਤੀ ਕਰ ਦੇਵੇ। ਨਾਲ ਹੀ ਇਆਣੇ (=ਮਨ) ਦੇ ਮਗਰ ਲਗਣੋਂ ਹੋੜਿਆ ਹੈ। ਚੌਥੇ ਵਿਚ ਮਨ ਦੇ ਮਗਰ ਲਗਣੋਂ ਤੇ ਦੂਜੇ ਆਪ ਤੋਂ ਵਡੇ ਮਨਮਤੀਆਂ ਦੇ ਮਗਰ ਲਗਣੋਂ ਸੇਵਕ ਨੂੰ ਹੋੜਿਆ ਹੈ। ਪੰਜਵੇਂ ਵਿਚ ਬੀ ਸੈਨਤ ਇਆਣੇ ਮਨ ਵਲ ਹੈ ਕਿ ਜੇ ਕੋਈ ਗਲ ਚੰਗੀ ਕਰ ਬੀ ਲਵੇ ਫੇਰ ਠੁੱਡੇ ਖਾਏਗਾ ਸੋ ਸੇਵਕ ਲਈ ਗੁਰਮਤਿ ਤੇ ਚੱਲਣਾ ਹੀ ਠੀਕ ਰਾਹ ਹੈ, ਮਨਮਤਿ ਵਿਚ ਆਕੇ ਮਨਮੁਖ ਨਹੀਂ ਬਣਨਾ।

ਹੁਣ ਪਉੜੀ ਆਈ। ਇਸ ਵਿਚ ਸਾਫ ਦੱਸਿਆ ਹੈ ਕਿ ਚਾਕਰ ਖ਼ਸਮ ਦੇ ਭਾਣੇ ਵਿਚ ਟੁਰੇ। ਦੇਖੋ ਪਹਿਲੇ ਸਲੋਕ ਵਿਚ ਬੀ ਪਦ 'ਖਸਮ' ਤੇ 'ਚਾਕਰ' ਸੀਗੇ, ਪਉੜੀ ਵਿਚ ਬੀ ਪਦ ਖਸਮ ਤੇ ਚਾਕਰ ਹਨ। ਭਾਵ ਬੀ ਪਉੜੀ ਤੇ ਪੰਜਾਂ ਹੀ ਸਲੋਕਾਂ ਦੇ ਢੁੱਕਵੇਂ ਪਏ ਦਿੱਸਦੇ ਹਨ। ਮਾਨੋਂ ਅਜਾਣ ਮਨ ਨੂੰ ਸਲੋਕਾਂ ਤੇ ਪਉੜੀ ਤੋਂ ਵਾਹਿਗੁਰੂ ਜੀ ਦੀ ਸਚੀ ਸੇਵਾ ਦਾ ਆਦਰਸ਼ ਪ੍ਰਾਪਤ ਹੁੰਦਾ ਹੈ। ਪਦ ਖਸਮ ਤੇ ਚਾਕਰ ਆਦਿ ਜੋ ਵਰਤੇ ਹਨ ਉਹ ਦ੍ਰਿਸ਼ਟਾਂਤ ਵਤ ਹਨ। ਅੰਦਰਲੀ ਧੁਨੀ ਸਪਸ਼ਟ ਵਾਹਿਗੁਰੂ ਯਾ ਗੁਰੂ ਤੇ ਪ੍ਰੇਮੀ ਜਗਜਾਸੂ ਵੰਨੇ ਹੈ, ਕਿ ਇਹ ਪਰਮਾਰਥਿਕ ਪ੍ਰੇਮ ਭਾਣੇ ਤੇ ਚੱਲਣ ਨਾਲ ਸਿਰੇ ਚੜ੍ਹਦਾ ਹੈ।

ਨਿਰੁਕੁ– ਇਆਣੇ-ਅਗਜਾਨੀ। ਦੂਸਰੀ ਤੁਕ ਵਿਚ ਦਾ ਪਦ 'ਜਾਣੈ' ਦੱਸਦਾ ਹੈ ਕਿ ਇਆਣੇ ਤੋਂ ਮੁਰਾਦ ਅ+ਜਾਣ=ਨਾ ਜਾਣਨਹਾਰ ਅਥਵਾ ਅਗਜਾਨੀ ਦੀ ਹੈ। ਸੰਸਕ੍ਰਿਤ ਪਦ 'ਅਗਜਾਨੀ' ਦਾ ਪ੍ਰਾਕ੍ਰਿਤ ਰੂਪ ਹੈ-ਅਜਾਣ। ਪੰਜਾਬੀ ਰੂਪ ਹਨ-ਅਵਾਣ, ਅਜਾਣ, ਇਆਣ। ਇਸੇ ਕਰਕੇ ਇਆਣਾ ਬੱਚੇ ਨੂੰ ਕਹਿੰਦੇ ਹਨ। ਸੰਪ੍ਰ: ਗਿ:'ਅਵਾਣਾ' ਅਰਥ ਲਾਕੇ ਭਾਵ ਐਉਂ ਲੈਂਦੇ ਹਨ ਕਿ ਇਆਣਾ ਹੈ ਮਨ, ਇਸ ਦੇ ਆਖੇ ਲਗੋ ਤਾਂ ਫਲ ਮਾੜਾ ਹੁੰਦਾ ਹੈ ਸੋ ਮਨ ਨੂੰ ਅਜਾਣ ਤੋਂ ਸੁਜਾਣ ਬਨਾਉਣਾ ਚਾਹੀਏ, ਇਹ ਤਾਂ ਹੁੰਦਾ ਹੈ ਜੇ ਇਸ ਨੂੰ ਗਿਆਨ ਦਿਓ। ਇਹ ਗਜਾਨ ਤੁਸੀਂ ਜ਼ੋਰ ਨਾਲ ਨਹੀਂ ਦੇ ਸਕਦੇ, ਇਹ

* ਭਾਵ ਖ੍ਵਾਰ ਹੋਵੇਗਾ।

ਵਾਹਿਗੁਰੂ ਦੇ ਵੱਸ ਵਿਚ ਹੈ, ਉਸ ਤੋਂ ਇਹ ਅਰਦਾਸ ਨਾਲ ਮਿਲ ਸਕਦਾ ਹੈ, ਸੋ ਅਰਦਾਸ ਕਰੋ, ਉਸ ਦੀ ਸਿਫਤ ਸਲਾਹ ਕਰੋ, ਇਸ ਨਾਲ ਗਯਾਨ ਦਾ ਵਿਗਾਸ ਹੋਵੇਗਾ। ਪਰ ਜੇ ਮਨ ਆਪਣੀਆਂ ਕੂੜੀਆਂ (ਵਾਸ਼ਨਾ) ਵਿਚ ਲੱਗਾ ਰਹਿਕੇ ਕੂੜ ਕਮਾਵੇਗਾ ਤਾਂ ਕੂੜ ਹੀ ਪੱਲੇ ਪਏਗਾ। ਕੂੜ ਵਿਚ ਪਯਾਰ ਹੋਣਾ ਬੀ ਅਗਯਾਨ ਹੈ।

ਨਿਰਜਾਸਿ- [ਸੰਸ:, ਨਿਰ੍ਯਾਸ:] ਕਿਸੇ ਸ਼ੈ ਦਾ ਕੱਢਿਆ ਹੋਇਆ ਸਤ ਯਾ ਤੱਤ। ਨਿਰਣਾ।

ਇਆਣੇ, ਵਡਾਰੂ-ਅਵਾਣੇ ਦਾ ਭਾਵ ਬਾਲਕ ਤੇ ਮਨ ਬੀ ਲੈਂਦੇ ਹਨ। ਵਡਾਰੂ ਦਾ ਪੰਜਾਬੀ ਕੋਸ਼ ਵਿਚ ਅਰਥ ਹੈ ਵਡਾ ਵਡੇਰਾ। ਇਥੇ ਮੁਰਾਦ ਹੈ ਅਪਣੇ ਤੋਂ ਵੱਡਾ, ਇੱਜ਼ਤ, ਦੌਲਤ, ਉਮਰ ਆਦਿ ਵਿਚ। ਸੰਪ੍ਰ: ਅਰਥ ਹਨ-ਰਾਜਾ। ਰਾਜੇ ਨੂੰ ਨੀਤੀ ਮੁੱਖ ਹੁੰਦੀ ਹੈ, ਪਿਆਰ ਮੁੱਖ ਨਹੀਂ ਹੁੰਦਾ, ਇਸ ਲਈ ਪਿਆਰ ਨਹੀਂ ਨਿਭਾਉਂਦਾ। ਵਡਾਰੂ ਦਾ ਅਰਥ ਮੁਸਾਫਰ ਬੀ ਲਿਆ ਹੈ, ਕਈ ਗਯਾਨੀ ਇਸਤ੍ਰੀ ਅਰਥ ਬੀ ਲੈਂਦੇ ਹਨ।

ਹੁਰਮਤਿ-ਪਤ, ਇੱਜ਼ਤ [ਅ:, ਹੁਰਮਤ=ਇੱਜ਼ਤ]।

ਵਜਹੁ- [ਅ਼:, ਵੱਜਹ=ਰੋਜ਼ਗਾਰ, ਰੋਜ਼ੀ] ਤਨਖਾਹ। ਰੁਜ਼ੀਨਾ। [ਅ਼:, ਵਜ਼ੀਫਾ=ਰੁਜ਼ੀਨਾ। ਅ:, ਵਜਹ] ਉਹ ਸ਼ੈ ਜਿਸ ਦੇ ਸਬਬ ਰੋਜ਼ੀ ਮਿਲੇ। ਫਾ: ਤੇ ਹਿੰ: ਵਿਚ ਵੀ ਵਜਹ ਦਾ ਅਰਥ 'ਤਨਖਾਹ' ਹੀ ਲੈਂਦੇ ਹਨ। [ਸ਼ੈ: ਕੋਸ਼।

ਗੈਰਤਿ-ਗੈਰਤ ਪਦ ਅਰਬੀ ਹੈ, ਇਸ ਦਾ ਅਰਥ ਹੈ ਓਪਰਾ ਹੋ ਜਾਣਾ, ਦੁਜਾਇਗੀ, ਸ਼ਰਮ। ਇਸ ਦਾ ਅਰਥ ਅਣਖ ਤੇ ਰਸ਼ਕ ਬੀ ਹੈ। ਅਨੰਦਘਨ ਨੇ ਅਰਥ ਇਉਂ ਕੀਤਾ ਹੈ:-'ਤੋ ਖਸਮ ਕੈ ਅੰਤਰ ਗੈਰਤ ਜਾਏਗੀ'। ਪਰ ਖਸਮ ਦਾ ਭਾਵ ਏਥੇ ਵਾਹਿਗੁਰੂ ਹੈ, ਵਾਹਿਗੁਰੂ ਸਦਾ ਨਿਰਲੇਪ ਹੈ, ਉਸ ਨੂੰ ਗੁੱਸੇ ਅਣਖ ਨਾਲ ਕੀ ਸਨਬੰਧ? ਸੋ ਕਰਤਾ ਪੁਰਖ ਦਾ ਚਾਕਰ ਤਾਂ ਬੇਅਦਬੀ ਕਰਕੇ ਆਪ ਹੀ ਅਪਣੇ ਅੰਦਰ ਮਾਲਕ ਨਾਲ ਦੁਜਾਯਗੀ ਦਾ ਭਾਵ ਅਰਥਾਤ ਵਿੱਥ ਵਧਾ ਲਏਗਾ। ਵਿੱਥ ਹਉਮੈ ਦੀ ਹੈ, ਜਿਸ ਦਾ ਫਲ ਭਟਕਣਾ ਤੇ ਖ਼ੁਆਰੀ ਹੁੰਦਾ ਹੈ। ਭਾਵ ਇਹ ਹੈ ਕਿ ਯਤਨ ਦੇ ਉਲਟ ਨਤੀਜਾ ਨਿਕਲਦਾ ਹੈ,ਖਸਮ ਨਾਲ ਬਰਾਬਰੀ ਕੀਤੀ ਸੀ ਕਿ ਇਸ ਨਾਲ ਏਕਤਾ ਹੋ ਜਾਏਗੀ; ਪਰ ਨਤੀਜਾ ਇਹ ਨਿਕਲਦਾ ਹੈ ਕਿ ਉਸ ਨਾਲ ਸਗੋਂ ਅਪਣੇ ਅੰਦਰ ਦੁਜਾਇਗੀ ਪੈ ਜਾਂਦੀ ਹੈ।

ਸਾਬਾਸਿ- [ਫਾ:, ਸ਼ਾਦਬਾਸ਼ ਦਾ ਸੰਖੇਪ ਸ਼ਾਬਾਸ਼=ਖ਼ੁਸ਼ ਰਹੋ, ਆਫਰੀਨ] ਮਹਿਮਾਂ, ਗੁਣ ਗਾਇਨ।

[ਪਉੜੀ ਤੇਈਵੀਂ]

ਮੂਲ	ਅਰਥ
ਸਲੋਕੁ ਮਹਲਾ ੨ ॥ ਏਹ ਕਿਨੇਹੀ ਦਾਤਿ ਆਪਸ ਤੇ ਜੋ ਪਾਈਐ ॥ ਨਾਨਕ ਸਾ ਕਰਮਾਤਿ ਸਾਹਿਬ ਤੁਠੈ ਜੋ ਮਿਲੈ ॥੧॥	ਜੋ (ਪ੍ਰਾਪਤੀ ਕਿ) ਅਪਣੇ (ਸ਼੍ਰਮ ਨਾਲ) ਆਪ ਹੀ ਪ੍ਰਾਪਤ ਕਰ ਲਈਏ ਉਹ 'ਦਾਤ' ਕਿਵੇਂ ਹੋਈ? ਹੇ ਨਾਨਕ? ਬਖਸ਼ਿਸ਼ ਉਹ ਹੈ ਜੋ ਮਾਲਕ ਦੇ ਤ੍ਰੁਠ ਪੈਣ ਨਾਲ ਮਿਲੇ। (ਭਾਵ ਸੇਵਕ ਨੇ 'ਦਾਤ' ਨਾਲ ਤਰਨਾ) ਹੈ। ਇਹ ਦਾਤ ਨਿਰੇ 'ਕਰਮਾਂ' ਨਾਲ ਪ੍ਰਾਪਤ ਨਹੀਂ ਹੋ ਸਕਦੀ। ਜੋ ਸ਼ੈ ਅਪਣੇ ਕਰਮਾਂ ਨਾਲ ਪ੍ਰਾਪਤ ਹੋਵੇ ਉਹ ਦਾਤ ਹੋ ਹੀ ਨਹੀਂ ਸਕਦੀ। ਦਾਤ ਤਾਂ 'ਬਖਸ਼ਿਸ਼' ਹੈ ਜੋ ਸਾਹਿਬ ਦੇ ਤ੍ਰੁੱਠਣ ਨਾਲ ਮਿਲਦੀ ਹੈ)॥ ੧॥

ਮਹਲਾ ੨ ॥ ਏਹ ਕਿਨੇਹੀ ਚਾਕਰੀ ਜਿਤੁ ਭਉ ਖਸਮ ਨ ਜਾਇ ॥ ਨਾਨਕ ਸੇਵਕੁ ਕਾਢੀਐ ਜਿ ਸੇਤੀ ਖਸਮ ਸਮਾਇ ॥੨॥

ਜਿਸ (ਸੇਵਾ) ਨਾਲ ਮਾਲਕ ਦਾ ਭਉ ਨਾ ਦੂਰ ਹੋ ਜਾਵੇ ਉਹ ਕਾਹਦੀ ਸੇਵਾ ਹੋਈ? (ਸਗੋਂ) ਹੇ ਨਾਨਕ ! (ਸਫਲ) ਸੇਵਕ ਤਾਂ ਉਹੀ) ਕਹੀਦਾ ਹੈ ਜੋ ਅਪਨੇ ਮਾਲਕ ਵਿਚ ਸਮਾ ਹੀ ਜਾਵੇ। (ਭਾਵ-ਸੇਵਾ ਅਦਬ ਤੋਂ ਅਰੰਭ ਹੁੰਦੀ ਹੈ, ਅਦਬ ਬਿਨਾਂ ਸੇਵਾ ਕਦੇ ਸਿਰੇ ਨਹੀਂ ਚੜ੍ਹੀ। ਗੁਰੂ ਜੀ ਆਪਣਾ ਸਿੱਧਾਂਤ ਇਹ ਦੱਸਦੇ ਹਨ ਕਿ ਅਦਬ ਵਾਲੀ ਸੇਵਾ ਵਿਚ ਪਿਆਰ ਪਵੇ ਤੇ ਇਹ ਪਿਆਰ ਵਾਲੀ ਸੇਵਾ ਹਉਂ ਨੂੰ ਮੇਟਕੇ ਮਾਲਕ ਨਾਲ ਤਦਰੂਪਤਾ ਵਿਚ ਲੀਨ ਕਰ ਦੇਵੇ। '*ਸਾਹਿਬੁ ਸੇਵਕੁ ਇਕੁ ਇਕੁ ਦ੍ਰਿਸਟਾਇਆ*' ॥ [ਵਾਰ ਗੂਜਰੀ ਮ: ੫] । ਬਰੱਬਰੀ ਕਰਨੀ ਗੁਸਤਾਖ਼ੀ ਹੈ, ਲੀਨ ਹੋ ਜਾਣਾ ਸਫਲਤਾ ਹੈ)॥ ੨॥

ਪਉੜੀ ॥ ਨਾਨਕ ਅੰਤ ਨ ਜਾਪਨੀ ਹਰਿ ਤਾ ਕੇ ਪਾਰਾਵਾਰ ॥ ਆਪਿ ਕਰਾਏ ਸਾਖਤੀ ਫਿਰਿ ਆਪਿ ਕਰਾਏ ਮਾਰ ॥ ਇਕਨ੍ਹਾ ਗਲੀ ਜੰਜੀਰੀਆ ਇਕਿ ਤੁਰੀ ਚੜਹਿ ਬਿਸੀਆਰ ॥ ਆਪਿ ਕਰਾਏ ਕਰੇ ਆਪਿ ਹਉ ਕੈ ਸਿਉ ਕਰੀ ਪੁਕਾਰ ॥ ਨਾਨਕ ਕਰਣਾ ਜਿਨਿ ਕੀਆ ਫਿਰਿ ਤਿਸ ਹੀ ਕਰਣੀ ਸਾਰ ॥੨੩॥

(ਫੁਰਮਾਉਂਦੇ ਹਨ ਗੁਰੂ ਜੀ, ਹੇ) ਨਾਨਕ ! (ਉਸ) ਹਰੀ ਦੇ ਅਤੇ) ਉਸ ਦੇ ਪਾਰਾਵਾਰ ਦੇ ਅੰਤ ਨਹੀਂ ਲਗਦੇ। (ਭਾਵ ਉਹ ਬੇਅੰਤ ਹੈ; ਉਸ ਨੂੰ ਸਮਝ ਨਹੀਂ ਸਕੀਦਾ। ਉਹ) ਆਪ ਹੀ (ਸ੍ਰਿਸ਼ਟੀ) ਰਚਾਉਂਦਾ ਹੈ, ਫੇਰ ਆਪ ਹੀ ਉਸ ਦੀ ਪ੍ਰਲਯ ਕਰਾ ਦੇਂਦਾ ਹੈ। (ਫਿਰ ਉਸ ਦੇ ਵਚਿਤ੍ਰ ਕਰਨਿਆਂ ਵੱਲ ਤੱਕੋ ਕਿ) ਇਕਨਾਂ (ਜੀਵਾਂ ਦੇ) ਗਲਾਂ ਵਿਚ (ਤਾਂ) ਸੰਗਲੀਆਂ ਪਈਆਂ (ਹੋਈਆਂ ਹਨ ਤੇ ਇਕ ਬਹੁਤੇ ਘੋੜਿਆਂ ਉਤੇ ਚੜ੍ਹਦੇ ਹਨ। ੬. ਹੇ ਨਾਨਕ ! ਜਿਸ ਨੇ (ਇਸ ਤਰ੍ਹਾਂ ਦੀ ਵਚਿਤ੍ਰ) ਰਚਨਾ ਰਚੀ ਹੈ ਮੁੜ ਉਸੇ ਨੇ ਆਪ ਹੀ ਇਸ ਦੀ ਸਾਰ ਸੰਭਾਲ ਕਰਨੀ ਹੈ। ੫. (ਜਦ ਸਭ ਕੁਛ ਉਹ) ਆਪ ਹੀ ਕਰ ਤੇ ਆਪ ਹੀ ਕਰਾ ਰਿਹਾ ਹੈ ਤਾਂ ਮੈਂ (ਉਸ ਤੋਂ ਛੁਟ ਹੋਰ) ਕਿਸ ਅਗੇ ਪੁਕਾਰ ਕਰਾਂ। (ਭਾਵ-ਹਰ ਅਵਸਥਾ ਉਸੇ ਅਗੇ ਅਰਦਾਸ ਕਰਨੀ ਹੀ ਜੀਵ ਦੇ ਕਰਨੇ ਜੋਗ ਕਰਮ ਹੈ)॥ ੨੩॥

ਸਲੋਕਾਂ ਤੇ ਪਉੜੀ ਦਾ ਸੰਮੇਲਨ-੨੩ਵੀਂ ਪਉੜੀ ਦੇ ਦੁਇ ਸਲੋਕ ਬੀ ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਹਨ। ਦੋਹਾਂ ਦਾ ਭਾਵ ਪਿਛਲੇ ਚੱਲ ਰਹੇ ਪ੍ਰਸੰਗ ਦੀ ਇਕ ਤਰ੍ਹਾਂ ਪੂਰਣਤਾ ਹੈ।

ਪਹਿਲੇ ਵਿਚ ਸਾਹਿਬ ਦੀ ਆਦਰਸ਼ਕ ਸਾਹਿਬੀ ਦੱਸੀ ਹੈ, ਕਿ ਸਾਹਿਬ ਆਪੇ ਤ੍ਰੁਠਦਾ ਤੇ ਦਾਤਾਂ ਦੇਂਦਾ ਹੈ, ਉਸਦਾ ਬਿਰਦ ਹੈ ਦੇਣਾ। ਉਹ ਆਪੇ ਦੇਵੇ ਤਾਂ ਹੀ ਉਹ ਕਰਮਾਤ ਕਹੀ ਜਾ ਸਕਦੀ ਹੈ। ਕਰਾਮਤ ਯਾ ਕਰਾਮਾਤ ਦਾ ਅਰਥ ਹੈ ਬਖਸ਼ਿਸ਼। ਵਿਚ ਸੈਨਤ ਹੈ ਪ੍ਰੇਮੀ ਜਗਜਾਸੂ ਵਲ ਕਿ ਜੋ ਕੁਛ ਮੇਹਰ ਹੋਵੇ ਉਸ ਨੂੰ ਅਪਣੀ ਸੇਵਾ ਦਾ ਮੁਆਵਜ਼ਾ ਯਾ ਬਦਲਾ ਨਾ ਸਮਝੇ, ਉਹ ਮੇਹਰ ਹੀ ਮੇਹਰ ਹੈ। ਕਿਉਂਕਿ ਸੇਵਾ ਸੁਹਣੀ ਗਲ ਹੈ ਪਰ ਕੋਈ ਸੇਵਾ ਮੇਹਰ ਨੂੰ ਮੁੱਲ ਨਹੀਂ ਲੈ ਸਕਦੀ।

ਦੂਜੇ ਸਲੋਕ ਵਿਚ 'ਸਚੇ ਸਾਹਿਬ ਦੀ ਚਾਕਰੀ ਕੋਈ ਹੀਣਤਾਈ ਹੈ' ਇਸ ਭਾਰੀ ਸੰਸੇ ਬ੍ਰਿਤੀ ਨੂੰ ਦੂਰ ਕੀਤਾ ਹੈ।

ਪਹਿਲੋਂ ਵਾਕ ਆਇਆ ਸੀ 'ਜਿਨ੍ ਮਨਿ ਭਉ ਤਿਨ੍ਹਾ ਮਨਿ ਭਾਉ' (ਪਉੜੀ ੫) ਕਿ ਪਹਿਲੋਂ ਸੇਵਕ ਨੂੰ ਭੈ ਚਾਹੀਦਾ ਹੈ, ਭੈ ਵਧਕੇ ਭਾਉ (=ਪ੍ਰੇਮ) ਬਣ ਜਾਂਦਾ ਹੈ। ਇਸ ਸਲੋਕ ਵਿਚ ਸੇਵਕ ਦੀ ਸੇਵਕੀ ਦਾ ਉਹ ਅੰਤ ਦੱਸਿਆ ਹੈ ਕਿ ਸਾਹਿਬ ਦਾ ਡਰ ਤਾਂ ਦੂਰ ਹੋ ਜਾਂਦਾ ਹੈ ਤੇ ਸੇਵਕ ਸਾਹਿਬ ਵਿਚ, ਯਾ ਕਹੋ ਚਾਕਰ ਖਸਮ ਵਿਚ ਸਮਾ ਹੀ ਜਾਂਦਾ ਹੈ, ਤਦੋਂ 'ਭਉ' 'ਭਾਵ' ਅਰਥਾਤ 'ਪ੍ਰੇਮ' ਬਣ ਜਾਂਦਾ ਹੈ, ਐਸਾ ਕਿ ਸੇਵਕ

ਸਾਹਿਬ ਵਿਚ ਸਮਾ ਅਰਥਾਤ ਤਦਰੂਪ ਹੋ ਜਾਂਦਾ ਹੈ। ਜੈਸੇ ਸ੍ਰੀ ਗੁਰੂ ਅੰਗਦ ਦੇਵ ਜੀ ਗੁਰੂ ਨਾਨਕ ਦਾ ਰੂਪ ਹੋਕੇ ਗੁਰੂ ਹੋ ਗਏ ਤੇ ਪਰਮਾਤਮ ਦੇਵ ਦਾ ਰੂਪ ਹੋਕੇ ਪਰਮਾਤਮਾ ਵਿਚ ਸਮਾਏ ਹੋਏ ਗੁਰੂ ਗਦੀ ਨੂੰ ਸ਼ਸੋਭਤ ਕਰਦੇ ਰਹੇ।

ਸੋ ਸਾਫ ਦਿੱਸ ਰਿਹਾ ਹੈ ਕਿ ਦੁਇ ਸ਼ਲੋਕ ਪਿਛਲੀ ੨੨ਵੀਂ ਪਉੜੀ ਵਿਚ ਆਏ ਉੱਚ ਭਾਵਾਂ ਦੇ ਦੋ ਬੜੇ ਜ਼ਰੂਰੀ ਪਹਿਲੂਆਂ ਨੂੰ ਹੱਲ ਕਰਦੇ ਹਨ।

ਹੁਣ ਰਹੀ ਇਹ ਗਲ ਕਿ ਇਨ੍ਹਾਂ ਦੋਹਾਂ ਦੀ ਕੋਈ ਸੈਨਤ ਪਉੜੀ ੨੩ ਦੇ ਭਾਵਾਂ ਨਾਲ ਢੁੱਕਦੀ ਹੈ? ਤਾਂ ਸਹੀ ਹੁੰਦਾ ਹੈ ਕਿ ਜੋ ਵਾਕ ਫੁਰਮਾਇਆ ਸੀ ਕਿ 'ਸੇਤੀ ਖਸਮ ਸਮਾਇ' ਇਸ ਦੀ ਅਕਾਂਖਯਾ ਪੈਦਾ ਹੋ ਰਹੀ ਸੀ ਕਿ 'ਸੇਤੀ ਖਸਮ ਸਮਾਇ' ਹੋਏ ਦੀ ਦ੍ਰਿਸ਼ਟੀ ਤਦੋਂ ਕੀਹ ਹੁੰਦੀ ਹੈ? ਉਹ ਗਲ ਪਉੜੀ ਤੋਂ ਪ੍ਰਾਪਤ ਹੁੰਦੀ ਹੈ ਕਿ ਤਦਰੂਪ ਹੋਕੇ ਬੀ ਉਹ-

੧. ਵਾਹਿਗੁਰੂ ਨੂੰ ਅਨੰਤ ਤੇ ਪਾਰਾਵਾਰ ਤੋਂ ਰਹਿਤ ਲਖਦਾ ਹੈ।

੨. ਉਸੇ ਨੂੰ ਜਗਤ ਦਾ ਉਤਪਤੀ ਤੇ ਸੰਹਾਰ ਕਰਤਾ ਜਾਣਦਾ ਹੈ।

੩. ਜਗਤ ਵਿਚ ਕਿਸੇ ਨੂੰ ਦੁਖੀ ਕਿਸੇ ਨੂੰ ਸੁਖੀ ਦੇਖਕੇ ਘਾਬਰਦਾ ਨਹੀਂ। ਉਹ ਸਮਝਦਾ ਹੈ ਕਿ ਕਾਰਣਾਂ ਦਾ ਕਾਰਣ ਅੰਤਮ ਕਾਰਣ ਉਹ ਆਪ ਹੈ, ਮੈਂ ਅਸੰਤੁਸ਼ਟ ਹੋਕੇ ਪੁਕਾਰਾਂ ਦੇ ਰੌਲੇ ਕਿਸ ਅਗੇ ਪਾਵਾਂ, ਕਿਉਂਕਿ ਉਹ ਅਪਣੇ ਕਰਨੇ ਆਪ ਜਾਣਦਾ ਹੈ ਜੋ 'ਸਚੇ ਤੇਰੇ ਕਰਣੇ ਸਰਬ ਬੀਚਾਰ' ਹਨ।

੪. ਜੇ ਮੈਂ ਘਾਬਰਾਂ ਹੀ ਘਾਬਰਾਂ ਤਾਂ ਹੋਰ ਕਿਸ ਅੱਗੇ ਪੁਕਾਰ ਕਰਾਂ, ਕਿਉਂਕਿ ਹੋਰ ਕੋਈ ਉਸ ਤੋਂ ਸਿਵਾ ਹੈ ਹੀ ਨਹੀਂ।

੫. ਘਬਰਾ ਸ਼ਮਨ ਕਰਨ ਵਾਲੀ ਇਕ ਹੋਰ ਸੋਚ ਦੱਸੀ ਕਿ ਸਾਹਿਬ ਕਰਤਾਰ ਹੈ, ਕਰਤਾਰ ਨੂੰ ਅਪਣੀ ਕੀਤੀ ਦਾ ਫਿਕਰ ਹੈ, ਇਸ ਦੀ ਖ਼ਬਰਸਾਰ ਲੈਣੀ ਉਸ ਦਾ ਬਿਰਦ ਹੈ। ਉਹ ਸੰਭਾਲਣਾ ਕਰਨੇ ਵਾਲਾ, ਭਾਵ ਦੁਖ ਦੂਰ ਕਰਨੇ ਵਾਲਾ ਬੀ ਹੈ।

ਇਉਂ 'ਸੇਤੀ ਖਸਮ ਸਮਾਇ' ਦੀ ਅਵਸਥਾ ਵਾਲੇ ਦੀ ਬ੍ਰਹਮ ਦ੍ਰਿਸ਼ਟੀ ਵਰਣਨ ਕੀਤੀ ਹੈ।

ਜੇ ਕਿਸੇ ਪਾਠਕ ਨੂੰ ਇਹ ਫੁਰਨਾ ਫੁਰੇ ਕਿ ਬ੍ਰਹਮ ਦ੍ਰਿਸ਼ਟੀ ਵਾਲਾ ਸੰਸਾਰ ਦੇ ਦੁਖੀਆਂ ਦੀ ਸਾਰ ਨਾ ਲਵੇ? ਤਾਂ ਉੱਤਰ ਹੈ ਕਿ ਸਾਰੀ ਸਾਰ ਤਾਂ ਕਰਤਾ ਪੁਰਖ ਨੇ ਲੈਣੀ ਤੇ ਲੈ ਰਿਹਾ ਹੈ ਪਰ ਜਿਥੋਂ ਤੱਕ ਬ੍ਰਹਮ ਵੇਤਾ ਦੀ ਨਜ਼ਰ ਹੈ ਉਸ ਨੇ 'ਬ੍ਰਹਮ ਗਿਆਨੀ ਪਰਉਪਕਾਰ ਉਮਾਹਾ' ਤੇ ਅਮਲ ਕਰਨਾ ਹੈ।

ਨਿਰੁਕ੍ਤ-ਕਰਮਾਤਿ- [ਅ:, ਕਰਾਮਤ=ਬਜ਼ੁਰਗੀ, ਬਖ਼ਸ਼ਿਸ਼। ਇਸ ਦਾ ਬਹੁ ਵਚਨ ਹੈ ਕਰਾਮਾਤ] । ਪੰਜਾਬੀ ਵਿਚ 'ਕਰਾਮਾਤ' ਇਕ ਵਚਨ ਵਿਚ ਵਰਤੀਂਦਾ ਹੈ ਤੇ ਅਰਥ ਹੁੰਦਾ ਹੈ-ਮੁਅਜਿਜ਼ਾ। ਇਸ ਤੁਕ ਵਿਚ ਇਹ ਪਦ ਅਰਬੀ ਦੇ ਅਸਲੀ ਅਰਥ-'ਬਖਸ਼ਿਸ਼' ਵਿਚ ਵਰਤਿਆ ਗਿਆ ਹੈ। ਕਰਮਾਤ ਪਦ ਕਰਾਮਾਤ ਦਾ ਸੰਖੇਪ ਹੈ।

ਪਾਰਾਵਾਰ- [ਸੰਸ:, ਪਾਰਾਵਾਰ] ਪਾਰ ਉਰਾਰ, ਯਥਾ:- ਅੰਤੁ ਨ ਜਾਪੈ ਪਾਰਾਵਾਰੁ॥

(ਅ) ਪਾਰਾਵਾਰ ਨਾਮ ਸਮੁੰਦਰ ਦਾ ਬੀ ਹੈ।

ਆਪਿ ਕਰਾਏ ਸਾਖਤੀ-ਰਚਨਾ ਆਪ ਰਚਦਾ ਹੈ। (ਅ) ਐਉਂ ਬੀ ਲਾਉਂਦੇ ਹਨ:-ਆਪ ਜੀਵਾਂ ਤੋਂ ਕਠੋਰਤਾ ਕਰਵਾਉਂਦਾ ਤੇ ਆਪ ਹੀ ਸਜ਼ਾ ਦੇਂਦਾ ਹੈ; ਪਰ ਸਾਖਤੀ ਪਦ ਸਾਖ਼ਤਗੀ ਤੋਂ ਬਣਿਆ ਹੈ ਜੋ ਮਸਦਰ 'ਸਾਖ਼ਤਨ' ਤੋਂ ਬਣਦਾ ਹੈ, [ਫਾ:, ਸਾਖ਼ਤਨ=ਬਨਾਉਣਾ] । ਚਉਥੀ ਪਾਤਸ਼ਾਹੀ ਦਾ ਵਾਕ ਹੈ:-

ਆਪਿ ਕਰਾਏ ਸਾਖਤੀ ਪਿਆਰਾ ਆਪਿ ਮਾਰੇ ਮਰਿ ਜਾਹੁ॥　　[ਸੋਰਠਿ ਮਹਲਾ ੪-੧]

ਕਰਾਏ ਮਾਰ-ਮਾਰ ਕਰ ਦੇਂਦਾ, ਮੁਕਾ ਦੇਂਦਾ, ਪ੍ਰਲਯ ਕਰ ਦੇਂਦਾ ਹੈ।

ਜੰਜੀਰੀਆਂ-ਸੰਗਲੀਆਂ, ਭਾਵ ਗ਼ਲਾਮੀ ਵਿਚ ਹੁੰਦੇ ਹਨ।

ਬਿਸੀਆਰ-ਬਹੁਤੇ। [ਫ਼ਾ:, ਬਿਸਯਾਰ] ਬਹੁਤੇ। ਬਹੁਤਾ (ਸ਼ੈ:ਕੋ:)। ਬਿਸੀਆਰ ਤੁਰੀ=ਬਹੁਤੇ ਘੋੜਿਆਂ ਉਤੇ, ਭਈ ਇਕ ਘੋੜਾ ਨਹੀਂ ਕਈ ਕਈ ਘੋੜੇ ਚੜ੍ਹਨ ਲਈ ਜਿਨ੍ਹਾਂ ਪਾਸ ਹੈਨ।

ਤੁਰੀ-ਘੋੜੀ। ਤੁਰੀਂ=ਘੋੜਿਆਂ ਤੇ। [ਸੰਸ:, ਤੁਰੰਗ:। ਪ੍ਰਾ:, ਤੁਰਯ=ਘੋੜਾ। ਪੁ: ਪੰਜਾਬੀ, ਤੁਰਾ=ਘੋੜਾ, ਤੁਰੀ=ਘੋੜੀ] । (ਅ) ਬਿਸੀਆਰ=ਤੁਰੀ=ਬਹੁਤੇ ਲੋਕ ਘੋੜਿਆਂ ਤੇ। (ੲ) ਬਿਸਿਆਰ ਤੁਰੀ=ਬਹੁਤ ਵਡੇ ਘੋੜਿਆਂ ਉਤੇ।

[ਪਉੜੀ ਚਉਵੀਵੀਂ]

ਮੂਲ	ਅਰਥ
ਸਲੋਕੁ ਮਃ ੧ ॥ ਆਪੇ ਭਾਂਡੇ ਸਾਜਿਅਨੁ ਆਪੇ ਪੂਰਣੁ ਦੇਇ ॥ ਇਕਨੀ ਦੁਧੁ ਸਮਾਈਐ ਇਕਿ ਚੁਲ੍ਹੈ ਰਹਨਿ੍ ਚੜੇ ॥ ਇਕਿ ਨਿਹਾਲੀ ਪੈ ਸਵਨਿ੍ ਇਕਿ ਉਪਰਿ ਰਹਨਿ ਖੜੇ॥ ਤਿਨਾ ਸਵਾਰੇ ਨਾਨਕਾ ਜਿਨ੍ ਕਉ ਨਦਰਿ ਕਰੇ ॥੧॥	ਆਪੇ (ਹੀ ਵਾਹਿਗੁਰੂ ਜੀ ਨੇ ਇਨਸਾਨਾਂ ਦੇ ਸਰੀਰ ਰੂਪੀ) ਭਾਂਡੇ ਰਚੇ ਹਨ (ਤੇ) ਆਪੇ ਹੀ (ਇਨ੍ਹਾਂ ਨੂੰ) ਪੂਰਣਤਾ ਬਖਸ਼ੇਗਾ। (ਇਹ ਪੂਰਣਤਾ ਇਨ੍ਹਾਂ ਸਰੀਰਾਂ ਦੀ ਪਰਵਿਰਤ ਹਾਲਤਾਂ ਤੋਂ ਨਹੀਂ ਮੰਨੀ ਜਾ ਸਕਦੀ, ਜੋ ਕਿ ਇਸ ਪ੍ਰਕਾਰ ਦੀਆਂ ਹਨ-) ਇਕਨਾਂ ਵਿਚ ਦੁਧ ਭਰਿਆ ਹੈ (ਭਾਵ ਸੁਖੀ ਹਨ), ਇਕ ਚੁਲ੍ਹੇ ਤੇ ਚੜ੍ਹੇ ਰਹਿੰਦੇ ਹਨ (ਭਾਵ ਦੁਖੀ ਹਨ)। ਇਕ ਤੁਲਾਈਆਂ ਉਤੇ ਪੈਕੇ ਸਉਂਦੇ ਹਨ (ਤੇ) ਇਕ (ਉਨ੍ਹਾਂ ਆਰਾਮ ਨਾਲ ਸੁੱਤਿਆਂ ਦੇ ਪਲੰਘਾਂ) ਉਤੇ (ਪਹਿਰਾ ਦੇਂਦੇ) ਖੜੇ ਰਹਿੰਦੇ ਹਨ। (ਇਨ੍ਹਾਂ ਜ਼ਾਹਰਾ ਸੁਖੀਆਂ ਦੁਖੀਆਂ ਵਿਚੋਂ) ਹੇ ਨਾਨਕ ! ਉਨ੍ਹਾਂ ਨੂੰ ਸੰਵਾਰੇਗਾ ਜਿਨ੍ਹਾਂ ਉਤੇ ਮਿਹਰ ਦੀ ਨਜ਼ਰ ਰਖੇਗਾ॥ ੧॥

ਵਯਾਖਯਾ-ਸਰੀਰਕ ਸੁਖ ਆਰਾਮ ਤੇ ਦੁਖ ਦੀਆਂ ਭਿੰਨ ਭਿੰਨ ਅਵਸਥਾਂ ਵਿਚ ਵਿਚਰਨ ਤੋਂ ਨਿਰਣਯ ਨਹੀਂ ਹੋ ਸਕਦਾ ਕਿ ਕਿਹੜੇ ਜੀਵ ਪਰਵਾਣ ਹਨ ਤੇ ਕਿਹੜੇ ਨਹੀਂ। ਪਰਵਾਣ ਓਹ ਹੁੰਦੇ ਹਨ ਜਿਨ੍ਹਾਂ ਨੂੰ ਆਪਣੀ ਮਿਹਰ ਦੀ ਨਜ਼ਰ ਨਾਲ ਸੰਵਾਰਦਾ ਹੈ, ਓਹੀ ਪੂਰਣਤਾ ਨੂੰ ਅੱਪੜੇ ਸਮਝੋ।

ਮਹਲਾ ੨ ॥ ਆਪੇ ਸਾਜੇ ਕਰੇ ਆਪਿ ਜਾਈ ਭਿ ਰਖੈ ਆਪਿ ॥ ਤਿਸੁ ਵਿਚਿ ਜੰਤ ਉਪਾਇ ਕੈ ਦੇਖੈ ਥਾਪਿ ਉਥਾਪਿ ॥ ਕਿਸ ਨੋ ਕਹੀਐ ਨਾਨਕਾ ਸਭੁ ਕਿਛੁ ਆਪੇ ਆਪਿ ॥੨॥	ਆਪ (ਵਾਹਿਗੁਰੂ ਸਾਰੀ ਸਾਜਨਾ) ਸਾਜਦਾ ਹੈ, (ਉਸ ਸਾਜਨਾਂ ਵਿਚ ਕ੍ਰਿਯਾ ਸ਼ਕਤੀ ਬੀ) ਆਪ (ਹੀ ਪੈਦਾ) ਕਰ ਦੇਂਦਾ ਹੈ। (ਇਸ ਕ੍ਰਿਯਮਾਨ ਨੂੰ ਤਰਤੀਬ ਤੇ ਕ੍ਰਮ ਦੇਕੇ) ਜਾਈ (=ਥਹੁ ਟਿਕਾਣੇ ਸਿਰ) ਬੀ ਆਪ ਹੀ ਰਖ ਰਿਹਾ ਹੈ। ਇਸ (ਸਾਜਨਾਂ) ਵਿਚ (ਫਿਰ ਜੀਵਧਾਰੀ) ਜੰਤੂ ਉਤਪਤ ਕਰਦਾ ਹੈ; (ਇਸ ਸਾਰੀ ਖੇਡ ਨੂੰ ਆਪ ਹੀ) ਥਾਪਕੇ ਸੰਭਾਲਦਾ ਹੈ ਤੇ ਫੇਰ (ਆਪ ਹੀ) ਉਠਾ ਦੇਂਦਾ ਹੈ। (ਗੁਰੂ ਜੀ ਫੁਰਮਾਉਂਦੇ ਹਨ ਕਿ) ਹੇ ਨਾਨਕ ! ਜਦ (ਕਰਨ ਕਰਾਵਨਹਾਰ) ਸਭ ਕੁਛ ਉਹ ਆਪ ਹੀ ਆਪ ਹੈ ਤਾਂ ਕਿਸ (ਹੋਰ) ਨੂੰ ਕੁਛ ਕਹੀਏ* ॥ ੨॥

ਵਯਾਖਯਾ-'ਕਿਸਨੋ ਕਹੀਐ' ਵਿਚ ਭਾਵ ਇਹ ਬੀ ਹੈ ਕਿ ਉਸੇ ਸਾਜਣਹਾਰ ਅਗੇ ਅਰਦਾਸ ਕਰਨੀ ਚਾਹੀਏ। ਪੰਜਵੇਂ ਸਤਿਗੁਰਾਂ ਨੇ ਮਾਨੋਂ ਇਸੇ ਤੁਕ ਦਾ ਭਾਵ ਐਉਂ ਖੁਹਲਿਆ ਹੈ:-

* ਸੰਪ੍ਰਦਾ ਵਿਚ ਇਉਂ ਬੀ ਲਾਉਂਦੇ ਹਨ-ਇਹ ਉਤਪਤਿ, ਪ੍ਰਲੈ, ਸੰਭਾਲ ਆਦਿ ਦੇ ਗੁਣ ਹੋਰ ਕਿਸ ਵਿਚ ਕਹੀਏ, ਸਭ ਕੁਛ ਤਾਂ ਓਹ ਆਪ ਹੋਇਆ।

ਕਿਆ ਕਹੀਐ ਕਿਸੁ ਆਖਿ ਸੁਣਾਈਐ ਜਿ ਕਹਣਾ ਸੁ ਪ੍ਰਭ ਜੀ ਪਾਸ॥
ਸਭੁ ਕਿਛੁ ਕੀਤਾ ਤੇਰਾ ਵਰਤੈ ਸਦਾ ਸਦਾ ਤੇਰੀ ਆਸ॥ [ਆਸਾ ਮ: ੫-੪੬]

ਪਉੜੀ ॥ ਵਡੇ ਕੀਆ ਵਡਿਆਈਆ ਕਿਛੁ ਕਹਣਾ ਕਹਣੁ ਨ ਜਾਇ ॥ ਸੋ ਕਰਤਾ ਕਾਦਰ ਕਰੀਮੁ ਦੇ ਜੀਆ ਰਿਜਕੁ ਸੰਬਾਹਿ ॥ ਸਾਈ ਕਾਰ ਕਮਾਵਣੀ ਧੁਰਿ ਛੋਡੀ ਤਿੰਨੈ ਪਾਇ॥ ਨਾਨਕ ਏਕੀ ਬਾਹਰੀ ਹੋਰ ਦੂਜੀ ਨਾਹੀ ਜਾਇ ॥ ਸੋ ਕਰੇ ਜਿ ਤਿਸੈ ਰਜਾਇ ॥੨੪॥੧॥ ਸੁਧੁ ॥

(ਉਸ) ਵਡੇ ਦੀਆਂ ਵਡਿਆਈਆਂ (ਇੰਨੀਆਂ ਵਡੀਆਂ ਹਨ ਕਿ ਉਨ੍ਹਾਂ ਬਾਬਤ) ਕੁਛ ਕਿਹਾ ਨਹੀਂ ਜਾ ਸਕਦਾ, (ਪਰ ਤਦ ਬੀ ਮੈਂ ਉਨ੍ਹਾਂ ਬਾਬਤ ਜ਼ਰੂਰ) ਕਹਿਣਾ ਹੈ। (ਇਹ ਵਡਿਆਈਆਂ ਵਡੇ ਦੀਆਂ ਹਨ) ਉਸ (ਵਡੇ ਦੀਆਂ ਜੋ) ਕਰਤਾਰ ਹੈ, ਕਾਦਰ ਹੈ, ਦਾਤਾਰ ਹੈ ਤੇ ਜੀਆਂ ਨੂੰ ਰਿਜ਼ਕ ਪਹੁੰਚਾਉਂਦਾ ਹੈ। (ਚਾਹੋ ਉਸ ਦੀਆਂ ਵਡਿਆਈਆਂ ਅਕੱਥਨੀਯ ਹੈਨ, ਪਰ ਮੈਨੂੰ) ਉਸ ਨੇ ਧੁਰੋਂ ਇਹੋ ਕਾਰ ਕਮਾਉਣੀ ਪਾ ਛਡੀ ਹੈ (ਕਿ ਮੈਂ ਉਸ ਦੀ ਵਡਿਆਈ ਕਰਦਾ ਰਹਾਂ)। (ਉਸ ਵਡਿਆਉਣ ਯੋਗ ਦੀ) ਇਕ (ਟੇਕ) ਤੋਂ ਬਿਨਾ ਨਾਨਕ ਦੀ ਹੋਰ (ਕੋਈ) ਦੂਸਰੀ ਟੇਕ ਨਹੀਂ ਹੈ (ਤੇ ਨਾਨਕ ਉਸ ਦੀ ਰਜ਼ਾ ਵਿਚ ਰਾਜ਼ੀ ਹੈ, ਉਹ ਸ੍ਵਛੰਦ ਹੈ) ਜੋ ਉਸ ਨੂੰ ਭਾਉਂਦਾ ਹੈ ਉਹ ਕਰਦਾ ਹੈ। (ਯਥਾ-ਜੋ ਤਿਸੁ ਭਾਵੈ ਸੋਈ ਕਰਸੀ.....)॥ ੨੪॥ ੧॥

ਵਯਾਖਯਾ-ਕਹਿਣਾ ਦਾ ਅਰਥ ਏਥੇ ਹੈ, ਮੈਂ ਕਹਿਣਾ ਹੈ ਭਾਵ 'ਮੈਂ ਕਹਿਣੀਆਂ ਹਨ', ਜੈਸੇ ਹੋਰ ਥਾਵੇਂ ਆਪ ਨੇ ਫੁਰਮਾਇਆ ਹੈ:-

ਕਹਣਾ ਹੈ ਕਿਛੁ ਕਹਣੁ ਨ ਜਾਇ॥ [ਗਉੜੀ ਮਹਲਾ ੧-੩]

(ਅ) ਐਉਂ ਬੀ ਲਾਉਂਦੇ ਹਨ-ਵਡੇ ਦੀਆਂ ਵਡਿਆਈਆਂ ਦਾ ਕਹਿਣਾ ਕਹੀਏ ਤਾਂ ਕੁਛ ਕਿਹਾ ਨਹੀਂ ਜਾ ਸਕਦਾ। ਪਰ ਗੱਲ ਤਾਂ ਇਹ ਹੈ ਕਿ ਭਾਵੇਂ ਉਸ ਦੀ ਸਾਰੀ ਵਡਿਆਈ ਅਸੀਂ ਨਹੀਂ ਕਹਿ ਸਕਦੇ, ਪਰ ਕੁਛ ਤਾਂ ਕਹਿ ਸਕਦੇ ਹਾਂ ਤੇ ਗੁਰਸਿਖੀ ਦਾ ਮਾਰਗ ਹੀ *'ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ'* ਹੈ। 'ਜਿਸਨੋ ਬਖਸੇ ਸਿਫਤਿ ਸਾਲਾਹ॥ ਨਾਨਕ ਪਾਤਿਸਾਹੀ ਪਾਤਿਸਾਹੁ॥' ਮਟਕ ਇਹ ਹੈ ਕਿ ਵਡਿਆਈ ਨਾਲ ਅੰਤ ਨਹੀਂ ਪਾ ਸਕੀਦਾ, ਪਰ ਸਾਈਂ ਵਿਚ ਸਮਾਉਣ ਲਈ ਵਡਿਆਈ ਜ਼ਰੂਰ ਕਰਨੀ ਹੈ। ਇਹੀ ਮਾਰਗ ਹੈ-

ਕੀਮਤਿ ਪਾਇ ਨ ਕਹਿਆ ਜਾਇ॥ ਕਹਣੈ ਵਾਲੇ ਤੇਰੇ ਰਹੇਸਮਾਇ॥ [ਆਸਾ ਮਹਲਾ ੧]

ਧੁਰੋਂ ਕਾਰ-ਵਾਰਾਂ ਉਚਾਰਨ ਅਰਥਾਤ ਵਡਿਆਈਆਂ ਕਰਨ ਦੀ ਕਾਰ-ਸਾਈਂ ਨੇ ਗੁਰੂ ਜੀ ਨੂੰ ਪਾਈ ਹੈ, ਜੈਸੇ ਕਿ ਆਪ ਜੀ ਨੇ ਫੁਰਮਾਇਆ ਹੈ:-

ਹਉ ਢਾਢੀ ਵੇਕਾਰੁ ਕਾਰੇ ਲਾਇਆ॥ ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ॥

[ਵਾਰ ਮਾਝ ਮ: ੧-੨੭]

ਅਰਥਾਤ ਧੁਰੋਂ ਹੁਕਮ ਹੋਇਆ ਕਿ ਦਿਨੇ ਰਾਤ (ਮੇਰਾ) ਜਸ (ਵਡਿਆਈਆਂ) ਕਰੋ। [ਵਾਰ=ਜਸ, ਹਰੀ ਜਸ]।

ਸਲੋਕਾਂ ਤੇ ਪਉੜੀ ਦਾ ਸੰਮੇਲਨ-੨੪ ਪਉੜੀ ਵਿਚ ਵਿਸ਼ੇਸ਼ ਕਰਕੇ ੨੩ਵੀਂ ਪਉੜੀ ਵਾਲਾ ਵਿਸ਼ਯ ਹੀ ਚਲਦਾ ਹੈ।

ਪਹਿਲੇ ਸਲੋਕ ਵਿਚ ਓਹੋ ਭਾਵ ਹੈ ਜੋ ੨੩ਵੀਂ ਪਉੜੀ ਦੇ ਅੰਤ ਵਿਚ 'ਤਿਸ ਹੀ ਕਰਣੀ ਸਾਰ' ਵਿਚ ਫੁਰਮਾਇਆ ਸੀ, ਹੁਣ ੨੪ਵੀਂ ਵਿਚ ਫੁਰਮਾਉਂਦੇ ਹਨ 'ਤਿਨ੍ਹਾ ਸਵਾਰੇ ਨਾਨਕਾ ਜਿਨ੍ਹ ਕਉ ਨਦਰਿ ਕਰੇ'।

ਦੂਜਾ ਸਲੋਕ ਬੀ ਮਹਲੇ ਦੂਸਰੇ ਦਾ ਹੈ, ਉਸ ਦਾ ਮਨੋਰਥ ਬੀ ਇਹੋ ਹੈ ਕਿ ਕਰਤਾ ਪੁਰਖ ਆਪ ਜੁ

ਰਚਣਹਾਰ ਹੋਇਆ, ਰਚਣਹਾਰ ਨੂੰ ਰਚੀ ਦਾ ਫਿਕਰ ਹੁੰਦਾ ਹੈ। ਉਹੋ ਜੀਵਾਂ ਨੂੰ ਸਾਜਦਾ ਹੈ; ਸਾਜਦਾ ਬੀ ਆਪ ਤੇ ਮੇਟਦਾ ਬੀ ਆਪ ਹੈ। ਓਹ ਸਭ ਕੁਛ ਜਾਣਦਾ ਹੈ ਤੇ ਸਭ ਕੁਛ ਵਿਚ ਵਰਤ ਰਿਹਾ ਹੈ। ਉਸ ਦੇ ਕੀਤੇ ਤੇ ਕਿੰਤੂ ਕਰਨ ਦੀ ਲੋੜ ਨਹੀਂ।

ਹੁਣ ਇਨ੍ਹਾਂ ਭਾਵਾਂ ਦੀ ਪੂਰਣਤਾ ਹੀ ਮਾਨੋ ਪਉੜੀ ਵਿਚ ਹੈ। ਉਹ ਕਰਤਾ ਹੈ, ਕਰਤਾਰ ਹੋਣ ਕਰਕੇ ਕੀਤੀ ਨੂੰ ਚਲਾਉਣਾ ਉਸੇ ਦਾ ਬਿਰਦ ਹੈ ਸੋ ਚਲਾ ਰਿਹਾ ਹੈ। ਫਿਰ ਪਾਲਣਾ ਕਰਤਾਰ ਦਾ ਬਿਰਦ ਹੈ ਸੋ ਜੀਵਾਂ ਨੂੰ ਰਿਜਕ ਦੇ ਰਿਹਾ ਹੈ ਧੁਰੋਂ ਕਾਰਣਾਂ ਦੇ ਕਾਰਣ ਨੇ ਜੋ ਕਾਰ ਪਾ ਛੱਡੀ ਹੈ ਸੋ ਕਰਣੀ ਹੈ, ਤੇ ਸਭ ਕੁਛ ਆਪੇ ਆਪ ਹੈ, ਹੋਰ ਦੂਜਾ ਕੋਈ ਹੈ ਹੀ ਨਹੀਂ। ਫੇਰ ਉਹ ਸਰਬ ਸ਼ਕਤੀਮਾਨ ਹੈ, ਸ੍ਵੈਛੰਦ ਤੇ ਸੁਤੰਤ੍ਰ ਹੈ, ਤੇ ਇਹ ਬੀ ਬਿਰਦ ਉਸੇ ਦਾ ਹੈ:- 'ਤਿਨ੍ਹਾ ਸਵਾਰੇ ਨਾਨਕਾ ਜਿਨ੍ਹ ਕਉ ਨਦਰਿ ਕਰੇ॥'

ਸੋ ਇਸ ੨੪ਵੀਂ ਪਉੜੀ ਸਾਰੀ ਵਿਚ ਇਕੋ ਹੀ ਵਿਸ਼ਯ ਪ੍ਰਤਿਪਾਦਨ ਹੋਇਆ ਦਿੱਸ ਰਿਹਾ ਹੈ। ਜਿਸ ਵਿਚ ਵਾਹਿਗੁਰੂ ਜੀ ਦੀ ਸਰਬ ਸ਼ਕਤੀਮਾਨਤਾ, ਸਰਵੱਗਤਾ, ਕਰਤਾਰਤਾ, ਵਿਸ੍ਵਭਰਤਾ ਤੇ ਮੇਹਰ ਨਦਰ ਦਰਸਾਈ ਹੈ ਤੇ ਇਸ ਅੰਤਲੀ ਪਉੜੀ ਤੇ ਗੁਰੂ ਮਤਿ ਅਨੁਸਾਰ ਪ੍ਰੇਮਾ ਭਗਤੀ ਕਰਕੇ ਬ੍ਰਹਮ ਦ੍ਰਿਸ਼ਟੀ ਨੂੰ ਅੱਪੜੇ ਬ੍ਰਹਮ ਗਯਾਨੀ ਦੀ ਉਚ ਦ੍ਰਿਸ਼ਟੀ ਕਾਰਣਾਂ ਦੇ ਕਾਰਣ ਤੇ ਸਦਾ ਟਿਕੇ ਰਹਿਣ ਵਾਲੀ ਦੇ ਦਰਸ਼ਨ ਕਰਾਏ ਹਨ।

ਨਿਰੁਕ੍ਤ-ਭਾਂਡਾ-ਬਰਤਨ, ਭਾਵ ਹੈ ਸਰੀਰ। ਦੇਖੋ ਨਿਰੁਕਤ ਪੰਨਾ ੨੯੨੦।

ਨਿਹਾਲੀ- [ਫਾ:, ਨਿਹਾਲੀ=ਹੇਠ ਵਿਛਾਉਣ ਦਾ ਰੂੰ ਦਾਰ ਕਪੜਾ] ਤੁਲਾਈ। ਯਥਾ:-

'ਲੇਫੁ ਨਿਹਾਲੀ ਪਟ ਕੀ॥' [ਮਾਰੂ ਕਾਫੀ ਮਹਲਾ ੧, ਅਸਟ:-੯]

'ਲੇਫ' ਉਤੇ ਲੈਣ ਦਾ, 'ਨਿਹਾਲੀ' ਹੇਠ ਵਿਛਾਉਣ ਦੀ।

ਦੇਖੈ-ਦੇਖਦਾ, ਸੰਭਾਲਦਾ। ਸੰਪ੍ਰਦਾਈ ਦਾਨੇ ਦੇਖੈ ਦਾ ਅਰਥ ਏਥੇ ਪਾਲਣਾ ਯਾ ਸੰਭਾਲਣ ਹੀ ਲਾਉਂਦੇ ਹੈਨ।

ਥਾਪਿ ਉਥਾਪਿ-'ਥਾਪਿ ਉਥਾਪ' ਏਹ ਪਦ ਸੰਸਕ੍ਰਿਤ ਮੂਲਕ ਹਨ, ਇਨ੍ਹਾਂ ਦਾ ਸੰਸਕ੍ਰਿਤ ਰੂਪ ਹੈ 'ਸਤ੍ਥਾਪਨੰ, ਉਤਥਾਪਨੰ। ਸਤ੍ਥਾਪਨੰ=ਥਾਪਣਾ, ਕਾਯਮ ਕਰਨਾ ਤੇ ਉਤ੍ਥਾਪਨੰ ਦੇ ਕਈ ਅਰਥ ਹਨ:-ਖੜਾ ਕਰਨਾ, ਉਚਿਆਂ ਕਰਨਾ, ਉਠਾਉਣਾ, ਭੜਕਾਉਣਾ, ਸਮਾਪਤ ਕਰਨਾ। ਜੈਸਾ ਕਿ ਵੇਦ ਦੀ ਅਖੀਰਲੀ ਰਿਚ ਦਾ ਨਾਮ ਹੀ 'ਉਤ੍ਥਾਪਨੀ' (ਰਿਚ) ਹੈ। ਉਤ੍ਥਾਪਨ=ਮਿਟਾ ਦੇਣਾ [causing to cease (ਮੋ:ਵਿ:)] । 'ਥਾਪਿ ਉਥਾਪ' ਪੁ: ਪੰਜਾਬੀ ਦੇ ਮੁਹਾਵਰੇ ਵਿਚ ਥਾਪਣ ਤੇ ਉਠਾ ਦੇਣ ਯਾ ਮਿਟਾ ਦੇਣ ਦੇ ਅਰਥਾਂ ਵਿਚ ਵਰਤੀਂਦੇ ਰਹੇ ਹਨ, ਜੈਸਾ ਕਿ ਗੁਰਬਾਣੀ ਵਿਚ ਜਗ੍ਹਾ ਜਗ੍ਹਾ ਆਇਆ ਹੈ:-

ਖਿਨ ਮਹਿ ਥਾਪਿ ਉਥਾਪਦਾ ਤਿਸੁ ਬਿਨੁ ਨਹੀ ਕੋਈ॥ [ਜੈਤਸਰੀ ਵਾਰ ਮਹਲਾ ੫-੧]
ਪੁਨਾ-ਖਿਨ ਮਹਿ ਥਾਪਿ ਉਥਾਪਨਹਾਰਾ॥ [ਗੂਜਰੀ ਮਹਲਾ ੫-੫]

ਸੰਬਾਹਿ-ਪੁਚਾਉਂਦਾ ਹੈ। ਦੇਖੋ ਨਿਰੁਕਤ ਪੰਨਾ ੧੯੧੭।

----:o:----

[ਆਸਾ ਕਬੀਰ ਜੀ, ਚਉਪਦਾ-੧]

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰ

ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

ਰਾਗੁ ਆਸਾ ਬਾਣੀ ਭਗਤਾ ਕੀ ॥

ਕਬੀਰ ਜੀਉ ਨਾਮਦੇਉ ਜੀਉ ਰਵਿਦਾਸ ਜੀਉ ॥

ਆਸਾ ਸ੍ਰੀ ਕਬੀਰ ਜੀਉ ॥

ਮੂਲ	ਅਰਥ
ਗੁਰ ਚਰਣ ਲਾਗਿ ਹਮ ਬਿਨਵਤਾ ਪੂਛਤ ਕਹ ਜੀਉ ਪਾਇਆ ॥ ਕਵਨ ਕਾਜਿ ਜਗੁ ਉਪਜੈ ਬਿਨਸੈ ਕਹਹੁ ਮੋਹਿ ਸਮਝਾਇਆ ॥੧॥	ਗੁਰੂ ਦੇ ਚਰਨੀ ਲੱਗਕੇ ਮੈਂ ਬੇਨਤੀ ਕਰਦਾ ਹਾਂ ਤੇ ਪੁੱਛਦਾ ਹਾਂ ਕਿ ਜੀਵ ਕਿਉਂ ਪੈਦਾ ਕੀਤਾ ਗਿਆ? ਜਗਤ ਕਿਸ ਕਾਰਜ ਲਈ ਜੰਮਦਾ ਮਰਦਾ ਹੈ? ਮੈਨੂੰ ਸਮਝਾ ਕੇ ਦੱਸੋ॥ ੧॥
ਦੇਵ ਕਰਹੁ ਦਇਆ ਮੋਹਿ ਮਾਰਗਿ ਲਾਵਹੁ ਜਿਤੁ ਭੈ ਬੰਧਨ ਤੂਟੈ ॥ ਜਨਮ ਮਰਨ ਦੁਖ ਫੇੜ ਕਰਮ ਸੁਖ ਜੀਅ ਜਨਮ ਤੇ ਛੂਟੈ ॥੧॥ ਰਹਾਉ ॥	ਹੇ ਗੁਰਦੇਵ ! ਮੇਹਰ ਕਰੋ, ਮੈਨੂੰ ਰਸਤੇ ਪਾਓ, ਜਿਸ ਨਾਲ ਕਿ ਭੈ ਵਾਲੇ ਬੰਧਨ ਟੁੱਟ ਜਾਣ। (ਹਾਂ ਜੀਉ ਜਿਸ ਕਰਕੇ) ਕੀਤੇ ਕਰਮਾਂ ਦਾ ਜਨਮ ਮਰਨ ਰੂਪੀ ਦੁਖ (ਅਤੇ ਕੀਤੇ ਕਰਮਾਂ ਦਾ) ਸੁਖ (ਜੋ) ਜੀਵ ਜਨਮ ਤੋਂ (ਲੈਕੇ ਭੋਗਦਾ ਹੈ; ਇਨ੍ਹਾਂ ਦੋਹਾਂ ਤੋਂ ਜੀਵ) ਛੁੱਟ ਜਾਵੇ॥ ੧॥ ਰਹਾਉ॥ [ਪ੍ਰਸ਼ਨ ਮੁਕੇ]।
ਮਾਇਆ ਫਾਸ ਬੰਧ ਨਹੀ ਫਾਰੈ ਅਰੁ ਮਨ ਸੁੰਨਿ ਨ ਲੂਕੇ ॥ ਆਪਾ ਪਦੁ ਨਿਰਬਾਣੁ ਨ ਚੀਨ੍ਹਿਆ ਇਨ ਬਿਧਿ ਅਭਿਉ ਨ ਚੂਕੇ ॥੨॥	[ਉੱਤਰ] ਮਾਇਆ ਦੀ (ਗਲੇ ਪਈ) ਫਾਹੀ (ਭੈ ਦੇ) ਬੰਧਨਾਂ ਨੂੰ ਨਹੀਂ ਫਾੜਦੀ, ਅਤੇ ਮਨ ਨੂੰ ਅਫੁਰ (ਅਵਸਥਾ) ਵਿਚ ਲੁਕਣ ਨਹੀਂ ਦੇਂਦੀ (ਭਾਵ ਪਹੁੰਚਣ ਨਹੀਂ ਦੇਂਦੀ। ਫੁਰਨੇ ਵਿਚ ਰਖਦੀ ਹੈ ਇਸ ਕਰਕੇ ਜੀਵ ਨੇ) ਨਿਰਬਾਣ ਪਦਵੀ ਸ੍ਵੈ ਸਰੂਪ ਦੀ ਇਸਥਿਤੀ ਵਾਲੀ ਅਨੁਭਵ ਨਹੀਂ ਕੀਤੀ, ਇਸ ਕਰਕੇ (ਇਹ ਜਨਮ ਮਰਨ ਆਦੀ ਦਾ ਸਾਰਾ) ਝਗੜਾ ਨਹੀਂ ਮੁੱਕਦਾ॥ ੨॥
ਕਹੀ ਨ ਉਪਜੈ ਉਪਜੀ ਜਾਣੈ ਭਾਵ ਅਭਾਵ ਬਿਹੂਣਾ ॥ ਉਦੈ ਅਸਤ ਕੀ ਮਨ ਬੁਧਿ ਨਾਸੀ ਤਉ ਸਦਾ ਸਹਜਿ ਲਿਵ ਲੀਣਾ ॥੩॥	(ਜੇ ਇਹ ਜਿਸ ਆਤਮ ਵਸਤੂ ਨੂੰ) ਉਪਜੀ ਜਾਣਦਾ ਹੈ (ਜਾਣ ਲਵੇ ਕਿ ਉਹ) ਕਦੇ ਉਪਜਦੀ ਨਹੀਂ, (ਜਿਸ ਨੂੰ ਇਹ ਕਦੇ ਨਹੀਂ ਹੁੰਦੀ) ਜਾਣਦਾ ਹੈ ਜੇ ਉਸ ਨੂੰ ਭਾਵ ਅਭਾਵ (ਹੋਣ ਤੇ ਨਾ ਹੋਣ) ਤੋਂ ਖਾਲੀ (ਭਾਵ ਇਕ ਰਸ) ਜਾਣ ਲਵੇ; (ਜੇ ਇਸ ਦੇ) ਮਨ ਦੀ ਬੁਧੀ ਉਦੇ ਅਸਤ (ਪ੍ਰਕਾਸ਼ ਪਾਉਣ ਤੇ ਅਪ੍ਰਕਾਸ਼ ਹੋ ਜਾਣ ਵਾਲੀ) ਨਾਸ਼ ਹੋ ਜਾਵੇ ਤਾਂ (ਇਹ ਜੀਵ) ਸਦਾ ਸਹਜ ਵਿਚ ਲੀਨ ਰਹੇ (ਭਾਵ ਜਨਮ ਮਰਨ ਬਿਹੂਨ ਸਦਾ ਅਖੰਡ ਇਕ ਰਸ ਪਰਮਾਤਮ ਰੂਪਤਾ ਵਿਚ ਲੀਨ ਰਹੇ)॥ ੩॥

ਜਿਉ ਪ੍ਰਤਿਬਿੰਬੁ ਬਿੰਬ ਕਉ ਮਿਲੀ ਹੈ ਉਦਕ ਕੁੰਭੁ ਬਿਗਰਾਨਾ ॥ ਕਹੁ ਕਬੀਰ ਐਸਾ ਗੁਣ ਭ੍ਰਮੁ ਭਾਗਾ ਤਉ ਮਨੁ ਸੁੰਨਿ ਸਮਾਨਾਂ ॥੪॥੧॥

ਜਿਵੇਂ (ਚੰਦ ਦਾ ਘੜੇ ਵਿਚ ਪਿਆ) ਪ੍ਰਤਿਬਿੰਬ (ਅਪਣੇ) ਬਿੰਬ (ਅਰਥਾਤ ਚੰਦ ਸਰੂਪਤਾ ਵਿਚ) ਮਿਲਿਆ ਹੋਇਆ ਹੈ, (ਜਦੋਂ) ਘੜੇ ਦਾ ਪਾਣੀ ਡੁੱਲ੍ਹ ਜਾਵੇ (ਤਾਂ ਵੱਖਰਾ ਕੋਈ ਨਹੀਂ ਦੀਹਦਾ)। ਕਬੀਰ (ਗੁਰੂ ਦਾ ਦੱਸਿਆ ਉੱਤਰ) ਵਰਣਨ ਕਰਦਾ ਹੈ (ਜਦੋਂ ਜੀਵ ਦਾ) ਐਸਾ ਭਰਮ (ਜੋ) ਰੱਸੀ (ਨੂੰ ਸੱਪ ਜਾਣਨੇ ਕਰਕੇ ਹੁੰਦਾ ਹੈ ਦੂਰ ਹੋ ਜਾਂਦਾ ਹੈ) ਤਾਂ ਮਨ ਸੁੰਨ (ਅਫੁਰ ਪ੍ਰਭੂ) ਵਿਚ ਸਮਾ ਜਾਂਦਾ ਹੈ॥ ੪॥ ੧॥

ਵ੍ਯਾਖ੍ਯਾ-ਇਸ ਸ਼ਬਦ ਵਿਚ ਸ੍ਰੀ ਕਬੀਰ ਜੀ ਦੇ ਤ੍ਰੈ ਪ੍ਰਸ਼ਨ ਹਨ ਜੋ ਰਹਾਉ ਤੇ ਮੁੱਕਦੇ ਹਨ; ਅਗੇ ਉੱਤਰ ਹਨ। ਜਾਪਦਾ ਹੈ ਕਿ ਕਦੇ ਭਗਤ ਜੀ ਨੇ ਅਪਣੇ ਗੁਰੂ ਜੀ ਤੇ ਪ੍ਰਸ਼ਨ ਕੀਤੇ ਹਨ, ਉਹਨਾਂ ਨੇ ਉੱਤਰ ਦਿਤੇ ਹਨ, ਉਹ ਉੱਤਰ ਪ੍ਰਸ਼ਨ ਆਪ ਨੇ ਏਸ ਵਿਚ ਗੁੰਦੇ ਹਨ। ਉੱਤਰ ਪ੍ਰਸ਼ਨਾਂ ਦੇ ਕ੍ਰਮ (ਤਰਤੀਬ) ਵਿਚ ਨਹੀਂ ਹਨ। ਇਸ ਕਰਕੇ ਨਹੀਂ ਕਿ ਕਬੀਰ ਜੀ ਕ੍ਰਮ ਵਾਰ ਉੱਤਰ ਨਹੀਂ ਸਨ ਜਾਣਦੇ ਪਰ ਇਸ ਲਈ ਕਿ ਜਿਸ ਕ੍ਰਮ ਵਿਚ ਉੱਤਰ ਦੇਣ ਲਗੇ ਹਨ ਸਮਝਣ ਲਈ ਉਹ ਕ੍ਰਮ ਠੀਕ ਹੈ ਤੇ ਇਹੋ ਤਰੀਕਾ ਗੁਰੂ ਨੇ ਵਰਤਿਆ ਹੋਣਾ ਹੈ। ਕਿਉਂਕਿ ਕਬੀਰ ਜੀ ਤਾਂ ਪੁੱਛ ਰਹੇ ਹਨ ਕਿ 'ਜਗਤ ਕਿਸ ਕਾਜ ਉਪਜਦਾ ਹੈ?' ਤੇ ਮੁਰਸ਼ਦ ਫੁਰਮਾ ਰਿਹਾ ਹੈ: ਕਿ 'ਜਗਤ ਉਪਜਦਾ ਨਹੀਂ'। ਉਪਜਦਾ ਬਿਨਸਦਾ ਕਹਿਣਾ ਉਚ ਫਿਲਸਫੇ ਵਿਚ ਢੁੱਕਦਾ ਨਹੀਂ ਇਸ ਕਰਕੇ ਮੁਰਸ਼ਿਦ ਪਹਿਲਾਂ ਦੱਸਦਾ ਹੈ ਜਗਤ ਦਾ ਪ੍ਰਵਾਹ ਚੱਲ ਕੀਕੂੰ ਰਿਹਾ ਹੈ, ਇਸ ਵਿਚ ਫਸੌਤੀ ਤੇ ਗੇੜ ਜੀਵ ਦੇ ਕਿਉਂ ਨਹੀਂ ਮੁੱਕਦੇ। ਇਹ ਬੀ ਇਕ ਅਨੋਖੇ ਢੰਗ ਤੇ ਦੋ ਸਤਰਾਂ ਕਹੀਆਂ ਹਨ, ਇਨ੍ਹਾਂ ਵਿਚ ਫੁਰਮਾਉਂਦੇ ਹਨ:-

੧. ਜੀਵ ਨੂੰ ਮਾਇਆ ਦੀ ਫਾਹੀ ਪਈ ਹੋਈ ਹੈ।

੨. ਇਹ ਬੰਧਨ ਟੁੱਟਦਾ ਨਹੀਂ।

੩. ਏਥੇ ਇਕ ਲੁਪਤੀ ਹੈ ਜੋ ਅਗਲੇ ਪਦਾਂ 'ਮਨੁ ਸੁੰਨਿ ਨ ਲੂਕੇ' ਤੋਂ ਸਪਸ਼ਟ ਹੋ ਜਾਂਦੀ ਹੈ। ਉਹ ਹੈ ਇਹ ਕਿ ਸੰਕਲਪ ਵਿਕਲਪ ਦਾ ਜਾਰੀ ਰਹਿਣਾ ਇਸ ਬੰਧਨ ਦਾ ਸਰੂਪ ਹੈ, ਇਸ ਤੋਂ ਛੁੱਟਕੇ।

੪. ਮਨ ਸੁੰਨ ਵਿਚ ਨਹੀਂ ਲੁਕਦਾ ਭਾਵ ਪਨਾਹ ਲੈਂਦਾ। ਸੁੰਨ ਦਾ ਮਤਲਬ ਹੈ ਅਫੁਰ ਹੋਕੇ ਨਿਰਗੁਣ ਪ੍ਰਭੂ ਵਿਚ ਲੀਨ ਹੋਣਾ। 'ਲੂਕੇ' ਪਦ ਗ਼ਲਤੀ ਨਾਲ ਨਹੀਂ ਵਰਤਿਆ ਗਿਆ, ਸਗੋਂ ਇਹ ਪਦ ਡਾਢਾ ਸਾਰਥਕ ਤੇ ਲਾਵੰਨਤਾ ਵਾਲਾ ਹੈ। ਸਿਫਰ ਵਿਚ ਅਨਹੋਂਦ ਵਿਚ ਲੁਕਣ ਦੇ ਕੋਈ ਅਰਥ ਨਹੀਂ। ਜੇ ਸੁੰਨ ਅਣਹੋਂਦ ਹੀ ਹੈ ਸੁਧੀ ਤਾਂ ਓਥੇ ਲੁਕਣਾ ਕੀਹ। ਮਾਯਕ ਅਣਹੋਂਦ ਅਰਥਾਤ ਅਫੁਰਤਾ ਨੂੰ ਲੰਘਕੇ ਨਿਰਗੁਣ ਬ੍ਰਹਮ ਵਿਚ ਪਨਾਹ ਮਿਲਦੀ ਹੈ। ਇਸ ਮਾਯਕ ਨਾਗਨੀ ਤੋਂ ਪਨਾਹ ਅਫੁਰ ਪਰਮਾਤਮਾ ਵਿਚ ਸਮਾ ਜਾਣ ਨਾਲ ਮਿਲਦੀ ਹੈ।

ਉਹ ਕੀਕੂੰ ਮਿਲਦੀ ਹੈ? ਇਸਦਾ ਪ੍ਰਕਾਰ ਇਸ ਤੁਕ ਵਿਚ ਦੱਸਦੇ ਹਨ ਕਿ ਅਫੁਰ ਹੋਕੇ ਅਪਣੇ ਆਪੇ ਨੂੰ ਮਾਯਾ ਸੁਤੰਤ੍ਰ 'ਅਪਣੇ ਪਦ ਵਿਚ ਇਸਥਿਤ' ਅਨੁਭਵ ਨਹੀਂ ਕੀਤਾ ਤੇ ਇਉਂ 'ਆਪੇ ਨੂੰ ਅਨੁਭਵ' ਕਰਕੇ ਨਿਰਬਾਣ ਪਦ, ਨਿਰਗੁਣ ਬ੍ਰਹਮ ਦੀ ਬ੍ਰਹਮ ਸਰੂਪਤਾ ਨੂੰ ਨਹੀਂ ਅਨੁਭਵ ਕੀਤਾ। ਇਸ ਕਰਕੇ ਇਹ ਝਗੜਾ, ਇਹ ਸੰਸੇ ਬ੍ਰਿਤੀ ਨਹੀਂ ਮੁੱਕਦੀ; ਤੇ ਇਹ ਜੋ ਜਨਮ ਮਰਨ ਦਾ ਪ੍ਰਵਾਹ ਦਿੱਸਦਾ ਹੈ ਮੁਕਦਾ ਨਹੀਂ, ਕਿਉਂਕਿ ਇਸਦਾ ਕਾਰਣ 'ਸੰਸੇ ਬ੍ਰਿਤੀ' ਨਹੀਂ ਮੁੱਕਦੀ।

ਅੰਕ ੩-ਜੇ ਇਹ ਸੰਸੇ ਬ੍ਰਿਤੀ ਮੁੱਕ ਜਾਏ ਤੇ ਆਪਾ ਪਦ ਉਪ੍ਰੰਤ ਨਿਰਬਾਣ ਪਦ ਪ੍ਰਾਪਤ ਹੋ ਜਾਏ ਤਾਂ ਬ੍ਰਹਮ ਅਰਥਾਤ ਬ੍ਰਹਮ ਅਨੁਭਵਤਾ ਪ੍ਰਾਪਤ ਹੋ ਜਾਏ, ਤਦ ਕੀਹ ਦੇਖੇਗਾ ਕਿ ਜਨਮ ਮਰਨ ਉਪਜਣਾ ਬਿਨਸਣਾ ਹੈ ਹੀ ਨਹੀਂ। ਉਹ ਮਨ ਦੀ ਬੁਧੀ ਹੀ ਦੂਰ ਹੋ ਜਾਂਦੀ ਹੈ ਜੋ ਚੜਨਾ ਤੇ ਡੁੱਬਣਾ ਦੇਖਦੀ ਸੀ। ਉਦੈ ਅਸਤ ਪਦ ਕਿਉਂ ਵਰਤੇ ਜਦ ਕਿ ਭਾਵ ਅਭਾਵ ਕਿ ਉਪਜੀ ਨਾ ਉਪਜੀ ਪਦ ਵਰਤ ਚੁਕੇ ਹਨ?

ਇਸ ਲਈ ਕਿ ਜ਼ਿਮੀ ਤੇ ਖੜੇ ਨੂੰ ਸੂਰਜ ਚੜ੍ਹਦਾ ਤੇ ਡੁਬਦਾ ਦਿੱਸਦਾ ਹੈ, ਜੇ ਦੋ ਚਾਰ ਲੱਖ ਮੀਲ ਉੱਚਾ ਗਗਨ ਵਿਚ ਜਾ ਖੜਾ ਹੋਵੇ ਤਾਂ ਕੀਹ ਦੇਖੇਗਾ? ਕਿ ਸੂਰਜ ਕਦੇ ਨਾ ਚੜ੍ਹਦਾ ਹੈ ਨਾ ਡੁਬਦਾ ਹੈ। ਪ੍ਰਿਥਵੀ ਤੇ ਜੋ ਕੁਛ ਦੇਖੀਦਾ ਸੀ ਉਹ ਸੂਰਜ ਨੂੰ ਉਦੈ ਅਸਤ ਵਾਲਾ ਨਹੀਂ ਸੀ ਬਣਾ ਰਿਹਾ। ਇਸ ਤਰ੍ਹਾਂ ਜੋ ਆਪਾ ਪਦ, ਨਿਰਬਾਣ ਪਦ ਹੈ ਓਥੇ ਤਾਂ ਇਕ ਰਸ ਚਿਦ ਘਨਦੇਵ ਪ੍ਰਕਾਸ਼ ਹੈ। ਹਾਂ, ਫੁਰਮਾਇਆ ਹੈ ਕਬੀਰ ਜੀ ਦੇ ਮੁਰਸ਼ਿਦ ਨੇ ਕਿ ਫੇਰ ਸਦਾ ਸਹਜ ਵਿਚ ਲੀਣ ਹੋ ਜਾਂਦਾ ਹੈ, ਅਰਥਾਤ ਉਸ ਨਿਰਗੁਣ ਵਿਚ ਲੀਣ ਹੋ ਜਾਂਦਾ ਹੈ।

ਅੰਕ ੪-ਹੁਣ ਇਕ ਹੋਰ ਮਿਸਾਲ ਦੇਕੇ ਸਮਝਾਇਆ ਮੁਰਸ਼ਿਦ ਨੇ ਕਿ ਜਿਵੇਂ ਹਜ਼ਾਰ ਘੜੇ ਪਾਣੀ ਨਾਲ ਭਰੇ ਚਾਂਦਨੀ ਵਿਚ ਰਖੇ ਹੋਣ ਹਰ ਘੜੇ ਵਿਚ ਚੰਦ ਦਿੱਸੇਗਾ, ਇਨ੍ਹਾਂ ਘੜਿਆਂ ਵਿਚ ਜੋ ਭਿੰਨ ਭਿੰਨ ਚੰਦ ਦਿੱਸਦਾ ਹੈ ਉਹ ਅਸਲ ਵਿਚ ਅਭਿੰਨ ਹੈ, ਕਦੇ ਭਿੰਨ ਭਿੰਨ ਨਹੀਂ ਹੋਇਆ। ਘੜੇ ਤੇ ਜਲ ਦੀ ਉਪਾਧੀ ਕਰਕੇ ਭਿੰਨ ਭਿੰਨ ਭਾਸਦਾ ਹੈ, ਘੜੇ ਭੰਨ ਦਿਓ, ਜਲ ਵੀਟ ਹੋ ਜਾਏ ਤਾਂ ਘੜਿਆਂ ਦਾ 'ਚੰਦ ਪ੍ਰਤਿਬਿੰਬ' ਅਪਨੇ 'ਬਿੰਬ' ਅਰਸ਼ੀ ਚੰਦ੍ਰਮਾ ਵਿਚ ਲੀਨ ਹੋ ਜਾਏਗਾ। ਛੇਕੜਲੀ ਤੁਕ ਵਿਚ ਫੁਰਮਾਇਆ ਹੈ ਕਿ ਇਸ ਪ੍ਰਕਾਰ ਜੋ ਸਾਨੂੰ ਭ੍ਰਮ ਪੈ ਰਿਹਾ ਹੈ, ਜਿਵੇਂ ਕਿਸੇ ਨੂੰ ਰੱਸੀ ਸੱਪ ਹੋ ਦਿੱਸੇ ਤਾਂ ਉਹ ਡਰਦਾ ਭੱਜਦਾ ਚੀਕਾਂ ਮਾਰਦਾ ਹੈ, ਜੇ ਇਹ ਭ੍ਰਮ ਦੂਰ ਹੋ ਜਾਏ ਤਾਂ ਮਨ ਸੰਸੇ ਬ੍ਰਿਤੀ ਤੋਂ ਸ਼ੁੱਧ ਹੋ ਜਾਏਗਾ, ਫਿਰ ਇਹ ਸ਼ੁੱਧ ਮਨ, ਜੋ ਹੁਣ ਨਿਰੋਲ ਜਗਤ ਸਰੂਪ, ਜਜੋਤ ਰੂਪੀ ਹਰੀ ਵਿਚ ਸਮਾ ਜਾਏਗਾ। ਏਥੇ ਫੇਰ ਨਿਰਗੁਣ ਪ੍ਰਭੂ ਨੂੰ 'ਸੁੰਨ' ਕਿਹਾ ਹੈ।

ਨਿਰੁਕ੍ਤ-ਬਿਨਵਤਾ-ਬੇਨਤੀ ਕਰਦਾ ਹਾਂ।

ਜੀਉ ਪਾਇਆ-ਜੀਉ+ਪਾਇਆ। ਜੀਵ ਪੈਦਾ ਕੀਤਾ ਗਿਆ।

ਦੇਵ-ਹੇ ਪ੍ਰਕਾਸ਼ ਸਰੂਪ ! ਭਾਵ ਗੁਰੂ ਤੋਂ ਹੈ ਜੋ ਪਹਿਲੀ ਤੁਕ ਵਿਚ ਦੱਸਿਆ ਹੈ।

ਫੇੜ ਕਰਮ-ਕੀਤੇ ਹੋਏ ਕਰਮ। ਇਹ ਸਤਰ ਭੈ ਬੰਧਨ ਦਾ ਵੇਰਵਾ ਹੈ ਮਾਨੋ।

ਜਨਮ ਮਰਨ ਦੁਖ ਫੇੜ ਕਰਮ ਸੁਖ ਜੀਅ ਜਨਮ ਤੇ ਛੂਟੈ-ਕਈ ਦਾਨੇ ਇਸ ਸਤਰ ਤੋਂ ਉੱਤਰ ਸ਼ੁਰੂ ਹੋ ਗਿਆ ਸਮਝਦੇ ਹਨ ਅਤੇ ਪ੍ਰਸ਼ਨ ਨੰ: ੨, ਜੋ ਤੀਸਰੀ ਸਤਰ ਵਿਚ ਆਇਆ ਹੈ, ਉਸਦਾ ਉੱਤਰ ਮੰਨਦੇ ਹਨ ਐਉਂ ਕਿ:-

ਪ੍ਰਸ਼ਨ: ਕਵਨ ਕਾਜਿ ਜਗੁ ਉਪਜੈ ਬਿਨਸੈ?

ਉੱਤਰ: ਜਨਮ ਮਰਨ ਦੁਖ ਫੇੜ ਕਰਮ ਸੁਖ ਜੀਅ ਜਨਮ ਤੇ ਛੂਟੈ॥ ਅਰਥਾਤ ਕੀਤੇ ਕਰਮਾਂ ਕਰਕੇ ਜਨਮ ਮਰਨ ਦਾ ਦੁਖ ਮਿਲਦਾ ਹੈ (ਅਤੇ ਇਨ੍ਹਾਂ ਦੁਖਾਂ ਤੋਂ) ਛੁੱਟ ਕੇ (ਆਤਮ-) ਸੁਖ (ਪ੍ਰਾਪਤੀ) ਲਈ ਜਨਮ ਮਿਲਦਾ ਹੈ।

ਇਉਂ ਕਰਕੇ ਫੇਰ ਇਕ ਦੋ ਪ੍ਰਸ਼ਨਾਂ ਦੀ ਲੁਪਤੀ ਸਮਝੀ ਜਾਂਦੀ ਹੈ ਤੇ ਅਗਲੀ ਸਤਰ, ਰਹਾਉ ਤੋਂ ਮਗਰਲੀ, ਉਸਦਾ ਉੱਤਰ ਸਮਝੀ ਦਾ ਹੈ। ਯਥਾ-

ਪ੍ਰਸ਼ਨ:- ਜੀਵ ਨੂੰ ਆਤਮ ਸੁਖ ਦੀ ਪ੍ਰਾਪਤੀ ਕਿਉਂ ਨਹੀਂ ਹੁੰਦੀ?

ਉੱਤਰ:- ਕਿਉਂਕਿ ਮਾਇਆ ਰੂਪੀ ਫਾਹੀ ਦੇ ਬੰਧਨ ਏਹ ਨਹੀਂ ਫਾੜਦਾ, ਅਤੇ ਕਦੇ (ਸੁੰਨਿ=) ਅਫੁਰ ਅਵਸਥਾ ਵਿਚ ਲੁਕ ਕੇ ਨਹੀਂ ਬੈਠਦਾ।

ਪ੍ਰਸ਼ਨ:- ਮਨ ਅਫੁਰਤਾ ਵਿਚ ਕਿਉਂ ਨਹੀਂ ਲੁਕਦਾ?

ਉੱਤਰ:- ਕਿਉਂਕਿ ਜੀਵ ਅਪਣੇ ਸਰੂਪ ਨੂੰ ਨਹੀਂ ਪਛਾਣਦਾ, ਕਿ ਉਹ ਨਿਰਬਾਣ ਪਦਵੀ ਹੈ, ਅਰਥਾਤ ਮੁਕਤੀ ਦੀ ਹਾਲਤ ਹੈ। ਇਸ ਕਰਕੇ ਜੀਵ ਦੀ ਡਰ ਰਹਿਤਤਾ ਨਹੀਂ ਮੁਕਦੀ। ਅਭਿਉ ਦਾ ਅਰਥ ਏਥੇ ਡਰ ਰਹਿਤਤਾ ਯਾ ਡਰ ਰਹਿਤ ਅਵਸਥਾ ਕਰ ਲਈਦਾ ਹੈ। ਉਂਵ 'ਅਭਿਉ' ਸੰਸਕ੍ਰਿਤ ਪਦ

'ਅਭਿਯੋਗ' ਦਾ ਹਿੰਦੀ ਪਾਠ ਹੈ।

ਅਭਿਉ- [ਸੰਸ:, ਅਭਿਯੋਗ:=ਮੁਕੱਦਮਾ, ਦਾਅਵਾ] ਝਗੜਾ, ਦੂਸਰੇ ਉਤੇ ਚੜ੍ਹਾਈ ਕਰਨੀ, ਮੁਕੱਦਮੇ ਬਾਜ਼ੀ।

ਪਦਾ ਤੀਸਰਾ-ਕਈ ਦਾਨੇ ਅਗਲੀਆਂ ਸਤਰਾਂ ਦੇ ਅਰਥ ਐਉਂ ਲਾਉਂਦੇ ਹਨ:-

ਪ੍ਰਸ਼ਨ:-ਨਿਰਬਾਣ ਅਵਸਥਾ ਦੇ ਜਾਣਨ ਵਿਚ ਕਿਹੜਾ ਪ੍ਰਤੀ ਬੰਧਕ ਹੈ?

ਉੱਤਰ:- [ਕਹੀ ਨ ਉਪਜੈ=] (ਗੁਰਾਂ ਦੀ) ਕਹੀ ਹੋਈ (ਸਿਖ੍ਯਾ) ਇਸਦੇ ਹਿਰਦੇ ਵਿਚ (ਨ ਉਪਜੈ=ਉਗਦੀ ਨਹੀਂ) ਥਾਂ ਨਹੀਂ ਪਕੜਦੀ। (ਤੇ ਅਪਨੇ ਮਨ ਵਿਚ ਉਪਜੀ ਮਨਸਾ ਨੂੰ) ਜਾਣਦਾ ਹੈ ਕਿ (ਇਹ ਉਪਜੀ ਅਸਲ ਸੁਮਤਿ) ਪੈਦਾ ਹੋਈ ਹੈ ਇਉਂ ਇਹ (ਭਾਉ ਅਭਾਉ=) ਧਰਮ ਅਧਰਮ ਦੇ ਵੇਰਵੇ ਤੋਂ) ਸੱਖਣਾ ਰਹਿ ਜਾਂਦਾ ਹੈ ਅਥਵਾ (ਭਾਵ=) ਜੀਵਨ ਜੋ ਹੈ ਇਸ ਨੂੰ (ਅਭਾਵ=) ਨਾਸ਼ਵੰਤ ਨਹੀਂ ਜਾਣਦਾ (ਅਤੇ ਅਭਾਵ=) ਮੌਤ ਨੂੰ (ਭਾਵ=) ਸਤਯ ਕਰਕੇ ਜਾਣਨ ਤੋਂ ਖਾਲੀ ਹੈ।

ਪ੍ਰਸ਼ਨ:-ਨਿਰਬਾਣ ਪਦ ਕੀਕੂੰ ਪ੍ਰਾਪਤ ਹੋਵੇ?

ਉੱਤਰ:-ਉਦੇ ਅਸਤ ਦੀ ਮਨ ਬੁਧਿ ਨਾਸੀ॥ ਪੂਰਬ ਤੋਂ ਲੈਕੇ ਪੱਛਮ ਤਕ ਦੀ ਮਾਇਆ ਮਨ ਬੁਧੀ ਵਿਚੋਂ ਨਾਸ ਹੋ ਜਾਏ ਤਦ ਜੀਵ ਸਹਜ ਪਦ (=ਮੁਕਤੀ ਦੀ ਅਵਸਥਾ) ਵਿਚ ਸਦਾ ਲਿਵਲੀਨ ਰਹੇਗਾ॥ ੩॥

ਪਦਾ ਚੌਥਾ-ਇਸ ਵਿਚ ਉਸ ਸਹਜ ਪਦ ਦਾ ਸਰੂਪ ਦਰਸਾਇਆ, ਐਉਂ ਇਸਦਾ ਅਰਥ ਦਾਨੇ ਉਹੋ ਕਰਦੇ ਹਨ ਜੋ ਅਸੀਂ ਉਪਰ ਮੂਲ ਦੇ ਅਰਥਾਂ ਵਿਚ ਕਰ ਆਏ ਹਾਂ।

ਭਾਵ-ਹੋਂਦ। ਅਭਾਵ-ਅਣਹੋਂਦ।

ਉਦੈ- [ਸੰਸ:, ਉਦਯਨਮੁ=ਨਿਕਲਨਾ, ਉਪਰ ਚੜਨਾ] ਚੜਨਾ। ਸੂਰਜ ਦਾ ਉਦੈ ਹੋਣਾ।

ਅਸਤ-ਡੁਬਣਾ, ਸੂਰਜ ਦਾ ਪੱਛੋਂ ਵਲ ਜਾਕੇ ਗੁੰਮ ਹੋ ਜਾਣਾ।

ਸਹਜਿ-ਸਹਜ ਵਿਚ। ਸਹਜ ਪਦ ਯਾ ਅਵਸਥਾ ਵਿਚ, ਪੂਰਨ ਗਯਾਨ ਵਿਚ। ਵਾਹਿਗੁਰੂ ਵਿਚ।

ਪ੍ਰਤਿਬਿੰਬ- [ਸੰਸ:, ਪ੍ਰਤਿਬਿੰਬਨੰ] ਛਾਯਾ, ਅਕਸ। ਸ਼ੀਸ਼ੇ ਪਾਣੀ ਆਦਿ ਪਦਾਰਥਾਂ ਵਿਚ ਕਿਸੇ ਮੂਰਤੀ ਦਾ ਹੂਬਹੂ ਨਜ਼ਰ ਆਉਣਾ।

ਬਿੰਬ-ਮੂਲ ਸ਼ੈ ਜਿਸ ਤੋਂ ਪ੍ਰਤਿਬਿੰਬ ਪੈਂਦਾ ਹੈ।

ਉਦਕੁ- [ਸੰਸ:, ਉਦਕੰ] ਪਾਣੀ। ਕੁੰਭੁ- [ਸੰਸ:, ਕੁਮੁਭ:=ਜਲਪਾਤ੍ਰ] ਘੜਾ।

ਬਿਗਰਾਨਾ-ਵਿਗੜਿਆ। ਡੁੱਲ੍ਹ ਪਿਆ।

ਗੁਣ- [ਸੰਸ:, ਗੁਣ:] ਰੱਸੀ। ਇਸ਼ਾਰਾ ਹੈ ਰੱਸੀ ਵਿਚ ਸੱਪ ਦੇ ਭ੍ਰਮ ਪੈ ਜਾਣ ਵਾਲੀ ਡਰ ਮਈ ਅਵਸਥਾ ਵਲ।

ਘੜੇ ਤੋਂ ਭਾਵ ਸਰੀਰ ਹੈ ਤੇ ਜਲ ਤੋਂ ਭਾਵ ਅੰਤਹਕਰਣ ਹੈ ਜਿਸ ਵਿਚ ਪਰਮਾਤਮਾ ਦਾ ਪ੍ਰਤਿਬਿੰਬ ਪੈਂਦਾ ਹੈ। ਬਿਗਰਾਨਾ ਦਾ ਭਾਵ ਹੈ ਸੁਧ ਗਯਾਨ ਹੋ ਗਿਆ ਤਦ ਜੀਵ ਬ੍ਰਹਮ ਵਿਚ ਜਾ ਮਿਲਿਆ।

[ਆਸਾ ਕਬੀਰ ਜੀ, ਚਉਪਦਾ-੨]

ਮੂਲ	ਅਰਥ
ਆਸਾ॥ਗਜ ਸਾਡੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ॥ ਗਲੀ	(ਜੋ) ਸਾਢੇ ਤਿੰਨਾਂ ਤਿੰਨਾਂ ਗਜ਼ਾਂ ਦੀਆਂ ਧੋਤੀਆਂ ਬੰਨ੍ਹਦੇ ਹਨ, ਤੇ ਜਨੇਊ ਤੇਹਰੇ (ਤਿੰਨ ਅਗ੍ਰੇ ਦੇ) ਪਹਿਨਦੇ ਹਨ। (ਨਾਲ) ਜਿਨ੍ਹਾਂ

ਜਿਨ੍ਹਾ ਜਪਮਾਲੀਆ ਲੋਟੇ ਹਥਿ ਨਿਬਗ ॥ ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ॥੧॥

ਦੇ ਗਲਾਂ ਵਿਚ ਜਪ ਮਾਲਾਂ (ਹੁੰਦੀਆਂ ਹਨ ਤੇ) ਹਥਾਂ ਵਿਚ (ਮਾਂਜ ਕੇ) ਚਿਲਕਾਏ ਹੋਏ ਲੋਟੇ ਫੜੇ ਹੁੰਦੇ ਹਨ, ਓਹ ਹਰੀ ਦੇ ਸੰਤ ਨਹੀਂ ਆਖੀਦੇ (ਓਹ ਤਾਂ) ਬਨਾਰਸ ਦੇ ਠੱਗ ਹੁੰਦੇ ਹਨ॥ ੧॥

ਐਸੇ ਸੰਤ ਨ ਮੋ ਕਉ ਭਾਵਹਿ ॥ ਡਾਲਾ ਸਿਉ ਪੇਡਾ ਗਟਕਾਵਹਿ ॥੧॥ ਰਹਾਉ॥

ਐਸੇ ਸੰਤ ਮੈਨੂੰ ਨਹੀਂ ਭਾਉਂਦੇ, ਉਹ ਤਾਂ ਡਾਲੀਆਂ ਸਣੇ (ਸਾਰਾ) ਪੇੜ ਹੀ ਨਿਗਲ ਜਾਂਦੇ ਹਨ॥ ੧॥ ਰਹਾਉ॥

ਬਾਸਨ ਮਾਂਜਿ ਚਰਾਵਹਿ ਊਪਰਿ ਕਾਠੀ ਧੋਇ ਜਲਾਵਹਿ ॥ ਬਸੁਧਾ ਖੋਦਿ ਕਰਹਿ ਦੁਇ ਚੂਲ੍ਹੇ ਸਾਰੇ ਮਾਣਸ ਖਾਵਹਿ ॥੨॥

(ਉਹ) ਭਾਂਡੇ (ਖੂਬ) ਮਾਂਜਕੇ (ਚੁੱਲ੍ਹੇ) ਉਪਰ ਚਾੜ੍ਹਦੇ ਹਨ, (ਹੇਠਾਂ) ਲਕੜੀਆਂ ਧੋਕੇ ਬਾਲਦੇ ਹਨ, ਧਰਤੀ ਪੁੱਟਕੇ ਦੋ ਚੁੱਲ੍ਹੇ ਬਣਾਉਂਦੇ ਹਨ, (ਪਰ) ਮਾਨੁਖ ਸਾਰਾ ਹੀ ਖਾ ਜਾਂਦੇ ਹਨ॥ ੨॥

ਓਇ ਪਾਪੀ ਸਦਾ ਫਿਰਹਿ ਅਪਰਾਧੀ ਮੁਖਹੁ ਅਪਰਸ ਕਹਾਵਹਿ ॥ ਸਦਾ ਸਦਾ ਫਿਰਹਿ ਅਭਿਮਾਨੀ ਸਗਲ ਕੁਟੰਬ ਡੁਬਾਵਹਿ ॥੩॥

ਉਹ ਪਾਪੀ ਹਨ ਸਦਾ ਪਾਪਾਂ ਦੇ ਕਰਨੇ (ਦੀ ਲਗਨ ਵਿਚ ਹੀ) ਪਏ ਫਿਰਦੇ ਹਨ (ਪਰ) ਮੂੰਹ ਤੋਂ ਉਹ ਅਪਰਸ ਕਹਾਉਂਦੇ ਹਨ (ਅਰਥਾਤ ਅਪਣੇ ਆਪ ਨੂੰ ਅਪਰਸ ਆਖਦੇ ਹਨ)। ਓਹ ਹਮੇਸ਼ਾ ਅਭਿਮਾਨ ਵਿਚ (ਅੱਟੇ ਹੋਏ) ਫਿਰਦੇ ਹਨ (ਸਗੋਂ) ਸਾਰੇ ਕੁਟੰਬ ਨੂੰ ਬੀ ਡੋਬ ਲੈਂਦੇ ਹਨ (ਭਾਵ ਅਭਿਮਾਨ ਨਾਲ ਪੱਟ ਸੁੱਟਦੇ ਹਨ)॥ ੩॥

ਜਿਤੁ ਕੋ ਲਾਇਆ ਤਿਤ ਹੀ ਲਾਗਾ ਤੈਸੇ ਕਰਮ ਕਮਾਵੈ ॥ ਕਹੁ ਕਬੀਰ ਜਿਸੁ ਸਤਿਗੁਰੁ ਭੇਟੈ ਪੁਨਰਪਿ ਜਨਮਿ ਨ ਆਵੈ ॥੪॥੨॥

[ਹੁਣ ਕਬੀਰ ਉਹਨਾਂ ਤੇ ਬੀ ਦਇਆ ਦ੍ਰਿਸ਼ਟੀ ਵਿਚ ਆਕੇ ਕਾਰਣਾਂ ਦੇ ਕਾਰਣ ਮਹਾਂ ਕਾਰਣ ਵਲ ਲੈ ਜਾਂਦੇ ਹਨ ਕਿ] ਜਿਧਰ ਕੋਈ ਲਾਇਆ ਗਿਆ ਹੈ, ਉਧਰ ਲਗ ਰਿਹਾ ਹੈ ਤੇ ਓਹੋ ਜੇਹੇ ਹੀ ਕਰਮ ਕਮਾਉਂਦਾ ਹੈ। [ਹੁਣ ਉਹਨਾਂ ਦੇ ਤੇ ਸਗਲ ਜੀਵਾਂ ਦੇ ਉਧਾਰ ਦਾ ਰਸਤਾ ਦੱਸਦੇ ਹਨ:] ਕਹਿੰਦੇ ਹਨ ਕਬੀਰ ਜੀ ਜਿਸ ਨੂੰ (ਪੂਰਾ) ਸਤਿਗੁਰੂ ਮਿਲ ਪਵੇ ਉਹ ਮੁੜਕੇ ਜਨਮ ਵਿਚ ਨਹੀਂ ਆਵੇਗਾ (ਭਾਵ ਮੁਕਤ ਹੋ ਜਾਏਗਾ)॥ ੪॥ ੨॥

ਵਜਾਖਜਾ--ਇਹ ਸ਼ਬਦ ਉਹਨਾਂ ਸੰਤਾਂ ਪਰਥਾਇ ਉਚਾਰਿਆ ਗਿਆ ਹੈ ਜੋ ਬਾਹਰੋਂ ਸੰਤਤਾਈ ਦੇ ਚਿੰਨ੍ਹ ਧਾਰਨ ਕਰਦੇ ਹਨ ਪਰ ਅੰਦਰੋਂ ਪਾਪ ਬ੍ਰਿਤੀਆਂ ਵਾਲੇ ਹੁੰਦੇ ਹਨ। ਠਗ ਬੀ ਸੰਤਾਂ ਵਾਲੇ ਰੂਪ ਧਾਰਕੇ ਠੱਗੀਆਂ ਕਰਦੇ ਹਨ, ਪਰ ਏਥੇ ਜਾਪਦਾ ਹੈ ਕਿ ਉਹਨਾਂ ਸੰਤਾਂ ਦਾ ਜ਼ਿਕਰ ਹੈ ਜੋ ਸੰਤ ਨਹੀਂ ਪਰ ਸੰਤ ਬਣਦੇ ਹਨ ਤੇ ਬਾਹਰਲੇ ਸਾਮਾਨ ਸੰਤਤਾਈ ਦੇ ਕਰਦੇ ਹਨ, ਅਪਣੀ ਮਹਿਮਾਂ ਕਰਵਾਉਂਦੇ ਹਨ ਤੇ ਸ਼ਰਨ ਆਇਆਂ ਦੇ ਦਿਤੇ ਮਾਲ ਧਨ ਤੇ ਪਲਦੇ ਤੇ ਐਸ਼ਾਂ ਕਰਦੇ ਹਨ। ਗੋਯਾ 'ਠਗ ਸੰਤ' ਦਾ ਨਹੀਂ ਪਰ 'ਸੰਤ ਠਗ' ਦਾ ਵਰਣਨ ਕਰ ਰਹੇ ਹਨ। ਜਿਸ ਵਿਚ ਸੈਨਤ ਇਹ ਹੈ ਕਿ ਜਗਜਾਸੂਆਂ ਨੂੰ ਵਸਤੂ ਸਿਞਾਨ ਕੇ ਵਾਪਾਰ ਕਰਨਾ ਚਾਹੀਏ।

ਪਹਿਲਾ ਵਸਤੁ ਸਿਞਾਣਿ ਕੈ ਤਾਂ ਕੀਚੈ ਵਾਪਾਰੁ॥
ਦੋਹੀ ਦਿਚੈ ਦੁਰਜਨਾ ਮਿਤ੍ਰਾਂ ਕੂੰ ਜੈਕਾਰੁ॥
ਜਿਤੁ ਦੋਹੀ ਸਜਣ ਮਿਲਨਿ ਲਹੁ ਮੁੰਧੇ ਵੀਚਾਰੁ॥

[ਸਲੋਕ ਵਾਰਾਂ ਤੇ ਵਧੀਕ ਮਹਲਾ ੧-੨]

ਕਿਸੇ ਸੰਤ ਪ੍ਰਸਿਧੀ ਵਾਲੇ ਤੇ ਪਰਤਾਵੇ ਲਏ ਬਿਨਾਂ ਇਤਬਾਰ ਕਰਨਾ ਮਨ੍ਹਾ ਕਰ ਰਹੇ ਹਨ, ਕਿਉਂਕਿ ਬਨਾਵਟੀ ਸੰਤ ਬਹੁਤ ਪੈਦਾ ਹੋ ਗਏ ਹਨ। ਤਦੋਂ ਬੀ ਸਨ ਤੇ ਹੁਣ ਬੀ ਹਨ।

ਅਖੀਰਲੀਆਂ ਤੁਕਾਂ ਵਿਚ ਨਜ਼ਰ ਉੱਚੀ ਕਰਕੇ ਕਾਰਣਾਂ ਦੇ ਕਾਰਣ ਤੇ ਚਲੇ ਜਾਂਦੇ ਹਨ। ਇਹ ਸੰਤਾਂ ਦੀ ਨਿਰਵੈਰ ਦ੍ਰਿਸ਼ਟੀ ਕਰਕੇ ਹੁੰਦਾ ਹੈ ਤੇ ਉਹਨਾਂ ਦੇ ਉਧਾਰ ਦਾ ਉਪਰਾਲਾ ਬੀ ਦੱਸ ਦੇਂਦੇ ਹਨ।

ਵਿਸ਼ੇਸ਼-ਇਸ ਸ਼ਬਦ ਵਿਚ ਇਹ ਵਿਸ਼ਾ ਨਹੀਂ ਚਲ ਰਿਹਾ ਕਿ ਕਿਸੇ ਸਜਣ ਠੱਗ ਵਰਗੇ ਠੱਗਾਂ ਦਾ ਵਰਣਨ ਹੋ ਰਿਹਾ ਹੈ, ਪਰ ਸੰਤਾਂ ਦਾ, ਜੋ ਬਾਹਰਲੀ ਕ੍ਰਿਯਾ ਤਾਂ ਸੰਤਾਂ ਵਾਲੀ ਧਾਰ ਲੈਂਦੇ ਹਨ ਪਰ ਅੰਦਰ ਨੂੰ ਸੁੱਧ ਨਹੀਂ ਕਰਦੇ, ਲੋਭ ਲਹਿਰ ਵਿਚ ਹਨ, ਕਾਮ ਆਦਿ ਜਿੱਤੇ ਨਹੀਂ। ਉਹਨਾਂ ਨੂੰ ਕਹਿੰਦੇ ਹਨ ਕਿ ਸੰਤ ਨਾ ਕਹੋ, ਇਨ੍ਹਾਂ ਨੂੰ ਠੱਗ ਹੀ ਆਖੋ। ਪਰ ਜੋ ਦਾਨੇ ਠੱਗਾਂ ਦਾ ਭਾਵ ਲੈਂਦੇ ਹਨ, ਜਿਨ੍ਹਾਂ ਨੇ ਸੰਤ ਭੇਖ ਠੱਗੀ ਲਈ ਬਣਾਇਆ ਸੀ, ਉਹ ਦੱਸਦੇ ਹਨ ਕਿ ਕੋਈ ਪ੍ਰੇਮੀ ਸ੍ਰੀ ਕਬੀਰ ਜੀ ਨੂੰ ਮਿਲਣ ਆ ਰਿਹਾ ਸੀ ਕਿ ਰਾਹ ਵਿਚ ਚਾਰ ਠਗ ਉਸ ਨੂੰ ਮਿਲ ਪਏ। ਉਹ ਚਾਰੇ ਚਾਰ ਨਾਮ ਉਚਾਰਦੇ ਸਨ:-ਨਾਰਾਇਣ, ਦਾਮੋਦਰ, ਹਰੇ ਕ੍ਰਿਸ਼ਨ, ਬ੍ਰਿੰਦਾਬਨ। ਇਸ ਨੂੰ ਇਤਬਾਰ ਹੋ ਗਿਆ ਕਿ ਏਹ ਭਗਤ ਹਨ। ਗਲ ਬਾਤ ਕੀਤੀ ਤਾਂ ਉਹਨਾਂ ਕਿਹਾ ਕਿ ਕਬੀਰ ਜੀ ਦੇ ਦਰਸ਼ਨ ਨੂੰ ਜਾ ਰਹੇ ਹਾਂ। ਸੋ ਇਹ ਉਹਨਾਂ ਦੇ ਨਾਲ ਰਲ ਪਿਆ ਪਰ ਬਨ ਵਿਚ ਜਾਕੇ ਉਹਨਾ ਲੁੱਟ ਲਿਆ ਤੇ ਸੱਟਕੇ ਚਲੇ ਗਏ। ਇਹ ਹਾਲ ਕਬੀਰ ਜੀ ਨੇ ਸੁਣਕੇ ਸ਼ਬਦ ਉਹਨਾਂ ਪਰਥਾਇ ਉਚਾਰਿਆ। ਠਗਾਂ ਦੀ ਬੋਲੀ ਵਿਚ 'ਨਾਰਾਇਣ' ਦਾ ਅਰਥ ਹੈ: ਇਹ ਮਨੁਖ ਜੋ ਆਇਆ ਹੈ, ਇਕੱਲਾ ਹੈ। ਭਾਵ ਇਸ ਨੂੰ ਲੁੱਟਣਾ ਸੌਖਾ ਹੈ। ਏਹ ਦੂਰੋਂ ਜਪ ਸੁਣਕੇ ਦੂਜਾ ਆ ਮਿਲਦਾ ਹੈ ਤੇ ਉਹ ਤਾੜ ਲੈਂਦਾ ਹੈ ਕਿ ਇਸ ਦੇ ਲੱਕ ਨਾਲ ਥੈਲੀ ਬੱਧੀ ਹੈ, ਉਹ 'ਦਾਮ+ਉਦਰ' ਉਚਾਰਦਾ ਹੈ। ਤੀਸਰਾ 'ਹਰੇ ਕ੍ਰਿਸ਼ਨ' ਕਹਿੰਦਾ ਆਉਂਦਾ ਹੈ ਕਿ ਇਸਨੂੰ (ਹਰੇ=) ਹਰਾਂਗੇ (ਕ੍ਰਿਸ਼ਨ=) ਕਾਲੀ ਰਾਤ ਪਈ ਤੇ। ਚੌਥਾ ਕਹਿੰਦਾ ਹੈ ਘਰ ਨਾ ਲੈ ਚਲੋ ਬਨ ਵਿਚ ਹੀ ਕੰਮ ਕਰ ਲਓ ਉਹ 'ਬ੍ਰਿੰਦਾਬਨ' ਆਖਦਾ ਹੈ; ਅਰਥਾਤ ਘਨੇ ਜੰਗਲ ਵਿਚ, ਜੋ ਰਾਹ ਵਿਚ ਆਉਂਦਾ ਹੈ।

ਬਾਣੀ ਦੇ ਪਦਾਂ ਪਦਾਰਥਾਂ ਨੂੰ ਛਡਕੇ ਕਾਵ੍ਯ, ਕੋਸ਼, ਵ੍ਯਾਕਰਣ ਨੂੰ ਭੁਲਾਕੇ ਸਾਹਿਤ੍ਯ ਦੇ ਧ੍ਰਵਿਆਂ ਨੂੰ ਛਡਕੇ ਜੋ ਪਿਛੇ ਜਿਹੇ ਕੋਈ ਪਰਪਾਟੀ ਚਲੀ ਰਹੀ ਹੈ, ਉਸ ਅਨੁਸਾਰ ਇਸ ਸ਼ਬਦ ਦੇ ਅਰਥ ਸਾਰੇ ਚੰਗੇ ਸੰਤਾਂ ਤੇ ਘਟਾ ਲੈਂਦੇ ਹਨ; ਉਸ ਖੁਲ੍ਹ ਦਾ ਨਮੂਨਾ ਕੇਵਲ ਯਾਦ ਰਹਿਣੇ ਨਮਿਤ ਦੇਂਦੇ ਹਾਂ:-

ਐਸੇ (ਸੰਤਨ=) ਸੰਤਾਂ ਦਾ ਸਮੂਹ ਮੈਨੂੰ ਭਾਉਂਦਾ ਹੈ ਜੋ (ਡਾਲਾ=) ਪ੍ਰਪੰਚ ਨੂੰ (ਪੇਡਾ=) ਮੂਲ ਅਵਿਦ੍ਯਾ ਸਹਿਤ (ਗਟਕਾਵਹਿ=) ਖਾ ਜਾਂਦੇ, ਭਾਵ ਉਸ ਦਾ ਅਭਾਵ ਕਰ ਦੇਂਦੇ ਹਨ। (ਗਜ ਸਾਢੇ ਤੈ ਤੈ=) ਸਾਢੇ ਤਿੰਨ ਮਾਤ੍ਰਾ ਦਾ ਓਅੰਕਾਰ (ਗਜ=) ਉਚਾਰਨ ਕਰਦੇ ਹਨ, ਤੇ ਤਿੰਨ ਇਛ੍ਯਾ (ਧੋਤੀਆਂ=) ਧੋ ਸਟੀਆਂ ਹਨ। ਤਿੰਨ ਇਛਾ ਕਿਹੜੀਆਂ ਹਨ:-ਸੁਤ, ਬਿਤ, ਲੋਕ। (ਤਿਹਰੇ ਤਗ=) ਮਨ ਤਨ ਬਾਣੀ ਤਿੰਨਾਂ ਕਰਕੇ ਰੋਕਿਆ ਹੈ, ਇਹੀ (ਤਗ=) ਜਨੇਊ ਪਾਇਆ ਹੈ। (ਗਲੀ ਜਿਨਾ ਜਪ ਮਾਲੀਆ=) ਜਿਨ੍ਹਾਂ ਦੀਆਂ ਗਲਾਂ ਹੀ ਜਪ ਮਾਲਾ ਤੁੱਲ ਹਨ। (ਹਥ=) ਜਿਨ੍ਹਾਂ ਦੇ ਹਥ ਆਦਿ ਇੰਦ੍ਰੇ (ਨਿਬਗ=) ਆਪਣੇ ਵਿਸ਼ਿਆਂ ਵਿਚ ਚਲਾਇਮਾਨ ਹੋਣ ਤੋਂ (ਲੋਟੇ=) ਲੌਟ ਆਏ, ਕਿ ਮੁੜ ਆਏ ਹਨ। (ਓਹ ਹਰਿ ਕੇ ਸੰਤਨ=) ਹਰੀ ਦੇ ਸੰਤ ਕਹੀਦੇ ਹਨ, (ਕਿਉਂਕਿ ਉਹ ਬਾਨਾ=) ਬਣੇ ਹੋਏ (ਰਸ=) ਵਿਸ਼ੇ ਰਸਾਂ ਦੇ ਠਗ ਹਨ, ਭਾਵ ਉਨ੍ਹਾਂ ਨੇ ਵਿਸ਼ੇ ਰਸਾਂ ਨੂੰ ਠਗ ਲਿਆ ਹੈ॥ ੧॥

(ਬਾਸਨ ਮਾਂਜ=) ਤ੍ਰੈਹਾਂ ਵਾਸ਼ਨਾ ਨੂੰ ਮਾਂਜਦੇ ਹਨ, ਭਾਵ ਸ੍ਵੱਛ ਕਰਕੇ ਵਾਸ਼ਨਾ ਇਕੋ ਈਸ਼੍ਵਰ ਪ੍ਰਾਯਣਤਾ ਦੀ ਕਰ ਲੈਂਦੇ ਹਨ। ਤ੍ਰੈ ਵਾਸ਼ਨਾ ਏਹ ਹਨ:-੧. ਸਰੀਰ ਸੁਹਣਾ ਰਖਣ ਦੀ ਵਾਸ਼ਨਾ। ੨. ਲੋਕ ਵਾਸ਼ਨਾ-ਲੋਕੀ ਚੰਗਾ ਕਹਿਣ। ੩. ਸ਼ਾਸਤ੍ਰ ਵਾਸ਼ਨਾ-ਸ਼ਾਸਤ੍ਰ ਪੜ੍ਹਨੇ ਵੀਚਾਰਨੇ ਇਕੱਤ੍ਰ ਕਰਨੇ। (ਕਾਠੀ=) ਦੇਹ ਨੂੰ ਯਾ ਇੰਦ੍ਰਿਆਂ ਨੂੰ (ਧੋਇ=) ਸ਼ੁੱਧ ਕਰਦੇ ਹਨ (ਵੈਰਾਗ ਆਦਿ ਸਾਧਨਾ ਨਾਲ ਯਾ ਪ੍ਰੇਮਾ ਭਗਤੀ ਨਾਲ) ਫਿਰ ਜੋ ਭਗਤੀ ਦਾ ਅਭਿਮਾਨ ਹੁੰਦਾ ਹੈ ਉਸ ਨੂੰ ਬੀ (ਜਲਾਵਹਿ=) ਦੂਰ ਕਰ

ਦੇਂਦੇ ਹਨ। (ਬਸੁਧਾ ਖੋਦਿ=) ਅੰਤਹਕਰਣ ਨੂੰ ਖੋਜ ਖੋਜ ਕੇ ਰਾਗ ਦ੍ਵੈਸ਼ ਰੂਪੀ ਮਿੱਟੀ ਕੱਢਕੇ ਦੋ ਚੁੱਲ੍ਹੇ ਬਣਾਉਂਦੇ ਹਨ, ਅਰਥਾਤ ਦੋ ਅਖਰ-ਰਾ+ਮ ਨੂੰ ਸਿਮਰਦੇ ਹਨ। ਸਾਰੇ (ਮਾਣ=) ਮਾਨ ਜਿੰਨੀ ਕਿਸਮ ਦਾ ਹੈ ਸਾਰੇ (ਸ ਖਾਵਹਿ=) ਭਲੀ ਪ੍ਰਕਾਰ ਖਾ ਜਾਂਦੇ ਹਨ। ਮਾਨ ਤ੍ਰੈ ਹਨ-ਧਨ ਦਾ ਮਾਣ, ਵਿਦਯਾ ਦਾ ਮਾਣ, ਕੁਲ ਦਾ ਮਾਣ॥ ੨॥

ਉਹਨਾਂ ਸੰਤਾਂ ਨੇ (ਪਾ+ਪੀ) ਪਾਇਆ ਹੈ ਪੀਆ ਨੂੰ; ਉਹਨਾਂ ਦੀ (ਅਪਰਾ+ਧੀ) ਬੁਧੀ ਅਪਰ (ਪਰਮਾਤਮਾ) ਵਿਚ ਫਿਰਦੀ ਹੈ, ਭਾਵ ਅਪਰੰਪਰ ਪ੍ਰਭੂ ਨੂੰ ਨਿਸਚੇ ਕਰਦੀ ਹੈ ਤੇ ਉਹ ਫੇਰ ਮੂੰਹੋਂ ਬੀ (ਅ+ਪਰਸ=) ਮੈਂ ਅਸੰਗ ਹਾਂ (ਮਾਯਾ ਲੇਸ਼ ਤੋਂ, ਭਾਵ ਸ਼ੁਧ ਹਾਂ ਐਸਾ ਆਪ) ਕਹਿੰਦੇ ਹਨ ਤੇ ਜਗਯਾਸੂਆਂ ਨੂੰ ਇਸੇ ਰਸਤੇ ਪਾਕੇ ਇਹੋ ਕੁਛ ਕਹਾਉਂਦੇ ਹਨ। (ਅਥਵਾ ਅਪਰਸ ਪਰਮਾਤਮਾਂ ਨੂੰ ਆਪ ਜਪਦੇ ਹੋਰਨਾਂ ਤੋਂ ਜਪਾਉਂਦੇ ਹਨ)। (ਅਭਿਮਾਨੀ=) ਐਸੇ ਸੰਤ ਅਭਿਮਾਨੀ ਪੁਰਖਾਂ ਦੇ ਸੰਗ ਤੋਂ ਫਿਰ ਜਾਂਦੇ, ਪਰੇ ਹਟ ਜਾਂਦੇ ਹਨ। ਔਰ ਅਪਣੇ ਸਾਰੇ ਕੁਟੰਬ ਨੂੰ (ਡੁਬਾਵਹਿ=) ਪਰਮਾਤਮਾ ਦੇ ਯਸ ਵਿਚ ਗ਼ਰਕ ਕਰਦੇ ਹਨ, ਭਾਵ ਮਗਨ ਰਹਿੰਦੇ ਹਨ।

ਐਸੇ ਸੰਤਾਂ ਨੇ ਮਨ ਜਿੱਧਰ ਲਾਇਆ ਹੈ ਉਧਰੇ ਲਗਾ ਹੈ ਭਾਵ ਪਰਮਾਤਮਾ ਵਿਚ ਜਿਵੇਂ ਇੰਦ੍ਰੀਆਂ ਨੂੰ ਪ੍ਰੇਰਦੇ ਹਨ (ਕਰਮ=) ਉਹ ਕਰਮ ਕਰਦੀਆਂ ਹਨ ਭਾਵ ਮਨ ਤੇ ਇੰਦ੍ਰੈ ਉਹਨਾ ਦੇ ਵੱਸ ਵਿਚ ਹੋ ਜਾਂਦੇ ਹਨ। ਐਸੇ ਸੰਤ ਕਿਵੇਂ ਬਣਦੇ ਹਨ? ਜਿਨ੍ਹਾਂ ਨੂੰ ਸਤਿਗੁਰੂ ਮਿਲ ਪੈਂਦਾ ਹੈ, ਉਹ ਫਿਰ ਜਨਮ ਵਿਚ ਨਹੀਂ ਆਉਂਦੇ।

ਇਸ ਪ੍ਰਕਾਰ ਥੋੜਾ ਥੋੜਾ ਫਰਕ ਕਰਕੇ ਇਉਂ ਦਾ ਅਰਥ ਵਿਧੀ ਪਖ ਵਿਚ ਜੋੜ ਤੋੜ ਲੈਂਦੇ ਹਨ, ਪਰ ਮੂਲ ਸ਼ੈਲੀ ਇਹੋ ਲੈਂਦੇ ਹਨ ਜੋ ਕਾਵ੍ਯ, ਕੋਸ਼, ਵ੍ਯਾਕਰਣ, ਸਾਹਿਤ੍ਯਕ ਨਿਯਮਾਂ ਦੀਆਂ ਪਾਬੰਦੀਆਂ ਛੋੜ ਦਿੰਦੀ ਹੈ।

ਨਿਰੁਕ੍ਤ-ਗਜ ਸਾਢੇ ਤੈ ਤੈ ਧੋਤੀਆ-ਦੋ ਧੋਤੀਆਂ ਸਾਢੇ ਤ੍ਰੈ ਤ੍ਰੈ ਗਜ ਲੰਮੀਆਂ।

ਤਿਹਰੇ ਤਗ-ਤਿੰਨਾਂ ਅਗ੍ਹਾਂ ਵਾਲਾ ਜਨੇਊ। ਤ੍ਰੈ ਤੰਦਾਂ ਦਾ ਇਕ ਡੋਰਾ, ਤ੍ਰੈ ਡੋਰਾਂ ਦਾ ਇਕ ਅਗ੍ਹ। ਆਮ ਜੰਞੂ ਦੋ ਅਗ੍ਹਾਂ ਦਾ ਹੁੰਦਾ ਹੈ ਤੇ ਕਈ ਤਿੰਨ ਅਗ੍ਹਾਂ ਦਾ ਪਹਿਨਦੇ ਹਨ, ਜੇ ਦੋ ਟੁੱਟਣ ਤੇ ਤੀਆ ਕਾਯਮ ਰਹੇ ਤੇ ਨਵਾਂ ਲੈਂਦੇ ਤਕ ਬੇ-ਜਨੇਊ ਨਾ ਰਹਿਣਾ ਪਵੇ।

ਜਪ ਮਾਲੀਆਂ-ਮਾਲਾ ਜੋ ਜਪਣ ਲਈ ਹੋਣ।

ਨਿਬਰਾ-ਵਿਸ਼ੇਸ਼ ਕਰਕੇ ਚਿੱਟੇ। ਭਾਵ ਮਾਂਜ ਮਾਂਜ ਕੇ ਚਮਕੀਲੇ ਕੀਤੇ ਹੋਏ।

ਡਾਲਾ ਸਿਉ ਪੇਡਾ-ਡਾਲੀਆਂ ਸਮੇਤ ਪੇੜ।

ਗਟਕਾਵਹਿ-ਪਾਣੀ ਵਾਙੂ ਗਟ ਗਟ ਕਰਕੇ ਪੀ ਜਾਣ। ਭਾਵ ਨਿਗਲ ਜਾਣ। ਲੋਕਾਂ ਦੇ ਮਾਲ ਧਨ ਹੜੱਪ ਕਰ ਜਾਣ। ਬਾਸਨ- [ਸੰਸ:, ਵਾਸਨੰ=ਭਾਂਡਾ, ਪਾਤ੍ਰ] ਭਾਂਡੇ।

ਕਾਠੀ- [ਸੰਸ:, ਕਾਸ਼੍ਠੰ=ਲਕੜੀ] ਕਾਠ, ਬਾਲਣ, ਲਕੜੀ।

ਬਸੁਧਾ-ਜ਼ਮੀਨ।

ਸਾਰੇ ਮਾਣਸ-ਸਾਰੇ ਮਨੁਖ ਨੂੰ। ਭਾਵ ਆਪਣੇ ਮਗਰ ਲਗੇ ਦਾ ਸਰਬੰਸ ਖਾ ਜਾਂਦੇ ਹਨ।

ਅਪਰਸ- [ਦੇਖੋ ਪੰਨਾ ੧੬੧੪] ਇਕ ਸਾਧੂਆਂ ਦਾ ਫਿਰਕਾ। ਜੋ ਕਿਸੇ ਨਾਲ ਛੁਹੰਦੇ ਨਹੀਂ। ਇਹ ਤਾਂ ਕਈ ਵੇਰ ਦੂਸਰੇ ਦੇ ਪਰਛਾਵੇਂ ਹੇਠੋਂ ਬੀ ਨਹੀਂ ਲੰਘਦੇ।

ਪੁਨਰਪਿ-ਮੁੜਕੇ। ਦੂਜੀ ਵੇਰ।

[ਆਸਾ ਕਬੀਰ ਜੀ, ਚਉਪਦਾ-੩]

ਮੂਲ	ਅਰਥ
ਆਸਾ ॥ ਬਾਪਿ ਦਿਲਾਸਾ ਮੇਰੋ ਕੀਨ੍ਹਾ॥ ਸੇਜ ਸੁਖਾਲੀ ਮੁਖਿ ਅੰਮ੍ਰਿਤੁ ਦੀਨ੍ਹਾ ॥ ਤਿਸੁ ਬਾਪ ਕਉ ਕਿਉ ਮਨਹੁ ਵਿਸਾਰੀ ॥ ਆਗੈ ਗਇਆ ਨ ਬਾਜੀ ਹਾਰੀ ॥੧॥	ਵਾਹਿਗੁਰੂ ਪਿਤਾ ਨੇ ਮੇਰੀ ਤਸੱਲੀ ਕਰ ਦਿਤੀ ਹੈ, ਮੂੰਹ ਵਿਚ ਮੇਰੇ ਅੰਮ੍ਰਿਤ ਦਿਤਾ ਹੈ (ਤੇ ਸੌਣ ਨੂੰ) ਸੁਖੱਲੀ ਸਿਹਜਾ ਦਿੱਤੀ ਹੈ। ਉਸ ਪਿਤਾ ਨੂੰ (ਮੈਂ) ਮਨੋਂ ਕਿਵੇਂ ਵਿਸਾਰਾਂ (ਜਿਸ ਨੂੰ ਯਾਦ ਕਰਦਿਆਂ) ਅਗੇ ਜਾਕੇ ਬੀ ਬਾਜੀ ਨਹੀਂ ਹਾਰੀ ਜਾਂਦੀ (ਭਾਵ ਜਨਮ ਸਫਲ ਹੋ ਜਾਂਦਾ ਹੈ ਤੇ ਅਗੇ ਸੁਰਖਰੂ ਜਾਂਦਾ ਹੈ) ॥ ੧॥
ਮੁਈ ਮੇਰੀ ਮਾਈ ਹਉ ਖਰਾ ਸੁਖਾਲਾ॥ ਪਹਿਰਉ ਨਹੀ ਦਗਲੀ ਲਗੈ ਨ ਪਾਲਾ ॥੧॥ ਰਹਾਉ ॥	(ਮਾਯਾ ਰੂਪੀ) ਮੇਰੀ ਮਾਂ ਮਰ ਗਈ ਹੈ, ਮੈਂ ਸਚਮੁਚ ਸੁਖੀ ਹੋ ਗਿਆ ਹਾਂ, (ਮੈਨੂੰ ਹੁਣ) ਪਾਲਾ ਨਹੀਂ ਲਗਦਾ, (ਇਸ ਕਰਕੇ) ਰੂੰਦਾਰ ਅੰਗਰੱਖੀ ਨਹੀਂ ਪਹਿਨਾਂਗਾ (ਅਰਥਾਤ ਲੋੜ ਨਹੀਂ ਰਹੀ)॥ ੧॥ ਰਹਾਉ॥
ਬਲਿ ਤਿਸੁ ਬਾਪੈ ਜਿਨਿ ਹਉ ਜਾਇਆ॥ ਪੰਚਾ ਤੇ ਮੇਰਾ ਸੰਗੁ ਚੁਕਾਇਆ ॥ ਪੰਚ ਮਾਰਿ ਪਾਵਾ ਤਲਿ ਦੀਨੇ ॥ ਹਰਿ ਸਿਮਰਨਿ ਮੇਰਾ ਮਨੁ ਤਨੁ ਭੀਨੇ ॥੨॥	ਬਲਿਹਾਰ ਹਾਂ ਉਸ ਪਿਤਾ ਤੋਂ ਜਿਸ ਨੇ ਮੈਨੂੰ (ਹੁਣ ਨਵਾਂ) ਜਨਮ ਦਿਤਾ ਹੈ। ਪੰਜਾਂ (ਕਾਮ ਕ੍ਰੋਧ ਆਦਿ) ਤੋਂ ਮੇਰਾ ਸਾਥ ਮੁਕਾ ਦਿਤਾ ਹੈ। (ਮੈਂ ਹੁਣ) ਪੰਜਾਂ ਨੂੰ ਮਾਰਕੇ ਪੈਰਾਂ ਹੇਠ ਦੇ ਲਿਆ ਹੈ, ਤੇ ਹਰਿ ਸਿਮਰਨ ਨਾਲ ਮੇਰਾ ਮਨ (ਬੀ ਤੇ) ਤਨ (ਬੀ) ਭਿੱਜਾ ਰਹਿੰਦਾ ਹੈ (=ਤਰ ਰਹਿੰਦਾ ਹੈ, ਸੁਖੀ ਰਹਿੰਦਾ ਹੈ) ॥ ੨॥
ਪਿਤਾ ਹਮਾਰੋ ਵਡ ਗੋਸਾਈ ॥ ਤਿਸੁ ਪਿਤਾ ਪਹਿ ਹਉ ਕਿਉ ਕਰਿ ਜਾਈ ॥ ਸਤਿਗੁਰ ਮਿਲੇ ਤ ਮਾਰਗੁ ਦਿਖਾਇਆ॥ ਜਗਤ ਪਿਤਾ ਮੇਰੈ ਮਨਿ ਭਾਇਆ ॥੩॥	(ਮੈਨੂੰ ਸਦਾ ਸੋਚ ਰਹਿੰਦੀ ਸੀ ਕਿ) ਸਾਡਾ (ਉਹ) ਪਿਤਾ ਵਡਾ ਮਾਲਕ ਹੈ, ਉਸ ਪਿਤਾ ਪਾਸ ਮੈਂ ਕੀਕੁਰ ਜਾਵਾਂ, (ਕਿ ਮੈਨੂੰ) ਸਤਿਗੁਰ ਜੀ ਮਿਲ ਪਏ ਤਾਂ (ਉਨ੍ਹਾਂ ਨੇ ਮੈਨੂੰ ਪਿਤਾ ਦੇ ਮਿਲਣੇ ਦਾ) ਰਸਤਾ ਦਿਖਾ ਦਿੱਤਾ; (ਐਸਾ ਕਿ) ਜਗਤ ਦਾ ਪਿਤਾ ਮੇਰੇ ਮਨ ਨੂੰ ਭਾ ਗਿਆ॥ ੩॥
ਹਉ ਪੂਤੁ ਤੇਰਾ ਤੂੰ ਬਾਪੁ ਮੇਰਾ ॥ ਏਕੈ ਠਾਹਰ ਦੁਹਾ ਬਸੇਰਾ ॥ ਕਹੁ ਕਬੀਰ ਜਨਿ ਏਕੋ ਬੂਝਿਆ ॥ ਗੁਰ ਪ੍ਰਸਾਦਿ ਮੈ ਸਭੁ ਕਿਛੁ ਸੂਝਿਆ ॥੪॥੩॥	(ਹੇ ਜਗਤ ਪਿਤਾ !) ਮੈਂ ਤੇਰਾ ਪੁਤ੍ਰ ਹਾਂ, ਤੂੰ ਮੇਰਾ ਪਿਤਾ ਹੈਂ, (ਮੈਨੂੰ ਹੁਣ ਪਤਾ ਲਗ ਗਿਆ ਹੈ ਕਿ ਸਾਡਾ) ਦੋਹਾਂ ਦਾ ਵਸੇਬਾ ਇਕੋ ਥਾਵੇਂ ਹੈ (ਭਾਵ ਅੰਤਹਕਰਣ ਵਿਚ ਜੀਵ ਤੇ ਈਸ਼੍ਵਰ ਦਾ ਵਾਸਾ ਹੈ)। ਕਹਿੰਦੇ ਹਨ ਕਬੀਰ ਜੀ ਕਿ ਦਾਸ ਨੇ (ਇਹ) ਏਕੋ (ਵਸੇਬੇ ਵਾਲੀ ਗੱਲ) ਬੁੱਝ ਲਈ ਹੈ। (ਹਾਂ, ਮੈਂ ਆਪੇ ਨਹੀਂ, ਪਰ) ਗੁਰੂ ਦੀ ਕ੍ਰਿਪਾ ਨਾਲ ਮੈਨੂੰ ਸਭ ਕੁਛ ਸੁੱਝ ਪਿਆ ਹੈ ॥ ੪॥ ੩॥

ਵਤਾਖਤਾ—ਇਸ ਸ਼ਬਦ ਦਾ ਮੁੱਢ ਅਸਲ ਵਿਚ ਅੰਕ ੩ ਤੋਂ ਚੁੱਕਿਆਂ ਬਿਵਸਥਾ ਠੀਕ ਲਗਦੀ ਹੈ। ਜਿਥੇ ਪਹਿਲੀ ਗਲ ਇਹ ਦੱਸੀ ਹੈ ਕਿ ਇਕ ਪਿਤਾ ਹੈ, ਉਹ ਵਡਾ ਗੋ ਸੁਆਮੀ ਹੈ ਅਰਥਾਤ ਸਾਰੇ ਬ੍ਰਹਮੰਡ ਦਾ ਮਾਲਕ ਹੈ। ਹੁਣ ਮੁਸ਼ਕਲ ਮੇਰੇ ਅੱਗੇ ਇਹ ਸੀ ਕਿ ਉਸ ਪਿਤਾ ਕੋਲ ਪਹੁੰਚਾਂ ਕੀਕੂੰ? ਕਿਉਂਕਿ ਮੈਂ ਅਪਣੇ ਤੇ ਉਹਦੇ ਵਿਚਾਲੇ ਵਿੱਥ ਦੇਖ ਰਿਹਾ ਹਾਂ। ਜਦੋਂ ਕਿਹਾ ਕਿ 'ਕਿਉ ਕਰਿ ਜਾਈ' ਤਾਂ ਵਿੱਥ ਸੂਚਿਤ ਹੋ ਰਹੀ ਹੈ। ਇਸ ਦਾ ਉਤਰ ਅਗਲੀ ਸਤਰ ਵਿਚ ਹੈ ਕਿ ਮੈਨੂੰ ਸਤਿਗੁਰੂ ਮਿਲ ਪਿਆ

ਤੇ ਉਸ ਨੇ ਮੈਨੂੰ ਰਸਤਾ ਦਿਖਾ ਦਿਤਾ। ਰਸਤਾ ਦੱਸਣਾ ਬੀ ਸੂਚਤ ਕਰ ਰਿਹਾ ਹੈ ਕਿ ਕੋਈ ਵਿੱਥ ਅਨੁਭਵ ਕਰ ਰਹੇ ਸਨ ਉਸ ਸਤਿਗੁਰੂ ਨੇ ਰਸਤਾ ਦੱਸਿਆ। ਅਗੇ ਹੁਣ ਲੁਪਤੀ ਹੈ ਕਿ 'ਮੈਂ ਉਸ ਮਾਰਗ ਤੇ ਟੁਰ ਪਿਆ ਤੇ ਟੁਰਦਾ ਜਾ ਪਹੁੰਚਾ ਤੇ ਉਹ ਪਿਤਾ ਮੈਂ ਵੇਖ ਲਿਆ; ਵੇਖਦਿਆਂ ਮੈਨੂੰ ਦਿੱਸਿਆ ਕਿ ਉਹ ਜਗਤ ਦਾ ਪਿਤਾ ਹੈ, ਮੇਰਾ ਬੀ ਪਿਤਾ ਹੈ ਤੇ ਡਾਢਾ ਮਨਭਾਉਣਾ ਅਰਥਾਤ ਪਜ਼ਾਰਾ ਹੈ।' ਹੁਣ ਸ਼ਬਦ ਦਾ ਸ਼ੁਰੂ ਅੰਕ ਪਹਿਲਾਂ ਲਗੇਗਾ ਕਿ ਉਹ ਮੈਨੂੰ ਤਾਂ ਪਜ਼ਾਰਾ ਲਗਾ ਹੀ ਸੀ, ਉਸ ਦੇ ਮਨ ਬੀ ਮੇਹਰ ਆਈ ਤੇ ਉਸ ਨੇ ਮੈਨੂੰ ਦਿਲਾਸਾ ਦਿੱਤਾ, ਤਸੱਲੀ ਬਨ੍ਹਾਈ, ਪਜ਼ਾਰ ਕੀਤਾ, ਮੇਰੇ ਮੂੰਹ ਵਿਚ ਅੰਮ੍ਰਿਤ ਦਿੱਤਾ ਤੇ ਸੌਣ ਨੂੰ ਸੁਖਾਲੀ ਸੇਜਾ ਦਿੱਤੀ। ਸੁਖਾਲੀ ਸੇਜ ਤੋਂ ਮੁਰਾਦ ਸਹਜ ਮਾਰਗ ਦੀ ਹੈ। ਮੂੰਹ ਵਿਚ ਅੰਮ੍ਰਿਤ ਤੋਂ ਮੁਰਾਦ ਰਸਮਈ ਨਾਮ ਦੀ ਹੈ। ਕਈ ਦਾਨੇ ਸੇਜ ਤੋਂ ਮੁਰਾਦ ਅੰਤਹਕਰਣ ਦੀ ਲੈਂਦੇ ਹਨ ਕਿ ਉਹ ਸੁਖੀ ਹੋ ਗਿਆ, ਮੂੰਹ ਵਿਚ ਦੇ ਅੰਮ੍ਰਿਤ ਨਾਮ ਨਾਲ।

ਇਹ ਸੁਖ ਤਾਂ ਹੋ ਗਿਆ ਹੈ ਜੀਉਂਦੇ ਜੀ, ਹੁਣ ਅਗਲੇ ਸੁਖ ਦੀ ਗੱਲ ਕਰਦੇ ਹਨ ਕਿ ਇਹ ਪ੍ਰਤੱਖ ਸੁਖ ਤਜਰਬਾ ਕਰਕੇ ਜੇ ਮੈਂ ਉਸ ਬਾਪ ਨੂੰ ਮਨੋਂ ਨਾ ਵਿਸਾਰਾਂਗਾ, ਭਾਵ ਉਸ ਦਾ ਸਿਮਰਨ, ਜੋ ਪ੍ਰੇਮ ਬਣ ਜਾਂਦਾ ਹੈ, ਜਾਰੀ ਰਖਾਂਗਾ, ਤਾਂ ਅੱਗੇ ਜਾਕੇ ਇਉਂ ਹੋਵਾਂਗਾ ਜਿਵੇਂ ਬਾਜ਼ੀ ਜਿੱਤਕੇ ਘਰ ਆਇਆ ਹਾਂ, ਹਾਰ ਕੇ ਨਹੀਂ ਆਇਆ। ਭਾਵ ਹੈ ਅਗੇ ਸੁਖੀ ਹੋਵਾਂਗਾ।

ਹੁਣ ਪਹਿਲੇ ਜੀਵਨ ਨੂੰ ਲੈਂਦੇ ਹਨ, ਜੋ ਗੁਰੂ ਮਿਲਣ ਤੋਂ ਮੁਹਰੇ ਸੀ। ਤਦੋਂ ਜੀਵਨ ਮਾਯਾਵੀ ਸੀ। ਉਸ ਮਾਯਾ ਨੂੰ ਮਾਂ ਕਹਿੰਦੇ ਹਨ। ਉਵ ਬੀ ਪਰਮੇਸ਼ੁਰ ਪਿਤਾ ਤੇ ਮਾਯਾ ਉਸ ਦੀ ਇਸਤ੍ਰੀ ਕਹੀਦੀ ਹੈ ਉਹ ਮਾਯਾ ਜੋ ਮਾਂ ਵਾਙੂ ਪਿਆਰੀ ਲਗਦੀ ਸੀ, ਜੋ ਮੈਨੂੰ ਈਸ਼੍ਵਰ ਪਰਾਯਣ ਨਹੀਂ ਸੀ ਹੋਣ ਦੇਂਦੀ, ਮਗਰੋਂ ਲਹਿ ਗਈ ਹੈ, ਹੁਣ ਮੈਨੂੰ ਪਾਲਾ ਨਹੀਂ ਲਗਦਾ, ਭਾਵ ਡਰ ਨਹੀਂ ਆਉਂਦਾ। ਜਦ ਡਰ ਬਹੁਤ ਲਗੇ ਤਾਂ ਸਰੀਰ ਕਈ ਵੇਰ ਕੰਬ ਜਾਂਦਾ ਹੈ। ਹੁਣ ਕਿਉਂਕਿ ਜਨਮ ਮਰਨ ਯਮ ਆਦਿ ਦਾ ਡਰ ਨਹੀਂ ਰਿਹਾ, ਇਸ ਕਰਕੇ ਪਾਲੇ ਦੂਰ ਕਰਨ ਲਈ ਜਿਵੇਂ ਰੂੰਦਾਰ ਅੰਗਰੱਖੀ ਪਾਈਦੀ ਹੈ ਤਿਵੇਂ ਕਰਮ ਧਰਮ ਆਦਿ ਡਰ ਦੇ ਦੂਰ ਕਰਨ ਦੇ ਉਪਰਾਲੇ ਹੁਣ ਨਹੀਂ ਕਰੀਦੇ। ਕਈ ਦਾਨੇ 'ਪਾਲੇ' ਦਾ ਅਰਥ 'ਅਗਜਾਨ' ਤੇ 'ਦਗਲੀ' ਦਾ ਅਰਥ 'ਸਰੀਰ' ਕਰਦੇ ਹਨ, ਕਈ 'ਪਾਲੇ' ਦਾ ਅਰਥ 'ਜੜ੍ਹਤਾ ਰੂਪੀ ਪਾਲਾ' ਕਰਦੇ ਹਨ। ਕਈ 'ਦਗਲੀ' ਦਾ ਅਰਥ 'ਭੇਖ' ਕਰਦੇ ਹਨ।

ਅੰਕ ੨. 'ਬਲਿਹਾਰ ਹਾਂ ਉਸ ਬਾਪ ਦੇ ਜਿਨ ਹਉ ਜਾਇਆ' ਕਿਉਂ ਕਿਹਾ ਹੈ? ਪੈਦਾ ਤਾਂ ਰਬ ਨੇ ਹੀ ਕੀਤਾ ਸੀ। ਇਥੋਂ ਘੁੰਡੀ ਖੁੱਲ੍ਹਦੀ ਹੈ ਕਿ ਸਰੀਰਕ ਜਨਮ ਦੀ ਗੱਲ ਨਹੀਂ ਕਰ ਰਹੇ, ਪਰ ਆਤਮਿਕ ਜਨਮ ਦੀ ਗੱਲ ਕਰ ਰਹੇ ਹਨ। ਜਦ ਤਕ ਮਾਯਾ ਵਿਚ ਵੇਹੜੇ ਰਹੇ ਤਦ ਤਕ ਮਾਯਾ ਮਾਂ ਸੀ ਉਹ ਮਾਯਕ ਜੀਵਨ ਮਾਨੋਂ ਮਾਯਾ ਦੇ ਮਾਤਾਪਨੇ ਦਾ ਸੀ। ਹੁਣ ਗੁਰੂ ਨੇ ਸਾਈਂ ਨਾਲ ਮੇਲਿਆ ਤਾਂ ਨਵਾਂ ਜਨਮ ਹੋਇਆ, ਇਸ ਜਨਮ ਨੂੰ ਕਹਿ ਰਹੇ ਹਨ 'ਬਲਿ ਤਿਸੁ ਬਾਪੈ ਜਿਨਿ ਹਉ ਜਾਇਆ'। ਇਸ ਬਾਪ ਦੇ ਜੰਮਣਾ ਹੈ ਪਹਿਲੀ ਮਾਯਕ ਜ਼ਿੰਦਗੀ ਵਿਚੋਂ ਨਿਕਲਕੇ ਈਸ਼੍ਵਰੀਯ ਬੁੱਧੀ ਵਾਲੇ ਜੀਵਨ ਵਿਚ ਆ ਜਾਣਾ। ਜੈਸਾ ਕਿ ਆਦਿ ਗੁਰੂ ਸਾਹਿਬ ਜੀ ਨੇ ਇਹ ਜਨਮ ਸਤਿਗੁਰੂ ਦੇ ਘਰ ਹੋਣਾ ਦੱਸਿਆ ਹੈ। ਯਥਾ:-

ਸਤਿਗੁਰ ਕੈ ਜਨਮੇ ਗਵਨੁ ਮਿਟਾਇਆ॥ [ਸਿਧ ਗੋਸਟਿ-੨੦]

ਇਸ ਜਨਮ ਨੇ ਪੰਜ ਵਿਕਾਰਾਂ ਤੋਂ ਛੁਟਕਾਰਾ ਕਰਾ ਦਿਤਾ। ਜਦ ਵਿਕਾਰ ਵੱਸ ਵਿਚ ਹੋ ਗਏ ਤਾਂ ਉਹ ਸਿਮਰਨ ਜੋ ਪ੍ਰਾਪਤ ਹੋਇਆ ਸੀ ਰਸਮਯ ਹੋ ਗਿਆ, ਐਸਾ ਕਿ ਮਨ ਤੇ ਤਨ ਦੁਇ ਉਸ ਵਿਚ ਮਗਨ ਰਹਿੰਦੇ ਹਨ।

ਅੰਕ ੪ ਵਿਚ ਹੁਣ ਵਾਹਿਗੁਰੂ ਜੀ ਦੇ ਪੂਰਨ ਅਨੁਭਵ ਪ੍ਰਾਪਤ ਹੋਣ ਦਾ ਜ਼ਿਕਰ ਹੈ, ਜੋ ਅਰਦਾਸ ਦੀ ਸ਼ਕਲ ਵਿਚ ਹੈ, ਕਿ ਹੇ ਪ੍ਰਭੂ ਤੂੰ ਮੇਰਾ ਪਿਤਾ ਹੈਂ, ਮੈਂ ਤੇਰਾ ਪੁਤ੍ਰ ਹਾਂ ਤੇ ਪਿਤਾ ਪੁਤ੍ਰ ਦਾ ਵਾਸਾ ਇਕੋ ਟਿਕਾਣੇ ਅਰਥਾਤ ਅੰਤਹਕਰਣ ਵਿਚ ਹੈ, ਸ਼ੁਧ ਜੋਤ ਪਰਮਾਤਮਾ ਦੀ ਤੇ ਜੀਵ ਦੋਵੇਂ ਅੰਤਹਕਰਣ

ਵਿਚ ਵੱਸਦੇ ਹਨ, ਵਿਚਾਲੇ ਭੁੱਲ ਤੇ ਅਗਜਾਨ ਪਿਆ ਹੈ, ਜਿਸ ਕਰਕੇ ਸਿਆਣ ਨਹੀਂ ਹੁੰਦੀ, ਬੇਸਿਆਣ ਵਿਚ ਮਾਯਾ ਵੇੜ੍ਹ ਲੈਂਦੀ ਹੈ ਤੇ ਜੀਵ ਦੁਖ ਸੁਖ ਭੋਗਦਾ ਹੈ। ਇਹ ਗੱਲ ਕਿ ਦੋਹਾਂ ਦਾ ਵਾਸਾ ਇਕੋ ਟਿਕਾਣੇ ਹੈ ਜੀਵ ਦਾ ਪਰਮਾਤਮ ਦੇਵ ਨੂੰ ਪਛਾਣ ਲੈਣਾ ਹੈ, ਇਸ ਕਰਕੇ ਫੁਰਮਾਯਾ ਕਿ ਮੈਂ ਕਬੀਰ ਨੇ ਉਸ ਇਕੋ ਪ੍ਰਭੂ ਨੂੰ ਬੁੱਝ ਲਿਆ ਹੈ। ਇਹ ਕਹਿਣਾ ਕਿਸੀ ਕਦਰ ਹੰਕਾਰ ਦੀ ਲੇਸ਼ ਹੋ ਸਕਦਾ ਹੈ, ਉਸ ਦੀ ਨਿਰਵਾਣਤਾ ਲਈ ਦੱਸਦੇ ਹਨ ਇਹ ਸਭ ਕੁਛ ਮੈਨੂੰ, ਦਾਸ ਨੂੰ, ਗੁਰੂ ਮਿਹਰ ਨਾਲ ਸੁੱਝਿਆ ਹੈ, ਅਨੁਭਵ ਹੋਇਆ ਹੈ।

ਨਿਰੁਕ੍ਤ-ਬਾਪਿ-ਬਾਪ ਨੇ। ਪਰਮਾਤਮ ਦੇਵ ਨੇ।

ਦਿਲਾਸਾ- [ਫ਼ਾ:,] ਤਸੱਲੀ। ਦਿਲ ਨੂੰ ਤਾਕਤ ਪਕੜਾਉਣੀ।

ਸੇਜ-ਵਯਾਖ੍ਯਾ ਵਿਚ ਆ ਚੁਕਾ ਹੈ।

ਮਾਈ-ਮਾਂ। ਭਾਵ ਹੈ ਮਾਇਆ। ਮਮਤਾ ਬੀ ਭਾਵ ਲੈਂਦੇ ਹਨ।

ਦਗਲੀ- [ਫ਼ਾ:, ਦਗਲਾਹ] ਰੂੰ ਦਾਰ ਕੁੜਤੀ। ਰੂੰਦਾਰ ਅੰਗਰੱਖੀ।

ਪਾਲਾ-ਠੰਢ, ਸਰਦੀ ਭਾਵ ਡਰ। ਦੇਖੋ ਵਯਾਖ੍ਯਾ।

ਬਲਿ-ਬਲਿਹਾਰ ਹਾਂ। ਪੰਚਾਂ ਤੇ- ਪੰਜਾਂ ਤੋਂ। ਕਾਮ ਕ੍ਰੋਧ ਆਦਿ ਤੋਂ।

ਭੀਨੇ-ਭਿੱਜੇ ਹਨ, ਮਗਨ ਹੋਏ ਹਨ।

ਗੋਸਾਈ- [ਸੰਸ:, ਗੋ ਸ੍ਵਾਮੀ] ਪ੍ਰਿਥਵੀ ਦਾ ਸੁਆਮੀ। ਮਾਲਕ। ਬ੍ਰਹਮੰਡ ਦਾ ਮਾਲਕ।

ਮਾਰਗੁ-ਰਸਤਾ। ਠਾਹਰ-ਥਾਉਂ। ਜਗਾ।

[ਆਸਾ ਕਬੀਰ ਜੀ, ਚਉਪਦਾ-੪]

ਮੂਲ	ਅਰਥ
ਆਸਾ ॥ ਇਕਤੁ ਪਤਰਿ ਭਰਿ ਉਰਕਟ ਕੁਰਕਟ ਇਕਤੁ ਪਤਰਿ ਭਰਿ ਪਾਨੀ ॥ ਆਸਿ ਪਾਸਿ ਪੰਚ ਜੋਗੀਆ ਬੈਠੇ ਬੀਚਿ ਨਕਟ ਦੇ ਰਾਨੀ ॥੧॥	ਇਕ ਭਾਂਡੇ ਵਿਚ ਕੂੜਾ ਕਰਕਟ (ਭਾਵ ਸਰੀਰ ਭਾਂਡੇ ਵਿਚ ਮਿੱਝ ਮਾਸ ਲਹੂ ਆਦਿ) ਭਰਿਆ ਹੈ, ਇਕ ਭਾਂਡੇ ਵਿਚ ਪਾਣੀ ਭਰਿਆ ਹੈ, (ਮਨ ਰੂਪੀ ਭਾਂਡੇ ਵਿਚ ਸੰਕਲਪ ਵਿਕਲਪ ਰੂਪੀ ਪਾਣੀ ਹੈ)। ਕੋਲ ਕੋਲ ਬੈਠੇ ਹਨ ਪੰਜ ਜੋਗੀ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ), ਵਿਚਕਾਰ (ਬੈਠੀ ਹੈ) ਨਕ ਕਟੀ ਰਾਣੀ (ਭਾਵ-ਮਾਯਾ)॥ ੧॥
ਨਕਟੀ ਕੋ ਠਨਗਨੁ ਬਾਡਾ ਡੂੰ ॥ ਕਿਨਹਿ ਬਿਬੇਕੀ ਕਾਟੀ ਤੂੰ ॥੧॥ ਰਹਾਉ ॥	(ਇਉਂ) ਨਕਟੀ (=ਮਾਯਾ ! ਤੇਰਾ) ਵਾਜਾ ਦੋ (ਲੋਕਾਂ ਵਿਚ) ਵੱਜ ਰਿਹਾ ਹੈ*। (ਭਾਵ ਤੂੰ ਸਾਰੇ ਪ੍ਰਧਾਨ ਹੋ ਰਹੀ ਹੈਂ, ਪਰ) ਕਿਸੇ ਗਯਾਨਵਾਨ ਨੇ (ਹੇ ਨਕਟੀ !) ਤੈਨੂੰ ਕੱਟ ਬੀ ਸੁੱਟਿਆ ਹੈ॥ ੧॥ ਰਹਾਉ॥
ਸਗਲ ਮਾਹਿ ਨਕਟੀ ਕਾ ਵਾਸਾ ਸਗਲ ਮਾਰਿ ਅਉਹੇਰੀ ॥ ਸਗਲਿਆ ਕੀ ਹਉ ਬਹਿਨ ਭਾਨਜੀ	(ਹੁਣ ਹੇ) ਮਾਯਾ ! (ਤੇਰਾ) ਵਾਸਾ ਸਭ ਕਿਸੇ ਵਿਚ ਹੈ, (ਤੂੰ) ਸਾਰਿਆਂ ਨੂੰ ਮਾਰਕੇ ਗਹੁ ਨਾਲ ਤੱਕਦੀ ਹੈਂ (ਕਿ ਕੋਈ ਬਚ ਤਾਂ ਨਹੀਂ ਰਿਹਾ), ਮੈਂ ਸਾਰਿਆਂ ਦੀ ਭੈਣ ਕਿ ਭੈਣ ਦੀ ਧੀ

* ਐਉਂ ਬੀ ਕਰਦੇ ਹਨ-ਠਨਗਨੁ=ਵਾਜਾ। ਬਾਡਾ ਡੂੰ (ਮਰਾਠੀ ਦਾ 'ਵਾਟਾ ਡੋ'=) ਰਸਤਾ ਦੱਸਣ ਵਾਲਾ। ਮਾਯਾ ਦਾ ਘੰਟਾ ਉਸ ਵਲ ਜਾਣ ਦਾ ਰਸਤਾ ਦੱਸਦਾ ਹੈ।

ਜਿਨਹਿ ਬਰੀ ਤਿਸੁ ਚੇਰੀ ॥੨॥ ਹਮਰੋ ਭਰਤਾ ਬਡੋ ਬਿਬੇਕੀ ਆਪੇ ਸੰਤੁ ਕਹਾਵੈ ॥ ਓਹੁ ਹਮਾਰੈ ਮਾਥੈ ਕਾਇਮੁ ਅਉਰੁ ਹਮਰੈ ਨਿਕਟਿ ਨ ਆਵੈ ॥੩॥

(ਤਾਂ) ਹਾਂ, (ਪਰ) ਦਾਸੀ ਉਸ ਦੀ ਹਾਂ ਜੋ (ਮੈਨੂੰ) ਵਿਆਹ ਲਵੇ, (ਇਸ਼ਾਰਾ ਹੈ ਕਿ ਤੂੰ ਮੈਨੂੰ ਵਿਆਹ ਲੈ; ਕਬੀਰ ਜੀ ਉੱਤਰ ਦੇਂਦੇ ਹਨ) ਸਾਡਾ ਸੁਆਮੀ ਬੜਾ ਗਿਆਨਵਾਨ ਹੈ, ਓਹ ਆਪਣੇ ਆਪ ਨੂੰ ਸੰਤ ਕਹਾਉਂਦਾ ਹੈ, ਉਹ ਸਾਡੇ ਸਿਰ ਤੇ ਸਲਾਮਤ ਹੈ, (ਇਸ ਕਰਕੇ) ਸਾਡੇ ਨੇੜੇ ਹੋਰ ਕੋਈ ਨਹੀਂ ਆ ਸਕਦਾ॥ ੩॥

ਨਾਕਹੁ ਕਾਟੀ ਕਾਨਹੁ ਕਾਟੀ ਕਾਟਿ ਕੂਟਿ ਕੈ ਡਾਰੀ ॥ ਕਹੁ ਕਬੀਰ ਸੰਤਨ ਕੀ ਬੈਰਨਿ ਤੀਨਿ ਲੋਕ ਕੀ ਪਿਆਰੀ ॥੪॥੪॥

[ਹੁਣ ਜਗਤ ਨੂੰ ਉਪਦੇਸ਼ ਕਰਦੇ ਹਨ:] (ਅਸਾਂ ਉਹ ਮਾਯਾ) ਨਕ ਤੋਂ ਕੱਟ ਦਿੱਤੀ, ਕੰਨਾਂ ਤੋਂ ਕੱਟ ਦਿੱਤੀ, ਕੱਟ ਕੁਟਕੇ ਵਗਾਹ ਮਾਰੀ, (ਕਿਉਂ? ਇਸ ਕਰਕੇ ਕਿ ਉਹ ਚਾਹੇ) ਤਿੰਨਾਂ ਲੋਕਾਂ ਨੂੰ ਪਿਆਰੀ ਹੈ, ਪਰ ਉਹ ਸੰਤਾਂ ਦੀ ਵੈਰਨ ਹੈ, ਕਹਿੰਦੇ ਹਨ ਕਬੀਰ ਜੀ॥ ੪॥ ੪॥

ਵਯਾਖਯਾ--ਇਸ ਸ਼ਬਦ ਵਿਚ ਮਾਯਾ ਦਾ ਸਰਬ ਨੂੰ ਕਾਬੂ ਕਰ ਲੈਣਾ ਪਰ ਸੰਤਾਂ ਦਾ ਉਲਟਕੇ ਉਸਨੂੰ ਕਾਬੂ ਕਰ ਲੈਣਾ ਦਰਸਾਇਆ ਹੈ। ਅਰਥ ਕਈ ਲਾਕਸ਼ਣਿਕ ਲਗਦੇ ਹਨ। ਤੇ ਸ਼ਲੇਖ ਵਿਚ ਵਰਣਨ ਸ਼ਾਕਤਕਾਂ (ਅਰਥਾਤ ਸ਼ਕਤੀ ਪੂਜਕਾਂ) ਦਾ ਨਕਸ਼ਾ ਦਿੱਸਦਾ ਹੈ। ਇਸ ਕਰਕੇ ਸਾਰਾ ਧਯਾਨ (ਸ਼ਾਕਤਕਾਂ=) ਵਾਮ ਮਾਰਗੀਆਂ ਵਲ ਚਲਾ ਜਾਂਦਾ ਹੈ।

ਅੰਕ ੧ ਵਿਚ ਕਬੀਰ ਜੀ ਮਾਯਾ ਦਾ ਸਾਡੇ ਸਰੀਰ ਦੀ ਬਨਾਵਟ ਵਿਚ ਤੇ ਮਨ ਵਿਚ ਦੀ ਰੁਚੀ ਵਿਚ ਵਾਸਾ ਦਿਖਾਲਦੇ ਹਨ। 'ਪਤਰਿ' ਦਾ ਮਤਲਬ ਪਾਤਰ ਹੈ, ਭਾਂਡਾ। ਇਕ ਭਾਂਡਾ ਹੈ ਸਰੀਰ, ਇਕ ਹੈ ਅੰਤਹਕਰਣ ਯਾ ਮਨ। ਸਰੀਰ ਵਿਚ ਲਹੂ ਮਾਸ ਮਿੱਝ ਤ੍ਵਚਾ ਨਾੜੀਆਂ ਸਨਾਯੂ ਆਦਿ ਹਨ। ਇਹ ਸਾਰਾ ਕੁਛ ਮਾਯਾ ਦੀ ਬਨਾਵਟ ਹੈ, ਭਾਵ ਪ੍ਰਕ੍ਰਿਤੀ ਰੂਪ ਹੈ। ਦੂਜਾ ਭਾਂਡਾ ਅੰਤਹਕਰਣ ਹੈ, ਉਹ ਪਾਣੀ ਨਾਲ ਭਰਿਆ ਹੈ। ਪਾਣੀ ਤਰਲ ਪਦਾਰਥ ਹੈ, ਹਰ ਵੇਲੇ ਹਿਲਦਾ, ਲਹਿਰਦਾ, ਇਧਰ ਉਧਰ ਢਲਦਾ ਹੈ ਸੰਕਲਪ ਵਿਕਲਪ ਰੂਪਾ ਹੋ ਹੋਕੇ। ਇਸ ਸੰਕਲਪ ਵਿਕਲਪ ਨੂੰ ਪਾਣੀ ਕਿਹਾ ਹੈ।

ਇਹ ਸੰਕਲਪ ਵਿਕਲਪ ਪਏ ਉੱਠਣ, ਪਰ ਪਾਸ ਪੰਜ ਜੋਗੀ ਮਾਯਾ ਦੇ ਉਪਾਸਕ ਬੈਠੇ ਹਨ: ਪੰਜ ਵਿਕਾਰ। ਇਸ ਸਾਰੀ ਮਾਯਕ ਯਾ ਪ੍ਰਾਕ੍ਰਿਤ ਰਚਨਾਂ ਨੂੰ ਤੋਰ ਰਹੀ ਹੈ ਨਕਟੀ (=ਮਾਯਾ)। ਜਦ ਸਾਡੀ ਸਰੀਰਕ ਤੇ ਮਨ ਦੀ ਫਿਤਰਤ ਵਿਚ ਮਾਯਾ ਹੈ, ਤੇ ਪੰਜ ਵਿਕਾਰ ਮਾਯਾ ਦੇ ਪੁਜਾਰੀ ਸਹਾਯਕ ਬੈਠੇ ਹਨ, ਤਦ ਰਹਾਉ ਵਿਚ ਦੱਸਦੇ ਹਨ ਕਿ ਮਾਯਾ ਦਾ ਡੰਕਾ ਚਾਰ ਕੁੰਟ ਵਿਚ ਵੱਜ ਰਿਹਾ ਹੈ। ਭਾਵ ਸਾਰੇ ਜਗਤ ਨੂੰ ਇਸ ਨੇ ਤਾਬਿਆ ਕਰ ਲਿਆ ਹੈ। ਡੰਕਾ ਉਹਨਾਂ ਦਾ ਹੀ ਵੱਜਦਾ ਹੈ ਜੋ ਰਾਜੇ ਕਿਸੇ ਦੇਸ ਨੂੰ ਜਿੱਤ ਲੈਂਦੇ ਹਨ। ਪਰ ਨਾਲ ਕਬੀਰ ਜੀ ਦੱਸਦੇ ਹਨ ਕਿ ਕੋਈ ਕੋਈ ਗਯਾਨਵਾਨ ਹੈ ਕਿ ਜਿਸ ਨੇ ਮਾਯਾ ਨੂੰ ਕੱਟ ਦਿਤਾ ਹੈ, ਭਾਵ ਨੇੜੇ ਨਹੀਂ ਢੁੱਕਣ ਦਿਤਾ; ਜੇ ਆਈ ਹੈ ਤਾਂ ਦੁਰਕਾਰ ਦਿਤੀ ਹੈ।

ਅੰਕ ੨ ਵਿਚ ਇਹੋ ਗਲ ਖੋਹਲ ਦਿਤੀ ਹੈ ਕਿ ਮਾਯਾ ਸਾਰਿਆਂ ਦੀ ਫਿਤਰਤ ਵਿਚ ਹੈ, ਤੇ ਬਾਹਰੋਂ ਅਪਣੀ ਲੁਭਾਇਮਾਨਤਾ ਨਾਲ ਇਸ ਨੇ ਸਭ ਨੂੰ ਮਾਰ ਲਿਆ, ਭਾਵ ਕਾਬੂ ਕਰ ਲਿਆ ਹੈ।

ਇਸੇ ਅੰਕ ਵਿਚ ਮਾਯਾ ਦਾ ਇਕ ਸੁਭਾਵ ਮਾਯਾ ਦੀ ਜ਼ੁਬਾਨੀ ਦੱਸਦੇ ਹਨ ਕਿ ਮਾਯਾ ਹੈ ਤਾਂ ਸਭ ਤੇ ਕਾਬੂ ਪਾਏ ਹੋਏ, ਸਾਰੇ ਇਸ ਨੂੰ ਐਉਂ ਅਪਣੀ ਸਮਝਦੇ ਹਨ ਜਿਵੇਂ ਕੋਈ ਅਪਣੀ ਵਰੀ ਵਿਆਹੀ ਵਹੁਟੀ ਹੁੰਦੀ ਹੈ, ਪਰ ਇਹ ਸਭ ਦੀ ਆਪਣੀ ਇਉਂ ਨਹੀਂ, ਬਣਦੀ, ਇਹ ਭੈਣ ਭਣੇਵੀ ਵਾਙੂ ਆਪਣੀ ਬਣਦੀ ਹੈ। ਭੈਣ ਭਣੇਵੀ ਅਪਣੀ ਲਗਦੀ ਹੈ ਪਰ ਅਪਣੀ ਹੁੰਦੀ ਨਹੀਂ ਜਿਸ ਦੇ ਨਾਲ ਵਿਆਹੇ ਉਸ ਦੀ ਅਪਣੀ ਬਣਦੀ ਹੈ। ਮਾਯਾ ਅਪਣੇ ਮਾਯਾ ਧਾਰੀਆਂ ਨੂੰ ਛੱਡਕੇ ਟੁਰਦਿਆਂ ਢਿੱਲ ਨਹੀਂ ਲਾਉਂਦੀ; ਜਿਵੇਂ ਭੈਣ ਭਣੇਵੀ ਵੀਰਾਂ ਨੂੰ ਛੱਡਕੇ ਪਤੀ ਨਾਲ ਟੁਰ ਜਾਂਦੀ ਹੈ। ਮਤਲਬ ਹੈ ਕਿ ਲੋਕ ਮਾਯਾ ਨੂੰ ਅਪਣੀ ਸਮਝਦੇ

ਹਨ ਪਰ ਇਹ ਕਿਸੇ ਦੀ ਸੱਕੀ ਨਹੀਂ ਬਣਦੀ, ਜਦ ਚਾਹੇ ਛਲ ਜਾਂਦੀ ਹੈ; ਹਾਂ ਜੋ ਇਸ ਤੇ ਕਾਬੂ ਪਾ ਲਵੇ ਉਸ ਦੀ ਇਹ ਦਾਸ ਹੋ ਵਰਤਦੀ ਹੈ।

ਗਿਆਨੀ ਕੀ ਹੋਇ ਵਰਤੀ ਦਾਸਿ॥ ਕਰ ਜੋੜੇ ਸੇਵਾ ਕਰੇ ਅਰਦਾਸਿ॥

[ਆਸਾ ਮਹਲਾ ੫-੧]

ਅੰਕ ਤਿੰਨ ਵਿਚ ਪਹਿਲੇ ਹੀ ਦੋ ਪਦ ਪਏ ਹਨ'ਭਰਤਾ' ਤੇ 'ਸੰਤ'। ਇਹ ਇਕ ਸੈਨਤ ਸੁੱਟਦੇ ਹਨ ਯਾ ਇਉਂ ਕਹੋ ਕਿ ਇਨ੍ਹਾਂ ਵਿਚੋਂ ਧੁਨੀ ਨਿਕਲਦੀ ਹੈ ਕਿ ਮਾਯਾ ਨੇ ਕਿਹਾ ਹੈ ਕਿ ਤੁਸੀਂ ਸੰਤ ਹੋ, ਤੁਸੀਂ ਮੇਰੇ ਭਰਤਾ ਬਣ ਜਾਓ, ਤੁਹਾਡੀ ਮੈਂ ਦਾਸੀ ਹੋਕੇ ਵਰਤਾਂਗੀ। ਕਬੀਰ ਜੀ ਇਸ ਗਲ ਦਾ ਉੱਤਰ ਦੇਂਦੇ ਹਨ ਕਿ ਮੇਰਾ ਭਰਤਾ ਹੈ ਮੈਂ ਉਸ ਦੀ ਇਸਤ੍ਰੀ ਹਾਂ, ਇਸਤ੍ਰੀ ਇਸਤ੍ਰੀ ਨੂੰ ਕੀਕੂੰ ਵਿਆਹ ਸਕਦੀ ਹੈ? ਇਹ ਧੁਨਜਾਤਮਕ ਅਰਥ ਹੈ। ਫੇਰ ਮੈਂ ਸੰਤ ਬੀ ਨਹੀਂ, ਕਿਉਂਕਿ ਜੇ ਮੈਂ ਆਪ ਨੂੰ ਸੰਤ ਕਹਾਂ ਯਾ ਕਹਾਵਾਂ ਤਾਂ ਇਹ ਅਹੰਕਾਰ ਹੋ ਜਾਏਗਾ। ਅਹੰਕਾਰ ਤਾਂ ਤੇਰੀ ਸ਼ੈ ਹੈ। ਮੈਂ ਸੰਤ ਨਹੀਂ ਪਰ ਮੇਰਾ ਭਰਤਾ ਆਪ ਨੂੰ ਸੰਤ ਕਹਾਉਂਦਾ ਹੈ, ਉਸ ਦਾ ਆਪ ਨੂੰ ਸੰਤ ਕਹਾਉਣਾ ਉਸ ਲਈ ਅਹੰਕਾਰ ਨਹੀਂ ਬਣਦਾ, ਕਿਉਂਕਿ ਉਹ ਤਾਂ ਸਤਜ ਵਸਤੂ ਹੈ, ਜੋ ਕਹਿੰਦਾ ਹੈ ਯਾ ਕਹਾਉਂਦਾ ਹੈ; ਉਹ ਸਤਜ ਨੂੰ ਸਤਜ ਕਹਿੰਦਾ ਕਹਾਉਂਦਾ ਹੈ। ਫਿਰ ਉਹ ਪ੍ਰਕ੍ਰਿਤੀ ਦੀ ਤਰ੍ਹਾਂ ਕੋਈ ਸਤਜ ਨਹੀਂ ਪਰ ਉਹਦਾ ਗਜਾਨ ਸਰੂਪ ਹੈ। ਸੋ ਮੈਂ ਇਸਤ੍ਰੀ ਹਾਂ ਤੇ ਸਰਵੱਗ ਦੀ ਇਸਤ੍ਰੀ ਹਾਂ, ਫੇਰ ਉਹ ਸਦਾ ਮੇਰੇ ਸਿਰ ਤੇ ਖੜਾ ਹੈ। ਭਾਵ ਮੇਰੀ ਰਾਖੀ ਕਰਦਾ ਹੈ, ਕਿਸੇ ਹੋਰ ਹੰਕਾਰ ਆਦਿ ਨੂੰ ਮੇਰੇ ਨੇੜੇ ਨਹੀਂ ਫਟਕਣ ਦੇਂਦਾ। ਜੇ ਤੂੰ ਦਾਸੀ ਬਣਕੇ ਪ੍ਰਭੂ ਦਾਸੀ ਪਾਸ ਰਹਿਣਾ ਚਾਹੇਂ ਤਾਂ ਬੀ ਨਹੀਂ ਮੈਂ ਤੈਨੂੰ ਪਾਸ ਰਖ ਸਕਦਾ, ਕਿਉਂਕਿ ਉਹ ਕਿਸੇ ਨੂੰ ਬੀ ਮੇਰੇ ਨੇੜੇ ਨਹੀਂ ਫਟਕਣ ਦੇਂਦਾ। ਉਹ ਤਾਂ ਮੈਨੂੰ ਸਾਰੀ ਆਪਣੀ ਤੇ ਨਿਰੀ ਅਪਣੀ ਰੱਖਣ ਵਿਚ ਖੁਸ਼ ਹੈ। 'ਅਵਰ' ਕਹਿਣ ਵਿਚ ਆ ਗਿਆ ਕਿ ਜੋ ਕੁਛ ਯਾ ਜੋ ਕੋਈ ਪਰਮਾਤਮਾ ਤੋਂ ਅਤ੍ਰਿਕਤ ਅਵਰ ਕਿਹਾ ਜਾ ਸਕਦਾ ਹੈ ਉਸ ਨੂੰ ਉਹ ਮੇਰੇ ਨੇੜੇ ਨਹੀਂ ਆਉਣ ਦੇਂਦਾ।

ਅੰਕ ੪-ਹੁਣ ਸਿੱਟੇ ਦੀ ਗਲ ਕਹਿੰਦੇ ਹਨ, ਕਿ ਮਾਯਾ ਤਿੰਨਾਂ ਲੋਕਾਂ ਦੀ ਤਾਂ ਪਿਆਰੀ ਹੈ, ਸਭ ਇਸ ਨੂੰ ਪਜਾਰ ਕਰਦੇ ਹਨ, ਇਹ ਸਭ ਨੂੰ ਭੈਣ ਭਾਣਜੀ ਬਣਕੇ ਪਜਾਰਦੀ ਹੈ, ਪਰ ਸੰਤਾਂ ਦੀ ਇਹ ਵੈਰਣ ਹੈ; ਜਿਸ ਕਿਸ ਤਰ੍ਹਾਂ ਬਣ ਪਵੇ ਉਹਨਾਂ ਨੂੰ ਵਿਸਾਹ ਕੇ ਮਾਰਦੀ ਹੈ। ਇਸ ਕਰਕੇ ਸੰਤਾਂ ਨੇ ਇਸ ਦਾ ਨੱਕ ਕੰਨ ਕੱਟਕੇ ਪਰੇ ਸੱਟ ਦਿਤਾ ਹੈ। ਕਿਸੇ ਪੁਰਾਤਣ ਸਮੇਂ ਵਿਭਚਾਰਨ ਇਸਤ੍ਰੀ ਦਾ ਨੱਕ ਕੰਨ ਕੱਟਕੇ ਭਾਈ ਚਾਰੇ ਤੋਂ ਬਾਹਰ ਕੱਢ ਦੇਂਦੇ ਹੁੰਦੇ ਸਨ, ਉਸ ਰਸਮ ਵਲ ਇਸ਼ਾਰਾ ਹੈ। ਭਾਵ ਹੈ ਮਾਯਾ ਦੇ ਕਾਬੂ ਵਿਚ ਨਹੀਂ ਚੜ੍ਹਦੇ।

ਵਿਸ਼ੇਸ਼-ਇਸ ਸ਼ਬਦ ਦੇ ਪਹਿਲੇ ਅੰਕ ਵਿਚ ਜੋ ਪਦ ਪਏ ਹਨ ਓਹ ਰਸਤਾ ਦੇਂਦੇ ਹਨ ਕਿ ਕਬੀਰ ਜੀ ਮਾਨੋਂ ਵਾਮ ਮਾਰਗੀਆਂ ਦੀ ਪ੍ਰਕ੍ਰਿਆ ਵਰਣਨ ਕਰਨ ਲਗੇ ਹਨ। ਵਾਮ ਨਾਮ 'ਸ਼ਿਵ ਜੀ' ਦਾ ਹੈ। ਸ਼ਿਵ ਜੀ ਦਾ ਇਕ ਸਰੂਪ ਐਸਾ ਮੰਨਿਆ ਗਿਆ ਹੈ ਜਿਸ ਦਾ ਖੱਬਾ ਪਾਸਾ ਇਸਤ੍ਰੀ ਦਾ ਹੈ ਤੇ ਸੱਜਾ ਮਾਨੁਖ ਦਾ, ਸੱਜੇ ਪਾਸੇ ਦੇ ਉਪਾਸ਼ਕਾਂ ਨੂੰ ਦੱਖਿਣ ਤੇ ਖੱਬੇ ਦੇ ਉਪਾਸ਼ਕਾਂ ਨੂੰ ਵਾਮ ਮਾਰਗੀ ਕਹਿੰਦੇ ਹਨ। ਏਹ ਲੋਕ ਮਾਸ ਮਦਿਰਾ ਆਦਿ ਨੂੰ ਧਰਮ ਦਾ ਅੰਗ ਸਮਝਦੇ ਹਨ, ਅਰ ਸ਼ਕਤੀ ਦੀ ਪੂਜਾ ਕਰਦੇ ਹਨ। ਵਾਮੀ ਇਕ ਥੜਾ ਜੇਹਾ ਬਣਾਕੇ ਉਤੇ ਦੇਵੀ ਦੀ ਜੋਤ ਜਗਾਉਂਦੇ ਹਨ, ਹੇਠਾਂ ਵਾਰ ਉਪਾਸ਼ਕ ਦੁਆਲੇ ਬੈਠਦੇ ਹਨ। ਪੰਜ ਜੋ ਦੁਆਲੇ ਬੈਠਦੇ ਹਨ ਓਹ ਹੁੰਦੇ ਹਨ ਗੁਰੂ, ਜੋਗੀ, ਸਾਖੀ, ਬੀਰ, ਗੱਦੀ ਵਾਲਾ। ਹੋਰ ਉਪਾਸ਼ਕ ਉਸ ਤੋਂ ਅਗੇ ਬੈਠਦੇ ਹਨ। ਜੋ ਸਜਣ ਇਸ ਚੱਕ੍ਰ ਵਲ ਪਹਿਲੇ ਅੰਕ ਵਿਚ ਇਸ਼ਾਰਾ ਸਮਝਦੇ ਹਨ ਓਹ ਅਰਥ ਐਉਂ ਕਰਦੇ ਹਨ।

ਇਕ (ਪਤਰਿ=) ਭਾਂਡੇ ਵਿਚ (ਕੁਰਕਟ=) ਕੁਕੜ ਦੀ (ਉਰਕਟ=) ਛਾਤੀ ਦਾ ਮਾਸ ਭਰਿਆ ਹੁੰਦਾ ਹੈ ਤੇ ਇਕ ਭਾਂਡੇ ਵਿਚ (ਪਾਣੀ=) ਸ਼ਰਾਬ। ਦੁਆਲੇ ਪੰਜ (ਜੋਗੀਆ) ਵਾਮ ਮਾਰਗ ਦੇ ਵਡਕੇ ਬੈਠੇ

ਹੁੰਦੇ ਹਨ ਤੇ ਵਿਚਾਲੇ ਮਾਯਾਰਾਣੀ ਹੁੰਦੀ ਹੈ ਯਾ ਮਾਯਾ ਪ੍ਰਕਾਸ਼ਮਾਨ ਹੁੰਦੀ ਹੈ।

ਅਗੋਂ ਫੇਰ ਲਗ ਪਗ ਉਹੀ ਅਰਥ ਲਗਦੇ ਹਨ। ਇਸ ਵਾਮ ਮਾਰਗ ਚੱਕ੍ਰ ਵਿਚ ਪ੍ਰਕਾਸ਼ਿਤ 'ਨਕਟ ਦੇ ਰਾਨੀ' ਨੂੰ ਹੀ ਜਗਤ ਵਿਚ ਪ੍ਰਵਿਰਤ ਮਾਯਾ, ਨਕਟੀ ਕਹਿਕੇ ਅਗਲੇ ਸਾਰੇ ਅਰਥ ਜਗਤ ਤੇ ਹਾਵੀ ਹੋ ਰਹੀ ਮਾਯਾ ਦੇ ਭਾਵ ਵਿਚ ਹੀ ਲਾਉਂਦੇ ਹਨ; ਫੇਰ ਵਾਮ ਮਾਰਗੀ ਚੱਕ੍ਰ ਦੀ ਕੋਈ ਗੱਲ ਨਹੀਂ ਆਉਂਦੀ।

ਨਿਰੁਕ੍ਤ-ਉਰਕਟ- [ਸੰਸ:, ਉਰਸ=ਛਾਤੀ] ਛਾਤੀ ਦਾ ਮਾਸ, ਸੀਨਾ ਕਟਿਆ ਹੋਇਆ।

ਕੁਰਕਟ- [ਸੰਸ:, ਕੁਕ੍ਕੁਟ:=] ਕੁੱਕੜ, ਮੁਰਗ਼ਾ।

ਅਉਹੇਰੀ- [ਹਿੰ:, ਹੇਰਨਾ=ਢੂੰਡਣਾ। ਦੇਖਣਾ, ਤਲਾਸ਼ ਕਰਨਾ] ਤੱਕਦੀ ਹੈਂ। ਘੂਰਦੀ ਹੈਂ। ਗਹੁ ਨਾਲ ਵੇਖਦੀ ਹੈਂ।

ਭਰਤਾ- [ਸੰਸ:, ਭਰਤਾ=] ਪਤੀ, ਸੁਆਮੀ, ਮਾਲਕ।

[ਆਸਾ ਕਬੀਰ ਜੀ, ਚਉਪਦਾ-੫]

ਮੂਲ	ਅਰਥ
ਆਸਾ ॥ ਜੋਗੀ ਜਤੀ ਤਪੀ ਸੰਨਿਆਸੀ ਬਹੁ ਤੀਰਥ ਭ੍ਰਮਨਾ ॥ ਲੁੰਜਿਤ ਮੁੰਜਿਤ ਮੋਨਿ ਜਟਾਧਰ ਅੰਤਿ ਤਊ ਮਰਨਾ ॥ ੧॥	[ਪਹਿਲੋਂ ਪਰਵਿਰ੍ਤ ਪਰਮਾਰਥ ਦੇ ਲੋਕਾਂ ਨੂੰ ਲੈਂਦੇ ਹਨ] (ਚਾਹੋ ਕੋਈ ਹੋਵੇ) ਜੋਗੀ, (ਚਾਹੋ) ਜਤੀ, (ਚਾਹੋ) ਤਪੀ, (ਚਾਹੋ) ਸੰਨਜਾਸੀ, (ਚਾਹੋ) ਬਹੁਤੇ ਤੀਰਥਾਂ ਤੇ ਫਿਰਨ ਵਾਲਾ; (ਚਾਹੋ ਕੋਈ ਹੋਵੇ) ਸਰੇਵੜਾ, (ਚਾਹੋ) ਬੈਰਾਗੀ, (ਚਾਹੋ) ਮੋਨੀ, (ਚਾਹੋ) ਜਟਾਧਾਰੀ, ਫੇਰ ਬੀ (ਹਰ ਕਿਸੇ ਨੂੰ) ਅੰਤ ਨੂੰ ਮਰਨਾ ਹੀ (ਪੈਣਾ) ਹੈ॥ ੧॥
ਤਾ ਤੇ ਸੇਵੀਅਲੇ ਰਾਮਨਾ ॥ ਰਸਨਾ ਰਾਮ ਨਾਮ ਹਿਤੁ ਜਾ ਕੈ ਕਹਾ ਕਰੈ ਜਮਨਾ ॥੧॥ ਰਹਾਉ ॥	ਇਸ ਲਈ (ਸੁਣੋ ਭਾਈ !) ਰਾਮ ਨੂੰ ਸੇਵਨ ਕਰੋ (ਭਾਵ ਰਸਨਾ ਨਾਲ ਰਾਮ ਨਾਮ ਜਪੋ, ਕਿਉਂਕਿ) ਜਿਸ ਦੀ ਰਸਨਾ ਤੇ ਰਾਮ ਦਾ ਨਾਮ ਤੇ (ਹਿਰਦੇ ਵਿਚ ਰਾਮ ਦਾ) ਪ੍ਰੇਮ ਹੈ, (ਉਸ ਨੂੰ) ਜਮ ਕੀਹ ਕਰ ਸਕਦਾ ਹੈ (ਭਾਵ ਜਮ ਉਸ ਦਾ ਕੁਛ ਵਿਗਾੜ ਨਹੀਂ ਕਰ ਸਕਦਾ)॥ ੧॥ ਰਹਾਉ॥
ਆਗਮ ਨਿਰਗਮ ਜੋਤਿਕ ਜਾਨਹਿ ਬਹੁ ਬਹੁ ਬਿਆਕਰਨਾ॥ ਤੰਤ ਮੰਤ੍ਰ ਸਭ ਅਉਖਧ ਜਾਨਹਿ ਅੰਤਿ ਤਊ ਮਰਨਾ ॥੨॥	[ਹੁਣ ਵਿਦਵਾਨਾਂ ਤੇ ਗੁਣੀਆਂ ਨੂੰ ਲੈਂਦੇ ਹਨ:] (ਚਾਹੇ ਕੋਈ) ਜਾਣਦਾ ਹੋਵੇ ਸ਼ਾਸਤ੍ਰਾਂ ਨੂੰ, ਵੇਦਾਂ ਨੂੰ ਤੇ ਬਹੁਤੇ ਬਹੁਤੇ ਵਿਆਕਰਣਾਂ ਨੂੰ, (ਚਾਹੇ ਕੋਈ) ਜਾਣਦਾ ਹੋਵੇ ਤੰਤ੍ਰ, ਮੰਤ੍ਰ ਤੇ ਸਾਰੀਆਂ ਦਵਾਈਆਂ ਨੂੰ, ਫੇਰ ਬੀ ਅੰਤ ਨੂੰ ਮਰਨਾ ਹੀ (ਪੈਣਾ) ਹੈ॥ ੨॥
ਰਾਜ ਭੋਗ ਅਰੁ ਛਤ੍ਰ ਸਿੰਘਾਸਨ ਬਹੁ ਸੁੰਦਰਿ ਰਮਨਾ ॥ ਪਾਨ ਕਪੂਰ ਸੁਬਾਸਕ ਚੰਦਨ ਅੰਤਿ ਤਊ ਮਰਨਾ ॥੩॥	[ਹੁਣ ਐਸ਼੍ਵਰਜ ਪ੍ਰਤਾਪ ਵਾਲਿਆਂ ਨੂੰ ਲੈਂਦੇ ਹਨ:] (ਚਾਹੋ ਕਿਸੇ ਪਾਸ) ਰਾਜ ਦੇ (ਸਾਰੇ) ਭੋਗ ਹੋਣ (ਜਿਹਾ ਕੁ) ਛਤ੍ਰ, ਸਿੰਘਾਸਨ, ਬਹੁਤ ਸੁੰਦਰ ਇਸਤ੍ਰੀਆਂ, ਪਾਨ, ਕਾਫੂਰ, ਅਤਰ ਤੇ ਚੰਦਨ ਫੇਰ ਬੀ (ਉਸ ਨੇ) ਅੰਤ ਨੂੰ ਮਰਨਾ ਹੈ॥ ੩॥

ਬੇਦ ਪੁਰਾਨ ਸਿੰਮ੍ਰਿਤਿ ਸਭ ਖੋਜੇ ਕਹੂ ਨ ਊਬਰਨਾ ॥ ਕਹੁ ਕਬੀਰ ਇਉ ਰਾਮਹਿ ਜੰਪਉ ਮੇਟਿ ਜਨਮ ਮਰਨਾ ॥੪॥੫॥	[ਹੁਣ ਏਹ ਸਾਰੇ ਜੀਵ ਦੀ ਕਲਯਾਣ ਲਈ ਅਸਮਰਥ ਦੱਸਦੇ ਹਨ ਤੇ ਕਲਯਾਣ ਦਾ ਰਾਹ ਦੱਸਦੇ ਹਨ:] ਵੇਦ ਪੁਰਾਨ ਤੇ ਸਿੰਮ੍ਰਤੀਆਂ ਸਾਰੇ ਖੋਜੇ ਹਨ ਕਿਸੇ ਤੋਂ ਉਧਾਰ ਨਹੀਂ ਹੁੰਦਾ। ਹੇ ਕਬੀਰ ! ਐਉਂ ਆਖ: (ਕਿ ਮੈਂ) ਰਾਮ ਨੂੰ ਜਪਦਾ ਹਾਂ, (ਤੇ ਐਉਂ ਮੈਂ ਆਪਣੇ) ਜਨਮ ਮਰਨ ਨੂੰ ਮੇਟ ਲਿਆ ਹੈ॥ ੪॥ ੫॥

ਵਯਾਖਯਾ-ਇਸ ਸ਼ਬਦ ਵਿਚ ਕਬੀਰ ਜੀ ਸਰੀਰਕ ਮੌਤ ਤੋਂ ਬਚਾਉ ਦਾ ਰਸਤਾ ਨਹੀਂ ਦੱਸ ਰਹੇ। ਜੈਸਾ ਕਿ 'ਅੰਤਿ ਤਊ ਮਰਨਾ' ਵਾਕ ਤੋਂ ਸਰਸਰੀ ਨਜ਼ਰ ਨਾਲ ਪ੍ਰਤੀਤ ਦੇ ਆਉਂਦਾ ਹੈ। ਇਸ ਵਿਚ ਆਪ 'ਜਨਮ ਮਰਨ ਤੋਂ ਛੁਟਕਾਰੇ' ਦਾ ਰਸਤਾ ਦੱਸਦੇ ਹਨ, ਜੈਸਾ ਕਿ ਅੰਤਲੀ ਸਤਰ ਤੋਂ ਸਪਸ਼ਟ ਹੋ ਆਉਂਦਾ ਹੈ। ਇਹੋ ਗੱਲ ਰਹਾਉ ਦੀ ਤੁਕ ਤੋਂ ਸਪਸ਼ਟ ਹੋ ਜਾਂਦੀ ਹੈ ਕਿ ਜਮ ਤੋਂ ਛੁਟਕਾਰੇ ਦਾ ਅਸਲੀ ਰਾਹ ਦੱਸ ਰਹੇ ਹਨ। ਜਮ ਦਾ ਵਸੀਕਾਰ ਸਾਡੇ ਤੇ ਨਾ ਰਹਿਣਾ ਸੂਚਕ ਹੈ ਇਸ ਗੱਲ ਦਾ ਕਿ ਜਨਮ ਮਰਨ ਦੇ ਛੁਟਕਾਰੇ ਦਾ ਰਾਹ ਦੱਸ ਰਹੇ ਹਨ।

ਰਹਾਉ ਤੇ ਅੰਤਲੀ ਤੁਕ ਨੂੰ ਛੱਡਕੇ ਬਾਕੀ ਸਾਰੀਆਂ ਤੁਕਾਂ ਵਿਚ ਸੰਸਾਰ ਵਿਚ ਪਰਵਿਰਤ ਧਰਮ ਤੇ ਮਾਰਗ, ਵਿਦਯਾ ਤੇ ਐਸ਼੍ਵਰਜ ਆਦਿ ਲੈਕੇ ਉਨ੍ਹਾਂ ਵਿਚ ਲਗਿਆਂ ਨੂੰ ਜਨਮ ਮਰਨ ਵਿਚ ਦੱਸਦੇ ਹਨ। ਅੰਕ ੧ ਵਿਚ ਜੋਗੀ, ਜਤੀ, ਤਪੀ, ਸੰਨਯਾਸੀ, ਤੀਰਥਾਟਨੀ, ਸਰੇਵੜੇ, ਬੈਰਾਗੀ, ਮੋਨੀ, ਜਟਾਧਾਰੀ ਲਏ ਹਨ। ਇਨ੍ਹਾਂ ਨੇ ਏਹ ਭੇਖ ਧਾਰ ਧਾਰਕੇ ਅੰਤ ਮਰਨਾ ਹੈ। ਕਨਾਯਾ ਹੈ ਇਸ ਗੱਲ ਵਲ ਕਿ ਇਨ੍ਹਾਂ ਦਾ ਜਨਮ ਮਰਨ ਨਹੀਂ ਚੁੱਕਣਾ। ਕਾਰਣ ਨਹੀਂ ਦੱਸਿਆ, ਪਰ ਧੁਨੀ ਇਹ ਹੈ ਕਿ ਏਹ ਭੇਖ ਤੇ ਇਸ ਦੀ ਜ਼ਾਹਰਾ ਪੋਚਾ ਪਾਚੀ ਵਿਚ ਲਗ ਰਹੇ ਹਨ, ਏਹ ਅਕਾਲ ਪੁਰਖ ਦੇ ਪ੍ਰੇਮ ਵਿਚ ਨਹੀਂ ਹਨ ਜਿਸ ਪ੍ਰੇਮ ਨੇ ਕਿ ਖਿੱਚ ਕੇ ਅਕਾਲ ਪੁਰਖ ਪਾਸ ਲੈ ਜਾਣਾ ਹੈ ਕਿ ਜੋ ਮੁਕਾਮ ਸਦੈਵੀ ਹੈ।

ਅੰਕ ਦੋ ਵਿਚ ਇਸੇ ਤਰ੍ਹਾਂ ਵਿਦਵਾਨ ਗਿਣੇ ਹਨ: ਜੋ ਵੇਦ ਸ਼ਾਸਤ੍ਰ ਪੜ੍ਹਦੇ, ਵਿਆਕਰਣਾਂ ਨਾਲ ਇਨ੍ਹਾਂ ਦੀਆਂ ਖੋਜਾਂ ਕਰਦੇ ਹਨ ਪਰ ਵਿਦਯਾ ਦੇ ਪੇਹਨ ਵਿਚ ਘੁੰਮਦੇ ਮਨ ਬੁੱਧੀ ਦੇ ਮੰਡਲ ਤੋਂ ਉੱਚੇ ਨਹੀਂ ਉਠਦੇ। ਇਸੀ ਤਰ੍ਹਾਂ ਜਯੋਤਸ਼ੀ, ਤਾਂਤ੍ਰੀ, ਮਾਂਦ੍ਰੀ, ਵੈਦ ਆਪੋ ਆਪਣੀ ਵਿਦਯਾ ਦੀ ਪ੍ਰਬੀਨਤਾ ਤੇ ਪ੍ਰਬੀਨਤਾ ਦੀ ਹਉਮੈ ਵਿਚ ਰਹਿ ਜਾਂਦੇ ਹਨ, ਪ੍ਰਭੂ ਪ੍ਰੇਮ ਵਿਚ ਨਹੀਂ ਆਉਂਦੇ।

ਅੰਕ ੩ ਵਿਚ ਐਸ਼੍ਵਰਜ ਪ੍ਰਤਾਪ ਦੇ ਪੱਖ ਵਿਚ ਸਭ ਤੋਂ ਵਡੀ ਹਸਤੀ ਰਾਜਾ ਨੂੰ ਲੈਕੇ ਉਸ ਦੇ ਐਸ਼੍ਵਰਜ ਤੇ ਭੋਗਾਂ ਦਾ ਜ਼ਿਕਰ ਕਰਕੇ ਉਸ ਨੂੰ ਬੀ ਜਨਮ ਮਰਨ ਵਿਚ ਦੱਸਦੇ ਹਨ।

ਅੰਕ ੪ ਵਿਚ ਫੇਰ ਵੇਦ ਪੁਰਾਣ ਸਿੰਮ੍ਰਤੀਆਂ ਲਈਆਂ ਹਨ। ਇਹ ਤੁਕ 'ਆਗਮ ਨਿਰਗਮ' ਵਾਲੀ ਤੁਕ ਦੀ ਪੁਨਰੁਕਤੀ ਨਹੀਂ ਸਹੀ ਹੁੰਦੀ। ਇਸ ਤੁਕ ਦੀ ਧੁਨੀ ਇਕ ਪਾਸੇ ਵਲ ਬ੍ਰਿਤੀ ਨੂੰ ਲੈ ਜਾਂਦੀ ਹੈ ਕਿ ਵੇਦ ਪੁਰਾਣ ਸਿੰਮ੍ਰਤੀਆਂ ਸਾਰੀਆਂ ਖੋਜੀਆਂ ਹਨ, ਉਹ ਬੀ ਇਹੀ ਦੱਸਦੀਆਂ ਹਨ ਕਿ ਸ਼ਬਦ ਵਿਚ ਕਥੇ ਜੋਗੀ ਜਤੀ ਤਪੀ ਆਦਿ ਜਨਮ ਮਰਨ ਤੋਂ ਨਹੀਂ ਛੁਟਦੇ, ਓਹ ਸਾਰੇ ਕਰਮ ਹਉਂ ਵਿਚ ਕਰ ਰਹੇ ਹਨ, ਹਉਂ ਅਤੀਤ ਕਰਨੇ ਵਾਲਾ ਉਪਰਾਲਾ ਨਾਮ ਦਾ ਸਿਮਰਣ ਹੈ, ਮੈਂ ਕਬੀਰ 'ਰਾਮ ਸਿਮਰ ਰਿਹਾ ਹਾਂ' ਏਥੇ ਇਕ ਪਦ ਪਿਆ ਹੈ 'ਇਉ' ਜਿਸ ਦੀ ਸ਼ਕਤੀ ਇਹ ਹੈ ਕਿ ਵੇਦ ਪੁਰਾਣ ਸਿੰਮ੍ਰਤੀਆਂ ਬੀ ਦੱਸਦੀਆਂ ਹਨ ਕਿ ਜਪ ਤਪ ਆਦਿ ਸ਼ਬਦ ਵਿਚ ਕਥੇ ਕਰਮ ਸਭ ਕਲਯਾਣ ਲਈ ਅਸਮਰਥ ਹਨ, ਕੇਵਲ ਨਾਮ ਉਧਾਰ ਕਰਤਾ ਹੈ, ਖਾਸ ਕਰਕੇ ਕਲਿਜੁਗ ਵਿਚ ਕੇਵਲ ਨਾਮ ਨੇ ਉਧਾਰ ਕਰਨਾ ਹੈ; 'ਇਉਂ' ਇਸ ਪ੍ਰਕਾਰ ਮੈਂ ਨਾਮ ਵਿਚ ਲਗ ਰਿਹਾ ਹਾਂ, ਜੋ ਜਨਮ ਮਰਨ ਨੂੰ ਮੇਟ ਦੇਣ ਵਾਲਾ ਹੈ।

ਸੋ 'ਆਗਮ ਨਿਰਗਮ' ਪਦ ਪਹਿਲੇ ਆ ਜਾਣ ਕਰਕੇ ਅੰਤਲੀ ਤੁਕ ਵਿਚ 'ਇਉਂ' ਪਦ ਹੋਣ ਕਰਕੇ, ਫੇਰ 'ਖੋਜੇ' ਪਦ ਪਿਆ ਹੋਣ ਕਰਕੇ, ਸੰਭਾਵਨਾ ਹੁੰਦੀ ਹੈ ਕਿ ਕਬੀਰ ਜੀ ਦਾ ਭਾਵ ਇਹੋ ਹੈ।

ਪਰ ਕਈ ਦਾਨੇ 'ਕਹੂ ਨ ਊਬਰਨਾ' ਦਾ ਭਾਵ ਇਸ ਪ੍ਰਕਾਰ ਕੱਢਦੇ ਹਨ: ਕਿ ਚਾਹੋ ਕੋਈ ਵੇਦ

ਪੁਰਾਣ ਸਿੰਮ੍ਰਤੀਆਂ ਬੀ ਖੋਜ ਲਵੇ, ਭਾਵ ਉਨ੍ਹਾਂ ਦਾ ਪੰਡਿਤ ਹੋ ਜਾਵੇ, ਤਦ ਬੀ ਉਸ ਨੇ ਜਨਮ ਮਰਨ ਤੋਂ ਬਚ ਨਹੀਂ ਸਕਣਾ।

ਨਿਰੁਕ੍ਤ–ਜੋਗੀ–ਯੋਗ ਸਾਧਨਾ ਕਰਨ ਵਾਲਾ। ਜਤੀ–ਸਾਰੀ ਉਮਰ ਤ੍ਰਿਯਾ ਭੋਗ ਤੋਂ ਬਚਣੇ ਵਾਲਾ।

ਤਪੀ–ਤਪਸਜਾ ਕਰਨੇ ਵਾਲਾ।

ਸੰਨਿਆਸੀ–ਘਰ ਬਾਰ ਸਭ ਕੁਛ ਦਾ ਤਜਾਗ ਕਰਨੇ ਵਾਲਾ। ਪੂਰਨ ਅਤੀਤ।

ਤੀਰਥ ਭ੍ਰਮਨਾ–ਤੀਰਥਾਂ ਤੇ ਭੌਣ ਵਾਲਾ। ਤੀਰਥਾਟਨੀ।

ਲੁੰਜਿਤ–ਸਿਰ ਦੇ ਵਾਲ ਪਟਾਉਣ ਵਾਲਾ। ਜੋ ਕਰਮ ਕਿ ਸਰੇਵੜੇ (ਸੰਸਾਰ ਤਿਆਗ) ਵੇਲੇ ਕਰਦੇ ਹਨ।

ਮੁੰਜਿਤ–ਮੁੰਜ ਦੀ ਤੜਾਗੀ ਪਹਿਨਣ ਵਾਲੇ। ਬੈਰਾਗੀ।

ਜਟਾ ਧਰ– [ਸੰਸ:,] ਜਟਾ ਧਾਰਨ ਕਰਨ ਵਾਲਾ। ਰਾਮਨਾ–ਰਾਮ ਨੂੰ।

ਜਮਨਾ–ਜਮ। 'ਨਾ' ਵਾਧੂ ਹੈ ਪਾਦ ਪੂਰਨ ਲਈ।

ਆਗਮ– [ਸੰਸ:, ਆਗਮ:] ਸ਼ਾਸਤ੍ਰ। ਨਿਰਗਮ– [ਸੰਸ:, ਨਿਗਮ:] ਵੇਦ।

ਜੋਤਿਕ–ਜਯੋਤਿਸ਼। ਬਿਆਕਰਨਾ– [ਸੰਸ:, ਵਯਾਕਰਣੰ] ਪਦਾਂ, ਵਾਕਾਂ ਤੇ ਰਚਨਾਵਾਂ ਦੇ ਕਾਇਦਿਆਂ ਨਿਯਮਾਂ ਦੀ ਵਿਦਜਾ। ਗ੍ਰਾਮਰ।

ਤੰਤ–ਤੰਤ੍ਰ ਵਿਦਜਾ। ਟੂਣੇ ਜਾਦੂ ਆਦਿ ਨੂੰ ਬੀ ਕਹਿ ਲੈਂਦੇ ਹਨ। ਅਉਖਧ–ਦਵਾ।

ਰਮਨਾ– [ਸੰਸ:, ਰਮਣਾ=ਸੁੰਦਰ ਇਸਤ੍ਰੀ] ਜੋ ਰਮੀ ਜਾਵੇ, ਮਾਣੀ ਜਾਵੇ, ਭਾਵ ਇਸਤ੍ਰੀ ਤੋਂ ਹੈ।

ਕਪੂਰ–ਮੁਸ਼ਕਕਾਫੂਰ, ਜੋ ਸੁਗੰਧੀ ਲਈ ਵਰਤੀਦਾ ਹੈ, ਕਦੇ ਰਤਾ ਕੁ ਛੁਹ ਪਾਨ ਨੂੰ ਬੀ ਦੇਂਦੇ ਸਨ।

ਸੁ ਬਾਸਕ– [ਸੰਸ:, ਸੁ+ਵਾਸਕ (ਖੁਸ਼ਬੂਦਾਰ)] ਸੁਹਣੀਆਂ ਖੁਸ਼ਬੂਆਂ ਦੇਣ ਵਾਲੇ ਪਦਾਰਥ–ਅਤਰ ਆਦਿਕ।

ਉਬਰਨਾ–ਬਚਣਾ। ਬਚਾਉ। ਪਾਰ ਉਤਾਰਾ। ਉਧਾਰ।

ਜੰਪਉ–ਜਪਦਾ ਹਾਂ। ਸਿਮਰਦਾ ਹਾਂ।

[ਆਸਾ ਕਬੀਰ ਜੀ, ਚਉਪਦਾ-੬]

ਮੂਲ	ਅਰਥ
ਆਸਾ ॥ ਫੀਲੁ ਰਬਾਬੀ ਬਲਦੁ ਪਖਾਵਜ ਕਊਆ ਤਾਲ ਬਜਾਵੈ ॥ ਪਹਿਰਿ ਚੋਲਨਾ ਗਦਹਾ ਨਾਚੈ ਭੈਸਾ ਭਗਤਿ ਕਰਾਵੈ ॥੧॥	[ਇਸ ਸ਼ਬਦ ਦਾ ਅਰਥ ਅੰਕ ੩ ਦੀ ਪਹਿਲੀ ਸਤਰ ਤੋਂ ਆਰੰਭ ਹੁੰਦਾ ਹੈ, 'ਬੰਸ ਕੋ ਪੂਤੁ ਬੀਆਹਨ ਚਲਿਆ'। ਬਾਂਝ ਇਸਤ੍ਰੀ ਦਾ ਪੁਤ੍ਰ ਵਿਆਹ ਕਰਨ ਚੱਲਿਆ ਹੈ, ਉਸ ਦੀ ਜੰਵ ਨਾਲ ਇਹ ਸਾਮਾਨ ਹਨ:] ਹਾਥੀ ਤਾਂ ਰਬਾਬ ਵਜਾਉਣ ਵਾਲਾ ਹੈ, ਬਲਦ ਤਬਲਾ ਵਜਾਉਣ ਵਾਲਾ ਹੈ ਤੇ ਕਾਂ ਛੈਣੇ ਵਜਾਉਂਦਾ ਹੈ। ਖੋਤਾ ਚੋਲਾ ਪਹਿਨਕੇ ਨੱਚ ਰਿਹਾ ਹੈ ਮਹਿਆਂ (ਝੋਟਾ) ਗਾਉਣ ਦਾ ਕੰਮ ਕਰਦਾ ਹੈ* ॥ ੧॥

* ਮੰਦਰਾਂ ਵਿਚ ਭਜਨ ਗਾਉਣ ਵਾਲੇ ਨੂੰ 'ਭਗਤੀਆ' ਆਖਦੇ ਹਨ। 'ਭਗਤਿ ਕਰਾਵੈ' ਦਾ ਅਰਥ ਹੈ ਭਜਨ ਗਾਉਣ ਦਾ ਕੰਮ ਕਰਦਾ ਹੈ।

ਰਾਜਾ ਰਾਮ ਕਕਰੀਆ ਬਰੇ ਪਕਾਏ॥ ਕਿਨੈ ਬੂਝਨਹਾਰੈ ਖਾਏ ॥੧॥ ਰਹਾਉ ॥

(ਜੰਞ ਦੀ ਪ੍ਰਾਹੁਣਚਾਰੀ ਲਈ) ਰਾਜਾ ਰਾਮ ਨੇ ਕੱਕਰ ਦੇ ਵੜੇ ਪਕਾਏ ਹਨ (ਪਰ ਓਹ) ਕਿਸੇ ਸਮਝ ਵਾਲੇ ਨੇ ਖਾਧੇ ਹਨ॥ ੧॥ ਰਹਾਉ॥

ਬੈਠਿ ਸਿੰਘੁ ਘਰਿ ਪਾਨ ਲਗਾਵੈ ਘੀਸ ਗਲਉਰੇ ਲਿਆਵੈ ॥ ਘਰਿ ਘਰਿ ਮੁਸਰੀ ਮੰਗਲੁ ਗਾਵਹਿ ਕਛੂਆ ਸੰਖੁ ਬਜਾਵੈ ॥੨॥

ਸਿੰਘ (ਅਪਣੇ) ਘਰ ਵਿਚ ਬੈਠਕੇ ਪਾਨਾਂ (ਦੇ ਬੀੜੇ) ਲਾਉਂਦਾ ਹੈ, (ਤੇ ਉਸ ਦੇ ਬਣਾਏ ਪਾਨਾਂ ਦੇ) ਗਲੌਰੇ (ਜਾਞੀਆਂ ਨੂੰ ਦੇਣ ਲਈ) ਘੀਸ ਲਿਆਉਂਦੀ ਹੈ। ਚੂੰਹੀਆਂ (ਅਪਣੇ ਅਪਣੇ) ਘਰਾਂ ਵਿਚ (ਬੈਠੀਆਂ) ਖੁਸ਼ੀ ਦੇ ਗੀਤ ਗਾਉਂਦੀਆਂ ਹਨ (ਤੇ) ਕਛੂ ਕੁੰਮਾ ਸੰਖ ਵਜਾਉਂਦਾ ਹੈ॥ ੨॥

ਬੰਸ ਕੋ ਪੂਤੁ ਬੀਆਹਨ ਚਲਿਆ ਸੁਇਨੇ ਮੰਡਪ ਛਾਏ ॥ ਰੂਪ ਕੰਨਿਆ ਸੁੰਦਰਿ ਬੇਧੀ ਸਸੈ ਸਿੰਘ ਗੁਨ ਗਾਏ ॥੩॥

(ਜਦ ਐਉਂ) ਬਾਂਝ ਇਸਤ੍ਰੀ ਦਾ ਪੁਤ੍ਰ ਵਿਆਹ ਕਰਨ ਚਲਿਆ (ਤਾਂ ਉਸ ਦੇ ਉਤਾਰੇ ਲਈ ਧੋਤੇ ਘਰ) ਸੁਇਨੇ ਦੇ ਸ਼ਾਮਿਯਾਨੇ ਛਾਏ ਗਏ। (ਹੁਣ) ਰੂਪਵਤੀ ਸੁਹਣੀ ਕੰਨ੍ਯਾ ਵਿਆਹ ਲਈ (ਫੇਰ ਵਿਆਹ ਹੋ ਚੁੱਕਣ ਤੇ) ਸ਼ੇਰ ਤੇ ਸਹੇ ਨੇ (ਮਿਲਕੇ ਜੋੜੀ ਦੇ) ਗੁਣ ਗਾਏ, (ਭਾਵ ਵਧਾਈਆਂ ਗਾਈਆਂ)॥ ੩॥

ਕਹਤ ਕਬੀਰ ਸੁਨਹੁ ਰੇ ਸੰਤਹੁ ਕੀਟੀ ਪਰਬਤੁ ਖਾਇਆ ॥ ਕਛੂਆ ਕਹੈ ਅੰਗਾਰ ਭਿ ਲੋਰਉ ਲੂਕੀ ਸਬਦੁ ਸੁਨਾਇਆ ॥੪॥੬॥

ਕਬੀਰ ਜੀ ਆਖਦੇ ਹਨ: ਹੇ ਸੰਤੋ ਸੁਣੋ ! ਕੀੜੀ ਪਰਬਤ ਨੂੰ ਖਾ ਗਈ। ਕਛੂ ਨੇ (ਤਦੋਂ) ਕਿਹਾ (ਕਿ ਮੈਂ ਤਾਂ) ਅੱਗ ਬੀ ਲੱਭਦਾ ਹਾਂ, ਲੂਕੀ ਨੇ (ਇਹ) ਸ਼ਬਦ ਸੁਣਾਇਆ ਹੈ॥ ੪॥ ੬॥

ਵਜਾਖਜਾ-ਇਸ ਸ਼ਬਦ ਦੇ ਅੱਖਰੀ ਅਰਥ ਦੇ ਦਿਤੇ ਹਨ, ਇਹ ਅਭਿਧਾ ਬ੍ਰਿਤੀ ਨਾਲ ਲਾਏ ਅਰਥ ਹਨ ਪਰ ਇਨ੍ਹਾਂ ਵਿਚੋਂ ਕ੍ਰਮਵਾਰ ਕਿਸੇ ਭਾਵ ਦਾ ਥਹੁ ਨਹੀਂ ਪੈਂਦਾ। ਸੋ ਕਈ ਦਾਨੇ ਸਾਰੇ ਦਾ ਸਮੁੱਚਾ ਭਾਵ ਇਹ ਲੈ ਲੈਂਦੇ ਹਨ ਕਿ ਬਾਂਝ ਇਸਤ੍ਰੀ ਦਾ ਪੁਤ ਜਿਵੇਂ ਨਹੀਂ ਉਸ ਦੇ ਵਿਵਾਹ ਦਾ ਅਡੰਬਰ ਬੀ ਕੂੜ ਹੈ। ਸੋ ਇਹ ਜੋ ਸੰਸਾਰ ਭਾਸਦਾ ਹੈ ਮ੍ਰਿਗ ਤ੍ਰਿਸ਼ਨਾ ਦੇ ਜਲ ਵਾਙੂ ਭਾਸਦਾ ਮਾਤ੍ਰ ਹੀ ਹੈ, ਵਾਸਤਵ ਵਿਚ ਹੈ ਹੀ ਨਹੀਂ। ਜੋ ਭਾਸਦਾ ਹੈ ਉਹ ਵੀ ਮਾਇਆ ਦੇ ਕੌਤਕ ਹਨ, ਸੋ ਹੈ ਤਾਂ ਅਸਤਿ ਪਰ ਭਾਸਦਾ ਹੈ ਸਤਿ।

ਪਰ ਇਤਨੀ ਗਲ ਦੱਸਣ ਲਈ ਇਤਨਾ ਵਡਾ ਅਲੰਕਾਰ ਤੇ ਰਚਨਾ ਦੀ ਲੋੜ ਘੱਟ ਭਾਸਦੀ ਹੈ, ਫੇਰ ਵਿਚ ਵਿਆਹ ਦਾ ਰੂਪਕ ਬੱਧਾ ਹੈ।

ਉਂਞ ਸਰਸਰੀ ਨਜ਼ਰ ਵਾਚੋ ਤਾਂ ਭਾਸਦਾ ਹੈ ਕਿ ਕਿਸੇ ਦੇ ਵਿਆਹ ਉਤੇ ਵਾਜਿਆਂ ਵਾਲੇ ਤੇ ਜਾਂਞੀਆਂ ਦੀ ਬੇਸੁਰਤਾ ਤੇ ਸੂਰਤਾਂ ਦੇ ਭੱਦੇ ਪਨ ਤੇ ਮਖ਼ੌਲ ਉੜਾ ਰਹੇ ਹਨ। ਪਰ ਇਹ ਕਬੀਰ ਜੀ ਦੀ ਸ਼ਾਨ ਤੋਂ ਨੀਵੀਂ ਗੱਲ ਹੈ।

ਜੇ ਸਮਝੋ ਕਿ ਕਿਸੇ ਪਾਖੰਡੀ ਸਾਧੂ ਦੇ ਪਖੰਡ ਨੂੰ ਖੋਹਲਣ ਵਾਸਤੇ ਏਹ ਰੂਪਕ ਬੱਧੇ ਹਨ ਤਾਂ ਬੀ ਨਹੀਂ ਢੁੱਕਦਾ, ਕਿਉਂਕਿ ਇਸ ਵਿਚ 'ਰੂਪ ਕੰਨਿਆ ਸੁੰਦਰਿ ਬੇਧੀ' ਦੀ ਇਕ ਕਾਮਯਾਬੀ ਦੀ ਸੈਨਤ ਹੈ, ਜਿਸ ਤੋਂ ਇਹ ਰਸਤਾ ਖੁੱਲ੍ਹਦਾ ਹੈ ਕਿ ਇਹ ਹੈ ਤਾਂ ਸਾਰਾ ਅਲੰਕਾਰ, ਪਰ ਕਿਸੇ ਪਰਮਾਰਥਿਕ ਕਾਮਯਾਬੀ ਦਾ ਲਖਾਯਕ ਹੈ। ਹੁਣ ਅਸੀਂ ਜਦ ਭਾਵ ਲੱਭਣ ਲਗਾਂਗੇ ਤਾਂ ਸਾਨੂੰ ਵਿਸ਼ੇਸ਼ ਰਸਤਾ ਲੱਛਣਾ ਬ੍ਰਿਤੀ ਦੁਆਰਾ ਲੱਭੇਗਾ। ਫੀਲ ਆਦਿ ਪਦ ਸ੍ਰੀ ਕਬੀਰ ਜੀ ਨੇ ਲਖਾਯਕ ਅਰਥ ਦੇਣ ਲਈ ਵਰਤੇ ਹਨ। ਲਾਕਸ਼ਣਿਕ ਅਰਥ ਬਾਜ਼ੇ ਵੇਲੇ ਇਕ ਤੋਂ ਵਧੀਕ ਅਰਥ ਦੇਣ ਹਾਰੇ ਹੋ ਜਾਂਦੇ ਹਨ, ਇਸ ਕਰਕੇ ਭਾਵ ਲੈਣ ਵਿਚ ਕੁਛ ਭਿੰਨਤਾ ਹੋ ਜਾ ਸਕਦੀ ਹੈ ਪਰ ਅਰਥ ਸ਼ੈਲੀ ਉੱਪਰ ਲਿਖੀ ਯੁਕਤੀ

ਅਨੁਸਾਰ ਬੱਝ ਖੜਦੀ ਹੈ, ਉਸ ਮੂਜਬ ਭਾਵ ਇਸ ਪ੍ਰਕਾਰ ਨਿਤਰ ਆਉਂਦਾ ਹੈ।

ਬੰਸ ਕੋ ਪੂਤੁ ਸੰਢ (ਬਾਂਝ) ਦਾ ਪੁਤ੍ਰ ਕੌਣ ਹੋ ਸਕਦਾ ਹੈ ਜੋ ਸੁੰਦਰੀ ਨਾਲ ਵਿਆਹ ਕਰਕੇ ਚੀਟੀ ਦੇ ਪਰਬਤ ਖਾ ਜਾਣ ਵਾਙੂ ਕਾਮਯਾਬ ਹੋ ਜਾਂਦਾ ਹੈ?

ਉਹ ਹੈ ਮਨ, ਜੋ ਮਾਯਾ ਦਾ ਪੁਤ੍ਰ ਹੈ। ਮਾਯਾ ਅਪਣੇ ਆਪ ਸੰਢ ਹੈ, ਉਸ ਵਿਚ ਉਪਜਾਊ ਸਤਜਾ ਨਹੀਂ, ਪਰ ਮਨ ਓਸੇ ਵਿਚੋਂ ਚੇਤਨ ਦੇ ਆਭਾਸ ਨਾਲ ਬਣਦਾ ਹੈ, ਇਸ ਕਰਕੇ ਉਹ ਸੰਢ ਦਾ ਪੁਤ੍ਰ ਹੈ। ਦਾਰਸ਼ਨਿਕਾਂ ਨੇ ਬੀ ਮਨ ਦੀ ਗੇਣਤੀ ਪ੍ਰਕ੍ਰਿਤੀ ਵਿਚ ਯਾ ਮਾਯਾ ਵਿਚ ਹੀ ਕੀਤੀ ਹੈ। ਗੁਰਬਾਣੀ ਵਿਚ ਬੀ 'ਕੁਦਰਤਿ ਸਰਬ ਵੀਚਾਰੁ' ਕਹਿਕੇ ਵਿਚਾਰ ਸ਼ਕਤੀ ਯਾ ਇਸ ਦੇ ਅੰਤ੍ਰੀਵ ਇੰਦ੍ਰੇ 'ਮਨ' ਨੂੰ 'ਕੁਦਰਤ' ਦੀ ਕੈਟੇਗਰੀ ਯਾ ਗੇਣਤੀ ਵਿਚ ਲਿਆ ਹੈ, 'ਕਾਦਰ' ਦੀ ਗੇਣਤੀ ਵਿਚ ਨਹੀਂ ਲਿਆ। ਸੋ 'ਮਨ' ਸੰਢ ਦਾ ਪੁਤ੍ਰ ਲੈਣਾ ਹੈ।

ਕਈ ਦਾਨੇ ਜਗਜਾਸੂ ਨੂੰ ਸੰਢ ਦਾ ਪੁਤ੍ਰ ਲੈਂਦੇ ਹਨ ਕਿਉਂਕਿ ਜਗਜਾਸੂ ਸੰਤ ਦੇ ਘਰ ਦਾ ਜਨਮ ਲੈਂਦਾ ਹੈ, ਯਥਾ:-

ਸਤਿਗੁਰ ਕੈ ਜਨਮੇ ਗਵਨੁ ਮਿਟਾਇਆ॥ [ਰਾਮਕਲੀ ਮ: ੧, ਸਿਧ ਗੋਸਟਿ-੨੦]

ਸਤਿਗੁਰ ਪਿਤਾ ਤਾਂ ਹੁੰਦਾ ਹੈ ਨਵੇਂ ਜਨਮ ਦਾ, ਪਰ ਮਾਂ ਕੋਈ ਨਹੀਂ ਹੁੰਦੀ ਇਸ ਕਰਕੇ ਉਹ ਮਾਨੋ ਸੰਢ ਦਾ ਪੁਤ੍ਰ ਹੈ।

ਦੋਹਾਂ ਅਰਥਾਂ ਦਾ ਅਭਿਪ੍ਰਾਯ ਇੱਕੋ ਥਾਂ ਆ ਢੁੱਕੇਗਾ, ਕਿਉਂਕਿ ਜਗਜਾਸੂ ਦੇ ਪਿੰਡੇ ਦਾ ਵਿਵਾਹ ਨਹੀਂ ਹੋਣਾ ਉਸ ਦੇ ਮਨ ਦਾ ਹੀ ਵਿਵਾਹ ਹੋਣਾ ਹੈ। ਸੋ ਭਾਵ ਮਨ ਤੇ ਹੀ ਆ ਢੁੱਕਿਆ, ਜਿਸ ਦਾ ਵਿਵਾਹ ਆਤਮ ਵਿਸ਼ੈਣੀ ਬੁੱਧੀ ਨਾਲ ਕਹੋ ਯਾ ਬ੍ਰਹਮ ਵਿਦਜਾ ਨਾਲ ਹੋਣਾ ਹੈ, ਜਿਸ ਨੂੰ ਸ਼ਬਦ ਵਿਚ 'ਰੂਪ ਕੰਨਿਆ ਸੁੰਦਰਿ' ਕਿਹਾ ਹੈ। ਜਿਸ ਨੂੰ ਮਨ ਨੇ ਵਿੰਨ੍ਹ ਲੈਣਾ ਯਾ ਵਿਆਹ ਲੈਣਾ ਹੈ। ਬੇਧੀ ਪਦ ਇਸ ਲਈ ਵਰਤਿਆ ਹੈ ਕਿ ਉਸ ਵਿਚ ਪ੍ਰਵੇਸ਼ ਹੋ ਜਾਣਾ ਹੈ। ਇਸੇ ਮਨ ਨੇ ਓਸ ਬੁੱਧੀ ਤੋਂ ਛੁਟ ਜਾਣਾ ਹੈ, ਜਿਸ ਨੇ ਇਸ ਨੂੰ ਫੀਲ ਵਾਙੂ ਮਾਯਾ ਵਿਚ ਮਦਮਤਿ ਕਰ ਰਖਿਆ ਹੈ, ਜੈਸਾ ਕਿ ਕਬੀਰ ਜੀ ਦਾ ਵਾਕ ਹੈ:-

ਕਬੀਰ ਕਾਇਆ ਕਜਲੀ ਬਨੁ ਭਇਆ ਮਨੁ ਕੁੰਚਰੁ* ਮਯ ਮੰਤੁ॥
ਅੰਕਸੁ ਗ੍ਯਾਨੁ ਰਤਨੁ ਹੈ ਖੇਵਟੁ ਬਿਰਲਾ ਸੰਤੁ॥

[ਸਲੋਕ ਕਬੀਰ ਜੀ-੨੨੪]

ਮਨ ਦੀ ਇਹ ਮਦ ਮਸਤੀ ਵਾਲੀ ਖਸਲਤ ਬਦਲ ਕੇ ਰਬਾਬ ਬਜਾਉਣ ਵਾਲੀ, ਅਰਥਾਤ ਵਿਚਾਰਸ਼ੀਲ ਤੇ ਰਬਾਬ ਦੇ ਸੁਰੀਲੇ ਪਨ ਵਾਙੂ ਰਸਮਈ ਹੋ ਗਈ ਹੈ।

ਬਲਦ ਪਖਾਵਜ-ਬਲਦ ਦੀ ਹਾਲਤ ਪਰ-ਆਸਰੇ ਰਹਿਣਾ ਕਬੀਰ ਜੀ ਨੇ ਆਪ ਦੱਸੀ ਹੈ। ਯਥਾ

ਹਰਿ ਬਿਨ ਬੈਲ ਬਿਰਾਨੇ ਹੁਈ ਹੈ॥

[ਗੂਜਰੀ ਕਬੀਰ ਜੀ-੧]

ਇਸ ਸ਼ਬਦ ਵਿਚ ਬੈਲ ਨੂੰ ਪਰ ਆਸਰੇ ਰਹਿਕੇ ਪਰਾਈ ਸੇਵਾ ਵਿਚ ਦੁੱਖ ਭਰਦਾ ਦੱਸਿਆ ਹੈ। ਸੋ ਮਨ ਦੀ ਪਹਿਲੀ ਖ਼ਸਲਤ ਇਹ ਸੀ: ਪਰਾਏ ਆਸਰੇ ਰਹਿਣਾ, ਦੁਖ ਸੁਖ ਝੱਲਣੇ, ਉਹ ਖਸਲਤ ਬਦਲਕੇ ਪਖਾਵਜੀ ਖਸਲਤ ਹੋ ਗਈ ਹੈ, ਹਰਿ ਸਿਮਰਨ ਦੀ ਸੁਆਸਾਂ ਨਾਲ ਮਿਲਵੀਂ ਤਾਲ ਪੂਰਕ ਚਾਲ ਬਣ ਗਈ ਹੈ। ਫੇਰ ਲਿਆ ਹੈ 'ਕਊਆ ਤਾਲ ਬਜਾਵੈ।'

ਕਾਂ ਸਾਰਾ ਦਿਨ ਪੇਟ ਭਰਨ ਲਈ ਦਰ ਦਰ ਘੁੰਮਦਾ ਕਾਂ ਕਾਂ ਕਰਦਾ ਹੈ। ਸੰਸਾਰਕ ਬ੍ਰਿਤੀ ਵਾਲਾ ਮਨ ਸਾਰਾ ਦਿਨ ਪੇਟ ਭਰਨ ਦੇ ਤਰਲੇ ਲੈਂਦਾ 'ਕਾਕ ਜਿਉ ਲਵੈ'। ਗਲਾਂ ਕਰ ਕਰ ਮਤਲਬ ਸਾਧਦਾ ਫਿਰਦਾ ਯਾ ਬ੍ਰਿਥਾ ਪ੍ਰਲਾਪ ਕਰਦਾ ਰਹਿੰਦਾ ਹੈ, ਉਹ ਹੁਣ ਕੈਂਸੀਆਂ ਜਾਂ ਛੈਣੇ ਵਜਾਉਂਦਾ ਹੈ। ਅਰਥਾਤ ਉਹ ਬ੍ਰਿਥਾ ਪ੍ਰਲਾਪੀ ਜ਼ੁਬਾਨ ਦੀ ਖ਼ਸਲਤ ਹੁਣ ਸੁਰਤ ਵਿਚ ਸੰਗੀਤਕ ਗਮਕ ਨਾਲ ਸਿਮਰਦੀ ਹੈ। ਕਾਂ

* ਮਨ ਤਉ ਮੈਗਲੁ ਹੋਇ ਰਹਾ ਨਿਕਸਿਆ ਕਿਉ ਕਰਿ ਜਾਇ॥ [ਗੂਜਰੀ ਵਾਰ ਸਲੋਕ ਕਬੀਰ ਜੀ-੪]

ਜਿਸ ਦੀ ਕਾਲਕ ਦੂਰ ਨਹੀਂ ਸੀ ਹੁੰਦੀ ਯਥਾ:-

ਕਊਆ ਕਹਾ ਕਪੂਰ ਚਰਾਏ॥

[ਆਸਾ ਕਬੀਰ ਜੀ-੨੦]

ਉਹ ਅਪਣੀ ਕਾਲਕ ਦੂਰ ਕਰਕੇ ਕੈਂਸੀਆਂ ਵਜਾਉਂਦਾ ਹੈ।

ਪਹਿਰਿ ਚੋਲਨਾ ਗਦਹਾ ਨਾਚੈ

'ਗਉੜੀ ਕਬੀਰ ਜੀ ਕੀ ਨਾਲਿ ਰਲਾਇ ਲਿਖਿਆ ਮਹਲਾ ੫ ॥ ' ਵਿਚ ਲਿਖਿਆ ਹੈ:-

ਹਰੀ ਅੰਗੂਰੀ ਗਦਹਾ ਚਰੈ॥ ਨਿਤ ਉਠਿ ਹਾਸੈ ਹੀਗੈ ਮਰੈ॥ ੧॥

[ਗਉੜੀ ਕਬੀਰ ਜੀ-੧੪]

ਖੋਤੇ ਨੂੰ ਅਤਿ ਮੂਰਖ ਤੇ ਲੋਭੀ ਦੱਸਿਆ ਹੈ ਜੋ ਹਰੀਆਂ ਅੰਗੂਰੀਆਂ ਖਾ ਖਾ ਕੇ ਹੱਸਦਾ ਹੈ, ਹੀਂਗਦਾ ਹੈ, ਮਾਨੋ ਆਪ ਨੂੰ ਨਿੱਤਜ ਸਮਝਦਾ ਹੈ, ਪਰ ਅੰਤ ਮਰ ਜਾਂਦਾ ਹੈ। ਸੋ ਮਨ ਦੀ ਇਹ ਪਦਾਰਥ ਭੋਗਾਂ ਦੀਆਂ ਮਸਤੀਆਂ ਵਿਚ ਲੈ ਜਾਣ ਵਾਲੀ ਖ਼ਸਲਤ ਬਦਲ ਗਈ ਹੈ, ਉਸ ਨੇ ਚੋਲਣਾ ਪਹਿਨ ਲਿਆ ਹੈ*, ਭਾਵ ਪਾਰਲੌਕਿਕ ਹਯਾ ਉਪਜ ਪਈ ਹੈ ਤੇ ਉਹ ਹੁਣ ਹੀਂਗ ਹੀਂਗ (ਅਰਥਾਤ ਗੱਪਾਂ ਮਾਰ ਮਾਰ) ਕੇ ਝੱਲਾ ਨਹੀਂ ਹੁੰਦਾ, ਉਹ ਹੁਣ ਸ਼ਬਦ ਅਭਯਾਸ ਦੀ ਗਮਕ ਵਿਚ ਰਹਿੰਦਾ ਹੈ।

ਕਾਂ ਦਾ ਲੌਣਾ ਮਤਲਬ ਸਾਧਣ ਦੀਆਂ ਮਿੰਨਤਦਾਰੀਆਂ ਵੱਲ ਸੈਂਨਤ ਸੀ, ਤੇ ਗਦਹੇ ਦਾ ਹੀਂਗਣਾ, ਭੋਗਾਂ ਦੀ ਪ੍ਰਾਪਤੀ ਤੇ ਬਫਾਉਣ ਤੇ ਸ਼ੇਖੀਆਂ ਮਾਰਨ ਵਲ ਸੈਨਤ ਹੈ।

ਭੈਸਾ ਭਗਤਿ ਕਰਾਵੈ-ਭੈਂਸੇ ਬਾਬਤ ਇਉਂ ਲਿਖਿਆ ਮਿਲਦਾ ਹੈ:-

ਮਾਤਾ ਭੈਸਾ ਅੰਮੁਹਾ ਜਾਇ॥ ਕੁਦਿ ਕੁਦਿ ਚਰੈ ਰਸਾਤਲਿ ਪਾਇ॥ ੨॥

[ਗਉੜੀ ਕਬੀਰ ਜੀ-੧੪]

ਏਥੇ ਭੈਂਸਾ ਮਾਤਾ ਤੇ ਅਮੋੜ ਦੱਸਿਆ ਹੈ, ਅਰਥਾਤ ਮਨ ਦੀ ਉਹ ਖ਼ਸਲਤ ਜੋ ਹਰ ਸ਼ੁਭ ਸਿਖ੍ਯਾ ਤੋਂ ਅਮੋੜ ਹੋਕੇ ਮਦ ਮਸਤੀ ਵਿਚ ਵਰਤਦੀ ਹੈ ਤੇ ਉਸ ਦਾ ਅੰਤ ਰਸਾਤਲ ਵਿਚ ਡਿੱਗਣਾ ਹੁੰਦਾ ਹੈ, ਉਹ ਅਮੋੜ ਤੇ ਮਦ ਮੱਤ ਖਸਲਤ ਮਨ ਦੀ ਬਦਲ ਗਈ ਹੈ, ਉਹ ਭਗਤੀ ਕਰਾ ਰਹੀ ਹੈ। ਭਾਵ ਹਰੀ ਕੀਰਤਨ ਦੀ ਬਾਣ ਪ੍ਰਪੱਕ ਹੋ ਗਈ ਹੈ। 'ਭਗਤਿ' ਰਾਸਧਾਰੀਆਂ ਦੀ ਬੋਲੀ ਵਿਚ ਸਾਜ਼ਾਂ ਦੇ ਨਾਲ ਗਲੇ ਤੋਂ ਗਾਉਣ ਵਾਲੇ ਨੂੰ ਕਹਿੰਦੇ ਹੁੰਦੇ ਸਨ।

ਮਨ ਦੀ ਅਮੋੜ ਖ਼ਸਲਤ ਜੋ ਜ਼ਿਦ ਤੇ ਹਠ ਹੁੰਦੀ ਸੀ ਹੁਣ ਹਰੀ ਕੀਰਤਨ ਵਿਚ ਇਸਤਕਲਾਲ ਵਾਲੀ ਹੋ ਗਈ ਹੈ।

ਹੁਣ ਰਹਾਉ ਵਿਚ ਦੱਸਦੇ ਹਨ ਕਿ ਪਰਮਾਤਮ ਦੇਵ ਨੇ ਕੱਕਰ ਦੇ ਵੜੇ ਪਕਾਏ ਹਨ, ਭਾਵ ਅਸੰਭਵ ਨੂੰ ਸੰਭਵ ਕਰ ਦਿਖਾਇਆ ਹੈ; ਪਰ ਇਹ ਅਸੰਭਵ ਦਾ ਸੰਭਵ ਹੋਣਾ ਕਿਸੇ ਵਿਵੇਕੀ ਦੀ ਸਮਝ ਵਿਚ ਆਉਂਦਾ ਹੈ। ਇਸ ਅਸੰਭਵ ਦੀ ਸੰਭਵਤਾ ਕਬੀਰ ਜੀ ਨੇ ਆਪ ਐਉਂ ਖੋਹਲ ਦਿਤੀ ਹੈ:-

ਕਹੁ ਕਬੀਰ ਪਰਗਟੁ ਭਈ ਖੇਡ॥ ਲੇਲੇ ਕਉ ਚੂਘੈ ਨਿਤ ਭੇਡ॥

[ਗਉੜੀ ਕਬੀਰ ਜੀ-੧੪]

ਇਨ੍ਹਾਂ ਤੁਕਾਂ ਵਿਚ ਬੀ ਲੱਛਣਾ ਬ੍ਰਿਤੀ ਹੀ ਵਰਤੀ ਹੈ ਕਿ ਲੇਲੇ ਅਰਥਾਤ ਮਨ ਨੂੰ ਬੁੱਧੀ ਚੁੰਘ ਰਹੀ ਹੈ, ਭਾਵ ਇਹ ਕਿ ਆਮ ਜੀਵਾਂ ਦੀ ਬੁੱਧੀ ਮਨ ਦੇ ਮਗਰ ਲਗ ਰਹੀ ਹੈ। ਜਦ ਇਹ ਗਲ ਸਮਝੇ ਪੈ ਗਈ ਕਿ ਪੁੱਠੀ ਹੈ ਤਾਂ ਇਸ ਨੂੰ ਸਿੱਧਿਆਂ ਕਰ ਲਿਆ, ਤਦ ਮਨ ਬੁੱਧੀ ਦੇ ਮਗਰ ਲਗ ਗਿਆ, ਉਹ ਬੁੱਧੀ ਜਿਸ ਦੇ ਮਗਰ ਹੁਣ ਮਨ ਲਗ ਪਿਆ ਹੈ, ਕਿਹੜੀ ਹੈ, ਤਾਂ ਦੱਸਦੇ ਹਨ ਕਿ:-

ਰਾਮ ਰਮਤ ਮਤਿ ਪਰਗਟੀ ਆਈ॥ ਕਹੁ ਕਬੀਰ ਗੁਰਿ ਸੋਝੀ ਪਾਈ॥ ੪॥ ੧॥

[ਗਉੜੀ ਕਬੀਰ ਜੀ-੧੪]

ਉਹ ਮਤਿ ਰਾਮ ਰਮਣ ਨਾਲ ਪ੍ਰਗਟ ਹੋ ਗਈ ਤੇ ਇਹ ਸੋਝੀ ਸਾਰੀ ਗੁਰੂ ਨੇ ਬਖਸ਼ੀ ਹੈ। ਇਹ ਹੈ ਕਬੀਰ ਜੀ ਦਾ ਅਪਣਾ ਦੱਸਿਆ ਭਾਵ 'ਰਾਜਾ ਰਾਮ ਕਕਰੀਆ ਬਰੇ ਪਕਾਏ॥ ਕਿਨੈ ਬੂਝਨ ਹਾਰੈ

* ਨਚਣ ਵਾਲੀਆਂ ਇਕ ਚੋਲਾ ਪਹਿਨ ਕੇ ਨਚਦੀਆਂ ਹਨ, ਉਸ ਨੂੰ ਪੇਸ਼ਵਾਜ਼ ਆਖਦੇ ਹਨ।

ਖਾਏ' ਦਾ। ਬੂਝਣਹਾਰ ਉਤੇ ਮਤਿ ਪ੍ਰਗਟ ਹੋ ਗਈ, ਜਿਸ ਨੇ ਲੇਲੇ ਨੂੰ ਭੇਡ ਦੇ ਮਗਰ ਲਾ ਦਿਤਾ; ਮਨ ਨੂੰ ਆਤਮ ਵਿਸ਼ੈਣੀ ਬੁੱਧੀ ਦੇ ਮਗਰ ਲਗਾ ਦਿਤਾ। ਉਸ ਦਾ ਫਲ ਪਹਿਲਾਂ ਉਪਰ ਅੰਕ ੧ ਵਿਚ ਦਰਸਾ ਆਏ ਹਨ, ਬਾਕੀ ਦਾ ਹੁਣ ਦਿਖਾਲਦੇ ਹਨ ਕਿ 'ਬੈਠਿ ਸਿੰਘ ਘਰਿ ਪਾਨ ਲਗਾਵੈ।' ਸ਼ੇਰ ਹੁਣ ਘਰ ਵਿਚ ਬੈਠਕੇ ਮਾਨੋ ਪਾਨ ਲਗਾਉਂਦਾ ਹੈ। ਸ੍ਰੀ ਕਬੀਰ ਜੀ ਨੇ ਸਿੰਘ ਪਦ ਹੋਰਥੇ ਬੀ ਵਰਤਿਆ ਹੈ ਤੇ ਇਸ ਦੇ ਲਾਕਸ਼ਨਿਕ ਅਰਥ ਅਹੰਕਾਰ ਦੇ ਲਾਈਦੇ ਹਨ। ਯਥਾ:-

ਜਬ ਲਗ ਸਿੰਘੁ ਰਹੈ ਬਨ ਮਾਹਿ॥ ਤਬ ਲਗੁ ਬਨੁ ਫੂਲੈ ਹੀ ਨਾਹਿ॥
ਜਬ ਹੀ ਸਿਆਰੁ ਸਿੰਘ ਕਉ ਖਾਇ॥ ਫੂਲਿ ਰਹੀ ਸਗਲੀ ਬਨ ਰਾਇ॥

[ਭੈਰਉ ਕਬੀਰ ਜੀ-੧੮

ਸੋ ਸ਼ੇਰ, ਜਿਸ ਨੂੰ ਇਨ੍ਹਾਂ ਤੁਕਾਂ ਵਿਚ ਗਿੱਦੜ ਤੋਂ ਮਰਵਾਇਆ ਹੈ, ਫੀਲ ਰਬਾਬੀ ਵਾਲੇ ਸ਼ਬਦ ਵਿਚ ਉਸ ਦੀ ਭੈੜੀ ਆਦਤ ਨੂੰ, ਜੋ ਅਭਿਮਾਨ ਵਿਚ ਆਕੇ ਲੋਕਾਂ ਨੂੰ ਦੁਖ ਦੇਂਦੀ ਹੈ, ਬਦਲੀ ਦੱਸਿਆ ਹੈ ਕਿ ਹੁਣ ਬਾਹਰ ਦੂਜਿਆਂ ਉੱਤੇ ਹੱਲੇ ਨਹੀਂ ਬੋਲਦੀ,ਅਪਣੇ ਘਰ ਵਿਚ, ਅਰਥਾਤ ਅਪਣੇ ਸ਼ੁੱਧ ਅਹੰਰੂਪ ਵਿਚ ਟਿਕਦੀ ਹੈ ਤੇ ਦੂਜਿਆਂ ਲਈ ਆਦਰ ਦਾ ਸਾਮਾਨ ਕਰਦੀ ਹੈ। ਅਗੇ ਇਸ ਹੰਕਾਰ ਤੋਂ ਦੂਜਿਆਂ ਲਈ (ਘੀਸ=) ਤਰਕ ਦੀ ਬੁੱਧੀ ਪੈਦਾ ਹੁੰਦੀ ਸੀ, ਹੁਣ ਉਹ ਘੀਸ ਅਰਥਾਤ ਤਰਕ ਬੁਧੀ ਰਿਤੰਭਰਾ ਹੋ ਗਈ ਹੈ। ਅਰਥਾਤ ਸਤਜ ਨੂੰ ਧਾਰਣ ਕਰਨੇ ਵਾਲੀ ਬੁੱਧੀ ਬਣਕੇ ਸਭਨਾਂ ਵਿਚ ਅਪਣੇ ਵਰਗਾ ਪਰਮਾਤਮ ਅੰਸ਼ ਅਨੁਭਵ ਕਰਦੀ ਹੈ, ਇਸ ਕਰਕੇ ਸਭ ਨੂੰ ਆਦਰ ਦੇਂਦੀ ਹੈ। ਸਭ ਵਿਚ ਸਭ ਥਾਂ ਸਤਜ ਨੂੰ ਸਿੱਧਾ ਅਨੁਭਵ ਕਰਕੇ ਸੁਖੀ ਤੇ ਸੁਖਦਾਈ ਹੋ ਗਈ ਹੈ।

ਘਰਿ ਘਰਿ ਮੁਸਰੀ ਮੰਗਲੁ ਗਾਵਹਿ-.....ਚੂਹੀਆਂ ਆਪੋ ਆਪਣੇ ਘਰ ਬੈਠੀਆਂ ਮੰਗਲ ਗਾ ਰਹੀਆਂ ਹਨ। ਘਰ ਤੋਂ ਮੁਰਾਦ ਗੋਲਕਾਂ ਦੀ ਹੈ। ਆਪੋ ਆਪਣੀਆਂ ਗੋਲਕਾਂ ਵਿਚ ਇੰਦ੍ਰੀਆਂ ਸ੍ਵੈ ਸੁਖ ਵਿਚ ਹਨ, ਉੱਥਾਨ ਹੋਕੇ ਪਰਸਪਰ ਵਿਰੋਧ ਵਿਚ ਆਕੇ ਦੁਖੀ ਨਹੀਂ ਹੁੰਦੀਆਂ।

ਕਛੂਆ ਸੰਖੁ ਬਜਾਵੈ-ਕੱਛੂ ਅਪਣੇ ਆਪ ਨੂੰ ਅਪਣੇ ਤਨ ਉਪਰ ਦੇ ਇਕ ਢਾਲ ਵਰਗੇ ਕੱਜਣ ਹੇਠ ਸੰਕੋਚਕੇ ਰਖਦਾ ਹੈ। ਮੂੰਹ ਲੱਤਾਂ ਬਾਹਾਂ ਰਤਾ ਕੁ ਕੱਢੇਗਾ ਫੇਰ ਝਟ ਅੰਦਰ ਖਿੱਚ ਲਏਗਾ, ਇਸ ਲੱਛਣਾਂ ਤੋਂ ਜਾਪਦਾ ਹੈ ਕਿ ਤਲਹੀਅਲ ਵਲ ਇਸ਼ਾਰਾ ਹੈ। ਅਰਥਾਤ ਜਾਗ੍ਰਤ ਵਿਚ ਜੋ ਮਨ ਕੰਮ ਕਰਦਾ ਹੈ ਉਸ ਸਗਜਾਤ ਮਨ ਦੇ ਹੇਠਾਂ ਇਕ ਮਨ ਹੋਰ ਹੈ ਜੋ ਸੁਪਨ ਅਵਸਥਾ ਵਿਚ ਜਾਗਦਾ ਹੈ, ਇਸ ਵਿਚ ਸਾਡੇ ਕਰਮਾਂ ਦੇ ਸੰਸਕਾਰ ਰਹਿੰਦੇ ਹਨ। ਇਹ ਮਨ ਭਲੇ ਪਾਸੇ ਲਗਿਆਂ ਬੀ ਅੰਦਰੋਂ ਮਾੜੇ ਸੰਸਕਾਰ ਸਗਜਾਤ ਮਨ ਵਿਚ ਛੋੜਦਾ ਰਹਿੰਦਾ ਹੈ ਅਰ ਆਪਾ ਲੁਕਾਈ ਰਖਦਾ ਹੈ। ਉਹ ਮਨ ਹੁਣ ਸਾਫ ਹੋ ਗਿਆ ਹੈ, ਸੰਸਕਾਰ ਉਥੋਂ ਮੁੱਕ ਗਏ ਹਨ ਤੇ ਹੁਣ ਓਥੇ ਨਾਮ ਤੇ ਸ਼ੁਭ ਗੁਣਾਂ ਦੇ ਸੰਸਕਾਰ ਵੱਸ ਪਏ ਹਨ, ਜਿਨ੍ਹਾਂ ਨੂੰ ਲੁਕੋ ਦੀ ਲੋੜ ਨਹੀਂ, ਸੋ ਉਹ ਸੰਖ ਵਜਾਉਣ ਵਾਙੂ ਸਗਜਾਤ ਮਨ ਵਿਚ ਸ਼ੁਭ ਭਾਵ ਸ਼ੁਭ ਸੰਸਕਾਰ ਨਾਮ ਜਪਣ ਦੀ ਰੁਚੀ ਭੇਜਦਾ ਰਹਿੰਦਾ ਹੈ।

'ਬੰਸ ਕੋ ਪੂਤ ਬੀਆਹਨ ਚਲਿਆ ਸੁਇਨੇ ਮੰਡਪ ਛਾਏ'-ਇਸ ਤਰ੍ਹਾਂ ਸੰਢ ਦਾ ਪੁਤ੍ਰ 'ਮਨ' ਅਪਣੇ ਮਾੜੇ ਸੁਭਾਵਾਂ ਨੂੰ ਚੰਗੇ ਬਣਾਕੇ ਵਿਆਹ ਕਰਨ ਚੱਲਿਆ ਹੈ। ਅਗੇ ਕਾਕੀ ਦੇ ਘਰ ਉਸ ਦੇ ਸਨਮਾਨ ਲਈ ਸੋਨੇ ਦੇ ਮੰਡਪ ਤਾਣੇ ਗਏ। ਭਾਵ ਪਰਮ ਪਵਿਤ੍ਰਤਾ ਰੂਪੀ ਮੰਡਪ ਵਿਚ ਵਿਵਾਹ ਦੀ ਤਜਾਰੀ ਸੀ। ਕੰਚਨ ਸੋਨਾ ਆਦਿ ਪਦ ਗੁਰਬਾਣੀ ਵਿਚ ਪਵਿਤ੍ਰਤਾ ਤੇ ਸੁੰਦਰਤਾ ਦੇ ਅਰਥਾਂ ਵਿਚ ਆਉਂਦੇ ਹਨ। ਉਥੇ ਇਸੇ ਸ਼ੁਧ ਹੋਏ ਮਨ ਦਾ ਆਤਮ ਵਿਸ਼ੈਣੀ ਬੁਧੀ ਨਾਲ ਵਿਵਾਹ ਹੋਇਆ। 'ਬੇਧੀ' ਅਸਲ ਵਿਚ ਵੇਦੀ ਦਾ ਪਾਠਾਂਤ੍ਰ ਭੇਦ ਹੈ। ਵੇਦੀ ਗੱਡ ਕੇ ਵਿਆਹ ਹੁੰਦਾ ਹੈ ਇਸ ਕਰਕੇ 'ਬੇਦੀ' ਦਾ ਅਰਥ ਵਿਆਹੀ ਕਰਦੇ ਹਨ। ਉਂਵ 'ਬੇਧੀ' ਦਾ ਅਰਥ ਵਿੰਨ੍ਹ ਲਈ ਹੈ, ਉਸ ਦਾ ਭਾਵ ਬੀ ਇਹੋ ਹੈ। ਬਹੁਤ ਪੁਰਾਣੇ ਸਮੇ ਵਿਆਹ ਤੋਂ ਪਹਿਲੇ ਕੁਛ ਤਲਵਾਰ ਕੁਛ ਨੇਜ਼ੇ ਦੇ ਕਰਤਬ ਲਾੜੇ ਨੂੰ ਦੱਸਣੇ ਹੁੰਦੇ ਵਾਰਤਾ ਵਿਚ ਆਉਂਦੇ ਹਨ, ਜਿਸ ਦੇ

ਨਕਲੀ ਰੂਪ ਜੰਡੀ ਵੱਢਣੀ, ਘੋੜੇ ਚੜ੍ਹਕੇ ਜਾਣਾ, ਛਾਣਨੀ ਕੱਟਣੀ ਆਦਿ ਤੁਰੇ ਆਏ ਹਨ। ਜਦ ਨੇਜ਼ੇ ਨਾਲ ਕਿੱਲੀ ਵਿੰਨ੍ਹ ਲਈ ਤਾਂ ਵਿਆਹ ਦਾ ਹੱਕਦਾਰ ਹੋ ਗਿਆ। ਭਾਵ ਵਿਵਾਹ ਹੋ ਜਾਣ ਤੋਂ ਹੈ।

ਸਸੈ ਸਿੰਘ ਗੁਨ ਗਾਏ-ਸਹਿਆ ਡਰਪੋਕਤਾ ਦੀ ਮਿਸਾਲ ਦੇਣ ਲਈ ਵਰਤੀਂਦਾ ਤੇ ਸਿੰਘ ਪਦ ਅਭਿਮਾਨਤਾ ਦਾ ਵਾਚਕ ਹੁੰਦਾ ਹੈ। ਸੋ ਪ੍ਰਬੁਧ ਨਾ ਹੋਏ ਮਨ ਦੀਆਂ ਦੁਇ ਖ਼ਸਲਤਾਂ ਹਰ ਗੁਣ ਗਾਇਨ ਵਿਚ ਮਿਲ ਬੈਠੀਆਂ, ਭਾਵ ਇਹ ਕਿ ਡਰਪੋਕਤਾ ਤੇ ਅਭਿਮਾਨਤਾ ਇਕ ਸੁਰ ਹੋ ਗਈਆਂ। ਉਹ ਕੀ ਅਵਸਥਾ ਹੋਈ? ਸਾਮਜ ਅਵਸਥਾ ਪੈਦਾ ਹੋ ਗਈ।

'ਕੀਟੀ ਪਰਬਤੁ ਖਾਇਆ'-ਕੀੜੀ ਰੇਤ ਵਿਚ ਰਲੀ ਖੰਡ ਚੁਣਕੇ ਖਾ ਜਾਂਦੀ ਹੈ, ਇਹ ਵਿਵੇਕ ਬੁਧੀ ਸ੍ਰੀ ਕਬੀਰ ਜੀ ਨੇ ਆਪ ਕਥਨ ਕੀਤੀ ਹੈ:-

> **ਹਰਿ ਹੈ ਖਾਂਡੁ ਰੇਤੁ ਮਹਿ ਬਿਖਰੀ ਹਾਥੀ ਚੁਨੀ ਨ ਜਾਇ॥**
> **ਕਹਿ ਕਬੀਰ ਗੁਰਿ ਭਲੀ ਬੁਝਾਈ ਕੀਟੀ ਹੋਇਕੈ ਖਾਇ॥**

[ਸਲੋਕ ਕਬੀਰ ਜੀ-੨੩੮]

ਜਿਸ ਦਾ ਮਤਲਬ ਹੋਇਆ ਕਿ ਕੀੜੀ ਵਿਵੇਕ ਬੁਧੀ ਦੀ ਲਖਾਯਕ ਹੈ। ਫੇਰ ਕੀੜੀ ਤੁੱਛਤਾ ਦੀ ਲਖਾਯਕ ਬੀ ਪ੍ਰਸਿੱਧ ਹੀ ਹੈ। ਉਸ ਤੋਂ ਵਡਾ ਕੰਮ ਹੋ ਆਉਣਾ ਇਕ ਅਚਰਜਤਾ ਦੀ ਲਖਾਯਕ ਗਲ ਹੈ।

> **ਸਾਹਬ ਕੀਟੀ ਬਲ ਧਰੇ ਫੀਲ ਉਸ ਦਾ ਖਾਨਾ।** [ਜੰਗ ਨਾਮਾ।]

ਸੋ ਵਿਵੇਕ ਬੁੱਧੀ ਅਹੰਕਾਰ ਵਰਗੇ ਭਾਰੀ ਪਰਬਤ ਨੂੰ ਖਾ ਗਈ ਹੈ। ਯਾ ਵਿਵੇਕ ਬੁੱਧੀ ਭਰਮ ਦਾ ਪਰਬਤ ਖਾ ਗਈ ਹੈ।

'ਕਛੂਆ ਕਹੈ ਅੰਗਾਰ ਭਿ ਲੋਰਉ ਲੂਕੀ ਸਬਦੁ ਸੁਨਾਇਆ'-ਹੁਣ ਜਦ ਮਨ ਨੇ ਅਪਣੀਆਂ ਪਹਿਲੀਆਂ ਖ਼ਸਲਤਾਂ ਤੇ ਵਹਿਬਤਾਂ ਛੋੜ ਦਿੱਤੀਆਂ ਤੇ ਉਹਨਾਂ ਨੂੰ ਦੈਵੀ ਗੁਣਾਂ ਵਿਚ ਪਲਟਾ ਦੇ ਲਿਆ ਤੇ ਰਾਜਾ ਰਾਮ ਦੀ ਮਿਹਰ ਨਾਲ ਆਤਮ ਵਿਸ਼ੈਣੀ ਬੁਧੀ ਪ੍ਰਾਪਤ ਹੋ ਗਈ ਤੇ ਇਸ ਕੀੜੀ ਸਮਾਨ ਨਿੱਕੀ ਪਰ ਵਿਵੇਕ ਸ਼ਕਤੀ ਵਾਲੇ ਨੇ ਭਰਮ ਭੈ ਭੁਲੇਵੇ ਦੇ ਅਹੰਭਾਵ ਨਾਲ ਭਰੇ ਪਰਬਤ ਨੂੰ ਖਾ ਲਿਆ ਤਾਂ ਬਾਕੀਂ ਰਹਿ ਗਈ ਆਤਮ ਦਰਸ਼ਤਾ; ਕਾਰਜ ਹੋ ਗਿਆ। ਪਰ ਫੇਰ ਸ੍ਰੀ ਕਬੀਰ ਜੀ ਆਖਦੇ ਹਨ ਕਿ ਕਛੂਆ ਅੰਗਾਰ ਅਜੇ ਬੀ ਮੰਗਦਾ ਹੈ। ਅਗ ਆਦਿ ਅਕਸਰ ਤ੍ਰਿਸ਼ਨਾ ਵਾਸਤੇ ਵਰਤਦੇ ਹਨ ਪਰ ਪਰਮਾਰਥਕ ਪ੍ਰਾਪਤੀ ਵਿਚ ਬੀ ਸ੍ਰੀ ਕਬੀਰ ਜੀ ਨੇ ਏਹ ਪਦ ਵਰਤੇ ਹਨ।

> ਪ੍ਰੇਮ ਪਲੀਤਾ ਸੁਰਤਿ ਹਵਾਈ ਗੋਲਾ ਗਿਆਨੁ ਚਲਾਇਆ॥
> ਬ੍ਰਹਮ ਅਗਨਿ ਸਹਜੇ ਪਰਜਾਲੀ ਏਕਹਿ ਚੋਟ ਸਿਝਾਇਆ॥ ੪॥

[ਭੈਰਉ ਕਬੀਰ ਜੀ-੧੭]

> ਪੁਨਾ:-ਤੇਰੀ ਨਿਰਗੁਨ ਕਥਾ ਕਾਇ ਸਿਉ ਕਹੀਐ ਐਸਾ ਕੋਇ ਬਿਬੇਕੀ॥
> ਕਹੁ ਕਬੀਰ ਜਿਨਿ ਦੀਆ ਪਲੀਤਾ ਤਿਨਿ ਤੈਸੀ ਝਲ ਦੇਖੀ॥

[ਗਉੜੀ ਕਬੀਰ ਜੀ-੪੭]

ਏਥੇ ਹੁਣ ਕਾਰਜ ਤਾਂ ਹੋ ਚੁਕਾ ਹੈ ਫੇਰ ਕੱਛੂ ਕਿਹੜੀ ਅਗਨੀ ਦੇ ਅੰਗਾਰੇ ਮੰਗਦਾ ਹੈ?

ਕੱਛੂ, ਅਸੀਂ ਸਮਝ ਆਏ ਹਾਂ ਕਿ ਹੇਠਲੇ ਮਨ ਦਾ ਵਾਚਕ ਹੈ ਜਿਸ ਵਿਚ ਕਰਮਾਂ ਦੇ ਸੰਸਕਾਰ ਜਮ੍ਹਾਂ ਰਹਿੰਦੇ ਤੇ ਨਵੇਂ ਕੀਤਿਆਂ ਦੇ ਸੰਸਕਾਰ ਜਮ੍ਹਾਂ ਹੁੰਦੇ ਹਨ। ਜੋ ਕੁਛ ਕਹੀ, ਕਰੀ ਤੇ ਸੋਚੀ ਦਾ ਹੈ ਉਸ ਦੇ ਸੰਸਕਾਰ ਉਸ ਵਿਚ ਜਾ ਕੱਠੇ ਹੁੰਦੇ ਹਨ, ਜਿਵੇਂ ਧਰਤੀ ਤਲ ਤੇ ਵਸਿਆ ਪਾਣੀ ਹੇਠਾਂ ਜਾ ਜਮ੍ਹਾਂ ਹੁੰਦਾ ਹੈ, ਤੇ ਖੂਹਾਂ ਚਸ਼ਮਿਆਂ ਥਾਣੀਂ ਨਿਕਲਦਾ ਹੈ।

ਸੋ ਉਹ ਮਨ ਆਖਦਾ ਹੈ ਕਿ ਨਿਰਾ ਗਯਾਨ ਹੋ ਜਾਣਾ ਕਾਫੀ ਨਹੀਂ, ਜੇ ਗਯਾਨਵਾਨ ਜੀਉਂਦਾ ਹੈ ਤਾਂ ਉਸ ਦੀਆਂ ਬ੍ਰਿਤੀਆਂ ਕੰਮ ਕਰਦੀਆਂ ਹਨ, ਸੋ ਅਨੁਭਵ ਕੀਤਾ ਅਕਾਲ ਪੁਰਖ ਬ੍ਰਿਤੀ ਵਿਚ ਅਰੂੜ ਰਹਿਣਾ ਚਾਹੀਏ। ਏਸੇ ਕਰਕੇ ਗੁਰੂ ਘਰ ਦੇ ਗਯਾਨਵਾਨ 'ਨਾਮ' ਨਹੀਂ ਛੋੜਦੇ, ਹੁਕਮ ਹੈ:-

ਬ੍ਰਹਮ ਗਿਆਨੀ ਕੈ ਨਾਮ ਅਧਾਰੁ ॥ [ਸੁਖਮਨੀ, ੮-੫

ਸੋ ਹੇਠਲਾ ਮਨ ਆਖਦਾ ਹੈ ਕਿ ਨਾਮ ਰੂਪੀ ਬ੍ਰਹਮ ਅਗਨੀ ਦੇ ਅੰਗਾਰਿਆਂ ਦੀ ਮੈਨੂੰ ਅਜੇ ਲੋੜ ਹੈ, ਤਾਕਿ ਬ੍ਰਿਤੀਆਂ ਵਿਚ ਵਸਦਾ ਨਾਮ ਮੇਰੇ ਵਿਚ ਚੰਗਾਰਾ ਬਣਕੇ ਸਿੰਜਰਦਾ ਰਹੇ ਤੇ ਓਥੇ ਹੋ ਰਹੇ ਕਿਸੇ ਕਰਮ ਦਾ ਨਿਸ਼ਾਨ ਮਾਤ੍ਰ ਨਾ ਰਹੇ। ਐਉਂ ਹੈ ਕਿ ਬ੍ਰਹਮ ਗਜਾਨੀ ਦੇ ਕੀਤੇ ਕਰਮ ਉਸ ਨੂੰ ਲਿਪਾਇਮਾਨ ਨਹੀਂ ਕਰਦੇ।

ਜਦ ਤਕ ਦੇਹ ਹੈ ਗਜਾਨੀ ਜੀਉਂਦਾ ਹੈ, ਚੇਸ਼ਟਾ ਵਿਚ ਹੈ, ਕ੍ਰਿਯਾ ਕਰਦਾ ਹੈ। ਬ੍ਰਿਤੀਆਂ ਜੇ ਕੰਮ ਨਾ ਕਰਨ ਤਾਂ ਕ੍ਰਿਯਾ ਹੋ ਨਹੀਂ ਸਕਦੀ। ਸੋ ਜਦ ਬ੍ਰਿਤੀਆਂ ਹੋਰ ਕੰਮ ਕਰਦੀਆਂ ਹਨ ਤਦ ਨਾਮ ਸਿਮਰਨ ਬੀ 'ਸਿੰਮ੍ਰਤੀ ਬ੍ਰਿਤੀ' ਦਾ ਧਰਮ ਹੈ, ਕਰਦੀ ਰਹੇ। ਇਹ ਨਾਮ ਸਿਮਰਨ ਯਾ ਇਹ ਬ੍ਰਿਤੀ ਵਿਚ ਬ੍ਰਹਮ ਆਰੂੜਤਾ ਅੰਗਾਰੇ ਹਨ, ਜਿਨ੍ਹਾਂ ਦੀ ਲੋੜ ਹੇਠਲੇ ਮਨ ਨੂੰ ਹੈ ਕਿ ਉਸ ਵਿਚ ਕੋਈ ਆਲਾਯਸ਼ ਕਿਵੇਂ ਬੀ ਨਾ ਰਹੇ। ਮੋਟਾ ਕਰਕੇ ਸਮਝਣਾ ਹੋਵੇ ਤਾਂ ਭਾਵ ਇਹ ਹੈ ਕਿ ਬ੍ਰਹਮ ਗਜਾਨ ਹੋਕੇ ਬੀ ਚਿਤ ਨਾਮ ਦੇ ਪ੍ਰਵਾਹ ਵਿਚ ਰਹਿੰਦਾ ਹੈ, ਹਾਂ, ਭਗਤੀ ਭਾਵ ਵਿਚ ਵੱਸਦਾ ਹੈ, ਜੈਸਾ ਕਿ ਭਾਈ ਨੰਦ ਲਾਲ ਜੀ ਦਾ ਫੁਰਮਾਨ ਹੈ:-

ਜ਼ੀਸਤਨ ਦਰ ਬੰਦਗੀ ਔਲਾ ਬਵੱਦ। ਗਰ ਚਿਹ ਅਜ਼ ਸਰ ਤਾ ਬਪਾ ਮੌਲਾ ਬਵੱਦ।

[ਜ਼ਿੰਦਗੀ ਨਾਮਾ]

ਗੁਰਬਾਣੀ ਵਿਚ ਸਪਸ਼ਟ ਆਇਆ ਹੈ:-

ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥
ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥

[ਗਉੜੀ ਮਹਲਾ ੫ ਬਾਵਨ ਅਖਰੀ-੧੯]

'ਲੂਕੀ ਸਬਦੁ ਸੁਨਾਇਆ'-ਕਬੀਰ ਜੀ ਫੁਰਮਾਉਂਦੇ ਹਨ ਕਿ ਇਹ ਸ਼ਬਦ ਲੂਕੀ ਹੈ, ਭਾਵ ਲੁਕੇ ਹੋਏ ਯਾ ਗੁੱਝੇ ਭਾਵ ਵਾਲਾ ਹੈ ਜੋ ਮੈਂ ਸੁਣਾਇਆ ਹੈ।

ਇਹ ਅਰਥ ਐਉਂ ਹੋਰ ਸਪਸ਼ਟ ਹੋ ਜਾਂਦੇ ਹਨ ਕਿ ਅਗੇ ਚੱਲਕੇ ਕਬੀਰ ਜੀ ਇਕ ਇਸੇ ਪ੍ਰਕਾਰ ਦੇ ਗੁੱਝੇ ਅਰਥਾਂ ਵਾਲੇ ਸ਼ਬਦ ਦੇ ਅੰਤ ਇਸ ਪ੍ਰਕਾਰ ਦੀ ਸਫੁਟ ਤੁਕ ਲਿਖਦੇ ਹਨ:-

ਕਹਤ ਕਬੀਰ ਜੁ ਇਸੁ ਪਦ ਬੂਝੈ ॥ ਰਾਮ ਰਮਤ ਤਿਸੁ ਸਭੁ ਕਿਛੁ ਸੂਝੈ ॥

[ਆਸਾ ਕਬੀਰ ਜੀ-੨੨]

ਗੋਯਾ ਕਬੀਰ ਜੀ ਇਸ ਸ਼ਬਦ ਵਿਚ ਇਕ ਬੁੱਝਣ ਯੋਗ ਗਲ ਨੂੰ ਕਹਿ ਰਹੇ ਹਨ। ਇਸੇ ਤਰ੍ਹਾਂ ਇਸ ਫੀਲ ਰਬਾਬੀ ਵਾਲੇ ਸ਼ਬਦ ਦੇ ਅੰਤ ਲੂਕੀ ਸ਼ਬਦ ਕਹਿਕੇ ਜਤਾ ਰਹੇ ਹਨ ਕਿ ਇਸ ਸ਼ਬਦ ਵਿਚ ਜੋ ਮੈਂ ਸੁਣਾਇਆ ਹੈ ਲੁਕਿਆ ਹੋਇਆ-ਬਝਣੇ ਯੋਗ ਭਾਵ ਹੈ। ਕਬੀਰ ਜੀ ਦੀ ਕਾਵਜ ਕਲਾ ਵਿਚ ਬੁਝਾਰਤ ਦੀ ਸ਼ਕਲ ਵਿਚ ਭਾਵਾਂ ਨੂੰ ਅਲੰਕ੍ਰਿਤ ਕਰਨਾ ਇਕ ਖਾਸ ਢੰਗ ਹੈ ਜੋ ਆਪ ਦੀ ਬਾਣੀ ਤੋਂ ਵਿਦਿਤ ਹੋ ਜਾਂਦਾ ਹੈ।

ਕਈ ਦਾਨੇ ਲੂਕੀ ਦਾ ਅਰਥ ਇਕ ਅਤਿ ਨਿਕੀ ਪਿੰਡੇ ਨੂੰ ਲੜਨ ਵਾਲੀ ਉਡਦੀ ਕੀੜੀ ਦਾ ਅਰਥ ਕਰਦੇ ਹਨ, ਜਿਸ ਨੂੰ ਗੁੱਤੀ* ਆਖਦੇ ਹਨ। ਮੱਛਰ ਤਾਂ ਜਦ ਲੜਨ ਆਉਂਦਾ ਹੈ ਅਕਸਰ ਸ਼ਬਦ ਕਰਦਾ ਹੈ, ਪਰ ਗੁੱਤੀ ਕੋਈ ਸ਼ਬਦ ਨਹੀਂ ਕਰਦੀ, ਇਸ ਕਰਕੇ ਇਹ ਅਰਥ ਢੁੱਕਦਾ ਨਹੀਂ।

ਵਿਸ਼ੇਸ਼-ਸਾਰੇ ਸ਼ਬਦ ਦਾ ਸਾਰ ਅੰਸ਼ ਇਹ ਹੈ ਕਿ ਬ੍ਰਹਮ ਗਜਾਨ ਗੱਲਾਂ ਦੀ ਗੱਪ ਬਾਜ਼ੀ ਨਹੀਂ, ਅਮਲੀ ਤੌਰ ਤੇ ਸਾਰੇ ਅਵਗੁਣਾਂ ਨੂੰ ਦੈਵੀ ਗੁਣਾਂ ਵਿਚ ਪਲਟਕੇ ਮਨ ਨੂੰ ਪਵਿਤ੍ਰ ਕਰਨਾ ਤੇ ਵਿਤ੍ਰੇਕ ਬੁਧੀ ਨਾਲ ਸਤਿ ਨੂੰ ਗ੍ਰਹਣ ਕਰਨਾ, ਅਸਤਿ ਨੂੰ ਤਜਾਗਣਾ, ਭਰਮ ਭੈ ਵਿਚੋਂ ਨਿਕਲਕੇ ਗਜਾਨ

* Sand fly.

ਆਰੂੜ ਹੋਣਾ ਹੈ ਤੇ ਗਯਾਨ ਆਰੂੜ ਹੋਕੇ ਬੀ ਜੀਵਨ ਭਗਤੀ ਵਿਚ ਬਸਰ ਕਰਨਾ ਹੈ।

ਜਿਵੇਂ ਅਸੀਂ ਉੱਪਰ ਦੇਖ ਆਏ ਹਾਂ ਕਿ ਸ੍ਰੀ ਕਬੀਰ ਜੀ ਦੀ ਕਾਵਯ ਕਲਾ ਬੁਝਾਰਤਾਂ ਦੀ ਸ਼ਕਲ ਵਿਚ ਆਪਣੇ ਭਾਵ ਪ੍ਰਗਟ ਕਰਦੀ ਹੈ, ਤਿਵੇਂ ਆਪ ਜੀ ਵਿਵਾਹ ਦੇ ਰੂਪਕ ਵਿਚ ਬੀ ਆਪਣੀ ਗਯਾਨਮਯ ਕਾਵਯ ਕਲਾ ਨੂੰ ਰੂਪਵਾਨ ਕਰਦੇ ਹਨ। ਜੈਸਾ ਕਿ ਹੇਠ ਲਿਖੇ ਸ਼ਬਦ ਤੋਂ ਵਿਦਿਤ ਹੋ ਜਾਂਦਾ ਹੈ:-

ਤਨੁ ਰੈਨੀ ਮਨ ਪੁਨਰਪਿ ਕਰਿ ਹਉ ਪਾਚਉ ਤਤ ਬਰਾਤੀ॥
ਰਾਮ ਰਾਇ ਸਿਉ ਭਾਵਰਿ ਲੈ ਹਉ ਆਤਮ ਤਿਹ ਰੰਗ ਰਾਤੀ॥ ੧॥
ਗਾਉ ਗਾਉ ਰੀ ਦੁਲਹਨੀ ਮੰਗਲਚਾਰਾ॥
ਮੇਰੇ ਗ੍ਰਿਹ ਆਏ ਰਾਜਾ ਰਾਮ ਭਤਾਰਾ॥ ੧॥ ਰਹਾਉ॥
ਨਾਭਿ ਕਮਲ ਮਹਿ ਬੇਦੀ ਰਚਿ ਲੇ ਬ੍ਰਹਮ ਗਿਆਨ ਉਚਾਰਾ॥
ਰਾਮ ਰਾਇ ਸੋ ਦੂਲਹੁ ਪਾਇਓ ਅਸ ਬਡ ਭਾਗ ਹਮਾਰਾ॥ ੨॥
ਸੁਰਿ ਨਰ ਮੁਨਿ ਜਨ ਕਉਤਕ ਆਏ ਕੋਟਿ ਤੇਤੀਸ ਉਜਾਨਾ॥
ਕਹਿ ਕਬੀਰ ਮੋਹਿ ਬਿਆਹਿ ਚਲੇ ਹੈ ਪੁਰਖ ਏਕ ਭਗਵਾਨਾ॥ ੩॥ ੨॥ ੨੪॥

[ਆਸਾ ਕਬੀਰ ਜੀ ੨੪]

ਇਸ ਸ਼ਬਦ ਵਿਚ ਆਪਣੇ ਆਪ ਨੂੰ ਇਸਤ੍ਰੀ ਰੂਪ ਵਿਚ ਲਿਆ ਹੈ ਤੇ ਰਾਜਾ ਰਾਮ ਨੂੰ ਦੂਲੋ ਵਰਣਨ ਕੀਤਾ ਹੈ ਤੇ ਪਰਮਾਤਮ ਮੇਲ ਨੂੰ ਰਾਜਾ ਰਾਮ ਨਾਲ ਵਿਆਹ ਹੋਇਆ ਦੱਸਿਆ ਹੈ। ਪਰ ਪਹਿਲੀ ਸਤਰ ਵਿਚ ਤਨ ਤੇ ਮਨ ਨੂੰ ਨਵੇਂ ਸਿਰੇ ਬਨਾਉਣਾ ਦੱਸਿਆ ਹੈ ਤਾਂ ਇਹ ਵਿਆਹ ਸੰਭਵ ਹੋਇਆ। ਇਹ ਜੋ ਤਨ ਮਨ ਦਾ ਨਵੇਂ ਸਿਰੇ 'ਕਰਨਾ' ਅਰਥਾਤ ਢਾਲ ਲੈਣਾ ਹੈ, ਇਹੋ ਫੀਲ ਰਬਾਬੀ ਵਾਲੇ ਸ਼ਬਦ ਦਾ ਵਿਸ਼ਾ ਹੈ, ਜਿਸ ਵਿਚ ਦੱਸਿਆ ਹੈ ਕਿ ਮਨ ਦੀਆਂ ਵਹਿਬਤਾਂ ਤੇ ਆਸੁਰੀ ਰੁਚੀਆਂ ਨੂੰ ਕੀਕੂੰ ਬਦਲਿਆ ਤਾਂ ਮਨ ਦਾ ਆਤਮ ਵਿਸ਼ੈਣੀ ਬੁੱਧੀ ਕਹੋ, ਯਾ ਬ੍ਰਹਮ ਵਿਦਯਾ ਕਹੋ, ਨਾਲ ਵਿਵਾਹ ਹੋਇਆ। ਉਸ ਵਿਵਾਹ ਦਾ ਫਲ ਕੀ ਹੋਇਆ? ਕਿ ਉਸ ਕੀਟੀ ਨੇ ਭਰਮ ਦਾ ਪਰਬਤ ਖਾ ਲਿਆ। ਭਰਮ ਗਿਆ ਤਾਂ ਸਤਯ ਗਯਾਨ ਹੋ ਗਿਆ, ਸਤਯ ਗਯਾਨ ਨਾਲ ਹੀ ਪਰਮਾਤਮਾ ਦਾ ਅਨੁਭਵ ਹੁੰਦਾ ਹੈ, ਇਹੋ ਪ੍ਰਭੂ ਦਾ ਮੇਲ, ਇਹੋ ਇਕ ਭਗਵਾਨ ਪੁਰਖ ਨਾਲ ਵਿਵਾਹ ਹੈ। ਇਸੀ ਤਰ੍ਹਾਂ ਜਦ ਵਿਵਾਹ ਹੋ ਚੁਕਾ ਤੇ ਕਬੀਰ ਰਾਮ ਇਸਤ੍ਰੀ ਪੁਰਖ ਵਾਂਙੂ ਰਹਿਣ ਬਹਿਣ ਲਗ ਪਏ ਤਾਂ ਫੁਰਮਾਉਂਦੇ ਹਨ:-

ਹਰਿ ਮੇਰੋ ਪਿਰੁ ਹਉ ਹਰਿ ਕੀ ਬਹੁਰੀਆ॥ ਰਾਮ ਬਡੇ ਮੈ ਤਨਕ ਲਹੁਰੀਆ॥

[ਆਸਾ ਕਬੀਰ ਜੀ ੩੦]

ਇਸ ਪ੍ਰਕਾਰ ਦਾ ਮਾਨੁੱਖ ਦੀਆਂ ਮਾੜੀਆਂ ਆਦਤਾਂ ਤੇ ਵਹਬਤਾਂ ਦਾ ਬਦਲ ਦੈਵੀ ਰੂਪ ਧਾਰ ਲੈਣ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਬਦ ਬੀ ਹੈ। ਯਥਾ:-

ਅਧਮ ਚੰਡਾਲੀ ਭਈ ਬ੍ਰਹਮਣੀ ਸੂਦੀ ਤੇ ਸ੍ਰੇਸਟਾਈ ਰੇ॥
ਪਾਤਾਲੀ ਆਕਾਸੀ ਸਖਨੀ ਲਹਬਰ ਬੂਝੀ ਖਾਈ ਰੇ॥ ੧॥
ਘਰ ਕੀ ਬਿਲਾਈ ਅਵਰ ਸਿਖਾਈ ਮੂਸਾ ਦੇਖਿ ਡਰਾਈ ਰੇ॥
ਅਜ ਕੈ ਵਸਿ ਗੁਰਿ ਕੀਨੋ ਕੇਹਰਿ ਕੂਕਰਿ ਤਿਨਹਿ ਲਗਾਈ ਰੇ॥ ੧॥ ਰਹਾਉ॥

[ਆਸਾ ਮਹਲਾ ੫-੪੪]

ਨਿਰੁਕ੍ਤ-ਫੀਲ- [ਫ਼ਾ:, ਪੀਲ। ਅ਼ਰਬੀ, ਫੀਲ] ਹਾਥੀ।

ਰਬਾਬੀ- [ਅ਼:, ਰਬਾਬ] ਇਕ ਬਜਾਉਣ ਵਾਲੇ ਸਾਜ਼ ਦਾ ਨਾਮ ਹੈ ਰਬਾਬ। ਜੋ ਰਬਾਬ ਵਜਾਏ ਸੋ ਰਬਾਬੀ।

ਪਖਾਵਜ-[ਹਿੰਦੀ] ਮ੍ਰਿਦੰਗ ਦੀ ਛੋਟੀ ਕਿਸਮ। ਤਬਲੇ। ਜੋੜੀ। ਜੋ ਪਖਾਵਜ ਵਜਾਏ ਸੋ ਪਖਾਵਜੀ, ਯਾ ਪਖਾਵਜ।

ਗਦਹਾ- [ਸੰਸ:, ਗਰ੍ਦਭ :] ਖੋਤਾ। ਗਧਾ।

ਭੈਸਾ- [ਹਿੰਦੀ] ਭੈਂਸ ਦਾ ਨਰ। ਮਹਿਆਂ। ਝੋਟਾ। [ਸੰਸ:, ਮਹਿਸ਼:=ਮੈਹਾਂ] ।

ਭਗਤਿ- [ਹਿੰਦੀ] ਭਗਤੀ। ਭਗਤਿ ਕਰਨੀ ਰਾਸਧਾਰੀਆਂ ਦੇ ਗਾਉਣ ਨੂੰ ਕਹਿੰਦੇ ਹਨ। ਭਗਤਿ ਕਹਾਵੈ=ਭਾਵ ਹੈ ਗਲੇ ਨਾਲ ਗਾਉਂਦਾ ਹੈ।

ਰਾਜਾ ਰਾਮ- [ਸੰਸ:,]ਰਾਮ ਰੂਪੀ ਰਾਜਾ। ਪਰਮੇਸ਼ੁਰ। ਵਾਹਿਗੁਰੂ। ਕਬੀਰ ਜੀ ਹੋਰ ਥਾਂ ਸਪਸ਼ਟ ਦੱਸਦੇ ਹਨ:-

ਰਾਮ ਰਾਇ ਸਿਉ ਭਾਵਰਿ ਲੈ ਹਉ ਆਤਮ ਤਿਹ ਰੰਗ ਰਾਤੀ॥ [ਆਸਾ ਕਬੀਰ ਜੀ-੨੪]

ਕਕਰੀਆ-ਕੱਕਰ ਦੇ। ਯਖ ਯਾ ਬਰਫ ਦੇ। ਕਈ ਸਿਆਣੇ ਇਸ ਨੂੰ ਕਕਰੀ ਸਮਝਕੇ ਅੱਕ ਦੀ ਕਕੜੀ ਅਰਥ ਲਾ ਲੈਂਦੇ ਹਨ।

ਬਰੇ-ਵੜੇ। ਕਿਸੇ ਦਾਲ ਦੀ ਪੀਠੀ ਬਣਾਕੇ ਉਸ ਦੇ ਤਲੇ ਹੋਏ ਟਿੱਕੀਆਂ ਦੇ ਆਕਾਰ ਤੇ ਪਕੌੜੇ।

ਸਿੰਘੁ- [ਸੰਸ:, ਸਿਹੰ:] ਸ਼ੇਰ। ਘੀਸ- [ਹਿੰਦੀ, ਪੰਜਾਬੀ] ਬਹੁਤ ਲੰਮਾ ਤੇ ਵਡਾ ਚੂਹੇ ਦੇ ਆਕਾਰ ਦਾ ਇਕ ਖੁਡਾਂ ਵਿਚ ਰਹਿਣ ਵਾਲਾ ਜੀਵ।

ਗਲਉਰੇ- [ਹਿੰਦੀ, ਗਿਲੌਰੀ] ਪਾਨਾਂ ਦੇ ਬੀੜੇ। ਮੂਸਰੀ-[ਸੰਸ:, ਮੂਸ਼ਕ:=ਚੂਹਾ। ਹਿੰਦੀ, ਮੂਸਾ] ਚੂਹੀਆਂ।

ਕਛੂਆ- [ਸੰਸ:, ਕੂਰ੍ਮ: । ਹਿੰਦੀ, ਕਛੂ] ਇਕ ਜਲ ਜੀਵ ਜੋ ਰੇਤ ਵਿਚ ਬੀ ਆ ਜਾਂਦਾ ਹੈ। ਆਮ ਇਸ ਨੂੰ ਕਛੂ ਕੁੰਮਾ ਆਖਦੇ ਹਨ। ਬੰਸ- [ਸੰਸ:, ਬੰਧਜਾ=ਬਾਂਝ। (੨) ਵੰਸ਼=ਜਾਤੀ] ਸੰਢ। ਜਿਸ ਮਾਈ ਦੇ ਪੁਤ੍ਰ ਧੀ ਨਾ ਜੰਮੇ। ਬਾਂਝ ਇਸਤ੍ਰੀ। ੨. ਉਤਮ ਗੋਤ੍ਰ।

੧. ਬੰਸ ਕੋ ਪੂਤ=ਸੰਢ ਦਾ ਪੁਤ੍ਰ। ਭਾਵ ਮਨ ਜੋ ਮਾਯਾ ਸੰਢ ਦਾ ਪੁਤ੍ਰ ਹੈ। ਮਾਯਾ ਕੁਛ ਪੈਦਾ ਨਹੀਂ ਕਰ ਸਕਦੀ, ਆਤਮ ਝਲਕੇ ਪੈਣ ਨਾਲ ਮਨ ਬਣ ਜਾਂਦਾ ਹੈ।

੨. ਭਾਵ ਜਗਯਾਸੂ-ਜੋ ਸੰਤਾਂ ਦਾ ਤਾਂ ਪੁਤ੍ਰ ਸਦਾਉਂਦਾ ਹੈ ਪਰ ਸੰਤਾਂ ਦੀ ਇਸਤ੍ਰੀ ਨਹੀਂ ਹੁੰਦੀ, ਸੋ ਮਾਂ ਤੋਂ ਬਿਨਾ ਜੰਮਦਾ ਹੈ।

੩. ਵੰਸ=ਉੱਤਮ ਕੁਲ ਵਾਲਾ। ਮਨ ਜੋ ਪਹਿਲੋਂ ਕਿਸੈ ਗੋਤ੍ਰ ਦਾ ਨਹੀਂ ਸੀ, ਹੁਣ ਇਹ ਰਬ ਪਰਾਯਣ ਹੋਕੇ ਰੱਬ ਦੇ ਗੋਤ ਦਾ ਅਚੁਤ ਗੋਤ੍ਰੀ ਹੋ ਗਿਆ ਹੈ।

ਸੁਇਨੇ-ਸੋਨੇ ਦੇ। ਭਾਵ ਪਵਿਤ੍ਰ। (ਅ) ਕਈ ਸਿਆਣੇ ਸੁਇਨੇ ਦਾ ਭਾਵ ਸ਼ੂਨ ਲੈ ਲੈਂਦੇ ਹਨ।

ਰੂਪ ਕੰਨਿਆ ਸੁੰਦਰਿ-ਸੁੰਦਰ ਰੂਪ ਵਾਲੀ ਬੀਬੀ। ਭਾਵ ਬ੍ਰਹਮ ਵਿਦਯਾ ਯਾ ਆਤਮ ਵਿਸ਼ੈਣੀ ਬੁੱਧੀ।

ਬੇਧੀ-ਵਿੰਨ੍ਹ ਲਈ। ਭਾਵ ਪ੍ਰਾਪਤ ਕਰ ਲਈ। ਵਿਵਾਹ ਲਈ।

ਸਸੈ-ਸਹੇ ਨੇ। ਕੀਟੀ-ਕੀੜੀ। ਚੀਉਂਟੀ, ਭਾਵ ਹੈ ਵਿਵੇਕ ਬੁਧੀ।

ਪਰਬਤ-ਪਹਾੜ, ਭਾਵ ਹੈ ਅਹੰਕਾਰ। ਅਥਵਾ ਭ੍ਰਮ।

ਕਛੂਆ-ਕਛੂ ਕੁੰਮਾ। ਅੰਦਰਲਾ ਯਾ ਹੇਠਲਾ ਮਨ ਜਿਸ ਵਿਚ ਸੰਸਕਾਰ ਜਮ੍ਹਾ ਹੁੰਦੇ ਹਨ।

ਅੰਗਾਰ- [ਹਿੰਦੀ] ਅੱਗ ਦੇ ਚੰਗਿਆੜੇ। ਭਾਵ ਹਰੀ ਦਾ ਨਾਮ।

ਲੂਕੀ ਸਬਦ-ਲੁਕਿਆ ਹੋਇਆ ਸਬਦ। ਬੁੱਝੇ ਜਾਣ ਵਾਲਾ ਸਬਦ। (੨) ਇਸ ਦਾ ਅਰਥ ਗੁੱਤੀ ਬੀ ਲਾਉਂਦੇ ਹਨ ਕਿ ਗੁੱਤੀ ਨੇ ਅਵਾਜ਼ ਦਿਤੀ। ਪਰ ਗੁੱਤੀ ਸ਼ਬਦ ਨਹੀਂ ਕਰਦੀ। ਸ਼ਬਦ ਤਾਂ ਮੱਛਰ ਕਰਿਆ ਕਰਦਾ ਹੈ।

[ਆਸਾ ਕਬੀਰ ਜੀ, ਚਉਪਦਾ-੭]

ਮੂਲ	ਅਰਥ
ਆਸਾ ॥ ਬਟੂਆ ਏਕੁ ਬਹਤਰਿ ਆਧਾਰੀ ਏਕੋ ਜਿਸਹਿ ਦੁਆਰਾ ॥ ਨਵੈ ਖੰਡ ਕੀ ਪ੍ਰਿਥਮੀ ਮਾਗੈ ਸੋ ਜੋਗੀ ਜਗਿ ਸਾਰਾ ॥੧॥	ਉਹ ਜੋਗੀ ਜਗਤ ਵਿਚ ਸ੍ਰੇਸ਼ਟ (ਜੋਗੀ) ਹੈ, ਜਿਸ ਨੇ ਬਹੱਤਰ (ਪ੍ਰਧਾਨ ਨਾੜੀਆਂ) ਦੇ ਆਸਰੇ ਰਹਿਣ ਵਾਲੇ (ਸਰੀਰ) ਨੂੰ (ਜੋਗੀ ਦੇ ਸੁਆਹ ਵਾਲੇ ਬਟੂਏ ਦੀ ਥਾਂ) ਇਕ ਬਟੂਆ (ਥੈਲਾ ਸਮਝ ਲਿਆ ਹੈ*); ਜਿਸ (ਸਰੀਰ) ਦਾ ਕਿ ਦਰਵਾਜ਼ਾ ਇਕੋ ਹੀ ਹੈ, (ਫਿਰ ਉਹ ਜੋਗੀ ਜਗਤ ਵਿਚ ਭਿੱਛਿਆ ਨਹੀਂ ਮੰਗਦਾ ਫਿਰਦਾ, ਉਸੇ) ਨੌਂ ਜੋੜਾਂ ਵਾਲੇ (ਸਰੀਰ ਰੂਪੀ) ਧਰਤੀ ਦੇ ਅੰਦਰ ਹੀ ਭਿਖਿਆ ਮੰਗਦਾ ਹੈ (ਭਾਵ ਹੈ ਰਾਮ ਨਾਮ ਦ਼ੀ ਭਿੱਛਿਆ ਸਰੀਰ ਦੇ ਅੰਦਰੋਂ ਹੀ ਮੰਗਦਾ ਹੈ, ਬਾਹਰ ਭਿੱਖਿਆ ਨਹੀਂ ਮੰਗਦਾ)॥ ੧॥
ਐਸਾ ਜੋਗੀ ਨਉ ਨਿਧਿ ਪਾਵੈ ॥ ਤਲ ਕਾ ਬ੍ਰਹਮੁ ਲੇ ਗਗਨਿ ਚਰਾਵੈ ॥੧॥ ਰਹਾਉ ॥	ਐਸਾ ਜੋਗੀ (ਆਟਾ ਦਾਲ ਚੌਲ ਨਹੀਂ ਪਾਏਗਾ, ਉਹ ਤਾਂ) ਨਉ ਨਿਧਾਂ ਨੂੰ ਪ੍ਰਾਪਤ ਕਰ ਲਏਗਾ, (ਕਿਉਂਕਿ ਉਹ) ਹੇਠਲੇ ਬ੍ਰਹਮ ਨੂੰ ਲੈਕੇ ਆਕਾਸ਼ ਚੜ੍ਹਾ ਲਏਗਾ॥ ੧॥ ਰਹਾਉ॥
ਖਿੰਥਾ ਗਿਆਨ ਧਿਆਨ ਕਰਿ ਸੂਈ ਸਬਦੁ ਤਾਗਾ ਮਥਿ ਘਾਲੈ ॥ ਪੰਚ ਤਤੁ ਕੀ ਕਰਿ ਮਿਰਗਾਣੀ ਗੁਰ ਕੈ ਮਾਰਗਿ ਚਾਲੈ ॥੨॥	(ਉਹ) ਗਿਆਨ ਦੀ ਤਾਂ ਗੋਦੜੀ ਧਾਰਦਾ ਹੈ, (ਉਸ ਗੋਦੜੀ ਨੂੰ ਸੀਉਣ ਲਈ) ਧਿਆਨ ਨੂੰ ਸੂਈ ਬਣਾ ਲੈਂਦਾ ਹੈ, ਸ਼ਬਦ ਨੂੰ ਮਥਨ (ਕਰਦੇ ਰਹਿਣਾ ਇਹ ਸੂਈ ਵਿਚ) ਧਾਗਾ ਪਾਉਂਦਾ ਹੈ। ਪੰਜਾਂ ਤੱਤਾਂ ਦੀ (ਰਹਿਣੀ ਰਹਿਤ ਨੂੰ ਆਪਣੀ) ਮ੍ਰਿਗ ਛਾਲਾ ਬਣਾਉਂਦਾ ਹੈ (ਅਤੇ ਦੇਸ਼ਾਟਨ ਦੀ ਥਾਂ) ਗੁਰੂ ਦੇ (ਦੱਸੇ) ਮਾਰਗ (ਰਸਤੇ) ਤੇ ਟੁਰਦਾ ਹੈ॥ ੨॥
ਦਇਆ ਫਾਹੁਰੀ ਕਾਇਆ ਕਰਿ ਧੂਈ ਦ੍ਰਿਸਟਿ ਕੀ ਅਗਨਿ ਜਲਾਵੈ ॥ ਤਿਸ ਕਾ ਭਾਉ ਲਏ ਰਿਦ ਅੰਤਰਿ ਚਹੁ ਜੁਗ ਤਾੜੀ ਲਾਵੈ ॥੩॥	ਫਾਹੁੜੀ (ਦੀ ਥਾਂ ਫੜਦਾ ਹੈ) 'ਦਇਆ ਕਰਨੀ' (ਫੇਰ) ਦੇਹ ਅਧਜਾਸ ਦੀ ਧੂਣੀ ਲਾਉਂਦਾ ਹੈ (ਉਸ ਧੂਣੀ ਨੂੰ) ਦ੍ਰਿਸ਼ਟੀ ਦੀ ਅਗਨੀ ਨਾਲ ਬਾਲ ਲੈਂਦਾ ਹੈ, ਉਸ (ਦ੍ਰਿਸ਼ਟੀ) ਦਾ ਭਾਵ ਰਿਦੇ ਵਿਚ ਲੈਂਦਾ ਹੈ, (ਭਾਵ ਅੰਤਰਮੁਖ ਦ੍ਰਿਸ਼ਟੀ ਪ੍ਰਪੱਕ ਕਰ ਲੈਂਦਾ ਹੈ, ਉਸ ਅੰਤਰ ਮੁਖ ਦ੍ਰਿਸ਼ਟੀ ਦੀ) ਚਹੁ ਜੁਗੀ ਤਾੜੀ ਲਾਉਂਦਾ ਹੈ (ਭਾਵ ਉਸ ਦੀ ਤਾੜੀ ਸਦੈਵੀ ਹੋ ਜਾਂਦੀ ਹੈ)॥ ੩॥
ਸਭ ਜੋਗਤਣ ਰਾਮ ਨਾਮੁ ਹੈ ਜਿਸ ਕਾ ਪਿੰਡੁ ਪਰਾਨਾ ॥ ਕਹੁ ਕਬੀਰ ਜੇ ਕਿਰਪਾ ਧਾਰੈ ਦੇਇ ਸਚਾ ਨੀਸਾਨਾ ॥੪॥੭॥	(ਇਸ) ਸਾਰੀ ਜੋਗ ਪ੍ਰਕ੍ਰਿਆ (ਦਾ ਮੂਲ ਹੈ) ਰਾਮ ਦਾ ਨਾਮ, ਜਿਸ (ਰਾਮ) ਦਾ ਕਿ ਦੇਹ ਤੇ ਪ੍ਰਾਣ ਹਨ। ਕਬੀਰ ਜੀ ਕਹਿੰਦੇ ਹਨ ਕਿ ਜੇ (ਉਹ ਰਾਮ) ਕਿਰਪਾ ਕਰੇ ਤਦ (ਇਹ ਰਾਮ ਨਾਮ ਰੂਪੀ) ਸਚਾ ਨੀਸਾਨ ਦੇ ਦਿੰਦਾ ਹੈ। (ਅਰਥਾਤ ਰਾਮ ਨਾਮ ਸਚਾ ਨੀਸਾਣ ਹੈ, ਜਿਸ ਨੀਸਾਣ ਕਰਕੇ ਜਮ ਉਸ ਤੋਂ ਡਰਦੇ ਹਨ ਤੇ ਸੱਚੇ ਲੋਕ ਵਿਚ ਉਸ ਨੀਸਾਣ ਕਰਕੇ ਉਸ ਨੂੰ ਕੋਈ ਰੋਕ ਨਹੀਂ ਪੈਂਦੀ)॥ ੪॥ ੭॥

* ਭਾਵ ਸੁਆਹ ਨਾਲ ਭਰੇ ਬਟੂਏ ਨੂੰ ਚੁੱਕੀ ਫਿਰਨ ਦੀ ਥਾਂ ਸਰੀਰ ਨੂੰ ਹੀ ਸੁਆਹ ਦਾ ਥੈਲਾ ਸਮਝ ਲਿਆ ਹੈ।

ਵਜਾਖਜਾ-ਜਾਪਦਾ ਹੈ ਕਿ ਕਿਸੇ ਫਿਰੰਦੜ ਜੋਗੀ ਨੇ ਆਪਣੇ ਹਠ ਜੋਗ ਦੇ ਸਾਮਾਨਾਂ ਤੇ ਜੋਗ ਪ੍ਰਕ੍ਰਿਆ ਤੇ ਪ੍ਰਾਪਤੀ ਦੀ ਮਹਿਮਾ ਕਹੀ ਹੈ ਜੋ ਸੁਣਕੇ ਕਬੀਰ ਜੀ ਅਪਣੇ 'ਨਾਮ ਜੋਗ' ਦਾ ਉਸ ਨੂੰ ਉਪਦੇਸ਼ ਦੇਂਦੇ ਹਨ। ਅੰਕ ੧ ਤੇ ਰਹਾਉ ਦੀ ਪਹਿਲੀ ਤੁਕ ਵਿਚ ਕਬੀਰ ਜੀ ਅਪਣੇ ਜੋਗ ਦਾ ਰੂਪ ਤੇ ਫਲ ਦੱਸਦੇ ਹਨ, ਪਰ ਬੁਝਾਰਤ ਵਾਙੂ ਬੋਲਦੇ ਹਨ, ਜਿਸ ਦੀ ਸਮਝ ਜੋਗੀ ਨੂੰ ਪਈ ਨਹੀਂ ਜਾਪਦੀ। ਸੋ ਉਹ ਪ੍ਰਸ਼ਨ ਕਰਕੇ ਵੇਰਵਾ ਪੁੱਛਦਾ ਹੈ, ਉਸ ਪ੍ਰਸ਼ਨ ਦੀ ਤੁਕ ਮੂਲ ਵਿਚ ਲੁਪਤ ਹੈ, ਪਰ ਜੋ ਵੇਰਵਾ ਆਪ ਜੀ ਉੱਤਰ ਵਿਚ ਦੱਸਦੇ ਹਨ ਉਹ ਸਪਸ਼ਟ ਹੈ। ਜਦ ਆਪ ਫੁਰਮਾਉਂਦੇ ਹਨ ਕਿ ਇਕ ਬਟੂਆ ਹੈ, ਉਸ ਨੂੰ ਦੋ ਪ੍ਰਕਾਰ ਦੀਆਂ ਤਣੀਆਂ ਖੋਲ੍ਹਣ ਤੇ ਮੀਟਣ ਵਾਲੀਆਂ ਨਹੀਂ ਹਨ, ਜਿਨ੍ਹਾਂ ਕਰਕੇ ਸੁਆਹ ਸੁਰੱਖਤ ਰਹਿੰਦੀ ਤੇ ਵੇਲੇ ਸਿਰ ਕੱਢ ਲਈਦੀ ਹੈ, ਸਗੋਂ ਉਸ ਦਾ ਆਸਰਾ ਤਾਂ ਬਹੱਤਰਾਂ ਤੇ ਹੈ, ਪਰ ਬਹੱਤਰ ਆਸਰੇ ਹੋਕੇ ਬਹੱਤਰ ਦਰਵਾਜ਼ੇ ਨਹੀਂ, ਦਰਵਾਜ਼ਾ ਇਕੋ ਹੈ। ਜੋ ਜੋਗੀ ਐਸਾ ਹੈ ਉਹ ਨੌ ਖੰਡ ਪ੍ਰਿਥਵੀ ਵਿਚ ਮੰਗਦਾ ਹੈ, ਐਸੇ ਜੋਗੀ ਨੂੰ ਨੌ ਨਿਧਾਂ ਪ੍ਰਾਪਤ ਹੁੰਦੀਆਂ ਹਨ, ਇਸ ਜੋਗੀ ਨੂੰ ਮੈਂ ਸ੍ਰੇਸ਼ਟ ਜੋਗੀ ਆਖਦਾ ਹਾਂ। ਇਸ ਕਹਿਣ ਵਿਚ ਸੁਣਨ ਵਾਲੇ ਦੇ ਪੱਲੇ ਅਭਿਧਾ ਬ੍ਰਿਤੀ ਦੁਆਰਾ ਕੁਛ ਨਹੀਂ ਪੈਂਦਾ*, ਇਸ ਕਰਕੇ ਵੇਰਵੇ ਦੀ ਪੁੱਛ ਦਾ ਉੱਤਰ ਹੁਣ ਸ਼ੁਰੂ ਹੁੰਦਾ ਹੈ:-

(ਅਸਲ ਜੋਗੀ ਉਹ ਹੈ) ਜੋ ਹੇਠਲੇ ਬ੍ਰਹਮ ਨੂੰ ਅਕਾਸ਼ (ਦਸਮ ਦੁਆਰ) ਵਿਚ ਚੜ੍ਹਾ ਲਿਜਾਵੇ। ਇਥੇ ਪ੍ਰਸ਼ਨ ਹੁੰਦਾ ਹੈ ਕੀਕੂੰ ਚੜ੍ਹਾ ਲਿਜਾਵੇ? ਤਾਂ ਉੱਤਰ ਦੇਂਦੇ ਹਨ:-

ਅੰਕ ੨. ਗਿਆਨ ਦੀ ਤਾਂ ਬਣਾਵੇ ਗੋਦੜੀ, ਇਸ ਨੂੰ ਸੀਂਵੇ ਸੂਈ ਨਾਲ, ਸੋ ਧਿਆਨ ਦੀ ਬਣਾਵੇ ਸੂਈ, ਸੂਈ ਵਿਚ ਪਾਵੇ ਤਾਗਾ; ਸੋ ਤਾਗਾ ਕਿਹੜਾ? ਉੱਤਰ:-ਸ਼ਬਦ ਮਥਨ ਦਾ ਪਾਵੇ ਤਾਗਾ। ਭਾਵ ਨਾਮ ਜਪੇ, ਪੰਜਾ ਤਤਾਂ ਵਰਗੀ ਰਹਿਤ ਰਖੇ, ਏਹ ਧਾਰੇ ਮਿਰਗਾਣੀ (ਮਿਰਗ ਦੀ ਖੱਲ)। ਗੁਰੂ ਦੇ ਦੱਸੇ ਮਾਰਗ ਤੇ ਟੁਰਨਾ ਇਹ ਬਣਾਵੇ ਦੇਸ਼ ਦੇਸ਼ ਫਿਰਨਾ।

ਅੰਕ ੩. ਦਇਆ ਨੂੰ ਬਣਾਵੇ ਫਹੁੜੀ। ਫਹੁੜੀ ਨਾਲ ਸੁਆਹ ਕੱਠੀ ਕਰਦੇ ਹਨ ਸੋ ਦਇਆ ਨਾਲ ਸਾਰੇ ਗੁਣ ਕੱਠੇ ਹੋ ਜਾਂਦੇ ਹਨ। ਸਰੀਰ ਨੂੰ ਤਤਿੱਖਯਾ ਵਿਚ ਰੱਖਣੇ ਦੀ ਧੂਣੀ ਲਾਵੇ, ਦ੍ਰਿਸ਼ਟੀ ਪਵਿਤ੍ਰ ਕਰਨੇ ਦੀ ਅੱਗ ਬਾਲੇ; ਇਉਂ ਦ੍ਰਿੜਤਾ ਧਾਰਕੇ ਹਿਰਦੇ ਦੇ ਅੰਦਰ ਲਾਵੇ ਤਾੜੀ, ਪਰ ਇਹ ਤਾੜੀ ਸਦੈਵੀ ਲਾਵੇ। ਅਜ ਲਾਵੇ ਤੇ ਕੱਲ ਖੁੱਲ੍ਹ ਜਾਏ, ਨਹੀਂ। ਜੁਗ ਪਲਟਣ ਤੇ ਤਾੜੀ ਨਾ ਖੁੱਲ੍ਹੇ। ਭਾਵ ਪਰਮਾਤਮ ਦੇਵ ਵਿਚ ਨਿਰੰਤਰ ਮਿਲ ਜਾਵੇ।

ਅੰਕ ੪-ਮੂਲਕ ਗੱਲ ਦੱਸਦੇ ਹਨ ਕਿ ਇਹ ਹੈ ਰਾਮ ਨਾਮ, ਇਹ ਹੈ ਅਸਲ ਜੋਗ ਅਭ੍ਯਾਸ। ਫੇਰ ਦੱਸਦੇ ਹਨ ਕਿ 'ਰਾਮ' ਉਸ ਦਾ ਨਾਮ ਹੈ ਜਿਸ ਦਾ ਦਿੱਤਾ ਸਰੀਰ ਤੇ ਪ੍ਰਾਣ ਹਨ। ਉਹ ਰਾਮ ਅਪਣਾ 'ਰਾਮ ਨਾਮ' ਦਾਨ ਕਰੇ ਤਾਂ ਨਾਮ ਦਾ ਸਚਾ ਨੀਸਾਣ ਪੈ ਜਾਂਦਾ ਹੈ ਜੀਵ ਉਤੇ, ਉਸ ਨੀਸਾਣ ਨੂੰ ਦੇਖਕੇ ਫੇਰ ਜਮ ਦੂਰ ਰਹਿੰਦਾ ਹੈ ਤੇ ਲੋਕ ਪ੍ਰਲੋਕ ਉਸ ਜੋਗੀ ਨੂੰ ਕਿਤੇ ਰੋਕ ਨਹੀਂ ਪੈਂਦੀ। ਇਹ ਸੱਚਾ ਨੀਸਾਣ ਮੇਹਰ ਕਰਕੇ ਰਾਮ ਆਪ ਦੇਂਦਾ ਹੈ।

ਹੁਣ ਰਹਾਉ ਤੋਂ ਲੈਕੇ ਭਗਤੀ ਦੇ ਸਾਮਾਨ ਸਮਝਕੇ ਸਾਨੂੰ ਪਤਾ ਲਗ ਗਿਆ ਕਿ ਯੋਗ ਦੇ ਸਾਮਾਨਾਂ ਤੇ ਸਾਧਨਾਂ ਦੀ ਥਾਵੇਂ ਆਪ ਭਗਤੀ ਮਾਰਗ ਦ੍ਰਿੜਾ ਰਹੇ ਹਨ। ਇਸ ਅਨੁਸਾਰ ਅਸਾਂ ਪਹਿਲੇ ਅੰਕ ਦੇ ਪਦ ਪਦਾਰਥਾਂ ਦੇ ਭਾਵ ਲੈਣੇ ਹਨ, ਅਰਥਾਤ ਇਸ ਪਹਿਲੇ ਅੰਕ ਦੇ ਪਦਾਂ ਦਾ ਅਰਥ ਬੀ ਅਸਾਂ ਭਗਤੀ ਮਾਰਗ ਦਾ ਲੈਣਾ ਹੈ। ਕਿਉਂਕਿ ਉਸ ਨੂੰ ਸਫਲ ਯੋਗ ਕਹਿ ਰਹੇ ਹਨ। ਯੋਗੀ ਦੇ ਸੁਆਹ ਵਾਲੇ ਬਟੂਏ ਦੀ ਥਾਂ ਸਰੀਰ ਰੂਪੀ ਬਟੂਆ ਲੈਣਾ ਹੈ, ਕਿਉਂਕਿ ਇਹ ਬੀ ਛਾਰ ਕੀ ਪੁਤਰੀ† ਹੈ। ਉਸ ਬਟੂਏ ਨੂੰ

* ਅੱਗੇ ਚੱਲਕੇ ਇਸ ਦਾ ਭਾਵ ਖੁੱਲ੍ਹੇਗਾ।

† ਛਾਰੁ ਕੀ ਪੁਤਰੀ ਪਰਮ ਗਤਿ ਪਾਈ॥ ਨਾਨਕ ਜਾ ਕਉ ਸੰਤ ਸਹਾਈ॥੨੩॥

[ਗਉੜੀ ਮਹਲਾ ੫, ਬਾਵਨ ਅਖਰੀ-੨੩]

ਦੋ ਤਣੀਆਂ ਹੁੰਦੀਆਂ ਸਨ ਇਕ ਖੋਲ੍ਹਣ ਤੇ ਇਕ ਮੀਟਣ ਦੀ, ਪਰ ਇਸ ਨੂੰ ਬਹੱਤਰ ਹਨ, ਹੁਣ ਬਹੱਤਰ ਦਾ ਅਰਥ ਬਹੱਤਰ ਪ੍ਰਧਾਨ ਨਾੜੀਆਂ ਲਈਏ ਤਾਂ 'ਸਰੀਰ' ਭਾਵ ਪੱਕ ਹੋ ਗਿਆ। ਇਨ੍ਹਾਂ ੭੨ ਨਾੜੀਆਂ ਦੇ ਆਧਾਰ ਤੇ ਸਰੀਰ ਕਾਯਮ ਹੈ*।

ਸ੍ਰੀ ਕਬੀਰ ਜੀ ਨੇ ਆਪ ਫੁਰਮਾਇਆ ਹੈ:-

ਕਸਨ ਬਹਤਰਿ ਲਾਗੀ ਤਾਹਿ॥

[ਬਸੰਤ ਕਬੀਰ ਜੀ-੬]

ਫੇਰ- **ਬਹਤਰਿ ਘਰਿ ਇਕੁ ਪੁਰਖੁ ਸਮਾਇਆ॥**　　[ਸੂਹੀ ਕਬੀਰ ਜੀ-੫]

ਸਿੱਧ ਹੋਇਆ ਕਿ ਸਰੀਰ ਅਰਥ ਹੈ ਪਹਿਲੀ ਸਤਰ ਦਾ। ਇਸ ਦਾ ਦੁਆਰਾ ਇਕ ਹੈ। ਪਰ ਕਈ ਦਾਨੇ 'ਦਸਮ ਦੁਆਰ' ਅਰਥ ਕਰਦੇ ਹਨ, ਕਈ 'ਮੂੰਹ' ਕਰਦੇ ਹਨ। ਦੋਹਾਂ ਹਾਲਤਾਂ ਵਿਚ ਭਾਵ ਸਰੀਰ ਤੋਂ ਹੈ। ਉਹ ਸਫਲ ਜੋਗੀ ਬਾਹਰ ਦੀ ਪ੍ਰਿਥਵੀ ਤੇ ਨਹੀਂ ਮੰਗਦਾ, ਦੱਸਦੇ ਹਨ ਕਿ ਨਵਾਂ ਖੰਡਾਂ ਦੀ ਪ੍ਰਿਥਵੀ ਤੇ ਓਹ ਭਿਖਿਆ ਮੰਗਦਾ ਹੈ। ਜੇ ਇਹੋ ਅਰਥ ਕਰੀਏ ਤਾਂ ਢੁਕਦੇ ਨਹੀਂ ਕਿਉਂਕਿ ਨੌਖੰਡੀ ਧਰਤੀ ਉਤੇ ਤਾਂ ਹਠ ਯੋਗੀ ਭਿਖਿਆ ਮੰਗਦਾ ਹੈ, ਤੇ ਕਬੀਰ ਜੀ ਉਸ ਦੀ ਥਾਵੇਂ ਭਗਤੀ ਮਾਰਗ ਵਾਲੇ ਨੂੰ ਸਾਰ ਜੋਗੀ ਕਹਿ ਰਹੇ ਹਨ, ਇਸ ਕਰਕੇ ਇਸ ਦਾ ਲਛਣਾਂ ਦੁਆਰਾ ਇਹ ਅਰਥ ਬਣੇਗਾ ਕਿ ਨੌ ਜੋੜਾਂ ਵਾਲੇ ਸਰੀਰ ਵਿਚ ਹੀ ਉਹ ਭਿਖਿਆ ਮੰਗਦਾ ਹੈ † । ਸਰੀਰ ਹੀ ਉਸ ਦਾ ਬਟੂਆ ਹੈ ਤੇ ਸਰੀਰ ਹੀ ਉਸ ਦੀ ਯਾਚਨਾ ਕੀਤੀ ਜਾਣ ਵਾਲੀ ਦੁਨੀਆਂ ਹੈ। ਹੁਣ ਪ੍ਰਸ਼ਨ ਰਿਹਾ ਕਿ ਉਹ ਦੇਹੀ ਵਿਚ ਮੰਗਦਾ ਕਿਸ ਤੋਂ ਹੈ ਤੇ ਕੀ ਮੰਗਦਾ ਹੈ? ਇਸ ਦਾ ਅਖੀਰਲੀ ਸਤਰ ਵਿਚ ਉੱਤਰ ਹੈ ਕਿ ਜਿਸ ਰਾਮ ਦਾ ਪਿੰਡ ਪ੍ਰਾਣ ਹੈ ਉਹ 'ਦੇਇ' ਇਸ ਨੂੰ ਦੇਂਦਾ ਹੈ, ਕੀਹ ਦੇਂਦਾ ਹੈ? 'ਸਚਾ ਨੀਸਾਨਾ'। ਉਹ ਸਚਾ ਨੀਸਾਨ ਕੀ ਹੈ? 'ਰਾਮ ਨਾਮ'। ਸੋ ਦੂਸਰੀ ਸਤਰ (ਅੰਕ ੧) ਦਾ ਅਰਥ ਖੁਲ੍ਹ ਗਿਆ ਕਿ ਉਹ ਸ੍ਰਸ਼ਟ ਜੋਗੀ ਇਸ ਸਰੀਰ ਦੇ ਅੰਦਰ ਹੀ ਰਾਮ ਨਾਮ ਦੀ ਭਿਖਿਆ ਮੰਗਦਾ ਹੈ, ਤੇ ਉਸ ਨੂੰ ਇਹ ਦਾਨ ਪਿੰਡ ਪ੍ਰਾਣ ਪਤੀ 'ਰਾਮ' ਦੇਂਦਾ ਹੈ। ਐਉਂ ਪਹਿਲੇ ਅੰਕ ਦਾ ਅਰਥ ਸਫੁਟ ਹੋ ਆਇਆ ਤੇ ਸਾਰੇ ਸ਼ਬਦ ਦਾ ਭਾਵ ਭਗਤੀ ਮਾਰਗ ਦੀ ਵਿਸ਼ੇਸ਼ਤਾ ਖੁੱਲ੍ਹ ਪਿਆ। ਜੇਕਰ ਅਸੀਂ ਕਬੀਰ ਜੀ ਦੀ ਹੀ ਇਹ ਤੁਕ-

'ਬਹਤਰਿ ਘਰ ਇਕੁ ਪੁਰਖੁ ਸਮਾਇਆ ਉਨਿ ਦੀਆ ਨਾਮੁ ਲਿਖਾਈ'॥

[ਸੂਹੀ ਕਬੀਰ ਜੀ-੫]

ਹੋਰ ਵੀਚਾਰੀਏ ਤਦ ਸਮਝ ਪਏਗੀ ਕਿ ਸਫਲ ਯੋਗੀ ਉਹ ਕਿਉਂ ਹੈ ਜੋ ਬਹੱਤਰ ਘਰ ਵਾਲੇ ਤੇ ੯ ਖੰਡਾਂ ਵਾਲੇ ਸਰੀਰ ਵਿਚ ਹੀ ਦਾਨ ਮੰਗਦਾ ਹੈ, ਇਸ ਕਰਕੇ ਕਿ ਬਹੱਤਰ ਨਾੜੀਆਂ ਵਾਲੇ ਘਰ ਵਿਚ ਇਕ ਪੁਰਖ (ਅਕਾਲ ਪੁਰਖ) ਵਸਦਾ ਹੈ ਜੋ 'ਨਾਮ' ਲਿਖਾ ਦਿੰਦਾ ਹੈ। ਕਿਉਂਕਿ ਸਰੀਰ ਵਿਚ ਹੀ ਨਾਮ ਲਿਖਾ ਦੇਣ ਵਾਲਾ ਪੁਰਖ ਵੱਸਦਾ ਹੈ, ਇਸ ਲਈ ਸ੍ਰੇਸ਼ਟ ਯੋਗੀ ਸਰੀਰ ਦੇ ਅੰਦਰ ਹੀ ਉਸ ਅਗੇ ਯਾਚਨਾ ਕਰਦਾ ਹੈ ਤੇ 'ਬਟੂਆ ਏਕ' ਵਾਲੇ ਸ਼ਬਦ ਦੇ ਅਖੀਰ ਇਹੋ ਗੱਲ ਦੱਸ ਦਿਤੀ ਕਿ ਉਹ ਰਾਮ, ਜਿਸ ਦਾ ਪਿੰਡ ਪ੍ਰਾਣ ਹੈ, ਰਾਮ ਨਾਮ ਰੂਪੀ 'ਸਚਾ ਨੀਸਾਨਾ' ਦੇ ਦਿੰਦਾ ਹੈ। ਇਸ ਨੀਸਾਨ ਕਰਕੇ ਧਰਮ ਰਾਇ ਦੇ ਦਰ ਪੁੱਛ ਨਹੀਂ ਹੁੰਦੀ। ਦੋਹਾਂ ਅੱਡ ਅੱਡ ਸ਼ਬਦਾਂ ਦੀਆਂ ਤੁਕਾਂ ਨੇ ਅਰਥ ਨੂੰ ਹੋਰ ਸਪਸ਼ਟ ਕਰ ਦਿਤਾ। ਨਾਲ 'ਏਕੋ ਜਿਸਹਿ ਦੁਆਰਾ' ਦਾ ਦਸਮ ਦੁਆਰ ਹੈ ਇਹ ਬੀ ਸਪਸ਼ਟ ਹੋ ਗਿਆ। ਕਿਉਂਕਿ ਅੰਦਰ ਜਿਸ ਪੁਰਖ ਨੇ ਨਾਮ ਦੇਣਾ ਹੈ, ਉਸ ਦੇ ਘਰ ਦਾ ਦਰ ਦਸਮ ਦੁਆਰ ਹੈ, ਇਹ ਸਪਸ਼ਟ ਹੈ। 'ਏਕੋ ਜਿਸਹਿ ਦੁਆਰਾ' ਦਾ 'ਮੂੰਹ' ਅਰਥ ਘੱਟ ਢੁੱਕੇ ਗਾ ਕਿਉਂਕਿ ਸਰੀਰ ਦੇ ਤਾਂ ਦਸ ਦੁਆਰ ਹਨ, ਯਥਾ:-

ਮੰਦਰ ਏਕੁ ਦੁਆਰ ਦਸ ਜਾਕੈ.....॥　　[ਰਾਮਕਲੀ ਨਾਮਦੇਉ ਜੀ-੧]

ਪਰ ਪਰਮ ਪੁਰਖ ਵੱਲ ਖੁੱਲ੍ਹਣੇ ਵਾਲਾ ਦਰਵਾਜ਼ਾ ਦਸਮ ਦੁਆਰ ਹੈ, ਜਿਥੇ ਖੜੋਕੇ ਸਫਲ ਯੋਗੀ ਨੇ

---

* ਯੋਗ ਮਤ ਵਾਲੇ ਸਰੀਰ ਵਿਚ ਬਹੱਤਰ ਹਜ਼ਾਰ ਨਾੜੀ ਮੰਨਦੇ ਹਨ ਅਤੇ ਮੁੱਖ ਬਹੱਤਰ ਦੱਸਦੇ ਹਨ।

† ਸਰੀਰ ਦੇ ਨੌਂ ਜੋੜ ਹਨ।

ਮੰਗਣਾ ਹੈ ਤੇ ਪਰਮ ਪੁਰਖ ਵੱਲੋਂ ਖੈਰ ਪੈਣੀ ਹੈ।

ਨਿਰੁਕ੍ਤ-ਬਟੂਆ- [ਦੇਖੋ ਪੰਨਾ ੨੦੭੮] ਬਟੂਆ, ਜਿਸ ਵਿਚ ਜੋਗੀ ਸੁਆਹ ਵਗੈਰਾ ਰਖਦੇ ਹਨ, ਭਾਵ ਹੈ ਬਹੱਤਰ ਨਾੜੀਆਂ ਵਾਲੇ ਸਰੀਰ ਤੋਂ ਜੋ ਬਟੂਏ ਵਾਂਗ ਹੈ।

ਨਵੈ ਖੰਡ- [ਸੰਸ:, ਨਵ (ਨੌਂ=੯)+ਖੰਡ:=ਟੁਕੜਾ, ਹਿੱਸਾ] ਨੌ ਖੰਡ, ਨੌ ਹਿੱਸੇ, ਸਰੀਰ ਦੇ ਨੌ ਅੰਗ ਮੁਰਾਦ ਹਨ। ਨੌ ਅੰਗ ਇਹ ਹਨ:-ਦੋ ਅੱਖਾਂ, ਦੋ ਨਾਸਕਾਂ, ਦੋ ਕੰਨ, ਇਕ ਮੂੰਹ, ਦੋ ਮਲ ਮੂਤ੍ਰ ਦੀਆਂ ਇੰਦ੍ਰੀਆਂ। ਗਉੜੀ ਰਾਗ ਵਿਚ ਬੀ ਏਸੇ ਭਾਵ ਦਾ ਕਬੀਰ ਜੀ ਦਾ ਸ਼ਬਦ ਆ ਚੁਕਾ ਹੈ, ਯਥਾ:-

ਸਾਠ ਸੂਤ 'ਨਵ ਖੰਡ' ਬਹਤਰਿ ਪਾਟੁ ਲਗੋ ਅਧਿਕਾਈ ॥ [ਗਉੜੀ ਕਬੀਰ-੫੪; ਦੇਖੋ ਪੰਨਾ ੨੦੮੦

ਤਲ ਕਾ- [ਸੰਸ:, ਤਲੰ=ਸਤਹ, ਤਲਾ] ਤਲੇ ਦਾ, ਥੱਲੇ ਦਾ, ਹੇਠਲਾ।

ਖਿੰਥਾ- [ਦੇਖੋ ਪੰਨਾ ੧੪੯] (ਜੋਗੀਆਂ ਦੀ) ਗੋਦੜੀ।

ਮਿਰਗਾਣੀ- [ਸੰਸ:, ਮ੍ਰਿਗ (=ਹਿਰਨ)+ਹਿੰ:, ਛਾਲਾ=ਮ੍ਰਿਗਛਾਲਾ] ਮ੍ਰਿਗ ਦੀ ਖੱਲ, ਹਿਰਨ ਦੀ ਖੱਲ ਜੋ ਜੋਗੀ ਥੱਲੇ ਵਿਛਾਉਂਦੇ ਹਨ।

ਫਾਹੁਰੀ- [ਹਿੰ:, ਫਾਵੜਾ। ਪੰਜਾਬੀ, ਫਾਹੁੜਾ] ਕਹੀ ਵਰਗਾ ਲਕੜੀ ਦਾ ਇਕ ਲੰਮੀ ਡੰਡੀ ਵਾਲਾ ਔਜ਼ਾਰ, ਜਿਸ ਨਾਲ ਮਿੱਟੀ, ਸੁਆਹ, ਗੋਬਰ, ਅਨਾਜ ਆਦਿ ਕੱਠਾ ਕਰਦੇ ਹਨ।

ਪਰਾਨਾ-ਪ੍ਰਾਣ, ਰੂਹ, ਆਤਮਾ।

[ਆਸਾ ਕਬੀਰ ਜੀ, ਚਉਪਦਾ-੮]

ਪ੍ਰਾਕ੍ਥਨ-ਹਿੰਦੂ ਮੁਸਲਮਾਨਾਂ ਦੇ ਝਗੜੇ ਬਹਿਸਾਂ ਦੀ ਖਿੰਜੋਤਾਣ ਨੂੰ ਸਤਜ ਮਾਰਗ ਤੋਂ ਖੁੰਝਾ ਦੇਣ ਵਾਲੀ ਦੱਸਕੇ ਨਾਮ ਸਿਮਰਨ ਦਾ ਉਪਦੇਸ਼ ਕਰਦੇ ਹਨ।

ਮੂਲ	ਅਰਥ
ਆਸਾ ॥ ਹਿੰਦੂ ਤੁਰਕ ਕਹਾ ਤੇ ਆਏ ਕਿਨਿ ਏਹ ਰਾਹ ਚਲਾਈ ॥ ਦਿਲ ਮਹਿ ਸੋਚਿ ਬਿਚਾਰਿ ਕਵਾਦੇ ਭਿਸਤ ਦੋਜਕ ਕਿਨਿ ਪਾਈ ॥੧॥	(ਹੇ ਕਾਜ਼ੀ ! ਤੂੰ) ਦਿਲ ਵਿਚ ਸੋਚ ਤੇ ਵੀਚਾਰ ਕਰਕੇ ਗੱਲ ਕਰ ਕਿ ਹਿੰਦੂ ਤੇ ਮੁਸਲਮਾਨ (ਦੋਵੇਂ) ਕਿੱਥੋਂ ਆਏ ਹਨ? ਤੇ ਇਹ (ਅੱਡ ਅੱਡ ਮਜ਼ਹਬੀ) ਰੀਤੀ ਕਿਸ ਨੇ ਟੋਰੀ ਹੈ? (ਦੋਹਾਂ ਵਿਚੋਂ) ਕਿਸ ਨੇ ਸੁਰਗ ਤੇ ਕਿਸ ਨੇ ਨਰਕ ਪਾਇਆ ਹੈ॥ ੧॥
ਕਾਜੀ ਤੈ ਕਵਨ ਕਤੇਬ ਬਖਾਨੀ ॥ ਪੜ੍ਹਤ ਗੁਨਤ ਐਸੇ ਸਭ ਮਾਰੇ ਕਿਨਹੂੰ ਖਬਰਿ ਨ ਜਾਨੀ ॥੧॥ ਰਹਾਉ ॥	ਹੇ ਕਾਜ਼ੀ ! ਤੂੰ (ਵਿਤਕਰੇ ਸਿਖਾਲਣ ਵਾਲੀ) ਕਿਹੜੀ ਕਿਤਾਬ ਵਰਣਨ ਕੀਤੀ ਹੈ? ਐਸੇ (=ਤੇਰੇ ਵਰਗੇ) ਪੜ੍ਹਦੇ ਤੇ ਸੁਣਦੇ ਸਾਰੇ ਮਾਰੇ ਗਏ, ਕਿਸੇ ਨੇ (ਬੀ ਅਸਲੀਅਤ ਦੀ) ਸੁਧ ਨਾ ਪਾਈ॥ ੧॥ ਰਹਾਉ॥
ਸਕਤਿ ਸਨੇਹੁ ਕਰਿ ਸੁੰਨਤਿ ਕਰੀਐ ਮੈ ਨ ਬਦਉਗਾ ਭਾਈ ॥ ਜਉ ਰੇ ਖੁਦਾਇ ਮੋਹਿ ਤੁਰਕੁ ਕਰੈਗਾ ਆਪਨ ਹੀ ਕਟਿ ਜਾਈ ॥੨॥	ਹੇ ਭਾਈ ! ਮੈਂ ਨਹੀਂ ਮੰਨਾਂਗਾ ਕਿ ਸੁੰਨਤ ਕਰਨੀ (ਕੁਰਾਨ ਵਿਚ ਲਿਖੀ ਹੋਈ ਹੈ, ਇਹ ਤਾਂ ਇਬ੍ਰਾਹੀਮ ਨੇ) ਇਸਤ੍ਰੀ ਦੇ ਪ੍ਰੇਮ ਕਰਕੇ (ਆਪਣੀ ਸੁੰਨਤ ਕੀਤੀ ਸੀ, ਸੋ ਤੁਸੀਂ ਬੀ ਉਸੇ ਤਰ੍ਹਾਂ ਪਏ ਕਰਦੇ ਹੋ)। ਹੇ ਭਾਈ ! ਜੇ ਖ਼ੁਦਾ (ਸੁੰਨਤ ਨਾਲ ਹੀ) ਮੈਨੂੰ ਮੁਸਲਮਾਨ ਬਣਾਏਗਾ ਤਦ (ਮੇਰੀ ਇੰਦਰੀ) ਆਪੇ ਹੀ ਕਟ ਜਾਏਗੀ॥ ੨॥

ਸੁੰਨਤਿ ਕੀਏ ਤੁਰਕੁ ਜੇ ਹੋਇਗਾ ਅਉਰਤ ਕਾ ਕਿਆ ਕਰੀਐ ॥ ਅਰਧ ਸਰੀਰੀ ਨਾਰਿ ਨ ਛੋਡੈ ਤਾ ਤੇ ਹਿੰਦੂ ਹੀ ਰਹੀਐ ॥੩॥

(ਫੇਰ ਸੋਚ) ਜੇ (ਕੋਈ) ਸੁੰਨਤ ਕਰਨ ਨਾਲ ਹੀ ਮੁਸਲਮਾਨ ਬਣ ਸਕਦਾ ਹੈ ਤਾਂ ਤ੍ਰੀਮਤ ਦਾ ਕੀਹ ਕਰੋਗੇ? (ਭਾਵ ਉਸ ਦੀ ਸੁੰਨਤ ਹੋ ਹੀ ਨਹੀਂ ਸਕਦੀ, ਤੇ ਦੇਖ ਕੋਈ ਮੁਸਲਮਾਨ ਆਪਣੀ) ਅਰਧ ਸਰੀਰੀ ਇਸਤ੍ਰੀ ਨੂੰ ਨਹੀਂ ਛਡਦਾ, ਤਾਂਤੇ (ਹਰ ਮੁਸਲਮਾਨ ਦੀ ਔਰਤ) ਹਿੰਦੂ ਹੀ ਰਹਿ ਰਹੀ ਹੈ* ॥ ੩ ॥

ਛਾਡਿ ਕਤੇਬ ਰਾਮੁ ਭਜੁ ਬਉਰੇ ਜੁਲਮ ਕਰਤ ਹੈ ਭਾਰੀ ॥ ਕਬੀਰੈ ਪਕਰੀ ਟੇਕ ਰਾਮ ਕੀ ਤੁਰਕ ਰਹੇ ਪਚਿਹਾਰੀ ॥੪॥੮॥

ਹੇ ਬਉਰੇ ! (ਐਸੀ) ਕਿਤਾਬ ਨੂੰ ਛਡ ਤੇ ਰਾਮ ਦਾ ਭਜਨ ਕਰ, (ਤੂੰ ਇਨ੍ਹਾਂ ਕਿਤਾਬਾਂ ਨੂੰ ਪੜ੍ਹਕੇ) ਭਾਰੀ ਜ਼ੁਲਮ ਕਰ ਰਿਹਾ ਹੈਂ। ਕਬੀਰ ਨੇ ਤਾਂ ਰਾਮ ਦੀ ਓਟ ਧਾਰਨ ਕਰ ਲਈ ਹੈ, ਮੁਸਲਮਾਨ ਖਪ ਖਪ ਕੇ ਹਾਰ ਗਏ ਹਨ। (ਕਬੀਰ ਉਨ੍ਹਾਂ ਦੀ ਪ੍ਰੇਰਨਾ ਵਿਚ ਨਹੀਂ ਆਇਆ) ॥ ੪ ॥ ੮ ॥

ਵਯਾਖਯਾ-ਇਸ ਸ਼ਬਦ ਤੋਂ ਜਾਪਦਾ ਹੈ ਕਿ ਕਬੀਰ ਜੀ ਦੇ ਮੁਸਲਮਾਨ ਹੁੰਦਿਆਂ ਭਗਤੀ ਮਾਰਗ ਵਿਚ ਟੁਰਦਿਆਂ ਤੇ ਹਿੰਦੂ ਸੰਤ ਦੇ ਮਗਰ ਲਗਕੇ ਨਾਮ ਜਪਦਿਆਂ ਦੇਖਕੇ ਆਮ ਮੁਸਲਮਾਨ ਤੇ ਖਾਸ ਕਰ ਕਾਜ਼ੀ ਖੁਣਸਾਂ ਖਾਂਦੇ ਤੇ ਉਹਨਾਂ ਨਾਲ ਬਹਿਸਾਂ ਕਰਦੇ, ਤੁਰਕ ਤਰੀਕਿਆਂ ਤੇ ਚੱਲਣ ਲਈ ਪ੍ਰੇਰਨਾ ਕਰਦੇ ਸਨ; ਪਰ ਕਾਮਯਾਬ ਨਹੀਂ ਸਨ ਹੁੰਦੇ। ਇਥੋਂ ਤਾਈਂ ਕਿ ਇਕ ਵੇਰ ਕਾਜ਼ੀਆਂ ਦੇ ਫਤਵੇ ਨਾਲ ਉਹਨਾਂ ਨੂੰ ਬੰਨ੍ਹ ਕੇ ਹਾਥੀ ਦੇ ਅੱਗੇ ਬੀ ਸੁੱਟ ਦਿਤਾ ਗਿਆ ਸੀ ਕਿ ਕੁਚਲਿਆ ਜਾਵੇ, ਪਰ ਓਹ ਨਾ ਹੀ ਮੰਨੇ ਤੇ ਨਾ ਹੀ ਕੁਚਲੇ ਗਏ। ਇਹ ਵਾਰਤਾ ਕਬੀਰ ਜੀ ਨੇ ਆਪ ਜ਼ਿਕਰ ਕੀਤੀ ਹੈ। ਦੇਖੋ ਰਾਗ ਗੋਂਡ ਬਾਣੀ ਕਬੀਰ ਜੀਉ ਦਾ ਚੌਥਾ ਸ਼ਬਦ:-

ਭੁਜਾ ਬਾਂਧਿ ਭਿਲਾ ਕਰਿ ਡਾਰਿਓ ॥ ਹਸਤੀ ਕ੍ਰੋਪਿ ਮੂੰਡ ਮਹਿ ਮਾਰਿਓ ॥

'ਤੁਰਕ ਰਹੇ ਪਚਿਹਾਰੀ' ਵਿਚ ਮੁਸਲਮਾਨਾਂ ਦੇ ਯਤਨਾਂ ਦੇ ਨਿਸਫਲ ਜਾਣ ਤੇ ਕਬੀਰ ਜੀ ਦੀ ਅਪਣੀ ਦ੍ਰਿੜਤਾ ਵਲ ਇਸ਼ਾਰਾ ਹੈ। ਫੇਰ ਇਸ ਸ਼ਬਦ ਵਿਚ ਆਪ ਮੁਸਲਮਾਨਾਂ ਦੀਆਂ ਸ਼ਰਈ ਗਲਾਂ ਤੇ ਕਿੰਤੂ ਕਰਦੇ ਹਨ।

ਅੰਕ ੧-ਕਬੀਰ ਜੀ ਨੇ ਪ੍ਰਸ਼ਨ ਵਿਚ ਇਹ ਸੈਨਤ ਹੈ ਕਿ ਹਿੰਦੂ ਤੇ ਮੁਸਲਮਾਨ ਦੁਇ ਰੱਬ ਜੀ ਦੇ ਹੁਕਮ ਨਾਲ ਜੰਮਦੇ ਹਨ। ਜੇ ਰਬ ਹਿੰਦੂਆਂ ਨੂੰ ਪਸੰਦ ਨਹੀਂ ਕਰਦਾ ਤਾਂ ਉਹਨਾਂ ਨੂੰ ਪੈਦਾ ਹੀ ਨਾ ਕਰੇ, ਹਰ ਹਿੰਦੂ ਇਸਤ੍ਰੀ ਬਾਂਝ ਹੋ ਜਾਏ।

ਫੇਰ ਕਹਿੰਦੇ ਹਨ ਕਿ ਨਜਾਰੇ ਨਜਾਰੇ ਮਤ: ਖਾਸ ਕਰ ਹਿੰਦੂ ਤੇ ਮੁਸਲਿਮ, ਕਿਸ ਨੇ ਚਲਾਏ? ਪ੍ਰਸ਼ਨ ਦਾ ਭਾਵ ਹੈ ਕਿ ਖ਼ੁਦਾ ਨੇ ਨਹੀਂ ਚਲਾਏ। ਦੋਹਾਂ ਵਿਚ ਜੋ ਵਿਤਕਰੇ, ਵੈਰ ਵਿਰੋਧ ਤੇ ਨਫਰਤ ਦੇ ਮਸਲੇ ਹਨ ਏਹ ਖ਼ੁਦਾ ਵਲੋਂ ਨਹੀਂ ਹੋ ਸਕਦੇ। ਲੁਪਤ ਭਾਵ ਇਹ ਹੈ ਕਿ ਰਬ ਪ੍ਰੇਮ ਹੈ, ਉਹ ਨਫਰਤ ਯਾ ਸੂਗ ਦਾ ਕੇਂਦ੍ਰ ਨਹੀਂ ਹੋ ਸਕਦਾ। ਵੈਰ ਵਿਰੋਧ ਸਭ ਇਨਸਾਨਾਂ ਦੇ ਭੁਲੇਵੇ ਭੁਲੇਖੇ ਤੇ ਜ਼ੋਰ ਜ਼ੁਲਮ ਹਨ।

ਫਿਰ ਕਹਿੰਦੇ ਹਨ ਕਿ ਇਸ ਪ੍ਰਕਾਰ ਦੀ ਸੋਚ ਵਿਚਾਰ ਕਰ, ਭਾਵ ਨਜਾਯ ਯੁਕਤ ਬਾਤ ਕਰ, ਤਅੱਸਬ ਦੀ ਨਾ ਕਰ। ਫੇਰ ਕਵਾ+ਦੇ=ਬਚਨ ਕਰ। ਭਾਵ ਹੈ ਦੱਸ ਕਿ ਤੁਸੀਂ ਜੋ ਕਹਿੰਦੇ ਹੋ ਹਿੰਦੂ ਦੋਜ਼ਖ ਵਿਚ ਤੇ ਮੁਸਲਮਾਨ ਬਹਿਸ਼ਤਾਂ ਨੂੰ ਜਾਣਗੇ ਇਹ ਗਲ ਵਿਚਾਰਸ਼ੀਲ ਹੈ? ਇਕ ਹਿੰਦੂ ਰਬ ਦਾ ਪ੍ਰੇਮੀ ਹੈ, ਇਕ ਮੁਸਲਮਾਨ ਜ਼ੋਰ ਜ਼ੁਲਮ ਕਰਨ ਵਾਲਾ ਝੂਠਾ ਤੇ ਗਿਰੇ ਆਚਰਨ ਦਾ ਹੈ, ਕੀ ਐਸਾ ਹਿੰਦੂ ਦੋਜ਼ਖ ਜਾਏਗਾ ਤੇ ਐਸਾ ਮੁਸਲਮਾਨ ਬਹਿਸ਼ਤਾਂ ਨੂੰ? ਇਹ ਗਲ ਸੋਚਕੇ ਦੱਸ ਕਿ ਵਿਚਾਰਸ਼ੀਲ ਹੈ?

ਫੇਰ ਰਹਾਉ ਵਿਚ ਹੋਰ ਜ਼ੋਰ ਨਾਲ ਪੁੱਛਦੇ ਹਨ 'ਤੂੰ ਕਿਹੜੀ ਕਿਤਾਬ ਪੜ੍ਹੀ ਹੈ? ਜਾਂ ਤੁਹਾਡੀ

* (ਅ) ਤਾਂਤੇ ਹਿੰਦੂਆਂ ਵਾਂਗ ਹੀ (ਬੇ-ਸੁੰਨਤੇ) ਰਹਿਣਾ ਬਿਹਤਰ ਹੈ।

ਕਿਤਾਬ ਜੋ ਇਹ ਮਤ ਦੇਂਦੀ ਹੈ ਉਹ ਕਿਹੜੀ ਹੈ? ਕਤੇਬ ਕਹਿਣ ਵਿਚ ਸੈਨਤ ਹੈ ਕਿ ਐਸੀ ਕਿਤਾਬ ਖ਼ੁਦਾ ਵਲੋਂ ਨਹੀਂ ਹੋ ਸਕਦੀ। ਤੁਸੀਂ ਪੜ੍ਹਦੇ ਸੁਣਦੇ ਮਾਰੇ ਜਾਂਦੇ ਹੋ ਜੋ ਇੰਨੀ ਖ਼ਬਰ ਬੀ ਨਹੀਂ ਰਖਦੇ ਹੋ ਕਿ ਵਿਤਕਰੇ ਵਧਾਉਣ ਵਾਲੀ ਕੋਈ ਪੁਸਤਕ ਕਦੇ ਨਿਆਂ ਕਰਨ ਵਾਲੇ ਪ੍ਰਭੂ ਵਲੋਂ ਨਹੀਂ ਹੋ ਸਕਦੀ।

ਅੰਕ ੨-ਹੁਣ ਉਹਨਾਂ ਦੀ ਰਸਮ ਸੁੰਨਤ ਨੂੰ ਲੈਂਦੇ ਹਨ। ਸੁੰਨਤ ਆਖਦੇ ਹਨ ਜੋ ਗਲ ਮੁਹੰਮਦ ਸਾਹਿਬ ਨੇ ਕੀਤੀ ਹੋਵੇ ਤੇ ਉੱਮਤ ਉਸ ਨੂੰ ਕਰਦੀ ਹੋਵੇ। ਮੁਸਲਮਾਨਾਂ ਵਿਚ ਇਕ ਰਸਮ ਹੈ ਖ਼ਤਨੇ ਦੀ, ਜਿਸ ਵਿਚ ਬਚਪਨ ਵਿਚ ਹੀ ਇੰਦ੍ਰੀ ਦੇ ਕੁਛ ਮਾਸ ਨੂੰ ਥੋੜਾ ਕਟ ਦੇਂਦੇ ਹਨ; ਇਸ ਨੂੰ ਆਮ ਮੁਸਲਮਾਨ ਸੁੰਨਤ ਆਖਦੇ ਹਨ। ਇਹ ਰਸਮ ਮੁਹੰਮਦ ਸਾਹਿਬ ਨੇ ਕੀਤੀ ਸੀ। ਪਰ ਅਸਲ ਵਿਚ ਇਹ ਜਾਰੀ ਹੋਈ ਸੀ ਪੁਰਾਣੇ ਪੇਗ਼ੰਬਰ ਇਬਰਾਹੀਮ ਤੋਂ। 'ਸਕਤਿ ਸਨੇਹ' ਦਾ ਭਾਵ ਲੈਂਦੇ ਹਨ ਕਿ ਇਬਰਾਹੀਮ ਦੀ ਵਹੁਟੀ ਸੀ 'ਸਾਰਾਹ' ਤੇ ਗੋਲੀ ਵਿਆਹੀ ਸੀ 'ਹਾਜਰਾ'। ਹਾਜਰਾ ਦੇ ਇਸਮਾਈਲ ਪੁੱਤ ਜੰਮਿਆ ਤੇ ਸਾਰਾਹ ਦੇ ਇਸਹਾਕ। 'ਸਾਰਾਹ' ਇਸਤ੍ਰੀ ਦੇ ਕਹਿਣੇ ਤੇ ਇਬਰਾਹੀਮ ਨੇ 'ਹਾਜਰਾ' ਤੇ 'ਇਸਮਾਈਲ' ਨੂੰ ਘਰੋਂ ਕੱਢ ਦਿਤਾ ਸੀ। ਗਲ ਲਿਖੀ ਨਹੀਂ ਮਿਲਦੀ ਪਰ ਕਥਾ ਵਾਰਤਾ ਵਿਚ ਗਿਆਨੀ ਕਰਦੇ ਹਨ ਕਿ ਇਬਰਾਹੀਮ ਨੇ ਸੁੰਨਤ ਸਾਰਾਹ ਦੇ ਕਹਿਣ ਤੇ ਹਲਕੇ ਦੰਡ ਵਜੋਂ ਕੀਤੀ ਸੀ।

ਸੋ 'ਸਕਤਿ ਸਨੇਹੁ' ਦਾ ਭਾਵ ਸਾਰਾਹ ਇਸਤ੍ਰੀ ਦੇ ਪ੍ਰੇਮ ਕਰਕੇ ਸੁੰਨਤ ਚਲੀ ਲੈਂਦੇ ਹਨ।

'ਮੈ ਨ ਬਦਉਗਾ' ਦਾ ਭਾਵ ਹੈ ਕਿ ਮੈਂ ਇਸ ਰਸਮ ਨੂੰ ਖ਼ੁਦਾ ਵਲੋਂ ਮੰਨਣ ਨੂੰ ਤਿਆਰ ਨਹੀਂ, ਕਿਉਂਕਿ ਅਗਲੀ ਤੁਕ ਵਿਚ ਕਾਰਣ ਦੱਸਦੇ ਹਨ ਕਿ ਜੇ ਖ਼ੁਦਾ ਨੇ ਸੁੰਨਤ ਨਾਲ ਹੀ ਮੈਨੂੰ ਮੁਸਲਮਾਨ ਕਰਨਾ ਹੋਵੇ ਤਾਂ ਇੰਦ੍ਰੀ ਆਪੇ ਕਟ ਜਾਵੇਗੀ, ਭਾਵ ਆਪੇ ਹੀ ਸੁੰਨਤ ਹੋ ਜਾਏਗੀ। ਅਰਥਾਤ ਜੇ ਸੁੰਨਤ ਕਰਨੀ ਹੀ ਖ਼ੁਦਾ ਦਾ ਹੁਕਮ ਹੈ ਤਾਂ ਖ਼ੁਦਾ ਉਹ ਮਾਸ ਪੈਦਾ ਹੀ ਕਿਉਂ ਕਰਦਾ ਹੈ, ਜਿਸ ਦੇ ਕੱਟਣ ਦੀ ਰਸਮ ਕਰਦੇ ਹੋ। ਉਹ ਮਾਸ ਪੈਦਾ ਹੀ ਨਾ ਹੋਵੇ ਯਾ ਆਪੇ ਕਟ ਜਾਵੇ।

ਅੰਕ ੩-ਹੁਣ ਇਕ ਹੋਰ ਇਤਰਾਜ਼ ਸੁੰਨਤ ਤੇ ਕਰਦੇ ਹਨ ਕਿ ਜੇ ਦਲੀਲ ਦੀ ਖ਼ਾਤਰ ਸੁਨਤ ਨੂੰ ਮੰਨ ਲਈਏ ਤਾਂ ਔਰਤ ਦਾ ਕੀਹ ਕਰੋਗੇ। ਉਸ ਦੀ ਸੁੰਨਤ ਹੋ ਨਹੀਂ ਸਕਦੀ। ਸੋ ਮਰਦ ਤਾਂ ਸੁੰਨਤ ਨਾਲ ਮੁਸਲਮਾਨ ਹੋ ਜਾਏਗਾ ਪਰ ਹਰ ਔਰਤ ਜੋ ਮੁਸਲਮਾਨ ਵਿਆਹੇਗਾ ਉਹ ਤਾਂ ਹਿੰਦੂ ਹੀ ਰਹੇਗੀ। ਪਰਤੱਖ ਹੈ ਕਿ ਕੋਈ ਮੁਸਲਮਾਨ ਸੁੰਨਤ ਨਾ ਹੋਣ ਕਰਕੇ ਔਰਤ ਨੂੰ ਨਹੀਂ ਛੱਡਦਾ, ਤਾਂਤੇ ਹਰ ਮੁਸਲਮਾਨ ਦੇ ਘਰ, ਜੋ ਮੋਮਨ ਬਣਦਾ ਹੈ ਹਿੰਦੂ ਔਰਤ ਯਾਨੇ ਕਾਫਰ ਇਸਤ੍ਰੀ ਵੱਸਦੀ ਹੈ ਤੇ ਧੁਨੀ ਇਹ ਹੈ ਕਿ ਹਰ ਮੁਸਲਮਾਨ ਕਾਫਰ ਇਸਤ੍ਰੀ ਦੇ ਪੇਟੋਂ ਜੰਮਦਾ ਹੈ।

ਅੰਕ ੪ ਵਿਚ ਸਿੱਟਾ ਕਹਿੰਦੇ ਹਨ ਕਿ ਉਹ ਕਿਤਾਬਾਂ ਛੱਡ ਦੇਹ ਜੋ ਨਾ-ਮੁਸਲਿਮਾਂ ਤੇ ਜ਼ੋਰ ਜ਼ੁਲਮ ਕਰਨਾ ਸਿਖਾਲਦੀਆਂ ਹਨ। ਉਹ ਖ਼ੁਦਾ ਵੱਲੋਂ ਨਹੀਂ ਹੋ ਸਕਦੀਆਂ; ਕਿਉਂਕਿ ਜੇ ਖ਼ੁਦਾ ਨਿਰੇ ਮੁਸਲਿਮ ਹੀ ਰੱਖਣੇ ਚਾਹੁੰਦਾ ਤਾਂ ਹਿੰਦੂ ਜੰਮਣੇ ਬੰਦ ਕਰ ਦੇਂਦਾ। ਮੁਸਲਮਾਨਾਂ ਤੋਂ ਉਹਨਾਂ ਉਤੇ ਜ਼ੁਲਮ ਕਰਵਾਕੇ ਓਹ ਕਿਵੇਂ ਖ਼ੁਸ਼ ਹੋ ਸਕਦਾ ਹੈ? ਇਸ ਲਈ ਆਖਦੇ ਹਨ 'ਰਾਮ ਭਜ', ਈਸ਼੍ਵਰ ਪਰਾਯਣ ਹੋ।

ਅਪਣੀ ਬਾਬਤ ਕਹਿੰਦੇ ਹਨ, ਪਰ ਵਿਤਕਰੇ ਨਾਲ ਨਫਰਤ ਵਾਲੇ ਕਰਤਵ ਛੋੜਕੇ, ਕਿ ਰਾਮ ਦੀ ਟੇਕ ਮੈਂ ਫੜ ਲਈ ਹੈ, ਰਾਮ ਭਗਤੀ ਧਾਰਨ ਕਰ ਲਈ ਹੈ। ਭਾਵ ਹੈ: ਤੁਸੀਂ ਬੀ ਕਰੋ। ਇਹ ਰਾਮ ਭਗਤੀ ਰਬ ਵਲੋਂ ਸਾਰੇ ਜਗਤ ਲਈ ਉਪਦੇਸ਼ ਹੈ।

ਨਿਰੁਕ੍ਤ-ਤੁਰਕ- [ਅ:] ਤੁਰਕਸਤਾਨ ਯਾ ਤੁਰਕੀ ਦੇ ਰਹਿਣੇ ਵਾਲਾ। ਪਰ ਹਿੰਦ ਵਿਚ ਤੁਰਕ 'ਮੁਸਲਮਾਨ' ਨੂੰ ਕਹਿੰਦੇ ਹਨ।

ਕਵਾਦੇ-ਕਵਾ+ਦੇ=ਬਚਨ ਕਰ। (ਅ) ਕਈ ਦਾਨੇ ਇਸ ਨੂੰ ਅਰਬੀ ਦਾ ਪਦ 'ਕ੍ਵਾੱਦ' ਸਮਝਦੇ ਹਨ, ਜਿਸ ਦਾ ਅਰਥ ਹੈ-ਬੇ-ਸ਼ਰਮ, ਬੇ-ਗ਼ੈਰਤ ਆਦਮੀ। ਇਹ ਇਕ ਪ੍ਰਕਾਰ ਦੀ ਗਾਲੀ ਹੈ। ਸੰਭਵ ਨਹੀਂ ਜਾਪਦਾ ਕਿ ਕਬੀਰ ਜੀ ਕਾਜ਼ੀ ਨੂੰ ਗਾਲੀ ਦੇ ਕੇ ਖ਼ੁਸ਼ ਹੁੰਦੇ। (ੲ) ਕਵਾਦੇ ਪਦ ਭਾਈ

ਗੁਰਦਾਸ ਜੀ ਨੇ ਵਰਤਿਆ ਹੈ:-

ਸੰਨਿਆਸੀ ਦਸ ਨਾਮ ਧਰਿ ਕਰਿ ਵਾਦ ਕਵਾਦੇ॥ [ਵਾਰ ੩੮-੧੦]

ਪੁਨਾ- ਦਰਗਹ ਹੋਨਿ ਖੁਆਰ ਕੁਵਾਦੇ॥ [ਵਾਰ ੫-੧੧]

ਦੋਹੀਂ ਥਾਈਂ ਕਵਾਦੇ ਦਾ ਅਰਥ ਹੈ-ਭੈੜੇ ਝਗੜੇ ਕਰਨ ਵਾਲੇ [ਕੁ+ਵਾਦ=ਭੈੜੇ ਝਗੜੇ] । ਇਹ ਅਰਥ ਢੁੱਕ ਸਕਦਾ ਹੈ ਕਿ ਕਾਜ਼ੀ ਨੂੰ ਆਪ ਬ੍ਰਿਥਾ ਝਗੜੇ ਕਰਨ ਵਾਲਾ ਕਹਿ ਰਹੇ ਹੋਣ।

ਭਿਸਤ- [ਫ਼ਾ:, ਬਹਿਸ਼ਤ] ਸ੍ਵਰਗ, ਜੰਨਤ।

ਦੋਜਕ- [ਫ਼ਾ:, ਦੋਜ਼ਖ਼] ਨਰਕ, ਜਹੰਨਮ।

ਸਕਤਿ- [ਸੰਸ:, ਸਕ੍ਰਿ] ਸ਼ਕਤੀ। ਮੁਰਾਦ ਹੈ ਇਸਤ੍ਰੀ ਤੋਂ।

ਬਦਉਗਾ- [ਹਿੰਦੀ] ਮੰਨਾਂਗਾ। ਅਉਰਤ- [ਅ਼:, ਔ਼ਰਤ] ਪਰਦੇ ਦੇ ਲਾਇਕ। ਛੁਪੌਣ ਲਾਇਕ। ਮੁਰਾਦ ਹੈ ਇਸਤ੍ਰੀ, ਤੀਵੀਂ। ਜ਼ਨ। ਨਾਰੀ।

ਅਰਧ ਸਰੀਰੀ-ਅਰਧੰਗੀ। ਇਸਤ੍ਰੀ ਨੂੰ ਅਰਧ ਸਰੀਰੀ ਯਾ ਅਰਧੰਗੀ ਕਿਹਾ ਜਾਂਦਾ ਹੈ [ਹਿੰ:, ਅਰਦ੍ਧਾਂਗਿਨੀ] ਇਸ਼ਾਰਾ ਹੈ ਕਿ ਤੁਹਾਡਾ ਅੱਧਾ ਸਰੀਰ ਤਾਂ ਹਿੰਦੂ ਹੀ ਰਹੇਗਾ।

ਪਚਿਹਾਰੀ-ਖਪ ਖਪ ਕੇ ਹਾਰ ਗਏ।

[ਆਸਾ ਕਬੀਰ ਜੀ, ਚਉਪਦਾ-੯]

ਪ੍ਰਾਕ੍ਥਨ-ਜੀਵ ਦੀ ਮੌਤ ਦਿਖਲਾ ਕੇ ਵੈਰਾਗ ਉਦਜ ਕਰਕੇ ਰਾਮ ਨਾਮ ਦਾ ਉਪਦੇਸ਼ ਦਿੱਤਾ ਹੈ।

ਮੂਲ	ਅਰਥ
ਆਸਾ ॥ ਜਬ ਲਗੁ ਤੇਲੁ ਦੀਵੇ ਮੁਖਿ ਬਾਤੀ ਤਬ ਸੂਝੈ ਸਭੁ ਕੋਈ ॥ ਤੇਲ ਜਲੇ ਬਾਤੀ ਠਹਰਾਨੀ ਸੂੰਨਾ ਮੰਦਰੁ ਹੋਈ ॥੧॥	ਜਦ ਤਕ ਦੀਵੇ (ਦੇ) ਵਿਚ (ਤਾਂ) ਤੇਲ ਹੈ (ਤੇ ਉਸ ਦੇ) ਮੂੰਹ ਵਿਚ ਵੱਟੀ ਹੈ ਤਦ ਤਕ ਹੀ ਸਭ ਕੋਈ (ਆਪਣਾ ਪਿਆ) ਸੁਝਦਾ ਹੈ, (ਜਦ) ਤੇਲ ਸੜ ਜਾਏ, ਬੱਤੀ (ਬਲਣੋਂ) ਠਹਿਰ ਜਾਏ (ਤਦ) ਮੰਦਰ ਸੁੰਞਾ ਹੋ ਜਾਂਦਾ ਹੈ। (ਭਾਵ ਫੇਰ ਕੋਈ ਆਪਣਾ ਨਹੀਂ ਸੁਝਦਾ। ਮਰ ਗਿਆਂ ਸਭ ਨਾਲ ਪਕੜ ਛੁੱਟ ਜਾਂਦੀ ਹੈ, ਤੇ ਸਭਨਾਂ ਵਲੋਂ ਇਸਦਾ ਸੁੰਞਾ ਸਰੀਰ ਛੱਡ ਦਿਤਾ ਜਾਂਦਾ ਹੈ) ॥ ੧॥
ਰੇ ਬਉਰੇ ਤੁਹਿ ਘਰੀ ਨ ਰਾਖੈ ਕੋਈ॥ ਤੂੰ ਰਾਮ ਨਾਮੁ ਜਪਿ ਸੋਈ ॥੧॥ ਰਹਾਉ ॥	ਹੇ ਬੰਦੇ ! (ਪ੍ਰਤੱਖ ਦੇਖ ਲੈ ਕਿ ਜਦੋਂ ਤੂੰ ਮਰ ਜਾਏਂਗਾ ਤਦੋਂ) ਤੈਨੂੰ ਕਿਸੇ ਨੇ (ਇਕ) ਘੜੀ ਭਰ ਲਈ ਬੀ (ਘਰ ਵਿਚ) ਨਹੀਂ ਰਖਣਾ, (ਇਸ ਲਈ) ਹੇ ਬਾਵਲੇ ! (ਹੁਣ ਜਦ ਕਿ ਤੂੰ ਜੀਉਂਦਾ ਹੈਂ) ਉਸ ਰਾਮ ਨਾਮ ਦਾ ਜਪ ਕਰ ਲੈ (ਜਿਸ ਬਾਬਤ ਤੈਨੂੰ ਕਈ ਵੇਰ ਸਮਝਾਇਆ ਹੈ, ਅਥਵਾ ਓਹੋ ਹੈ ਜੋ ਹੁਣ ਤੇਰਾ ਹੈ)॥ ੧॥ ਰਹਾਉ॥
ਕਾ ਕੀ ਮਾਤ ਪਿਤਾ ਕਹੁ ਕਾ ਕੋ ਕਵਨ ਪੁਰਖ ਕੀ ਜੋਈ ॥ ਘਟ ਫੂਟੇ ਕੋਊ ਬਾਤ ਨ ਪੂਛੈ ਕਾਢਹੁ ਕਾਢਹੁ ਹੋਈ ॥੨॥	(ਦੇਖ ! ਜਦ ਸਰੀਰ ਰੂਪੀ) ਘੜਾ ਤ੍ਰੁੱਟ ਜਾਂਦਾ ਹੈ (ਭਾਵ ਮਨੁਖ ਮਰ ਜਾਂਦਾ ਹੈ) ਕੋਈ (ਇਸ ਦੀ) ਵਾਤ ਨਹੀਂ ਪੁੱਛਦਾ (ਉਸ ਵੇਲੇ ਤਾਂ) ਕੱਢੋ ਕੱਢੋ ਹੀ ਹੁੰਦੀ ਹੈ, (ਸਾਰੇ ਆਖਦੇ ਹਨ ਕਿ ਮੁਰਦੇ ਨੂੰ ਛੇਤੀ ਕੱਢੋ, ਸੋ ਉਸ ਵੇਲੇ) ਦੱਸੋ ਕਿਸ ਦੀ (ਕੋਈ) ਮਾਂ ਹੈ, (ਕੌਣ) ਕਿਸ ਦਾ ਪਿਤਾ ਹੈ, ਕੌਣ (ਕਿਸੇ) ਪੁਰਖ ਦੀ ਇਸਤ੍ਰੀ ਹੈ॥ ੨॥

ਦੇਹੁਰੀ ਬੈਠੀ ਮਾਤਾ ਰੋਵੈ ਖਟੀਆ ਲੇ ਗਏ ਭਾਈ ॥ ਲਟ ਛਿਟਕਾਏ ਤਿਰੀਆ ਰੋਵੈ ਹੰਸੁ ਇਕੇਲਾ ਜਾਈ ॥੩॥	(ਭਾਵੇਂ) ਦਲ੍ਹੀਜਾਂ ਵਿਚ ਬੈਠੀ ਮਾਂ ਪਈ ਰੋਂਦੀ ਹੈ, ਭਰਾ ਮੰਜੀ ਚੁੱਕਕੇ ਲੈ ਜਾਂਦੇ ਹਨ (ਭਾਵ ਨਾਲ ਉਹ ਬੀ ਨਹੀਂ ਜਾਂਦੀ)। ਇਸਤ੍ਰੀ ਬੀ ਕੇਸ ਖਿਲਾਰਕੇ ਪਈ ਰੋਂਦੀ ਹੈ (ਪਰ ਪਤੀ ਨਾਲ ਸਰੀਰਕ ਸੰਬੰਧ ਟੁੱਟ ਗਏ ਹਨ, ਇਉਂ ਛਾਯਾ ਵਤ ਨਾਲ ਰਹਿਣ ਵਾਲੀ ਇਸਤ੍ਰੀ ਬੀ ਸਾਥ ਨਹੀਂ ਦਿੰਦੀ, ਦੇਖ ਲੈ) ਹੰਸ (ਆਤਮਾ) ਇਕੱਲਾ ਹੀ ਜਾਂਦਾ ਹੈ॥ ੩॥
ਕਹਤ ਕਬੀਰ ਸੁਨਹੁ ਰੇ ਸੰਤਹੁ ਭੈ ਸਾਗਰ ਕੈ ਤਾਈ ॥ ਇਸੁ ਬੰਦੇ ਸਿਰਿ ਜੁਲਮੁ ਹੋਤ ਹੈ ਜਮੁ ਨਹੀ ਹਟੈ ਗੁਸਾਈ ॥੪॥੯॥ ਦੁਤੁਕੇ	ਕਹਿੰਦੇ ਹਨ ਕਬੀਰ ਜੀ ਹੇ ਸੰਤੋ ! ਸੁਣੋ, ਭੈ ਦੇ ਸਾਗਰ (ਇਸ ਸੰਸਾਰ ਵਿਚ ਫਸੇ ਰਹਿਣ) ਕਰਕੇ, ਇਸ ਬੰਦੇ ਦੇ ਸਿਰ ਉਤੇ (ਜਮ ਦਾ) ਜ਼ੁਲਮ (ਬਾਰ ਬਾਰ) ਹੁੰਦਾ ਹੀ ਰਹਿੰਦਾ ਹੈ, ਹੇ ਗੁਸਾਈਂ (ਮਾਲਕ !) ਜਮ ਮਗਰੋਂ ਨਹੀਂ ਲਹਿੰਦਾ॥ ੪॥ ੯॥

ਵ੍ਯਾਖ੍ਯਾ--ਇਸ ਸ਼ਬਦ ਵਿਚ 'ਰਾਮ ਨਾਮ ਜਪ' ਦਾ ਉਪਦੇਸ਼ ਹੈ, ਪਰ ਜੀਵ ਦੀ ਮੌਤ ਤੇ ਉਸ ਦੇ ਜੀਵਾਤਮਾ ਦੇ ਇਕੱਲੇ ਟੁਰ ਜਾਣ ਦਾ ਨਕਸ਼ਾ ਖਿੱਚ ਕੇ ਸੰਸਾਰ ਮੋਹ ਵਿਚ ਫਸੇ ਰਹਿਕੇ ਰਾਮ ਨਾਮ ਤੋਂ ਗ਼ਾਫ਼ਲ ਰਹਿਣ ਦਾ ਫਲ ਜਮ ਦਾ ਜ਼ੁਲਮ ਬਾਰ ਬਾਰ ਵਰਤਦਾ ਰਹਿੰਦਾ ਦੱਸਿਆ ਹੈ ਕਿ ਬ੍ਰਿਤੀ ਵਿਚ ਵੈਰਾਗ ਆਵੇ, ਜਗਤ ਤੇ ਇਸ ਦੇ ਸੰਬੰਧਾਂ ਦੀ ਅਨਿਸਥਿਰਤਾ ਦਿੱਸੇ ਤੇ ਸਦਾ ਜਾਗਤੀ ਜੋਤ ਨਾਲ ਨਾਮ ਦੁਆਰਾ ਸੰਬੰਧ ਹੋਕੇ ਅਮਰ ਜੀਵਨ ਪ੍ਰਾਪਤ ਹੋਵੇ।

ਨਿਰੁਕ੍ਤ-ਤੇਲ, ਬੱਤੀ, ਦੀਵਾ, ਰੌਸ਼ਨੀ, ਉਸ ਦਾ ਬੁਝਣਾ, ਜੀਵ ਦੇ ਜੀਵਨ ਦੇ ਅੰਤ ਮੁੱਕ ਜਾਣ ਦਾ ਦ੍ਰਿਸ਼ਟਾਂਤ ਹੈ, ਇਸ ਪਰ ਦਾਨਿਆਂ ਨੇ ਵੇਰਵੇ ਵਿਚ ਲਛਣਾਂ ਬ੍ਰਿਤੀ ਤੋਂ ਜੋ ਅਰਥ ਲਏ ਹਨ ਜ਼ਰਾ ਜ਼ਰਾ ਫਰਕਵੇਂ ਹਨ। ਯਥਾ:-

ਮੰਦਰੁ-ਸਰੀਰ।

ਦੀਵਾ-ਅੰਤਹਕਰਣ। (ਅ) ਪ੍ਰਾਣ। (ੲ) ਸਰੀਰ।

ਤੇਲ-ਪਰਾਰਬਧ। (ਅ) ਪ੍ਰਾਣ। (ੲ) ਸੁਆਸ।

ਬਤੀ-ਆਸ। (ਅ) ਬ੍ਰਿਤੀ। (ੲ) ਅੰਤਹਕਰਣ। (ਸ) ਉਮਰਾ।

ਇਨ੍ਹਾਂ ਵੇਰਵਿਆਂ ਵਿਚ ਫਰਕਾਂ ਦੇ ਹੁੰਦਿਆਂ ਮਤਲਬ ਇਕੋ ਹੈ ਕਿ ਜੀਵ ਦੇ ਜੀਉਂਦਿਆਂ ਸਾਰੇ ਪਏ ਅਪਣੇ ਪ੍ਰਤੀਤ ਦੇਂਦੇ ਹਨ ਪਰ ਮਰ ਗਿਆਂ ਸਰੀਰ ਹੀ ਸੁੰਞਾ ਹੋ ਜਾਂਦਾ ਹੈ ਤਦ ਅਪਣੱਤ ਕੋਈ ਨਹੀਂ ਫੁਰਦੀ ਤੇ ਸੰਬੰਧੀਆਂ ਨੂੰ ਬੀ ਸਰੀਰ ਸਸਕਾਰਣ ਯਾ ਦੱਬਣ ਦੀ ਕਾਹਲ ਪੈਂਦੀ ਹੈ, ਮਾਨੋਂ ਉਹਨਾਂ ਦੀ ਅਪਣਤ ਬੀ ਉੱਕੀ ਟੁੱਟ ਜਾਂਦੀ ਹੈ।

ਠਹਰਾਨੀ-ਠਹਿਰ ਗਈ, ਖੜੋ ਗਈ, ਬੁਝ ਗਈ।

ਸੋਈ-ਉਹੋ। ਸੈਨਤ ਇਹ ਜਾਪਦੀ ਹੈ ਕਿ ਜਿਸ ਬਾਬਤ ਤੈਨੂੰ ਉਪਦੇਸ਼ ਕੀਤਾ ਹੈ। ਦੂਸਰੇ ਧੁਨੀ ਇਹ ਬੀ ਨਿਕਲ ਸਕਦੀ ਹੈ ਕਿ ਹੁਣ ਤੇਰਾ 'ਉਹੋ' ਰਾਮ ਹੀ ਆਸਰਾ ਹੋ ਸਕਦਾ ਹੈ, ਜਿਸ ਦੇ ਜਪਣ ਦਾ ਉਪਦੇਸ਼ ਦਿਤਾ ਹੈ।

ਕਾਕੀ-ਕਿਸ ਦਾ।

ਜੋਈ- [ਹਿੰਦੀ] ਜੋਇ। ਜੋਰੂ। ਇਸਤ੍ਰੀ।

ਘਟ-ਘੜਾ, ਭਾਵ ਹੈ ਸਰੀਰ।

ਦੇਹੁਰੀ-ਦਹਲੀਜ਼। ਮੁਹਾਠ।

ਖਟੀਆ-ਮੰਜੀ।

ਲਟ- [ਸੰਸ:, ਲਟ੍ਵਾਂ] ਕੇਸਾਂ ਦੀ ਲਟ, ਵਾਲ।

ਲਟ ਛਿਟਕਾਏ-ਕੇਸ ਖਿਲਾਰਕੇ।

ਤਿਰੀਆ-ਇਸਤ੍ਰੀ।

ਹੰਸੁ-ਜੀਵਾਤਮਾ। ਰੂਹ।

[ਆਸਾ ਕਬੀਰ ਜੀ, ਚਉਪਦਾ-੧੦]

੧ਓ ਸਤਿਗੁਰ ਪ੍ਰਸਾਦਿ ॥ ਆਸਾ ਸ੍ਰੀ ਕਬੀਰ ਜੀਉ ਕੇ ਚਉਪਦੇ ਇਕਤੁਕੇ ॥

ਪ੍ਰਾਕ੍ਕਥਨ-ਨਿਰਾ ਅੰਤ ਲੈਣ ਲਈ ਘੋਖਾਂ ਪ੍ਰਭੂ ਪ੍ਰਾਪਤੀ ਨਹੀਂ ਕਰਾਉਂਦੀਆਂ, ਹਰੀ ਦਾ ਨਾਮ ਪ੍ਰਭੂ ਪ੍ਰਾਪਤੀ ਕਰਾ ਦੇਂਦਾ ਹੈ।

ਮੂਲ	ਅਰਥ
ਸਨਕ ਸਨੰਦ ਅੰਤੁ ਨਹੀ ਪਾਇਆ ॥ ਬੇਦ ਪੜੇ ਪੜਿ ਬ੍ਰਹਮੇ ਜਨਮੁ ਗਵਾਇਆ ॥੧॥	(ਬ੍ਰਹਮਾਂ ਦੇ ਪੁਤਰਾਂ) ਸਨਕ ਸਨੰਦਨ (ਸਨਤ ਕੁਮਾਰ ਤੇ ਸਨਾਤਨ) ਨੇ (ਪਰਮਾਤਮ ਦੇਵ ਦਾ) ਅੰਤ ਨਹੀਂ ਪਾਇਆ। ਬ੍ਰਹਮਾ ਨੇ ਬੀ ਵੇਦ ਪੜ੍ਹ ਪੜ੍ਹਕੇ (ਅੰਤ ਲੈਣ ਲਈ ਜਤਨ ਕੀਤਾ, ਪਰ) ਜਨਮ ਹੀ ਗਵਾ ਲਿਆ (ਸਾਰੀ ਉਮਰ ਖਰਚ ਹੋ ਗਈ, ਅੰਤ ਨਾ ਮਿਲਿਆ*) ॥ ੧ ॥
ਹਰਿ ਕਾ ਬਿਲੋਵਨਾ ਬਿਲੋਵਹੁ ਮੇਰੇ ਭਾਈ ॥ ਸਹਜਿ ਬਿਲੋਵਹੁ ਜੈਸੇ ਤਤੁ ਨ ਜਾਈ ॥੧॥ ਰਹਾਉ ॥	ਹੇ ਮੇਰੇ ਭਾਈ ! (ਜੇ ਅੰਤ ਲੈਣਾ ਛੱਡਕੇ ਅੰਮ੍ਰਿਤ ਦੀ ਇੱਛਾ ਹੈ ਤਾਂ) ਹਰੀ ਦਾ ਰਿੜਕਨਾ ਰਿੜਕੋ, (ਪਰ) ਸਹਜ ਵਿਚ ਰਹਿਕੇ ਰਿੜਕੋ ਜਿਸ ਤਰ੍ਹਾਂ ਕਿ ਤਤ (ਰੂਪੀ ਮੱਖਣ) ਗੁਆਚ ਨ ਜਾਵੇ ॥ ੧ ॥ ਰਹਾਉ ॥
ਤਨੁ ਕਰਿ ਮਟੁਕੀ ਮਨ ਮਾਹਿ ਬਿਲੋਈ ॥ ਇਸੁ ਮਟੁਕੀ ਮਹਿ ਸਬਦੁ ਸੰਜੋਈ ॥੨॥	(ਇਸ ਆਪਣੇ) ਸਰੀਰ ਨੂੰ ਚਾਟੀ ਬਣਾਓ, (ਉਸ ਮਾਂਹਿ=) ਵਿਚ ਮਨ ਨੂੰ ਮਧਾਣੀ (ਬਣਾਕੇ ਪਾਓ); ਇਸ ਮਟਕੀ ਵਿਚ ਹਰੀ ਨਾਮ (ਰੂਪੀ ਦਹੀ) ਸਿੰਜਣਾ ਕਰੋ (ਭਾਵ ਪਾ ਦਿਓ) ॥ ੨ ॥
ਹਰਿ ਕਾ ਬਿਲੋਵਨਾ ਮਨ ਕਾ ਬੀਚਾਰਾ॥ ਗੁਰ ਪ੍ਰਸਾਦਿ ਪਾਵੈ ਅੰਮ੍ਰਿਤ ਧਾਰਾ ॥੩॥	(ਫਿਰ ਇਹ) ਹਰੀ (ਨਾਮ) ਦਾ ਬਿਲੋਵਨਾ ਮਨ ਦੇ ਬੀਚਾਰ ਵਾਲਾ ਗੁਰੂ ਦੀ ਮਿਹਰ ਦੁਆਰਾ ਅੰਮ੍ਰਿਤ ਧਾਰਾ (ਨਾਮ ਦਾ ਰਸ) ਪ੍ਰਾਪਤ ਕਰੇਗਾ ॥ ੩ ॥
ਕਹੁ ਕਬੀਰ ਨਦਰਿ ਕਰੇ ਜੇ ਮੀਰਾ ॥ ਰਾਮ ਨਾਮ ਲਗਿ ਉਤਰੇ ਤੀਰਾ ॥੪॥੧॥੧੦॥	ਕਬੀਰ ਜੀ ਆਖਦੇ ਹਨ ਕਿ ਜੇ (ਵਾਹਿਗੁਰੂ) ਪਾਤਸ਼ਾਹ ਮੇਹਰ ਦੀ ਦ੍ਰਿਸ਼ਟੀ ਪਾਵੇ ਤਾਂ (ਜੀਵ) ਰਾਮ ਨਾਮ ਨੂੰ ਲਗਕੇ (ਭਵ ਸਾਗਰ ਦੇ ਪਾਰਲੇ) ਕੰਢੇ ਜਾ ਉਤਰਦਾ ਹੈ (ਭਾਵ ਮੁਕਤ ਹੋ ਜਾਂਦਾ ਹੈ) ॥ ੪ ॥ ੧ ॥ ੧੦ ॥

ਵਯਾਖਯਾ-ਅੰਕ ੧-ਬ੍ਰਹਮਾ ਕਿ ਉਸ ਦੇ ਪੁਤ੍ਰਾਂ ਦੀ ਨਿੰਦਾ ਨਹੀਂ ਹੈ, ਉਨ੍ਹਾਂ ਦੇ ਕੀਤੇ ਤਜਰਬੇ ਤੋਂ ਲਾਭ ਲਿਆ ਹੈ ਕਿ ਹਰੀ ਦਾ ਅੰਤ ਲੈਣ ਵਿਚ ਓਹ ਕਾਮਯਾਬ ਨਾ ਹੋਏ। ਕਾਰਣ ਏਥੇ ਨਹੀਂ ਦੱਸਿਆ ਪਰ ਹੋਰ ਥਾਈਂ ਦੱਸਿਆ ਹੈ ਕਿ ਬੇਅੰਤ ਦਾ ਅੰਤ ਅੰਤ ਵਾਲੀ ਬੁੱਧੀ ਨਹੀਂ ਪਾ ਸਕਦੀ।

ਰਹਾਉ-ਹੁਣ ਪ੍ਰਾਪਤੀ ਦਾ ਤਰੀਕਾ ਦੱਸਦੇ ਹਨ; ਉਹ ਹੈ ਨਾਮ ਸਿਮਰਨ। ਪਰ ਨਾਮ ਸਿਮਰਨ ਸਹਜ ਨਾਲ ਕਰਨਾ ਦੱਸਦੇ ਹਨ। ਕੋਈ ਸ਼ੱਕ ਨਾ ਰਹਿ ਜਾਵੇ, ਇਸ ਕਰਕੇ 'ਤਤੁ ਨ ਜਾਈ' ਆਖ ਕੇ ਇਕ ਹੋਰ ਲੁਪਤ ਮਿਸਾਲ ਦੇ ਦਿੱਤੀ ਹੈ ਕਿ ਸੁਆਣੀ ਜੇ ਦਹੀਂ ਨੂੰ ਜ਼ੋਰ ਨਾਲ ਰਿੜਕੇ ਤਾਂ ਮੱਖਣ ਆ

* ਬ੍ਰਹਮੇ ਦੇ ਅੰਤ ਲੈਣ ਦੀ ਸਾਖੀ ਪਿਛੇ ਲਿਖ ਆਏ ਹਾਂ ਦੇਖੋ ਪੰਨਾ ੨੨੧੪।

ਆਕੇ ਫੇਰ ਵਿਚੇ ਰਲ ਜਾਂਦਾ ਹੈ, ਜੇ ਉਹ ਸਹਜ ਨਾਲ ਰਿੜਕਦੀ ਹੈ ਤਾਂ ਮੱਖਣ ਨਿੱਤਰ ਆਉਂਦਾ ਹੈ, ਉਸ ਦਾ ਪੇੜਾ ਵੱਟਕੇ ਫੇਰ ਲੱਸੀ ਵਿਚ ਬੀ ਧਰੇ ਤਾਂ ਉਹ ਮੁੜਕੇ ਲੱਸੀ ਵਿਚ ਨਹੀਂ ਰਲਦਾ।

ਅੰਕ ੨-ਹੁਣ ਆਪਣੇ ਦ੍ਰਿਸ਼ਟਾਂਤ ਨੂੰ ਆਪ ਖੋਹਲਦੇ ਹਨ ਕਿ ਹਰੀ ਦਾ ਰਿੜਕਨ ਤੋਂ ਕੀਹ ਮੁਰਾਦ ਹੈ। ਮਟਕੀ ਤੋਂ ਮੁਰਾਦ ਹੈ ਇਨਸਾਨੀ ਸਰੀਰ, ਮਨ ਨੂੰ ਬਣਾਓ ਮਧਾਣੀ, ਤੇ ਇਸ ਵਿਚ ਸ਼ਬਦ (=ਨਾਮ) ਪਾਓ ਦਹੀਂ ਦੀ ਥਾਵੇਂ।

ਅੰਕ ੩ ਵਿਚ ਦੱਸਦੇ ਹਨ ਕਿ ਹਰੀ ਦਾ ਇਹ ਬਿਲੋਵਨਾ ਮਨ ਦੇ ਸਿਮਰਨ ਨਾਲ ਮਨ ਦੇ ਵੀਚਾਰ ਵਾਲਾ ਹੋਵੇ। ਜਿਸ ਸ਼ਬਦ ਦਾ ਸਿਮਰਨ ਕਰ ਰਹੇ ਹੋ, ਉਸ ਦਾ ਅਰਥ ਕੀ ਹੈ? ਉਸ ਵਿਚ ਤੁਹਾਡੀ ਭਾਵਨਾ ਹੋਵੇ, ਭਾਵ ਉਸ ਦੇ ਅਰਥ ਵਿਚ ਗਜਾਤ ਹੋਵੇ, ਅਰਥਾਤ ਜਦ 'ਵਾਹਿਗੁਰੂ' ਸ਼ਬਦ ਦਾ ਸਿਮਰਨ ਕਰੋ ਤਾਂ ਤੁਹਾਡੀ ਵੀਚਾਰ ਵਿਚ ਹੋਵੇ ਕਿ ਇਹ ਨਾਮ ਅਕਾਲ ਪੁਰਖ ਜੋਤੀ ਸਰੂਪ ਮੇਰੇ ਪੂਜਜ ਪਰਮਾਤਮਾ ਦਾ ਹੈ। ਜਿਵੇਂ ਕੋਈ ਅੰਗ੍ਰੇਜ਼ ਨੂੰ 'ਗਾਡ' ਕਹੇ ਤਾਂ ਉਸ ਦਾ ਧਜਾਨ ਪਰਮੇਸ਼ੁਰ ਵਲ ਜਾਏਗਾ, ਪਰ ਜੇ ਕਸ਼ਮੀਰੀ ਨੂੰ 'ਗਾਡ' ਆਖੋ ਤਾਂ ਉਸ ਦਾ ਧਜਾਨ ਮੱਛੀ ਵਲ ਜਾਏਗਾ, ਕਿਉਂਕਿ ਅੰਗ੍ਰੇਜ਼ੀ ਵਿਚ 'ਗਾਡ' ਦਾ ਅਰਥ ਪਰਮੇਸ਼ੁਰ ਹੈ ਤੇ ਕਸ਼ਮੀਰੀ ਵਿਚ ਮੱਛੀ। ਇਹੋ ਗੱਲ ਯੋਗ ਦਰਸ਼ਨ ਵਿਚ ਲਿਖੀ ਹੈ:- ''ਤਤ੍ਜਪਸਤਦਰ੍ਥ ਭਾਵਨੰ'' ਕਿ ਨਾਮ ਦਾ ਜਪ ਕਰੋ ਉਸ ਦੇ ਅਰਥ ਵਿਚ ਭਾਵਨਾ ਧਾਰਨ ਕਰਕੇ।

ਜੇ ਅਰਥ ਕਰੀਏ ਕਿ (ਸ਼ਬਦ=) ਗੁਰੂ ਦੇ ਉਪਦੇਸ਼ ਦਾ ਵੀਚਾਰ ਕਰਨਾ ਮਨ ਦਾ ਬਿਲੋਵਨਾ ਹੈ ਤਾਂ ਅਪ੍ਰਸੰਗਕ ਹੋ ਜਾਏਗਾ, ਕਿਉਂਕਿ ਅੰਤਲੀ ਤੁਕ ਵਿਚ ਸ੍ਰੀ ਕਬੀਰ ਜੀ ਸ਼ਬਦ ਦਾ ਭਾਵ 'ਨਾਮ' ਆਪ ਖੋਹਲ ਰਹੇ ਹਨ:- 'ਰਾਮ ਨਾਮ ਲਗਿ ਉਤਰੇ ਤੀਰਾ ॥ ''

ਨਿਰੁਕ੍ਤ-ਸਨਕ, ਸਨੰਦ, ਬ੍ਰਹਮਾ-ਪਿਛੇ ਵਜਾਖਜਾ ਆ ਚੁਕੀ ਹੈ, ਦੇਖੋ ਪੰਨਾ ੨੦੦੬।

ਬਿਲੋਵਨਾ- [ਸੰਸ:, ਵਿਲੋਡਨੰ] ਰਿੜਕਨਾ, ਮਥਨਾ। ਭਾਵ ਹੈ ਨਾਮ ਦਾ ਵਾਰੰਵਾਰ ਉਚਾਰਨਾ ਯਾ ਮਨ ਵਿਚ ਵਾਰੰਵਾਰ ਸਿਮਰਨਾ।

ਮਟੁਕੀ-ਚਾਟੀ, ਜਿਸ ਵਿਚ ਲੱਸੀ ਰਿੜਕੀ ਦੀ ਹੈ।

ਬਿਲੋਈ-ਜਿਸ ਨਾਲ ਰਿੜਕੀਏ, ਸੋ ਮਧਾਣੀ।

ਸੰਜੋਈ-ਸਿੰਜਰਣ ਕਰੋ, ਕੱਠੀ ਕਰੋ, ਭਾਵ ਹੈ ਪਾਓ।

ਮੀਰਾ- [ਅ਼:, ਮੀਰ, ਅਮੀਰ] ਪਾਤਸ਼ਾਹ। ਭਾਵ ਹੈ ਵਾਹਿਗੁਰੂ।

ਤੀਰਾ-ਕਿਨਾਰਾ। ਕਿਨਾਰੇ ਤੇ। ਪਾਰਲੇ ਕਿਨਾਰਾ, ਭਾਵ ਹੈ ਭਵ ਸਾਗਰ ਤੋਂ ਪਾਰ।

[ਆਸਾ ਕਬੀਰ ਜੀ, ਚਉਪਦਾ-੧੧]

ਪ੍ਰਾਕ੍ਥਨ-ਮਨੋ ਵਾਸ਼ਨਾ ਤੇ ਸਰੀਰਕ ਵਿਕਾਰਾਂ ਦਾ ਦੂਰ ਕਰਨਾ ਪ੍ਰਭੂ ਪ੍ਰਾਪਤੀ ਦਾ ਵਸੀਲਾ ਹੈ।

ਮੂਲ	ਅਰਥ
ਆਸਾ॥ਬਾਤੀ ਸੂਕੀ ਤੇਲੁ ਨਿਖੂਟਾ ॥ ਮੰਦਲੁ ਨ ਬਾਜੈ ਨਟੁ ਪੈ ਸੂਤਾ ॥੧॥	ਵੱਟੀ ਸੁੱਕ ਗਈ, ਤੇਲ ਮੁੱਕ ਗਿਆ, ਢੋਲ ਨਹੀਂ ਵੱਜ ਰਿਹਾ, ਸ੍ਵਾਂਗੀ (ਲੰਮਾ) ਪੈਕੇ ਸੌਂ ਗਿਆ ਹੈ॥ ੧॥

ਬੁਝਿ ਗਈ ਅਗਨਿ ਨ ਨਿਕਸਿਓ ਧੂੰਆ ॥ ਰਵਿ ਰਹਿਆ ਏਕੁ ਅਵਰੁ ਨਹੀ ਦੂਆ ॥੧॥ ਰਹਾਉ ॥	ਅੱਗ ਬੁਝ ਗਈ, (ਐਸੀ ਚੁਪ ਚਾਪ ਬੁਝੀ ਕਿ) ਧੂੰਆਂ ਬੀ ਨਾ ਨਿਕਲਿਆ। (ਹੁਣ ਸਾਰੇ) ਰਵ ਰਿਹਾ ਇਕੋ ਹਰੀ ਦਿੱਸਦਾ ਹੈ, ਹੋਰ (ਕੋਈ) ਦੂਜਾ ਨਹੀਂ (ਦਿੱਸਦਾ)॥ ੧॥ ਰਹਾਉ॥
ਟੂਟੀ ਤੰਤੁ ਨ ਬਜੈ ਰਬਾਬੁ ॥ ਭੂਲਿ ਬਿਗਾਰਿਓ ਅਪਨਾ ਕਾਜੁ ॥੨॥	ਤਾਰ ਟੁੱਟ ਗਈ ਹੈ, ਰਬਾਬ (ਹੁਣ) ਨਹੀਂ ਵਜਦਾ। (ਜੋ ਉਪਰਲੀ ਦੱਸੀ ਪ੍ਰਕ੍ਰਿਆ ਤੋਂ) ਖੁੰਝ ਗਏ (ਉਨ੍ਹਾਂ ਨੇ) ਆਪਣਾ ਕੰਮ ਵਿਗਾੜ ਲਿਆ ਹੈ॥ ੨॥
ਕਥਨੀ ਬਦਨੀ ਕਹਨੁ ਕਹਾਵਨੁ ॥ ਸਮਝਿ ਪਰੀ ਤਉ ਬਿਸਰਿਓ ਗਾਵਨੁ ॥੩॥	ਮੂੰਹੋਂ ਕਥਾ ਕਰਨੀਆਂ, ਕਹਿਣਾ ਕਹਾਉਣਾ ਤੇ ਗਾਉਣਾ ਜਦ ਸਮਝ ਪੈ ਗਈ ਤਾਂ (ਸੱਭੋ ਕੁਛ) ਭੁੱਲ ਜਾਂਦਾ ਹੈ॥ ੩॥
ਕਹਤ ਕਬੀਰ ਪੰਚ ਜੋ ਚੂਰੇ ॥ ਤਿਨ ਤੇ ਨਾਹਿ ਪਰਮ ਪਦੁ ਦੂਰੇ ॥੪॥੨॥੧੧॥	ਕਹਿੰਦੇ ਹਨ ਕਬੀਰ ਜੀ ਜੋ ਪੰਜਾਂ ਨੂੰ ਦਲ ਸੁੱਟਦੇ ਹੈਨ, ਉਨ੍ਹਾਂ ਤੋਂ ਪਰਮ ਪਦ ਦੂਰ ਨਹੀਂ ਰਹਿ ਜਾਂਦਾ॥ ੪॥ ੨॥ ੧੧॥

ਵਜਾਖਜਾ-ਸਰਸਰੀ ਪੜ੍ਹਦਿਆਂ ਐਉਂ ਲਗਦਾ ਹੈ ਕਿ ਭਗਤ ਜੀ ਕਿਸੇ ਰਾਸਧਾਰੀਏ ਨੂੰ ਨਟ ਕਹਿਕੇ ਉਸ ਦੀ ਮੌਤ ਤੇ ਉਸ ਦੀ ਜੀਵਨ ਨਿਸ਼ਫਲਤਾ ਦਿਖਾ ਰਹੇ ਹਨ। ਪਰ ਕਥਨੀ ਬਦਨੀ ਕਹਿਨ ਕਹਾਵਨ ਤੁਕ ਤੋਂ ਭਰਮ ਪੈਂਦਾ ਹੈ ਕਿ ਕਿਸੇ ਵਾਚਾਲ ਗਜਾਨੀ ਦੇ ਮਰਨੇ ਤੇ ਜਗਤ ਅਨਸਿਥਰਤਾ ਦਿਖਾਕੇ ਉਪਦੇਸ਼ ਦੇ ਰਹੇ ਹਨ। ਤੇਲ ਦਾ ਮੁੱਕਣਾ ਤੇ ਵੱਟੀ ਦਾ ਸੁਕਣਾ ਆਦਿ ਪਦ ਪਿਛਲੇਰੇ ਸ਼ਬਦ ੯ ਤੇ ਇਸ ਸ਼ਬਦ ੧੧ ਵਿਚ ਇਕਸਾਰਤਾ ਦਾ ਖਿਆਲ ਦੇ ਜਾਂਦੇ ਹਨ, ਪਰ ਅਖੀਰਲਾ ਅੰਕ ੪, ਜਿਸ ਵਿਚ 'ਨਾਹਿ ਪਰਮ ਪਦ ਦੂਰੇ' ਕਿਹਾ ਹੈ, ਤੋਂ ਪਤਾ ਚਲਦਾ ਹੈ ਕਿ ਇਸ ਸ਼ਬਦ ਦੀ ਬੁਝਾਰਤ ਦਾ ਭਾਵ ਵਿਧੀ ਪੱਖ ਵਿਚ ਹੈ। ਸਰੀਰ ਤੇ ਮਨ ਦੀਆਂ ਮਾੜੀਆਂ ਖ਼ਸਲਤਾਂ ਤੇ ਵਹਿਬਤਾਂ ਬਦਲ ਗਈਆਂ ਹਨ ਤੇ ਓਹ ਪਰਮਪਦ ਨੂੰ ਪਹੁੰਚ ਗਿਆ ਹੈ, ਉਸ ਦਾ ਵਰਣਨ ਹੈ। ਇਸ ਗਲ ਦੀ ਪ੍ਰੌਢਤਾ ਫੇਰ ਤੁਕ 'ਰਵਿ ਰਹਿਆ ਏਕੁ ਅਵਰੁ ਨਹੀ ਦੂਆ' ਤੋਂ ਹੋ ਜਾਂਦੀ ਹੈ। ਹੁਣ ਜੇ ਅਸੀਂ ਕਬੀਰ ਜੀ ਦੇ ਇਸੇ ਰਾਗ ਦੇ ਇਕ ਹੋਰ ਸ਼ਬਦ ਨੂੰ, ਜਿਸ ਦਾ ਅੰਗ ੨੮ ਹੈ, ਲੈ ਲਈਏ ਤਾਂ ਇਹ ਗਲ ਨਿਸਚਿਤ ਹੋ ਜਾਂਦੀ ਹੈ, ਉਹ ਸ਼ਬਦ ਇਹ ਹੈ:-

> ਜਉ ਮੈ ਰੂਪ ਕੀਏ ਬਹੁਤੇਰੇ ਅਬ ਫੁਨਿ ਰੂਪੁ ਨ ਹੋਈ॥ ਤਾਗਾ ਤੰਤੁ ਸਾਜੁ ਸਭੁ ਥਾਕਾ ਰਾਮ ਨਾਮ ਬਸਿ ਹੋਈ॥੧॥ਅਬ ਮੋਹਿ ਨਾਚਨੋ ਨ ਆਵੈ॥ ਮੇਰਾ ਮਨੁ ਮੰਦਰੀਆ ਨ ਬਜਾਵੈ ॥੧॥ ਰਹਾਉ॥ ਕਾਮੁ ਕ੍ਰੋਧੁ ਮਾਇਆ ਲੈ ਜਾਰੀ ਤ੍ਰਿਸਨਾ ਗਾਗਰਿ ਫੂਟੀ॥ ਕਾਮ ਚੋਲਨਾ ਭਇਆ ਹੈ ਪੁਰਾਨਾ ਗਇਆ ਭਰਮੁ ਸਭੁ ਛੂਟੀ॥ ੨॥ ਸਰਬ ਭੂਤ ਏਕੈ ਕਰਿ ਜਾਨਿਆ ਚੂਕੇ ਬਾਦ ਬਿਬਾਦਾ॥ ਕਹਿ ਕਬੀਰ ਮੈ ਪੂਰਾ ਪਾਇਆ ਭਏ ਰਾਮ ਪਰਸਾਦਾ॥ ੩॥ ੬॥ ੨੮॥

ਹੁਣ ਸ਼ਬਦ ੧੧ ਦਾ ਭਾਵ ਸਪਸ਼ਟ ਹੋ ਗਿਆ। ਇਸ ਸ਼ਬਦ ਦੇ ਚਾਨਣੇ ਦੀ ਮਦਦ ਨਾਲ ਇਸ ਦੇ ਅਰਥ ਭਾਵ ਐਉਂ ਖੁੱਲ੍ਹਦੇ ਹਨ:-

ਬ੍ਰਿਤੀਆਂ ਦਾ ਵਾਸ਼ਨਾ ਰੂਪੀ ਫੈਲਾਉ ਮੁੱਕ ਗਿਆ ਹੈ, (ਇਨ੍ਹਾਂ ਦਾ ਸਹਾਈ ਮੋਹ ਰੂਪੀ) ਤੇਲ ਮੁੱਕ ਗਿਆ ਹੈ। (ਹੁਣ ਰਾਗ ਦ੍ਵੈਖ ਦਾ ਦੋਪੁੜਾ) ਢੋਲ ਨਹੀਂ ਵੱਜਦਾ, (ਕਿਉਂਕਿ ਵਜਾਉਣ ਵਾਲਾ ਮਨ ਰੂਪੀ)*

* ਮੁਕਾਬਲਾ ਕਰੋ ਉਪਰਲੇ ੨੮ ਅੰਕ ਦੇ ਸ਼ਬਦ ਦੀਆਂ ਤੁਕਾਂ ਨਾਲ:-ਮੇਰਾ ਮਨੁ ਮੰਦਰੀਆ ਨ ਬਜਾਵੈ॥ ਪੁਨਾ-ਅਬ ਮੋਹਿ ਨਾਚਨੋ ਨ ਆਵੈ॥

ਨਟ* ਲੰਮਾ ਪੈਕੇ ਸੌਂ ਗਿਆ ਹੈ †, (ਭਾਵ ਰਾਗ ਦ੍ਵੈਖ ਵਲੋਂ ਬੇਖਬਰ ਹੋ ਗਿਆ ਹੈ)॥ ੧॥

(ਤ੍ਰਿਸ਼ਨਾ ਰੂਪੀ) ਅੱਗ ਬੁਝ ਗਈ ਹੈ ‡ (ਐਸੀ ਕਿ ਫੁਰਨੇ ਰੂਪੀ) ਧੂੰਆਂ ਉਠਦਾ ਹੀ ਨਹੀਂ। (ਇਸ ਤਰ੍ਹਾਂ ਅੰਦਰੋਂ ਗ਼ੈਰੀਯਤ ਦੇ ਦੂਰ ਹੋ ਜਾਣ ਨਾਲ ਅਨੁਭਵ ਹੋ ਆਇਆ ਹੈ ਕਿ ਸਾਰੇ) ਇਕੋ (ਪਰਮਾਤਮ ਦੇਵ) ਰਵ ਰਿਹਾ ਹੈ ਹੋਰ ਕੋਈ ਦੂਸਰਾ ਹੈ ਹੀ ਨਹੀਂ§ ॥ ੧॥ ਰਹਾਉ॥

(ਜਦ ਵਾਸ਼ਨਾ ਰੂਪੀ) ਤਾਰ ਹੀ ਤ੍ਰੁਟ ਗਈ (ਤਦ ਵਿਕਾਰਾਂ ਰੂਪੀ) ਰਬਾਬ ਵੱਜ ਹੀ ਨਹੀਂ ਸਕਦਾ **। (ਹੁਣ ਤਾਈਂ ਜੋ ਪਰਮ ਪਦ ਦੀ ਪ੍ਰਾਪਤੀ ਦਾ) ਆਪਣਾ ਕੰਮ (ਜੀਵ ਨੇ) ਵਿਗਾੜਿਆ ਸੀ (ਉਹ) ਭੁੱਲ ਵਿਚ ਪੈਕੇ ਵਿਗਾੜਿਆ ਸੀ॥ ੨॥

(ਹੁਣ ਜਦ) ਸਮਝ ਪੈ ਗਈ ਹੈ ਤਾਂ (ਉਹ ਮਾਯਕ ਵਾਸ਼ਨਾਵਾਂ ਵਾਲਾ) ਗਾਉਣਾ (ਵਜਾਉਣਾ) ਭੁੱਲ ਗਿਆ ਹੈ, (ਨਾਲ ਹੀ ਭੁੱਲ ਗਿਆ ਹੈ) ਜ਼ਬਾਨੀ ਜ਼ਬਾਨੀ ਕਥਾ ਕਰਨੀਆਂ ਤੇ (ਪਰਮਾਰਥਕ) ਗੱਲਾਂ ਗੱਪਾਂ ਮਾਰਨੀਆਂ †† (ਆਦਿ)॥ ੩॥

ਕਹਿੰਦੇ ਹਨ ਕਬੀਰ ਜੀ, ਜੋ ਪੰਜ (ਕਾਮ ਕ੍ਰੋਧ ਆਦਿ) ਨੂੰ ਦਲ ਸਿੱਟਣਗੇ ਉਨ੍ਹਾਂ ਤੋਂ ਪਰਮ ਪਦ ਦੂਰ ਨਹੀਂ ਰਹੇਗਾ ‡‡॥ ੪॥ ੨॥ ੧੧॥

ਨਿਰੁਕ-ਮੰਦਲੁ- [ਸੰਸ:, ਮ੍ਰਿਦੰਗ:] ਢੋਲ। ਇਕ ਪ੍ਰਕਾਰ ਦਾ ਛੋਟਾ ਤੇ ਲੰਮੇਰਾ ਢੋਲ।

ਨਟੁ- [ਸੰਸ:, ਨਟ:] ਨਾਟ ਕਰਨੇ ਵਾਲਾ। ਸ੍ਵਾਂਗੀ। ਨਾਚਾ। ਯਥਾ:-

ਜਉ ਮੈ ਰੂਪ ਕੀਏ ਬਹੁਤੇਰੇ॥ [ਆਸਾ ਕਬੀਰ ਜੀ-੨੮]

ਪੈ ਸੂਤਾ-ਪੈਕੇ ਸੌਂ ਗ੍ਰਿਆ। ਲੰਮਾ ਪੈਕੇ ਸੌਂ ਗਿਆ।

ਪੰਚ-ਪੰਜ। ਭਾਵ ਹੈ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ।

ਪਰਮ ਪਦੁ- ਵਾਹਿਗੁਰੂ ਪ੍ਰਾਪਤੀ ਦਾ ਦਰਜਾ। ਯਥਾ:-

ਕਹਿ ਕਬੀਰ ਮੈ ਪੂਰਾ ਪਾਇਆ॥ [ਆਸਾ ਕਬੀਰ ਜੀ-੨੮]

[ਆਸਾ ਕਬੀਰ ਜੀ, ਚਉਪਦਾ-੧੨]

ਪ੍ਰਾਕ੍ਥਨ-ਬੇਨਤੀ ਕੀਤੀ ਹੈ, ਨਾਮ ਤੇ ਕੀਰਤੀ ਮੰਗੀ ਹੈ।

ਮੂਲ	ਅਰਥ
ਆਸਾ ॥ ਸੁਤੁ ਅਪਰਾਧ ਕਰਤ ਹੈ ਜੇਤੇ ॥ ਜਨਨੀ ਚੀਤਿ ਨ ਰਾਖਸਿ ਤੇਤੇ ॥੧॥	(ਰਹਾਉ ਤੋਂ ਅਰਥ ਕਰਨਾ ਹੈ) ਹੇ ਰਾਮ ! ਮੈਂ ਤੇਰਾ ਬੱਚਾ ਹਾਂ, ਮੇਰਾ ਔਗੁਣ (ਤੂੰ) ਕਿਉਂ ਦੂਰ ਨਹੀਂ ਕਰ ਦੇਂਦਾ? (ਦੇਖੋ ਰਮਈਆ ਜੀਓ !) ਪੁਤ੍ਰ ਜਿੰਨੇ ਪਾਪ ਕਰਦਾ ਹੈ, ਮਾਤਾ ਉਤਨੇ (ਸਾਰੇ) ਚਿਤ ਵਿਚ ਨਹੀਂ ਰਖਦੀ (ਭਾਵ ਭੁਲਾ ਦੇਂਦੀ ਹੈ)॥ ੧॥
ਰਾਮਈਆ ਹਉ ਬਾਰਿਕੁ ਤੇਰਾ ॥ਕਾਹੇ ਨ ਖੰਡਸਿ ਅਵਗਨੁ ਮੇਰਾ ॥ ੧ ॥ ਰਹਾਉ॥	

* ਜਉ ਮੈ ਰੂਪ ਕੀਏ ਬਹੁਤੇਰੇ ਅਬ ਫੁਨਿ ਰੂਪੁ ਨ ਹੋਈ॥ † ਤਾਗਾ ਤੰਤੁ ਸਾਜੁ ਸਭੁ ਥਾਕਾ॥
‡ ਤ੍ਰਿਸਨਾ ਗਾਗਰਿ ਫੂਟੀ॥ § ਸਰਬ ਭੂਤ ਏਕੈ ਕਰਿ ਜਾਨਿਆ॥
** ਕਾਮ ਕ੍ਰੋਧ ਮਾਇਆ ਲੈ ਜਾਰੀ.....॥ ਕਾਮ ਚੋਲਨਾ ਭਇਆ ਹੈ ਪੁਰਾਨਾ.....॥
††ਚੂਕੇ ਬਾਦ ਬਿਬਾਦਾ॥ ‡‡ ਕਹਿ ਕਬੀਰ ਮੈ ਪੂਰਾ ਪਾਇਆ ਭਏ ਰਾਮ ਪਰਸਾਦਾਂ॥

ਜੇ ਅਤਿ ਕ੍ਰੋਪ ਕਰੇ ਕਰਿ ਧਾਇਆ ॥ ਤਾ ਭੀ ਚੀਤਿ ਨ ਰਾਖਸਿ ਮਾਇਆ ॥੨॥	ਜੇ (ਬੱਚਾ) ਬੜਾ ਗੁੱਸੇ ਹੋਕੇ (ਯਾ ਰੁੱਸਕੇ ਬੀ ਮਾਂ ਪਾਸੋਂ ਦੂਰ) ਨੱਠ ਜਾਵੇ ਤਾਂ ਭੀ ਮਾਂ (ਇਹ ਅਪ੍ਰਾਧ) ਚੇਤੇ ਨਹੀਂ ਰਖਦੀ ॥ ੨ ॥
ਚਿੰਤ ਭਵਨਿ ਮਨੁ ਪਰਿਓ ਹਮਾਰਾ ॥ ਨਾਮ ਬਿਨਾ ਕੈਸੇ ਉਤਰਸਿ ਪਾਰਾ ॥੩॥	ਮੇਰਾ ਮਨ ਚਿੰਤਾ ਦੀ ਘੁੰਮਣਘੇਰੀ ਵਿਚ ਪਿਆ ਹੋਇਆ ਹੈ ਕਿ ਨਾਮ ਤੋਂ ਬਿਨਾਂ (ਮੈਂ) ਪਾਰ ਕੀਕੂੰ ਉਤਰਾਂਗਾ ॥ ੩ ॥
ਦੇਹਿ ਬਿਮਲ ਮਤਿ ਸਦਾ ਸਰੀਰਾ ॥ ਸਹਜਿ ਸਹਜਿ ਗੁਨ ਰਵੈ ਕਬੀਰਾ ॥੪॥੩॥੧੨॥	(ਹੇ ਰਮਈਆ ! ਇਸ) ਸਰੀਰ ਨੂੰ (ਤੂੰ) ਉੱਜਲ ਬੁੱਧੀ ਦਾ ਦਾਨ ਸਦਾ ਕਰੀ ਰਖ, ਜੋ ਕਬੀਰ ਸਹਜ ਸਹਜੇ ਤੇਰੇ ਗੁਣ ਗਾਉਂਦਾ ਰਹੇ ॥ ੪ ॥ ੩ ॥ ੧੨ ॥

ਵ੍ਯਾਖ੍ਯਾ-ਸੁਗਮ ਹੈ।

ਨਿਰੁਕ੍ਤ-ਸੁਤੁ-ਪੁਤ੍ਰ। ਜਨਨੀ-ਮਾਤਾ।

ਨ ਖੰਡਸਿ-ਨਾਸ਼ ਨਹੀਂ ਕਰਦਾ, ਦੂਰ ਨਹੀਂ ਕਰ ਦੇਂਦਾ।

ਕ੍ਰੋਪ-ਗੁੱਸਾ। (ਅ) ਰੋਸਾ। ਮਾਇਆ-ਮਈਆ। ਮਾਂ।

ਚਿੰਤ ਭਵਨਿ-ਚਿੰਤਾ ਦੇ ਘਰ ਵਿਚ, ਪਰ ਮੁਰਾਦ ਹੈ ਚਿੰਤਾ ਰੂਪੀ ਭੰਵਰ ਯਾ ਘੁੰਮਣਘੇਰੀ ਵਿਚ।

ਬਿਮਲ-ਮੈਲ ਤੋਂ ਰਹਿਤ। ਸ੍ਵਛ। ਸ਼ੁੱਧ। ਸਰੀਰਾ-ਸਰੀਰ ਨੂੰ। ਇਨਸਾਨ ਨੂੰ। (ਅ) ਸਰੀਰ ਦਾ ਅਰਥ ਅੰਤਹਕਰਣ ਵਿਚ ਬੀ ਕਰਦੇ ਹਨ।

[ਆਸਾ ਕਬੀਰ ਜੀ, ਚਉਪਦਾ-੧੩]

ਆਸਾ ॥ ਹਜ ਹਮਾਰੀ ਗੋਮਤੀ ਤੀਰ ॥ ਜਹਾ ਬਸਹਿ ਪੀਤੰਬਰ ਪੀਰ ॥ ੧ ॥ ਵਾਹੁ ਵਾਹੁ ਕਿਆ ਖੂਬੁ ਗਾਵਤਾ ਹੈ ॥ ਹਰਿ ਕਾ ਨਾਮੁ ਮੇਰੈ ਮਨਿ ਭਾਵਤਾ ਹੈ ॥ ੧ ॥ ਰਹਾਉ ॥ ਨਾਰਦ ਸਾਰਦ ਕਰਹਿ ਖਵਾਸੀ ॥ ਪਾਸਿ ਬੈਠੀ ਬੀਬੀ ਕਵਲਾ ਦਾਸੀ ॥ ੨ ॥ ਕੰਠੇ ਮਾਲਾ ਜਿਹਵਾ ਰਾਮੁ ॥ ਸਹੰਸ ਨਾਮੁ ਲੈ ਲੈ ਕਰਉ ਸਲਾਮੁ ॥ ੩ ॥ ਕਹਤ ਕਬੀਰ ਰਾਮ ਗੁਨ ਗਾਵਉ ॥ ਹਿੰਦੂ ਤੁਰਕ ਦੋਊ ਸਮਝਾਵਉ ॥ ੪ ॥ ੪ ॥ ੧੩ ॥

ਇਸ ਸ਼ਬਦ ਦੇ ਅਰਥਾਂ ਲਈ ਦੇਖੋ ਅੱਗੇ ਵ੍ਯਾਖ੍ਯਾ, ਜਿਸ ਵਿਚ ਪੂਰਨ ਵਿਸਤਾਰ ਨਾਲ ਇਸ ਦਾ ਅਰਥ ਭਾਵ ਖੋਲ੍ਹਿਆ ਗਿਆ ਹੈ।

ਵ੍ਯਾਖ੍ਯਾ-ਇਸ ਸ਼ਬਦ ਦਾ ਭਾਵ ਬੀ ਲੱਛਣਾ ਬ੍ਰਿਤੀ ਆਦਿ ਦੁਆਰਾ ਕੁਛ ਪ੍ਰਹੇਲਕਾ ਵਾਙੂ ਥੋੜੇ ਯਤਨ ਨਾਲ ਸਮਝੇ ਪੈਣ ਵਾਲਾ ਹੈ। ਜੇਕਰ ਨਿਰੇ ਅਭਿਧਾ ਬ੍ਰਿਤੀ ਨਾਲ ਅਰਥ ਲਾਈਏ ਤਾਂ 'ਪੀਰ' ਪਦ ਤੋਂ ਸੰਭਾਵਨਾ ਹੁੰਦੀ ਹੈ ਕਿ ਅਪਣੇ ਮੁਰਸ਼ਿਦ ਸ੍ਰੀ ਰਾਮਾਨੰਦ ਜੀ ਵਲ ਉਂਗਲ ਕਰ ਰਹੇ ਹਨ ਕਿ ਜਿੱਥੇ ਓਹ ਵੱਸਦੇ ਹਨ ਮੇਰੇ ਹੱਜ ਕਰਨ ਦੀ ਥਾਂ ਉਹ ਹੈ। ਪਰ ਕਬੀਰ ਜੀ ਦੇ ਮੁਰਸ਼ਿਦ ਸ੍ਰੀ ਰਾਮਾਨੰਦ ਜੀ ਗੰਗਾ ਦੇ ਕਿਨਾਰੇ ਕਾਸ਼ੀ ਵਿਚ ਪੰਚਾਂਗ ਘਾਟ ਤੇ ਰਿਹਾ ਕਰਦੇ ਸਨ, ਗੋਮਤੀ ਨਦੀ ਦੇ ਕਿਨਾਰੇ

ਨਹੀਂ ਸਨ ਵੱਸਦੇ। ਗੋਮਤੀ ਪੀਲੀ ਭੀਤ ਦੇ ਜ਼ਿਲੇ ਤੋਂ ਨਿਕਲ ਕੇ ਲਖਨਊ ਆਦਿ ਥਾਈਂ ਹੁੰਦੀ ਹੋਈ ਜ਼ਿਲਾ ਗ਼ਾਜ਼ੀ ਪੁਰ ਵਿਚ ਸੈਦਪੁਰ ਕੋਲ ਗੰਗਾ ਵਿਚ ਮਿਲ ਜਾਂਦੀ ਹੈ। ਸੋ ਏਹ ਅਰਥ ਭਾਵ ਨਹੀਂ ਢੁੱਕਦੇ।

ਜੇ ਫਰਜ਼ ਕਰ ਲਈਏ ਕਿ ਸ੍ਰੀ ਰਾਮਾਨੰਦ ਜੀ, ਜਦੋਂ ਕਬੀਰ ਜੀ ਨੇ ਇਹ ਸ਼ਬਦ ਉਚਾਰਿਆ ਹੈ, ਕੁਛ ਅਰਸੇ ਲਈ ਗੋਮਤੀ ਦੇ ਕਿਨਾਰੇ ਲਖਨਊ ਆਦਿ ਥਾਂ ਚਲੇ ਗਏ ਹੋਸਨ ਤਦ ਬੀ ਕਿੰਤੂ ਹੁੰਦਾ ਹੈ, ਕਿ ਉਹਨਾਂ ਦੇ ਸਦੈਵੀ ਰਹਿਣ ਵਾਲੇ ਟਿਕਾਣੇ ਨੂੰ ਛੱਡਕੇ ਆਰਜ਼ੀ ਟਿਕਾਣੇ ਨੂੰ ਹੱਜ ਦਾ ਥਾਪਣਾ ਅਯੁਕ੍ਤ ਬਾਤ ਹੈ।

ਹੁਣ ਲਈਏ 'ਪੀਤਾਂਬਰ' ਪਦ ਨੂੰ ਤਾਂ ਇਹ ਪਦ ਰਾਮਾਨੰਦ ਜੀ ਪਰ ਬੀ ਕੁਛ ਢੁੱਕ ਖੜੋਂਦਾ ਹੈ, ਕਿਉਂਕਿ ਕਈ ਬੈਰਾਗੀ ਪੀਲੇ ਰੇਸ਼ਮ ਦੇ ਕਪੜੇ ਪਹਿਨਦੇ ਹਨ, ਪਰ ਗੋਮਤੀ ਦੇ ਕਿਨਾਰੇ ਉਹਨਾਂ ਦਾ ਰਹਿਣਾ ਇਸ ਸੰਭਾਵਨਾ ਨੂੰ ਬੀ ਰੱਦ ਕਰ ਦੇਂਦਾ ਹੈ। ਪੀਤਾਂਬਰ ਪਦ ਵਿਸ਼ੇਸ਼ ਕਰਕੇ ਸ੍ਰੀ ਕ੍ਰਿਸ਼ਨ ਜੀ ਤੇ ਵਰਤਿਆ ਜਾਂਦਾ ਹੈ। ਜੇ ਇਹ ਅਰਥ ਲਈਏ ਪੀਤਾਂਬਰ ਦੇ ਤੇ ਸ੍ਰੀ ਕ੍ਰਿਸ਼ਨ ਜੀ ਦੀ ਰਾਜਧਾਨੀ ਲਈਏ ਦ੍ਵਾਰਕਾ,-ਦ੍ਵਾਰਾਵਤੀ-ਤਾਂ ਉਹ ਹੇਠਾਂ ਹੈ, ਇਸ ਨੂੰ ਬੇਟ ਦ੍ਵਾਰਕਾ ਤੇ ਗੋਮਤੀ ਦ੍ਵਾਰਕਾ ਬੀ ਕਹਿ ਲੈਂਦੇ ਹਨ। ਵੈਸ਼ਨਵਾਂ ਦਾ ਪ੍ਰਸਿਧ ਯਾਤ੍ਰਾ ਸਥਾਨ ਦ੍ਵਾਰਕਾ ਹੈ, ਸੋ ਹੱਜ ਦਾ ਥਾਂ ਕਿਹਾ ਜਾ ਸਕਦਾ ਹੈ। ਪਰ ਇਸ ਭਾਵ ਲੈਣ ਤੇ ਇਹ ਕਿੰਤੂ ਹੁੰਦਾ ਹੈ ਕਿ ਜਦ ਸ੍ਰੀ ਕਬੀਰ ਜੀ ਨੇ ਆਦਮ ਤੇ ਇਬ੍ਰਾਹੀਮ ਦੇ ਉਸਾਰੇ ਤੇ ਮੁਹੰਮਦ ਸਾਹਿਬ ਦੇ ਜਨਮ ਅਸਥਾਨ ਹੋਣ ਵਾਲੇ ਮੱਕੇ ਵਿਚਲੇ ਕਾਅ਼ਬੇ ਦਾ ਹੱਜ ਰਦ ਕੀਤਾ ਹੈ ਤਾਂ 'ਪੰਡਿਤ ਮੁਲਾਂ ਛਾਡੇ ਦੋਊ* ਕਹਿਣ ਵਾਲੇ ਕਬੀਰ ਜੀ ਸ੍ਰੀ ਕ੍ਰਿਸ਼ਨ ਜੀ ਦੀ ਯਾਦ ਨਾਲ ਸੰਬੰਧਿਤ ਦ੍ਵਾਰਕਾ ਨੂੰ ਕਦੋਂ ਹੱਜ ਦਾ ਟਿਕਾਣਾ ਕਹਿ ਸਕਦੇ ਹਨ? ਫੇਰ ਫੁਰਮਾਨ ਹੈ:-

ਹਜ ਕਾਬੇ ਜਾਉ ਨ ਤੀਰਥ ਪੂਜਾ॥ [ਭੈਰਉ ਮ: ੫-੩ ਪਰਥਾਇ ਕਬੀਰ ਜੀ]

ਹੁਣ ਜੇ ਸ਼ਬਦ ਦੀ ਸਿੱਧਾਂਤਕ ਤੁਕ ਅੰਕ ਚਾਰ ਵਿਚੋਂ ਲਈਏ 'ਰਾਮ ਗੁਨ ਗਾਵਉ' ਤੇ ਰਹਾਉ ਵਿਚੋਂ ਲਈਏ 'ਖੂਬੁ ਗਾਵਤਾ ਹੈ' ਤਦ ਇਹ ਰਸਤਾ ਮਿਲਦਾ ਹੈ ਕਿ ਸ੍ਰੀ ਕਬੀਰ ਜੀ ਗੋਮਤੀ ਪਦ ਤੋਂ ਪੀਲੀ ਭੀਤ ਵਾਲੀ ਨਦੀ ਨਹੀਂ ਕਹਿ ਰਹੇ, ਪਰ ਗੋ+ਮਤੀ= ਬਾਣੀਮਯ (ਨਦੀ) ਭਾਵ ਲੈ ਰਹੇ ਹਨ†। ਬਾਣੀਮਯ ਯਾ ਬਾਣੀ ਰੂਪ ਨਦੀ ਹੈ ਕੀਰਤਨ। ' ਹਰਿ ਕਾ ਨਾਮੁ ਮੇਰੇ ਮਨ ਭਾਵਤਾ ਹੈ' ਤੋਂ ਰਸਤਾ ਮਿਲਦਾ ਹੈ ਕਿ ਇਹ ਕੀਰਤਨ 'ਹਰੀ ਕੀਰਤਨ' ਹੈ। ਜਿਥੇ ਹਰੀ ਕੀਰਤਨ ਦਾ ਪ੍ਰਵਾਹ ਨਦੀ ਵਾਂਙੂ ਚਲ ਰਿਹਾ ਹੈ, ਉਹ ਥਾਂ ਮੇਰੇ ਹੱਜ ਦਾ ਥਾਉਂ ਹੈ।ਜੈਸਾ ਕਬੀਰ ਜੀ ਦਾ ਵਾਕ ਹੈ:-

ਕਹਿ ਕਮੀਰ ਅਬ ਕਹੀਐ ਕਾਹਿ॥
ਸਾਧ ਸੰਗਤਿ ਬੈਕੁੰਠੈ ਆਹਿ॥

[ਭੈਰਉ ਕਬੀਰ ਜੀ-੧੬]

ਹੁਣ ਰਿਹਾ ਪਦ 'ਪੀਤੰਬਰ ਪੀਰ'। 'ਪੀਤਾਂਬਰ ਪਦ' ਸ੍ਰੀ ਕ੍ਰਿਸ਼ਨ ਜੀ ਦਾ ਵਾਚਕ ਹੈ। ਪਰ ਰਾਮਾਨੰਦ ਜੀ ਤੇ ਕਬੀਰ ਜੀ ਰਾਮ ਉਪਾਸ਼ਕ ਸਨ, ਸੋ ਇਹ ਗਲ ਅਣਮਿਲਵੀਂ ਹੋ ਜਾਂਦੀ ਹੈ। ਸੋ ਏਥੇ 'ਪੀਤੰਬਰ' ਦਾ ਭਾਵ ਪਰਮਾਤਮ ਦੇਵ ਲੈਣਾ ਹੈ। ਇਸ ਕਰਕੇ ਕਿ ਕਬੀਰ ਜੀ ਨਿਰਗੁਣ ਦੇ ਉਪਾਸ਼ਕ ਸਨ, ਫੇਰ ਉਨ੍ਹਾਂ ਨੇ ਹੋਰਥੇ ਆਪ ਪਤਾ ਦਿਤਾ ਹੈ-'ਏਕੁ ਗੁਸਾਈ ਅਲਹੁ ਮੇਰਾ'। ਇਥੇ ਆਪਣਾ ਅੱਲਾ ਦੇ ਉਪਾਸ਼ਕ ਹੋਣਾ ਦੱਸ ਰਹੇ ਹਨ, ਜੋ ਰਾਮ ਕ੍ਰਿਸ਼ਨ ਆਦਿ ਅਵਤਾਰਾਂ ਤੋਂ ਉੱਪਰ ਹੈ। ਫੇਰ ਉਸ ਨੂੰ 'ਗੁਸਾਈ' ਕਹਿ ਰਹੇ ਹਨ। ਗੁਸਾਈਂ ਪਦ ਗੋ ਸੁਆਮੀ ਤੋਂ ਬਣਿਆ ਹੈ। ਵੈਸ਼ਨਵਾਂ ਵਿਚ ਇਸ ਦੀ ਮੁਰਾਦ ਹੈ ਆਚਾਰਯ ਦੀ ਗੱਦੀ ਦਾ ਅਧਿਕਾਰੀ। ਆਮ ਤੌਰ ਤੇ ਗੱਦੀ ਨਸ਼ੀਨਾਂ ਸਾਧੂਆਂ ਨੂੰ ਗੋਸਾਈਂ ਕਹਿੰਦੇ ਹਨ। ਜਿਸ ਤਰ੍ਹਾਂ ਮੁਸਲਮਾਨ ਆਪਣੇ ਵਡਕੇ ਨੂੰ ਪੀਰ ਜੀ ਕਹਿ ਲੈਂਦੇ ਹਨ। ਸੋ ਜਦ 'ਏਕੁ ਗੁਸਾਈ ਅਲਹੁ ਮੇਰਾ' ਕਹਿ ਰਹੇ ਹਨ ਤਦ ਅੱਲਾ ਨੂੰ ਪੀਰ ਕਹਿ ਰਹੇ ਹਨ। ਇਸ ਪ੍ਰਮਾਣ ਤੋਂ 'ਪੀਤੰਬਰ ਪੀਰ' ਦਾ ਭਾਵ ਉਹੋ ਹੈ

* ਭੈਰਉ ਕਬੀਰ ਜੀ-੭।

† ਗੋ ਪਦ ਦੇ ੧੫ ਅਰਥ ਹਨ, ਉਨ੍ਹਾਂ ਵਿਚੋਂ ਇਕ ਅਰਥ 'ਬਾਣੀ' ਬੀ ਹੈ।

ਜੋ 'ਏਕੁ ਗੁਸਾਈ ਅਲਹੁ ਮੇਰਾ' ਤੋਂ ਹੈ*। ਜੇ 'ਪੀਤੰਬਰ' ਤੋਂ ਸ੍ਰੀ ਕ੍ਰਿਸ਼ਨ ਜੀ ਅਵਤਾਰ ਦਾ ਅਰਥ ਲਈਏ ਤਾਂ ਸ੍ਰੀ ਕਬੀਰ ਜੀ ਆਪ ਮਨ੍ਹਾ ਕਰਦੇ ਹਨ:-

ਤੁਮ ਜੁ ਕਹਤ ਹਉ ਨੰਦ ਕੋ ਨੰਦਨੁ॥ ਨੰਦ ਸੁ ਨੰਦਨੁ ਕਾਕੋ ਰੇ॥
ਧਰਨਿ ਅਕਾਸੁ ਦਸੋ ਦਿਸ ਨਾਹੀ ਤਬ ਇਹੁ ਨੰਦੁ ਕਹਾ ਥੋ ਰੇ॥ ੧॥ ਰਹਾਉ॥
ਸੰਕਟਿ ਨਹੀ ਪਰੈ ਜੋਨਿ ਨਹੀ ਆਵੈ ਨਾਮੁ ਨਿਰੰਜਨ ਜਾਕੋ ਰੇ॥
ਕਬੀਰ ਕੋ ਸੁਆਮੀ ਐਸੋ ਠਾਕੁਰੁ ਜਾਕੈ ਮਾਈ ਨ ਬਾਪੋ ਰੇ॥ ੨॥ ੧੯॥ [ਗਉੜੀ ਕਬੀਰ ਜੀ-੭੦]

ਸੋ 'ਜਹਾ ਬਸਹਿ ਪੀਤੰਬਰ ਪੀਰ' ਦਾ ਭਾਵ ਹੋਇਆ ਕਿ ਜਿਥੇ 'ਏਕੁ ਗੁਸਾਈ ਅਲਹ' ਵਸਦਾ ਹੈ। ਅੱਲਾ ਗੁਸਾਈਂ ਕਿੱਥੇ ਵਸਦਾ ਹੈ? ਕਬੀਰ ਜੀ ਦੱਸਦੇ ਹਨ:-

ਕਹੁ ਕਬੀਰ ਇਹ ਕਹੀਐ ਕਾਹਿ॥ ਸਾਧ ਸੰਗਤਿ ਬੈਕੁੰਠੈ ਆਹਿ॥ [ਗਉੜੀ ਕਬੀਰ ਜੀ-੧੦]

ਸੋ ਉਪਰ ਸਿਧ ਹੋਏ ਸਤਿਸੰਗ ਅਸਥਾਨ ਵਿਚ ਹਰੀ ਦੇ ਗੁਣ ਗਾਉਂਦਾ ਹੈ। ਕੌਣ? ਭਾਵ ਹੈ ਹਰ ਕੋਈ ਜੋ ਉਥੇ ਬੈਠਾ ਹੈ। ਉਹ ਜਿਹਬਾ ਕਰਕੇ ਮਨ ਕਰਕੇ ਹਰੀ ਕੀਰਤਨ ਵਿਚ ਹੈ, ਚਾਹੋ ਕਰਦਾ ਹੈ ਚਾਹੋ ਸੁਣਦਾ ਹੈ। ਉਸ ਨੂੰ ਕਿਹਾ ਹੈ ਖੂਬ ਗਾਉਂਦਾ ਹੈ, ਐਸਾ ਖੂਬ ਗਾਉਂਦਾ ਹੈ ਕਿ ਹਰ ਸੁਣਨ ਵਾਲਾ ਵਿਸਮਾਦੀ ਰੰਗ ਵਿਚ ਆਕੇ 'ਵਾਹ ਵਾਹ' ਪਿਆ ਕਰਦਾ ਹੈ। ਉਸ ਕੀਰਤਨ ਪ੍ਰਭਾਵ ਵਿਚ ਹਰ ਕੋਈ ਆਖਦਾ ਹੈ ਕਿ ਹਰੀ ਦਾ ਨਾਮ ਮੇਰੇ ਮਨ ਨੂੰ ਬਹੁਤ ਪਿਆਰਾ ਲਗਦਾ ਹੈ।

ਰਹਾਉ॥ ਨਾਰਦ ਵੀਣਾ ਵਜਾਉਂਦਾ ਹੈ ਤੇ ਹਰੀ ਕੀਰਤਨ ਸ੍ਵਰਗਾਂ ਵਿਚ ਕਰਦਾ ਸੁਣੀਂਦਾ ਹੈ, ਸ਼ਾਰਦਾ ਸਰਸ੍ਵਤੀ, ਬਾਣੀ ਦੀ ਦੇਵੀ ਬੀਨ ਬਜਾਉਣ ਵਿਚ ਪ੍ਰਸਿਧ ਹੈ। ਨਾਰਦ ਹਰੀ ਕੀਰਤਨ ਦਾ ਪ੍ਰੇਮੀ ਹੈ, ਉਸ ਦੀ ਬਾਬਤ ਰਵਾਯਤ ਹੈ ਕਿ ਇਕ ਵੇਰ ਨਾਰਦ ਨੇ ਭਗਵਾਨ ਨੂੰ ਪੁੱਛਿਆ ਕਿ ਤੁਸੀਂ ਕਦੇ ਕਦੇ ਬੈਕੁੰਠ ਵਿਚ ਨਹੀਂ ਹੁੰਦੇ ਕਿਥੇ ਚਲੇ ਜਾਂਦੇ ਹੋ, ਤਦ ਭਗਵਾਨ ਨੇ ਕਿਹਾ ਕਿ ਮੇਰਾ ਅਸਲੀ ਮੁਕਾਮ ਤਾਂ ਭਗਤਾਂ ਦੇ ਸਤਿਸੰਗ ਵਿਚ ਰਹਿੰਦਾ ਹੈ।

ਭਾਈ ਗੁਰਦਾਸ ਜੀ ਦਾ ਵਾਕ ਹੈ ਕਿ ਭਗਵਾਨ ਆਖਦਾ ਹੈ:-

ਨਿਜ ਘਰ ਮੇਰੋ ਸਾਧ ਸੰਗਤਿ, ਨਾਰਦ ਮੁਨਿ।
ਦਰਸਨ ਸਾਧਸੰਗਿ ਮੇਰੋ ਨਿਜ ਰੂਪ ਹੈ।

[ਕਬਿਤ ਸਵਯੈ-੩੦੩]

ਸਤਿਸੰਗ ਵਿਚ ਜੋ ਰੰਗ ਬੱਝਦਾ ਹੈ ਉਹ ਮਾਨੋ ਨਾਰਦ ਤੇ ਸੁਰੱਸ੍ਵਤੀ ਗੁਪਤ ਰੂਪ ਵਿਚ ਸੇਵਾ ਕਰ ਰਹੇ ਹੁੰਦੇ ਹਨ। ਮੁਰਾਦ ਹੈ ਸਤਿਸੰਗ ਵਿਚ ਦਾ ਕੀਰਤਨ ਦੈਵੀ ਸੰਗੀਤ ਦੇ ਗੁਪਤ ਪ੍ਰਭਾਵ ਹੇਠ ਹੋਣ ਲਗ ਜਾਂਦਾ ਹੈ।

ਫੇਰ ਉਹ ਪ੍ਰਭਾਵ ਭਾਗਸ਼ੀਲ, ਤੇ ਪ੍ਰਤਾਪ ਦੇ ਅਸਰ ਵਾਲਾ ਹੁੰਦਾ ਹੈ; ਇਸ ਗਲ ਨੂੰ ਐਉਂ ਪ੍ਰਗਟ ਕੀਤਾ ਹੈ ਕਿ ਲਛਮੀ ਉਸ ਸਤਿਸੰਗ ਵਿਚ ਕੋਲ ਬੈਠੀ ਹੋਈ ਦਾਸਾ ਭਾਵ ਨਾਲ ਅਪਣਾ ਵਿਭੂਤੀ ਮਯ ਪ੍ਰਭਾਵ ਪਾ ਰਹੀ ਹੈ। 'ਦਾਸੀ' ਕਿਉਂ ਕਿਹਾ? ਕਿ ਲੱਛਮੀ ਉਥੇ ਪ੍ਰਭੂ ਤੋਂ ਭੁਲਾਕੇ ਮੋਹ ਮਾਯਾ ਵਿਚ ਫਸਾ ਦੇਣ ਵਾਲਾ ਵਿਭੂਤੀ ਪ੍ਰਭਾਵ ਨਹੀਂ ਪਾ ਰਹੀ ਪਰ ਦਾਸੀ ਭਾਵ ਨਾਲ ਭਾਗਸ਼ੀਲਤਾ ਲਾ ਰਹੀ ਹੈ।

---

* ਇਸੇ ਸ਼ਬਦ ਦੇ ਅਖੀਰ 'ਰਾਮ ਗੁਨ ਗਾਵਉ' ਕਹਿਕੇ ਬੀ ਦੱਸ ਦਿਤਾ ਕਿ ਪੀਤਾਂਬਰ ਤੋਂ ਮੁਰਾਦ 'ਰਾਮ' ਦੀ ਲੈਣੀ ਹੈ। ਕਿਹੜਾ ਰਾਮ? ਪਤਾ ਦੇਂਦੇ ਹਨ:-
ਕਬੀਰ ਰਾਮ ਕਹਨ ਮਹਿ ਭੇਦ ਹੈ ਤਾ ਮਹਿ ਏਕੁ ਬਿਚਾਰੁ॥
ਸੋਈ ਰਾਮੁ ਸਭੈ ਕਹਹਿ ਸੋਈ ਕਉਤਕਹਾਰ॥ [ਸਲੋਕ ਕਬੀਰ ਜੀ-੧੯੦]
ਕਉਤਕਹਾਰ ਉਹ ਅਲਹੁ ਗੁਸਾਈਂ ਸਿੱਧ ਹੋਇਆ।

ਗਿਆਨੀ ਕੀ ਹੋਇ ਵਰਤੀ ਦਾਸਿ॥ ਕਰ ਜੋੜੇ ਸੇਵਾ ਕਰੇ ਅਰਦਾਸਿ॥ [ਆਸਾ ਮਹਲਾ ੫-੧

ਪੁਨਾ:-ਗੁਰਮੁਖਿ ਕੋਈ ਗਾਰੜੂ ਤਿਨਿ ਮਲਿ ਦਲਿ ਲਾਈ ਪਾਇ॥ [ਗੂਜਰੀ ਵਾਰ ਮਹਲਾ ੩-੫ ॥

ਅੰਕ ੩-ਹੁਣ ਕਬੀਰ ਜੀ ਇਸ 'ਹਜੁ ਅਸਥਾਨ' ਤੇ ਅਪਣੀ ਯਾਤ੍ਰਾ ਕਰਨ ਯਾ ਹੱਜ ਕਰਨ ਦਾ ਪੱਖ ਲੈਂਦੇ ਹਨ। ਫੁਰਮਾਉਂਦੇ ਹਨ ਕਿ ਮੈਂ ਇਸ ਹੱਜ ਅਸਥਾਨ ਦਾ ਹੱਜ ਕੀਕੂੰ ਕਰਦਾ ਹਾਂ? ਜਦ ਸਤਿਸੰਗ ਰੂਪ ਕਾਬੇ ਵਿਚ ਜਾਂਦਾ ਹਾਂ ਤਾਂ ਮੇਰੇ ਗਲੇ ਵਿਚ ਮਾਲਾ ਹੁੰਦੀ ਹੈ ਹਰੀ ਨਾਮ ਦੀ ਚਿਤਾਵਨੀ ਕਰਾਉਂਦੇ ਰਹਿਣ ਵਾਲੀ, ਤੇ ਜੀਭ ਉਤੇ ਹੁੰਦਾ ਹੈ ਰਾਮ ਦਾ ਨਾਮ। ਉਹ ਨਾਮ ਮੈਂ ਹਜ਼ਾਰਾਂ ਵੇਰ ਉਚਾਰਦਾ ਉਸ ਕਾਬੇ ਨੂੰ ਸਲਾਮਾਂ ਕਰਦਾ ਹਾਂ, ਭਾਵ ਪ੍ਰਣਾਮ ਕਰਦਾ ਹਾਂ। ਜੇ ਉਹ ਸਿਮਰਨੀ ਮਣਕਿਆਂ ਵਾਲੀ ਨਹੀਂ ਤਾਂ ਕਬੀਰ ਜੀ ਅਪਣੀ ਸਿਮਰਨੀ ਦਾ ਪਤਾ ਐਉਂ ਬੀ ਦੇਂਦੇ ਹਨ:-

ਕਬੀਰ ਮੇਰੀ ਸਿਮਰਨੀ ਰਸਨਾ ਊਪਰਿ ਰਾਮੁ॥
ਆਦਿ ਜੁਗਾਦੀ ਸਗਲ ਭਗਤ ਤਾਕੋ ਸੁਖੁ ਬਿਸ੍ਰਾਮ॥ [ਸਲੋਕ ਕਬੀਰ-੧

ਫੇਰ 'ਕੰਠੇ ਮਾਲਾ ਜਿਹਵਾ ਰਾਮ' ਦਾ ਭਾਵ ਹੋਵੇਗਾ ਜਿਹਬਾ ਤੇ ਰਾਮ ਹੈ ਤੇ ਮਾਲਾ ਬੀ ਸਿਮਰਨ ਰੂਪਾ ਹੈ, ਜੋ ਕੰਠ ਵਿਚ ਬੀ ਨਿਵਾਸ ਹੈ ਨਾਮ ਦਾ। ਮੁਹਾਵਰੇ ਵਿਚ ਕਿਸੇ ਗਲ ਦਾ ਕੰਠ ਹੋਣਾ ਯਾਦ ਹੋਣ ਦੇ ਅਰਥ ਰਖਦਾ ਹੈ।

ਅੰਕ ੪-ਕਬੀਰ ਕਹਿੰਦਾ ਹੈ ਉਥੇ ਬੈਠਕੇ ਮੈਂ ਨਾਮ ਬੀ ਲਗਾਤਾਰ ਉਚਾਰਦਾ ਹਾਂ, ਮੈਂ ਰਾਮ ਦੇ ਗੁਣ ਆਪ ਬੀ ਗਾਉਣ ਲਗ ਜਾਂਦਾ ਹਾਂ; ਭਾਵ ਹਰੀ ਕੀਰਤਨ ਵਿਚ ਆਪ ਬੀ ਸ਼ਾਮਲ ਹੋ ਜਾਂਦਾ ਹਾਂ। ਇਹੋ ਗਲ ਮੈਂ ਹਿੰਦੂ ਤੁਰਕ ਦੋਹਾਂ ਨੂੰ ਸਮਝਾਉਂਦਾ ਹਾਂ ਕਿ ਸਤਿਸੰਗ ਕਾਬਾ ਹੈ, ਉਸ ਵਿਚ ਜਾਕੇ ਹਰੀ ਨਾਮ ਉਚਾਰਨਾ, ਕੀਰਤਨ ਸੁਣਨਾ ਤੇ ਕਰਨਾ ਇਹ ਹੱਜ ਕਰਨਾ ਹੈ। ਇਹ ਹਜ ਹਿੰਦੂ ਤੁਰਕ ਦੋਹਾਂ ਲਈ ਇਕੋ ਜਿਹਾ ਹੈ, ਜਿਸ ਵਿਚ ਕੋਈ ਪਖਵਾਦ ਤੇ ਝਗੜੇ ਦੀ ਗੁੰਜਾਇਸ਼ ਨਹੀਂ ਹੈ।

ਇਸ ਅੰਤਲੇ ਅੰਕ ਨੇ ਇਹ ਬੀ ਨਿਸ਼ਭ੍ਰਮ ਕਰ ਦਿਤਾ ਕਿ ਪਹਿਲੇ ਅੰਕ ਦੇ ਇਹ ਅਰਥ ਲੈਣੇ ਕਿ ਹਜ ਕਰਨ ਦੀ ਥਾਂ ਗੋਮਤੀ ਦੇ ਕਿਨਾਰੇ ਹੈ, ਜਿਥੇ ਕਬੀਰ ਜੀ ਦੇ ਪੀਰ ਰਾਮਾਨੰਦ ਜੀ ਪੀਲੇ ਕਪੜਿਆਂ ਵਾਲੇ ਰਹਿੰਦੇ ਹਨ, ਉਹਨਾਂ ਦੇ ਆਸ਼ੇ ਦੇ ਵਿਰੁੱਧ ਹਨ। ਚਾਹੋ ਇਹ ਅਰਥ ਕਰਨ ਲਈ ਗੋਮਤੀ ਦਾ ਅਰਥ ਗੰਗਾ ਬੀ ਕਰ ਲਓ, ਜੋ ਕਿਵੇਂ ਬੀ ਨਹੀਂ ਬਣਦੇ, ਕਿਉਂਕਿ ਫੇਰ ਸ਼ਬਦ ਦਾ ਸਿੱਧਾਂਤ ਇਹ ਨਿਕਲਦਾ ਹੈ ਕਿ ਆਪੋ ਆਪਣੇ ਗੁਰੂ ਯਾ ਪੀਰ ਦੇ ਅਸਥਾਨ ਨੂੰ ਹੱਜ ਸਮਝੋ। ਫੇਰ ਪੱਖਵਾਦ ਬਣਿਆ ਰਹਿੰਦਾ ਤੇ ਕਬੀਰ ਜੀ ਨੇ ਜੋ ਸਲੋਕਾਂ ਵਿਚ ਹੱਜ ਕਾਬੇ ਤੋਂ ਵਰਜਨਾ ਲਿਖੀ ਹੈ* ਉਹ ਬੀ ਰੱਦ ਹੋ ਜਾਂਦੀ ਹੈ। ਉਹ ਤਾਂ ਕਿਸੇ ਅਸਥਾਨ ਦੀ ਯਾਤ੍ਰਾ ਮਾਤ੍ਰ ਨੂੰ ਹੱਜ ਨਹੀਂ ਕਹਿੰਦੇ, ਓਹ ਹਰੀ ਕੀਰਤਨ ਨੂੰ ਯਾਤ੍ਰਾ ਦੱਸ ਰਹੇ ਹਨ, ਜੋ ਇਸ ਅੰਤਲੇ ਅੰਕ ਵਿਚ ਸਪਸ਼ਟ ਹੈ ਤੇ ਦੋਹਾਂ ਨੂੰ ਸਾਂਝਾ ਉਪਦੇਸ਼ ਹੈ। ਰਬ ਦੀ 'ਹਮਦੋ ਸਨਾ' ਮੁਸਲਮਾਨਾਂ ਵਿਚ ਬੀ ਜਾਇਜ਼ ਹੈ ਤੇ 'ਹਰੀ ਕੀਰਤਨ' ਹਿੰਦੂਆਂ ਵਿਚ ਪ੍ਰਮਾਣੀਕ ਹੈ।

'ਜ਼ਿਕਰੇ ਫਿਕਰੇ ਅੱਲਾ' ਮੁਸਲਮਾਨਾਂ ਵਿਚ ਬੀ ਹੈ ਤੇ 'ਨਾਮ ਸਿਮਰਨ' ਹਿੰਦੂਆਂ ਵਿਚ ਬੀ ਹੈ।

ਦੁਇ ਇਸ ਇਕ ਗਲ ਤੇ ਆਕੇ ਪੱਖਵਾਦ ਛੱਡ ਸਕਦੇ ਹਨ, ਜੇ ਨਾਂ ਛੱਡਣ ਤਾਂ ਜੋ ਨਾ ਛਡੇ ਉਸ ਦਾ ਹਠਾਗ੍ਰਹਿ ਹੈ, ਸਾਰ ਗ੍ਰਹਣਤਾ ਨਹੀਂ ਹੈ।

ਕਬੀਰ ਜੀ ਆਪਣੀ ਸਮਦ੍ਰਿਸ਼ਟੀ ਵਿਚ ਫੁਰਮਾਉਂਦੇ ਹਨ:-

ਕਬੀਰ ਪੰਗੂਰਾ ਰਾਮ ਅਲਹ ਕਾ ਸਭ ਗੁਰ ਪੀਰ ਹਮਾਰੇ॥ [ਪ੍ਰਭਾਤੀ ਕਬੀਰ ਜੀ-੨]

---

* ਕਬੀਰ ਹੱਜ ਕਾਬੇ ਹਉ ਜਾਇ ਥਾ ਆਗੈ ਮਿਲਿਆ ਖੁਦਾਇ॥
ਸਾਈ ਮੁਝ ਸਿਉ ਲਰਿ ਪਰਿਆ ਤੁਝੈ ਕਿਨਿ ਫੁਰਮਾਈ ਗਾਇ॥ [ਸਲੋਕ ਕਬੀਰ ਜੀ-੧੯੭]

ਕਬੀਰ ਜੀ ਦੇ ਪੀਰ (=ਮੁਰਸ਼ਿਦ) ਰਾਮਾਨੰਦ ਜੀ ਦਾ ਅਪਣਾ ਵਿਸ਼ਵਾਸ ਨਿਰਗੁਣ ਉਪਾਸਨਾ ਦਾ ਹੈ,ਓਹ ਤੀਰਥਾਂ, ਮੰਦਰਾਂ ਤੇ ਜਾਣ ਮਾਤ੍ਰ ਨੂੰ ਸਫਲ ਯਾਤ੍ਰਾ ਨਹੀਂ ਮੰਨਦੇ, ਉਹ ਬੀ ਇਨ੍ਹਾਂ ਦੇ ਟਾਕਰੇ ਤੋਂ ਪਰਮਾਤਮ ਦੇਵ ਦੀ ਪੂਜਾ ਨੂੰ ਸਫਲ ਯਾਤ੍ਰਾ ਉਚਾਰਦੇ ਹਨ ।ਯਥਾ:-

ਕਤ ਜਾਈਐ ਰੇ ਘਰ ਲਾਗੋ ਰੰਗੁ ॥ ਮੇਰਾ ਚਿਤੁ ਨ ਚਲੈ ਮਨੁ ਭਇਓ ਪੰਗੁ ॥੧॥ ਰਹਾਉ ॥
ਏਕ ਦਿਵਸ ਮਨ ਭਈ ਉਮੰਗ ॥ ਘਸਿ ਚੰਦਨ ਚੋਆ ਬਹੁ ਸੁਗੰਧ ॥
ਪੂਜਨ ਚਾਲੀ ਬ੍ਰਹਮ ਠਾਇ ॥ ਸੋ ਬ੍ਰਹਮੁ ਬਤਾਇਓ ਗੁਰ ਮਨ ਹੀ ਮਾਹਿ ॥੧॥
ਜਹਾ ਜਾਈਐ ਤਹ ਜਲ ਪਖਾਨ ॥ ਤੂ ਪੂਰਿ ਰਹਿਓ ਹੈ ਸਭ ਸਮਾਨ ॥
ਬੇਦ ਪੁਰਾਨ ਸਭ ਦੇਖੇ ਜੋਇ ॥ ਊਹਾਂ ਤਉ ਜਾਈਐ ਜਉ ਈਹਾਂ ਨ ਹੋਇ ॥੨॥
ਸਤਿਗੁਰ ਮੈ ਬਲਿਹਾਰੀ ਤੋਰ ॥ ਜਿਨਿ ਸਕਲ ਬਿਕਲ ਭ੍ਰਮ ਕਾਟੇ ਮੋਰ ॥
ਰਾਮਾਨੰਦ ਸੁਆਮੀ ਰਮਤ ਬ੍ਰਹਮ ॥ ਗੁਰ ਕਾ ਸਬਦੁ ਕਾਟੈ ਕੋਟਿ ਕਰਮ ॥੩॥੧॥

[ਬਸੰਤ ਰਾਮਾਨੰਦ ਜੀ]

ਜੋ ਕੁਛ ਸ੍ਰੀ ਕਬੀਰ ਜੀ ਦੇ ਲਿਖੇ ਪਦ ਪਦਾਰਥਾਂ ਨੇ ਰਸਤਾ ਦਿੱਤਾ ਹੈ, ਤੇ ਲਿਖੇ ਭਾਵਾਂ ਦੀ ਯੁਕਤੀ ਪੂਰਬਕ ਵੀਚਾਰ ਨੇ ਨਿਰਣੇ ਦੱਸੇ ਹਨ ਫਿਰ ਜੋ ਕੁਛ ਕਬੀਰ ਜੀ ਦੀ ਹੋਰ ਬਾਣੀ ਨੇ ਰੌਸ਼ਨੀ ਪਾਈ ਹੈ, ਉਸ ਅਨੁਸਾਰ ਉਪਰਲੇ ਅਰਥ ਭਾਵ ਲਿਖ ਗਏ ਹਨ,ਉਹ ਕਬੀਰ ਜੀ ਦੇ ਆਸ਼ਯ ਅਨੁਕੂਲ ਨਿਸਚੇ ਹੁੰਦੇ ਹਨ।ਬਾਕੀ, ਕਬੀਰ ਜੀ ਜਾਣਦੇ ਹਨ ਕਿ ਉਹਨਾਂ ਦੇ ਭਾਵ ਇਹੋ ਸਨ ਯਾ ਕੁਛ ਫਰਕ ਰਿਹਾ ਹੈ।

ਨਿਰੁਕ੍ਤ- ਹਜੁ-[ਅ:, ਹੱਜ] ਇਰਾਦਾ ਕਰਨਾ। ਨਿਯਤ ਸਮੇ ਕਾਅ਼ਬੇ ਦੀ ਪ੍ਰਕਰਮਾ ਕਰਨਾ।

ਗੋਮਤੀ-ਇਕ ਨਦੀ ਜੋ ਸ਼ਾਹਜਹਾਨ ਪੁਰ ਤੋਂ ਇਕ ਮੀਲ ਤੋਂ ਨਿਕਲ ਕੇ ਸੈਦਪੁਰ ਪਾਸ ਗੰਗਾ ਵਿਚ ਆ ਮਿਲਦੀ ਤੇ ਜੋ ਪਾਵਨ ਮੰਨੀ ਜਾਂਦੀ ਹੈ।

ਪੀਤੰਬਰ-[ਸੰਸ:,ਪੀਤਾਂਬਰ]ਪੀਲਾ ਕਪੜਾ। ਪੀਲੇ ਬਸਤਰ ਪਹਿਨਣ ਵਾਲਾ,ਮੁਰਾਦ ਸ੍ਰੀ ਕ੍ਰਿਸ਼ਨ ਜੀ ਦੀ ਲੈਂਦੇ ਹਨ।

ਨਾਰਦ- ਇਕ ਪ੍ਰਸਿਧ ਦੇਵ ਰਿਖੀ ਜੋ ਬ੍ਰਹਮਾ ਦੇ ਪੁਤ੍ਰ ਸਨ ਤੇ ਬੜੇ ਹੀ ਭਗਤ ਸਨ,ਪਰ ਕਲਹ ਦੇ ਪ੍ਰੇਮੀ ਸਨ। ਨਾਰਦ ਕਈ ਹੋਰ ਬੀ ਹੋਏ ਮੰਨੇ ਜਾਂਦੇ ਹਨ।

ਸਾਰਦ-[ਸੰਸ:, ਸ਼ਾਰਦਾ] ਸਰਸ੍ਵਤੀ

ਖਵਾਸੀ-[ਅ:, ਖਵਾਸ] ਮਾਣ ਪ੍ਰਾਪਤ ਦਾਸੀ, ਸੇਵਕਾ।

ਕਵਲਾ-[ਸੰਸ:,ਕਮਲਾ=ਲਕਸ਼ਮੀ] ਲੱਛਮੀ, ਭਾਵ ਹੈ ਮਾਇਆ।

ਸਹੰਸ-[ਸੰਸ:,ਸਹਸ੍ਰ] ਹਜ਼ਾਰ। ਦਸ ਸੈਂਕੜਿਆਂ ਦੀ ਗੇਣਤੀ।

[ਆਸਾ ਕਬੀਰ ਜੀ, ਚਉਪਦਾ-੧੪]

ਆਸਾ ਸ੍ਰੀ ਕਬੀਰ ਜੀਉਕੇ ਪੰਚਪਦੇ ੯॥ ਦੁਤੁਕੇ ੴ ਸਤਿਗੁਰ ਪ੍ਰਸਾਦਿ॥

ਪ੍ਰਾਕ੍ਕਥਨ- ਪਿਛਲੇ ਸ਼ਬਦ ਵਿਚ ਹੱਜ ਕਾਬੇ ਦੀ ਬਾਹਰਮੁਖੀ ਯਾਤ੍ਰਾ ਦੀ ਥਾਂ ਨਾਮ ਸਿਮਰਨ ਦੀ ਅੰਤ੍ਰੀਵ ਉਪਾਸਨਾ ਦੱਸਕੇ ਮੁਸਲਮਾਨਾਂ ਨੂੰ ਖਾਸ ਤੇ ਦੋਹਾਂ ਨੂੰ ਆਮ ਤੌਰ ਤੇ ਸਮਝਾਇਆ ਹੈ, ਹੁਣ ਹਿੰਦੂਆਂ ਦੀ ਬੁਤਪ੍ਰਸਤੀ ਦਾ ਖੰਡਨ ਕਰਦੇ ਹਨ:-

ਮੂਲ	ਅਰਥ
ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਉ ॥ ਜਿਸੁ ਪਾਹਨ ਕਉ ਪਾਤੀ ਤੋਰੈ ਸੋ ਪਾਹਨ ਨਿਰਜੀਉ ॥੧॥	ਹੇ ਮਾਲਣ! (ਤੂੰ ਤੁਲਸੀ ਆਦਿ ਦੀਆਂ) ਪੱਤੀਆਂ (ਮੂਰਤੀ ਪੂਜਾ ਲਈ ਤੋੜਦੀ ਪਈ ਹੈਂ, (ਭੋਲੀਏ!) ਪੱਤ੍ਰ ਪੱਤ੍ਰ ਵਿਚ (ਤਾਂ) ਜਿੰਦ ਹੈ। ਜਿਨ੍ਹਾਂ ਪੱਥਰਾ (ਦੀ ਪੂਜਾ ਲਈ ਤੂੰ) ਪੱਤੀਆਂ ਤੋੜਦੀ ਹੈਂ ਓਹ ਪੱਥਰ ਤਾਂ ਨਿਰਜਿੰਦ ਹਨ ॥੧॥
ਭੂਲੀ ਮਾਲਨੀ ਹੈ ਏਉ ॥ ਸਤਿਗੁਰੁ ਜਾਗਤਾ ਹੈ ਦੇਉ ॥੧॥ ਰਹਾਉ ॥	ਹੇ ਭੁੱਲੀ ਹੋਈ ਮਾਲਣ !(ਸੱਚੀ ਗੱਲ) ਐਉਂ ਹੈ ਕਿ ਜੀਉਂਦਾ ਜਾਗਦਾ ਦੇਵਤਾ ਸਤਿਗੁਰੂ ਹੈ ॥੧॥ ਰਹਾਉ ॥
ਬ੍ਰਹਮੁ ਪਾਤੀ ਬਿਸਨੁ ਡਾਰੀ ਫੂਲ ਸੰਕਰਦੇਉ ॥ ਤੀਨਿ ਦੇਵ ਪ੍ਰਤਖਿ ਤੋਰਹਿ ਕਰਹਿ ਕਿਸ ਕੀ ਸੇਉ ॥੨॥	[ਫੇਰ ਹੋਰ ਵੀਚਾਰ ਕਰ ਹੇ ਮਾਲਣ!] (ਕਿ ਜਿਨ੍ਹਾਂ ਬੂਟਿਆਂ ਤੋਂ ਤੂੰ ਫੁੱਲ ਤੇ ਪੱਤੀਆਂ ਤੋੜਦੀ ਹੈਂ ਉਨ੍ਹਾਂ ਦੀਆਂ) ਡਾਲੀਆਂ ਵਿਸ਼ਨੂੰ (ਰੂਪ) ਹਨ, (ਉਨ੍ਹਾਂ ਦੇ) ਪੱਤੇ ਬ੍ਰਹਮਾ ਰੂਪ ਹਨ, ਤੇ ਫੁੱਲ (ਉਨ੍ਹਾਂ ਦੇ) ਸ਼ਿਵ ਰੂਪ ਹਨ। (ਸੋ ਤੂੰ ਜਦ ਪੱਤੀਆਂ ਫੂਲ ਤੇ ਡਾਲੀਆਂ ਗੰਦਲਾਂ ਸਣੇ ਫੁੱਲ ਤੋੜਦੀ ਹੈਂ ਤਾਂ ਤੂੰ) ਤਿੰਨ ਦੇਵਤੇ ਤਾਂ ਪ੍ਰਤੱਖ ਤੋੜ ਰਹੀ ਹੁੰਦੀ ਹੈਂ, ਸੇਵਾ (ਤੂੰ) ਕਿਸ ਦੀ ਕਰਦੀ ਹੈਂ ? ॥੨॥
ਪਾਖਾਨ ਗਢਿ ਕੈ ਮੂਰਤਿ ਕੀਨ੍ਹੀ ਦੇ ਕੈ ਛਾਤੀ ਪਾਉ ॥ ਜੇ ਏਹ ਮੂਰਤਿ ਸਾਚੀ ਹੈ ਤਉ ਗੜ੍ਹਣਹਾਰੇ ਖਾਉ ॥੩॥	(ਫੇਰ ਭੁੱਲੀ ਮਾਲਣ ! ਹੋਰ ਸੋਚ ਕਰ! ਪੱਥਰ-ਘਾੜੇ ਨੇ) ਪੱਥਰ ਨੂੰ ਘੜਕੇ ਮੂਰਤੀ ਬਣਾਈ ਸੀ (ਜਿਸ ਦੀ ਤੂੰ ਪੂਜਾ ਕਰਦੀ ਹੈਂ ਤੇ ਘੜਦਿਆਂ ਉਸ ਦੀ) ਛਾਤੀ ਤੇ ਪੈਰ ਰਖਿਆ ਸੀ। ਜੇ ਇਹ ਮੂਰਤਿ ਸੱਚੀ (ਜੀਉਂਦੀ ਜਾਗਦੀ) ਹੈ ਤਾਂ (ਆਪਣੇ) ਘੜਨ ਵਾਲੇ ਨੂੰ (ਬੇਅਦਬੀ ਕਰਨ ਦੇ ਕਾਰਨ) ਖਾ ਜਾਂਦੀ ॥੩॥
ਭਾਤੁ ਪਹਿਤਿ ਅਰੁ ਲਾਪਸੀ ਕਰਕਰਾ ਕਾਸਾਰੁ ॥ ਭੋਗਨਹਾਰੇ ਭੋਗਿਆ ਇਸੁ ਮੂਰਤਿ ਕੇ ਮੁਖ ਛਾਰੁ ॥੪॥	(ਹੋਰ ਵੀਚਾਰ ਕਰ! ਪੁਜਾਰੀ ਲੋਕ ਜੋ ਮੂਰਤੀਆਂ ਨੂੰ) ਰਿਧੇ ਚਾਵਲ, ਦਾਲ ਤੇ ਲਾਪਸੀ ਤੇ ਭੁਰਭੁਰਾ ਚੂਰਮਾ (ਯਾ ਪੰਜੀਰੀ ਆਦਿ) ਦਾ (ਭੋਗ ਲੁਆਉਂਦੇ ਹਨ,ਉਹ ਮੂਰਤੀ ਤਾਂ ਨਹੀਂ ਖਾਦੀ,ਉਹ ਤਾਂ ਖਾ ਸਕਣ ਵਾਲੇ (ਪੂਜਾਰੀ) ਨੇ ਖਾਧਾ, ਇਸ ਮੂਰਤੀ ਦੇ ਮੂੰਹ ਵਿਚ (ਕੀ ਪਿਆ?) ਸੁਆਹ !(ਭਾਵ ਕੁਛ ਨਾ ਪਿਆ ॥੪॥
ਮਾਲਿਨਿ ਭੂਲੀ ਜਗੁ ਭੁਲਾਨਾ ਹਮ ਭੁਲਾਨੇ ਨਾਹਿ ॥ ਕਹੁ ਕਬੀਰ ਹਮ ਰਾਮ ਰਾਖੇ ਕ੍ਰਿਪਾ ਕਰਿ ਹਰਿ ਰਾਇ ॥੫॥੧॥੧੪॥	(ਇਉਂ) ਮਾਲਣ ਭੁੱਲ ਵਿਚ ਪਈ ਹੋਈ ਹੈ (ਜੋ ਸਜਿੰਦ ਫੁੱਲ ਤੋੜਕੇ ਨਿਰਜਿੰਦ ਨੂੰ ਚਾੜ੍ਹਦੀ ਹੈ, ਪੂਜਾਰੀ ਭੁੱਲੇ ਹਨ ਜੋ ਨਿਰਜਿੰਦ ਨੂੰ ਖੁਆਉਣ ਦੇ ਬਹਾਨੇ ਆਪ ਖਾ ਜਾਂਦੇ ਹਨ,ਐਉਂ ਮੂਰਤੀ ਪੂਜਕ) ਸੰਸਾਰ (ਸਾਰਾ) ਭੁੱਲ ਵਿਚ ਪਿਆ ਹੈ, (ਪਰ) ਅਸੀਂ ਨਹੀਂ (ਇਸ) ਭੁੱਲ ਵਿਚ ਪਏ। ਕਹਿੰਦੇ ਹਨ ਕਬੀਰ ਜੀ ਅਸੀਂ (ਇਸ ਪ੍ਰਕਾਰ ਦੀਆਂ ਭੁੱਲਾਂ ਤੋਂ) ਰਾਮ ਦੇ ਬਚਾਏ ਹੋਏ (ਬਚ ਰਹੇ ਹਾਂ; ਹਾਂ, ਉਸ) ਪ੍ਰਕਾਸ਼ ਸਰੂਪ ਹਰੀ ਨੇ (ਆਪਣੀ) ਕਿਰਪਾ ਕਰਕੇ (ਹੀ ਸਾਨੂੰ ਬਚਾ ਲਿਆ ਹੈ) ॥੫॥੧॥੧੪॥

ਵਯਾਖਯਾ– ਇਸ ਸ਼ਬਦ ਵਿਚ ਸ੍ਰੀ ਕਬੀਰ ਜੀ ਮੂਰਤੀ ਪੂਜਾ ਦੇ ਵਿਰੁੱਧ ਦਲੀਲਾਂ ਦੇਂਦੇ ਹਨ

੧. ਮੂਰਤੀ ਨਿਰਜਿੰਦ ਹੈ, ਫੁੱਲ ਪੱਤੀਆਂ ਜੋ ਪੂਜਾ ਲਈ ਵਰਤੀ ਦੀਆਂ ਹਨ, ਜਿੰਦ ਵਾਲੀਆਂ ਹਨ।

੨. ਪੱਥਰ ਘਾੜਾ ਪੱਥਰ ਤੇ ਪੈਰ ਰਖ ਰਖਕੇ ਸੱਥਰੀ ਹਥਉੜੀ ਨਾਲ ਉੱਕਰ ਉੱ।ਕਰ ਕੇ ਮੂਰਤ ਬਣਾਉਂਦਾ ਹੈ ।ਮੂਰਤ ਦੀ ਪਹਿਲੀ ਸੂਰਤ ਜਦ ਬਣ ਜਾਂਦੀ ਹੈ ਤਾਂ ਚਿਹਰੇ ਤੇ ਹਾਵ ਭਾਵ, ਆਚਰਨ ਦੇ ਚਿੰਨ ਪੈਦਾ ਕਰਦਾ ਹੈ,ਉਸ ਵੇਲੇ ਬੀ ਛੋਟੀ ਸੱਥਰੀ ਵਰਤਦਾ ਤੇ ਪੈਰ ਰਖਕੇ ਉਹ ਇਹ ਕੁਝ ਕਰਦਾ ਹੈ । ਇਹ ਮੂਰਤੀ ਦੀ ਬੇਅਦਬੀ ਹੈ, ਮੂਰਤ ਸਜਿੰਦ ਹੈ ਤਾਂ ਸਜ਼ਾ ਦੇਵੇ॥

੩. ਭੋਗ ਪਦਾਰਥ ਮੂਰਤੀ ਨਹੀਂ ਖਾਦੀ,ਉਹ ਤਾਂ ਪੂਜਾਰੀ ਯਾ ਹੋਰ ਜੀਵ ਖਾ ਜਾਂਦੇ ਹਨ।

੧. 'ਬਨਸਪਤੀ ਵਿਚ ਜਿੰਦ ਹੈ ਚਾਹੋ ਜੀਵਾਂ ਨਾਲੋਂ ਨੀਵੀਂ ਕਿਸਮ ਦੀ ਹੈ' ਇਹ ਸਿੱਧਾਂਤ ਪੁਰਾਣਾ ਹੈ । ਪਰ ਹੁਣ ਸਾਇੰਸ ਨੇ ਇਨ੍ਹਾਂ ਦਾ ਪੀਣਾ ਖਾਣਾ, ਸੌਣਾ, ਭੋਗ ਆਦਿ ਬੀ ਸਿੱਧ ਕਰ ਲਏ ਹਨ।ਸੋ ਕਬੀਰ ਜੀ ਠੀਕ ਫੁਰਮਾ ਰਹੇ ਹਨ ਕਿ ਨਿਰਜਿੰਦ ਦੀ ਖਾਤਰ ਸਜਿੰਦ ਨੂੰ ਕੱਟਣਾ ਭੁੱਲ ਹੈ ।ਇਸੇ ਕਰਕੇ ਮਾਲਣ ਨੂੰ ਭੁੱਲੀ ਕਹਿ ਰਹੇ ਹਨ।ਮਾਲਣ ਉਪਲਖਤ ਸਾਰੇ ਮੂਰਤੀ ਪੂਜਕ ਲੈ ਲੈਣੇ। ਕਿਉਂਕਿ ਜੋ ਮਾਲਣ ਵਾਙੂ ਆਪ ਨਹੀਂ ਤੋੜਦੇ ਓਹ ਮੁਲ ਲੈਂਦੇ ਹਨ ਸੋ ਤੋੜਨ ਦੇ ਭਾਗੀ ਹੋ ਗਏ।

ਸ੍ਰੀ ਕਬੀਰ ਜੀ ਨੇ ਹੋਰਥੇ ਬੀ ਇਹ ਵਾਕ ਕਿਹਾ ਹੈ :-

ਸਰਜੀਉ ਕਾਟਹਿ ਨਿਰਜੀਉ ਪੂਜਹਿ ਅੰਤ ਕਾਲ ਕਉ ਭਾਰੀ　　[ਗਉੜੀ ਕਬੀਰ ਜੀ-੪੫]

ਇਨ੍ਹਾਂ ਤੁਕਾਂ ਵਿਚ ਵੀ ਮੂਰਤੀ ਪੂਜਾ ਦੀ ਅਸਫਲਤਾ ਹੀ ਨਹੀਂ ਸਗੋਂ ਇਸ ਦਾ ਅੰਤ ਦੁਖਦਾਈ ਦੱਸਦੇ ਹਨ। ਇਹ ਸਾਰਾ ਸ਼ਬਦ ਇਸ ਸ਼ਬਦ ਦੇ ਅਰਥ ਭਾਵਾਂ ਦਾ ਸਹਾਈ ਹੈ ।ਯਥਾ:-

ਜੀਵਤ ਪਿਤਰ ਨ ਮਾਨੈ ਕੋਊ ਮੂਏਂ ਸਿਰਾਧ ਕਰਾਹੀ ॥ ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ ਕਊਆ ਕੂਕਰ ਖਾਹੀ ॥੧॥ ਮੋਕਉ ਕੁਸਲੁ ਬਤਾਵਹੁ ਕੋਈ ॥ ਕੁਸਲੁ ਕੁਸਲੁ ਕਰਤੇ ਜਗੁ ਬਿਨਸੈ ਕੁਸਲੁ ਭੀ ਕੈਸੇ ਹੋਈ ॥੧॥ ਰਹਾਉ ॥ ਮਾਟੀ ਕੇ ਕਰਿ ਦੇਵੀ ਦੇਵਾ ਤਿਸੁ ਆਗੈ ਜੀਉ ਦੇਹੀ ॥ ਐਸੇ ਪਿਤਰ ਤੁਮਾਰੇ ਕਹੀਅਹਿ ਆਪਨ ਕਹਿਆ ਨ ਲੇਹੀ ॥੨॥ ਸਰਜੀਉ ਕਾਟਹਿ ਨਿਰਜੀਉ ਪੂਜਹਿ ਅੰਤ ਕਾਲ ਕਉ ਭਾਰੀ ॥ ਰਾਮ ਨਾਮ ਕੀ ਗਤਿ ਨਹੀ ਜਾਨੀ ਭੈ ਡੂਬੇ ਸੰਸਾਰੀ ॥੩॥ ਦੇਵੀ ਦੇਵਾ ਪੂਜਹਿ ਡੋਲਹਿ ਪਾਰਬ੍ਰਹਮ ਨਹੀ ਜਾਨਾ ॥ ਕਹਤ ਕਬੀਰ ਅਕੁਲੁ ਨਹੀ ਚੇਤਿਆ ਬਿਖਿਆ ਸਿਉ ਲਪਟਾਨਾ ॥੪॥੧॥੪੫॥

[ਗਉੜੀ ਬੈਰਾਗਣਿ ਕਬੀਰ ਜੀ-੪੫]

ਇਸਦੇ ਅਰਥ ਭਾਵ ਵਜਾਖਜਾ ਲਈ ਦੇਖੋ ਸੰਥਜਾ ਪੋਥੀ ਚਉਥੀ ਦਾ ਪੰਨਾ ੨੦੩੩ ਤੋਂ ੨੦੩੬।

ਅੰਕ ੨ ਵਿਚ ਮਾਲਣ ਦੀ ਮੂਰਤੀ ਪੂਜਾ ਦੀ ਹੋਰ ਅਸਫਲਤਾ ਦੱਸਦੇ ਹਨ ਕਿ ਜਿਨ੍ਹਾਂ ਬੂਟਿਆਂ ਦੇ ਮਾਲਣ ਫੁੱਲ ਪਤੀਆਂ ਤੋੜਦੀ ਹੈ ਓਹ ਨਿਰਾ ਸਜਿੰਦ ਹੀ ਨਹੀਂ, ਉਹ ਤਾਂ ਦੇਵਤੇ ਹਨ। ਪੱਥਰਾਂ ਅਗੇ ਦੇਵਤੇ ਕੱਟਕੇ ਚਾੜ੍ਹਨੇ ਕੀਹ ਅਕਲ ਹੈ ?

ਕਿਵੇਂ ਡਾਲੀਆਂ ਪੱਤੇ ਤੇ ਫੁੱਲ ਤਿੰਨ ਮੁੱਖ ਦੇਵਤੇ ਹਨ? ਇਸ ਪਰ ਪਰਮ ਵਿਦਵਾਨ ਨਰੋਤਮ ਤਾਰਾ ਸਿੰਘ ਜੀ ਲਿਖਦੇ ਹਨ ਪੁਰਾਣਾ ਦਾ ਪ੍ਰਮਾਣ ਦੇਕੇ ਕਿ ਵਿਸ਼ਨੂੰ ਜੀ ਤੋਂ ਬ੍ਰਹਮਾ ਰਚੇ ਗਏ ਫੇਰ ਬ੍ਰਹਮਾ ਤੋਂ ਸ਼ਿਵਜੀ ਸੋ ਪਹਿਲੇ ਵਿਸ਼ਨੂੰ ਜੀ ਹਨ, ਤਿਵੇਂ ਮੂਲ ਡਾਲੀਆਂ ਹਨ ਸੋ ਵਿਸ਼ਨੂੰ ਡਾਲੀ ਰੂਪ ਹੈ । ਡਾਲੀ ਨੂੰ ਪੱਤੇ ਲਗਦੇ ਹਨ ਸੋ ਪੱਤੇ ਬ੍ਰਹਮਾ ਰੂਪ ਹਨ, ਅੰਤ ਵਿਚ ਜਾਕੇ ਫੁੱਲ ਪੈਂਦੇ ਹਨ। ਅੰਤ ਦਾ ਦੇਵਤਾ ਮਹਾਂ ਦੇਵ ਹੈ ਉਹ ਬ੍ਰਹਮਾ ਤੋਂ ਮਹਾਂ ਦੇਵ ਬਣਦਾ ਹੈ ਸੋ ਫੁਲ ਸ਼ੰਕਰ ਯਾ ਮਹਾਂਦੇਵ ਯਾ ਸ਼ਿਵ ਸਮਝੋ।

ਇਸ ਅੰਕ ਵਿਚ ਆਪ ਨੇ ਸ਼ਿਵਜੀ ਵਾਸਤੇ ਪਦ ਸ਼ੰਕਰ ਵਰਤਿਆ ਹੈ, ਇਸ ਵਿਚ ਕਟਾਖਯ ਹੈ। ਸ਼ੰਕਰ ਦਾ ਅਰਥ ਹੈ, ਖੁਸ਼ੀ ਦਾ ਦਾਤਾ(ਸ਼ੰ=ਖੁਸ਼ ਕਿਸਮਤੀ।ਕਰ=ਬਨਾਉਣਾ) ਜੋ ਖੁਸ਼ੀ ਕਰੇ।ਸੁਭਾਗਤਾ ਲਾਵੇ ਯਾ ਖੁਸ਼ੀਆਂ ਦੇਵੇ ਫੁੱਲਾਂ ਨੂੰ ਵੇਖਕੇ ਹਰ ਕੋਈ ਖਿੜਦਾ ਤੇ ਖੁਸ਼ ਹੁੰਦਾ ਹੈ, ਸ਼ਿਵਜੀ ਨੂੰ ਬੀ ਸੁਖਾਂ ਦਾ ਦਾਤਾ ਤੇ ਖੁਸ਼ੀ ਦਾਤਾ ਮੰਨਿਆ ਹੈ, ਇਸ ਕਰਕੇ ਇਕ ਨਾਮ ਉਹਨਾਂ ਦਾ 'ਸ਼ੰਕਰ' ਹੈ ।

ਅੰਕ ੩ ਵਿਚ ਮੂਰਤੀ ਤੇ ਪੈਰ ਰੱਖਕੇ ਘੜਨਾ ਦੱਸਿਆ, ਉਸ ਪਰ ਕਿਹਾ ਜਾ ਸਕਦਾ ਹੈ ਕਿ ਪੱਥਰ

ਘਾੜਾ ਪੱਥਰ ਤੇ ਪੈਰ ਰੱਖਕੇ ਘੜਦਾ ਹੈ, ਮੂਰਤੀ ਜਦ ਬਣ ਗਈ ਫੇਰ ਤਾਂ ਨਹੀਂ ਰੱਖਦਾ। ਪਰ ਅਸਲ ਗਲ ਹੈ ਕਿ ਜਦ ਮੂਰਤੀ ਘੜ ਲੈਂਦਾ ਹੈ, ਸੂਰਤ ਬਣ ਜਾਂਦੀ ਹੈ ਤਦ ਛੋਟੀ ਸੱਥਰੀ ਨਾਲ ਚਿਹਰੇ ਤੇ ਭਾਵ ਤੇ ਆਚਰਨ ਦੇ ਚਿੰਨ੍ਹ ਪ੍ਰਗਟ ਕਰਦਾ ਹੈ ਤੇ ਉਸ ਤੋਂ ਮਗਰੋਂ ਅੰਤਮ ਛੋਹਾਂ ਦੇਂਦਾ ਹੈ , ਇਹ ਸਾਰਾ ਵਕਤ ਬਣ ਗਈ ਮੂਰਤੀ ਦੀ ਛਾਤੀ ਤੇ ਪੈਰ ਦੇਂਦਾ ਹੈ।

ਅੰਕ ੪- ਫੁੱਲ ਪੱਤੀ ਆਦਿ ਦੀ ਸੇਵਾ ਅਸਫਲ ਦੱਸਕੇ ਹੁਣ ਭੋਗ ਲੁਆਉਣ ਦੀ ਅਸਫਲਤਾ ਦੱਸਦੇ ਹਨ ਕਿ ਜੋ ਭੋਗ ਲੁਆਏ ਜਾਂਦੇ ਹਨ ਓਹ ਤਾਂ ਪੁਜਾਰੀ ਤੇ ਜਿਨ੍ਹਾਂ ਨੂੰ ਪੁਜਾਰੀ ਦੇਣ ਓਹ ਜੀਵ ਜੋ ਖਾ ਸਕਦੇ ਹਨ ਖਾ ਜਾਂਦੇ ਹਨ। ਮੂਰਤੀ ਖਾਣ ਦੀ ਸਤਜਾ ਨਹੀਂ ਰਖਦੀ ਉਸ ਦੇ ਮੂੰਹ ਵਿਚ ਤਾਂ ਸੁਆਹ ਪੈਂਦੀ ਹੈ। ਕੁਛ ਨਾ ਪ੍ਰਾਪਤ ਹੋਣ ਨੂੰ ਸੁਆਹ ਕਹਿਣਾਂ ਪੰਜਾਬ ਤੇ ਪੂਰਬ ਦਾ ਮੁਹਾਵਰਾ ਹੈ ।ਜੈਸੈ:- 'ਮੁਰਦਾ ਦਿਲ ਕਿਆ ਖ਼ਾਕ ਜੀਆ ਕਰਤੇ ਹੈਂ'।

ਪੰਜਾਬ ਵਿਚ ਕਹਿੰਦੇ ਹਨ,'ਕਣਕ ਦਾ ਵਿਹਾਰ ਕਰਕੇ ਐਤਕੀਂ ਕੀਹ ਪੱਲੇ ਪਿਆ'? ਅੱਗੋਂ ਉੱਤਰ ਮਿਲਦਾ ਹੈ,'ਸੁਆਹ'। ਜਿਸ ਦਾ ਭਾਵ ਹੁੰਦਾ ਹੈ ਕੁਛ ਨਾ ਮਿਲਿਆ।

ਅੰਕ ੫- ਸਿੱਧਾਂਤ ਦੀ ਗੱਲ ਆਖਦੇ ਹਨ ਕਿ ਸਾਰੇ ਭੁੱਲੇ, ਮਾਲਣ ਫੁੱਲ ਤੋੜਣ ਵਾਲੀ,ਪੁਜਾਰੀ ਤੇ ਸ਼ਰਧਾ ਵਾਲੇ ਫੁੱਲ ਪੱਤੀ, ਭਾਤ ਲਾਪਸੀ ਚੜ੍ਹਾਉਣ ਵਾਲੇ,ਕਿਉਂਕਿ ਓਹ ਨਿਰਜਿੰਦ ਦੇ ਉਪਾਸ਼ਕ ਹਨ। ਅਸੀਂ ਨਹੀਂ ਭੁੱਲੇ, ਕਿਉਂਕਿ ਅਸੀਂ ਸਜਿੰਦ, ਸਭ ਵਿਚ ਕ੍ਰੀੜਾ ਕਰ ਰਹੇ, ਰਾਮ ਦੇ ਉਪਾਸ਼ਕ ਹਾਂ।ਪਰ ਸਾਡੀ ਇਹ ਅਭੁੱਲਤਾਈ ਸਾਡੀ ਨਹੀਂ, ਪ੍ਰਕਾਸ਼ ਸਰੂਪ ਹਰੀ ਨੇ ਆਪਣੀ ਕਿਰਪਾ ਕਰਕੇ ਸਾਨੂੰ ਸੱਚਾ ਗਯਾਨ ਦਾਨ ਕੀਤਾ ਹੈ ।

ਨਿਰੁਕ੍ਤ- ਪਾਤੀ-(ਸੰਸ:, ਪਤ੍ਰੰ=ਪੱਤਾ] ਪੱਤੀ। ਪੱਤੀਆਂ, ਤੁਲਸੀ ਬਿਲ ਆਦਿ ਦੇ ਪੱਤੇ, ਜੋ ਪੂਜਾ ਵਿਚ ਵਰਤਦੇ ਹਨ। ਪਾਹਨ-[ਸੰਸ:,ਪਾਖ਼ਾਣ:]ਪੱਥਰ।

ਬ੍ਰਹਮੁ-ਬ੍ਰਹਮਾ। ਬਿਸਨੁ-ਵਿਸ਼ਨੂੰ।

ਸ਼ੰਕਰ-ਸ਼ਿਵ। ਪਰ ਅੱਖਰੀ ਅਰਥ ਹੈ ਖੁਸ਼ੀ ਦਾ ਦਾਤਾ।

ਪਾਖਾਨੁ-[ਦੇਖੋ ਉਪਰਲਾ ਪਦ 'ਪਾਹਨ'] ਪੱਥਰ।

ਗੜ੍ਹਨਹਾਰੇ-ਘੜਨ ਵਾਲੇ ਨੂੰ । ਭਾਤੁ- [ਹਿੰ:] ਚਾਵਲ। ਅਕਸਰ ਰਿੱਧੇ ਚਾਵਲਾਂ ਨੂੰ ਭਾਤ ਆਖਦੇ ਹਨ। ਯਥਾ-ਦਾਲ ਭਾਤ ਕਾ ਕਛੂ ਨਾ ਖਾਨਾ। ਮੋਰੇ ਝੂਸੇ ਕਹੂੰ ਨ ਜਾਨਾ।

ਪਹਿਤਿ-[ਸੰਸ:,ਪਿਖ਼੍ਰਿਕੰ ਦਾਲ ਦੀ ਪੀਠੀ] ਦਾਲ।

ਲਾਪਸੀ-[ਸੰਸ:,ਲਪਿਕਾ।ਹਿੰ:, ਲਪਸੀ] ਰਵਾ, ਘਿਉ, ਖੰਡ ਤੇ ਪਾਣੀ ਦਾ ਬਣਾਇਆ ਪਤਲਾ ਕੜਾਹ, ਜਿਸ ਨੂੰ ਲਪੀ ਤੇ ਸੀਰਾ ਬੀ ਕਹਿੰਦੇ ਹਨ।

ਕਰਕਰਾ-ਕਰਾਰਾ,ਭੁਰਭੁਰਾ।ਪਰ ਹੋਰ ਅਰਥ ਬੀ ਲਾ ਲੈਂਦੇ ਹਨ- (ਅ) ਪੇਠੇ ਦਾ ਬਣਿਆ ਮਿਸ਼ਟਾਨ। (ੲ) ਪੇੜਾ।

ਕਾਸਾਰੁ-[ਸੰਸ:,ਕ੍ਰਿਸ਼ਰ:] ਪੰਜਾਬੀ ਅਤੇ ਹਿੰਦੀ ਵਿਚ ਕਸਾਰ ਪੰਜੀਰੀ, ਚੂਰਮੇ ਨੂੰ ਕਹਿ ਲੈਂਦੇ ਹਨ।

ਛਾਰੁ-ਸੁਆਹ, ਭਾਵ ਕੁਛ ਨਹੀਂ । ਵਿਸ਼ੇਸ਼ ਵੇਰਵਾ ਵਯਾਖਯਾ ਵਿਚ ਆ ਚੁਕਾ ਹੈ ।

ਜਗੁ- ਜਗਤ। ਇਹ ਪਦ ਕਹਿਕੇ ਕਬੀਰ ਜੀ ਨੇ ਮਾਲਣ ਤੇ ਪੁਜਾਰੀ ਤੋਂ ਛੁੱਟ,ਮੱਥੇ ਟੇਕਣ ਵਾਲੇ, ਪੂਜਣ ਵਾਲੇ ਭੋਗ ਪਦਾਰਥ ਤਿਆਰ ਕਰਨ ਵਾਲੇ ਤੇ ਸਾਰੇ ਮੂਰਤੀ ਪੂਜਕ ਲੈ ਲਏ ਹਨ।

[ਆਸਾ ਕਬੀਰ ਜੀ,ਚਉਪਦਾ-੧੫]

ਮੂਲ	ਅਰਥ
ਆਸਾ ॥ ਬਾਰਹ ਬਰਸ ਬਾਲਪਨ ਬੀਤੇ ਬੀਸ ਬਰਸ ਕਛੁ ਤਪੁ ਨ ਕੀਓ॥ ਤੀਸ ਬਰਸ ਕਛੂ ਦੇਵ ਨ ਪੂਜਾ ਫਿਰਿ ਪਛੁਤਾਨਾ ਬਿਰਧਿ ਭਇਓ ॥੧॥	(ਇਸ ਬੰਦੇ ਦੇ) ਬਾਰਾਂ ਵਰ੍ਹੇ ਤਾਂ ਬਾਲਪਨ (ਦੀਆਂ ਖੇਡਾਂ) ਵਿਚ ਬੀਤ ਗਏ, ਵੀਹ ਵਰ੍ਹੇ ਕੁਛ ਤਪ ਆਦਿਕ ਨਾ ਕੀਤਾ,ਤੀਹ ਵਰ੍ਹੇ ਦੇਵ ਦੀ (ਕੋਈ ਕੁਝ ਬੀ) ਸੇਵਾ ਨਾ (ਕੀਤੀ) ਫੇਰ ਪਛੋਤਾਇਆ ਜਦੋਂ ਕਿ (ਜਪ ਤਪ ਪੂਜਾ ਦੀ ਉਮਰ ਗੁਜ਼ਰ ਗਈ ਤੇ) ਬੁੱਢਾ ਹੋ ਗਿਆ॥੧॥
ਮੇਰੀ ਮੇਰੀ ਕਰਤੇ ਜਨਮੁ ਗਇਓ ॥ ਸਾਇਰੁ ਸੋਖਿ ਭੁਜੰ ਬਲਇਓ ॥੧॥ ਰਹਾਉ ॥	(ਸੁਹਣਾ ਮਨੁੱਖਾ-) ਜਨਮ ਮੇਰੀ ਮੇਰੀ ਕਰਦਿਆਂ (ਬ੍ਰਿਥਾ ਬੀਤ) ਗਿਆ (ਭਾਵ ਮੋਹ ਮਾਯਾ ਵਿਚ ਗ਼ਾਫਲ ਰਹਿੰਦਿਆ ਬੁਢੇਪੇ ਨੇ ਆਣ ਫੜਿਆ ਜਦੋਂ ਕਿ ਮੇਰੀ ਮੇਰੀ ਪੁਗਾਉਣ ਵਾਲੇ) ਬਾਹੂ ਬਲ ਰੂਪੀ ਸਮੁੰਦਰ ਨੂੰ (ਬੁਢੇਪੇ ਰੂਪੀ ਅਗਸਤ ਮੁਨੀ ਨੇ) ਸੁਕਾ ਦਿੱਤਾ*। ॥੧॥ ਰਹਾਉ॥
ਸੂਕੇ ਸਰਵਰਿ ਪਾਲਿ ਬੰਧਾਵੈ ਲੂਣੈ ਖੇਤਿ ਹਥ ਵਾਰਿ ਕਰੈ ॥ ਆਇਓ ਚੋਰੁ ਤੁਰੰਤਹ ਲੇ ਗਇਓ ਮੇਰੀ ਰਾਖਤ ਮੁਗਧੁ ਫਿਰੈ ॥੨॥	(ਹੁਣ ਹੋਰ ਮੂਰਖਤਾ ਕਰਦਾ ਹੈ ਸਰੀਰਕ ਬਲ ਉਹੋ ਜਿਹਾ ਰਹੇ, ਉਸ ਲਈ ਕਈ ਉਪਾਉ ਕਰਦਾ ਹੈ ਪਰ ਓਹ ਹੁਣ ਐਉਂ ਨਿਸ਼ਫਲ ਹਨ ਜਿਵੇਂ ਕਿ ਕੋਈ) ਸੁਕ ਗਏ ਤਲਾ ਦੇ ਅੱਗੇ ਬੰਨ੍ਹ ਮਾਰੇ (ਯਾ ਜਿਵੇਂ ਕੋਈ) ਕੱਟੇ ਗਏ ਖੇਤ ਦੇ ਦੁਆਲੇ ਹਥਾਂ ਨਾਲ ਵਾੜ ਕਰੇ। (ਸੋ ਜਿਸ) ਮੇਰੀ ਨੂੰ ਮੂਰਖ ਬਚਾਉਂਦਾ ਫਿਰ ਰਿਹਾ ਹੁੰਦਾ ਹੈ (ਉਸ ਨੂੰ ਬੁਢੇਪੇ ਰੂਪੀ) ਚੋਰ ਆਕੇ ਤੁਰਤ ਹੀ ਲੈ ਗਿਆ† ॥੨॥
ਚਰਨ ਸੀਸੁ ਕਰ ਕੰਪਨ ਲਾਗੇ ਨੈਨੀ ਨੀਰੁ ਅਸਾਰ ਬਹੈ ॥ ਜਿਹਵਾ ਬਚਨੁ ਸੁਧੁ ਨਹੀ ਨਿਕਸੈ ਤਬ ਰੇ ਧਰਮ ਕੀ ਆਸ ਕਰੈ ॥੩॥	ਹੁਣ ਪੈਰ, ਸਿਰ ਤੇ ਹੱਥ ਤਾਂ ਕੰਬਣ ਲਗ ਪਏ, ਅੱਖਾਂ ਤੋਂ ਆ ਮੁਹਾਰਾ ਪਾਣੀ ਵਹਿੰਦਾ ਹੈ। ਜ਼ੁਬਾਨ ਤੋਂ ਬਚਨ ਸ਼ੁੱਧ ਨਹੀਂ ਨਿਕਲਦੇ (ਥਿੜਕ ਥਿੜਕ ਕੇ ਗੱਲਾਂ ਕਰਦਾ ਹੈ, ਹੇ ਮੂਰਖ ਤੂੰ) ਤਦੋਂ ਧਰਮ (ਪ੍ਰਾਪਤੀ) ਦੀ ਆਸਾ ਰਖਦਾਂ ਹੈਂ? (ਭਾਵ ਇਹ ਆਸਾ ਬ੍ਰਿਥਾ ਹੈ) ॥੩॥
ਹਰਿ ਜੀਉ ਕ੍ਰਿਪਾ ਕਰੈ ਲਿਵ ਲਾਵੈ ਲਾਹਾ ਹਰਿ ਹਰਿ ਨਾਮੁ ਲੀਓ ॥ ਗੁਰ ਪਰਸਾਦੀ ਹਰਿ ਧਨੁ ਪਾਇਓ ਅੰਤੇ ਚਲਦਿਆ ਨਾਲਿ ਚਲਿਓ ॥੪॥	(ਪਰ ਜਿਸ ਉਪਰ) ਹਰਿ ਜੀਉ ਕਿਰਪਾ ਕਰ ਦੇਵੇ(ਉਹ ਹਰੀ ਵਿਚ) ਲਿਵ ਲਾਉਂਦਾ ਹੈ (ਉਸ ਨੇ ਜਾਣੋ) ਹਰੀ ਹਰਿ ਨਾਮ ਦਾ ਲਾਹਾ (=ਮਾਨੁੱਖਾ ਜਨਮ ਦੀ ਸਫਲਤਾ) ਲੈ ਲਿਆ। (ਇਹ) ਹਰੀ (ਨਾਮ ਰੂਪੀ) ਧਨ (ਉਸ ਨੇ) ਗੁਰੂ ਦੀ ਕ੍ਰਿਪਾ ਨਾਲ ਪਾਇਆ ਸੀ,(ਸੋ ਇਹ) ਅੰਤ ਨੂੰ ਚਲਾਣੇ ਸਮੇਂ (ਉਸਦੇ) ਨਾਲ ਗਿਆ॥੪॥

* ਸਮੁੰਦਰ ਸੁੱਕਾ ਦੇਣ' ਪਦਾਂ ਤੋਂ ਪੁਰਾਤਣ ਦਾਨੇ ਅਗਸਤ ਮੁਨੀ ਦੀ ਰਵਾਯਤ ਵਲ ਇਸ਼ਾਰਾ ਸਮਝਦੇ ਆਏ ਹਨ, ਜਿਨ੍ਹਾ ਨੇ ਸਮੁੰਦਰ ਸੁਕਾ ਦਿਤਾ ਸੀ। ਏਥੇ ਸੁੰਦਰ ਕਾਵ੍ਯ ਕਟਾਖਯ ਹੈ, ਬੁਢੇਪਾ ਜਿਸ ਦਾ ਜ਼ਿਕਰ ਚਲ ਰਿਹਾ ਹੈ, ਅਗਸਤ ਹੈ ਤੇ ਬੁਢੇਪੇ ਵਿਚ ਹਿਰ ਗਿਆ ਸਰੀਰਕ ਬਲ ਸਮੰਦਰ ਹੈ; ਜਿਸ ਨੂੰ ਕਿ ਜੀਵ ਜੁਆਨੀ ਦੇ ਮਦ ਵਿਚ ਅਮੁਕ ਸਮਝਦਾ ਰਹਿੰਦਾ ਹੈ ਤੇ ਮੈਂ ਮੇਰੀ ਵਿਚ ਮਸਤ ਰਹਿੰਦਾ ਹੈ।

†ਮੇਰੀ ਤੋਂ ਮੁਰਾਦ ਹੈ ਜੁਆਨੀ ਦਾ ਬਲ ਤੇ ਇਸ ਨਾਲ ਕੱਠੀ ਕੀਤੀ ਸੰਪਦਾ, ਜਿਨ੍ਹਾਂ ਦੋਹਾਂ ਨੂੰ ਅਪਣੀ ਸਮਝਦਾ ਸੀ। ਬੁਢੇਪੇ ਨੂੰ ਚੋਰ ਤਾਂ ਕਿਹਾ ਹੈ ਕਿ ਉਹ ਬੇ-ਮਲੂਮ ਸਰੀਰ ਵਿਚ ਪਰਵੇਸ਼ ਕਰਦਾ ਹੈ। ਤੁਰਤ ਤਾਂ ਕਿਹਾ ਹੈ ਕਿ ਜੀਵ ਨੂੰ ਜਦ ਬੁਢੇਪਾ ਵਾਪਰਦਾ ਹੈ ਤਾ ਜੁਆਨੀ ਦੇ ਦਿਨ ਸੁਪਨਾ ਦਿੱਸਦੇ ਹਨ ਤੇ ਬੁਢੇਪਾ ਆ ਗਿਆ ਭਾਸਦਾ ਹੈ।

ਕਹਤ ਕਬੀਰ ਸੁਨਹੁ ਰੇ ਸੰਤਹੁ ਅਨੁ ਧਨੁ ਕਛੂਐ ਲੈ ਨ ਗਇਓ ॥ ਆਈ ਤਲਬ ਗੋਪਾਲ ਰਾਇ ਕੀ ਮਾਇਆ ਮੰਦਰ ਛੋਡਿ ਚਲਿਓ ॥੫॥੨॥੧੫॥	ਕਹਿੰਦੇ ਹਨ ਕਬੀਰ ਜੀ: ਹੇ ਸੰਤੋ ! ਸੁਣੋ ਕਦੇ ਕੋਈ ਧਨ ਕਿ ਅਨਾਜ (ਅੰਤ ਸਮੇਂ) ਨਾਲ ਲੈਕੇ ਨਹੀਂ ਗਿਆ, (ਜਦ ਇਸ ਨੂੰ) ਅਕਾਲ ਪੁਰਖ ਦਾ ਸੱਦਾ ਆ ਗਿਆ ਦੌਲਤ ਤੇ ਮਿਲਖ ਛਡ ਕੇ ਤੁਰ ਗਿਆ॥੫॥੨॥੧੫

ਵਯਾਖਯਾ:- ਇਹ ਸ਼ਬਦ ਉਪਦੇਸ਼ ਲਈ ਅਪਣੇ ਪਰਥਾਇ ਨਹੀਂ ਉਚਾਰਿਆ ਗਿਆ, ਇਹ ਸਪਸ਼ਟ ਹੈ ,ਕਿਸੇ ਇਕ ਐਸੇ ਮੂਰਖ ਨੂੰ ਬੁਢਾਪੇ ਵਿਚ ਧਰਮ ਦਾ ਜਤਨ ਕਰਦੇ ਨਾ-ਕਾਮਯਾਬ ਰਹਿੰਦੇ ਮਰ ਗਏ ਨੂੰ ਦੇਖਕੇ ਉਚਾਰਿਆ ਗਿਆ ਹੋਵੇ ਤਾਂ ਅਚਰਜ ਨਹੀਂ। ਉਵ ਸਪਸ਼ਟ ਹੈ ਕਿ ਇਕ ਇਨਸਾਨ ਦਾ ਨਕਸਾ ਖਿੱਚਕੇ ਸਾਰੇ ਉਹਨਾਂ ਮੂਰਖਾਂ ਦੀ ਮੂਰਖਤਾ ਦਰਸਾਈ ਹੈ ਜੋ ਸਾਰੀ ਉਮਰ ਤਾਂ ਬਾਹੂ ਬਲ ਤੇ ਬੁੱਧੀ ਧਨ ਕਮਾਈ ਵਿਚ ਖਰਚਦੇ ਤੇ ਧਰਮ ਪ੍ਰਾਪਤੀ ਵਲੋਂ ਬੇ-ਪਰਵਾਹ ਰਹਿੰਦੇ ਹਨ; ਬੁਢੇਪੇ ਦੇ ਆਇਆਂ ਮੌਤ ਨੇੜੇ ਦਿੱਸਦੀ ਤੇ ਪ੍ਰਲੋਕ ਦਾ ਭੈ ਛਾ ਜਾਂਦਾ ਹੈ, ਤਦ ਧਰਮ ਵਲ ਲਗਦੇ ਹਨ, ਪਰ ਤਦੋਂ ਕੁਛ ਹੋ ਨਹੀਂ ਆਉਂਦਾ, ਕਿਉਂਕਿ ਸਰੀਰਕ ਬਲ ਘਟ ਜਾਂਦਾ ਹੈ ਤੇ ਅੰਗ ਸਿਥਲ ਹੋ ਜਾਂਦੇ ਹਨ। 'ਤਬ ਰੇ ਧਰਮ ਕੀ ਆਸ ਕਰੈ' ਵਿਚ ਕਟਾਖਯ ਹੈ ਜਿਸ ਦਾ ਭਾਵ ਇਹ ਹੈ ਕਿ ਅਕਸਰ ਮਾਯਾ ਧਾਰੀ ਲੋਕ ਕਿਹਾ ਕਰਦੇ ਹਨ ਕਿ ਬਾਲਪਨ ਖੇਲਾਂ ਲਈ, ਜੁਆਨੀ ਮੌਜਾਂ ਲਈ ਤੇ ਬੁਢੇਪਾ ਜਪ ਤਪ ਲਈ ਹੈ। ਉਨ੍ਹਾਂ ਨੂੰ ਸਮੋਧ ਕਰਦੇ ਹਨ ਕਿ ਜਦ ਸਾਰੇ ਅੰਗ ਸਿਥਲ ਹੋ ਜਾਣਗੇ, ਬਲ ਹਿਰ ਜਾਏਗਾ, ਉਸ ਉਮਰਾ ਤੇ ਬੰਦਗੀ ਕਰਨ ਦੀ ਆਸ ਰਖਣੀ ਅਤੀ ਮੂਰਖਤਾ ਹੈ।

ਅੰਕ ੪ ਵਿਚ ਜੁਆਨੀ ਵਿਚ ਕਰਨੇ ਯੋਗ ਧਰਮ ਦਾ ਰੂਪ ਦੱਸਦੇ ਹਨ, ਉਹ ਇਹ ਹੈ ਕਿ ਗੁਰੂ ਦੀ ਕ੍ਰਿਪਾ ਨਾਲ ਨਾਮ ਪ੍ਰਾਪਤ ਕਰਕੇ ਭਜਨ ਕਰੇ ਤੇ ਉਹ ਨਾਮ ਲਿਵ ਬਣ ਜਾਵੇ ਇਹ ਜੀਵਨ ਦੀ ਸਫਲਤਤਾ ਤੇ ਪ੍ਰਲੋਕ ਵਿਚ ਸੁਖ ਪ੍ਰਾਪਤੀ ਹੈ।

ਅੰਤਲੇ ਪਦ ਵਿਚ ਗਲ ਦੁਹਰਾਈ ਹੈ ਕਿ ਨਾਲ, ਨਾ ਮਾਲ, ਨਾ ਮਿਲਖ ਨਾ ਅੰਨ ਨਾ ਧਨ ਜਾਂਦਾ ਹੈ, ਕੇਵਲ ਹਰੀ ਧਨ ਨਾਲ ਜਾਂਦਾ ਹੈ। ਉਪਦੇਸ਼ ਇਹ ਹੈ ਕਿ ਇਸ ਨੂੰ ਜੁਆਨੀ ਵਿਚ ਇਕੱਤ੍ਰ ਕਰੋ। ਕਬੀਰ ਜੀ ਦੇ ਅਪਣੇ ਵਾਕਾਂ ਵਿਚ ਇਹ ਉਪਦੇਸ਼ ਐਉਂ ਹੈ:-

> ਜਬ ਲਗੁ ਜਰਾ ਰੋਗੁ ਨਹੀ ਆਇਆ ॥ ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ ॥ ਜਬ ਲਗੁ ਬਿਕਲ ਭਈ ਨਹੀ ਬਾਨੀ ॥ ਭਜਿ ਲੇਹਿ ਰੇ ਮਨ ਸਾਰਿਗਪਾਨੀ ॥੨॥ ਅਬ ਨ ਭਜਸਿ ਭਜਸਿ ਕਬ ਭਾਈ ॥ ਆਵੈ ਅੰਤੁ ਨ ਭਜਿਆ ਜਾਈ ॥ ਜੋ ਕਿਛੁ ਕਰਹਿ ਸੋਈ ਅਬ ਸਾਰੁ ॥ ਫਿਰਿ ਪਛੁਤਾਹੁ ਨ ਪਾਵਹੁ ਪਾਰੁ ॥੩॥ ਸੋ ਸੇਵਕੁ ਜੋ ਲਾਇਆ ਸੇਵ ॥ ਤਿਨ ਹੀ ਪਾਏ ਨਿਰੰਜਨ ਦੇਵ ॥ ਗੁਰ ਮਿਲਿ ਤਾ ਕੇ ਖੁਲ੍ਹੇ ਕਪਾਟ ॥ ਬਹੁਰਿ ਨ ਆਵੈ ਜੋਨੀ ਬਾਟ ॥੪॥ ਇਹੀ ਤੇਰਾ ਅਉਸਰੁ ਇਹ ਤੇਰੀ ਬਾਰ ॥ ਘਟ ਭੀਤਰਿ ਤੂ ਦੇਖੁ ਬਿਚਾਰਿ ॥ ਕਹਤ ਕਬੀਰੁ ਜੀਤਿ ਕੈ ਹਾਰਿ ॥ ਬਹੁ ਬਿਧਿ ਕਹਿਓ ਪੁਕਾਰਿ ਪੁਕਾਰਿ ॥੫॥੧॥੯॥
>
> [ਭੈਰਉ ਕਬੀਰ ਜੀ-੯]

ਨਿਰੁਕ੍ਤ- ਦੇਵ ਨ ਪੂਜਾ- ਦੇਵ ਦੀ ਪੂਜਾ ਨਹੀਂ ਕੀਤੀ। ਪ੍ਰਭੂ ਦੀ ਪੂਜਾ ਨਹੀਂ ਕੀਤੀ, ਪਰ ਦੇਵ ਪੂਜਾ ਤੋਂ ਅਕਸਰ ਭਾਵ ਦੇਵਤਿਆਂ ਦੀ ਸਰਗੁਣ ਉਪਾਸਨਾਂ ਤੋਂ ਬੀ ਲਿਆ ਜਾਂਦਾ ਹੈ।

ਤੀਸ ਬਰਸ ਕਛੂ ਦੇਵ ਨ ਪੂਜਾ ਫਿਰਿ ਪਛੁਤਾਨਾ ਬਿਰਧਿ ਭਇਓ- ਸਿੱਧਾ ਹਿਸਾਬ ਹੈ, ੧੨ ਬਰਸ ਤਕ, ੨੦ ਬਰਸ ਤਕ, ੩੦ ਬਰਸ ਤਕ। ਪਰ ਤੀਹ ਵਰਹੇ ਬਾਦ ਬੁਢੇਪਾ ਨਹੀਂ ਆਉਂਦਾ।

ਇਸ ਕਰਕੇ ਦਾਨਿਆਂ ਨੇ ਇਹ ਵਜਾਖਜ਼ਾ ਠੀਕ ਨਹੀਂ ਸਮਝੀ। ਸੰਪ੍ਰਦਾ ਵਿਚ ਐਉਂ ਅਰਥ ਭਾਵ ਲੈਂਦੇ ਆਏ ਹਨ ਕਿ ੧੨ ਤਾਂ ਬੀਤੇ ਖੇਡਾਂ ਵਿਚ, ਅਗੋਂ ੨੦ ਵਰਹੇ ਹੋਰ ਗਵਾਏ ਤਾਂ ਹੋ ਗਏ ੩੨। ਫੇਰ ਤੀਹ ਵਰਹੇ ਅਗਲੇ ਬੀ ਧਰਮ ਨਾ ਕਮਾਇਆ ੧੨+੨੦+੩੦ ਹੋ ਗਏ ੬੨।ਸੋ ੬੨ ਬਰਸ ਪਰ ਬੁਢੇਪਾ ਆ ਜਾਂਦਾ ਹੈ। ਪੰਜਾਬ ਵਿਚ ਬੁੱਢੇ ਨੂੰ ਕਹੀਦਾ ਹੈ 'ਸੱਤਰਿਆ ਬਹੱਤਰਿਆ' ਗਿਆ ਹੈ। ਯੂ.ਪੀ. ਵਿਚ ਕਹਿੰਦੇ ਹਨ 'ਸਾਠੇ ਬਾਠੇ ਗਿਆ;' ਅਰਥਾਤ ਪੂਰਾ ਬੁੱਢਾ ਹੋ ਗਿਆ ਹੈ। ਸੋ ਉਹ ਸਾਠੇ ਬਾਠੇ ਦਾ ਮੁਹਾਵਰਾ ਇਸ ਬਾਠ ਬਰਸ ਨਾਲ ਢੁੱਕ ਗਿਆ, ਤਦ ਤੀਹ ਕਹਿਕੇ ਬਿਰਧ ਭਇਆ ਕਹਿਣਾ ਠੀਕ ਨਿਕਲ ਆਇਆ।

ਸਾਇਰੁ- [ਸੰਸ:, ਸਾਗਰ:। ਪ੍ਰਾ: ਸਾਇਰ] ਸਮੁੰਦਰ।

ਸੋਖ- ਸੁੱਕ। ਸੁਕਾ ਲਿਆ। ਸੁਕਾ ਦਿਤਾ।

ਭੁਜੰ ਬਲਇਓ-[ਸੰਸ: ਭੁਜਾ (ਬਾਂਹ)+ ਬਲੰ=ਤਾਕਤ] ਭੁਜਾਂ ਦਾ ਬਲ ਜੋ ਸੀ। (ਅ) ਭੁਜੰਬਲ ਸੋਖ ਲਇਓ। (ੲ) ਸਮੁੰਦਰ ਸੁਕ ਗਿਆ, ਭੁਜਾਂ ਦਾ ਬਲ ਲੈ ਹੋ ਗਿਆ। ਇਸ ਵਿਚ 'ਸਰੀਰਕ ਸਤਜ਼ਾ' ਦਾ ਅਧਜ਼ਾਹਾਰ ਕਰਨਾ ਪੈਂਦਾ ਹੈ।

ਪਾਲਿ-[ਸੰਸ:, ਪਾਲਿ:=ਸੀਮਾ, ਹੱਦ ਕਿਨਾਰਾ] ਕੰਧ। ਬੰਨ੍ਹ।

ਲੂਣੇ-ਲੁਣਿਆ ਹੋਇਆ। ਕੱਟਿਆ ਗਿਆ (ਖੇਤ)।

ਹਥਵਾਰਿ- ਉਹ ਵਾੜ ਜੋ ਹੱਥਾਂ ਨਾਲ ਕਰੇ। ਮੁਗਧੁ-ਮੂਰਖ।

ਅਸਾਰ- ਜੋ ਕਿਸੇ ਰੋਗ ਆਦਿ ਕਰਕੇ ਨਹੀਂ ਪਰ ਦੁਰਬਲਤਾ ਕਰਕੇ ਪਿਆ ਵਗੇ। ਆ ਮੁਹਾਰਾ

ਤਲਬ- [ਅ:, ਤ਼ਲਬ] ਮੰਗ। ਸੱਦਾ। ਬੁਲਾਵਾ।

[ਆਸਾ ਕਬੀਰ ਜੀਉ, ਚਉਪਦਾ-੧੬]

ਪ੍ਰਾਕ੍ਥਨ- ਹਰੀ ਜਨ ਗਰੀਬੀ ਅਮੀਰੀ ਹਰ ਹਾਲ ਹਰ ਵਾਪਰੀ ਗਲ ਨੂੰ ਆਗਜ਼ਾ ਸਮਝਦੇ ਭਗਤੀ ਵਿਚ ਰਤੇ ਰਹਿੰਦੇ ਹਨ।

ਮਲ	ਅਰਥ
ਆਸਾ ॥ ਕਾਹੂ ਦੀਨੇ ਪਾਟ ਪਟੰਬਰ ਕਾਹੂ ਪਲਘ ਨਿਵਾਰਾ ॥ ਕਾਹੂ ਗਰੀ ਗੋਦਰੀ ਨਾਹੀ ਕਾਹੂ ਖਾਨ ਪਰਾਰਾ ॥੧॥	ਕਿਸੇ ਨੂੰ ਦਿਤੇ ਹਨ (ਸੂਤੀ) ਕਪੜੇ, (ਕਿਸੇ ਨੂੰ ਦਿਤੇ ਹਨ) ਰੇਸ਼ਮੀ ਕਪੜੇ, ਕਿਸੇ ਨੂੰ ਦਿਤੇ ਹਨ ਨਿਵਾਰੀ ਪਲੰਘ ਤੇ ਕਿਸੇ ਨੂੰ ਪੁਰਾਣੀ (ਪਾਟੀ ਹੋਈ) ਗੋਦੜੀ ਬੀ ਨਹੀਂ ਦਿਤੀ ਤੇ ਕਿਸੇ ਘਰ ਪਰਾਲੀ ਹੀ ਹੈ (ਹੇਠਾਂ ਵਿਛਾਕੇ ਸੌਣ ਲਈ)॥੧॥
ਅਹਿਰਖ ਵਾਦੁ ਨ ਕੀਜੈ ਰੇ ਮਨ ॥ ਸੁਕ੍ਰਿਤੁ ਕਰਿ ਕਰਿ ਲੀਜੈ ਰੇ ਮਨ ॥੧॥ ਰਹਾਉ ॥	(ਹੇ ਮੇਰੇ) ਮਨ! (ਇਹ ਕੁਛ ਦੇਖਕੇ) ਅਪ੍ਰਸੰਨ ਨਾ ਹੋ (ਤੇ ਅਪ੍ਰਸੰਨਤਾ ਵਿਚ ਦੇਣਹਾਰ ਨਾਲ) ਝਗੜਾ ਨਾ ਕਰ, ਸਗੋਂ ਭਲਿਆਈ ਕਰਕੇ ਲੈ ਹੇ ਮਨ ! ॥੧॥ ਰਹਾਉ ॥*

* ਭਾਵ ਹੈ ਸੁਭ ਕਰਮ ਕਰ, ਪੁੰਨ ਕਰ, ਐਸੇ ਸੁਕ੍ਰਿਤ ਕਰਨੇ ਤੇ ਤੈਨੂੰ ਬੀ ਮਿਲੇਗਾ।ਇਸ਼ਾਰਾ ਹੈ ਕਿ ਕਰਮਾਂ ਕਰਕੇ ਹਰੇਕ ਨੂੰ ਯਥਾ ਅਧਿਕਾਰ ਮਿਲਦਾ ਹੈ।)

ਕੁਮ੍ਹਾਰੈ ਏਕ ਜੁ ਮਾਟੀ ਗੂੰਧੀ ਬਹੁ ਬਿਧਿ ਬਾਨੀ ਲਾਈ ॥ ਕਾਹੂ ਮਹਿ ਮੋਤੀ ਮੁਕਤਾਹਲ ਕਾਹੂ ਬਿਆਧਿ ਲਗਾਈ ॥੨॥

ਕੁਮ੍ਹਿਆਰ ਇਕੋ ਮਿੱਟੀ ਗੁੰਨ੍ਹਦਾ ਹੈ, (ਪਰ ਉਸ ਤੋਂ ਜਦ ਭਾਂਡੇ ਸਾਜਦਾ ਹੈ ਤਾਂ) ਬਹੁਤ ਬਿਧਾਂ (ਕਿਸਮਾਂ ਦੇ) ਰੰਗ ਲਾ ਦਿੰਦਾ ਹੈ। ਕਿਸੇ (ਭਾਂਡੇ) ਵਿਚ (ਤਾਂ) ਮੋਤੀ ਤੇ ਮੁਕਤਾਹਲ ਪੈਂਦੇ ਹਨ, ਕਿਸੇ ਵਿਚ ਗੰਦ ਮੰਦ ॥ ੨ ॥

ਸੂਮਹਿ ਧਨੁ ਰਾਖਨ ਕਉ ਦੀਆ ਮੁਗਧੁ ਕਹੈ ਧਨੁ ਮੇਰਾ ॥ ਜਮ ਕਾ ਡੰਡੁ ਮੂੰਡ ਮਹਿ ਲਾਗੈ ਖਿਨ ਮਹਿ ਕਰੈ ਨਿਬੇਰਾ ॥੩॥

ਸੂਮ ਨੂੰ ਧਨ ਤਾਂ ਸਾਂਭਣ ਵਾਸਤੇ ਦਿਤਾ ਸੀ, (ਪਰ ਉਹ) ਮੂਰਖ ਕਹਿੰਦਾ ਹੈ ਕਿ ਧਨ ਮੇਰਾ ਹੈ, (ਪਰ) ਜਮ ਦਾ ਡੰਡਾ ਸਿਰ ਤੇ (ਅਚਾਨਕ) ਆ ਵਜਦਾ ਹੈ, ਉਹ ਪਲ ਵਿਚ ਫੈਸਲਾ ਕਰ ਦੇਂਦਾ ਹੈ (ਕਿ ਧਨ ਤੇਰਾ ਨਹੀਂ ਸੀ) ॥ ੩ ॥

ਹਰਿ ਜਨੁ ਊਤਮੁ ਭਗਤੁ ਸਦਾਵੈ ਆਗਿਆ ਮਨਿ ਸੁਖੁ ਪਾਈ ॥ ਜੋ ਤਿਸੁ ਭਾਵੈ ਸਤਿ ਕਰਿ ਮਾਨੈ ਭਾਣਾ ਮੰਨਿ ਵਸਾਈ ॥੪॥

ਹਰੀ ਦੇ ਦਾਸ ਉੱਤਮ ਹਨ, ਓਹ ਆਗਿਆ ਮੰਨ ਕੇ ਸੁਖ ਪਾਉਂਦੇ ਹਨ, (ਓਹੀ ਹਰੀ ਦੇ) ਭਗਤ ਕਹੇ ਜਾਂਦੇ ਹਨ। (ਓਹ ਹਰੀ ਦੇ) ਭਾਣੇ ਨੂੰ ਮਨ ਵਿਚ ਵਸਾਉਂਦੇ ਹਨ, ਜੋ ਕੁਛ ਉਸ (ਹਰੀ) ਨੂੰ ਭਾਉਂਦਾ ਹੈ ਸਤਿ ਕਰਕੇ ਮੰਨਦੇ ਹਨ (ਭਾਵ ਉਸ ਨੂੰ ਠੀਕ ਤਸਲੀਮ ਕਰ ਲੈਂਦੇ ਹਨ) ॥ ੪ ॥

ਕਹੈ ਕਬੀਰੁ ਸੁਨਹੁ ਰੇ ਸੰਤਹੁ ਮੇਰੀ ਮੇਰੀ ਝੂਠੀ ॥ ਚਿਰਗਟ ਫਾਰਿ ਚਟਾਰਾ ਲੈ ਗਇਓ ਤਰੀ ਤਾਗਰੀ ਛੂਟੀ ॥੫॥੩॥੧੯॥

ਕਹਿੰਦੇ ਹਨ ਕਬੀਰ ਜੀ: ਹੇ ਸੰਤੋ! ਸੁਣੋ, ਮੇਰੀ ਮੇਰੀ (ਕਰਨੀ) ਝੂਠੀ ਹੈ; (ਇਹ ਪਤਾ ਤਦੋਂ ਲਗੇਗਾ ਜਦੋਂ) ਜਾਲੀ ਦੇ ਪਿੰਜਰੇ ਨੂੰ ਪਾੜਕੇ (ਜਮ ਰੂਪੀ ਬਿੱਲਾ ਜੀਵ ਰੂਪੀ) ਚਿੜੇ ਨੂੰ ਕੱਢ ਕੇ ਲੈ ਗਿਆ ਤੇ ਜਾਲੀ ਤੇ ਤਾਗੇ (ਰੂਪੀ ਕੱਠੇ ਕੀਤੇ ਪਦਾਰਥ) ਛੁੱਟ ਗਏ (ਭਾਵ ਏਥੇ ਹੀ ਰਹਿ ਗਏ ਨਾਲ ਨਾ ਗਏ) ॥ ੫ ॥ ੩ ॥ ੧੯ ॥

ਵਜਾਖਜਾ-ਇਸ ਸ਼ਬਦ ਵਿਚ ਇਹ ਸਿਖਿਆ ਹੈ ਕਿ ਦੁਨੀਆਂ ਵਿਚ ਜੋ ਭਗਤੀ ਦੇ ਮਾਰਗ ਤੇ ਟੁਰਨ ਉਨ੍ਹਾਂ ਨੂੰ ਚਾਹੀਏ ਕਿ ਕਿਸੇ ਦੀ ਅਮੀਰੀ ਖੁਸ਼ਹਾਲੀ ਦੇਖਕੇ ਅਪ੍ਰਸੰਨ ਨਾ ਹੋਣ, ਈਰਖਾ ਨਾ ਕਰਨ, ਜਲਨ ਧੁਖਣ ਨਾ। ਨਾ ਹੀ ਵਾਹਿਗੁਰੂ ਵਿਰੁੱਧ ਵਾਕ ਉਚਾਰਨ। 'ਰੇ ਮਨ!' ਕਹਿਕੇ ਆਪਣੇ ਦੁਆਰਾ ਉਪਦੇਸ਼ ਦਿੱਤਾ ਹੈ। ਈਰਖਾ, ਸਾੜਾ, ਸ਼ਿਕਵਾ, ਸ਼ਿਕਾਇਤ ਛੋੜੇ ਤਾਂ ਕਰੇ ਕੀ? ਉਸ ਦਾ ਉਤਰ ਅੰਕ ੪ ਵਿਚ ਹੈ:- 'ਜੋ ਤਿਸੁ ਭਾਵੈ ਸਤਿ ਕਰਿ ਮਾਨੈ ਭਾਣਾ ਮੰਨਿ ਵਸਾਈ'। ਇਹੋ ਭਾਵ ਇਸ ਤੁਕ ਵਿਚ ਜਾਪਦਾ ਹੈ: 'ਸੁਕ੍ਰਿਤੁ ਕਰਿ ਕਰਿ ਲੀਜੈ ਰੇ ਮਨ' ਕਿ ਜੋ ਕੁਛ ਵਾਪਰਦਾ ਹੈ ਉਸਨੂੰ 'ਭਲਾ ਕੀਤਾ ਗਿਆ' ਸਮਝ ਲੈ।

ਪਰ ਜੋ ਇਸ ਰਾਹੇ ਨਾ ਟੁਰਨ, ਉਨ੍ਹਾਂ ਨੂੰ ਸਮੋਧ ਕੀਤਾ ਹੈ ਕਿ ਜਿਸ ਪਰ-ਧਨ ਨੂੰ ਦੇਖਕੇ ਈਰਖਾ ਆਦਿ ਉਪਜਦੇ ਹਨ ਉਹ ਤਾਂ ਉਨ੍ਹਾਂ ਪਾਸ ਅਮਾਨਤ ਹੈ।ਪਰ ਓਹ ਅਮਾਨਤ ਜਾਣਕੇ ਨਹੀਂ ਸਾਂਭਣਗੇ, ਉਹ ਤਾਂ ਆਪਣਾ ਜਾਣਕੇ ਸਾਂਭਣਗੇ, ਜਿਕੂੰ ਸੂਮ ਸਾਂਭਦਾ ਹੈ, ਪਰ ਜਦ ਮਰਨਗੇ ਤਦ ਪਤਾ ਲਗ ਜਾਊ ਕਿ ਮੈਂ ਤਾਂ ਐਵੇਂ ਆਪਣਾ ਜਾਣਿਆ, ਹੁਣ ਛੁਟਣ ਲੱਗਾ ਹੈ, ਨਾਲ ਨਹੀਂ ਜਾਂਦਾ। ਮੌਤ ਦੀ ਇਕ ਖਿਨ ਫੈਸਲਾ ਕਰੇਗੀ ਕਿ ਮੈਂ ਤਾਂ ਨਿਰਾ ਰਾਖਾ ਹੀ ਰਿਹਾ। ਇਹ ਕਹਿਕੇ ਮਤਿ ਦਿੱਤੀ ਹੈ ਕਿ ਗਾਫ਼ਲ ਧਨੀਆਂ ਨੂੰ ਵੇਖਕੇ ਈਰਖਾ ਨਾ ਕਰੋ, ਉਹ ਤਾਂ ਕੇਵਲ ਰਾਖੇ ਹਨ। ਉਨ੍ਹਾਂ ਪਾਸ ਹੈ, ਪਰ ਅਨਹੋਈ ਵਰਗੀ, ਤੁਸਾਂ ਪਾਸ ਨਹੀਂ ਤਾਂ ਅਨਹੋਈ ਹੈ, ਦੁਇ ਇਕੋ ਜਿਹੇ ਹੋ। ਇਸ ਲਈ ਇਹ ਬੀ ਸਮਝ ਲਓ ਕਿ ਗਾਫਲਾਂ ਦੀ ਮੇਰੀ ਮੇਰੀ ਦੀ ਬੁੱਧੀ ਸੱਚੀ ਨਹੀਂ। ਜਦੋਂ ਜਾਲੀ ਫਾੜਕੇ ਬਿੱਲਾ ਚਿੜੇ ਨੂੰ ਕੱਢ ਲੈ ਗਿਆ, ਤਦੋਂ 'ਜਾਲੀ ਮੇਰਾ ਘਰ ਹੈ' ਇਹ ਬੁੱਧੀ ਚਿੜੇ ਦੀ ਨਸ਼ਟ ਹੋ ਗਈ, ਜਾਲੀ ਦੀ ਤੰਦ ਤਾਰ ਸਭ ਲਟਕੀ ਹੀ ਰਹਿ ਗਈ।

(ਦੇਖੋ ਨਿਰੁਕ੍ਤ ਵਿਚ 'ਚਿਰਗਟ')।

'ਕੁਮ੍ਹਾਰ ਦੇ ਭਾਂਡੇ ਘੜਨ ਦਾ ਭਾਵ' ਖਿਆਲ ਪੈਂਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਸ ਸਲੋਕ ਤੋਂ ਵਧੇਰੇ ਸਪਸ਼ਟ ਹੋ ਜਾਏ:-

ਆਪੇ ਭਾਂਡੇ ਸਾਜਿਅਨੁ ਆਪੇ ਪੂਰਣੁ ਦੇਇ॥
ਇਕਨ੍ਹੀ ਦੁਧੁ ਸਮਾਈਐ ਇਕਿ ਚੁਲ੍ਹੈ
ਰਹਨਿ ਚੜੇ॥ ਇਕਿ ਨਿਹਾਲੀ ਪੈ ਸਵਨ੍ਹਿ ਇਕਿ ਉਪਰਿ ਰਹਨਿ ਖੜੇ॥
ਤਿਨਾ ਸਵਾਰੇ ਨਾਨਕਾ ਜਿਨ੍ਹ ਕਉ ਨਦਰਿ ਕਰੇ॥੧॥ [ਵਾਰ ਆਸਾ ਮਹਲਾ ੧-੨੪

ਪ੍ਰੰਤੂ ਪੁਰਾਤਣ ਦਾਨੇ 'ਸੁਕ੍ਰਿਤੁ ਕਰਿ ਕਰਿ ਲੀਜੈ ਰੇ ਮਨ' ਦਾ ਇਕ ਹੋਰ ਭਾਵ ਅਰਥ ਬੀ ਲੈਂਦੇ ਆਏ ਹਨ। ਉਹ ਇਹ ਹੈ ਕਿ ਜੇ ਤੂੰ ਬੀ ਪਾਟ ਪਟੰਬਰ ਆਦਿ ਵਿਭੂਤੀ ਦਾ ਇੱਛਾਵਾਨ ਹੈਂ ਤਾਂ ਸੁਕ੍ਰਿਤ ਕਰਿ ਕਰਿ ਲੀਜੈ ਰੇ ਮਨ, ਹੇ ਮਨ ਪੁੰਨ ਕਰਮ ਕਰ ਕਰਕੇ ਸਾਈਂ ਤੋਂ ਲੈ। ਇਉਂ ਕਰਨੇ ਵਿਚ ਦਾਨੇ ਫੇਰ ਅਧਜ਼ਾਹਾਰ ਕਰਦੇ ਹਨ ਇਸ ਗਲ ਦਾ ਕਿ ਜਿਨ੍ਹਾਂ ਨੂੰ ਪਾਟ ਪਟੰਬਰ ਪਲੰਘ ਨਿਵਾਰੀ ਦਿਤੇ ਹਨ, ਓਹ ਪੂਰਬਲੀ ਸੁਕ੍ਰਿਤ ਕਰਨੀ, ਪੁੰਨ ਕਰਮਾਂ, ਕਰਕੇ ਦਿਤੇ ਹਨ, ਤੂੰ ਬੀ ਸੁਕ੍ਰਿਤ ਕਰ ਤੇ ਲੈ ਲੈ ਤੇ ਈਰਖਾ ਨਾ ਕਰ।

ਨਿਰੁਕ੍ਤ- ਪਾਟ- [ਸੰਸ:, ਪਟੑਂ] ਕਪੜੇ। ਮੁਰਾਦ ਜਾਪਦੀ ਹੈ ਸੂਤ ਆਦਿ ਦੇ ਕਪੜੇ, ਕਿਉਂਕਿ ਪਟੰਬਰ ਦੇ ਅਰਥ ਹਨ - ਪਟ+ਅੰਬਰ=ਪੱਟ ਦੇ ਕਪੜੇ।

ਪਲਘ ਨਿਵਾਰਾ-ਨਵਾਰੀ ਪਲੰਘ। ਗਰੀ ਗੋਦਰੀ- ਗਲੀ ਹੋਈ ਗੋਦੜੀ। ਲੀਰਾਂ ਦੀ ਹੁੰਦੀ ਹੈ ਗੋਦੜੀ, ਉਹ ਬੀ ਗਲੀ ਹੋਈ। ਭਾਵ ਪੁਰਾਣੀ, (ਅ) ਜਿਵੇਂ ਪਾਣੀ ਧਾਣੀ ਕਹੀਦਾ ਹੈ ਇਉਂ ਬੀ ਗਰੀ ਗੋਦੜੀ ਕਹਿਕੇ ਭਾਵ ਗੋਦੜੀ ਤੋਂ ਹੀ ਹੋ ਸਕਦਾ ਹੈ। ਖਾਨ-[ਫਾ:, ਖਾਨਹ] ਘਰ।

ਪਰਾਰਾ-[ਸੰਸ:,ਪਲਾਲ:] -ਪਰਾਲੀ। ਭਾਵ ਘਰ ਵਿਚ ਵਿਛਾਉਣ ਨੂੰ ਕੇਵਲ ਪਰਾਲੀ ਹੈ।

ਅਹਿਰਖ-[ਸੰਸ:, ਹਰਖ:=ਖੁਸ਼ੀ। ਅ+ਹਰਖ= ਨਾ ਖੁਸ਼ੀ] ਅਪ੍ਰਸੰਨਤਾ, ਉਦਾਸੀ। (ਅ) ਈਰਖਾ।

ਵਾਦੁ- ਝਗੜਾ। ਮੁਰਾਦ ਹੈ ਸਾਈਂ ਨਾਲ ਸ਼ਿਕਵੇ ਸਿਕਾਯਤਾਂ ਦੇ ਵਾਕ ਕਰਨੇ।

ਸੁਕ੍ਰਿਤੁ- [ਸੰਸ:, ਸੁਕ੍ਰਿਤੰ] ਭਲੀ ਕਰਨੀ। 'ਭਲਿਆਈ ਕੀਤੀ ਗਈ' ਸਮਝਣਾ। (ਅ) ਨੇਕ ਕਰਨੀ। ਪੁੰਨ ਕਰਮ। ਕੁਮਾਰੈ-ਘੁਮਿਆਰ ਨੇ। ਬਾਨੀ-ਵੰਨੀ=ਰੰਗ। (ਅ) ਬਨਾਵਟ, ਕਿਸਮ।

ਮੁਕਤਾਹਲ-[ਸੰਸ:, ਮੁਕ੍ਤਾਫਲੰ) ਪ੍ਰਾ:, ਮੁਕਤਾਹਲ] ਮੁਰਾਦ ਮੋਤੀ। ਮਾਲਾ ਯਾ ਮੋਤਸਰੀ ਤੋਂ ਹੈ।

ਬਿਆਧਿ-[ਸੰਸ:, ਵ੍ਯਾਧਿ:] ਰੋਗ, ਦੁਖ, ਦੋਖ, ਐਬ,। ਕਸਰ ਵਾਲੀ ਗਲ।

ਨਿਬੇਰਾ- ਫੈਸਲਾ। ਚਿਰਗਟ-ਚਿੜੀ ਦਾ ਘਰ। ਬਟੇਰੇ ਰਖਣ ਵਾਲੇ ਅਕਸਰ ਧਾਗੇ ਦੀ ਜਾਲੀ ਦੇ ਪਿੰਜਰੇ ਵਿਚ ਬਟੇਰੇ ਰਖਦੇ ਹਨ, ਉਸ ਤੋਂ ਮੁਰਾਦ ਹੈ, ਭਾਵ ਹੈ ਸਰੀਰ ਤੋਂ। ਜੇ ਕਬੀਰ ਜੀ ਦਾ ਚਿਰਗਟ ਲੋਹੇ ਦੀਆਂ ਤਾਰਾਂ ਕਿ ਸੀਖਾਂ ਪੱਤ੍ਰੀਆਂ ਦਾ ਹੁੰਦਾ ਤਦ ਪਦ 'ਫਾਰਿ' ਨਾ ਵਰਤਦੇ, ਕਿਉਂਕਿ ਕੋਈ ਬਿੱਲਾ ਲੋਹੇ ਦੇ ਪਿੰਜਰੇ ਨੂੰ ਫਾੜ ਨਹੀਂ ਸਕਦਾ। ਮੁਰਾਦ ਧਾਗੇ ਦੀ ਜਾਲੀ ਦੀ ਪਿੰਜਰੀ ਤੋਂ ਹੀ ਹੈ। (ਅ) [ਹਿੰਦੀ, ਚਿਰਕੁਟ] ਪੁਰਾਣਾ ਫਟਿਆ ਕਪੜਾ। ਮੁਰਾਦ ਹੰਢਿਆ ਸਰੀਰ, ਬਿਰਧ ਦੇਹ। ਚਟਾਰਾ-[ਸੰਸ:, ਚਟਕ:] ਚਿੜਾ। ਜੀਵ ਯਾ ਲਿੰਗ ਸਰੀਰ ਰੂਪੀ ਚਿੜੀ।

ਤਰੀ ਤਾਗਰੀ-ਤਾਰਾਂ ਦੀ ਜਾਲੀ, ਨਿਕੀਆਂ ਮੋਟੀਆਂ ਤਾਰਾਂ ਯਾ ਧਾਗਿਆਂ ਤੋਂ ਬਣੀ ਪਿੰਜਰੀ। ਪੰਜਾਬੀ ਵਿਚ ਰੱਸੀਆਂ ਦੇ ਪਿੰਜਰੇ ਵਰਗੇ ਬੋਰੇ ਵਾਂਗ ਬੰਦ ਕੀਤੇ ਜਾਣ ਵਾਲੇ ਵਡੇ ਜਾਲ ਨੂੰ, ਜਿਸ ਵਿਚ ਤੂੜੀ ਭਰਕੇ ਖੋਤਿਆਂ ਪਰ ਲੱਦਕੇ ਢੋਂਦੇ ਹਨ 'ਤੰਗੜ' ਕਹਿੰਦੇ ਹਨ। ਤਰੀ ਤਾਗਰੀ=ਤਾਗਰੀ ਤੇ ਹੋਰ

ਜੋ ਕੁਛ ਪਿੰਜਰੇ ਵਿਚ ਸੀ: ਪੇਟੀ ਡੋਰੀ ਕੁੱਜੀ ਆਦਿ। ਯਾ ਤਾਗਰੀ ਦਾ ਤਾਬਿਆ ਮੁਹਮਲ (ਨਿਰਾਰਥਕ ਸ਼ਬਦ) ਹੈ 'ਤਰੀ', ਜਿਵੇਂ ਕਹਿ ਦੇਈਦਾ ਹੈ 'ਤੜਾ ਤੰਗੜ ਲੈ ਆ'। ਮੁਰਾਦ ਹੈ ਜੀਵ ਦੀ ਧਨ ਮਾਲ ਗ੍ਰਿਹ ਆਦਿ 'ਮੇਰੀ' ਕਹੀ ਜਾਣ ਵਾਲੀ ਸਾਰੀ ਸਾਮਗ੍ਰੀ ਛੁਟ ਜਾਂਦੀ ਹੈ ਤੇ ਨਾਲ ਨਹੀਂ ਜਾਂਦੀ (ਅ) ਕਈ ਤੇੜ ਦੀ ਤੜਾਗੀ ਬੀ ਅਰਥ ਕਰਦੇ ਹਨ।

[ਆਸਾ ਕਬੀਰ ਜੀ, ਚਉਪਦਾ-੧੭]

ਪ੍ਰਾਕ੍ਥਨ-ਕਾਜ਼ੀ ਨੂੰ, ਜੋ ਜ਼ੋਰ ਜ਼ੁਲਮ ਨੂੰ ਵਿਹਿਤ ਦੱਸ ਰਿਹਾ ਹੈ, ਦੀਨ ਦੇ ਸਭ ਤੋਂ ਪਹਿਲੇ ਤੇ ਵਡੇ ਮਾਲਕ-ਖ਼ੁਦਾ- ਨੂੰ ਰਹੀਮ ਸਹੀ ਕਰਕੇ ਦੱਸਦੇ ਤੇ ਉਸ ਨੂੰ ਇਸ ਸੱਚੇ ਧਰਮ ਵਲ ਪ੍ਰੇਰਦੇ ਹਨ।

ਮੂਲ	ਅਰਥ
ਆਸਾ ॥ ਹਮ ਮਸਕੀਨ ਖੁਦਾਈ ਬੰਦੇ ਤੁਮ ਰਾਜਸੁ ਮਨਿ ਭਾਵੈ ॥ ਅਲਹ ਅਵਲਿ ਦੀਨ ਕੋ ਸਾਹਿਬੁ ਜੋਰੁ ਨਹੀ ਫੁਰਮਾਵੈ ॥੧॥	ਅਸੀਂ ਰਬ ਜੀ ਦੇ ਗਰੀਬ ਦਾਸ ਹਾਂ, (ਹੇ ਕਾਜ਼ੀ! ਪਰ) ਤੁਸਾਨੂੰ ਰਾਜਸ (ਰਜੋ ਗੁਣ*) ਮਨ ਵਿਚ ਚੰਗਾ ਲਗਦਾ ਹੈ। (ਜੇ ਕਹੋ ਇਹ ਰਾਜ ਮਦ ਸਾਨੂੰ ਕੁਰਾਨ ਨੇ ਕਿ ਮੁਹੰਮਦ ਨੇ ਸਿਖਾਇਆ ਹੈ ਤਾਂ ਦੇਖੋ) ਦੀਨ ਦਾ ਮਾਲਕ (ਉਸ ਤੋਂ ਬੀ) ਪਹਿਲਾਂ ਦਾ ਰੱਬ ਹੈ (ਉਹ) ਜ਼ੋਰ ਕਰਨਾ ਨਹੀਂ ਫੁਰਮਾਉਂਦਾ॥੧॥
ਕਾਜੀ ਬੋਲਿਆ ਬਨਿ ਨਹੀ ਆਵੈ ॥੧॥ ਰਹਾਉ ॥	ਹੇ ਕਾਜ਼ੀ ! (ਤੇਰਾ) ਬੋਲਿਆ ਠੀਕ ਨਹੀਂ ਬੈਠਦਾ॥੧॥ ਰਹਾਉ॥
ਰੋਜਾ ਧਰੈ ਨਿਵਾਜ ਗੁਜਾਰੈ ਕਲਮਾ ਭਿਸਤਿ ਨ ਹੋਈ ॥ ਸਤਰਿ ਕਾਬਾ ਘਟ ਹੀ ਭੀਤਰਿ ਜੇ ਕਰਿ ਜਾਨੈ ਕੋਈ ॥੨॥	(ਚਾਹੋ ਤੂੰ ਜ਼ੋਰ ਜ਼ੁਲਮ ਦੇ ਨਾਲ) ਰੋਜ਼ਾ (ਬੀ) ਰਖਦਾ ਹੈਂ, ਨਮਾਜ਼ ਕਲਮਾਂ (ਬੀ) ਪੜ੍ਹਦਾ ਹੈਂ, (ਹੱਜ ਬੀ ਕਰਦਾ ਹੈਂ, ਪਰ ਤੈਨੂੰ) ਬਹਿਸ਼ਤ (ਨਸੀਬ) ਨਹੀਂ ਹੋਣਾ, (ਕਿਉਂਕਿ ਤੇਰੇ ਏਹ ਕਰਤੱਬ ਬਾਹਰਮੁਖੀ ਤੇ ਉਪਰੋਂ ਉਪਰੋਂ ਹਨ) ਜੇ ਕੋਈ (ਅਸਲੀਅਤ ਨੂੰ) ਜਾਣ ਲਵੇ (ਤਾਂ ਦੇਖ!) ਹਿਰਦੇ ਦੇ ਅੰਦਰ ਹੀ ਸੱਤਰ ਕਾਬੇ ਹਨ॥੨॥
ਨਿਵਾਜ ਸੋਈ ਜੋ ਨਿਆਉ ਬਿਚਾਰੈ ਕਲਮਾ ਅਕਲਹਿ ਜਾਨੈ ॥ ਪਾਚਹੁ ਮੁਸਿ ਮੁਸਲਾ ਬਿਛਾਵੈ ਤਬ ਤਉ ਦੀਨੁ ਪਛਾਨੈ ॥੩॥	(ਅਸਲ) ਨਮਾਜ਼ ਉਹੋ ਹੈ ਜੋ (ਤੂੰ) ਨਿਆਉਂ ਦੀ ਵੀਚਾਰ ਕਰੇਂ ਤੇ ਕਲਮਾ (ਅਸਲੀ ਇਹ ਹੈ ਜੋ ਤੂੰ) ਕਲਪਨਾ ਰਹਿਤ (ਪ੍ਰਭੂ) ਨੂੰ ਪਛਾਣ ਲਵੇ ਤਾਂ। (ਤਿਵੇਂ ਅਸਲ) ਮੁਸੱਲਾ ਵਿਛਾਉਣਾ (ਇਹ ਹੈ ਕਿ ਜੇ ਤੂੰ) ਪੰਜਾਂ (ਕਾਮਾਦਿਕਾਂ ਨੂੰ) ਚੁਰਾ ਲਵੇਂ (ਭਾਵ ਵੱਸ ਕਰਕੇ ਆਪਣੇ ਹੇਠ ਲਾ ਲਵੇਂ) ਤਦ ਤੂੰ ਦੀਨ ਨੂੰ ਪਛਾਣ ਲਵੇਂਗਾ॥੩॥
ਖਸਮੁ ਪਛਾਨਿ ਤਰਸ ਕਰਿ ਜੀਅ ਮਹਿ ਮਾਰਿ ਮਣੀ ਕਰਿ ਫੀਕੀ ॥ ਆਪੁ ਜਨਾਇ ਅਵਰ ਕਉ ਜਾਨੈ ਤਬ ਹੋਇ ਭਿਸਤ ਸਰੀਕੀ ॥੪॥	(ਐਉਂ ਤੂੰ ਆਪਣੇ) ਮਾਲਕ (ਰਬ ਨੂੰ) ਪਛਾਣ ਤੇ (ਉਸ ਨੂੰ ਸਭਨਾਂ ਵਿਚ ਵਜਾਪਕ ਪਛਾਣ ਕੇ ਆਪਣੇ) ਜੀ ਵਿਚ (ਸਭਨਾਂ ਤੇ) ਤਰਸ ਕਰ (ਭਾਵ ਜ਼ੋਰ ਜ਼ੁਲਮ ਨੂੰ ਬੁਰਾ ਜਾਣ ਲੈ ਤੇ) ਮੈਂ ਪਣੇ (=ਹੰਕਾਰ) ਨੂੰ ਮਾਰ ਕੇ ਫਿੱਕਿਆਂ ਕਰ ਦੇਹ, (ਭਾਵ ਕਮਜ਼ੋਰ ਕਰ ਦੇਹ। ਐਉਂ ਜੇ ਤੂੰ) ਆਪ (ਆਪਣੇ ਖ਼ੁਦਾ ਨੂੰ

* ਇਸ਼ਾਰਾ ਹੈ ਜ਼ੋਰ ਜ਼ੁਲਮ ਵੱਲ ਜੋ ਮੁਸਲਮਾਨ ਗੈਰ ਮੁਸਲਮਾਂ ਨੂੰ ਲੁੱਟਣ, ਗੁਲਾਮ ਬਨਾਉਣ ਤੇ ਜਬਰੀ ਮੁਸਲਮਾਨ ਕਰਨ ਤੇ ਨਾ ਮੰਨੇ ਨੂੰ ਕਤਲ ਕਰਨ ਵਿਚ ਸ਼ਰਾ ਦੇ ਪੱਜ ਯਾ ਪੈਗੰਬਰ ਦਾ ਹੁਕਮ ਦੱਸਕੇ ਕਰਦੇ ਹਨ।)

ਮਾਟੀ ਏਕ ਭੇਖ ਧਰਿ ਨਾਨਾ ਤਾ ਮਹਿ ਬ੍ਰਹਮੁ ਪਛਾਨਾ ॥ ਕਹੈ ਕਬੀਰਾ ਭਿਸਤ ਛੋਡਿ ਕਰਿ ਦੋਜਕ ਸਿਉ ਮਨੁ ਮਾਨਾ ॥੫॥੪॥੧੭॥

ਦਇਆਲੂ) ਜਾਣ ਲਵੇਂ ਤੇ ਹੋਰਨਾ ਨੂੰ ਜਣਾਵੇਂ ਤਦ (ਤੂੰ)ਬਹਿਸ਼ਤ ਦਾ ਹਿੱਸਾ ਲੈਣ ਵਾਲਾ ਹੋਵੇਂਗਾ (ਭਾਵ ਸੁਰਗ ਤੈਨੂੰ ਤਾਂ ਪ੍ਰਾਪਤ ਹੋਵੇਗਾ। ਹਾਂ ਉਹੋ ਬਹਿਸ਼ਤ ਸ਼ਰੀਕੀ ਹੋਇਗਾ ਜਿਸ ਨੇ ਸਾਰੇ ਜੀਵਾਂ ਨੂੰ) ਇਕੋ ਮਿੱਟੀ (ਦੇ ਰਚੇ ਹੋਏ, ਪਰ) ਅਨੇਕ ਰੂਪ ਧਾਰੇ ਹੋਏ ਤੇ ਉਨ੍ਹਾਂ ਵਿਚ (ਇਕੋ) ਬ੍ਰਹਮ (ਵੱਸ ਰਿਹਾ) ਪਛਾਣ ਲਿਆ ਹੈ। (ਪਰ ਹੇ ਕਾਜ਼ੀ)! ਕਬੀਰ ਆਖਦਾ ਹੈ (ਤੇਰਾ) ਮਨ ਤਾਂ ਬਹਿਸ਼ਤ ਛੱਡਕੇ ਨਰਕ ਨਾਲ ਮੰਨ ਰਿਹਾ ਹੈ ਭਾਵ ਤੇਰਾ ਮਨ ਜਿਨ੍ਹਾਂ ਕਰਮਾਂ ਵਿਚ ਰੁਚੀ ਕਰ ਰਿਹਾ ਹੈ ਓਹ ਨਰਕ ਲਿਜਾਣ ਦੇ ਹਨ, ਬਹਿਸ਼ਤਾਂ ਵਿਚ ਲਿਜਾਣ ਦੇ ਨਹੀਂ ਹਨ॥੫॥੪॥੧੭॥

ਵਯਾਖਯਾ- ਏਹ ਕਿਸੇ ਕਾਜ਼ੀ ਨਾਲ ਬਹਿਸ ਹੋਈ ਦਾ ਨਿਚੋੜ ਹੈ । ਹੋ ਸਕਦਾ ਹੈ ਕਿ ਉਸੇ ਕਾਜ਼ੀ ਨਾਲ ਦੀ ਬਹਿਸ ਯਾ ਉਸ ਦਾ ਕੋਈ ਹਿੱਸਾ ਹੈ ਜਿਸ ਦੇ ਫਤਵੇ ਤੇ ਸਿਕੰਦਰ ਲੋਧੀ ਦੇ ਸਮੇਂ ਆਪ ਨੂੰ ਹਾਥੀ ਅਗੇ ਸਿੱਟਣ ਆਦਿ ਦੇ ਤਸੀਹੇ ਦਿੱਤੇ ਗਏ ਸਨ।

ਅੰਕ ੧ ਤੇ ਰਹਾਉ-ਕਬੀਰ ਜੀ ਆਪ ਨੂੰ ਮਿਸਕੀਨ ਦੱਸਦੇ ਹਨ,ਪਰ ਛੱਠੀ ਸੁਰਤ ਵਾਲਾ, ਮਨ ਦਾ ਕੰਗਾਲ ਨਹੀਂ ਦੱਸ ਰਹੇ;ਨਾਲ ਖੁਦਾ ਦੇ ਬੰਦੇ ਦੱਸ ਰਹੇ ਹਨ। ਜਿਸ ਵਿਚ ਦੋ ਸੈਨਤਾਂ ਹਨ,ਇਕ ਤਾਂ ਸਰਬ ਸ਼ਕਤੀਮਾਨ ਦੇ ਬੰਦੇ ਹਾਂ ਤਾਂਤੇ ਕੰਗਾਲ ਨਹੀਂ ਹਾਂ, ਦੂਜੇ ਖ਼ੁਦਾ ਰਹੀਮ ਹੈ, ਸਮਦਰਸ਼ੀ ਹੈ, ਉਸ ਦੇ ਦਾਸ ਬੀ ਉਹਨਾਂ ਗੁਣਾਂ ਦੇ ਧਾਰਨੀ ਹੁੰਦੇ ਹਨ। ਇਉਂ ਕਹਿਕੇ ਆਪ ਨੂੰ ਖ਼ੁਦਾ ਦੀ ਬੰਦਗੀ ਵਿਚ ਰਹਿਣ ਵਾਲੇ ਦਾਸ ਦੱਸਿਆ। ਅਪਣੀ ਨਿੰਮ੍ਰਤਾ ਕਾਯਮ ਰੱਖੀ ਪਰ ਧੁਨੀ ਵਿਚ ਅਪਣੀ ਕੰਗਾਲਤਾਈ ਨਹੀਂ ਗ੍ਰਹਿਣ ਕੀਤੀ।

ਇਸ ਤੋਂ ਅਗੇ ਪਦ ਪਿਆ ਹੈ 'ਤੁਮ ਰਾਜਸੁ ਮਨਿ ਭਾਵੈ'। ਇਸ ਦੇ ਪਾਠ ਤੇ ਅਰਥ ਤੇ ਦਾਨਿਆਂ ਦਾ ਕੁਛ ਕੁਛ ਮਤਿ ਭੇਦ ਹੈ। 'ਤੁਮਰਾ ਜਸੁ ਮਨਿ ਭਾਵੈ' ਇਹ ਕਾਜ਼ੀ ਨੂੰ ਕਹਿਣਾ ਠੀਕ ਨਹੀਂ, ਕਿਉਂਕਿ ਕਾਜ਼ੀ ਨੂੰ ਤਾਂ 'ਦੋਜਕ ਸਿਉ ਮਨੁ ਮਾਨਾ' ਵਾਲਾ ਨਾਰਕੀ ਕਹਿ ਰਹੇ ਹਨ, ਉਸ ਨੂੰ 'ਤੇਰਾ ਜਸ ਮਨ ਨੂੰ ਭਾ ਰਿਹਾ ਹੈ ' ਕੀਕੂੰ ਕਹਿ ਸਕਦੇ ਹਨ। ਸੋ ਇਸ ਦਾ ਭਾਵ ਫੇਰ ਦਾਨੇ ਏਹ ਲੈਂਦੇ ਹਨ ਕਿ 'ਤੁਮਰਾ ਪਦ ਈਸ਼੍ਵਰ ਵਲ ਹੈ , ਕਿ ਅਸੀਂ ਖੁਦਾ ਦੇ ਬੰਦੇ ਹਾਂ, ਹੇ ਈਸ਼੍ਵਰ ਤੇਰਾ ਜਸ ਹੀ ਮਨ ਨੂੰ ਭਾਉਂਦਾ ਹੈ। ਇਸ ਪਰ ਇਹ ਕਿੰਤੂ ਕੀਤਾ ਜਾਂਦਾ ਹੈ ਕਿ ਕਾਜ਼ੀ ਨਾਲ ਸਨਮੁਖ ਗੱਲਾਂ ਕਰਦੇ ਅਚਾਨਕ ਕੀਕੂੰ ਖ਼ੁਦਾ ਨੂੰ 'ਤੁਮਰਾ'ਕਹਿ ਰਹੇ ਹਨ,ਅੱਗੇ ਪਿੱਛੇ ਕੋਈ ਪਦ ਅਰਦਾਸ ਪ੍ਰੋੜਤਾ ਦੇ ਨਹੀਂ ਹਨ;ਤਦ ਪਾਠ ਐਉਂ ਕੀਤਾ ਜਾਂਦਾ ਹੈ 'ਤੁਮ ਰਾਜਸੁ ਮਨਿ ਭਾਵੈ'। ਕਿ ਅਸੀਂ ਤਾਂ ਮਸਕੀਨ ਬੰਦੇ ਹਾਂ ਤੇ ਤੁਸਾਨੂੰ ਰਜੋ ਗੁਣ ਅਰਥਾਤ ਹਉਂ ਹੰਕਾਰ ਭਾਉਂਦਾ ਹੈ । ਇਹ ਭਾਵ ਸ਼ਬਦ ਵਿਚ ਚਲ ਰਹੀ ਪ੍ਰਯੋਜਨਾ ਨਾਲ ਵਧੀਕ ਢੁੱਕਦਾ ਹੈ। ਅਗਲੀ ਤੁਕ ਵਿਚ ਪਦ 'ਜੋਰੁ ਨਹੀ ਫੁਰਮਾਵੈ' ਪਿਆ ਹੈ , ਉਸ ਤੋਂ ਜਾਪਦਾ ਹੈ ਕਿ ਰਾਜਸੁ ਤੋਂ ਭਾਵ ਜ਼ੋਰ ਜ਼ੁਲਮ ਹੈ । 'ਅਵਲ' ਕਹਿਣ ਤੋਂ ਮੁਰਾਦ ਇਹ ਸਹੀ ਹੁੰਦਾ ਹੈ ਕਿ ਕਾਜ਼ੀ ਨੇ ਕਿਹਾ ਹੈ ਕਿ ਅਸੀਂ ਜੋ ਕੁਛ ਕਰਦੇ ਹਾਂ ਸਾਡੀ ਸ਼ਰਾ ਵਿਚ ਜ਼ਾਇਜ਼ ਲਿਖਿਆ ਹੈ , ਸਾਡੇ ਪੈਗੰਬਰ ਨੇ ਇਹੋ ਕੁਛ ਕੀਤਾ ਹੈ , ਜ਼ਬਰੀ ਮੁਸਲਮਾਨ ਕਰਨਾ ਆਦਿ। ਇਹ ਪਰ ਲੁਪਤੀ ਹੈ,ਜੋ 'ਅਵਲ' ਕਹਿਣ ਤੋਂ ਸਪਸ਼ਟ ਹੋ ਜਾਂਦੀ ਹੈ ਕਿ ਸ਼ਰ੍ਹਾ ਤੇ ਪੈਗੰਬਰ ਤੋਂ ਪਹਿਲਾਂ ਸਭ ਦੀ ਆਦਿ 'ਅੱਲਾ'ਹੈ , ਉਹ ਜ਼ੋਰ ਕਰਨਾ ਨਹੀਂ ਫੁਰਮਾਉਂਦਾ। ਸਾਰੇ ਦੀਨਾਂ ਦਾ ਮਾਲਕ ਉਹ ਹੈ , ਉਹ ਤਾਂ ਤੁਹਾਡੇ ਮੂਜਬ ਬੀ 'ਰਹੀਮ' ਹੈ ਤੇ ਰਹਿਮ ਸਿਖਾਲਦਾ ਹੈ , ਉਹ ਕਦ ਜ਼ੋਰ ਜ਼ੁਲਮ ਸਿਖਾਲ ਸਕਦਾ ਹੈ ।ਇਸ ਕਰਕੇ ਹੇ ਕਾਜ਼ੀ ! ਤੇਰਾ ਕਹਿਣਾ ਢੁੱਕਦਾ ਨਹੀਂ,'ਬਨਿ ਨਹੀ ਆਵੈ'= ਯੁਕਤੀ ਸਿੱਧ ਨਹੀਂ ਹੈ। ਯਾ ਤੇਰਾ ਬੋਲਣਾ ਸੁਭਾਇਮਾਨ ਨਹੀਂ ।

ਐਉਂ ਬੀ ਭਾਵ ਲਿਆ ਜਾਂਦਾ ਹੈ ਕਿ ਤੇਰਾ ਮੇਰਾ ਬੋਲਣਾ ਭਾਵ ਬਹਿਸ ਕਰਨੀ ਬਣ ਨਹੀਂ ਆਉਂਦੀ। ਪਰ ਬਹਿਸ ਤਾਂ ਕਰ ਰਹੇ ਹਨ ਅਰ ਨਿਰਭੈ ਹੋਕੇ ਕਰ ਰਹੇ ਹਨ, ਕਾਜ਼ੀ ਨੂੰ 'ਦੋਜ਼ਖ ਰੁਚੀ ਵਾਲਾ' ਤਕ ਕਹਿ ਰਹੇ ਹਨ। ਇਹ ਕਹਿਣ ਦੀ ਲੋੜ ਨਹੀਂ ਭਾਸਦੀ ਕਿ ਮੇਰੇ ਗਰੀਬ ਜੁਲਾਹੇ ਦੀ ਤੈਂ ਰਾਜਸੀ ਪਦਵੀ ਵਾਲੇ 'ਕਾਜ਼ੀ' ਨਾਲ ਬਹਿਸ ਬਣ ਨਹੀਂ ਆਉਂਦੀ।

ਅੰਕ ੨ ਵਿਚ ਨਿਮਾਜ਼ , ਰੋਜ਼ਾ, ਕਲਮਾ , ਹੱਜ ਲੈਕੇ ਇਨ੍ਹਾਂ ਨੂੰ ਬਹਿਸ਼ਤ ਪ੍ਰਾਪਤੀ ਦਾ ਸਾਧਨ ਨਹੀਂ ਦੱਸਦੇ। ਕਾਰਣ ਨਹੀਂ ਦਸਿਆ, ਪਰ ਪਿਛਲੇ ਕਹੇ ਤੋਂ ਜਾਪਦਾ ਹੈ ਕਿ ਕਾਰਣ ਤਾਂ ਹੈ ਮੁਸਲਮਾਨਾਂ ਦਾ ਜ਼ੋਰ ਜ਼ੁਲਮ, ਜੋ ਰਹੀਮ ਵਾਹਿਗੁਰੂ ਦੇ ਉਪਾਸ਼ਕਾਂ ਵਿਚ ਹੋਣਾ ਯੁਕਤੀ ਵਿਰੁਧ ਹੈ । ਦੂਜੇ ਇਹ ਕਰਮ ਰਸਮ ਮਾਤ੍ਰ ਕੀਤੇ ਜਾਂਦੇ ਬਾਹਰਮੁਖੀ ਹੀ ਰਖਦੇ ਹਨ, ਕਲਯਾਣ ਅੰਤਰਮੁਖ ਹੋਣ ਨਾਲ ਹੁੰਦੀ ਹੈ। ਇਸ ਦੂਜੀ ਗਲ ਦਾ ਇਸ਼ਾਰਾ ਇਨ੍ਹਾਂ ਪਦਾਂ ਵਿਚ ਹੈ:'ਘਟ ਹੀ ਭੀਤਰਿ' ਜੋ ਇਸੇ ਅੰਕ ੨ ਵਿਚ ਵਰਤੇ ਹਨ। ਇਹ ਪਦ ਵਰਤੇ ਤਾਂ ਕਾਬੇ ਨਾਲ ਹਨ , ਪਰ ਉਨ੍ਹਾਂ ਦਾ ਲਗਾਉ ਨਿਮਾਜ਼ , ਰੋਜ਼ੇ ਤੇ ਕਲਮੇ ਨਾਲ ਬੀ ਹੈ, ਜੋ ਇਸੇ ਅੰਕ ਵਿਚ ਕਹਿ ਰਹੇ ਹਨ।

'ਸਤਰਿ ਕਾਬਾ' ਇਕ ਪਦ ਇਸ ਅੰਕ ਵਿਚ ਆਇਆ ਹੈਂ। ਕਾਬਾ ਨਾਮ ਹੈ ਮੱਕੇ ਦੇ ਮੰਦਰ ਦਾ ਜਿੱਥੇ ਹਜ ਕਰਨ ਜਾਂਦੇ ਹਨ। ਸਤਰ ਦਾ ਅਰਥ ਹੈ:- ੬੦+੧੦=੭੦। ਮੁਹਾਵਰੇ ਵਿਚ ਕਿਸੇ ਸ਼ੈ ਦੀ ਵਿਸ਼ੇਸ਼ਤਾ ਲਈ ਸੱਤਰ ਪਦ ਵਰਤਦੇ ਹਨ, ਜਿਵੇਂ:'ਦਹ ਦੁਨੀਆਂ ਸੱਤਰ ਆਖਰ। ਪੁਨਾ:- ਛਜੂ ਜੇ ਮਨ ਆਵੈ ਠੌਰ। ਸਤਰ ਗੰਗਾ ਵਿਚ ਲਹੌਰ'। ਸੋ ਸੱਤਰ ਕਾਬਾ ਦਾ ਭਾਵ ਹੈ ਕਾਬੇ ਵਰਗੇ ਸੱਤਰ ਕਾਬੇ। ਭਾਵ ਸਭ ਤੋਂ ਵਿਸ਼ੇਸ਼ ਕਾਬਾ ਘਟ ਵਿਚ ਹੈ। ਪਰ ਜੇ ਸੱਤਰ ਵਿਚ ਇਕ ਕਟਾਖਜ਼ ਸਮਝੀਏ ਕਿ ਅਰਬੀ ਵਿਚ 'ਸਿਤਰ'ਨਾਮ ਹੈ ਪਰਦੇ ਦਾ। 'ਸਿਤਰ ਕਾਬਾ' ਦਾ ਅਰਥ ਹੋਇਆ 'ਛਿਪਿਆ ਹੋਇਆ ਕਾਬਾ',ਉਹ ਤਾਂ 'ਘਟ ਹੀ ਭੀਤਰ ਹੈ'। ਪਰ ਜਦ ਤੁਕ ਦਾ ਉਚਾਰਨ ਕਰੀਏ ਤਾਂ 'ਸਤਰਿ' ਪਦ ਅਧਕ ਨਾਲ 'ਸੱਤਰ ' ਕਰਕੇ ਪਾਠ ਕਰੀਏ ਤਾਂ ਠੀਕ ਬੈਠਦਾ ਹੈ । ਸੱਤਰ ਦਾ ਅਰਥ ਹੈ ੬੦+੧੦। ਪਰਦੇ ਅਰਥ ਵਾਲੇ ਅਰਬੀ ਪਦ ਸਿਤਰ ਦੇ ਪਾਠ ਵਿਚ ਅਧਿਕ ਨਹੀਂ ਵਰਤੀ ਜਾਂਦੀ, ਨਾਲੇ ਉਸ ਦੇ ਸਸੇ ਨੂੰ ਸਿਆਰੀ, (ਅਰਬੀ ਵਿਚ ਸੀਨ ਦੇ ਹੇਠਾਂ ਜ਼ੇਰ ਹੈ)।

ਅੰਕ ੩ ਵਿਚ ਦੱਸਦੇ ਹਨ ਕਿ ਨਿਮਾਜ਼ ਤਾਂ ਹੈ ਜੇ ਨਿਆਂ ਵਿਚ ਵਰਤੇਂ, ਕਲਮਾਂ ਤਾਂ ਜੇ ਕਲਮੇ ਵਿਚ ਜਿਸ ਦਾ ਜ਼ਿਕਰ ਹੈ ਉਸ ਨੂੰ ਕਲਹ ਕਲਪਣਾ ਉਪਾਧੀਆਂ ਤੋਂ ਸ਼ੁਧ ਕਰਕੇ ਪਛਾਣ ਲਵੇਂ ਅਤੇ ਮੁਸੱਲਾ ਤਾਂ ਜੇ ਕਾਮਾਦਿਕਾਂ ਪੰਜਾਂ ਨੂੰ ਮੁਸੱਲੇ ਵਾਙੂ ਪੈਰਾਂ ਹੇਠ ਲੈ ਲਵੇਂ। ਮੁਸ=ਚੋਰੀ, ਲੋਟੀ। ਭਾਵ ਹੈ ਕਿ ਜੋ ਕਾਮਾਦਿਕ ਤੈਨੂੰ ਲੁੱਟ ਰਹੇ ਯਾ ਤੇਰੇ ਸ਼ੁਭ ਗੁਣਾਂ ਨੂੰ ਚੁਰਾ ਰਹੇ ਹਨ ਤੂੰ ਉਹਨਾਂ ਨੂੰ ਲੁੱਟਕੇ ਪੈਰਾਂ ਹੇਠ ਦੇਹ ਤਾਂ ਤੈਨੂੰ ਦੀਨ ਦੀ ਸਮਝ ਪਵੇ। ਕਟਾਖਜ ਹੈ ਕਿ ਫੇਰ ਤੂੰ 'ਦੀਨੁ ਕੋ ਸਾਹਿਬੁ'ਕੀ ਚਾਹੁੰਦਾ ਹੈ ? ਆਪੇ ਤੇਰੀ ਸਮਝੇ ਠੀਕ ਠੀਕ ਪੈ ਜਾਏਗਾ । ਇਹੋ ਗਲ ਅੰਕ ੪ ਵਿਚ ਸਪਸ਼ਟ ਕੀਤੀ ਹੈ ।

ਅੰਕ ੪ ਐਉਂ ਤੂੰ ਖਸਮ ਨੂੰ ਪਛਾਣ ਕਿ ਉਹ ਰਹੀਮ ਹੈ , ਉਸ ਨੂੰ ਰਹੀਮ ਸਮਝਕੇ ਤੂੰ ਬੀ ਜੀਆਂ ਤੇ ਤਰਸ ਕਰ। ਨਾਲ ਹੀ ਇਸ ਦੇ ਹੰਕਾਰ ਨੂੰ ਦੂਰ ਕਰ ਜੋ ਹਨੇਰਾ ਹੈ ਤੇਰੇ ਤੇ ਤੇਰੇ ਖ਼ੁਦਾ ਦੇ ਵਿਚਾਲੇ। ਇਉਂ ਪਹਿਲੇ ਆਪ ਜਾਣ-ਗਜਾਨ ਪ੍ਰਾਪਤ ਹੋ, ਫੇਰ ਲੋਕਾਂ ਨੂੰ ਮੱਤਾਂ ਦੇਹ;ਤਾਂ ਤੂੰ ਬਹਿਸ਼ਤਾਂ ਦਾ ਹੱਕਦਾਰ ਹੋਇੰਗਾ। ਇਸ ਵਿਚ ਧੁਨੀ ਇਹ ਬੀ ਹੈ ਕਿ ਮੈਨੂੰ ਤੇਰਾ ਸਮਝਾਉਣਾ ਵਿਅਰਥ ਹੈ ਤੂੰ ਰਾਜਸ ਬ੍ਰਿਤੀ ਦਾ ਹੈਂ, ਮੈਂ ਹਉਂ ਹੰਕਾਰ ਤੋਂ ਖਾਲੀ ਮਿਸਕੀਨ ਹਾਂ ਤੇ ਖ਼ੁਦਾ ਦਾ ਦਾਸ ਹਾਂ।

ਅੰਕ ੫ ਵਿਚ ਜਾਪਦਾ ਹੈ ੪ ਦੀ ਯੁਕਤੀ ਜਾਰੀ ਹੈ ,ਕਿ ਇਕ ਮਿੱਟੀ ਤੋਂ ਸਭ ਕੋਈ ਬਣਿਆ ਸਮਝ ਤੇ ਇਕੋ ਬ੍ਰਹਮ ਸਭ ਵਿਚ ਵਜਾਪਕ ਸਮਝ। ਜੋ ਫ਼ਰਕ ਦਿੱਸਦੇ ਹਨ ਉਹ ਅਸਲੀਅਤ ਦੇ ਨਹੀਂ ਉਹ ਬਾਹਰਲੇ ਉਪਰੇ ਹਨ,ਜਿਵੇਂ ਅਡ ਅਡ ਬਸਤਰਾਂ ਪਹਿਨਣੇ ਨਾਲ ਇਕੋ ਮਨੁਖ ਹੋਰ ਹੋਰ ਹੋ ਦਿੱਸਦਾ ਹੈ । ਇਹ ਕਹਿਕੇ ਅਖ਼ੀਰਲੀ ਤੁਕ ਵਿਚ ਦੱਸਦੇ ਹਨ ਕਿ ਕਾਜ਼ੀ ਤੇਰਾ ਤਾਂ ਮਨ ਦੋਜ਼ਖ ਨਾਲ ਮੰਨ ਰਿਹਾ ਹੈ ।

ਕਿਉਂਕਿ ਤੇਰੇ ਕਰਮ ਉਪਰ ਕਥੇ ਅਨੁਸਾਰ ਜ਼ੋਰ ਜ਼ੁਲਮ ਹੰਕਾਰ ਵਾਲੇ ਤੇ ਬਨਾਵਟੀ ਨਿਮਾਜ਼ ਰੋਜ਼ੇ ਦੇ ਹਨ, ਓਹ ਬਹਿਸ਼ਤਾਂ ਦਾ ਹੱਕਦਾਰ ਨਹੀਂ ਬਣਾਉਂਦੇ।

ਇਸ ਅੰਕ ਨੂੰ ਐਉਂ ਬੀ ਦਾਨੇ ਸਮਝਾਉਣ ਦਾ ਜਤਨ ਕਰਦੇ ਹਨ ਕਿ ਕਬੀਰ ਜੀ ਆਪ ਨੂੰ ਕਹਿ ਰਹੇ ਹਨ ਕਿ ਮੈਂ ਤਾਂ ਨਾਨਤ੍ਵ ਵਿਚ ਇਕ ਬ੍ਰਹਮ ਨੂੰ ਪਛਾਣ ਲਿਆ ਹੈ, ਸਾਨੂੰ ਤੁਸੀਂ ਦੋਜ਼ਖੀ ਕਹਿੰਦੇ ਹੋ ਮੈਨੂੰ ਇਹ ਦੋਜ਼ਖ਼ ਹੀ ਪਰਵਾਨ ਹੈ, ਤੁਹਾਡੇ ਜ਼ੋਰ ਜ਼ੁਲਮ ਦਿਖਾਵਿਆਂ ਨਾਲ ਜੋ ਬਹਿਸ਼ਤ ਮਿਲੇਗਾ ਮੈਂ ਉਸ ਨੂੰ ਛੱਡ ਦਿਤਾ ਹੈ! ਕਿ ਮੈਂ ਮੁਸਲਮਾਨੀ ਸ਼ਰਾ ਛੋੜਕੇ ਕਾਫਰਾਂ ਦਾ ਦੱਸਿਆ ਭਗਤੀ ਤੇ ਗਜਾਨ ਦਾ ਮਾਰਗ ਧਾਰਨ ਕੀਤਾ ਹੈ, ਮੇਰਾ ਬਹਿਸ਼ਤ ਇਹੀ ਹੈ, ਤੁਹਾਡੇ ਜ਼ੋਰ ਜ਼ੁਲਮ ਦਾ ਬਹਿਸ਼ਤ ਤ੍ਰਿਗੁਣਾ ਤੋਂ ਉਪਰ ਦਾ ਬਹਿਸ਼ਤ ਨਹੀਂ, ਸਗੋਂ ਪ੍ਰਤੱਖ ਦੋਜ਼ਖ ਹੋਏਗਾ।

ਨਿਰੁਕ੍ਤ-ਮਸਕੀਨ-[ਅ:, ਮਿਸਕੀਨ] ਗਰੀਬ। ਦਿਲ ਦੇ ਨਰਮ ਤੇ ਨੰਮ੍ਰਤਾ ਵਾਲੇ ਭਾਵ ਹੈ।

ਖੁਦਾਈ ਬੰਦੇ- ਰਬ ਦੇ ਦਾਸ।　ਅਲਹ-ਅੱਲਾ, ਰਬ, ਖ਼ੁਦਾ। ਖ਼ੁਦਾ ਪਦ ਫਾਰਸੀ ਦਾ ਹੈ, ਅੱਲਾ ਪਦ ਅਰਬੀ ਦਾ ਹੈ।　ਰੋਜਾ-[ਫ਼ਾ:, ਰੋਜ਼ਹ] ਮੁਸਲਮਾਨਾਂ ਦਾ ਬ੍ਰੱਤ।

ਨਿਵਾਜ- [ਫਾ:, ਨਮਾਜ਼] ਮੁਸਲਮਾਨਾਂ ਦੀ ਪਾਠ ਪ੍ਰਾਰਥਨਾ ਜੋ ੫ ਵਾਰ ਰੋਜ਼ ਕਰਦੇ ਹਨ।

ਗੁਜਾਰੈ- ਟੋਰਦਾ ਹੈ, ਕਰਦਾ ਹੈ। 'ਨਮਾਜ਼ ਗੁਜ਼ਾਰਨਾ' ਮੁਹਾਵਰਾ ਹੈ ਨਮਾਜ਼ ਪੜ੍ਹਨੀ।

ਕਲਮਾ- [ਅ:, ਕਲਮਹ] ਇਕ ਵਾਕ, ਜੋ ਮੁਸਲਮਾਨਾਂ ਦਾ ਮਾਨੋਂ ਮਹਾਂ ਵਾਕ ਹੈ, ਉਸ ਵਿਚ ਮੁਹੰਮਦ ਨੂੰ ਰਸੂਲ ਤੇ ਅੱਲਾ ਨੂੰ ਖ਼ੁਦਾ ਤਸਲੀਮ ਕੀਤਾ ਹੈ।　ਭਿਸਤਿ-[ਫਾ:, ਬਹਿਸ਼ਤ] ਸ੍ਵਰਗ।

ਸਤਰਿ- ਸੱਤਰ। ਵਿਚਾਰ ਵ੍ਯਾਖ੍ਯਾ ਵਿਚ ਆ ਚੁਕੀ ਹੈ।

ਕਾਬਾ- [ਅ:, ਕਾਅਬਾ] ਮੱਕੇ ਵਿਚ ਦਾ ਮੁਸਲਮਾਨਾਂ ਦਾ ਪ੍ਰਧਾਨ ਧਰਮ ਮੰਦਰ।

ਅਕਲਹਿ -ਕਲਾ ਰਹਿਤ ਨੂੰ, ਨਿਰਗੁਣ ਨੂੰ, ਕਲਪਨਾ ਰਹਿਤ ਨੂੰ, ਜੋ ਸੰਕਲਪ ਵਿਕਲਪ ਤੋਂ ਪਰੇ ਹੈ।

ਮੁਸਿ-ਚੁਰਾਕੇ, ਲੁੱਟਕੇ। ਭਾਵ ਹੇ ਜ਼ੋਰ ਕਰਕੇ, ਤਾਬੇ ਕਰਕੇ।

ਮਣੀ-ਮੈਂ ਪਣਾ। ਹੰਕਾਰ।

ਭਿਸਤ ਸਰੀਕੀ-ਬਹਿਸ਼ਤ ਦਾ ਹਿੱਸੇਦਾਰ, ਸ੍ਵਰਗ ਵਿਚ ਜਾਣੇ ਦਾ ਹੱਕਦਾਰ।

ਭੇਖ-ਵੇਸ , ਰੂਪ।　ਨਾਨਾ -ਕਈ ਬਹੁਤੇ

ਦੋਜਕ ਸਿਉ ਮਨ ਮਾਨਾ- ਦੋਜ਼ਖ ਵੱਲ ਮਨ ਝੁਕ ਰਿਹਾ ਹੈ। ਵਿਚਾਰ ਵ੍ਯਾਖ੍ਯਾ ਵਿਚ ਆ ਚੁਕੀ ਹੈ। [ਫਾ:, ਦੋਜ਼ਖ਼]

[ਆਸਾ ਕਬੀਰ ਜੀ, ਚਉਪਦਾ-੧੯]

ਮੂਲ	ਅਰਥ
ਆਸਾ ॥ ਗਗਨ ਨਗਰਿ ਇਕ ਬੂੰਦ ਨ ਬਰਖੈ ਨਾਦੁ ਕਹਾ ਜੁ ਸਮਾਨਾ ॥ ਪਾਰਬ੍ਰਹਮ ਪਰਮੇਸੁਰ ਮਾਧੋ ਪਰਮ ਹੰਸੁ ਲੇ ਸਿਧਾਨਾ ॥੧॥	(ਹੁਣ) ਆਕਾਸ਼ (ਵਿਚ ਜੋ) ਨਗਰ ਹੈ (ਉਸ) ਵਿਚੋਂ (ਭਾਵ ਦਸਮ ਦੁਆਰ ਵਿਚੋਂ) ਇਕ ਬੂੰਦ ਨਹੀਂ ਵਰ੍ਹਦੀ, ਜੋ ਨਾਦ (ਸੀ ਉਹ) ਕਿਥੇ ਸਮਾ ਗਿਆ ਹੈ? (ਕੀਹ) ਪਾਰਬ੍ਰਹਮ ਪਰਮੇਸ਼ੁਰ ਮਾਧੋ (ਨੂੰ ਜੋ ਅੰਦਰ ਵਸਦਾ ਸੀ) ਪਰਮ ਹੰਸ ਲੈਕੇ ਟੁਰ ਗਿਆ ਹੈ (ਕਿਧਰੇ)? ॥੧॥

ਬਾਬਾ ਬੋਲਤੇ ਤੇ ਕਹਾ ਗਏ ਦੇਹੀ ਕੇ ਸੰਗਿ ਰਹਤੇ ॥ ਸੁਰਤਿ ਮਾਹਿ ਜੋ ਨਿਰਤੇ ਕਰਤੇ ਕਥਾ ਬਾਰਤਾ ਕਹਤੇ ॥੧॥ ਰਹਾਉ ॥

ਬਾਬਾ* (ਜੋ) ਬੋਲਦੇ (ਹੁੰਦੇ ਸਨ) ਓਹ ਕਿੱਥੇ ਗਏ? ਜੋ ਦੇਹ ਦੇ ਨਾਲ ਰਹਿੰਦੇ ਸਨ, ਸੁਰਤ ਵਿਚ ਜੋ ਨਾਚ ਕਰਦੇ ਸੇ, ਕਥਾ ਵਾਰਤਾ (ਬੀ) ਕਹਿੰਦੇ ਹੁੰਦੇ ਸਨ (ਸੋ ਕਿੱਥੇ ਗਏ?) ॥੧॥ ਰਹਾਉ॥

ਬਜਾਵਨਹਾਰੋ ਕਹਾ ਗਇਓ ਜਿਨਿ ਇਹੁ ਮੰਦਰੁ ਕੀਨ੍ਾ ॥ ਸਾਖੀ ਸਬਦੁ ਸੁਰਤਿ ਨਹੀ ਉਪਜੈ ਖਿੰਚਿ ਤੇਜੁ ਸਭੁ ਲੀਨ੍ਾ ॥੨॥

(ਹੁਣ ਸਰੀਰ ਨੂੰ ਵਾਜੇ ਵਤ) ਵਜਾਉਣ ਵਾਲਾ (ਮਨ) ਕਿੱਥੇ ਗਿਆ, ਜਿਸ ਨੇ ਇਸ (ਸਰੀਰ) ਨੂੰ ਵਾਜਾ ਬਣਾ ਰਖਿਆ ਸੀ, (ਭਾਵ ਜਿਵੇਂ ਚਾਹੇ ਵਰਤਦਾ ਸੀ। ਹੁਣ ਦੇਖੋ) ਸੁਰਤ ਵਿਚ ਜੋ ਇਤਿਹਾਸਿਕ ਕਥਾ ਤੇ ਹੋਰ ਵਾਕ (ਰਚਨਾ ਉਪਜਿਆ ਕਰਦੀ ਸੀ ਹੁਣ) ਨਹੀਂ ਉਪਜਦੀ, ਸਾਰਾ ਤੇਜ ਜੁ (ਕਾਲ ਨੇ ਖਿੱਚ ਲਿਆ॥੨॥

ਸ੍ਰਵਨਨ ਬਿਕਲ ਭਏ ਸੰਗਿ ਤੇਰੇ ਇੰਦ੍ਰੀ ਕਾ ਬਲੁ ਥਾਕਾ ॥ ਚਰਨ ਰਹੇ ਕਰ ਢਰਕਿ ਪਰੇ ਹੈ ਮੁਖਹੁ ਨ ਨਿਕਸੈ ਬਾਤਾ ॥੩॥

(ਹੇ ਜੋਗੀ ! ਸ਼ਬਦ ਸ੍ਰਵਨ ਕਰਨ ਵਾਲੇ) ਤੇਰੇ ਸੰਗੀ ਕੰਨ ਬੀ (ਸੁਣਨ) ਸ਼ਕਤੀ ਤੋਂ ਬਿਨਾਂ ਹੋ ਗਏ ਹਨ, (ਇਸੀ ਤਰ੍ਹਾਂ ਹੋਰ) ਇੰਦ੍ਰੀਆਂ ਦਾ ਬਲ ਬੀ ਥੱਕ ਗਿਆ ਹੈ (ਭਾਵ ਰਹਿ ਚੁਕਾ ਹੈ)। ਪੈਰ (ਤੁਰਨੋਂ) ਰਹਿ ਚੁਕੇ ਹਨ, ਹੱਥ ਬੀ ਢਿਲਕੇ ਪਏ ਹਨ, ਤੇ ਮੂੰਹ ਤੋਂ ਕੋਈ ਗੱਲ ਬੀ ਨਹੀਂ ਨਿਕਲਦੀ॥੩॥

ਥਾਕੇ ਪੰਚ ਦੂਤ ਸਭ ਤਸਕਰ ਆਪ ਆਪਣੈ ਭ੍ਰਮਤੇ ॥ ਥਾਕਾ ਮਨੁ ਕੁੰਚਰ ਉਰੁ ਥਾਕਾ ਤੇਜੁ ਸੂਤੁ ਧਰਿ ਰਮਤੇ ॥੪॥

(ਕਾਮਾਦਿਕ) ਪੰਜੇ ਵੈਰੀ ਬੀ (ਜੋ) ਸਾਰੇ ਹੀ (ਸ਼ੁਭ ਗੁਣਾਂ ਦੇ) ਚੁਰਾਵਣ ਵਾਲੇ ਸਨ ਤੇ ਆਪੋ ਆਪਣੇ ਵਿਸ਼ਿਆਂ ਵਿਚ ਭੱਜਦੇ ਰਹਿੰਦੇ ਸਨ, ਥੱਕ ਗਏ ਹਨ (ਭਾਵ ਸਤਯਾ ਰਹਿਤ ਹੋਏ ਪਏ ਹਨ)। (ਸਭ ਦਾ ਪ੍ਰੇਰਕ) ਮਨ ਰੂਪੀ ਹਾਥੀ ਥੱਕ ਗਿਆ ਹੈ ਤੇ ਹਿਰਦਾ (ਸਥਲ ਬੀ) ਥੱਕ ਗਿਆ ਹੈ ਜੋ ਸੂਤ੍ਰ ਧਾਰ (ਆਤਮਾ) ਦੇ ਤੇਜ ਨਾਲ ਤੁਰੇ ਫਿਰਦੇ ਸਨ॥੪॥

ਮਿਰਤਕ ਭਏ ਦਸੈ ਬੰਦ ਛੂਟੇ ਮਿਤ੍ ਭਾਈ ਸਭ ਛੋਰੇ ॥ ਕਹਤ ਕਬੀਰਾ ਜੋ ਹਰਿ ਧਿਆਵੈ ਜੀਵਤ ਬੰਧਨ ਤੋਰੇ ॥੫॥੫॥੧੯॥

ਮਰ ਗਿਆਂ ਤੇ (ਸਰੀਰ ਵਿਚ ਦੇ) ਦਸਾਂ (ਪ੍ਰਾਣਾਂ, ਉਪਪ੍ਰਾਣਾਂ) ਦੇ ਬੰਦ ਖੁੱਲ੍ਹ ਜਾਦੇ (ਭਾਵ ਦੂਰ ਹੋ ਜਾਂਦੇ) ਹਨ (ਆਪਣੇ ਸਰੀਰ ਨਾਲ ਕੋਈ ਸਨਬੰਧ ਨਹੀਂ ਰਹਿ ਜਾਂਦਾ ਤੇ ਸਰੀਰ ਦੇ ਨਾਲ ਸੰਬੰਧ ਰਖਣ ਵਾਲੇ) ਮਿਤ੍ਰ ਤੇ ਭਾਈ ਸਾਰੇ (ਨਾਤੇ) ਛੁੱਟ ਜਾਂਦੇ ਹਨ। ਕਬੀਰ ਜੀ ਕਹਿੰਦੇ ਹਨ ਕਿ ਜੋ (ਪੁਰਖ) ਹਰੀ ਨੂੰ ਧਿਆਵੇਗਾ ਉਹ ਜੀਉਂਦਿਆਂ ਹੀ (ਸਾਰੇ) ਬੰਧਨ ਤੋੜ ਲਏਗਾ, (ਭਾਵ ਉਸ ਨੂੰ ਮਰਨ ਕਾਲ ਵਿਚ ਮੌਤ ਦਾ ਭੈ ਤੇ ਮਿਤ੍ਰ ਭਾਈਆਂ ਦਾ ਵਿਯੋਗ ਦੁਖ ਨਹੀਂ ਦੇਵੇਗਾ)॥੫॥੫॥੧੯॥

ਵ੍ਯਾਖ੍ਯਾ- ਇਸ ਸ਼ਬਦ ਦੀ ਸਮੁਚੀ ਵੀਚਾਰ ਦੱਸਦੀ ਹੈ ਕਿ ਕਿਸੇ ਹਠ ਯੋਗੀ ਦੇ ਦੇਹਾਂਤ ਹੋਣੇ ਤੇ ਉਸ ਨੂੰ ਨਿਸ਼ਕ੍ਰਿਆ ਪਿਆ ਦੇਖਕੇ ਵੈਰਾਗ ਤੇ ਤਰਸ ਵਿਚ ਆਏ ਵਿਸਮਯ ਹੋਕੇ ਵਾਕ ਕਰ ਰਹੇ ਹਨ, ਜਿਨ੍ਹਾਂ ਵਾਕਾਂ ਵਿਚ ਦਰਦ ਬੀ ਹੈ ਤੇ ਸਿਖ੍ਯਾ ਬੀ। ਪਰ ਘ੍ਰਿਣਾ ਯਾ ਉਲਾਂਭੇ ਦੀ ਸੂਰਤ ਕੋਈ ਨਹੀਂ, ਐਸੇ ਭਾਵਾਂ ਵਿਚ ਜਾਣਾ ਕਬੀਰ ਜੀ ਦੀ ਸ਼ਾਨ ਦੇ ਵਿਰੁੱਧ ਹੈ, ਤੇ ਨਾਂ ਹੀ ਸ਼ਬਦ ਦੇ ਪਦ ਪਦਾਰਥ ਇਹ ਰਸਤਾ ਦੇਂਦੇ ਹਨ।

ਇਸ ਵਿਚ ਆਇਆ ਪਦ 'ਤੇਰੇ' (ਅੰਕ ੩) ਦੱਸਦਾ ਹੈ ਕਿ ਪਾਸ ਖੜੇ ਮਧਮ ਪੁਰਖ ਨੂੰ ਸੰਬੋਧਨ

ਕਰਕੇ ਕਹਿ ਰਹੇ ਹਨ। ਰਹਾਉ ਵਿਚ ਦਾ ਪਦ 'ਬਾਬਾ' ਦੱਸਦਾ ਹੈ ਕਿ ਉਸ ਲਈ ਸਤਿਕਾਰ ਹੈ ਆਪ ਦੇ ਦਿਲ ਵਿਚ।ਪਦ 'ਸੁਰਤਿ ਮਾਹਿ ਜੋ ਨਿਰਤੇ ਕਰਤੇ ਕਥਾ ਬਾਰਤਾ ਕਹਤੇ'ਆਦਿ ਪਦ ਦੱਸਦੇ ਹਨ ਕਿ ਜੋਗੀ ਅਭਯਾਸੀ ਸੀ,ਵਿਦਵਾਨ ਬੀ ਸੀ, ਜੋ ਕਥਾ ਆਦਿ ਕਰ ਸਕਦਾ ਸੀ। ਇਹ ਪਦ ਬੀ ਸਤਿਕਾਰ ਦੇ ਸੂਚਕ ਹਨ। 'ਗਗਨ ਨਗਰ'ਤੇ 'ਨਾਦ' ਆਦਿ ਪਦ ਜੋਗੀ ਦੇ ਹਠ ਜੋਗੀ ਦੇ ਸੂਚਕ ਹਨ। 'ਮਿਤ੍ਰ ਭਾਈ ਸਭ ਛੂਟੇ' ਤੋਂ ਪਤਾ ਚਲਦਾ ਹੈ ਕਿ 'ਯੋਗੀ' ਅਤੀਤ ਨਹੀਂ ਪਰ ਗ੍ਰਿਹਸਤ ਵਿਚ ਰਹਿਕੇ ਹਠ ਯੋਗ ਦੇ ਸਾਧਨ ਕਰਦਾ ਸੀ। ਹਠ ਯੋਗ ਪ੍ਰਦੀਪਕਾ ਵਿਚ ਗ੍ਰਿਹਸਤੀ ਲਈ ਬੀ ਯੋਗ ਸਾਧਨ ਦੇ ਰਾਹ ਦੱਸੇ ਹਨ।'ਕਹਾ ਜੁ ਸਮਾਨਾ', 'ਕਹਾ ਗਏ','ਕਹਾ ਗਇਉ'ਪਦ ਕਬੀਰ ਜੀ ਦੇ ਮਨ ਦੀ ਵਿਸਮਤਾ ਦੇ ਸੂਚਕ ਹਨ, ਇਹ ਵਿਸਮਯਤਾ ਆਪ ਨੇ ਹੇਠ ਲਿਖੇ ਸ਼ਬਦ ਵਿਚ ਬੀ ਸੰਸੇ ਬ੍ਰਿਤੀ ਵਿਚ ਪ੍ਰਗਟ ਕੀਤੀ ਹੈ, ਜਾਪਦਾ ਹੈ ਇਹ ਸ਼ਬਦ ਬੀ ਇਸੇ ਜੋਗੀ ਦੀ ਮੌਤ ਤੇ ਉਸ ਨੂੰ ਸੰਬੋਧਨ ਕਰਕੇ ਕਿਹਾ ਹੈ :-

ਜਹ ਕਛੁ ਅਹਾ ਤਹਾ ਕਿਛੁ ਨਾਹੀ ਪੰਚ ਤਤੁ ਤਹ ਨਾਹੀ ॥ ਇੜਾ ਪਿੰਗੁਲਾ ਸੁਖਮਨ ਬੰਦੇ ਏ ਅਵਗਨ ਕਤ ਜਾਹੀ ॥ ੧॥ ਤਾਗਾ ਤੂਟਾ ਗਗਨੁ ਬਿਨਸਿ ਗਇਆ ਤੇਰਾ ਬੋਲਤੁ ਕਹਾ ਸਮਾਈ ॥ ਏਹੁ ਸੰਸਾ ਮੋਕਉ ਅਨਦਿਨੁ ਬਿਆਪੈ ਮੋ ਕਉ ਕੋ ਨ ਕਹੈ ਸਮਝਾਈ ॥੧॥ ਰਹਾਉ ॥ ਜਹ ਬਰਭੰਡੁ ਪਿੰਡੁ ਤਹ ਨਾਹੀ ਰਚਨਹਾਰੁ ਤਹ ਨਾਹੀ ॥ ਜੋੜਨਹਾਰੋ ਸਦਾ ਅਤੀਤਾ ਇਹ ਕਹੀਐ ਕਿਸੁ ਮਾਹੀ ॥੨॥ ਜੋੜੀ ਜੁੜੈ ਨ ਤੋੜੀ ਤੂਟੈ ਜਬ ਲਗੁ ਹੋਇ ਬਿਨਾਸੀ ॥ ਕਾਕੋ ਠਾਕੁਰੁ ਕਾਕੋ ਸੇਵਕੁ ਕੋ ਕਾਹੂ ਕੈ ਜਾਸੀ ॥੩॥ ਕਹੁ ਕਬੀਰ ਲਿਵ ਲਾਗਿ ਰਹੀ ਹੈ ਜਹਾ ਬਸੇ ਦਿਨ ਰਾਤੀ ॥ ਉਆ ਕਾ ਮਰਮੁ ਓਹੀ ਪਰੁ ਜਾਨੈ ਓਹੁ ਤਉ ਸਦਾ ਅਬਿਨਾਸੀ ॥੪॥੧॥੫੨॥

[ਗਉੜੀ ਕਬੀਰ ਜੀ-੫੨]

ਇਸ ਸ਼ਬਦ ਵਿਚ ਦੱਸਿਆ ਹੈ ਕਿ 'ਕਹੁ ਕਬੀਰ ਲਿਵ ਲਾਗਿ ਰਹੀ ਹੈ ਜਹਾ ਬਸੈ ਦਿਨ ਰਾਤੀ'। ਇਸ ਵਿਚ ਕਟਾਖਯ ਹੈ ਕਿ ਜਿੱਥੇ ਮਰਨ ਰਹਿਤ ਪ੍ਰਭੂ ਵੱਸ ਰਿਹਾ ਹੈ ਮੇਰੀ ਲਿਵ ਉਥੇ ਲਗ ਰਹੀ ਹੈ , ਪ੍ਰਗਟ ਹੈ ਕਿ ਜਿਥੇ ਕਿਸੇ ਦੀ ਲਿਵ ਹੁੰਦੀ ਹੈ ਉਹ ਉਥੇ ਹੀ ਜਾਂਦਾ ਹੈ । ਇਸ ਆਸਾ ਰਾਗ ਦੇ ਸ਼ਬਦ ਵਿਚ ਫੁਰਮਾਇਆ ਹੈ ਕਿ 'ਜੋ ਹਰਿ ਧਿਆਵੈ ਜੀਵਤ ਬੰਧਨ ਤੋਰੇ' ਕਿ ਜੋ ਹਰੀ ਨੂੰ ਧਿਆਵੇਗਾ ਉਹ ਮਿਤ੍ਰ ਭਾਈਆਂ ਨਾਲ ਜੀਉਂਦੇ ਜੀ ਮੋਹ ਮਾਇਆ ਦੇ ਬੰਧਨ ਕੱਟ ਲਏਗਾ।ਸੋ ਸਪਸ਼ਟ ਹੈ ਕਿ ਮੋਹ ਮਾਯਾ ਦੇ ਬੰਧਨ ਕੱਟੇਗਾ ਤਾਂ ਉਹ ਹਰੀ ਜਿਸ ਹਰੀ ਨੂੰ ਧਿਆ ਰਿਹਾ ਹੈ , ਉਸ ਨਾਲ ਪਯਾਰ ਪਏਗਾ, ਉਸ ਨਾਲ ਲਿਵ ਲਗੇਗੀ, ਉਸ ਨਾਲ ਜੁੜੇਗਾ।ਸੋ ਕਬੀਰ ਜੀ ਦੀ ਦੋਹਾਂ ਸ਼ਬਦਾਂ ਵਿਚ ਆਈ ਵਿਸਮਤਾ ਤੇ ਸੰਸੇ ਦਾ ਅਭਾਸ ਦਾ ਹੱਲ ਉਹਨਾਂ ਨੇ ਆਪ ਕਰ ਦਿਤਾ ਹੈ ਕਿ ਅਕਾਲ ਪੁਰਖ ਨਾਲ ਸਿਧਾ ਸੰਬੰਧ ਸਿਮਰਨ ਦੁਆਰਾ ਪਾਓ ਤੇ ਨਿਸ਼ਚੇ ਹੋ ਜਾਓ, ਕਿ ਮਰਕੇ ਉਸ ਪਾਸ ਜਾਓਗੇ।

ਹੁਣ ਰਹੀ ਸ਼ਬਦ ਵਿਚ ਆਈ ਹਠ ਜੋਗ ਦੀ ਪ੍ਰਕ੍ਰਿਆ ਦੇ ਇਸ਼ਾਰੇ।'ਗਗਨ ਨਗਰ'ਤੇ 'ਨਾਦ' ਆਦਿ। ਕਬੀਰ ਜੀ ਹਠ ਜੋਗ ਦੀਆਂ ਕ੍ਰਿਯਾਵਾਂ ਨਾਲ ਸਾਂਈ ਪਾਸ ਪਹੁੰਚਣ ਨੂੰ ਠੀਕ ਰਸਤਾ ਨਹੀਂ ਦੱਸ ਰਹੇ। ਉਹਨਾ ਦਾ ਤਾਤਪਰਜ ਸਪਸ਼ਟ ਹੈ ਕਿ ਨਿਰਾ ਹਠ ਜੋਗ ਸਰੀਰ ਦੀ ਦੀਰਘਾਯੂ ਯਾ ਅਮਰਤਾ ਲਈ ਕੀਤਾ ਜਾਂਦਾ ਹੈ , ਉਹ ਸਰੀਰ ਦੇ ਦਾਇਰੇ ਵਿਚ ਸੁਰਤ ਨੂੰ ਰਖਦਾ ਹੈ । ਜੋ ਸੁਰਤ ਸਰੀਰ ਦੇ ਦਾਇਰੇ ਵਿਚ ਰਹੇਗੀ ਉਹ ਮਰਕੇ ਪਾਰਬ੍ਰਹਮ ਪਰਮੇਸ਼ੁਰ ਪਾਸ ਕੀਕੂੰ ਜਾਏਗੀ? ਖੋਹਲ ਖੋਹਲਕੇ ਜੋ ਸ਼ਬਦ ਵਿਚ ਅੰਗਾ ਦੀ, ਇੰਦ੍ਰਿਆਂ ਦੀ , ਸਾਰੇ ਸਰੀਰ ਦੀ ਸਿਥਲਤਾ ਤੇ ਮਰਨ ਪਨਾ ਕਹਿ ਰਹੇ ਹਨ; ਵਯੰਗਾਰਥ ਇਹ ਹੈ ਕਿ ਨਾਤੀ ਧੋਤੀ ਨੌਲੀ ਆਦਿ ਨਾਲ ਜੋ ਅੰਗ ਪ੍ਰਤਿਅੰਗ ਦੇ ਅਭਯਾਸ ਕੀਤੇ ਜਾਂਦੇ ਸਨ ਉਹ ਸਰੀਰ ਨੂੰ ਅਮਰ ਨਹੀਂ ਕਰ ਸਕੇ ਜਦੋਂ ਮਨ ਇਸ ਨੂੰ ਛੋੜ ਗਿਆ ਸਭੋ ਨਕਾਰੇ ਹੋ ਗਏ। ਸੋ ਜੇ ਨਿਰੇ ਸਰੀਰ ਨੂੰ ਅਮਰਤਾ ਦੇਣ ਦੇ ਯਤਨਾਂ ਦੀ ਥਾਂ ਉਸੇ ਮਨ ਨੂੰ ਸਿੱਧਾ ਸਾਈ ਂ ਪ੍ਰੇਮ ਵਿਚ ਲਾ ਲਓ ਤਾਂ ਪ੍ਰੇਮੀ ਦੇ ਦੇਸ਼ ਪਹੁੰਚ ਜਾਉਗੇ। ਜੀਉਂਦੇ ਪ੍ਰੇਮ ਦੇ ਚਿੰਤਨ ਨਾਲ ਪ੍ਰਿਯ ਵਿਚ ਰਹੋਗੇ, ਬ੍ਰਿਤੀਆਂ ਵਿਚ ਪ੍ਰਿਯ ਪ੍ਰਭੂ ਅਰੂੜ

ਰਹੇਗਾ, ਮਰਕੇ ਉਸ ਵਿਚ ਪ੍ਰਾਪਤ ਹੋ ਜਾਓਗੇ।

ਹਠ ਯੋਗੀ ਬੀ ਜੇ ਭਗਤੀ ਧਾਰਨ ਕਰੇ ਤਾਂ ਉਸ ਨੂੰ ਮਾੜਾ ਨਹੀਂ ਕਿਹਾ ਜਾ ਸਕਦਾ। ਕਬੀਰ ਜੀ ਭਗਤੀ ਮਾਰਗ ਦੇ ਵਡੇ ਆਚਾਰਯ ਸਨ ਪਰ ਦਸਮ ਦੁਆਰ ਆਦਿ ਦੇ ਪਤੇ ਸਹਿਜ ਪ੍ਰਾਣਾਯਾਮ ਆਦਿ ਅਨੇਕ ਇਸ਼ਾਰੇ ਉਹਨਾਂ ਦੀ ਬਾਣੀ ਵਿਚ ਮੌਜੂਦ ਹਨ। ਯੋਗ ਦਰਸ਼ਨ ਵਿਚ ਬੀ ਲਿਖਿਆ ਹੈ 'ਤਪ ਸ੍ਵਾਧ੍ਯਾਯ ਈਸ਼੍ਵਰ ਪ੍ਰਣਿਧਾਨਾਨਿ ਕ੍ਰਿਯਾ ਯੋਗ:' ਜਿਸ ਦਾ ਅਰਥ ਹੈ ਕਿ ਤਪ,ਸਭ ਸ਼ਾਸ਼ਤ੍ਰਾਂ ਦਾ ਪੜ੍ਹਨਾ ਤੇ ਈਸ਼੍ਵਰ ਦੀ ਭਗਤੀ ਇਹ ਹੈ ਕ੍ਰਿਯਾ ਯੋਗ ਅਥਵਾ ਕਰਮ ਯੋਗ। ਸੋ ਕਬੀਰ ਜੀ ਦਾ ਸਾਫ ਆਸ਼ਾ ਇਹ ਸਹੀ ਹੁੰਦਾ ਹੈ ਕਿ ਜੋ ਲੋਗ ਨਿਰਾ ਹਠ ਯੋਗ ਦੀਆਂ ਨਾਤੀ ਧੋਤੀ ਨੌਲੀ ਆਦਿ ਨੂੰ ਕਰਦੇ ਸ਼ਰੀਰ ਨੂੰ ਅਮਰ ਯਾ ਜਰਾ ਰਹਿਤ ਕਰਨਾ ਚਾਹੁੰਦੇ ਹਨ ਉਹ ਇਸ ਯੋਗ ਨਾਲ ਪਰਮਾਤਮ ਦੇਵ ਨੂੰ ਨਹੀਂ ਪਾ ਸਕਦੇ ਕਿਉਂਕਿ ਪਰਮਾਤਮ ਪ੍ਰਾਪਤੀ ਉਹਨਾਂ ਦੇ ਆਸ਼ੇ ਵਿਚ ਨਹੀਂ।

ਸੋ ਇਕ ਵੈਰਾਗ ਮਈ ਵਿਸਮਤਾ ਵਿਚ ਤੇ ਮਰੇ ਯੋਗੀ ਦੇ ਭਗਤੀ ਮਾਰਗ ਵਿਚ ਆਏ ਬਿਨ ਹਠ ਯੋਗ ਦੀਆਂ ਸਾਧਨਾਂ ਕਰਦਿਆਂ ਹੀ ਮਰ ਜਾਣ ਦੇ ਅਫਸੋਸ ਨੇ ਕਬੀਰ ਜੀ ਤੋਂ ਇਹ ਸ਼ਬਦ ਲਿਖਵਾਇਆ ਜਾਪਦਾ ਹੈ ।

ਅੰਤਲੀ ਤੁਕ ਵਿਚ ਉਹਨਾਂ ਦਾ ਆਪਣਾ ਨਿਸ਼ਚਾ ਤੇ ਕਰਤਵ੍ਯ, ਯੋਗੀ ਦਾ ਉਸ ਪਰ ਚਲੇ ਬਿਨਾ ਮਰ ਜਾਣਾ ਕੈਸੈ ਅਛੂਤੇ ਤੇ ਸੰਖੇਪ ਪਦਾਂ ਵਿਚ ਦਰਸਾਇਆ ਹੈ ਤੇ ਉਸ ਵਿਚ ਜਗਤ ਨੂੰ ਉਪਦੇਸ਼ ਬੀ ਬਿਨਾ ਜਣਾਏ ਦੇ ਗਏ ਹਨ ਕਿ ਭਾਈ ਮੋਹ ਮਾਇਆ ਦੇ ਬੰਧਨ ਜੀਉਂਦੇ ਜੀ ਕੱਟੋ, ਜੋ ਮਿਤ੍ਰ ਭਾਈ ਮਰਕੇ ਛੁੱਟਣੇ ਹਨ, ਜੀਉਂਦੇ ਛਡੋ। ਛਡਕੇ ਸ਼ੂਨ ਨਾ ਹੋ ਜਾਓ, ਹਰਿ ਨਾਲ ਜੁੜ ਜਾਓ, ਉਸ ਦੀ ਅਰਾਧਾਨਾ ਕਰਕੇ ਫੇਰ ਤੁਸੀਂ ਨਿਸਚਤ ਹਰੀ ਪਾਸ ਜਾਓਗੇ।

ਨਿਰੁਕ੍ਤ– ਗਗਨ ਨਗਰਿ–ਅਸਮਾਨੀ ਨਗਰੀ ਵਿਚ। ਭਾਵ ਹੈ ਦਸਮ ਦੁਆਰ ਵਿਚ ਯੋਗ ਮਤ ਅਨੁਸਾਰ ਇਕ ਖਾਸ ਮੁਦ੍ਰਾ ਨਾਲ ਦਸਮ ਦੁਆਰ ਵਿਚੋਂ ਬੂੰਦਾ ਝਰਦੀਆਂ ਹਨ,ਜਿਨ੍ਹਾਂ ਨੂੰ ਅੰਮ੍ਰਿਤ ਆਖਦੇ ਹਨ।

ਨਾਦੁ–(ਸੰਸ:,ਨਾਦ:=ਸ਼ਬਦ ,ਧੁਨਿ, ਆਵਾਜ਼] ਸ਼ਬਦ ਅਨਾਹਤ ਨਾਦ ਤੋਂ ਮਤਲਬ ਹੈ ਜੋ ਯੋਗ ਮਤ ਅਨੁਸਾਰ ਪ੍ਰਾਣਾਯਾਮ ਕਰਦਿਆਂ ਅਨਾਹਤ ਚਕ੍ਰ ਤੋਂ ਲੰਘਕੇ ਬ੍ਰਹਮ ਗ੍ਰੰਥੀ ਚੀਰ ਕੇ ਇਕ ਸ਼ਬਦ ਸੁਣਾਈ ਦੇਂਦਾ ਹੈ ।

ਪਰਮ ਹੰਸੁ– ਵਡਾ ਹੰਸ। ਮੁੰਕਮਲ ਹੋ ਚੁਕਾ ਸਾਧੂ ਯਾ ਗਯਾਨੀ। ਏਥੇ ਭਾਵ 'ਜੋਗੀ ਤੋਂ ਹੈ ।

ਪਾਰਬ੍ਰਹਮ– ਰੂਪ ਰੇਖ ਤੋਂ ਨਿਆਰਾ, ਨਿਰਗੁਣ ਪਰਮਾਤਮਾ।

ਪਰਮੇਸਰੁ–ਪਰਮ+ਈਸ਼੍ਵਰ। ਵ੍ਯਾਪਕ ਪੂਰਨ ਈਸ਼੍ਵਰ।

ਮਾਧੋ–ਮਾਇਆ ਦਾ ਪਤੀ, ਈਸ਼੍ਵਰ । ਨਿਰਗੁਣ ਵ੍ਯਾਪਕ ਤੇ ਸਰਗੁਣ ਤ੍ਰੈਏ ਸਰੂਪ ਪਰਮਾਤਮਾ ਦੇ ਲੈਕੇ'ਅਕਾਲ ਪੁਰਖ ਨੂੰ ਜਣਾਇਆ ਹੈ ।

ਸੁਰਤਿ ਮਾਹਿ ਜੋ ਨਿਰਤੇ ਕਰਤੇ– ਸੁਰਤ ਵਿਚ ਜੋ ਨਾਚ ਕਰਦੇ ਸਨ। ਸੁਰਤ ਵਿਚ ਹੀ ਜੋ ਆਨੰਦ ਲੈਂਦੇ ਹੁੰਦੇ ਸਨ।   ਮੰਦਰੁ–ਇਸ ਦਾ ਅਰਥ ਸਰੀਰ ਬੀ ਕਰ ਲਈਦਾ ਹੈ; ਪਰ ਪਹਿਲੇ ਪਦ ਬਜਾਵਨ ਹਾਰੋ ਪਿਆ ਹੈ, ਇਸ ਕਰਕੇ ਇਹ ਪਦ 'ਮੰਦਲ' ਹੈ ਜਿਸ ਨੂੰ ਕਬੀਰ ਜੀ ਨੇ ਮੰਦਰੀਆ ਬੀ ਲਿਖਿਆ ਹੈ, ਢੋਲ, ਵਾਜਾ (ਸੰਸ:,ਮਰ੍ਦਲ਼, ਮ੍ਰਿਦੰਗ]।

ਸਾਖੀ ਸਬਦੁ ਸੁਰਤਿ–ਸ਼ਬਦ, ਸੁਰਤ ਦੀ ਗਵਾਹੀ ਦੇਣ ਵਾਲੀ ਸ਼ਕਤੀ। ਧਿਆਨ ਅਤੇ ਆਵਾਜ਼ ਦੀ ਗਵਾਹੀ ਜੋ ਇੰਦ੍ਰੀਆਂ ਭਰਦੀਆਂ ਸਨ, ਓਹ ਕੰਮ ਨਹੀਂ ਕਰਦੀਆਂ। ਭਾਵ ਕੰਨ ਜੋ ਸੁਣਦੇ ਸਨ ਅਤੇ ਸੁਰਤ ਜੋ ਦੇਖੇ ਸੁਣੇ ਨੂੰ ਸਮਝਦੀ ਸੀ, ਖ਼ਤਮ ਹੋ ਗਈ ਹੈ ।

ਖਿੰਚਿ ਲੀਨ੍ਾ- ਖਿੱਚ ਲਿਆ, ਕਿਸ ਨੇ? ਕਾਲ ਯਾ ਮੌਤ ਦਾ ਅਧਜਾਹਾਰ ਕਰਦੇ ਹਨ ਕਿ ਕਾਲ ਨੇ ਤੇਜ ਖਿੱਚ ਲਿਆ।

ਬਿਕਲ-ਬੇ+ਕਲ=ਸੱਤਾ ਹੀਨ। ਇੰਦ੍ਰੀ-ਇੰਦ੍ਰੈ, ਸਰੀਰ ਦੇ ਅੰਗ।

ਢਰਕਿ -ਢਿੱਲੇ ਪੈ ਗਏ। ਸਿਥਲ ਹੋ ਗਏ। ਕੰਮ ਦੇਣ ਜੋਗੇ ਨਾ ਰਹੇ।

ਤਸਕਰ-[ਸੰਸ:, ਤਸੑਕਰ:] ਚੋਰ। ਭ੍ਰਮਤੇ-ਫਿਰਦੇ, ਭਟਕਦੇ, ਚੱਲਦੇ, ਦੌੜਦੇ।

ਕੁੰਚਰ-ਹਾਥੀ। ਹਾਥੀ ਤੋਂ ਮੁਰਾਦ ਮਦਮੱਤੇ ਹੋਣ ਦੀ ਹੈ। 'ਮਨ' ਨੂੰ 'ਮੈ ਮਤੁ ਮੈਗਲ ' ਬਾਣੀ ਵਿਚ ਕਿਹਾ ਹੈ; ਯਥਾ:- ਮਨੁ ਮੈ ਮਤੁ ਮੈਗਲ ਮਿਕਦਾਰਾ॥ [ਧਨਾਸਰੀ ਮ: ੩-੬]

ਮਨੁ- [ਸੰਸ:, ਮਨਸੑ] ਉਹ ਅੰਗ ਜਿਸ ਵਿਚ ਗਜ਼ਾਨ ਵਸਦਾ ਹੈ। ਮਨ ਤੋਂ ਭਾਵ ਹੈ ਅੰਦਰਲਾ ਗਜ਼ਾਨ ਵਾਲਾ ਅੰਗ। ਉਰੁ- [ਸੰਸ:, ਉਰਸੑ] ਛਾਤੀ, ਦਿਲ। ਜੇ ਛਾਤੀ ਅਰਥ ਲਈਏ ਤਾਂ ਲਗੇਗਾ ਉਰ ਵਿਚ ਜੋ ਮਨ ਵਸਦਾ ਹੈ। ਜੇ ਦਿਲ ਅਰਥ ਲਈਏ ਤਾਂ ਅਰਥ ਲਗੇਗਾ ਉਹ ਅੰਦਰਲਾ ਗਜ਼ਾਨਮਯ ਹਿੱਸਾ ਜਿਸ ਵਿਚ ਪ੍ਰਤੀਤੀ ਯਾ ਅਹਿਸਾਸ ਵਸਦਾ ਹੈ। ਅੰਗ੍ਰੇਜ਼ੀ ਵਿਚ ਕਹੀਏ ਤਾਂ ਉਰੁ ਦਾ ਭਾਵ ਅੰਦਰਲੀ ਫੀਲਿੰਗ ਦਾ ਹਿੱਸਾ ਹੈ ਕਿਉਂਕਿ ਪਦ 'ਰਮਤੇ' ਬਹੁ ਬਚਨ ਹੈ, ਇਸ ਕਰਕੇ 'ਮਨ' ਤੇ 'ਉਰ' ਅਡ ਅਡ ਲੈਣੇ ਹਨ। 'ਮਨ' ਉਹ ਹਿਰਦੇ ਦਾ ਹਿੱਸਾ ਹੈ ਜੋ ਵੀਚਾਰ ਕਰਦਾ ਹੈ ਤੇ 'ਉਰ' ਉਹ ਹਿਰਦੇ ਦਾ ਹਿੱਸਾ ਹੈ ਜੋ ਮਹਿਸੂਸ ਕਰਦਾ ਹੈ। ਬੰਦ-[ਫਾ:] ਰੋਕ। ਬੰਨ੍ਹੀ ਰੱਖਣ ਦੀ ਸ਼ਕਤੀ।

ਦਸੈ ਬੰਦ- ਦਸਾਂ ਦੁਆਰਿਆਂ ਵਿਚ ਰੋਕ ਰਖਣ ਵਾਲੀ ਸ਼ਕਤੀ। (ਅ) ਦਸਾਂ ਪ੍ਰਾਣਾਂ ਦੇ ਬੰਦ ਛੁਟ ਗਏ ਭਾਵ ਪ੍ਰਾਣਾਂ ਦੀ ਗੰਢ ਖੁੱਲ੍ਹ ਗਈ, ਇਹ ਹਨ ਪ੍ਰਾਣ, ਅਪਾਨ, ਬਜ਼ਾਨ, ਉਦਾਨ, ਨਾਗ, ਕੂਰਮ, ਕਿਰਕਲ, ਦੇਵਦੱਤ ਤੇ ਧਨੰਜੈ। ਮੁਰਾਦ ਹੈ ਕਿ ਸਰੀਰ ਦੀਆਂ ਸਭ ਪ੍ਰਕਾਰ ਦੀਆਂ ਕ੍ਰਿਯਾਂ ਛੁੱਟ ਗਈਆਂ।

[ਆਸਾ ਕਬੀਰ ਜੀ, ਚਉਪਦਾ-੧੯]

ਪ੍ਰਾਕ੍ਥਨ-'ਜੀਵਤ ਬੰਧਨ ਤੋਰੇ' ਪਿਛਲੇ ਸ਼ਬਦ ਦੇ ਅੰਤਲੇ ਪਦ ਸਨ, ਜੇ ਕੋਈ ਕਹੇ ਕਿ ਬੰਧਨ ਤੋੜਨੇ ਅਸੰਭਵ ਹਨ, ਤਾਂ ਕਬੀਰ ਜੀ ਇਸ ਸ਼ਬਦ ਵਿਚ ਦੱਸਦੇ ਹਨ ਕਿ ਅਸੰਭਵ ਨਹੀਂ ਪਰ ਕਠਨ ਜ਼ਰੂਰ ਹਨ ਤੇ ਟੁੱਟ ਸਕਦੇ ਹਨ ਅਤੇ ਉਸ ਦੀ ਜੁਗਤ ਦੱਸਦੇ ਹਨ:-

ਮੂਲ	ਅਰਥ
ਆਸਾ ਇਕਤੁਕੇ ੪ ॥ ਸਰਪਨੀ ਤੇ ਊਪਰਿ ਨਹੀ ਬਲੀਆ ॥ ਜਿਨਿ ਬ੍ਰਹਮਾ ਬਿਸਨੁ ਮਹਾਦੇਉ ਛਲੀਆ ॥੧॥	(ਇਹ ਸੱਚ ਹੈ ਕਿ) ਮਾਇਆ ਤੋਂ ਵੱਡਾ ਬਲਵਾਨ (ਸੰਸਾਰ ਵਿਚ) ਕੋਈ ਨਹੀਂ, ਜਿਸ ਨੇ (ਦੇਖੋ) ਬ੍ਰਹਮਾ, ਵਿਸ਼ਨੂੰ ਤੇ ਸ਼ਿਵ (ਸਭ ਤੋ ਵਡੇ ਦੇਉਤਿਆਂ) ਨੂੰ ਬੀ ਛਲ ਲਿਆ॥੧॥
ਮਾਰੁ ਮਾਰੁ ਸ੍ਰਪਨੀ ਨਿਰਮਲ ਜਲਿ ਪੈਠੀ ॥ ਜਿਨਿ ਤ੍ਰਿਭਵਣੁ ਡਸੀਅਲੇ ਗੁਰ ਪ੍ਰਸਾਦਿ ਡੀਠੀ ॥੧॥ ਰਹਾਉ ॥	ਮਾਰੋ -ਮਾਰ ਕਰਦੀ (ਇਹ) ਸਪਣੀ ਨਿਰਮਨ ਜਲ ਵਿਚ ਬੀ ਆ ਬੈਠੀ ਹੈ (ਭਾਵ ਵਿਦਵਾਨਾਂ, ਸ਼ਾਸਤ੍ਰ ਕਰਤਾ ਤੇ ਵੇਤਾ ਸਾਧੂਆਂ ਦੇ ਨਿਰਮਲ ਹਿਰਦਿਆਂ ਵਿਚ ਬੀ ਪਰਵੇਸ਼ ਕਰ ਗਈ ਹੈ। ਐਸੀ ਪ੍ਰਬਲ ਮਾਇਆ), ਜਿਸ ਨੇ ਤਿੰਨੇ ਲੋਕ ਡਸ ਛੱਡੇ ਹਨ (ਨੂੰ ਮੈਂ) ਗੁਰੂ ਦੀ ਕ੍ਰਿਪਾ ਨਾਲ ਵੇਖ ਲਿਆ ਹੈ॥੧॥ ਰਹਾਉ॥
ਸ੍ਰਪਨੀ ਸ੍ਰਪਨੀ ਕਿਆ ਕਹਹੁ ਭਾਈ॥	ਹੇ ਭਾਈ! (ਤੁਸੀਂ ਸਪਣੀ ਨੂੰ ਅਜਿੱਤ ਜਾਣਕੇ) ਕਿਉਂ ਕਹਿ ਰਹੇ ਹੋ ਕਿ ਮਾਇਆ ਸਰਪਣੀ (ਹੈ, ਜਿੱਤਣੀ ਅਸੰਭਵ ਹੈ, ਅਸੰਭਵ

ਜਿਨਿ ਸਾਚੁ ਪਛਾਨਿਆ ਤਿਨਿ ਸੂਪਨੀ ਖਾਈ ॥੨॥

ਨਹੀਂ, ਏਹ ਜਿੱਤੀ ਜਾ ਸਕਦੀ ਹੈ, ਕਿਉਂਕਿ) ਜਿਸ ਨੇ ਸੱਚ ਨੂੰ ਪਛਾਣ ਲਿਆ ਹੈ ਉਸ ਨੇ ਸਰਪਣੀ ਖਾ ਲਈ ਹੈ, (ਭਾਵ ਜਿੱਤ ਲਈ ਹੈ)॥੨॥

ਸੂਪਨੀ ਤੇ ਆਨ ਛੂਛ ਨਹੀ ਅਵਰਾ ॥ ਸੂਪਨੀ ਜੀਤੀ ਕਹਾ ਕਰੈ ਜਮਰਾ ॥੩॥

(ਸੋ ਭਾਈ!) ਮਾਇਆ (ਜਿੰਨੀ ਪ੍ਰਬਲ ਹੈ ਓਨੀ ਹੀ ਤੁੱਛ=ਨਿਰਬਲ ਬੀ ਹੈ, ਇਸ ਜੇਹਾ) ਹੋਰ ਨਿਰਬਲ ਬੀ ਕੋਈ ਨਹੀਂ, (ਸੋ ਜਿਸਨੇ) ਇਸਨੂੰ ਜਿੱਤ ਲਿਆ ਉਸਨੂੰ ਜਮ ਕੀਹ ਕਰ ਸਕਦਾ ਹੈ, (ਭਾਵ ਜਮ ਉਸ ਦਾ ਕੁਛ ਵਿਗਾੜ ਨਹੀਂ ਕਰ ਸਕਦਾ, ਸੋ ਮਾਇਆ ਜਿੱਤਣੀ ਜਮ ਨੂੰ ਬੀ ਜਿੱਤ ਲੈਣਾ ਹੈ)॥੩॥

ਇਹ ਸੂਪਨੀ ਤਾ ਕੀ ਕੀਤੀ ਹੋਈ ॥ ਬਲੁ ਅਬਲੁ ਕਿਆ ਇਸ ਤੇ ਹੋਈ ॥੪॥

[ਪ੍ਰਸ਼ਨ-ਮਾਯਾ ਤੁੱਛ ਕਿਵੇਂ ਹੈ? ਉਤਰ:] ਇਹ ਮਾਯਾ (ਸੁਤੰਤ੍ਰ ਵਸਤੂ ਨਹੀਂ, ਇਹ ਤਾਂ) ਉਸ ਪਰਮਾਤਮ ਦੇਵ) ਦੀ ਰਚੀ ਹੋਈ ਹੈ। (ਸੋ) ਇਸ ਅਬਲ ਤੋਂ ਕੀਹ ਬਲ ਹੋ ਸਕਦਾ ਹੈ। (ਭਾਵ ਇਹ ਮਾਇਆ ਸੁਤੰਤ੍ਰ ਨਿਜ ਬਲ ਵਾਲੀ ਕੋਈ ਜੀਵ ਵਸਤੂ ਨਹੀਂ॥੪॥

ਇਹ ਬਸਤੀ ਤਾ ਬਸਤ ਸਰੀਰਾ ॥ ਗੁਰ ਪ੍ਰਸਾਦਿ ਸਹਜਿ ਤਰੇ ਕਬੀਰਾ ॥੫॥੬॥੧੯॥

ਤਾਂਤੇ (ਜਿੰਨਾ ਚਿਰ) ਇਹ (ਮਾਇਆ ਸਰੀਰਾਂ ਵਿਚ) ਵਸਦੀ ਹੈ ਤਦ ਤਕ ਵਸਦੇ ਹਨ ਸਰੀਰ। (ਪਰ) ਕਬੀਰ ਜੀ ਗੁਰੂ ਜੀ ਦੀ ਕ੍ਰਿਪਾ ਨਾਲ (ਇਸ ਨੂੰ) ਸਹਜ ਦੁਆਰਾ ਤਰ ਗਏ ਹਨ॥੫॥੬॥੧੯॥

ਵਯਾਖਯਾ- ਜੀਂਵਦਿਆਂ ਸਾਰੇ ਬੰਧਨ ਮਾਇਆ ਪੈਕੇ ਮੋਹ ਵੱਸ ਹੋਕੇ ਮੈਂ ਮੇਰੀ ਕਰਦਿਆਂ ਪੈਂਦੇ ਤੇ ਕਰੜੇ ਹੁੰਦੇ ਜਾਂਦੇ ਹਨ। ਸੋ ਮਾਇਆ ਨੇ ਜਦ ਦੇਵਤੇ ਠੱਗ ਲਏ, ਛੋਟਿਆਂ ਦੀ ਕੀਹ ਗੇਣਤੀ, ਵਡੇ ਤ੍ਰੈ ਬੀ ਇਸ ਨੇ ਛਲ ਲਏ, ਤਦ ਜੀਵ ਵਿਚਾਰੇ ਕਿਸ ਗੇਣਤੀ ਵਿਚ ਰਹੇ! ਦੇਵਤਿਆਂ ਦੇ ਠੱਗੇ ਜਾਣਦੇ ਪ੍ਰਸੰਗ ਪੁਰਾਣਾ ਆਦਿ ਵਿਚ ਅਨੇਕਾਂ ਹਨ। ਸਬੂਤ ਦੇਣ ਦੀ ਲੋੜ ਨਹੀਂ।

ਇਹ ਸਰਪਣੀ ਅਪਣੀ ਵਿਸ ਨਾਲ ਡੰਗਦੀ , ਮਾਰੋ ਮਾਰ ਕਰਦੀ, ਬਿਜੈਮਾਨ ਸੂਰਮੇ ਵਾਙੂ ਫਿਰਦੀ ਨਿਰਮਲ ਜਲਾਂ ਵਿਚ ਪਹੁੰਚ ਪੈਂਦੀ ਹੈ। ਭਾਵ ਹੈ ਸ਼ਾਸਤ੍ਰੱਗਾਂ, ਵਿਦਵਾਨਾਂ ਤੇ ਸਾਧਸੰਗਾਂ ਵਿਚ, ਜੋ ਨਿਰਮਲ ਸਥਾਨ ਹਨ, ਓਥੇ ਬੀ ਪਰਵੇਸ਼ ਕਰ ਗਈ ਦਿੱਸ ਪੈਂਦੀ ਹੈ*।

ਜੇ ਅਰਥ ਕਰੀਏ ਮਾਰੋ ਇਸ ਮਾਇਆ ਨੂੰ ਤਾਂ ਨਹੀਂ ਢੁੱਕਦਾ ਕਿਉਂਕਿ ਅਜੇ ਮਾਇਆ ਦਾ ਕਰਮ ਜਾਰੀ ਹੈ, ਜਿਸ ਦਾ ਸਮੁੱਚਾ ਕਰਮ ਤਿੰਨਾਂ ਭਵਣਾ ਨੂੰ ਡੰਗ ਲੈਣਾ ਨਾਲ ਹੀ ਦੱਸਿਆ ਹੈ, ਸੋ 'ਮਾਰੁ ਮਾਰੁ', ਮਾਇਆ ਦਾ ਹੀ ਕਰਮ ਕਹਿ ਰਹੇ ਹਨ, ਤੇ ਪਿਛਲੇ ਕਹੇ ਦਾ ਸਮੁੱਚਾ ਅਭਿਪ੍ਰਾਯ 'ਤ੍ਰਿਭਵਣੁ ਡਸੀਅਲੇ' ਵਿਚ ਕਥਿਆ ਹੈ।

ਅੰਕ ੧ ਵਿਚ ਵਡੇ ਦੇਵਤੇ ਦੱਸੇ ਕਿ ਮਾਇਆ ਨੇ ਛਲ ਲਏ, ਹੁਣ ''ਨਿਰਮਲ ਜਲਿ' ਕਹਿਕੇ ਮਾਨੁੱਖਾਂ ਦੇ ਵਡਕੇ ਲਏ ਹਨ; ਕਿ ਜਿਨ੍ਹਾਂ ਨੇ ਹਿਰਦੇ ਨਿਰਮਲ ਕਰ ਲਏ ਸਨ ਉਹਨਾਂ ਵਿਚ ਬੀ ਪ੍ਰਵੇਸ਼ ਕਰ ਗਈ ਹੈ। ਗੋਯਾ ਤ੍ਰੈ ਵਡੇ ਦੇਵਤੇ ਕਹਿਕੇ ਸਾਰੇ ਦੇਵਤੇ ਲੈ ਲਏ, ਨਿਰਮਲ ਜਲ ਯਾ ਸੁੱਛ ਹਿਰਦੇ ਇਨਸਾਨਾਂ ਦੇ ਵਡਕੇ ਕਹਿਕੇ ਸਾਰੇ ਇਨਸਾਨ ਲੈ ਲਏ, ਤਦ ਕੈਮੁਤਕ ਨਜਾਯ ਅਨੁਸਾਰ ਤਿੰਨੇ ਭਵਨ ਲੈ ਲਏ। ਸਾਰਿਆਂ ਦੇ ਡੰਗਣ ਵਾਲੀ ਨੂੰ ਕਬੀਰ ਜੀ ਕਹਿੰਦੇ ਹਨ ਕਿ ਮੈਂ ਦੇਖ ਲਿਆ ਹੈ। 'ਮੈਂ ਦੇਖ ਲਿਆ' ਕਹਿਣਾ ਬੀ ਮਾਇਆ ਹੈ:-

*ਥਾਨਸਟ ਜਗ ਭਰਿਸਟ ਹੋਏ ਡੁਬਤਾ ਇਵ ਜਗੁ॥੧॥ [ਧਨਾਸਰੀ ਮਹਲਾ ੧-੮]

ਜਜਾ ਜਾਨੈ ਹਉ ਕਛੁ ਹੂਆ॥ ਬਾਧਿਓ ਜਿਉ ਨਲਿਨੀ ਭ੍ਰਮਿ ਸੂਆ॥

[ਗਉੜੀ ਮਹਲਾ ੫ ਬਾਵਨ ਅਖਰੀ-੨੪]

ਇਸ ਲਈ ਫੁਰਮਾਉਂਦੇ ਹਨ 'ਗੁਰਪ੍ਰਸਾਦਿ', ਕਿ ਮੈਂ ਗੁਰੂ ਦੀ ਕ੍ਰਿਪਾ ਨਾਲ ਦੇਖ ਲਈ ਹੈ। ਦੇਖ ਲੈਣ ਦਾ ਭਾਵ ਕੇਵਲ ਦੇਖਣਾ ਨਹੀਂ, ਪਰ ਦੇਖਣਾ ਸੂਚਿਤ ਕਰਦਾ ਹੈ ਕਿ ਉਸ ਨੂੰ ਜ਼ਹਿਰੀਲੀ ਵਸਤੂ ਦੇਖਕੇ ਉਸ ਤੋਂ ਬਚ ਗਿਆ ਹਾਂ, ਉਸ ਦੇ ਛਲਾਂ ਫਰੇਬਾਂ ਤੋਂ ਜਾਣੂ ਹੋਕੇ ਅਛਲ ਰਿਹਾ ਹਾਂ। ਯਥਾ-

ਕਬੀਰ ਆਈ ਮੁਝਹਿ ਪਹਿ ਅਨਿਕ ਕਰੇ ਕਰਿ ਭੇਸ॥
ਹਮ ਰਾਖੇ ਗੁਰ ਆਪ ਨੇ ਉਨਿ ਕੀਨੋ ਆਦੇਸੁ॥

[ਸਲੋਕ ਕਬੀਰ-੮]

'ਡੀਠੀ' ਪਦ ਦਾ ਭਾਵ ਇਸ ਸ਼ਲੋਕ ਤੋਂ ਸਪਸ਼ਟ ਹੋ ਜਾਂਦਾ ਹੈ। ਸੋ ਕਬੀਰ ਜੀ ਨੇ ਮਾਇਆ ਦੀ ਪ੍ਰਬਲਤਾ ਤਾਂ ਮੰਨ ਲਈ, ਪਰ ਉਸ ਦੇ ਵਸੀਕਾਰ ਤੋੜਨ ਨੂੰ ਅਸੰਭਵ ਨਹੀਂ ਮੰਨਿਆ ਜਦ ਕਹਿ ਦਿਤਾ ਕਿ ਗੁਰਪ੍ਰਸਾਦਿ ਡੀਠੀ। ਸੁਤੇ ਹੀ ਪ੍ਰਸ਼ਨ ਹੁੰਦਾ ਹੈ ਕਿ ਇਡੀ ਮਹਾਂ ਪ੍ਰਬਲ ਕੀਕੂੰ ਤੁਸਾਡੇ ਵਸ ਵਿਚ ਹੋ ਗਈ?

ਅੱਕ ੨.੩-ਤਦ ਮਾਇਆ ਦੀ ਪ੍ਰਬਲਤਾ ਤੋੜਨ ਦੀ ਜੁਗਤਿ ਦੱਸਦੇ ਹਨ ਤੇ ਸੈਨਤ ਦੇਂਦੇ ਹਨ ਕਿ ਮੈਂ ਹੀ ਨਹੀਂ ਜੋ ਬੀ ਇਹ ਜੁਗਤਿ ਵਰਤੇਗਾ ਮਾਯਾ ਨੂੰ ਮਾਰ ਲਏਗਾ। ਉਹ ਇਹ ਹੈ ਕਿ ਸੱਚ ਦੀ ਪਛਾਣ ਇਸ ਨੂੰ ਤਰੋੜ ਸੱਟਦੀ ਹੈ। ਸੱਚ ਨਾਮ ਹੈ ਪ੍ਰਭੂ ਦਾ ਜੋ ਅਬਿਚਲ, ਤ੍ਰੈ ਕਾਲ ਸਤਜ ਸਰੂਪ ਹੈ, ਜਿਸ ਨੇ ਉਸ ਨੂੰ ਪਛਾਣ ਲਿਆ; ਮਾਇਆ, ਜੋ ਭੁਲੇਵਾ ਮਾਤ੍ਰ ਹੇ, ਦੂਰ ਹੋ ਗਈ। ਜੋ ਪ੍ਰਭੂ ਨੂੰ ਪਛਾਣਦਾ ਹੈ ਉਹ ਨਿਜ ਸਰੂਪ ਨੂੰ ਬੀ ਪਛਾਣਦਾ ਹੈ:-

ਕਹੁ ਕਬੀਰ ਇਹੁ ਰਾਮ ਕੀ ਅੰਸੁ॥

[ਗੋਂਡ ਕਬੀਰ ਜੀ-੫]

ਨਿਜ ਨੂੰ ਰਾਮ ਦੀ ਅੰਸ ਜਾਣਕੇ ਸਤਜ ਸਮਝਦਾ ਹੈ, ਜੋ ਸਰੀਰ ਮਨ ਆਦਿ ਵਿਚ ਮਾਇਆ ਦੀ ਮੈਲ ਹੈ ਉਸ ਨੂੰ ਅਸਤਿ ਲਖ ਲੈਂਦਾ ਹੈ। ਪਰ ਜੋ ਨਿਜ ਨੂੰ ਸਰੀਰ ਮਨ ਬੁੱਧੀ ਆਦਿ ਤੋਂ ਵੱਖਰਾ ਆਤਮ ਸਰੂਪ ਲਖ ਲੈਂਦਾ ਹੈ ਉਹ ਬਾਕੀ ਸਾਰੇ ਨੂੰ ਮਾਯਾ ਲਖ ਲੈਂਦਾ ਹੈ। ਇਸ ਕਰਕੇ ਕਹਿੰਦੇ ਹਨ, ਬੜੇ ਦਾਅਵੇ ਤੇ ਹੀਏ ਨਾਲ ਕਿ 'ਸ੍ਰਪਨੀ ਸ੍ਰਪਨੀ' ਤੁਸਾਂ ਕੀਹ ਲਾਈ ਹੋਈ ਹੈ, ਸ੍ਰਪਨੀ ਵਰਗਾ ਤਾਂ ਤੁਛ ਅਰਥਾਤ ਨਿਰਬਲ ਕੋਈ ਹੈ ਹੀ ਨਹੀਂ। ਹੁਣ ਇਕ ਕਾਰਣ ਦੱਸਦੇ ਹਨ ਕਿ ਸ੍ਰਪਨੀ ਕਿਉਂ ਨਿਰਬਲ ਹੈ? 'ਸ੍ਰਪਨੀ ਕੀਤੀ' ਕਿ ਇਹ ਰਚੀ ਹੋਈ ਸ਼ੈ ਹੈ। 'ਤਾਕੀ' ਤੋਂ ਭਾਵ ਹੈ ਪਰਮਾਤਮ ਦੇਵ ਦੀ ਕੀਤੀ ਹੋਈ ਹੈ। ਸੋ ਪਰਤੰਤ੍ਰ ਹੈ। ਕਰਤਾ ਪੁਰਖ ਵਾਂਙੂ ਸੁਤੰਤ੍ਰ ਤੇ ਸ੍ਵੈਯੰ ਵਜੂਦ ਵਾਲੀ ਸ਼ੈ ਨਹੀਂ। ਸੋ ਇਹ ਸ੍ਵੈਯੰ ਕੋਈ ਬਲ ਨਹੀਂ ਰਖਦੀ, ਇਹ ਤਾਂ ਭੁਲੇਵਾ ਮਾਤ੍ਰ ਹੈ; ਜੋ ਸੱਚ ਪਛਾਣਦਿਆਂ ਹੀ ਦੂਰ ਹੋ ਜਾਂਦੀ ਹੈ। ਕੀਤੀ ਹੋਈ ਕਹਿਕੇ ਕਬੀਰ ਜੀ ਨੇ ਮਾਯਾ ਨੂੰ ਸੁਤੰਤ੍ਰ ਅਪਣੇ ਆਪ ਵਿਚ ਕੋਈ ਸਤਜ ਵਸਤੂ ਮੰਨਣ ਤੋਂ ਇਨਕਾਰ ਕਰ ਦਿਤਾ ਹੈ।

ਇਸ ਲਈ ਇਸ ਨੂੰ 'ਅਬਲ' ਕਹਿਕੇ ਫੁਰਮਾਇਆ ਕਿ ਇਸ ਸ੍ਵੈਯੰ ਅਬਲਾ ਤੋਂ ਕੀ ਬਲ ਹੋ ਸਕਦਾ ਹੈ ਕਿ ਇਸ ਦਾ ਜਿੱਤਣਾ ਅਸੰਭਵ ਮੰਨ ਲਿਆ ਜਾਵੇ। ਕਠਨ ਜ਼ਰੂਰ ਹੈ, ਕਿਉਂਕਿ ਵਡੇ ਵਡੇ ਠੱਗੇ ਜਾਂਦੇ ਹਨ, ਪਰ ਕਠਨ ਨੂੰ ਬੀ ਸੁਗਮ ਕਰ ਦੱਸਦੇ ਹਨ ਜਦ ਇਸ ਨੂੰ ਅਬਲ ਤੇ ਛੂਛ ਕਹਿ ਦੇਂਦੇ ਹਨ ਤੇ ਤੁੱਛ ਤੇ ਅਬਲ ਲਖ ਲੈਣ ਦੀ ਤਰਕੀਬ ਯਾ ਜੁਗਤ ਸੱਚ ਦੀ ਪਛਾਣ ਦੱਸ ਦੇਂਦੇ ਹਨ ਤੇ ਨਾਲ ਨਿਜ ਤਜਰਬਾ ਸ਼ਾਮਲ ਕਰ ਦੇਂਦੇ ਹਨ ਕਿ ਸੱਚ ਦੀ ਪਛਾਣ ਗੁਰੂ ਪ੍ਰਸਾਦ ਨਾਲ ਹੁੰਦੀ ਹੈ, ਤੇ ਗੁਰੂ ਕੀਕੂੰ ਸੱਚ ਪਛਾਣ ਦੀ ਅੱਖ ਖੋਹਲਦਾ ਹੈ? ਸਹਜ ਨਾਲ, ਅਰਥਾਤ ਨਾਮ ਅਭ੍ਯਾਸ ਦੀ ਸੁਖੱਲੀ ਜੁਗਤ ਨਾਲ। ਏਥੇ ਬੀ ਆਪਣਾ ਤਜਰਬਾ ਸ਼ਾਮਲ ਕਰਦੇ ਹਨ ਕਿ ਦੇਖੋ ਪ੍ਰਤੱਖ ਕਿ ਸਹਜ ਦੁਆਰਾ ਕਬੀਰ ਤਰ ਗਿਆ ਹੈ।

ਇਸ ਅੰਕ ਵਿਚ 'ਕਹਾ ਕਰੈ ਜਮਰਾ' ਆਖ ਕੇ ਇਸ ਗਲ ਦਾ ਉੱਤਰ ਦੇ ਗਏ ਹਨ ਕਿ ਸਰਪਣੀ

ਨੂੰ ਜਿੱਤਣ ਦੀ ਲੋੜ ਹੀ ਕਿਉਂ ਹੈ, ਸਰਪਣੀ ਦੇ ਪ੍ਰੇਮੀ ਤਾਂ ਜਗਤ ਵਿਚ ਮੌਜਾਂ ਮਾਣਦੇ ਦਿੱਸਦੇ ਹਨ? ਇਸ ਦਾ ਉੱਤਰ ਇਹ ਹੈ ਕਿ ਇਨ੍ਹਾਂ ਗ਼ਾਫ਼ਲ ਮੌਜ ਮਾਣੂਆਂ ਨੇ ਜਮ ਦੇ ਵੱਸ ਪੈਣਾ ਹੈ, ਪਰ ਜੋ ਇਸ ਨੂੰ ਜਿੱਤ ਲੈਣਗੇ ਓਹ ਜਮ ਦੇ ਵੱਸ ਨਹੀ ਪੈਣਗੇ।

ਅੰਕ ੪ ਵਿਚ ਮਾਯਾ ਨੂੰ ਨਾ ਸੱਤ ਮੰਨਿਆ , ਨਾ ਸਤਾਸਤਿ ਪਰ ਅਸਤਿ, ਕਿਉਂਕਿ ਇਸ ਨੂੰ ਕਰਤਾਰ ਦੀ ਰਚੀ ਹੋਈ ਆਖਿਆ। ਕੀਤੀ ਸ਼ੈ ਅਮਰ ਨਹੀਂ ਹੁੰਦੀ, ਉਸ ਦਾ ਜਿੱਤਣਾ ਅਸੰਭਵ ਨਹੀਂ ਹੁੰਦਾ। ਅੰਕ ੨ ਵਿਚ ਜਿੱਤਣ ਦੀ ਤਰਕੀਬ ਦੱਸ ਆਏ ਹਨ। ਅੰਕ ੪ ਵਿਚ ਜਿੱਤੇ ਜਾਣ ਦੀ ਸੰਭਵਤਾ ਦਿਖਾਈ ਹੈ, ਇਸ ਨੂੰ ਅਬਲੁ (=ਅਬਲਾ) ਆਖ ਕੇ ਸਬਲਤਾ ਇਸ ਦੀ ਤੋੜ ਦਿਤੀ। ਪ੍ਰਯੋਜਨ ਇਹ ਕਿ ਜਗਜਾਸੂ ਸਬਲ ਸਮਝਕੇ ਨਿਰਾਸ ਨਾ ਹੋ ਜਾਵੇ।

ਅੰਕ ੫ ਵਿਚ 'ਇਹ ਬਸਤੀ ਤਾ ਬਸਤ ਸਰੀਰਾ' ਵਾਕ ਕਿਹਾ। ਇਸ ਦੇ ਅਰਥ ਸੰਪ੍ਰਦਾ ਵਿਚ ਏਹ ਲਏ ਜਾਂਦੇ ਸਨ ਕਿ ਮਾਯਾ ਬਿਵਹਾਰ ਸਿੱਧੀ ਮਾਤ੍ਰ ਲਈ ਗਯਾਨ ਪਾਕੇ ਬੀ ਵਰਤੀਂਦੀ ਹੈ। ਖਾਣਾ, ਪੀਣਾ, ਸਰੀਰ ਰਖਯਾ ਆਦਿ ਬਿਵਹਾਰ ਸਿੱਧੀਆਂ ਲਈ ਇਹ ਸਰੀਰਾਂ ਵਿਚ ਵਸਦੀ ਹੈ, ਨਾ ਵੱਸੇ ਤਾਂ ਸਰੀਰ ਹੀ ਨਹੀਂ ਰਹਿ ਸਕਦਾ, ਫੇਰ ਏਹ ਭਾਵ ਕੱਢੇ ਗਏ ਕਿ ਜਦ ਤਕ ਮਾਇਆ ਸਰੀਰਾਂ ਵਿਚ ਵਸਦੀ ਹੈ ਤਦ ਤਕ ਸਰੀਰ ਧਾਰਨੇ ਪੈਂਦੇ ਹਨ, ਅਰਥਾਤ ਜਨਮ ਮਰਨ ਬਣਿਆ ਰਹਿੰਦਾ ਹੈ। ਅਖੀਰਲੀ ਤੁਕ ਵਿਚ ਆਪ ਆਪਣਾ ਸਹਜ ਦੀ ਜੁਗਤੀ ਨਾਲ ਇਸ ਤੋਂ ਤਰ ਜਾਣੇ ਦਾ ਨਿਜ ਤਜਰਬਾ ਦੇਕੇ ਜਗਜਾਸੂਆਂ ਨੂੰ -**ਛੈਲ ਲੰਘੰਦੇ ਪਾਰਿ ਗੋਰੀ ਮਨੁ ਧੀਰਿਆ॥** [ਆਸਾ ਸ਼ੇਖ ਫਰੀਦ-੨] ਦਾ ਨਮੂਨਾ ਦਿਖਾਲਦੇ ਹਨ।

ਨਿਰੁਕ੍ਤ-ਸਰਪਨੀ-[ਸੰਸ:, ਸਰ੍ਪਿਣੀ] ਸੱਪਣੀ, ਭਾਵ ਮਾਇਆ ਲੈਂਦੇ ਹਨ। ਗੁਰੂ ਅਮਰ ਦਾਸ ਜੀ ਨੇ ਆਪ ਫੁਰਮਾਇਆ ਹੈ:-

ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ॥ [ਗੂਜਰੀ ਵਾਰ ਮ:੩-੫]

ਬਲੀਆ- ਬਲਵਾਨ। ਮਾਰੁ ਮਾਰੁ- ਵਯਾਖਯਾ ਵਿਚ ਭਾਵ ਆ ਚੁਕਾ ਹੈ।

ਨਿਰਮਲ ਜਲਿ- ਸਫਾ ਪਾਣੀ ਵਿਚ। ਮੁਰਾਦ ਹੈ ਨਿਰਮਲ ਹਿਰਦੇ ਵਾਲੇ ਸਾਧੂਆਂ, ਸ਼ਾਸਤ੍ਰਗ ਵਿਦਵਾਨਾਂ, ਸਤਿਸੰਗਾਂ ਤੇ ਪਰਮਾਰਥੀ ਮੰਡਲਾਂ ਵਿਚ, ਤੇ ਭਾਵ ਹੈ ਕਿ ਜਿਵੇਂ ਬ੍ਰਹਮਾ, ਬਿਸ਼ਨ, ਮਹਾਂਦੇਉ ਵਡੇ ਦੇਵਤੇ ਹਨ ਤਿਵੇਂ 'ਨਿਰਮਲ ਜਲਿ' ਇਨਸਾਨਾਂ ਵਿਚ ਵਡਕੇ ਹਨ, -ਦੇਵਤੇ ਇਨਸਾਨ, ਗੱਲ ਕੀ ਤਿੰਨਾਂ ਭਵਨਾ ਦੇ ਵਾਸੀ ਡੰਗੇ ਜਾਂਦੇ ਹਨ।

ਪੈਠੀ- ਪ੍ਰਵੇਸ਼ ਕਰ ਗਈ ਹੈ।

ਤ੍ਰਿਭਵਣੁ--[ਸੰਸ:, ਤ੍ਰਿਭੁਵਨੰ] ਤਿੰਨ ਲੋਕ।

ਛੂਛ-ਖਾਲੀ, ਤੁੱਛ। ਨਿਰਬਲ। ਕੁਛ ਬੀ ਨਾ। ਸੱਚੇ ਗਯਾਨਵਾਨ ਨੂੰ ਮਾਯਾ ਭੁਲੇਵਾ ਮਾਤ੍ਰ ਦਿੱਸਦੀ ਹੈ, ਤਾਂਤੇ ਤੁੱਛ ਯਾ ਅਸਤਿ ਦਿੱਸਦੀ ਹੈ। ਅਗਯਾਨੀ ਨੂੰ ਮਾਯਾ ਸਤਿ ਭਾਸਦੀ ਹੈ, ਤਦੇ ਉਸ ਤੋਂ ਜਿੱਤਿਆ ਜਾਂਦਾ ਹੈ। ਪਰਮਾਰਥ ਦੇ ਜਗਜਾਸੂ ਨੂੰ ਮਿਥਿਆ ਸਮਝੇ ਪੈਂਦੀ ਹੈ, ਪਰ ਅਨੁਭਵ ਵਿਚ ਤੁੱਛ ਅਜੇ ਨਹੀਂ ਬੈਠਦੀ।

ਜਮਰਾ-ਜਮ ਰਾਜਾ ਦਾ ਸੰਖੇਪ ਹੈ ਜਮਰਾ ਅਤੇ ਨਿੰਮ੍ਰੀਵਾਚਕ ਹੈ ਜਮ ਦਾ।

ਤਾਕੀ- ਉਸ ਦੀ ਭਾਵ ਹੈ ਰਚਣਹਾਰ ਕਰਤਾਰ ਦੀ। 'ਕੀਤੀ' ਤੋਂ ਧ੍ਵਨੀ ਕਰਤਾ ਪੁਰਖ ਦੀ ਲੈ ਲਈਦੀ ਹੈ।

ਅਬਲੁ- [ਸੰਸ:, ਅਬਲਾ] ਜਿਸ ਵਿਚ ਬਲ ਕੋਈ ਨਹੀਂ। ਕਮਜ਼ੋਰ ਔਰਤ। ਮਾਯਾ ਚੇਤਨ ਮਿਲੇ ਬਿਨਾ ਸ੍ਵਯ ਬਲ ਰਹਿਤ ਹੈ।

ਬਸਤੀ- ਵਸਦੀ ਹੈ। ਬਸਤ= ਵਸਦਾ ਹੈ (ਸਰੀਰ)। ਵਿਚਾਰ ਵਯਾਖਯਾ ਵਿਚ ਆ ਚੁਕੀ ਹੈ।

ਸਹਿਜ-ਸਹਜ ਦੁਆਰਾ। ਸਹਜ ਯੋਗ ਦੁਆਰਾ,ਸਹਜ ਦਾ ਮਾਰਗ ਯਾ ਯੋਗ ਹੈ ਭਗਤੀ, ਨਾਮ, ਕੀਰਤਨ, ਉੱਚ ਆਚਰਨ ਆਦਿ ਸੁਖੱਲੀ ਵਿਧੀ। (ਅ) ਸਹਜ ਨਾਲ। ਸੁਖੱਲੇ ਹੀ।

[ਆਸਾ ਕਬੀਰ ਜੀ, ਚਉਪਦਾ-੨੦]

ਪ੍ਰਾਕ੍ਰਥਨ-ਪ੍ਰਪੱਕ ਹੋ ਚੁਕੇ ਪਾਪੀਆਂ ਦੇ ਸੁਧਾਰ ਦੀ ਕਠਨਤਾ ਦਿਖਾਈ ਹੈ।

ਮੂਲ	ਅਰਥ
ਆਸਾ ॥ ਕਹਾ ਸੁਆਨ ਕਉ ਸਿਮ੍ਰਿਤਿ ਸੁਨਾਏ ॥ ਕਹਾ ਸਾਕਤ ਪਹਿ ਹਰਿ ਗੁਨ ਗਾਏ ॥੧॥	ਕੁੱਤੇ ਨੂੰ ਸਿੰਮ੍ਰਤੀਆਂ ਸੁਨਾਉਣ ਦਾ ਕੀਹ (ਫਲ? ਤਿਵੇਂ ਹੀ ਸਾਕਤ ਪਾਸ ਹਰੀ ਗੁਣ ਗਾਉਣ ਦਾ ਕੀਹ (ਲਾਭ? ਭਾਵ ਕੁਛ ਨਹੀਂ) ॥੧॥
ਰਾਮ ਰਾਮ ਰਾਮ ਰਮੇ ਰਮਿ ਰਹੀਐ ॥ ਸਾਕਤ ਸਿਉ ਭੂਲਿ ਨਹੀ ਕਹੀਐ ॥੧॥ ਰਹਾਉ ॥	(ਤਾਂਤੇ ਬ੍ਰਿਥਾ ਯਤਨ ਛਡਕੇ ਆਪ ਰਾਮ ਰਮੇ=) ਵਜਾਪਕ ਰਾਮ ਦਾ (ਨਾਮ) 'ਰਾਮ ਰਾਮ' ਉਚਾਰਦੇ ਰਹੀਏ (ਤੇ) ਸਾਕਤ ਨੂੰ ਭੁੱਲ ਕੇ ਨਾ ਕਹੀਏ (ਕਿ ਤੂੰ ਬੀ ਰਾਮ ਨਾਮ ਉਚਾਰਨ ਕਰ) ॥੧॥ ਰਹਾਉ ॥
ਕਊਆ ਕਹਾ ਕਪੂਰ ਚਰਾਏ ॥ ਕਹ ਬਿਸੀਅਰ ਕਉ ਦੂਧੁ ਪੀਆਏ ॥੨॥ ਸਤਸੰਗਤਿ ਮਿਲਿ ਬਿਬੇਕ ਬੁਧਿ ਹੋਈ ॥ ਪਾਰਸੁ ਪਰਸਿ ਲੋਹਾ ਕੰਚਨੁ ਸੋਈ ॥੩॥	(ਦੇਖੋ) ਕਾਂ ਨੂੰ ਮੁਸ਼ਕ ਕਾਫੂਰ ਚਰਾਉਣ ਦਾ ਕੀਹ (ਲਾਭ ਹੈ?) ਸੱਪ ਨੂੰ ਦੁੱਧ ਪਿਲਾਉਣੇ ਦਾ ਕੀਹ ਲਾਭ ਹੈ? (ਭਾਵ ਕੁਛ ਨਹੀਂ, ਦੋਵੇਂ ਆਪਣਾ ਸੁਭਾ ਨਹੀਂ ਛੱਡਦੇ। ਹਾਂ, ਜੇ ਕੋਈ ਸਾਕਤਾਂ ਦੀ ਸੰਗਤਿ ਛੱਡਕੇ) ਸਤਿਸੰਗਤਿ ਵਿਚ (ਆਪ) ਆਕੇ ਮਿਲ ਪਵੇ (ਤਾਂ ਉਸ ਨੂੰ) ਗਜਾਨ ਬੁੱਧੀ ਪ੍ਰਾਪਤ ਹੋ ਜਾਂਦੀ ਹੈ (ਜਿਵੇਂ) ਲੋਹਾ ਪਾਰਸ ਨੂੰ ਪਰਸਕੇ ਸੋਨਾ ਹੋ ਜਾਂਦਾ ਹੈ ॥੩॥
ਸਾਕਤੁ ਸੁਆਨੁ ਸਭੁ ਕਰੇ ਕਰਾਇਆ॥ ਜੋ ਧੁਰਿ ਲਿਖਿਆ ਸੁ ਕਰਮ ਕਮਾਇਆ ॥੪॥	[ਹੁਣ ਤਰਸ ਦੇ ਘਰ ਵਿਚ ਆਕੇ ਬੋਲਦੇ ਹਨ:] ਸਾਕਤ (ਕੀਹ ਤੇ) ਕੁੱਤਾ (ਕੀਹ) ਸਭ ਕਰਾਏ ਜਾਕੇ ਕਰਦੇ ਹਨ, ਜੋ ਧੁਰੋਂ ਲਿਖਿਆ (ਹੁੰਦਾ ਹੈ) ਸੋਈ ਕਰਮ (ਸਭ ਕੋਈ ਕਰਦਾ ਹੈ ॥੪॥
ਅੰਮ੍ਰਿਤੁ ਲੈ ਲੈ ਨੀਮੁ ਸਿੰਚਾਈ ॥ ਕਹਤ ਕਬੀਰ ਉਆ ਕੋ ਸਹਜੁ ਨ ਜਾਈ ॥੫॥੭॥੨੦ ॥	(ਸੋ ਭਾਈ) ਨਿੰਮ ਨੂੰ (ਜੇ ਤੁਸੀਂ) ਅੰਮ੍ਰਿਤ ਪਾ ਪਾ ਕੇ ਸਿੰਚੋਗੇ, (ਤਾਂ) ਉਸ ਦਾ ਸੁਭਾਵ (ਕੌੜੇਪਨ ਦਾ) ਦੂਰ ਨਹੀਂ ਹੁੰਦਾ, ਕਹਿੰਦੇ ਹਨ (ਸ੍ਰੀ) ਕਬੀਰ (ਜੀਉ) ॥੫॥੭॥੨੦॥

ਵਜਾਖਜਾ- ਸ੍ਰੀ ਕਬੀਰ ਜੀ ਪਰਪੱਕ ਹੋ ਚੁਕੇ ਪਾਪੀਆਂ ਦਾ ਜ਼ਿਕਰ ਕਰਦੇ ਹਨ; ਪਾਪ ਜਿਨ੍ਹਾਂ ਦੇ ਸੁਭਾਵ ਭੂਤ ਹੋ ਚੁਕਾ ਹੈ। ਸੁਭਾਵ ਯਾ ਫਿਤਰਤ ਬਣ ਚੁਕੀ ਸ਼ੈ ਉਪਦੇਸ਼ ਮਾਤ੍ਰ ਨਾਲ ਬਦਲ ਸਕਣੀ ਕਠਨ ਹੈ। ਪਹਿਲਾ ਦ੍ਰਿਸ਼ਟਾਂਤ ਕੁੱਤੇ ਦਾ ਦੇਂਦੇ ਹਨ।

ਅੰਕ ੧-ਕੁੱਤੇ ਨੂੰ ਸਿੰਮ੍ਰਤੀਆਂ ਸੁਣਾਓ, ਸੁਧੀ ਪਵਿਤ੍ਰਤਾ ਦੇ ਉਪਦੇਸ਼ ਸੁਣਕੇ ਕੁੱਤਾ ਅਪਣੀਆਂ ਮਲੀਨ ਆਦਤਾਂ ਨੂੰ ਨਹੀਂ ਛਡਦਾ,ਕਿਉਂਕਿ ਉਹ ਸਮਝਦਾ ਹੀ ਨਹੀਂ ਕਿ ਸਿੰਮ੍ਰਤੀ ਕੀਹ ਆਖਦੀ ਹੈ। ਇਸੀ ਤਰ੍ਹਾਂ ਸਾਕਤ ਪਾਪ ਕਰਮਾਂ ਵਿਚ ਪਰਪੱਕ ਹੋ ਚੁਕਾ ਹੈ ਤੁਸੀਂ ਉਸ ਦੇ ਗਲੇ ਪੈ ਪੈਕੇ ਹਰੀ ਕੀਰਤਨ ਪਏ ਸੁਣਾਓ ਉਹ ਉਸ ਦੇ ਮਨ ਤੋਂ ਥਿੰਧੇ ਘੜੇ ਤੋਂ ਪਾਣੀ ਵਾਕੂ ਵਹਿ ਜਾਂਦਾ ਹੈ। ਇਸ ਨਾਲ ਰਹਾਉ ਵਿਚ ਫੁਰਮਾਉਂਦੇ ਹਨ ਕਿ ਪ੍ਰਪੱਕ ਹੋ ਚੁਕੇ ਪਾਪ ਰਤੇ ਪਾਪੀ ਨੂੰ ਰਾਮ ਨਾਮ ਦਾ ਉਪਦੇਸ਼ ਨਾ ਕਰੋ। ਆਪਣੇ ਆਪ ਵਿਚ ਉਸ ਵਜਾਪਕ ਰਾਮ ਵਿਚ ਰਾਮ ਨਾਮ ਉਚਾਰਣ ਨਾਲ ਲਗੇ ਰਹੋ ਤੇ ਅਨੰਦ ਲੈਂਦੇ ਰਹੋ। ਫੇਰ ਹੋਰ ਦ੍ਰਿਸ਼ਟਾਂਤ ਦੇਂਦੇ ਹਨ ਕਿ ਕਾਫੂਰ ਖਿਲਾਕੇ ਤੁਸੀਂ ਕਾਂ ਨੂੰ ਚਿੱਟਾ ਨਹੀਂ ਕਰ ਸਕਦੇ, ਤੇ ਉਸ ਦਾ ਸੁਭਾਵ ਦੁਰਗੰਧੀ ਵਾਲੇ ਪਦਾਰਥਾਂ ਦੇ ਪ੍ਰੇਮ ਦਾ ਬਦਲ ਨਹੀਂ ਸਕਦੇ। ਇਸੀ ਤਰ੍ਹਾਂ ਸੱਪ ਨੂੰ ਦੁਧ ਪਿਲਾਕੇ

ਉਸ ਦਾ ਵਿਹੁਲਾ ਸੁਭਾਵ ਦੂਰ ਨਹੀਂ ਕਰ ਸਕਦੇ, ਉਸ ਦੀ ਅੰਦਰਲੀ ਵਿਸ਼ ਘਟੇਗੀ ਨਹੀਂ।

ਇਥੇ ਪ੍ਰਸ਼ਨ ਹੋ ਜਾਂਦਾ ਹੈ ਕਿ ਕਈ ਘੋਰ ਪਾਪੀ ਤਰੇ ਹਨ, ਤਾਂ ਫੁਰਮਾਉਂਦੇ ਹਨ ਕਿ ਇਹ ਪ੍ਰਤਾਪ ਸਤਿਸੰਗ ਦਾ ਹੈ. ਸਤਿਸੰਗ ਨੂੰ ਜੇ ਘੋਰ ਪਾਪੀ ਬੀ ਆਕੇ ਮਿਲੇਗਾ ਤਾਂ ਤਰੇਗਾ। ਜਾਪਦਾ ਹੈ ਕਿ 'ਮਿਲਿ' ਪਦ ਵਿਚ ਸ੍ਰੀ ਜੀ ਨੇ ਧੁਨੀ ਰਖੀ ਹੈ ਕਿ ਜੋ ਪਾਪੀ ਸਤਿਸੰਗ ਨੂੰ ਮਿਲੇਗਾ, ਉਹ ਤਾਂ ਹੀ ਮਿਲੇਗਾ, ਜੇ ਉਸ ਨੂੰ ਸਾਕਤਾਂ ਦੇ ਕੁਸੰਗ ਤੋਂ ਉਦਾਸੀ ਹੋਈ ਹੋਵੇ, ਪਾਪਾਂ ਯਾ ਪਾਪੀਆਂ ਦੇ ਸੰਗ ਤੋਂ ਉਦਾਸੀ ਹੋਣੀ 'ਸੁਧਾਰ ਦਾ ਅਧਿਕਾਰੀ' ਬਣਾ ਜਾਂਦੀ ਹੈ। ਅਧਿਕਾਰੀ ਤੇ ਅਸਰ ਜ਼ਰੂਰ ਹੁੰਦਾ ਹੈ। ਪ੍ਰਮਾਣ ਦਿਤਾ ਹੈ ਲੋਹੇ ਦਾ ਪਾਰਸ ਨੂੰ ਛੁਹਕੇ ਸੋਨਾ ਹੋ ਜਾਣੇ ਦਾ।

ਅੰਕ ੪- ਪਿਛੇ ਸਾਕਤ ਨੂੰ ਕੁੱਤਾ, ਕਾਂ, ਸਪ ਆਦਿ ਕਹਿ ਆਏ ਹਨ ਤੇ ਉਹਨਾਂ ਪ੍ਰਤੀ ਸਖਤ ਘ੍ਰਿਣਾ ਨਾਲ ਤੱਕ ਆਏ ਹਨ। ਪਰ ਸਭ ਵਿਚ ਹਰੀ ਨੂੰ ਵਜਾਪਕ ਦੇਖਣ ਵਾਲੇ ਹਿਰਦੇ ਯਥਾਰਥ ਵਿਚ ਬੀ ਬੋਲਦੇ ਹੋਏ ਨਫਰਤ ਦੇ ਭਾਵ ਨੂੰ ਅਪਣੇ ਅੰਦਰ ਨਹੀਂ ਰਖ ਸਕਦੇ। ਇਸ ਲਈ ਉਹਨਾਂ ਤੇ ਤਰਸ ਖਾਕੇ ਫੁਰਮਾਉਂਦੇ ਹਨ ਕਿ ਕੀਹ ਸਾਕਤ, ਕੀਹ ਕੁੱਤੇ ਵਰਗਾ, ਸਾਰੇ ਕਰਾਇਆਂ ਕਰਦੇ ਹਨ, ਜੋ ਧੁਰੋਂ ਲਿਖਿਆ ਹੁੰਦਾ ਹੈ ਉਹ ਕਰਮ ਕਰਦੇ ਹਨ ਜਿਵੇਂ ਨਿੰਮ ਨੂੰ ਅੰਮ੍ਰਿਤ ਸਿੰਜਣ ਨਾਲ ਸੁਭਾਵ-ਕਉੜੇਪਨ ਦਾ- ਨਹੀਂ ਬਦਲਦਾ; ਇਸੇ ਤਰ੍ਹਾਂ ਜੋ ਕਿਸੇ ਦਾ ਸੁਭਾਵ ਹੈ, ਉਹ ਨਹੀਂ ਬਦਲਦਾ।

ਇਥੇ ਇਹ ਸ਼ੰਕਾ ਉਪਜਦੀ ਹੈ ਕਿ ਫਿਰ ਸਾਕਤ ਦਾ ਕੀਹ ਦੋਸ਼? ਤਾਂ ਦਾਨੇ ਐਉਂ ਹੱਲ ਕਰਦੇ ਹਨ ਕਿ ਕਰਾਇਆ ਦਾ ਲੁਪਤ ਕਰਤਾ ਕਾਰਕ 'ਪੂਰਬਲਾ ਕਰਮ' ਯਾ ਅਦ੍ਰਿਸ਼ਟ ਹੈ। ਪਿਛਲੇ ਜਨਮਾਂ ਵਿਚ ਜੋ ਖੋਟੇ ਕਰਮ ਕਰ ਕਰ ਸੁਭਾਵ ਬਣ ਚੁਕਾ ਹੈ, ਉਸ ਦੀ ਕਿਰਤ ਬਣ ਚੁਕਾ ਹੈ, ਉਹ ਹੁਣ ਉਹੀ ਪ੍ਰਪਕ ਰੁਚੀਆਂ ਹੋਣ ਕਰਕੇ ਬਦਲਨਾ ਕਠਨ ਹੋ ਜਾਂਦਾ ਹੈ। ਇਹ ਗਲ ਬਾਣੀ ਵਿਚ ਕਈ ਥਾਂ ਆ ਚੁਕੀ ਹੈ। 'ਧੁਰਿ ਲਿਖਿਆ' ਦਾ ਅਰਥ ਹੈ ਧੁਰੋਂ ਵਾਹਿਗੁਰੂ ਨੇ ਲਿਖਿਆ ਹੈ, ਤਾਂ 'ਕਰੇ ਕਰਾਇਆ' ਬੀ ਵਾਹਿਗੁਰੂ ਜੀ ਵਲ ਜਾਂਦਾ ਹੈ. ਫਿਰ ਉੱਧਾਰ ਇਹ ਹੈ ਕਿ ਵਾਹਿਗੁਰੂ ਜੀ ਬੀ ਕੀਤੇ ਅਨੁਸਾਰ ਲੇਖ ਪਾਉਂਦੇ ਹਨ।

ਪੁੰਨੀ ਪਾਪੀ ਆਖਣੁ ਨਾਹਿ॥ ਕਰਿ ਕਰਿ ਕਰਣਾ ਲਿਖਿ ਲੈ ਜਾਹੁ॥
ਆਪੇ ਬੀਜਿ ਆਪੇ ਹੀ ਖਾਹੁ॥ ਨਾਨਕ ਹੁਕਮੀ ਆਵਹੁ ਜਾਹੁ॥ [ਜਪੁਜੀ-੨੦]

[ਆਸਾ ਕਬੀਰ ਜੀ, ਚਉਪਦਾ-੨੧]

ਮੂਲ	ਅਰਥ
ਆਸਾ ॥ ਲੰਕਾ ਸਾ ਕੋਟੁ ਸਮੁੰਦ ਸੀ ਖਾਈ ॥ ਤਿਹ ਰਾਵਨ ਘਰ ਖਬਰਿ ਨ ਪਾਈ ॥੧॥	[ਅਰਥ ਰਹਾਉ ਤੋਂ ਟੁਰੇਗਾ] (ਮੈਂ ਮੰਗਾਂ ਤਾਂ) ਕੀਹ ਮੰਗਾਂ, ਕੁਛ ਬੀ ਥਿਰ ਰਹਿੰਦਾ (ਨਜ਼ਰ) ਨਹੀਂ (ਪੈਂਦਾ), ਅੱਖਾਂ ਦੇ (ਸਾਹਮਣੇ) ਦੇਖਦਿਆਂ ਜਗਤ ਟੁਰਿਆ ਜਾਂਦਾ ਹੈ॥੧॥ ਰਹਾਉ॥
ਕਿਆ ਮਾਗਉ ਕਿਛੁ ਥਿਰੁ ਨ ਰਹਾਈ ॥ ਦੇਖਤ ਨੈਨ ਚਲਿਓ ਜਗੁ ਜਾਈ ॥੧॥ ਰਹਾਉ ॥	(ਦੇਖੋ) ਉਸ ਰਾਵਨ ਦੇ ਘਰ ਦੀ (ਜਿਸ ਪਾਸ) ਲੰਕਾ ਵਰਗਾ ਕੋਟ ਸੀ, (ਜਿਸ ਦੀ) ਖਾਈ ਸਮੁੰਦਰ ਸਰੀਖੀ ਸੀ (ਅਜ ਉਸ ਨੂੰ ਲੱਭੋ ਤਾਂ ਕਿਤੇ ਕੋਈ) ਖਬਰ ਸਾਰ ਨਹੀਂ ਮਿਲਦੀ॥੧॥
ਇਕੁ ਲਖੁ ਪੂਤ ਸਵਾ ਲਖੁ ਨਾਤੀ ॥ ਤਿਹ ਰਾਵਨ ਘਰ ਦੀਆ ਨ ਬਾਤੀ ॥੨॥	ਉਸ ਦਾ ਇਕ ਲੱਖ ਪੁਤ੍ਰ ਤੇ ਸਵਾ ਲੱਖ ਪੋਤ੍ਰਾ (ਲਿਖਿਆ) ਹੈ, (ਅੱਜ) ਉਸ ਰਾਵਨ ਦੇ ਘਰ ਨਾ ਦੀਵਾ ਹੈ ਨਾ ਵੱਟੀ (ਭਾਵ ਉਸ ਦਾ ਘਰ ਅੱਜ ਬੇ ਚਰਾਗ ਹੈ)॥੨॥

ਚੰਦੁ ਸੂਰਜੁ ਜਾ ਕੇ ਤਪਤ ਰਸੋਈ ॥ ਬੈਸੰਤਰੁ ਜਾ ਕੇ ਕਪਰੇ ਧੋਈ ॥੩॥	(ਹਾਂ) ਜਿਸ ਦੇ (ਘਰ) ਚੰਦ ਤੇ ਸੂਰਜ ਰਸੋਈ ਪਕਾਉਂਦੇ ਸਨ, ਬੈਸੰਤਰ (ਦੇਉਤਾ) ਜਿਸ ਦੇ ਕਪੜੇ ਧੋਂਦਾ ਸੀ। (ਉਹ ਨਾ ਥਿਰ ਰਿਹਾ ਤਾਂ ਹੋਰ ਕਿਸ ਨੇ ਏਥੇ ਥਿਰ ਰਹਿਣਾ ਹੈ)॥੩॥
ਗੁਰਮਤਿ ਰਾਮੈ ਨਾਮਿ ਬਸਾਈ ॥ ਅਸਥਿਰੁ ਰਹੈ ਨ ਕਤਹੂੰ ਜਾਈ ॥੪॥	(ਪ੍ਰੰਤੂ ਜਿਸ ਨੇ) ਗੁਰੂ ਦੀ ਮਤਿ (ਲੈਕੇ) ਰਾਮ ਦੇ ਨਾਮ ਵਿਚ ਵਸਾਉਣੀ ਕੀਤੀ ਹੈ (ਭਾਵ ਰਾਮ ਦੇ ਨਾਮ ਵਿਚ ਟਿਕ ਗਿਆ ਹੈ, ਉਹ ਰਾਮ ਵਿਚ ਸਦੀਵ ਕਾਲ) ਸਥਿਰ ਰਹਿੰਦਾ ਹੈ, (ਉਸ ਅਬਿਚਲ ਟਿਕਾਣਿਓਂ ਹਿੱਲਕੇ ਉਹ) ਕਿਤੇ (ਹੋਰਥੇ) ਨਹੀਂ ਜਾਂਦਾ॥੪॥
ਕਹਤ ਕਬੀਰ ਸੁਨਹੁ ਰੇ ਲੋਈ ॥ ਰਾਮ ਨਾਮ ਬਿਨੁ ਮੁਕਤਿ ਨ ਹੋਈ ॥੫॥੮॥੨੧॥	ਕਬੀਰ ਜੀ ਕਹਿੰਦੇ ਹਨ: ਹੇ ਲੋਕੋ! ਸੁਣੋ, ਰਾਮ ਦੇ ਨਾਮ ਤੋਂ ਬਿਨਾਂ ਮੁਕਤੀ ਨਹੀਂ ਹੋ ਸਕਦੀ॥੫॥੮॥੨੧॥

ਵਯਾਖਯਾ- ਜਾਪਦਾ ਹੈ ਕਿ ਕਿਸੇ ਨੇ ਕਬੀਰ ਜੀ ਨੂੰ ਕਿਸੇ ਸੰਸਾਰਕ ਪਦਾਰਥ ਦੀ ਲੋੜ ਸਾਈਂ ਤੋਂ ਮੰਗਣ ਦੀ ਸਲਾਹ ਦਿਤੀ ਹੈ। ਯਾ ਕਿਸੇ ਥਾਂ ਕੱਠੇ ਹੋਏ ਲੋਕਾਂ ਨੂੰ ਅਪਣੇ ਪਰਥਾਇ ਕਰਕੇ ਉਪਦੇਸ਼ ਦਿਤਾ ਹੈ ਕਿ ਰਾਮ ਨਾਮ ਬਿਨਾ ਹੋਰ ਕੁਛ ਨਾ ਮੰਗੋ, ਇਹ ਥਿਰ ਰਹਿਣੇ ਵਾਲੀ ਵਸਤੂ ਹੈ ਤੇ ਹੋਰ ਸਭ ਕੁਛ ਬਿਨਸਨਹਾਰ ਹੈ। ਨਾਲ ਇਹ ਬੀ ਦੱਸਿਆ ਕਿ ਨਾਮ ਬਿਨਾ ਮੁਕਤੀ ਨਹੀਂ ਪ੍ਰਾਪਤ ਹੁੰਦੀ, ਇਸ ਲਈ ਮੁਕਤੀ ਦਾਤਾ ਹੋਣ ਕਰਕੇ ਇਹੀ ਸਭ ਤੋਂ ਅਮਲੋਕ ਸ਼ੈ ਹੈ।

ਜਗਤ ਪਦਾਰਥਾਂ ਦੀ ਅਨਸਥਿਰਤਾ ਦੱਸਦੇ ਹੋਏ ਮਿਸਾਲ ਦਿਤੀ ਹੈ ਰਾਵਣ ਦੀ। ਜਿਸ ਬਾਬਤ ਰਵਾਯਤਾਂ ਹਨ ਕਿ ਉਸ ਦੇ ਇਕ ਲਖ ਪੁਤ੍ਰ ਤੇ ਸਵਾ ਲਖ ਪੋਤਰੇ ਸਨ, ਉਸ ਦਾ ਘਰ ਅਜ ਬੇ-ਚਰਾਗ ਪਿਆ ਹੈ ਤੇ ਉਸ ਦੀ ਕੋਈ ਖਬਰਸਾਰ ਨਹੀਂ ਦੱਸਦਾ। ਫਿਰ ਰਾਵਣ ਬਾਬਤ ਦੇਵਤੇ ਉਸ ਦੀ ਖ਼ਿਦਮਤ ਕਰਦੇ ਮਸ਼ਹੂਰ ਗੱਲਾਂ ਹਨ। ਚੰਦ ਸੂਰਜ ਇਕ ਤਾਂ ਹਨ ਪ੍ਰਕ੍ਰਿਤੀ ਦੇ ਚਮਕਦੇ ਵਡੇ ਪਿੰਡ, ਇਕ ਹਿੰਦ ਦੇ ਵਡਕਿਆਂ ਨੇ ਦੇਵਤੇ ਮੰਨੇ ਹਨ। ਇਸੀ ਤਰ੍ਹਾਂ ਅਗਨੀ ਇਕ ਤਾਂ ਪ੍ਰਾਕ੍ਰਿਤ ਵਸਤੂ ਬਲਦੀ ਦਿੱਸਦੀ ਹੈ, ਇਕ ਅਗਨੀ ਨਾਮ ਦਾ ਦੇਵਤਾ ਮੰਨਿਆ ਹੈ। ਇਥੇ ਮੁਰਾਦ ਇਹ ਸਹੀ ਹੁੰਦੀ ਹੈ ਕਿ ਏਹ ਦੇਵਤੇ ਖਿਦਮਤਾਂ ਕਰਦੇ ਸਨ। ਅੱਜ ਕਲ ਦੇ ਦਾਨੇ ਐਉਂ ਭਾਵ ਕੱਢਣ ਵਲ ਬੀ ਰੁਖ਼ ਕਰਦੇ ਹਨ ਕਿ ਉਸ ਨੇ ਕੋਈ ਮਸ਼ੀਨਾਂ ਤੇ ਯੰਤਰ ਬਣਾ ਲਏ ਸਨ ਜਿਨ੍ਹਾਂ ਵਿਚ ਸੂਰਜ ਦੀ ਤਪਸ਼ ਤੇ ਚੰਦ ਦਾ ਚਾਨਣਾ ਪੈਕੇ ਕੰਮ ਦੇਂਦੇ ਸਨ ਤੇ ਇਹੋ ਪ੍ਰਾਕ੍ਰਿਤ ਅਗਨੀ ਅਜ ਕਲ ਵਾਕੂ ਯਾ ਕਿਸੇ ਹੋਰ ਤਰ੍ਹਾਂ ਉਸ ਦੇ ਕਪੜੇ ਧੋਣ ਆਦਿ ਦੇ ਕਾਰਖਾਨੇ ਚਲਾਉਂਦੀ ਸੀ।

ਨਿਰੁਕ੍ਤ-ਲੰਕਾ-ਲੰਕਾ ਤੋਂ ਮੁਰਾਦ ਹਿੰਦ ਦੇ ਧੁਰ ਦੱਖਣ ਸੀਲੋਨ ਯਾ ਸੰਗਲਾਦੀਪ ਨਾਮੇ ਟਾਪੂ ਦੀ ਲਈ ਜਾਂਦੀ ਹੈ।

ਘਰ ਖਬਰਿ-ਘਰ ਦੀ ਸਾਰ। ਕੋਈ ਪਤਾ ਨਹੀਂ ਚਲਦਾ।

ਨਾਤੀ-ਪੋਤਾ। ਲਖ ਸਵਾ ਲਖ ਤੋਂ ਮੁਰਾਦ ਬਹੁਤ ਬਹੁਤ ਦੀ ਬੀ ਲਈ ਜਾਂਦੀ ਹੈ।

ਦੀਆ ਨ ਬਾਤੀ- ਨਾ ਦੀਵਾ ਨਾ ਵੱਟੀ। ਬੇਚਰਾਗ। ਐਨਾ ਨਹੀਂ ਕੋਈ ਰਿਹਾ ਕਿ ਦੀਵਾ ਹੀ ਬਾਲੇ। ਮੂਲੋਂ ਬੇ-ਨਿਸ਼ਾਨ ਹੋ ਜਾਣ ਦੀ ਮੁਰਾਦ ਹੈ।

ਬਸਾਈ-ਵਸਾਉਣੀ। ਵੱਸਣਾ। ਵਸੇਬਾ। ਭਾਵ ਟਿਕਾਉ। (ਅ) ਬਸਾਈ ਨੂੰ ਕ੍ਰਿਯਾ ਪਦ ਸਮਝਕੇ 'ਵਸਾਇਆ' ਬੀ ਅਰਥ ਲਾਉਂਦੇ ਹਨ।

ਅਸਥਿਰ-ਸਥਿਰ। ਜੋ ਥਿਰ ਰਹੇ।

ਰਹਾਉ ਵਿਚ ਆਖੇ 'ਥਿਰ ਨਾ ਰਹੇ' ਦੇ ਟਾਕਰੇ ਨਾਮ ਨੂੰ 'ਥਿਰ' ਦੱਸਿਆ ਹੈ।

ਲੋਈ-ਇਸ ਦੇ ਅਰਥ ਲੈਂਦੇ ਹਨ। ਇਕ ਤਾਂ 'ਕਬੀਰ ਜੀ ਦੀ ਇਸਤ੍ਰੀ'। ਦੂਜੇ 'ਲੋਕ' ਜਿਸ ਨੂੰ ਅਸੀਂ ਲੁਕਾਈ ਆਖਦੇ ਹਾਂ। ਹਿੰਦੀ ਦੇ ਅਨੇਕਾਂ ਕਵੀਆਂ ਨੇ ਇਹ ਪਦ 'ਲੋਗ' ਦੇ ਅਰਥਾਂ ਵਿਚ ਵਰਤਿਆ ਹੈ। ਕਬੀਰ ਜੀ ਦੀ ਬਾਣੀ ਵਿਚ ਕਿਤੇ ਲੋਕ, ਕਿਤੇ ਨਿਜ ਇਸਤ੍ਰੀ, ਦੁਇ ਵਰਤਾਵੇ ਭਾਸਦੇ ਹਨ। ਜਿਵੇਂ ਗੌਂਡ ਰਾਗ ਵਿਖੇ:- ਤੂਟੇ ਤਾਗੇ ਨਿਖੁਟੀ ਪਾਨਿ॥ [ਗੌਂਡ ਕਬੀਰ ਜੀ-੬] ਵਿਚ ਜਾਪਦਾ ਹੈ ਕਿ ਨਿਜ ਇਸਤ੍ਰੀ ਦੀ ਸ਼ਿਕਾਯਤ ਹੈ ਤੇ ਅੰਤ ਵਿਚ ਉਸ ਨੂੰ ਆਪ ਲੋਈ ਸੰਬੋਧਨ ਕਰਕੇ ਸਮਝਾਉਂਦੇ ਹਨ। ਓਥੇ ਵਿਸ਼ਸ਼ੇਨ ਪਦ 'ਅੰਧਲੀ' ਹੈ ਜੋ ਇਸਤ੍ਰੀ ਲਿੰਗ ਹੈ। ਪਰ ਏਥੇ ਆਸਾ ਦੇ ਸ਼ਬਦ ਦੇ ਅਖੀਰ 'ਰੇ ਲੋਈ' ਸੰਬੋਧਨ ਹੈ 'ਰੀ' ਨਹੀਂ। ਅਰਥਾਤ ਪੁਲਿੰਗ ਸੰਬੋਧਨ ਹੈ; ਇਸ ਤੋਂ ਜਾਪਦਾ ਹੈ ਕਿ ਇਹ ਸ਼ਬਦ ਲੋਕਾਂ ਪ੍ਰਤੀ ਉਚਾਰਿਆ ਹੈ, ਤੇ ਅਰਥ ਲੈਣਾ ਹੈ 'ਹੇ ਲੋਕੋ!'

[ਆਸਾ ਕਬੀਰ ਜੀ, ਚਉਪਦਾ-੨੨]

ਮੂਲ	ਅਰਥ
ਆਸਾ ॥ ਪਹਿਲਾ ਪੂਤੁ ਪਿਛੈਰੀ ਮਾਈ ॥ ਗੁਰੁ ਲਾਗੋ ਚੇਲੇ ਕੀ ਪਾਈ ॥੧॥	ਪਹਿਲਾਂ ਪੁਤ੍ਰ ਹੈਸੀ ਮਾਂ ਪਿਛੋਂ ਜੰਮੀ, ਗੁਰੂ (ਜੋ ਸੀ) ਚੇਲੇ ਦੇ ਪੈਰੀਂ ਲਗ ਗਿਆ॥੧॥
ਏਕੁ ਅਚੰਭਉ ਸੁਨਹੁ ਤੁਮ੍ ਭਾਈ ॥ ਦੇਖਤ ਸਿੰਘੁ ਚਰਾਵਤ ਗਾਈ ॥੧॥ ਰਹਾਉ ॥	ਹੇ ਭਾਈ! ਤੁਸੀਂ ਇਕ ਅਚੰਭੇ ਦੀ ਗਲ ਸੁਣੋ: ਸ਼ੇਰ ਨੂੰ ਗਾਂ ਚਰਾਉਂਦੀ ਪਈ ਦਿੱਸਦੀ ਹੈ॥੧॥ ਰਹਾਉ॥
ਜਲ ਕੀ ਮਛੁਲੀ ਤਰਵਰਿ ਬਿਆਈ॥ ਦੇਖਤ ਕੁਤਰਾ ਲੈ ਗਈ ਬਿਲਾਈ ॥੨॥	(ਹੋਰ ਦੇਖੋ) ਜਲ ਦੀ ਮੱਛੀ ਬ੍ਰਿੱਛ ਤੇ (ਚੜ੍ਹਕੇ) ਜਾ ਸੂਈ। ਦੇਖਦਿਆਂ ਦੇਖਦਿਆਂ ਬਿੱਲੀ ਕੁੱਤੇ ਨੂੰ ਲੈ ਗਈ॥੨॥
ਤਲੈ ਰੇ ਬੈਸਾ ਊਪਰਿ ਸੂਲਾ ॥ ਤਿਸ ਕੈ ਪੇਡਿ ਲਗੇ ਫਲ ਫੂਲਾ ॥੩॥	(ਫੇਰ ਦੇਖੋ ਇਕ ਬ੍ਰਿਛ ਦੀਆਂ) ਸ਼ਾਖਾਂ ਤਾਂ ਹੇਠਾਂ ਹਨ ਤੇ ਜੜ੍ਹਾਂ ਉਪਰ ਨੂੰ, ਉਸ (ਬ੍ਰਿਛ ਦੇ) ਪੇੜ (ਮੁੱਢ) ਨੂੰ ਫਲ ਫੁਲ ਲਗ ਰਹੇ ਹਨ॥੩॥
ਘੋਰੈ ਚਰਿ ਭੈਸ ਚਰਾਵਨ ਜਾਈ ॥ ਬਾਹਰਿ ਬੈਲੁ ਗੋਨਿ ਘਰਿ ਆਈ ॥੪॥	(ਫੇਰ ਹੋਰ ਅਚਰਜ ਦੇਖੋ) ਘੋੜੇ ਤੇ ਚੜ੍ਹਕੇ (ਕੋਈ) ਮਹਿੰ ਚਰਾਵਣ ਜਾਂਦਾ ਹੈ। ਬੈਲ ਅਜੇ ਬਾਹਰ ਹੀ ਹੁੰਦਾ ਹੈ ਗੂਣ (ਪਹਿਲੋਂ) ਘਰ ਆ ਜਾਂਦੀ ਹੈ॥੪॥
ਕਹਤ ਕਬੀਰ ਜੁ ਇਸ ਪਦ ਬੂਝੈ ॥ ਰਾਮ ਰਮਤ ਤਿਸੁ ਸਭੁ ਕਿਛੁ ਸੂਝੈ ॥੫॥੯॥੨੨॥ ਬਾਈਸ ਚਉਪਦੇ ਤਥਾ ਪੰਚਪਦੇ ॥	ਕਹਿੰਦੇ ਹਨ ਕਬੀਰ ਜੀ ਜੋ ਇਸ (ਮੇਰੇ ਰਚੇ ਕਾਵਯ ਦੇ) ਪਦ ਨੂੰ ਬੁੱਝ ਲਵੇ ਉਸ! ਰਾਮ ਜਪਦਿਆਂ ਸਭ ਕੁਛ ਸੁਝ ਪਏਗਾ॥੫॥੯॥੨੨॥ ਚਾਰ ਚਾਰ ਤੇ ਪੰਜ ਪੰਜ ਪਦਿਆਂ ਵਾਲੇ (ਕਬੀਰ ਜੀ ਦੇ) ਬਾਈ (ਸ਼ਬਦ ਇੱਥੇ ਮੁੱਕੇ)।

ਵਯਾਖਯਾ- ਇਸ ਸ਼ਬਦ ਦਾ ਸਰਸਰੀ ਭਾਵ ਤਾਂ ਇਹ ਲੈ ਲੈਂਦੇ ਹਨ ਕਿ ਜਿਵੇਂ ਏਹ ਕਹੀਆਂ ਗਲਾਂ ਅਸੰਭਵ ਹਨ, ਤਿਵੇਂ ਇਹ ਸੰਸਾਰ ਅਣਹੋਇਆ ਹੈ, ਮਿਥਿਆ ਹੈ।

ਪਰ ਜੇ ਇਤਨਾ ਹੀ ਭਾਵ ਹੁੰਦਾ ਤਾਂ ਸ੍ਰੀ ਕਬੀਰ ਜੀ ਐਨੇ ਦ੍ਰਿਸ਼ਟਾਂਤ ਇਕੱਠੇ ਨਾ ਕਰਦੇ, ਇਕ

ਅੱਧਾ ਕਾਫੀ ਸੀ। ਫੇਰ ਅਖੀਰ ਵਿਚ ਆਖਦੇ ਹਨ ਕਿ 'ਜੁ ਇਸ ਪਦ ਬੁਝੈ''ਬੁਝੇ' ਕਹਿ ਕੇ ਗੁੱਝੀ ਗਲ ਆਖੀ ਦੱਸ ਰਹੇ ਹਨ। ਸਪਸ਼ਟ ਹੈ ਕਿ ਬੁਝਾਰਤ ਪਾ ਰਹੇ ਹਨ ਤੇ ਬੁੱਝ ਲੈਣ ਲਈ ਪ੍ਰੇਰ ਰਹੇ ਹੈਨ। ਫੇਰ ਉਸ ਬੁੱਝ ਲੈਣ ਵਿਚ 'ਰਾਮ ਰਮਣ' ਦੀ ਲੋੜ ਦੱਸ ਰਹੇ ਹਨ। ਇਹ ਸੰਸਾਰ ਮਿਥਿਆ ਹੈ , ਬ੍ਰਹਮ ਵਿਚ ਜਗਤ ਤਿੰਨ ਕਾਲ ਹੈ ਨਹੀਂ , ਇਹ ਗੱਲ ਕਿਸੇ ਸਿਆਣੇ ਤੋਂ ਸੁਣਿਆ ਤਾਂ ਰਾਮ ਰਮਤ ਦੀ ਲੋੜ ਨਾ ਰਹੀ। ਰਾਮ ਰਮਤ ਦੀ ਲੋੜ ਤਾਂ ਕਿਸੇ ਅਨੁਭਵ ਨੂੰ ਪ੍ਰਾਪਤ ਹੋਣ ਦੀ ਲੋੜ ਹੈ, ਬੁੱਝਣ ਮਾਤ੍ਰ ਤਾਂ ਦਸਿਆਂ ਯਾ ਜਗ ਸਿਆਣਪ ਦੁੜਾਇਆਂ ਹੋ ਜਾਂਦਾ ਹੈ;ਤਾਂ ਤੇ ਭਾਵ ਆਪ ਦਾ ਕੁਛ ਹੋਰ ਹੈ।

ਹੁਣ ਇਹ ਭਾਵ ਦੋ ਪ੍ਰਕਾਰ ਦਾ ਹੋ ਸਕਦਾ ਹੈ : ਯਾ ਤਾਂ ਜੀਵ ਦਾ ਮੁਕਤੀ ਪਦ ਤੇ ਪਹੁੰਚਣ ਦਾ ਹਾਲ ਬੁਝਾਰਤ ਪਾ ਕੇ ਦੱਸ ਰਹੇ ਹਨ ਕਿ 'ਰਾਮ ਰਮਤ' ਨਾਲ ਅਚਰਜ ਤਬਦੀਲੀਆਂ ਆ ਜਾਂਦੀਆਂ ਹਨ ਤੇ ਅੰਤ ਕਲਜਾਨ ਹੋ ਜਾਂਦੀ ਹੈ। ਯਾ ਜਗਤ ਰਚਨਾ ਦੇ ਇਕ ਦਾਰਸ਼ਨਿਕ ਵਰਣਨ ਕਰ ਰਹੇ ਹਨ ਕਿ ਇਹ ਦਿੱਸਦਾ ਪਸਾਰਾ ਇਕ ਅਣਦਿੱਸਦੇ ਸਦਾ ਥਿਰ ਚੈਤੰਨਜ ਸਤਜ ਤੋਂ ਐਉਂ ਵਜੂਦ ਵਿਚ ਆਕੇ ਪਿਆ ਦਿੱਸਦਾ ਹੈ ।ਇਸ ਕਰਕੇ ਦਾਨੇ ਏਥੇ ਆਪੋ ਆਪਣੇ ਆਸ਼ਯ ਅਨੁਸਾਰ ਦੋਵੇਂ ਤਰ੍ਹਾਂ ਬੁਝਾਰਤ ਦਾ ਖੋਹਲਣਾ ਕਰਦੇ ਹਨ। ਬੁਝਾਰਤ ਖੋਹਲਣ ਵੇਲੇ ਕਈ ਵੇਰ ਇਕ ਤੋਂ ਵਧੀਕ ਭਾਵ ਖਯਾਲੇ ਪੈ ਜਾਂਦੇ ਹਨ। ਜੋ ਦਾਨੇ ਇਸ ਪਦੇ ਵਿਚ ਦਾਰਸ਼ਨਿਕ ਅਰਥ ਦੇਖਦੇ ਹਨ ਉਹ ਆਪੋ ਵਿਚ ਕੁਛ ਕੁਛ ਫਰਕ ਰਖਦੇ ਹਨ,ਪਰ ਅਰਥ ਸ਼ੈਲੀ ਇਕੋ ਹੈ ਤੇ ਕੁਛ ਇਸ ਪ੍ਰਕਾਰ ਹੈ :-

ਪਹਿਲਾ ਪੂਤੁ ਪਿਛੈਰੀ ਮਾਈ-ਰਾਮ ਦੀ ਅੰਸ਼ ਹੈ ਜੀਵ , ਇਹ ਅੰਸ਼ ਸਮਝੋ ਪੁਤ੍ਰ ਹੈ (ਯਾ ਅੰਸ਼ੀ ਵਾਂਡੂ ਪੂਤ =ਪਰਮ ਪਵਿਤ੍ਰ ਹੈ),ਇਹ ਤਾਂ ਸੀ ਪਹਿਲੋਂ, ਕਿਉਂਕਿ ਰਾਮ ਸਦੈਵੀ ਹੈ ਤੇ ਮਾਇਆ 'ਤਾਂਕੀ ਕੀਤੀ ਹੋਈ'ਸੋ ਇਹ ਬਣੀ ਪਿਛੋਂ ਐਉਂ ਕਹਿੰਦੇ ਹਨ : ਪਹਿਲਾਂ ਪੁਤ੍ਰ ਹੈਸੀ ਤੇ ਪਿਛੋਂ ਹੋਈ ਮਾਂ।

ਗੁਰੂ ਲਾਗੋ ਚੇਲੇ ਕੀ ਪਾਈ-ਫਿਰ ਇਹ ਜੀਵ ਵੱਡਾ ਸੀ ਯਾ ਚੈਤੰਨ ਦੀ ਅੰਸ਼ ਹੋਣ ਕਰਕੇ ਚੈਤੰਨ ਸੀ, ਪਰ ਦੇਖੋ ਜਦ ਜੀਵ ਬਣ ਗਿਆ ਤਾਂ ਸਰੀਰ ਨਾਲ ਮਿਲਕੇ ਜੋ ਮਨ ਇੰਦ੍ਰੇ ਇਸੀ ਦੀ ਚੇਤਨ ਸਤਜਾ ਨਾਲ ਬਣਿਆ ਸੀ, ਜੀਵ ਉਸ ਦੇ ਮਗਰ ਲਗ ਗਿਆ। ਭਾਵ ਜੀਵ ਜੋ ਸ਼ੁਧ ਦੀ ਅੰਸ਼ ਸੀ ਅਪਣੇ ਆਪ ਨੂੰ 'ਮਨ' ਮੰਨਣ ਲਗ ਪਿਆ*।(ਐਉਂ) ਗੁਰੂ ਚੇਲੇ ਦੀ ਪੈਰੀ ਲਗ ਟੁਰਿਆ।

ਏਕੁ ਅਚੰਭਉ ਸੁਨਹੁ ਤੁਮ ਭਾਈ॥ ਦੇਖਤ ਸਿੰਘੁ ਚਰਾਵਤ ਗਾਈ॥ -ਫੇਰ ਦੇਖੋ ਉਹੋ 'ਸ਼ੁਧ' ਜੋ ਹੁਣ ਮਨ ਬਣ ਗਿਆ, ਸ਼ੇਰ ਵਾਙੂ ਸਬਲ ਸੀ ਤੇ ਸ਼ੇਰ ਵਾਙੂ ਬਨ ਜੀਵਾਂ ਨੂੰ ਪ੍ਰਲਯ ਸੀ,ਉਹ ਮਨ ਬਣਿਆਂ। ਜੋ ਸਰੀਰ ਦੀਆਂ ਨਿਰਬਲ ਇੰਦ੍ਰੀਆਂ ਨੂੰ ਸਤਜਾ ਸਫੁਰਤੀ ਦੇਕੇ ਅਪਣੇ ਅਪਣੇ ਵਿਸ਼ਿਆਂ ਵਿਚ ਪ੍ਰਵਿਰਤ ਕਰ ਰਿਹਾ ਹੈ ,ਇਸ ਗਲ ਨੂੰ ਆਪ ਇਕ ਹੋਰ ਅਚੰਭੇ ਅਲੰਕਾਰ ਵਿਚ ਵਰਣਨ ਕਰਦੇ ਹਨ ਕਿ ਪ੍ਰਤਖ ਦੇਖੋ ਭਈ ਸ਼ੇਰ ਗਊਆਂ ਨੂੰ ਚਾਰ ਰਿਹਾ ਹੈ ।

ਜਲ ਕੀ ਮਛੁਲੀ ਤਰਵਰਿ ਬਿਆਈ- ਸ਼ੁਧ ਆਤਮ ਸਰੂਪਤਾ ਵਿਚ ਸ਼ੁਧ ਬੁਧੀ ਦਾ ਨਿਵਾਸ

* ਦਾਰਸ਼ਨਿਕ ਪਹਿਲੂ ਵਿਚ ਸਾਂਖ ਵਾਲੇ ਜੀਵ ਨੂੰ ਪੁਰਖ ਆਖਦੇ ਹਨ ਤੇ ਚੇਤਨਾਂ ਤੋਂ ਖਾਲੀ ਸ਼ੈ ਨੂੰ ਪ੍ਰਕਿਤੀ (ਮੈਟਰ ਯਾ ਮਾਦਾ) ਆਖਦੇ ਹਨ। ਪੁਰਖ ਪ੍ਰਕਿਤੀ ਨਾਲ ਸਾਂਝੀਵਾਲ ਹੋਕੇ ਮਾਨੁਖ ਬਣਦਾ ਤੇ ਦੁਖ ਸੁਖ ਭੋਗਦਾ ਹੈ ਤੇ ਇਸ ਗਲ ਦਾ ਸਾਂਖ (=ਗਜਾਨ) ਹੋ ਜਾਣੇ ਤੇ ਕੈਵਲ (ਅਲੱਗ) ਹੋ ਜਾਂਦਾ ਹੈ, ਮੁੜ ਪ੍ਰਕ੍ਰਿਤੀ ਦੇ ਫੇਰ ਵਿਚ ਨਹੀਂ ਫਸਦਾ)। ਲਗ ਪਗ ਇਹੋ ਹੀ ਖਯਾਲ ਹੀ ਯੋਗ ਦਰਸ਼ਨ ਦਾ ਹੈ; ਪਰ ਉਹ ਈਸ਼੍ਵਰ ਦਾ ਕਾਯਲ ਹੈ, ਉਸ ਨੂੰ ਪੁਰਖ ਵਿਸ਼ੇਸ਼ ਆਖਦਾ ਹੈ ਤੇ ਈਸ਼੍ਵਰ ਭਗਤੀ ਬੀ ਯੋਗ ਦੇ ਨਾਲ ਮੰਨਦਾ ਹੈ। ਵੇਦਾਂਤ ਮੰਨਦਾ ਹੈ ਕਿ ਸਦਾ ਸਤਿ ਨਿਰਮਲ ਨਿਰੰਕਾਰ ਹੈ। ਮਾਇਆ ਵਿਚ ਪ੍ਰਤਿਬਿੰਬਿਤ ਹੋਕੇ ਮਾਇਆ ਉਪਾਧੀ ਵਾਲਾ ਹੋ ਜਾਂਦਾ ਹੈ। ਐਸਾ ਹੋਕੇ ਜਦ ਮਲਨ ਮਾਯਾ ਨਾਲ ਮਿਲਦਾ ਹੈ ਤਾਂ ਜੀਵ ਹੋ ਜਾਂਦਾ ਹੈ। ਇਸ ਗਲ ਦਾ ਗਜਾਨ ਹੋ ਜਾਣੇ ਤੇ ਜੀਵ ਜੋ ਕਦੇ ਜੀਵ ਨਹੀਂ ਸੀ ਅਪਣੀ ਸ਼ੁਧ ਪਰਮਾਤਮ ਲੱਖਤਾ ਵਿਚ ਆ ਜਾਂਦਾ ਹੈ । ਭਗਤੀ ਮਾਰਗ ਵਿਚ ਜੈਸਾ ਕਿ ਕਬੀਰ ਜੀ ਸਨ,ਜੀਵ ਨੂੰ ' ਪਰਮਾਤਮ ਦੇਵ ਦੀ ਅੰਸ਼ ਮੰਨਦੇ ਹਨ-' ਕਹੁ ਕਬੀਰ ਇਹੁ ਰਾਮ ਕੀ ਅੰਸੁ' [ਗੋਂਡ ਕਬੀਰ-੫
ਪਰ ਮਾਇਆ ਨਾਲ ਮਿਲਕੇ ਇਹ ਜੀਵ ਬਣ ਜਾਂਦਾ ਹੈ। ਨਾਮ ਅਰਾਧਨ ਕਰਕੇ ਭਗਤੀ ਕਮਾਉਂਦਿਆਂ ਇਹ ਮਾਯਾ ਮੈਲ ਤੋਂ ਸ਼ੁਧ ਹੋ ਜਾਂਦਾ ਹੈ ਤੇ ਅੰਸ਼ ਅੰਸ਼ੀ ਵਿਚ ਜਾ ਮਿਲਦੀ ਹੈ।

ਸੀ, ਜੋ ਉਸ ਤੋਂ 'ਜਲ ਤੋਂ ਮਛਲੀ ਵਾਂਙ' ਕਦੇ ਜੁਦਾ ਹੋ ਹੀ ਨਹੀਂ ਸੀ ਸਕਦੀ। ਸੋ ਬੁੱਧੀ ਹੁਣ ਅਪਣੇ ਸ਼ੁਧ ਸਰੂਪ ਨੂੰ ਛੱਡਕੇ ਸ਼ਬਦ ਸਪਰਸ਼ ਰੂਪ ਰਸ ਗੰਧ ਆਦਿ ਵਿਚ ਲਗਕੇ ਦੇਹ ਪਰਾਇਣ ਹੋ ਗਈ ਤੇ ਅਨੇਕ ਬ੍ਰਿਤੀਆਂ ਵਿਚ ਖਿੱਲਰ ਗਈ, ਛਲ, ਵਲ, ਪਖੰਡ, ਧ੍ਰੋਹ, ਆਦਿ ਸਹਸ ਸਿਆਣਪਾਂ ਪੈਦਾ ਕਰਦੀ ਹੈ। ਅਥਵਾ ਦੇਹ ਅਭਿਮਾਨ ਇਕ ਬ੍ਰਿਛ ਹੈ ਇਸ ਵਿਚ ਲਗੀ ਬ੍ਰਿਤੀ ਨਾਨਾ ਸੰਕਲਪਾਂ ਵਿਚ ਖਿੰਡੀ ਰਹਿੰਦੀ ਹੈ।

ਦੇਖਤ ਕੁਤਰਾ ਲੈ ਗਈ ਬਿਲਾਈ ਮਨ ਦੀ ਇਸ ਉਪਰ ਕਹੀ ਸਰੀਰ ਪਰਾਇਣ ਹੋਕੇ ਸਰੀਰਕ ਲੋੜਾਂ ਵਿਚ ਪਾਪ ਮਯ ਹੋ ਜਾਣੋ ਰਖਯਾ ਕਰਨ ਵਾਸਤੇ 'ਆਪਾ ਪੜਤਾਲ*' ਦਾ ਇਕ ਸ਼ੁਭ ਸੁਭਾਵ ਹੈ; ਯਥਾ :-

ਬਾਰੰਬਾਰ ਮਾਇਆ ਤੇ ਅਟਕੈ ਲੈ ਨਰਜਾ ਮਨੁ ਤੋਲੈ ਦੇਵ॥ [ਬਿਲਾਵਲ ਕਬੀਰ ਜੀ ੧੨]

ਇਸ ਸ਼ੁਭ ਸੁਭਾਵ ਨੂੰ, ਜਿਸ ਨੂੰ ਅਰਬੀ ਵਾਲੇ 'ਜ਼ਮੀਰ' ਕਹਿ ਲੈਂਦੇ ਹਨ, ਜੋ ਮਾਨੋ ਇਕ ਪਹਿਰੇਦਾਰ ਵਾਙੂ ਹੈ ਤੇ ਬ੍ਰਿਤੀਆਂ ਨੂੰ ਮਾੜੇ ਪਣ ਤੋਂ ਬਚਾਉਂਦਾ ਹੈ ਇਸ ਨੂੰ ਤ੍ਰਿਸ਼ਨਾ ਖ਼ਰਾਬ ਕਰਦੀ ਹੈ। ਇਸ ਸਾਰੀ ਗਲ ਨੂੰ ਕਬੀਰ ਜੀ ਇਸ ਲੱਛਣਾ ਬ੍ਰਿਤੀ ਦੁਆਰਾ ਵਰਣਨ ਕਰਦੇ ਹਨ ਕਿ ਦੇਖਦਿਆਂ ਦੇਖਦਿਆਂ ਬਿੱਲੀ ਕੁੱਤੇ ਨੂੰ ਫੜਕੇ ਲੈ ਜਾਂਦੀ ਹੈ। ਭਾਵ ਮਨ ਤੇ ਸਾਵਧਾਨ ਕੁੱਤੇ ਵਾਙੂ ਪਹਿਰਾ ਦੇਂਦਿਆਂ ਦੇਂਦਿਆਂ ਇਸ ਪਹਿਰੇਦਾਰ ਨੂੰ ਤ੍ਰਿਸ਼ਨਾ ਕਾਬੂ ਕਰ ਲੈਂਦੀ ਹੈ। ਲੋਭ ਲਾਲਚ ਤ੍ਰਿਸ਼ਨਾ ਇਨਸਾਨ ਦੀ ਜਮੀਰ ਨੂੰ ਖਾ ਜਾਂਦੀ ਹੈ।

ਤਲੈ ਰੇਬੈਸਾ ਊਪਰਿ ਸੂਲਾ - ਇਸ ਪ੍ਰਕਾਰ ਦੇ ਜੀਵਾਂ ਦਾ ਸਮੁਦਾਇ ਇਹ ਸੰਸਾਰ ਹੈ, ਜਿਸ ਵਿਚ ਦੈਵੀ ਗੁਣਾਂ ਦੀਆਂ ਬ੍ਰਿਤੀਆਂ ਨੀਵੇਂ ਪਾਸੇ ਚਲੀਆਂ ਗਈਆਂ ਹਨ ਤੇ ਆਸੁਰੀ ਗੁਣਾਂ ਦੀਆਂ ਬ੍ਰਿਤੀਆਂ ਉਪਰ ਨੂੰ। ਦੈਵੀ ਗੁਣ ਨੀਵੇਂ ਪੈ ਗਏ ਹਨ ਤੇ ਆਸੁਰੀ ਪ੍ਰਬਲ ਪੈ ਗਏ ਹਨ। ਇਸ ਖਯਾਲ ਨੂੰ ਆਪ ਜੀ ਇਉਂ ਦੱਸਦੇ ਹਨ ਕਿ 'ਤਲੈ ਰੇਬੈਸਾ ਊਪਰਿ ਸੂਲਾ' - ਇਕ ਬ੍ਰਿਛ ਹੈ ਜਿਸ ਦੀਆਂ ਸ਼ਾਖਾਂ ਹੇਠਾਂ ਨੂੰ ਹਨ ਤੇ ਜੜ੍ਹਾਂ† ਉਪਰ ਨੂੰ। ਇਹ ਬੀ ਇਕ ਅਚਰਜ ਦੱਸਿਆ।

ਤਿਸ ਕੈ ਪੇਡਿ ਲਗੇ ਫਲ ਫੂਲਾ - ਇਸ ਸੰਸਾਰ ਰੂਪੀ ਬ੍ਰਿਛ ਨੂੰ ਫੇਰ ਫਲ ਫੁਲ ਲਗੇ ਹਨ ਤੇ ਉਹ ਪ੍ਰਫੁੱਲਤ ਰਹਿੰਦੇ ਹਨ, ਪਰ ਉਹ ਫਲ ਫੁਲ ਇਸ ਦੇ ਪੇਡ ਨੂੰ, ਅਰਥਾਤ ਜੜ੍ਹਾਂ ਤੇ ਸ਼ਾਖਾਂ ਦੇ ਵਿਚਕਾਰਲੇ ਮੁੱਢ ਨੂੰ ਲਗੇ ਹਨ ਭਾਵ ਇਹ ਕਿ ਸ਼ੁਭ ਅਸ਼ੁਭ ਕਰਮਾਂ ਨੂੰ ਫਲ ਲਗਦੇ ਹਨ ਤੇ ਉਹਨਾਂ ਤੋਂ ਮਾਨੁਖ ਸਰੀਰ ਬਣਕੇ ਪ੍ਰਾਰਬਧ ਬਣਦੀ ਤੇ ਦੁਖ ਸੁਖ ਰੂਪੀ ਫਲ ਭੋਗਣੇ ਪੈਂਦੇ ਹਨ।

ਘੋਰੇ ਚਰਿ ਭੈਸ ਚਰਾਵਨ ਜਾਈ - ਹੁਣ ਇਸ ਸੰਸਾਰ ਵਿਚ, ਜਿਸ ਵਿਚ ਆਸੁਰੀ ਸੰਪਦਾ ਮੁੱਖ ਹੋ ਗਈ ਹੈ ਤੇ ਦੈਵੀ ਸੰਪਦਾ ਗੌਣ ਹੋ ਗਈ ਹੈ, ਦੀ ਸ਼ੈਲੀ ਟੁਰੀ ਕਿਸ ਤਰ੍ਹਾਂ ਰਹਿੰਦੀ ਹੈ? ਕਿਉਂਕਿ ਮੌਤ ਇਸ ਨੂੰ ਲਗੀ ਹੋਈ ਮੁਕਾ ਦੇਵੇ ਗੀ। ਤਾਂ ਦੱਸਦੇ ਹਨ ਕਿ ਸ਼ੁੱਧ ਬੁੱਧੀ ਜੋ ਕਦੇ ਆਤਮ ਜਲ ਦੀ ਮਛੁਲੀ ਸੀ ਹੁਣ ਆਸੁਰੀ ਵਿਚਾਰਾਂ ਤੇ ਆਸੁਰੀ ਕਰਮਾਂ ਦੇ ਪ੍ਰਭਾਵਾਂ ਨਾਲ ਸਥੂਲ ਹੋ ਗਈ ਹੈ, ਉਹ ਲਿੰਗ ਸਰੀਰ ਦੇ ਆਸ਼੍ਰਿਤ ਚਰਨੇ ਲਈ ਜਾਂਦੀ ਹੈ।

ਇਸ ਖਯਾਲ ਨੂੰ ਆਪ ਜੀ ਐਉਂ ਦੱਸਦੇ ਹਨ:- (ਕਿ ਲਿੰਗ ਸਰੀਰ ਰੂਪੀ) ਘੋੜੇ ਤੇ ਚੜ੍ਹਕੇ (ਸਥੂਲ ਬੁੱਧੀ ਰੂਪੀ) ਮਹਿ ਚਰਨ ਲਈ ਜਾਂਦੀ ਹੈ (ਭਾਵ ਜੂਨਾ ਵਿਚ ਵਿਚਰਦੀ ਹੈ)। ਇਸ ਦੇ ਦਾਨੇ ਐਉਂ ਬੀ ਅਰਥ ਲਾਉਂਦੇ ਹਨ ਕਿ 'ਚਰ+ਆਵਨ+ਜਾਈ' ਜਨਮ ਮਰਨ ਵਿਚ ਆਉਂਦਾ ਜਾਂਦਾ ਹੈ।

ਬਾਹਿਰ ਬੈਲੁ ਗੋਨਿ ਘਰਿ ਆਈ - ਇਕ ਜੂਨ ਤੋਂ ਨਿਕਲਕੇ ਦੂਜੀ ਵਿਚ ਜਾਂਦਿਆਂ ਜੋ ਸਮਾ ਹੈ ਉਹ ਮਾਨੋ ਜੂਨੋ ਬਾਹਰ ਦਾ ਸਮਾ ਹੈ। ਅਜੇ ਮਨ ਬਾਹਰ ਹੀ ਹੈ ਪਰ ਜਿਸ ਜੂਨ ਵਿਚ ਪੈਣਾ ਸੂ ਉਸ ਵਿਚ

*Introspection

†ਸੂਲਾ ਅਰਬੀ ਪਦ ਅਸਲ ਤੋਂ ਬਣਿਆ ਹੈ, ਜਿਸ ਦੇ ਅਰਥ ਹਨ ਮੂਲ, ਜੜਾਂ। ਸੂਲਾਂ ਨੂੰ ਸੂਲਾਂ ਸਮਝਕੇ ਕੰਡੇ ਅਰਥ ਬੀ ਕਰਦੇ ਹਨ ਤੇ ਭਾਵ ਆਸੁਰੀ ਸੁਭਾਵ ਲੈਂਦੇ ਹਨ।

ਤ੍ਰਿਸ਼ਨਾ ਦੀ ਬੋਰੀ ਇਸ ਦੇ ਚੁੱਕਣ ਲਈ ਅਗੇ ਹੀ ਮੌਜੂਦ ਹੈ । ਹਰ ਜੂਨਿ ਵਿਚ ਤ੍ਰਿਸ਼ਨਾ ਦੀ ਛੱਟ ਚੁੱਕਣੀ ਪੈਂਦੀ ਹੈ , ਇਸ ਨੂੰ ਆਪ ਜੀ ਨੇ ਐਉਂ ਦਰਸਾਇਆ ਹੈ:'ਬਾਹਰਿ ਬੈਲੁ ਗੋਨਿ ਘਰਿ ਆਈ' ਕਟਾਖਯ ਇਹ ਹੈ ਕਿ ਤ੍ਰਿਸ਼ਨਾ ਆਵਾ ਗਵਨ ਦਾ ਕਾਰਣ ਹੈ ਤੇ ਉਹ ਮੁੱਕਦੀ ਨਹੀਂ ਤੇ ਗੇੜ ਮੁੱਕਦਾ ਨਹੀਂ । ਹਰ ਜਨਮ ਵਿਚ ਤ੍ਰਿਸ਼ਨਾ ਦੂਜੇ ਜਨਮ ਦਾ ਹੇਤੂ ਹੈ ਤੇ ਹਰ ਜਨਮ ਵਿਚ ਉਹ ਮੌਜੂਦ ਹੈ। ਇਸ ਗੇੜ ਵਿਚੋਂ ਨਿਕਲੇ ਕੀਕੂੰ? ਉੱਤਰ ਦੇਂਦੇ ਹਨ:-

ਕਹਤ ਕਬੀਰ ਜੁ ਇਸ ਪਦ ਬੂਝੈ॥ ਰਾਮ ਰਮਤ ਤਿਸੁ ਸਭ ਕਿਛੁ ਸੂਝੈ- ਕਿ ਜੋ ਕੋਈ ਮੇਰੀ ਉਪਰ ਲਿਖੀ ਬੁਝਾਰਤ ਨੂੰ ਬੁੱਝ ਲਵੇ ਕਿ ਐਉਂ ਸ਼ੁੱਧ ਦੀ ਅੰਸ਼ ਜੀਵ ਬਣ ਗਈ ਤੇ ਆਵਾਗਵਨ ਦੇ ਗੇੜ ਵਿਚ ਫਸ ਗਈ ਹੈ , ਫੇਰ ਉਹ ਰਾਮ ਦਾ ਨਾਮ ਜਪੇ ਤਾਂ ਉਸ ਨੂੰ ਸਾਰਾ ਕੁਛ ਲੱਖਤਾ ਵਿਚ ਆ ਜਾਏਗਾ। ਭਾਵ ਪਹਿਲੋਂ ਤਾਂ ਮੇਰੀ ਇਸ ਬੁਝਾਰਤ ਨੂੰ ਸਮਝਣ ਮਾਤ੍ਰ ਸਮਝ ਲਏ, ਫਿਰ ਰਾਮ ਨਾਮ ਦੀ ਕਮਾਈ ਕਰੇ ਤਾਂ ਉਸ ਨੂੰ ਲੱਖਤਾ ਹੋ ਆਵੇਗੀ;ਅਰਥਾਤ ਉਸ ਦਾ ਸਾਧਾਰਣ ਗਯਾਨ 'ਅਨੁਭਵੀ ਗਯਾਨ'ਹੋ ਜਾਏਗਾ। ਉਹ ਬੈਲ ਬਿਰਾਨੇ ਦੀ ਤਰ੍ਹਾਂ ਦੁਖ ਭੋਗਦਾ ਜੀਵ ਰਾਮ ਨਾਮ ਨਾਲ ਸ਼ੁਧ ਹੋਕੇ ਆਪ ਨੂੰ ਸ਼ੁੱਧ ਲਖ ਲਏਗਾ।

ਵਿਸ਼ੇਸ਼-ਕਈ ਦਾਨੇ ਐਉਂ ਭਾਵ ਲੈਕੇ ਪ੍ਰਸੰਨ ਹੁੰਦੇ ਹਨ ਕਿ ਇਸ ਸ਼ਬਦ ਵਿਚ 'ਰਾਮ ਦਾ ਰਮਣ' ਕਰਦੇ ਜੋ ਪੁਰਖ ਸ਼ੁਧ ਹੋ ਗਏ ਹਨ ਉਨ੍ਹਾਂ ਦੀ ਅਵਸਥਾ ਦੱਸੀ ਹੈ ਕਿ ਕੀਹ ਹੁੰਦੀ ਹੈ। ਅੱਖਰ ਜ਼ੋਰ ਲਾਇਆਂ ਲਗ ਜਾਂਦੇ ਹਨ, ਪਰ ਇਸ ਅਰਥ ਵਿਚ ਥਾਂ ਥਾਂ ਖਿੱਚ ਪ੍ਰਤੀਤ ਦੇ ਜਾਂਦੀ ਹੈ ।

ਪਹਿਲਾਂ (ਜੋ ਨਾਮ ਜਪਕੇ ਪੂਤ=) ਪਵਿਤ੍ਰ ਹੋ ਗਿਆ (ਤਦ) ਮਾਯਾ ਪਿਛੇ ਲਗ ਤੁਰੀ।(ਹੰਕਾਰ ਜੋ) ਗੁਰੂ (ਬਣ ਰਿਹਾ ਸੀ ਉਹ) ਚੇਲੇ (= ਸੁਰਤ ਦੇ ਸੱਚੇ ਸੁੱਚੇ ਚੜ੍ਹਾਉ) ਦੇ ਮਗਰ ਲਗ ਗਿਆ। (ਅਥਵਾ ਮਨ ਰੂਪੀ ਮਨ ਮਤਿ ਕਰਕੇ ਜੋ ਗੁਰੂ ਬਣ ਬੈਠਾ ਹੈ ਤੇ ਆਤਮਾ ਨੂੰ ਚੇਲਾ ਸਮਝਦਾ ਹੈ ਉਹ ਸ਼ੁਧ ਆਤਮਾ ਦੇ ਮਗਰ ਲਗ ਟੁਰਦਾ ਹੈ)। ਹੁਣ ਇਹ ਸ਼ੁਧ ਅਹੰਭਾਵ ਇੰਦ੍ਰਿਆਂ ਰੂਪ ਗਾਈਆਂ ਨੂੰ ਚਲਾਉਂਦਾ ਹੈ। (ਹੋਰ ਕੀ ਹੁੰਦਾ ਹੈ ? ਬੁੱਧੀ ਜੋ ਪਦਾਰਥਾਂ ਰੂਪੀ) ਜਲ ਦੀ ਮੱਛੀ (ਬਣ ਰਹੀ ਸੀ ਉਹ ਹੁਣ ਸਤਿਸੰਗ ਰੂਪੀ) ਬ੍ਰਿਛ ਤੇ ਜਾ ਵਿਚਰਦੀ ਹੈ, ਤੇ ਓਥੇ ਆਪਣੇ ਸ਼ੁਭ ਗੁਣਾਂ ਦਾ ਪਸਾਉ ਕਰਦੀ ਹੈ। (ਲੋਭ) ਸੁਆਨ (ਜੋ ਭਉਂਕਦਾ ਹੀ ਰਹਿੰਦਾ ਸੀ ਉਸ) ਨੂੰ (ਸੰਤੋਖ ਬ੍ਰਿਤੀ ਰੂਪੀ) ਬਿੱਲੀ ਕਾਬੂ ਕਰ ਲੈਂਦੀ ਹੈ ।(ਹੁਣ ਖੇਲ ਉਲਟ ਜਾਂਦੀ ਹੈ , ਵਾਸ਼ਨਾ ਰੂਪ) ਟਹਿਣੀਆਂ ਹੇਠ ਹੋ ਜਾਂਦੀਆਂ ਹਨ, (ਤੇ ਵਿਚਾਰ ਯਾ ਸੁਤੇ ਵੈਰਾਗ ਰੂਪ) ਜੜ੍ਹਾਂ ਉੱਪਰ ਹੋ ਜਾਂਦੀਆਂ ਹਨ, (ਭਾਵ ਵਾਸ਼ਨਾ ਤੇ ਵੈਰਾਗ ਕਾਬੂ ਪਾ ਲੈਂਦਾ ਹੈ। ਫਿਰ ਉਸ ਦੈਵ ਸੁਭਾਵ ਵਾਲੇ) ਬ੍ਰਿਛ (ਰੂਪੀ ਪੁਰਖ ਤੇ ਧਰਮ ਦੇ) ਫੁਲ ਤੇ (ਗਯਾਨ ਦੇ) ਫਲ ਲਗੇ ਹੋਏ (ਜਗਤ ਨੂੰ ਦਿੱਸ ਪੈਂਦੇ ਹਨ)।(ਬੁੱਧੀ ਜੋ) ਭੈਂਸ (ਦੀ ਤਰ੍ਹਾਂ ਸਥੂਲ ਹੋ ਰਹੀ ਸੀ ਹੁਣ ਸ਼ੁਧ ਹੋਈ ਉਨਮਨੀ) ਘੋੜੇ ਤੇ ਚੜ੍ਹਕੇ (ਇੰਦ੍ਰੀਆਂ ਰੂਪ) ਗਊਆਂ ਨੂੰ (ਉੱਚ ਅਵਸਥਾ ਦੀਆਂ ਮਲਗੁਜ਼ਾਰਾਂ ਵਿਚ) ਚਾਰਣ ਲੈ ਜਾਂਦੀ ਹੈ । ਅਥਵਾ-ਉਹ (ਜੋ) ਪ੍ਰਾਣਾਂ ਰੂਪ ਘੋੜੇ ਤੇ ਚੜ੍ਹਕੇ (ਭੈ+ਸ=) ਭੈ ਸਹਿਤ ਹੋਇਆ (ਚਰ=) ਵਿਚਰਦਾ ਸੀ, ਹੁਣ (ਆਵ+ਨ+ਜਾਈ=) ਆਵਾਗਵਨ ਵਿਚ ਨਾ ਆਉਂਦਾ ਹੈ ਨਾ ਜਾਂਦਾ ਹੈ ।

(ਸਾਧਨ ਰੂਪੀ) ਬੈਲ (ਜੋ ਅੰਤਹਕਰਣ ਨੂੰ ਯਤਨ ਨਾਲ,ਈਸ਼੍ਵਰ ਸਿੰਮ੍ਰਤੀ ਨਾਲ ਭਰਦਾ ਹੁੰਦਾ ਸੀ, ਹੁਣ ਉਹ) ਪਰੇ ਹੀ ਰਹਿ ਗਿਆ (ਤੇ ਅੰਤਹਕਰਣ ਰੂਪੀ) ਗੁਣ (ਬ੍ਰਹਮ ਅਰੂਢਤਾ ਨਾਲ) ਭਰੀ ਪਈ ਹੈ।ਅਥਵਾ- ਗਯਾਨ ਰੂਪੀ ਬੈਲ ਪਰੇ ਰਹਿ ਗਿਆ ਹੈ ਤੇ ਬ੍ਰਹਮ ਹੀ ਬ੍ਰਹਮ ਹੋ ਗਿਆ ਹੈ।

ਕਬੀਰ ਜੀ ਆਖਦੇ ਹਨ ਜੇ (ਹੋਰ ਕੋਈ ਮੇਰੇ) ਇਸ ਪਦ (ਕਾਵਯ ਭਾਵ ਸ਼ਬਦ) ਨੂੰ ਸਮਝ ਲਵੇ ਤੇ ਉਹ ਰਾਮ ਦਾ ਭਜਨ ਕਰੇ ਫਿਰ ਉਸ ਨੂੰ ਬੀ ਸਭੋ ਕੁਛ ਸੁੱਝ ਪਏਗਾ। (ਭਾਵ ਉਪਰ ਕਥੇ ਅਨੁਸਾਰ ਉਹ ਬੀ ਉਸ ਪਦਵੀ ਨੂੰ ਪੁੱਜ ਜਾਏਗਾ)।

ਸਿੱਟਾ- ਲੱਛਣਾ ਬ੍ਰਿਤੀ ਦੁਆਰਾ ਪਦਾਂ ਦੇ ਭਾਵ ਕੱਢਣ ਵਿਚ ਥੋੜੇ ਥੋੜੇ ਫਰਕਾਂ ਦੇ ਹੁੰਦਿਆਂ ਬੀ

ਸਾਰੇ ਸ਼ਬਦ ਦਾ ਸਿੱਧਾਂਤ ਰਾਮ ਨਾਮ ਦੀ ਮਹਿਮਾ ਹੈ, ਜਿਸ ਦੁਆਰਾ ਮਾਯਾ ਦੀ ਮਲਿਨਤਾ ਵਿਚ ਸ਼ੁੱਧ ਅੰਸ਼ੀ ਦੀ ਅੰਸ਼ ਪੈਕੇ ਚਾਹੋ ਪ੍ਰਤਿਬਿੰਬਿਤ ਹੋਕੇ ਚਾਹੋ ਨਿਰਮਲ ਅਕਾਸ਼ੀ ਜਲ ਬੂੰਦ ਦੇ ਮਿੱਟੀ ਵਿਚ ਪੈਕੇ ਜੀਵ ਰੂਪ ਬਣ ਜਾਦੀ ਹੈ ਤੇ ਵਾਸ਼ਨਾ ਤ੍ਰਿਸ਼ਨਾ ਵਿਚ ਫਸਕੇ ਦੁਖ ਸੁਖ ਭੋਗਦੀ ਹੈ, ਉਹ ਫੇਰ ਸ਼ੁੱਧ ਹੋਕੇ ਦੁਖ ਸੁਖ ਤੋਂ ਉਪਰ ਹੋ ਜਾਂਦੀ ਹੈ ਤੇ ਆਪਣੇ ਅਸਲੇ ਨੂੰ ਲਖ ਲੈਂਦੀ ਹੈ, ਜਿਵੇਂ ਮਿੱਟੀ ਵਿਚ ਪਈ ਪਾਣੀ ਦੀ ਬੂੰਦ ਸੂਰਜ ਦੀ ਤਪਤ ਨਾਲ ਭਾਫ ਹੋਕੇ ਅਕਾਸ਼ਾਂ ਨੂੰ ਚੜ੍ਹ ਜਾਂਦੀ ਹੈ। ਸਾਰੇ ਗਜਾਨਾਂ ਨੂੰ ਸੁਣਕੇ ਯਾ ਆਪ ਕਹਿਕੇ ਸ੍ਰੀ ਕਬੀਰ ਜੀ ਜੀਵ ਬੰਧ ਦਸ਼ਾ ਦਰਸਾਕੇ ਮੋਖ ਦਾ ਰਸਤਾ ਰਾਮ ਨਾਮ ਦੱਸਦੇ ਹਨ।

ਨਿਰੁਕ੍ਤ-ਪੂਤੁ- [ਸੰਸ:, ਪੁਤ੍ਰ:=ਬੇਟਾ, ਸੁਤ] ਪੁਤ੍ਰ। (ਅ) [ਸੰਸ:, ਪੂਤ] ਪਵਿਤ੍ਰ।

ਸਿੰਘੁ - ਸ਼ੇਰ। ਤਰਵਰਿ-[ਸੰਸ:, ਤਰੁ:] ਰੁੱਖ ਉਤੇ।

ਲੈ ਗਈ- ਫੜਕੇ ਲੈ ਗਈ, ਭਾਵ ਪ੍ਰਬਲ ਹੋ ਗਈ।

ਕੁਤਰਾ ਲੈ ਗਈ ਬਿਲਾਈ-ਬਿੱਲੀ ਕੁੱਤੇ ਨੂੰ ਲੈ ਗਈ। (ਅ) ਕੁ+ਤਰਾ +ਲੈ ਗਈ ਬਿਲਾਈ=ਖੋਟੀ ਤਰ੍ਹਾਂ- ਬ੍ਰਿਤੀ (ਭਾਵ ਸ਼ੁੱਧਤਾ ਨੂੰ ਲਖਣ ਵਾਲੀ ਬਿਤੀ)+ ਬਿਲਾ ਗਈ=ਦੂਰ ਹੋ ਗਈ।

ਰੇਬੈਸਾ-ਫਾਰਸੀ ਵਿਚ ਇਕ ਬ੍ਰਿੱਛ ਵਿਸ਼ੇਸ਼। ਉਸ ਤੋਂ ਉਪਲਖਤ ਟਹਿਣੀਆਂ ਬ੍ਰਿੱਛ ਦੀਆਂ। (ਅ) ਰੇ=ਹੇ ਭਾਈ! ਬੈਸਾ=ਸ਼ਾਖਾਂ। [ਸੰਪ੍ਰਦਾ] । ਬੇਸ਼ਹ= [ਅ਼ਰਬੀ] ਜੰਗਲ।

ਸੂਲਾ- [ਅ਼:, ਅਸੂਲ, ਅਸੂਲ ਨਾਮ ਹੈ ਜੜ੍ਹਾਂ ਦਾ, ਮੂਲ ਦਾ] ਮੂਲ। ਜੜ੍ਹਾਂ। (ਅ) ਸੂਲਾ=ਕੰਡੇ। ਭਾਵ ਖੋਟੀਆਂ ਵਾਸ਼ਨਾਂ ਯਾ ਆਸੁਰੀ ਗੁਣ, ਜਿਨ੍ਹਾਂ ਨੇ (ਬੈਸਾ=) ਕੂਮਲਾਂ ਪਵਿਤ੍ਰ ਵਾਸ਼ਨਾਂ ਨੂੰ ਦਬਾ ਲਿਆ ਹੈ।

ਚਰਿ- ਚੜ੍ਹ ਕੇ। (ਅ) ਫਿਰਦਾ ਹੈ।

ਭੈਸ-ਮਹਿਂ। (ਅ) ਭੈ+ਸ=ਭੈ ਸਹਿਤ।

ਆਵਨ ਜਾਈ- ਆਉਂਦਾ ਜਾਂਦਾ ਹੈ। (ਅ) ਆਵ + ਨ+ ਜਾਈ= ਨਾ ਆਉਂਦਾ ਨਾ ਜਾਂਦਾ ਹੈ।

ਗੋਨਿ- [ਸੰਸ:, ਗੋਣੀ=ਬੋਰੀ] ਬੋਰੀ। ਛੱਟ।

ਪਦ-ਛੰਦ। ਛੰਦ ਦਾ ਹਿੱਸਾ*। ਭਾਵ ਹੈ ਇਸ ਸ਼ਬਦ ਨੂੰ । (ਅ) ਪਦਵੀ। ਭਾਵ ਇਸ ਪਦਵੀ ਨੂੰ ਜੋ ਮੈਂ ਜੀਵ ਨੂੰ ਓਪਰਾ ਨਹੀਂ, ਪਰ ਅੰਸ਼ੀ ਦੀ ਅੰਸ਼ ਯਾ ਪ੍ਰਤਿਬਿੰਬ ਹੋਣ ਵਿਚ ਦੱਸੀ ਹੈ।

ਰਮਤ-ਰਮਣ ਕਰਦਿਆਂ, ਜਪਦਿਆਂ

[ਆਸਾ ਕਬੀਰ ਜੀ, ਤਿਪਦਾ-੨੩]

ਆਸਾ ਸ੍ਰੀ ਕਬੀਰ ਜੀਉਕੇ ਤਿਪਦੇ ੮॥ ਦੁਤੁਕੇ ੭॥ ਇਕਤੁਕਾ ੧॥
੧ਓ ਸਤਿਗੁਰ ਪ੍ਰਸਾਦਿ॥

ਪ੍ਰਾਕ੍ਥਨ- ਦਾਰਸ਼ਨਿਕ ਬਿਆਨਾਂ ਤੋਂ ਸੰਸਾਰ ਰਚਨਾ ਤੇ ਇਨਸਾਨੀ ਗਿਰਾਉ ਦਿਖਾਕੇ ਉਸ ਦਾ ਦਾਰੂ ਦੱਸਿਆ ਹੈ, ਹੁਣ ਪ੍ਰਤੱਖ ਦਿੱਸ ਰਹੀ ਗਿਰਾਵਟ, ਜੋ ਸਰਬ ਸਾਧਾਰਣ ਦੀ ਸਮਝੇ ਪੈ ਜਾਏ, ਦਿਖਾਕੇ ਉਸ ਦਾ ਉਧਾਰ ਸੂਚਿਤ ਕਰਦੇ ਹਨ। ਇਹ ਉਪਦੇਸ਼ ਕਿਸੇ ਬ੍ਰਿਧ ਪ੍ਰਤੀ ਹੋਇਆ ਸ਼ਬਦ ਤੋਂ ਸੁਤੇ ਸੂਚਿਤ ਹੋ ਜਾਂਦਾ ਹੈ।

*ਜੈਸਾ ਕਿ 'ਦੁਪਦੇ','ਤਿਪਦੇ', 'ਚਉਪਦੇ' ਪਦਾਂ ਤੋਂ ਸੂਚਤ ਹੁੰਦਾ ਹੈ।

ਮੂਲ	ਅਰਥ
ਬਿੰਦੁ ਤੇ ਜਿਨਿ ਪਿੰਡੁ ਕੀਆ ਅਗਨਿ ਕੁੰਡ ਰਹਾਇਆ ॥ ਦਸ ਮਾਸ ਮਾਤਾ ਉਦਰਿ ਰਾਖਿਆ ਬਹੁਰਿ ਲਾਗੀ ਮਾਇਆ ॥੧॥	ਜਿਸ (ਪ੍ਰਭੂ) ਨੇ ਬੂੰਦ ਤੋਂ (ਤੇਰਾ) ਸਰੀਰ ਬਣਾ ਦਿਤਾ, ਤੇ (ਪਹਿਲੋਂ ਜਠਰ) ਅਗਨੀ ਦੇ ਕੁੰਡ ਵਿਚ (ਜਿਸ ਨੇ ਤੈਨੂੰ) ਟਿਕਾ ਰਖਿਆ, (ਇਕ ਦੋ ਦਿਨ ਨਹੀਂ) ਦਸ ਮਹੀਨੇ ਮਾਤਾ ਦੇ ਪੇਟ ਵਿਚ ਰਖਿਆ, ਫੇਰ (ਤੂੰ ਜੰਮਿਆ ਤਾਂ ਤੈਨੂੰ) ਮਾਇਆ ਵਾਪਰ ਗਈ ॥੧॥
ਪ੍ਰਾਨੀ ਕਾਹੇ ਕਉ ਲੋਭਿ ਲਾਗੇ ਰਤਨ ਜਨਮੁ ਖੋਇਆ ॥ ਪੂਰਬ ਜਨਮਿ ਕਰਮ ਭੂਮਿ ਬੀਜੁ ਨਾਹੀ ਬੋਇਆ ॥੧॥ ਰਹਾਉ ॥	ਹੇ ਪ੍ਰਾਣੀ ! (ਤੂੰ) ਕਿਸ ਲਈ ਲੋਭ ਵਿਚ ਲੱਗਕੇ (ਹੁਣ ਤਾਈਂ) ਰਤਨ (ਵਰਗਾ ਅਮੋਲਕ ਮਾਨੁੱਖਾ) ਜਨਮ ਬ੍ਰਿਥਾ ਗੁਆਇਆ ਹੈ? (ਜਾਪਦਾ ਹੈ ਕਿ) ਪਿਛਲੇ ਜਨਮ ਵਿਚ (ਤੂੰ) ਕਰਮ ਭੂਮੀ (ਰੂਪ ਮਨੁੱਖਾ ਸਰੀਰ ਪਾਕੇ ਇਸ ਵਿਚ ਨਾਮ ਦਾ) ਬੀਜ ਨਹੀਂ ਸੀ ਬੀਜਿਆ (ਤਾਂ ਹੀ ਤੂੰ ਇਹ ਜਨਮ ਬਿਰਥਾ ਗੁਆ ਲਿਆ ਹੈ) ॥੧॥ ਰਹਾਉ ॥
ਬਾਰਿਕ ਤੇ ਬਿਰਧਿ ਭਇਆ ਹੋਨਾ ਸੋ ਹੋਇਆ ॥ ਜਾ ਜਮੁ ਆਇ ਝੋਟ ਪਕਰੈ ਤਬਹਿ ਕਾਹੇ ਰੋਇਆ ॥੨॥	(ਦੇਖ ਤੂੰ) ਬਾਲਪਨੇ ਤੋਂ (ਜੁਆਨ ਹੋਕੇ ਹੁਣ) ਬੁੱਢਾ ਹੋ ਗਿਆ ਹੈਂ, (ਪਿਛਲੇ ਜਨਮ ਵਿਚ ਨਾਮ ਨਾ ਬੀਜਣ ਕਰਕੇ ਇਸ ਜਨਮ ਵਿਚ) ਜੋ ਹੋਣਾ ਸੀ ਸੋ ਹੋ ਗਿਆ। (ਭਾਵ ਜੁਆਨੀ ਗ਼ਫ਼ਲਤ ਵਿਚ ਬੀਤ ਗਈ। ਭਲੇ ਲੋਕ! ਹੁਣ ਬ੍ਰਿੱਧਾਪਨ ਵਿਚ ਹੀ ਕੁਛ ਕਰ ਲੈ, ਨਹੀਂ ਤਾਂ) ਜਦੋਂ ਜਮ ਆਕੇ ਚੋਟੀ ਤੋਂ ਫੜੇਗਾ ਉਸ ਵੇਲੇ ਕਾਹਨੂੰ ਰੋਏਂਗਾ। (ਭਾਵ ਉਸ ਵੇਲੇ ਰੋਣਾ ਨਿਸਫਲ ਹੋਏਗਾ, ਹੁਣ ਰੋ ਪਿਛਲੀ ਬ੍ਰਿਥਾ ਗਈ ਉੱਤੇ ਨਾਮ ਦਾ ਬੀਜ ਬੀਜ, ਅਜੇ ਕੁਛ ਵੇਲਾ ਹਈ) ॥੨॥
ਜੀਵਨੈ ਕੀ ਆਸ ਕਰਹਿ ਜਮੁ ਨਿਹਾਰੈ ਸਾਸਾ ॥ ਬਾਜੀਗਰੀ ਸੰਸਾਰੁ ਕਬੀਰਾ ਚੇਤਿ ਢਾਲਿ ਪਾਸਾ ॥੩॥੧॥੨੩॥	(ਪਰ ਅਚਰਜ ਇਹ ਹੈ ਕਿ ਇਸ ਅਵਸਥਾ ਵਿਚ ਪਹੁੰਚ ਕੇ ਬੀ ਜੀਵ ਹੋਰ) ਜੀਉਣ ਦੀ ਆਸਾ ਕਰਦਾ ਹੈ, (ਤੇ ਉਧਰ) ਜਮ ਉਸ ਦੇ ਸਾਹ ਗਿਣ ਰਿਹਾ ਹੁੰਦਾ ਹੈ (ਕਿ ਕਦ ਪੂਰੇ ਹੋਣ ਤਾਂ ਮੈਂ ਝਪਟਾ ਮਾਰਾਂ)। ਹੇ ਕਬੀਰ ! (ਦੇਖ ਇਹ) ਸੰਸਾਰ ਇਕ ਬਾਜੀਗਰ ਦੀ ਖੇਲ ਹੈ, (ਇਸ ਖੇਲ ਵਿਚ ਤੂੰ ਬੀ ਚੌਪੜ ਦੇ ਪਾਸੇ ਸਿਟਣ ਵਾਂਙੂ) ਪਾਸਾ ਢਾਲ ! (ਉਹ ਪਾਸਾ ਕਿਹੜਾ ਹੋਵੇ? ਜੋ ਨਾਰਦ ਪੁਗਾਵੇ; ਸੋ ਦੱਸਦੇ ਹਨ) ਚੇਤਿ (=ਹਰੀ ਨਾਮ ਦਾ ਸਿਮਰਣ ਕਰ*, ਇਹ ਪਾਸਾ ਢਾਲਣਾ ਜਨਮ ਦੀ ਬਾਜੀ ਨੂੰ ਨਿਸ਼ਚੇ ਜਿਤਾ ਦੇਂਦਾ ਹੈ) ॥੩॥੧॥੨੩॥

ਵਯਾਖਯਾ - ਸੁਗਮ ਹੈ।

ਨਿਰੁਕ੍ਤ-ਬਿੰਦੁ- [ਸੰਸ:,ਬਿੰਦੁ:=ਕਤਰਾ,ਬੂੰਦ] ਬੂੰਦ। ਇਸ਼ਾਰਾ ਹੈ ਬੀਰਜ ਦੀ ਬੂੰਦ ਵਲ

* 'ਚੇਤਿ' ਦਾ ਭਾਵ ਪੁਰਾਤਣ ਸੰਪ੍ਰਦਾਈ 'ਸਿਮਰਣ' ਲੈਂਦੇ ਸਨ। 'ਸੰਭਾਲ ਕੇ ਸਿੱਟ ਪਾਸਾ' ਇਹ ਅਰਥ ਪਿਛੋਂ ਤੁਰਿਆ ਹੈ। ਨਾਮ ਸਿਮਰਣ ਜਨਮ ਜਿੱਤਣ ਦਾ ਨਿਸਚੇ ਪਾਸਾ ਢਾਲਣ ਹੈ। ਹੁਸ਼ਿਆਰ ਹੋਕੇ ਪਾਸਾ ਸਿੱਟਣਾ ਕਾਮਯਾਬ ਬੀ ਕਰ ਸਕਦਾ ਹੈ ਤੇ ਨਹੀਂ ਬੀ। ਜੈਸੇ ਕਿ ਚੌਪੜ ਖੇਲਣ ਵੇਲੇ ਅਤਿ ਹੁਸ਼ਿਆਰੀ ਦੇ ਸਿੱਟੇ ਪਾਸੇ ਬੀ ਕਈ ਵੇਰ ਤਿੰਨ ਕਾਣੇ ਪਾ ਬੈਠਦੇ ਹਨ।

ਪਿੰਡੁ - ਸਰੀਰ ।　　ਉਦਰਿ-ਪੇਟ ਵਿਚ।

ਕਰਮ ਭੂਮਿ - ਉਹ ਟਿਕਾਣਾ ਜਿਥੇ ਕਰਮ ਕਰੀਦੇ ਹਨ। ਕਦੇ ਕਰਮ ਭੂਮਿ ਤੋਂ ਮੁਰਾਦ ਇਹ ਜਗਤ ਹੁੰਦਾ ਹੈ, ਜਿਥੇ ਸਰੀਰਧਾਰੀ ਕਰਮ ਕਰਦੇ ਹਨ ਤੇ ਓਹ ਪ੍ਰਲੋਕ ਵਿਚ ਫਲ ਪ੍ਰਦਾਤਾ ਹੁੰਦੇ ਹਨ। ਕਦੇ ਕਰਮ ਭੂਮਿ ਤੋਂ ਸਰੀਰ ਮੁਰਾਦ ਹੁੰਦੀ ਹੈ, ਜਿਸ ਵਿਚ ਰਹਿੰਦਿਆਂ ਤੇ ਜਿਸ ਨਾਲ ਕਰਮ ਕਰੀਦੇ ਹਨ। ਏਥੇ ਭਾਵ ਸਰੀਰ ਤੋਂ ਹੀ ਹੈ ।

ਬੀਜੁ- ਬੀਉ। ਨਾਮ ਰੂਪੀ ਬੀਜ।

ਨਿਹਾਰੈ - ਦੇਖਦਾ ਹੈ । ਭਾਵ ਸਾਹ ਗਿਣਦਾ ਹੈ ਕਿ ਕਦ ਪੂਰੇ ਹੋਣ।

ਬਾਜ਼ੀਗਰੀ -[ਫਾ:, ਬਾਜੀਗਰੀ] ਜੋ ਬਾਜੀਗਰ ਕਰੇ ਸੋ ਬਾਜੀਗਰ ਦੀ ਖੇਲ। ਅਗਲੇ ਪਦਾਂ ਤੋਂ ਜਾਪਦਾ ਹੈ ਕਿ ਚੌਪੜ ਦੀ ਖੇਲ ਨੂੰ ਧਯਾਨ ਵਿਚ ਲੈ ਰਹੇ ਹਨ; ਤੇ ਪਾਸਾ ਢਾਲਣ ਨੂੰ ਆਖਦੇ ਹਨ। ਤੇ ਵਿਚ ਪਦ 'ਚੇਤਿ' ਵਰਤਦੇ ਹਨ ਕਿ ਵਾਹਿਗੁਰੂ ਨੂੰ ਸਿਮਰ, ਇਉਂ ਪਾਸਾ ਢਾਲ। ਇਹ ਨਿਸਚੇ ਜੀਦਾ ਦਾ ਪਾਸਾ ਢਾਲਣ ਹੈ।

[ਆਸਾ ਕਬੀਰ ਜੀ, ਤਿਪਦਾ-੨੪]

ਮੂਲ	ਅਰਥ
ਆਸਾ ॥ ਤਨੁ ਰੈਨੀ ਮਨੁ ਪੁਨ ਰਪਿ ਕਰਿ ਹਉ ਪਾਚਉ ਤਤ ਬਰਾਤੀ ॥ ਰਾਮ ਰਾਇ ਸਿਉ ਭਾਵਰਿ ਲੈਹਉ ਆਤਮ ਤਿਹ ਰੰਗਿ ਰਾਤੀ ॥੧॥	ਸਰੀਰ ਨੂੰ (ਮੈਂ ਰੰਗਰੇਜ਼ ਦੀ ਮੱਟੀ ਵਾਂਙੂ) ਮੱਟੀ ਬਣਾ ਲਿਆ ਹੈ* (ਜਿਸ ਵਿਚ ਹੁਣ ਹੋਰ ਰੁਚੀਆਂ ਦੀ ਥਾਂ ਨਾਮ ਦਾ ਰੰਗ ਘੁਲ ਰਿਹਾ ਹੈ, ਇਸ ਰੰਗ ਵਿਚ ਮੈਂ) ਮਨ ਨੂੰ ਮੁੜ ਮੁੜ ਡੋਬੇ ਦੇ ਰਹੀ ਹਾਂ (ਭਾਵ ਉਸ ਨੂੰ ਸਿਮਰਣ ਨਾਲ ਨਵਾਂ ਬਣਾ ਰਹੀ ਹਾਂ), ਤਤ (ਸਰੂਪ ਨੂੰ ਜਾਣਨ ਵਾਲੇ) ਪੰਚ (ਸੰਤ) ਜਾਂਞੀ ਹਨ†। (ਐਉਂ ਨਵੇਂ ਰੰਗੀਂ ਮੈਂ) ਰਾਮ ਰਾਇ ਨਾਲ ਲਾਵਾਂ ਲੈ ਰਹੀ ਹਾਂ (ਤੇ ਲਾਵਾਂ ਲੈ ਰਹੀ ਮੈਂ) ਆਤਮਾ ਕਰਕੇ ਉਸੇ ਦੇ ਪ੍ਰੇਮ ਵਿਚ ਰੱਤੀ ਹੋਈ ਹਾਂ ॥ ੧ ॥
ਗਾਉ ਗਾਉ ਰੀ ਦੁਲਹਨੀ ਮੰਗਲਚਾਰਾ ॥ ਮੇਰੇ ਗ੍ਰਿਹ ਆਏ ਰਾਜਾ ਰਾਮ ਭਤਾਰਾ ॥੧॥ ਰਹਾਉ ॥	(ਹੇ ਵਿਆਹ ਵੇਖਣ ਆਈਓ ਸੰਤ ਰੂਪ) ਦੁਲਹਨੀਓ ! ਖੁਸ਼ੀਆਂ ਦੇ ਗੀਤ ਗਾਵੋ, ਗਾਵੋ, (ਕਿਉਂਕਿ ਮੈਨੂੰ ਪਰਨਾਉਣ ਲਈ) ਰਾਜਾ ਰਾਮ ਰੂਪੀ ਪਤੀ ਜੀ ਮੇਰੇ ਘਰ ਆ ਗਏ ਹਨ ॥ ੧ ॥ ਰਹਾਉ ॥
ਨਾਭਿ ਕਮਲ ਮਹਿ ਬੇਦੀ ਰਚਿ ਲੇ ਬ੍ਰਹਮ ਗਿਆਨ ਉਚਾਰਾ ॥ ਰਾਮ ਰਾਇ ਸੋ ਦੂਲਹੁ ਪਾਇਓ ਅਸ ਬਡਭਾਗ ਹਮਾਰਾ ॥੨॥	(ਮੇਰੇ ਵਿਵਾਹ ਲਈ) ਨਾਭਿ ਕਮਲ ਵਿਚ ਵੇਦੀ ਰਚੀ ਗਈ ਹੈ (ਜਿਥੇ ਵਿਵਾਹ ਪੱਧਤੀ ਦੇ ਸ਼ਲੋਕਾਂ ਦੀ ਥਾਂ ਵਿਵਾਹ ਕਰਨ ਵਾਲੇ ਪਾਂਧੇ ਨੇ) ਬ੍ਰਹਮ ਗਿਆਨ ਦਾ ਉਚਾਰਨ ਕੀਤਾ ਹੈ। (ਐਉਂ ਦੇ ਵਿਵਾਹ ਦੁਆਰਾ ਮੈਂ) ਰਾਮ ਰਾਇ ਵਰਗਾ ਲਾੜਾ ਪ੍ਰਾਪਤ ਕਰ ਲਿਆ ਹੈ; (ਦੇਖੋ) ਸਾਡੇ ਨਸੀਬ ਐਸੇ ਯਾਵਰ ਹਨ ॥ ੨ ॥
ਸੁਰਿ ਨਰ ਮੁਨਿ ਜਨ ਕਉਤਕ ਆਏ ਕੋਟਿ ਤੇਤੀਸ ਉਜਾਨਾਂ॥ ਕਹਿ ਕਬੀਰ ਮੋਹਿ ਬਿਆਹਿ ਚਲੇ ਹੈ ਪੁਰਖ ਏਕ ਭਗਵਾਨਾ ॥੩॥੨॥੨੪॥	(ਇਸ ਵਿਵਾਹ ਦਾ ਕੌਤਕ) (ਦੇਖਣ ਲਈ) ਸ੍ਰੇਸ਼ਟ ਪੁਰਖ ਆਏ, ਮੁਨੀ ਜਨ ਆਏ ਤੇ ਤੇਤੀਸ ਕ੍ਰੋੜ ਦੇਵਤਾ ਆਏ। ਕਬੀਰ ਜੀ ਕਹਿੰਦੇ ਹਨ: (ਹੁਣ ਦੇਖੋ ! ਉਹ) ਪੁਰਖ ਜੋ ਇਕੋ ਹੈ ਤੇ ਭਗਵਾਨ ਹੈ ਮੈਨੂੰ ਵਿਵਾਹਕੇ ਲੈ ਚੱਲੇ ਹਨ ॥ ੩ ॥ ੨ ॥ ੨੪ ॥

* ਭਾਵ- ਨਾਮ ਸਰੀਰ ਨਾਲ ਹੀ ਜਪ ਹੁੰਦਾ ਹੈ, ਇਸ ਕਰਕੇ ਮੱਟੀ ਹੈ, ਨਾਮ ਵਿਚ ਰੰਗ ਹੈ।

†ਇਹ ਅਰਥ ਪੁਰਾਤਣ ਸੰਪ੍ਰਦਾਈ ਹੈ। ਜੇ ਅਰਥ ਕਰੀਏ 'ਪੰਜੇ ਤਤ' ਜਾਂਞੀ ਬਣਾਏ ਹਨ ਤਾਂ ਪੰਜਾਂ ਤਤਾਂ ਦੇ ਗੁਣ ਲੈਣੇ ਹਨ, ਜੋ ਪਿਛੇ ਸ਼ਬਦ ਵਿਚ ਦੱਸ ਆਏ ਹਨ।

ਵਯਾਖਯਾ- ਇਸ ਸ਼ਬਦ ਵਿਚ ਕਬੀਰ ਜੀ ਅਪਣੇ ਵਾਹਿਗੁਰੂ ਮਿਲਾਪ ਨੂੰ ਵਿਵਾਹ ਦੇ ਅਲੰਕਾਰ ਵਿਚ ਵਰਣਨ ਕਰ ਰਹੇ ਹਨ । 'ਫੀਲ ਰਬਾਬੀ'ਸ਼ਬਦ ਵਿਚ ਬੀ ਵਿਵਾਹ ਦਾ ਜ਼ਿਕਰ ਸੀ, ਪਰ ਓਥੇ ਭਾਵ ਹੋਰ ਸੀ ਜੋ ਉਸ ਸ਼ਬਦ ਵਿਚ ਵਰਣਨ ਹੋ ਚੁਕਾ ਹੈ । ਏਥੇ ਲਾੜੀ ਬਣੇ ਹਨ ਤੇ ਰਾਮ ਰਾਇ ਨੂੰ ਲਾੜਾ ਬਣਾਇਆ ਹੈ ।

ਜੇ ਹੁਣ ਕ੍ਰਮ ਅਨੁਸਾਰ ਵਿਵਾਹ ਦੀਆਂ ਕ੍ਰਿਆਵਾਂ ਲਈਏ ਤਾਂ ਐਉਂ ਹਨ :-ਲਾੜੀ ਦੇ ਘਰ ਲਾੜੀ ਨੂੰ ਨਵੇਂ ਰੰਗੇ ਕਪੜੇ ਆਦਿ ਪੁਆਕੇ ਤਯਾਰੀ ਦੱਸੀ ਹੈ । ਲਾੜੇ ਵਲੋਂ - ਲਾੜਾ ਰਾਮ ਰਾਇ ਦੱਸਿਆ ਹੈ , ਤੇ 'ਪੰਚ' ਜਾਞੀ ਦੱਸੇ ਹਨ। ਲਾੜੀ ਦੇ ਮਨ ਪ੍ਰੇਮ ਹੈ ਪਰ ਉਹ ਆਤਮਿਕ ਪ੍ਰੇਮ ਦੱਸਿਆ ਹੈ , ਉਸ ਦੇ ਮਨ ਚਾਉ ਹੈ ਕਿ ਮੈਂ ਰਾਮ ਰਾਇ ਨਾਲ ਫੇਰੇ ਲੈਣੇ ਹਨ।

ਲਾੜੀ ਦੇ ਘਰ ਮੇਲ ਆਉਂਦਾ ਹੈ, ਮੇਲ ਦੀਆਂ ਕਾਕੀਆਂ ਗਾ ਰਹੀਆਂ ਹਨ , ਲਾੜੀ ਡੁੱਲ੍ਹਵੇਂ ਪ੍ਰੇਮ ਵਿਚ ਉਹਨਾਂ ਨੂੰ 'ਗਾਉ ਗਾਉ' ਜ਼ੋਰ ਨਾਲ ਕਹਿ ਰਹੀ ਹੈ ।'ਜੰਞ ਪਹੁੰਚ ਗਈ, ਸ੍ਵਾਗਤ ਹੋ ਗਿਆ'ਇਹ ਇਕ ਲੁਪਤੀ ਹੈ, ਹਰ ਕੋਈ ਆਪੇ ਸਮਝ ਸਕਦਾ ਹੈ । ਹੁਣ ਲਾਵਾਂ ਦਾ ਵੇਲਾ ਆ ਗਿਆ।ਲਾਵਾਂ ਲਈ 'ਬੇਦੀ ਗੱਡਣੀ' ਜ਼ਰੂਰੀ ਹੁੰਦੀ ਹੈ ਸੋ ਦੱਸੀ ਨਾਭਿ ਕਮਲ ਵਿਚ ਰਚੀ ਗਈ।ਹੁਣ ਵਿਵਾਹ ਪੱਧਤੀ ਦੇ ਸ਼ਲੋਕ ਉਚਾਰਨ ਦਾ ਵੇਲਾ ਆ ਗਿਆ ਤਾਂ ਦਸਿਆ ਕਿ ਬ੍ਰਹਮ ਗਯਾਨ ਦਾ ਉਚਾਰ ਹੋਇਆ, ਗੁਰੂ ਰੂਪ ਪਾਂਧੇ ਨੇ ਬ੍ਰਹਮ ਗਯਾਨ ਦਾ ਉਪਦੇਸ਼ ਦਿੱਤਾ, ਲਾੜੀ ਹੁਣ ਖੁਸ਼ੀ ਤੇ ਚਾਉ ਦੀ ਥਾਂ ਸ਼ੁਕਰ ਵਿਚ ਆ ਗਈ ਹੈ ਤੇ ਅਪਣੇ ਆਪ ਨੂੰ ਵਡਭਾਗਣ ਆਖਦੀ ਹੈ ।

ਹੁਣ ਆਇਆ ਵਿਦੈਗੀ ਦਾ ਵੇਲਾ, ਜਦੋਂ ਲਾੜਾ ਲਾੜੀ ਦੀ ਡੋਲੀ ਲੈਕੇ ਅਪਣੇ ਘਰ ਟੁਰ ਪੈਂਦਾ ਹੈ ਤੇ ਨਾਲ ਆਏ ਜਨੇਤੀ ਨਾਲ ਟੁਰ ਪੈਂਦੇ ਹਨ ਸੋ ਦੱਸਦੇ ਹਨ ; ਕਿ ਮੈਨੂੰ ਰਾਮ ਰਾਇ ਜੀ ਵਿਆਹ ਕੇ ਹੁਣ ਲੈ ਚੱਲੇ ਹਨ: ਸੁਰਿ ਨਰ, ਮੁਨਿ ਜਨ, ਤੇ ਤੇਤੀ ਕ੍ਰੋੜ ਦੇਵਤੇ; ਜੋ ਇਸ ਕਉਤਕੀ ਵਿਵਾਹ ਦੇ ਦਰਸ਼ਕ ਸਨ। ਪਹਿਲੀ ਸਤਰ ਵਿਚ ਕਹੇ 'ਪਾਚਉ ਤਤ' ਦਾ ਮਾਨੋ ਵੇਰਵਾ ਆ ਗਿਆ ਹੈ ।

ਏਥੇ ਦੋ ਇਕ ਗਲਾਂ ਵਿਸ਼ੇਸ਼ ਵਿਚਾਰ ਦੀਆਂ ਹਨ। 'ਰਾਮ ਰਾਇ' ਤੇ 'ਰਾਜਾ ਰਾਮ'ਪਦਾਂ ਤੋਂ ਹੋ ਸਕਦਾ ਹੈ ਕਿ ਕੋਈ ਸਮਝੇ ਕਿ ਕਬੀਰ ਜੀ ਦਾ ਵਿਵਾਹ ਸਰਗੁਣ ਯਾ ਸਾਕਾਰ ਰਾਮ ਰਾਜਾ ਨਾਲ ਹੋਇਆ ਹੈ । ਆਪ ਸਨ ਨਿਰਗੁਣ ਦੇ ਉਪਾਸਕ ਸੋ ਸੰਸੇ ਨਵਿਰਤੀ ਲਈ ਫੁਰਮਾਇਆ ਕਿ ਮੈਨੂੰ ਵਿਆਹੁਣ ਵਾਲਾ ਉਹ ਹੈ ਜੋ 'ਪੁਰਖ'ਹੈ = ਸਾਰੇ ਪਰੀਪੂਰਣ ਹੈ , ਤੇ ਇਕੋ ਹੈ , ਹੋਰ ਵੈਸਾ ਕੋਈ ਨਹੀਂ ਤੇ ਉਹ ਭਗਵਾਨ ਆਪ ਹੈ ।

ਦੂਜੀ ਗਲ ਹੈ 'ਬਿਆਹਿ ਚਲੇ ਹੈ' ਇਹ ਨਹੀਂ ਕਿਹਾ ਕਿ ਮੈਨੂੰ ਬਿਆਹਕੇ 'ਨਾਲ ਲੈ ਚਲੇ ਹਨ'।ਕਿਉਂਕਿ ਉਹ ਤਾਂ ਭਗਵਾਨ ਪੁਰਖ=ਸਾਰੇ ਪਰੀਪੂਰਣ ਹੈ ,ਉਹ ਕੋਈ ਇਕ ਦੇਸ਼ੀ ਹੈ ਕਿ ਬਨਾਰਸ ਤੋਂ ਵਹੁਟੀ ਨੂੰ ਵੈਕੁੰਠ ਲੈ ਜਾਏ। ਉਹ ਤਾਂ ਵਯਾਪਕ ਹੈ, ਸੋ ਕਬੀਰ ਜੀ ਉਸ ਨਾਲ ਮਿਲੇ ਵਯਾਪਕ ਦੇ ਅੰਗ ਸੰਗ ਹਨ ਵਯਾਪਕਤਾ ਵਿਚ।ਜੇ 'ਚਲੇ ਹੈ ' ਦਾ ਭਾਵ ਲਈਏ ਕਿ ਵਿਆਹ ਕੇ ਟੁਰ ਗਏ ਤਾਂ ਲਾੜੀ ਨੂੰ ਪੇਕੇ ਘਰ ਹੀ ਛਡ ਗਏ?

ਇਹ ਭਾਵ ਬੀ ਨਹੀਂ , ਕਿਉਂਕਿ ਉਹ ਇਕ ਦੇਸ਼ੀ ਨਹੀਂ,ਜੋ ਛਡਕੇ ਟੁਰ ਗਿਆ। ਸੋ 'ਬਿਆਹ ਚਲੇ' ਦਾ ਭਾਵ ਹੈ ਕਿ ਵਿਵਾਹ ਹੋ ਗਿਆ ਹੈ , ਵਿਆਹ ਕਰ ਚੱਲੇ ਹਨ , ਤੇ ਹੁਣ ਸਦੀਵ ਕਾਲ ਲਈ ਤੇ ਸਾਰੇ ਥਾਵਾਂ ਅਥਾਵਾਂ ਵਿਚ-

ਹਰਿ ਮੇਰੋ ਪਿਰੁ ਹਉ ਹਰਿ ਕੀ ਬਹੁਰੀਆ ॥ ਰਾਮ ਬਡੇ ਮੈ ਤਨਕ ਲਹੁਰੀਆ॥ [ਆਸਾ ਕਬੀਰ-੩੦]

ਵਾਲਾ ਸਦੇਵੀ ਅਵਿਛੁੜ ਮੇਲ ਹੋ ਰਿਹਾ ਹੈ ।

ਦਾਸ਼ਟਾਂਤ ਪੱਖ ਵਿਚ ਭਾਵ ਇਹ ਹੈ ਕਿ ਮੈ ਤਨ ਨੂੰ ਤੇ ਮਨ ਨੂੰ ਨਵੀਂ ਸਾਜਨਾ ਦਿੱਤੀ ਹੈ, ਤਨ ਦੇ ਅੰਗ ਜੀਭ ਨਾਲ ਨਾਮ 'ਜਪਿਆ'ਹੈ ,ਇਹ ਨਾਮ 'ਸਿਮਰਨ' ਬਣ ਕੇ ਮਨ ਵਿਚ ਚਲਾ ਗਿਆ ਹੈ,।

ਓਥੇ ਪ੍ਰੇਮ ਬਣ ਗਿਆ ਹੈ ਨਾਮੀ ਨਾਲ।

ਇਹ ਗੱਲ ਪ੍ਰਾਪਤ ਕਿਥੋਂ ਹੋਈ? ਸਤਿਸੰਗ ਤੋਂ। ਸਤਿਸੰਗ ਮਾਨੋਂ ਵਾਹਿਗੁਰੂ ਦੇ ਨਾਲ ਰਹਿਣ ਵਾਲੇ ਸੰਗੀ ਸਾਥੀ ਹਨ, ਜੋ ਇਸ ਆਤਮ ਵਿਵਾਹਾਂ ਦੇ ਲਈ ਕਰਤਾ ਪੁਰਖ ਵਲੋਂ ਇਸ ਕੰਮ ਤੇ ਲਗੇ ਹੋਏ ਹਨ। ਸੋ ਸਿਮਰਣ ਜੋ ਹੁਣ ਪ੍ਰੇਮ ਬਣ ਗਿਆ ਹੈ, ਲੋਚਾ ਦੇ ਰਿਹਾ ਹੈ ਕਿ ਨਾਮੀ ਨੂੰ ਮਿਲ ਪਵਾਂ ਤੇ ਵਿਛੁੜਾਂ ਨਾ, ਜਿਵੇਂ ਲਾਵਾਂ ਲੈਕੇ ਇਸਤ੍ਰੀ ਫੇਰ ਪਤੀ ਤੋਂ ਅਵਿਛੱੜ ਹੋ ਜਾਂਦੀ ਹੈ। 'ਗਾਉ ਗਾਉ' ਵਾਲੀ ਰਹਾਉ ਦੀ ਤੁਕ ਦਾ ਭਾਵ ਹੈ ਕਿ ਨਾਮ ਦੇ ਨਾਲ ਮੈਂ ਆਪਣੇ ਉਦਾਲੇ 'ਕੀਰਤਨ-ਮੰਡਲ' ਬੀ ਬਣਾ ਲਿਆ ਹੈਸੀ।

ਜਦ ਇਹ ਕੁਛ ਹੋ ਗਿਆ ਤਾਂ ਗੁਰੂ ਰੂਪ ਪਾਂਧੇ ਨੇ ਮੇਰੇ ਅੰਤਹਕਰਣ ਵਿਚ ਬ੍ਰਹਮ ਗਯਾਨ ਦਾ ਉਪਦੇਸ਼ ਦ੍ਰਿੜ ਕਰਾ ਦਿਤਾ, ਜਿਸ ਦਾ ਫਲ ਇਹ ਹੋਇਆ ਕਿ ਆਤਮਾ ਦਾ ਪਰਮਾਤਮਾ ਨਾਲ ਮੇਲ ਹੋ ਗਿਆ। ਮੇਲ ਤਾਂ ਆਤਮ ਪਰਮਾਤਮ ਦਾ ਹੋਇਆ ਤੇ ਕੀਹ ਹੁਣ ਅੰਤਹਕਰਣ ਸੱਖਣੇ ਹੋ ਗਏ? ਯਾ ਫੁਰਨਿਆਂ ਨਾਲ ਮੁੜ ਸੰਸਾਰਕ ਹੋ ਗਏ? ਨਹੀਂ, ਉਹ ਨਾਮ ਉਚਾਰ ਨਾਲ ਰੱਤਾ ਅੰਤਹਕਰਣ ਪ੍ਰੀਤਮ ਦੇ ਸ਼ੁਕਰ ਭਾਵ ਨਾਲ ਭਰ ਗਿਆ, ਉਹ ਸ਼ੁਕਰ ਦੇ ਰੰਗ ਰੰਗੇ ਸੁਆਦ ਵਿਚ ਹੁਣ ਬ੍ਰਹਮ ਅਰੂੜ ਰਹਿੰਦਾ ਹੈ ਇਹ ਮੇਰਾ ਮੇਲ ਗੁਪਤ ਮੇਲ ਹੀ ਨਹੀਂ ਰਿਹਾ ਜਗਤ ਪ੍ਰਸਿੱਧ ਹੋ ਗਿਆ ਹੈ, ਭਲੇ ਭਗਤ ਪੁਰਖ ਗ੍ਰਿਹਸਤ ਵਿਚ ਰਹਿਣ ਵਾਲੇ, ਸਾਧੂ ਜਨ ਵਿਰਕ੍ਤ ਰਹਿਣ ਵਾਲੇ, ਤੇ ਦੇਵਤੇ ਸਾਰਿਆਂ ਵਿਚ ਪ੍ਰਸਿਧੀ ਹੋ ਗਈ ਹੈ ਕਿ ਕਬੀਰ ਅਕਾਲ ਪੁਰਖ ਨੂੰ ਪ੍ਰਾਪਤ ਹਸਤੀ ਇਕ ਉੱਚਾ ਭਗਤ ਹੈ।

ਨਿਰੁਕ੍ਤ- ਤਨੁ- ਸਰੀਰ। ਭਾਵ ਹੈ ਸਰੀਰ ਵਿਚ ਦੀ ਰਸਨਾ ਨਾਲ ਨਾਮ ਜਪ।

ਰੈਨੀ- ਰੰਗਰੇਜ ਦੀ ਮਟਕੀ, ਜਿਸ ਵਿਚ ਉਹ ਰੰਗ ਘੋਲਦਾ ਹੈ। [ਸੰਸ:, ਰੰਜਨੰ। ਪ੍ਰਾ:, ਰਯਣ= ਰੰਗਣਾ]।

ਪੁਨਰਪਿ- ਮੁੜਕੇ। ਫੇਰ।

ਕਹਿਰਉ- ਬਣਾਵਾਂ, ਸਰੀਰ ਦੀ ਮੱਟੀ ਵਿਚ ਮਨ ਨੂੰ ਮੁੜਕੇ ਰੰਗ ਸਿੱਟਾਂ। ਨਾਮ ਜਪ ਤੇ ਸਿਮਰਨ ਨਾਲ ਪ੍ਰੇਮ ਬਣਾ ਲਵਾਂ।

ਪਾਚਉ ਤਤ- ਇਸ ਦਾ ਪੁਰਾਤਣ ਸੰਪ੍ਰਦਾਈ ਅਰਥ ਲਿਆ ਜਾਂਦਾ ਹੈ-ਪਾਚਉ= ਪੰਚ। 'ਪੰਚ' ਪਦ 'ਸੰਤ' ਅਰਥਾਂ ਵਿਚ ਅਨੇਕ ਥਾਂਈ ਆਉਂਦਾ ਹੈ। 'ਤਤ' ਨੂੰ ਉਸ ਦਾ ਵਿਸ਼ੇਸ਼ਣ ਲੈਕੇ ਇਹ ਅਰਥ ਕਰਦੇ ਸਨ: 'ਤਤ ਰੂਪ ਹੋਏ ਸੰਤ ਹੀ' ਬਰਾਤੀ ਹੋਕੇ ਆਏ। ਜੇਕਰ 'ਪਾਂਚਉ ਤਤ' ਦਾ ਅਰਥ ਲਈਏ ਪੰਜੇ ਤਤ, ਤੇ ਉਸ ਤੋਂ ਲਈਏ ਭਾਵ ਪੰਜਾ ਤਤਾਂ ਦੀ ਰਹਿਤ ਯਾ ਪੰਜ ਤਨ ਮਾਤ੍ਰਾਂ ਆਦਿ, ਤਾਂ ਇਨ੍ਹਾਂ ਸ਼ੈਆਂ ਦੀ ਲੋੜ 'ਰਾਮ ਰਾਇ' ਨੂੰ ਕੋਈ ਨਹੀਂ। ਭਗਤ ਕਬੀਰ ਨੂੰ ਲੋੜ ਹੈ ਪੰਜਾ ਤਤਾਂ ਦੀ ਰਹਿਤ ਰੱਖਣ ਦੀ ਜੋ ਨਿਜ ਮਨ ਨੂੰ ਨਵੀਂ ਰੰਗਣ ਦੇ ਰਹੇ ਹਨ। ਇਸ ਤਰ੍ਹਾਂ ਪੰਜ ਤਤਾਂ ਦੀ 'ਰਹਿਤ' ਬਰਾਤੀ ਅਰਥਾਤ ਜਾਵੀ ਨਹੀਂ ਹੋ ਸਕਦੀ। ਕਿਉਂਕਿ ਪ੍ਰਭੂ ਤਾਂ ਤ੍ਰਿਗੁਣਾਤੀਤ ਹੈ ਉਸ ਨੂੰ ਇਨ੍ਹਾਂ ਗੁਣਾਂ ਦੀ ਕੀਹ ਲੋੜ ਹੈ ਉਹ- 'ਸਗਲ ਗੁਣਾ ਗੁਣ ਊਤਮੋ ਭਰਤਾ ਦੂਰਿ ਨ ਪਿਖੁਰੀ॥' [ਆਸਾ ਮਹਲਾ ੫-੧੧੮]

ਬਰਾਤੀ- ਲਾੜੇ ਨਾਲ ਆਉਣ ਵਾਲਿਆਂ ਨੂੰ ਬਰਾਤੀ ਆਖਦੇ ਹਨ।

ਭਾਵਰਿ- [ਸੰਸ:, ਭ੍ਰਾਮਰ:= ਚੱਕਰ। ਚੱਕਰ ਕੱਟਣਾ] ਭੁਆਟਣੀ। ਫੇਰੇ ।ਲਾਵਾਂ।

ਰੰਗ ਰਾਤੀ- ਪ੍ਰੇਮ ਵਿਚ ਰਚੀ ਹੋਈ।

ਮੰਗਲਚਾਰਾ- ਭਾਵ ਹੈ ਮੰਗਲਾਚਾਰ ਦੇ ਗੀਤ, ਖੁਸ਼ੀ ਦੇ ਗੀਤ।

ਭਤਾਰ-ਪਤੀ। ਨਾਭਿ ਕਮਲ- ਧੁੰਨੀ ਵਿਚ ਦਾ ਕਮਲ ਫੁਲ, ਇਸ ਦਾ ਭਾਵ ਹਿਰਦਾ ਲੈਂਦੇ ਹਨ। ਵੈਸੇ ਹਠ ਯੋਗ ਅਨੁਸਾਰ ਛੇ ਚੱਕ੍ਰ ਹਨ। ਸਰੀਰ ਦੇ ਸਿਆਣੇ ਹੁਣ ਦੱਸਦੇ ਹਨ ਕਿ ਕੰਗ੍ਰੋੜ ਵਿਚ ਦੋ ਸ੍ਨਾਯੂ ਗੁੱਛੇ ਹਨ।

ਨਾਭਿ ਟਿਕਾਣੇ ਤੇ ਇਕ ਚੱਕ੍ਰ ਦੱਸਦੇ ਹਨ ਉਸ ਦਾ ਨਾਮ 'ਮਣੀ ਪੂਰ ਚਕ੍ਰ' ਹੈ, ਉਸ ਵਿਚ ਨੀਲੇ ਰੰਗ ਦਾ ਊਰਧ ਮੁਖ ਕਮਲ ਹੈ, ਉਸ ਦੀਆਂ ਦਸ ਪੱਤੀਆਂ ਹਨ; ਹੋ ਸਕਦਾ ਹੈ ਕਬੀਰ ਜੀ ਦਾ ਇਸ਼ਾਰਾ ਇਧਰ ਬੀ ਹੋਵੇ, ਕਿਉਂਕਿ ਯੋਗੀਆਂ ਨੇ ਸ਼ਰੀਰ ਵਿਚ 'ਧਯਾਨ' ਦੇ ਕਈ ਸਥਾਨ ਦੱਸੇ ਹਨ। ਜਿਨ੍ਹਾਂ ਵਿਚੋਂ ਛੇ ਪ੍ਰਧਾਨ ਹਨ। ਨਾਭੀ ਚਕ੍ਰ ਤੀਸਰਾ ਟਿਕਾਣਾ ਹੈ। ਨਾਮ ਨਾਲ ਧਯਾਨ ਦਾ ਇਸ਼ਾਰਾ ਕਰ ਰਹੇ ਜਾਪਦੇ ਹਨ, ਯੋਗ ਦੇ ਦਸੇ ਧਯਾਨ ਸਥਾਨਾਂ ਤੇ । ਚੱਕ੍ਰਾਂ ਨਾਲ ਪ੍ਰਾਣਾਯਾਮ ਦਾ ਬੀ ਸੰਬੰਧ ਹੈ, ਯਥਾ:-

ਉਲਟਤ ਪਵਨ ਚਕ੍ਰ ਖਟੁ ਭੇਦੇ ਸੁਰਤਿ ਸੁੰਨ ਅਨਰਾਗੀ। [ਗਉੜੀ ਕਬੀਰ ਜੀ- ੪੭]

ਪਰ ਨਾਲ ਬ੍ਰਹਮ ਗਯਾਨ ਕਹਿਕੇ ਸਾਫ ਕਰ ਦੇਂਦੇ ਹਨ ਕਿ ਧਯਾਨ, ਪ੍ਰਾਣਾਯਾਮ ਨਾਲ ਨਾਮ ਉਚਾਰਣ ਨੇ ਬੀ ਬ੍ਰਹਮ ਗਯਾਨ ਤੇ ਲੈ ਜਾਣਾ ਹੈ।

ਉਜਾਨਾ- [ਉਚ+ਯਾਨ=ਉਚੇ ਜਾਣ ਵਾਲੇ] ਦੇਵਤੇ।

[ਆਸਾ ਕਬੀਰ ਜੀ, ਤਿਪਦਾ-੨੫]

ਪ੍ਰਾਕ੍ਥਨ- ਇਸ ਸ਼ਬਦ ਵਿਚ ਸ੍ਰੀ ਰਾਮ ਨੂੰ ਵਿਸਾਰ ਦੇਣ ਦੇ ਦੁੱਖ ਕਥਨ ਕੀਤੇ ਹਨ ਤੇ ਦਾਰੂ 'ਰਾਮ ਰਮਣ' ਹੀ ਦੱਸਿਆ ਹੈ।

ਇਸ ਵਿਚ ਪਦ ਸਾਸੁ, ਸਸੁਰ, ਜੇਠ, ਦੇਵਰ, ਬਾਪੁ ਸਾਵਕਾ, ਬਡਾ ਭਾਈ ਆਦਿ ਗ੍ਰਿਹਸਤੀ ਦੇ ਸਨਬੰਧੀਆਂ ਦੇ ਵਾਚਕ ਪਦਾਂ ਨੂੰ ਪਰਮਾਰਥੀ ਭਾਵਾਂ ਵਿਚ ਵਰਤਿਆ ਹੈ, ਇਹ ਭਾਵ ਲੱਛਣਾ ਬ੍ਰਿਤੀ ਨਾਲ ਲੈਂਦੇ ਹਨ, ਇਸ ਕਰਕੇ ਵਿਦਵਾਨ ਆਪੋ ਆਪਣੀ ਬੁੱਧੀ ਦੀ ਤੀਖਣਤਾ ਭਾਵ ਵਿਚਾਰਦੇ ਤੇ ਵਰਣਨ ਕਰਦੇ ਹਨ। ਜੋ ਪਰੰਪਰਾ ਤੋਂ ਸੰਕੇਤੀ ਅਰਥ ਸੰਪ੍ਰਦਾ ਵਿਚ ਚਲਿਆ ਆਉਂਦਾ ਹੈ ਇਸ ਪ੍ਰਕਾਰ ਹੈ:-

ਮੂਲ	ਅਰਥ
ਆਸਾ ॥ ਸਾਸੁ ਕੀ ਦੁਖੀ ਸਸੁਰ ਕੀ ਪਿਆਰੀ ਜੇਠ ਕੇ ਨਾਮਿ ਡਰਉ ਰੇ ॥	ਸਸ (=ਅਵਿਦਯਾ) ਦੀ (ਮੈਂ) ਦੁਖੀ ਕੀਤੀ ਹੋਈ ਹਾਂ, (ਕਿਉਂਕਿ) ਸਹੁਰੇ (=ਦੇਹ ਅਧਯਾਸ* ਦੀ (ਮੈਂ) ਪਿਆਰੀ ਹਾਂ। (ਭਾਵ ਦੇਹ ਨੂੰ ਹੀ ਮੈਂ ਆਪਣਾ ਆਪ ਸਭ ਕੁਛ ਸਮਝਦੀ ਹਾਂ, ਇਹ ਅਵਿਦਯਾ ਹੈ, ਇਸ ਕਰਕੇ ਮੈਂ ਦੁਖੀ ਹਾਂ। ਦੁਖੀ ਕਿਉਂ ਹਾਂ? ਕਿਉਂਕਿ ਮੈਂ ਜਾਣਦੀ ਹਾਂ ਇਹ ਭੋਗ ਰਸ ਦਾਤੀ ਦੇਹ ਮਰ ਜਾਣੀ ਹੈ, ਇਸ ਕਰਕੇ ਮੈਂ) ਜੇਠ (=ਧਰਮ ਰਾਜ ਅਥਵਾ ਕਾਲ) ਦੇ ਨਾਮ ਤੋਂ ਹੀ ਡਰਦੀ ਹਾਂ (ਇਹ ਭੈ ਦੁਖ ਹੈ)।
ਸਖੀ ਸਹੇਲੀ ਨਨਦ ਗਹੇਲੀ ਦੇਵਰ ਕੈ ਬਿਰਹਿ ਜਰਉ ਰੇ ॥੧॥	ਹੇ ਸਖੀ ਸਹੇਲੀਓ (=ਹੇ ਸੰਤੋ, ਹੇ ਸਤਿਸੰਗੀਓ!) ਨਿਨਾਣਾਂ (=ਇੰਦ੍ਰਿਆਂ ਨੇ ਮੈਨੂੰ) ਗ਼ਾਫ਼ਲ (ਯਾ ਬਾਵਰੇ) ਕਰ ਛਡਿਆ ਹੈ, (ਇੰਦ੍ਰੀ ਰਸ ਤੋਂ ਛੁਟਕਾਰਾ ਨਹੀਂ ਹੁੰਦਾ, ਕਿਉਂਕਿ ਮੈਨੂੰ) ਦੇਉਰ (=ਵੈਰਾਗ† ਦਾ ਵਿਛੋੜਾ ਹੈ, ਇਸ) ਵਿਛੋੜੇ (ਕਰਕੇ ਬੀ ਮੈਂ) ਸੜਦੀ ਰਹਿੰਦੀ ਹਾਂ (ਭਾਵ ਦੁਖੀ ਹਾਂ)॥੧॥

* ਕਈ ਦਾਨੇ ਏਥੇ 'ਅਗਯਾਨ' ਭਾਵ ਬੀ ਲੈਂਦੇ ਹਨ।ਕਈ ਨਿਰੰਕਾਰ ਲੈਂਦੇ ਹਨ।

† ਕਈ ਦੇਉਰ ਵਿਵੇਕ ਨੂੰ ਲਿਖਦੇ ਹਨ।

ਮੇਰੀ ਮਤਿ ਬਉਰੀ ਮੈ ਰਾਮੁ ਬਿਸਾਰਿਓ ਕਿਨ ਬਿਧਿ ਰਹਨਿ ਰਹਉ ਰੇ ॥

(ਹੇ ਸਖੀਓ ਸਹੇਲੀਓ ! ਐਉਂ) ਮੇਰੀ ਤਾਂ ਮਤ ਬੀ ਬਾਵਰੀ ਹੋ ਰਹੀ ਹੈ, (ਹੁਣ ਮੈਂ) ਜੀਵਨ ਕਿਵੇਂ ਬਸਰ ਕਰਾਂ, (ਕਿਉਂਕਿ) ਮੈਂ (ਆਪਣੇ ਪਤੀ) ਰਾਮ ਨੂੰ ਜਾਂ ਵਿਸਾਰ ਛੱਡਿਆ ਹੈ (ਜੇ ਇਹ ਚਿਤ ਰਹਿੰਦਾ ਤਦ ਮੈਂ ਉਸ ਦੇ ਪ੍ਰੇਮ ਵਿਚ ਉਸ ਨੂੰ ਅਨੁਭਵ ਕਰਦੀ ਦੇਹ ਅਧਜਾਸ ਤੋਂ ਛੁਟ ਜਾਂਦੀ, ਨਾਲ ਹੀ ਅਵਿਦਜਾ ਦੂਰ ਹੋ ਜਾਂਦੀ ਹੈ, ਜਮ ਯਾ ਕਾਲ ਦਾ ਭੈ ਸੁਤੇ ਹੀ ਦੂਰ ਹੋ ਜਾਂਦਾ, ਸਦਾ ਜੀਂਦੇ ਦੇ ਨਾਲ ਜੋ ਜੁੜੀ ਰਹਿੰਦੀ। ਉਸ ਨੂੰ ਨਾ ਵਿਸਾਰਿਆਂ ਭਾਵਨਾਂ ਵਿਸਰਦਿਆਂ ਮੈਨੂੰ ਨਾਮਰਸ ਤੇ ਰਾਮ ਰਸ ਮਿਲ ਜਾਂਦਾ। ਉਸ ਰਸ ਵਿਚ ਪੈਕੇ ਮੈਂ ਇੰਦ੍ਰੀਆਂ ਦੇ ਰਸ ਤੋਂ ਛੁਟ ਜਾਂਦੀ। ਰਾਮ ਨੂੰ ਸਿਮਰਦਿਆਂ ਮੈਨੂੰ ਸਹਜ ਵੈਰਾਗ ਪ੍ਰਾਪਤ ਹੋ ਜਾਂਦਾ ਜਿਵੇਂ ਬਿਵਾਹਤ ਕਾਕੀ ਨੂੰ ਪੇਕੇ ਘਰ ਨਾਲ ਸਹਜ ਵੈਰਾਗ ਹੋ ਜਾਂਦਾ ਹੈ)! [ਹੁਣ ਸਾਰਿਆਂ ਤੋਂ ਵਡਾ ਦੁਖ ਕਹਿੰਦੀ ਹੈ] (ਇਹ ਤਾਂ ਮੈਨੂੰ ਸਾਧਾਰਨ ਤੌਰ ਤੇ ਸੁਣਿਆਂ ਯਾ ਪੜ੍ਹਿਆਂ ਪਤਾ ਲਗ ਗਿਆ ਹੈ ਕਿ ਰਾਮ ਮੇਰੀ ਸੇਜੈ-) ਅੰਤਹਕਰਣ ਵਿਚ ਰਮਤ (=ਬਿਰਾਜਮਾਨ) ਹੈ, (ਪਰ ਮੈਂ ਉਸ ਨੂੰ) ਅੱਖਾਂ ਨਾਲ ਦੇਖ ਨਹੀਂ ਰਹੀ (ਭਾਵ ਅਨੁਭਵ ਨਹੀਂ ਕਰ ਰਹੀ) ਇਹ ਦੁਖ ਮੈਂ ਕਿਸ ਅਗੇ ਫਰੋਲਾਂ ॥੧॥ ਰਹਾਉ ॥

ਸੇਜੈ ਰਮਤੁ ਨੈਨ ਨਹੀ ਪੇਖਉ ਇਹੁ ਦੁਖੁ ਕਾ ਸਉ ਕਹਉ ਰੇ ॥ ੧ ॥ ਰਹਾਉ ॥

ਬਾਪੁ ਸਾਵਕਾ ਕਰੈ ਲਰਾਈ ਮਾਇਆ ਸਦ ਮਤਵਾਰੀ ॥

[ਪਿਛੇ ਦੇਹ ਅਧਜਾਸ ਅਰਥਾਤ ਦੇਹ ਨਾਲ ਆਪ ਨੂੰ ਅਭੇਦ ਸਮਝਣ ਦੇ ਮਿਥਜਾ ਗਜਾਨ ਨੂੰ ਸਹੁਰਾ ਕਹਿ ਆਏ ਹਨ, ਹੁਣ 'ਦੇਹ' ਮਾਤ੍ਰ ਨੂੰ ਮਤ੍ਰੇਆ ਪਿਉ ਦੱਸਦੇ ਹਨ; ਯਥਾ] (ਸਰੀਰ ਮੇਰਾ) ਮਤ੍ਰੇਆ ਪਿਉ ਬਣਕੇ ਲੜਾਈ ਕਰਦਾ ਰਹਿੰਦਾ ਹੈ (ਭਾਵ ਖਾਨ ਪਾਨ ਪਹਿਰਨ ਆਦਿ ਸਭ ਕੁਛ ਦੇਂਦਿਆਂ ਦਿਵਾਂਦਿਆਂ ਮੰਗਦਾ ਹੀ ਮੰਗਦਾ ਹੈ, ਕਦੇ ਮੰਗ ਬਸ ਨਹੀਂ ਹੁੰਦੀ*। ਇਸ ਸਰੀਰ ਪਾਲਣ ਅਰਥ ਧਨ ਦੀ ਲੋੜ ਪੈਂਦੀ ਹੈ, ਉਸ) ਮਾਇਆ (ਦੀ ਕਮਾਈ ਵਿਚ ਮੈਂ,) ਸਦਾ ਮਤਵਾਲੀ ਹੋਈ ਰਹਿਦੀ ਹਾਂ†।

ਬਡੇ ਭਾਈ ਕੈ ਜਬ ਸੰਗਿ ਹੋਤੀ ਤਬ ਹਉ ਨਾਹ ਪਿਆਰੀ ॥੨॥

(ਪਰ ਮੈਨੂੰ ਯਾਦ ਹੈ ਕਿ ਜਦੋਂ ਮੈਂ ਮਾਤਾ ਦੇ ਗਰਭ ਵਿਚ ਸਾਂ ਤਾਂ ਸਿਮਰਨ ਵਿਚ ਸਾਂ ਤੇ ਖਾਣ ਪੀਣ ਆਦਿ ਫਿਕਰਾਂ ਤੋਂ ਰਹਿਤ ਸਾਂ, ਹਾਂ, ਤਦੋਂ) ਜਦੋਂ ਕਿ ਵਡੇ ਭਿਰਾਉ (ਪ੍ਰੇਖ ਗਜਾਨ) ਦੇ ਨਾਲ ਰਹਿੰਦੀ ਸਾਂ ਤਦੋਂ ਮੈਂ 'ਪਤੀ ਪਿਆਰੀ' ਸਾਂ॥੨॥

ਕਹਤ ਕਬੀਰ ਪੰਚ ਕੋ ਝਗਰਾ ਝਗਰਤ ਜਨਮੁ ਗਵਾਇਆ ॥ ਝੂਠੀ ਮਾਇਆ ਸਭੁ ਜਗੁ ਬਾਧਿਆ ਮੈ

ਕਹਿੰਦੇ ਹਨ ਕਬੀਰ ਜੀ (ਸਾਰਾ ਝਗੜਾ ਜੋ ਮੈਂ ਸਖੀ ਸਹੇਲੀਓ! ਤੁਸਾਨੂੰ ਸੁਣਾਇਆ ਹੈ, ਇਸ ਦਾ ਮੂਲ ਕਾਰਨ) ਪੰਜਾਂ ਦਾ ਝਗੜਾ ਹੈ। (ਇਨ੍ਹਾਂ ਦੇ) ਝੇੜੇ ਝਗੜਿਆਂ ਵਿਚ ਹੀ (ਸਾਰੇ ਸੰਸਾਰ ਨੇ) ਜਨਮ ਗੁਆ ਲਿਆ ਹੈ। (ਇਨ੍ਹਾਂ ਪੰਜਾਂ ਦੇ ਸੁਆਦਾਂ

* ਵਡੇ ਖੂਹ ਤੇ ਵਡੀਆਂ ਖਾਈ। ਭਰ ਭਰ ਰਹੀਆਂ ਭਰੀਂਦੀਆਂ ਨਾਹੀ। ਰਾਤੀਂ ਰਜਾ ਦਿਨੇ ਭੁੱਖਾ ਰੁੱਠਾ। ਇਸ ਪੇਟ ਜਿਹਾ ਭੁਖਾ ਕੋਈ ਨ ਡਿੱਠਾ। [ਪ੍ਰਾਚੀਨ।

† ਮਾਇਆ ਦਾ ਭਾਵ ਏਥੇ ਖ਼ੁਦਗਰਜ਼ੀ ਬੀ ਲੈਂਦੇ ਹਨ।

ਰਾਮ ਰਮਤ ਸੁਖੁ ਪਾਇਆ ॥ ੩ ॥ ੩॥ ੨੫ ॥	ਕਾਰਣ) ਸਾਰਾ ਜਗਤ ਝੂਠੀ ਮਾਇਆ ਵਿਚ ਬੱਧਾ ਪਿਆ ਹੈ, (ਪਰ) ਮੈਂ ਰਾਮ ਸਿਮਰਦਿਆਂ ਸੁਖ ਪਾ ਲਿਆ ਹੈ ੩ ॥ ੩ ॥ ੨੫ ॥

ਵ੍ਯਾਖ੍ਯਾ—ਹਰ ਰਚਨਾ ਦਾ, ਸਿਵਾ ਸ਼ਲੇਖ ਦੇ ਰਚਨਾ ਦੇ, ਇਕੋ ਅਰਥ ਹੀ ਠੀਕ ਹੁੰਦਾ ਹੈ ਪਰ ਲੱਛਣਾ ਬ੍ਰਿਤੀ ਵਾਲੀਆਂ ਰਚਨਾਵਾਂ ਵਿਚ ਇਹ ਗੱਲ ਨਿਭਣੀ ਕਠਨ ਹੁੰਦੀ ਹੈ। ਇਸ ਕਰਕੇ ਜੋ ਜੋ ਦਾਨੇ ਅਪਨੀ ਖੋਜ ਨਾਲ, ਗਹੁ ਭਰੀ ਵੀਚਾਰ ਨਾਲ , ਟੋਹਾਂ ਲਾਉਂਦੇ ਹਨ, ਉਹਨਾਂ ਵਿਚ ਕੁਛ ਕੁਛ ਫਰਕ ਹੋ ਜਾਣੇ ਕੁਦਰਤੀ ਬਾਤ ਹੈ ।ਪਰ ਸਾਰਿਆਂ ਦਾਨਿਆਂ ਦੀ ਮਿਹਨਤਾਂ ਤੇ ਧ੍ਯਾਨ ਦੇ ਕੇ ਜੋ ਗਲ ਸਿੱਧਾਂਤ ਰੂਪ ਵਿਚ ਸਾਧਾਰਣ ਤੌਰ ਤੇ ਸਮਝੇ ਪੈਂਦੀ ਹੈ ਤੇ ਪਰਮਾਰਥ ਦੇ ਖੋਜੀ ਲਈ ਜਿਸ 'ਸਾਰ ਸਿੱਧਾਂਤ' ਦੀ ਲੋੜ ਹੁੰਦੀ ਹੈ ਉਹ ਲਗਪਗ ਇਕੋ ਹੀ ਹੈ ਤੇ ਉਹ ਇਸ ਪ੍ਰਕਾਰ ਹੈ :-

ਸਾਰੇ ਸ਼ਬਦ ਵਿਚ ਜਗਤ ਦਾ ਮਾਇਆ ਵਿਚ ਬੰਧਾਇਮਾਨ ਹੋ ਕੇ ਦੁਖੀ ਹੋਣਾ ਨਿਰੂਪਣ ਕੀਤਾ ਹੈ ਤੇ ਅਖੀਰਲੀ ਅੱਧੀ ਤੁਕ ਵਿਚ ਅਪਣਾ ਤਜਰਬਾ 'ਰਾਮ ਰਮਤ ਸੁਖੁ ਪਾਇਆ'ਸਪਸ਼ਟ ਦੱਸਿਆ ਹੈ ਗੋਯਾ ਅੱਧੀ ਤੁਕ ਛੱਡਕੇ ਸਾਰੇ ਸ਼ਬਦ ਵਿਚ ਜੋ 'ਮੈ' ਕਹਿ ਕੇ ਦੁਖ ਨਿਰੂਪਣ ਕੀਤਾ ਸੋ ਜਗਤ ਦਾ ਦੁਖ ਸੀ, ਜੋ ਉੱਤਮ ਪੁਰਖ ਵਿਚ ਵਰਣਨ ਕੀਤਾ ਤੇ ਨਿਜੀ ਤਜਰਬਾ ਅਖੀਰਲੀ ਅੱਧੀ ਤੁਕ ਵਿਚ ਦੱਸਿਆ :-'ਮੈ ਰਾਮ ਰਮਤ ਸੁਖੁ ਪਾਇਆ'॥

'ਰਾਮ ਰਮਤ ਸੁਖੁ ਪਾਇਆ' ਦੇ ਉਲਟ ਜੋ ਜਗਤ ਨੇ ਦੁਖ ਪਾਇਆ ਉਸ ਦਾ ਕਾਰਣ ਰਹਾਉ ਵਿਚ ਦਸਿਆ।'ਮਤਿ ਬਉਰੀ','ਮਤਿ ਬਉਰੀ ਕਿਉਂ ਹੋਈ '? 'ਰਾਮ ਬਿਸਾਰਿਓ' ।

ਬਾਕੀ ਸ਼ਬਦ ਵਿਚ ਰਾਮ ਬਿਸਾਰਿਓ ਦੇ ਜੋ ਦੁਖ ਰੂਪ ਨਤੀਜੇ ਸਨ, ਯਾ ਉਹਨਾਂ ਦੇ ਕਾਰਣ ਸਨ, ਉਹ ਦੱਸੇ ਹਨ, ਉਹਨਾਂ ਨੂੰ ਜੇ ਸੰਖੇਪ ਕਰ ਸਮਝੋ ਤਾਂ ਦੈਵੀ ਗੁਣਾਂ ਦਾ ਤਿਆਗ ਸੀ ਤੇ ਆਸੁਰੀ ਗੁਣਾਂ ਦਾ ਆ ਜਾਣਾ ਸੀ। ਸਸ ਸਹੁਰਾ, ਜੇਠ ਨਣਦ, ਬਾਪ ਸਾਵਕਾ, ਆਦਿ ਤੋਂ ਜੋ ਕੁਛ ਬੀ ਭਾਵ ਲਈਏ ਉਹ ਅਕਸਰ ਆਸੁਰੀ ਗੁਣਾਂ ਦੀ ਗੇਣਤੀ ਹੇਠ ਆ ਜਾਂਦਾ ਹੈ ਅਤੇ ਦੇਵਰ ਤੇ ਬਡਾ ਭਾਈ ਜਿਕੂੰ ਵਰਣਨ ਹੋਏ ਹਨ ਉਹ ਦੈਵੀ ਗੁਣਾਂ ਦੀ ਫਹਿਰਿਸਤ ਵਿਚ ਆ ਜਾਦੇ ਹਨ ਕਿਉਂਕਿ ਓਹ ਜਗਯਾਸੂ ਦੇ ਸੁਖਦਾਈ ਵਰਣਨ ਹੋਏ ਹਨ। ਸਾਰੇ ਦੁਖਾਂ ਦਾ ਦੁਖ ਇਹ ਹੈ ਕਿ ਅੰਤਹਕਰਣ ਵਿਚ ਪਤੀ ਹੈ ਤੇ ਲਖੱਤਾ ਵਿਚ ਨਹੀਂ ਆਉਂਦਾ । ਹੋ ਸਕਦਾ ਹੈ ਕਿ ਅਭ੍ਯਾਸੀ ਜਦ ਖਿਆਲ ਕਰਕੇ ਸਥੂਲ ਨੈਣਾਂ ਨਾਲ ਸਾਈਂ ਨੂੰ ਨਹੀਂ ਦੇਖਦਾ ਤਦ ਘਬਰਾਕੇ ਸਾਧਨ ਸੰਪੱਤੀ ਛਡ ਦੇਂਦਾ ਹੈ, ਤੇ ਫੇਰ ਮਾਯਕ ਬੰਧਨਾਂ ਵਿਚ ਬੱਝ ਜਾਂਦਾ ਹੈ, ਪਰ ਇਹ ਭਾਵ ਕੱਢਣਾ ਪਦ 'ਸਭ ਜਗੁ ਬਾਧਿਆ' ਰੋਕ ਦੇਂਦੇ ਹਨ ਕਿ ਭਗਤ ਜੀ ਸਾਰੇ ਜਗਤ ਦੀ ਆਮ 'ਮਾਯਕ ਬੰਧਾਨਤਾ' ਕਥਨ ਕਰ ਰਹੇ ਹਨ, ਨਿਰਾ ਜਗ੍ਯਾਸੂ ਦਾ ਜ਼ਿਕਰ ਨਹੀਂ ਕਰ ਰਹੇ। ਸੋ ਸਾਧਕ ਪੁਰਖ ਨੂੰ ਰਸਤਾ ਲੱਭ ਗਿਆ ਕਿ ਸਾਈਂ ਦਾ ਵਿਸਾਰਾ ਅਸਲ ਦੁਖ ਹੈ ਕਿ ਵ੍ਯਾਪਕ ਹੁੰਦੇ, ਅੰਤ੍ਰਸਥ ਹੁੰਦੇ ਪਾਰਬ੍ਰਹਮ ਨੂੰ ਨਾ ਲਖ ਸਕਣਾ ਦੁਖ ਹੈ । ਇਸ ਦੁਖ ਨੂੰ ਰਾਮ ਰਮਣ ਦੂਰ ਕਰ ਦੇਂਦਾ ਹੈ । ਉਸ ਰਾਮ ਰਮਣ ਵਿਚ ਦੈਵੀ ਗੁਣ ਸਹਾਯਕ ਹੁੰਦੇ ਹਨ ਤੇ ਆਸੁਰੀ ਗੁਣ ਵਿਘਨਕਾਰੀ ਹੁੰਦੇ ਹਨ।

ਉਪਰ ਜੋ ਭਾਵ ਵਰਣਨ ਹੋਏ ਹਨ ਉਹ ਵਿਦਵਾਨ ਤੇ ਸਾਧਕ ਦੋਹਾਂ ਲਈ ਸ੍ਰੀ ਕਬੀਰ ਜੀ ਦਾ ਆਸ਼ਾ ਖੋਹਲ ਗਏ ਹਨ।ਬਹੁਤੇ ਪਦ ਸ਼ਬਦ ਵਿਚ ਲਾਕਸ਼ਨਿਕ ਹੋਣ ਕਰਕੇ ਭਾਵ ਲੈਣੇ ਵਿਚ ਸੁਤੇ ਹੀ ਮਤਿ ਭੇਦ ਹੋ ਸਕਦੇ ਹਨ, ਦਾਨੇ ਵਿਦਵਾਨਾਂ ਨੇ ਇਸ ਪਰ ਡੂੰਘੀਆਂ ਵੀਚਾਰਾਂ ਕੀਤੀਆਂ ਤੇ ਕੁਛ ਕੁਛ ਯਾ ਵਿਸ਼ੇਸ਼ ਫਰਕਾਂ ਤੇ ਅਰਥ ਲਾਏ ਹਨ। ਓਹ ਸ਼ਬਦ ਦੇ ਭਾਵ ਲਭਣ ਹਿਤ ਚੰਗੇ ਸ਼੍ਰਮ ਨਾਲ ਟੋਲੇ ਤੇ ਲੱਭੇ ਗਏ ਹਨ ਇਸ ਕਰਕੇ ਅਸੀਂ ਅਗੇ ਇਕ ਨਕਸ਼ੇ ਵਿਚ ਦੇਂਦੇ ਹਾਂ ਤਾਂ ਜੋ ਉਹ ਮਿਹਨਤ ਕਾਇਮ ਰਹੇ ਅਤੇ ਅਗੋਂ ਜੋ ਹੋਰ ਖੋਜੀ ਆਉਣ ਤੇ ਹੋਰ ਹੋਰ ਵ੍ਯਾਖ੍ਯਾ ਭਾਲਣ ਤਾਂ ਉਹਨਾਂ ਨੂੰ ਪਿਛਲੇ ਦਾਨਿਆਂ ਦੇ ਕੀਤੇ ਖ਼ੋਜ਼ (ਡੂੰਘੇ ਵੀਚਾਰ) ਇਕੱਠੇ ਮਿਲ ਜਾਣ ਤੇ ਓਹ ਇਨ੍ਹਾਂ ਵਿਚ ਕੋਈ ਟੋਹ ਆਪਬੀ ਲਾਕੇ ਪਿਛੋਂ ਉਦਾਸ ਨਾ ਹੋਣ ਕਿ ਇਹ ਅਰਥ ਤਾਂ ਅੱਗੇ ਹੈਸੀ। ਉਹਨਾਂ ਦਾ ਸ਼੍ਰਮ ਬਹੁਤ ਸਾਰਾ ਬਚ ਜਾਸੀ; ਜੇ ਓਹ ਏਹ ਸਾਰੇ

ਦਾਨੇ ਟੀਕਾਕਾਰ ਵਿਦਵਾਨਾਂ ਦੀਆਂ ਇਸ ਸ਼ਬਦ ਪਰ ਡੂੰਘੀਆਂ ਵਿਚਾਰਾਂ ਦਾ ਵੇਰਵਾ:-

ਪਦ	੧. ਗਯਾਨੀ ਬਦਨ ਸਿੰਘ ਜੀ ਫਰੀਦਕੋਟ ਟੀਕੇ ਵਾਲੇ: ਸੰਪ੍ਰਦਾਈ ਅਰਥ	੧. ਗਯਾਨੀ ਬਦਨ ਸਿੰਘ ਜੀ: ੨. ਗਯਾਨੀ ਜੀ ਦੇ ਆਪਣੇ ਅਰਥ	੨. ਸ੍ਰੀ ਗਯਾਨੀ ਭਗਵਾਨ ਸਿੰਘ ਜੀ	੩. ਸ੍ਰੀ ਪੰਡਤ ਤਾਰਾ ਸਿੰਘ ਜੀ ਨਰੋਤਮ ਨਿਰਮਲ ਪੰਥ ਰਤਨ: ਚੇਤਨ ਦੇ ਚਾਰ ਭੇਦ ਮੰਨਣ ਵਾਲੇ ਵੇਦਾਂਤੀਆਂ ਦੇ ਨੁਕਤੇ*	੩. ਸ੍ਰੀ ਪੰਡਤ ਤਾਰਾ ਸਿੰਘ ਜੀ: ਕ੍ਰਿਸ਼ਨ ਮਿਸ਼ਰ ਦੇ ਪ੍ਰਬੋਧ ਚੰਦ੍ਰ ਨਾਟਕ ਵਾਂਙੂ ਪਰਵਿਰਤੀ ਨਵਿਰਤੀ ਨੂੰ ਲੈਕੇ	੪. ਸ੍ਰੀ ਸੰਤ ਸੰਪੂਰਨ ਸਿੰਘ ਜੀ	੫. ਪ੍ਰਿੰਸੀਪਲ ਜੋਧ ਸਿੰਘ ਜੀ	੬ ਗਯਾਨੀ ਨਰਾਇਣ ਸਿੰਘ ਜੀ
ਸਾਸੁ	ਅਵਿਦਯਾ	ਪਰਵਿਰਤੀ ਦੁਖ ਰੂਪ ਤੇ ਨਵਿਰਤੀ ਸੁਖ ਰੂਪ ਲੈਕੇ ਅਰਥ ਕਰਦੇ ਹਨ:- ਸ੍ਵਾਸ ਸ੍ਵਾਸ ਜੀਵਾਂ ਨੂੰ ਪ੍ਰਵਿਰਤੀ ਨੇ	ਜੀਵ ਰੂਪੀ ਕੰਨਯਾ ਦੀ ਸੱਸ ਮਾਇਆ ਹੈ (ਮਾਯਾ ਇਸਤ੍ਰੀ ਲਿੰਗ ਹੈ)।	ਜੀਵ ਦੀ ਸੱਸ ਮਾਯਾ ਹੈ ਜਿਸ ਨੇ ਜੀਵ ਨੂੰ ਦੁਖੀ ਕੀਤਾ ਹੈ।	ਮਾਇਆ- ਸ਼ਰਧਾਂ ਤੇ ਭਗਤੀ ਨੇ ਪ੍ਰਸ਼ਨ ਕੀਤਾ: ਹੇ ਨਿਰਵਿਰਤੀ ਤੇਰਾ ਕੀ ਹਾਲ ਹੈ? ਉਸ ਉੱਤਰ ਦਿੱਤਾ: ਮੈਂ ਆਪਣੇ ਮਨ ਦੀ ਮਾਂ ਮਾਇਆ ਦੀ ਦੁਖੀ ਕੀਤੀ ਹੋਈ ਹਾਂ।	ਮਾਇਆ-ਮਾਇਆ ਰੂਪੀ ਸੱਸ ਦੀ ਦੁਖੀ ਕੀਤੀ ਹੋਈ ਹਾਂ (ਸੰਸਾਰੀ ਝੰਬੇਲਿਆਂ ਵਿਚ ਫਸਕੇ) ਪਰ	ਮਾਇਆ	ਇਨ੍ਹਾਂ ਨੇ ਪੰਡਤ ਨਰੋਤਮ ਜੀ ਵਾਲੇ ਦੁਇ ਅਰਥ ਦੁਇ ਨੁਕਤਿਆਂ ਤੋਂ ਉਨ੍ਹਾਂ ਵਾਂਗੂ ਹੀ ਲਏ ਹਨ. ਵੇਰਵਿਆਂ ਅਤੇ ਵਰਣਨ ਵਿਚ ਕੁਝ ਕੁ ਫਰਕ ਹੈਨ। ਮੁੱਖ ਅਰਥ ਇਨ੍ਹਾਂ ਦਾ ਜੋ ਹੈ ਉਹ ਸੰਪ੍ਰਦਾਈ ਅਰਥਾਂ ਦੀ ਸ਼ੈਲੀ ਤੇ ਉਨ੍ਹਾਂ ਨਾਲ ਹੀ ਮਿਲਦਾ ਢੁਕਦਾ ਹੈ।
ਸਸੁਰ	ਦੇਹ ਅਧਯਾਸ	ਸ+ਸੁਰ=ਦੇਵਤਿਆਂ ਦੀ ਉਪਾਸਨਾ ਸਹਿਤ ਪ੍ਰਵਿਰਤੀ ਪਿਆਰੀ ਹੈ ਤੇ ਬਹੁਤੇ ਸਕਾਮੀ ਲੋਕ	ਅਗਯਾਨ ਪੁਲਿੰਗ ਹੈ ਤਾਂ ਤੇ ਸਹੁਰਾ	ਸ਼ੁਧ ਬ੍ਰਹਮ ਜੋ ਸਭ ਦਾ ਆਪਾ ਹੈ, ਇਸ ਕਰਕੇ ਉਸਦੀ ਪਿਆਰੀ ਹਾਂ।	ਪਰਮਾਤਮਾ- ਪਰ ਆਪਣੇ ਮਨ ਦੇ ਪਿਤਾ 'ਸਹੁਰੇ' ਦੀ ਪਿਆਰੀ ਸਾਂ, ਕਿਉਂਕਿ ਉਸ ਦੀ ਪ੍ਰਾਪਤੀ ਦਾ ਸਾਧਨ ਸਾਂ	ਮਾਇਆ ਸਬਲ ਬ੍ਰਹਮ-ਸਹੁਰਾ ਹੈ, ਜੋ ਕਰਮ ਫਲ ਪ੍ਰਦਾਤਾ ਹੈ।	ਨਿਰੰਕਾਰ	
ਜੇਠ	ਧਰਮਰਾਜ	ਪਰਮੇਸ਼ੁਰ ਦੀ ਪੂਜਾ ਤੋਂ ਡਰਦੇ ਹਨ, ਨਾਮ ਨਹੀਂ ਜਪਦੇ, ਉਹਨਾਂ ਨੇ ਪਰਵਿਰਤੀ ਨੂੰ	ਧਰਮ ਰਾਏ	ਗੁਰੂ, ਪਰ ਝੂਠਾ ਗੁਰੂ, ਜਿਸ ਨੇ ਠੱਗੀ ਕੀਤੀ, ਉਸ ਤੋਂ ਡਰਦੀ ਹਾਂ।	ਅਤੇ ਮੇਰੇ ਪਤੀ ਮਨ ਤੋਂ ਉੱਚਾ ਹੋਣ ਕਰਕੇ ਹੰਕਾਰ- ਹੰਕਾਰ ਵਡਾ ਭਰਾ ਹੈ ਉਸ ਦਾ, ਉਸ ਤੋਂ ਡਰਦੀ ਸਾਂ ਕਿ ਮਤਾਂ ਕਿ ਮਤਾਂ ਮੇਰਾ ਨਾਸ਼ ਕਰ ਦੇਵੇ, ਇਸ ਕਰਕੇ ਹੇ ਮੇਰੀ	ਕਾਲ ਹੈ ਮਾਨੋ ਜੇਠ (ਅਰਥਾਤ ਬ੍ਰਹਮੰਡੀ ਮਨ) ਇਸ ਤੋਂ ਡਰਦੀ ਹਾਂ ਅਤੇ	ਜਮਰਾਜ	
ਸਖੀ ਸਹੇਲੀ	ਸੰਤ ਜਨ	ਪਿਆਰੀ ਸਹੇਲੀ ਜਾਣਿਆ ਹੈ। ਹੁਣ ਵੀਚਾਰਕੇ ਵੀ ਦੇਖੋ ਤਾਂ ਪਰਵਿਰਤੀ ਵਿਚ	ਸੰਤ ਜਨ	ਗਯਾਨੀ ਤੇ ਜਗਯਾਸੂ	ਸ਼ਰਧਾ ਤੇ ਵਿਸ਼ਨੂ ਭਗਤੀ ਰੂਪ ਸਹੇਲੀ!	ਸਖੀ= ਇੰਦ੍ਰੀ ਬ੍ਰਿਤੀਆਂ ਸਹੇਲੀ=ਮੰਨੋ ਬ੍ਰਿਤੀਆਂ ਅਤੇ		
ਨਨਦ	ਇੰਦ੍ਰੀਆਂ	ਨ+ਅਨੰਦ=ਅਨੰਦ ਨਹੀਂ ਹੈ, ਗਹੇਲੀ=ਪਕੜਨੇ ਵਾਲੀ ਅਰਥਾਤ ਦੁਖ ਦੇਣੇ ਵਾਲੀ ਹੈ ਅਤੇ ਜੋ	ਇੰਦ੍ਰੀਆਂ	ਮਾਯਾ ਚੇਤਨ ਦੀ ਕਲਪਤ ਤਦਾਤਮ ਸੰਬੰਧ। ਅਰਥਾਤ ਚੇਤਨ ਤੇ ਮਾਯਾ ਦੀ ਸੰਧੀ।	ਕੁਬੁੱਧੀ- ਮੈਨੂੰ ਕੁਬੁੱਧੀ ਨੇ ਫੜ ਰਖਿਆ ਸੀ, ਕੁਬੁੱਧੀ ਮੇਰੇ ਪਤੀ ਮਨ ਦੀ ਮਾਨੋ ਭੈਣ ਹੈ, ਉਸ ਦੀ ਰੋਕੀ ਹੋਈ ਮੈਂ ਪਤੀ ਦੇ ਛੋਟੇ ਭਰਾ	ਨਨਦ=ਅਵਿਦਯਾ ਨੇ ਮੈਨੂੰ (ਸੁਰਤ ਨੂੰ) ਗ੍ਰਸ ਲਿਆ ਹੈ, ਪਰ ਮੈਂ	ਖੋਟੀ ਮਤਿ	
ਦੇਵਰ	ਵੈਰਾਗ	ਦੇ+ਵਰ=ਵਰਾਂ ਨੂੰ ਦੇਣ ਵਾਲਾ ਪਰਮੇਸ਼ੁਰ ਹੈ ਉਸ ਦੇ ਵਿਯੋਗ ਕਰਕੇ ਪਰਵਿਰਤੀ ਵਾਲੇ ਜਲਦੇ ਰਹਿੰਦੇ ਹਨ, ਉਨ੍ਹਾਂ ਦੀ ਬੁੱਧੀ ਮੇਰ ਤੇਰ ਵਿਚ ਬਾਵਰੀ ਹੋ ਰਹੀ ਹੈ, ਕਿਉਂਕਿ ਉਨ੍ਹਾਂ ਨੇ ਰਾਮ=ਉਪਰਾਮਤਾ ਯਾ ਨਵਿਰਤੀ ਦੇ ਸੁਖ ਨੂੰ ਵਿਸਾਰਿਆ ਹੈ।	ਵਿਚਾਰ	ਕੂਟਸਥ। ਇਸ ਗਯਾਨ ਬਿਨਾਂ ਮੈਂ ਜਲ ਰਹੀ ਸਾਂ।	ਸ਼ੁਧ ਚਿਤ-ਦੇਵਰ ਜੋ ਸ਼ੁਧ ਚਿਤ ਹੈ, ਦੇ ਵਿਛੋੜੇ ਵਿਚ ਜਲ ਰਹੀ ਸਾਂ, ਇਉਂ ਸਹੁਰਾ ਰਾਮ ਭੁੱਲ ਰਿਹਾ ਤੇ ਮੈਂ ਬਾਵਰੀ ਹੋ ਰਹੀ ਹਾਂ। ਤੁਸੀ ਦੱਸੋ ਮੈਂ ਕੀਕੁਰ ਦਾ ਜੀਵਨ ਧਾਰਨ ਕਰਾਂ?	ਦੇਉਰ= ਪਿੰਡੀ ਮਨ ਦੇ ਵਿਛੋੜੇ ਵਿਚ ਸੜਦੀ ਪਈ ਹਾਂ। ਪਿੰਡੀ ਮਨ ਹੈ ਸੁਰਤ ਦਾ ਸੰਕਲਪ ਵਿਕਲਪ ਦਾ ਮੂਲ ਕਾਰਨ। ਇਨ੍ਹਾਂ ਗੱਲਾਂ ਵਿਚ ਲੱਗੀ ਮੇਰੀ ਮਤਿ ਬਾਵਰੀ ਹੋ ਰਹੀ ਹੈ, ਹੁਣ ਕੀਕੂੰ ਜੀਵਾਂ?	ਵਿਵੇਕ	
ਸੇਜ	ਅੰਤਹਕਰਣ	ਤੇ ਕਰਮ ਏਹ ਕਰਦੇ ਹਨ ਕਿ ਸੇਜਾ ਪਰ (ਲੁਕਕੇ) ਇਸਤ੍ਰੀਆਂ ਰਮਣ ਕਰਦੇ ਹਨ ਤੇ ਹਿਰਦੇ ਵਿਚ ਸੋਚਦੇ ਹਨ ਕਿ ਨਵਿਰਤੀ ਵਾਲੇ ਮਹਾਤਮਾਂ ਨੂੰ ਅੱਖੀ ਨਾ ਦੇਖੀਏ; ਪਰ ਐਸੀ ਪਰਵਿਰਤੀ ਵਾਲੇ ਜੋ ਦੁਖ ਸਹਾਰਨਗੇ ਮੈਂ ਕਿਸ ਪਾਸ ਕਰਾਂ?	ਅੰਤਹਕਰਣ	ਅੰਤਹਕਰਣ ਵਿਚ ਸ਼ੁੱਧ ਬੁੱਧੀ ਰੂਪੀ ਨੇਤ੍ਰਾਂ ਕਰਕੇ ਨਹੀਂ ਸਾਂ ਦੇਖ ਸਕਦੀ।	ਨਿਰਵਰਤੀ-ਮੇਰਾ ਰਾਮ ਮੈਂ ਨਿਰਵਰਤੀ ਵਿਚ ਹੀ ਨਿਵਾਸ ਰਖਦਾ ਹੈ, ਪਰ ਮੈਂ ਆਪਣੇ ਨਿਰਵਿਰਤ ਸਰੂਪ ਵਿਚ ਨਾ ਰਹਿਣੇ ਕਰ ਉਸ ਨੂੰ ਦੇਖ ਨਹੀਂ ਸਕਦੀ, ਇਹ ਦੁਖ ਤੁਸਾਂ ਬਿਨ ਕਿਸ ਨੂੰ ਦੱਸਾਂ?	ਅੰਤਹਕਰਣ-ਉਂਞ ਤਾਂ ਪਤੀ ਅੰਤਹਕਰਣ ਦੀ ਸੇਜਾ ਪੁਰ ਬਿਰਾਜਮਾਨ ਹੈ, ਪਰ ਦੀਂਹਦਾ ਨਹੀਂ, ਇਹ ਦੁਖ ਕਿਸ ਨੂੰ ਸੁਣਾਵਾਂ?	ਅੰਤਹਕਰਣ	
ਬਾਪੁ ਸਾਵਕਾ=	ਸਰੀਰ ਪਹਿਲਾ	ਈਸ਼ਰ ਕੋਟੀ ਲੋਕਾ ਦਾ ਪ੍ਰਮਾਣ ਦੇਂਦਾ ਹੈ ਨਵਿਰਤੀ ਵਿਚ ਪਰਵਿਰਤੀ ਵਰਤਣ ਵਾਲਾ। ਸਾਵਕਾ=ਬਾਲਕ ਵਰਗਾ ਅਜਾਣ ਸਾਧੂ, ਉਸ ਨੂੰ ਸਮਝਾਓ ਕਿ ਭਾਈ	ਸਰੀਰ ਸੌਕਾ-ਸਰੀਰ ਨੂੰ ਪਿਆਰਨ ਕਰਕੇ ਮੰਨਿਆ ਹੈ ਇਹ ਸੌਕਾ-ਪਨ	ਈਸ਼ਰ ਜੋ ਹਿਤ ਦਾ ਉਪਦੇਸ਼ ਕਰਦਾ ਹੈ।	ਸਕਾ ਪਿਉ-ਮਹਾਤਮਾ-ਹੋਰ ਦੇਖੋ ਮੇਰਾ ਪਿਤਾ ਉਪਦੇਸ਼ ਦਾਤਾ, ਮਹਾਤਮਾ ਜਿਸ ਦੇ ਉਪਦੇਸ਼ ਨਾਲ ਮੈਂ ਪੈਦਾ ਹੋਈ ਸਾਂ, ਉਹ ਸਾਵਕਾ-ਪਹਿਲੇ ਵਾਂਗ ਹੀ, ਜਿਵੇਂ ਹੋਰਨਾਂ ਨਾਲ ਲੜਾਈ ਕਰਦਾ ਸੀ, ਮੇਰੇ ਨਾਲ ਕਰਦਾ ਹੈ, ਭਾਵ ਤਾੜਨਾ ਕਰਦਾ ਰਹਿੰਦਾ ਹੈ।	ਸਾਵਕ=ਪੁਤਰ ਦਾ ਬਾਪ=ਪਿਉ, ਅਰਥਾਤ ਮਾਯਾ ਸਬਲ ਈਸ਼੍ਵਰ ਕਰਦਾ ਹੈ ਲੜਾਈ। ਅਰਥਾਤ ਪੂਰਬਲੇ ਕੀਤੇ ਕਰਮਾਂ ਦੇ ਫਲ ਭੁਗਤੌਣ ਦੀ ਹਠ ਧਰਮੀ ਅਤੇ ਮਾਇਆ ਰੂਪੀ ਸੱਸ	ਮਤੇਆ ਪਤੀ ਸਰੀਰ	
ਮਾਇਆ	ਮਾਇਆ (ਧਨ ਪਦਾਰਥ)	ਉਨ੍ਹਾਂ ਦੀ ਮਾਇਆ ਸ਼੍ਰੇਸ਼ਟ ਮਤ ਵਾਲੀ ਹੈ=ਸਵਰੋਗ ਹੈ, ਪਰ ਤੇਰੀ ਅਲਪੱਗ ਅਵਿਦਯਾ ਉਪਾਧੀ ਵਾਲੀ ਹੈ, ਸੋ ਤੂੰ ਉਨ੍ਹਾਂ ਸਮਾਨ ਨਹੀਂ ਹੈ, ਹਾਂ ਜੇ ਤੂੰ-		ਅਵਿਦਯਾ ਰੂਪ ਮਾਯਾ	ਬੁੱਧੀ ਰੂਪੀ ਮਾਤਾ- ਜਿਸ ਬੁੱਧੀ ਵਿਚ ਮਹਾਤਮਾਂ ਦੇ ਉਪਦੇਸ਼ ਨਾਲ ਮੇਰੀ ਨਵਿਰਤੀ ਦੀ ਪੈਦਾਇਸ਼ ਹੋਈ ਸੀ, ਉਹ ਮਾਤਾ ਰੂਪੀ ਬੁੱਧੀ ਮੇਰੀ ਸੌਕਣ ਮੇਰਾ ਇਕ ਵੱਡਾ ਵੀਰ ਸੀ, ਉਹ ਸੀ-	ਮਤਵਾਲੀ, ਅਰਥਾਤ ਆਪਣੇ ਅਧੀਨ ਰਖਣ ਵਿਚ ਮਤਵਾਲੀ ਹੋਈ ਰਹਿੰਦੀ ਹੈ, ਆਤਮ ਪਤੀ ਨੂੰ ਮਿਲਣ ਨਹੀਂ ਦੇਂਦੀ, ਪਰ ਜਦੋਂ ਮੈਂ ਆਪਣੇ ਵਡੇ ਭਿਰਾਉ=	ਖੁਦਗਰਜ਼ੀ	
ਬਡੇ ਭਾਈ	ਪਰੋਖ ਗਯਾਨ	ਵਡੇ ਭਰਾ=ਸਨਕਾਦਿਕਾਂ ਦੇ ਸੰਗ ਵਿਚ ਹੋ ਜਾਵੇਂ, ਭਾਵ ਨਿਰਵਿਰਤੀ ਧਾਰਨ ਕਰੇਂ ਤਾਂ 'ਤੀਂ' ਹੇ ਜੀਵ ਰੂਪੀ ਇਸਤ੍ਰੀ! ਤੂੰ ਜਾਣ ਲੈ ਕਿ ਮੈਂ	ਵਿਚਾਰ	ਕੂਟਸਥ	ਸ਼ੁੱਧ ਸੰਕਲਪ- ਸ਼ੁੱਧ ਸੰਕਲਪ। ਜਦ ਮੈਂ ਨਵਿਰਤੀ ਸ਼ੁੱਧ ਸੰਕਲਪ ਦੇ ਨਾਲ ਹੁੰਦੀ ਸਾਂ ਤਾਂ ਮੈਂ ਗਯਾਨ ਮਯ ਹੋਕੇ ਪ੍ਰਿਯ ਸਾਂ।	ਗਯਾਨ-ਗਯਾਨ ਦੇ ਨਾਲ ਰਹਿੰਦੀ ਸਾਂ ਤਦੋਂ ਮੈਂ ਸਾਂ ਪਤੀ ਦੀ ਪਿਆਰੀ।	ਗਿਆਨ	
ਨਾਹ	ਪਰਮੇਸ਼ੁਰ	ਪਤੀ ਪਰਮੇਸ਼ੁਰ ਨੂੰ ਪਿਆਰੀ ਹੋ ਗਈ ਹਾਂ	ਪਤੀ	ਈਸ਼੍ਵਰ	ਉਨਮਨ	ਭਰਤਾ=ਰਾਮ ਦੀ ਪਿਆਰੀ ਸੋ	ਪਤੀ	
ਪੰਚ	ਪੰਜ ਕਾਮਾ-ਦਿਕਾਂ ਦਾ ਝਗੜਾ	ਕਬੀਰ ਜੀ ਕਹਿੰਦੇ ਹਨ ਕਿ ਪਰਵਿਰਤੀ ਨਵਿਰਤੀ ਦਾ ਵਿਚਾਰ ਰੂਪੀ ਝਗੜਾ, ਪੰਚ=ਸੰਤ ਜਨਾਂ ਦਾ ਕੰਮ ਹੈ, ਇਹ ਝਗੜਾ ਕਰਕੇ ਉਨ੍ਹਾਂ ਨੇ ਆਪਣਾ ਜਨਮ ਮਰਨ ਦੂਰ ਕਰ ਲਿਆ ਹੈ।	ਕਾਮ ਕ੍ਰੋਧ ਆਦਿ	ਪੰਚ ਕੋਸ਼ ਪੰਚ ਕਲੇਸ਼	ਕਾਮ ਆਦਿਕ-ਪ੍ਰਸ਼ਨ-ਕਾਰਨ ਕੀਹ ਸੀ? ਉਤਰ-ਹੇ ਸਖੀਉ! ਕਾਮਾਦਿਕ ਪੰਜਾਂ ਦੇ ਝਗੜੇ ਵਿਚ ਸਾਰੇ ਜਗਤ ਦਾ ਜਨਮ ਜਾ ਰਿਹਾ ਹੈ।	ਪੰਚ ਤੂ ਆਤਮਾ-ਇਨ੍ਹਾਂ ਪੰਜਾ ਦੇ ਝਗੜੇ+ ਵਿਚ ਬੰਧਿਆਂ ਨੇ ਆਪਣਾ ਜਨਮ ਗੁਆ ਲਿਆ ਹੈ, ਪੰਚ ਤੂ ਆਤਮਾ ਕੌਣ ਹਨ? ਪਿਛੇ ਕਹੇ: ਈਸ਼੍ਵਰ, ਮਾਯਾ, ਕਾਲ, ਅਵਿਦਯਾ ਤੇ ਮਨ।	ਪੰਜ	
ਰਾਮ	ਪਰਮੇਸ਼ੁਰ	ਰਾਮ=ਉਪਰਾਮਤਾ ਵਿਚ ਜਿਨ੍ਹਾਂ ਨੇ ਰਮਣ ਕੀਤਾ ਉਨ੍ਹਾਂ ਨੇ ਸੁਖ ਪਾਇਆ ਹੈ।	ਰਾਮ	ਰਾਮ ਨਾਮ ਵਿਚ ਰਮਦਿਆਂ।	ਪਰਮਾਤਮਾ ਵਿਚ ਰਮਣ ਕਰਕੇ	ਪਰ ਮੈਂ ਕਬੀਰ ਨੇ ਰਾਮ ਰਮਤ ਇਕ ਮਾਤ੍ਰ ਉਸ ਨੂੰ ਆਰਾਧਕੇ ਪਰਮ ਆਨੰਦ ਸੁਖ ਸਰੂਪ ਨੂੰ ਪਾ ਲਿਆ ਹੈ।		

* ਚੇਤਨ ਦੇ ਚਾਰ ਭੇਦ ਵੇਦਾਂਤ ਨੇ ਏਹ ਮੰਨੇ ਹਨ:- ਸ਼ੁੱਧ, ਈਸ਼, ਸਾਖੀ ਤੇ ਚਿਦਾਭਾਸ। + ਝਗੜਾ ਕੀਹ ਹੈ? ੧. ਈਸ਼੍ਵਰ ਕਰਮ ਫਲ ਵਰਤਾਯਾ ਚਾਹੁੰਦਾ ਹੈ। ੨ ਮਾਯਾ ਆਪਣੇ ਅਧੀਨ ਰਖਿਆ ਲੋਚਦੀ ਹੈ। ੩. ਕਾਲ (ਸੰਥਯਾ ਪੋਥੀ ਛੇਵੀਂ, ਪੰਨਾ-੩੦੦੧ ਦੇ ਸਾਹਮਣੇ) ਆਪਣੀ ਮਰਯਾਦਾ ਵਿਚ ਤੋਰਨਾ ਚਾਹੁੰਦਾ ਹੈ। ੪. ਅਵਿਦਯਾ ਆਪਣੇ ਭਰਮ ਜਾਲ ਵਿਚ ਫਸਾਈ ਰਖਣ ਦਾ ਜ਼ੋਰ ਲਾਉਂਦੀ ਹੈ। ੫ ਮਨ ਆਪਣਾ ਤੋਰਾ ਤੋਰਨ ਦਾ ਜਤਨ ਕਰਦਾ ਹੈ।

ਭਾਵ ਪੜ੍ਹ ਲੈਣਗੇ ਤੇ ਅਪਣੀ ਖ਼ੋਜ਼ ਇਨ੍ਹਾਂ ਤੋਂ ਅੱਡਰੀ ਕੋਈ ਸੁੱਝੇਗੀ ਤਾਂ ਤਾਂ ਸੁਖੀ ਹੋਣਗੇ, ਨਹੀਂ ਤਾਂ ਕੋਈ ਸ਼੍ਰਮ ਦੁਬਾਰਾ ਨਾਲ ਕਰਨਾ ਪਵੇਗਾ। [ਨਕਸ਼ਾ ਸਾਹਮਣੇ ਦਿੱਤਾ ਜਾ ਰਿਹਾ ਹੈ]।

ਨਿਰੁਕ੍ਤ-ਸਾਸੁ-[ਸੰਸ:,ਸ੍ਵਸ਼੍ਰੂ] ਸਸ । ਸਸੁਰ-] ਸੰਸ;, ਸ੍ਵਸ਼ੁਰ] ਸਹੁਰਾ।

ਜੇਠ-ਪਤੀ ਦਾ ਵਡਾ ਭਿਰਾਉ। ਨਨਦ-ਪਤੀ ਦੀ ਭੈਣ।

ਗਹੇਲੀ-ਮਸਤ। (ਅ)ਪਕੜ ਲਿਆ। ਫੜ ਰਖਿਆ ਹੈ ।

ਦੇਵਰ-ਪਤੀ ਦਾ ਛੋਟਾ ਭਿਰਾਉ। ਜਰਉ-ਸੜਦੀ ਹਾਂ, ਦੁਖੀ ਹਾਂ।

ਬਉਰੀ-ਬਾਵਲੀ,ਸ਼ੁਦਾਇਣ। ਕਿਨ ਬਿਧਿ ਰਹਨਿ ਰਹਉ- ਕਿਵੇਂ ਰਹਾਂ, ਭਾਵ ਕਿੱਵੇ ਜੀਵਨ ਬਸਰ ਕਰਾਂ। ਕਿਸ ਪ੍ਰਕਾਰ ਦੇ ਸਾਧਨ ਸੁਖੀ ਰਹਿਣ ਦੇ ਕਰਾਂ।

ਰਮਤੁ-ਰਮ ਰਿਹਾ ਹੈ, ਭਾਵ ਬਿਰਾਜ ਰਿਹਾ ਹੈ । ਵਿਦਮਾਨ ਹੈ ।

ਬਾਪੁ-ਪਿਤਾ। ਸਾਵਕਾ-(੧) ਮਤਰੇਆ। (੨) ਅ਼:, ਸਾਵਕ਼ਾ) ਪਹਿਲਾ।

(੩) [ਸੰਸ;, ਸਾਵਕ:=ਸ਼ਿਸ਼ੂ] ਬਾਲਕ। ਮਤਵਾਰੀ-ਮਤਵਾਲੀ। ਬਾਉਰੀ ਜੇਹੀ।

ਬਡੇ ਭਾਈ- ਵੇਡਾ ਭਿਰਾਉ। ਨਾਹ-ਪਤੀ।

ਪੰਚ-ਪੰਜ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ।

ਰਾਮ ਰਮਤ-ਰਾਮ ਨੂੰ ਉਚਾਰਨ ਕਰਦਿਆਂ। ਨਾਮ ਸਿਮਰਦਿਆਂ। ਇਨ੍ਹਾਂ ਪਦਾਂ ਦੇ ਲਾਕਸ਼ਨਿਕ ਅਰਥ ਸ਼ਬਦ ਦੇ ਅਰਥਾਂ ਤੇ ਵਯਾਖਯਾ ਵਿਚ ਆ ਚੁਕੇ ਹਨ ਤੇ ਗੁਣੀ ਜਨਾਂ ਦੇ ਮਤਿ ਭੇਦ ਪਿਛਲੇ ਨਕਸ਼ੇ ਵਿਚ ਆ ਚੁਕੇ ਹਨ। ਐਸੇ ਪਦ ਗੁਰੂ ਸਾਹਿਬਾਂ ਨੇ ਬੀ ਕਦੇ ਕਿਤੇ ਵਰਤੇ ਹਨ, ਉਹਨਾਂ ਦੇ ਨਮੂਨੇ ਦੋ ਚਾਰ ਹੇਠਾਂ ਦਿੱਤੇ ਜਾਂਦੇ ਹਨ। ਗੁਰੂ ਸਾਹਿਬਾਂ ਨੇ ਬੀ ਸਸ ਆਦਿ ਪਦ ਲਾਕਸ਼ਨਿਕ ਢੰਗ ਤੇ ਵਰਤੇ ਹਨ, ਉਨ੍ਹਾਂ ਦੇ ਅਰਥ ਭਾਵ ਐਉਂ ਲਗਦੇ ਹਨ:-

(੧) **ਸਾਸੁ ਬੁਰੀ ਘਰਿ ਵਾਸੁ ਨ ਦੇਵੈ ਪਿਰ ਸਿਉ ਮਿਲਣ ਨ ਦੇਇ ਬੁਰੀ॥** [ਆਸਾ ਮਹਲਾ ੧-੨੨]

ਸਾਸੁ=ਮਾਇਆ।

(੨) **ਸਾਸੁ ਦਿਵਾਨੀ ਬਾਵਰੀ ਸਿਰ ਤੇ ਸੰਕ ਟਲੀ॥** [ਰਾਮਕਲੀ ਮ: ੧, ਓਅੰਕਾਰ-੧੨]

ਸਾਸੁ=ਅਵਿਦਿਆ।

(੩) **ਸਸੂ ਤੇ ਪਿਰਿ ਕੀਨੀ ਵਾਖਿ॥ ਦੇਰ ਜੇਠਾਣੀ ਮੁਈ ਦੂਖਿ ਸੰਤਾਪਿ॥**
ਘਰ ਕੇ ਜਿਠੇਰੇ ਕੀ ਚੂਕੀ ਕਾਣਿ॥ ਪਿਰਿ ਰਖਿਆ ਕੀਨੀ ਸੁਘੜ ਸੁਜਾਣਿ॥ [ਆਸਾ ਮਹਲਾ ੫-੨]

ਸਾਸੁ=ਮਾਇਆ। ਦੇਉਰ ਜਿਠਾਣੀ=ਆਸਾ ਤ੍ਰਿਸ਼ਨਾ।

ਜਿਠੇਰਾ=ਧਰਮਰਾਜ। ਪਿਰ=ਵਾਹਿਗੁਰੂ

(੪) **ਸਾਸੁ ਵਿਰਾਇਣਿ ਨਾਨਕ ਜੀਉ ਸਸੁਰਾ ਵਾਦੀ ਜੇਠੋ ਪਉ ਪਉ ਲੂਹੇ॥**
ਹਭੇ ਭਸੁ ਪੁਣੇ ਦੇ ਵਤਨੁ ਜਾ ਮੈ ਸਜਣੁ ਤੂ ਹੈ ॥ [ਵਾਰ ਰਾਮਕਲੀ ਮ: ੫-੧੩]

ਸਸੁ=ਅਵਿਦਯਾ। ਸਸੁਰਾ=ਦੇਹ ਅਧਯਾਸ। ਜੇਠ=ਜਮ ਯਾ ਧਰਮ ਰਾਜ।

[ਆਸਾ ਕਬੀਰ ਜੀ, ਤਿਪਦਾ-੨੬]

ਪ੍ਰਾਕ੍ਥਨ-ਪਰਮਾਤਮ ਦੇਵ ਦਾ ਅੰਦਰ ਬਸ ਜਾਣਾ ਮੁਕਤੀ ਦਾ ਦਾਤਾ ਹੈ ,ਬਾਹਰੋਂ ਬਾਹਰੋਂ ਦੇ ਪਾਠ ਸਹਾਯਕ ਨਹੀਂ ਹੁੰਦੇ।

ਮੂਲ	ਅਰਥ
ਆਸਾ ॥ ਹਮ ਘਰਿ ਸੂਤੁ ਤਨਹਿ ਨਿਤ ਤਾਨਾ ਕੰਠਿ ਜਨੇਊ ਤੁਮਾਰੇ ॥ ਤੁਮ੍ ਤਉ ਬੇਦ ਪੜਹੁ ਗਾਇਤ੍ਰੀ ਗੋਬਿੰਦੁ ਰਿਦੈ ਹਮਾਰੇ ॥੧॥	(ਹੇ ਬਾਵਰੇ ਬ੍ਰਹਮਨ!) ਤੁਹਾਡੇ ਗਲੇ ਵਿਚ (ਜੋ ਮਾਸੇ ਚਾਰ ਮਾਸੇ ਦਾ) ਜਨੇਊ ਹੇ (ਸੂਤ੍ਰ ਦਾ ਹੈ, ਉਸ) ਸੂਤ੍ਰ ਦੇ ਤਾਣੇ ਦੇ ਤਾਣੇ ਸਾਡੇ ਘਰ ਪਏ ਨਿੱਤ ਤਣੀਦੇ ਹਨ। (ਹਾਂ) ਤੁਸੀਂ ਤਾਂ ਵੇਦ ਦਾ ਗਾਯਤ੍ਰੀ* ਮੰਤ੍ਰ (ਕੇਵਲ ਜੀਭ ਨਾਲ) ਪੜ੍ਹਦੇ ਹੋ, (ਪਰ) ਸਾਡੇ ਹਿਰਦੇ ਵਿਚ (ਵੱਸਦਾ) ਹੈ ਗੋਬਿੰਦ ॥੧॥
ਮੇਰੀ ਜਿਹਬਾ ਬਿਸਨੁ ਨੈਨ ਨਾਰਾਇਨ ਹਿਰਦੈ ਬਸਹਿ ਗੋਬਿੰਦਾ ॥ ਜਮ ਦੁਆਰ ਜਬ ਪੂਛਸਿ ਬਵਰੇ ਤਬ ਕਿਆ ਕਹਸਿ ਮੁਕੰਦਾ ॥ ੧ ॥ ਰਹਾਉ ॥	ਮੇਰੀ ਜੀਭ ਉਤੇ (ਵੱਸਦਾ ਹੈ) ਵਿਸ਼ਨੂੰ, (ਮੇਰੇ) ਨੈਣਾਂ ਵਿਚ (ਵੱਸਦਾ ਹੈ) ਨਾਰਾਇਣ ਤੇ ਹਿਰਦੇ ਵਿਚ ਵੱਸਦਾ ਹੈ ਗੋਬਿੰਦ। (ਪਰ ਤੂੰ ਇਸ ਪ੍ਰਕਾਰ ਦੀ ਈਸ਼੍ਵਰ ਲੱਖਤਾ ਤੋਂ ਖਾਲੀ ਹੈਂ। ਸੋ) ਜਦੋਂ (ਤੂੰ) ਜਮ ਦੁਆਰ (ਜਾ ਖੜੋਏਂਗਾ ਤੇ) ਮੁਕਤੀ ਦਾਤਾ (ਤੈਥੋਂ) ਪੁਛੇਗਾ (ਕਿ ਤੂੰ ਅੰਤਰਮੁਖ ਪ੍ਰਭੂ ਲੱਖਤਾ ਤੋਂ ਸੱਖਣਾ ਹੈਂ? ਤਾਂ) ਹੇ ਬਾਵਰੇ ਕੀਹ ਜਵਾਬ ਦੇਵੇਂਗਾ? ॥੧॥ ਰਹਾਉ ॥
ਹਮ ਗੋਰੂ ਤੁਮ ਗੁਆਰ ਗੁਸਾਈ ਜਨਮ ਜਨਮ ਰਖਵਾਰੇ ॥ ਕਬਹੂੰ ਨ ਪਾਰਿ ਉਤਾਰਿ ਚਰਾਇਹੁ ਕੈਸੇ ਖਸਮ ਹਮਾਰੇ ॥੨॥	(ਤੁਸੀਂ ਸਾਡੇ ਗੁਰੂ ਬਣ ਬਣ ਬਹਿੰਦੇ ਹੋ, ਭਲਾ ਜੇ ਮੰਨ ਲਈਏ ਕਿ) ਤੁਸੀਂ (ਸਾਡੇ) ਗੁਆਲੇ ਮਾਲਕ ਹੋ ਤੇ ਅਸੀਂ ਗਊਆਂ ਹਾਂ (ਇਉਂ ਤੁਸੀਂ ਸਾਡੇ) ਜਨਮ ਜਨਮ ਰਖਵਾਲੇ ਰਹੇ, (ਪਰ) ਕਦੀ (ਸਾਨੂੰ ਤੁਸਾਂ ਅਵਿਦਜ਼ਾ ਰੂਪੀ ਨਦੀ ਤੋਂ) ਪਾਰ ਲਿਜਾਕੇ (ਬ੍ਰਹਮਾ ਨੰਦ ਰੂਪੀ ਘਾਹ) ਨਹੀਂ ਚਰਾਇਆ, ਤੁਸੀਂ ਸਾਡੇ ਮਾਲਕ ਕੈਸੇ ਹੋ? ॥੨॥
ਤੂੰ ਬਾਮ੍ਨੁ ਮੈ ਕਾਸੀਕ ਜੁਲਹਾ ਬੂਝਹੁ ਮੋਰ ਗਿਆਨਾ ॥ ਤੁਮ੍ ਤਉ ਜਾਚੇ ਭੂਪਤਿ ਰਾਜੇ ਹਰਿ ਸਉ ਮੋਰ ਧਿਆਨਾ ॥੩॥੪॥੨੬॥	ਤੂੰ ਤਾਂ ਬ੍ਰਹਮਣ ਹੈਂ ਤੇ ਮੈਂ ਕਾਸ਼ੀ ਦਾ ਜੁਲਾਹਾ ਹਾਂ, ਮੈਂ (ਜੁਲਾਹੇ) ਦਾ ਗਜ਼ਾਨ ਬੁੱਝ। ਤੂੰ ਤਾਂ (ਸਾਰੀ ਉਮਰ) ਪ੍ਰਿਥਵੀਪਤਿ ਰਾਜਿਆਂ ਦੇ (ਦੁਆਰੇ) ਮੰਗਦਾ ਰਿਹਾ (ਪਰ) ਮੇਰਾ ਧਜ਼ਾਨ ਪ੍ਰਭੂ ਵਿਚ ਲਗ ਰਿਹਾ ਹੈ ॥੩॥੪॥ ੨੬॥

ਵਜ਼ਾਖਜ਼ਾ- ਕਿਸੇ ਪੰਡਿਤ ਨੇ ਕੋਈ ਕੁਤਰਕ ਕੀਤੀ ਹੈ ਕਿ ਕਬੀਰ ਤੂੰ ਜੁਲਾਹਾ ਸ਼ੂਦ੍ਰ ਹੈਂ, ਤੈਨੂੰ ਯਗਜ਼ੋਪਵੀਤ ਪ੍ਰਾਪਤ ਨਹੀਂ, ਤੈਨੂੰ ਗਾਯਤ੍ਰੀ ਮੰਤ੍ਰ ਦਾ ਅਧਿਕਾਰ ਨਹੀਂ, ਤੂੰ ਕੀਕੂੰ ਭਗਤ ਤੇ ਸ੍ਵਾਂਗੀ ਤੇ ਆਗੂ ਬਣ ਬੈਠਾ ਹੈਂ। ਉਸ ਦਾ ਉੱਤਰ ਦਿਤਾ ਨੇ ਕਿ ਜਿਸ ਦੋ ਚਾਰ ਮਾਸੇ ਸੂਤ੍ਰ ਦੇ ਜਨੇਊ ਦਾ ਤੂੰ ਅਭਿਮਾਨ ਕਰਦਾ ਹੈਂ ਉਸ ਸੂਤ੍ਰ ਦੇ ਤਾਣੇ ਸਾਡੇ ਘਰ ਨਿਤ ਤਣਦੇ ਰਹਿੰਦੇ ਹਨ। ਜੇ ਦੋ ਚਾਰ ਮਾਸੇ ਸੂਤ ਕਲਜ਼ਾਣ ਕਰ ਸਕਦਾ ਹੈ ਤਾਂ ਸਾਡੀ ਤਾਂ ਪਰਮ ਕਲਜ਼ਾਣ ਹੋਈ ਪਈ ਹੈ। ਫੇਰ ਜਿਸ ਗਾਯਤ੍ਰੀ ਮੰਤ੍ਰ ਦੇ ਪੜ੍ਹਨ ਮਾਤ੍ਰ ਦਾ ਤੈਨੂੰ ਅਭਿਮਾਨ ਹੈ ਉਸ ਗਾਯਤ੍ਰੀ ਮੰਤ੍ਰ ਵਿਚ ਜਿਸ ਪ੍ਰਕਾਸ਼ ਸਰੂਪ ਗੋਬਿੰਦ ਦੇ ਧਜ਼ਾਨ ਦੀ ਯਾਚਨਾ ਕੀਤੀ ਹੈ, ਉਹ ਗੋਬਿੰਦ ਸਾਡੇ ਹਿਰਦੇ ਵਿਚ ਵੱਸਦਾ ਹੈ। ਗੋ=ਬਾਣੀ, ਵਿੰਦ=ਜਾਣਨੇ ਵਾਲਾ। ਸਾਰੀ ਪਰ ਅਪਰ ਬਾਣੀ ਯਾ ਵੇਦ ਬਾਣੀ ਦੇ ਜਾਣਨੇ ਵਾਲਾ ਗੋਬਿੰਦ ਸਾਡੇ ਅੰਦਰ ਵੱਸਦਾ ਹੈ। ਇਸ ਵਿਚ ਪੰਡਿਤ ਦੇ ਮੇਹਣੇ ਦਾ ਉੱਤਰ ਦੇ ਰਹੇ ਹਨ ਕਿ ਗਾਯਤ੍ਰੀ ਦਾ ਲਖਜ਼ ਪ੍ਰਭੂ, ਗਾਯਤ੍ਰੀ ਜਿਸ ਵੇਦਾਂ ਦਾ ਇਕ ਮੰਤ੍ਰ ਹੈ ਉਸ ਨੂੰ ਹੀ ਨਹੀਂ ਸਾਰੀ ਪਰ ਅਪਰ ਬਾਣੀ ਦੇ ਜਾਣਨ ਵਾਲਾ ਜੋ ਪ੍ਰਭੂ ਹੈ ਓਹ ਸਾਡੇ

*ਗਾਯਤ੍ਰੀ ਰਿਗਵੇਦ ਦਾ ਮੰਤ੍ਰ ਹੇ, ਵਿਸ਼ਵਾਮਿੱਤ੍ਰ ਨਾਲ ਸੰਬੰਧਤ ਹੈ। ਉਹ ਇਹ ਹੈ:-

" तत्सवितु`र्वरेणय भर्गो देवस्य धीमहि "

ਅੰਦਰ ਵੱਸ ਰਿਹਾ ਹੈ। ਫਿਰ ਦੱਸਦੇ ਹਨ ਕਿ ਉਹ ਗੋਬਿੰਦ ਮੇਰੇ ਅੰਦਰ ਜੋ ਵੱਸ ਰਿਹਾ ਹੈ, ਉਹ 'ਨਾਮ' ਹੋਕੇ ਮੇਰੀ ਰਸਨਾ ਤੇ ਬੀ ਵੱਸ ਰਿਹਾ ਹੈ, ਉਹ ਮੇਰੇ ਨੈਣਾਂ ਵਿਚ ਬ੍ਰਹਮ ਦ੍ਰਿਸ਼ਟੀ ਹੋਕੇ ਵੱਸ ਰਿਹਾ ਹੈ। ਇਹ ਅਵਸਥਾ ਮੁਕੰਦ ਅਵਸਥਾ ਹੈ, ਅਰਥਾਤ ਮੁਕਤੀ ਦੀ ਅਵਸਥਾ ਹੈ; ਭਾਵ ਅਸੀਂ ਜੀਉਂਦੇ ਜੀ ਮੁਕਤੀ ਨੂੰ ਪ੍ਰਾਪਤ ਹਾਂ, ਪਰ ਤੂੰ ਜਦ ਜਮ ਦੁਆਰ ਜਾਏਂਗਾ ਤੇ ਓਥੇ ਮੁਕਤੀ ਮੰਗੇਗਾਂ ਤਾਂ ਮੁਕਤੀ ਦਾਤਾ ਪੁੱਛੇਗਾ ਕਿ ਤੂੰ ਤਾਂ ਵਾਸ਼ਨਾਂ ਤ੍ਰਿਸ਼ਨਾਂ ਵਿਚ ਫਾਥਾ ਆਇਆ ਹੈਂ ਤੇਰੀ ਮੁਕਤੀ ਕਿਉਂ ਹੋਵੇ? ਉਸ ਵੇਲੇ ਕੀਹ ਜਵਾਬ ਦੇਵੇਂਗਾ?

ਹੋ ਸਕਦਾ ਹੈ ਪੰਡਿਤ ਨੇ ਕਿਹਾ ਹੋਵੇ ਕਿ ਤੈਨੂੰ ਲੋਕੀਂ 'ਸੁਆਮੀ' ਤੇ 'ਗੋ ਸੁਆਮੀ' ਐਵੇਂ ਕਹਿੰਦੇ ਹਨ, 'ਗੋ ਸੁਆਮੀ' ਅਸੀਂ ਹਾਂ। ਉਸ ਦਾ ਜਵਾਬ ਕਬੀਰ ਜੀ ਮਖ਼ੌਲ ਨਾਲ ਦੇਂਦੇ ਹਨ ਕਿ ਮੰਨ ਲਓ ਤੁਸੀਂ ਸਾਡੇ ਖਸਮ ਹੋ, ਪਰ ਕੈਸੇ ਖਸਮ ਹੋ? ਜੀਕੂੰ ਗੁਆਲਾ ਗਊਆਂ ਦਾ ਹੁੰਦਾ ਹੈ, ਦੁੱਧ ਤਾਂ ਚੋ ਲੈਂਦਾ ਹੈ ਪਰ ਰੜਿਆਂ ਵਿਚ ਘਾਹ ਚਰਾਉਂਦਾ ਹੈ, ਕਦੇ ਨਦੀ ਪਾਰਲੇ ਸਰਵੇ ਘਾਹਾਂ ਦੀ ਮਲਗੁਜ਼ਾਰ ਵਿਚ ਨਹੀਂ ਲੈ ਜਾਂਦਾ। ਇਸ਼ਾਰਾ ਇਹ ਹੈ ਕਿ ਸਾਨੂੰ ਸੁਆਮੀ ਹੋਕੇ ਉਹ ਸਿਖਯਾ ਦੇਂਦੇ ਹੋ ਕਿ ਤੁਹਾਡੇ ਚੇਲੇ ਬਣੇ ਰਹੀਏ ਤੇ ਜਨਮ ਮਰਨ ਦੇ ਰੜੇ ਵਿਚ ਰੁਲਦੇ ਰਹੀਏ, ਕਦੇ ਸੰਸਾਰ ਤੋਂ ਪਾਰਲੇ ਮੁਕਤੀ ਦੇ ਖੇਤ ਵਿਚ ਨਾ ਜਾਵੀਏ! ਜਨਮ ਜਨਮ ਰਖਵਾਲੇ ਕਹਿਕੇ ਇਹ ਗੁੱਝਾ ਉਲਾਂਭਾ ਦਿਤਾ ਹੈ ਕਿ ਰਖਵਾਲੇ ਤਾਂ ਹਰ ਜਨਮ ਰਹੇ ਹੋ ਪਰ ਜਨਮ ਮਰਨ ਸਾਡਾ ਨਹੀਂ ਜੇ ਮਿਟਣ ਦਿਤਾ, ਜਨੇਊ ਤੇ ਵਾਹਯ ਪਾਠ ਮਾਤ੍ਰ ਗਾਯਤ੍ਰੀ ਆਦਿ ਵਿਚ ਪਾ ਪਾਕੇ ਭਗਤੀ ਤੇ ਗਯਾਨ ਵਿਚ ਕਦੇ ਨਹੀਂ ਜੇ ਜਾਣ ਦਿਤਾ।

ਤੁਸੀਂ ਆਪ ਗਾਯਤ੍ਰੀ ਜੈਸੀ ਸ਼ੈ ਪੜ੍ਹ ਪੜ੍ਹਕੇ ਈਸ਼੍ਵਰ ਦੇ ਦਰ ਦੇ ਯਾਚਕ ਨਾ ਬਣੇ, ਰਾਜਿਆਂ ਦੇ ਬੂਹਿਆਂ ਦੇ ਮੰਗਤੇ ਬਣੇ ਰਹੇ। ਅਸੀਂ ਨਾਮ ਸਿਮਰਕੇ ਗੋਬਿੰਦ ਰਿਦੇ ਵਸਾਕੇ ਹਿਰਦੇ ਪ੍ਰਭੂ ਤੇ ਸਰਬ ਓਰ ਬ੍ਰਹਮ ਦ੍ਰਿਸ਼ਟੀ ਪ੍ਰਾਪਤ ਕਰਕੇ ਤਰ ਗਏ ਹਾਂ, ਤੁਸੀਂ ਵਾਸਨਾ ਤ੍ਰਿਸ਼ਨਾ ਵਿਚ ਫਸੇ ਰਾਜ ਦੁਆਰਿਆਂ ਦੇ ਯਾਚਕ ਹੀ ਰਹੇ।

ਨਿਰੁਕ੍ਤ-ਸੂਤੁ- ਸੂਤ੍ਰ, ਸੂਤ। ਤਾਨਾਂ-ਤਾਣੀ। ਸੂਤਰ ਦੀ ਤਾਣੀ।

ਗਾਇਤ੍ਰੀ -[ਸੰਸ:, ਗਾਯਤ੍ਰੀ] ਇਹ ਇਕ ਵੇਦ ਦਾ ਮੰਤ੍ਰ ਹੈ, ਵਿਸ਼੍ਵਾ ਮਿੱਤ੍ਰ ਦਾ ਉਚਾਰਿਤ ਹੈ ਜਿਸ ਦਾ ਮਤਲਬ ਇਸ ਤਰ੍ਹਾਂ ਸ਼ੁਰੂ ਹੁੰਦਾ ਹੈ:-

ਜੋ ਸੂਰਜ ਦੇਵਤਾ ਸਭ ਨੂੰ ਜਿਵਾਲਦਾ ਹੈ (ਅਤੇ) ਦੁਖਾਂ ਤੋਂ ਛੁਡਾਉਂਦਾ ਹੈ ਪ੍ਰਕਾਸ਼ ਸਰੂਪ ਹੈ, ਬੇਨਤੀ ਕਰਨ ਯੋਗ ਹੈ, ਪਾਪ ਨਾਸ਼ਕ ਹੈ, ਜੋ ਬੁੱਧੀਆਂ ਨੂੰ ਪ੍ਰੇਰਦਾ ਹੈ, ਉਸ ਦਾ ਅਸੀਂ ਧਯਾਨ ਧਰਦੇ ਹਾਂ।

ਗੋਬਿੰਦੁ-ਗੋ=ਬਾਣੀ। ਵਿੰਦੁ=ਜਾਣਨੇ ਵਾਲਾ।

ਮੁਕੰਦਾ- [ਸੰਸ:, ਮੁਕੁੰਦ: = ਵਿਸ਼ਨੂੰ ਦਾ ਨਾਮ] ਮੁਕੰਦ ਨਾਮ ਮੁਕਤੀ ਦਾਤੇ ਦਾ ਹੈ। ਮੁਕੰਦ ਨਾਮ ਈਸ਼੍ਵਰ ਦਾ ਹੈ। (ਅ) ਏਥੇ ਮੁਕੰਦਾ ਦਾ ਕੰਨਾ ਸੰਬੋਧਨ ਵਿਚ ਲੈਕੇ ਅਕਸਰ ਦਾਨੇ ਇਹ ਸੈਨਤ ਸਮਝਦੇ ਰਹੇ ਹਨ ਕਿ ਉਹ ਪੰਡਿਤ, ਜਿਸ ਨਾਲ ਚਰਚਾ ਸੀ, ਉਸ ਦਾ ਨਾਮ ਸੀ ਮੁਕੰਦਾ ਤੇ ਉਸ ਨੂੰ ਕਹਿ ਰਹੇ ਹਨ ਕਿ ਹੇ ਮੁਕੰਦੇ! 'ਤਬ ਕਿਆ ਕਹਸਿ' ਦੇ ਮਗਰੋਂ 'ਮੁਕੰਦਾ' ਪਦ ਆਉਣ ਕਰਕੇ ਇਹ ਅਰਥ ਢੁੱਕ ਬੀ ਜਾਂਦੇ ਹਨ, ਜਮ ਦੁਆਰ ਤੇ ਪੁੱਛਣ ਵਾਲਾ ਧਰਮ ਰਾਜ ਹੋਣਾ ਹੈ। ਪਰ ਕਈ ਵੇਰ ਗੁਰਬਾਣੀ ਵਿਚ 'ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ'*, ਬੀ ਆਇਆ ਹੈ। ਇਸ ਕਰਕੇ ਵਿਦਵਾਨਾਂ ਨੇ 'ਮੁਕੰਦਾ' ਨੂੰ ਪੂਛਸਿ ਦਾ ਕਰਤਾ ਕਾਰਕ ਮੰਨਿਆ ਹੈ।

ਗੋਰੂ-ਗਊਆਂ। ਗੁਆਰ-ਗੁਆਲ= ਗੋਪਾਲ । ਗੁੱਜਰ।

*ਵਾਰ ਰਾਮਕਲੀ ਮਹਲਾ ੧-੧੩

ਗੁਸਾਈ- ਗੋ ਸੁਾਮੀ, ਗਊਆਂ ਦਾ ਮਾਲਕ। ਮਾਲਕ। ਸਤਿਕਾਰ ਯੋਗ ਵਜ਼ਕਤੀ।

ਜੁਲਹਾ-ਜੁਲਾਹਾ। ਭੂਪਤਿ-ਪ੍ਰਿਥਵੀ ਦੇ ਮਾਲਕ। ਮੋਰ -ਮੇਰਾ।

[ਆਸਾ ਕਬੀਰ ਜੀ, ਤਿਪਦਾ-੨੭]

ਮੂਲ	ਅਰਥ
ਆਸਾ ॥ ਜਗਿ ਜੀਵਨੁ ਐਸਾ ਸੁਪਨੇ ਜੈਸਾ ਜੀਵਨੁ ਸੁਪਨ ਸਮਾਨੰ ॥ ਸਾਚੁ ਕਰਿ ਹਮ ਗਾਠਿ ਦੀਨੀ ਛੋਡਿ ਪਰਮ ਨਿਧਾਨੰ ॥੧॥	ਜਗਤ ਵਿਚ ਜੋ ਜੀਵਨ (ਬਸਰ ਹੋ ਰਿਹਾ ਹੈ ਇਹ) ਐਸਾ ਹੈ ਜੈਸੇ ਸੁਪਨਾ ਹੁੰਦਾ ਹੈ (ਭਾਵ ਛਿਨ ਭੰਗਰ ਹੈ; ਸਚਮੁਚ ਇਹ) ਜੀਵਨ ਸੁਪਨੇ ਸਮਾਨ ਹੈ।(ਪਰ) ਅਸਾਂ (ਇਸ ਸੁਪਨ ਸਮਾਨ ਜੀਵਨ ਨੂੰ) ਸੱਚਾ ਕਰਕੇ (ਮਨ ਵਿਚ) ਗੰਢ ਦੇ ਰਖੀ ਹੈ (ਭਾਵ ਇਸ ਨੂੰ ਦ੍ਰਿੜ ਕਰਕੇ ਸੱਚਾ ਮੰਨ ਰਖਿਆ ਹੈ, ਅਤੇ ਨਾਮ ਰੂਪੀ) ਵੱਡੇ ਖ਼ਜ਼ਾਨੇ ਨੂੰ ਛੋੜ ਰਖਿਆ ਹੈ॥੧॥
ਬਾਬਾ ਮਾਇਆ ਮੋਹ ਹਿਤੁ ਕੀਨੑ ॥ ਜਿਨਿ ਗਿਆਨੁ ਰਤਨੁ ਹਿਰਿ ਲੀਨੑ ॥੧॥ ਰਹਾਉ ॥	ਹੇ ਬਾਬਾ! ਅਸਾਂ ਮਾਇਆ ਅਤੇ ਮੋਹਾਂ ਨਾਲ ਪਿਆਰ ਕੀਤਾ ਹੈ, ਜਿਸ (ਪਿਆਰ) ਨੇ (ਸਾਡਾ) ਗਜਾਨ (ਰੂਪੀ) ਰਤਨ ਚੁਰਾ ਲਿਆ ਹੈ॥੧॥
ਨੈਨ ਦੇਖਿ ਪਤੰਗੁ ਉਰਝੈ ਪਸੁ ਨ ਦੇਖੈ ਆਗਿ ॥ ਕਾਲ ਫਾਸ ਨ ਮੁਗਧੁ ਚੇਤੈ ਕਨਿਕ ਕਾਮਿਨਿ ਲਾਗਿ ॥੨॥	(ਜਿਵੇਂ) ਪਤੰਗਾ ਨੈਣਾਂ ਦੇ ਦੇਖਣ (ਮਾਤ੍ਰ) ਨਾਲ (ਦੀਵੇ ਦੀ ਲਾਟ ਵਿਚ) ਫਸ ਜਾਂਦਾ ਹੈ, (ਪਰ) ਪਸ਼ੂ ਨਹੀਂ ਦੇਖਦਾ (ਸਮਝਦਾ ਕਿ ਇਹ ਸਾੜ ਦੇਣੇ ਵਾਲੀ) ਅੱਗ ਹੈ। (ਤਿਵੇਂ) ਮੂਰਖ ਆਦਮੀ ਸੋਨੇ ਤੇ ਇਸਤ੍ਰੀ ਵਿਚ ਲੱਗਾ ਹੋਇਆ ਕਾਲ ਦੀ ਫਾਹੀ ਨੂੰ (ਚੇਤਦਾ=) ਯਾਦ ਨਹੀਂ ਕਰਦਾ॥੨॥
ਕਰਿ ਬਿਚਾਰੁ ਬਿਕਾਰ ਪਰਹਰਿ ਤਰਨ ਤਾਰਨ ਸੋਇ ॥ ਕਹਿ ਕਬੀਰ ਜਗਜੀਵਨੁ ਐਸਾ ਦੁਤੀਅ ਨਾਹੀ ਕੋਇ ॥੩॥੫॥੨੭॥	(ਹੇ ਮੂਰਖ ਇਨਸਾਨ !) ਵਿਕਾਰਾਂ ਨੂੰ ਛੱਡ ਤੇ ਵੀਚਾਰ ਕਰ (ਕਿ ਇਹ ਛਿਨ ਭੰਗਰ ਹਨ ਤੇ) ਉਹ (ਪ੍ਰਭੂ ਸੰਸਾਰ ਸਾਗਰ ਤੋਂ) ਤਾਰਨ ਵਾਲਾ ਤਰਨ (=ਜਹਾਜ਼) ਹੈ। ਕਹਿੰਦਾ ਹੈ ਕਬੀਰ (ਕਿ ਉਹ) 'ਜਗਤ ਜੀਵਨ' (ਪ੍ਰਭੂ) ਐਸਾ ਹੈ (ਕਿ ਉਸ ਜੈਸਾ) ਦੂਸਰਾ ਹੋਰ ਕੋਈ ਨਹੀਂ॥੩॥੫॥੨੭॥

ਵਜਾਖਜਾ- ਇਸ ਸ਼ਬਦ ਵਿਚ ਸੰਸਾਰ ਦੇ ਜੀਵਨ ਨੂੰ ਛਿਨ ਭੰਗਰ ਦੱਸਕੇ ਸਚੇ ਜਗਿ ਜੀਵਨ ਰੂਪ ਪ੍ਰਭੂ ਦੀ ਅਰਾਧਨਾ ਵੱਲ ਪ੍ਰੇਰਿਆ ਹੈ। 'ਜਗਿ' ਦੇ 'ਗ' ਨੂੰ ਸਿਆਰੀ ਹੋਣ ਕਰਕੇ ਇਸ ਦਾ ਤਾਂ ਅਰਥ ਹੈ: - ਜਗਤ ਵਿਚ ਦਾ ਜੀਵਨ। ਭਾਵ ਇਨਸਾਨ ਦਾ ਜਗਤ ਨੂੰ ਸਤਿ ਸਮਝ ਕੇ ਗ਼ਾਫ਼ਲੀ ਦਾ ਜੀਵਨ ਬਸਰ ਹੋ ਰਿਹਾ ਹੈ। ਅਖੀਰਲੀ ਸਤਰ ਵਿਚ ਜੋ ਪਦ ਹੈ 'ਜਗੁ ਜਵੀਨ' ਉਥੇ 'ਜਗ' ਦੇ 'ਗ' ਨੂੰ ਔਂਕੁੜ ਹੈ, ਉਸਦਾ ਅਰਥ ਹੈ 'ਜਗਤ ਜੀਵਨ' =ਪ੍ਰਭੂ ਜੋ ਜਗਤ ਜੀਵਨ ਹੈ। ਸਾਰਾ ਜਗਤ ਜਿਸਦੇ ਦਿੱਤੇ ਨਾਲ ਜੀ ਰਿਹਾ ਹੈ। 'ਜਗਿ ਜੀਵਨ' ਤੇ 'ਜਗੁ ਜੀਵਨ' ਦਾ ਇਕੋ ਅਰਥ='ਅਕਾਲ ਪੁਰਖ' ਨਹੀਂ ਹੈ।

ਫਿਰ ਜੋ 'ਜੀਵਨੁ ਸੁਪਨ ਸਮਾਨੰ' ਕਿਹਾ ਹੈ, ਅਕਸਰ ਦਾਨੇ ਇਸ ਦਾ ਭਾਵ ਸਮਝਦੇ ਹਨ ਕਿ 'ਅਸਲੀ ਜੀਵਨ ਨੂੰ ਸੁਪਨ ਸਮਾਨੰ' ਸਮਝਿਆ ਜਾਂਦਾ ਹੈ। ਇਸ ਵਿਚ ਕਟਾਖਜ ਤਾਂ ਸੁਹਣਾ ਹੈ ਪਰ 'ਸਾਚੁ ਕਰਿ ਹਮ ਗਾਠਿ ਦੀਨੀ' ਫਿਕਰਾ ਦੱਸਦਾ ਹੈ ਕਿ 'ਜੀਵਨੁ ਸੁਪਨ ਸਮਾਨੰ' ਦਾ ਫਿਕਰਾ ਹੀ ਜਾਰੀ ਹੈ। ਕਿ 'ਸੁਪਨ ਸਮਾਨ ਜੀਵਨ' ਜੋ ਹੈ ਉਸ ਨੂੰ ਅਸਾਂ' ਸੱਚਾ ਕਰਕੇ ਮੰਨ ਰਖਿਆ ਹੈ।

ਰਹਾਉ ਵਾਲੇ ਵਾਕ ਨੂੰ ਸ੍ਰੀ ਕਬੀਰ ਜੀ ਨੇ ਬਸੰਤ ਰਾਗ ਵਿਚ ਹੋਰ ਤਰ੍ਹਾਂ ਦੁਹਰਾਇਆ ਹੈ। ਯਥਾ:-

ਇਸ ਤਨ ਮਨ ਮਧੇ ਮਦਨ ਚੋਰ॥ ਜਿਨਿ ਗਿਆਨ ਰਤਨੁ ਹਿਰਿ ਲੀਨ ਮੋਰ॥

[ਬਸੰਤ ਕਬੀਰ ਜੀ-੫]

ਇਥੇ ਮਨ ਤੇ ਤਨ ਵਿਚ 'ਕਾਮ' ਚੋਰ ਦੱਸਿਆ ਹੈ, ਜੋ ਗਿਆਨ ਰਤਨ ਚੁਰਾ ਲੈਂਦਾ ਹੈ; ਆਸਾ ਰਾਗ ਵਾਲੇ ਵਾਕ ਵਿਚ ਮਾਇਆ ਮੋਹ ਦਾ ਹਿਤ ਕਰਕੇ ਵਿਸ਼ਾਲ ਕਰ ਦਿਤਾ ਹੈ ਪਰ ਅੰਕ ੨ ਵਿਚ ਇਸ ਮਾਇਆ ਮੋਹ ਦੇ ਭਾਵ ਵਿਚ ਸੋਨਾ ਤੇ ਇਸਤ੍ਰੀ ਲਿਆਕੇ ਕਾਮ ਵਾਲਾ ਭਾਵ ਸ਼ਾਮਲ ਕਰ ਲਿਆ ਹੈ। ਚੇਤਨਾ ਇਹ ਕਰਾਈ ਹੈ ਕਿ ਭੰਬਟ ਨੂੰ ਜੇ ਸਮਝ ਹੋਵੇ ਕਿ ਲਾਟ ਅੱਗ ਹੈ ਤੇ ਸਾੜ ਦੇਂਦੀ ਹੈ ਤਦ ਕਦੇ ਨਾ ਲਾਗੇ ਢੁੱਕੇ। ਉਹ ਉਸਦੇ ਪ੍ਰਕਾਸ਼ ਰੂਪ ਤੇ ਮੋਹਿਤ ਹੋਕੇ ਮਰਦਾ ਹੈ; ਤਿਵੇਂ ਇਨਸਾਨ ਇਸਤ੍ਰੀ ਤੇ ਸੋਨੇ ਦੀ ਮਨ ਮੋਹਣਤਾ ਤੇ ਮਰਦੇ ਹਨ, ਨਹੀਂ ਸਮਝਦੇ ਕਿ ਇਸ ਪਜਾਰ ਦਾ ਅੰਤ ਕਾਲ ਦੀ ਫਾਹੀ ਹੈ। ਕਾਲ ਦੀ ਫਾਹੀ ਤੋਂ ਮੁਰਾਦ ਮੌਤ ਮਾਤ੍ਰ ਦੀ ਨਹੀਂ ਪਰ ਕਾਲ ਚੱਕ੍ਰ ਤੋਂ ਹੈ, ਵਾਸ਼ਨਾ ਤ੍ਰਿਸ਼ਨਾ ਦਾ ਬੱਧਾ ਜੀਵ ਜੰਮਦਾ ਮਰਦਾ ਰਹਿੰਦਾ ਹੈ, ਕਾਲ ਚੱਕ੍ਰ ਤੋਂ ਬਾਹਰ ਨਹੀਂ ਨਿਕਲਦਾ।

ਅੰਕ ੩ ਵਿਚ ਸਪਸ਼ਟ ਉਪਦੇਸ਼ ਹੈ ਕਿ ਵਿਕਾਰ ਸਾਰੇ ਛੱਡ ਦੇਹ, ਉਪਰ ਕਹੀ ਸਾਰੀ ਗਲ ਤੇ ਵਿਚਾਰ ਕਰਕੇ ਪ੍ਰਭੂ ਦੀ ਚਰਨੀ ਲਗ, ਜੋ ਸੰਸਾਰ ਸਾਗਰ ਤੋਂ ਤਾਰਨੇ ਵਾਲਾ ਬੋਹਿਥਾ ਹੈ। ਪਰ ਉਹ ਇਕੋ ਇਕ ਅਦੁਤੀ ਪ੍ਰਭੂ ਹੈ, ਦੁਤੀਆ ਹੈ ਨਹੀਂ ਤੇ ਉਹੀ ਜਗਤ ਜੀਵਨ ਹੈ। ਉਸ ਜਗਤ ਜੀਵਨ ਨੂੰ ਪਜਾਰ ਕਰੋ ਤਾਂ ਤੁਹਾਨੂੰ ਸਦੈਵੀ ਜੀਵਨ ਪ੍ਰਾਪਤ ਹੋਵੇ।

ਨਿਰੁਕ੍ਤ-ਗਾਠਿ ਦੀਨ੍ਹੀ- ਗੰਢ ਦਿੱਤੀ। ਦ੍ਰਿੜ ਨਿਸਚਾ ਕਰ ਲਿਆ।

ਨਿਧਾਨੰ-[ਸੰਸ:,] ਖ਼ਜ਼ਾਨਾ। ਭਾਵ ਪ੍ਰਭੂ।

ਪਤੰਗੁ-ਭੰਬਟ। ਉਰਝੈ-ਫਸਦਾ ਹੈ।

ਪਸੁ-ਪਸ਼ੂ, ਭਾਵ ਮੂਰਖ। ਮੁਗਧੁ-ਮੂਰਖ, ਅਜਾਣ।

ਕਨਿਕ-[ਸੰਸ:, ਕਨਕੰ] ਸੋਨਾ। ਕਾਮਿਨਿ-[ਸੰਸ:, ਕਾਮਿਨੀ] ਇਸਤ੍ਰੀ

ਪਰਹਰਿ-ਤਿਆਗ। ਛਡ। ਤਰਨ-[ਸੰਸ:, ਤਰਣ:] ਜਹਾਜ।

ਤਾਰਨ- [ਸੰਸ:, ਤਾਰਣ:] ਤਾਰਨੇ ਵਾਲਾ। ਦੁਤੀਆ- ਦੂਜਾ।

[ਆਸਾ ਕਬੀਰ ਜੀ, ਤਿਪਦਾ-੨੮]

ਮੂਲ	ਅਰਥ
ਆਸਾ ॥ ਜਉ ਮੈ ਰੂਪ ਕੀਏ ਬਹੁਤੇਰੇ ਅਬ ਫੁਨਿ ਰੂਪੁ ਨ ਹੋਈ ॥ ਤਾਗਾ ਤੰਤੁ ਸਾਜੁ ਸਭੁ ਥਾਕਾ ਰਾਮ ਨਾਮ ਬਸਿ ਹੋਈ ॥੧॥	ਜੇ ਮੈਂ (ਅਗਜ਼ਾਨ ਵੱਸ ਹੋਕੇ ਅਗੇ) ਕਈ ਰੂਪ ਧਾਰਣ ਕੀਤੇ ਸਨ, ਹੁਣ (ਮੈਥੋਂ) ਮੁੜਕੇ (ਹੋਰ) ਰੂਪ ਨਹੀਂ ਧਾਰਨ ਕੀਤਾ ਜਾਣਾ, (ਕਿਉਂਕਿ) ਤੰਤੀ ਸਾਜ਼* ਦਾ ਤਾਰ (ਪ੍ਰਬੰਧ†) ਸਾਰਾ ਰਹਿ ਚੁਕਾ ਹੈ (ਕਾਰਣ ਇਹ ਹੋਇਆ ਹੈ ਕਿ ਮੇਰੀ ਸੁਰਤ) ਰਾਮ ਨਾਮ ਦੇ ਵੱਸ ਵਿਚ ਹੋ ਗਈ ਹੈ॥੧॥
ਅਬ ਮੋਹਿ ਨਾਚਨੋ ਨ ਆਵੈ ॥ ਮੇਰਾ ਮਨੁ ਮੰਦਰੀਆ ਨ ਬਜਾਵੈ ॥੧॥ ਰਹਾਉ ॥	ਹੁਣ ਮੈਨੂੰ (ਦੂਸਰੇ ਦੇ ਵਜਾਏ ਢੋਲਕ ਦੀਆਂ ਗਤਾਂ ਨਾਲ) ਨੱਚਣਾ ਨਹੀਂ ਆਉਂਦਾ, (ਤੇ ਕਿਸੇ ਹੋਰ ਨੂੰ ਨਚਾਉਣ ਵਾਸਤੇ ਬੀ) ਮੇਰਾ ਮਨ ਢੋਲਕ ਨਹੀਂ ਵਜਾਉਂਦਾ॥੧॥ ਰਹਾਉ॥

*ਤੰਤੁ ਸਾਜੁ=ਤੰਦੀ ਦਾ ਸਾਜ਼। ਸਾਰੰਗੀ ਆਦਿ।

† ਤਾਗਾ=ਧਾਗੇ, ਤਾਰਾਂ। ਤੰਤੀ ਸਾਜ਼ ਦੀਆਂ ਤਰਬਾਂ ਤੇ ਵਡੀਆਂ ਤਾਰਾਂ ਦੇ ਸਾਰੇ ਪ੍ਰਬੰਧ ਤੋਂ ਭਾਵ ਹੈ।

ਕਾਮੁ ਕ੍ਰੋਧੁ ਮਾਇਆ ਲੈ ਜਾਰੀ ਤ੍ਰਿਸਨਾ ਗਾਗਰਿ ਫੂਟੀ ॥ ਕਾਮ ਚੋਲਨਾ ਭਇਆ ਹੈ ਪੁਰਾਨਾ ਗਇਆ ਭਰਮੁ ਸਭੁ ਛੂਟੀ ॥੨॥

[ਹੁਣ ਸਪਸ਼ਟ ਪਦਾਂ ਵਿਚ ਭਾਵ ਖੋਹਲਦੇ ਹਨ:] (ਕਿ ਹੁਣ) ਕਾਮ ਕ੍ਰੋਧ ਰੂਪੀ ਮਾਇਆ* ਮੈਂ) ਸਾੜ ਘੱਤੀ ਹੈ (ਜਿਸ ਤ੍ਰਿਸ਼ਨਾ ਦੇ ਬੱਧੇ ਨਟ ਲੋਕ ਨਾਚ ਨੱਚਦੇ ਹਨ ਉਹ ਮੇਰੀ) ਤ੍ਰਿਸ਼ਨਾ ਦੀ ਗਾਗਰ ਹੀ ਫੁੱਟ ਗਈ ਹੈ। (ਨਟ ਅਨੇਕ ਪੁਸ਼ਾਕਾਂ ਪਹਿਨਕੇ ਰੂਪ ਵਟਾਉਂਦੇ ਹਨ, ਸੋ ਮੇਰਾ) ਕਾਮਨਾ ਦਾ ਚੋਲਾ ਪੁਰਾਣਾ ਹੋ ਗਿਆ ਹੈ (ਭਾਵ ਹੁਣ ਸਕਾਮ ਕਾਮਨਾਂ ਨਹੀਂ ਫੁਰਦੀਆਂ), ਸਾਰਾ ਭਰਮ ਫੁਟ ਹੀ ਗਿਆ ਹੈ ॥ ੨ ॥

ਸਰਬ ਭੂਤ ਏਕੈ ਕਰਿ ਜਾਨਿਆ ਚੂਕੇ ਬਾਦ ਬਿਬਾਦਾ ॥ ਕਹਿ ਕਬੀਰ ਮੈ ਪੂਰਾ ਪਾਇਆ ਭਏ ਰਾਮ ਪਰਸਾਦਾ ॥੩॥੬॥੨੮॥

ਸਾਰੇ ਜੀਵਾਂ ਨੂੰ† ਇਕੋ ਕਰਕੇ ਜਾਣਿਆ ਹੈ (ਭਾਵ ਸਾਰੇ ਜੀਵਾਂ ਵਿਚ ਇਕੋ ਪ੍ਰਭੂ ਨੂੰ ਵਜਾਪਕ ਡਿੱਠਾ ਹੈ) ਝਗੜੇ ਤੇ ਬਿਰਥਾ ਬਹਿਸਾਂ‡ ਛੁਟ ਗਈਆਂ ਹਨ। ਕਹਿੰਦੇ ਹਨ ਕਬੀਰ ਜੀ ਮੈਂ ਪੂਰਾ (ਪ੍ਰਭੂ) ਪਾ ਲਿਆ ਹੈ (ਤੇ ਪਾਯਾ ਹੈ ਉਸੇ) ਪ੍ਰਭੂ ਦੀ ਕ੍ਰਿਪਾ ਦੁਆਰਾ§ ॥ ੩ ॥ ੬ ॥ ੨੮ ॥

ਵਜਾਖਜਾ- ਜਗਤ ਦੇ ਜੀਵਾਂ ਨੂੰ ਜਗ ਜੀਵਨ ਦਾਤਾ ਜੋ ਇਕੋ ਹੈ ਤੇ ਅਦੁਤੀ ਹੈ ਉਸ ਦੀ ਪ੍ਰਾਪਤੀ ਦਾ ਉਪਦੇਸ਼ ਦੇਕੇ ਉਸੇ ਦੀ ਕ੍ਰਿਪਾ ਨਾਲ ਜਿਸ ਪੂਰਨ ਪਦ ਤੇ ਆਪ ਅੱਪੜੇ ਹਨ ਉਸ ਦਾ ਕੁਛ ਵੇਰਵਾ ਦੱਸਦੇ ਹਨ।

ਰਹਾਉ ਤਕ ਤਾਂ ਪਦ ਓਹ ਵਰਤੇ ਹਨ, ਜਿਨ੍ਹਾਂ ਦੇ ਅਰਥ ਲਾਕਸ਼ਣਿਕ ਹੀ ਲਗਦੇ ਹਨ। ਰਹਾਉ ਤੋਂ ਮਗਰੋਂ, ਮਾਇਆ, ਗਾਗਰਿ, ਚੋਲਣਾ ਪਦਾਂ ਦੇ ਅਰਥ ਭਾਵ ਆਪ ਦੇਈ ਜਾਂਦੇ ਹਨ। ਅੰਕ ਤਿੰਨ ਵਿਚ ਪਰਮ ਪਦ ਦਾ ਸਰੂਪ ਸਪਸ਼ਟ ਪਦਾਂ ਵਿਚ ਵਰਣਨ ਕਰਦੇ ਹਨ।

'ਰੂਪ ਕੀਏ' ਦਾ ਭਾਵ ਹੈ ਬਹੁਰੂਪੀਏ ਵਾਙੂ ਯਾ ਨਟ ਵਾਙੂ ਰੂਪ ਬਦਲਣੇ। ਭਾਵ ਹੈ ਮੁੜ ਮੁੜ ਜਨਮ ਧਾਰਨੇ। ਜੇ ਇਹ ਭਾਵ ਲਈਏ ਕਿ ਇਸੇ ਜਨਮ ਵਿਚ ਕਬੀਰ ਜੀ ਕਦੇ ਸੰਨਜਾਸੀ ਕਦੇ ਬੈਰਾਗੀ ਕਦੇ ਜੋਗੀ ਆਦਿ ਵੇਸ ਧਾਰਨ ਕਰਦੇ ਰਹੇ ਹਨ ਤਾਂ ਢੁੱਕਦਾ ਨਹੀਂ, ਕਿਉਂਕਿ ਕਬੀਰ ਜੀ ਪਲੇ ਤਾਂ ਮੁਸਲਮਾਨ ਜੁਲਾਹੇ ਦੇ ਘਰ, ਪਰ ਸ੍ਰੀ ਰਾਮਾਨੰਦ ਜੀ ਵੈਸ਼ਨਵ ਦੇ ਚੇਲੇ ਚੜ੍ਹਦੀ ਜੁਆਨੀ ਵਿਚ ਹੀ ਬਣ ਗਏ ਸਨ। ਸੋ ਆਪ ਦੇ ਕੋਈ ਹੋਰ ਮਤ ਯਾ ਭੇਖ ਧਾਰਨ ਦੀ ਕੋਈ ਸਾਖ ਨਹੀਂ ਮਿਲਦੀ।

ਸ਼ਬਦ ਦੀ ਬ੍ਰਿਤੀ ਦਾ ਰੁਖ ਬੀ ਅੰਤ੍ਰੀਵ ਅਰਥਾਂ ਵਿਚ ਹੈ ਇਸ ਕਰਕੇ ਦਾਨੇ 'ਰੂਪਕੀਏ' ਦਾ ਭਾਵ ਜਨਮ ਧਾਰਨਾ ਲੈਂਦੇ ਹਨ। ਸੋ ਪਹਿਲੀ ਤੁਕ ਵਿਚ ਫੁਰਮਾ ਰਹੇ ਹਨ ਕਿ ਮੇਰਾ ਜਨਮ ਮਰਨ ਮੁੱਕ ਚੁਕਾ ਹੈ। ਇਸ ਭਾਵ ਨੂੰ ਵਰਣਨ ਕਰ ਰਹੇ ਹਨ ਰਾਸ ਧਾਰੀਆਂ ਦੇ ਨਾਟਕ ਕਰਨ ਦਾ ਰੂਪਕ ਲੈਕੇ, ਉਨ੍ਹਾਂ ਦੇ ਪਦਾਂ ਵਿਚ।

ਸਤਰ ਦੂਜੀ - 'ਤਾਗਾ ਤੰਤੁ'- ਪਹਿਲੋਂ ਉਨ੍ਹਾਂ ਦਾ ਤੰਤੀ ਸਾਜ਼ ਲੈਂਦੇ ਹਨ, ਗਾਲਬਨ ਸਾਰੰਗੀ ਤੋਂ ਮੁਰਾਦ ਹੈ, ਉਸਦਾ ਤਾਰਾਂ ਤਰਬਾਂ ਦਾ ਸਾਰਾ ਠਾਠ ਥੱਕ ਗਿਆ, ਭਾਵ ਨਿਕੰਮਾ ਹੋ ਗਿਆ ਹੈ। ਤੰਤੀ ਸਾਜ਼ਾਂ ਦਾ ਤੰਤ ਪ੍ਰਬੰਧ ਅਕਸਰ 'ਤੰਦੀ' ਦਾ ਹੁੰਦਾ ਸੀ ਜੋ ਪੁਰਾਣਾ ਹੋਕੇ ਨਿਕੰਮਾ ਹੋ ਜਾਇਆ ਕਰਦਾ ਸੀ। ਤਾਗਾ ਤੋਂ ਮੁਰਾਦ ਧਾਗੇ ਦੀ ਨਹੀਂ ਪਰ ਤਾਰ ਤਰਬਾਂ ਦਾ ਪ੍ਰਬੰਧ ਹੈ। 'ਤੰਤੁ ਸਾਜੁ'= ਤੰਦੀ ਵਾਲਾ ਸਾਜ, ਭਾਵ ਸਾਰੰਗੀ। ਸਾਰੰਗੀ ਦਾ ਤਾਰ ਤਰਬ ਦਾ ਸਾਰਾ ਪ੍ਰਬੰਧ ਕੁਛ ਨਿਕੰਮਾ ਹੋ ਗਿਆ ਹੈ। ਇਸ ਦਾ ਭਾਵ ਦਾਨੇ ਲੈਂਦੇ ਹਨ ਤਾਗਾ=ਮੋਹ। ਤੰਤ=ਵਾਸ਼ਨਾ। ਮੋਹ ਤੇ ਵਾਸ਼ਨਾ ਖੈ ਹੋ ਚੁਕੀਆਂ ਹਨ।

'ਨਾਚਨੋ ਨ ਆਵੈ' - ਜੂਨਾ ਵਿਚ ਫਿਰਨਾ ਨਹੀਂ ਆਉਂਦਾ । ਕਈ ਦਾਨੇ ਇਸ ਦਾ ਭਾਵ

* ਨਟ ਯਾ ਰਾਸਧਾਰੀਏ ਜਿਨਾਂ ਚੀਜ਼ਾਂ ਨੂੰ ਚਿਹਰੇ ਤੇ ਮਲਕੇ ਗੋਰੇ ਕਾਲੇ ਬਣਦੇ ਹਨ, ਉਸ ਨੂੰ ਮਾਇਆ ਆਖਦੇ ਸਨ।

† ਭੂਤ-ਜੀਵਾਂ ਨੂੰ। ‡ ਬਾਦ=ਝਗੜੇ। ਬਿਬਾਦ=ਫਜ਼ੂਲ ਬਹਿਸਾਂ। § ਪਰਸਾਦਾ=ਕ੍ਰਿਪਾ ਦੁਆਰਾ।

ਲੈਂਦੇ ਹਨ ਕਿ ਹੁਣ ਸਕਾਮ ਕਰਮਾਂ ਵਿਚ ਮੈਂ ਨਹੀਂ ਫਸਦਾ। ਯਾ ਪ੍ਰਵਿਰਤੀ ਦੀਆਂ ਮਨੋ ਰੰਜਕ ਫਸੌਤੀਆਂ ਵਿਚ ਮੈਂ ਨਹੀਂ ਫਸਦਾ।

ਮੰਦਰੀਆ ਇਕ ਪ੍ਰਕਾਰ ਦਾ ਢੋਲਕ। ਇਸ ਤੋਂ ਮੁਰਾਦ ਦ੍ਵੈਤ ਦੀ ਲਈਦੀ ਹੈ। ਯਾ, ਅਪਣੀ ਪ੍ਰਸਿਧੀ ਲਈ ਕਿ ਮੈਂ ਬੜਾ ਸੰਤ ਹਾਂ ਕਿਸੇ ਰੌਲੇ ਪੁਆਉਣ ਦੀ ਲੋੜ ਨਹੀਂ ਰਹੀ। ਯਾ ਮੇਰਾ ਮਨ ਅਭਿਮਾਨੀ ਗੱਪਾਂ ਹੁਣ ਨਹੀਂ ਮਾਰਦਾ।

ਅੰਕ ੨ ਵਿਚ ਸਪਸ਼ਟ ਦੱਸਿਆ ਹੈ ਕਿ ਕਾਮ ਕ੍ਰੋਧ ਦੂਰ ਹੋ ਗਿਆ ਹੈ, ਇਸ ਦਾ ਭਾਵ ਹੈ ਕਿ ਪੰਜੇ ਮਹਾਂ ਬਲੀ ਵੱਸ ਹੋ ਗਏ ਹਨ। ਤ੍ਰਿਸ਼ਨਾ ਦੂਰ ਹੋ ਗਈ ਹੈ। 'ਕਾਮ ਚੋਲਨਾ' ਤੋਂ ਮਤਲਬ 'ਕਾਮ' ਦਾ ਨਹੀਂ ਪਰ 'ਕਾਮਨਾ' ਦਾ ਹੈ, ਕਿ ਕਾਮਨਾ ਹੀ ਰਹਿ ਚੁਕੀਆਂ ਹਨ, ਕਿਉਂਕਿ ਭਰਮ ਦੂਰ ਹੋ ਗਿਆ ਹੈ, ਭਰਮ ਨਵਿਰਤੀ ਦੇ ਮਗਰੋਂ ਕਾਮਨਾ ਫੁਰਨ ਦੀ ਲੋੜ ਹੀ ਕੋਈ ਨਹੀਂ ਰਹਿੰਦੀ। ਇਹ ਤਾਂ ਦੱਸੇ ਪਰਮਾਰਥ ਦੇ ਵਿਘਨਕਾਰੀ ਯਾ ਓਹ ਸਾਮਾਨ ਜਿਨ੍ਹਾਂ ਦੇ ਹੁੰਦਿਆਂ ਜਨਮ ਮਰਨ ਬਣਿਆਂ ਰਹਿੰਦਾ ਸੀ, ਕਿ ਓਹ ਸਾਰੇ ਨਸ਼ਟ ਹੋ ਗਏ ਹਨ। ਹੁਣ ਅੰਕ ੩ ਵਿਚ ਵਿਧੀ ਪਖ ਦੀ ਗਲ ਦੱਸਦੇ ਹਨ ਕਿ ਇਕ ਤਾਂ ਵਾਹਿਗੁਰੁ, ਜੋ ਸਾਰੇ ਪਰੀਪੂਰਨ ਦੇਵ ਹੈ,ਮਿਲ ਪਿਆ ਹੈ; ਉਸ ਨੂੰ ਪ੍ਰਾਪਤ ਕਰਨ ਨਾਲ ਇਹ ਦ੍ਰਿਸ਼ਟੀ ਖੁਲ੍ਹ ਗਈ ਹੈ, ਕਿ ਸਾਰੇ ਜੀਵ ਉਸੇ ਵਿਚ ਹਨ, ਉਸੇ ਦੇ ਸਾਜੇ ਹਨ, ਉਸੇ ਦਾ ਰੂਪ ਹਨ, ਇਹ ਹੈ ਭਾਵ 'ਸਰਬ ਭੂਤ ਏਕੈ ਕਰਿ ਜਾਨਿਆ' ਦਾ।

ਇਹ ਕੁਛ ਤਯਾਗ ਤੇ ਆਤਮ ਪ੍ਰਾਪਤੀ ਅਪਣੇ ਮੂੰਹੋਂ ਕਹਿਕੇ ਕਬੀਰ ਜੀ ਇਸ ਗਲ ਦਾ ਪ੍ਰਬੰਧਬੀ ਕਰਦੇ ਹਨ ਕਿ ਕਿਤੇ ਇਤਨਾ ਯਥਾਰਥ ਵਾਕ ਕਹਿਣਾ ਬੀ ਅਹੰਕਾਰ ਦੀ ਲੇਸ਼ ਵਾਲਾ ਨਾ ਹੋ ਜਾਵੇ, ਫੁਰਮਾਉਂਦੇ ਹਨ ਕਿ ਇਹ ਸਭ ਕ੍ਰਿਛ ਰਾਮ ਨਾਮ ਦੀ ਕ੍ਰਿਪਾ ਦਾ ਫਲ ਹੈ।

ਨਿਰੁਕ੍ਤ—ਵ੍ਯਾਖ੍ਯਾ ਵਿਚ ਸਾਰੇ ਪਦ ਖੁੱਲ੍ਹ ਗਏ ਹਨ।

[ਆਸਾ ਕਬੀਰ ਜੀਉ, ਤਿਪਦਾ-੨੯]

ਪ੍ਰਾਕ੍ਕਥਨ—ਪਿਛਲੇ ਪਿਛਲੇਰੇ ਸ਼ਬਦ ੨੬ ਵਿਚ, ਜੈਸਾ ਕਿ 'ਹਮ ਘਰਿ ਸੂਤੁ ਤਨਹਿ ਨਿਤ ਤਾਨਾ' ਹਿੰਦੂਆਂ ਨੂੰ ਸਮਝਾਇਆ ਸੀ। ਇਸ ਸ਼ਬਦ ਵਿਚ ਮੁਸਲਮਾਨਾਂ ਨੂੰ ਸਮਝਾਕੇ 'ਹਿੰਦੂ ਤੁਰਕ ਦੁਹੂੰ ਮਹਿ ਏਕੈ' ਕਹਿਕੇ ਸਮ ਦ੍ਰਿਸ਼ਟਾ ਹੋਣ ਦਾ ਉਪਦੇਸ਼ ਦੇਂਦੇ ਹਨ।

ਮੂਲ	ਅਰਥ
ਆਸਾ ॥ ਰੋਜਾ ਧਰੈ ਮਨਾਵੈ ਅਲਹੁ ਸੁਆਦਤਿ ਜੀਅ ਸੰਘਾਰੈ ॥ ਆਪਾ ਦੇਖਿ ਅਵਰ ਨਹੀ ਦੇਖੈ ਕਾਹੇ ਕਉ ਝਖ ਮਾਰੈ ॥੧॥	(ਹੇ ਕਾਜ਼ੀ ! ਤੂੰ) ਰੋਜ਼ਾ (=ਬ੍ਰਤ) ਰਖਦਾ ਹੈਂ,(ਤੇ ਪੰਜ ਨਿਮਾਜ਼ਾਂ ਪੜ੍ਹਕੇ) ਅੱਲਾ ਨੂੰ ਪ੍ਰਸੰਨ ਕਰਦਾ ਹੈਂ, (ਪਰ ਜੀਭ ਦੇ) ਸੁਆਦ ਦੇ ਮਗਰ ਲਗਾ ਹੋਇਆ (ਉਸ ਅੱਲਾ ਦੇ ਸਾਜੇ ਜੀਉਂਦੇ) ਜੀਆਂ ਨੂੰ ਕੋਂਹਦਾ ਹੈਂ। (ਦੇਖ ਜਿਕੂੰ ਤੂੰ ਆਪਣੇ ਆਪ ਨੂੰ (ਪਿਆਰਾ) ਵੇਖਦਾ ਹੈਂ (ਇਸ ਤਰ੍ਹਾਂ) ਹੋਰਨਾਂ ਨੂੰ ਨਹੀਂ ਦੇਖਦਾ (ਭਾਵ ਤੈਨੂੰ ਆਪਣੀ ਜਿੰਦ ਪਿਆਰੀ ਲਗਦੀ ਹੈ, ਜੇ ਦੂਸਰਿਆਂ ਦੀ ਜਿੰਦ ਬੀ ਉਸੀ ਤਰ੍ਹਾਂ ਪਿਆਰੀ ਲਗਦੀ ਤਾਂ) ਤੂੰ ਕਿਉਂ ਝਖਾਂ* ਮਾਰਦਾ॥੧॥

* ਝਖ ਪਦ ਵਿਚ ਸ਼ਲੇਖ ਹੈ। 'ਝਖ' ਨਾਮ ਮੱਛੀ ਦਾ ਬੀ ਹੈ ਤੇ ਝਖ ਮਾਰਨਾ=ਭੈੜਾ ਕੰਮ ਕਰਨਾ ਬੀ ਹੈ। ਤੂੰ ਕਿਉਂ ਐਸਾ ਮਾੜਾ ਕੰਮ ਕਰਦਾ ਕਿ ਜੀਵਾਂ ਨੂੰ ਬਣਾਉਂਦਾ ਤਾਂ ਹੈ ਰਬ ਤੇ ਮਾਰਦਾ ਹੈ ਜੀਵ।

ਕਾਜੀ ਸਾਹਿਬੁ ਏਕੁ ਤੋਹੀ ਮਹਿ ਤੇਰਾ ਸੋਚਿ ਬਿਚਾਰਿ ਨ ਦੇਖੈ ॥ ਖਬਰਿ ਨ ਕਰਹਿ ਦੀਨ ਕੇ ਬਉਰੇ ਤਾ ਤੇ ਜਨਮੁ ਅਲੇਖੈ ॥੧॥ ਰਹਾਉ ॥

ਹੇ ਕਾਜ਼ੀ! (ਸਭ ਦਾ) ਮਾਲਕ ਇਕੋ ਹੈ, (ਉਹ ਹੈ ਤਾਂ) ਤੇਰੇ ਵਿਚ ਬੀ, (ਪਰ ਉਸਨੂੰ) ਸੋਚ ਵਿਚਾਰ ਕੇ (ਤੂੰ) ਦੇਖਦਾ ਨਹੀਂ*। (ਹੇ) ਦੀਨ ਦੇ (ਤਅੱਸਬ ਵਿਚ) ਬਾਵਰੇ ਹੋ ਗਏ (ਕਾਜ਼ੀ! ਤੂੰ ਇਸ ਅਸਲੀਅਤ ਦੀ ਤੇ ਸਮਦ੍ਰਿਸ਼ਟੀ ਦੀ) ਸੋਝੀ ਨਹੀਂ ਕਰਦਾ, ਇਸ ਕਰਕੇ (ਤੇਰਾ) ਜਨਮ ਹੀ ਬਿਰਥਾ ਜਾ ਰਿਹਾ ਹੈ॥੧॥ ਰਹਾਉ॥

ਸਾਚੁ ਕਤੇਬ ਬਖਾਨੈ ਅਲਹੁ ਨਾਰਿ ਪੁਰਖੁ ਨਹੀ ਕੋਈ ॥ ਪਢੇ ਗੁਨੇ ਨਾਹੀ ਕਛੁ ਬਉਰੇ ਜਉ ਦਿਲ ਮਹਿ ਖਬਰਿ ਨ ਹੋਈ ॥੨॥

(ਤੇਰੀਆਂ ਧਰਮ) ਪੁਸਤਕਾਂ ਆਖਦੀਆਂ ਹਨ: "ਅੱਲਾ ਸੱਚ ਹੈ, ਉਹ ਨਾ ਇਸਤ੍ਰੀ ਹੈ ਨਾ ਪੁਰਖ ਹੈ"। ਹੇ ਬਾਵਰੇ! ਪੜ੍ਹ ਗੁੜ੍ਹ ਲੈਣ ਨਾਲ ਕੁਛ ਨਹੀਂ (ਬਣਦਾ) ਜਦ ਤਕ ਦਿਲ ਨੂੰ ਕੋਈ ਸੋਝੀ ਨਾ ਪਵੇ॥੨॥

ਅਲਹੁ ਗੈਬੁ ਸਗਲ ਘਟ ਭੀਤਰਿ ਹਿਰਦੈ ਲੇਹੁ ਬਿਚਾਰੀ ॥ ਹਿੰਦੂ ਤੁਰਕ ਦੁਹੂੰ ਮਹਿ ਏਕੈ ਕਹੈ ਕਬੀਰ ਪੁਕਾਰੀ ॥੩॥੭॥੨੯॥

ਅੱਲਾ ਸਾਰਿਆਂ ਦਿਲਾਂ ਵਿਚ (ਵੱਸਦਾ) ਹੈ, (ਪਰ) ਗੁਪਤ (ਵਰਤਦਾ ਹੈ, ਇਹ ਗੱਲ) ਦਿਲ ਵਿਚ ਵਿਚਾਰ ਲੈ (ਕੀ ਠੀਕ ਹੈ ਕਿ ਨਾ?) ਕਬੀਰ ਤਾਂ ਪੁਕਾਰ ਕੇ ਕਹਿ ਰਿਹਾ ਹੈ ਕਿ ਹਿੰਦੂ ਤੁਰਕ ਦੋਹਾਂ ਵਿਚ ਇਕੋ (ਹੀ ਅੱਲਾ ਵਰਤ ਰਿਹਾ) ਹੈ॥੩॥੭॥੨੯॥

ਵ੍ਯਾਖ੍ਯਾ - ਜਾਪਦਾ ਹੈ ਕਿ ਕਿਸੇ ਕਾਜ਼ੀ ਨਾਲ ਵਿਚਾਰ ਹੋ ਰਹੀ ਹੈ ਉਸ ਨੇ ਕੁਛ ਕਰੜੇ ਵਾਕਾਂ ਵਿਚ ਦੀਨ ਦੀ ਹੈਂਕੜ ਦੇ ਵਾਕ ਕਹੇ ਹਨ ਤੇ ਰਬ ਜੀ ਦੇ ਕੋਈ ਕੁਰਾਨੀ ਗੁਣ ਕਥਨ ਕੀਤੇ ਹਨ। ਕਬੀਰ ਜੀ ਜਵਾਬ ਵਿਚ ਉਸ ਨੂੰ ਬਾਵਰਾ ਕਹਿਕੇ ਸਮੋਧ ਕਰਦੇ ਹਨ। 'ਬਾਵਰੇ' ਤੋਂ ਭਾਵ ਹੈ ਜੋ ਅਪਣੀ ਗਲ ਨੂੰ ਆਪਣੇ ਅਮਲ ਯਾ ਵਰਤਾਉ ਨਾਲ ਰੱਦ ਕਰੇ ਤੇ ਵੀਚਾਰ ਕੇ ਨਾ ਦੇਖੇ ਕਿ ਕਿਤੇ ਉੱਕ ਰਿਹਾ ਹਾਂ।

ਪਹਿਲੀ ਗਲ ਕਹਿੰਦੇ ਹਨ ਕਿ ਤੂੰ ਰੋਜ਼ੇ ਰਖਦਾ ਹੈਂ ਤੇ ਦੱਸਦਾ ਹੈਂ ਕਿ ਅੱਲਾ ਦਾ ਹੁਕਮ ਹੈ ਤੇ ਉਸ ਨੂੰ ਖੁਸ਼ ਕਰਨ ਵਾਸਤੇ ਰੋਜ਼ੇ ਰੱਖਦਾ ਹਾਂ। ਪਰ ਉਸ ਦੇ ਸਾਜੇ ਜੀਵਾਂ ਨੂੰ ਮਾਰਦਾ ਹੈਂ ਤੇ ਮਾਰਦਾ ਹੈਂ ਜੀਭ ਦੇ ਚਸਕੇ ਲਈ, ਕਿ ਤੈਨੂੰ ਮਾਸ ਸੁਆਦ ਲਗਦਾ ਹੈ।

ਫੇਰ ਤੂੰ ਜਿਕੂੰ ਅਪਣੇ ਆਪੇ ਨੂੰ ਪਿਆਰਾ ਦੇਖਦਾ ਹੈ ਤਾਂ ਸਭ ਜੀਵ ਅਪਣੇ ਆਪ ਨੂੰ ਪਿਆਰਾ ਜਾਣਦੇ ਹਨ, ਤੂੰ ਉਹਨਾਂ ਦੇ ਆਪੇ ਨੂੰ ਕਿਉਂ ਨਹੀਂ ਪਿਆਰਾ ਦੇਖਦਾ। ਜੀਵਾਂ ਦੇ ਸਰੀਰ ਕੱਟਕੇ ਮਾਸ ਖਾਂਦਾ ਹੈਂ, ਅਪਣਾ ਸਰੀਰ ਕੱਟ ਕੇ ਕਿਉਂ ਨਹੀਂ ਖਾਦਾ, ਯਾ ਹੋਰਨਾਂ ਨੂੰ ਨਹੀਂ ਖੁਆਉਂਦਾ। ਅਥਵਾ ਨਾ ਮੁਸਲਮਾਂ ਨੂੰ ਕਿਉਂ ਫਤਵੇ ਲਾ ਲਾ ਮਰਵਾਉਂਦਾ ਹੈ, ਉਹਨਾਂ ਵਿਚ ਬੀ ਤੇਰੇ ਵਰਗੀ ਜਾਨ ਹੈ ਤੇ ਅੱਲਾ ਦੇ ਬਣਾਏ ਹੋਏ ਹਨ। ਇਸ ਪ੍ਰਕਾਰ ਦੇ ਇਸ਼ਾਰੇ ਇਸ ਤੁਕ ਵਿਚ ਹੈਨ।

ਰਹਾਉ-ਹੇ ਕਾਜ਼ੀ! ਮਾਲਕ (ਖ਼ੁਦਾ) ਇਕੋ ਹੈ, ਉਹ ਠੀਕ ਤੇਰੇ ਵਿਚ ਹੈ ਤੇ ਤੇਰਾ ਹੈ, ਪਰ ਤੂੰ ਸੋਚ ਵਿਚਾਰ ਕੇ ਨਹੀਂ ਦੇਖਦਾ ਕਿ ਤੇਰੇ ਵਾਙੂ ਉਹ ਸਭ ਵਿਚ ਹੈ ਤੇ ਸਭ ਦਾ ਹੈ। ਇਸ ਕਰਕੇ ਤੇਰਾ ਜਨਮ ਹੀ ਕਿਸੇ ਲੇਖੇ ਨਹੀਂ, ਭਾਵ ਬਿਰਥਾ ਹੈ।

ਅੰਕ ੨ - ਦੇਖ ਤੇਰੀ ਕਿਤਾਬ (ਭਾਵ ਕੁਰਾਣ ਆਦਿ) ਅੱਲਾ ਨੂੰ 'ਸਚ' (ਹੱਕ) ਵਰਣਨ ਕਰਦੀਆਂ ਹੈਨ, ਤੇ ਦੱਸਦੀਆਂ ਹਨ ਕਿ ਓਹ ਅੱਲਾ ਇਕੋ ਹੈ, ਇਸਤ੍ਰੀ ਪੁਰਖ ਆਦਿ ਫਰਕਾਂ ਵਾਲਾ ਬੀ ਨਹੀਂ ਹੈ। ਤੂੰ ਠੀਕ ਪੜ੍ਹ ਗੁੜ੍ਹ ਤਾਂ ਇਹ ਗੱਲਾਂ ਲੈਂਦਾ ਹੈ, ਚਰਚਾ ਵਾਦ ਲਈ ਸਿਆਣਾ ਹੋ ਜਾਂਦਾ ਹੈ ਪਰ ਤੇਰੇ

---

* ਭਾਵ ਗਯਾਨ ਦੁਆਰਾ ਉਸਨੂੰ ਲਖਦਾ ਨਹੀਂ, ਐਉਂ ਬੀ ਭਾਵ ਲੈਂਦੇ ਹਨ ਕਿ ਕੀਹ ਖ਼ੁਦਾ ਤੇਰੇ ਵਿਚ ਹੀ ਹੈ ਤੇ ਉਹ ਸਾਰਾ ਤੇਰਾ ਹੀ ਹੈ।

ਦਿਲ ਨੂੰ ਸੋਝੀ ਕੋਈ ਨਹੀਂ ਪੈਂਦੀ। ਭਾਵ ਤੇਰਾ ਅਨੁਭਵ ਨਹੀਂ ਖੁੱਲ੍ਹਦਾ, ਸੋ ਜਦ ਤਕ ਦਿਲ ਦਾ ਅਨੁਭਵ ਨਾ ਖੁੱਲ੍ਹੇ ਪੜ੍ਹ ਗੁੜ ਲੈਣ ਦਾ ਕੋਈ ਲਾਭ ਨਹੀਂ ਹੈ।

ਅੰਕ ੩- ਹੁਣ ਹੀ ਸੋਝੀ ਕਰ, ਪੜ੍ਹੇ ਸੁਣੇ ਉਪਰ ਦਿਲ ਵਿਚ ਵੀਚਾਰ ਕਰ ਤੇ ਦੇਖ ਕਿ ਅੱਲਾ ਸਾਰੇ ਦਿਲਾਂ ਵਿਚ ਵੱਸਦਾ ਹੈ ਤੇ ਓਥੇ ਵੱਸਦਾ ਗੁਪਤ ਵਰਤਦਾ ਹੈ, ਕਿਸੇ ਦਿਲ ਵਿਚ ਵੱਧ ਘੱਟ ਨਹੀਂ ਵਰਤਦਾ। ਫੇਰ ਓਹੋ ਇਕੋ ਅੱਲਾ ਹਿੰਦੂ ਮੁਸਲਮਾਲ ਦੋਹਾਂ ਦੇ ਦਿਲਾਂ ਵਿਚ ਗੁਪਤ ਵਰਤ ਰਿਹਾ ਹੈ। ਇਹ ਗਲ ਸਮਝ ਤੇ ਅਮਲ ਕਰ। ਕਬੀਰ ਤੈਨੂੰ ਪੁਕਾਰ ਕੇ ਪਿਆ ਆਖਦਾ ਹੈ: ਹੋਸ਼ ਕਰ।

ਨਿਰੁਕ੍ਤ-ਧਰੈ-ਰਖਦਾ ਹੈਂ।

ਮਨਾਵੈ-ਮਨਾਉਂਦਾ ਹੈਂ, ਪੂਜਦਾ ਹੈਂ, ਖੁਸ਼ ਕਰਦਾ ਹੈਂ।

ਅਲਹੁ-[ਅ:, ਅੱਲਾ] ਰਬ, ਖ਼ੁਦਾ, ਪਰਮੇਸ਼ੁਰ। ਅਲਹੁ-ਅੱਲਾ ਨੂੰ।

ਸੁਆਦਤਿ - ਸੁਆਦ ਦੇ ਮਗਰ ਲਗਾ ਹੋਇਆ।

ਸੰਘਾਰੈ- [ਸੰਸ:, ਸੰਹਰਣੰ=ਨਾਸ਼ ਕਰਨਾ] ਕੋਂਹਦਾ ਹੈਂ, ਮਾਰਦਾ ਹੈਂ।

ਝਖ ਮਾਰੈ- ਖੇਹ ਖਾਂਦਾ ਹੈਂ। ਮਾੜਾ ਕਰਦਾ ਹੈਂ। ਸ਼ਲੇਖ ਹੋਣ ਕਰਕੇ ਮੱਛੀਆਂ ਮਾਰਦਾ ਹੈਂ ਬੀ ਅਰਥ ਹੈ। 'ਝਖ' ਨਾਮ 'ਮੱਛੀ' ਦਾ ਹੈ।

ਅਲੇਖੈ- ਕਿਸੇ ਲੇਖੇ ਵਿਚ ਨਹੀਂ। ਬਿਰਥਾ ਹੈ।

ਕਤੇਬ- [ਅ:, ਕਿਤਾਬ,ਕਿਤੇਬ] ਪੋਥੀ, ਭਾਵ ਹੈ ਕੁਰਾਨ ਆਦਿ ਇਸਲਾਮੀ ਪੋਥੀਆਂ।

ਗੈਬ-[ਅ:, ਗ਼ੈਬ] ਗੁਪਤ । ਲੁਕਿਆ ਹੋਇਆ।

[ਆਸਾ ਕਬੀਰ ਜੀ, ਤਿਪਦਾ-੩੦]

ਮੂਲ	ਅਰਥ
ਆਸਾ ॥ਤਿਪਦਾ॥ਇਕਤੁਕਾ॥ ਕੀਓ ਸਿੰਗਾਰੁ ਮਿਲਨ ਕੇ ਤਾਈ ॥ ਹਰਿ ਨ ਮਿਲੇ ਜਗਜੀਵਨ ਗੁਸਾਈ ॥੧॥	(ਹਰੀ ਰੂਪ ਪਤੀ ਨੂੰ) ਮਿਲਣ ਵਾਸਤੇ (ਮੈਂ ਹਾਰ-) ਸ਼ਿੰਗਾਰ ਕੀਤੇ, (ਪਰ) ਹਰੀ (ਜੋ ਸਾਰੇ) ਜਗਤ ਦਾ ਜੀਵਨ ਤੇ ਮਾਲਕ ਹਨ (ਮੈਨੂੰ) ਨਾ ਮਿਲੇ॥੧॥
ਹਰਿ ਮੇਰੋ ਪਿਰੁ ਹਉ ਹਰਿ ਕੀ ਬਹੁਰੀਆ ॥ ਰਾਮ ਬਡੇ ਮੈ ਤਨਕ ਲਹੁਰੀਆ ॥੧॥ ਰਹਾਉ ॥	ਹਰੀ ਮੇਰੇ ਪਤੀ ਜੀ ਹਨ, ਮੈਂ ਹਰੀ ਜੀ ਦੀ ਵਹੁਟੀ ਹਾਂ, ਓਹ ਵਡੇ ਹਨ ਤੇ ਮੈਂ ਨਿੱਕੀ ਜਿਹੀ, ਛੋਟੀ ਜਿਹੀ ਹਾਂ॥੧॥ ਰਹਾਉ॥
ਧਨ ਪਿਰ ਏਕੈ ਸੰਗਿ ਬਸੇਰਾ ॥ ਸੇਜ ਏਕ ਪੈ ਮਿਲਨੁ ਦੁਹੇਰਾ ॥੨॥	ਵਹੁਟੀ ਤੇ ਗੱਭਰੂ ਦਾ ਵਾਸਾ ਇਕੱਠਾ ਹੀ ਹੈ, (ਹਾਂ ਦੁਹਾਂ ਦੀ) ਸੇਜ ਇਕੋ ਹੈ, ਪਰ ਮਿਲਨਾ ਕਠਨ (ਹੋ ਰਿਹਾ) ਹੈ॥੨॥
ਧੰਨਿ ਸੁਹਾਗਨਿ ਜੋ ਪੀਅ ਭਾਵੈ ॥ ਕਹਿ ਕਬੀਰ ਫਿਰਿ ਜਨਮਿ ਨ ਆਵੈ ॥੩॥੮॥੩੦॥	(ਤਾਂਤੇ ਉਹ) ਸੁਹਾਗਨ ਧੰਨਜਤਾ ਯੋਗ ਹੈ ਜੋ ਪਤੀ ਨੂੰ ਪਿਆਰੀ ਲਗ ਜਾਂਦੀ ਹੈ, ਕਬੀਰ ਜੀ ਆਖਦੇ ਹਨ (ਕਿ ਉਹ ਧੰਨਜਤਾ ਯੋਗ ਇਸ ਲਈ ਹੈ ਕਿ ਉਹ) ਮੁੜਕੇ ਜਨਮ ਮਰਨ ਵਿਚ ਨਹੀਂ ਆਉਂਦੀ, (ਭਾਵ ਉਹ ਪਿਯ ਦੇ ਅੰਕ ਵਿਚ ਸਮਾਈ ਰਹਿੰਦੀ ਹੈ)॥੩॥੮॥੩੦॥

ਵਯਾਖਯਾ - ਪਰਮਾਤਮ ਦੇਵ ਨੂੰ ਪਤੀ ਤੇ ਨਿਜ ਨੂੰ ਇਸਤ੍ਰੀ ਦੇ ਰੂਪਕ ਵਿਚ ਲੈਕੇ ਅਪਣੇ ਪ੍ਰੇਮ ਤੇ ਅਪ੍ਰਾਪਤੀ ਦਾ ਜ਼ਿਕਰ ਕਰਦੇ ਹਨ; ਸ਼ਿੰਗਾਰ ਕੀਤਾ ਪਰ ਪਤੀ ਨਾ ਮਿਲੇ। ਹਰੀ ਕਿਤੇ ਦੂਰ ਨਹੀਂ ਕਿ ਮਿਲਣ ਗਈ ਤਾਂ ਅੱਗੋਂ ਮਿਲੇ ਨਹੀਂ ਕਿ ਕਿਸੇ ਥਾਂ ਮਿਲਣਾ ਸੀ ਤੇ ਓਥੇ ਓਹ ਨਾ ਆਏ ਤਾਂ ਵਿਪ੍ਰਲਬਧਾ ਹੋਕੇ ਰੋ ਰਹੇ ਹਨ। ਇਕੋ ਸੇਜ ਹੈ, ਧਨ ਪਿਰ ਕੱਠੇ ਵੱਸ ਰਹੇ ਹਨ ਪਰ ਮੇਲ ਨਹੀਂ ਹੁੰਦਾ। ਇਹ ਦੁਖ ਪਿਛੇ ਬੀ ਕਹਿ ਆਏ ਹਨ।

'ਸੇਜੈ ਰਮਤੁ ਨੈਨ ਨਹੀਂ ਪੇਖਉ ਇਹੁ ਦੁਖੁ ਕਾ ਸਉ ਕਹਉ ਰੇ॥' [ਆਸਾ ਕਬੀਰ ਜੀ-੨੫]

ਫਿਰ ਇਕ ਹੋਰ ਗਲ ਦੱਸਦੇ ਹਨ ਕਿ ਉਹ ਪਤੀ ਜੀ ਮੈਥੋਂ ਵਡੇ ਹਨ, ਮੈਂ ਜ਼ਰਾ ਕੁ ਹਾਂ, ਛੋਟੀ ਜਿਹੀ ਹਾਂ। ਅਕਸਰ ਦਾਨੇ ਤਨਕ ਦਾ ਅਰਥ ਛੋਟੀ ਤੋਂ ਛੋਟੀ ਕਰਦੇ ਹਨ ਤੇ ਮਿਸਾਲ ਦੇਂਦੇ ਹਨ ਕਿ ਓਹ ਸਾਗਰ ਹੈ ਮੈਂ ਬੂੰਦ ਹਾਂ। ਛੋਟੀ ਹੋਣ ਕਰਕੇ ਮੇਰੇ ਵਿਚ ਮੱਲੋਮੱਲੀ ਮਿਲ ਪੈਣ ਦਾ ਤਾਣ ਨਹੀਂ। ਅਖ਼ੀਰ ਵਿਚ ਕਹਿੰਦੇ ਹਨ ਉਹ ਭਾਗਾਂ ਵਾਲੀ ਹੈ ਜੋ ਪਤੀ ਨੂੰ ਭਾ ਜਾਵੇ, ਸ਼ਿੰਗਾਰ ਕੀਤਿਆਂ ਜੇ ਨਾ ਭਾਈ ਤਾਂ ਐਵੇਂ ਗਏ। ਸ਼ਿੰਗਾਰ ਤੋਂ ਮਤਲਬ ਨਾਨਾ ਤਰ੍ਹਾਂ ਦੇ ਭੇਖ ਧਾਰਕੇ ਮਤ ਇਖਤਿਆਰ ਕਰਨੇ ਲੈਂਦੇ ਹਨ। ਪਰ ਜਾਪਦਾ ਇਹ ਹੈ ਕਿ ਕਬੀਰ ਜੀ ਹੋਰਨਾਂ ਸਾਧਕਾਂ ਦਾ ਵਰਣਨ ਨਹੀਂ ਕਰ ਰਹੇ, ਉਹ ਤਾਂ ਅਪਣੀ ਗਲ ਹੀ ਕਹਿ ਰਹੇ ਹਨ। ਉਵ ਲੋਕਾਂ ਦੀ ਹਾਲਤ ਆਪਣੇ ਪਰਥਾਇ ਨਾਲ ਕਹਿ ਰਹੇ ਹੋਣ ਤਾਂ ਅਚਰਜ ਨਹੀਂ। ਉਵ 'ਮੇਰੋ', 'ਹਉ', 'ਮੈ' ਆਦਿ ਪਦ ਸਪਸ਼ਟ ਪਏ ਹਨ। ਇਸ ਲਈ ਓਹ ਸਿੰਗਾਰ ਕਹਿਣ ਵਿਚ ਆਪਣੀ ਸਾਰੀ ਤਿਆਰੀ ਸਾਧਨ ਸੰਪਤੀ ਦੀ ਕਹਿ ਰਹੇ ਹਨ ਤੇ ਸਮਝਾ ਰਹੇ ਹਨ ਕਿ ਆਪਣੀ ਤਿਆਰੀ ਤਾਂ ਹੀ ਸਫਲ ਹੁੰਦੀ ਹੈ ਜੇ ਪ੍ਰਿਯ ਨੂੰ ਭਾ ਜਾਈਏ ਤਾਂ। ਇਸ ਵਿਚ ਕਟਾਖਯ ਇਹ ਸਹੀ ਹੁੰਦਾ ਹੈ ਕਿ ਆਪਣੇ ਸਾਧਨਾਂ ਵਿਚ ਸਾਧਨਾਂ ਤੇ ਟੇਕ ਹੁੰਦੀ ਹੈ, ਤੇ ਸੂਖਮ ਹਉਮੈਂ ਬਣੀ ਰਹਿੰਦੀ ਹੈ। ਸਿੰਗਾਰ ਅਰਥਾਤ ਮਿਲਨ ਦੇ ਦਰੁਸਤ ਸਾਧਨ ਕਰਨੇ ਹਨ, ਪਰ ਟੇਕ ਸਾਈਂ ਤੇ ਰੱਖਣੀ ਹੈ, ਇਉਂ ਹਉਮੈਂ ਦੀ ਲੇਸ਼ ਨਿਕਲ ਜਾਂਦੀ ਹੈ। ਹਉਂ ਨਿਕਲੀ ਤੇ ਸਾਈਂ ਦਾ ਬਿਰਦ ਹੈ ਕਿ ਉਹ ਆਪਣੇ ਵਲ ਖਿੱਚ ਲੈਂਦਾ ਹੈ।

ਸੇਜ ਏਕ ਕਹਿਕੇ ਧੂਨੀ ਸੱਟੀ ਹੈ ਕਿ ਅੰਤਹਕਰਣ ਵਿਚ ਮੈਂ ਤੇ ਪਤੀ ਦੁਇ ਹਾਂ, ਵਿਚ ਜੋ ਭੰਬੀਰੀ ਦੇ ਖੰਭ ਵਰਗਾ* ਪਰਦਾ ਹੈ ਤਾਂ ਉਹ ਸੂਖਮ ਹਉਮੈ ਹੀ ਹੈ। ਇਸਦੇ ਦੂਰ ਹੋਇਆਂ ਅਵਿਛੜ ਮੇਲਾ ਹੋ ਜਾਂਦਾ ਹੈ।

ਨਿਰੁਕ੍ਤ-ਸਿੰਗਾਰੁ-[ਸੰਸ:, ਸ਼੍ਰਿੰਗਾਰ:] ਸਜਾਵਟ ਦਾ ਸਾਧਨ, ਜੋ ਇਸਤ੍ਰੀਆਂ ਪਤੀ ਰਿਝਾਵਣ ਲਈ ਕਰਦੀਆਂ ਹਨ। ਏਥੇ ਮੁਰਾਦ ਓਹ ਸਾਧਨ ਹਨ ਜੋ ਪਰਮੇਸ਼ੁਰ ਪ੍ਰਾਪਤੀ ਲਈ ਕਰੀਦੇ ਹਨ।

ਬਹੁਰੀਆ - [ਸੰਸ:, ਵਧੂ:] ਬਹੂ, ਬਹੂ ਦਾ ਨਿੰਮ੍ਰੀ ਵਾਚਕ ਬਹੁਰੀਆ।

ਤਨਕ- [ਸੰਸ:, ਤਨੁ =ਛੋਟਾ, ਥੋੜਾ] ਜ਼ਰਾ ਕੁ, ਥੋੜੀ ਜਿਹੀ। ਨਿੱਕੀ ਜਿਹੀ। ਰਾਮ ਵਡੇ ਹਨ ਮੈਂ ਜ਼ਰਾ ਕੁ ਹਾਂ। ਓਹ ਸਾਗਰ ਹਨ, ਮੈਂ ਬੂੰਦ ਹਾਂ। ਆਕਾਰ ਵਿਚ ਛੋਟੀ ਹਾਂ, ਜਲ ਕਰਕੇ ਉਹੋ ਰੂਪ ਹਾਂ, ਇਸਨੂੰ 'ਤਨਕ ਲਹੁਰੀਆ' ਕਿਹਾ ਹੈ। (ਅ) ਤਨਕ=ਬਹਤੁ ਛੋਟੀ। ਲਹੁਰੀਆ=ਛੋਟੀ। ਭਾਵ ਬਹੁਤ ਹੀ ਛੋਟੀ ਹਾਂ। ਪਰ ਸ਼ਬਦ ਦੀ ਬਨਾਵਟ ਦੱਸਦੀ ਹੈ ਕਿ ਤਨਕ ਲਹੁਰੀਆ ਵਿਚ ਕਟਾਖਯ ਹੈ, ਆਕਾਰ ਦੇ ਛੋਟੇਪਨ ਦਾ ਤੇ ਸਰੂਪਤਾ ਦੀ ਤਦਰੂਪਤਾ ਦਾ।

ਦੁਹੇਰਾ- ਕਠਨ। ਔਖਾ।

ਹਰਿ, ਰਾਮ-ਦੁਇ ਪਦ ਇਕੋ ਪ੍ਰੀਤਮ ਲਈ ਵਰਤੇ ਹਨ, ਮੁਰਾਦ ਪਰਮਾਤਮ ਦੇਵ ਤੋਂ ਹੈ।

---

*ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦਰਾਇਓ॥ [ਸੋਰਠਿ ਮਹਲਾ ੫-੬੧]

[ਆਸਾ ਕਬੀਰ ਜੀ, ਦੁਪਦਾ-੩੧]

ਆਸਾ ਸ੍ਰੀ ਕਬੀਰ ਜੀਉ ਕੇ ਦੁਪਦੇ ੴ ਸਤਿਗੁਰ ਪ੍ਰਸਾਦਿ॥

ਮੂਲ	ਅਰਥ
ਹੀਰੈ ਹੀਰਾ ਬੇਧਿ ਪਵਨ ਮਨੁ ਸਹਜੇ ਰਹਿਆ ਸਮਾਈ ॥ ਸਗਲ ਜੋਤਿ ਇਨਿ ਹੀਰੈ ਬੇਧੀ ਸਤਿਗੁਰ ਬਚਨੀ ਮੈ ਪਾਈ ॥੧॥	(ਹਰੀ ਰੂਪ) ਹੀਰੇ ਨੇ (ਮਨ ਰੂਪੀ) ਹੀਰੇ ਨੂੰ ਵਿੰਨ੍ਹਕੇ (ਆਪਣੇ ਨਾਲ ਮਾਨੋਂ ਸੀਉ ਲਿਆ ਹੈ, ਹੁਣ ਇਹ) ਪਵਨ (ਵਰਗਾ ਚੰਚਲ) ਮਨ ਸਹਜ (ਅਵਸਥਾ) ਵਿਚ ਸਮਾ ਰਿਹਾ ਹੈ। ਇਸ (ਹਰੀ ਰੂਪ) ਹੀਰੇ ਨੇ ਸਾਰੀ ਪ੍ਰਕਾਸ਼ਮਯ ਰਚਨਾ ਪ੍ਰੋ ਰੱਖੀ ਹੈ, (ਇਹ ਸੋਝੀ) ਮੈਂ ਸਤਿਗੁਰੂ ਦੇ ਬਚਨਾਂ ਤੋਂ ਪ੍ਰਾਪਤ ਕੀਤੀ ਹੈ॥੧॥
ਹਰਿ ਕੀ ਕਥਾ ਅਨਾਹਦ ਬਾਨੀ ॥ ਹੰਸੁ ਹੁਇ ਹੀਰਾ ਲੇਇ ਪਛਾਨੀ ॥੧॥ ਰਹਾਉ ॥	(ਉਸ ਹੀਰਾ ਰੂਪ) ਹਰੀ ਦੀ ਕਥਾ (ਹੀ) ਅਨਾਹਦ ਬਾਣੀ ਹੈ, (ਜਿਥੇ ਉਹ ਕਥਾ ਹੋ ਰਹੀ ਹੈ, ਉਹ ਸਤਿਸੰਗ ਹੈ, ਉਸ ਸਤਿਸੰਗ ਰੂਪੀ ਸਰੋਵਰ ਦਾ ਜੋ) ਹੰਸ ਬਣ ਜਾਏ (ਉਹ ਉਸ ਹਰੀ ਰੂਪ) ਹੀਰੇ ਨੂੰ ਪਛਾਣ ਲੈਂਦਾ ਹੈ॥੧॥ ਰਹਾਉ॥
ਕਹਿ ਕਬੀਰ ਹੀਰਾ ਅਸ ਦੇਖਿਓ ਜਗ ਮਹ ਰਹਾ ਸਮਾਈ ॥ ਗੁਪਤਾ ਹੀਰਾ ਪ੍ਰਗਟ ਭਇਓ ਜਬ ਗੁਰ ਗਮ ਦੀਆ ਦਿਖਾਈ ॥੨॥੧॥੩੧॥	ਕਹਿੰਦੇ ਹਨ ਸ੍ਰੀ ਕਬੀਰ ਜੀ (ਮੈਂ ਇਕ) ਐਸਾ ਹੀਰਾ ਦੇਖਿਆ ਹੈ ਜੋ ਜਗਤ ਵਿਚ ਸਮਾ ਰਿਹਾ ਹੈ, (ਇਹ) ਹੀਰਾ ਗੁਪਤ (ਵਰਤਦਾ ਹੈ, ਪਰ ਮੇਰੇ ਤੇ) ਪ੍ਰਗਟ ਹੋ ਗਿਆ ਸੀ ਜਦੋਂ ਕਿ ਗੁਰੂ ਦੀ ਗੰਮਤਾ ਨੇ (ਏਹ ਮੈਨੂੰ) ਦਿਖਾ ਦਿਤਾ॥੨॥੧॥੩੧॥

ਵਯਾਖਯਾ-- ਇਸ ਸ਼ਬਦ ਦੀ ਇਕ ਕੁੰਜੀ ਪਦ 'ਬੇਧਿ' ਵਿਚ ਹੈ, ਜਿਸ ਲਈ ਦੇਖੋ ਇਸੇ ਪਦ ਦੀ ਨਿਰੁਕ੍ਤ, ਅਤੇ ਇਸ ਵਿਚ ਦਾ ਭਾਵ ਸ਼ਬਦ ਦੀ ਅਖੀਰਲੀ ਤੋਂ ਪਹਿਲੀ ਤੁਕ ਨੂੰ ਵਿਚਾਰਿਆਂ ਖੁੱਲ੍ਹ ਜਾਂਦਾ ਹੈ। 'ਕਹਿ ਕਬੀਰ ਹੀਰਾ ਅਸ ਦੇ ਖਿਓ ਜਗ ਮਹ ਰਹਾ ਸਮਾਈ॥ '

ਇਸ ਤੁਕ ਤੋਂ ਹੀਰੇ ਦਾ ਪਤਾ ਲਗ ਜਾਂਦਾ ਹੈ ਕਿ ਕਬੀਰ ਜੀ ਦਾ ਹੀਰਾ ਕੀਹ ਹੈ। ਆਪ ਦੱਸਦੇ ਹਨ ਕਿ ਉਹਨਾਂ ਦਾ ਹੀਰਾ ਜਗਤ ਵਿਚ ਸਮਾ ਰਿਹਾ ਹੈ ਜੋ ਉਹਨਾਂ ਨੇ ਡਿੱਠਾ ਹੈ; ਪਰ ਜਿਸ ਨੂੰ ਅਸੀਂ ਹੀਰਾ ਕਹਿੰਦੇ ਹਾਂ ਉਹ ਇਕ ਰਤਨ ਹੈ ਜੋ ਖਾਣਾ ਵਿਚ ਹੁੰਦਾ ਹੈ, ਯਾ ਜੌਹਰੀਆਂ ਦੀਆਂ ਦੁਕਾਨਾਂ ਤੇ ਯਾ ਰਾਜਿਆਂ ਦੇ ਖ਼ਜ਼ਾਨਿਆਂ ਵਿਚ, ਯਾ ਸੁੰਦਰੀਆਂ ਦੀਆਂ ਮੁੰਦਰੀਆਂ ਵਿਚ; ਇਉਂ ਉਹ ਇਕ ਦੇਸੀ ਸ਼ੈ ਹੈ, ਜਗਤ ਵਿਚ ਵਯਾਪਕ ਵਸਤੂ ਨਹੀਂ। ਜਗ ਵਯਾਪਕ ਵਸਤੂ ਇਕੋ ਹੈ ਉਹ ਹੈ, ਪਰਮਾਤਮਾ। ਇਹ ਤਾਂ ਇਸੇ ਸ਼ਬਦ ਵਿਚੋਂ ਅਰਥ ਲੱਭ ਪਿਆ। ਹੋਰਥੇ ਬੀ ਸ੍ਰੀ ਕਬੀਰ ਜੀ ਨੇ ਆਪ ਹੀਰੇ ਦਾ ਅਰਥ 'ਹਰੀ' ਯਾ ਪਰਮਾਤਮਾ ਕੀਤਾ ਹੈ, ਯਥਾ:-

ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ॥ [ਸਲੋਕ ਕਬੀਰ ਜੀ-੨੪੨]

ਉਸ ਨੂੰ ਹੀਰਾ ਕਿਉਂ ਕਿਹਾ? ਹੀਰੇ ਦੀ ਸ਼ੁੱਧਤਾ, ਹੀਰੇ ਦੀ ਸੁੰਦਰਤਾ,ਹੀਰੇ ਦੀ ਅਮੋਲਕਤਾ, ਹੀਰੇ ਦੀ ਅਣਵਿੱਧਤਾ ਆਦਿ ਲੱਛਣ ਲੈਕੇ ਉਸ ਨੂੰ ਹੀਰੇ ਦੀ ਉਪਮਾ ਦਾ ਰੂਪਕ ਦਿੱਤਾ। ਹੁਣ ਪ੍ਰਸ਼ਨ ਹੁੰਦਾ ਹੈ ਕਿ ਅਸਾਂ ਕਿਵੇਂ ਇਹ ਹਰੀ ਰੂਪ ਹੀਰਾ ਦੇਖਿਆ?

ਉੱਤਰ:- ਗੁਪਤਾ ਹੀਰਾ ਪ੍ਰਗਟ ਭਇਓ ਜਬ ਗੁਰ ਗਮ ਦੀਆ ਦਿਖਾਈ॥

ਇਹ ਹੀਰਾ ਗੁਪਤ ਸੀ, ਮੇਰੇ ਲਈ ਪ੍ਰਗਟ ਹੋ ਗਿਆ, ਜਦੋਂ ਗੁਰੂ ਦੀ ਗੰਮਤਾ ਨੇ ਮੈਨੂੰ ਦਿਖਾ ਦਿਤਾ। ਭਾਵ ਜਿਸ ਗੁਰੂ ਦੀ ਇਸ ਹੀਰੇ ਤਕ ਪਹੁੰਚ ਹੈਸੀ, ਉਸ ਨੇ ਮੈਨੂੰ ਦਿਖਾ ਦਿਤਾ।

ਹੁਣ ਇਸ ਹੀਰੇ ਦੀ ਇਕ ਹੋਰ ਲੱਛਣਤਾ ਦੱਸਦੇ ਹਨ:-

ਸਗਲ ਜੋਤਿ ਇਨਿ ਹੀਰੈ ਬੇਧੀ ਸਤਿਗੁਰ ਬਚਨੀ ਮੈ ਪਾਈ॥

ਅਰਥਾਤ ਨਾਲੇ ਤਾਂ ਇਹ ਹੀਰਾ ਗੁਪਤ ਸੀ, ਨਾਲੇ ਸਾਰੀਆਂ ਪ੍ਰਕਾਸ਼ ਜੋਤੀਆਂ ਇਸ ਨੇ ਵਿੰਨ੍ਹ ਰਖੀਆਂ ਸਨ, ਅਰਥਾਤ ਸਾਰੀਆਂ ਪ੍ਰਕਾਸ਼ ਜਜੋਤੀਆਂ ਸੂਰਜ ਆਦਿ ਤੇ ਜੀਵਤ, ਨਿਰਜੀਵ ਸਾਰਿਆਂ ਨੂੰ ਇਸ ਦਾ ਚਾਨਣ ਪ੍ਰਕਾਸ਼ ਦੇ ਰਿਹਾ ਸੀ। ਉਹ ਰਤਨ ਹੀਰਾ ਤਾਂ ਪ੍ਰਕਾਸ਼ ਲੈਕੇ ਚਮਕਦਾ ਹੈ, ਪਰ ਜੋ ਹਰੀ ਰੂਪ ਹੀਰਾ ਮੈਂ ਪਾਇਆ ਹੈ ਉਸ ਨੂੰ ਚਾਨਣੇ ਦੀ ਲੋੜ ਨਹੀਂ, ਉਸ ਨੇ ਸੰਸਾਰ ਦੀਆਂ ਸਾਰੀਆਂ ਜੋਤਾਂ, ਭਾਵ ਪ੍ਰਕਾਸ਼ਮਯ ਹਸਤੀਆਂ, ਨੂੰ ਆਪਣੇ ਚਾਨਣੇ ਨਾਲ ਪ੍ਰੋ ਰਖਿਆ ਹੈ; ਭਾਵ ਸਭ ਨੂੰ ਪ੍ਰਕਾਸ਼ ਦੇ ਰਿਹਾ ਹੈ*। ਇਹ ਕਹਿਕੇ ਨਾਲ ਫੇਰ ਕਹਿੰਦੇ ਹੈਨ: 'ਸਤਿਗੁਰ ਬਚਨੀ ਮੈ ਪਾਈ॥' ਇਹ ਜਜੋਤੀ ਮਯ ਦੀ ਜੋਤਿ ਮੈਂ ਸਤਿਗੁਰੂ ਦੇ ਬਚਨ ਨਾਲ ਪਾਈ ਹੈ।

ਹੁਣ ਪ੍ਰਸ਼ਨ ਹੁੰਦਾ ਹੈ ਕਿ ਤੁਸਾਂ ਜੋ ਇਹ ਹੀਰਾ ਦੇਖ ਲਿਆ ਇਸ ਨਾਲ ਤੁਹਾਨੂੰ ਪ੍ਰਾਪਤੀ ਕੀਹ ਹੋਈ? ਤਾਂ ਫੁਰਮਾਉਂਦੇ ਹਨ:- 'ਹੀਰੈ ਹੀਰਾ ਬੇਧਿ ਪਵਨ ਮਨੁ ਸਹਿਜੇ ਰਹਿਆ ਸਮਾਈ॥' ਕਿ ਇਸ ਹਰੀ ਰੂਪ ਹੀਰੇ ਨੇ ਮੇਰਾ ਮਨ ਰੂਪੀ ਹੀਰਾ ਵਿੰਨ੍ਹ ਘੱਤਿਆ, ਤਦ ਤੋਂ ਮੇਰਾ ਮਨ ਜੋ ਪਵਨ ਵਾਂਙੂ ਚੰਚਲ ਹੁੰਦਾ ਸੀ, ਉਹ ਸਹਿਜ ਅਵਸਥਾ ਵਿਚ ਸਮਾਇਆ ਰਹਿੰਦਾ ਹੈ। ਏਥੇ ਮਨ ਨੂੰ ਹੀਰਾ ਕਿਉਂ ਕਿਹਾ ਹੈ, ਕਿਉਂਕਿ ਕਿਤੇ ਹੋਰਥੇ ਫੁਰਮਾ ਆਏ ਹਨ:-

ਕਹੁ ਕਬੀਰ ਇਹੁ ਰਾਮ ਕੀ ਅੰਸੁ॥ [ਗੋਂਡ ਕਬੀਰ ਜੀ -੫]

ਅੰਸ਼ ਅਪਣੇ ਅੰਸ਼ੀ ਦਾ ਹੀ ਰੂਪ ਹੁੰਦੀ ਹੈ†। ਇਸ ਕਰਕੇ ਮਨ ਹੀਰਾ ਸੀ, ਪਰ ਉਹ ਮਨ ਹਉ ਯਾ ਮਾਇਆ ਨਾਲ ਮਿਲਿਆ ਸਹਿਜ ਵਿਚ ਨਹੀਂ ਸੀ, ਉਹ ਪਵਨ ਵਾਂਙੂ ਚੰਚਲ ਸੀ। ਜਦ ਸਤਿਗੁਰੂ ਨੇ ਮੈਨੂੰ ਹਰੀ ਰੂਪ ਹੀਰਾ ਦਿਖਾ ਦਿੱਤਾ ਤਾਂ ਉਸ ਹੀਰੇ ਨੇ ਮਨ ਹੀਰੇ ਨੂੰ ਪ੍ਰੋ ਲਿਆ, ਤਦ ਚੰਚਲਤਾ ਮਿਟ ਗਈ ਤਾਂ-

ਸੋਈ ਫਿਰਿ ਕੈ ਤੂ ਭਇਆ ਜਾ ਕਉ ਕਹਤਾ ਅਉਰੁ॥ [ਸਲੋਕ ਕਬੀਰ ਜੀ-੮੭]

ਉਹ ਮਨ ਰੁਪੀ ਹੀਰਾ ਮਾਇਆ ਉਪਾਧੀ ਦੇ ਦੂਰ ਹੋਣੇ ਤੇ ਹਰੀ ਰੂਪਤਾ ਵਿਚ ਆ ਗਿਆ, ਇਹ ਹੈ ਅਰਥ 'ਸਹਜੇ ਰਹਿਆ ਸਮਾਈ' ਦਾ। ਉਸ ਦਾ ਜੋ ਸਹਿਜ (=ਅਸਲੀ) ਸਰੂਪ ਸੀ ਉਸ ਵਿਚ ਟਿਕ ਗਿਆ। ਹੁਣ ਸੁਣਨ ਵਾਲੇ ਦੇ ਮਨ ਵਿਚ ਸੁਤੇ ਸੰਕਲਪ ਹੋਵੇਗਾ ਕਿ ਜੀ, ਕੀਹ ਇਹ ਹੀਰਾ ਕੋਈ ਹੋਰ ਬੀ ਦੇਖ ਸਕਦਾ ਹੈ? ਤਾਂ ਉੱਤਰ ਦਿੱਤਾ ਹੈ:-

ਹਰਿ ਕੀ ਕਥਾ ਅਨਾਹਦ ਬਾਨੀ॥ ਹੰਸੁ ਹੁਇ ਹੀਰਾ ਲੇਇ ਪਛਾਨੀ॥ [ਆਸਾ ਕਬੀਰ ਜੀ, ਦੁਪਦੇ-੧]

ਜਿਥੇ ਹਰੀ ਦੀ ਕਥਾ ਲਗਾਤਾਰ ਬਿਨਾ ਰੁਕੇ ਹੋ ਰਹੀ ਹੈ, ਉਹ ਮਾਨੋ ਇਕ ਮਾਨ ਸਰੋਵਰ ਹੈ। ਉਸ ਮਾਨ ਸਰੋਵਰ ਦਾ ਹੰਸ ਬਣ ਜਾਏ, ਹੰਸ ਹੋਕੇ ਉਹ ਹਰੀ ਰੂਪ ਹੀਰੇ ਨੂੰ ਪਛਾਣ ਲਏਗਾ। ਜਿਵੇਂ 'ਸਤਿਗੁਰ ਬਚਨੀ' 'ਗੁਰ ਗਮ ਦੀਆ ਦਿਖਾਈ' ਆਖਕੇ ਲਖਾ ਦਿਤਾ ਹੈ ਕਿ ਇਹ ਵਸਤੂ ਸਤਿਸੰਗ ਦੀ ਹੈ, ਗੁਰੂ ਦੀ ਮੇਹਰ ਦੀ ਹੈ। ਇਸ ਰਹਾਉ ਵਿਚ ਜਗਜਾਸੂ ਨੂੰ ਪ੍ਰਾਪਤੀ ਦਾ ਰਾਹ ਬੀ ਦਿਖਾ ਦਿਤਾ ਅਤੇ ਉਸ ਦਾ ਅਪਣਾ ਫ਼ਰਜ਼ ਬੀ ਜਣਾ ਦਿਤਾ ਕਿ ਉਹ ਸਤਿਸੰਗ ਰੂਪੀ ਸਰੋਵਰ ਤੇ ਇਉਂ ਰਹੇ ਜਿਵੇਂ ਹੰਸ ਮਾਨ ਸਰੋਵਰ ਤੇ ਰਹਿੰਦਾ ਹੈ। ਸਤਿਸੰਗ ਵਿਚ ਸ਼ਰਧਾ ਪ੍ਰੇਮ ਯੁਕਤ ਵਸਦਿਆਂ ਗੁਰੂ ਦੱਸੀ ਕਾਰ ਕਰਦਿਆਂ,

---

* ਸਭ ਮਹਿ ਜੋਤਿ ਜੋਤਿ ਹੈ ਸੋਇ॥ ਤਿਸਦੈ ਚਾਨਣਿ ਸਭ ਮਹਿ ਚਾਨਣੁ ਹੋਇ॥
ਗੁਰ ਸਾਖੀ ਜੋਤਿ ਪਰਗਟੁ ਹੋਇ॥ [ਧਨਾਸਰੀ ਮਹਲਾ ੧, ਸੋਹਿਲਾ-੩]
ਸੂਰਜ ਚੰਦੁ ਕਰਹਿ ਉਜੀਆਰਾ॥ ਸਭ ਮਹਿ ਪਸਰਿਆ ਬ੍ਰਹਮ ਪਸਾਰਾ॥ [ਗਉੜੀ ਕਬੀਰ ਜੀ- ੨੯]

† ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥ [ਆਸਾ ਮਹਲਾ ੩, ਛੰਤ ੭-੫]

ਗੁਰੂ ਮੇਹਰ ਦੁਆਰਾ ਹਰੀ ਰੂਪ ਹੀਰਾ ਦਿੱਸ ਪਏਗਾ।

ਨਿਰੁਕ੍ਤ- ਹੀਰੈ -ਹੀਰੇ ਨੇ, ਹਰੀ ਰੂਪ ਹੀਰੇ ਨੇ। ਹੋਰ ਵੀਚਾਰ ਵ੍ਯਾਖ੍ਯਾ ਵਿਚ ਆ ਚੁਕੀ ਹੈ। ਹੀਰੇ ਦਾ ਹੀਰੇ ਨੂੰ ਵਿੰਨ੍ਹਣਾ ਗੁਰਬਾਣੀ ਵਿਚ ਵਾਹਿਗੁਰੂ ਜੀ ਤੋਂ ਛੁਟ ਨਾਮ ਦੇ ਅਰਥਾਂ ਵਿਚ ਬੀ ਆਯਾ ਹੈ। ਯਥਾ:- **ਹੀਰੈ ਹੀਰਾ ਬੇਧਿਆ ਨਾਨਕ ਕੰਠਿ ਸੁਭਾਇ ॥** [ਵਾਰ ਮਾਰੂ ਮਹਲਾ ੧-੧੨]

ਇਥੇ ਇਕ ਹੀਰੇ ਦਾ ਅਰਥ ਹੈ 'ਮਨ', ਇਕ ਦਾ 'ਨਾਮ'।

ਹੀਰਾ -ਮਨ ਰੂਪੀ ਹੀਰਾ । ਮਨ ਰੂਪੀ ਹੀਰੇ ਨੂੰ।

ਬੇਧਿ-[ਸੰਸ:, ਵੇਧਣ] ਵਿੰਨ੍ਹਣਾ, ਵਿੰਨ੍ਹ ਕੇ। ਪ੍ਰੋ ਕੇ। ਪ੍ਰੋ ਕੇ ਨਾਲ ਮੇਲ ਲੈਣਾ। ਇਸ ਸ਼ਬਦ ਵਿਚ 'ਬੇਧਿ' ਪਦ ਕਿਸੇ ਖਾਸ ਭਾਵ ਲਈ ਧਰਿਆ ਜਾਪਦਾ ਹੈ, ਕਿਉਂਕਿ ਭਗਤੀ ਤੇ ਗ੍ਯਾਨ ਮਾਰਗ ਵਿਚ ਮਿਲਣਾ ਯਾ ਸਮਾ ਜਾਣਾ ਪਦ ਪਰਮ ਪਦ ਪ੍ਰਾਪਤੀ ਤੇ ਵਰਤੀਂਦੇ ਹਨ। 'ਵੇਧਨ' ਪਦ ਹਠ ਯੋਗ ਨੇ ਵਰਤਿਆ ਹੈ। ਜਾਪਦਾ ਹੈ ਕਿ ਕਿਸੇ ਹਠ ਯੋਗੀ ਨੇ ਕਿਹਾ ਹੈ ਕਿ ਭਗਤ ਜੀ ਤੁਸੀਂ ਮੂਲਾਧਾਰ ਚੱਕ੍ਰ ਵਿਚ 'ਕੁੰਡਲਨੀ' ਨੂੰ, ਜੋ ਸੁਖਮਨਾ ਨਾੜੀ ਦੀ ਜੜ੍ਹ ਦੇ ਹੇਠਾਂ ਸਾਢੇ ਤਿੰਨ ਕੁੰਡਲ ਮਾਰਕੇ ਸੁੱਤੀ ਪਈ ਹੈ, ਉਸ ਨੂੰ ਜਗਾਓ, ਜਾਗ ਕੇ ਉਹ ਸੁਖਮਨਾ ਨਾੜੀ ਦੇ ਰਸਤੇ ੧. ਮੂਲਾਧਾਰ ਚੱਕ੍ਰ ਤੋਂ ਉਠਦੀ ੨. ਸ੍ਵਾਧਿਸ਼ਠਾਨ ਚੱਕ੍ਰ, ਫੇਰ ੩. ਮਣਿਪੁਰ ਚੱਕ੍ਰ, ਫੇਰ ੪.ਅਨਾਹਤ ਚੱਕ੍ਰ, ਫੇਰ ੫. ਵਿਸ਼ੁੱਧ ਚੱਕ੍ਰ, ਫੇਰ ੬. ਆਗ੍ਯਾ ਚੱਕ੍ਰ, ਫੇਰ ਮੇਰੂ ਨੂੰ ਭੇਦਦੀ ਹੋਈ ਬ੍ਰਹਮ ਰੰਧਰ ਵਿਚ ਸਹਸ੍ਰਾਰ ਚੱਕ੍ਰ ਵਿਚ ਚਲੀ ਜਾਂਦੀ ਹੈ*।

ਕੁੰਡਲਨੀ ਦਾ ਜਗਾਉਣਾ, ਚੱਕ੍ਰ, ਤੇ ਗ੍ਰੰਥੀਆਂ ਨੂੰ ਬੇਧਨ ਕਰਨਾ ਯੋਗੀ ਵਿਚ ਸ਼ਕਤੀਆਂ ਪੈਦਾ ਕਰਦਾ ਹੈ ਤੇ ਇਉਂ ਯੋਗੀ ਦੇ ਮਾਯਕ ਬੰਧਨ ਬੀ ਟੁੱਟਦੇ ਜਾਂਦੇ ਹਨ। ਸਹਸ੍ਰਾਰ ਚੱਕ੍ਰ ਵਿਚ ਕੁੰਡਲਨੀ ਰੋਕ ਲੈਣਾ ਇਹ ਯੋਗ ਦੀ ਪਰਮ ਉੱਚੀ ਅਵਸਥਾ ਹੈ। ਇਹ ਸਹਸ੍ਰਾਰ ਚੱਕ੍ਰ ਨੂੰ, ਜਿਸ ਨੂੰ ਹਠ ਯੋਗੀ ਸੱਤਵਾਂ ਚੱਕ੍ਰ ਮੰਨਦੇ ਹਨ, 'ਜਯੋਤੀ ਰੂਪ ਦਾ ਸਿੰਘਾਸਨ' ਬੀ ਆਖਦੇ ਹਨ; ਇਹ ਬੀ ਕਹਿਣਾ ਪਰਮ ਪਦ ਨੂੰ ਪਹੁੰਚਣਾ ਹੀ ਹੈ।

ਯੋਗੀ ਤੋਂ ਇਹ ਸੁਣਕੇ ਕਬੀਰ ਜੀ ਆਖਦੇ ਹਨ ਕਿ ਛੇ ਚਕ੍ਰਾਂ ਨੂੰ ਯਾ ੧੨ ਗ੍ਰੰਥੀਆਂ ਨੂੰ ਭੇਦਨ ਯਾ ਵਿੰਨ੍ਹਣ ਦੀ ਲੋੜ ਨਹੀਂ। ਪਵਨ ਮਨ (=ਚੰਚਲ ਮਨ ਅਥਵਾ) 'ਪ੍ਰਾਣ ਮਯ ਮਨ' ਨੂੰ ਭੇਦਨਾ ਕਾਫੀ ਹੈ, ਉਹ ਕੀਕੂੰ ? ਕਿਉਂਕਿ ਮਨ ਤਾਂ ਹੀਰੇ ਵਾਕੂ ਕਠੋਰ ਹੈ ਉਸ ਕਠੋਰ ਵਸਤੂ ਨੂੰ ਭੇਦਨ ਵਾਸਤੇ ਹੀਰਾ ਹੀ ਲੋੜੀਏ। ਉਹ ਹੀਰਾ ਹਰੀ ਰੂਪ ਹੈ, ਉਹ ਮਨ ਰੂਪੀ ਹੀਰੇ ਨੂੰ ਵਿੰਨ੍ਹਕੇ ਅਪਣੇ ਨਾਲ ਪ੍ਰੋ ਲੈਂਦਾ ਹੈ, ਭਾਵ ਅਪਣੇ ਨਾਲ ਮੇਲ ਲੈਂਦਾ ਹੈ ਫਿਰ ਮਨ ਉਸ ਵਿਚ ਸਮਾਇਆ ਰਹਿੰਦਾ ਹੈ। 'ਪਵਨ ਮਨ' ਪਦ ਬੀ ਹਠ ਯੋਗ ਵਲ ਸੈਂਨਤ ਦੇਂਦਾ ਹੈ। ਫਿਰ 'ਸਗਲ ਜੋਤਿ ਇਨਿ ਹੀਰੈ ਬੇਧੀ' ਤੁਕ ਵਿਚ 'ਸਗਲ ਜੋਤਿ' ਦੀ ਸੈਨਤ ਬੀ ਸਹਸ੍ਰ ਦਲ ਕਮਲ (ਸਤਵੇਂ ਚੱਕ੍ਰ) ਵਲ ਹੈ ਕਿ ਓਥੇ 'ਜਯੋਤਿ ਰੂਪ' ਦਾ ਸਿੰਘਾਸਨ ਹੈ। ਕਬੀਰ ਜੀ ਉਸ ਵਲ ਸੈਨਤ ਸੱਟਕੇ ਦੱਸਦੇ ਹਨ ਕਿ ਮੇਰੇ ਹਰੀ ਰੂਪ ਹੀਰੇ ਨੇ ਸਾਰੇ 'ਜਯੋਤਿ ਰੂਪਾਂ' ਨੂੰ ਪ੍ਰੋ ਰਖਿਆ ਹੈ, ਭਾਵ ਉਹ ਪਰਮ ਪੁਰਖ ਸਾਰੇ ਜਯੋਤੀ ਰੂਪਾਂ ਦਾ ਪ੍ਰਕਾਸ਼ਕ ਤੇ ਸਭ ਵਿਚ ਵ੍ਯਾਪਕ ਹੈ।

ਫੇਰ ਪਦ 'ਅਨਾਹਦ ਬਾਨੀ' ਬੀ ਯੋਗੀ ਦੇ 'ਅਨਾਹਦ ਸ਼ਬਦ' ਵਲ ਸੈਨਤ ਹੈ, ਕਿ ਹਰੀ ਦੀ ਕਥਾ ਅਸਲੀ ਅਨਾਹਦ ਬਾਨੀ ਹੈ। 'ਗੁਪਤਾ' ਪਦ ਬੀ ਜੋਗ ਵਲ ਇਸ਼ਾਰਾ ਕਰਕੇ ਕਿਹਾ ਹੈ ਕਿ ਦਸਮ ਦੁਆਰ ਜਿਸ ਵਿਚ ਜਯੋਤਿ ਰੂਪ ਹੈ, ਉਹ ਗੁਪਤ ਹੈ† ਆਪ ਫੁਰਮਾਉਂਦੇ ਹਨ ਕਿ ਮੇਰਾ ਹਰੀ ਰੂਪ ਹੀਰਾ ਹਠ ਜੋਗ ਨਾਲ ਨਹੀਂ ਮੈਂ ਦੇਖਿਆ ਮੇਰੇ ਗੁਰੂ ਨੇ ਆਪਣੀ ਉਚ ਗੰਮਤਾ ਨਾਲ ਦਿਖਾ ਦਿੱਤਾ ਹੈ, ਭਾਵ ਉਹ

---

* ਖਟ ਚੱਕ੍ਰਾਂ ਦੇ ਭੇਦਨ ਨੂੰ ਕਬੀਰ ਜੀ ਹੋਰਥੇ ਬੀ 'ਬੇਧਨਾ' ਕਹਿੰਦੇ ਹਨ। ਯਥਾ:-

ਉਲਟਤ ਪਵਨ ਚਕ੍ਰ ਖਟੁ ਭੇਦੇ ਸੁਰਤਿ ਸੁੰਨ ਅਨਰਾਗੀ॥　　[ਗਉੜੀ ਕਬੀਰ ਜੀ -੪੭]

ਬੇਧੀਅਲੇ ਚਕ੍ਰ ਭੁਅੰਗਾ॥ ਭੇਟੀਅਲੇ ਰਾਇ ਨਿਸੰਗਾ॥　　[ਗਉੜੀ ਕਬੀਰ ਜੀ-੧੦)।]

† ਨਉ ਦੁਆਰੇ ਪਰਗਟੁ ਕੀਏ ਦਸਵਾ ਗੁਪਤੁ ਰਖਾਇਆ॥　　[ਰਾਮਕਲੀ ਮਹਲਾ ੩, ਅਨੰਦ-੩੮]

ਦੇਖਦਾ ਹੈ ਤੇ ਮੇਹਰ ਕਰਕੇ ਦਿਖਾ ਦੇਂਦਾ ਹੈ।

ਗੁਰ ਗਮ=ਗੁਰੂ ਦੀ ਗੰਮਤਾ। ਗੁਰੂ ਦੀ ਪਹੁੰਚ ਨੇ। ਗੁਰੂ ਦੀ ਪਹੁੰਚ ਉਸ ਹੀਰੇ ਤੱਕ ਹੋ ਚੁਕੀ ਸੀ, ਉਸ ਪਹੁੰਚ ਨੇ ਮੈਨੂੰ ਪੁਚਾ ਦਿੱਤਾ।

(ਅ) ਗੁਰੂ ਗਮਯ=ਗੁਰੂ ਕਰਕੇ ਜੋ ਪ੍ਰਾਪਤ ਹੋਵੇ।

(ੲ) ਗੁਰ ਗਮ=ਗੁਰੂ ਕੋਲ ਗੰਮਤਾ। ਭਾਵ ਗੁਰ ਕੋਲ ਪਹੁੰਚੀਏ ਤਾਂ ਗੁਰੂ ਦਿਖਾ ਦੇਂਦਾ ਹੈ।

(ਸ)'ਗੁਰ ਆਗਮ' ਸਮਝਕੇ ਇਸ ਦਾ ਅਰਥ ਗੁਰੂ ਸ਼ਾਸ਼ਤ੍ਰ ਬੀ ਕਰ ਲੈਂਦੇ ਹਨ।

ਇਸ ਪਦ ਦੀ ਵ੍ਯਾਖ੍ਯਾ, ਅਸਾਂ ਜਦੋਂ ਸ੍ਵੈਯਾਂ ਦੀ ਟੀਕਾ ਲਿਖੀ ਹੈ ਤਾਂ, ਮਹਲੇ ਪੰਜਵੇਂ ਦੇ ਅਠਵੇਂ ਸਵਈਏ ਕਵੀ ਕਲ ਦੇ ਵਿਚ ਆਏ ਪਦ ਗੁਰ ਗਮ ਪ੍ਰਮਾਣ ਦੀ ਇਹ ਵ੍ਯਾਖ੍ਯਾ ਲਿਖੀ ਸੀ:-

ਗੁਰ ਗਮ ਪ੍ਰਮਾਣਿ=ਗੁਰੂ (ਬਖਸ਼ੀ) ਗੰਮਤਾ ਦੇ ਪ੍ਰਮਾਣ ਨਾਲ। ਦਿਵ੍ਯ ਦਸ਼ਾ ਦੇ ਪ੍ਰਮਾਣ ਨਾਲ।

ਪ੍ਰਮਾਣ=ਗ੍ਯਾਨ ਪ੍ਰਾਪਤੀ ਦਾ ਵਸੀਲਾ, ਕਿਸੇ ਸ਼ੈ ਨੂੰ ਸਹੀ ਸਬੂਤ ਕਰਨ ਦਾ ਵਸੀਲਾ, ਯਥਾਰਥ ਬਿਧਿ ਯਾ ਸਾਧਨ। ਸਾਂਖ ਨੇ ਤ੍ਰੈ ਪ੍ਰਮਾਣ ਮੰਨੇ ਹਨ:- 'ਪ੍ਰਤੱਕਸ਼', 'ਅਨੁਮਾਨ' ਤੇ 'ਸ਼ਬਦ'। ਨ੍ਯਾਯ ਨੇ ਇਨ੍ਹਾਂ ਤਿੰਨਾਂ ਨਾਲ ਇਕ ਹੋਰ ਮੰਨਿਆ ਹੈ:- ਉਪਮਾਨ। ਵੇਦਾਂਤ ਨੇ ਦੋ ਨਾਲ ਹੋਰ ਰਲਾਏ ਹਨ:- 'ਅਨਉਪਲਭਧੀ' (ਯਾ ਅਭਾਵ ਪ੍ਰਤਕਸ਼) ਤੇ 'ਅਰਥਾ-ਪਤੀ' ਹੋਰਨਾਂ ਮਤਾਂ ਵਾਲਿਆਂ ਨੇ ਤ੍ਰੈ ਹੋਰ ਪਾ ਕੇ ਸਾਰੇ ਨੌਂ ਕੀਤੇ ਹਨ:- ਸੰਭਵ, ਏਤਿਹਯ, ਤੇ ਚੇਸ਼ਟਾ। ਇਨ੍ਹਾਂ ਵਿਚੋਂ 'ਸ਼ਬਦ ਪ੍ਰਮਾਣ' ਉਹ ਹੈ ਜੋ ਵਾਹਿਗੁਰੂ ਵਲੋਂ ਆਏ ਗ੍ਯਾਨ ਤੋਂ ਮਿਲਦਾ ਹੈ। ਗੁਰੂ ਗ੍ਰੰਥ ਸਾਹਿਬ ਤੇ ਸਤਿ ਸਾਸ਼ਤ੍ਰਾਂ ਦੀ ਉਗਾਹੀ 'ਸ਼ਬਦ ਪ੍ਰਮਾਣ' ਵਿਚ ਲੈਂਦੇ ਹਨ। ਅਨੁਭਵੀ ਮਹਾਂ ਪੁਰਖ, ਅਵਤਾਰ, ਗੁਰੂ ਅਵਤਾਰ ਦੇ ਵਾਕ 'ਸ਼ਬਦ ਪ੍ਰਮਾਣ' ਹਨ। ਇਨ੍ਹਾਂ ਨੂੰ 'ਆਪਤ ਬਚਨ' ਬੀ ਆਖਦੇ ਹਨ। ਕਲ੍ਯ ਜੀ ਇਥੇ ਇਕ ਨਵਾਂ ਪ੍ਰਮਾਣ ਦੇਣਾ ਚਾਹੁੰਦੇ ਹਨ, ਜੋ 'ਸ਼ਬਦ ਪ੍ਰਮਾਣ' ਤੇ 'ਪ੍ਰਤੱਕਸ਼ ਪ੍ਰਮਾਣ' ਦੋਹਾਂ ਦੇ ਮੇਲ ਤੋਂ ਬਣਦਾ ਹੈ, ਜਿਸ ਵਿਚ ਦੋਹਾਂ ਦੀ ਅੰਸ਼ ਰਲੀ ਹੈ। ਉਗਾਹੀ ਜੋ ਦੇਣ ਲਗੇ ਹਨ ਉਹ 'ਪ੍ਰਤੱਖ' ਦੀ ਹੈ, ਪਰ ਪ੍ਰਤੱਖ ਉਹਨਾਂ ਦਾ ਪੰਜਾਂ ਇੰਦ੍ਰਿਆਂ ਦੇ ਗਿਆਨ ਤੋਂ ਉਚੇਰਾ ਚਲਾ ਗਿਆ ਹੈ, ਪ੍ਰਤੱਖ ਪ੍ਰਮਾਣ ਲਈ ਜ਼ਰੂਰੀ ਹੈ ਕਿ ਉਹ ਪੰਜਾਂ ਇੰਦ੍ਰਿਆਂ ਦ੍ਵਾਰਾ ਪ੍ਰਾਪਤ ਕੀਤਾ ਗ੍ਯਾਨ ਹੋਵੇ, ਪਰ ਏਥੇ ਪ੍ਰਤੱਖ ਉਹ ਹੈ ਜੋ ਲੇਖਕ ਨੇ ਦਿਬ ਦ੍ਰਿਸ਼ਟੀ ਪਾਕੇ ਅਨੁਭਵ ਕੀਤਾ ਹੈ, ਦਿੱਬ ਦ੍ਰਿਸ਼ਟੀ ਨਾਲ ਅਨੁਭਵ ਵਿਚ ਆਏ ਨੂੰ 'ਆਪਤ ਵਾਕ' ਕਹਿਣਾ ਸ਼ਾਯਦ ਬਣ ਸਕੇ। ਪਰ ਅਪਣਾ ਨਿਜ ਤਜਰਬਾ ਹੋਣ ਕਰਕੇ, ਉਹ ਪ੍ਰਤੱਖ ਬੀ ਹੈ। ਫਿਰ ਇਹ ਦਿਬ ਦ੍ਰਿਸ਼ਟੀ ਅਪਣੀ ਹੈ, ਅਦਬ ਆਗ੍ਯਾ ਨਹੀਂ ਦੇਂਦਾ ਕਿ ਇਸ ਨੂੰ 'ਆਪਤ ਵਾਕ' ਕਵੀ ਆਖੇ। ਇਸ ਕਰਕੇ ਉਹ ਇਕ ਪਦ ਵਰਤਦਾ ਹੈ, ਜਿਸ ਵਿਚ ਇਸ 'ਪ੍ਰਮਾਣ' ਨੂੰ ਵਿਦਿਤ ਕਰਦਾ ਹੈ:- 'ਗੁਰ ਗਮ ਪ੍ਰਮਾਣ'= ਉਹ ਪ੍ਰਮਾਣ ਜੋ ਗੁਰੂ ਦੀ (ਬਖਸ਼ੀ) ਗੰਮਤਾ ਨਾਲ ਮੈਂ ਪਾਇਆ ਹੈ, ਅਰਥਾਤ ਪਿੱਛੇ ਕਹੀ ਉੱਚ ਅਵਸਥਾ (ਦਿਬ ਦ੍ਰਿਸ਼ਟੀ) ਪ੍ਰਾਪਤ ਕਰਕੇ ਪੰਜਾਂ ਇੰਦ੍ਰਿਆਂ ਤੋਂ ਉੱਪਰ ਜਾਕੇ ਜਦ ਮੇਰਾ ਆਤਮਾ ਸ੍ਵੈ ਸਰੂਪ ਵਿਚ ਟਿਕਿਆ ਤੇ ਵਾਹਿਗੁਰੂ ਦੇ ਸਨਮੁਖ ਹੋਇਆ ਉਸ ਅਪਰਮਿਤ ਪ੍ਰੱਗ੍ਯਾ ਦੇ ਚਾਨਣੇ ਵਿਚ ਜੋ ਮੈਂ ਪ੍ਰਤੱਖ ਦੇਖਿਆ, ਉਸ ਪ੍ਰਮਾਣ ਦੁਆਰਾ ਮੈਂ ਕਹਿੰਦਾ ਹਾਂ ਕਿ ਗੁਰੂ ਅਰਜਨ ਦੇਵ ਜੀ ਨੇ ਸਹਜ ਜੋਗ ਪਾਇਆ ਹੈ, ਪਰ ਉਸ ਉੱਚੀ ਅਵਸਥਾ ਵਿਚ ਮੇਰੀ ਗੰਮਤਾ ਗੁਰੂ ਦੀ ਮਿਹਰ ਨਾਲ ਹੋਈ ਹੈ, ਇਸ ਕਰਕੇ ਉਸ ਪ੍ਰਮਾਣ ਨੂੰ ਗੁਰ ਗਮ ਪ੍ਰਮਾਣ' ਨਾਮ ਦਿੱਤਾ ਹੈ।

ਇਸ ਉਪਰਲੀ ਵ੍ਯਾਖ੍ਯਾ ਲਿਖੀ ਜਾਣ ਤੋਂ ਬਾਦ ਇਸ ਦੀ ਟੋਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਬਾਹਰੋਂ ਹੋਰ ਕੀਤੀ ਤਾਂ ਸ੍ਰੀ ਗੁਰੂ ਗ੍ਰੰਥ ਸਾਹਬਿ ਵਿਚ ਇਹ ਤੁਕ ਮਿਲੀ:-

ਹਿਰਦੇ ਪ੍ਰਗਾਸੁ ਗਿਆਨ ਗੁਰ ਗੰਮਿਤ ਗਗਨ ਮੰਡਲ ਮਹਿ ਧਿਆਨਾਨਾਂ॥ [ਗਉੜੀ ਕਬੀਰ ਜੀ-੭੪]

ਗਗਨ ਮੰਡਲ ਵਿਚ ਧ੍ਯਾਨ ਲਗਾਉਣ ਨਾਲ ਗੁਰੂ ਬਖਸ਼ੀ ਗਮਤਾ ਦੇ ਗ੍ਯਾਨ ਦਾ ਹਿਰਦੇ ਵਿਚ ਪ੍ਰਗਾਸ ਹੋ ਗਿਆ, ਇਥੇ ਉਸ ਅਵਸਥਾ ਦਾ ਪਤਾ ਦਿਤਾ ਗਿਆ ਹੈ, ਜਿੱਥੇ ਕ਼ਲ੍ਯ ਭੱਟ ਨੂੰ ਸ੍ਵੈ ਅਨੁਭਵ ਹੋਇਆ ਹੈ, ਜਿਸ ਨੂੰ ਉਹ 'ਗੁਰ ਗਮ ਪ੍ਰਮਾਣ' ਕਹਿ ਰਿਹਾ ਹੈ। ਭਰਥਰੀ ਜੀ ਨੇ ਬੀ ਇਸ ਸ੍ਵੈ ਅਨੁਭਵ

ਦਾ ਜੋ ਇਕ ਤਰ੍ਹਾਂ ਦਾ ਪ੍ਰਤਯਕਸ਼ ਹੈ. ਪਤਾ ਦਿਤਾ ਹੈ। ਸ੍ਵਾਨੁਭੂਤਯੇਕਮਾਨਾਯ' ਅਰਥਾਤ (ਜਿਥੇ) ਸ੍ਵੈ-ਅਨੁਭਵ ਹੀ ਇਕ ਪ੍ਰਮਾਣ ਹੈ।

ਇਸੇ ਤਰ੍ਹਾਂ ਰਾਜਾ ਭੋਜ ਨੇ ਪ੍ਰਤਯਕਸ਼ ਦਾ ਰੂਪ ਐਉਂ ਵਰਣਨ ਕੀਤਾ ਹੈ:-

ਪ੍ਰਤਯਕਸ਼ਮਕਜ਼ਜ ਗਯਾਨ ਮਾਨਸ ਚਾਭਿਧੀਯਤੇ।
ਸ੍ਵਾਨੁਭੂਤਿ ਭਵ ਚੈਵਮੂਪਚਾਰੇਣ ਕਥਯਤੇ।

ਅਰਥਾਤ ਅੱਖ ਆਦਿ ਇੰਦ੍ਰਿਆਂ ਤੋਂ ਉਪਜੇ ਗਯਾਨ ਨੂੰ ਪ੍ਰਤਯਕਸ਼ ਆਖਦੇ ਹਨ। (ਪਰ) ਮਾਨਸ ਗਯਾਨ ਅਤੇ ਆਪਣੀ ਅਭੂਤਿ ਤੋਂ ਉਪਜਿਆ ਗਯਾਨ ਬੀ ਗੌਣ ਬ੍ਰਿਤੀ ਨਾਲ ਪ੍ਰਤਯਕਸ਼ (ਪ੍ਰਮਾਣ) ਹੈ। ਸ੍ਵੈ ਅਨੁਭੂਤਿ ਦਾ ਅਰਥ ਹੈ ਆਪਣਾ ਅਨੁਭਵ, ਜੋ ਯੋਗਾਦਿ ਸਾਧਨਾਂ ਤੋਂ ਪ੍ਰਾਪਤ ਹੁੰਦਾ ਮੰਨਦੇ ਹਨ।

ਹੰਸੁ-ਤੋਂ ਮੁਰਾਦ ਤਤ ਮਿਥਯਾ ਨੂੰ ਵਿਵੇਚਨ ਕਰਨ ਵਾਲਾ। ਅਸਤਿ ਦਾ ਤਿਆਗ ਤੇ ਸਤਿ ਨੂੰ ਗ੍ਰਹਣ ਕਰਨੇ ਵਾਲਾ ਮਹਾਂ ਪੁਰਖ ਹੈ। ਸਤਿਸੰਗ ਦੇ ਸਰੋਵਰ ਤੇ ਰਹਿਕੇ ਇਤਨਾ ਉੱਚਾ ਹੋ ਜਾਏ ਕਿ ਹੰਸ ਬਣ ਜਾਏ। ਅਸ-ਐਸਾ।

[ਆਸਾ ਕਬੀਰ ਜੀ, ਦੁਪਦਾ -੩੨]

ਪ੍ਰਾਕ੍ਕਥਨ- ਅਗਲੇ ਸ਼ਬਦ ਵਿਚ ਦੋ ਵਹੁਟੀਆਂ ਦੇ ਰੂਪਕ ਵਿਚ ਸ੍ਰੀ ਕਬੀਰ ਜੀ ਸੰਸਾਰਾਕਾਰ ਬ੍ਰਿਤੀ, ਜੋ ਕੁਮੱਤਾਂ ਸਿਖਾਲਦੀ ਹੈ ਤੇ ਆਤਮ ਵਿਸ਼ੈਣੀ ਬੁੱਧੀ ਜੋ ਸੁਮੱਤਾਂ ਸਿਖਾਲਦੀ ਹੈ, ਵਰਣਨ ਕੀਤੀ ਹੈ।

ਮੂਲ	ਅਰਥ
ਆਸਾ ॥ ਪਹਿਲੀ ਕਰੂਪਿ ਕੁਜਾਤਿ ਕੁਲਖਨੀ ਸਾਹੁਰੈ ਪੇਈਐ ਬੁਰੀ ॥ ਅਬ ਕੀ ਸਰੂਪਿ ਸੁਜਾਨਿ ਸੁਲਖਨੀ ਸਹਜੇ ਉਦਰਿ ਧਰੀ ॥੧॥	(ਮੇਰੀ) ਪਹਿਲੀ (ਇਸਤ੍ਰੀ) ਕੋਝੀ ਸੀ, ਨੀਚ ਜਾਤ ਸੀ, ਭੈੜੇ ਲੱਛਣਾਂ ਵਾਲੀ ਸੀ, ਉਹ ਸਹੁਰੇ (ਬੀ ਤੇ) ਪੇਕੇ (ਬੀ, ਦੋਹੀਂ ਥਾਈਂ) ਬੁਰੀ (ਬੁਰੀ ਕਹੀ ਜਾਂਦੀ ਸੀ)। (ਮੇਰੀ) ਹੁਣ ਦੀ (ਵਿਆਹੀ ਵਹੁਟੀ) ਸੋਹਣੇ ਰੂਪ ਵਾਲੀ ਹੈ, ਸਿਆਣੀ ਹੈ, ਤੇ ਭਲੇ ਲੱਛਣਾਂ ਵਾਲੀ ਹੈ ਤੇ ਸਹਜੇ ਹੀ ਉਦਰ ਧਰਨਹਾਰ ਹੈ॥੧॥
ਭਲੀ ਸਰੀ ਮੁਈ ਮੇਰੀ ਪਹਿਲੀ ਬਰੀ॥ ਜੁਗੁ ਜੁਗੁ ਜੀਵਉ ਮੇਰੀ ਅਬ ਕੀ ਧਰੀ ॥੧॥ ਰਹਾਉ ॥	ਚੰਗੀ ਗਲ ਹੋਈ ਕਿ ਮੇਰੀ ਪਹਿਲੀ ਵਿਆਹੀ ਹੋਈ (ਇਸਤ੍ਰੀ) ਮਰ ਗਈ (ਤੇ) ਮੇਰੀ ਹੁਣ ਦੀ ਧਾਰਨ ਕੀਤੀ (=ਵਿਆਹੀ) ਹੋਈ ਜੁਗੋ ਜੁਗ ਜੀਵੇ ॥੧॥ ਰਹਾਉ॥
ਕਹੁ ਕਬੀਰ ਜਬ ਲਹੁਰੀ ਆਈ ਬਡੀ ਕਾ ਸੁਹਾਗੁ ਟਰਿਓ ॥ ਲਹੁਰੀ ਸੰਗਿ ਭਈ ਅਬ ਮੇਰੈ ਜੇਠੀ ਅਉਰੁ ਧਰਿਓ ॥੨॥੨॥੩੨॥	ਕਹਿੰਦੇ ਹਨ ਸ੍ਰੀ ਕਬੀਰ ਜੀ, ਜਦੋਂ ਦੀ ਛੋਟੀ (ਭਾਵ ਹੁਣ ਦੀ ਵਿਆਹੀ ਘਰ) ਆਈ ਹੈ (ਤਦ ਤੋਂ ਹੀ) ਵਡੀ (=ਪਹਿਲੀ) ਦਾ ਸੁਭਾਗ ਪਰੇ ਹੋ ਗਿਆ ਸੀ, ਹੁਣ ਛੋਟੀ ਮੇਰੇ ਨਾਲ ਰਹਿੰਦੀ ਹੈ, ਵੱਡੀ ਨੇ (ਜਦ ਡਿੱਠਾ ਕਿ ਮੇਰਾ ਸੁਹਾਗ ਪਰੇ ਹੋ ਗਿਆ ਹੈ ਤਾਂ ਉਸ ਨੇ) ਹੋਰ ਨੂੰ ਧਾਰਨ ਕਰ ਲਿਆ ਹੈ॥੨॥੨॥੩੨॥

ਵ੍ਯਾਖ੍ਯਾ- ਇਸ ਸ਼ਬਦ ਵਿਚ ਸ੍ਰੀ ਕਬੀਰ ਜੀ ਨੇ ਦੋ ਬੁੱਧੀਆਂ ਨੂੰ ਦੋ ਇਸਤ੍ਰੀਆਂ ਦੇ ਰੂਪਕ ਵਿਚ ਵਰਣਨ ਕੀਤਾ ਹੈ। ਪਦ 'ਬਰੀ' ਕਹਿਣ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਵਹੁਟੀਆਂ ਦਾ ਜ਼ਿਕਰ ਹੈ, ਪਰ ਵਹੁਟੀਆਂ ਸਰੀਰਕ ਇਸਤ੍ਰੀਆਂ ਨਹੀਂ, ਸਗੋਂ ਦੋ ਬੁੱਧੀਆਂ ਹਨ, ਇਸੇ ਤਰ੍ਹਾਂ ਹੀ ਉਮਰ ਖ਼ਯਾਮ ਨੇ ਦੋ ਬੁੱਧੀਆਂ ਦੱਸੀਆਂ ਹਨ ਇਕ ਨੂੰ ਤਲਾਕ ਦਿਤਾ ਸੂ ਤੇ ਇਕ ਧਾਰਨ ਕੀਤੀ ਸੂ! ਜੋ ਕੁਛ ਉਸ ਨੇ ਕਿਹਾ ਹੈ ਇਸ ਪ੍ਰਕਾਰ ਦਾ ਹੈ:-

You know my friends
with what a brave courage

I made second marriage
In my house,
Divorced old barren reason
From my bed,
And took the daughter
Of vine to spouse

ਅਰਥਾਤ- ਮੈਂ ਦੂਜਾ ਵਿਆਹ ਕੀਤਾ ਹੈ, ਫੋਕੀ ਦਲੀਲਬਾਜ਼ੀ ਵਾਲੀ ਅਕਲ ਨੂੰ ਮੈਂ ਤਲਾਕ ਦੇ ਦਿਤਾ ਹੈ ਤੇ ਅੰਗੂਰਾਂ ਦੀ ਕਾਕੀ ਨੂੰ ਵਿਆਹ ਲਿਆ ਹੈ। ਅੰਗੂਰਾਂ ਦੀ ਕਾਕੀ ਦਾ ਅਰਥ ਹੈ ਸ਼ਰਾਬ ਤੇ ਭਾਵ ਹੈ ਆਤਮ ਵਿਸ਼ੈਣੀ ਬੁੱਧੀ।

ਕਬੀਰ ਜੀ ਦਾ ਭਾਵ ਮਨਮਤਿ, ਦੁਰਮਤਿ, ਅਨਾਤਮ ਪਰਾਇਣ ਬੁੱਧੀ ਤੋਂ ਹੈ ਜੋ ਤਯਾਗ ਦਿਤੀ ਹੈ। ਉਸ ਨੂੰ ਕੁਰੂਪ, ਕੁਜਾਤਿ ਤੇ ਕੁਲੱਖਣੀ ਕਿਹਾ ਹੈ, ਇਹ ਕੋਝਾ ਰੂਪ ਉਸ ਦਾ ਹੁਣ ਦਿੱਸਿਆ ਹੈ, ਜੇ ਪਹਿਲੇ ਦਿੱਸ ਪੈਂਦਾ ਤਾਂ ਉਸ ਨੂੰ ਵਿਆਹੁੰਦੇ ਹੀ ਨਾ। ਹੁਣ ਜੋ 'ਸਤਿਸੰਗ ਯਾ ਭਜਨ ਗੁਰ ਉਪਦੇਸ਼ ਆਦਿ' ਦੁਆਰਾ ਬੁੱਧੀ ਪੈਦਾ ਹੋ ਆਈ ਹੈ, ਉਹ ਗੁਰਮਤਿ ਹੈ, ਸੁਮਤਿ ਹੈ, ਉਹ ਆਤਮ ਵਿਸ਼ੈਣੀ ਬੁੱਧੀ ਹੈ, ਉਹ ਸੁਹਣੀ ਹੈ, ਭਲੀ ਪ੍ਰਕਾਰ ਜਾਣਨ ਵਾਲੀ, ਅਰਥਾਤ ਗਯਾਨ ਮਯ ਹੈ ਤੇ ਦੈਵੀ ਸੰਪਦਾ ਦੇ ਸਾਰੇ ਸ਼ੁਭ ਲੱਛਣਾ ਵਾਲੀ ਹੈ। 'ਸਹਜੇ ਉਦਰਿ ਧਰੀ' ਤੇ ਦਾਨਿਆਂ ਦੇ ਕੁਛ ਮਤਿ ਭੇਦ ਹਨ:-

(ੳ) ਯਥਾ:-ਸੁਭਾਵਕ ਹੀ ਮੈਂ ਉਸ ਨੂੰ ਪੇਟ ਭਾਵ ਛਾਤੀ ਨਾਲ ਲਾ ਲਿਆ ਹੈ।

(ਅ) ਮੈਂ ਸੁਭਾਵਕ ਹੀ ਉਸ ਨੂੰ ਅਪਣੇ ਪੇਟ ਵਿਚ ਅਰਥਾਤ ਅੰਦਰ ਯਾ ਅੰਤਹਕਰਣ ਵਿਚ ਧਾਰਨ ਕਰ ਲਿਆ ਹੈ।

'ਧਾਰਨ ਕਰਨਾ' ਮਨ ਵਿਚ ਹੁੰਦਾ ਹੈ, ਪੇਟ ਵਿਚ ਭੋਜਨ ਪਾਈਦਾ ਹੈ, ਇਸ ਕਰਕੇ ਦਾਨੇ ਇਸ ਅਰਥ ਨਾਲੋਂ ਛਾਤੀ ਨਾਲ ਲਾ ਲਿਆ ਅਰਥ ਵਿਸ਼ੇਸ਼ ਨੇੜੇ ਦਾ ਸਮਝਦੇ ਹਨ। ਪਰ ਕਬੀਰ ਜੀ ਦਾ ਇਸ਼ਾਰਾ ਅਪਣੀ ਕ੍ਰਿਯਾ ਵੱਲ ਨਹੀਂ ਪਰ ਉਸੇ ਸੁਮਤੀ ਦਾ ਇਕ ਹੋਰ ਗੁਣ ਦੱਸਿਆ ਹੈ। 'ਸਹਿਜੇ ਉਦਰਿ ਧਰੀ' ਤੋਂ ਇਹ ਜਾਪਦਾ ਹੈ ਕਿ ਪਹਿਲੀ ਇਸਤ੍ਰੀ (ਕੁਮਤੀ) ਸੰਢ ਸੀ, ਉਸ ਨੇ ਜੀਵਨ ਦੀ ਸਫਲਤਾ ਲਈ ਕੋਈ ਪੁਤ੍ਰ (ਯਾ ਫਲ) ਪੈਦਾ ਨਾ ਸੀ ਕੀਤਾ, ਮੇਰੀ ਜੋ ਹੁਣ ਦੀ ਵਿਆਹੁੜ ਹੈ ਆਤਮ ਵਿਸ਼ੈਣੀ ਬੁੱਧੀ ਹੈ, ਇਹ ਸੁਭਾਵਕ ਹੀ ਉਦਰਿ ਧਰੀ=ਪੇਟ ਧਾਰਨਹਾਰ, ਅਰਥਾਤ ਗਰਭਵਤੀ ਹੋਣਹਾਰ ਹੈ, ਭਾਵ ਸਫਲਤਾ ਵਾਲੀ ਹੈ, ਜਿਸ ਤੋਂ ਆਤਮਾ ਪਰਮਾਤਮਾ ਦਾ 'ਅਨੁਭਵ' ਰੂਪੀ ਪੁਤ੍ਰ (=ਫਲ) ਪ੍ਰਾਪਤ ਹੁੰਦਾ ਹੈ।

ਦੂਜਾ ਵਿਵਾਹ ਕਰਨੇ ਦਾ ਹਿੰਦ ਵਿਚ ਰਿਵਾਜ ਘੱਟ ਹੈ। ਕਈ ਕਾਰਣਾਂ ਕਰਕੇ ਕੋਈ ਕੋਈ ਵਿਵਾਹ ਦੂਜਾ ਕਰਦਾ ਹੈ। ਪਰ ਭਲੇ ਪੁਰਖ ਅਕਸਰ ਵਹੁਟੀ ਦੇ ਬਾਂਝ ਹੋਣ ਤੇ ਦੂਜਾ ਵਿਵਾਹ ਕਰਦੇ ਹਨ। 'ਉਦਰਿ ਧਰੀ' ਕਹਿਣ ਤੋਂ ਇਹ ਭਾਵ ਬੀ ਹੋ ਸਕਦਾ ਹੈ ਕਿ ਪਹਿਲੀ ਬੁੱਧੀ ਅਫਲ ਸੀ ਤਾਂ ਦੂਜਾ ਵਿਵਾਹ ਕੀਤਾ। 'ਸਾਹੁਰੈ ਪੇਈਐ ਬੁਰੀ' ਕਹਿਣ ਵਿਚ ਬੀ ਇਸ਼ਾਰਾ ਪਹਿਲੀ ਦੀ ਨਿਸ਼ਫਲਤਾ ਦਾ ਹੈ, ਉਸ ਦੇ ਟਾਕਰੇ ਤੇ ਦੂਜੀ ਨੂੰ ਸਫਲਤਾ ਵਾਲੀ ਕਹਿਣਾ ਉਸ ਦੀ ਪੂਰਣਤਾ ਹੈ।

ਰਹਾਉ ਵਿਚ ਸ਼ੁਕਰ ਗੁਜ਼ਾਰੀ ਹੈ ਪਹਿਲੀ (ਕੁਮਤੀ) ਦੇ ਦੂਰ ਹੋ ਜਾਣ ਤੇ, ਅਤੇ ਅਸ਼ੀਰਵਾਦ ਹੈ ਦੂਜੀ (ਸੁਮਤੀ) ਵਿਹੀਂਦੜ ਨੂੰ।

ਅੰਕ ੨ ਵਿਚ 'ਬਡੀ ਕਾ ਸੁਹਾਗ ਟਰਿਓ' ਇਕ ਹੋਰ ਔਖਾ ਵਾਕ ਹੈ। ਵਡੀ ਦਾ ਸੁਹਾਗ ਤਾਂ ਕਬੀਰ ਹੈ, ਉਹ ਜੀਉਂਦਾ ਹੈ, ਮੋਇਆ ਨਹੀਂ। ਇਸ ਕਰਕੇ ਸੁਹਾਗ ਦਾ ਅਰਥ 'ਸੁਭਾਗ' ਕਰ ਲਈਦਾ ਹੈ, ਕਿ ਉਸ ਦਾ 'ਉੱਤਮ ਭਾਗ' ਨਸ਼ਟ ਹੋ ਗਿਆ, ਜਦੋਂ ਮੈਂ ਘਰੋਂ ਕੱਢ ਦਿੱਤੀ।

ਪਰ ਪਦ ਪਿਆ ਹੈ 'ਟਰਿਓ', ਜਿਸ ਦਾ ਅੱਖਰੀ ਅਰਥ ਹੈ ਟਲ ਗਿਆ, ਪਰੇ ਹੋ ਗਿਆ*। ਸੋ

---

* ਥਾ-ਪ੍ਰਥਮੇ ਗਰਭ ਵਾਸ ਤੇ ਟਰਿਆ ॥ [ਗਉੜੀ ਮ:੫, ਅਸਟ:-੪]
ਏਥੇ 'ਟਰਿਆ' ਦਾ ਅਰਥ ਮਰਿਆ' ਨਹੀਂ ਹੈ।

ਜਦ ਪਹਿਲੀ ਨੇ ਦੇਖਿਆ ਕਿ ਮੇਰਾ ਸੁਹਾਗ ਪਰੇ ਹੋ ਗਿਆ ਹੈ, ਭਾਵ ਮੈਥੋਂ ਦੂਰ ਹੋ ਗਿਆ; ਹੈ, ਹੁਣ ਮੈਨੂੰ ਨਹੀਂ ਵਸਾਉਂਦਾ ਤੇ ਨਿੱਕੀ ਨਵੀਂ ਵਿਆਹੀ ਦੇ ਨਾਲ ਹੀ ਰਹਿੰਦਾ ਹੈ, ਤਾਂ ਉਸ ਨੇ ਸੰਸਾਰ ਪਰਾਯਣ ਜੀਵਾਂ ਵਿਚੋਂ ਹੋਰ ਕਿਸੇ ਨੂੰ ਵਿਆਹ ਲਿਆ।

ਇਕ ਗੱਲ ਹੋਰ ਹੱਲ ਤਲਬ ਹੈ। ਰਹਾਉ ਵਿਚ ਪਦ ਪਿਆ ਹੈ 'ਮੁਈ', ਜਦ ਪਹਿਲੀ ਬਰੀ ਮਰ ਗਈ ਤਾਂ ਫੇਰ ਉਸ ਨੇ 'ਅਉਰੁ ਧਰਿਓ' ਕੀਕੂੰ?

ਇਸ ਦੀ ਵੀਚਾਰ ਇਹ ਹੈ ਕਿ ਉਹ ਕਬੀਰ ਜੀ ਨੂੰ ਮੋਈ ਤੁੱਲ ਹੋ ਗਈ ਹੈ। ਉਨ੍ਹਾਂ ਜਾਤਾ ਕਿ ਜਿਸ ਨੂੰ ਮੈਂ ਮੂਲੋਂ ਤਿਆਗ ਦਿੱਤਾ ਹੈ ਉਹ ਸੀ ਤਾਂ ਆਪਣੀ ਬੁੱਧੀ, ਚਾਹੇ ਉਹ ਕੁਮਤੀ ਸੀ, ਸੋ ਜਦ ਕਬੀਰ ਜੀ ਨੇ ਸੰਬੰਧ ਤੋੜਿਆ ਤਾਂ ਉਹ ਮਰ ਗਈ, 'ਜੀਵ ਸੱਤਾ' ਬਿਨਾਂ ਬੁਧੀ ਕਿਵੇਂ ਜੀ ਸਕਦੀ ਹੈ? ਪਰ ਜਦ ਉਨ੍ਹਾਂ ਨੇ ਡਿੱਠਾ ਕਿ ਸੰਸਾਰੀ ਲੋਕਾਂ ਵਿਚ ਕੁਮਤੀ ਸਲਾਮਤ ਹੈ ਤਾਂ ਉਹਨਾਂ ਨੇ ਉਸ ਨੂੰ ਇਕ ਅਲੰਕਾਰ ਵਿਚ ਵਰਣਨ ਕੀਤਾ ਹੈ ਕਿ ਉਸ ਨੇ ਹੋਰ ਖਸਮ ਕਰ ਲਿਆ ਹੈ।

ਸਾਡੇ ਦੇਸ ਵਿਚ ਉਸ ਜ਼ਮਾਨੇ ਵਿਚ ਇਸਤ੍ਰੀ ਦਾ ਦੂਜਾ ਵਿਵਾਹ ਨੀਵੀਆਂ ਜਾਤਾਂ ਵਿਚ ਹੁੰਦਾ ਸੀ, ਕਬੀਰ ਜੀ ਦੀ ਜਾਤ ਜੁਲਾਹਾ ਸੀ, ਇਸ ਕਰਕੇ ਕੁਮਤੀ ਦਾ ਸੰਸਾਰੀ ਜੀਵਾਂ ਵਿਚ ਵਾਸਾ ਵੇਖਕੇ ਉਹਨਾਂ ਨੂੰ ਇਹ ਅਲੰਕਾਰ ਸੁਤੇ ਹੀ ਸੁੱਝ ਜਾਣਾ ਸੀ ਕਿ ਮੇਰੀ ਤਜਾਗੀ ਕੁਮਤੀ ਸੰਸਾਰੀਆਂ ਵਿਚ ਵੱਸਦੀ ਹੈ। ਇਹ ਉਹੋ ਹੈ ਜੋ ਮੈਂ ਤਜਾਗੀ ਸੀ ਮਾਨੋਂ ਉਸੇ ਨੇ ਹੋਰ ਖਸਮ ਕਰ ਲਿਆ ਹੈ।

ਕੁਮਤੀ ਨੂੰ ਹੋਰਨਾਂ ਵਿਚ ਦੇਖਕੇ ਹੀ ਆਪ ਨੂੰ ਪ੍ਰੇਰਨਾ ਹੋਈ ਜਾਪਦੀ ਹੈ ਕਿ ਇਹ ਸ਼ਬਦ ਉਚਾਰਣ ਕਿ ਆਪਣਾ ਤਜਰਬਾ 'ਕੁਮਤੀ ਨਾਲ' ਰਹਿਣ ਦਾ ਲੋਕਾਂ ਨੂੰ ਦੇਣ ਤੇ ਉਹਨਾਂ ਨੂੰ ਬੀ ਕੁਮਤੀ ਦਾ ਸੰਗ ਛਡਕੇ ਸੁਮਤੀ ਵਿਚ ਲਗ ਜਾਣ ਲਈ ਪ੍ਰੇਰਨ। ਵਿਆਹ ਦਾ ਰੂਪਕ ਕਿਉਂ ਲਿਆ? ਕਿ ਸੁਮਤੀ ਨਾਲ 'ਅਤਿ ਪ੍ਰੇਮ' ਕਰੋ ਜਿਵੇਂ ਵਹੁਟੀ ਨਾਲ ਕਰੀਦਾ ਹੈ। ਤੁਸੀਂ ਜੋ ਕੁਮਤੀ ਨਾਲ 'ਅਤਿ ਪ੍ਰੇਮ' ਕਰਦੇ ਹੋ ਉਹ ਗ਼ਲਤ ਗਲ ਹੈ।

ਨਿਰੁਕ੍ਤ-ਕਰੂਪਿ-ਭੈੜੇ ਰੂਪ ਵਾਲੀ। ਕੋਝੀ । ਪ੍ਰਬੁੱਧ ਹੋਕੇ ਕੁਮਤੀ ਕੋਝੀ ਨਜ਼ਰ ਪੈਂਦੀ ਹੈ।

ਕੁਜਾਤਿ- ਨੀਵੀਂ ਜਾਤ ਵਾਲੀ। ਜੁਲਾਹਾ ਨੀਵੀਂ ਜਾਤ ਹੈ। ਪਰ ਕਬੀਰ ਕੁਮਤੀ ਨੂੰ ਕੁਜਾਤਿ ਕਹਿ ਰਹੇ ਹਨ, ਸੋ ਭਾਵ ਨੀਵੀਂ ਨਹੀਂ 'ਖੋਟੀ ਜਾਤ' ਹੈ। ਚੰਡਾਲ ਆਦਿ ਕ੍ਰੂਰ ਜਾਤੀ। ਭਾਵ ਨੀਵੀਆਂ ਰੁਚੀਆਂ ਦੀ ਪ੍ਰੇਰਕ।

ਕੁਲਖਨੀ-ਖੋਟੇ ਲੱਛਣਾਂ ਵਾਲੀ, ਆਸੁਰੀ ਗੁਣਾਂ ਵਾਲੀ।

ਸੁਜਾਨਿ-ਸੁਜਾਨਣ। ਭਲੀ ਤਰ੍ਹਾਂ ਜਾਣਨ ਵਾਲੀ। ਗਜਾਨ ਮਯ।

ਉਦਰਿ ਧਰੀ- ਪੇਟ ਧਾਰਨਹਾਰ, ਗਰਭਵਤੀ ਹੋਣਹਾਰ, ਸੁਫਲ, ਵਿਚਾਰ ਵਜਾਖਜਾ ਵਿਚ ਆ ਚੁਕੀ ਹੈ।

ਭਲੀ ਸਰੀ-ਚੰਗਾ ਹੋਇਆ। ਬਰੀ -ਵਿਆਹੀ ਹੋਈ।

ਲਹੁਰੀ-ਛੋਟੀ। ਭਾਵ ਦੂਜੀ ਵਹੁਟੀ ਸੁਮਤੀ। ਬਡੀ-ਵਡੀ, ਭਾਵ ਪਹਿਲੀ 'ਕੁਮਤੀ'।

ਟਰਿਓ-ਪਰੇ ਹੋ ਗਿਆ। ਭਾਵ (ਪਹਿਲੀ ਵਹੁਟੀ ਨੂੰ) ਛੱਡ ਬੈਠਾ।

ਜੇਠੀ-ਵਡੀ ਨੇ। ਪਹਿਲੀ ਕੁਮਤੀ ਨੇ।

ਧਰਿਓ- ਕਰ ਲਿਆ। ਖਸਮ ਕਰ ਲਿਆ, ਕਰੇਵਾ ਕਰ ਲਿਆ।

[ਆਸਾ ਕਬੀਰ ਜੀ, ਦੁਪਦਾ-੩੩]

ਪ੍ਰਾਕ੍ਥਨ-ਇਸ ਸ਼ਬਦ ਵਿਚ ਕਬੀਰ ਜੀ ਦੀ ਮਾਤਾ ਦੇ ਖਿਆਲ ਹਨ ਜੋ ਕਬੀਰ ਜੀ ਦੇ ਭਗਤ ਹੋ ਜਾਣ ਤੇ ਉਹਨਾਂ ਨੂੰ ਅਪਣੇ ਘਰ ਬਾਬਤ ਸੁੱਝੇ ਤੇ ਮਾੜੇ ਲੱਗੇ। ਅੰਕ ੨ ਵਿਚ ਕਬੀਰ ਜੀ ਦਾ ਉਪਦੇਸ਼ ਹੈ।

ਮੂਲ	ਅਰਥ
ਆਸਾ ॥ ਮੇਰੀ ਬਹੁਰੀਆ ਕੋ ਧਨੀਆ ਨਾਉ ॥ ਲੇ ਰਾਖਿਓ ਰਾਮ ਜਨੀਆ ਨਾਉ ॥੧॥	ਮੇਰੀ ਨੂੰਹ ਦਾ ਨਾਉਂ ਧਨੀਆ (=ਧਨਵੰਤ) ਸੀ, (ਪਰ ਇਨ੍ਹਾਂ ਸਾਧਾਂ ਨੇ ਉਸ ਦਾ) ਨਾਉਂ ਰਾਮ ਜਨੀਆ ਰਖ ਦਿੱਤਾ ਹੈ। ॥੧॥
ਇਨ੍ਹ ਮੁੰਡੀਅਨ ਮੇਰਾ ਘਰੁ ਧੁੰਧਰਾਵਾ॥ ਬਿਟਵਹਿ ਰਾਮ ਰਮਊਆ ਲਾਵਾ ॥੧॥ ਰਹਾਉ ॥	ਇਨ੍ਹਾਂ ਸਾਧਾਂ ਨੇ ਮੇਰੇ ਘਰ ਦੀ ਮਿੱਟੀ ਉਡਾ ਦਿੱਤੀ ਹੈ (ਤੇ) ਪੁਤ੍ਰ ਮੇਰੇ ਨੂੰ ਰਾਮ ਰਾਮ ਰਟਦੇ ਰਹਿਣ ਵਿਚ ਲਾ ਦਿਤਾ ਹੈ॥ ੧ ॥ ਰਹਾਉ ॥
ਕਹਤੁ ਕਬੀਰ ਸੁਨਹੁ ਮੇਰੀ ਮਾਈ ॥ ਇਨ੍ਹ ਮੁੰਡੀਅਨ ਮੇਰੀ ਜਾਤਿ ਗਵਾਈ ॥੨॥੩॥੩੩॥	ਕਬੀਰ ਆਖਦਾ ਹੈ: ਹੇ ਮੇਰੀ ਮਾਂ ਸੁਣ ! ਇਨ੍ਹਾਂ ਸਾਧਾਂ ਨੇ ਤਾਂ ਮੇਰੀ ਜਾਤ ਗੁਆ ਦਿੱਤੀ ਹੈ (ਭਾਵ ਨੀਚ ਜਾਤ ਜੁਲਾਹੇ ਤੋਂ ਅਚਯੁਤ ਗੋਤ੍ਰੀ-ਪਰਮਾਤਮਾ ਦੀ ਜਾਤ ਦਾ-ਬਣਾ ਦਿਤਾ ਹੈ)॥ ੨ ॥ ੩ ॥ ੩੩ ॥

ਵਯਾਖਯਾ- ਇਸ ਸ਼ਬਦ ਦਾ ਸਿੱਧਾ ਅਰਥ ਤਾਂ ਇਹ ਸਪਸ਼ਟ ਹੈ ਕਿ ਸ੍ਰੀ ਕਬੀਰ ਜੀ ਦੀ ਮਾਂ ਕਿਸੇ ਪਾਸ ਗਿਲਾ ਕਰ ਰਹੀ ਹੈ ਤੇ ਕਬੀਰ ਜੀ ਸੁਣ ਲੈਂਦੇ ਹਨ ਤੇ ਮਾਤਾ ਨੂੰ ਇਕੋ ਫਿਕਰੇ ਵਿਚ ਨਿਰੁੱਤ੍ਰ ਕਰ ਦੇਂਦੇ ਹਨ।

ਮਾਤਾ ਦਾ ਗਿਲਾ ਇਹ ਹੈ ਕਿ ਮੇਰੀ ਨੋਂਹ ਦਾ ਨਾਉਂ ਤਾਂ ਧਨੀਆਂ ਸੀ। 'ਧਨੀਆਂ' ਪਦ ਧਨਵੰਤੀ ਦਾ ਸੰਖੇਪ ਹੈ, ਪਰ ਜੋ ਮੁੰਡੀਏ ਮੇਰੇ ਘਰ ਆਉਂਦੇ ਹਨ ਇਨ੍ਹਾਂ ਨੇ 'ਰਾਮ ਜਨੀਆ' ਨਾਮ ਰਖ ਦਿਤਾ ਹੈ। 'ਮੁੰਡੀਆ' ਪੂਰਬ ਵਿਚ ਸਾਧਾਂ ਨੂੰ ਕਹਿੰਦੇ ਹਨ। ਇਹ ਪਦ 'ਪੁਰਾਤਣ ਹੈ ਜਦੋਂ ਸਿਰ ਮੂੰਹ ਮੁਨਾਕੇ ਬੋਧੀ ਭਿਖ਼ਸ਼ੂ ਸਾਧੂ ਬਣੇ ਯਾ ਸਿਰ ਦੇ ਵਾਲ ਖੁਹਾ ਕੇ ਜੈਨ ਭਿਖ਼ਸ਼ੂ ਬਣੇ, ਪਰ ਮਗਰੋਂ ਹਰ ਮਤਿ ਦੇ ਸਾਧੂ ਨੂੰ ਕਹਿਣ ਲਗ ਪਏ।

ਰਾਮ ਜਨੀਆਂ ਦਾ ਅਰਥ ਹੈ ਪਰਮੇਸ਼ੁਰ ਦੀ ਦਾਸੀ, ਪਰ ਇਹ ਪਦ ਉਸ ਦੇਸ਼ ਵਿਚ ਘ੍ਰਿਣਤ ਹੈ। ਇਕ ਰਿਵਾਜ ਹੈ ਕਿ ਮੰਦਰਾਂ ਤੇ ਲੋਕੀ ਧੀਆਂ ਚੜ੍ਹਾ ਆਉਂਦੇ ਹਨ, ਇਹ ਰਾਮ ਜਨੀਆਂ ਯਾ ਦੇਵਦਾਸੀਆਂ ਕਹੀਆਂ ਜਾਂਦੀਆਂ ਹਨ। ਪਰ ਇਨ੍ਹਾਂ ਦਾ ਕਰਤੱਵ ਅਕਸਰ ਵੇਸ਼ਵਾ ਵਰਗਾ ਹੁੰਦਾ ਹੈ, ਇਸ ਕਰਕੇ ਇਹ ਪਦ ਘ੍ਰਿਣਾਂ ਵਾਲਾ ਹੈ। ਘਰ ਆਏ ਸਾਧੂ ਕਬੀਰ ਜੀ ਦੀ ਇਸਤ੍ਰੀ ਨੂੰ ਸਤਿਕਾਰ ਨਾਲ 'ਰਾਮ ਜਨੀਆਂ' ਕਹਿੰਦੇ ਹਨ, ਪਰ ਕਬੀਰ ਜੀ ਦੀ ਮਾਂ ਇਸ ਸ਼ਬਦ ਦੇ ਘ੍ਰਿਣਤ ਅਰਥ ਸਮਝਕੇ ਗੁੱਸਾ ਕਰਦੀ ਹੈ।

ਰਹਾਉ ਵਿਚ ਮਾਈ ਆਖਦੀ ਹੈ ਇਨ੍ਹਾਂ ਸਾਧਾਂ ਨੇ ਤਾਂ ਮੇਰੇ ਘਰ ਦੀ ਮਿੱਟੀ ਉਡਾ ਦਿਤੀ ਹੈ, ਭਾਵ ਵੈਰਾਨ ਕਰ ਦਿਤਾ ਹੈ ਕਿ ਪੁਤ੍ਰ ਮੇਰੇ ਨੂੰ ਰਾਮ ਰਾਮ ਦੇ ਰਟਨ ਵਿਚ ਲਾ ਦਿਤਾ ਹੈ ਹੋਰ ਇਹ ਘਰ ਦੇ ਕਿਸੇ ਕੰਮ ਵਿਚ ਨਹੀਂ ਰੁਚਦਾ। ਜਿਵੇਂ ਕੋਈ ਕਹੇ ਕਿ ਫਲਾਣੇ ਨੇ ਮੇਰਾ ਝੁੱਗਾ ਹੀ ਪੱਟ ਘੱਤਿਆ ਹੈ ਕਿ ਮੇਰੇ ਪੁਤ੍ਰ ਨੂੰ ਕੰਮੋਂ ਕਾਜੋਂ ਗੁਆਕੇ ਰਾਮ ਰਾਮ ਦੇ ਗੁਣ ਗਾਉਣ ਵਿਚ ਲਾ ਦਿਤਾ ਹੈ। ਮਾਤਾ ਨੂੰ ਨਾਮ ਦਾ ਰੱਟਣਾ ਭੰਗੀ ਪੋਸਤੀ ਹੋ ਜਾਣ ਵਾਙੂ ਮਾੜਾ ਲਗ ਰਿਹਾ ਹੈ।

ਅੰਕ ੨ ਹੁਣ ਕਬੀਰ ਜੀ, ਜੋ ਜਾਪਦਾ ਹੈ ਮਾਤਾ ਵਲੋਂ ਕਿਸੇ ਪਾਸ ਹੋ ਰਹੇ ਸ਼ਿਕਵੇ ਸੁਣ ਲੈਂਦੇ ਹਨ ਤਾਂ ਉੱਤਰ ਦੇਂਦੇ ਹਨ ਕਿ ਹੇ ਮਾਂ ਇਨ੍ਹਾਂ ਸਾਧਾਂ ਨੇ ਹੀ ਤਾਂ ਮੇਰੀ ਜਾਤ ਗੁਆ ਦਿਤੀ ਹੈ। ਗੁਆ ਦਿਤੀ ਦਾ ਭਾਵ 'ਕੁਜਾਤ ਕਰ ਦਿਤਾ' ਨਹੀਂ, ਪਰ ਜੁਲਾਹੇ ਜਾਤ ਦੀ ਥਾਂ ਮੇਰੀ ਨੀਵੀਂ ਜਾਤ ਦੀ ਘ੍ਰਿਣਾ ਦੂਰ ਕਰ ਦਿਤੀ ਹੈ,ਹੁਣ ਮੈਨੂੰ ਉੱਚ ਜਾਤਾਂ ਵਾਲੇ 'ਭਗਤ''ਭਗਤ' ਕਹਿ ਕੇ ਨਮਸਕਾਰਾਂ ਕਰਦੇ ਹਨ। ਹੁਣ ਮੈਂ ਅੱਚੁਤ ਗੋਤ੍ਰੀ ਹੋ ਗਿਆ ਹਾਂ, ਜੋ ਖਤ੍ਰੀ ਬ੍ਰਾਹਮਣ,ਕਰਮ ਕਾਂਡੀ ਗਯਾਨੀ ਸਭ ਭਗਤ ਕਰਕੇ ਸੱਦਦੇ ਤੇ

ਆਖਦੇ ਹਨ ਕਬੀਰ ਤਾਂ ਭਗਵਾਨ ਦਾ ਰੂਪ ਹੈ, ਇਸ ਦੀ ਜਾਤ ਉਹੋ ਹੈ ਜੋ ਭਗਵਾਨ ਦੀ ਹੈ। ਇਸ ਕਹਿਣ ਵਿਚ ਕਬੀਰ ਜੀ ਮਾਤਾ ਦੇ ਸਾਰੇ ਗਿਲੇ ਦਾ ਜਵਾਬ ਦੇ ਜਾਂਦੇ ਹਨ ਕਿ ਸਾਧੂਆਂ ਦੇ ਸਤਿਸੰਗ ਨੇ ਸਾਨੂੰ ਉੱਚਾ ਕਰ ਦਿਤਾ ਹੈ।

ਵਿਸ਼ੇਸ਼-ਪਿਛਲੇ ਸ਼ਬਦ ਵਿਚ ਇਸਤ੍ਰੀਆਂ ਦਾ ਜ਼ਿਕਰ ਹੈ। ਉਸ ਦੇ ਅੱਖਰੀ ਅਰਥ ਨਹੀਂ ਲਏ ਜਾਂਦੇ। ਓਹ ਅਰਥ ਲੱਛਣਾ ਬ੍ਰਿਤੀ ਨਾਲ ਬੁੱਧੀਆਂ ਤੇ ਘਟਦੇ ਹਨ; ਉਸੇ ਅਨੁਸਾਰ ਦਾਨੇ ਵੀਚਾਰਵਾਨ ਇਸ ਸ਼ਬਦ ਵਿਚ ਬੀ ਪਰਮਾਰਥਿਕ ਭਾਵਾਰਥ ਲੈਂਦੇ ਹਨ ਤੇ ਐਉਂ ਵਰਣਨ ਕਰਦੇ ਹਨ:-

ਅੰਕ ੧-ਮਾਂ ਦੀ ਬਹੁਰੀਆ ਕਬੀਰ ਜੀ ਦੀ ਵਹੁਟੀ ਹੋਈ। ਸੋ ਪਿਛਲੇ ਸ਼ਬਦ ਦੀ ਬ੍ਰਿਤੀ ਜਾਰੀ ਹੈ ਕਿ ਵਾਸਤਵ ਵਿਚ ਦੋ ਬੁਧੀਆਂ ਨਹੀਂ ਸਨ, ਕੁਮਤੀ ਹੀ ਸ਼ੁਭ ਭਾਵਨਾ ਵਾਲੀ ਹੋ ਕੇ ਸੁਮਤੀ ਹੋ ਗਈ ਸੀ।

ਪਹਿਲਾਂ ਉਸ ਦਾ ਨਾਉਂ ਸੀ ਧਨੀਆ (=ਧਨ ਦੇ ਮਗਰ ਲਗੀ ਰਹਿਣ ਵਾਲੀ ਬ੍ਰਿਤੀ), ਹੁਣ ਉਹ ਹੋ ਗਈ ਹੈ ਪਰਮਾਤਮਾਂ ਨਾਲ ਮਿਲੀ ਰਹਿਣ ਵਾਲੀ। ਸਾਧੂਆਂ ਨੇ ਉਸੇ ਧਨੀਆਂ ਨੂੰ ਬਦਲ ਕੇ ਰਾਮਜਨੀਆ ਨਾਮ ਦੇ ਦਿਤਾ ਹੈ, ਕਿਉਂਕਿ ਉਹ ਹੁਣ 'ਰਾਮ ਦੇ ਜਾਣਨ ਵਾਲੀ' ਹੋ ਗਈ ਹੈ।

ਇਨ੍ਹਾਂ ਸਾਧੂਆਂ ਨੇ ਮੇਰੇ ਘਰ ਨੂੰ ਮਿੱਟੀ ਵਿਚ ਰਲਾ ਦਿਤਾ ਹੈ, ਭਾਵ ਘਰ ਰੂਪੀ ਦੇਹ ਦਾ ਅਭਿਮਾਨ ਦੂਰ ਕਰ ਦਿਤਾ ਹੈ ਅਤੇ ਮੇਰੇ ਬੇਟੇ ਨੂੰ, ਭਾਵ ਮਨ ਨੂੰ, ਰਾਮ ਸਿਮਰਨ ਵਿਚ ਕਰ ਦਿਤਾ ਹੈ, ਅਤੇ ਇਨ੍ਹਾਂ ਨੇ ਜਿਵੇਂ ਮੇਰੇ ਦੇਹ ਅਭਿਮਾਨ ਨੂੰ ਦੂਰ ਕੀਤਾ ਹੈ, ਤਿਵੇਂ ਮੇਰੀ 'ਜਾਤ ਹੀਨਤਾ' ਬੀ ਦੂਰ ਕੀਤੀ ਹੈ। ਅਗੇ ਮੈਂ ਆਪ ਨੂੰ ਨੀਚ ਜਾਤ ਸਮਝਦਾ ਸਾਂ, ਹੁਣ ਮੇਰੀ ਇਹ ਹੀਨਤਾਈ ਵਾਲੀ ਬ੍ਰਿਤੀ ਦੂਰ ਹੋ ਗਈ ਹੈ।

ਐਉਂ ਅੱਖਰ ਲੱਗ ਤਾਂ ਜਾਂਦੇ ਹਨ, ਪਰ ਕੁਛ ਖਿੱਚ ਕੇ ਲਾਉਣੇ ਪੈਂਦੇ ਹਨ।

ਨਿਰੁਕ੍ਤ-ਬਹੁਰੀਆ- [ਸੰਸ:, ਵਧੂ:। ਹਿੰ:, ਬਹੂ] ਬਹੂ, ਨੋਂਹ ।

ਧਨੀਆ-ਧਨਵੰਤੀ। ਕੁੜੀਆਂ ਦੇ ਨਾਮ ਰਖੇ ਜਾਂਦੇ ਹਨ।

ਰਾਮ ਜਨੀਆ-ਵਿਆਖ੍ਯਾ ਵਿਚ ਵੇਰਵਾ ਆ ਚੁਕਾ ਹੈ।

ਮੁੰਡੀਅਨ- ਸਾਧੂ । ਵੇਰਵਾ ਵ੍ਯਾਖ੍ਯਾ ਵਿਚ ਆ ਚੁਕਾ ਹੈ।

ਧੁੰਧਰਾਵਾ- ਉਲਟ ਪੁਲਟ ਕਰ ਦਿਤਾ। ਘਰ ਦੀ ਮਿੱਟੀ ਉਡਾ ਦਿਤੀ ਹੈ। (ਅ) ਧੁੰਧ ਪਦ ਤੋਂ ਧੁੰਧਰਾਵਾ ਬਣਿਆ ਲੈਕੇ 'ਹਨੇਰ ਪਾ ਦਿਤਾ' ਬੀ ਅਰਥ ਕਰਦੇ ਹਨ। ਭਾਵ ਇਕੋ ਹੈ ਕਿ ਝੁੱਗਾ ਪੱਟ ਸੁੱਟਿਆ ਨੇ। ਬਿਟਵਹਿ-ਬੇਟੇ ਨੇ।

ਰਾਮ ਰਮਊਆ-ਰਾਮ ਦਾ ਰਟਨ।

[ਆਸਾ ਕਬੀਰ ਜੀ, ਚਉਪਦਾ-੩੪]

ਮੂਲ	ਅਰਥ
ਆਸਾ ॥ ਰਹੁ ਰਹੁ ਰੀ ਬਹੁਰੀਆ ਘੂੰਘਟੁ ਜਿਨਿ ਕਾਢੈ ॥ ਅੰਤ ਕੀ ਬਾਰ ਲਹੈਗੀ ਨ ਆਢੈ ॥੧॥ ਰਹਾਉ ॥	ਹੇ ਬਹੁਰੀਆ! ਘੁੰਡ ਨਾ ਕੱਢਿਆ ਕਰ, ਟਲ ਜਾ, ਟਲ ਜਾ (ਇਸ ਗਲੋਂ। ਇਸ ਘੁੰਡ ਕੱਢਣ ਦਾ ਮੁੱਲ) ਅੰਤ ਸਮੇਂ ਤੈਨੂੰ ਕੌਡੀ ਭਰ ਬੀ ਨਹੀਂ ਮਿਲਣਾ॥੧॥ ਰਹਾਉ॥
ਘੂੰਘਟੁ ਕਾਢਿ ਗਈ ਤੇਰੀ ਆਗੈ ॥ ਉਨ ਕੀ ਗੈਲਿ ਤੋਹਿ ਜਿਨਿ ਲਾਗੈ ॥੧॥	ਤੇਰੇ ਤੋਂ ਜੋ ਪਹਿਲੀ (ਸਾਡੀ ਬਹੂ ਸੀ ਉਹ) ਘੁੰਡ ਕਢਦੀ (ਮਰ) ਗਈ ਹੈ, (ਦੇਖ ਉਸ ਦੀ ਪਿਛ-ਲੱਗਣੀ ਤੈਨੂੰ ਨਾ ਲੱਗ ਜਾਵੇ॥੧॥

ਘੂੰਘਟ ਕਾਢੇ ਕੀ ਇਹੈ ਬਡਾਈ ॥ ਦਿਨ ਦਸ ਪਾਂਚ ਬਹੂ ਭਲੇ ਆਈ ॥੨॥	ਘੁੰਡ ਕੱਢਣ ਦੀ ਇਹੋ ਵਡਿਆਈ (ਮਿਲਦੀ) ਹੈ (ਕਿ ਲੋਕ) ਪੰਜ ਦਸ ਦਿਨ (ਇਹ ਗੱਲ) ਆਖਦੇ ਹਨ ਕਿ ਬਹੂ ਭਲੇ (ਘਰ ਦੀ) ਆਈ ਹੈ ॥੨॥
ਘੂੰਘਟੁ ਤੇਰੋ ਤਉ ਪਰਿ ਸਾਚੈ ॥ ਹਰਿ ਗੁਨ ਗਾਇ ਕੂਦਹਿ ਅਰੁ ਨਾਚੈ ॥੩॥	(ਪਰ ਸਾਡੇ ਖਿਆਲ ਵਿਚ) ਤੇਰਾ ਘੁੰਡ, ਤਾਂ ਸੱਚਾ ਹੈ, ਕਿ ਤੂੰ ਹਰੀ ਦੇ ਗੁਣ ਗਾਉਂਦੀ ਹੋਈ ਨੱਚੇਂ ਤੇ ਟੱਪੇਂ (ਭਾਵ ਪਰਮਾਤਮਾ ਦੇ ਗੁਣ ਗਾਵੇਂ ਤੇ ਐਸਾ ਕਰਨੇ ਵਿਚ ਲੋਕ ਲਾਜ ਦੀ ਪਰਵਾਹ ਨਾ ਕਰੇਂ) ॥੩॥
ਕਹਤ ਕਬੀਰ ਬਹੂ ਤਬ ਜੀਤੈ ॥ ਹਰਿ ਗੁਨ ਗਾਵਤ ਜਨਮੁ ਬਿਤੀਤੈ ॥੪॥੧॥੩੪॥	ਕਹਿੰਦੇ ਹਨ ਕਬੀਰ ਜੀ, ਹੇ ਬਹੂ ! (ਤੂੰ) ਤਦ (ਇਹ ਆਪਣਾ ਜਨਮ) ਜਿੱਤ ਲਵੇਂਗੀ (ਜੇ ਤੇਰਾ) ਜਨਮ ਹਰਿ ਗੁਣ ਗਾਉਂਦਿਆਂ ਬੀਤੇਗਾ ॥੪॥੧॥੩੪॥

ਵਜਾਖਜਾ– ਬਹੂ ਤੇ ਉਸਦਾ ਲਾਡ ਮਈ ਨਿੰਮ੍ਰਵਾਚੀ ਰੂਪ ਬਹੁਰੀਆ ਵਹੁਟੀ ਵਾਸਤੇ ਬੀ ਵਰਤੀਂਦਾ ਹੈ ਤੇ ਨੋਂਹ ਵਾਸਤੇ ਬੀ। ਦਾਨੇ ਖਯਾਲ ਕਰਦੇ ਹਨ ਕਿ ਇਹ ਸ਼ਬਦ ਸ੍ਰੀ ਕਬੀਰ ਜੀ ਨੇ ਅਪਨੀ ਨੋਂਹ ਪਰਥਾਇ ਉਚਾਰਿਆ ਹੈ। ਕਿ ਉਨ੍ਹਾਂ ਦੀ ਪਹਿਲੀ ਨੋਂਹ ਗੁਜ਼ਰ ਗਈ ਸੀ, ਦੂਜੀ ਵਿਆਹੀ ਆਈ ਤਾਂ ਉਹ ਬਹੁਤ ਲਾਜ ਵਾਲੀ ਸੀ। ਲੰਮਾਂ ਘੁੰਡ ਕੱਢਦੀ ਸੀ ਜੋ ਸਾਧ ਸੰਗਤ ਦੀ ਸੇਵਾ ਵਿਚ ਉਸ ਨੂੰ ਖੁੱਲ੍ਹ ਕੇ ਕੰਮ ਨਹੀਂ ਸੀ ਕਰਨੇ ਦੇਂਦਾ। ਫੇਰ ਸੰਤਾਂ ਤੋਂ ਘੁੰਡ ਕੱਢਣਾ ਕਬੀਰ ਜੀ ਨੂੰ ਨਹੀਂ ਸੀ ਭਾਉਂਦਾ, ਜਿਨ੍ਹਾਂ ਦੇ ਦਰਸ਼ਨਾਂ ਤੋਂ ਲਾਭ ਲੈਣਾ ਸੀ। ਇਸ ਸ਼ਬਦ ਦੀ ਅੰਤਲੀ ਤੁਕ ਤੋਂ ਪਤਾ ਲਗ ਜਾਂਦਾ ਹੈ ਕਿ ਕਬੀਰ ਜੀ ਦਾ ਤਾਤਪਰਜ ਇਹ ਸੀ ਕਿ ਨੋਂਹ ਹਰੀ ਗੁਣ ਗਾਉਣ ਵਾਲੀ ਪਰਮਾਤਮ ਦੇਵ ਦੀ ਪ੍ਰੇਮਣ ਹੋਵੇ। 'ਕੁੱਦਣਾ ਨੱਚਣਾ' ਦਾ ਭਾਵ ਟਪੋਸੀਆਂ ਮਾਰਨੀਆਂ ਤੇ ਨਾਚ ਕਰਨੇ ਨਹੀਂ, ਪਰ ਝੂਠੀ ਸ਼ਰਮ ਛੱਡਕੇ ਦਿਲ ਦੇ ਚਾ ਨਾਲ ਹਰੀ ਸਿਮਰਨ, ਹਰੀ ਗੁਣ ਗਾਯਣ ਤੋਂ ਹੈ। ਐਸਾ ਕਰਨੇ ਨਾਲ ਫੁਰਮਾਉਂਦੇ ਹਨ ਬਹੂ ਤੂੰ ਜਿੱਤ ਜਾਏਂਗੀ। ਕੀਹ ਜਿੱਤ ਜਾਏਂਗੀ? ਇਹ ਗਲ ਅੰਤਲੀ ਤੁਕ ਦੇ ਪਦ 'ਜਨਮ' ਤੋਂ ਸਾਫ ਦਿਸ ਪੈਂਦੀ ਹੈ ਕਿ ਜੇ ਹਰੀ ਗੁਣ ਗਾਵਣ ਵਿਚ ਜਨਮ ਬਿਤੀਤ ਕਰੇਗੀ ਤਦ ਬਹੂ ਅਪਨਾ ਮਨੁਖਾ 'ਜਨਮ' ਜਿਤ ਜਾਏਗੀ।

ਵਿਸ਼ੇਸ਼– ਵਿਦਵਾਨ ਸਜਣ ਇਸ ਸ਼ਬਦ ਨੂੰ ਬੀ ਸ਼ਬਦ ੩੨ ਵਿਚ ਪ੍ਰਾਪਤ ਹੋਈ ਪਰਮਾਰਥਕ ਬੁੱਧੀ ਦੇ ਸਿਲਸਿਲੇ ਵਿਚ ਚਲ ਰਿਹਾ ਸਮਝਕੇ ਇਸਦਾ ਅੰਤ੍ਰੀਵ ਅਰਥ ਇਸ ਪ੍ਰਕਾਰ ਲੈਂਦੇ ਹਨ ਕਿ:-

ਕਈ ਜਗਜਾਸੂ ਜਦ ਸੁਮਤੀ ਪ੍ਰਾਪਤ ਕਰਕੇ ਪਰਮਾਰਥ ਸਿਧੀ ਵਲ ਲੱਗ ਪੈਂਦੇ ਹਨ ਤਾਂ ਸੰਸਾਰੀ ਅੱਖਾਂ ਤੋਂ ਅਪਣੇ ਇਸ ਸ਼ੋਕ ਤੇ ਪ੍ਰਾਪਤੀ ਨੂੰ ਲੁਕੋਣਾ ਚਾਹੁੰਦੇ ਹਨ। ਓਹ ਸੰਸਾਰਕ ਬਿਵਹਾਰਾਂ ਵਿਚ ਸੰਸਾਰੀ ਲੋਕਾਂ ਵਿਚ ਵਰਤਦੇ ਅਪਣੇ ਅੰਦਰ ਉਪਜੀ ਉੱਚ ਬੁਧੀ ਨੂੰ ਲੁਕਾਉਂਦੇ ਹਨ ਤੇ ਸੰਸਾਰਕ ਪਾਸੇ ਵਲ ਨੂੰ ਰੁਚੀਆਂ ਦਾ ਦਿਖਾਵਾ ਕਰਕੇ ਉਸ ਦਿਖਾਵੇ ਹੇਠ ਅਪਣੀ ਅੰਤ੍ਰੀਵ ਉੱਤਮ ਬੁੱਧੀ ਨੂੰ ਲੁਕਾ ਲੈਂਦੇ ਹਨ*।

ਇਸ ਪ੍ਰਕਾਰ ਦੇ ਭਾਵ ਅਨੁਸਾਰ ਇਸ ਸ਼ਬਦ ਦੇ ਅਰਥ ਇਸ ਪ੍ਰਕਾਰ ਦੇ ਲੈਂਦੇ ਹਨ:-

---

* ਮੁਸਲਮਾਨਾਂ ਵਿਚ ਤਾਂ ਖਾਸ ਤ੍ਰੀਕਾ ਹੈ ਇਸ ਪ੍ਰਕਾਰ ਦੀ ਫਕੀਰੀ ਦਾ ਜਿਸਨੂੰ 'ਤ੍ਰੀਕ ਮਲਾਮਤੀਆ' ਕਹਿੰਦੇ ਹਨ।

ਅਰਥ

ਹੇ ਨਵੀਂ ਪ੍ਰਾਪਤ ਹੋਈ ਸੁਮਤੀ ਰੂਪ ਮੇਰੀ ਇਸਤ੍ਰੀ ਤੂੰ ਪਰਦੇ ਨਾ ਪਾ, (ਅਰਥਾਤ ਜ਼ਾਹਰਾ ਦੁਨੀਆਂਦਾਰੀ ਦੀ ਰੁਚੀ ਦਿਖਾਕੇ ਆਪਣੇ ਅੰਦਰਲੀ ਸ੍ਰੇਛਤਾ ਤੇ ਈਸ਼੍ਵਰ ਪਰਾਇਣਤਾ ਨਾ ਲੁਕਾ)॥੧॥ ਰਹਾਉ॥

ਤੇਰੇ ਵਰਗੀਆਂ ਅਗੇ ਕਈ ਇਸ ਤਰ੍ਹਾਂ ਪਰਦੇ ਪਾ ਪਾ ਕੇ ਲੁਕੋ ਕਰਦੀਆਂ ਮਰ ਗਈਆਂ, ਉਨ੍ਹਾਂ ਦੀ ਛੂਤ ਨਾ ਤੈਨੂੰ ਲਗੇ॥੧॥

ਸੰਸਾਰਾਕਾਰ ਰੁਚੀਆਂ ਤੇ ਕਰਤਬਾਂ ਦੇ ਪਰਦੇ ਪਾ ਪਾ ਕੇ ਆਪਣੇ ਆਪ ਨੂੰ ਲੁਕਾ ਲੁਕਾਕੇ ਤੁਰਨ ਵਾਲੀ ਇਸਤ੍ਰੀ ਰੂਪ ਬੁੱਧੀਆਂ ਨੂੰ ਕੀ ਵਡਿਆਈ ਮਿਲੀ ਕਿ ਚਾਰ ਦਸ ਦਿਨ ਲੋਕਾਂ ਨੇ ਚੰਗਾ ਚੰਗਾ ਕਹਿ ਛਡਿਆ॥੨॥

ਤੇਰਾ ਇਹ ਬੀ ਘੁੰਡ ਸੱਚਾ ਹੋ ਜਾਏ ਜੇ ਤੂੰ ਹਰੀ ਗੁਣ ਗਾਯਨ ਕੁੱਦ ਕੁੱਦ ਨੱਚ ਨੱਚ ਕੇ ਕਰੇਂ। (ਭਾਵ ਹਰੀ ਗੁਣ ਗਾਯਨ ਤੇ ਸਤਿਸੰਗ ਜਾਣਾ ਆਦਿ ਨਿਸੰਗ ਹੋਕੇ ਕਰੇਂ। ਕਿਸੇ ਦੀ ਕਾਣ ਕਨੌਡ ਨਾ ਰਖੇਂ, ਨਹੀਂ ਤਾਂ ਪਰਦੇ ਪਾਉਣੇ ਆਤਮ ਕਮਜ਼ੋਰੀ ਹੋਵੇਗੀ। ਘੁੰਡ ਨੂੰ ਸੱਚਾ ਨਹੀਂ ਕਹਿ ਰਹੇ, ਚਾਉ ਤੇ ਪ੍ਰਗਟ ਹੋਕੇ ਹਰੀ ਗੁਣ ਗਾਯਨ ਦੀ ਪ੍ਰਿਵਿਰਤੀ ਨੂੰ ਸੱਚਾ ਘੁੰਡ ਕਹਿ ਰਹੇ ਹਨ। ਘੁੰਡ ਹੁੰਦਾ ਹੈ ਸ਼ਰਮ ਹਯਾ ਦਾ ਚਿੰਨ੍ਹ, ਸੋ ਮੁਰਾਦ ਹੈ ਕਿ ਸਚਾ ਸ਼ਰਮ ਸਚਾ ਹਯਾ ਹੈ, ਨਿਸੰਗ ਹੋਕੇ ਹਰੀ ਗੁਣ ਗਾਇਣ)॥੩॥

ਇਹੋ ਹਰੀ ਗੁਣ ਗਾਇਨ ਜਨਮ ਦੀ ਸਫਲਤਾ ਹੈ, ਇਹੋ ਹੈ ਸੁਮਤੀ ਤੇਰੀ ਜੈ, ਅਨਾਤਮ ਰੁਚੀਆਂ ਤੇ ਅਨਾਤਮ ਭਾਵਾਂ ਤੇ ਸੰਕਲਪ ਉਤੇ॥੪॥੧॥੩੪॥

ਭਾਵ

(ਹੇ ਸੁਮਤੀ ਅਰਥਾਤ ਸੁਮਤੀ ਵਾਲੇ) ਨਵੀਨ ਲਗੇ ਜਗਜਾਸੂ! (ਤੂੰ ਜੋ ਜਗਤ ਅੱਖ ਤੋਂ ਬਚਣ ਲਈ ਸੰਸਾਰਾਕਾਰ ਵਰਤਾਵਿਆਂ ਦਾ) ਘੁੰਡ ਕੱਢਕੇ (=ਪਰਦਾ ਪਾਕੇ ਲੁਕੋ ਕਰਦਾ ਹੈਂ, ਇਸ ਤਰੀਕੇ ਤੋਂ) ਰੁਕ ਜਾ, (ਜ਼ਰੂਰ) ਰੁਕ ਜਾ॥੧॥ ਰਹਾਉ॥

ਤੈਥੋਂ ਅਗੇ (ਤੇਰੇ ਵਰਗੇ ਕਈ ਸ਼ਰਮਾਕਲ ਜਗਜਾਸੂ) ਪਰਦੇ ਪਾ ਪਾ ਗਏ ਹਨ ਉਨ੍ਹਾਂ ਦੀ ਪਿਛਲੱਗ ਆਪ ਨੂੰ ਨਾ ਲੱਗਣ ਦੇਹ॥੧॥

ਇਸ ਪਰਦੇ ਪਾਉਣੀ ਦਾ (ਬੱਸ ਇਤਨਾ ਕੁ ਹੀ ਫਲ ਹੈ ਕਿ) ਥੋੜੇ ਦਿਨ ਸੰਸਾਰੀ ਲੋਕ (ਤੈਨੂੰ) ਭਲਾ ਭਲਾ ਕਹਿਣਗੇ (ਕਿ ਦੇਖੋ ਕੈਸਾ ਅਕਲ ਵਾਲਾ ਹੈ, ਸੁਹਣੀ ਕਮਾਈ ਕਰਦਾ ਹੈ, ਸਾਧਾਂ ਦੇ ਮਗਰ ਲੱਗਕੇ ਰੁੜ੍ਹ ਨਹੀਂ ਗਿਆ। ਕੰਮ ਸੁਹਣੇ ਕਰਦਾ ਹੈ)॥੨॥

ਹਾਂ, ਤੇਰਾ ਘੁੰਡ ਸੱਚਾ ਘੁੰਡ ਹੋ ਜਾਏ ਜੇ ਤੂੰ ਹਰੀ ਗੁਣ ਗਾਉਂਦਿਆਂ ਕੁੱਦੇਂ ਤੇ ਨੱਚੇਂ। (ਭਾਵ ਇਹ ਕਿ ਲੋਕ ਲਾਜ ਤੇਰੇ ਹਰੀ ਗੁਣ ਗਾਯਨ ਵਿਚ ਵਿਘਨਕਾਰੀ ਵਸਤੂ ਹੈ, ਇਸ ਦਾ ਤਜਾਗ ਕਰ ਤੇ ਖੁੱਲ੍ਹਾ ਹੋਕੇ ਸਤਿਸੰਗ ਕਰ, ਕੀਰਤਨ ਕਰ, ਨਾਮ ਜਪ ਤੇ ਨੇਕੀਆਂ ਕਮਾ)॥੩॥

ਕਬੀਰ ਜੀ ਕਹਿੰਦੇ ਹਨ ਹੇ ਸੁਮਤੀ ! ਤੇਰਾ ਜਨਮ ਤਾਂ ਹੀ ਸਫਲ ਹੈ ਜੇ ਹਰੀ ਗੁਣ ਗਾਉਂਦਿਆਂ ਤੇਰਾ ਜਨਮ ਬੀਤੇ। (ਤੇ ਇਹ ਗਲ ਪਹਿਲੇ ਦੱਸ ਆਏ ਹਨ ਕਿ ਹਰੀ ਗੁਣ ਸੰਸਾਰੀ ਪਾਪਾਂ ਦੇ ਜ਼ਾਹਰਾ ਤੌਰ ਤੇ ਕੁਸੰਗੀਆਂ ਤੇ ਗ਼ਾਫ਼ਲਾਂ ਵਿਚ ਉਹਨਾਂ ਵਰਗਾ ਬਣ ਬਣ ਬੈਠਦਾ ਹੈ, ਇਹ ਝੇਪਣਾ ਹੈ, ਛੋਡ ਦੇਹ। ਨਿਸੰਗ ਹੋਕੇ ਸਤਿਸੰਗ ਵਿਚ ਜਾਹ ਤੇ ਪਰਮਾਰਥ ਸਿੱਧੀ ਕਾਣ ਕਨੌਡਾਂ ਛੋੜਕੇ ਕਰ॥੪॥੧॥੩੪॥

ਇਸ ਹਿਸਾਬ ਕਬੀਰ ਜੀ ਦਾ ਭਾਵ ਹੈ ਕਿ ਸਤਿਸੰਗ ਕਰਨਾ ਨਿਸੰਕ ਹੋਕੇ ਚਾਹੀਏ, ਤੇ ਸੰਸਾਰੀ ਲੋਕਾਂ ਵਿਚ ਉਨ੍ਹਾਂ ਵਰਗਾ ਬਣਕੇ ਦਿਖਾਉਣ ਨਾਲ ਅੰਦਰ ਪੈਦਾ ਹੋ ਗਈ ਸੁਮਤੀ ਵਿਚ ਕਾਂਪ ਆ ਜਾਏਗੀ ਤੇ ਨਿਰਭੈਤਾ ਨਹੀਂ ਪੈਦਾ ਹੋਇਗੀ।

ਨਿਰੁਕ੍ਤ-ਜਿਨਿ-ਨਾਂਹ। ਆਢੈ-ਆਢ, ਕਉਡੀ।

ਗੈਲਿ-ਪਿਛਲੱਗਤਾ, ਮਗਰ ਹੋ ਟੁਰਨਾ। ਨੇੜੇ ਹੋਣਾ ਆਦਿ । ਛੋਹ ਛੂਤ ਬੀ ਅਰਥ ਕਰਦੇ ਹਨ।

ਭਲੇ-ਨੇਕ (ਘਰ) ਤੋਂ। ਤਉਪਰਿ-ਪਰ ਤਾਂ। ਭਾਵ ਸਚਮੁਚ ਸੱਚਾ ਤਾਂ ਹੈ।

[ਆਸਾ ਕਬੀਰ ਜੀ, ਚਉਪਦਾ-੩੫]

ਮੂਲ	ਅਰਥ
ਆਸਾ ॥ ਕਰਵਤੁ ਭਲਾ ਨ ਕਰਵਟ ਤੇਰੀ ॥ ਲਾਗੁ ਗਲੇ ਸੁਨੁ ਬਿਨਤੀ ਮੇਰੀ ॥੧॥	[ਲੋਈਓ ਵਾਚ:] (ਕਾਸ਼ੀ ਦੇ ਕਲਵਤ੍ਰ=) ਆਰੇ ਹੇਠ (ਬਹਿਕੇ ਚੀਰਿਆ ਜਾਣਾ ਹੇ ਸੁਆਮੀ !) ਤੇਰੇ ਪਾਸਾ ਫੇਰ ਲੈਣ ਨਾਲੋਂ (ਮੈਨੂੰ) ਚੰਗਾ (ਲਗਦਾ) ਹੈ, (ਪਾਸਾ ਪਰਤ,) ਗਲੇ ਲਗ ਤੇ ਮੇਰੀ ਬੇਨਤੀ ਸੁਣ ॥ ੧ ॥
ਹਉ ਵਾਰੀ ਮੁਖੁ ਫੇਰਿ ਪਿਆਰੇ ॥ ਕਰਵਟੁ ਦੇ ਮੋ ਕਉ ਕਾਹੇ ਕਉ ਮਾਰੇ ॥੧॥ ਰਹਾਉ ॥	ਹੇ ਪਿਆਰੇ ! ਮੈਂ ਸਦਕੇ (ਜਾਵਾਂ) ਮੂੰਹ ਮੇਰੀ ਵਲ ਫੇਰ ਲੈ, (ਮੇਰੀ ਵਲੋਂ) ਪਾਸਾ ਮੋੜਕੇ ਮੈਨੂੰ ਕਿਉਂ ਮਾਰਦੇ ਹੋ ॥ ੧ ॥ ਰਹਾਉ ॥
ਜਉ ਤਨੁ ਚੀਰਹਿ ਅੰਗੁ ਨ ਮੋਰਉ ॥ ਪਿੰਡੁ ਪਰੈ ਤਉ ਪ੍ਰੀਤਿ ਨ ਤੋਰਉ ॥੨॥	ਜੇ (ਤੂੰ ਮੇਰਾ) ਸਰੀਰ ਚੀਰ ਬੀ ਸੱਟੇਂ ਤਾਂ ਮੈਂ ਅੰਗ (ਬੀ) ਨਾ ਹਿਲਾਵਾਂਗੀ। (ਹਾਂ ਜੇ ਮੇਰਾ) ਸਰੀਰ ਬੀ ਮਰ ਡਿੱਗੇ ਤਦ ਬੀ (ਤੇਰੇ ਨਾਲ) ਪ੍ਰੀਤ ਨੂੰ ਨਹੀਂ ਤੋੜਾਂਗੀ ॥ ੨ ॥
ਹਮ ਤੁਮ ਬੀਚੁ ਭਇਓ ਨਹੀ ਕੋਈ ॥ ਤੁਮਹਿ ਸੁ ਕੰਤ ਨਾਰਿ ਹਮ ਸੋਈ ॥ ੩॥	ਤੁਹਾਡੇ ਤੇ ਸਾਡੇ (ਦੋਹਾਂ ਦੇ) ਵਿਚਾਲੇ ਹੋਰ (ਤੀਸਰਾ) ਕੋਈ ਨਹੀਂ ਆਇਆ, ਤੁਸੀਂ ਉਹੋ (ਮੇਰੇ) ਪਤੀ ਹੋ (ਤੇ ਮੈਂ) ਉਹੋ ਤੁਹਾਡੀ ਵਹੁਟੀ ਹਾਂ ॥ ੩ ॥
ਕਹਤੁ ਕਬੀਰੁ ਸੁਨਹੁ ਰੇ ਲੋਈ ॥ ਅਬ ਤੁਮਰੀ ਪਰਤੀਤਿ ਨ ਹੋਈ ॥੪॥੨॥੩੫॥	ਕਹਿੰਦੇ ਹਨ ਕਬੀਰ ਜੀ, ਸੁਣੋ ਹੇ ਲੋਈ ! ਹੁਣ ਤੇਰੇ ਤੇ ਇਤਬਾਰ ਨਹੀਂ ਆਉਂਦਾ ॥ ੪ ॥ ੨ ॥ ੩੫ ॥

ਵਤਾਖਤਾ- ਅਭਿਧਾ ਬ੍ਰਿਤੀ ਨਾਲ ਇਸ ਸ਼ਬਦ ਤੋਂ ਇਹ ਸਮਝ ਪੈਂਦੀ ਹੈ ਕਿ ਸ੍ਰੀ ਕਬੀਰ ਜੀ 'ਲੋਈ' ਨਾਲ ਰੁੱਸ ਪਏ ਹਨ, ਉਹ ਮਨਾਉਣ ਦੇ ਤਰਲੇ ਲੈਂਦੀ ਹੈ ਤੇ ਆਪ ਮਨੀਂਦੇ ਨਹੀਂ। 'ਲੋਈ' ਪਦ ਦੇ ਕੀਹ ਅਰਥ ਹਨ? ਆਪ ਦੀ ਇਸਤ੍ਰੀ 'ਲੋਈ', ਕਿ 'ਲੋਕ' ਕਿ 'ਪ੍ਰਕਾਸ਼ ਸਰੂਪ'? ਕਿਉਂਕਿ ਪਦ ਲੋਈ ਤ੍ਰੈ ਅਰਥਾਂ ਵਿਚ ਘੱਟ ਤੋਂ ਘੱਟ ਬਾਣੀ ਵਿਚ ਆਯਾ ਹੈ। ਇਸ ਸ਼ਬਦ ਵਿਚੋਂ ਹੀ ਪਤਾ ਚਲਦਾ ਹੈ ਕਿ ਜਿਸ ਨੂੰ ਆਪ 'ਲੋਈ' ਕਹਿਕੇ ਸੰਬੋਧਨ ਕਰਦੇ ਹਨ ਉਹ ਅਪਣੇ ਆਪ ਨੂੰ ਉਨ੍ਹਾਂ ਦੀ ਨਾਰਿ (=ਇਸਤ੍ਰੀ) ਕਹਿ ਰਹੀ ਹੈ ਤੇ ਉਨ੍ਹਾਂ ਨੂੰ ਅਪਣਾ ਕੰਤ ਕਹਿ ਰਹੀ ਹੈ। ਸੋ ਅਭਿਧਾ ਬ੍ਰਿਤੀ 'ਲੋਈ' ਦੇ ਅਰਥ 'ਕਬੀਰ ਜੀ ਦੀ ਇਸਤ੍ਰੀ' ਵਲ ਪ੍ਰੇਰੇਗੀ।

ਹੁਣ ਜੇ ਇਹ ਗਲ ਲੱਭੀਏ ਕਿ ਸ੍ਰੀ ਕਬੀਰ ਜੀ ਵਰਗੇ ਭਗਤ ਪਰਉਪਕਾਰੀ ਤੇ ਦਇਆਲੂ ਆਪਣੀ ਇਸਤ੍ਰੀ ਨਾਲ ਕਿਉਂ ਗੁੱਸੇ ਵਿਚ ਹਨ ਤੇ ਕਿਹੜੀ ਕੋਈ ਮਾੜੀ ਗਲ ਲੋਈ ਜੀ ਤੋਂ ਹੋਈ ਹੈ। ਇਸ ਸੰਭਾਵਨਾ ਦੀ ਨਵਿਰਤੀ ਇਸੇ ਸ਼ਬਦ ਵਿੱਚੋਂ ਹੋ ਜਾਂਦੀ ਹੈ ਜਦ ਕਿ ਲੋਈ ਆਖਦੀ ਹੈ 'ਹਮ ਤੁਮ ਬੀਚ ਭਇਓ ਨਹੀਂ ਕੋਈ'। ਕੈਸੇ ਅਛੂਤ ਤੇ ਧੋਤੇ ਹੋਏ ਸ਼ੁੱਧਤਾ ਭਰੇ ਲਫਜ਼ਾਂ ਵਿਚ ਸਾਨੂੰ ਦੱਸ ਦਿਤਾ ਗਿਆ ਹੈ ਕਿ ਰੁਸੇਵੇਂ ਦਾ ਕਾਰਣ ਲੋਈ ਯਾ ਕਬੀਰ ਜੀ ਦੋਹਾਂ ਦੀ ਕੋਈ ਆਚਰਨਕ ਉਕਾਈ ਨਹੀਂ ਹੈ। ਨਾ ਕਬੀਰ ਤੇ ਲੋਈ ਦੇ ਪ੍ਰੀਤ ਮੰਡਲ ਵਿਚ ਕੋਈ ਹੋਰ ਇਸਤ੍ਰੀ ਆਈ ਹੈ, ਜਿਸਦੇ ਪਜਾਰ ਵਿਚ ਆਕੇ ਕਬੀਰ ਜੀ ਲੋਈ ਤੋਂ ਨਫਰਤ ਕਰ ਰਹੇ ਹਨ, ਨਾ ਲੋਈ ਜੀ ਦੇ ਮਨ ਵਿਚ ਕਿਸੇ ਹੋਰ ਮਰਦ ਦਾ ਪਜਾਰ ਆਯਾ ਹੈ, ਜਿਸ ਤੋਂ ਦੁਖਿਤ ਹੋਕੇ ਕਬੀਰ ਜੀ ਖ਼ਫ਼ਾ ਹੋ ਗਏ ਹਨ। ਸੋ ਦੁਇ ਪਰਮ ਪਵਿਤ੍ਰਤਾ ਵਿਚ ਹਨ।

ਇਸ ਖਿਆਲ ਦੀ ਪ੍ਰੋੜ੍ਹਤਾ ਲਈ ਲੋਈ ਜੀ ਦੀ ਇਸ ਸ਼ਬਦ ਵਿਚ ਸਾਰੀ ਜੋਦੜੀ ਉਨ੍ਹਾਂ ਦੇ ਪਰਮ ਪਤਿਬ੍ਰਤ ਭਾਵ ਜ਼ਾਹਰ ਕਰਨੇ ਲਈ ਮੌਜੂਦ ਹੈ।

ਇਸ ਤੋਂ ਨਤੀਜਾ ਇਹ ਨਿਕਲਿਆ ਕਿ ਰੁਸੇਵੇਂ ਦਾ ਕਾਰਣ ਕਬੀਰ ਜੀ ਦੇ ਭਗਤੀ ਤੇ ਸਤਿਸੰਗੀ ਬਿਵਹਾਰਾਂ ਵਿਚ ਲੋਈ ਜੀ ਦੀ ਉਪਰਾਮਤਾ, ਦਖ਼ਲ ਅੰਦਾਜ਼ੀ ਯਾ ਵਿਰੋਧਤਾ ਆਦਿ ਕੋਈ ਗੱਲ ਹੈ। ਸੋ ਹੁਣ ਕਾਰਣ ਦੀ ਟੋਲ ਪਰਮਾਰਥ ਵਿਚ ਵਿਰੋਧਤਾ ਦੇ ਮੰਡਲ ਵਿਚ ਢੂੰਡਣੀ ਬਣਦੀ ਹੈ। ਇਉਂ ਲੱਭਣ ਟੁਰੀਏ ਤਾਂ ਗੌਂਡ ਰਾਗ ਵਿਚ ਇਕ ਸ਼ਬਦ ਵਿਚੋਂ ਕੁਝ ਥਹੁ ਮਿਲ ਜਾਂਦਾ ਹੈ, ਜਿਸ ਵਿਚ ਲੋਈ ਜੀ ਕਬੀਰ ਜੀ ਦੀ ਮਾਤਾ ਵਾਂਙੂ ਉਨ੍ਹਾਂ ਦੇ ਸਤਿਸੰਗੀ ਮਾਮਲਿਆਂ ਵਿਚ ਵਿਰੋਧੀ ਰਹੇ ਹਨ। ਉਂਞ ਲੋਈ ਜੀ ਕਬੀਰ ਜੀ ਦੀ ਅਨੁਕੂਲਤਾ ਵਿਚ ਪ੍ਰਸਿੱਧ ਹਨ, ਪਰ ਉਹ ਸ਼ਬਦ ਦੱਸਦਾ ਹੈ ਕਿ ਪਹਿਲੇ ਪਹਿਲ ਕਦੇ ਥੋੜਾ ਕਾਲ ਵਿਰੋਧੀ ਰਹੇ ਹਨ, ਜਿਸ ਕਰਕੇ ਕਬੀਰ ਜੀ ਇੰਨੇ ਉਦਾਸ ਹੋਏ ਹਨ। ਮਾਤਾ ਨਾਲ ਤਾਂ ਉਹਨਾਂ ਨੂੰ ਅਦਬ ਕੁਛ ਨਹੀਂ ਸੀ ਕਰਨ ਦੇਂਦਾ, ਪਰ ਇਸਤ੍ਰੀ ਨੂੰ ਜੇ ਪਰਮਾਰਥ ਦੀ ਬਾਧਕ ਹੋਵੇ ਤਾਂ ਪਰਮਾਰਥ ਸਿਰੇ ਚੜ੍ਹਨਾ ਅਤਿ ਕਠਨ ਯਾ ਅਸੰਭਵ ਹੋ ਜਾਂਦਾ ਹੈ, ਇਸੇ ਕਰਕੇ ਅਕਸਰ ਪਰਮਾਰਥੀ ਲੋਕ ਘਰ ਬਾਰ ਛੋੜ ਜਾਂਦੇ ਸਨ ਤੇ ਹਨ। ਕਬੀਰ ਜੀ ਗ੍ਰਿਹਸਤ ਵਿਚ ਰਹਿਕੇ ਪਰਮਾਰਥ ਸਿੱਧੀ ਦੇ ਪ੍ਰਚਾਰਕ ਹਨ, ਇਸ ਕਰਕੇ ਇਸਤ੍ਰੀ ਦਾ ਸੁਧਾਰ ਲੋਚਦੇ ਹਨ ਤੇ ਉਸ ਨੂੰ ਅਨੁਕੂਲ ਬਣਾਉਂਦੇ ਹਨ। ਇਸ ਸੁਧਾਰ ਲਈ ਕੋਈ ਸਖਤੀ ਨਹੀਂ ਵਰਤਦੇ, ਕੇਵਲ ਇਸਤ੍ਰੀ ਨਾਲ 'ਅਬੋਲਾ' ਧਾਰਨ ਕਰਕੇ ਤੇ ਹਠ ਤੇ ਰਹਿਕੇ ਉਸ ਨੂੰ ਆਪਣੀ ਪਰਮਾਰਥ ਦੀ ਅਨੁਕੂਲਤਾ ਵਿਚ ਲਿਆ ਰਹੇ ਹਨ।

ਏਥੇ ਅਸੀਂ ਜੇ ਕਬੀਰ ਜੀ ਦੀ ਮਾਤਾ ਦੀ ਤੇ ਉਨ੍ਹਾਂ ਦੀ ਇਸਤ੍ਰੀ ਦੀ ਵਿਰੋਧਤਾ ਦੇ ਦੁਇ ਸ਼ਬਦ ਆਮੋ ਸਾਹਮਣੇ ਰਖਕੇ ਵਾਚ ਲਈਏ ਤਾਂ ਸਮਝ ਪੈ ਜਾਏਗੀ ਕਿ ਨੋਂਹ ਉਤੇ ਸੱਸ ਦੀ ਰੰਗਣ ਚੜ੍ਹ ਗਈ ਹੋਈ ਸੀ ਤੇ ਉਸ ਨੂੰ ਕਬੀਰ ਜੀ ਗੁੱਸੇ ਨਾਲ ਸੁਧਾਰ ਰਹੇ ਹਨ, ਕਿਉਂਕਿ ਇਸ ਸ਼ਬਦ ਵਿਚ ਲੋਈ ਨੂੰ ਅੰਧਲੀ ਤੇ ਬੇਪੀਰ ਕਹਿ ਰਹੇ ਹਨ। ਜਾਪਦਾ ਹੈ ਇਸ ਪ੍ਰਕਾਰ ਦੀ ਝਿੜਕ ਪਹਿਲੇ ਹੁੰਦੀ ਰਹੀ ਹੈ, ਅੰਤ ਆਪ ਨੇ 'ਅਬੋਲਾ' ਧਾਰਨ ਕੀਤਾ ਜੋ ਕਿ ਆਸਾ ਰਾਗ ਦੇ ਇਸ ਚਲ ਰਹੇ ਸ਼ਬਦ ਵਿਚ ਲੋਈ ਨੂੰ ਅੰਧਲੀ ਤੇ ਬੇਪੀਰ ਕਹਿ ਰਹੇ ਹਨ। ਜਾਪਦਾ ਹੈ ਇਸ ਪ੍ਰਕਾਰ ਦੀ ਝਿੜਕ ਪਹਿਲੇ ਹੁੰਦੀ ਰਹੀ ਹੈ, ਅੰਤ ਆਪ ਨੇ 'ਅਬੋਲਾ' ਧਾਰਨ ਕੀਤਾ ਜੋ ਕਿ ਆਸਾ ਰਾਗ ਦੇ ਇਸ ਚਲ ਰਹੇ ਸ਼ਬਦ ਵਿਚ ਹੈ।

ਸ੍ਰੀ ਕਬੀਰ ਜੀ ਦੀ ਮਾਤਾ ਦਾ ਸ਼ਬਦ, ਜੋ ਪ੍ਰਤਿਕੂਲਤਾ ਦਾ ਲਖਾਯਕ ਹੈ:-

ਆਸਾ॥ ਮੇਰੀ ਬਹੁਰੀਆ ਕੋ ਧਨੀਆ ਨਾਉ॥ ਲੇ ਰਾਖਿਓ ਰਾਮ ਜਨੀਆ ਨਾਉ॥੧ ਇਨ ਮੁੰਡੀਅਨ ਮੇਰਾ ਘਰੁ ਧੁੰਧਰਾਵਾ॥ ਬਿਟਵਹਿ* ਰਾਮ ਰਮਊਆ ਲਾਵਾ॥੧॥ ਰਹਾਉ॥ ਕਹਤੁ ਕਬੀਰ ਸੁਨਹੁ ਮੇਰੀ ਮਾਈ*॥ ਇਨਿ ਮੁੰਡੀਅਨ ਮੇਰੀ ਜਾਤਿ ਗਵਾਈ ॥੨॥੩॥੩੩॥

ਕਬੀਰ ਜੀ ਦੀ ਇਸਤ੍ਰੀ ਦਾ ਸ਼ਬਦ, ਜੋ ਪ੍ਰਤਿਕੂਲਤਾ ਦਾ ਲਖਾਯਕ ਹੈ:-

ਗੌਂਡ॥ ਤੂਟੇ ਤਾਗੇ ਨਿਖੁਟੀ ਪਾਨਿ॥ ਦੁਆਰ ਊਪਰਿ ਝਿਲਕਾਵਹਿ ਕਾਨ॥ ਕੂਚ ਬਿਚਾਰੇ ਫੂਏ ਫਾਲ॥ ਇਆ ਮੁੰਡੀਆ ਸਿਰ ਚਢਿਬੋ ਕਾਲ॥੧॥ ਇਹੁ ਮੁੰਡੀਆ ਸਗਲੋ ਦ੍ਰਬੁ ਖੋਈ॥ ਆਵਤ ਜਾਤ ਨਾਕਸਰ ਹੋਈ॥੧॥ ਰਹਾਉ॥ ਤੁਰੀ ਨਾਰਿ ਕੀ ਛੋਡੀ ਬਾਤਾ॥ ਰਾਮ ਨਾਮ ਵਾਕਾ ਮਨੁ ਰਾਤਾ॥ ਲਰਿਕੀ ਲਿਰਨਕ ਖੈਬੋ ਨਾਹਿ॥ ਮੁੰਡੀਆ ਅਨਦਿਨੁ ਧਾਪੇ ਜਾਹਿ॥੨॥ ਇਕ ਦੁਇ ਮੰਦਰਿ ਇਕ ਦੁਇ ਬਾਟ॥ ਹਮ ਕਉ ਸਾਥਰੁ ਉਨ੍ ਕਉ ਖਾਟ॥ ਮੂਡ ਪਲੋਸਿ ਕਮਰ ਬਧਿ ਪੋਥੀ॥ ਹਮ ਕਉ ਚਾਬੁਨ ਉਨ ਕਉ ਰੋਟੀ॥੩॥ ਮੁੰਡੀਆ ਮੁੰਡੀਆ ਹੂਏ ਏਕ॥ ਏ ਮੁੰਡੀਆ ਬੂਡਤ ਕੀ ਟੇਕ॥ ਸੁਨਿ ਅੰਧਲੀ ਲੋਈ ਬੇਪੀਰਿ†॥ ਇਨ੍ਿ ਮੁੰਡੀਅਨ ਭਜਿ ਸਰਨਿ ਕਬੀਰ ॥੪॥੩॥੬॥

ਕਬੀਰ ਜੀ ਦੀ ਮਾਤਾ ਦਾ ਸ਼ਿਕਵਾ ਇਕੋ ਇਸੇ ਸ਼ਬਦ ਵਿਚ ਹੀ ਨਹੀਂ, ਕਈ ਹੋਰ ਸ਼ਬਦਾਂ ਵਿਚ

* ਏਹ ਦੋ ਪਦ ਸਪਸ਼ਟ ਕਰ ਦੇਂਦੇ ਹਨ ਕਿ ਏਥੇ ਜ਼ਿਕਰ ਕਬੀਰ ਜੀ ਦੀ ਮਾਤਾ ਵੱਲੋਂ ਹੈ।

†ਇਹ ਪਦ ਸਪਸ਼ਟ ਕਰ ਦੇਂਦਾ ਹੈ ਕਿ ਇਸ ਸ਼ਬਦ ਵਿਚ ਕਬੀਰ ਜੀ ਦੀ ਇਸਤ੍ਰੀ ਦੀ ਪ੍ਰਤਿਕੂਲਤਾ ਬਿਆਨ ਹੋਈ ਹੈ, ਜਿਸ ਨੂੰ ਸਪਸ਼ਟ ਨਾਮ ਲੈਕੇ ਆਪ ਝਿੜਕ ਪਾਉਂਦੇ ਹਨ।

ਬੀ ਹੈ, ਦੇਖੋ ਨਮੂਨੇ ਲਈ ਦੋ ਹੋਰ ਸ਼ਬਦ:-

ਮੁਸਿ ਮੁਸਿ ਰੋਵੈ ਕਬੀਰ ਕੀ ਮਾਈ॥ ਏ ਬਾਰਿਕ ਕੈਸੇ ਜੀਵਹਿ ਰਘੁਰਾਈ॥੧॥
ਤਨਨਾ ਬੁਨਨਾ ਸਭੁ ਤਜਿਓ ਹੈ ਕਬੀਰ॥ ਹਰਿ ਕਾ ਨਾਮੁ ਲਿਖਿ ਲੀਓ ਸਰੀਰ॥੧॥ ਰਹਾਉ॥
ਜਬ ਲਗੁ ਤਾਗਾ ਬਾਹਉ ਬੇਹੀ॥ ਤਬ ਲਗੁ ਬਿਸਰੈ ਰਾਮ ਸਨੇਹੀ॥੨॥
ਓਛੀ ਮਤਿ ਮੇਰੀ ਜਾਤਿ ਜੁਲਾਹਾ॥ ਹਰਿ ਕਾ ਨਾਮੁ ਲਹਿਓ ਮੈ ਲਾਹਾ॥੩॥
ਕਹਤ ਕਬੀਰ ਸੁਨਹੁ ਮੇਰੀ ਮਾਈ॥ ਹਮਰਾ ਇਨਕਾ ਦਾਤਾ ਏਕੁ ਰਘੁਰਾਈ॥੪॥੨॥

[ਗੂਜਰੀ ਕਬੀਰ ਜੀ]

ਨਿਤ ਉਠਿ ਕੋਰੀ ਗਾਗਰਿ ਆਨੈ ਲੀਪਤ ਜੀਉ ਗਇਓ॥ ਤਾਨਾ ਬਾਨਾ ਕਛੂ ਨਾ ਸੂਝੈ ਹਰਿ ਹਰਿ ਰਸਿ ਲਪਟਿਓ॥੧॥ ਹਮਾਰੇ ਕੁਲ ਕਉਨੇ ਰਾਮੁ ਕਹਿਓ॥ ਜਬ ਕੀ ਮਾਲਾ ਲਈ ਨਿਪੂਤੇ ਤਬ ਤੇ ਸੁਖ ਨਾ ਭਇਓ॥੧॥ ਰਹਾਉ॥ ਸੁਨਹੁ ਜਿਠਾਨੀ ਸੁਨਹੁ ਦਿਰਾਨੀ ਅਚਰਜੁ ਏਕ ਭਇਓ॥ ਸਾਤ ਸੂਤ ਇਨਿ ਮੁਡੀਂਏ ਖੋਏ ਇਹ ਮੁਡੀਆ ਕਿਉ ਨ ਮੁਇਓ॥੨॥ ਸਰਬ ਸੁਖਾ ਕਾ ਏਕੁ ਹਰਿ ਸੁਆਮੀ ਸੋ ਗੁਰਿ ਨਾਮੁ ਦਇਓ॥ ਸੰਤ ਪ੍ਰਹਲਾਦ ਕੀ ਪੈਜ ਜਿਨਿ ਰਾਖੀ ਹਰਨਾਖਸੁ ਨਖ ਬਿਦਰਿਓ॥੩॥ ਘਰ ਕੇ ਦੇਵ ਪਿਤਰ ਕੀ ਛੋਡੀ ਗੁਰ ਕੋ ਸਬਦੁ ਲਇਓ॥ ਕਹਤ ਕਬੀਰ ਸਗਲ ਪਾਪ ਖੰਡਨੁ ਸੰਤਹ ਲੇ ਉਧਰਿਓ॥੪॥੪॥

[ਬਿਲਾਵਲ ਕਬੀਰ ਜੀ-੪]

ਇਨ੍ਹਾਂ ਸ਼ਬਦਾਂ ਦਾ ਟਾਕਰਾ ਸਾਫ ਦੱਸ ਦੇਂਦਾ ਹੈ ਕਿ ਲੋਈ ਜੀ ਸੱਸ ਵਾਂਙੂ ਸਤਿਸੰਗ ਨਾਲ ਈਰਖਾ ਵਾਲੇ ਹੋ ਗਏ ਸਨ। ਇਹ ਈਰਖਾ ਸਤਿਸੰਗੀਆਂ ਨਾਲ ਹੈ, ਨਾਮ ਪ੍ਰੇਮੀਆਂ ਨਾਲ ਹੈ। ਏਹ ਗੱਲਾਂ ਕਬੀਰ ਜੀ ਦੀ ਨਜ਼ਰ ਵਿਚ ਵਡੇ ਅਪ੍ਰਾਧ ਹਨ, ਜਿਸ ਦਾ ਓਹ ਸੁਧਾਰ ਲੋਚਦੇ ਹਨ, ਉਸੇ ਸੁਧਾਰ ਦੀ ਅਤਿਸ਼ੈ ਚਾਹਨਾ ਵਿਚ ਆਪਣੀ ਪਿਆਰੀ ਇਸਤ੍ਰੀ ਨੂੰ 'ਅੰਧਲੀ' ਤੇ 'ਬੇ ਪੀਰ' ਆਖਦੇ ਹਨ। ਇਉਂ ਥਹੁ ਪੈ ਗਿਆ ਕਿ ਕਬੀਰ ਜੀ ਦੀ ਕਰੜੀ ਨਾਰਾਜ਼ਗੀ ਦਾ ਸਬੱਬ ਲੋਈ ਜੀ ਦੀ ਸਤਿਸੰਗ ਵਲ ਬੇ ਮੁਖਤਾ ਵਾਲਾ ਵਰਤਾਉ ਹੈ।

ਇਸ ਸ਼ਬਦ ਦੇ ਅਖੀਰਲੇ ਪਦੇ ਤੋਂ ਪਤਾ ਲਗ ਗਿਆ ਕਿ ਅਸਲ ਕਾਰਣ ਇਸ ਸ਼ਬਦ ਵਿਚ ਦੱਸੇ ਰੁਸੇਵੇਂ ਦਾ ਕਬੀਰ ਜੀ ਦੀ ਆਪਣੀ ਜ਼ਬਾਨੀ ਕੀਹ ਹੈ; ਆਪ ਆਖਦੇ ਹਨ ਕਿ 'ਅਬ ਤੁਮਰੀ ਪਰਤੀਤਿ ਨ ਹੋਈ' ਇਹ ਵਾਕ ਸਦੈਵੀ ਨਿਰਾਸਤਾ ਦਾ ਨਹੀਂ ਨੇ ਕਿਹਾ। ਗੋਂਡ ਵਾਲੇ ਸ਼ਬਦ ਤੋਂ ਪਤਾ ਲਗਦਾ ਹੈ ਕਿ ਪਹਿਲੋਂ ਕਈ ਵੇਰ ਝਿੜਕਾਂ ਝਾਂਬੇ ਦੇ ਥੱਕੇ ਹਨ, ਅਸਰ ਨਹੀਂ ਹੋਇਆ, ਹੁਣ ਰੁੱਸ ਬੈਠਦੇ ਹਨ ਤੇ ਅਬੋਲਾ ਧਾਰਦੇ ਹਨ। ਵਾਕ ਯਾ ਹਥਾਂ ਦੀ ਤਾੜਨਾ ਨਾਲੋਂ ਸ਼ਰੀਫ ਇਨਸਾਨ ਅਬੋਲੇ ਦੀ ਸਜ਼ਾ ਬਹੁਤ ਨਰਮ ਸਮਝਦੇ ਹਨ, ਪਰ ਜਿਨ੍ਹਾਂ ਪ੍ਰੀਤਵਾਨਾਂ ਨੂੰ ਮਿਲਦੀ ਹੈ ਓਹ ਉਸ ਦੀ ਅਤਿਸ਼ਯਤਾ ਨਾਲ ਘਬਰਾਉਂਦੇ ਹਨ। ਮੁਰਾਦ 'ਸੁਧਾਰ' ਦੀ ਹੁੰਦੀ ਹੈ, 'ਦੰਡ' ਦੀ ਖ਼ਾਤਰ 'ਦੰਡ' ਮੁਰਾਦ ਨਹੀਂ ਹੁੰਦਾ, ਖ਼ਾਸ ਕਰ ਪ੍ਰਭੂ ਭਗਤਾਂ ਦਾ। ਸੋ ਇਸ ਅੰਤਲੀ ਤੁਕ ਤੋਂ ਕਬੀਰ ਜੀ ਦਾ ਭਾਵ 'ਸੁਧਾਰ' ਕਰਨਾ ਸਪਸ਼ਟ ਹੈ, ਕਿਉਂਕਿ 'ਅਬੋਲਾ' ਛੱਡ ਜੁ ਦਿਤਾ ਨੇ, ਬੋਲ ਪਏ ਹਨ ਤੇ ਕਹਿੰਦੇ ਹਨ -'ਸੁਨਹੁ ਰੇ ਲੋਈ' ਤੇ ਫੇਰ ਸੁਧਾਰ ਦੀ ਸੈਨਤ ਦੇਂਦੇ ਤੇ ਆਖਦੇ ਹਨ 'ਅਬ ਤੁਮਰੀ ਪਰਤੀਤਿ ਨਾ ਹੋਈ' ਕਿ ਗਲੀਂ ਗਲੀਂ ਤਾਂ ਮੈਂ ਤੈਨੂੰ ਸਮਝਾ ਥੱਕਾ ਤੇ ਤੂੰ ਮਾਫੀਆਂ ਮੰਗ ਚੁਕੀ, ਮੈਨੂੰ ਹੁਣ ਤੇਰੇ ਵਾਕਾਂ ਤੇ ਭਰੋਸਾ ਨਹੀਂ। ਇਹ ਭਾਵ ਕਿਉਂ ਲੈਣਾ ਹੈ ਕਿ ਅੰਕ ੩ ਤੱਕ ਸਾਰੇ ਸ਼ਬਦ ਵਿਚ ਲੋਈ ਤਸੱਲੀ ਦੁਆ ਰਹੀ ਹੈ ਕਿ ਸਰੀਰ ਬੀ ਵੱਢ ਸੁੱਟੋਗੇ ਤਾਂ ਸੀ ਨਾ ਕਰਾਂਗੀ, ਭਾਵੇਂ ਕਿ ਹੁਣ ਜੋ ਕਹੋਗੇ ਕਰਾਂਗੀ, ਸਰੀਰ ਨੂੰ ਬੀ ਵਾਰ ਸੁਟਾਂਗੀ, ਇਨ੍ਹਾਂ ਅਰਜ਼ੋਈਆਂ ਦੇ ਜਵਾਬ ਵਿਚ ਕਹਿਣਾ ਹੁਣ ਤੇਰੀ ਪ੍ਰਤੀਤ ਨਹੀਂ, ਸਾਫ ਭਾਵ ਰਖਦਾ ਹੈ ਕਿ ਤੇਰੇ ਬਚਨਾਂ ਤੇ ਭਰੋਸਾ ਨਹੀਂ ਰਿਹਾ। ਧੂਨੀ ਇਹ ਹੈ ਕਿ ਕਰਕੇ ਵਰਤਕੇ, ਅਮਲ ਵਿਚ ਦੱਸ ਕਿ ਤੂੰ ਹੁਣ ਸਤਿਸੰਗ ਬੇਮੁਖ ਨਹੀਂ ਰਹੇਂਗੀ; ਗੱਲਾਂ ਨਾਲ ਤਾਂ ਅਗੇ ਕਹਿ ਚੁਕੀ ਹੈਂ,।ਹੁਣ ਕਰਕੇ ਦਿਖਲਾ ।

ਜਾਪਦਾ ਹੈ ਕਿ ਇਸ ਤੋਂ ਮਗਰੋਂ ਲੋਈ ਜੀ ਪੂਰਨ ਸਤਿਸੰਗੀ, ਪਤੀ ਆਗਯਾ ਵਿਚ ਪੂਰੀ ਤਰ੍ਹਾਂ ਟੁਰਨ ਵਾਲੇ ਤੇ ਸ੍ਰਯੰ ਨਾਮ ਪ੍ਰੇਮੀ ਤੇ ਸਤਿਸੰਗੀ ਸ਼ਰਧਾ ਵਾਲੇ ਹੋ ਗਏ ਹਨ; ਕਿਉਂਕਿ ਕਥਾ ਵਾਰਤਾ ਲੇਖਾਂ ਵਿਚ ਸ੍ਰੀ ਲੋਈ ਜੀ ਦੇ ਪੂਰਨ ਪਤਿਬ੍ਰਤਾ ਤੇ ਨਾਮ ਪ੍ਰੇਮੀ ਹੋਣ ਦੇ ਅਨੇਕਾਂ ਪ੍ਰਸੰਗ ਤੇ ਸਾਖੀਆਂ ਪਰੰਪਰਾ ਤੋਂ ਗੁਣੀ ਜਨ ਕਥਨ ਕਰਦੇ ਆਏ ਹਨ। ਭੁਲੇਖਾ ਇਸ ਗਲ ਤੋਂ ਲਗਦਾ ਹੈ ਕਿ ਓਹ ਸ਼ੁਰੂ ਤੋਂ ਪਤੀ ਅਨੁਕੂਲਤਾ ਵਿਚ ਲੀਨ ਸਨ ਪਰ ਗੌਂਡ ਵਾਲੇ ਸ਼ਬਦ ਤੋਂ ਪਤਾ ਚਲਦਾ ਹੈ ਕਿ ਪਹਿਲੋਂ ਓਹ ਸੱਸ ਦੇ ਪੱਖੀ ਸਨ ਪਰ ਆਸਾ ਵਾਲੇ ਇਸ ਪੈਂਤੀਵੇਂ ਸ਼ਬਦ ਵਿਚ ਦੱਸੇ ਵਾਕਿਆ ਤੋਂ ਮਗਰੋਂ ਓਹ ਸੰਪੂਰਨ ਤੌਰ ਤੇ ਅਨੁਕੂਲ ਹੋ ਗਏ ਤੇ ਜੋ ਸਾਖੀਆਂ ਪੂਰਨ ਅਨੁਕੂਲਤਾ ਦੀਆਂ ਪ੍ਰਵਿਰਤ ਹਨ। ਓਹ ਸਾਰੀਆਂ ਇਸ ਤੋਂ ਮਗਰੋਂ ਦੀਆਂ ਹਨ।

ਵਿਸ਼ੇਸ਼– (੧) ਉਪਰਲੀ ਖੋਜ ਤਾਂ ਸ੍ਰੀ ਕਬੀਰ ਜੀ ਦੀ ਅਪਣੀ ਰਚਨਾ ਦੇ ਆਧਾਰ ਉਤੇ ਹੈ, ਅਤੇ ਉਸ ਰਚਨਾ ਦੇ ਆਧਾਰ ਉਤੇ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੈ। ਅਤੇ ਉਹਨਾਂ ਦੇ ਉਚਾਰੇ ਵਾਕਾਂ ਦੇ ਅਰਥ ਅਭਿਧਾਬ੍ਰਿਤੀ ਦੁਆਰਾ ਲੈਣੇ ਕਰਕੇ ਹੈ। ਹੁਣ ਅਸਾਂ ਪਰੰਪਰਾ ਨੂੰ ਲੈਣਾ ਹੈ। ਸੰਪ੍ਰਦਾਈ ਦਾਨੇ ਸਜਣ ਇਕ ਸਾਖੀ ਵਰਣਨ ਕਰਦੇ ਹੁੰਦੇ ਸਨ, ਜਿਸ ਨੂੰ 'ਵਕਤਾ ਤੇ ਲੇਖਕ' ਅਪਣੀ ਰੁਚਿ ਅਨੁਸਾਰ ਕੁਛ ਵੱਧ ਘੱਟ ਕਰ ਲਿਆ ਕਰਦੇ ਸਨ, ਪਰ ਕਥਾ ਦਾ ਤੱਤ ਇਕੋ ਰਹਿੰਦਾ ਸੀ। ਉਹ ਕਥਾ ਇਸ ਪ੍ਰਕਾਰ ਹੈ:-

ਸ੍ਰੀ ਕਬੀਰ ਜੀ ਕਿਸੇ ਦੇ ਨੜੋਏ ਗਏ ਸਨ। ਇਕ ਰੋਗੀ ਉਹਨਾਂ ਦੇ ਘਰ ਆ ਗਿਆ। ਲੋਈ ਜੀ ਘਰ ਸਨ। ਉਹਨਾਂ ਨੇ ਕਿਹਾ: 'ਤੂੰ ਭਲੇ ਲੋਕਾ ਕਿੰਞ ਆਇਆ ਹੈਂ?'ਤਾਂ ਉਸ ਨੇ ਕਿਹਾ 'ਰੋਗ ਨਵਿਰਤੀ ਲਈ'। ਲੋਈ ਬੋਲੀ 'ਕਬੀਰ ਜੀ ਤਾਂ ਨੜੋਏ ਗਏ ਹਨ ਆ ਤੈਨੂੰ ਰਾਜ਼ੀ ਕਰਦਿਆਂ'। ਸੋ ਲੋਈ ਨੇ ਤ੍ਰੈ ਵਾਰ ਉਸ ਤੋਂ 'ਰਾਮ' ਦਾ ਨਾਮ ਉਚਾਰਨ ਕਰਵਾਯਾ ਤਾਂ ਉਸ ਦਾ ਰੋਗ ਨਵਿਰਤ ਹੋ ਗਿਆ। ਉਹ ਸ਼ੁਕਰ ਗੁਜ਼ਾਰੀ ਨਾਲ ਪੈਰੀਂ ਢੱਠਾ ਤੇ ਫੇਰ ਬੋਲਿਆ: 'ਹੇ ਮਾਤਾ ਮੈਨੂੰ ਪਤਾ ਦੱਸ ਜੋ ਮੈਂ ਵਾਪਸ ਜਾਂਦਾ ਹੋਇਆ ਸ੍ਰੀ ਕਬੀਰ ਜੀ ਦੇ ਦਰਸ਼ਨ ਕਰੀ ਜਾਵਾਂ। ਜਿਨ੍ਹਾਂ ਦੀ ਇਸਤ੍ਰੀ ਵਿਚ ਇੰਨੀ ਸ਼ਕਤੀ ਹੈ ਉਹਨਾਂ ਦੇ ਅਪਣੇ ਦਰਸ਼ਨ ਤਾਂ ਖਬਰੇ ਕਿੱਥੇ ਲੈ ਜਾਣਗੇ।'

ਲੋਈ ਨੇ ਸ਼ਮਸ਼ਾਨਾ ਦਾ ਰਾਹ ਦੱਸ ਦਿਤਾ। ਉਸ ਨੇ ਸ੍ਰੀ ਕਬੀਰ ਜੀ ਦੀ ਨਿਸ਼ਾਨੀ ਪੁੱਛੀ ਤਾਂ ਲੋਈ ਨੇ ਕਿਹਾ ਕਿ ਨੜੋਏ ਜਾਂਦਿਆਂ ਤਾਂ ਸਭ ਦੇ ਮੁਖ 'ਰਾਮ ਸਤਿ ਹੈ' ਹੋਵੇਗਾ, ਪਰ ਮੁੜੇ ਆਉਂਦਿਆਂ ਕਿਸੇ ਦੇ ਮੂੰਹ ਵਿਚ 'ਰਾਮ ਸਤਿ ਹੈ' ਨਹੀਂ ਹੋਵੇਗਾ। ਜਿਸ ਦੇ ਮੂੰਹ ਵਿਚੋਂ ਉਸ ਵੇਲੇ 'ਰਾਮ ਸਤਿ ਹੈ' ਨਿਕਲ ਰਿਹਾ ਹੋਵੇ ਉਹ ਸ੍ਰੀ ਕਬੀਰ ਜੀ ਹੋਣਗੇ*।

ਗਲ ਕੀ ਉਹ ਵਾਪਸ ਆਉਂਦੇ ਨੜੋਇਆਂ ਵਿਚੋਂ ਕਬੀਰ ਨੂੰ ਪਛਾਣਕੇ ਪੈਰੀਂ ਪੈ ਗਿਆ। ਸ੍ਰੀ ਕਬੀਰ ਜੀ ਨੇ ਕਾਰਣ ਪੁੱਛਿਆ ਤਾਂ ਉਸ ਨੇ ਲੋਈ ਜੀ ਦੀ ਮੇਹਰ ਦੀ ਵਾਰਤਾ ਸੁਣਾਈ। ਕਬੀਰ ਜੀ ਚੁਪ ਹੋ ਗਏ ਤੇ ਘਰ ਆਕੇ ਲੋਈ ਨਾਲ ਰੁੱਸ ਬੈਠੇ। ਲੋਈ ਨੇ ਬਹੁਤ ਮਿੰਨਤਾ ਕੀਤੀਆਂ ਤਾਂ ਕਿਹਾ ਕਿ ਤੇਰੇ ਤੇ ਇਤਬਾਰ ਨਹੀਂ ਰਿਹਾ ਕਿ ਤੈਨੂੰ ਅਜੇ 'ਰਾਮ ਨਾਮ' ਤੇ ਸਿਦਕ ਨਹੀਂ, ਤੂੰ ਤ੍ਰੈ ਵੇਰ ਕਿਓਂ 'ਰਾਮ' ਨੂੰ ਔਖਿਆਂ ਕੀਤਾ, 'ਰਾ' ਅਖਰ ਅਜੇ ਮੂੰਹ ਵਿਚ ਹੁੰਦਾ ਹੈ ਤੇ ਪਾਪ ਨੱਸ ਜਾਂਦੇ ਹਨ ਕਿ ਜੇ ਇਸ ਨੇ 'ਮ' ਅਖਰ ਕਿਹਾ ਤਾਂ ਮੂੰਹ ਮੀਟਿਆ ਜਾਏਗਾ ਤੇ ਅਸੀਂ (ਪਾਪ) ਅੰਦਰੇ ਦਗਧ ਹੋ ਜਾਵਾਂਗੇ; ਲੋਈ! ਇਕ ਵੇਰੀ 'ਰਾਮ' ਕਹਿਣਾ ਕਾਫੀ ਸੀ, ਤੂੰ ਤ੍ਰੈ ਵੇਰ ਕਿਉਂ ਕਿਹਾ? ਇਸ ਗਲੇ ਕਬੀਰ ਜੀ ਗੁੱਸੇ ਹੋ ਗਏ ਸਨ ਜੋ ਗੁੱਸਾ ਕਿ ਇਸ ਸ਼ਬਦ ਵਿਚ ਅੰਕਿਤ ਹੈ।

ਤਦ ਲੋਈ ਜੀ ਨੇ ਹੱਥ ਬੰਨ੍ਹ ਕੇ ਕਿਹਾ:- ਸ੍ਵਾਮੀ ਜੀ! ਮੈਂ ਇਕ ਵੇਰੀ ਰਾਮ ਕਿਹਾ ਤਾਂ ਉਸ ਦੇ

*ਕਈ ਦੱਸਦੇ ਹਨ ਕਿ ਨੜੋਏ ਜਾਂਦਿਆਂ ਸਭ ਦੇ ਸਿਰ ਕਲਗੀ ਯਾ ਪ੍ਰਕਾਸ਼ ਚੱਕ੍ਰ ਤੈਨੂੰ ਦਿੱਸੇਗਾ, ਪਰ ਵਾਪਸ ਆਉਂਦਿਆ ਕੇਵਲ ਕਬੀਰ ਦੇ ਸਿਰ ਹੀ ਦਿੱਸੇਗਾ, ਹੋਰਨਾਂ ਵਿਚੋਂ ਕਿਸੇ ਦੇ ਸਿਰ ਤੇ ਨਹੀਂ ਹੋਵੇਗਾ।

ਜਨਮ ਜਨਮ ਦੇ ਪਾਪ ਖੰਡਨ ਵਾਸਤੇ ਸੀ। ਪਾਪਾਂ ਦੇ ਨਸ਼ਟ ਹੋਇਆਂ ਰੋਗ ਨੇ ਦੂਰ ਹੋ ਜਾਣਾ ਸੀ। ਕਿਉਂਕਿ ਸਾਰੇ ਦੁਖ ਪਾਪਾਂ ਦਾ ਫਲ ਹੁੰਦੇ ਹਨ। ਦੂਜੀ ਵੇਰੀ ਰਾਮ ਤਾਂ ਕਿਹਾ ਕਿ ਰਾਜ਼ੀ ਹੋਕੇ ਇਹ ਫੇਰ ਪਾਪ ਕਰੇਗਾ। ਜੀਵਾਂ ਦਾ ਸੁਭਾਵ ਹੈ ਜਦ ਸੁਖੀ ਹੋਣ ਪਾਪ ਕਰਮਾਂ ਵਲ ਰੁਖ਼ ਕਰਦੇ ਹਨ, ਸੋ ਮੈਂ 'ਰਾਮ' ਦਾ ਨਾਮ ਦੂਜੀ ਵੇਰੀ ਲੈਕੇ ਉਸ ਦੇ ਹਿਰਦੇ ਵਿਚ ਟਿਕਾ ਦਿਤਾ ਜੋ ਜਨਮ ਸਫਲ ਹੋ ਜਾਵੇ ਸੂ। ਤੀਜੀ ਵੇਰੀ ਰਾਮ ਕਿਹਾ ਜੇ ਇਸ ਤੇ ਰਾਮ ਦੀ ਨਦਰ ਹੋਵੇ ਤੇ ਅਗੋਂ ਜਨਮ ਮਰਨ ਕੱਟਿਆ ਜਾਵੇ ਸੂ। ਕਬੀਰ ਜੀ ਸੁਣਕੇ ਹੱਸ ਪਏ, ਖ਼ੁਸ਼ ਹੋ ਗਏ, ਤੇ ਬਖਸ਼ ਕੇ ਲੋਈ ਨੂੰ ਅਸ਼ੀਰਵਾਦ ਦਿਤੀ।

ਇਸ ਪਰੰਪਰਾ ਤੋਂ ਚਲੀ ਆ ਰਹੀ ਸਾਖੀ ਤੋਂ ਬੀ ਸਿੱਟਾ ਇਹੋ ਨਿਕਲਿਆ ਕਿ ਕਬੀਰ ਜੀ ਦੇ ਰੁਸੇਵੇਂ ਦਾ ਕਾਰਣ ਕੋਈ ਪਰਮਾਰਥ ਉਕਾਈ ਸੀ ਜੋ ਲੋਈ ਵਿਚ ਹੋਣੀ ਸ੍ਰੀ ਕਬੀਰ ਜੀ ਨੂੰ ਪਸੰਦ ਨਾ ਸੀ ਤੇ ਇਹ ਪ੍ਰਸੰਗ ਬੀ ਦੱਸਦਾ ਹੈ ਕਿ ਪ੍ਰਯੋਜਨ ਲੋਈ ਦਾ ਸੁਧਾਰ ਸੀ।

੨. ਇਸ ਸ਼ਬਦ ਵਿਚ ਸ੍ਰੀ ਕਬੀਰ ਜੀ ਲੋਈ ਨੂੰ 'ਰੇ ਲੋਈ' ਕਹਿ ਰਹੇ ਹਨ। 'ਰੇ' ਸੰਬੋਧਨ ਅਕਸਰ ਪੁਲਿੰਗ ਹੁੰਦਾ ਹੈ ਪਰ ਸ਼ਬਦ ਦੇ ਵਿਚ ਜੋ ਮਿੰਨਤਾਂ ਕਰ ਰਹੀ ਹੈ ਉਹ ਆਪ ਨੂੰ 'ਨਾਰਿ' ਕਹਿ ਰਹੀ ਹੈ ਤੇ ਕਬੀਰ ਜੀ ਉਸੇ ਨੂੰ 'ਰੇ ਲੋਈ' ਕਹਿ ਰਹੇ ਹਨ। ਗੌਂਡ ਵਾਲੇ ਸਬਦ ਵਿਚ ਲੋਈ ਨੂੰ 'ਅੰਧਲੀ' ਇਸਤ੍ਰੀ ਲਿੰਗ ਵਿਚ ਹੀ ਸੰਬੋਧਨ ਕਰ ਰਹੇ ਹਨ। ਪਰ ਜੇ 'ਰੇ' ਪਦ ਨੂੰ ਪੁਲਿੰਗ ਸਮਝਕੇ 'ਲੋਕ' ਅਰਥ ਕਰੀਏ ਤਾਂ ਹਿੰਦੀ ਮੁਹਾਵਰੇ ਵਿਚ ਲੋਈ ਦਾ ਅਰਥ 'ਲੋਕ' ਬੀ ਹੈ ਜੋ ਸੰਸਕ੍ਰਿਤ ਪਦ 'ਲੋਕ' ਤੇ ਪ੍ਰਾਕ੍ਰਿਤ ਵਿਚ 'ਲੋਉ', ਰੂਪ ਲੈਂਦਾ ਹਿੰਦੀ ਵਿਚ 'ਲੋਈ' ਤੇ 'ਲੁਕਾਈ' ਰੂਪ ਲੈਕੇ ਲੋਕ ਅਰਥ ਵਿਚ ਕਈ ਥਾਂ ਵਰਤਿਆ ਗਿਆ ਹੈ। ਯਥਾ:-

ਸੂਰ ਸਜਾਮ ਮਨ ਹਰਨ ਮਨੋਹਰ ਗੋਕਲ ਬਸਿ ਮੋਹੇ ਸਭ ਲੋਈ।

ਸ੍ਰੀ ਮਾਨ ਸੰਤ ਸੰਪੂਰਨ ਸਿੰਘ ਜੀ ਨੇ ਪਦ 'ਲੋਈ' ਦਾ 'ਲੋਕ' ਅਰਥ ਲੈਕੇ ਇਸ ਸ਼ਬਦ ਦੇ ਇਕ ਹੋਰ ਤਰ੍ਹਾਂ ਬੀ ਅਰਥ ਕੀਤੇ ਹਨ। ਸਾਰੇ ਸ਼ਬਦ ਦੀ ਬ੍ਰਿਤੀ ਉਹਨਾਂ ਨੇ ਇਹ ਲਈ ਹੈ ਕਿ ਸ੍ਰੀ ਕਬੀਰ ਜੀ ਅਪਣੇ ਪ੍ਰਭੂ ਅਗੇ ਬੇਨਤੀ ਕਰ ਰਹੇ ਹਨ ਕਿ ਮੈਨੂੰ ਅਪਣੇ ਨਾਲ ਮੇਲ ਲਓ, ਐਸਾ ਕਿ ਤੁਸੀਂ ਕੰਤ ਹੋਵੋ ਤੇ ਮੈਂ ਨਾਰਿ ਹੋਵਾਂ। ਸੋ ਉਹਨਾਂ ਦੇ ਖਿਆਲ ਅਨੁਸਾਰ ਲੋਈ ਤੋਂ ਮੁਰਾਦ ਸਤਿਵੰਤੀ ਬੀਬੀ ਲੋਈ ਨਹੀਂ ਪਰ 'ਲੋਕੀ'=ਦੁਨੀਆਂ ਦੇ ਲੋਕ, ਜੋ ਸੰਤਾਂ ਨੂੰ ਆ ਅਕਾਉਂਦੇ ਹਨ।

ਸੋ ਲੋਈ' ਪਦ ਦੇ ਤ੍ਰੈ ਚਾਰ ਅਰਥ ਹੋਏ:-

੧. ਕਬੀਰ ਜੀ ਦੀ ਇਸਤ੍ਰੀ। ਯਥਾ:-

ਸੁਨਿ ਅੰਧਲੀ ਲੋਈ ਬੇਪੀਰਿ॥ [ਗੌਂਡ ਕਬੀਰ ਜੀ-੬]

੨. ਪ੍ਰਕਾਸ਼ ਸਰੂਪ; ਪ੍ਰਕਾਸ਼ ਕਰਤਾ। ਯਥਾਂ:-

ਦੁਨੀਆ ਦੋਸੁ ਰੋਸੁ ਹੈ ਲੋਈ॥ [ਭੈਰਉ ਕਬੀਰ ਜੀ-੧੫]

੩. ਲੋਕੀ। ਦੁਨੀਆ। ਯਥਾ:-

ਆਪਿ ਅਗੋਚਰੁ ਧੰਧੇ ਲੋਈ॥ [ਰਾਮਕਲੀ ਮ:੧, ਓਅੰਕਾਰ-੧੫]

ਤਥਾ- ਆਸਾ ਵਿਚਿ ਸੁਤੇ ਕਈ ਲੋਈ॥ [ਆਸਾ ਮਹਲਾ ੩-੨੫]

'ਲੋਈ' ਕਬੀਰ ਜੀ ਦੀ ਇਸਤ੍ਰੀ ਦਾ ਨਾਮ ਸਮਝਕੇ ਉਪਰ ਅਭਿਧਾ ਬ੍ਰਿਤੀ ਅਨੁਸਾਰ ਅਰਥ ਆ ਚੁਕੇ ਹਨ; ਫੇਰ ਲੋਈ ਦਾ ਅਰਥ ਲੋਕ ਯਾ ਦੁਨੀਆਂ ਦੇ 'ਲੋਕ' ਕੀਤੇ ਜਾਣ ਤਾਂ ਉਪਰ ਸੰਤ ਸੰਪੂਰਣ ਸਿੰਘ ਜੀ ਦੇ ਅਰਥ ਦੇ ਚੁੱਕੇ ਹਾਂ। ਜੇ ਹੁਣ 'ਲੋਈ' ਦਾ ਅਰਥ 'ਪ੍ਰਕਾਸ਼ ਸਰੂਪ' ਰੂਪ ਯਾ 'ਪ੍ਰਕਾਸ਼ਕ' (=ਕਰਤਾ ਪੁਰਖ) ਸਮਝੀਏ ਤਾਂ ਸ਼ਬਦ ਦੇ ਅਰਥ ਐਉਂ ਬਣਦੇ ਹਨ। ਇਹ ਅਰਥ ਇਸ 'ਰਹਸਯ' ਪੱਖ ਦੇ ਹਨ। ਕਦੇ ਕਦੇ ਭਗਤਾਂ ਦੀ ਸੁਰਤ ਵਿਚ 'ਬੱਝ' ਦੀ ਅਵਸਥਾ* ਪੈਦਾ ਹੁੰਦੀ ਹੈ, ਉਸ ਅਵਸਥਾ ਵਿਚ ਸੁਰਤ ਦੇ ਖੇੜੇ

* ਪ੍ਰੀਤਵਾਨ ਤੇ ਸੁਰਤ ਦੇ ਅਭਯਾਸੀ ਭਗਤੀ ਭਾਵ ਵਾਲੇ ਇਸ ਨੂੰ ਸਮਝਦੇ ਹਨ।

ਲਈ ਯਤਨ ਕਰਦੇ ਹਨ। ਇਕ ਯਤਨ ਅਰਦਾਸ ਹੁੰਦੀ ਹੈ। ਸੋ ਯਤਨ ਇਸ (ਤੀਹਵੇਂ) ਸ਼ਬਦ ਵਿਚ ਹੈ, ਕਬੀਰ ਜੀ ਫੁਰਮਾਉਂਦੇ ਹਨ:-

ਹਰਿ ਮੇਰੋ ਪਿਰੁ ਹਉ ਹਰਿ ਕੀ ਬਹੁਰੀਆ॥

[ਆਸਾ ਕਬੀਰ ਜੀ-੩੦]

ਇਸ ਮੁਤਾਬਕ ਕਬੀਰ ਜੀ ਕਿਸੇ ਸੁਰਤੀ ਦੇ ਬੱਝ ਵੇਲੇ ਪ੍ਰਭੂ ਪਤੀ ਅਗੇ ਇਸਤ੍ਰੀ ਭਾਵ ਵਿਚ ਅਰਦਾਸ ਕਰ ਰਹੇ ਹਨ:- ਹੇ ਪ੍ਰਭੂ ! ਤੇਰਾ ਮੇਰੇ ਵਲੋਂ ਪਾਸਾ ਪਰਤ ਲੈਣਾ ਮੈਨੂੰ ਚੰਗਾ ਨਹੀਂ ਲਗਦਾ, ਇਸ ਨਾਲੋਂ ਤਾਂ ਕਰਵਤ੍ਰ (ਹੇਠਾਂ ਬੈਠਕੇ ਆਪਾ ਚਿਰਵਾ ਲੈਣਾ) ਚੰਗਾ ਲਗਦਾ ਹੈ। ਹੇ ਪਿਆਰੇ (ਪਤੀ) ਮੈਂ ਸਦਕੇ ਜਾਵਾਂ ਮੇਰੇ ਵੱਲ ਮੂੰਹ ਕਰ (ਭਾਵ ਦਿਆਲੂ ਹੋ), ਮੈਨੂੰ ਪਾਸਾ ਫੇਰਕੇ (ਭਾਵ ਮੈਨੂੰ ਭੁਲਾਕੇ) ਕਿਉਂ ਮਾਰਦੇ ਹੋ। (ਮੈਂ ਤੁਸਾਂ ਦੀ ਹਾਂ ਇਸਤ੍ਰੀ) ਕਿ ਜੇ ਸਰੀਰ ਨੂੰ ਚੀਰ ਸੁਟੋ ਤਾਂ ਅੰਗ ਨਾ ਹਿਲਾਵਾਂ, ਜੇ ਸਰੀਰ ਮਰ ਜਾਏ ਤਾਂ ਪ੍ਰੀਤ ਨਾ ਤੋੜਾਂ। ਤੁਹਾਡੇ ਤੇ ਮੇਰੇ ਵਿਚਾਲੇ ਕੋਈ (ਵਿਘਨਕਾਰੀ) ਨਹੀਂ ਆਇਆ। ਤੁਸੀਂ ਉਹੋ ਮੇਰੇ ਪਤੀ ਹੋ, ਮੈਂ ਉਹੋ ਤੁਸਾਡੀ ਨਾਰਿ ਹਾਂ।ਕਹਿੰਦਾ ਹੈ ਕਬੀਰ, ਸੁਣੋ ਹੇ ਪ੍ਰਕਾਸ਼ ਸਰੂਪ !ਹੁਣ ਤਾਂ (ਮਨ ਇੰਨਾ ਸੁਸਤ ਪੈ ਗਿਆ ਹੈ ਕਿ ਉਸ ਵਿਚ) ਤੁਸਾਡੀ (ਹਜ਼ੂਰੀ ਦੀ) ਪ੍ਰਤੀਤੀ ਹੀ ਨਹੀਂ* ਭਾਨ ਹੋ ਰਹੀ।

ਜੇ ਉਪਰਲੇ ਕੀਤੇ ਅਰਥਾਂ ਵਿਚ ਬੀ 'ਲੋਈ' ਦਾ ਅਰਥ 'ਦੁਨੀਆਂ' ਲਾਈਏ ਤਾਂ ਐਉਂ ਢੁਕਾਈਦਾ ਹੈ:- 'ਹੇ ਦੁਨੀਆਂ !ਸੁਣ ਕਬੀਰ ਆਖਦਾ ਹੈ: ਹੁਣ ਮੈਨੂੰ ਤੇਰੇ ਤੇ ਇਤਬਾਰ ਨਹੀਂ ਰਿਹਾ।' ਇਸ ਵਿਚ ਫੇਰ ਇਹ ਖਿਆਲ ਸ਼ਾਮਲ ਕਰੀਦਾ ਹੈ ਕਿ ਉਪਰ ਲਿਖੀ 'ਬੱਝ' ਦੀ ਹਾਲਤ, ਹੇ ਦੁਨੀਆਂ! ਤੇਰੇ ਵੱਲ ਰੁਖ਼ ਕਰਨ ਤੋਂ ਹੋਈ ਹੈ, ਕਿ ਰਬ ਜੀ ਮੇਰੇ ਨਾਲ ਗੁੱਸੇ ਹੋ ਗਏ ਹਨ ਤੇ ਮਨੀਂਦੇ ਨਹੀਂ।

ਫਰੀਦਕੋਟ ਦੇ ਪ੍ਰਸਿੱਧ ਟੀਕੇ ਵਿਚ ਸੰਪ੍ਰਦਾਈ ਅਰਥ-ਦੇਕੇ ਦੂਸਰੇ ਅਰਥ 'ਲੋਈ' ਪਦ ਦੇ 'ਪ੍ਰਕਾਸ਼ ਮਈ' ਕਰਕੇ ਬ੍ਰਹਮ ਵਿਦਯਾ ਵਿਚ ਜਿਵੇਂ ਢੁਕਾਏ ਹਨ ਹੇਠਾਂ ਦੇਂਦੇ ਹਾਂ। ਇਥੇ 'ਲੋਈ' ਪਦ 'ਪ੍ਰਕਾਸ਼' ਦਾ ਵਾਚਕ ਤਾਂ ਲਿਆ ਹੈ ਪਰ ਈਸ਼੍ਵਰ ਵਾਚੀ ਨਹੀਂ ਵਰਤਿਆ, ਹਾਂ ਸੁਮਤੀ ਨੂੰ 'ਪ੍ਰਕਾਸ਼ ਮਈ ਮਤੀ' ਕਹਿਕੇ ਅਰਥ ਲਾਏ ਹਨ:-

ਇਸ ਸ਼ਬਦ ਦਾ ਦੂਸਰਾ ਅਰਥ-ਬ੍ਰਹਮ ਵਿਦਯਾ ਜਗਜਾਸੂ ਪ੍ਰਤੀ ਕਹਿਤੀ ਹੈ ਹੇ ਪਿਆਰੇ ਜਗਜਾਸੂ ਅਧਿਕਾਰੀ ਮੈਂ ਆਪ ਕੇ ਬਲਿਹਾਰਨੇ ਜਾਤੀ ਹੂੰ। ਮੇਰੀ ਤਰਫ ਆਪਣਾ ਮੁਖ ਕਰ, ਭਾਵ ਧਾਰਨ ਕਰ, ਮੇਰੀ ਤਰਫ ਪੀਠ ਦੇ ਕਰ ਮੇਰੇ ਕੋ ਕਿਉਂ ਮਾਰਤਾ ਭਾਵ ਦੁਖ ਦੇਤਾ ਹੈਂ। ਦ੍ਵੈਤ ਵਾਦੀਓਂ ਕੀ ਤਰਕੋਂ ਰੂਪ ਕਰਵਤ੍ਰ ਮੇਰੇ ਕੋ ਅੱਛਾ ਹੈ, ਪਰੰਤੂ ਤੇਰੀ ਪੀਠ ਦੇਣੀ ਅੱਛੀ ਨਹੀਂ, ਮੇਰੀ ਬੇਨਤੀ ਸੁਣ ਕਰ ਗਲ ਮੈਂ ਲਾਗੁ ਭਾਵ ਕੰਠ ਸੇ ਭੀ ਅਦ੍ਵੈਤ ਕੇ ਕਥਨ ਕਰਨ ਵਾਲੀਆਂ ਸ਼੍ਰੁਤੀਆਂ ਕੋ ਉਚਾਰਨ ਕਰ। ਜੇ ਕਰ ਤੁਮ ਮੇਰੀ ਤਰਫੋਂ (ਅੰਗ) ਰਿਦਾ ਮੋੜੋ ਨਹੀਂ ਤੌ ਤੇਰੇ ਤਨ ਅਭਿਮਾਨ ਕੋ ਵਾ ਤੀਨ ਸਰੀਰੋਂ ਕੋ ਚੀਰੋਂਗੀ, ਭਾਵ ਨਸ਼ਟ ਕਰੋਂਗੀ, ਤੁਮਾਰਾ ਸਰੀਰ ਭੀ ਗਿਰ ਪੜੇ ਤੋ ਭੀ ਤੁਮਾਰੇ ਸੇ ਪ੍ਰੀਤੀ ਨ ਤੋੜੋਂ। ਹਮਾਰੇ ਤੁਮਾਰੇ ਮੇਂ ਕੋਈ ਭੇਦੁ ਨਹੀਂ ਹੂਆ ਹੈ। ਤੁਮ ਸੋਈ ਕੰਤ ਹੋ ਭਾਵ ਅਧਿਕਾਰੀ ਹੋ ਅਰ ਮੈਂ ਸੋਈ ਨਾਰਿ ਹਾਂ ਜਿਸ ਬ੍ਰਹਮ ਵਿਦਯਾ ਕੋ ਪੂਰਬ ਤੇਰੇ ਜੈਸੇ ਅਧਿਕਾਰੀ ਗ੍ਰਹਣ ਕਰਤੇ ਚਲੇ ਆਏ ਹੈਂ।ਸ੍ਰੀ ਕਬੀਰ ਜੀ ਕਹਤੇ ਹੈਂ: ਆਗੇ ਸੋ ਜਗਜਾਸੂ ਕਹਤੇ ਹੈਂ: ਹੇ (ਲੋਈ) ਪ੍ਰਕਾਸ਼ ਰੂਪ ਵਾ ਪ੍ਰਕਾਸ਼ ਕਰਨੇ ਵਾਲੀ ਬ੍ਰਹਮ ਵਿਦਯਾ ਤੂੰ ਸੁਣ! ਅਬ ਤਕ ਮੇਰੇ ਕੋ ਤੇਰੀ ਪ੍ਰਤੀਤਿ ਨਹੀਂ ਹੋਈ ਥੀ ਕਿ ਤੂੰ ਐਸੀ ਹੈਂ ਅਬ ਪ੍ਰਤੀਤਿ ਹੋਈ ਹੈ ਸੋ ਤੇਰੇ ਕੋ ਨਹੀਂ ਤਿਆਗੋਂਗਾ।

ਪੰਡਤ ਤਾਰਾ ਸਿੰਘ ਨਰੋਤਮ ਜੀ ਦੇ ਲਿਖੇ ਅੱਖਰ ਇਹ ਹਨ:-

ਲੋਈ ਅਪਣੀ ਸੁਪਤਨੀ ਨੂੰ ਕਿਸੇ ਸਮੇਂ ਪਰਮਾਰਥ ਦੇ ਸੌਦੇ ਵਿਚ ਹੱਦੋਂ ਵੱਧ ਉਦਾਰ ਹੁੰਦਿਆਂ

*ਜਿਵੇਂ ਕਿ ਅੰਗ੍ਰੇਜ਼ੀ ਵਿਚ ਆਖੀਏ ਕਿ ਮਨ ਐਤਨਾ Dull ਹੋ ਗਿਆ ਹੈ ਕਿ ਆਪ ਜੀ ਦੀ ਹਜ਼ੂਰੀ ਦੀ feeling ਹੀ ਨਹੀਂ ਪੈਦਾ ਹੁੰਦੀ।

ਤੱਕ ਕੇ ਭਗਤ ਜੀ ਦੇ ਗੁੱਸੇ ਹੋ ਜਾਣ ਸਮੇਂ ਦੇ ਪ੍ਰਸੰਗ ਦਾ ਅਨੁਵਾਦ ਇਸ ਸ਼ਬਦ ਵਿਚ ਅਕਸਰ ਦੱਸਿਆ ਜਾਂਦਾ ਹੈ। ਪਰ ਹੋ ਸਕਦਾ ਹੈ ਕਿ ਭਗਤ ਜੀ ਨੇ ਖੁੱਲ੍ਹੇ ਸਤਿਸੰਗ ਤੋਂ ਤੰਗ ਆਕੇ ਹਥ ਸੰਕੋਚਦਿਆਂ ਲੋਕਾਂ ਦੇ ਤਰਲਿਆਂ ਦੇ ਉੱਤਰ ਵਿਚ ਇਸ ਸ਼ਬਦ ਨੂੰ ਉਚਾਰਿਆ ਹੋਵੇ। ਇਸ ਲਈ ਪਾਠਕਾਂ ਦਾ ਧਯਾਨ ਉਪਰਲੇ ਭਾਵ* ਵਲ ਹੀ ਦਿਵਾਇਆ ਜਾਂਦਾ ਹੈ:-

(ਹੇ ਵਾਹਿਗੁਰੂ!) ਕਰਵਤੁ (ਮੇਰੇ ਰਿਦੇ ਨੂੰ ਕਰ ਵੱਤਰ ਵਾਲਾ, ਨਿੰਮ੍ਰਤਾਵਾਨ, ਕੋਮਲ ਬਣਾ, ਏਹੋ ਹੀ) ਭਲਾ (ਰੁਚਦਾ ਹੈ ਮੈਨੂੰ), ਕਰਵਟ (ਤੇਰੀ ਵੱਲ ਪੈਰ ਧਰਿਆਂ) ਵੱਟਾਂ (ਦੂਈ ਦੀਆਂ ਪਈਆਂ ਰਹਿਣੀਆਂ) ਭਲੀਆਂ ਨਹੀਂ ਲਗਦੀਆਂ। ਸੁਣੋ ਮੇਰੀ ਬੇਨਤੀ (ਤੇ ਜਾਤ ਗੋਤ ਆਦਿ ਦੇ ਅਭਿਮਾਨੋ ਰਹਿਤ- ਅਪਣੇ ਵਰਗਾ ਅਜਾਤ ਸਰੂਪੀ ਬਣਾਕੇ) ਮੇਰੇ ਗਲੇ ਨਾਲ ਲਗੋ (ਭਾਵ-ਅਪਣੇ ਰਿਦੇ ਨਾਲ ਮਿਲਾਕੇ ਅਨੁਭਵੀ ਮੰਡਲ ਵਿਖੇ ਇਕ ਸਰੂਪੀ ਬਣਾ ਲਵੋ)। ਮੈਂ ਵਾਰੀ (ਸਦਕੇ ਕਰ ਦੇਵਾਂ ਆਪੇ ਨੂੰ) ਜੇਕਰ ਹੇ ਪਿਆਰੇ! (ਪ੍ਰੀਤਮ ਜੀ) ਮੇਰਾ ਮੁਖ (ਰੁਖ਼) (ਅਨਾਤਮ ਪਾਸਿਓਂ-ਆਤਮ ਭਾਵ ਵੱਲ) ਫੇਰ ਦੇਵੋ। ਵੱਟਾਂ (ਅਧਯਾਸ ਦੀਆਂ) ਪਾਕੇ ਮੈਨੂੰ ਕਿਸ ਲਈ ਮਾਰ ਰਹੇ ਹੋ (ਅਪਣੇ ਤੋਂ ਅਲਗ ਭੇਦ ਭਾਵ ਵਿਚ ਰਖਕੇ) ਜੇਕਰ ਤਨ ਚੀਰਿਆ ਭੀ ਜਾਵੇ (ਐਸਾ ਦੇਹ ਅਧਯਾਸ ਰਹਿਤ ਹੋ ਜਾਵਾਂ ਕਿ) ਮੂਲੋਂ ਹੀ ਅੰਗ ਨਾ ਮੋੜਾਂ (ਅਰਥਾਤ ਪੀੜਾ ਨੂੰ ਅਨੁਭਵ ਹੀ ਨਾ ਕਰਾਂ, ਐਸਾ ਲਿਵਲੀਨ ਹੋਵਾਂ)। ਸਰੀਰ ਚਾਹੇ ਚੁਫਾਲ ਹੀ ਗਿਰ ਜਾਵੇ ਪਰ ਕਦੀ ਪ੍ਰੀਤੀ (ਆਪ ਦੀ-ਆਤਮ ਪਦੋਂ) ਨਾ ਟੁੱਟਣੀ ਪਾਵੇ, (ਭਾਵ ਅੰਤਰ ਆਤਮੇ ਜੁਦਾਈ ਕਦੀ ਨਾ ਫੁਰੇ)। ਅਸਾਡੇ ਤੁਸਾਡੇ ਵਿਚ ਵਿੱਥ ਕੋਈ ਭੀ ਨਾ ਰਹੇ (ਐਸੀ ਏਕਤਾ ਵਰਤੇ, ਬੱਸ!) ਤੁਸੀਂ ਤਾਂ ਸੁਕੰਤ (ਸ੍ਵਾਮੀ) ਹੋਵੋ ਤੇ ਮੈਂ ਸਾਖਯਾਤ ਆਪ ਦੀ ਅਰਧਾਂਗੀ ਨਾਰ (ਵਤ) ਸੋਈ (ਸੋਭਾਂ) (ਅਰਥਾਤ ਅੰਦਰੋਂ ਇਕ ਤੇ ਬਾਹਰੋਂ ਭਗਤੀ ਭਾਵ ਭਰੀ ਜੀਵਨ ਮੁਕਤਿ ਦਸ਼ਾ ਵਿਖੇ ਵਰਤਦਿਆਂ ਜੀਵਨ ਬਿਤਾਵਾਂ)। (ਅਜੇਹੀ ਅਵਸਥਾ ਦੇ ਪ੍ਰਾਪਤ ਹੋਇਆਂ ਆਖ ਦਿਆਂ ਮੈਂ ਕਬੀਰ, ਲੋਕਾਂ ਨੂੰ ਕਿ ਸੁਣ ਲਵੋ (ਭਾਈ ਸੰਸਾਰੀਓ!) ਹੁਣ ਤੁਹਾਡੀ (ਸਤਯ) ਪ੍ਰਤੀਤ ਨਹੀਂ ਹੋ ਸਕਦੀ (ਭਾਵ ਤੁਸੀਂ ਉਪਰੋਂ ਸ਼ਰਧਾ ਭੌਣੀ ਦਿਖਾਕੇ ਸਾਨੂੰ ਲੋਕਾਂ ਨੂੰ ਆਪਣੇ ਵੱਲ ਰੁਜੂ ਕਰਕੇ ਸੰਸਾਰੀ ਮੰਗਾਂ ਪਰ ਤੁਲ ਔਂਦੇ ਤੇ ਸਾਡੀ ਤਾਰ ਵਿਚ ਦੂਈ ਦੀ ਗੜਬੜ ਪਾਉਣ ਦਾ ਹੀ ਧੋਖਾ ਦਿੰਦੇ ਹੋ। ਬਸ!))।

ਨੋਟ- ਭਗਤ ਜੀ ਪਰਮਾਰਥ ਵੰਡਣ ਵਿਚ ਸ਼ੂਮ ਨਹੀਂ ਸਨ, ਜਿਸ ਕਰਕੇ ਆਮ ਪ੍ਰਚਲਿਤ ਉਥਾਨਕਾ ਨਾਲੋਂ ਅੱਡਰੇ ਅਰਥ ਕੀਤੇ ਹਨ।

੩. ਸ੍ਰੀ ਨਰੋਤਮ ਤਾਰਾ ਸਿੰਘ ਜੀ ਪੰਡਤ ਇਸ ਸ਼ਬਦ ਨੂੰ ਪਿਛੇ ਆਏ ੩੨ਵੇਂ ਸ਼ਬਦ ਦੀ ਸ਼੍ਰੇਣੀ ਵਿਚ ਹੀ ਸੰਬੰਧਿਤ ਬੀ ਵਰਣਨ ਕਰਦੇ ਹਨ। ਕੁਮਤੀ ਸੁਮਤੀ ਦਾ ਸਿਲਸਿਲਾ ਉਸ ਸ਼ਬਦ ਤੋਂ ਟੁਰਿਆ ਇਸ ਸ਼ਬਦ ਤਕ ਬੀ ਸ੍ਰੀ ਜੀ ਨੇ ਨਿਬਾਹਿਆ ਹੈ। ਇਸ ਸ਼ਬਦ ਵਿਚ ਸੁਮਤੀ ਦੀ ਲੋੜ ਬੀ ਚੁੱਕ ਗਈ ਹੈ, ਜਿਵੇਂ ਸੁਧ ਹੋ ਚੁਕੇ ਕਪੜੇ ਵਿਚੋਂ ਮੈਲ ਤੇ ਸਾਬਣ ਦੁਇ ਨਿਕਲ ਜਾਂਦੇ ਹਨ। ਆਪ ਜੀ ਲੋਈ ਦਾ ਅਰਥ ਪ੍ਰਕਾਸ਼ਮਈ ਸੁਮਤੀ ਕਰਦੇ ਹਨ। ਸ੍ਰੀ ਮਾਨ ਜੀ ਦੀ ਕੀਤੀ ਟੀਕਾ ਆਪ ਦੇ ਆਪਣੇ ਲਫਜ਼ਾਂ ਵਿਚ ਹੀ ਵਧੀਕ ਸ਼ੋਭਨੀਕ ਹੋਸੀ, ਜੋ ਹੂਬਹੂ ਹੇਠਾਂ ਦਿੱਤੀ ਜਾਂਦੀ ਹੈ:-

ਐਸਾ ਬਚਨ ਸ੍ਰਵਣ ਕਰ ਸੁਮਤੀ ਪ੍ਰਾਰਥਨਾ ਕਰੇ ਹੈ। 'ਕਰਵਤੁ...' ਇਤਿ,: -ਹੇ ਸ੍ਵਾਮੀ ਕਰਵਤੁ ਭਲਾ, ਅਪਨੇ ਬਿਨਾਸ ਹੇਤ ਦੇਹ ਪੈ ਅੰਗ ਚੀਰਨੇ ਵਾਲਾ ਆਰਾ ਚਲਵਾ ਲੇਨਾ ਤੋ ਭਲਾ ਹੈ। ਭਾਵ ਮਰਣਾ। ਔ ਮੋਖ ਦਸ਼ਾ ਮੇਂ ਸ੍ਵਰੂਪ ਸੇ ਦੂਰ ਹੋ ਜਾਣਾ ਤੋ ਭਲਾ ਹੈ। ਪਰੰਤੁ 'ਨ ਕਰਵਟ ਤੇਰੀ', ਮੇਰੇ ਕੋ ਕੁਮਤੀ ਤੁੱਲ ਜਾਣਕੇ ਮੇਰੀ ਓਰ ਸੇ ਆਪ ਕਾ ਮੁਖ ਬਦਲ ਜਾਨਾ ਭਲਾ ਨਹੀਂ। ਇਸ ਲੀਏ ਮੈਂ ਕੁਸੰਗ ਕੇ ਪੜਦੇ ਸੇ ਹੀਨ ਭਈ ਹੂੰ, ਯਾਤੇ ਲਾਗ ਗਲੇ, ਮੇਰੇ ਮੈਂ ਆਪ ਆਪਣੇ ਸ੍ਵਰੂਪ ਕਾ ਯਥਾਰਥ ਪ੍ਰਕਾਸ਼ਨ ਅਰਪਣ ਕਰੋ ਸੁਨਕੇ ਮੇਰੀ ਪ੍ਰਾਰਥਨਾ ਕੋ॥੧॥

* ਲੋਈ ਦਾ ਅਰਥ 'ਲੋਕ' ਲੈ ਕੇ ਅਪਣਾ ਭਾਵ ਅਗੇ ਦੱਸਦੇ ਹਨ।

ਕਹੀ ਵਾਰਤਾ ਪੁਨਾ ਕਹੇ 'ਹਉ' ਇਤਿ:- ਹੇ ਮੇਰੇ ਸ੍ਵਾਮੀ ਮੈਂ ਤੇਰੇ ਪੈ ਵਾਰੀ, ਅਪਨਾ ਆਪ ਅਰਪਣ ਕਰਤੀ ਹੂੰ॥ 'ਮੁਖੁ ਫੇਰਿ', ਮੇਰੀ ਓਰ ਮੁਖ ਕਰ ਮੈਂ ਤੋਂ ਤੇਰੀ ਦ੍ਰਿਸ਼ਯ ਹੂੰ। ਯਾ ਤੇ 'ਕਰਵਟੁ ਦੇ' ਮੇਰੀ ਓਰ ਸੈ ਅਪਨਾ ਮੁਖ ਦੂਸਰੀ ਓਰ ਕਰ ਮੇਰੇ ਕੋ ਕਿਉ ਅਭਾਵ ਕਰਨਾ ਚਾਹਤੇ ਹੋ॥੧॥

ਅਭਾਵ ਕਰਨਾ ਚਾਹੋ ਤਬ ਐਸੇ ਕਰੋ ਮੈਂ ਉਸ ਪੈ ਵਿਕਲਪ ਨਹੀਂ ਕਰੋਂਗੀ॥ ਯਹਿ ਕਹੇ, 'ਜਉ-' ਇਤਿ:-ਜੇਕਰ ਤੂੰ ਮੁਝ ਕੋ ਆਨ ਦ੍ਰਿਸਜ ਵਤ ਮਿਥਿਆ ਜਾਨਕੇ ਚੀਰਹਿ, ਮੇਰਾ ਅਭਾਵ ਕਰੇ, ਤਬ ਮੈਂ 'ਅੰਗਿ ਨਾ ਮੋਰਉ', ਅਪਨਾ ਸ੍ਵਰੂਪ ਤੇਰੀ ਓਰ ਸੇ ਨਹੀਂ ਹਟਾਵੋਂਗੀ॥ ਉਲਟਾ 'ਪਿੰਡੁ ਪਰੈ' ਤੇਰੇ ਮਿਥਿਆ ਜਾਣਨੈ ਸੇ ਮੇਰਾ ਸਰਬਥਾ ਅਭਾਵ ਨਿਸਚੇ ਹੋਵੇ, ਤੋ ਭੀ ਮੈਂ ਮਿਥਿਆ ਹੋਤੀ ਹੋਈ 'ਪ੍ਰੀਤਿ ਨ ਤੋਰਉਂ', ਤੇਰੇ ਸਰੂਪ ਕੋ ਵਿਖੇ ਕਰਨੇ ਸੇ ਨਹੀਂ ਹਟੋਂਗੀ, ਉਸੀ ਕੋ ਵਿਖੇ ਕਰੋਂਗੀ॥੨॥

ਕਿਸ ਵਾਸਤੇ ਐਸਾ ਕਰੋਂਗੀ? 'ਹਮ ਤੁਮ ਬੀਚ' ਤੂੰ ਮੇਰਾ ਸ੍ਵਾਮੀ ਹੈਂ ਮੈਂ ਤੇਰੀ ਦ੍ਰਿਸ਼ਯ ਸੁਮਤੀ ਹੋਂ, ਇਸ ਵਾਰਤਾ ਮੈਂ ਕੋਈ ਸੰਦੇਹ ਨਹੀਂ ਹੁਯਾ। ਯਾਤੇ 'ਤੁਮਹਿ ਸੁਕੰਤ', ਆਪ ਵਹੀ ਮੁਝ ਸੁਮਤੀ ਕੋ ਭੀ ਸ੍ਰੇਸਟ ਦ੍ਰਿਸ਼ਟਾ ਹੋ, ਔ 'ਨਾਰਿ ਹਮ ਸੋਈ' ਮੈਂ ਵਹੀ ਆਪ ਕੀ ਦ੍ਰਿਸ਼ਯ ਸੁਮਤੀ ਇਸਤ੍ਰੀ ਹੂੰ। ਐਸਾ ਸੁਮਤੀ ਕਾ ਬਚਨ ਸੁਨ ਕਰ ਕਬੀਰ ਉੱਤਰ ਕਹੇ 'ਕਹਤੁ' ਇਤਿ:-ਕਬੀਰ ਕਹੇ ਸ੍ਰਵਨ ਕਰ ਹੇ ਲੋਈ, ਪ੍ਰਕਾਸ਼ ਰੂਪ ਸੁਮਤੀ! 'ਅਬ', ਪੂਰਣ ਬਿਚਾਰ ਕੇ ਫਲ ਦੀ ਦਸ਼ਾ ਮੈਂ, ਮੇਰੇ ਚਿਤ ਵਿਖੇ 'ਤੁਮਰੀ ਪਰਤੀਤਿ ਨ ਹੋਈ', ਤੇਰੇ ਸਰੂਪ ਕੀ ਥਿਰਤਾ ਕਾ ਬੀ ਨਿਸਚੇ ਨਹੀਂ ਰਹਿਆ। ਜੋ ਤੂੰ ਭੀ ਸਰਬ ਦ੍ਰਿਸ਼ਯ ਕਾ ਅਭਾਵ ਕਰ ਕਿੰਚਤ ਕਾਲ ਪੀਛੇ ਰਹੇਗੀ। ਭਾਵ-ਯਹਿ ਬਸਤ੍ਰ ਕਾ ਮੈਲ ਦੂਰ ਕਰ, ਮੈਲ ਸਾਥ ਦੂਰ ਹੋਤੀ ਖਾਰ ਵਤ ਤੂੰ ਭੀ ਦ੍ਰਿਸ਼ਯ ਕੇ ਸਾਥ ਹੀ ਦੂਰ ਹੋਵੇਗੀ।

ਪਿਛਲੇ ਚਾਰ ਸਬਦਾਂ ਨੂੰ ਕੀਕੂੰ ਅੰਤ੍ਰੀਵ ਅਰਥਾਂ ਵਿਚ ਸ੍ਰੀ ਨਰੋਤਮ ਜੀ ਨੇ ਘਟਾਯਾ ਹੈ, ਉਨ੍ਹਾਂ ਦੇ ਅਪਣੇ ਕੀਤੇ ਸੰਖੇਪ ਵਰਣਨ ਤੋਂ ਠੀਕ ਸਮਝੇ ਪੈ ਜਾਂਦਾ ਹੈ, ਜੋ ਐਉਂ ਹੈ:-

'ਪਹਿਲੀ ਕੁਰੂਪਿ' ਸੇਂ ਲੇ 'ਪਰਤੀਤ ਨ ਹੋਈ' ਪ੍ਰਯੰਤ, ਚਾਰ ਸਬਦੋਂ ਮੇਂ, ਪਹਿਲਾਂ ਤੋਂ ਕੇਵਲ ਕੁਮਤੀ ਸੁਮਤੀ ਪੈ ਹੀ ਹੈ, ਦੂਸਰੇ ਮੈਂ ਸਾਧੂ ਲੋਗਨ ਕੇ ਖਰਚ ਕੀ ਦੁਖੀ ਕਰੀ ਹੂਈ ਕਬੀਰ ਕੀ ਮਾਤਾ ਕਾ ਬਚਨ ਹੈ। ਜੋ ਮੇਰੀ ਪੁਤ੍ਰ ਬਧੂ ਲੋਈ ਕਾ ਨਾਮ ਘਰ ਮੇ ਧਨੀਆ ਥਾ, ਜੋ ਭਲੇ ਲੋਗੋਂ ਕੀ ਇਸਤ੍ਰਿਯੋਂ ਕਾ ਹੋਵੇ ਹੈ। ਅਰ ਮੁੰਡੀਓਂ ਨੇ ਉਸਕਾ 'ਰਾਮ ਜਨੀਆ' ਰਖ ਦੀਆ ਹੈ, ਜੋ ਬੇਸਯਾ ਕਾ ਹੋਵੇ ਹੈ। ਅਰ ਮੇਰਾ ਘਰ ਬਿਗਾੜ ਦੀਆ ਹੈ। ਅਰ ਮੇਰੇ ਬੇਟੇ ਕੋ ਰਾਮ ਭਗਤੀ ਕਾ ਚੇਟਕ ਲਗਾ ਦੀਆ ਹੈ। ਏਤਾ ਮਾਤਾ ਕਾ ਬਚਨ ਸੁਨ ਕਬੀਰ ਨੇ ਉੱਤਰ ਕਹਿਆ:- ਹੇ ਮਾਤਾ ਯੇ ਸੰਤ ਬਹੁਤ ਭਲੇ ਹੈਂ, ਇਨਹੁ ਨੇ ਮੇਰਾ ਜੁਲਾਹਾ ਪਣ ਦੂਰ ਕੀਆ ਹੈ। ਤੀਸਰੇ ਸ਼ਬਦ ਮੈਂ ਸਾਧੂ ਲੋਗੋਂ ਸੇ ਮੁਖ ਮੇਂ ਪੜਦਾ ਲੇਤੀ (ਅਪਣੇ ਪੁਤ੍ਰ) ਕਮਾਲ ਕੀ ਬਧੂ ਕੋ ਕਬੀਰ ਨੇ ਉਪਦੇਸ਼ ਕੀਆ ਜੋ ਰਹੁ ਰਹੁ ਰੀ, ਹੇ ਬਹੂ ਚਿਤ ਮੈਂ ਬਿਕਾਰ ਰਖ ਕੇ ਊਪਰ ਸੇ ਮੁਖ ਮੈਂ ਪੜਦਾ ਮਤ ਕਰ, ਅੰਤ ਕੋ ਇਸ ਪੜਦੇ ਕਾ ਮੋਲ ਦੋ ਕੌਡੀ ਨਹੀਂ ਮਿਲੇਗਾ। ਯਾਤੇ ਜੋ ਘੂੰਘਟ ਕਾਢ ਕੇ ਸੰਸਾਰ ਮੈਂ ਔਰ ਇਸਤ੍ਰੀਆਂ ਗੁਜਰੀ ਤਿਨ ਕਾ ਸਾਥ ਤੂੰ ਮਤ ਕਰ, ਚਿਤ ਸੈਂ ਬਿਕਾਰ ਛੋਡ ਬਾਹਰ ਕੇ ਘੂੰਘਟ ਕੁਛ ਦਿਨ ਯਹੀ ਪ੍ਰਸੰਸਾ ਹੋਗੀ ਜੋ ਬਹੂ ਬਡੀ ਲਜਜਾ ਵਾਲੀ ਹੈ। ਅਰ ਮੇਰੇ ਮਤ ਸੈ ਯਹਿ ਭਲਾ ਹੈ ਜੋ ਸਤਿਸੰਗ ਮੈਂ ਮਿਲਕੈ ਭਕਤੀ ਕਰ ਤਬ ਜਗਤ ਮੈਂ ਜੈ ਪਾਵੇਂਗੀ। ਚੌਥੇ ਸ਼ਬਦ ਮੈਂ ਲੋਈ ਕੀ ਸੰਤੋਂ ਮੈਂ ਪ੍ਰੀਤ ਨ ਦੇਖ ਕਰ ਤਿਸਕੀ ਓਰ ਸੇ ਕਬੀਰ ਮੁਖ ਫੇਰ ਬੈਠੇ। ਤਬ ਬੇਨਤੀ ਕਰਤੀ ਲੋਈ ਨੈ ਕਹਿਆ: ਹੇ ਕਬੀਰ ਮੇਰੇ ਕੋ ਕਰਵਤ ਲੇਨਾ ਭਲਾ ਹੈ, ਪਰੰਤੂ ਤੇਰਾ ਮੁਖ ਫੇਰਣਾ ਭਲਾ ਨਹੀਂ। ਯਾ ਤੇ ਤੁਮ ਮੁਖ ਸਨਮੁਖ ਕਰੋ ਜੋ ਆਗਯਾ ਕਰੋਗੇ ਸੋਈ ਕਰੋਂਗੀ। ਤਿਸਕਾ ਕਥਨ ਸੁਨ ਗ੍ਰਿਹ ਕੁਟੰਬ ਕਾ ਪ੍ਰੇਮ ਛੋਡਿ ਪਰਮੇਸ੍ਵਰ ਕੇ ਲਾਭ ਹੇਤ ਅਧਿਕਾਰੀ ਬਨ ਸੇਵਾ ਕਰੇਂਗੀ ਇਸ ਬਾਤ ਕਾ ਨਿਸਚੇ ਨਹੀਂ।

ਕਬੀਰ ਜੀ ਦੇ ਵਰਤੇ ਪਦਾਂ ਤੋਂ ਅਭਿਧਾ ਬ੍ਰਿਤੀ ਨਾਲ ਨਿਕਲਦੇ ਅਰਥ ਭਾਵ ਦੱਸਦੇ ਹਨ ਕਿ

ਇਸ ਵਿਚ ਉਨ੍ਹਾਂ ਦੀ ਸ੍ਵੈ ਜੀਵਨੀ ਦਾ ਇਕ ਵਾਕਿਆ ਹੈ। ਕਬੀਰ ਜੀ ਦੇ ਸ੍ਵੈ ਜੀਵਨੀ ਦੇ ਹੋਰ ਵਾਕੇ ਬੀ ਉਨ੍ਹਾਂ ਦੇ ਸ਼ਬਦਾਂ ਵਿਚ ਆਏ ਹਨ, ਜੈਸਾ ਕਿ ਆਪ ਜੀ ਦਾ ਪੇਟ ਬੰਨ੍ਹਕੇ ਹਾਥੀ ਅੱਗੇ ਕੁਚਲੇ ਜਾਣ ਲਈ ਸੱਟੇ ਜਾਣਾ। ਜ਼ੰਜੀਰ ਬੰਨ੍ਹਕੇ ਗੰਗਾ ਵਿਚ ਡੁਬ ਜਾਣ ਲਈ ਸੱਟੇ ਜਾਣਾ। ਨਾਮਦੇਵ ਜੀ ਦਾ ਦੇਹੁਰੇ ਤੋਂ ਕੱਢੇ ਜਾਣਾ, ਉਨ੍ਹਾਂ ਦਾ ਮੁਸਲਮਾਨ ਹੋਣ ਲਈ ਮਜਬੂਰ ਕੀਤੇ ਜਾਣਾ ਤੇ ਮਾਂ ਦੀ ਪ੍ਰੇਰਨਾ ਕਿ ਮੰਨ ਲੈ ਆਦਿ ਸ੍ਵੈ ਜੀਵਨੀ ਦੇ ਵਾਕੇ ਬਾਣੀ ਵਿਚ ਉਨ੍ਹਾਂ ਨੇ ਉਚਾਰੇ ਤੇ ਪਵਿਤ੍ਰ ਬੀੜ ਵਿਚ ਆਏ ਹਨ। ਇਸੀ ਤਰ੍ਹਾਂ ਜੇ ਕਬੀਰ ਜੀ, ਜੋ ਆਪ ਨੂੰ ਜੁਲਾਹਾ ਕਹਿੰਦੇ ਸਨ ਤੇ ਮੁਸਲਮਾਨ ਸਨ, ਉਨ੍ਹਾਂ ਨੂੰ ਜੋ ਤਕਲੀਫਾਂ ਘਰ ਦੇ ਸੁਧਾਰ ਵਿਚ ਆਈਆਂ ਤੇ ਉਨ੍ਹਾਂ ਨੇ ਜਗਤ ਸੁਧਾਰ ਲਈ ਉਨ੍ਹਾਂ ਦੀ ਯਾਦ ਕਾਇਮ ਰਖਣੀ ਜ਼ਰੂਰੀ ਸਮਝੀ, ਇਨ੍ਹਾਂ ਸ਼ਬਦਾਂ ਵਿਚ ਲਿਖ ਦਿਤੀ ਤਾਂ ਕੋਈ ਅਚਰਜ ਯਾ ਮਾੜੀ ਗੱਲ ਨਹੀਂ?

ਕਬੀਰ ਬੰਸੀ ਕਬੀਰ ਜੀ ਨੂੰ ਗ੍ਰਿਹਸਤੀ ਮੰਨਦੇ ਹਨ ਤੇ ਗਜਾਨੀ ਜਨ ਬੀ ਇਹੀ ਮੰਨਦੇ ਹਨ। ਪਰ ਕਬੀਰ ਪੰਥੀ ਮਹਾਤਮਾ ਸਾਧੂ ਕਬੀਰ ਜੀ ਨੂੰ ਵਿਰਕਤ ਸੰਤ ਮੰਨਦੇ ਹਨ। ਜਨ ਉਨ੍ਹਾਂ ਦੀ ਇਹ ਗੱਲ ਮੰਨ ਲਈ ਜਾਏ ਤਾਂ ਲੋਈ ਪਦ ਦੇ ਅਰਥ ਲੋਕ, ਪ੍ਰਕਾਸ਼ ਸਰੂਪ ਆਦਿ ਲੈਣੇ ਪੈਂਦੇ ਹਨ ਤੇ ਅਰਥਾਂ ਦੀ ਪ੍ਰਸੰਗਲੀ ਮੇਲਣ ਲਈ ਮੇਲ ਮੇਲਣੇ ਪੈਂਦੇ ਹਨ। ਇਸ ਪਹਿਲੂ ਵਿਚ ਗੁਣੀ ਜਨਾਂ ਨੇ ਜੋ ਜੋ ਮਿਹਨਤਾਂ ਕੀਤੀਆਂ ਹਨ ਉਪਰ ਦਿਖਾ ਦਿਤੀਆਂ ਹਨ।

ਸ੍ਰੀ ਕਬੀਰ ਜੀ ਦੀ ਬਾਣੀ ਦੇ ਕਈ ਪ੍ਰਕਾਰ ਦੇ ਅਰਥ ਕਰਨੇ ਉਨ੍ਹਾਂ ਦੀ ਬਾਣੀ ਦੇ ਵਿਦਵਾਨਾਂ ਦੇ ਅਮਲ ਵਿਚ ਹੈਨ। ਏਥੋਂ ਤਾਈਂ ਕਿ ਅਮਰੀਕਾ ਵਿਚ ਬੀ ਇਸ ਦੀ ਸੂੰਹ ਫਕੀਰਾਂ ਨੂੰ ਹੈ, 'ਥੋਰੋ' ਨਾਮ ਦੇ ਅਮਰੀਕਨ ਸਾਧੂ ਨੇ ਬੀ ਆਪਣੀ ਪੁਸਤਕ ਵਿਚ ਲਿਖਿਆ ਹੈ।

ਨਿਰੁਕ੍ਤ- ਕਰਵਤੁ-(ਸੰਸ:,ਕਰਪਤ੍ਰੰ) ਕਾਸ਼ੀ ਤੇ ਪ੍ਰਯਾਗ ਵਿਚ ਇਕ ਆਰਾ ਹੁੰਦਾ ਸੀ ਜਿਸ ਹੇਠ ਕਰਮਾਂ ਤੋਂ ਨਿਰਾਸ ਮੁਕਤੀ ਦੇ ਚਾਹਵਾਨ ਅਪਣਾ ਆਪ ਦੋ ਫਾਂਕ ਕਟਵਾ ਸੁੱਟਦੇ ਸਨ।

ਕਰਵਟ-(ਹਿੰਦੀ) ਪਾਸਾ। ਪਾਸਾ ਪਰਤਣ ਨੂੰ ਕਰਵਟ ਲੈਣਾ ਆਖਦੇ ਹਨ।

ਪਿੰਡ ਪਰੈ-ਸਰੀਰ ਡਿਗ ਪਵੇ, ਭਾਵ ਸਰੀਰ ਮਰ ਮਿਟ ਜਾਏ।

ਬੀਚੁ ਭਇਓ-ਵਿਚਾਲੇ ਨਹੀਂ ਆਇਆ। ਨਾ ਤੇਰੇ ਕੋਈ ਇਸਤ੍ਰੀ ਨਾ ਮੇਰੇ ਕੋਈ ਮਰਦ ਆਇਆ ਹੈ, ਭਾਵ ਹੈ ਮੈਂ ਪੂਰਨ ਪਤਿਬ੍ਰਤਾ ਹਾਂ ਤੂੰ ਪੂਰਨ ਇਸਤ੍ਰੀ ਬ੍ਰਤ ਵਾਲਾ ਹੈਂ।

ਲੋਈ-ਸ੍ਰੀ ਕਬੀਰ ਜੀ ਦੀ ਪਤਿਬ੍ਰਤਾ ਇਸਤ੍ਰੀ ਦਾ ਨਾਮ। ਹਿੰਦੀ ਵਿਚ ਲੁਗਾਈ ਬੀ ਵਹੁਟੀ ਨੂੰ ਕਹਿੰਦੇ ਹਨ। ਪੰਜਾਬੀ ਵਿਚ ਵਹੁਟੀ ਨੂੰ 'ਭਲੀਏ ਲੋਕੇ' ਕਰਕੇ ਬੀ ਸੰਬੋਧਨ ਕਰਦੇ ਹਨ। (ਅ) ਲੋਕ। ਲੋਕੋ।

[ਆਸਾ ਕਬੀਰ ਜੀ, ਚਉਪਦਾ-੩੬]

ਪ੍ਰਾਕ੍ਥਨ-ਜਾਪਦਾ ਹੈ ਕਿ ਕਿਸੇ ਕੁਲੀਨ ਪੰਡਿਤ ਨੇ ਕਬੀਰ ਜੀ ਨੂੰ ਕੋਰੀ (ਜੁਲਾਹਾ) ਕਹਿਕੇ ਘ੍ਰਿਣਾ ਪ੍ਰਗਟ ਕੀਤੀ ਹੈ, ਕਬੀਰ ਜੀ ਉਸਦੇ ਉੱਤਰ ਵਿਚ ਕੋਰੀ ਦਾ ਅਰਥ ਭਾਵ ਈਸ਼੍ਵਰ ਤੇ ਘਟਾ ਕੇ ਘ੍ਰਿਣਿਤ ਹੋਣ ਦੀ ਥਾਂ ਸੁਰਤ ਦੀ ਉੱਚਤਾ ਪ੍ਰਗਟ ਕਰਦੇ ਹਨ।

ਮੂਲ	ਅਰਥ
ਆਸਾ ॥ ਕੋਰੀ ਕੋ ਕਾਹੂ ਮਰਮੁ ਨ ਜਾਨਾਂ ॥ ਸਭੁ ਜਗੁ ਆਨਿ ਤਨਾਇਓ ਤਾਨਾਂ ॥੧॥ਰਹਾਉ॥	(ਪਰਮਾਤਮ ਦੇਵ ਰੂਪ) ਕੋਰੀ (=ਜੁਲਾਹੇ) ਦਾ ਭੇਦ ਕਿਸੇ ਨੇ ਨਹੀਂ ਜਾਣਿਆ (ਕਿ ਅਸਲ ਸੰਸਾਰ ਰੂਪੀ ਬੁਣਤੀ ਕਰਨੇ ਵਾਲਾ ਜੁਲਾਹਾ ਉਹ ਆਪ ਹੈ ਜਿਸ ਨੇ ਕਿ) ਸਾਰੇ ਜਗਤ ਦਾ ਤਾਣਾ ਤਣ ਰਖਿਆ ਹੈ॥੧॥ ਰਹਾਉ॥

ਜਬ ਤੁਮ ਸੁਨਿ ਲੇ ਬੇਦ ਪੁਰਾਨਾਂ ॥ ਤਬ ਹਮ ਇਤਨਕੁ ਪਸਰਿਓ ਤਾਨਾਂ ॥੧॥

ਤੁਸਾਂ ਜਦੋਂ ਵੇਦ ਤੇ ਪੁਰਾਣ (ਸੁਣਨ ਮਾਤ੍ਰ) ਸੁਣ ਲਏ ਹਨ ਤਦੋਂ ਅਸਾਂ (ਨਿਸਚੇ ਪੂਰਬਕ ਜਾਣ ਲਿਆ ਕਿ ਸੰਸਾਰ ਰੂਪੀ) ਇੰਨਾ ਤਾਣਾ (ਉਸੇ ਨੇ) ਤਾਣਿਆ ਹੈ *॥੧॥

ਧਰਨਿ ਅਕਾਸ ਕੀ ਕਰਗਹ ਬਨਾਈ॥ ਚੰਦੁ ਸੂਰਜੁ ਦੁਇ ਸਾਥ ਚਲਾਈ ॥੨॥

(ਕਿਵੇਂ? ਉੱਤਰ:) ਉਸ ਨੇ ਧਰਤੀ ਤੇ ਅਸਮਾਨ ਦੀ ਖੱਡੀ ਬਣਾਈ ਹੈ। ਚੰਦ ਤੇ ਸੂਰਜ ਦੋ ਨਾਲਾਂ ਵਗਾਈਆਂ ਹਨ॥੨॥

ਪਾਈ ਜੋਰਿ ਬਾਤ ਇਕ ਕੀਨੀ ਤਹ ਤਾਂਤੀ ਮਨੁ ਮਾਨਾਂ ॥ ਜੋਲਾਹੇ ਘਰੁ ਅਪਨਾ ਚੀਨ੍ਹਾਂ ਘਟ ਹੀ ਰਾਮੁ ਪਛਾਨਾਂ ॥੩॥

ਪਊਆਂ ਦੀ ਜੋੜੀ (ਰੂਪੀ ਨਿਜ) ਸਤਜਾ (ਉਸ ਵਿਚ) ਪਾਈ ਹੈ (ਉਸੇ ਵਾਂਗ ਮੈਂ ਬੀ) ਇਕੋ ਜਿਹੀ ਗੱਲ ਕੀਤੀ ਹੈ ਤੇ ਉਸ ਤਾਂਤੀ (=ਜੁਲਾਹੇ ਭਾਵ ਈਸ਼੍ਵਰ) ਵਿਚ (ਮੇਰਾ) ਮਨ ਪਤੀਜ ਗਿਆ ਹੈ। (ਸੋ ਹੁਣ ਇਸ ਕਬੀਰ) ਜੁਲਾਹੇ ਨੇ ਆਪਣਾ ਘਰ ਵੇਖਿਆ ਤਾਂ (ਆਪਣੇ) ਹਿਰਦੇ ਵਿਚ ਹੀ (ਕੋਰੀ ਰੂਪੀ) ਰਾਮ ਨੂੰ ਪਛਾਣ ਲਿਆ ਹੈ॥੩॥

ਕਹਤੁ ਕਬੀਰੁ ਕਾਰਗਹ ਤੋਰੀ ॥ ਸੂਤੈ ਸੂਤ ਮਿਲਾਏ ਕੋਰੀ ॥੪॥੩॥੩੬॥

ਕਹਿੰਦੇ ਹਨ ਕਬੀਰ ਜੀ (ਉਸ) ਕੋਰੀ (=ਪਰਮਾਤਮਾ ਨੇ) ਖੱਡੀ ਤੋੜ ਦਿਤੀ ਹੈ ਤੇ ਆਪਣੇ ਸੂਤ (ਸਰੂਪ) ਵਿਚ (ਮੇਰਾ ਸੂਤ=) ਸੂਤ੍ਰਾਤਮਾ (ਜੀਵਾਤਮਾ) ਨੂੰ ਮਿਲਾ ਲਿਆ ਹੈ (ਭਾਵ ਸੰਸਾਰ ਮਿਥਜਾ ਹੈ, ਇਹ ਖੱਡੀ ਤੋੜੀ ਹੈ ਤੇ ਮੈਨੂੰ ਆਪਣੇ ਵਿਚ ਮਿਲਾ ਲਿਆ ਹੈ, ਇਹ ਪ੍ਰਾਪਤੀ ਹੈ। ਕਬੀਰ ਨੀਚ ਜਾਤ ਨਹੀਂ, ਉਹ ਕੋਰੀ ਵਿਚ ਮਿਲਕੇ ਅੱਚਜੁਤ ਗੋਤ੍ਰੀ ਹੋ ਗਿਆ ਹੈ॥੪॥੩॥੩੬॥

ਵਜਾਖਜਾ- ਜਾਪਦਾ ਹੈ ਕਿ ਇਹ ਸ਼ਬਦ ਕਿਸੇ ਪੰਡਿਤ ਨੂੰ ਜਵਾਬ ਹੈ ਜੋ ਜ਼ਾਤੀ ਅਭਿਮਾਨ ਵਿਚ ਆਯਾ ਆਪ ਆਤਮ ਜੀਵਨ ਤੋਂ ਸੱਖਣਾ ਪਰ ਪੜ੍ਹਿਆ ਹੋਇਆ ਸ੍ਰੀ ਕਬੀਰ ਜੀ ਨੂੰ ਨਫਰਤ ਨਾਲ 'ਕੋਰੀ' ਕਹਿਕੇ ਕੁਆਉਂਦਾ ਤੇ ਨੀਚ ਜਾਤੀ ਦਾ ਜਾਣ ਕਰਕੇ ਅਪਣੇ ਆਪ ਨੂੰ ਕੁਲੀਨ ਸਮਝਦਾ ਹੈ।

ਕਬੀਰ ਜੀ ਲਹੂ ਨਾਲ ਲਹੂ ਨਹੀਂ ਧੋਂਦੇ ਪਰ ਉਸ ਦੇ ਆਖੇ ਪਦ 'ਕੋਰੀ' ਨੂੰ ਉੱਚਾ ਲੈ ਜਾਂਦੇ ਹਨ। ਸੰਸਕ੍ਰਿਤ ਦਾ ਪਦ 'ਕੇਵਲ' ਕਿਸੇ ਪ੍ਰਾਕ੍ਰਿਤ ਵਿਚ 'ਕੋਰ' ਤੇ ਹਿੰਦੀ ਵਿਚ 'ਕੋਰਾ' ਰੂਪ ਲੈਂਦਾ ਹੈ, ਜਿਸ ਦੇ ਅਰਥ ਹਨ 'ਨਵਾਂ', ਸਦਾ ਨਵਾਂ'। ਕੋਰੀ ਆਖਦੇ ਹਨ ਜੁਲਾਹੇ ਨੂੰ ਜੋ ਕਪੜੇ ਉਣਕੇ ਦੇਂਦਾ ਹੈ। ਧੋਬੀ ਧੋਕੇ ਪੁਰਾਣੇ ਦੇਂਦਾ ਹੈ, ਜੁਲਾਹਾ ਉਣਕੇ ਨਵੇਂ ਦੇਂਦਾ ਹੈ, ਇਹ ਹੈ ਇਕ ਵਿਤਪਤੀ 'ਕੋਰੀ' ਪਦ ਦੀ। ਕਬੀਰ ਜੀ ਕਹਿੰਦੇ ਹਨ ਕਿ ਭਾਈ 'ਕੋਰੀ' ਤਾਂ ਈਸ਼੍ਵਰ ਆਪ ਹੈ। ਉਹ ਨਿਤ ਨਵਾਂ ਹੈ ਜੋ ਕੋਰਾ ਹੈ, ਉਹ ਅਲੇਪ ਹੈ ਸੋ ਕੋਰਾ ਹੈ। ਉਹ ਕੋਰੀ= ਜੁਲਾਹਾ ਹੈ ਜੋ ਜਗਤ ਦੀ ਬੁਣਤਰ ਬੁਣਦਾ ਹੈ। ਹੇ ਪੰਡਿਤ! ਤੂੰ 'ਕੋਰੀ' ਪਦ ਦਾ ਅਰਥ ਨਹੀਂ ਜਾਣਦਾ ਤੇ ਜਿਸ ਨੂੰ ਕੋਰੀ ਕਹਿ ਸਕਦੇ ਹਾਂ ਉਸ ਦਾ ਭੇਤ ਨਹੀਂ ਸਮਝਦਾ। ਦੇਖ ਏਹ ਜਗਤ ਇਕ ਤਾਣਾ ਤਣ ਰਿਹਾ ਹੈ ਜੋ ਉਸ 'ਕੋਰੀ' ਨੇ ਤਣਿਆ ਹੈ।

ਜਾਪਦਾ ਹੈ ਕਿ 'ਕੋਰੀ' ਪਦ ਐਉਂ ਉੱਚਾ ਦੱਸਕੇ ਸ੍ਰੀ ਕਬੀਰ ਜੀ ਈਸ਼੍ਵਰ ਤੇ ਵਰਤਦੇ ਹਨ। ਪਰ ਪਦ ਜੁਲਾਹਾ ਅਪਣੇ ਤੇ ਵਰਤਦੇ ਹਨ। ਉਹ ਵਡਾ ਹੈ ਜਿਸ ਨੇ ਜਗਤ ਦਾ ਤਾਣਾ ਤਣਿਆ ਹੈ, ਆਪ ਛੋਟੇ ਹਨ ਜਿਨ੍ਹਾਂ ਨੇ ਸੂਤਰ ਦਾ ਨਿੱਕਾ ਤਾਣਾ ਤਣਿਆ ਹੈ।

*ਅਥਵਾ ਅਸਾਂ ਉਸਨੂੰ ਸੰਸਾਰ ਦਾ ਤਾਣਾ ਤਣਦਾ ਵੇਖਕੇ ਇਤਨਾ ਕੁ = ਇਹ ਛੋਟਾ ਜਿਹਾ ਤਾਣਾ (ਸੂਤਰ ਉਣਨ ਦਾ) ਆਪ ਤਣ ਲਿਆ ਹੈ।

ਹੁਣ ਮਾਨੋ ਟਿਚਕਰ ਨਾਲ ਵਾਦੀ ਪ੍ਰਸ਼ਨ ਕਰਦਾ ਹੈ ਕਿ ਤੂੰ ਕੀਹ ਜਾਣੇ ਈਸ਼੍ਵਰ ਨੇ ਤਾਣਾ ਤਣਿਆ ਹੈ। ਤਾਂ ਕਹਿੰਦੇ ਹਨ ਭਾਈ ਤੂੰ ਵੇਦ ਪੁਰਾਣ ਐਵੇਂ ਸੁਣ ਹੀ ਛਡੇ ਹਨ, ਓਥੇ ਲਿਖਿਆ ਹੈ ਕਿ ਈਸ਼੍ਵਰ ਨਿਰਗੁਣਤਾ ਤੋਂ ਸਰਗੁਣਤਾ ਵਿਚ ਆਕੇ ਜਗਤ ਰਚਦਾ ਹੈ 'ਲੂਤਾ ਤੰਤੂ ਵਤ', ਜਿਵੇਂ ਡੌਰਾ ਅਪਣੇ ਹੀ ਵਿਚੋਂ ਤਾਗਾ ਕੱਢਕੇ ਜਾਲਾ ਉਣ ਲੈਂਦਾ ਹੈ, ਤੂੰ ਤਾਂ ਇਹ ਗਲ ਸੁਣ ਛੱਡੀ ਹੈ ਪਰ ਅਸਾਂ ਅਮਲ ਕੀਤਾ ਹੈ, ਕਿ ਉਸ ਨੂੰ ਜਗਤ ਦੀ ਤਾਣੀ ਤਣਦਿਆਂ ਦੇਖ ਅਸਾਂ ਵੀ ਇੰਨਾ ਕੁ, ਭਾਵ ਛੋਟਾ ਜਿਹਾ, ਤਾਣਾ ਤਣ ਲਿਆ ਹੈ। ਪਰ ਕਈ ਦਾਨੇ ਇਸ ਤੁਕ ਦਾ ਅਰਥ ਕਰਦੇ ਹਨ ਕਿ ਤੁਹਾਥੋਂ ਵੇਦ ਪੁਰਾਣ ਸੁਣਕੇ ਸਾਨੂੰ (ਸਮਝ ਪਈ ਹੈ ਕਿ) ਐਤਨਾ ਜਗਤ ਰੂਪੀ ਤਾਣਾ ਈਸ਼੍ਵਰ ਨੇ ਤਣਿਆ ਹੈ।

ਉਸ ਈਸ਼੍ਵਰ ਨੇ ਧਰਤੀ ਤੇ ਅਕਾਸ਼ ਰੂਪੀ ਖੱਡੀ ਬਣਾਈ ਹੈ ਚੰਦ ਤੇ ਸੂਰਜ ਦੋ ਨਾਲਾਂ ਵਗਾਈਆਂ ਹਨ। (ਜੁਲਾਹੇ ਦੇ) ਪਊਆਂ ਦੀ ਜੋੜੀ ਦੀ ਥਾਂ ਅਪਣੀ ਸੱਤਾ ਇਸ ਵਿਚ ਪਾ ਦਿਤੀ। 'ਪਾਈ ਜੋਰਿ' ਸ਼ਲੇਖ ਹੈ, ਪਊਆਂ ਦੀ ਜੋੜੀ ਜਾਂ ਪੈੜੇ ਜੋ ਜੁਲਾਹੇ ਦੇ ਪੈਰਾਂ ਵਿਚ ਹੁੰਦੇ ਹਨ। ਜਿਸ ਦੇ ਦਬਾਉ ਉਠਾਉ ਨਾਲ ਰੱਛ ਹੇਠਾਂ ਉਤੇ ਖਿਚੀਂਦਾ, ਪੇਟੇ ਦੀ ਨਲੀ ਵਗਾਉਣ ਲਈ ਤਾਣੇ ਵਿਚ ਥਾਂ ਬਣਾਉਂਦਾ ਹੈ। ਪਾਈ ਜੋਰਿ=ਅਪਣੀ ਸਤਯਾ ਪਾ ਦਿਤੀ ਹੈ, ਜੋਰਿ ਨੂੰ ਸਿਆਰੀ ਦਿਤੀ ਹੈ ਇਸਤ੍ਰੀ ਲਿੰਗ ਹੋਣ ਲਈ, ਸੋ ਇਸ ਦਾ ਅਰਥ ਸਤਯਾ ਹੈ ਤੇ ਕ੍ਰਿਯਾ ਪਦ 'ਪਾਈ' ਤਦੇ ਵਰਤਿਆ ਹੈ।

ਹੁਣ ਕਹਿੰਦੇ ਹਨ ਕਿ ਐਸਾ ਜੋ ਹੈ 'ਤਾਂਤੀ' =ਕੋਰੀ ਜਾਂ ਜੁਲਾਹਾ (ਭਾਵ ਈਸ਼੍ਵਰ) ਉਸ ਵਿਚ ਮੇਰਾ ਮਨ ਪਤੀਜ ਗਿਆ ਹੈ। ਉਸ ਉਤੇ ਭਰੋਸਾ ਦ੍ਰਿੜ ਹੋਕੇ ਜੁਲਾਹੇ ਨੇ ਅਪਣਾ ਘਰ ਪਛਾਣਿਆ ਭਾਵ ਅਪਣੇ ਸਰੂਪ ਦੀ ਪਛਾਣ ਪ੍ਰਾਪਤ ਕੀਤੀ ਤਦ ਉਹ ਜਗਤ ਤਾਣੀ ਦਾ ਵਿਸ਼ਾਲ ਕੋਰੀ ਮੈਨੂੰ ਰਾਮ ਰੂਪ ਹੋਕੇ ਅਪਣੇ ਹਿਰਦੇ ਵਿਚ ਹੀ ਦਿੱਸ ਪਿਆ।

ਅੰਕ ੪- ਹੁਣ ਕਬੀਰ ਜੀ ਇਸ ਸੰਸਾਰ ਰੂਪੀ ਤਾਣੇ ਦਾ ਅੰਤ ਦੱਸਦੇ ਹਨ ਕਿ ਉਸ ਕੋਰੀ ਨੇ ਸਾਡੇ ਅੰਦਰ ਵੱਸਕੇ ਖੱਡੀ ਹੀ ਤੋੜ ਦਿਤੀ ਹੈ ਕਿ ਸੰਸਾਰ ਜੋ ਮਿਥਿਆ ਹੈ ਮਿਥਿਆ ਕਰ ਦਿਖਾਯਾ ਹੈ ਤੇ ਅਪਣੇ ਸੂਤ-ਸਰੂਪ- ਵਿਚ ਮੇਰੇ ਸੂਤ (ਸੁਤ੍ਰਾਤਮਾ=ਜੀਵਾਤਮਾ) ਨੂੰ ਮਿਲਾ ਲਿਆ ਹੈ। ਸਿਖਯਾ ਦੇ ਰਹੇ ਹਨ ਕਿ ਤੂੰ ਤਾਂ ਵੇਦ ਪੁਰਾਣ ਸੁਣ ਛਡੇ ਪਰ ਮੈਂ ਜੁਲਾਹੇ ਨੇ ਜਦ ਤੁਹਾਡੇ ਵਰਗਿਆਂ ਤੋਂ ਸੁਣਿਆਂ ਕਿ ਈਸ਼੍ਵਰ ਆਪ ਅਪਣੇ ਆਪ ਤੋਂ ਡੌਰੇ ਵਾਙੂ ਜਗਤ ਰਚਦਾ ਹੈ, ਤਾਂ ਮੈਂ ਜਾਤਾ ਮੈਂ ਬੀ ਜੋ ਤਾਣੇ ਬਾਣੇ ਦਾ ਕੰਮ ਕਰਦਾ ਹਾਂ ਉਹੋ ਕੰਮ ਹੈ ਪਰ ਛੋਟੇ ਪੈਮਾਨੇ ਤੇ। ਤਦ ਮੈਨੂੰ ਪਛਾਣ ਆ ਗਈ ਕਿ ਮੈਂ ਉਸੇ ਦੀ ਅੰਸ਼ ਹਾਂ, ਫਿਰ ਉਸ ਅੰਸ਼ੀ ਨੂੰ ਮੈਂ ਹਿਰਦੇ ਵਿਚ ਵੇਖ ਲਿਆ, ਇਸ ਤਰ੍ਹਾਂ ਮੈਂ ਉਸ ਤੇ ਪਤੀਜ ਗਿਆ। ਉਸ ਨੇ ਫੇਰ ਸੰਸਾਰ ਦੀ ਮਿਥਯਤਵ ਮੈਨੂੰ ਲਖਾਕੇ ਅਪਣੇ ਸਰੂਪ ਵਿਚ ਸਮਾ ਲਿਆ। ਭਾਵ ਤੁਸੀਂ ਤਾਂ ਵੇਦ ਪੁਰਾਣ ਸੁਣਕੇ ਕੋਰੇ ਰਹੇ ਤੇ ਮੈਂ ਸਦਾ ਕੋਰੇ = ਨਵੇਂ ਨਕੋਰ ਕੋਰੀ ਨੂੰ ਪਛਾਣਕੇ ਉਸ ਵਿਚ ਲੀਨਤਾ ਪ੍ਰਾਪਤ ਕੀਤੀ, ਇਸ ਲਈ ਮੈਨੂੰ ਤੁਸਾਂ ਦਾ ਕੋਰੀ ਕਹਿਕੇ ਝਿੜਕਣਾ ਤੁਹਾਡੀ ਅਸ਼ੀਰਵਾਦ ਲਗਦੀ ਹੈ ਕਿ ਮੈਂ 'ਨਵੇਂ ਨਕੋਰ' ਬ੍ਰਹਮ ਵਿਚ ਪਹੁੰਚ ਪੈਣ ਕਰਕੇ ਠੀਕ ਕੋਰੀ ਹਾਂ। ਯਾ ਇਉਂ ਕਹੋ ਕਿ ਤੁਹਾਡੇ ਕੋਰੀ ਕਹਿਣ ਨੂੰ ਮੈਂ ਟਿਚਕਰ ਨਹੀਂ ਸਮਝਦਾ, ਮੈਂ ਤਾਂ 'ਕੋਰੀ' ਬ੍ਰਹਮ ਵਾਚਕ ਪਦ ਸਮਝਕੇ ਬ੍ਰਹਮ ਨੂੰ ਪ੍ਰਾਪਤ ਹੋਕੇ ਅੱਚਯੁਤ ਗੋੜ੍ਹੀ ਆਪ ਨੂੰ ਸਮਝਕੇ ਤੁਸਾਂ ਨਾਲ ਖ਼ਫਾ ਨਹੀਂ।

ਇਸ ਪ੍ਰਕਾਰ ਦੇ ਤਰੀਕੇ ਨਾਲ ਕਬੀਰ ਜੀ ਨੇ ਕਈ ਵੇਰ ਪਦਾਂ ਦੇ ਅਰਥ ਉਚਿਆਕੇ ਵਾਦੀਆਂ ਦੇ ਵਿਹੁ ਨੂੰ ਅੰਮ੍ਰਿਤ ਵਿਚ ਬਦਲਿਆ ਹੈ।

ਨਿਰੁਕ੍ਤ-ਕੋਰੀ- ਜੁਲਾਹਾ। ਇਹ ਪਦ ਈਸ਼੍ਵਰ ਵਾਸਤੇ ਵਰਤਿਆ ਹੈ। ਵਧੇਰੇ ਵੀਚਾਰ ਵ੍ਯਾਖ੍ਯਾ ਵਿਚ ਆ ਚੁਕੀ ਹੈ।

ਮਰਮੁ-[ਸੰਸ:, ਮਰ੍ਮਨ੍= ਜਿੰਦ ਦਾ ਟਿਕਾਣਾ ਆਦਿ] ਸਰੀਰ ਦੇ ਅਤਿ ਜ਼ਰੂਰੀ ਅੰਗ ਦਿਲ ਦਿਮਾਗ਼ ਆਦਿਕ। (੨) ਮਤਲਬ, ਤਾਤਪਰਯ, ਭੇਤ, ਗੁੱਝਾ ਭਾਵ।

ਕਰਗਹ-[ਫ਼ਾ:, ਕਾਰਗਾਹ=ਕਾਰਖਾਨਾ, ਖੱਡੀ, ਦੁਨੀਆਂ] ਖੱਡੀ।

ਸਾਥ-ਨਾਲ। ਜੁਲਾਹੇ ਦੀ ਨਾਲ। ਨਲੀ।

ਪਾਈ ਜੋਰਿ-ਪਊਆਂ ਦੀ ਜੋੜੀ। ਪੈੜੇ। ਜੁਲਾਹਾ ਉਣਨ ਬੈਠਦਾ ਹੈ ਤਾਂ ਹੇਠ ਖੱਡੀ ਵਿਚ ਉਸ ਦੇ ਪੈਰਾਂ ਵਿਚ ਪੈੜੇ ਜਾਂ ਪਊਏ ਹੁੰਦੇ ਹਨ, ਜੋ ਉਪਰ ਰੱਛ ਨਾਲ ਸੰਬੰਧਤ ਹੁੰਦੇ ਹਨ ਤੇ ਉਨ੍ਹਾਂ ਨੂੰ ਦਬਾਉਣ ਯਾ ਉਠਾਉਣ ਨਾਲ ਤਾਣੀ ਦਾ ਸੂਤਰ ਹੇਠ ਉਤੇ ਹੋਕੇ ਨਾਲੀ ਵਗਾਉਣ ਲਈ ਥਾਂ ਅਦਲਦਾ ਬਦਲਦਾ ਰਹਿੰਦਾ ਹੈ। ਪਾਈ=ਪਊਆ+ਜੋਰਿ=ਜੋੜੀ। ਇਹ ਪਦ ਸ਼ਲੇਖ ਹੈ। ਦੂਜਾ ਅਰਥ ਹੈ ਪਾਈ=ਪਾਈ ਹੈ+ਜੋਰਿ=ਸਤਜ਼ਾ, 'ਜੋਰਿ' ਨੂੰ ਸਿਆਰੀ ਹੈ, ਇਸਤ੍ਰੀ ਲਿੰਗ ਬਣਾਇਆ ਹੈ, ਜੋੜੀ ਬੀ ਇਸਤ੍ਰੀ ਲਿੰਗ ਹੈ ਤੇ ਸਤਜ਼ਾ ਬੀ ਇਸਤ੍ਰੀ ਲਿੰਗ ਹੈ।

ਤਾਂਤੀ-[ਸੰਸ:, ਤੰਤੁਵਾਪ:=] ਤੰਦਾਂ ਉਣਨ ਵਾਲਾ, ਤੰਦਾਂ ਦਾ ਕੰਮ ਕਰਨ ਵਾਲਾ। ਜੁਲਾਹਾ। ਇਹ ਪਦ ਬੀ ਈਸ਼੍ਵਰ ਲਈ ਵਰਤਿਆ ਹੈ।

ਜੋਲਾਹੇ-[ਫ਼ਾ:, ਜੋਲਾਹਾ] ਕਪੜਾ ਬੁਣਨ ਵਾਲਾ।

ਸੂਤੈ-ਸੂਤ ਨੂੰ, ਏਥੇ ਭਾਵ ਹੈ ਸੂਤ੍ਰਾਤਮਾ ਤੋਂ।

ਸੂਤੈ ਸੂਤ ਮਿਲਾਏ ਕੋਰੀ- ਬ੍ਰਹਮ ਜੀਵਾਤਮਾਂ ਨੂੰ ਆਪਣੇ ਵਿਚ ਮਿਲਾ ਲੈਂਦਾ ਹੈ। (੨) (ਆਪਣੇ) ਸੂਤ ਵਿਚ ਸੂਤ ਮਿਲਾ ਲੈਂਦਾ ਹੈ। ਸੂਤੈ=ਆਪਣੇ ਸਰੂਪ ਦੀ ਸਤਜ਼ਾ, ਜਿਸ ਤੋਂ ਜਗਤ ਰਚਿਆ ਸੀ। ਸੂਤ=ਸੂਤ ਨੂੰ=ਪਸਾਰੇ ਦੇ ਸੂਤ ਨੂੰ।

[ਆਸਾ ਕਬੀਰ ਜੀ, ਚਉਪਦਾ-੩੭]

ਮੂਲ	ਅਰਥ
ਆਸਾ ॥ ਅੰਤਰਿ ਮੈਲੁ ਜੇ ਤੀਰਥ ਨਾਵੈ ਤਿਸੁ ਬੈਕੁੰਠ ਨ ਜਾਨਾਂ ॥ ਲੋਕ ਪਤੀਣੇ ਕਛੂ ਨ ਹੋਵੈ ਨਾਹੀ ਰਾਮੁ ਅਯਾਨਾ ॥੧॥	ਜੇ (ਕਿਸੇ ਆਦਮੀ ਦੇ) ਅੰਦਰ ਹੋਵੇ ਮੈਲ ਤੇ ਨ੍ਹਾਵੇ ਤੀਰਥ (ਤੇ ਸਮਝੇ ਕਿ ਬੈਕੁੰਠ ਜਾਵਾਂਗਾ, ਨਿਸਚੇ) ਉਸ ਨੇ ਬੈਕੁੰਠ ਨਹੀਂ ਜਾਣਾ। (ਕਿਉਂਕਿ) ਲੋਕਾਂ ਦੇ ਪਤੀਜਿਆਂ (ਕਿ ਫਲਾਣਾ ਤੀਰਥ ਇਸ਼ਨਾਨੀ ਹੈ) ਕੋਈ (ਲਾਭ) ਨਹੀਂ ਹੁੰਦਾ. (ਉਧਰ) ਰਾਮ (ਲੋਕਾਂ ਵਾਂਙੂ) ਅਯਾਣਾ ਨਹੀਂ (ਕਿ ਪਤੀਜ ਜਾਵੇ) ॥੧॥
ਪੂਜਹੁ ਰਾਮੁ ਏਕੁ ਹੀ ਦੇਵਾ ॥ ਸਾਚਾ ਨਾਵਣੁ ਗੁਰ ਕੀ ਸੇਵਾ ॥੧॥ ਰਹਾਉ॥	(ਤਾਂਤੇ ਹੇ ਭਾਈ!) ਪੂਜਾ ਤਾਂ ਕਰੋ ਰਾਮ ਦੀ ਜੋ (ਆਪਣੇ ਵਰਗਾ ਅਦੁਤੀ) ਇਕ ਹੀ ਦੇਵ ਹੈ ਤੇ ਗੁਰੂ ਕੀ (ਕਰੋ) ਸੇਵਾ ਇਹ ਸੱਚਾ ਇਸ਼ਨਾਨ ਹੈ॥੧॥ ਰਹਾਉ ॥
ਜਲ ਕੈ ਮਜਨਿ ਜੇ ਗਤਿ ਹੋਵੈ ਨਿਤ ਨਿਤ ਮੇਂਡੁਕ ਨਾਵਹਿ ॥ ਜੈਸੇ ਮੇਂਡੁਕ ਤੈਸੇ ਓਇ ਨਰ ਫਿਰਿ ਫਿਰਿ ਜੋਨੀ ਆਵਹਿ ॥੨॥	ਜੇ ਕਦੇ (ਨਿਰੇ) ਜਲ ਦੇ ਇਸ਼ਨਾਨ ਨਾਲ ਹੀ ਮੁਕਤ ਹੋ ਸਕਦੀ ਹੁੰਦੀ ਤਦ ਡੱਡੂ ਨਿਤ ਨਿਤ ਨ੍ਹਾਉਂਦਾ ਰਹਿੰਦਾ ਹੈ। ਜਿਵੇਂ (ਉਹ) ਡੱਡੂ ਹੈ ਤਿਵੇਂ ਓਹ (ਜਲ ਇਸ਼ਨਾਨੀ) ਮਨੁੱਖ ਮੁੜ ਮੁੜਕੇ ਜੂਨਾਂ ਵਿਚ ਆਉਂਦਾ ਜਾਂਦਾ ਰਹੇਗਾ॥੨॥
ਮਨਹੁ ਕਠੋਰੁ ਮਰੈ ਬਾਨਾਰਸਿ ਨਰਕੁ ਨ ਬਾਂਚਿਆ ਜਾਈ ॥ ਹਰਿ ਕਾ ਸੰਤੁ ਮਰੈ ਹਾੜੰਬੈ ਤ ਸਗਲੀ ਸੈਨ ਤਰਾਈ ॥੩॥	ਮਨ (ਦਾ ਤਾਂ ਹੋਵੇ ਪੱਥਰ ਵਰਗਾ) ਕਰੜਾ ਤੇ ਮਰੇ ਬਨਾਰਸ (ਵਰਗੇ ਤੀਰਥ ਉਤੇ, ਉਸ ਤੋਂ) ਨਰਕ ਪੈਣੋਂ ਬਚਿਆ ਨਹੀਂ ਜਾ ਸਕਣਾ। (ਇਸ ਦੇ ਉਲਟ ਜੇ) ਹਰੀ ਦਾ ਸੰਤ ਹਾੜੰਬੇ ਵਿਚ ਮਰੇ ਤਦ (ਉਹ ਨਾ ਕੇਵਲ ਆਪ ਬਚੇਗਾ, ਸਗੋਂ) ਸਾਰੇ ਸਨਬੰਧੀਆਂ ਨੂੰ ਤਾਰ ਲਏਗਾ॥੩॥

ਦਿਨਸੁ ਨ ਰੈਨਿ ਬੇਦੁ ਨਹੀ ਸਾਸਤ੍ਰ ਤਹਾ ਬਸੈ ਨਿਰੰਕਾਰਾ ॥ ਕਹਿ ਕਬੀਰ ਨਰ ਤਿਸਹਿ ਧਿਆਵਹੁ ਬਾਵਰਿਆ ਸੰਸਾਰਾ ॥੪॥੪॥੩੭॥	[ਪ੍ਰਸ਼ਨ:- ਐਸਾ ਹਰੀ ਕਿੱਥੇ ਵੱਸਦਾ ਹੈ? ਉੱਤਰ:-] ਜਿਥੇ ਦਿਨ ਨਹੀਂ, ਰਾਤ ਨਹੀਂ, ਵੇਦ ਨਹੀਂ, ਸ਼ਾਸਤ੍ਰ ਨਹੀਂ (ਹਰੀ=) ਨਿਰੰਕਾਰ ਓਥੇ ਵਸਦਾ ਹੈ। ਕਹਿੰਦੇ ਹਨ ਸ੍ਰੀ ਕਬੀਰ ਜੀ ਕਿ ਹੇ ਬਾਵਲੇ ਹੋਏ ਸੰਸਾਰ (ਦੇ) ਨਰੋ (ਲੋਕੋ!) ਉਸ (ਨਿਰੰਕਾਰ) ਨੂੰ ਧਿਆਓ (ਤੀਰਥ ਨ੍ਹਾਤੇ ਕੁਛ ਨਹੀਂ ਜੇ ਬਣਨਾ)॥੪॥੪॥੩੭॥

ਵ੍ਯਾਖ੍ਯਾ- ਦਿਲ ਮੈਲੇ ਤੇ ਕਠੋਰ ਰੱਖਕੇ ਤੀਰਥਾਂ ਤੇ ਨ੍ਹਾ ਕੇ ਕਲ੍ਯਾਣ ਨਹੀਂ ਹੋਣੀ, ਹਾਂ ਲੋਕਾਂ ਵਿਚ ਉੱਘਾ ਹੋ ਜਾਏਗਾ ਕਿ ਫਲਾਣਾ ਬਹੁਤ ਭਲਾ ਹੈ, ਤੀਰਥ ਇਸ਼ਨਾਨ ਕਰਦਾ ਹੈ। ਇਸ ਜਸ ਦਾ ਫਲ ਕਲ੍ਯਾਣ ਨਹੀਂ ਹੋ ਸਕਦਾ ਕਿਉਂਕਿ ਸੰਸਾਰੀ ਲੋਕ ਆਪ ਮੁਕਤ ਨਹੀਂ, ਨਾ ਮੁਕਤੀ ਦਾਨ ਦੇ ਸਕਦੇ ਹਨ ਤੇ ਰਾਮ ਧੋਖਾ ਖਾ ਨਹੀਂ ਸਕਦਾ, ਉਹ ਤਾਂ ਦਿਲ ਦੀ ਪਵਿਤ੍ਰਤਾ ਤੇ ਪ੍ਰੇਮ ਵੇਖਦਾ ਹੈ। ਤਾਂ ਤੇ ਆਪ ਸਲਾਹ ਦੇਂਦੇ ਹਨ ਕਿ ਸੱਚਾ ਇਸ਼ਨਾਨ ਗੁਰੂ ਦੀ ਸੇਵਾ ਹੈ, ਜਿਸ ਨੇ ਪ੍ਰਭੂ ਦੀ ਪੂਜਾ ਸਿਖਾਲਣੀ ਹੈ, ਉਸ ਪੂਜਾ ਨੇ, ਜੋ ਰਾਮ ਦੀ ਹੈ, ਕਲ੍ਯਾਣ ਕਰਨੀ ਹੈ, ਕਿਉਂਕਿ ਕਲ੍ਯਾਣ ਕਰਨੀ ਰਾਮ ਦੇ ਹੱਥ ਹੈ॥੧॥ ਰਹਾਉ॥

ਅੰਕ ੨- ਹੁਣ ਡੱਡੂ ਦੀ ਮਿਸਾਲ ਦੇਂਦੇ ਹਨ ਕਿ ਉਹ ਜਲ ਵਿਚ ਨ੍ਹਾਉਂਦਾ ਰਹਿੰਦਾ ਹੈ, ਪਰ ਗਤੀ ਨਹੀਂ ਹੁੰਦੀ। ਸਿਆਲ ਆਵੇ ਤਾਂ ਧਰਤੀ ਦੇ ਅੰਦਰ ਕਿਤੇ ਨੀਮ ਮੁਰਦਾ ਹਾਲਤ ਵਿਚ ਪਿਆ ਰਹਿੰਦਾ ਹੈ, ਬਰਸਾਤ ਉਤਰਦੇ ਹੀ ਫੇਰ ਨਿਕਲ ਆਉਂਦਾ ਹੈ, ਮਾਨੋਂ ਨਵਾਂ ਜਨਮ ਪਾਉਂਦਾ ਹੈ, ਤਿਵੇਂ ਜਲ ਨ੍ਹਾ ਨ੍ਹਾਕੇ ਡਡੂ ਵਾਙੂ ਮੁੜ ਮੁੜ ਜਨਮ ਹੁੰਦੇ ਰਹਿਣਾ ਹੈ। ਇਕ ਪ੍ਰਤੱਖ ਪਰ ਹਾਸ ਸੰਯੁਕਤ ਮਿਸਾਲ ਦੇਕੇ ਬਾਵਲੇ ਸੰਸਾਰ ਨੂੰ ਸੁਮਤੀ ਦਿਤੀ ਨੇ।

ਅੰਕ ੩- ਹੁਣ ਸਪਸ਼ਟ ਉਪਦੇਸ਼ ਦਿੰਦੇ ਹਨ ਕਿ ਆਦਮੀ ਮਨ ਦਾ ਹੋਵੇ 'ਕਰੜਾ ਪੱਥਰ', ਮਰੇ ਕਾਸ਼ੀ ਵਿਚ, ਓਹ ਨਰਕਾਂ ਤੋਂ ਨਹੀਂ ਬਚੇਗਾ। ਤੇ ਹੋਵੇ ਹਰਿ ਦਾ ਸੰਤ ਤੇ ਮਰੇ ਹੜੰਬੇ, ਜਿਥੋਂ ਦੇ ਮਰਿਆਂ ਨੂੰ ਲੋਕੀਂ ਖੋਤੇ ਦੀ ਜੂਨ ਪੈਂਦਾ ਦੱਸਦੇ ਹਨ, ਤਦ ਓਹ ਨਾਂ ਕੇਵਲ ਆਪ ਤਰੇਗਾ, ਉਹ ਸਾਰੇ ਸੈਨ ਨੂੰ ਤਾਰੇਗਾ, 'ਸੈਨ' ਦਾ ਅਖਰੀ ਅਰਥ ਸਾਕ ਹੈ ਪਰ ਏਥੇ ਭਾਵ ਸੰਗੀ ਸਾਥੀ ਤੋਂ ਹੈ, ਚਾਹੋ ਸਤਿਸੰਗੀ ਸਾਕ ਹਨ ਚਾਹੋ ਓਪਰੇ ਆ ਬਣੇ ਸਤਿਸੰਗੀ ਹਨ।

ਪ੍ਰਸ਼ਨ ਹੁੰਦਾ ਹੈ ਕਿ ਐਸਾ ਰਾਮ ਯਾ ਹਰੀ ਕਿੱਥੇ ਹੈ, ਜਿਸ ਨੇ ਨਿਸਤਾਰਾ ਕਰਨਾ ਹੈ? ਇਸ ਦਾ ਉੱਤਰ ਅੰਕ ੪ ਵਿਚ ਹੈ ਕਿ ਨਿਰੰਕਾਰ ਓਥੇ ਵੱਸਦਾ ਹੈ ਜਿਥੇ ਉਸ ਦਾ ਆਪਣਾ ਸਰੂਪ ਕੇਵਲ ਸਰੂਪ ਹੈ, ਉਸ ਵਿਚ ਕੋਈ ਦੂਈ ਦ੍ਵੰਦ ਨਹੀਂ ਹੈ। ਇਥੋਂ ਤਾਈਂ ਕਿ ਓਥੇ ਨਾ ਵੇਦ ਹੈ ਨਾ ਸ਼ਾਸਤ੍ਰ, ਨਾ ਦਿਨ ਰਾਤ ਆਦਿ ਸੰਸਾਰਕ ਸਮਾਨ ਹਨ, ਓਥੇ ਤਾਂ ਉਹ ਆਪ ਹੀ ਆਪ-

ਰੂਪੁ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ॥ [ਗਉੜੀ ਮਹਲਾ ੫ ਸੁਖਮਨੀ-੧੯ ਸਲੋਕ]

ਅਪਣੇ ਸਰੂਪ ਵਿਚ ਆਪ ਸਥਿਤ ਹੈ। ਉਸ ਦੇ ਸਿਮਰਨ ਧ੍ਯਾਨ ਦਾ ਉਪਦੇਸ਼ ਦੇਂਦੇ ਹਨ ਤੇ ਇਹ ਕੁਛ ਨਾ ਕਰਨ ਵਾਲੇ ਸੰਸਾਰ ਨੂੰ ਬਾਵਰਾ ਆਖਦੇ ਹਨ।

ਨਿਰੁਕ੍ਤ- ਪਤੀਨੇ -ਪਤੀਜਿਆਂ ਮੇਂਡੁਕ- ਡੱਡੂ।

ਹੜੰਬੈ- ਗੰਗਾ ਤੋਂ ਪਾਰ ਮਗਹਰ ਦੇ ਲਾਗ ਦੀ ਜ਼ਮੀਨ, ਜੋ ਖ਼ਲੀਲਾਬਾਦ ਤਸੀਲ ਵਿਚ ਹੈ।

ਹਿੰਦੂ ਇਸ ਧਰਤੀ ਤੇ ਮੋਏ ਨੂੰ ਖੋਤੇ ਦੀ ਜੂਨਿ ਪੈਂਦਾ ਦੱਸਦੇ ਹਨ। ਕਬੀਰ ਜੀ ਇਸ ਗਲ ਦਾ ਖੰਡਨ ਕਰਦੇ, ਆਪ ਹੀ ਓਥੇ ਜਾ ਸਮਾਏ ਸਨ।

[ਆਸਾ ਨਾਮਦੇਉ ਜੀ, ਚਉਪਦਾ-੧]

ੴ ਸਤਿਗੁਰ ਪ੍ਰਸਾਦਿ॥ ਆਸਾ ਬਾਣੀ ਸ੍ਰੀ ਨਾਮਦੇਉ ਜੀ ਕੀ॥

ਮੂਲ	ਅਰਥ
ਏਕ ਅਨੇਕ ਬਿਆਪਕ ਪੂਰਕ ਜਤ ਦੇਖਉ ਤਤ ਸੋਈ ॥	ਇਕ ਹੈ (ਪਰਮਾਤਮਾਂ ਜੋ) ਸਭਨਾਂ ਵਿਚ ਵਜਾਪਕ (ਹੈ ਅਤੇ ਸਭਨਾਂ ਦਾ) ਪਾਲਣੇ ਵਾਲਾ ਹੈ; ਜਿਧਰ (ਮੈਂ) ਦੇਖਦਾ ਹਾਂ ਓਧਰ ਉਹੋ (ਮੈਨੂੰ ਦਿੱਸ ਰਿਹਾ ਹੈ)। [ਪ੍ਰਸ਼ਨ: ਉਹ ਹਰ ਕਿਸੇ ਨੂੰ ਕਿਉਂ ਨਜ਼ਰ ਨਹੀਂ ਪੈਂਦਾ? ਉੱਤਰ:]
ਮਾਇਆ ਚਿਤ੍ਰ ਬਚਿਤ੍ਰ ਬਿਮੋਹਿਤ ਬਿਰਲਾ ਬੂਝੈ ਕੋਈ ॥੧॥	ਮਾਇਆ ਦੇ ਚਿਤ੍ਰ (ਨਕਸ਼ੇ) ਬੜੇ ਸੁਹਣੇ ਹਨ (ਤੇ ਆਪਣੇ ਵਿਚ) ਮੋਹਿਤ ਕਰ ਲੈਣ ਵਾਲੇ ਹਨ, (ਇਸ ਗੱਲ ਨੂੰ) ਕੋਈ ਵਿਰਲਾ ਬੁੱਝਦਾ ਹੈ। (ਜੋ ਬੁੱਝ ਲੈਂਦਾ ਹੈ ਉਸ ਨੂੰ ਫੇਰ)
ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ ॥ ਸੂਤੁ ਏਕੁ ਮਣਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭੁ ਸੋਈ ॥੧॥ ਰਹਾਉ ॥	ਸਭ ਗੋਬਿੰਦ ਹੈ ਸਭ ਗੋਬਿੰਦ ਹੈ (ਹੀ ਦਿੱਸਦਾ ਹੈ ਉਸ ਨੂੰ) ਗੋਬਿੰਦ ਬਿਨਾਂ ਹੋਰ ਕੋਈ ਨਹੀਂ ਦਿੱਸਦਾ। [ਪ੍ਰਸ਼ਨ: ਪ੍ਰਭੂ ਕੀਕੂੰ ਵਜਾਪਕ ਹੈ? ਉੱਤਰ:] ਜਿਵੇਂ ਤਾਗਾ ਤਾਂ ਇਕੋ ਹੁੰਦਾ ਹੈ, (ਪਰ ਉਸ ਵਿਚ) ਸੈਂਕੜੇ ਤੇ ਹਜ਼ਾਰਾਂ ਮਣਕੇ ਪ੍ਰੋਤੇ ਹੁੰਦੇ ਹਨ (ਇਸ ਤਰ੍ਹਾਂ ਸੰਸਾਰ ਰਚਨਾਂ ਦੇ ਸਾਰੇ) ਤਾਣੇ ਪੇਟੇ ਵਿਚ ਉਹੋ ਪ੍ਰਭੂ (ਸੂਤ੍ਰ ਵਾਂਙੂ ਆਪ ਹੀ ਆਪ) ਹੈ। ॥੧॥ ਰਹਾਉ॥
ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ ॥ ਇਹੁ ਪਰਪੰਚੁ ਪਾਰਬ੍ਰਹਮ ਕੀ ਲੀਲਾ ਬਿਚਰਤ ਆਨ ਨ ਹੋਈ ॥੨॥	[ਹੋਰ ਦ੍ਰਿਸ਼ਟਾਂਤ ਦੇਂਦੇ ਹਨ] ਜਲ ਦੀਆਂ ਲਹਿਰਾਂ ਤੇ (ਜਲ ਦੀ) ਝੱਗ (ਜਲ ਦਾ) ਬੁਦਬੁਦਾ (ਕਦੇ) ਜਲ ਤੋਂ ਵੱਖਰੀਆਂ ਵਸਤਾਂ ਨਹੀਂ ਹੁੰਦੀਆਂ। (ਤਿਵੇਂ) ਇਹ ਪਰਪੰਚ (= ਸੰਸਾਰ) ਪਾਰਬ੍ਰਹਮ ਦੀ (ਇਕ) ਲੀਲਾ ਹੈ, ਵਿਚਾਰ ਕਰਦਿਆਂ ਉਸ ਤੋਂ (ਕੁਛ) ਹੋਰ (ਸਿੱਧੀ) ਨਹੀਂ ਹੁੰਦਾ॥ ੨ ॥
ਮਿਥਿਆ ਭਰਮੁ ਅਰੁ ਸੁਪਨ ਮਨੋਰਥ ਸਤਿ ਪਦਾਰਥੁ ਜਾਨਿਆ ॥	(ਜਿਵੇਂ) ਭਰਮ (ਰੂਪ ਪਦਾਰਥ), ਸੁਪਨੇ ਦੇ (ਪਦਾਰਥ ਤੇ) ਮਨੋਰਾਜਾਂ (ਦੇ ਪਦਾਰਥ ਹਨ ਤਾਂ) ਮਿਥਯਾ (ਪਰ) ਜਾਣ ਲਏ ਸਨ ਸੱਤਯ (ਤਿਵੇਂ ਜਗਤ ਦੇ ਸਾਰੇ) ਪਦਾਰਥ (ਹਨ ਤਾਂ ਮਿਥਯਾ, ਪਰ ਜਾਣ ਲਈਦੇ ਹਨ ਸੱਤਯ)।
ਸੁਕ੍ਰਿਤ ਮਨਸਾ ਗੁਰ ਉਪਦੇਸੀ ਜਾਗਤ ਹੀ ਮਨੁ ਮਾਨਿਆ ॥੩॥	[ਪ੍ਰਸ਼ਨ: ਇਹ ਮਿਥਯਾ ਗਯਾਨ ਕੀਕੂੰ ਦੂਰ ਹੋਵੇ? ਉੱਤਰ:] ਗੁਰੂ ਨੇ ਧਰਮ ਸ਼ੀਲ ਬੁੱਧੀ ਉਪਦੇਸ਼ ਕੀਤੀ, (ਜਿਸ ਨਾਲ ਇਸ ਅਗਯਾਨ ਵਲੋਂ ਜਾਗ ਖੁੱਲ੍ਹ ਗਈ।),ਜਾਗ ਖੁੱਲ੍ਹਦੇ ਸਾਰ ਮਨ ਪਤੀਜ ਗਿਆ (ਤੇ ਗੋਬਿੰਦ ਸਾਰੇ ਵਜਾਪਕ ਦਿੱਸ ਪਿਆ)॥ ੩ ॥
ਕਹਤ ਨਾਮਦੇਉ ਹਰਿ ਕੀ ਰਚਨਾ ਦੇਖਹੁ ਰਿਦੈ ਬੀਚਾਰੀ ॥ ਘਟ ਘਟ ਅੰਤਰਿ ਸਰਬ ਨਿਰੰਤਰਿ ਕੇਵਲ ਏਕ ਮੁਰਾਰੀ ॥੪॥੧॥	ਕਹਿੰਦੇ ਹਨ ਨਾਮਦੇਵ ਜੀ ਕਿ ਹਿਰਦੇ ਵਿਚ ਵੀਚਾਰ ਕਰਕੇ (ਤੁਸੀਂ ਬੀ) ਦੇਖੋ (ਤਾਂ ਦਿੱਸੇਗਾ ਕਿ ਸਭ ਕੁਛ) ਹਰੀ ਦੀ ਰਚਨਾ ਹੈ ਤੇ ਕੇਵਲ (ਉਹੋ) ਇਕੋ ਪਰਮਾਤਮਾਂ ਸਰੀਰ ਸਰੀਰ ਵਿਚ (ਭਿੰਨ ਭਿੰਨ ਹੋਇਆ ਭਾਸਦਾ ਭਿੰਨ ਨਹੀਂ, ਸਗੋਂ ਕਿਸੇ) ਅੰਤਰੇ (ਭਿੰਨਤਾ) ਤੋਂ ਰਹਿਤ (ਲਗਾਤਾਰਤਾ ਵਿਚ ਰਹਿਕੇ) ਸਭਨਾ ਵਿਚ ਵਜਾਪਕ ਹੋ ਰਿਹਾ ਹੈ॥ ੪ ॥ ੧ ॥

ਵਯਾਖਯਾ-ਸ੍ਰੀ ਨਾਮਦੇਵ ਜੀ ਪ੍ਰਭੂ ਪਰਮਾਤਮਾਂ ਨੂੰ ਵਯਾਪਕ ਦੇਖਦੇ ਹੋਏ ਸਾਰੀ ਰਚਨਾਂ ਨੂੰ ਉਸੇ ਦਾ ਰੂਪ ਦੱਸਦੇ ਹਨ। ਇਹ ਬ੍ਰਹਮ ਦ੍ਰਿਸ਼ਟੀ ਅਨੁਭਵ ਦੀ ਸ਼ੈ ਹੈ, ਇਸ ਨੂੰ ਦੇਸ਼ ਕਾਲ ਨਮਿਤ ਯਾ ਦੇਸ਼ ਕਾਲ ਵਸਤੂ ਵਿਚੋਂ ਕੋਈ ਤੁੱਲਤਾ ਦਾ ਦ੍ਰਿਸ਼ਟਾਂਤ ਲੈਕੇ ਪੂਰਨ ਰੂਪ ਵਿਚ ਵਰਣਨ ਨਹੀਂ ਕੀਤਾ ਜਾ ਸਕਦਾ, ਇਸ ਲਈ ਆਪ ਕਈ ਮਿਸਾਲਾਂ ਲੈਕੇ ਰੂਪ ਬੰਨ੍ਹਦੇ ਹਨ ਕਿ ਸਾਡੀ ਅੰਤ ਵਾਲੀ ਬੁੱਧੀ ਵਿਚ ਉਸ ਦਾ ਰੂਪ ਕੁਛ ਮੂਰਤੀਮਾਨ ਹੋ ਸਕੇ।

ਪਹਿਲੀ ਮਿਸਾਲ ਸੂਤ ਤੇ ਮਣਕਿਆਂ ਦੀ ਲੈਂਦੇ ਹਨ ਕਿ ਜਿਵੇਂ ਸੈਂਕੜੇ ਹਜ਼ਾਰ ਮਣਕਿਆਂ ਵਿਚ ਇਕੋ ਸੂਤ ਵਯਾਪਕ ਹੁੰਦਾ ਹੈ ਤਿਵੇਂ ਪਰਮਾਤਮਾ ਵਯਾਪਕ ਹੈ। ਇਸ ਵਿਚ ਸੂਤ ਤਾਂ ਇਕੋ ਹੈ ਪਰ ਮਣਕੇ ਸੂਤ ਨਹੀਂ, ਇਹ ਕਸਰ ਰਹਿ ਜਾਂਦੀ ਹੈ, ਤਾਂਤੇ ਦੱਸਦੇ ਹਨ ਕਿ ਤਾਣੇ ਪੇਟੇ ਵਿਚ ਜਿਵੇਂ ਸੂਤ ਹੀ ਸੂਤ ਹੁੰਦਾ ਹੈ ਤਿਵੇਂ ਦੀ ਵਯਾਪਕਤਾ ਤੇ ਏਕਤਾ ਹੈ। ਇਸ ਵਿਚ ਤਾਣੇ ਪੇਟੇ ਦੀ ਉਣਨ ਸਮੇਂ ਭਿੰਨਤਾ ਹੁੰਦੀ ਹੈ, ਸੋ ਇਹ ਫਰਕ ਬੀ ਨਾ ਰਹੇ। ਹੋਰ ਮਿਸਾਲ ਲੈਂਦੇ ਹਨ, ਜਲ ਉਤੇ ਆਏ ਬੁਦਬੁਦੇ, ਜਲ ਦੇ ਤ੍ਰੰਗ,ਤੇ ਫੇਨ ਜਲ ਰੂਪ ਹੀ ਹੁੰਦੇ ਹਨ। ਇਹ ਦੱਸਕੇ ਬੀ ਪੂਰੀ ਗਲ ਨਹੀਂ ਹੋਈ ਕਿਉਂਕਿ ਜਲ ਨਿਰਜੀਵ ਹੈ ਤੇ ਉਹ ਚੇਤਨਤਾ ਹੈ। ਇਸ ਕਰਕੇ ਰਚਨਾਂ ਨੂੰ ਰਚਨਹਾਰ ਤੋਂ ਵਖ ਹੋ ਗਈ ਨਾਂ ਦੱਸਕੇ ਉਸ ਸਰਵੱਗਯ ਦੀ ਲੀਲਾ ਦੱਸਦੇ ਹਨ, ਗੋਯਾ ਫੁਰਮਾਉਂਦੇ ਹਨ ਕਿ ਕਿਉਂ ਹੈ ਤੇ ਕੀਕੂੰ ਹੈ ਦਾ ਜਵਾਬ ਇਹੋ ਹੈ ਕਿ ਸਰਵੱਗ ਦੀ ਲੀਲਾ ਹੈ, ਉਹ ਜਾਣਦਾ ਹੈ ਕਿਉਂ ਤੇ ਕੀਕੂੰ ਹੈ, ਅਸਾਂ ਤਾਂ ਉਸ ਨੂੰ ਸਰਬ ਰੂਪਾਂ ਵਿਚ ਉਸ ਦੀ ਲੀਲਾ ਵਿਚ ਲੀਲਾ ਕਰਨਹਾਰ ਨੂੰ ਅਨੁਭਵ ਕਰਕੇ ਕਿਸੇ ਅਕਹਿ ਰੰਗ ਵਿਚ ਉਸ ਨਾਲ ਮਿਲ ਜਾਣਾ ਹੈ; ਜੋ ਮਿਲ ਜਾਣਾ ਕਿ ਦੇਸ਼ ਕਾਲ ਵਸਤੂ ਨਮਿਤ ਵਾਲੇ ਮੇਲਾਂ ਤੋਂ ਉੱਚਾ ਤੇ ਅਲੌਕਿਕ ਹੈ।

ਪ੍ਰਸ਼ਨ ਹੁੰਦਾ ਹੈ ਕਿ ਫੇਰ ਤਾਂ ਦਿੱਸਦੀ ਲੀਲਾ ਸਤਯ ਨਹੀਂ, ਲੀਲਾ ਕਰਨਹਾਰ ਸਤਯ ਹੈ ਪਰ ਸਾਨੂੰ ਸਤਯ ਦਿੱਸਦੀ ਹੈ,ਤਦ ਦੱਸਦੇ ਹਨ ਦ੍ਰਿਸ਼ਤਾਂਤ ਹੀ ਦੁਆਰਾ, ਕਿ ਜੇ ਰੱਸੀ ਵਿਚ ਸੱਪ ਦਾ ਭਰਮ ਪੈ ਜਾਏ ਤਾਂ ਸੱਪ ਤੋਂ ਡਰਨ ਲਗ ਜਾਈਦਾ ਹੈ, ਕਿਉਂਕਿ ਰੱਸੀ ਵਿਚ ਭਰਮਿਆਂ ਗਿਆਂ ਸੱਪ ਸਤਯ ਭਾਸਦਾ ਹੈ, ਤਿਵੇਂ ਸੁਪਨੇ ਵਿਚ ਜੋ ਸ਼ੇਰ, ਸੱਪ, ਸ਼ਹਿਰ, ਮਾੜੀ ਆਦਿਕ ਪਦਾਰਥ ਦੇਖੀਦੇ ਹਨ ਸੁਪਨੇ ਵਿਚ ਸਤਯ ਭਾਸਦੇ ਹਨ, ਅਸਲ ਵਿਚ ਓਹ ਸਤਯ ਨਹੀਂ ਹੁੰਦੇ। ਤੀਜੀ ਮਿਸਾਲ ਮਿਥਨ ਮਨੋਰਥ ਦੀ ਲੈਂਦੇ ਹਨ ਕਿ ਜਿਵੇਂ ਕੋਈ ਮਨੁਖ ਮਨੋ ਰਾਜ ਚਲਾਉਂਦਾ ਰਾਜਾ ਅਮੀਰ ਕੰਗਾਲ ਸੂਰਮਾ ਬਣ ਜਾਂਦਾ ਹੈ, ਪਰ ਜਦ ਉਹ ਮੁੱਕਦਾ ਹੈ ਤਾਂ ਆਪ ਹੀ ਕਹਿੰਦਾ ਹੈ ਕੀਹ ਲੀਤਾ ਮਨੋਰਾਜਾਂ ਵਿਚ ਜਾਕੇ ਜੋ ਕਲਪਿਆ ਸਭ ਮਿਥਯਾ ਸੀ। ਸੋ ਇਨ੍ਹਾਂ ਤਿੰਨਾਂ ਹਾਲਤਾਂ ਵਿਚ ਜਿਵੇਂ ਸਤਯ ਗਯਾਨ ਦੇ ਆਇਆਂ ਸਾਰੀ ਕਲਪਨਾ ਮਿਥਯਾ ਦਿੱਸ ਪੈਂਦੀ ਹੈ ਤਿਵੇਂ ਯਥਾਰਥ ਗਯਾਨ ਦੇ ਆਇਆਂ ਸਭ ਲੀਲਾ ਦਿੱਸਦੀ ਹੈ ਤੇ ਲੀਲਾ ਕਰਨਹਾਰ ਸਤਯ ਦਿੱਸਦਾ ਹੈ।

ਹੁਣ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਇਹ ਮਿਥਯਤਵ ਨੂੰ ਸਤਯ ਜਨਾਉਣ ਵਾਲੀ ਸਾਡੀ ਭ੍ਰਮਾਤਮ ਬੁੱਧੀ ਕਿਵੇਂ ਪੈਦਾ ਹੋ ਗਈ? ਤਾਂ ਉੱਤਰ ਦੇਂਦੇ ਹਨ ਕਿ ਇਸ ਦਾ ਕਾਰਣ 'ਮਾਯਾ' ਹੈ। ਮਾਇਆ ਇਕ ਅਤਿ ਸੁੰਦਰ ਤਸਵੀਰ ਹੈ, ਜਿਵੇਂ ਜੀਉਂਦੇ ਜਾਗਦੇ ਜੀਵ ਸੁੰਦਰ ਮੂਰਤੀ ਤੇ ਮੋਹਿਤ ਹੋ ਜਾਂਦੇ ਹਨ ਤਿਵੇਂ ਮਾਯਾ ਨੇ ਸਭ ਦੀ ਮਤਿ ਨੂੰ ਅਪਣੇ ਵਿਚ ਵਿਮੋਹਿਤ ਕਰ ਛਡਿਆ ਹੈ। ਪਰ ਨਾਲ ਹੀ ਦੱਸਦੇ ਹਨ ਕਿ ਵਿਰਲਾ ਕੋਈ ਹੁੰਦਾ ਬੀ ਹੈ ਜੋ ਇਸ ਬੁਝਾਰਤ ਨੂੰ ਬੁੱਝ ਲੈਂਦਾ ਹੈ। ਹੁਣ ਪ੍ਰਸ਼ਨ ਹੁੰਦਾ ਹੈ ਕਿ ਕਿਸੇ ਵਿਰਲੇ ਦੀ ਸੋਝੀ ਵਿਚ ਇਹ ਗਲ ਆ ਜਾਂਦੀ ਆਪ ਨੇ ਦੱਸੀ ਹੈ ਉਹ ਕਿਵੇਂ ਆਉਂਦੀ ਹੈ? ਤਾਂ ਉੱਤਰ ਦੇਂਦੇ ਹਨ ਤੇ ਅੰਕ ੩ ਵਿਚ ਅਪਣਾ ਨਿਜ ਤਜਰਬਾ ਦੱਸਦੇ ਹਨ ਕਿ ਮੈਨੂੰ ਧਰਮ ਸ਼ੀਲ ਬੁੱਧੀ ਗੁਰੂ ਨੇ ਉਪਦੇਸ਼ ਕੀਤੀ ਸੀ, ਜਿਸ ਨਾਲ ਮੇਰੀ ਜਾਗ ਖੁੱਲ੍ਹ ਗਈ। ਭਾਵ ਅਗਯਾਨ ਦੂਰ ਹੋ ਗਿਆ ਤੇ ਮੇਰਾ ਮਨ ਪਤੀਜ ਗਿਆ ਕਿ ਸਭ ਗੋਬਿੰਦ ਹੈ ਤੇ ਦ੍ਰਿਸ਼ਟਮਾਨ ਸਭ ਮਿਥਯਾ ਹੈ ਪਰ ਹੈ, ਸਦਾ ਸਤਯ ਸਰੂਪ ਦੀ ਲੀਲਾ। ਕਿਸੇ ਅੰਧ ਕਾਰਣ ਤੋਂ ਕਿਸੇ ਭੁਲੇਵੇ ਗ਼ਲਤੀ ਨਾਲ ਆਪੇ ਨਹੀਂ ਹੋ ਗਿਆ। ਇਹ ਕਹਿਕੇ ਅੰਕ ੪ ਵਿਚ

ਉਪਦੇਸ਼ ਕਰਦੇ ਹਨ ਕਿ ਤੁਸੀਂ ਹਿਰਦੇ ਵਿਚ ਵੀਚਾਰ ਕੇ ਦੇਖੋ ਤਦ ਤੁਹਾਨੂੰ ਬੀ ਸਮਝ ਆ ਜਾਊ ਕਿ ਨਾਮਦੇਵ ਠੀਕ ਕਹਿ ਰਿਹਾ ਹੈ ਕਿ ਬਿਨਾ ਅੰਤਰੇ ਦੇ ਸਾਰੇ ਉਹੋ ਪਰਮਾਤਮਾ ਵਜ਼ਾਪਕ ਹੋ ਰਿਹਾ ਹੈ।

ਇਥੇ ਹੁਣ ਕਟਾਖਜ ਖਿਆਲ ਕਰਨੇ ਵਾਲਾ ਹੈ, ਜੋ 'ਸੁਕ੍ਰਿਤ' ਪਦ ਵਿਚ ਹੈ। ਆਪ ਨੇ ਨਹੀਂ ਕਿਹਾ ਕਿ ਮੈਨੂੰ ਗੁਰੂ ਨੇ ਨਿਰਾ ਮੇਰੀ ਬੁੱਧੀ ਨੂੰ ਉਪਦੇਸ਼ ਕਰਕੇ ਜਗਾ ਦਿਤਾ, ਮਨਸਾ (=ਬੁੱਧੀ) ਦੇ ਨਾਲ ਪਦ ,ਸੁਕ੍ਰਿਤ ਲਾਇਆ ਹੈ, ਜਿਸ ਦਾ ਅਰਥ ਹੈ ਜੋ ਉੱਤਮ ਰੀਤੀ ਨਾਲ ਕੀਤਾ ਗਿਆ ਹੋਵੇ। ਜਿਸ ਵਿਚ ਸੁਕ੍ਰਿਤੀ (ਸ਼ੁਭ ਕਰਨੀ) ਹੋਵੇ, ਜਿਸ ਵਿਚ ਧਰਮ ਸ਼ੀਲਤਾ ਹੋਵੇ। 'ਧਰਮਸ਼ੀਲ ਉਪਦੇਸ਼' ਪਦਾਂ ਵਿਚ 'ਉੱਤਮ ਆਚਰਨ, ਸ਼ੁਭ ਕਰਮ, ਹਰਿ ਕੀਰਤੀ, ਹਰਿ ਸਿਮਰਣ, ਸਤਸ ਸਿਖਜ਼ਾ ਆਦਿ ਸਾਰੇ ਸ਼ੁਭ ਕਾਰਜ ਆ ਜਾਂਦੇ ਹਨ।' ਇਹ ਪਦ ਵਰਤਣ ਵਿਚ ਕਟਾਖਜ ਇਹ ਹੈ ਕਿ ਨਿਰੀ ਵਾਕ ਰਚਨਾ ਵਾਲੇ ਉਪਦੇਸ਼ ਨਾਲ ਮੈਨੂੰ ਅਨੁਭਵ ਨਹੀਂ ਹੋਇਆ, ਇਹ ਉਪਰ ਕਥੇ ਧਰਮਸ਼ੀਲ ਉਪਦੇਸ਼ ਦਾ ਫਲ ਹੈ ਤੇ ਲੁਪਤੀ ਵਿਚ ਇਹ ਹੈ ਕਿ ਉਸ ਉਪਦੇਸ਼ ਦੀ ਕਮਾਈ ਕਰਨੀ ਹੈ।

ਨਿਰੁਕ੍ਤ-ਬਿਆਪਕ - [ਸੰਸ:, ਵਜ਼ਾਪਕ] ਜੋ ਸਾਰੇ ਮੌਜੂਦ ਹੈ।

ਪੂਰਕ-[ਸੰਸ:, ਪੂਰਕ] ਜੋ ਪੂਰ ਰਿਹਾ ਹੈ, ਪਾਲਣਾ ਕਰ ਰਿਹਾ ਹੈ। ਇਨ੍ਹਾਂ ਅਰਥਾਂ ਵਿਚ ਇਹ ਪਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੋਰਥੇ ਬੀ ਆਇਆ ਹੈ। ਯਥਾ:-

ਜੈਸੀ ਭੂਖ ਤੈਸੀ ਕਾ ਪੂਰਕੁ .... [ਸੋਰਠਿ ਮਹਲਾ ੫-੧੬]

ਪੁਨਾ: **ਸਗਲ ਪੂਰਕ ਪ੍ਰਭ ਧਨੀ॥** [ਆਸਾ ਮਹਲਾ ੫, ਛੰਤ-੫]

(ਅ) ਪੂਰਕ ਦਾ ਅਰਥ 'ਪਰੀ ਪੂਰਣ'* ਬੀ ਕਰ ਲਈਦਾ ਹੈ, ਤਦ ਵਜ਼ਾਪਕ ਪੂਰਕ ਦੇ ਅਰਥ ਘੁਣੀ ਖੰਡਨ ਨਜਾਯ ਵਾਂਙੂ ਇਕੋ ਹੁੰਦੇ ਹਨ, ਪੁਨਰੁਕਤਿ ਨਹੀਂ ਕਹੇ ਜਾ ਸਕਦੇ, ਪਰੰਤੂ ਏਥੇ 'ਪੂਰਕ' ਪਦ ਦਾ ਪਾਲਣਾ ਕਰਨੇ ਵਾਲਾ ਅਰਥ ਵਧੀਕ ਢੁੱਕਦੇ ਹਨ।

ਚਿਤ੍ਰ- [ਸੰਸ:, ਚਿਤ੍ਰੰ] ਤਸਵੀਰ। ਮੂਰਤੀ, ਨਕਸ਼।

ਬਚਿਤ੍ਰ-[ਸੰਸ:, ਵਿਚਿਤ੍ਰੰ] ਖ਼ੂਬਸੂਰਤ, ਸੁੰਦਰ।

ਬਿਮੋਹਿਤ-[ਸੰਸ:, ਵਿਮੋਹਨੰ=ਪ੍ਰੇਰਨਾ, ਬਹਕੌਣਾ] ਮੋਹ ਲੈਣ ਵਾਲੀ।

ਸੂਤੁ-[ਸੰਸ:, ਸੂਤ੍ਰੰ] ਤਾਗਾ। ਮਣਿ-[ਸੰਸ:, ਮਣਿ:=ਕ਼ੀਮਤੀ ਰਤਨ] ਮਣੀਆਂ। ਮਣਕੇ।

ਸਤ-[ਸੰਸ:, ਸ਼ਤੰ] ਸੌ। (੧੦੦)। ਸਹੰਸ-[ਸੰਸ:, ਸਹਸ੍ਰੰ] ਹਜ਼ਾਰ। (੧੦੦੦)।

ਓਤਿ ਪੋਤਿ-[ਪੰਜਾਬੀ] ਤਾਣੇ ਪੇਟੇ ਵਿਚ। ਤਰੰਗ-[ਸੰਸ:, ਤਰੰਗ:] ਲਹਿਰ।

ਫੇਨ-[ਸੰਸ:,ਫੇਨ:] ਝੱਗ। ਬੁਦਬੁਦਾ- [ਹਿੰਦੀ] ਬੁਲਬੁਲਾ।

ਪਰਪੰਚੁ-[ਸੰਸ:, ਪ੍ਰਪੰਚ:] ਪੰਜਾਂ ਤੱਤਾਂ ਦਾ ਵਿਸਥਾਰ-ਜਗਤ। (ਅ) ਕਈ ਥਾਂ ਪਰਪੰਚ ਦਾ ਅਰਥ ਧੋਖਾ ਤੇ ਛਲ ਬੀ ਹੁੰਦਾ ਹੈ।

ਬਿਚਰਤ-[ਸੰਸ:, ਵਿਚਾਰਣੰ=ਵਿਚਾਰਨਾ, ਸੋਚਣਾ] ਵਿਚਾਰ ਕਰਦਿਆਂ।

ਆਨ- ਹੋਰ।

ਮਿਥਿਆ ਭਰਮੁ...- ਇਸ ਦੇ ਐਉਂ ਬੀ ਅਰਥ ਕਰਦੇਹਨ - ਝੂਠ ਭਰਮ ਤੇ ਸੁਪਨੇ ਦੇ ਮਨੋਰਥ।

ਸੁਕ੍ਰਿਤ- ਵੀਚਾਰ; ਉਪਰ ਵਜ਼ਾਖਜ਼ਾ ਵਿਚ ਆ ਚੁਕੀ ਹੈ। ਨਿਰੰਤਰਿ- ਅੰਤਰੇ (ਵਿੱਥ, ਫਰਕ) ਤੋਂ ਰਹਿਤ।

ਮੁਰਾਰੀ-ਪਰਮਾਤਮਾ ਤੋਂ ਭਾਵ ਹੈ।

---

*ਪੂਰਕ ਪਦ ਦਾ ਅਰਥ ਪ੍ਰਾਣਾਯਾਮ ਦੇ ਸੰਬੰਧ ਵਿਚ ਸੁਆਸਾਂ ਨੂੰ ਅੰਦਰ ਲੈ ਜਾਣਾ ਬੀ ਹੁੰਦਾ ਹੈ।

[ਆਸਾ ਨਾਮਦੇਵ ਜੀ, ਚਉਪਦਾ-੨]

ਪ੍ਰਾਕ੍ਥਨ- ਪਹਿਲਾਂ ਨਾਮਦੇਵ ਜੀ ਸਰਗੁਣ ਉਪਾਸ਼ਕ ਸਨ ਤੇ ਠਾਕੁਰ ਪੂਜਾ ਕਰਦੇ ਸੇ, ਜਦ ਭਗਤੀ ਸਿਰੇ ਚੜ੍ਹੀ ਤੇ ਵਜਾਪਕ ਪ੍ਰਭੂ ਦੀ ਲੱਖਤਾ ਹੋ ਆਈ ਤਦ ਵਜਾਪਕ ਪ੍ਰਭੂ ਜੀ ਦੇ ਅਨੁਭਵ ਵਿਚ ਬ੍ਰਿਤੀਆਂ ਵਿਚ ਬ੍ਰਹਮ ਆਰੂੜ ਰਹਿਣ ਲਗ ਪਿਆ, ਤਦ ਜਾਪਦਾ ਹੈ ਕਿਸੇ ਨੇ ਕੁਤਰਕ ਕੀਤੀ ਹੈ ਕਿ ਤੂੰ ਬੀਠਲ ਤੋਂ, ਜਿਸ ਦੀ ਉਪਾਸਨਾ ਕਰਦਾ ਹੁੰਦਾ ਸੈਂ, ਬੇਮੁਖ ਹੋ ਗਿਆ ਹੈਂ। ਉਸ ਦੇ ਉੱਤਰ ਵਿਚ ਇਹ ਸ਼ਬਦ ਉਚਾਰਿਆ ਸਹੀ ਹੁੰਦਾ ਹੈ।

ਮੂਲ	ਅਰਥ
ਆਸਾ ॥ ਆਨੀਲੇ ਕੁੰਭ ਭਰਾਈਲੇ ਊਦਕ ਠਾਕੁਰ ਕਉ ਇਸਨਾਨੁ ਕਰਉ॥ ਬਇਆਲੀਸ ਲਖ ਜੀ ਜਲ ਮਹਿ ਹੋਤੇ ਬੀਠਲੁ ਭੈਲਾ ਕਾਇ ਕਰਉ ॥੧॥	ਲਿਆ ਕੇ ਘੜਾ (ਉਸ ਵਿਚ) ਭਰਕੇ ਪਾਣੀ ਠਾਕੁਰ ਨੂੰ ਇਸ਼ਨਾਨ ਕਰਾਂਵਾਂ! (ਪਰ ਸ਼ਾਸਤ੍ਰ ਕਹਿੰਦੇ ਹਨ ਕਿ) ਪਾਣੀ ਵਿਚ ਬੈਤਾਲੀ ਲਖ ਜੀਵ ਹੁੰਦੇ ਹਨ (ਹੁਣ ਮੈਂ ਅਪਣੇ) ਪਜਾਰੇ ਬੀਠਲ ਨੂੰ ਕਿਵੇਂ (ਇਸ਼ਨਾਨ) ਕਰਾਵਾਂ ॥੧॥
ਜਤ੍ਰ ਜਾਉ ਤਤ ਬੀਠਲੁ ਭੈਲਾ ॥ ਮਹਾ ਅਨੰਦ ਕਰੇ ਸਦ ਕੇਲਾ ॥੧॥ ਰਹਾਉ ॥	ਜਿਥੇ ਮੈਂ ਜਾਂਦਾ ਹਾਂ ਓਥੇ ਹੀ ਪਜਾਰਾ ਬੀਠਲ (ਮੌਜੂਦ) ਹੈ ਤੇ ਬਹੁਤ ਹੀ ਆਨੰਦ ਤੇ ਚੋਜ ਸਦਾ ਹੀ ਕਰ ਰਿਹਾ ਹੁੰਦਾ ਹੈ ॥੧॥ ਰਹਾਉ ॥
ਆਨੀਲੇ ਫੂਲ ਪਰੋਈਲੇ ਮਾਲਾ ਠਾਕੁਰ ਕੀ ਹਉ ਪੂਜ ਕਰਉ ॥ ਪਹਿਲੇ ਬਾਸੁ ਲਈ ਹੈ ਭਵਰਹ ਬੀਠਲ ਭੈਲਾ ਕਾਇ ਕਰਉ ॥੨॥	ਲਿਆ ਕੇ ਫੁੱਲ (ਤੇ) ਪ੍ਰੋਕੇ ਮਾਲਾ ਠਾਕੁਰ ਦੀ ਮੈਂ ਪੂਜਾ ਕਰਾਂ; (ਪਰ ਇਨ੍ਹਾਂ ਫੁੱਲਾਂ ਦੀ) ਵਾਸ਼ਨਾ ਪਹਿਲਾਂ ਭੌਰਾ ਲੈ ਚੁਕਾ ਹੈ (ਹੁਣ ਮੈਂ) ਪਜਾਰੇ ਬੀਠਲ (ਦੀ ਪੂਜਾ) ਕਿਵੇਂ ਕਰਾਂ) ਕਿਉਂਕਿ ਫੂਲ ਜੂਠੇ ਹੋ ਚੁਕੇ ਹਨ) ॥੨॥
ਆਨੀਲੇ ਦੂਧੁ ਰੀਧਾਈਲੇ ਖੀਰੰ ਠਾਕੁਰ ਕਉ ਨੈਵੇਦੁ ਕਰਉ ॥ ਪਹਿਲੇ ਦੂਧੁ ਬਿਟਾਰਿਓ ਬਛਰੈ ਬੀਠਲੁ ਭੈਲਾ ਕਾਇ ਕਰਉ ॥੩॥	ਲਿਆਕੇ ਦੁੱਧ ਤੇ ਰਿੰਨ੍ਹ ਲਵਾਂ ਖੀਰ (ਫੇਰ) ਠਾਕੁਰ ਨੂੰ ਅਰਪਨ ਕਰਾਂ, (ਪਰ) ਦੁੱਧ ਤਾਂ ਵੱਛਾ ਪਹਿਲੋਂ ਹੀ ਜੂਠਾ ਕਰ ਗਿਆ ਹੈ (ਮੈਂ ਉਸ ਜੂਠੇ ਦੁਧ ਦੀ ਖੀਰ) ਪਜਾਰੇ ਬੀਠਲ ਨੂੰ ਕਿਵੇਂ (ਅਰਪਨ) ਕਰਾਂ ॥੩॥
ਈਭੈ ਬੀਠਲੁ ਊਭੈ ਬੀਠਲੁ ਬੀਠਲ ਬਿਨੁ ਸੰਸਾਰੁ ਨਹੀ ॥ ਥਾਨ ਥਨੰਤਰਿ ਨਾਮਾ ਪ੍ਰਣਵੈ ਪੂਰਿ ਰਹਿਓ ਤੂੰ ਸਰਬ ਮਹੀ ॥੪॥੨॥	ਏਥੇ ਬੀ ਬੀਠਲ ਓਥੇ ਬੀ ਬੀਠਲ (ਸਭ ਥਾਵਾਂ ਵਿਚ ਬੀਠਲ ਵਜਾਪਕ ਹੈ) ਬੀਠਲ ਤੋਂ ਬਿਨਾ (ਕੋਈ) ਸੰਸਾਰ ਨਹੀਂ ਹੈ। ਨਾਮਾ ਬੇਨਤੀ ਕਰਦਾ ਹੈ ਥਾਵਾਂ ਵਿਚ ਤੇ ਥਾਵਾਂ ਦੇ ਵਿਚਾਲੇ (ਹੇ ਬੀਠਲ!) ਤੂੰ ਸਾਰੀ ਧਰਤੀ ਤੇ ਪਰੀ ਪੂਰਣ ਹੋ ਰਿਹਾ ਹੈਂ ॥੪॥੨॥

ਵਜਾਖਜਾ- ਸ੍ਰੀ ਨਾਮ ਦੇਵ ਜੀ ਹੁਣ ਨਿਰਗੁਣ ਦੇ ਉਪਾਸਕ ਤੇ ਉਸ ਦੀ ਲੱਖਤਾ ਵਾਲੇ ਹੋ ਰਹੇ ਹਨ, ਹੁਣ ਮੂਰਤੀ ਪੂਜਾ ਵਿਚ ਪ੍ਰਵਿਰਤ ਨਹੀਂ ਹੁੰਦੇ, ਇਤਰਾਜ਼ ਕਰਨ ਵਾਲੇ ਮੂਰਤੀ ਪੂਜਕਾਂ ਨੂੰ ਉਨ੍ਹਾਂ ਦੇ ਨੁਕਤੇ ਤੋਂ ਨਿਰੁੱਤਰ ਹੀ ਨਹੀਂ ਕਰਦੇ, ਉਨ੍ਹਾਂ ਦੀ ਪੂਜਾ ਨੂੰ ਬੇਅਦਬੀ ਦਿਖਾ ਦੇਂਦੇ ਹਨ ਕਿ ਤੁਸੀਂ ਜੋ ਪੂਜਾ ਕਰਦੇ ਹੋ ,ਜੂਠੀਆਂ ਵਸਤਾਂ ਨਾਲ ਕਰਦੇ ਹੋ, ਇਹ ਪੂਜਾ ਨਹੀਂ ਬੇਅਦਬੀ ਹੈ।

ਅੰਤ ਵਿਚ ਦੱਸਦੇ ਹਨ ਕਿ ਮੇਰਾ ਬੀਠਲ ਹੁਣ ਮੂਰਤੀ ਵਿਚ ਯਾ ਕਿਸੇ ਇਕ ਸ਼ੈ ਵਿਚ ਇਕ ਦੇਸੀ

ਨਹੀਂ ਹੈ ਉਹ ਸਰਬ ਵਜਾਪੀ ਹੈ ਤੇ ਸਾਰੇ ਪਰੀ ਪੂਰਣ ਹੈ ਕਿਤੇ ਊਣ ਨਹੀਂ ਹੈ।

ਨਿਰੁਕ੍ਤ–ਆਨੀਲੇ–[ਮਰਹਟੀ] ਲਿਆਕੇ। ਲਿਆਈਏ।

ਕੁੰਭ–[ਸੰਸ:, ਕੁੰਭ:] ਘੜਾ। ਉਦਕ – [ਸੰਸ:, ਉਦਕੰ] ਪਾਣੀ।

ਭੈਲਾ–[ਮਰਹਟੀ] ਮਿਲਿਆ ਹੋਇਆ। (ਅ) ਭਾਈ, ਪਿਆਰਾ।

ਬੀਠਲੁ–[ਮਰਹਟੀ, ਬਿਠਲੇ] ਪੰਡਰ ਪੁਰ (ਇਲਾਕਾ ਸ਼ੋਲਾ ਪੁਰ) ਵਿਚ ਦੀ ਇਕ ਮੂਰਤੀ। ਇਸ ਮੂਰਤੀ ਨੂੰ ਜੈਨ ਲੋਕ ਅਪਣੇ ਤੀਰਥਾਂਕੁਰ ਦੀ ਦੱਸਦੇ ਹਨ। ਵੈਸੇ ਚਿਹਨ ਚੱਕ੍ਰ ਬੁਧ ਮੂਰਤੀ ਦੇ ਜਾਪਦੇ ਹਨ। ਹਿੰਦੂ ਲੋਕ ਵਿਸ਼ਨੂੰ ਮੂਰਤੀ ਮੰਨਕੇ ਪੂਜਦੇ ਹਨ। ਪਹਿਲਾਂ ਨਾਮਦੇਵ ਜੀ ਇਸ ਮੂਰਤੀ ਦੇ ਉਪਾਸਕ ਸਨ ਫੇਰ ਵਜਾਪਕ ਵਾਹਿਗੁਰੂ ਤ੍ਰੈ ਗੁਣਾਤੀਤ ਦੀ ਲੱਖਤਾ ਵਿਚ ਆ ਗਏ, ਤਾਂ ਉਸ ਨੂੰ ਵਿਠਲ ਕਹਿਣ ਲਗ ਪਏ; ਯਥਾ:- **ਈਭੈ ਬੀਠਲੁ ਊਭੈ ਬੀਠਲੁ ਬੀਠਲ ਬਿਨੁ ਸੰਸਾਰੁ ਨਹੀ॥**

ਵੈਸੇ ਮਰਹਟੀ ਬੋਲੀ ਵਿਚ ਬਿਠੁਲ ਪਦ ਦੇ ਐਉਂ ਬੀ ਅਰਥ ਕੀਤੇ ਹਨ:-ਵਿ=ਗਜਾਨ+ਠ=ਬਿਨਾ+ ਲ=ਅੰਗੀਕਾਰ=ਓਹ ਜੋ ਗਜਾਨ ਬਿਨਾ ਅਰਥਾਤ ਅਗਜਾਨੀਆਂ ਨੂੰ ਅੰਗੀਕਾਰ ਕਰੇ।

ਕੇਲਾ–[ਸੰਸ:, ਕੇਲ:] ਖੇਲ। ਚੋਜ। ਬਾਸੁ–ਵਾਸਨਾ। ਖੁਸ਼ਬੋ।

ਰੀਧਾਈਲੇ–ਰਿੰਨ੍ਹ ਲਵਾਂ, ਰਿਨ੍ਹਾ ਲਈਏ।

ਨੈਵੇਦ–[ਸੰਸ:, ਨੈਵੇਦਯੰ] ਅਰਪਨ । ਜੋ ਸ਼ੈ ਅਰਪਨ ਕੀਤੀ ਜਾਵੇ ਭੋਜਨ ਆਦਿ। ਵਿਸ਼ਨੂੰ ਮੂਰਤੀਆਂ ਨੂੰ ਅਰਪਨ ਕੀਤੀ ਕੋਈ ਖਾਣੇ ਦੀ ਵਸਤੂ।

ਬਿਟਾਰਿਓ– [ਹਿੰਦੀ, ਬਿਟਾਰਨਾ। ਗੰਧਲਾ ਹੋ ਜਾਣਾ। ਵਿਗੜ ਜਾਣਾ। ਜੂਠਾ ਹੋ ਜਾਣਾ] ਜੂਠਾ ਕਰ ਦਿਤਾ ਹੈ।

ਈਭੈ ਊਭੈ–[ਮਰਹਟ] ਏਥੇ ਓਥੇ। (ਅ) ਹੇਠਾਂ ਉਪਰ।

ਥਨੰਤਰਿ– ਥਾਵਾਂ ਦੇ ਵਿਚਾਲੇ।

ਸਰਬ ਮਹੀ– ਸਾਰੀ ਪ੍ਰਿਥਵੀ ਤੇ, ਭਾਵ ਸਾਰੀ ਥਾਈਂ।

[ਆਸਾ ਨਾਮਦੇਵ ਜੀ, ਚਉਪਦਾ-੩]

ਪ੍ਰਾਕ੍ਥਨ– ਹੁਣ ਭਗਤ ਜੀ ਸਪਸ਼ਟ ਅੱਖਰਾਂ ਵਿਚ ਦੱਸਦੇ ਹਨ ਕਿ ਮੁਕਤੀ ਦੇ ਪ੍ਰਤਿਬੰਧਕ ਕਿਵੇਂ ਦੂਰ ਹੁੰਦੇ ਹਨ, ਅਰਥਾਤ ਪਹਿਲੇ ਸ਼ਬਦ ਵਿਚ ਦੱਸੀ 'ਇਕ' ਦੀ ਲੱਖਤਾ ਦੇ ਰਸਤੇ ਵਿਚ ਵਿਛੋੜਨ ਵਾਲੀ ਮਾਇਆ ਕਿਵੇਂ ਦੂਰ ਹੁੰਦੀ ਹੈ।

ਮੂਲ	ਅਰਥ
ਆਸਾ ॥ ਮਨੁ ਮੇਰੋ ਗਜੁ ਜਿਹਬਾ ਮੇਰੀ ਕਾਤੀ ॥ ਮਪਿ ਮਪਿ ਕਾਟਉ ਜਮ ਕੀ ਫਾਸੀ ॥੧॥	ਮੇਰਾ ਮਨ (ਬਣ ਗਿਆ ਹੈ ਮਿਣਤੀ ਕਰਨੇ ਵਾਲਾ) ਗਜ (ਤੇ) ਰਸਨਾ ਮੇਰੀ (ਬਣ ਗਈ ਹੈ) ਕੈਂਚੀ। (ਸੋ ਮੈਂ) ਮਿਣ ਮਿਣਕੇ ਕੱਟ ਰਿਹਾ ਹਾਂ ਜਮ ਦੀ ਫਾਸੀ॥੧॥
ਕਹਾ ਕਰਉ ਜਾਤੀ ਕਹ ਕਰਉ ਪਾਤੀ ॥ ਰਾਮ ਕੋ ਨਾਮੁ ਜਪਉ ਦਿਨ ਰਾਤੀ ॥੧॥ ਰਹਾਉ ॥	ਮੈਂ ਜਾਤ ਨੂੰ ਕੀਹ ਕਰਾਂ ਤੇ (ਬਿਰਾਦਰੀ ਦੀਆਂ) ਪੰਗਤੀਆਂ ਨੂੰ ਕੀਹ ਕਰਾਂ (ਭਾਵ ਇਨ੍ਹਾਂ ਦੀ ਪ੍ਰਵਾਹ ਨਹੀਂ ਕਰਦਾ, ਮੈਂ ਤਾਂ) ਦਿਨ ਰਾਤ ਰਾਮ ਦਾ ਨਾਮ ਜਪਦਾ ਹਾਂ॥੧॥ ਰਹਾਉ॥

ਰਾਂਗਨਿ ਰਾਂਗਉ ਸੀਵਨਿ ਸੀਵਉ ॥ ਰਾਮ ਨਾਮ ਬਿਨੁ ਘਰੀਅ ਨ ਜੀਵਉ ॥੨॥	ਰੰਗਣ ਜੋਗ (ਕਪੜਿਆਂ) ਨੂੰ ਰੰਗਦਾ ਹਾਂ, ਸੀਵਣ ਜੋਗਾਂ ਨੂੰ ਸੀਉਂਦਾ ਹਾਂ, ਪਰ ਰਾਮ ਦੇ ਨਾਮ ਤੋਂ ਬਿਨਾਂ (ਇਕ) ਘੜੀ ਨਹੀਂ ਜੀਉਂਦਾ ॥੨॥
ਭਗਤਿ ਕਰਉ ਹਰਿ ਕੇ ਗੁਨ ਗਾਵਉ॥ ਆਠ ਪਹਰ ਅਪਨਾ ਖਸਮੁ ਧਿਆਵਉ ॥੩॥	ਭਗਤੀ ਕਰਦਾ ਹਾਂ (ਕਿ) ਹਰੀ ਦੇ ਗੁਣ ਗਾਉਂਦਾ ਹਾਂ। (ਸੋ ਨਾਮ ਤੇ ਕੀਰਤਨ ਦੁਆਰਾ) ਅੱਠੇ ਪਹਿਰ ਆਪਣੇ ਖਸਮ (ਪ੍ਰਭੂ) ਨੂੰ ਧਿਆਉਂਦਾ ਹਾਂ ॥੩॥
ਸੁਇਨੇ ਕੀ ਸੂਈ ਰੁਪੇ ਕਾ ਧਾਗਾ ॥ ਨਾਮੇ ਕਾ ਚਿਤੁ ਹਰਿ ਸਉ ਲਾਗਾ ॥੪॥੩॥	ਸੋਨੇ ਵਰਗੀ (ਸ਼ੁੱਧ ਬ੍ਰਿਤੀ) ਜੋ ਬ੍ਰਹਮਾਕਾਰ ਰਹਿੰਦੀ ਹੈ ਓਹ ਹੈ ਮਾਨੋ) ਸੂਈ (ਤੇ ਉਸ ਵਿਚ) ਚਾਂਦੀ ਰੂਪੀ ਤਾਗਾ (ਪਾਇਆ ਹੈ ਗੁਰ ਉਪਦੇਸ਼ ਦਾ, ਸਿਮਰਨ ਦਾ,ਜੋ ਹਰੀ ਨਾਲ ਸੀਉਂਦਾ ਜਾਂਦਾ ਹੈ ਚਿਤ ਨੂੰ, ਇਉਂ) ਨਾਮੇ ਦਾ ਚਿਤ ਹਰੀ ਨਾਲ ਲਗਾ ਰਹਿੰਦਾ ਹੈ (ਭਾਵ ਲਿਵ ਲਗੀ ਰਹਿੰਦੀ ਹੈ) ॥੪॥੩॥

ਵਯਾਖਯਾ- ਸ੍ਰੀ ਨਾਮ ਦੇਵ ਜੀ ਅਪਣੇ ਕਿੱਤੇ ਦੇ ਸਾਮਾਨ ਗਿਣ ਗਿਣਕੇ ਹਰੀ ਸਿਮਰਨ ਦਾ ਰਸਤਾ ਪ੍ਰਤਿਪਾਦਨ ਕਰਦੇ ਹਨ। ਨਾਮਦੇਵ ਜੀ ਕ੍ਰਿਤ ਕਾਰ ਵਲੋਂ ਛੀਪੇ ਯਾ ਛੀਂਬੇ ਸਨ, ਉਸ ਸਮੇਂ ਛੀਂਬੇ ਕਪੜੇ ਧੋਂਦੇ ਬੀ ਸਨ, ਰੰਗਦੇ ਬੀ ਸਨ ਤੇ ਸੀਉਂਦੇ ਬੀ ਸਨ।

ਅੰਕ ੧ ਵਿਚ ਦਰਜ਼ੀ ਦੇ ਸਮਾਨ ਲਏ ਹਨ: ਗਜ ਤੇ ਕੈਂਚੀ; ਜਿਸ ਨਾਲ ਓਹ ਥਾਨਾਂ ਵਿਚੋਂ ਕੱਪੜਾ ਕੱਛਕੇ ਕਤਰ ਲੈਂਦੇ ਸਨ ਤੇ ਫੇਰ ਵਿਉਂਤਰ ਕੇ ਸੀਉਂਦੇ ਸਨ। ਏਥੇ ਮਨ ਨੂੰ ਦੱਸਦੇ ਹਨ ਗਜ ਤੇ ਜਿਹਬਾ ਨੂੰ ਕੈਂਚੀ ਤੇ ਕੱਟਿਆ ਜਾਣ ਵਾਲਾ ਕਪੜਾ ਹੈ ਜਮ ਦੀ ਫਾਂਸੀ। ਨਾਮ ਸਿਮਰਨ ਤਾਂ ਹੈ ਕੈਂਚੀ ਤੇ ਗਜ ਹੈ ਮਨ ਦਾ ਵੀਚਾਰ ਤੇ ਭਾਵਨਾ ਸੰਯੁਕਤ ਹੋਕੇ ਨਾਮ ਜਪਣਾ। ਮਨ ਵਿਚ ਨਾਮੀ ਲਈ ਸ਼ਰਧਾ ਭਗਤੀ ਦਾ ਭਾਵ ਹੋਣਾ। ਜੋ ਸੰਕਲਪ ਇਸ ਦੇ ਵਿਰੁੱਧ ਉੱਠਣ ਉਹਨਾਂ ਨੂੰ ਮਾਪ ਲੈਣਾ, ਸਮਝ ਲੈਣਾ ਕਿ ਏਹ ਪ੍ਰਤਿਬੰਧਕ ਭਾਵਨਾ ਹਨ, ਇਹ ਨਹੀਂ ਫੁਰਨ ਦੇਣੀਆਂ ਤੇ ਸ਼ੁੱਧ ਭਾਵਨਾ ਪ੍ਰਭੂ ਵਿਚ ਸ਼ਰਧਾ ਵਾਲੀ ਰੱਖਣੀ ਹੈ ਇਹ ਹੈ ਮਿਣਤੀ ਕਰਦੇ ਰਹਿਣਾ। ਕੋਈ ਕਹਿੰਦਾ ਹੈ ਕਿ ਤੇਰੀ ਜਾਤ ਕਮੀਨੀ ਹੈ, ਤੈਨੂੰ ਜਪ ਤਪ ਦਾ ਅਧਿਕਾਰ ਨਹੀਂ, ਤੇਰਾ ਕੰਮ ਸੇਵਾ ਕਰਨੀ ਹੈ; ਤਾਂ ਉੱਤਰ ਦੇਂਦੇ ਹਨ ਕਿ ਜਮ ਦੀ ਫਾਹੀ ਸਭ ਦੇ ਗਲ ਪਈ ਹੈ ਉਸ ਦੇ ਕੱਟਣ ਨੂੰ ਸਭ ਦਾ ਦਿਲ ਹੈ ਤੇ ਸਭ ਦਾ ਹੱਕ ਹੈ। ਏਥੇ ਤਾਂ ਉਸ ਫਾਹੀ ਦੇ ਕੱਟਣ ਦਾ ਵਸੀਲਾ ਰਾਮ ਦਾ ਨਾਮ ਹੈ। ਸੋ ਮੈਂ ਜਾਤ ਪਾਤ ਦੀਆਂ ਉਲਝਣਾ ਨੂੰ ਕੀਹ ਕਰਾਂ, ਮੈਨੂੰ ਜਮ ਫਾਸ ਕੱਟਣੇ ਦੀ ਲੋੜ ਹੈ, ਸੋ ਫਾਸ ਕੱਟਣਹਾਰ ਰਾਮ ਦਾ ਨਾਮ ਦਿਨ ਰਾਤ ਜਪਦਾ ਹਾਂ। ਹਾਂ, ਮੈਂ ਰੋਟੀ ਲਈ ਕੰਮ ਕਰਦਾ ਹਾਂ, ਰੰਗਦਾ ਬੀ ਹਾਂ, ਸੀਉਂਦਾ ਬੀ ਹਾਂ ਪਰ ਨਾਲ ਰਾਮ ਦਾ ਨਾਮ ਜਪਦਾ ਰਹਿੰਦਾ ਹਾਂ,ਉਸ ਬਿਨਾਂ ਮੈਂ ਇਕ ਘੜੀ ਨਹੀਂ ਜੀਉ ਸਕਦਾ। ਭਾਵ ਹੱਥ ਕਾਰ ਵਲ ਦਿਲ ਯਾਰ ਵਲ ਰਖਦਾ ਹਾਂ।

ਕਈ ਦਾਨੇ ਇਨ੍ਹਾਂ ਦੋ ਤੁਕਾਂ ਵਿਚ ਨਾਮਦੇਵ ਜੀ ਦੇ ਕਿੱਤੇ ਦਾ ਭਾਵ ਨਹੀਂ ਲੈਂਦੇ ਸਗੋਂ ਅੰਤ੍ਰੀਵ ਭਾਵ ਲੈਂਦੇ ਹਨ ਕਿ ਕਾਇਆਂ ਰੂਪੀ ਰੰਗਣ ਵਿਚ ਮਨ ਨੂੰ ਨਾਮ ਰੰਗ ਨਾਲ ਰੰਗਦਾ ਰਹਿੰਦਾ ਹਾਂ ਤੇ ਲਿਵ ਦੀ ਤਾਰ ਵਿਚ ਮਨ ਨੂੰ ਪਰੋਈ ਰੱਖਣ ਰੂਪ ਸਿਲਾਈ ਕਰਦਾ ਰਹਿੰਦਾ ਹਾਂ।

ਅੰਕ ੩-ਹੁਣ ਤਕ ਨਾਮ ਦੀ ਮਹਿਮਾ ਆਪਣੇ ਨਾਮ ਜਪ ਦੇ ਤਜਰਬੇ ਵਿਚ ਦੱਸਦੇ ਰਹੇ ਹਨ, ਹੁਣ ਭਗਤੀ ਦਾ ਦੂਸਰਾ ਪਹਿਲੂ ਹਰਿ ਕੀਰਤਨ ਲੈਂਦੇ ਹਨ ਕਿ ਹਰੀ ਦੇ ਗੁਣ ਗਾਉਂਦਾ ਭਾਵ ਹਰੀ ਕੀਰਤਨ ਬੀ ਕਰਦਾ ਹਾਂ; ਇਉਂ ਮੈਂ ਨਾਮ ਤੇ ਹਰੀ ਕੀਰਤਨ ਵਾਲੀ ਭਗਤੀ ਕਰਦਾ ਹਾਂ।

ਅੰਕ ੪ ਵਿਚ ਦੱਸਦੇ ਹਨ ਕਿ ਮੇਰੀ ਕਪੜੇ ਸੀਉਣ ਵਾਲੀ ਸੂਈ ਤਾਂ ਲੋਹੇ ਦੀ ਤੇ ਤਾਗਾ ਸੂਤ ਦਾ

ਹੈ, ਪਰ ਭਗਤੀ ਪੱਖ ਵਿਚ ਮੇਰੀ ਸੂਈ ਸੋਨੇ ਦੀ ਤੇ ਤਾਗਾ ਚਾਂਦੀ ਦਾ ਹੈ। ਸੋਨੇ ਚਾਂਦੀ ਤੋਂ ਮੁਰਾਦ ਹੈ ਸ਼ੁੱਧ ਪਵਿਤ੍ਰ। ਉਹ ਬ੍ਰਿਤੀ ਜੋ ਮੋਹ ਮਾਯਾ ਤੋਂ ਸ੍ਵੱਛ ਹੋਕੇ ਈਸ਼੍ਵਰਾਕਾਰ ਰਹਿੰਦੀ ਹੈ। ਜਿਸ ਬ੍ਰਿਤੀ ਵਿਚ ਬ੍ਰਹਮ ਆਰੂੜ ਰਹਿੰਦਾ ਹੈ ਉਹ ਤਾਂ ਹੈ ਸੂਈ ਜੋ ਮੈਨੂੰ ਪਰਮਾਤਮਾਂ ਨਾਲ ਜੋੜੀ ਰਖਦੀ ਹੈ, ਅਲੱਗ ਨਹੀਂ ਹੋਣ ਦੇਂਦੀ ਤੇ ਉਸ ਸੂਈ ਵਿਚ ਤਾਗੇ ਦਾ ਕੰਮ ਦੇਂਦਾ ਹੈ ਉੱਜਲ ਉਪਦੇਸ਼ ਗੁਰੂ ਦਾ।

ਦਾਨੇ ਐਉਂ ਬੀ ਭਾਵ ਲੈਂਦੇ ਹਨ:- ਸੁਰਤ ਹੈ ਸੁਨਹਿਰੀ ਸੂਈ ਤੇ ਸ਼ਬਦ ਜੋ ਜਪੀਦਾ ਹੈ ਉਸ ਦੀ ਲਗਾਤਾਰ ਧ੍ਵਨੀ ਇਹੋ ਹੈ ਰੁਪਹਿਲੀ ਧਾਗਾ। ਅਰਥਾਤ ਸ੍ਵਾਸਾਂ ਨਾਲ ਨਾਮ ਜਪਦਿਆਂ ਸੁਖਮਾਂ ਦੇ ਦੁਆਰ ਉਤੇ ਸੁਰਤ ਨੂੰ ਪਰੋਏ ਰਖਕੇ ਹਰੀ ਨਾਲ ਚਿਤ ਜੋੜੀ ਰਖੀਦਾ ਹੈ।

ਐਉਂ ਬੀ ਭਾਵ ਲੈ ਲੈਂਦੇ ਹਨ ਕਿ ਹਰੀ ਸਿਮਰਨ ਦਾ ਕੰਮ ਸੋਨੇ ਤੇ ਚਾਂਦੀ ਵਰਗਾ ਸ੍ਵੱਛ ਪ੍ਰਕਾਸ਼ ਸਰੂਪ ਤੇ ਕੀਮਤੀ ਕੰਮ ਹੈ।

ਹਰ ਹਾਲ 'ਨਾਮੇ ਕਾ ਚਿਤੁ ਹਰਿ ਸਉ ਲਾਗਾ' ਫਲ ਦੱਸਿਆ ਹੈ। ਇਸ ਫਲ ਦੀ ਪ੍ਰਾਪਤੀ ਹਰੀ ਕੀਰਤਨ ਦੁਆਰਾ ਹੁੰਦੀ ਹੈ ਤੇ ਇਨ੍ਹਾਂ ਦੋਹਾਂ ਨਾਲ ਲਿਵ ਲਗਦੀ ਹੇ ਜੋ ਈਸ਼੍ਵਰ ਦੀ ਲੱਖਤਾ ਦੇਕੇ ਬ੍ਰਿਤੀ ਨੂੰ ਸਾਈਂ ਵਿਚ ਜੋੜੇ ਰਖਦੀ ਹੈ।

ਨਿਰੁਕ੍ਤ- ਗਜੁ-[ਫਾ:, ਗਜ਼] ਮਿਣਤੀ ਦਾ ਸੰਦ। ਇਹ ਦੋ ਹਥ (ਯਾ ਹੁਣ) ੩੬ ਇੰਚ ਦਾ ਹੁੰਦਾ ਹੈ।

ਕਾਤੀ-ਕੈਂਚੀ। ਮਪਿ-ਮਿਣਕੇ।

ਜਮ ਕੀ ਫਾਸੀ- ਮੌਤ ਦੀ ਫਾਹੀ, ਮੌਤ ਦਾ ਭੈ। ਜਨਮ ਮਰਨ ਦੀ ਕਾਲ ਚੱਕ੍ਰ ਵਿਚ ਫਸੌਤੀ।

ਰਾਂਗਨਿ-ਰੰਗਣੇ ਜੋਗ। ਸੀਵਨਿ- ਸੀਵਣੇ ਜੋਗ।

ਸੋਇਨੇ- ਸੋਨੇ ਦੀ । ਪਵਿਤ੍ਰ, ਪ੍ਰਕਾਸ਼ ਰੂਪ। ਰੁਪੇ-ਚਾਂਦੀ ਦਾ, ਸ੍ਵੱਛ। ਉੱਜਲ।

[ਆਸਾ ਨਾਮਦੇਵ ਜੀ, ਤਿਪਦਾ-੪]

ਮੂਲ	ਅਰਥ
ਆਸਾ ॥ ਸਾਪੁ ਕੁੰਚ ਛੋਡੈ ਬਿਖੁ ਨਹੀ ਛਾਡੈ ॥ ਉਦਕ ਮਾਹਿ ਜੈਸੇ ਬਗੁ ਧਿਆਨੁ ਮਾਡੈ ॥੧॥	ਸੱਪ (ਬਾਹਰੋਂ) ਕੁੰਜ ਤਾਂ ਤਿਆਗ ਦੇਂਦਾ ਹੈ, (ਪਰ ਅੰਦਰੋਂ ਵਿਹੁ ਨਹੀਂ ਤਿਆਗਦਾ। ਜੀਕੂੰ ਪਾਣੀ ਵਿਚ (ਖੜਾ) ਬਗਲਾ ਧਿਆਨ ਜੋੜਦਾ ਹੈ (ਉਹ ਬਾਹਰੋਂ ਤਾਂ ਸਾਰੇ ਦਿੱਸਦੇ ਧਯਾਨ ਰੋਕ ਲੈਂਦਾ ਹੈ, ਪਰ ਹਿਰਦੇ ਵਿਚੋਂ ਮੱਛੀ ਪਕੜਨ ਦਾ ਖਿਆਲ ਬੰਨ੍ਹੀ ਰਖਦਾ ਹੈ, ਉਹ ਨਹੀਂ ਛੋੜਦਾ)॥੧॥
ਕਾਹੇ ਕਉ ਕੀਜੈ ਧਿਆਨੁ ਜਪੰਨਾ ॥ ਜਬ ਤੇ ਸੁਧੁ ਨਾਹੀ ਮਨੁ ਅਪਨਾ ॥੧॥ ਰਹਾਉ ॥	ਧਿਆਨ ਤੇ ਜਪੁ ਕਾਸਨੂੰ ਕਰੀਏ ਜਦ ਕਿ ਆਪਣਾ ਮਨ ਹੀ ਸ਼ੁੱਧ ਨਹੀ ਹੈ॥੧॥ ਰਹਾਉ॥
ਸਿੰਘਚ ਭੋਜਨੁ ਜੋ ਨਰੁ ਜਾਨੈ ॥ ਐਸੇ ਹੀ ਠਗਦੇਉ ਬਖਾਨੈ ॥੨॥	(ਸੋ) ਜੋ ਪੁਰਖ ਜ਼ੋਰ ਜ਼ੁਲਮ ਧੱਕੇ ਫਰੇਬ ਨਾਲ ਉਪਜੀਵਕਾ ਟੋਰਦਾ ਹੈ (ਤੇ ਧਰਮੀ ਬਣ ਬਣ ਬਹਿੰਦਾ ਹੈ) ਐਸੇ ਹੀ ਨੂੰ ਠਗਾਂ ਦਾ ਗੁਰੂ ਕਹੀਦਾ ਹੈ॥੨॥
ਨਾਮੇ ਕੇ ਸੁਆਮੀ ਲਾਹਿ ਲੇ ਝਗਰਾ॥ ਰਾਮ ਰਸਾਇਨ ਪੀਉ ਰੇ ਦਗਰਾ ॥੩॥੪॥	ਨਾਮਦੇਉ ਦੇ ਸੁਆਮੀ ਰਾਮ (ਦੇ ਨਾਮ ਦਾ) ਰਸਾਯਣ ਪੀ ਤੇ (ਜਨਮ ਮਰਨ ਦਾ ਸਾਰਾ) ਝਗੜਾ ਦੂਰ ਕਰ ਲੈ, (ਸੱਚਾ ਰਸਤਾ (ਇਹੋ ਹੈ) ॥੩॥੪॥

ਵਯਾਖਯਾ- ਇਸ ਸ਼ਬਦ ਦਾ ਜੇ ਤਰਦੀ ਨਜ਼ਰੇ ਭਾਵ ਸਮਝੀਏ ਤਾਂ ਇਹ ਨਿਕਲਦਾ ਹੈ ਕਿ ਪਹਿਲਾਂ ਮਨ ਸ਼ੁੱਧ ਕਰੋ ਤਾਂ ਨਾਮ ਜਪੋ ਨਹੀਂ ਤਾਂ ਨਾ ਜਪੋ, ਪਰ ਭਗਤ ਜੀ ਦਾ ਇਹ ਭਾਵ ਨਹੀਂ ਹੈ। ਕਿਉਂਕਿ ਹੁਣੇ ਪਿਛਲੇ ਸ਼ਬਦ ਵਿਚ ਕਹਿ ਆਏ ਹਨ ਕਿ ਮੈਂ ਮਨ ਤੇ ਜਿਹਬਾ ਨਾਲ ਜਮ ਦੀ ਫਾਹੀ ਕੱਟ ਰਿਹਾ ਹਾਂ। ਅਰਥਾਤ ਨਾਮ ਜਪਕੇ ਇਸ ਨਾਲ ਮਨ ਦੀਆਂ ਮੈਲਾਂ ਤੇ ਜੋ ਬੀ ਪ੍ਰਤਿਬੰਧਕ ਹਨ ਦੂਰ ਕਰ ਰਿਹਾ ਹਾਂ, ਨਾਮ ਨੇ ਹੀ ਤਾਂ ਮਨ ਸ਼ੁੱਧ ਕਰਨਾ ਹੈ। ਸੋ ਏਥੇ ਆਪ ਦਾ ਭਾਵ ਹੈ ਨੀਯਤ ਰਾਸ ਕਰ। ਨਾਮ ਦਾ ਸਿਮਰਨ ਨੀਯਤ ਸਫਾ ਨਾਲ ਕਰ ਕਿ ਤੇਰਾ ਸਿਮਰਨ ਧਯਾਨ ਅਪਣੀ ਮੁਕਤੀ ਦੀ ਪ੍ਰਾਪਤੀ ਲਈ ਨੇਕ ਨੀਯਤੀ ਨਾਲ ਹੋਵੇ। ਇਹ ਕਪਟ ਛਲ ਲਈ ਨਹੀਂ, ਜਿਵੇਂ ਕਿ ਬਗਲਾ ਧਯਾਨ ਜੋੜਦਾ ਅਹਿੱਲ ਖੜਾ ਰਹਿੰਦਾ ਹੈ, ਮੱਛੀਆਂ ਉਸ ਨੂੰ ਸ਼ਿਕਾਰੀ ਪੰਛੀ ਨਹੀਂ ਸਮਝਦੀਆਂ, ਅਹਿੱਲ ਦੇਖਕੇ, ਅਭੋਲ ਫਿਰਦੀਆਂ ਉਸ ਦੇ ਵਹੇ ਚੜ੍ਹਕੇ ਮਰਦੀਆਂ ਹਨ। ਇਸੀ ਤਰ੍ਹਾਂ ਠਗ ਸੰਤ ਨੂੰ ਸੰਤ ਸਮਝਕੇ ਲੋਕੀਂ ਫਸਦੇ ਤੇ ਉਸ ਦੇ ਲੋਭ ਲਾਲਚ ਕਾਮ ਕ੍ਰੋਧ ਦਾ ਸ਼ਿਕਾਰ ਬਣਦੇ ਹਨ। ਫੇਰ ਜਿਵੇਂ ਸੱਪ ਕੁੰਜ ਛਡ ਦੇਂਦਾ ਹੈ ਤਿਵੇਂ ਠੱਗ ਸੰਤ ਘਰ ਬਾਰ ਛਡਕੇ ਅਤੀਤ ਤਾਂ ਹੋ ਬਹਿੰਦਾ ਹੈ ਪਰ ਅੰਦਰੋਂ ਉਹ ਸੱਪ ਦੇ ਜ਼ਹਿਰ ਨਾ ਛੱਡਣੇ ਵਾਙੂ ਅਪਣੇ ਕਾਮ ਕ੍ਰੋਧ ਲਾਲਚ ਮੋਹ ਆਦਿ ਦੀ ਵਿਹੁ ਨਹੀਂ ਛਡਦਾ। ਲੋਕੀ ਬਾਹਰਲਾ ਤਯਾਗ ਮਾਤ੍ਰ ਦੇਖਕੇ ਫਸਦੇ ਹਨ ਤੇ ਮਗਰੋਂ ਦੁਖੀ ਹੁੰਦੇ ਹਨ।

ਸੋ ਰਹਾਉ ਵਿਚ ਕਹਿੰਦੇ ਹਨ ਕਿ ਜਦੋਂ ਮਨ ਸ਼ੁੱਧ ਨਹੀਂ, ਭਾਵ ਨੀਯਤ ਰਾਸ ਨਹੀਂ, ਤਯਾਗ ਤੇ ਧਯਾਨ ਸਦਗਤੀ ਦੀ ਨੀਯਤ ਨਾਲ ਨਹੀਂ ਪਰ ਕਪਟ ਛਲ ਲਈ ਬਨਾਉਟਾਂ ਹਨ, ਤਾਂ ਕਿਉਂ ਕਪਟ ਧਾਰਦੇ ਹੋ!

ਅੰਕ ੨ ਵਿਚ ਸਮੁੱਚਾ ਭਾਵ ਦੱਸਦੇ ਹਨ ਕਿ ਜੋ ਪੁਰਸ਼ 'ਸਿੰਘਚ ਭੋਜਨ' ਵਿਚ ਰੁਚੀ ਰਖਦਾ ਹੈ ਤੇ ਉਸਦੀ ਪ੍ਰਾਪਤੀ ਦਾ ਵੱਲ ਜਾਣਦਾ ਹੈ, ਉਸ ਨੂੰ ਠੱਗਾਂ ਦਾ ਦੇਵਤਾ (=ਪੂਜਯ ਯਾ) ਗੁਰੁ ਸਮਝੋ।

ਸਿੰਘਚ ਭੋਜਨ ਦਾ ਅਰਥ ਹੈ ਸ਼ੇਰ ਦਾ ਭੋਜਨ, ਭਾਵ ਹੈ ਦੂਸਰਿਆਂ ਦੀ ਹਿੰਸਾ ਕਰਕੇ ਜੋ ਭੋਜਨ ਮਿਲੇ। ਸ਼ੇਰ ਅਪਣੀ ਖ਼ੁਰਾਕ ਜ਼ੋਰ ਜ਼ੁਲਮ ਨਾਲ ਪੈਦਾ ਕਰਦਾ ਹੈ ਤੇ ਛਲ ਬੀ ਕਰਦਾ ਹੈ। ਕਿਤੇ ਲੁਕਵੇਂ ਥਾਂ ਚੁਪ ਚਾਪ ਅਹਿੱਲ ਬਹਿ ਰਹਿੰਦਾ ਹੈ ਤੇ ਸ਼ਿਕਾਰ ਦੇ ਪਾਸੋਂ ਲੰਘਦਿਆਂ ਯਾ ਛਾਲ ਦੀ ਮਾਰ ਵਿਚ ਲੰਘਦਿਆਂ ਦੇਖੇ ਤਾਂ ਗਰਜਕੇ ਅਚਾਨਕ ਜਾ ਪੈਂਦਾ ਹੈ। ਭਗਤ ਜੀ ਦਾ ਭਾਵ ਹੈ ਜ਼ੋਰ ਜ਼ੁਲਮ ਧੱਕੇ ਫਰੇਬ ਨਾਲ ਸੰਤ ਬਣ ਬਣਕੇ ਉਪਜੀਵਕਾ ਟੋਰਦਾ ਕਿ ਧਨ ਜਮ੍ਹਾ ਕਰਦਾ ਹੈ, ਉਹ ਠੱਗਾਂ ਦਾ ਗੁਰੂ ਹੈ ਸੰਤ ਨਹੀਂ ਹੈ।

ਸਿੰਘਚ ਭੋਜਨ ਦਾ ਅਰਥ ਹੋਰ ਹੋਰ ਤਰ੍ਹਾਂ ਬੀ ਲਾਉਂਦੇ ਹਨ ਪਰ ਭਾਵ ਉਹੋ ਰਹਿੰਦਾ ਹੈ: ਧੱਕੇ ਤੇ ਫਰੇਬ ਨਾਲ ਪੈਦਾ ਕੀਤੀ ਉਪਜੀਵਕਾ। ਸੋ ਦਾਨੇ ਸੱਜਣ 'ਸਿੰਘਚ' ਪਦ ਦਾ ਅਰਥ ਕਾਲਾ ਤਿੱਤਰ ਕਰਦੇ ਹਨ ਜੋ ਬੋਲਦਾ ਤਾਂ ਹੈ 'ਸੁਬਹਾਨ ਤੇਰੀ ਕੁਦਰਤ' ਤੇ ਭੋਜਨ ਕਰਦਾ ਹੈ ਕੀੜਿਆਂ ਦਾ।

ਦੂਸਰਾ ਅਰਥ ਐਉਂ ਕਰਦੇ ਹਨ: ਸਿੰਘ+ਅਚ-ਭੋਜਨ। ਕਥਾ ਇਹ ਦੱਸਦੇ ਹਨ ਕਿ ਅਨਲ ਨਾਮੇ ਇਕ ਪੰਛੀ ਹੈ ਜਿਸ ਦੀ ਬੋਲੀ ਹੈ 'ਸਹਸਾ ਮਤ ਕਰ', ਪਰ ਜਦ ਮਾਸ ਖਾਕੇ ਸੁੱਤਾ ਸ਼ੇਰ ਉਬਾਸੀ ਲੈਂਦਾ ਹੈ ਤਾਂ ਉਸ ਦੀਆਂ ਦਾੜ੍ਹਾਂ ਵਿਚ ਫਸੇ ਮਾਸ ਦੇ ਟੁਕੜੇ ਫੁਰਤੀ ਨਾਲ ਕੱਢ ਲਿਜਾਂਦਾ ਹੈ। ਏਹ ਸਾਰੇ ਯਤਨ ਫਰੇਬ ਤੇ ਧੱਕੇ ਵਲ ਹੀ ਅਰਥ ਬ੍ਰਿਤੀ ਨੂੰ ਲੈ ਜਾਂਦੇ ਹਨ।

ਇਸ ਸਾਰੇ ਕਥਨ ਤੋਂ ਬੀ ਸਾਬਤ ਹੋਇਆ ਕਿ ਸਾਰੇ ਵਾਕ ਠੱਗਾਂ ਸੰਤਾਂ ਲਈ ਹਨ। ਜੋ ਸੰਤ ਬਣਦੇ ਹਨ ਪਰ ਕਪਟ ਨਾਲ ਚੰਮ ਦੰਮ ਠੱਗਣ ਦੇ ਪਿਆਰੇ ਹੁੰਦੇ ਹਨ। ਉਸ ਆਦਮੀ ਨੂੰ ਨਹੀਂ ਕੋਸ ਰਹੇ ਜੋ ਹੈ ਤਾਂ ਮਨ ਦਾ ਮੈਲਾ ਪਰ ਨੇਕ ਨੀਯਤੀ ਨਾਲ ਮੈਲ ਧੋਣ ਲਈ ਨਾਮ ਸਿਮਰਦਾ ਹੈ ਧਿਆਨ ਜੋੜਦਾ ਹੈ।

ਅੰਕ ੪ ਵਿਚ ਸੱਚਾ ਰਸਤਾ ਦੱਸਦੇ ਹਨ ਕਿ ਜੇ ਤੂੰ ਨੀਯਤ ਰਾਸ ਨਾ ਕਰਕੇ ਜਪੇਂਗਾ, ਤਾਂ

ਸਦਗਤੀ ਨਹੀਂ, ਪਰ ਸਦਗਤੀ ਦੀ ਲੋੜ ਹੈ, ਸੋ ਲੋਭ ਲਾਲਚ ਕਾਮ ਕ੍ਰੋਧ ਆਦਿ ਛੋੜਕੇ ਨਾਮ ਜਪ, ਸ਼ੁੱਧ ਹੋਕੇ ਨਾਮ ਦਾ ਰਸ ਪੀ, ਇਸ ਨਾਲ ਜਨਮ ਮਰਨ ਦਾ ਝਗੜਾ ਹੀ ਮੁੱਕ ਜਾਏਗਾ, ਇਹ ਰਸਤਾ ਮੁਕਤੀ ਦਾ ਠੀਕ ਹੈ। ਦੋਹਾਂ ਤੁਕਾਂ ਦਾ ਅੰਨਵਯ ਇਉਂ ਕਰੀਦਾ ਹੈ:-

ਨਾਮੇ ਕੇ ਸੁਆਮੀ ਰਾਮ (ਦੀ) ਰਸਾਇਨ ਪੀਉਰੇ (ਤੇ) ਲਾਹਿ ਲੇ ਝਗਰਾ (ਜਨਮ ਮਰਨ ਦਾ, ਇਹ ਹਈ) ਦਗਰਾ (ਅਸਲ ਰਸਤਾ)।

ਪਰ 'ਰੇ ਦਗਰਾ' ਹੋਣ ਕਰਕੇ ਕਈ ਦਾਨੇ ਦਗਰਾ ਦਾ ਅਰਥ ਦਗ਼ੇ ਬਾਜ਼ ਕਰਦੇ ਹਨ ਕਿ ਹੇ ਦਗ਼ੇ ਬਾਜ਼ (ਠੱਗ ਸੰਤ!) ਛੱਡ ਸਾਰੇ ਝਗੜੇ ਕਪਟ ਛਲ ਮਾਇਆ ਦੇ ਲੋਭ ਆਦਿ ਦੇ ਤੇ ਨੇਕ ਨੀਯਤ ਹੋਕੇ ਰਾਮ ਰਸਾਇਣ ਪੀ।

ਨਿਰੁਕ੍ਤ-ਸਾਪੁ- [ਸੰਸ:, ਸਰ੍ਪ:। ਹਿੰਦੀ, ਸਾਂਪ] ਸੱਪ। ਇਕ ਮਸ਼ਹੂਰ ਜ਼ਹਿਰੀਲਾ ਕੀੜਾ, ਜੋ ਜ਼ਮੀਨ ਤੇ ਰੀਂਗਕੇ ਚਲਦਾ ਹੈ।

ਕੁੰਚ- [ਸੰਸ:, ਧਾਤੂ, ਕੁੰਚ੍=ਟੇਢਾ ਤੁਰਨਾ, ਸੁੰਗੜਨਾ, ਛੋਟਾ ਹੋਣਾ, ਆਦਿ। ਹਿੰਦੀ,] ਸੱਪ ਦੀ ਉਪਰਲੀ ਖੱਲ, ਜੋ ਉਹ ਲਗ ਪਗ ਹਰ ਸਾਲ ਲਾਹਕੇ ਸੱਟ ਦੇਂਦਾ ਹੈ।

ਬਿਖੁ -[ਸੰਸ:, ਵਿਸ਼ੰ] ਜ਼ਹਿਰ, ਵਿਹੁ।

ਉਦਕ-[ਸੰਸ:,ਉਦਕੰ] ਪਾਣੀ

ਬਗੁ-ਬਗਲਾ।

ਮਾਡੈ-[ਸੰਸ:, ਮੰਡਨੰ ਤੋਂ ਮਾਡਨਾ=ਸਜਾਉਣਾ। ਲਗਾਉਣਾ] ਲਗਾਉਂਦਾ ਹੈ, ਜੋੜਦਾ ਹੈ।

ਜਪੰਨਾ-ਜਾਪ।

ਸਿੰਘਚ ਭੋਜਨੁ -ਵਯਾਖਯਾ ਵਿਚ ਵਿਚਾਰ ਆ ਚੁਕੀ ਹੈ।

ਠਗ ਦੇਉ-ਵਿਚਾਰ ਵਯਾਖਯਾ ਵਿਚ ਆ ਚੁਕੀ ਹੈ।

ਦਗਰਾ-[ਹਿੰਦੀ, ਡਗ=ਰਸਤਾ] ਰਾਹ, ਰਸਤਾ। (ਅ) ਦਗ਼ਾ+ਰਾ=ਦਗੇਬਾਜ਼। ਛਲੀਆ।

[ਆਸਾ ਨਾਮਦੇਵ ਜੀ, ਦੁਪਦਾ-੫]

ਪ੍ਰਾਕ੍ਥਨ-ਗਯਾਨਵਾਨ ਤੇ ਭਗਤ ਲੱਛਣ, ਜੀਵ ਦਾ ਗਿਰਾਉ ਤੇ ਗਯਾਨੀ ਬਣਨ ਦੀ ਡੌਲ।

ਮੂਲ	ਅਰਥ
ਆਸਾ ॥ ਪਾਰਬ੍ਰਹਮੁ ਜਿ ਚੀਨ੍ਹਸੀ ਆਸਾ ਤੇ ਨ ਭਾਵਸੀ ॥ ਰਾਮਾ ਭਗਤਹ ਚੇਤੀਅਲੇ ਅਚਿੰਤ ਮਨੁ ਰਾਖਸੀ ॥੧॥	[ਪਹਿਲੋਂ ਗਯਾਨਵਾਨ ਤੇ ਭਗਤ ਦੇ ਲੱਛਣ ਕਹਿੰਦੇ ਹਨ] ਜੋ ਪਾਰਬ੍ਰਹਮ (ਪਰਮੇਸ਼ੁਰ ਨੂੰ) ਪਛਾਣ ਲਏਗਾ ਉਸ ਨੂੰ (ਹੋਰ ਵਿਸ਼ੇ ਸੁਖ ਆਦਿਕਾਂ ਦੀਆਂ) ਆਸਾਂ ਚੰਗੀਆਂ ਨਹੀਂ ਲੱਗਣਗੀਆਂ। (ਜੋ) ਰਾਮ ਦੀ ਭਗਤੀ ਨੂੰ ਨਾ ਭੁਲਾਏਗਾ (ਉਹ) ਮਨ ਨੂੰ ਹੋਰ ਚਿੰਤਾ ਤੋਂ (ਬਚਾਕੇ) ਰਖੇਗਾ॥੧॥
ਕੈਸੇ ਮਨ ਤਰਹਿਗਾ ਰੇ ਸੰਸਾਰੁ ਸਾਗਰੁ ਬਿਖੈ ਕੋ ਬਨਾ ॥ ਝੂਠੀ ਮਾਇਆ ਦੇਖਿ ਕੈ ਭੂਲਾ ਰੇ ਮਨਾ ॥੧॥ ਰਹਾਉ ॥	[ਹੁਣ ਆਪਣੇ ਆਪ ਵਲ ਝਾਤੀ ਮਾਰਕੇ ਨੰਮ੍ਰ ਵਚਨ ਕਹਿੰਦੇ ਹਨ] (ਪਰ) ਹੇ ਮਨ!(ਦੇਖ) ਸੰਸਾਰ (ਤਾਂ ਇਕ) ਸਮੁੰਦਰ ਹੈ, (ਜਿਸ ਵਿਚ) ਵਿਸ਼ਿਆਂ ਦਾ ਜਲ (ਭਰਪੂਰ ਹੈ, ਇਹ) ਕਿਵੇਂ ਤਰੇਂਗਾ ? ਹਾਂ ਹੇ ਮਨ! (ਤੂੰ ਸੰਸਾਰ ਦੀ) ਝੂਠੀ ਮਾਇਆ ਨੂੰ ਦੇਖਕੇ ਭੁੱਲ ਰਿਹਾ ਹੈਂ॥੧॥ ਰਹਾਉ॥
ਛੀਪੇ ਕੇ ਘਰਿ ਜਨਮੁ ਦੈਲਾ ਗੁਰ ਉਪਦੇਸੁ ਭੈਲਾ॥ ਸੰਤਹ ਕੈ ਪਰਸਾਦਿ ਨਾਮਾ ਹਰਿ ਭੇਟੁਲਾ ॥੨॥੫॥	(ਫੇਰ ਦੇਖੋ ਮੈਨੂੰ) ਛੀਂਬੇ (ਨੀਵੀਂ ਜਾਤਿ ਵਾਲੇ) ਦੇ ਘਰ ਜਨਮ ਦਿੱਤਾ, (ਪਰ ਮੈਨੂੰ) ਗੁਰੂ ਦਾ ਉਪਦੇਸ਼ ਮਿਲ ਗਿਆ, ਇਉਂ ਸੰਤਾਂ ਦੀ ਮੇਹਰ ਦੁਆਰੇ ਨਾਮ ਨੇ ਹਰੀ ਭੇਟ ਲਿਆ (ਭਾਵ ਹਰੀ ਪ੍ਰਾਪਤ ਹੋ ਗਿਆ)॥੨॥੫॥

ਵਯਾਖਯਾ– ਅੰਕ ੧-ਲੱਛਣ ਕਹਿੰਦੇ ਹਨ ਗਯਾਨਵਾਨ ਦੇ ਪਹਿਲੀ ਤੁਕ ਵਿਚ ਤੇ ਲੱਛਣ ਕਰਦੇ ਹਨ ਭਗਤ ਦੇ ਦੂਜੀ ਤੁਕ ਵਿਚ, ਜੋ ਪਾਰਬ੍ਰਹਮ ਨੂੰ ਲਖ ਲੈਂਦਾ ਹੈ, ਅਰਥਾਤ ਅੰਤਰ ਆਤਮੇ ਅਨੁਭਵ ਕਰ ਲੈਂਦਾ ਹੈ ਉਹ ਸਰਬ ਆਸਾ ਤੇ ਨਿਰਾਸ ਰਹਿੰਦਾ ਹੈ। ਆਸ ਵਿਚ ਰਹਿਣਾ ਆਮ ਇਨਸਾਨੀ ਸੁਭਾਵ ਹੈ ਪਰ ਗਯਾਨਵਾਨ ਨੂੰ ਦੁਖ ਰੂਪ ਹੈ। ਯਥਾ:-

ਦੁਖਿ ਰੈਣਿ ਵੇ ਵਿਹਾਣੀਆ ਨਿਤ ਆਸਾ ਆਸ ਕਰੇਦਿਆ॥ [ਸੂਹੀ ਮਹਲਾ ੪ ਛੰਤ-੧੮]

ਜਦ "ਤੁਮ ਪੂਰਨ ਪੂਰਿ ਰਹੇ ਸੰਪੂਰਨ" ਨੂੰ ਮਿਲ ਪਏ ਤਾਂ 'ਹਮ ਭੀ ਸੰਗਿ ਅਘਾਏ'* ਹੋ ਗਿਆ। ਅਘਾਏ ਨੂੰ ਫੇਰ ਆਸਾ ਕਿਸ ਗਲ ਦੀ?

ਰਹਾਉ– ਇਸ ਅੰਕ ਵਿਚ ਅਪਣੀ ਦਸ਼ਾ ਕਹੀ ਹੈ। ਇਹ ਉਪਰਲੇ ਲੱਛਣਾਂ ਦੇ ਉਲਟ ਜਾ ਰਹੀ ਦੱਸੀ ਹੈ। ਇਹ ਗਲ ਬੀ ਪਹਿਲੇ ਅੰਕ ਦੇ ਅਰਥਾਂ ਨੂੰ ਬੰਨ੍ਹ ਦੇਂਦੀ ਹੈ ਕਿ ਅੰਕ ੧ ਵਿਚ ਗਯਾਨਵਾਨ ਤੇ ਭਗਤ ਦੇ ਲੱਛਣ ਕਹੇ ਹਨ। ਹੁਣ ਰਹਾਉ ਵਿਚ ਦੱਸਦੇ ਹਨ ਕਿ ਝੂਠੀ ਮਾਇਆ ਪਸਰ ਰਹੀ ਹੈ; ਹੈ ਨਹੀਂ ਪਰ ਸਤਿ ਹੋਕੇ ਦਿੱਸ ਰਹੀ ਹੈ। ਇਸ ਤੋਂ ਬਚਣਾ ਐਸਾ ਔਖਾ ਹੈ ਜੈਸਾ ਸਮੁੰਦਰ ਨੂੰ ਤਰ ਕੇ ਪਾਰ ਹੋਣਾ। ਇਹ ਸਮੁੰਦਰ ਪਾਣੀ ਦਾ ਨਹੀਂ ਇਹ ਤਾਂ ਵਿਸ਼ਿਆਂ ਰੂਪ ਪਾਣੀਆਂ ਦਾ ਸਾਗਰ ਹੈ। ਇਹ ਉਪਦੇਸ਼ ਆਪਣੇ ਦੁਆਰਾ ਦੇਕੇ ਹੁਣ ਅੰਕ ੨ ਵਿਚ ਨਿਜ ਤਜਰਬਾ ਦੇਕੇ ਦੱਸਦੇ ਹਨ ਕਿ ਇਸ ਔਖੇ ਸਾਗਰ ਨੂੰ ਐਉਂ ਤਰੀਦਾ ਹੈ:-

ਦਸ਼ਾ ਤਾਂ ਹੋਵੇ ਮਨ ਦੀ ਵਿਸ਼ਯਾਸ਼ਕਤ, ਜੈਸੀ ਕਿ ਰਹਾਉ ਵਿਚ ਦੱਸੀ ਹੈ ਤੇ ਸੰਸਾਰਕ ਸਤਿਕਾਰ ਵਲੋਂ ਹੋਵੇ ਨੀਵਾਂਪਨ ਜੈਸਾ ਕਿ ਨੀਚ ਜਾਤੀ ਵਿਚ ਜਨਮ ਹੋਣਾ ਹੈ, ਉਸ ਨੂੰ ਬੀ ਜੇ ਮਿਲ ਪਵੇ ਗੁਰੂ ਦਾ ਉਪਦੇਸ਼ ਤੇ ਉਹ ਕਰੇ ਕਮਾਈ ਉਸ ਉਪਦੇਸ਼ ਦੀ ਤੇ ਨਾਲ ਮਿਲ ਪਵੇ ਪ੍ਰਸਾਦ ਉਪਦੇਸ਼ ਦਾਤਾ ਸੰਤ ਦਾ ਤਾਂ ਹਰੀ ਮਿਲ ਪੈਂਦਾ ਹੈ। ਸੋ ਸ਼ਬਦ ਵਿਚ ਤ੍ਰੈ ਹਾਲਤਾਂ ਦੱਸੀਆਂ ਹਨ:-ਪਹਿਲੀ ਵਿਚ, ਗਯਾਨਵਾਨ ਤੇ ਭਗਤ ਦੇ ਲੱਛਣ ਕਹੇ, ਦੂਜੀ ਵਿਚ ਇਨਸਾਨ ਦੀ ਗਿਰੀ ਹੋਈ ਹਾਲਤ ਦੱਸੀ ਤੀਸਰੀ ਵਿਚ ਉਹ ਜਾਚ ਦੱਸੀ ਕਿ ਗਿਰੀ ਹੋਈ ਦਸ਼ਾ ਤੋਂ ਉੱਠਕੇ ਪਹਿਲੀ ਲੱਛਣਾਂ ਵਿਚ ਦੱਸੀ ਮੁਕਤ ਅਵਸਥਾ ਨੂੰ ਇਨਸਾਨ ਕੀਕੂੰ ਪੁੱਜ ਪਵੇ।

ਨਿਰੁਕ੍ਤ–ਚੀਨ੍ਹਸੀ-ਪਛਾਣੇਗਾ, ਅਨੁਭਵ ਕਰ ਲਏਗਾ। ਭਾਵ ਹੈ ਨਿਰਾ ਮਨੋ ਗਯਾਨ ਨਾਲ ਨਹੀਂ, ਸਚਮੁਚ ਆਤਮ ਗਯਾਨ ਨੂੰ ਪ੍ਰਾਪਤ ਹੋ ਜਾਏਗਾ। ਸਚਮੁਚ ਦੇ ਗਯਾਨਵਾਨ ਹੋਣ ਤੋਂ ਮੁਰਾਦ ਹੈ। ਤੇ – ਉਸ ਨੂੰ।

ਰਾਮਾ ਭਗਤਹ – ਰਾਮ ਦੀ ਭਗਤੀ ਨੂੰ ।

ਚੇਤੀਅਲੇ–ਚੇਤੇਗਾ, ਯਾਦ ਰਖੇਗਾ, ਭੁੱਲੇਗਾ ਨਹੀਂ।

ਅਚਿੰਤ–ਚਿੰਤਾ ਤੋਂ ਰਹਿਤ। ਭਾਵ ਹਰੀ ਚਿੰਤਨ ਤੋਂ ਛੁੱਟ ਹੋਰ ਕੋਈ ਚਿੰਤਾ ਨਹੀਂ ਰਖੇਗਾ।

ਬਨਾ–[ਸੰਸ:, ਵਨੰ=ਜਲ। ਜੰਗਲ] ਜਲ। (ਅ) ਬਨ ਦਾ ਅਰਥ ਜੰਗਲ ਬੀ ਹੈ, ਸੰਸਾਰ ਸਾਗਰ ਤੇ ਵਿਸ਼ਿਆਂ ਦਾ ਜੰਗਲ ਐਉਂ ਬੀ ਅਰਥ ਕਰ ਲਈਦੇ ਹਨ ਪਰ ਸਾਗਰ ਵਿਚ ਜਲ ਅਰਥ ਵਧੇਰੇ ਢੁਕਵਾਂ ਹੈ, ਕਿਉਂਕਿ ਸਾਗਰ ਜੰਗਲ ਨਹੀਂ ਹੈ, ਪਾਣੀ ਤਾਂ ਹੈ, ਕਿਉਂਕਿ ਸੰਸਾਰ ਸਾਗਰ ਨੂੰ ਬਿਖੈ ਕੋ ਬਨਾ ਕਿਹਾ ਹੈ । ਛੀਪੈ – ਛਾਪਣ ਵਾਲਾ। ਛੀਂਬਾ। ਛੀਂਬੇ ਧੋਣ, ਰੰਗਣ, ਤੇ ਸੀਉਣ ਦੇ ਤ੍ਰੈਏ ਕੰਮ ਕਰਦੇ ਹੁੰਦੇ ਸਨ। ਦੈਲਾ–ਦਿੱਤਾ। ਭੈਲਾ– ਮਿਲਿਆ

ਭੇਟੁਲਾ–ਭੇਟ ਲਿਆ। ਭਾਵ ਨਾਮੇ ਨੂੰ ਹਰੀ ਪ੍ਰਾਪਤ ਹੋ ਗਿਆ।

---

*ਰਾਮਕਲੀ ਮਹਲਾ-੫-੬।

[ਆਸਾ ਰਵਿਦਾਸ ਜੀ, ਚਉਪਦਾ-੧]

ਆਸਾ ਬਾਣੀ ਸ੍ਰੀ ਰਵਿਦਾਸ ਜੀਉ ਕੀ ੧ਓ ਸਤਿਗੁਰ ਪ੍ਰਸਾਦਿ॥

ਪ੍ਰਾਕ੍ਥਨ-ਪੰਜ ਦੋਸ਼ਾਂ ਵਾਲੇ (ਮਾਨੁਖ) ਦੀ ਕਲਜਾਣ ਲਈ ਅਰਦਾਸ।

ਮੂਲ	ਅਰਥ
ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ ॥ ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ ॥੧॥	ਹਰਨ, ਮੱਛੀ, ਭੌਰਾ, ਭੰਬਟ, ਹਾਥੀ ਇਕ ਇਕ ਦੋਸ਼ ਕਰਕੇ ਨਾਸ਼ ਹੋ ਜਾਂਦੇ ਹਨ, (ਏਹ) ਪੰਜੇ ਦੋਸ਼, ਜਿਨ੍ਹਾਂ ਦਾ ਜਿੱਤ ਲੈਣਾ ਹੋ ਨਹੀਂ ਸਕਦਾ (ਸਾਰੇ ਦੇ ਸਾਰੇ) ਜਿਸ ਵਿਚ ਹੋਣ ਉਸ (ਦੇ ਬਚ ਰਹਿਣ) ਦੀ ਆਸ ਕਿੰਨੀ ਕੁ ਹੋ ਸਕਦੀ ਹੈ? (ਭਾਵ ਨਹੀਂ ਹੋ ਸਕਦੀ)* ॥੧॥
ਮਾਧੋ ਅਬਿਦਿਆ ਹਿਤ ਕੀਨ ॥ ਬਿਬੇਕ ਦੀਪ ਮਲੀਨ ॥੧॥ ਰਹਾਉ॥	ਹੇ ਪ੍ਰਭੂ! (ਮਾਨੁਖ ਨੇ) ਅਵਿਦਜਾ ਨਾਲ ਪ੍ਰੇਮ ਪਾ ਲਿਆ ਹੈ, (ਇਸ ਕਰਕੇ ਇਸ ਦਾ) ਗਜਾਨ ਦਾ ਦੀਵਾ ਮੱਧਮ ਪੈ ਗਿਆ ਹੈ॥੧॥ ਰਹਾਉ॥
ਤ੍ਰਿਗਦ ਜੋਨਿ ਅਚੇਤ ਸੰਭਵ ਪੁੰਨ ਪਾਪ ਅਸੋਚ ॥ ਮਾਨੁਖਾ ਅਵਤਾਰ ਦੁਲਭ ਤਿਹੀ ਸੰਗਤਿ ਪੋਚ ॥੨॥	ਟੇਢਾ ਚੱਲਣ ਵਾਲੀਆਂ (ਭਾਵ ਨੀਵੀਆਂ) ਜੂਨਾਂ ਵਿਚਾਰ ਹੀਨ ਪੈਦਾ ਹੋਈਆਂ ਹਨ, (ਓਹ) ਪਾਪ ਪੁੰਨ ਤੋਂ ਅਸੋਚ ਹਨ (ਭਾਵ ਸੋਚ ਨਹੀਂ ਸਕਦੀਆਂ। ਪਰ) ਮਾਨੁੱਖਾ ਜਨਮ ਤਾਂ ਕਠਨਤਾ ਨਾਲ ਮਿਲਦਾ ਹੈ, (ਇਸ ਵਿਚ ਪਾਪ ਪੁੰਨ ਦੀ ਸੋਝੀ ਹੈ, ਪਰ ਦੇਖੋ ਦੁਰਲਭ ਦੇਹੀ ਪਾਕੇ) ਇਸ ਦੀ ਸੰਗਤਿ (ਉਨ੍ਹਾਂ) ਨੀਚਾਂ ਨਾਲ ਹੈ, (ਭਾਵ ਮਾਨੁਖ ਕਾਮ ਕ੍ਰੋਧ ਆਦਿ ਦੇ ਕੁਸੰਗ ਵਿਚ ਰਹਿੰਦਾ ਹੈ)॥੨॥
ਜੀਅ ਜੰਤ ਜਹਾ ਜਹਾ ਲਗੁ ਕਰਮ ਕੇ ਬਸਿ ਜਾਇ ॥ ਕਾਲ ਫਾਸ ਅਬਧ ਲਾਗੇ ਕਛੁ ਨ ਚਲੈ ਉਪਾਇ ॥੩॥	ਜੀਵ ਜੰਤੂ ਜਿਥੇ ਜਿਥੇ ਤੀਕ ਕਰਮਾਂ ਦੇ ਵੱਸ ਪਏ ਜਾਂਦੇ ਹਨ (ਓਥੇ ਓਥੇ) ਕਾਲ ਦੀ ਨਾ ਕੱਟੀ ਜਾ ਸਕਣ ਵਾਲੀ ਫਾਹੀ ਉਨ੍ਹਾਂ ਨੂੰ ਚੰਬੜੀ ਹੋਈ ਹੈ, (ਉਸ ਦੇ ਕੱਟਣ ਦਾ) ਕੋਈ ਉਪਾਉ ਨਹੀਂ ਚਲਦਾ॥੩॥
ਰਵਿਦਾਸ ਦਾਸ ਉਦਾਸ ਤਜੁ ਭ੍ਰਮੁ ਤਪਨ ਤਪੁ ਗੁਰ ਗਿਆਨ ॥ ਭਗਤ ਜਨ ਭੈ ਹਰਨ ਪਰਮਾਨੰਦ ਕਰਹੁ ਨਿਦਾਨ ॥੪॥੧॥	(ਤਾਂਤੇ ਇਨ੍ਹਾਂ ਪੰਜਾਂ ਤੋਂ) ਉਦਾਸ ਹੇ ਦਾਸ ਰਵਿਦਾਸ! ਭਰਮ ਨੂੰ ਦੂਰ ਕਰ, ਤੇ ਗੁਰੂ ਦੇ ਗਿਆਨ ਦੀ ਤਪਸਜਾ ਕਰ, (ਤੇ ਬਿਨਯ ਕਰ ਕਿ) ਹੇ ਭਗਤ ਜਨਾਂ ਦੇ ਭੈ ਹਰਨ ਵਾਲੇ ਪਰਮਾਨੰਦ (ਪ੍ਰਭੂ! ਅਵਿਦਜਾ ਰੂਪੀ ਆਦਿ ਕਾਰਣ ਨੂੰ) ਦੂਰ ਕਰ ਦਿਓ॥੪॥੧॥

ਵਜਾਖਜਾ-ਅੰਕ ੧. ਭਗਤ ਜੀ ਪੰਜ ਜੰਤੂ ਐਸੇ ਲੈਂਦੇ ਹਨ ਜਿਨ੍ਹਾਂ ਵਿਚ ਇਕ ਇਕ ਵਿਸ਼ਾ ਪ੍ਰਬਲ ਹੈ ਤੇ ਉਹੀ ਉਹਨਾਂ ਦੀ ਮੌਤ ਦਾ ਅਕਸਰ ਕਾਰਣ ਬਣਦਾ ਹੈ। ਜਿਹਾ ਕੁ: ਮ੍ਰਿਗ ਯਾ ਹਰਨ ਨੂੰ

* ਪੰਜੇ ਦੋਸ਼ ਮਾਨੁਖ ਵਿਚ ਹਨ, ਇਹ ਭਾਵ ਹੈ।

ਨਾਦ ਸੁਨਣ ਦਾ ਵਿਸ਼ਾ ਪ੍ਰਬਲ ਹੈ, ਉਸ ਦੇ ਸੁਣਨ ਵਿਚ ਮਸਤ ਹੋ ਜਾਂਦਾ ਹੈ ਤਾਂ ਸ਼ਿਕਾਰੀ ਦਾ ਸ਼ਿਕਾਰ ਬਣ ਜਾਂਦਾ ਹੈ। ਮੱਛੀ ਨੂੰ ਜੀਭ ਦਾ ਰਸ ਹੈ, ਕੁੰਡੀ ਨੂੰ ਲਗੀ ਬੋਟੀ ਕਿ ਗੰਡੋਆ ਆਦਿ ਨੂੰ ਨਿਗਲ ਜਾਕੇ ਫਸ ਜਾਂਦੀ ਹੈ। ਵਡੇ ਜਾਲ ਵਾਲੇ ਮਾਛੀ ਕੁਛ ਖਾਜਾ ਪਾਕੇ ਜਾਲ ਦੀ ਘੇਰ ਵਿਚ ਮੱਛੀਆਂ ਲੈ ਆਉਂਦੇ ਹਨ। ਤਿਵੇਂ ਭੌਰੇ ਨੂੰ ਵਾਸ਼ਨਾ ਦੇ ਮਸਤ ਹੋਣ ਦਾ ਵਿਸ਼ਾ ਪ੍ਰਬਲ ਹੈ, ਉਹ ਕਵਲ ਵਿਚ ਬੈਠਾ ਉਸ ਦੇ ਰਾਤ ਦੇ ਬੰਦ ਹੋ ਜਾਣ ਨਾਲ ਵਿੱਚੇ ਫਸ ਮਰਦਾ ਹੈ। ਭੰਬਟ ਯਾ ਪਰਵਾਨੇ ਨੂੰ ਪ੍ਰਕਾਸ਼ ਦੇਖਣੇ ਦਾ ਵਿਸ਼ਾ ਪ੍ਰਬਲ ਹੈ ਸੋ ਦੀਵੇ ਦੀ ਲਾਟ ਤੇ ਮੋਹਿਤ ਹੋ, ਪਾਸ ਜਾਂਦਾ ਸੜ ਮਰਦਾ ਹੈ। ਹਾਥੀ ਨੂੰ ਕਾਮ ਦਾ ਵਿਸ਼ਾ ਪ੍ਰਬਲ ਹੈ, ਉਹ ਕਲਬੂਤ ਦੀ ਹਥਨੀ ਦੇਖਕੇ, ਜਿਥੇ ਉਹ ਖੜੀ ਕੀਤੀ ਹੁੰਦੀ ਹੈ ਧਾਕੇ ਜਾਂਦਾ ਹੈ, ਹੇਠਾਂ ਟੋਆ ਹੁੰਦਾ ਹੈ ਸੋ ਡਿੱਗਕੇ ਫਸ ਜਾਂਦਾ ਤੇ ਮਹਾਵਤਾਂ ਦੇ ਅੰਕੁਸ ਸਹਾਰਦਾ ਹੈ।

ਮਾਨੁਖ ਵਿਚ ਏਹ ਪੰਜੇ ਔਗੁਣ, ਐਬ, ਯਾ ਪ੍ਰਬਲ ਸੁਭਾਵ ਹਨ। ਇਸ ਦਾ ਇਨ੍ਹਾਂ ਤੋਂ ਬਚਕੇ ਵੈਰਾਗ ਵਿਵੇਕ ਵਿਚ ਜਾਣਾ ਇਸ ਹਿਸਾਬ ਅਤਿ ਕਠਨ ਹੋ ਗਿਆ। ਪੰਜਾਂ ਦੋਸ਼ਾਂ ਨੂੰ ਅਸਾਧ ਕਹਿੰਦੇ ਹਨ, ਜੋ ਰੋਗ ਰਾਜੀ ਨਾ ਹੋ ਸਕੇ ਉਸ ਨੂੰ ਅਸਾਧਯ ਕਹੀਦਾ ਹੈ। ਭਾਵ ਅਤਯੰਤ ਕਠਨ ਤੋਂ ਹੈ।

ਰਹਾਉ-ਹੁਣ ਰਹਾਉ ਵਿਚ ਮਾਨੁਖ ਨੂੰ ਪ੍ਰਾਪਤ ਪੰਜਾਂ ਦਾ ਕਾਰਣ ਦੱਸਦੇ ਹਨ ਅਵਿਦਯਾ। ਜਿਸ ਕਰਕੇ ਸੱਤਯ ਅਸਤਯ ਨੂੰ ਵਿਤ੍ਰੇਕ ਕਰਕੇ ਪਰਖਣ ਵਾਲੀ ਬੁੱਧੀ ਮੈਲੀ ਪੈ ਜਾਂਦੀ ਹੈ*।

ਅੰਕ ੨-ਉਹੋ ਪਹਿਲੀ ਵਿਚਾਰ ਚਲਦੀ ਹੈ ਕਿ ਉਹ ਤ੍ਰਿਗਦ ਜੂਨਾ, ਜੋ ਮਨੁੱਖ ਵਾਂਙੂ ਸਿਧੀਆਂ ਖੜੋਕੇ ਨਹੀਂ ਚਲ ਸਕਦੀਆਂ, ਟੇਢੀਆਂ ਹੋਕੇ ਚਲਦੀਆਂ ਹਨ; ਭਾਵ ਇਹ ਲੈਣਾ ਹੈ ਕਿ ਮਾਨੁੱਖ ਤੋਂ ਛੁਟ ਸਾਰੀਆਂ ਜੂਨਾਂ ਪਾਪ ਪੁੰਨ ਦੀ ਸੋਝੀ ਨਹੀਂ ਰਖਦੀਆਂ। ਭਾਵ ਵਿਵੇਕ ਬੁੱਧੀ ਤੋਂ ਹੀਨ ਹਨ, ਪਰ ਮਨੁਖ ਤਾਂ ਬੁੱਧੀ ਸੰਪੰਨ ਹੈ। ਸਾਰੀਆਂ ਵਿਵੇਕ ਬੁਧੀ ਤੋਂ ਖਾਲੀ ਤੇ ਇਕ ਮਾਨੁਖ ਵਿਵੇਕਜ ਬੁਧੀ ਰਖਣ ਕਰਕੇ ਮਾਨੁਖਾ ਜਨਮ ਦੁਰਲਭ ਹੈ। ਪਰ ਦੇਖੋ ਇਨਸਾਨ ਇਸ ਨੂੰ ਦੁਰਲਭ ਨਹੀਂ ਸਮਝਦਾ, ਸਗੋਂ ਵਿਵੇਕਜ ਬੁੱਧੀ ਤੋਂ ਖਾਲੀ ਜੂਨਾਂ ਵਾਂਙੂ ਪੰਜਾਂ ਦੋਸ਼ਾਂ ਦੀ ਸੰਗਤ ਵਿਚ ਹੀ ਉਨ੍ਹਾਂ ਵਾਂਙੂ ਰਹਿੰਦਾ ਹੈ। ਭਾਵ ਪੰਜਾਂ ਵਿਸ਼ਿਆਂ ਵਿਚ ਲੰਪਟ ਰਹਿੰਦਾ ਹੈ।

ਅੰਕ ੩ – ਇਹ ਮਾਨੁਖ ਇਤਨਾ ਨਹੀਂ ਸੋਚਦਾ ਕਿ ਸਾਰੇ ਜੀਅ ਜੰਤ ਕਰਮ ਦੇ ਵੱਸ ਹਨ ਜੇਹੇ ਕਰਮ ਕਰਦੇ ਹਨ ਵੈਸਾ ਫਲ ਪਾਉਂਦੇ ਹਨ, ਚਾਹੇ ਕਿਸੇ ਥਾਂ ਚਲੇ ਜਾਓ ਚਾਹੇ ਕਿਸੇ ਜੂਨ ਚਲੇ ਜਾਓ ਇਨ੍ਹਾਂ ਕਰਮਾਂ ਦੀ ਵੱਸ਼ਿਤਾ ਦੇ ਕਾਰਣ ਕਾਲ ਦੇ ਵਸੀਕਾਰ ਹੇਠਾਂ ਹੋ ਜਾਈਦਾ ਹੈ। ਕਰਮ ਜਨਮ ਦੇਂਦੇ ਹਨ, ਜਨਮ ਨੂੰ ਮੌਤ ਆਉਂਦੀ ਹੈ, ਇਹ ਕਾਲ਼ ਚਕ੍ਰ ਟੁਰੀ ਚਲਦਾ ਹੈ, ਸੋ ਕਰਮ ਤੇ ਕਰਮ ਦਾ ਫਲ, ਕਾਲ-ਚਕ੍ਰ ਗਲੋਂ ਨਹੀਂ ਲਹਿੰਦਾ।

ਅੰਕ ੪ ਵਿਚ ਹੁਣ ਇਸ ਅਸਾਧ ਰੋਗ ਦਾ ਦਾਰੂ ਦੱਸਦੇ ਹਨ। ਅਪਣੇ ਪਰਥਾਇ ਕਹਿਕੇ ਉਪਦੇਸ਼ ਦੇਂਦੇ ਹਨ। ਆਪ ਨੂੰ ਦਾਸ ਦੱਸਦੇ ਹਨ। ਸੋ ਪਹਿਲੀ ਗਲ ਇਹ ਹੈ ਕਿ ਨੰਮ੍ਰਤਾ ਆਵੇ, ਦੂਜੇ ਉਦਾਸ ਕਿਹਾ ਹੈ, ਉਪਰਲੀ ਹਾਲਤ ਸੋਚਕੇ ਉਦਾਸੀ ਪੈਦਾ ਹੋਵੇ, ਵੈਰਾਗ ਆਵੇ-ਫੇਰ ਭਰਮ ਨੂੰ ਛੱਡੇ। ਝੂਠੇ ਗਿਆਨਾਂ ਨੂੰ ਦੂਰ ਕਰੇ। ਇਸ ਲਈ ਗੁਰੂ ਦਾ ਗਯਾਨ ਲਵੇ। ਗੁਰੂ ਤੋਂ ਗਯਾਨ ਯਾ ਉਪਦੇਸ਼ ਤਾਂ ਹੀ ਲਏਗਾ ਜੇ ਸੰਗਤ ਕਰੇਗਾ। ਸੋ ਗੁਰੂ ਦੀ ਸੰਗਤ ਕਰੇ, ਗਯਾਨ ਲਵੇ , ਉਸ ਦੀ ਕਮਾਈ ਕਰੇ। 'ਤਪਨ ਤਪੁ' ਇਸ ਲਈ ਕਿਹਾ ਹੈ ਕਿ ਗੁਰੂ ਦੇ ਦੱਸੇ ਗਯਾਨ ਮਾਰਗ ਦੀ ਪ੍ਰਾਪਤੀ ਦੇ ਉਪਾਉ ਕਰਨੇ ਤਪ ਵਾਙੂ ਕਠਨ ਹੁੰਦੇ ਹਨ, ਸੋ ਤਤਿਖਯਾ ਧਾਰਨ ਕਰੇ ਤੇ ਕਮਾਈ ਕਰੇ। ਇਹ ਕੁਛ ਕਰਦਾ ਅਪਣੇ ਆਪ ਨੂੰ ਕਰਤਾ ਮੰਨਕੇ ਹੰਕਾਰ ਵਿਚ ਨਾ ਜਾਵੇ, ਸਗੋਂ ਬਿਨਯ ਵਿਚ ਰਹੇ, ਕਰਤਾ ਪੁਰਖ ਅਗੇ ਅਰਦਾਸ ਕਰੇ ਕਿ ਹੇ ਭਗਤਾਂ ਦੇ ਭੈ ਹਰਤਾ ਸਦਾ ਆਨੰਦ ਪ੍ਰਭੂ ਜੀ! 'ਕਰਹੁ ਨਿਦਾਨ'। ਪਦ 'ਨਿਦਾਨ' ਦਾ ਪਹਿਲਾ ਅਰਥ ਹੈ 'ਆਦਿ ਕਾਰਣ', ਫੇਰ ਅਰਥ ਹੈ: ਕਿਸੇ ਸ਼ੈ ਦਾ ਅੰਤ, ਫੇਰ ਅਰਥ ਹੈ ਆਦਿ ਕਾਰਣ ਦਾ ਰੁਕ ਜਾਣਾ ਯਾ

*ਅਵਿਦਯਾ ਤੇ ਵਿਵੇਕ ਬੁਧਿ ਲਈ ਦੇਖੋ ਨਿਰੁਕਤ ਇਸੇ ਸ਼ਬਦ ਦੀ।

ਦੂਰ ਹੋ ਜਾਣਾ। ਰਵਿਦਾਸ ਜੀ ਏਥੇ ਤੀਸਰਾ ਅਰਥ ਲੈ ਰਹੇ ਸਹੀ ਹੁੰਦੇ ਹਨ। ਉਪਰ ਰਹਾਉ ਵਿਚ ਜੀਵ ਦੇ ਵਿਸ਼ੇ-ਪ੍ਰੇਮੀ ਹੋਣ ਦਾ ਕਾਰਣ 'ਅਵਿਦਯਾ' ਦੱਸ ਆਏ ਹਨ। ਓਥੇ ਬੀ ਮਾਧੋ ਨੂੰ ਪੁਕਾਰ ਕੀਤੀ ਸਾ ਨੇ, ਇਸ ਅੰਤਲੀ ਤੁਕ ਵਿਚ ਬੀ ਭਗਤਾਂ ਦੇ ਭੈ ਹਰਤਾ ਪ੍ਰਭੂ ਅਗੇ ਪੁਕਾਰ ਕਰ ਰਹੇ ਹਨ। ਓਥੇ ਮੂਲ ਕਾਰਣ ਦੱਸਿਆ ਸੀ ਏਥੇ ਮੂਲ ਕਾਰਣ ਦੇ ਅੰਤ ਕਰ ਦੇਣ ਲਈ ਬੇਨਤੀ ਪ੍ਰਭੂ ਅਗੇ ਹੀ ਕਰ ਰਹੇ ਹਨ। ਵਿਚਲੇ ਉਪਾਉ ਗੁਰੂ, ਗੁਰੂ ਉਪਦੇਸ਼ ਆਦਿ ਦੱਸ ਆਏ ਹਨ। ਅੰਤ ਵਿਚ ਪ੍ਰਭੂ ਸਹਾਇਤਾ ਮੰਗਦੇ ਹਨ ਤਾਂ ਹੀ ਭਗਤਾਂ ਦੀ ਭਗਤੀ ਨਿਰਵਿਘਨ ਸਿਰੇ ਚੜ੍ਹਦੀ ਹੈ ਤੇ ਅਤ੍ਰਯਾਂ ਦਾ ਅਭਾਵ ਹੁੰਦਾ ਹੈ।

ਨਿਰੁਕ੍ਤ- ਮ੍ਰਿਗ - ਹਰਨ। ਮੀਨ-ਮੱਛੀ। ਭ੍ਰਿੰਗ-ਭੌਰਾ।

ਪਤੰਗ—ਭੰਬਟ। ਕੁੰਚਰ—ਹਾਥੀ। ਦੋਖ-ਦੋਸ਼, ਔਗੁਣ, ਐਬ।

ਅਸਾਧ—[ਸੰਸ:, ਅਸਾਧ੍ਯ] ਜੋ ਸਾਧ੍ਯਾ ਨਾ ਜਾਏ। ਜਿਸ ਦਾ ਦਾਰੂ ਨਾ ਹੋ ਸਕੇ।

ਅਬਿਦਿਆ-[ਸੰਸ:, ਅਵਿਦਯਾ] ਉਹ ਜਾਣਨਾ ਜੋ ਯਥਾਰਥ ਨਹੀਂ, ਜਿਵੇਂ ਸਿਪ ਨੂੰ ਚਾਂਦੀ ਸਮਝਣਾ ਮਿਥਿਆ ਗਯਾਨ ਹੈ। ਇਸੀ ਤਰ੍ਹਾਂ ਸਰੀਰ ਮਨ ਆਦਿ ਨੂੰ ਆਤਮਾ ਸਮਝਣਾ ਅਵਿਦਯਾ ਹੈ। ਆਤਮਾਂ ਨੂੰ ਆਤਮਾਂ ਨਿਸ਼ਚੇ ਕਰ ਲੈਣਾ ਵਿਦਯਾ ਹੈ।

ਐਉਂ ਬੀ ਦਾਨੇ ਲਿਖਦੇ ਹਨ ਕਿ ਅਨਾਤਮਾ ਨੂੰ ਆਤਮਾ ਸਮਝਣਾ, ਦੁਖ ਵਿਚ ਸੁਖ ਬੁੱਧੀ ਹੋਣੀ; ਅਨਿੱਤ ਵਿਚ ਨਿੱਤ ਦੀ ਭਾਵਨਾ ਹੋਣੀ ਅਵਿਦਯਾ ਹੈ।

ਬਿਬੇਕ- ਉਹ ਵਿਤ੍ਰੇਕ ਕਰ ਲੈਣ ਵਾਲਾ ਗਯਾਨ ਜੋ ਆਤਮਾ ਨੂੰ ਆਤਮਾ ਤੇ ਅਨਾਤਮਾ ਨੂੰ ਅਨਾਤਮਾ, ਨਿੱਤ ਨੂੰ ਨਿੱਤ ਤੇ ਅਨਿੱਤ ਨੂੰ ਅਨਿੱਤ ਨਿਖੇੜ ਕੇ ਦਿਖਾ ਦੇਵੇ।

ਤ੍ਰਿਗਦ-[ਸੰਸ:, ਦੇਖੋ ਪੰਨਾ ੧੭੨੧] ਤਿਰਛਾ ਚੱਲਣ ਵਾਲੇ। ਟੇਢੀ ਚਾਲ ਵਾਲੇ। ਅਕਸਰ ਸੱਪ ਆਦਿ ਟੇਢੇ ਚਲਣ ਵਾਲੇ ਨੀਵੇਂ ਜੀਵਾਂ ਤੋਂ ਮੁਰਾਦ ਲੈਂਦੇ ਹਨ। ਪਰ ਏਥੇ ਭਗਤ ਜੀ ਦਾ ਆਸ਼ਾ ਮਨੁਖ ਦੇ ਮੁਕਾਬਲੇ ਤੋਂ ਹੈ, ਕਿ ਇਹ ਸਿੱਧਾ ਖੜਾ ਹੋਕੇ ਟੁਰਦਾ ਹੈ ਤੇ ਹੋਰ ਸਾਰੇ ਐਉਂ ਨਹੀਂ ਪਰ ਝੁਕ ਕੇ ਟੁਰਦੇ ਹਨ।

ਅਚੇਤ-ਚੇਤਨਾ ਰਹਿਤ। ਮੁਰਾਦ ਮੁਰਦੇ ਤੋਂ ਨਹੀਂ ਪਰ ਬੇ-ਖ਼ਬਰ ਤੋਂ ਹੈ। ਵੀਚਾਰ ਹੀਨ।

ਸੰਭਵ-[ਸੰਸ:,ਸੰਭਵ:] ਉਤਪੰਨ, ਪੈਦਾ, ਜਨਮ। (ਅ) ਮੁਮਕਿਨ ਆਦਿ ਅਰਥ ਬੀ ਹਨ, ਪਰ ਏਥੇ ਉਤਪਤ ਹੋਈਆਂ ਹੀ ਅਰਥ ਲਗਦਾ ਹੈ।

ਅਸੋਚ-ਸੋਚ ਨਹੀਂ ਸਕਦੀਆਂ। ਪਾਪ ਪੁੰਨ ਦਾ ਫਰਕ ਨਹੀਂ ਸਮਝ ਸਕਦੀਆਂ।

ਪੋਚ-ਨਿਕੰਮੀ। ਨੀਚ। ਨੀਚਾਂ (ਨਾਲ ਹੈ ਸੰਗਤ)। ਅਬਧ-ਜੋ ਕੱਟੀ ਨਾ ਜਾ ਸਕੇ। ਜੋ ਟੁੱਟ ਨਾ ਸਕੇ।

ਭ੍ਰਮੁ-ਅਨਿਸਚੈ ਗਯਾਨ, ਇਥੇ ਭ੍ਰਮ ਦੀ ਮੁਰਾਦ ਅਵਿਦਯਾ ਵਿਪਰਯਯ ਆਦਿ ਤੋਂ ਨਹੀਂ ਜੋ ਯਥਾਰਥ ਗਯਾਨ ਦੇ ਬਾਧਕ ਹਨ, ਪਰ ਸੈਨਤ ਹੈ 'ਤਪਨ ਤਪੁ ਗੁਰ ਗਿਆਨ' ਵਿਚ ਭਰਮ ਨਾ ਕਰ ਨਿਸਚੇ ਕਰਕੇ ਲਗ ਕਿ ਇਹੀ ਰਸਤਾ ਹੈ. ਨਿਸ਼ਭ੍ਰਮ ਹੋਕੇ ਗੁਰੂ ਦੀ ਦੱਸੀ ਘਾਲ ਕਰ।

ਨਿਦਾਨ-ਵਿਚਾਰ ਵ੍ਯਾਖ੍ਯਾ ਵਿਚ ਆ ਚੁਕੀ ਹੈ।

[ਆਸਾ ਰਵਿਦਾਸ ਜੀ, ਚਉਪਦਾ-੨]

ਮੂਲ	ਅਰਥ
ਆਸਾ ॥ਸੰਤ ਤੁਝੀ ਤਨੁ ਸੰਗਤਿ	ਸੰਤ ਤੇਰਾ ਸਰੂਪ(=ਰੂਪ) ਹਨ, (ਉਹਨਾਂ ਦੀ) ਸੰਗਤ ਵਿਚ

ਪ੍ਰਾਨ॥ ਸਤਿਗੁਰ ਗਿਆਨ ਜਾਨੈ ਸੰਤ ਦੇਵਾ ਦੇਵ ॥੧॥	(ਮੇਰੇ) ਪ੍ਰਾਣ ਹਨ, (ਇਹ) ਸਤਿਗੁਰੂ ਦਾ ਗ੍ਯਾਨ ਹੈ (ਕਿ ਜਿਸ ਦੁਆਰਾ ਮੈਂ) ਜਾਣ ਲਏ ਹਨ ਸੰਤ ਦੇਵਾਂ ਦੇ ਦੇਵ, (ਭਾਵ ਸੰਤਾਂ ਨੂੰ ਮੈਂ ਦੇਵਾਂ ਦੇ ਦੇਵ ਪਛਾਣ ਲਿਆ ਹੈ ਸਤਿਗੁਰੂ ਗ੍ਯਾਨ ਦੁਆਰਾ) ॥੧॥
ਸੰਤ ਚੀ ਸੰਗਤਿ ਸੰਤ ਕਥਾ ਰਸੁ ॥ ਸੰਤ ਪ੍ਰੇਮ ਮਾਝੈ ਦੀਜੈ ਦੇਵਾ ਦੇਵ ॥੧॥ ਰਹਾਉ ॥	ਹੇ ਦੇਵਾਂ ਦੇ ਦੇਵ! ਮੈਨੂੰ ਦਿਓ-ਸੰਤਾਂ ਦੀ ਸੰਗਤਿ, ਸੰਤਾਂ ਦੀ ਕਥਾ ਦਾ ਰਸ, ਸੰਤਾਂ ਦਾ ਪ੍ਰੇਮ ॥੧॥ ਰਹਾਉ॥
ਸੰਤ ਆਚਰਣ ਸੰਤ ਚੋ ਮਾਰਗੁ ਸੰਤ ਚ ਓਲ੍ਹਗ ਓਲ੍ਹਗਣੀ ॥੨॥	(ਹਾਂ ਹੋਰ ਦਿਓ ਉਨ੍ਹਾਂ) ਸੰਤਾਂ ਦੀ ਰਹਿਣੀ ਰਹਿਤ, ਉਨ੍ਹਾਂ ਸੰਤਾਂ ਦਾ (ਧਰਮ-) ਮਾਰਗ (ਅਤੇ) ਸੰਤਾਂ ਦੇ ਸੇਵਕਾਂ ਦੀ ਸੇਵਾ ॥੨॥
ਅਉਰ ਇਕ ਮਾਗਉ ਭਗਤਿ ਚਿੰਤਾਮਣਿ ॥ ਜਣੀ ਲਖਾਵਹੁ ਅਸੰਤ ਪਾਪੀ ਸਣਿ ॥੩॥	(ਹੇ ਦੇਵਾਂ ਦੇ ਦੇਵ!) ਇਕ (ਚੀਜ਼) ਹੋਰ ਮੰਗਦਾ ਹਾਂ (ਉਹ ਹੈ ਤੇਰੀ) ਭਗਤੀ ਜੋ ਸਭ ਕਾਮਨਾਂ ਪੂਰਨ ਕਰਨੇ ਵਾਲੀ ਮਣੀ ਹੈ, (ਮੇਰੇ ਸਤਿਸੰਗ ਤੇ ਭਗਤੀ ਵਿਚ ਵਿਘਨ ਨਾ ਪਵੇ ਇਸ ਲਈ ਮੈਨੂੰ) ਕਦੇ ਨਾ ਦਿਖਾਵੋ ਅਸੰਤ ਤੇ ਪਾਪੀ ॥੩॥
ਰਵਿਦਾਸੁ ਭਣੈ ਜੋ ਜਾਣੈ ਸੋ ਜਾਣੁ ॥ ਸੰਤ ਅਨੰਤਹਿ ਅੰਤਰੁ ਨਾਹੀ ॥੪॥੨॥	ਜੋ (ਹੋਰ ਕੋਈ ਸੰਤਾਂ ਨੂੰ ਜੈਸਾ) ਜਾਣਨਾ (ਚਾਹੇ) ਉਹ ਪਿਆ ਜਾਣੇ (ਪਰ) ਰਵਿਦਾਸ ਕਹਿੰਦਾ ਹੈ ਕਿ (ਮੈਨੂੰ ਤਾਂ) ਸੰਤ ਤੇ ਅੰਤ ਰਹਿਤ (ਪ੍ਰਭੂ) ਵਿਚ ਕੋਈ ਫਰਕ ਨਹੀਂ (ਦਿੱਸਦਾ) ॥੪॥੨॥

ਵ੍ਯਾਖ੍ਯਾ-ਸੰਤ ਨੂੰ ਪ੍ਰਭੂ ਰੂਪ ਦੱਸਿਆ ਹੈ, ਸੰਤ ਦੀ ਸੰਗਤ ਮੰਗੀ ਹੈ, ਸੇਵਾ ਮੰਗੀ ਹੈ, ਭਗਤੀ ਮੰਗੀ ਹੈ, ਤੇ ਅਸੰਤਾਂ ਤੇ ਪਾਪੀਆਂ ਦੇ ਦਰਸ਼ਨ ਤੋਂ ਬੀ ਬਚਾਉ ਮੰਗਿਆ ਹੈ, ਪਰ ਇਕ ਗਲ ਨਹੀਂ ਖੋਹਲੀ ਕਿ ਕਿਉਂ ਸੰਤ ਅਨੰਤ ਰੂਪ ਹਨ। ਪੁਰਾਤਣ ਜਨਮ ਸਾਖੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਾਤਸ਼ਾਹ ਇਬਰਾਹੀਮ ਨੂੰ ਦੱਸਿਆ ਸੀ ਕਿ ਬਲਦੀ ਅਗਨੀ ਤੇ ਅਗਨੀ ਵਿਚ ਅਗਨੀ ਰੂਪ ਹੋਏ ਲੋਹੇ ਵਿਚ ਫਰਕ ਨਹੀਂ। ਐਉਂ ਬੀ ਵਾਕ ਹੈ-

ਹਰਿ ਜਨ ਪ੍ਰਭੁ ਰਲਿ ਏਕੋ ਹੋਏ ਹਰਿ ਜਨ ਪ੍ਰਭੁ ਏਕ ਸਮਾਨਿ ਜੀਉ॥

[ਆਸਾ ਛੰਤ ਮਹਲਾ ੪-੬]

ਪੁਨਾ:- **ਪਾਰਬ੍ਰਹਮ ਗੁਰ ਨਾਹੀ ਭੇਦ॥** [ਭੈਰਉ ਮਹਲਾ ੫-੨੪]

ਦਸਵੇਂ ਸਤਿਗੁਰੂ ਜੀ ਦਾ ਵਾਕ ਹੈ:-

ਹਰਿ ਹਰਿ ਜਨ ਦੁਇ ਏਕ ਹੈ ਬਿਬ ਬਿਚਾਰ ਕਛੁ ਨਾਹਿ॥ [ਬਚਿਤ੍ਰ ਨਾਟਕ ਪਾ: ੧੦, ੬-੬੦]

ਨਿਰੁਕ੍ਤ-ਤੁਝੀ ਤਨੁ-ਤੇਰਾ ਸਰੀਰ। ਤੇਰਾ ਰੂਪ। 'ਸੰਗਤਿ ਪ੍ਰਾਨ' ਤੋਂ ਪਹਿਲਾਂ 'ਉਨ੍ਹਾਂ ਸੰਤਾਂ ਦੀ' ਲੁਪਤੀ ਹੈ। ਦੇਵਾਦੇਵ ਦਾ ਅਰਥ ਦੇਵਤਿਆਂ ਦਾ ਦੇਵਤਾ ਕਰੀਦਾ ਹੈ, ਪਰ ਰਹਾਉ ਵਿਚ 'ਦੇਵਾਦੇਵ' ਪਦ ਸੰਬੋਧਨ ਵਿਚ ਫੇਰ ਆਉਂਦਾ ਹੈ। ਦੋਹੀਂ ਥਾਈਂ ਇਕੋ ਅਰਥ ਲਿਆਂ ਭਗਤ ਜੀ ਦਾ ਆਸ਼ਾ ਵਧੇਰੇ ਸਫੁਟ ਹੁੰਦਾ ਹੈ, ਕਿਉਂਕਿ ਅਖੀਰਲੀ ਤੁਕ ਵਿਚ 'ਸੰਤ ਅਨੰਤਹਿ ਅੰਤਰੁ ਨਾਹੀ' ਆਖਦੇ ਹਨ।

ਚੀ-[ਮਰਹਟੀ] ਦੀ। ਕਥਾ ਰਸੁ-ਸੰਤ ਜੋ ਰਸਮਈ ਕਥਾ ਕਰਨ, ਅਥਵਾ ਸੰਤ ਜੋ ਕਥਾ ਕਰਨ ਉਨ੍ਹਾਂ ਵਿਚ ਮੈਨੂੰ ਰਸ ਆਵੇ। ਮਾਝੈ-[ਮਰਹਟੀ] ਮੈਨੂੰ।

ਆਚਰਣ-ਚਾਲਚਲਨ। ਰਹਿਣੀ ਰਹਿਤ। ਜੀਕੂੰ ਦੇ ਸ਼ੁਭ ਕਰਮ ਕਰਦੇ ਤੇ ਸ੍ਰੇਸ਼ਟ ਵਿਹਾਰ ਰਖਦੇ ਹਨ। ਇਖ਼ਲਾਕ। ਸਤਿ ਸੰਤੋਖ, ਪਵਿਤ੍ਰਤਾ, ਅਲੋਭਤਾ ਆਦਿ।

ਮਾਰਗੁ- [ਸੰਸ ਮਾਰ੍ਗ:]ਰਸਤਾ। ਭਾਵ ਹੈ ਧਰਮ ਮਾਰਗ। ਭਗਤੀ, ਨਾਮ, ਕੀਰਤਨ, ਆਤਮ ਗਯਾਨ ਆਦਿ ਇਹ ਮਾਰਗ ਹੈ।

ਓਲ੍ਗ-[ਮਰਹਟੀ] ਜੂਠੇ ਭਾਂਡੇ ਮਾਂਜਣ ਵਾਲਾ। ਭਾਵ ਹੈ ਦਾਸ ਜੋ ਨੀਵੀਂ ਸੇਵਾ ਕਰਦਾ ਹੈ।

ਓਲ੍ਗਣੀ-ਸੇਵਾ।

ਚਿੰਤਾਮਣਿ- [ਸੰਸ:, ਚਿੰਤਾਮਣਿ:]ਓਹ ਮਣੀ ਜੋ ਸਭ ਚਿੰਤਾ ਪੂਰਨ ਕਰ ਦੇਵੇ। ਇੱਛਾ ਪੂਰਕ ਰਤਨ

ਜਣੀ-ਮਤ। ਨਾ। ਜਿਵੇਂ ਹਿੰਦੀ ਵਿਚ ਜਿਨ=ਮਤ ਨੂੰ ਕਹਿੰਦੇ ਹਨ।

ਪਾਪੀ ਸਣਿ-ਪਾਪੀ ਸਣੇ। ਭਾਵ ਹੈ ਅਸੰਤ ਅਤੇ ਪਾਪੀ।

ਅਨੰਤਹਿ- [ਸੰਸ;, ਅਨੰਤ:] ਬੇਅੰਤ ਵਿਚ। ਬੇਅੰਤ ਪ੍ਰਭੂ ਵਿਚ।

[ਆਸਾ ਰਵਿਦਾਸ ਜੀ, ਤਿਪਦਾ-੩]

ਪ੍ਰਾਕ੍ਥਨ- ਬੇਨਤੀ ਕੀਤੀ ਹੈ ਕਿ ਸਤਿਸੰਗ ਪ੍ਰਾਪਤ ਰਹੇ ਜੋ ਅਵਗੁਣ ਦੂਰ ਹੋਣ। ਸਾਰਾ ਉਚਾਰਣ ਅਤਿ ਨੰਮ੍ਰਤਾ ਦੇ ਭਾਵ ਨਾਲ ਭਰਿਆ ਹੈ।

ਮੂਲ	ਅਰਥ
ਆਸਾ ॥ ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ ॥ ਨੀਚ ਰੂਖ ਤੇ ਊਚ ਭਏ ਹੈ ਗੰਧ ਸੁਗੰਧ ਨਿਵਾਸਾ ॥੧॥	(ਹੇ ਮਾਧਉ !) ਤੁਸੀਂ ਤਾਂ (ਮਾਨੋ) (ਚੰਦਨ ਦਾ ਬ੍ਰਿਛ ਹੋ ਤੇ) ਅਸੀਂ ਵਿਚਾਰੇ ਇਰੰਡ (ਦਾ ਬੂਟਾ) ਹਾਂ, (ਪਰ ਸਾਡਾ) ਵਾਸਾ ਤੁਹਾਡੇ ਕੋਲ ਹੋ ਗਿਆ ਹੈ। (ਸੋ ਤੁਹਾਡੇ ਇਸ ਸੰਗ ਕਰਕੇ ਅਸੀਂ ਬੀ) ਨੀਵੇਂ ਬੂਟੇ ਤੋਂ ਉੱਚੇ ਹੋ ਗਏ ਹਾਂ, (ਕਿਉਂਕਿ ਤੇਰੀ) ਸੁਹਣੀ ਖੁਸ਼ਬੋਈ(ਸਾਡੀ) ਮੁਸ਼ਕ (ਦੀ ਥਾਂ ਅਸਾਂ ਵਿਚ) ਨਿਵਾਸ ਪਾ ਗਈ ਹੈ॥੧॥
ਮਾਧਉ ਸਤਸੰਗਤਿ ਸਰਨਿ ਤੁਮ੍ਹਾਰੀ॥ ਹਮ ਅਉਗਨ ਤੁਮ੍ਹ ਉਪਕਾਰੀ ॥੧॥ ਰਹਾਉ ॥	ਹੇ ਮਾਧੋ !(ਇਹ ਪ੍ਰਾਪਤੀ) ਆਪ ਦੀ ਸਤਸੰਗਤਿ ਦੀ ਸ਼ਰਨ ਤੋਂ ਹੋਈ ਹੈ, ਅਸੀਂ (ਤਾਂ) ਔਗੁਣਹਾਰ ਹਾਂ,(ਪਰ) ਤੁਸੀਂ ਉਪਕਾਰ ਕਰਨੇ ਵਾਲੇ ਹੋ॥੧॥ ਰਹਾਓ॥
ਤੁਮ ਮਖਤੂਲ ਸੁਪੇਦ ਸਪੀਅਲ ਹਮ ਬਪੁਰੇ ਜਸ ਕੀਰਾ ॥ ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ ॥੨॥	[ਹੁਣ ਹੋਰ ਦ੍ਰਿਸ਼ਟਾਂਤ ਲੈਂਦੇ ਹਨ:] ਹੇ ਮਾਧਉ ! ਤੁਸੀਂ (ਮਾਨੋਂ) ਚਿੱਟੇ ਸੁਹਣੇ ਪੀਲੇ ਵੱਟੇ ਹੋਏ ਰੇਸ਼ਮ ਹੋ, ਅਸੀਂ ਵਿਚਾਰੇ (ਇਉਂ ਹਾਂ) ਜਿਵੇਂ ਕੀੜੇ ਹੁੰਦੇ ਹਨ,(ਮੇਹਰ ਕਰ ਜੋ ਤੇਰੀ) ਸਤਿਸੰਗਤ ਵਿਚ ਮਿਲੇ ਰਹੀਏ (ਐਉਂ) ਜਿਵੇਂ ਕਿ ਮੱਖੀਆਂ ਸ਼ਹਿਦ ਦੇ ਛੱਤੇ ਨੂੰ (ਲੱਗੀਆਂ ਰਹਿੰਦੀਆਂ ਹਨ)॥੨॥
ਜਾਤੀ ਓਛਾ ਪਾਤੀ ਓਛਾ ਓਛਾ ਜਨਮੁ ਹਮਾਰਾ ॥ ਰਾਜਾ ਰਾਮ ਕੀ ਸੇਵ ਨ ਕੀਨੀ ਕਹਿ ਰਵਿਦਾਸ ਚਮਾਰਾ ॥੩॥੩॥	(ਮੈਂ) ਜਾਤ ਦਾ ਨੀਚ ਹਾਂ, ਪਾਤ ਦਾ ਨੀਚ ਹਾਂ, ਸਾਡਾ ਤਾਂ ਜਨਮ ਹੀ ਨੀਚ ਹੈ,ਫੇਰ ਅਸਾਂ ਰਾਮ ਰਾਜਾ ਦੀ ਸੇਵਾ ਨਹੀਂ ਕੀਤੀ ਰਵਿਦਾਸ ਚਮਾਰ ਆਖਦਾ ਹੈ॥੩॥੩॥

ਵ੍ਯਾਖ੍ਯਾ:- ਅਤਿ ਨੰਮ੍ਰਤਾ ਦੇ ਭਾਵ ਵਿਚ ਸਾਈਂ ਦੇ ਸਤਿਸੰਗ ਦੀ ਮਹਿੰਮਾ ਤੇ ਸਤਿਸੰਗ ਪ੍ਰਾਪਤੀ ਦੀ ਅਰਦਾਸ ਕਰਦੇ ਹਨ।

ਅੰਤਲੇ ਅੰਕ ੩ ਵਿਚ ਅਪਣੀ ਨੀਚ ਜਾਤ ਚਮਾਰ ਦਾ ਜ਼ਿਕਰ ਕਰਕੇ ਦੱਸਦੇ ਹਨ ਕਿ ਮੇਰਾ ਸਰੀਰ ਬੀ ਨੀਚ ਹੈ ਤੇ ਪਹਿਲਿਆਂ ਪਦਿਆਂ ਵਿਚ ਅਪਣਾ ਸੁਭਾਵ ਆਚਰਣ ਆਦਿ ਬੀ ਨੀਵਾਂ ਦੱਸਦੇ ਹਨ ਪਰ ਵਜੰਗ ਨਾਲ। ਜਦ ਅਪਣਾ ਉੱਚਾ ਹੋ ਜਾਣਾ ਦੱਸਦੇ ਹਨ ਸਤਿਸੰਗਤ ਨਾਲ ਤਾਂ ਮਾਨਸਿਕ ਨੀਵੇਂ ਪਨ ਦਾ ਇਕਰਾਰ ਕਰ ਰਹੇ ਹਨ। ਇਹ ਗਲ ਕਿ ਪਹਿਲੇ ਦੋ ਅੰਕਾ ਵਿਚ ਮਾਨਸਕ ਕਮਜ਼ੋਰੀਆਂ ਦਾ ਇਕਰਾਰ ਹੈ ਰਹਾਉ ਦੀ ਤੁਕ ਵਿਚ ਸਪਸ਼ਟ ਪਏ ਪਦ 'ਅਉਗਨ' ਤੋਂ ਸਮਝੇ ਪੈ ਜਾਂਦੀ ਹੈ।

ਨਿਰੁਕ੍ਤ–ਚੰਦਨ–[ਸੰਸ:, ਚੰਦਨ:] ਇਕ ਬ੍ਰਿੱਛ, ਜਿਸ ਦੀ ਲਕੜੀ ਵਿਚ ਖੁਸ਼ਬੂ ਹੁੰਦੀ ਹੈ ਤੇ ਉਹ ਖੁਸ਼ਬੂ ਨਾਲ ਦੇ ਬ੍ਰਿਛਾਂ ਵਿਚ ਬੀ ਵੱਸਕੇ ਉਹਨਾਂ ਨੂੰ ਬੀ ਚੰਦਨ ਬਣਾ ਦੇਂਦੀ ਹੈ।

ਇਰੰਡ– [ਸੰਸ:, ਏਰੰਡ;] ਹਰਿੰਡ। ਇਕ ਬੂਟਾ ਜਿਸ ਦਾ ਤੇਲ ਵਰਤਦੇ ਹਨ। ਇਹ ਨੀਵਾਂ ਸਮਝਿਆ ਜਾਂਦਾ ਹੈ। ਚੰਦਨ ਦੀ ਸੁਗੰਧਿ ਹੋਰਨਾਂ ਪੇੜਾਂ ਵਿਚ ਵੱਸ ਜਾਣੀ ਮੰਨਦੇ ਹੋਏ ਹਰਿੰਡ ਦੇ ਪੇੜ ਵਿਚ ਨਾ ਵਸਦੀ ਯਾ ਕਠਨਤਾ ਨਾਲ ਵਸਦੀ ਮੰਨਦੇ ਹਨ । ਭਗਤ ਜੀ ਦਾ ਭਾਵ ਇਹੋ ਹੈ ਕਿ ਅਸੀਂ ਦੁਰਸਾਧਯ ਸਾਂ, ਪਰ ਤੁਸਾਂ ਦੀ ਸੰਗਤ ਨੇ ਅਸਾਂ ਵਿਚ ਬੀ ਖੁਸ਼ਬੋਈ ਭਰ ਦਿੱਤੀ ਹੈ, ਨਾਮ ਦਾ ਨਿਵਾਸ ਕਰ ਦਿਤਾ ਹੈ।

ਬਾਪੁਰੇ– [ਹਿੰਦੀ] ਬਪੁਰੇ। ਵਿਚਾਰੇ। ਗਰੀਬ। ਬਾਸਾ–ਵਾਸਾ, ਨਿਵਾਸ, ਬਾਸਾ ਪਦ ਵਿਚ ਲਾਵੰਨਤਾ ਹੈ, ਇਸ ਦਾ ਅਰਥ 'ਨਿਵਾਸ' ਬੀ ਹੈ ਤੇ 'ਵਾਸ਼ਨਾ' ਬੀ।

ਰੂਖ– [ਸੰਸ:, ਵ੍ਰਕ੍ਸ਼;= ਦਰਖਤ। ਪੰ:, ਰੁੱਖ] ਬ੍ਰਿੱਛ, ਪੇੜ। ਬੂਟਾ।

ਗੰਧ– [ਸੰਸ:, ਗੰਧ:] ਬੋ, ਮੁਸ਼ਕ। 'ਸੁਗੰਧ' ਦੇ ਨਾਲ ਪਦ 'ਗੰਧ' ਪਿਆ ਹੈ ਜੋ ਜਣਾਉਂਦਾ ਹੈ ਕਿ ਗੰਧ ਦਾ ਇਸ਼ਾਰਾ ਉਸ ਮੁਸ਼ਕ ਵਲ ਹੈ ਜੋ ਹਰਿੰਡ ਵਿਚ ਆਪਣੀ ਹੁੰਦੀ ਹੈ, ਉਸ ਦੀ ਥਾਂ ਹੁਣ ਚੰਦਨ ਦੀ ਸੁਗੰਧਿ ਨੇ ਲਈ ਹੈ।

ਅਉਗਨ–ਔਗੁਣ, ਐਬ। ਮਾਨਸਿਕ ਤੇ ਆਚਰਣਿਕ ਕਸਰਾਂ।

ਮਖਤੂਲ– ਇਸ ਪਦ ਦੀਆਂ ਵਿਤਪਤੀਆਂ ਤੇ ਵੀਚਾਰ ਵਿਚ ਫਰਕ ਰਹਿੰਦੇ ਹਨ, ਪਰ ਸਿੱਟੇ ਵਿਚ ਨਹੀਂ। ਪਹਿਲੀ ਵਿਤਪਤੀ ਹੈ- ਮਹੁਰ ਘਤੂਲ, ਸੰਸਕ੍ਰਿਤ ਵਿਚ ਇਹ ਪਦ ਕਾਲੇ ਰੇਸ਼ਮ ਦਾ ਵਾਚਕ ਹੈ। ਕਾਵ੍ਯ ਵਿਚ ਯਸ਼ ਉੱਤਮਤਾ ਆਦਿ ਦੇ ਦ੍ਰਿਸ਼ਟਾਂਤ ਲਈ 'ਕਾਲਾ' ਰੰਗ ਨਹੀਂ ਵਰਤਦੇ, ਇਸ ਕਰਕੇ ਦੂਜੀ ਵਿਤਪਤੀ ਅਰਬੀ ਤੋਂ ਲਈ ਗਈ ਹੈ:-ਮਫ਼ਤੂਲ=ਵੱਟਿਆ ਹੋਇਆ ਰੇਸ਼ਮ।

ਇਕ ਵਿਤਪਤੀ ਇਉਂ ਦੀ ਬੀ ਹੈ-ਮਖਤੂਲ ਪਦ 'ਮਖ਼ਸੂਦ' ਤੋਂ ਬਣਿਆ ਹੈ। ਮਖ਼ਸੂਦਾ ਬਾਦ* ਰੇਸ਼ਮ ਲਈ ਮਸ਼ਹੂਰ ਹੁੰਦਾ ਸੀ। ਮਖ਼ਸੂਦ ਦਾ ਅਰਥ ਉੱਤਮ ਰੇਸ਼ਮ ਦਾ ਹੈ, ਪਰ ਸਭਨਾਂ ਦਾ ਭਾਵ ਉੱਤਮਤਾ ਤੋਂ ਹੈ ਕਿ ਤੁਸੀਂ ਉੱਤਮ ਹੀ ਉੱਤਮ ਹੋ ਤੇ ਅਸੀਂ ਨੀਚ ਹਾਂ।

ਸੁਪੇਦ– [ਫ਼ਾ:, ਸਫ਼ੇਦ] ਚਿੱਟਾ, ਰੌਸ਼ਨ।

ਸਪੀਅਲ– ਪੀਲੀ ਭਾਹ ਵਾਲਾ। ਪੀਲਾ।

ਕੀਰਾ– [ਸੰਸ:, ਕੀਟ:] ਕੀੜਾ। ਕੀੜੇ ਵਰਗੇ ਨੀਚ।

ਮਧੁਪ– [ਸੰਸ:, ਮਧੁਪ:] ਜੋ ਸ਼ਹਿਦ ਪੀਏ। ਸ਼ਹਿਦ ਦੀ ਮੱਖੀ।

ਮਖੀਰਾ– ਜਿਸ ਨੂੰ ਮੱਖੀ ਜਮ੍ਹਾਂ ਕਰੇ। ਸ਼ਹਿਦ ਦਾ ਛੱਤਾ। ਓਛਾ– ਨੀਵਾਂ। ਕਮੀਨਾ।

---

*ਹੁਣ ਸ਼ਾਇਦ ਇਸ ਨੂੰ ਮੁਰਸ਼ਿਦਾਬਾਦ ਆਖਦੇ ਹਨ।

[ਆਸਾ ਰਵਿਦਾਸ ਜੀ, ਤਿਪਦਾ-੪]

ਪ੍ਰਾਕ੍ਥਨ- ਪ੍ਰੇਮ ਸਰਬ ਸ਼ਿਰੋਮਣ ਵਸਤੂ ਹੈ।

ਮੂਲ	ਅਰਥ
ਆਸਾ ॥ ਕਹਾ ਭਇਓ ਜਉ ਤਨੁ ਭਇਓ ਛਿਨੁ ਛਿਨੁ ॥ ਪ੍ਰੇਮੁ ਜਾਇ ਤਉ ਡਰਪੈ ਤੇਰੋ ਜਨੁ ॥੧॥	ਕੀ ਹੋ ਗਿਆ ਜੇ ਸਰੀਰ ਟੁਕੜੇ ਟੁਕੜੇ (ਫੱਟੜ) ਹੋ ਗਿਆ ਹੈ, ਤੇਰਾ ਜਨ ਤਾਂ ਡਰਦਾ ਹੈ ਜੇ ਪ੍ਰੇਮ ਚਲਾ ਜਾਵੇ ਤਾਂ ॥੧॥
ਤੁਝਹਿ ਚਰਨ ਅਰਬਿੰਦ ਭਵਨ ਮਨੁ॥ ਪਾਨ ਕਰਤ ਪਾਇਓ ਪਾਇਓ ਰਾਮਈਆ ਧਨੁ ॥੧॥ ਰਹਾਉ ॥	(ਹੇ ਰਮਈਆ!) ਤੇਰੇ ਚਰਨ ਕਵਲ (ਹਨ ਤੇ ਮੇਰਾ) ਮਨ (ਉਨ੍ਹਾਂ ਦਾ ਭਉਰਾ ਹੈ (ਉਨ੍ਹਾਂ ਚਰਨਾਂ ਦਾ ਮਕਰੰਦ ਰਸ) ਪੀਂਦਿਆਂ (ਮੈਂ) ਪਾਇਆ ਹੈ. (ਹਾਂ) ਪਾਇਆ ਹੈ ਰਾਮ ਰੂਪੀ ਧਨ ॥੧॥ ਰਹਾਉ ॥
ਸੰਪਤਿ ਬਿਪਤਿ ਪਟਲ ਮਾਇਆ ਧਨੁ ॥ ਤਾ ਮਹਿ ਮਗਨ ਹੋਤ ਨ ਤੇਰੋ ਜਨੁ ॥੨॥	ਧਨ ਸੰਪਦਾ ਤੇ ਬਿਪਤਾ ਮਾਇਆ ਦੇ ਪਾਏ ਪਰਦੇ ਹਨ (ਜੋ ਤੈਨੂੰ ਲੁਕਾਉਂਦੇ ਹਨ, ਪਰ ਇਹ) ਤੇਰਾ ਦਾਸ ਉਨ੍ਹਾਂ ਵਿਚ ਮਸਤ ਨਹੀਂ ਹੁੰਦਾ ॥੨॥
ਪ੍ਰੇਮ ਕੀ ਜੇਵਰੀ ਬਾਧਿਓ ਤੇਰੋ ਜਨ ॥ ਕਹਿ ਰਵਿਦਾਸ ਛੂਟਿਬੋ ਕਵਨ ਗੁਨ ॥੩॥੪॥	ਤੇਰਾ ਦਾਸ ਤਾਂ ਪ੍ਰੇਮ ਦੀ ਜੇਉੜੀ ਨਾਲ ਬੰਨ੍ਹਿਆ ਪਿਆ ਹੈ, ਰਵਿਦਾਸ ਕਹਿੰਦਾ ਹੈ (ਕਿ ਉਸ ਤੇਰੀ ਪ੍ਰੇਮ ਦੀ ਜੇਉੜੀ ਤੋਂ) ਛੁੱਟਣ ਦਾ ਕੀ ਲਾਭ ਹੈ? (ਭਾਵ ਕੁਛ ਲਾਭ ਨਹੀਂ) ॥੩॥੪॥

ਵ੍ਯਾਖ੍ਯਾ- ਭਗਤ ਜੀ ਦੇ ਸ਼ਰੀਰ ਨੂੰ ਕੋਈ ਖੇਚਲ ਹੋਈ ਹੈ ਪਰ ਨਿਸਚੇ ਭਰੋਸੇ ਤੇ ਪ੍ਰੇਮ ਵਿਚ ਕੋਈ ਫਰਕ ਨਹੀਂ ਆਇਆ, ਉਸ ਸਮੇਂ ਦਾ ਉਚਾਰਿਆ ਇਹ ਸ਼ਬਦ ਜਾਪਦਾ ਹੈ। ਇਹ ਉਥਾਨਕਾ ਦੱਸੀ ਬੀ ਜਾਂਦੀ ਹੈ ਕਿ ਕੋਈ ਪਾਂਡੇ ਆਪ ਤੋਂ ਵਿਸ਼ਨੂੰ ਦੀ ਮੂਰਤੀ ਖੋਹ ਲੈ ਗਏ ਸਨ ਤੇ ਮਾਰ ਕੁਟਾਈ ਕਰਕੇ ਬੀ ਆਪ ਨੂੰ ਫੱਟ ਲਾ ਗਏ ਸਨ, ਤਦੋਂ ਏਹ ਵਾਕ ਉਚਾਰੇ ਗਏ। ਸੰਪਤ, ਬਿਪਤ, ਇਕਸਾਰ ਪਰਦੇ ਦੱਸਣ ਤੋਂ ਇਸ਼ਾਰਾ ਕਿਸੇ ਐਸੀ ਮਾੜੀ ਹੋਣੀ ਵਲ ਹੈ।

ਇਸ ਵਿਚ ਸਬਕ ਦੇਂਦੇ ਹਨ ਕਿ ਸੰਪਤੀ ਦੇ ਆਇਆਂ ਅਹੰਕਾਰ ਨਾਲ ਜੀਵ ਪ੍ਰਭੂ ਵਲੋਂ ਬੇਮੁਖ ਹੁੰਦਾ ਹੈ ਤੇ ਬਿਪਤਾ ਪਿਆਂ ਵਿਸ਼ਵਾਸ਼ ਡੋਲਦਾ ਹੈ, ਦੋਹਾਂ ਵਲੋਂ ਸਾਵਧਾਨ ਰਹੋ, ਉਸ ਵੇਲੇ ਕੀਹ ਸਮਝੌਤੀ ਮਨ ਨੂੰ ਦੇਵੋ? ਕਬੀਰ ਜੀ ਦਾ ਵਾਕ ਹੈ:-

> ਸੰਪੈ ਦੇਖਿ ਨ ਹਰਖੀਐ ਬਿਪਤਿ ਦੇਖਿ ਨ ਰੋਇ॥
> ਜਿਉ ਸੰਪੈ ਤਿਉ ਬਿਪਤਿ ਹੈ ਬਿਧ ਨੇ ਰਚਿਆ ਸੋ ਹੋਇ॥ [ਗਉੜੀ, ਕਬੀਰ ਜੀ -੬੩]

ਨਿਰੁਕ੍ਤ- ਛਿਨੁ ਛਿਨੁ- ਟੁਕੜੇ ਟੁਕੜੇ, ਭਾਵ ਹੈ ਫੱਟ ਲਗੇ ਹਨ ਤਨ ਨੂੰ।

(ਅ) ਛਿਨੁ ਛਿਨੁ ਦਾ ਅਰਥ ਪਲ ਪਲ ਬੀ ਹੈ। ਇਹ ਅਰਥ ਲੈਕੇ ਦਾਨੇ ਇਹ ਭਾਵ ਬੀ ਲੈਂਦੇ ਹਨ ਕਿ ਅਪਣੇ ਸ਼ਰੀਰ ਦੀ ਦਸਾ ਛਿਨ ਛਿਨ ਵਿਚ ਬਦਲਦੀ ਦੇਖਦੇ ਹਨ ਪਰ ਪ੍ਰੇਮ ਘਟਦਾ ਨਹੀਂ ਦੇਖਦੇ ਤਾਂ ਉਚਾਰਨ ਕਰਦੇ ਹਨ। ਇਕ ਤਰ੍ਹਾਂ ਸ਼ੁਕਰ ਗੁਜ਼ਾਰੀ ਕਰ ਰਹੇ ਹਨ ਕਿ:

> ' ਛਿਨੁ ਛਿਨੁ ਅਉਧ ਬਿਹਾਤੁ ਹੈ'·····॥ [ਤਿਲੰਗ ਮਹਲਾ ੯-੧]

ਪਰ ਪ੍ਰੇਮ ਨਹੀਂ ਘਟ ਰਿਹਾ, ਉਹ ਪ੍ਰਪੱਕ ਹੋਕੇ ਤੇਰੇ ਨਾਲ ਮੈਨੂੰ ਬੰਨ੍ਹ ਰਿਹਾ ਹੈ।

ਅਰਬਿੰਦੁ-(ਸੰਸ:, ਅਰਵਿੰਦੰ) ਕਮਲ।

ਭਵਨ-ਘਰ, ਪਰ ਏਥੇ ਇਹ ਪਦ ਭ੍ਰਮਰ ਦਾ ਕੋਈ ਦੇਸ਼ ਭਾਸ਼ੀ ਰੂਪ ਹੈ, ਭ੍ਰਮਰ=ਭੌਰਾ। ਜਿਸ ਤਰ੍ਹਾਂ ਕਿ ਭਵਨ ਯਾ ਭਵਨਾ ਪਦ ਭ੍ਰਮਨ ਦਾ ਰੂਪ ਲੈ ਲੈਂਦਾ ਹੈ, ਯਥਾ:-

'ਚੂਕੈ ਮਨ ਕਾ ਭਵਨਾ ॥, [ਰਾਮਕਲੀ ਮ: ੧, ਸਿਧ ਗੋਸਟਿ -੬੪]

ਪਾਨ ਕਰਤ -ਪੀਂਦਿਆ।

ਧਨ-ਰੁਪਏ ਮੋਹਰਾਂ ਚਾਂਦੀ ਸੋਨਾ ਆਦਿ ਦੌਲਤ।

ਜੇਵਰੀ-ਜੇਉੜੀ, ਰੱਸੀ।

ਸੰਪਤਿ- ਮਾਲ ਮਿਲਖ ਆਦਿ ਦੌਲਤ।

ਪਟਲ-ਪਰਦਾ।

ਗੁਨ-ਫਾਇਦਾ, ਲਾਭ।

[ਆਸਾ ਰਵਿਦਾਸ ਜੀ, ਤਿਪਦਾ-੫]

ਮੂਲ	ਅਰਥ
ਆਸਾ ॥ ਹਰਿ ਹਰਿ ਹਰਿ ਹਰਿ ਹਰਿ ਹਰਿ ਹਰੇ ॥ ਹਰਿ ਸਿਮਰਤ ਜਨ ਗਏ ਨਿਸਤਰਿ ਤਰੇ ॥੧॥ ਰਹਾਉ ॥	ਹਰਿ ਹਰਿ ਹਰਿ ਹਰਿ ਹਰਿ ਹਰਿ ਹਰਿ (ਐਉਂ) ਹਰੀ ਨੂੰ ਸਿਮਰਦੇ (ਜਨ=) ਭਗਤ (ਭਵ ਸਾਗਰ ਨੂੰ ਨਿਸਤਰਿ=) ਤਰਕੇ (ਤਰੇ ਗਏ=) ਤਰ ਗਏ (ਭਾਵ ਮੁਕਤ ਹੋ ਗਏ) ॥੧॥ ਰਹਾਉ॥
ਹਰਿ ਕੇ ਨਾਮ ਕਬੀਰ ਉਜਾਗਰ ॥ ਜਨਮ ਜਨਮ ਕੇ ਕਾਟੇ ਕਾਗਰ ॥੧॥	(ਉਨ੍ਹਾਂ ਤਰਿਆਂ ਵਿਚੋਂ) ਕਬੀਰ ਜੀ ਹਰੀ ਦੇ ਨਾਮ (ਉਪਾਸ਼ਕ ਹੋਣ ਕਰਕੇ) ਮਸ਼ਾਹੂਰ ਹਨ। (ਉਨ੍ਹਾਂ ਦੇ) ਜਨਮ ਜਨਮ ਦੇ ਕਾਗ਼ਜ (ਕਰਮ ਪੱਤ੍ਰੀਆਂ) ਫਾੜੇ ਗਏ॥੧॥
ਨਿਮਤ ਨਾਮਦੇਉ ਦੂਧੁ ਪੀਆਇਆ॥ ਤਉ ਜਗ ਜਨਮ ਸੰਕਟ ਨਹੀ ਆਇਆ ॥੨॥	(ਨਾਨੇ ਨੇ ਬਿਦੇਸ਼ ਜਾਣ ਦੇ) ਕਾਰਨ ਨਾਮਦੇਉ ਨੇ (ਠਾਕੁਰ ਨੂੰ) ਦੁੱਧ ਪਿਲਾਇਆ, ਤਦ (ਉਹ) ਸੰਸਾਰ ਦੇ ਜਨਮ (ਮਰਣ) ਦੇ ਦੁਖ ਵਿਚ ਨਹੀਂ ਆਇਆ॥੨॥
ਜਨ ਰਵਿਦਾਸ ਰਾਮ ਰੰਗਿ ਰਾਤਾ ॥ ਇਉ ਗੁਰ ਪਰਸਾਦਿ ਨਰਕ ਨਹੀ ਜਾਤਾ ॥੩॥੫॥	ਦਾਸ ਰਵਿਦਾਸ ਰਾਮ ਦੇ ਪ੍ਰੇਮ ਵਿਚ ਰੰਗਿਆ ਗਿਆ ਹੈ (ਇਉਂ) ਇਸ ਕਰਕੇ ਗੁਰੂ ਦੀ ਕ੍ਰਿਪਾ ਨਾਲ ਨਰਕ ਵਿਚ ਨਹੀਂ ਚਲਿਆ (ਭਾਵ ਨਰਕ ਨੂੰ ਨਹੀਂ ਜਾਏਗਾ)॥੩॥੫॥

ਵਯਾਖਯਾ-ਰਹਾਉ-ਸੱਤ ਵੇਰ 'ਹਰਿ' ਪਦ ਪਹਿਲੀ ਸਤਰ ਵਿਚ ਦੁਹਰਾਇਆ ਹੈ, ਭਾਵ ਬਾਰੰਬਾਰ ਦੇ ਸਿਮਰਣ ਤੋਂ ਹੈ ਕਿ ਬਾਰੰਬਾਰ ਦੇ ਸਿਮਰਣ ਨਾਲ ਭਗਤ ਲੋਕ ਤਰ ਗਏ, ਮੁਕਤ ਹੋ ਗਏ।

ਅੰਕ ੧-ਮਿਸਾਲਾਂ ਦੇਂਦੇ ਹਨ ਦੋ, ਤੇ ਉਹਨਾਂ ਦੇ ਆਧਾਰ ਤੇ ਅਪਣੀ ਕਲਯਾਣ ਨਿਸਚੇ ਦੱਸਦੇ ਹਨ। ਕਬੀਰ ਜੀ ਦੀ ਕਥਾ ਵੱਲ ਕੋਈ ਇਸ਼ਾਰਾ ਨਹੀਂ, ਜਗਤ ਉਜਾਗਰਤਾ ਕਰਕੇ ਉਹਨਾਂ ਦੀਆਂ ਕਥਾਵਾਂ ਦੀ ਮਸ਼ਹੂਰੀ ਵੱਲ ਇਸ਼ਾਰਾ ਹੈ ਤੇ ਭਗਤ ਮੰਡਲ ਵਿਚ ਪ੍ਰਵਾਣਤਾ ਦੀ ਸੈਨਤ ਹੈ। ਨਾਮ ਦੇ ਪ੍ਰਤਾਪ ਉਹਨਾਂ ਦੀ ਜਨਮ ਜਨਮ ਦੀ ਕਰਮ ਪਤ੍ਰੀ ਫਾੜ ਦਿਤੀ ਗਈ। ਸੈਨਤ ਇਹ ਹੈ ਕਿ ਕਰਮਾਂ ਨਾਲ ਲੇਖਾ ਨਹੀਂ ਮੁਕਦਾ, ਪਰ ਹਰੀ ਨਾਮ ਨਾਲ ਕਰਮਾਂ ਦੇ ਦਫਤਰ ਹੀ ਫਟ ਜਾਂਦੇ ਹਨ, ਕਿਉਂਕਿ ਹਰੀ ਨਾਮ ਨਾਲ, ਹਰੀ ਪ੍ਰੇਮ ਵਿਚ ਆਕੇ ਭਗਤ ਜਨ ਕਰਮ ਜਾਲ ਤੇ ਕਾਲ ਚੱਕ੍ਰ ਤੋਂ ਉੱਚੇ ਉਠ ਜਾਂਦੇ ਹਨ।

ਫੇਰ ਨਾਮਦੇਵ ਦਾ ਜ਼ਿਕਰ ਹੈ ਕਿ ਉਸ ਨੇ ਅਪਣੇ ਨਾਨਾਂ ਜੀ ਦੇ ਬਾਹਰ ਜਾਣ ਤੇ ਉਹਨਾਂ ਦੀ ਆਗਿਆ ਅਨੁਸਾਰ ਠਾਕਰ ਪੂਜਾ ਕੀਤੀ । ਓਹ ਤਾਂ ਪ੍ਰਤਿਮਾ ਵਿਚ ਸ਼ਰਧਾ ਕਰਕੇ ਪੂਜਦੇ ਸਨ, ਨਾਮਦੇਵ

ਨੇ ਸਾਖਸ਼ਾਤ ਸਮਝਕੇ ਵਿਸ਼ਵਾਸ ਦੀ ਅਤਿਸ਼ਯਤਾ ਨਾਲ ਯਥਾਰਥ ਤੇ ਅਨਜਾਣੇ ਹੀ ਪਹੁੰਚ ਪਾ ਲਈ, ਤਦ ਦੁੱਧ ਸਚਮੁਚ ਪਿਲਾ ਦਿਤਾ। ਉਸ ਦਾ ਜਨਮ ਮਰਨ ਕੱਟ ਹੋ ਗਿਆ। ਦੋ ਇਕ ਗਲਾਂ ਏਥੇ ਧਯਾਨ ਯੋਗ ਹਨ। ਭਾਈ ਗੁਰਦਾਸ ਜੀ ਨੇ ਦਸਵੀਂ ਵਾਰ ਦੀ ੧੧ਵੀਂ ਪਉੜੀ ਵਿਚ ਨਾਮਦੇਵ ਦੀ ਦੁੱਧ ਪਿਲਾਉਣ ਦੀ ਕਥਾ ਦਿਤੀ ਹੈ ਤੇ ਦੱਸਿਆ ਹੈ ਕਿ 'ਪਿਉ' ਕਿਤੇ ਬਾਹਰ ਚੱਲਿਆ ਸੀ ਪਰ ਆਮ ਕਥਾ ਦੱਸਦੇ ਹਨ ਕਿ 'ਨਾਨਾ' ਬਾਹਰ ਚੱਲਿਆ ਸੀ। ਹੋ ਸਕਦਾ ਹੈ ਕਿ ਤਦ ਤਕ ਨਾਮਦੇਵ ਜੀ ਦੀ ਕਥਾ ਕਿ ਪਿਤਾ ਹੈ ਨਹੀਂ ਸੀ ਤੇ ਨਾਨੇ ਪਾਸ ਪਲਦੇ ਸਨ, ਪ੍ਰਚਲਿਤ ਨਾ ਹੋਵੇ ਤੇ ਮਗਰੋਂ ਟੁਰੀ ਹੋਵੇ ਤੇ ਭਾਈ ਜੀ ਉਸ ਵੇਲੇ ਦੀ ਦਰੁਸਤ ਗਲ ਲਿਖ ਰਹੇ ਹੋਣ, ਭਗਤ ਜੀ ਆਪ ਬੀ ਭੈਰਉ ਰਾਗ ਦੇ ਅਪਣੇ ਸ਼ਬਦ ਵਿਚ, ਜੋ ਹੇਠਾਂ ਦਿਤਾ ਜਾ ਰਿਹਾ ਹੈ, 'ਘਰ ਕੋ ਬਾਪੁ'* ਕਹਿ ਰਹੇ ਹਨ।

ਦੂਜੀ ਗਲ ਹੈ ਦੁੱਧ ਪਿਲਾਉਣ ਦੀ ਕਥਾ। ਇਹ ਭਗਤ ਮਾਲ ਆਦਿ ਗ੍ਰੰਥਾਂ ਵਿਚ ਤੇ ਭਾਈ ਗੁਰਦਾਸ ਜੀ ਨੇ ਲਿਖੀ ਹੈ, ਪਰ ਸ੍ਰੀ ਨਾਮਦੇਵ ਜੀ ਨੇ ਆਪ ਬੀ ਲਿਖੀ ਹੈ।ਜੋ ਪਵਿਤ੍ਰ ਬੀੜ ਦੇ ਰਾਗ ਭੈਰਉ ਵਿਚ ਦਰਜ ਹੈ। ਯਥਾ:-

> ਦੂਧੁ ਕਟੋਰੈ ਗਡਵੈ ਪਾਨੀ ॥ ਕਪਲ ਗਾਇ ਨਾਮੈ ਦੁਹਿ ਆਨੀ ॥੧॥ ਦੂਧੁ ਪੀਉ ਗੋਬਿੰਦੇ ਰਾਇ ॥ ਦੂਧੁ ਪੀਉ ਮੇਰੋ ਮਨੁ ਪਤੀਆਇ ॥ ਨਾਹੀ ਤ ਘਰ ਕੋ ਬਾਪੁ ਰਿਸਾਇ ॥੧॥ ਰਹਾਉ ॥ ਸੋੁਇਨ ਕਟੋਰੀ ਅੰਮ੍ਰਿਤ ਭਰੀ ॥ ਲੈ ਨਾਮੈ ਹਰਿ ਆਗੈ ਧਰੀ ॥੨॥ ਏਕੁ ਭਗਤੁ ਮੇਰੇ ਹਿਰਦੇ ਬਸੈ ॥ ਨਾਮੇ ਦੇਖਿ ਨਰਾਇਨੁ ਹਸੈ ॥੩॥ ਦੂਧੁ ਪੀਆਇ ਭਗਤੁ ਘਰਿ ਗਇਆ ॥ ਨਾਮੇ ਹਰਿ ਕਾ ਦਰਸਨੁ ਭਇਆ ॥੪॥੩॥
>
> [ਭੈਰਉ ਨਾਮਦੇਉ ਜੀ-੩

ਇਹ ਸ਼ਬਦ ਭਗਤ ਜੀ ਦੀ ਸ੍ਵੈ ਜੀਵਨੀ ਹੈ ਜੋ ਉਨ੍ਹਾਂ ਨੇ ਆਪ ਲਿਖੀ ਹੈ, ਇਸ ਤੇ ਸ਼ੱਕ ਕਰਨਾ ਵਾਜਬ ਨਹੀ। ਦੁਨੀਆਂ ਦੇ ਪਾਤਸ਼ਾਹਾਂ ਦੇ ਲਿਖੇ ਸ੍ਵੈ ਜੀਵਨੀਆਂ ਦੇ ਵਾਕੇ ਠੀਕ ਮੰਨੇ ਜਾਂਦੇ ਹਨ ਅਰ ਅਲੌਕਿਕ ਵਾਕਿਆਤ ਬੀ। ਸੁਬੁਕਤਗੀਨ ਦਾ ਸੁਪਨਾ ਸੱਚ ਹੋਣਾ ਤੇ ਬਾਬਰ ਦਾ ਅਪਣੇ ਪੁਤ੍ਰ ਦੀ ਬੀਮਾਰੀ ਤੇ ਮੌਤ ਅਪਣੇ ਤੇ ਲੈ ਲੈਣੀ ਤੇ ਪੁਤ੍ਰ ਹਮਾਯੂੰ ਨੂੰ ਰਾਜ਼ੀ ਕਰ ਦੇਣਾ।

ਫਿਰ ਨਾਮਦੇਵ ਤੇ ਕਬੀਰ ਵਰਗੇ ਸਤਯ ਵਕਤਾ, ਜੋ ਆਚਰਣ ਦੇ ਪਵਿਤ੍ਰ ਤੇ ਰੂਹਾਨੀ ਜੀਵਨਾਂ ਦੇ ਮਾਲਕ ਸਨ, ਉਨ੍ਹਾਂ ਦੇ ਅਪਣੇ ਲਿਖੇ ਸ੍ਵੈ ਜੀਵਨੀ ਦੇ ਵਾਕਿਆਤ ਨੂੰ ਸਚ ਮੰਨਣ ਤੋਂ ਇਨਕਾਰ ਕਰਨਾ ਉਨ੍ਹਾਂ ਨਾਲ ਤੇ ਇਤਿਹਾਸ ਨਾਲ ਅੰਨਯਾਯ ਕਰਨਾ ਹੈ।

ਅੰਕ ੩- ਅਖੀਰ ਵਿਚ ਆਪ ਜੀ ਅਪਣੀ ਬਾਬਤ ਲਿਖਦੇ ਹਨ, ਮੈਂ ਰਾਮ ਦੇ ਪ੍ਰੇਮ ਰੱਤਾ ਹਾਂ, ਇਹ ਇਕ ਅਮਰ ਵਾਕਿਆ ਵਰਣਨ ਕਰਦੇ ਹਨ। ਫੇਰ ਅਪਣੇ ਨਰਕ ਨਾ ਜਾਣ ਦੇ ਨਿਸਚੇ ਨੂੰ ਦੱਸਦੇ ਹਨ, ਐਸਾ ਕਹਿਣਾ ਅਹੰਕਾਰ ਦੀ ਲੇਸ਼ ਨਾ ਲੈ ਆਵੇ, ਆਪ ਜੀ ਦੋਹਾਂ ਦੇ ਵਿਚਕਾਰ "ਗੁਰ ਪ੍ਰਸਾਦਿ" ਪਦ ਲਿਖਦੇ ਹਨ।

ਨਿਰੁਕ੍ਤ- 'ਹਰਿ'—ਸੱਤ ਵੇਰ ਹਰਿ ਕਹਿਣਾ ਬਾਰੰਬਾਰ ਯਾ ਲਗਾਤਾਰੀ ਸਿਮਰਨ ਦਾ ਸੂਚਕ ਹੈ। ਪਦ ਹਰਿ ਦੇ ਕੋਸ਼ਾਂ ਵਿਚ ੪੦ ਯਾ ਕੁਛ ਵੱਧ ਅਰਥ ਹਨ। ਇਸ ਪਦ ਦਾ ਧਾਤੂ 'ਹ੍ਰੀ' ਹੈ ਜਿਸ ਦੇ ਅਰਥ ਹਨ 'ਹਰਨਾ' ਯਾ 'ਲੈ ਜਾਣਾ।' ਇਸ ਕਰਕੇ ਇਸਦਾ ਅਰਥ ਪਰਮਾਤਮਾਂ ਬੀ ਹੈ ਜੋ ਦੁੱਖ ਹਰਤਾ ਹੈ।

ਗਏ ਨਿਸਤਰਿ ਤਰੇ - ਨਿਸਤਰਿ=ਤਰਕੇ॥ ਤਰੇ ਗਏ+ਤਰ ਗਏ=ਮੁਕਤ ਹੋਏ। ਪਦ ਨਿਸਤਰਿ ਸੰਸਕ੍ਰਿਤ ਦੇ 'ਨਿਸਤਾਰ:' ਪਦ ਤੋਂ ਹੈ। ਨਿਰ੍=ਵਿਸ਼ੇਸ਼ ਕਰਕੇ, ਤ੍ਰੀ =ਤਰਨਾ। ਨਿਸਤਰਿ ਦੇ 'ਰ' ਨੂੰ ਸਿਆਰੀ ਹੋਣ ਕਰਕੇ ਅਰਥ ਬਣਦਾ ਹੈ: 'ਤਰ ਕੇ'।

---

* ਉਂਵ ਖਿੱਚ ਮਾਰਕੇ 'ਘਰ ਕੋ ਬਾਪ' ਨੂੰ ਨਾਨਾ, ਦਾਦਾ, ਤਾਇਆ, ਚਾਚਾ, ਘਰ ਦੇ ਕਿਸੇ ਵਡਕੇ ਨੂੰ ਕਿਹਾ ਜਾ ਸਕਦਾ ਹੈ।

(ਅ) ਅਕਸਰ ਗੁਣੀਆਂ ਨੇ 'ਨਿਸਤਰਿ' ਦੇ ਐਉਂ ਅਰਥ ਬੀ ਲਾਏ ਹਨ:-

ਨਿਸ=ਨਹੀਂ+ਤਰ= ਤਰਨੇ ਜੋਗ, ਜੋ ਤਰਨੇ ਯੋਗ ਨਹੀਂ ਸਨ (ਅਰਥਾਤ ਪਾਪੀ) ਉਹ ਬੀ ਤਰੇ ਗਏ =ਤਰ ਗਏ। ਮਿਸਾਲ ਵਿਚ ਕਬੀਰ ਜੀ ਆਉਂਦੇ ਹਨ, ਉਹ ਜਦ ਕਬੀਰ ਨਾਮ ਵਾਲੇ ਸਨ ਤਾਂ ਜਨਮ ਤੋਂ ਹੀ ਭਗਤੀ ਰੰਗ ਵਾਲੇ ਸਨ; ਓਹ 'ਨਿਸਤਰਿ' ਤਾਂ ਨਹੀਂ ਸਨ, ਤਰਨੇ ਯੋਗ ਤਾਂ ਸਨ, ਜੋ ਕੁਛ ਥੋੜੀ ਹੋਰ ਲੋੜ ਸੀ ਸ੍ਰੀ ਰਾਮਾਨੰਦ ਜੀ ਨੇ ਪੂਰੀ ਕਰ ਦਿਤੀ।

ਉਜਾਗਰ-ਮਸ਼ਹੂਰ। ਪ੍ਰਸਿੱਧ।

ਕਾਗਰ- [ਅ਼:,ਕਾਗ਼ਜ਼] ਇਸ ਪਦ ਦਾ ਰੂਪ ਕਾਗਦ, ਕਾਗਲ ਤੇ ਕਾਗਰ ਗੁਰਬਾਣੀ ਵਿਚ ਆਏ ਹਨ। ਯਥਾ:-

੧. ਕਾਗਦਿ ਕਲਮ ਨ ਲਿਖਣਹਾਰੁ ॥ [ਜਪੁਜੀ-੧੨]
ਕਾਗਦੁ ਲੂਣੁ ਰਹੈ ਘ੍ਰਿਤ ਸੰਗੇ ਪਾਣੀ ਕਮਲੁ ਰਹੈ॥ [ਰਾਮਕਲੀ ਮਹਲਾ ੧-੪]
੨. ਦੂਜਾ ਕਾਗਲੁ ਚਿਤਿ ਨ ਜਾਣਦਾ॥ [ਸਿਰੀ ਰਾਗੁ ਮ: ੫- ਪੈ ਪਾਇ।]
੩. ਕਾਗਰ ਨਾਵ ਲੰਘਹਿ ਕਤ ਸਾਗਰਿ ਬ੍ਰਿਥਾ ਬ੍ਰਿਥਾ ਕਥਤ ਹਮ ਤਰਤੇ॥ [ਮਲਾਰ ਮ: ੫-੪]

'ਕਾਗਜ਼' ਭਾਵ ਹੈ ਕਰਮ ਪੜ੍ਹੀ। ਉਹ ਵਹੀ ਖਾਤਾ ਜੋ ਧਰਮ ਰਾਜ ਲਿਖਦਾ ਰਿਹਾ ਹੈ।ਮੁਰਾਦ ਹੈ ਸਾਰੇ ਕੀਤੇ ਕਰਮ ਮਿਟ ਗਏ।

ਨਿਮਤ- [ਸੰਸ:, ਨਿਮਿਤ੍ਤੰ] ਕਾਰਣ। ਬਹਾਨਾ। ਨਿਮਿਤ ਕਹਿਣ ਵਿਚ ਇਸ਼ਾਰਾ ਹੈ ਕਿ ਨਾਮਦੇਵ ਦਾ ਪਿਤਾ ਕਿਤੇ ਬਾਹਰ ਗਿਆ ਸੀ, ਠਾਕੁਰ ਪੂਜਾ ਕਰਨੇ ਦੀ ਸੇਵਾ ਨਾਮਦੇਵ ਨੂੰ ਦੇ ਗਿਆ। ਨਾਮਦੇਵ ਭੋਲਾ ਭਾਲਾ ਪਰਮ ਨਿਸ਼ਚੇਵਾਨ ਸ਼ੱਕ ਸ਼ੁਭੇ ਤੋਂ ਖਾਲੀ ਸੀ। ਪਿਤਾ ਦੇ ਬਾਹਰ ਜਾਣੇ ਦੇ ਕਾਰਣ ਉਸ ਨੂੰ ਸੇਵਾ ਕਰਨੀ ਆਈ, ਆਪੂੰ ਉਹ ਪਹਿਲੋਂ ਸੇਵਾ ਤੋਂ ਅਨਜਾਣ ਸੀ।

(ਅ) ਸ੍ਰੀ ਸੰਤ ਸੰਪੂਰਣ ਸਿੰਘ ਜੀ 'ਨਿਮਤ' ਦਾ ਏਥੇ ਅਰਥ 'ਨਿਉਂ ਨਿਉਂ ਕੇ' ਕਰਦੇ ਹਨ, ਭਾਵ ਲੈਂਦੇ ਹਨ 'ਹਉਮੈ ਰਹਿਤ ਹੋਕੇ'।　　ਸੰਕਟ- ਮੁਸ਼ਕਲ, ਕਸ਼ਟ, ਦੁੱਖ।

ਜਾਤਾ- ਜਾ ਰਿਹਾ, 'ਨਹੀ ਜਾਤਾ ਦਾ ਭਾਵ ਹੈ 'ਨਹੀਂ ਜਾਏਗਾ'

[ਆਸਾ ਰਵਿਦਾਸ ਜੀ, ਤਿਪਦਾ-੬]

ਮੂਲ	ਅਰਥ
ਮਾਟੀ ਕੋ ਪੁਤਰਾ ਕੈਸੇ ਨਚਤੁ ਹੈ ॥ ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤੁ ਹੈ ॥੧॥ ਰਹਾਉ ॥	(ਇਹ ਇਨਸਾਨ ਇਕ) ਮਿੱਟੀ ਦਾ ਪੁਤਲਾ ਹੈ, (ਪਰ ਦੇਖੋ) ਕਿਸ ਤਰ੍ਹਾਂ ਨੱਚਦਾ (ਟੱਪਦਾ ਫਿਰਦਾ) ਹੈ, (ਕਦੇ ਇਧਰ) ਦੇਖਦਾ ਹੈ (ਕਦੇ ਉਧਰ) ਝਾਕਦਾ ਹੈ, (ਕਦੇ ਕੁਝ) ਸੁਣਦਾ ਹੈ (ਕਦੇ ਕੁਝ) ਬੋਲਦਾ ਹੈ (ਕਦੇ) ਦਉੜਿਆ ਫਿਰਦਾ ਹੈ॥੧॥ ਰਹਾਉ॥
ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ॥ ਮਾਇਆ ਗਈ ਤਬ ਰੋਵਨੁ ਲਗਤੁ ਹੈ ॥੧॥	ਜਦੋਂ ਕੁਛ ਪ੍ਰਾਪਤ ਕਰ ਲੈਂਦਾ ਹੇ ਤਦ ਹੰਕਾਰ ਕਰਦਾ ਹੈ, ਜਦ ਮਾਇਆ (ਧਨ ਆਦਿਕ) ਦਾ ਨੁਕਸਾਨ ਹੋ ਜਾਏ ਤਾਂ ਰੋਣ ਬਹਿ ਜਾਦਾ ਹੈ॥੧॥
ਮਨ ਬਚ ਕ੍ਰਮ ਰਸ ਕਸਹਿ ਲੁਭਾਨਾ॥ ਬਿਨਸਿ ਗਇਆ ਜਾਇ ਕਹੂੰ ਸਮਾਨਾ ॥੨॥	(ਗਲ ਕੀਹ) ਮਨ ਕਰਕੇ ਬਚਨਾਂ ਕਰਕੇ, ਕਰਮਾਂ ਕਰਕੇ ਰਸ ਕਸਾਂ ਵਿਚ ਲੁਭਾਇਆ ਰਹਿੰਦਾ ਹੈ। (ਜਦ) ਮਰ ਜਾਦਾ ਹੈ (ਪਤਾ ਨਹੀਂ) ਕਿੱਥੇ ਜਾ ਸਮਾਉਂਦਾ ਹੈ॥੨॥

ਕਹਿ ਰਵਿਦਾਸ ਬਾਜੀ ਜਗੁ ਭਾਈ ॥ ਬਾਜੀਗਰ ਸਉ ਮੋਹਿ ਪ੍ਰੀਤਿ ਬਨਿ ਆਈ ॥੩॥੬॥	ਰਵਿਦਾਸ ਆਖਦਾ ਹੈ, ਹੇ ਭਾਈ (ਏਹ) ਸੰਸਾਰ (ਇਕ ਬਾਜੀ=) ਖੇਡ ਹੈ. (ਜਿਸ ਵਿਚ ਮਾਨੁਖ ਲੁਭਾ ਰਹੇ ਤੇ ਉਪਰ ਕਹੀ ਦਸ਼ਾ ਹੋ ਰਹੀ ਹੈ,ਪਰ) ਮੈ ਬਾਜੀਗਰ ਨਾਲ ਪ੍ਰੀਤ ਪਾ ਲਈ ਹੈ (ਸੋ ਮੈਂ ਮਾਇਆ ਦੇ ਪਿੱਛੇ ਨਹੀਂ ਨੱਚ ਟੱਪ ਰਿਹਾ, ਬਾਜੀਗਰ ਦੇ ਪਿਆਰ ਮੰਡਲ ਵਿਚ ਟਿਕ ਗਿਆ ਹਾਂ) ॥ ੩ ॥ ੬ ॥

ਵਜਾਖਜਾ-ਸੰਸਾਰ ਨੂੰ ਇਕ ਖੇਲ ਦੱਸਿਆ ਹੈ। ਖੇਲ ਲਈ ਬਾਜੀ ਪਦ ਵਰਤਿਆ ਹੈ। ਪਹਿਲੀ ਸਤਰ ਵਿਚ 'ਪੁਤਲਾ' ਪਦ ਵਰਤਿਆ ਹੈ ਸੋ ਇਹ ਪੁਤਲੀਆਂ ਦਾ ਖੇਲ ਯਾ ਤਮਾਸ਼ਾ ਹੈ। ਫੇਰ ਪੁਤਲਾ ਮਿੱਟੀ ਦਾ ਦੱਸਿਆ ਹੈ। ਮਿੱਟੀ ਤੋਂ ਮੁਰਾਦ ਪੰਜ ਤਤ ਦੀ ਪ੍ਰਕ੍ਰਿਤੀ ਦੀ ਹੈ। ਕਿ ਇਹ ਪ੍ਰਾਕ੍ਰਿਤਿਕ ਪੁਤਲਾ ਨਹੀਂ ਸਮਝਦਾ ਕਿ ਮੈਂ ਪੁਤਲਾ ਮਾਤ੍ਰ ਹਾਂ, ਤ੍ਰਿਸ਼ਨਾ ਵੱਸਿ ਹੋਇਆ ਸੁਆਦਾਂ ਤੇ ਮਾਇਆ ਪ੍ਰਾਪਤੀ ਦੇ ਮਗਰ ਝੱਲਾ ਹੋਇਆ ਫਿਰਦਾ ਹੈ। ਇਹ ਨੱਚਣ ਦਾ ਭਾਵ ਹੈ, ਪੁਤਲੀਆਂ ਨੂੰ ਨੱਚਦਾ ਯਾ ਨਾਟ ਕਰਦਾ ਖੇਲ ਕਰਨ ਵਾਲਾ ਦਿਖਾਲਦਾ ਹੈ ਤਾਂਤੇ ਪਦ 'ਨਚਤੁ' ਵਰਤਿਆ ਹੈ। ਮਿੱਟੀ ਦਾ ਪੁਤਲਾ ਜੜ੍ਹ ਪਿਆ ਰਹਿਣਾ ਚਾਹੀਏ, ਪਰ ਇਹ ਦੇਖਦਾ ਹੈ ਸ਼ਪਸ਼ਟ ਤੌਰ ਤੇ, ਦੇਖਦਾ ਹੈ ਖਾਸ ਮਤਲਬਾਂ ਲਈ, ਨਾਨਾ ਤਰ੍ਹਾਂ ਦੀਆਂ ਕਾਮਨਾ ਨਾਲ, ਨਾ ਕੇਵਲ ਦੇਖਦਾ ਹੈ, ਸੁਣਦਾ ਹੈ, ਆਪ ਬੋਲਦਾ ਬੀ ਹੈ, ਤ੍ਰੈਏ ਕ੍ਰਿਯਾਂ ਮਤਲਬ ਸਾਧਣ ਲਈ ਕਰਦਾ ਹੈ।

ਅੰਕ ੨. ਰਵਿਦਾਸ ਜੀ ਹੁਣ ਦੱਸਦੇ ਹਨ ਕਿ ਮਨ ਕਰਕੇ, ਬਚਨ ਕਰਕੇ ਕਰਮਾਂ ਕਰਕੇ, ਮਤਲਬ ਹੈ ਅੰਦਰੋਂ ਬਾਹਰੋਂ ਹਰ ਤਰ੍ਹਾਂ ਇਹ ਰਸਾਂ ਕਸਾਂ ਵਿਚ ਲੁਭਿਤ ਰਹਿੰਦਾ ਹੈ। ਇਸ ਦੇ ਸਰੀਰਕ ਸੁਆਦਾਂ ਵਿਚ ਗ਼ਾਫ਼ਲ ਤੇ ਮਸਤੇ ਰਹਿਣ ਦਾ ਫਲ ਕੀਹ ਹੁੰਦਾ ਹੈ? ਕਿ ਕਰਮ ਵੱਸ ਉਮਰਾ ਭੋਗਕੇ ਮਰ ਜਾਂਦਾ ਹੈ। ਫੇਰ ਇਹ ਕਿਧਰੇ ਜਾ ਸਮਾਉਂਦਾ ਹੈ, ਭਾਵ ਇਹ ਹੈ ਜਿਨ੍ਹਾਂ ਕਰਮਾਂ ਵਿਚ ਸਾਰੀ ਉਮਰ ਗ਼ਲਤਾਨ ਰਿਹਾ ਹੈ, ਉਹਨਾਂ ਵਾਸ਼ਨਾਂ ਤੇ ਕਰਮਾਂ ਤੋਂ ਬਣੀਆਂ ਰੁਚੀਆਂ ਅਨੁਸਾਰ ਕਿਧਰੇ ਜਾ ਸਮਾਉਂਦਾ ਹੈ। ਇਸ਼ਾਰਾ ਹੈ ਕਿ ਮਾੜੀਆਂ ਵਾਸ਼ਨਾਂ ਮਾੜੇ ਹੀ ਥਾਂ ਲੈ ਜਾਂਦੀਆਂ ਹਨ। ਇਨ੍ਹਾਂ ਮਾੜੇ ਕਰਮਾਂ ਤੇ ਮੰਦ ਵਾਸ਼ਨਾ ਕਰਕੇ ਕਾਲ ਚੱਕ੍ਰ ਵਿਚ ਪਿਆ ਰਹਿੰਦਾ ਹੈ ਤੇ ਉਸ ਵਿਚੋਂ ਨਿਕਲ ਨਹੀਂ ਸਕਦਾ।

ਅੰਕ ੩ ਵਿਚ ਇਸ ਚੱਕ੍ਰ ਵਿਚੋਂ ਨਿਕਲਣ ਦੀ ਵਿਧਿ ਦੱਸਦੇ ਹਨ। ਉਹ ਵਿਧੀ ਅਪਣੇ ਅਮਲ ਵਿਚ ਜਣਾਉਂਦੇ ਹਨ ਕਿ ਮੈਂ ਨਿਸ਼ਚੇ ਕਰ ਲਿਆ ਹੈ ਕਿ ਜਗਤ ਸਤਜ ਨਹੀਂ ਹੈ, ਇਹ ਖੇਲ ਹੈ। ਮੈਨੂੰ ਸਮਝ ਪਈ ਹੈ ਕਿ ਖੇਲ ਵਿਚ ਵਾਸ਼ਨਾ ਤ੍ਰਿਸ਼ਨਾ ਲਈ ਫਿਰਦੀਆਂ ਸਦਾ ਨਚਾਉਂਦੀਆਂ ਟਪਾਉਂਦੀਆਂ ਦੁਖਾਂ ਦੇ ਗੇੜ ਵਿਚ ਰਖਦੀਆਂ ਹਨ। ਮੈਨੂੰ ਇਕ ਰਾਹ ਮਿਲ ਗਿਆ ਕਿ ਖੇਲ ਆਪੂੰ ਨਹੀਂ ਹੋ ਰਿਹਾ ਇਸ ਦਾ ਕੋਈ ਬਾਜ਼ੀਗਰ ਹੈ ਤੇ ਉਹ ਖੇਲ ਵਿਚ ਨਹੀਂ ਸਦਾ ਥਿਰ ਹੈ, ਸਦਾ ਆਨੰਦ ਹੈ। ਸੋ ਖੇਲ ਦੇ ਨਾਟ ਵਿਚੋਂ ਪ੍ਰੀਤ ਤੋੜ ਲਈ ਹੈ, ਤੇ ਬਾਜ਼ੀਗਰ ਨਾਲ ਪ੍ਰੀਤ ਪਾ ਲਈ ਹੈ। ਇਥੇ ਆਪ ਇਕ ਪਦ ਵਰਤਦੇ ਹਨ 'ਪ੍ਰੀਤਿ ਬਨਿ ਆਈ' ਬਨ ਆਈ ਦੇ ਅਰਥ 'ਪਾ ਲਈ ਹੈ' ਪਦਾਂ ਦੀ ਬ੍ਰਿਤੀ ਨੂੰ ਪੂਰੀ ਤਰ੍ਹਾਂ ਨਿਰੂਪਣ ਨਹੀਂ ਕਰਦੇ। ਬਨਿਆਈ ਦਾ ਤਾਤਪਰਜ ਹੁੰਦਾ ਹੈ ਕਿ ਪ੍ਰੀਤ ਪਾ ਲਈ ਹੈ ਤੇ ਉਹ ਸਿਰੇ ਚੜ੍ਹ ਗਈ ਹੈ, ਯਾ ਕਬੂਲ ਪੈ ਗਈ ਹੈ। ਮਤਲਬ ਇਹ ਹੈ ਕਿ ਬਨਿਆਈ ਕਹਿਣ ਵਿਚ ਸੂਖਮ ਭਾਵ=ਜਿਸ ਨਾਲ ਪ੍ਰੀਤ, ਪਾਈ ਹੈ ਉਸ ਦੀ ਖੁਸ਼ਨੂਦੀ ਯਾ ਪ੍ਰਵਾਨਗੀ ਦਾ ਬੀ ਹੁੰਦਾ ਹੈ। ਉਪਦੇਸ਼ ਇਹ ਹੈ ਕਿ ਤੁਸੀਂ ਬੀ ਬਾਜ਼ੀਗਰ, ਭਾਵ ਪ੍ਰਭੂ ਨਾਲ ਪ੍ਰੀਤ ਕਰੋ, ਤੁਹਾਡੀ ਬੀ ਰਹਿ ਬਣ ਆਵੇਗੀ। ਤੁਸੀਂ ਇਸ ਬਾਜ਼ੀ ਵਿਚ ਨੱਚਣੋਂ ਟੱਪਣੋਂ ਛੁੱਟਕੇ ਮੁਕਤ ਪਦ ਨੂੰ ਪਹੁੰਚੋਗੇ।

ਨਿਰੁਕ੍ਤ-ਮਾਟੀ ਕੋ ਪੁਤਰਾ- ਮਿੱਟੀ ਦਾ ਪੁਤਲਾ। ਭਾਵ ਮਨੁਖ ਤੋਂ ਹੈ, ਕਿਉਂਕਿ ਇਸ ਦਾ

ਸਰੀਰ ਤੱਤਾਂ ਦਾ ਬਣਿਆਂ ਹੈ, ਮਿੱਟੀ ਕਹਿਕੇ ਤਤ ਕਹੋ, ਪ੍ਰਕ੍ਰਿਤੀ ਕਹੋ, ਮਾਦਾ ਕਹੋ ਜਣਾ ਦਿਤਾ ਹੈ; ਉਂਞ ਮਿੱਟੀ ਕਹਿਣ ਵਿਚ ਸੂਚਨਾ ਮਖੌਲ ਦੀ ਹੈ।

ਨਚਤੁ- ਇਨਸਾਨੀ ਕ੍ਰਿਯਾ, ਕਰਮ, ਹਰਕਤਾਂ ਨੂੰ 'ਨਚਤ' ਕਹਿਕੇ, ਮਖੌਲ ਕੀਤਾ ਹੈ।

ਗਰਬੁ- [ਸੰਸ:, ਗਰ੍ਬ੍ਹ;] ਹੰਕਾਰ, ਗ਼ਰੂਰ।

ਮਾਇਆ-ਏਥੇ ਮਤਲਬ ਧਨ ਦੌਲਤ ਮਾਲ ਮਿਲਖ ਤੋਂ ਹੈ।

ਬਚ- ਬਚਨ। ਕ੍ਰਮ- ਕਰਮ। ਫੇਅ਼ਲ, ਹਰਕਤ।

ਰਸ ਕਸਹਿ- ਰਸਾਂ ਕਸਾਂ ਵਿਚ। ਛੀਆਂ ਰਸਾਂ ਵਿਚ। 'ਰਸ ਕਸ' ਮੁਹਾਵਰੇ ਵਿਚ ਛੇਆਂ ਰਸਾਂ ਦਾ ਵਾਚਕ ਹੈ, ਮਿੱਠੇ ਤੋਂ ਲੈਕੇ ਕਸੈਲੇ ਤੱਕ ਦੇ ਸਾਰੇ ਰਸ।

ਬਾਜੀ- [ਫ਼ਾ:, ਬਾਜ਼ੀ] ਖੇਲ।

[ਆਸਾ ਧੰਨਾ ਜੀ, ਚਉਪਦਾ-੧]

ਆਸਾ ਬਾਣੀ ਭਗਤ ਧੰਨੇ ਜੀ ਕੀ ੴ ਸਤਿਗੁਰ ਪ੍ਰਸਾਦਿ ॥

ਮੂਲ	ਅਰਥ
ਭ੍ਰਮਤ ਫਿਰਤ ਬਹੁ ਜਨਮ ਬਿਲਾਨੇ ਤਨੁ ਮਨੁ ਧਨੁ ਨਹੀ ਧੀਰੇ ॥ ਲਾਲਚ ਬਿਖੁ ਕਾਮ ਲੁਬਧ ਰਾਤਾ ਮਨਿ ਬਿਸਰੇ ਪ੍ਰਭ ਹੀਰੇ ॥੧॥ ਰਹਾਉ ॥	ਬਹੁਤੇ ਜਨਮ ਭਟਕਦਿਆਂ ਫਿਰਦਿਆਂ ਬੀਤ ਗਏ ਹਨ, ਨਾ ਤਨ, ਨਾ ਮਨ, ਨਾ ਧਨ ਹੀ ਟਿਕਿਆ, (ਕਿਉਂਕਿ ਸਰੀਰ ਮਰ ਮਰ ਜਾਂਦਾ ਹੈ, ਮਨ ਸੰਕਲਪ ਵਿਕਲਪ ਵਿਚ ਭਟਕਦਾ ਰਹਿੰਦਾ ਹੈ, ਧਨ ਨਾਸ਼ ਹੋ ਜਾਂਦਾ ਹੈ ਯਾ ਛੁਟਕ ਜਾਂਦਾ ਹੈ)। ਲਾਲਚ ਵਿਹੁ* ਹੈ, ਕਾਮ ਵਿਹੁ ਹੈ, (ਇਸ ਦੇ) ਲੋਭੀ ਤੇ ਇਸ ਵਿਚ ਰਚੇ ਮਨ ਨੇ ਹੀਰੇ (ਵਰਗੇ ਪ੍ਰਕਾਸ਼ ਸਰੂਪ) ਪ੍ਰਭੂ ਨੂੰ ਭੁਲਾ ਛਡਿਆ ਹੈ ॥੧॥ ਰਹਾਉ॥
ਬਿਖੁ ਫਲ ਮੀਠ ਲਗੇ ਮਨ ਬਉਰੇ ਚਾਰ ਬਿਚਾਰ ਨ ਜਾਨਿਆ ॥ ਗੁਨ ਤੇ ਪ੍ਰੀਤਿ ਬਢੀ ਅਨ ਭਾਂਤੀ ਜਨਮ ਮਰਨ ਫਿਰਿ ਤਾਨਿਆ ॥੧॥	(ਇਸ)ਬਾਵਲੇ ਮਨ ਨੂੰ ਵਿਖ (ਰੂਪੀ) ਫਲ ਮਿੱਠਾ ਲਗਦਾ ਹੈ, (ਇਸੇ ਕਰਕੇ ਇਸ ਨੇ) ਸ਼ੁਭ ਆਚਾਰ ਦੀ ਵੀਚਾਰ ਨੂੰ ਨਹੀਂ ਸਮਝਿਆ। ਸੋ ਗੁਣਾਂ ਤੋਂ (ਛੁੱਟਕੇ ਇਸ ਦੀ) ਪ੍ਰੀਤ ਹੋਰ ਕਿਸਮ ਦੀ ਵਧ ਗਈ, (ਇਸ ਕਰਕੇ) ਜਨਮ ਮਰਨ (ਦਾ ਤਾਣਾ) ਮੁੜ ਤਾਣਿਆ ਗਿਆ॥੧॥
ਜੁਗਤਿ ਜਾਨਿ ਨਹੀ ਰਿਦੈ ਨਿਵਾਸੀ ਜਲਤ ਜਾਲ ਜਮ ਫੰਧ ਪਰੇ ॥ ਬਿਖੁ ਫਲ ਸੰਚਿ ਭਰੇ ਮਨ ਐਸੇ ਪਰਮ ਪੁਰਖ ਪ੍ਰਭ ਮਨ ਬਿਸਰੇ ॥੨॥	(ਇਸ ਜਨਮ ਮਰਨ ਤੋਂ ਛੁੱਟਣ ਦੀ) ਜੁਗਤ ਜਾਣਕੇ (ਭਾਵ ਸਿੱਖਕੇ) ਹਿਰਦੇ ਵਿਚ ਨਹੀਂ ਵਸਾਈ, (ਤ੍ਰਿਸ਼ਨਾ ਦੇ ਜਾਲ=) ਅਗਨੀ ਵਿਚ ਸੜਦਿਆਂ ਹੀ (ਫੇਰ) ਜਮ ਦੇ ਫਾਹੇ ਪੈ ਗਏ। (ਹਾਂ) ਬਿਖ ਫਲ ਸੰਚ ਸੰਚ ਕੇ ਮਨ ਵਿਚ ਐਸੇ ਭਰੇ ਗਏ ਕਿ ਪਰਮ ਪੁਰਖ ਪ੍ਰਭੂ ਜੀ ਮਨ ਤੋਂ ਵਿਸਰ ਗਏ॥੨॥
	[ਇਹ ਕਾਲ ਜਾਲ ਵਿਚ ਫਾਥੀ ਦਸ਼ਾ ਆਪਣੇ ਦੁਆਰਾ ਦੱਸਕੇ ਹੁਣ ਇਸ ਤੋਂ ਛੁੱਟਣ ਦੀ ਵਿਧੀ ਬੀ ਆਪਣੇ ਹੀ ਤਜਰਬੇ

* 'ਬਿਖੁ' ਪਦ ਦੇਹੁਲੀ ਦੀਪਕ ਹੈ,'ਲਾਲਚ' ਤੇ 'ਕਾਮ' ਦੋਹਾਂ ਪਦਾਂ ਨਾਲ ਲਗਦਾ ਹੈ।

ਗਿਆਨ ਪ੍ਰਵੇਸੁ ਗੁਰਹਿ ਧਨੁ ਦੀਆ ਧਿਆਨੁ ਮਾਨੁ ਮਨ ਏਕ ਮਏ ॥ ਪ੍ਰੇਮ ਭਗਤਿ ਮਾਨੀ ਸੁਖੁ ਜਾਨਿਆ ਤ੍ਰਿਪਤਿ ਅਘਾਨੇ ਮੁਕਤਿ ਭਏ ॥੩॥	ਦੁਆਰਾ ਦੱਸਦੇ ਹਨ:] (ਪ੍ਰੰਤੂ ਜਦ ਮੈਨੂੰ) ਗੁਰੂ ਨੇ (ਨਾਮ ਦਾ) ਧਨ (ਦੇਕੇ) ਗਿਆਨ ਪ੍ਰਵੇਸ਼ ਕਰਾ ਦਿਤਾ (ਤੇ ਉਸ ਵਿਚ) ਧਜਾਨ ਦੇਕੇ (ਮਾਨ=) ਮਨਨ ਕੀਤਾ (ਤਦ) ਮਨ (ਧਜੇਯ ਅਰਥਾਤ ਪ੍ਰਭੂ ਨਾਲ) ਇਕ ਮਿੱਕ ਹੋ ਗਿਆ। (ਗਲ ਕੀਹ ਜਦ ਮੈਂ) ਪ੍ਰੇਮਾ ਭਗਤੀ (ਮਾਨੀ=) ਧਾਰਨ ਕਰ ਲਈ (ਤਦ ਮੈਂ ਆਤਮ) ਸੁਖ ਨੂੰ ਜਾਣ ਲਿਆ, ਤਦੋਂ ਤ੍ਰਿਪਤੀ ਹੋ ਗਈ, (ਸਗੋਂ ਅਸੀਂ ਅਘਾਨੇ=) ਪੂਰੀ ਤਰ੍ਹਾਂ ਰੱਜ ਗਏ ਤੇ ਮੁਕਤ ਹੋ ਗਏ* ॥ ੩ ॥
ਜੋਤਿ ਸਮਾਇ ਸਮਾਨੀ ਜਾ ਕੈ ਅਛਲੀ ਪ੍ਰਭੁ ਪਹਿਚਾਨਿਆ ॥ ਧੰਨੈ ਧਨੁ ਪਾਇਆ ਧਰਣੀਧਰੁ ਮਿਲਿ ਜਨ ਸੰਤ ਸਮਾਨਿਆ ॥ ੪॥੧॥	(ਸੋ ਸਰਬ ਵਿਚ) ਸਮਾਈ ਹੋਈ (ਪ੍ਰਭੂ ਦੀ) ਜੋਤਿ (ਸਾਖਜਾਤਕਾਰ ਹੋਕੇ) ਜਿਸ ਦੇ (ਹਿਰਦੇ ਵਿਚ) ਸਮਾ ਗਈ (ਉਸ ਨੇ) ਨਾ ਛਲੇ ਜਾਣ ਵਾਲੇ ਪ੍ਰਭੂ ਨੂੰ ਪਛਾਣ ਲਿਆ। ਧੰਨੇ ਨੇ ਸੰਤ ਜਨਾਂ ਨੂੰ ਮਿਲਕੇ ਧਰਤੀ ਨੂੰ ਧਾਰਣ ਕਰਨੇ ਵਾਲੇ (ਪ੍ਰਭੂ) ਨੂੰ ਪਾ ਲਿਆ ਹੈ, (ਤੇ ਉਸ) ਧਨ ਵਿਚ (ਧੰਨਾ) ਸਮਾ ਗਿਆ ਹੈ॥ ੪ ॥ ੧ ॥

ਵਜਾਖਜਾ- ਐਉਂ ਜਾਪਦਾ ਹੈ ਕਿ ਜਗਤ ਜੀਵਾਂ ਦੀ ਦਸ਼ਾ ਵਰਣਨ ਕਰਕੇ ਅੰਕ ੩ ਤੋਂ ਕਲਜਾਣ ਦਾ ਮਾਰਗ ਦੱਸ ਰਹੇ ਹਨ। ਅਰਥਾਤ ਅੰਨਜ ਪੁਰਖ ਬਾਬਤ ਵਾਕ ਕਰ ਰਹੇ ਹਨ। ਪ੍ਰੰਤੂ ਜਿਸ ਵੇਲੇ ਅੰਕ ੩ ਆਰੰਭ ਹੁੰਦਾ ਹੈ ਤਦ ਪਤਾ ਲਗਦਾ ਹੈ ਕਿ ਅਪਣੇ ਦੁਆਰਾ ਦੱਸ ਰਹੇ ਹਨ, ਸੋ ਅੰਕ ੨ ਦੇ ਅੰਤ ਤਕ ਬੀ ਅਪਣੇ ਦੁਆਰਾ ਕਥਨੀ ਕਰ ਰਹੇ ਹਨ ਤੇ ਅੰਕ ੩ ਤੋਂ ਬੀ ਅਪਣਾ ਹੀ ਤਜਰਬਾ ਦੱਸ ਰਹੇ ਹਨ। ਅਤੇ ਅੰਤਲੀ ਤੁਕ ਤੋਂ ਸਾਫ ਹੋ ਜਾਂਦਾ ਕਿ ਆਪਣਾ ਤਜਰਬਾ ਹੀ ਦੱਸ ਰਹੇ ਹਨ ਤੇ ਅਪਣੇ ਦੁਆਰਾ ਜਗਤ ਜੀਵਾਂ ਨੂੰ ਉਪਦੇਸ਼ ਦੇ ਰਹੇ ਹਨ।

ਅੰਕ ੪ ਵਿਚ ਪਦ "ਜਾਕੈ" ਤੋਂ ਸੰਸਾ ਪੈ ਜਾਂਦਾ ਹੈ ਕਿ ਸਾਰਾ ਉਪਦੇਸ਼ ਅੰਨਜ ਪੁਰਖ ਵਿਚ ਹੋ ਰਿਹਾ ਹੈ। ਪਰ ਜਾਪਦਾ ਹੈ ਕਿ ਇਹ 'ਜਾਕੈ' ਪਦ ਇਹ ਦੱਸਣ ਲਈ ਹੈ ਕਿ- ਮੈਂ ਹੀ ਨਹੀਂ ਕੇਵਲ, " ਜਿਸ ਜਿਸ ਦੇ ਹਿਰਦੇ ਵਿਚ ਜੋਤ ਸਮਾਏਗੀ, ਉਹ ਬੀ ਨ ਛਲੇ ਜਾਣ ਵਾਲੇ ਪ੍ਰਭੂ ਨੂੰ ਪਛਾਣ ਲਵੇਗਾ" ਕਿਉਂਕਿ 'ਧਨੁ ਦੀਆ', 'ਤ੍ਰਿਪਤਿ ਅਘਾਨੇ', 'ਮੁਕਤਿ ਭਏ' ਆਦਿ ਕ੍ਰਿਯਾ ਪਦ ਤੇ ਅਖੀਰ ' ਧੰਨੈ ਧਨੁ ਪਾਇਆ' ਆਦਿ ਸਪਸ਼ਟ ਵਾਕ ਉਨ੍ਹਾਂ ਦੇ ਅਪਣੇ ਤਜਰਬੇ ਵਲ ਹੀ ਸੈਨਤ ਕਰ ਰਹੇ ਹਨ।

ਅੰਕ ੨ ਤਕ ਅਕਾਲ ਪੁਰਖ ਨੂੰ ਛੋੜਕੇ ਦੂਸਰੀਆਂ ਪ੍ਰੀਤਾਂ ਲਾਲਚ ਕਾਮ ਕ੍ਰੋਧ ਆਦਿ ਦੀ ਪ੍ਰਵਿਰਤੀ ਜੂਨਾ ਵਿਚ ਭਟਕਾਉਂਦੀ ਫਿਰੀ ਦੱਸੀ ਹੈ। ਅੰਕ ੨ ਤੋਂ ਮਗਰੋਂ ਕਲਜਾਣ ਮਾਰਗ ਦੱਸਿਆ ਹੈ ਜੋ 'ਪ੍ਰੇਮਾ ਭਗਤੀ ' ਹੈ ਇਸ ਦੇ ਜ਼ਰੀਏ ਗਜਾਨ ਪ੍ਰਾਪਤੀ ਹੋਈ। ਫਲ ਇਹ ਹੋਇਆ: ਧਰਣੀ ਧਰ ਪ੍ਰਾਪਤ ਹੋ ਗਿਆ, ਜੋਤਿ ਵਿਚ ਜੋਤਿ ਸਮਾਈ। ਭਗਤੀ ਪ੍ਰਾਪਤ ਸੰਤ ਗੁਰੂ ਦੇ ਸਤਿਸੰਗ ਤੋਂ ਹੋਈ।

ਨਿਰੁਕ੍ਤ-ਭ੍ਰਮਤ- ਭ੍ਰਮਦਿਆ, ਫਿਰਦਿਆਂ, ਭਟਕਦੇ ਫਿਰਦਿਆਂ।

ਬਿਲਾਨੇ- [ਵਿਲਯਨੰ= ਹਟੌਣਾ, ਦੂਰ ਕਰਨਾ] ਬੀਤ ਗਏ।

ਨਹੀ ਧੀਰੈ- ਧੀਰਜ ਨਹੀਂ ਪਕੜਦੇ, ਟਿਕਦੇ ਨਹੀਂ ।

---

* ਭਾਵ ਸਾਖਜਾਤਕਾਰ ਹੋਕੇ ਪੂਰਨ ਤ੍ਰਿਪਤੀ ਹੋ ਗਈ ਯਥਾ:-
ਤੁਮ ਪੂਰਨ ਪੂਰਿ ਰਹੇ ਸੰਪੂਰਨ ਹਮ ਭੀ ਸੰਗਿ ਅਘਾਏ॥ [ਰਾਮਕਲੀ ਮਹਲਾ ੫-੬]

ਬਿਖੁ- ਵਿਹੁ। ਇਸ ਪਦ ਨੂੰ ਔਂਕੁੜ ਹੈ, ਇਸ ਕਰਕੇ ਇਸ ਦੇ ਨਾਲ 'ਦਾ' 'ਦੇ' 'ਦੀ' ਪਦ ਨਹੀਂ ਲਗ ਸਕਦੇ , ਨਾ ਹੀ 'ਕਰਕੇ' 'ਦੁਆਰਾ' 'ਵਿਚ' ਪਦ ਲਾਏ ਜਾ ਸਕਦੇ ਹਨ। ਇਸ ਨਾਲ 'ਨੂੰ ' ਯਾ 'ਹੈ' ਹੀ ਲਾਉਣੇ ਠੀਕ ਹਨ। ਤੇ ਫੇਰ ਇਹ ਪਦ ਲਾਲਚ ਤੇ ਕਾਮ ਦੇ ਵਿਚਾਲੇ ਪਿਆ ਹੈ ਸੋ ਇਹ ਦੇਹੁਰੀ ਦੀਪਕ ਹੈ ਤੇ ਅਰਥ ਦੇਂਦਾ ਹੈ 'ਲਾਲਚ ਬਿਖ ਹੈ' 'ਕਾਮ ਬਿਖ ਹੈ'।

ਲੁਬਧ- [ਸੰਸ:, ਲੁਬ੍ਧ] ਜਦ ਇਹ ਪਦ ਬਬੇ ਨਾਲ ਹੁੰਦਾ ਹੈ 'ਲੁਬ੍ਧ' ਤਦ ਵਿਸ਼ੇਸ਼ਣ ਹੁੰਦਾ ਹੈ ਤੇ ਅਰਥ ਹੁੰਦਾ ਹੈ ਲੋਭੀ। ਜੇ ਇਹ ਪਦ ਹੋਵੇ 'ਲੁਭਿਤ' ਤਦ ਅਰਥ ਹੰਦਾ ਹੈ ਲੋਭਾਇਮਾਨ ਹੋਇਆ ਹੋਇਆ। ਧਾਤੂ ਦੋਹਾਂ ਦਾ ਹੈ ਲੁਭ੍= ਲਾਲਚ ਕਰਨਾ-ਚਾਹਨਾ, ਮੋਹਿਤ ਹੋਣਾ ਆਦਿ। ਸੋ ਲੁਬਧ ਪਦ ਦਾ ਅਰਥ ਹੈ ਲੋਭੀ ਤੇ ਇਹ ਮਨ ਦਾ ਵਿਸ਼ੇਸ਼ਨ ਹੈ।

ਰਾਤਾ- ਰਚਿਆ ਹੈ, ਰਚੇ ਹੋਏ ਨੇ; ਕਿਉਂਕਿ 'ਮਨਿ' ਸਿਆਰੀ ਹੋਣ ਕਰਕੇ ਕਰਤਾ ਕਾਰਕ ਹੈ, ਲਾਲਚ ਬਿਖ ਹੈ, ਕਾਮ ਬਿਖ ਹੈ, ਇਸ ਬਿਖ ਦੇ ਲੋਭੀ ਤੇ ਇਸ ਬਿਖ ਵਿਚ ਰਚੇ ਮਨ ਨੇ ਹੀਰੇ ਵਰਗੇ ਪ੍ਰਭੂ ਨੂੰ ਵਿਸਾਰ ਦਿਤਾ ਹੈ। (ਅ) ਦਾਨੇ ਐਉਂ ਬੀ ਲਾਉਂਦੇ ਹਨ:- (ਵਿਸ਼ੇ ਰੂਪ) ਜ਼ਹਿਰ ਦੇ ਲਾਲਚ ਤੇ ਕਾਮ ਦੇ ਲੋਭ ਵਿਚ ਮਨ ਲਗਾ ਰਿਹਾ। (ੲ) ਲਾਲਚ ਕਰਕੇ ਵਿਹੁ ਰੂਪਾਂ ਵਿਸ਼ਿਆਂ ਦੀ ਕਾਮਨਾ ਵਿਚ ਇਹ ਲੋਭੀ ਜੀਵ ਰੰਗਿਆ ਗਿਆ ਹੈ, ਜਿਸ ਕਰਕੇ ਪ੍ਰਭੂ ਵਿਸਾਰਿਆ ਹੈ।

ਚਾਰ ਬਿਚਾਰ- ਆਚਾਰ ਦਾ ਵਿਚਾਰ, ਸ਼ੁਭ ਕਰਮਾਂ ਯਾ ਇਖ਼ਲਾਕ ਦੀ ਵਿਚਾਰ।(ਅ) ਸੁੰਦਰ ਵੀਚਾਰ ਅਰਥ ਕਰਕੇ 'ਆਤਮ ਵੀਚਾਰ' ਭਾਵ ਬੀ ਲੈ ਲੈਂਦੇ ਹਨ।

(ੲ) ਚਾਰ+ਬੇ+ਚਾਰ= ਸ਼ੁਭ ਚਲਣ ਤੇ ਮਾੜੇ ਚਲਣ ਦੀ ਵੀਚਾਰ ਨਹੀਂ ਜਾਣੀ।

ਗੁਨ ਤੇ ਪ੍ਰੀਤਿ- ਏਥੇ 'ਤੇ' ਅਰਥ 'ਥੋਂ' ਵਿੱਥ ਬੋਧਕ ਹੈ, ਕਿ ਗੁਣ ਤੋਂ ਵਿੱਥ ਕਰਕੇ, ਉਲਟ ਹੋਕੇ।

ਅਨ- ਹੋਰ, ਭਾਵ ਅਨਾਤਮ।

ਭਾਂਤੀ- ਕਿਸਮਾਂ ਦੀ। ਹੋਰ ਕਿਸਮਾਂ ਦੀ ਭਾਵ ਅਨਾਤਮ (ਪ੍ਰੀਤ)।

ਤਾਨਿਆ- ਤਾਣਿਆਂ, ਤਣਿਆਂ, ਭਾਵ ਬਣਿਆ ਰਿਹਾ।

ਜੁਗਤਿ- [ਸੰਸ:, ਯੁਕ੍ਤਿ:] ਵਿਉਂਤ। (ਜੁੜਨ ਦੀ) ਜੁਗਤਿ। ਵਾਹਿਗੁਰੂ ਨਾਲ ਲਗੇ ਰਹਿਣ ਦੀ ਤਰਕੀਬ

ਤ੍ਰਿਪਤਿ- ਤ੍ਰਿਪਤੀ ਰੱਜ।

ਅਘਾਨੇ- [ਸੰਸ:, ਆ ਘ੍ਰਾਣੰ] ਨੱਕ ਤੱਕ ਰੱਜਣਾ। ਅਤੰਜਤ ਤ੍ਰਿਪਤੀ । ਪੂਰਣ ਤ੍ਰਿਪਤੀ।

ਅਛਲੀ- ਜੋ ਕਿਸੇ ਤੋਂ ਨਾ ਛਲਿਆ ਜਾ ਸਕੇ।

ਧਰਣੀ ਧਰੁ- ਧਰਤੀ ਨੂੰ ਧਾਰਣ ਕਰਨ ਵਾਲਾ। ਜਿਸ ਦੇ ਆਸਰੇ ਧਰਤੀ ਹੈ, ਭਾਵ ਪਰਮੇਸ਼ੁਰ।

[ਆਸਾ ਧੰਨਾ ਜੀ, ਚਉਪਦਾ-੨]

ਪ੍ਰਾਕ੍ਥਨ-ਕਈ ਭਗਤਾਂ ਦੇ ਤਰ ਜਾਣ ਦੀ ਮਿਸਾਲ ਦੇਕੇ ਧੰਨੇ ਦੇ ਤਰ ਜਾਣ ਦੀ ਵਿਥਯਾ ਦੱਸੀ ਹੈ।

ਮੂਲ	ਅਰਥ
ਮਹਲਾ ੫ ॥ ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ॥ ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ ॥੧॥ ਰਹਾਉ ॥	ਗੋਬਿੰਦ ਗੋਬਿੰਦ ਗੋਬਿੰਦ (ਅਰਥਾਤ ਵਾਹਿਗੁਰੂ ਜੀ ਦਾ ਨਾਮ ਲਗਾਤਾਰ ਉਚਾਰਣ) ਵਿਚ ਨਾਮਦੇਵ ਦਾ ਮਨ ਲੀਣ ਹੋ ਗਿਆ। ਅੱਧੀ ਦਮੜੀ ਦਾ ਛੀਂਬਾ ਲੱਖਾਂ ਦੇ (ਮੁੱਲ ਦਾ) ਹੋ ਗਿਆ ॥੧॥ ਰਹਾਉ॥

ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ ॥ ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ ॥੧॥

(ਤਾਣੇ) ਤਣਨੇ (ਤੇ ਕਪੜੇ) ਉਣਨੇ ਛੱਡਕੇ ਕਬੀਰ ਜੀ ਨੇ (ਹਰੀ ਦੇ) ਚਰਨਾਂ ਨਾਲ ਪ੍ਰੀਤ ਲਾਈ, (ਜੋ) ਨੀਚ ਕੁਲ ਦਾ ਜੁਲਾਹਾ ਸੀ ਉਹ ਗੁਣ ਸਾਗਰ ਹੋ ਗਿਆ ॥੧॥

ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ ॥ ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ ॥੨॥

ਰਵਿਦਾਸ (ਪਹਿਲੋਂ ਮੋਏ) ਪਸ਼ੂ ਸਦਾ ਢੋਂਦਾ ਰਹਿੰਦਾ ਸੀ, ਉਸ ਨੇ ਮਾਇਆ ਦਾ ਤਿਆਗ ਕੀਤਾ, (ਸੋ) ਉਹ ਸਾਧ ਸੰਗਤਿ ਵਿਚ (ਭਗਤ) ਪ੍ਰਸਿੱਧ ਹੋ ਗਿਆ(ਕਿ ਉਸ ਨੇ) ਹਰੀ ਦਾ ਦਰਸ਼ਨ ਪਾਇਆ ਹੈ ॥੨॥

ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ ॥ ਹਿਰਦੇ ਵਸਿਆ ਪਾਰਬ੍ਰਹਮੁ ਭਗਤਾ ਮਹਿ ਗਨਿਆ ॥੩॥

ਸੈਣ (ਨਾਮੇ) ਨਾਈ ਬੁੱਤੀਆਂ ਕੱਢਦਾ ਹੁੰਦਾ ਸੀ ਓਹ ਘਰ ਘਰ ਵਿਚ ਸੁਣਿਆ ਗਿਆ । ਉਸ ਦੇ ਹਿਰਦੇ ਵਿਚ ਪਰਮੇਸ਼ੁਰ ਵਸ ਗਿਆ ਸੀ (ਇਸ ਲਈ ਭਗਤਾਂ ਵਿਚ ਗਿਣਿਆ ਗਿਆ ॥੩॥

ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ ॥ ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ ॥੪॥੨॥

ਇਸ ਪ੍ਰਕਾਰ(ਭਗਤਾਂ ਦੀਆਂ ਸਾਖੀਆਂ) ਸੁਣ ਕੇ ਜੱਟ (ਧੰਨਾ) ਉੱਦਮ ਕਰਕੇ ਭਗਤੀ ਵਿਚ ਲਗ ਪਿਆ,(ਉਸ ਨੂੰ ਬੀ ਪਰਮੇਸ਼ੁਰ) ਮਾਲਕ ਜੀ ਪ੍ਰਤਖ ਹੋਕੇ ਮਿਲ ਪਏ ਤੇ ਧੰਨਾ ਵਡੇ ਭਾਗਾਂ ਵਾਲਾ ਹੋ ਗਿਆ ॥੪॥੨॥

ਵਯਾਖਯਾ-ਇਹ ਸ਼ਬਦ ਧੰਨੇ ਭਗਤ ਦੇ ਸਿਰਨਾਵੇ ਹੇਠ ਏਥੇ ਆਇਆ ਹੈ ਤੇ ਗੇਣਤੀ ਵਿਚ ਦੂਜਾ ਸ਼ਬਦ ਹੈ; ਇਸ ਤੋਂ ਅਗੇ ਫੇਰ ਸ੍ਰੀ ਧੰਨੇ ਜੀ ਦਾ ਤੀਸਰਾ ਸ਼ਬਦ ਹੈ। ਸੋ ਤ੍ਰੈਏ ਸ਼ਬਦ ਧੰਨੇ ਦੇ ਸਿਰਨਾਵੇ ਹੇਠ ਹਨ, ਪਰ ਇਸ ਦੂਜੇ ਸਬਦ ਉਤੇ "ਮਹਲਾ ੫" ਬੀ ਲਿਖਿਆ ਹੈ। ਸੋ ਜਾਪਦਾ ਹੈ ਕਿ ਸ਼ਬਦ ਤਾਂ ਧੰਨੇ ਜੀ ਦਾ ਹੈ ਪਰ ਉਸ ਦੀ ਇਸਲਾਹ ਗੁਰੂ ਜੀ ਨੇ ਕੀਤੀ ਹੈ, ਯਾ ਸ਼ਬਦ ਨਾ ਮੁਕੰਮਲ ਮਿਲਿਆ ਹੈ ਤੇ ਉਸ ਨੂੰ ਸੰਪੂਰਨ ਆਪ ਜੀ ਨੇ ਕੀਤਾ ਹੈ। ਜੇ ਸਾਰੀ ਰਚਨਾ ਧੰਨੇ ਦੀ ਹੁੰਦੀ ਤਾਂ ਸੱਚ ਦੇ ਪਰਮ ਪਿਆਰੇ ਤੇ ਸੱਚ ਦਾ ਰੂਪ ਸ੍ਰੀ ਗੁਰੂ ਅਰਜਨ ਦੇਵ ਜੀ ਉੱਪਰ ਕਦੇ 'ਮਹਲਾ ੫' ਨਾ ਲਿਖਦੇ। ਜੇ ਸਾਰਾ ਸ਼ਬਦ ਮੂਲੋਂ ਹੀ ਆਪਣਾ ਹੁੰਦਾ ਤਾਂ ਮ:੫ ਦੇ ਸ਼ਬਦਾਂ ਵਿਚ ਦਰਜ ਹੁੰਦਾ। ਕਿਉਂਕਿ ਭਗਤਾਂ ਦੀ ਸਾਖੀ ਦਾ ਇਕ ਸ਼ਬਦ ਗੁਰੂ ਅਰਜਨ ਦੇਵ ਜੀ ਨੇ ਆਪ ਹੋਰ ਬੀ ਉਚਾਰਿਆ ਹੈ ਤੇ ਉਹ ਮਹਲਾ ੫ ਦੇ ਸ਼ਬਦਾਂ ਵਿਚ ਦਰਜ ਹੈ (ਦੇਖੋ ਬਸੰਤ ਮਹਲਾ ੫ ਦੀ ਪਹਿਲੀ ਅਸਟਪਦੀ)। ਇਸ ਸ਼ਬਦ ਵਿਚ ਤਾਂ ਚਾਰ ਪੰਜ ਭਗਤਾਂ ਦਾ ਜ਼ਿਕਰ ਹੈ, ਪਰ ਬਸੰਤ ਰਾਗ ਵਾਲੇ ਸ਼ਬਦ ਵਿਚ ਲਗ ਪਗ ਸਾਰੇ ਪ੍ਰੱਸਿਧ ਭਗਤ ਆ ਗਏ ਹਨ, ਸਭ ਨੂੰ ਪੁੱਗੇ ਹੋਏ ਭਗਤ ਦੱਸ ਕੇ ਗੁਰੂ ਨਾਨਕ ਦੇਵ ਜੀ ਨੂੰ ਸਭ ਤੋਂ ਸ਼੍ਰੇਸ਼ਟ 'ਗੋਵਿੰਦ ਰੂਪ' ਕਹਿਕੇ ਯਾਦ ਕੀਤਾ ਹੈ। ਜਿਸ ਤੋਂ ਪਤਾ ਲਗ ਗਿਆ ਕਿ ਗੁਰੂ ਨਾਨਕ ਦੇਵ ਜੀ ਜ਼ਾਤ ਇਲਾਹੀ ਵਿਚ ਹਨ ਤੇ ਵਾਹਿਗੁਰੂ ਦਾ ਰੂਪ, ਜੋ ਗੁਰੂ ਹੈ, ਉਹ ਹਨ। ਵਾਹਿਗੁਰੂ ਦੀ ਗੁਰਤ੍ਵ ਗੁਰ ਨਾਨਕ ਦੇਵ ਹੈ। ਦੋਹਾਂ ਸ਼ਬਦਾਂ ਦੇ ਟਾਕਰੇ ਤੋਂ ਥਹੁ ਪੈ ਗਿਆ ਕਿ ਕਿਸੇ ਬੀ ਸੂਰਤ ਇਹ ਸ਼ਬਦ ਧੰਨੇ ਦਾ ਹੈ ਪਰ ਵਿਚ ਕੁਛ ਰੰਗਣ ਗੁਰੂ ਅਰਜਨ ਦੇਵ ਜੀ ਦੀ ਹੈ, ਤਦੇ ਗੇਣਤੀ ਧੰਨੇ ਦੇ ਸ਼ਬਦਾਂ ਵਿਚ ਹੈ ਤੇ ਸੁਰਖੀ ਵਿਚ ਸੂਚਨਾ 'ਮਹਲੇ ੫' ਦੀ ਹੈ ਤਾਕਿ ਪਰਮ ਦਯਾਨਤਦਾਰੀ ਨਾਲ ਪਤਾ ਰਹੇ ਕਿ ਸਾਰਾ ਸ਼ਬਦ ਇਸ ਰੂਪ ਵਿਚ ਧੰਨੇ ਦਾ ਨਹੀਂ ਹੈ।

ਨਿਰੁਕ੍ਤ-ਲੀਣਾ- ਲੀਣ ਹੋ ਗਿਆ। ਸਮਾ ਗਿਆ।

ਆਢ ਦਾਮ- [ਆਢ=ਅੱਧਾ। ਦਾਮ= ਲਗ ਪਗ ਇਕ ਪੈਸਾ]ਧੇਲਾ। ਭਾਵ ਹੈ ਤੁੱਛ ਮੁੱਲ ਸੀ ਜਿਸ ਦਾ। ਲਾਖੀਣਾ- ਲੱਖਾਂ ਦੇ ਮੁੱਲ ਵਾਲਾ। ਭਾਵ ਉਸ ਦਾ ਵਜੂਦ ਕੀਮਤੀ ਹੋ ਗਿਆ। 'ਉਹ ਲਖ ਪਤੀ ਹੋ ਗਿਆ' ਇਹ ਭਾਵ ਨਹੀਂ ਹੈ।

ਗੁਨੀਯ- ਗੁਣਾਂ ਦਾ।
ਗਹੀਰਾ- ਡੂੰਘਾ, ਭਾਵ ਸਮੁੰਦਰ। } ਗੁਣਾਂ ਦਾ ਸਮੁੰਦਰ।

ਢੋਰ- ਮੋਏ ਹੋਏ ਪਸ਼ੂ।

ਬੁਤਕਾਰੀਆ- ਬੁੱਤੀਆਂ ਕੱਢਣ ਵਾਲਾ। ਸੁਨੇਹੇ ਪੱਤੇ ਪੁਚਾਕੇ ਰੁਜ਼ਗਾਰ ਟੋਰਨ ਵਾਲਾ, ਭਾਵ ਨਾਈ।

ਗਨਿਆ-ਗਿਣਿਆ ਗਿਆ।

[ਆਸਾ ਧੰਨਾ ਜੀ, ਤਿਪਦਾ-੩]

ਮੂਲ	ਅਰਥ
ਰੇ ਚਿਤ ਚੇਤਸਿ ਕੀ ਨ ਦਯਾਲ ਦਮੋਦਰ ਬਿਬਹਿ ਨ ਜਾਨਸਿ ਕੋਈ ॥ ਜੇ ਧਾਵਹਿ ਬ੍ਰਹਮੰਡ ਖੰਡ ਕਉ ਕਰਤਾ ਕਰੈ ਸੁ ਹੋਈ ॥੧॥ ਰਹਾਉ॥	ਹੇ (ਮੇਰੇ) ਮਨ! (ਤੂੰ) ਦਿਆਲੂ ਹਰੀ ਨੂੰ ਕਿਉਂ ਨਹੀਂ ਯਾਦ ਕਰਦਾ, (ਉਸ ਤੋਂ ਬਿਨਾਂ) ਦੂਸਰਾ ਕੋਈ (ਤੇਰੇ ਦਿਲ ਨੂੰ) ਨਹੀਂ ਜਾਣਦਾ। ਜੇ ਤੂੰ ਖੰਡਾਂ ਬ੍ਰਹਮੰਡਾਂ ਵਿਚ ਭੱਜਾ ਫਿਰੇਂ, ਹੋਵੇਗਾ ਉਹੋ ਕੁਛ ਜੋ ਕਰਤਾਰ ਕਰੇਗਾ॥੧॥ ਰਹਾਉ॥
ਜਨਨੀ ਕੇਰੇ ਉਦਰ ਉਦਕ ਮਹਿ ਪਿੰਡੁ ਕੀਆ ਦਸ ਦੁਆਰਾ ॥ ਦੇਇ ਅਹਾਰੁ ਅਗਨਿ ਮਹਿ ਰਾਖੈ ਐਸਾ ਖਸਮੁ ਹਮਾਰਾ ॥੧॥	(ਦੇਖ ਉਸ ਨੇ) ਮਾਤਾ ਦੇ ਪੇਟ ਦੇ ਪਾਣੀ ਵਿਚ ਦਸਾਂ ਦੁਆਰਿਆਂ ਵਾਲਾ ਸਰੀਰ ਰਚਿਆ (ਤੇ ਉਸ ਜਠਰਾ) ਅਗਨੀ ਵਿਚ ਅਹਾਰ ਦੇਂਦਾ ਤੇ ਰਖਯਾ ਕਰਦਾ ਰਿਹਾ, ਸਾਡਾ ਮਾਲਕ (ਹਰੀ) ਐਸਾ (ਰਖਯਕ ਤੇ ਪਾਲਕ) ਹੈ॥੧॥
ਕੁੰਮੀ ਜਲ ਮਾਹਿ ਤਨ ਤਿਸੁ ਬਾਹਰਿ ਪੰਖ ਖੀਰੁ ਤਿਨ ਨਾਹੀ ॥ ਪੂਰਨ ਪਰਮਾਨੰਦ ਮਨੋਹਰ ਸਮਝਿ ਦੇਖੁ ਮਨ ਮਾਹੀ ॥੨॥	[ਹੁਣ ਇਤਰ ਜੀਵਾਂ ਦੀ ਰਖਯਾ ਦਾ ਪ੍ਰਮਾਣ ਦੇਂਦੇ ਹਨ] ਕਛੂ ਕੁੰਮੀ ਜਲ ਵਿਚ ਹੁੰਦੀ ਹੈ ਬੱਚੇ ਬਾਹਰ ਹੁੰਦੇ ਹਨ,ਉਨ੍ਹਾਂ (ਬੱਚਿਆਂ) ਨੂੰ ਨਾ (ਤਾਂ ਮਾਂ ਦੇ) ਖੰਭਾਂ (ਦੀ ਰਾਖੀ ਹੁੰਦੀ) ਹੈ (ਕੁਕੜੀ ਵਾਂਙੂ, ਨਾ ਗਊ ਮਹਿੰ ਵਾਂਙੂ ਮਾਂ ਦਾ) ਦੁਧ ਪ੍ਰਾਪਤ ਹੁੰਦਾ ਹੈ। (ਹੁਣ) ਮਨ ਵਿਚ ਸਮਝ ਕੇ ਦੇਖ (ਉਨ੍ਹਾਂ ਨੂੰ ਪੂਰਨ=) ਪਾਲਣ ਵਾਲਾ ਪਰਮਾਨੰਦ ਮਨੋਹਰ* ਆਪ ਹੁੰਦਾ ਹੈ॥੨॥
ਪਾਖਣਿ ਕੀਟੁ ਗੁਪਤੁ ਹੋਇ ਰਹਤਾ ਤਾ ਚੋ ਮਾਰਗੁ ਨਾਹੀ ॥ ਕਹੈ ਧੰਨਾ ਪੂਰਨ ਤਾਹੂ ਕੋ ਮਤ ਰੇ ਜੀਅ ਡਰਾਂਹੀ ॥੩॥੩॥	ਪੱਥਰ ਵਿਚ ਕੀੜਾ ਗੁਪਤ ਹੋਕੇ ਰਹਿੰਦਾ ਹੈ, ਉਸ ਨੂੰ (ਨਿਕਲਣ ਵੜਨ ਦਾ) ਰਸਤਾ ਬੀ ਨਹੀਂ ਹੁੰਦਾ; ਕਹਿੰਦਾ ਹੈ ਧੰਨਾ ਉਸ ਨੂੰ (ਪੂਰਨ=) ਪਾਲਣ ਵਾਲਾ ਹੈ (ਹਰੀ ਆਪ) ਹੇ, ਮੇਰੇ ਜੀ! ਤੂੰ ਬਿਲਕੁਲ ਨਾ ਡਰੀਂ (ਕਿ ਤੈਨੂੰ ਭੁਲਾ ਦੇਵੇਗਾ)॥੩॥੩॥

ਵਯਾਖਯਾ-ਇਸ ਸ਼ਬਦ ਵਿਚ ਵਾਹਿਗੁਰੂ ਨੂੰ ਪਾਲਕ ਤੇ ਰਖਯਕ ਦੱਸਕੇ ਅਪਣੀ ਰਖਯਾ ਤੇ ਪਾਲਣਾ ਲਈ ਉਸ ਉਤੇ ਸਿਦਕ ਧਾਰਨਾ ਸਿਖਲਾਇਆ ਹੈ, ਅਤੇ ਉਪਦੇਸ਼ ਅਪਣੇ ਮਨ ਨੂੰ ਸੰਬੋਧਨ ਕਰਕੇ ਉੱਤਮ ਪੁਰਖ ਦੁਆਰਾ ਕੀਤਾ ਹੈ।

ਪਹਿਲਾਂ ਰਹਾਉ ਹੈ ਜਿਸ ਦੀ ਪਹਿਲੀ ਤੁਕ ਵਿਚ 'ਬਿਬਹਿ ਨ ਜਾਨਸਿ ਕੋਈ' ਆਖਿਆ ਹੈ, ਪਰ

*ਆਨੰਦ ਦੇਣ ਵਾਲਾ ਤੇ ਮਨ ਨੂੰ ਮੋਹ ਲੈਣ ਵਾਲਾ ।

ਦੱਸਿਆ ਨਹੀਂ , ਕਿਸ ਗਲ ਲਈ ਹੋਰ ਕਿਸੇ ਦੂਸਰੇ ਨੂੰ ਨਹੀਂ ਜਾਣਨਾ, ਇਕੋ ਦੀਨ ਦਿਆਲ ਦਮੋਦਰ ਨੂੰ ਜਾਣਨਾ ਹੈ। ਉਹ ਗਲ ਅੰਕ ੧ ਤੇ ੨ ਵਿਚ ਦੱਸੀ ਹੈ। ਅਹਾਰ ਦੇਣਾ ਤੇ ਰਖਯਾ ਕਰਨੀ। ਇਨ੍ਹਾਂ ਦੋ ਗਲਾਂ ਲਈ ਕੇਵਲ ਪ੍ਰਭੂ ਨੂੰ ਯਾਦ ਰਖ, ਉਸ ਨੂੰ ਧਿਆਉ, ਆਪੇ ਤੇਰੀ ਰਖਯਾ ਤੇ ਪਾਲਣਾ ਕਰੇਗਾ। ਰਹਾਉ ਦੀ ਦੂਜੀ ਤੁਕ ਵਿਚ ਆਖਦੇ ਹਨ ਕਿ ਤਜਰਬਾ ਕਰਕੇ ਦੇਖ ਲੈ, ਬ੍ਰਹਮੰਡਾਂ ਤੇ ਉਹਨਾਂ ਦੇ ਹਿੱਸਿਆਂ ਵਿਚ ਭੱਜ ਤ੍ਰੱਕ ਕੇ ਦੇਖ ਲੈ, ਉਹ ਦੀਨ ਦਿਆਲ ਜੋ ਕੁਛ ਕਰਦਾ ਹੈ ਸੋਈ ਹੁੰਦਾ ਹੈ; ਉਹੀ ਕਰਤਾਰ (= ਕਰਨਹਾਰ) ਹੈ। ਇਸ ਵਿਚ ਇਹ ਧੁਨੀ ਰੱਖੀ ਹੈ ਕਿ ਮੈਂ ਕਰਕੇ ਦੇਖ ਲਿਆ ਹੈ ਉਹੀ ਕਰਤਾਰ ਪਾਲਕ ਤੇ ਰਖਯਕ ਹੈ ਹੋਰ ਕੋਈ ਨਹੀਂ; ਕਿਉਂਕਿ ਜੇ ਆਪ ਕਰਕੇ ਨਹੀਂ ਡਿਠਾ ਤੇ ਦ੍ਰਿੜ ਵਿਸ਼ਵਾਸ ਨਹੀਂ ਤਾਂ ਕੀਕੂੰ ਕਹਿ ਸਕਦੇ ਹਨ ਕਿ ਤੂੰ ਕਰਕੇ ਦੇਖ ਲੈ।

ਅੰਕ ੧ ਤੇ ੨ ਵਿਚ ਮਿਸਾਲਾਂ ਯਾ ਪ੍ਰਮਾਣ ਦੇਂਦੇ ਹਨ। ਪਹਿਲੀ ਇਹ ਹੈ ਕਿ ਮਾਤਾ ਦੇ ਪੇਟ ਵਿਚ ਜਿਥੇ ਜਠਰਾ ਅਗਨੀ ਹੈ, ਖਸ਼ਖਾਸ਼ ਤੋਂ ਬੀ ਅਤਯੰਤ ਸੂਖਮ ਬੀਰਯ ਵਿਚ ਦਾ ਕਿਣਕਾ ਜੀਉਂਦਾ ਹੀ ਨਹੀਂ ਮੌਲਦਾ ਤੇ ਵਧਦਾ ਹੈ, ਫੇਰ ਵਧਦਾ ਗਰਭਾਸ਼ੇ ਦੇ ਪਾਣੀ ਵਿਚ ਹੈ। ਓਥੇ ਜਦ ਅਗਨੀ ਨੂੰ ਉਹਨਾਂ ਦੇ ਮਾੜੇ ਗੁਣ ਤੋਂ ਰਖਯਾ ਕਰਕੇ ਸਹਾਯਕ ਬਣਾ ਦੇਂਦਾ ਹੈ, ਇਹ ਉਸਦੀ ਰਖਯਾ ਹੈ। ਫੇਰ ਓਥੇ ਖਾਣੇ ਪੀਣੇ ਦਾ ਕੋਈ ਜ਼ਾਹਰਾ ਪ੍ਰਬੰਧ ਨਹੀਂ, ਪਰ ਨਾਭੀ ਨਾਲ ਲਗੀ ਨਾੜੀ ਮਾਤਾ ਦੇ ਲਹੂ ਨੂੰ ਬਾਲਕ ਦੇ ਸਰੀਰ ਵਿਚ ਪਹੁੰਚਾ ਕੇ ਪਾਲਣਾ ਪਈ ਕਰਦੀ ਹੈ। ਇਹ ਮਿਸਾਲ ਮਾਨੁਖ ਸਰੀਰ ਦੀ ਦਿਤੀ, ਹੁਣ ਅੰਕ ੨ ਵਿਚ ਬਾਹਰਲੀ ਅਵਲੋਕਨ ਵਿਚ ਆਉਣ ਵਾਲੀ ਮਿਸਾਲ ਦਿਤੀ। ਕਛੂ ਕੁੰਮੇ ਦੀ ਮਦੀਨ ਅੰਡੇ ਦਰਿਆਵਾਂ ਦੇ ਕਿਨਾਰੇ ਬਰੇਤਿਆਂ ਵਿਚ ਰਖ ਆਉਂਦੀ ਹੈ, ਨਾ ਤਾਂ ਉਹਨਾਂ ਨੂੰ ਕੁਕੜੀ ਵਰਗੀ ਨਿੱਘ ਮਾਂ ਦੇ ਸਰੀਰ ਤੇ ਖੰਭਾਂ ਤੋਂ ਮਿਲਦੀ ਹੈ ਨਾਂ ਵੱਛੇ ਵਾਙੂ ਮਾਂ ਦੇ ਦੁੱਧ ਤੋਂ ਪਾਲਣਾ ਹੁੰਦੀ ਹੈ।

ਅੰਕ ੩ ਵਿਚ ਉਸ ਕੀੜੇ ਦੀ ਮਿਸਾਲ ਦੇਂਦੇ ਹਨ ਜੋ ਪੱਥਰਾਂ ਵਿਚ ਹੁੰਦਾ ਹੈ, ਨਾ ਉਸ ਲਈ ਰਾਹ ਹੁੰਦਾ ਹੈ, ਨਾ ਖ਼ੁਰਾਕ ਦਾ ਪਤਾ ਲਗਦਾ ਹੈ, ਪਰ ਉਹ ਪਲਦਾ ਹੈ ਤੇ ਓਥੇ ਰਹਿੰਦਾ ਹੈ। ਇਹ ਹਰੀ ਦੀ ਰਖਯਾ ਪਾਲਣਾ ਹੈ, ਜਿਸ ਦੇ ਭੇਤ ਪਤਾ ਨਹੀਂ ਲਗਦੇ। ਇਸ ਲਈ ਧੰਨਾ ਜੀ ਕਹਿੰਦੇ ਹਨ ਕਿ ਨਾ ਡਰੋ ਜਗਤ ਜੀਵੋ! ਉਸ ਨੂੰ ਆਪਣੀਆਂ ਲੋੜਾਂ ਦਾ ਪੂਰਨ ਕਰਨ ਵਾਲਾ ਜਾਣੋ।

ਨਿਰੁਕ੍ਤ- ਦਮੋਦਰ- ਜਿਸ ਦੇ ਪੇਟ ਨੂੰ (ਮਾਂ ਨੇ) ਰੱਸੀ ਬੱਧੀ ਸੀ ਸੋ ਕ੍ਰਿਸ਼ਨ, ਪਰ ਗੁਰੂ ਸਾਹਿਬਾਂ ਤੇ ਭਗਤਾਂ ਨੇ ਇਹ ਪਦ ਪਰਮਾਤਮਾਂ ਲਈ ਵਰਤਿਆ ਹੈ। ਦੂਸਰਾ ਅਰਥ ਹੈ-ਜਿਸ ਦੇ ਪੇਟ ਵਿਚ ਸਾਰਾ ਵਿਸ਼੍ਵ ਹੋਵੇ- ਵਾਹਿਗੁਰੂ। ਇਸ ਪ੍ਰਕਾਰ ਹੋਰ ਬੀ ਈਸ਼੍ਵਰ ਅਰਥਾਂ ਵਿਚ ਇਸ ਪਦ ਨੂੰ ਲਾਉਂਦੇ ਹਨ ।

ਬਿਬਹਿ- ਦੂਸਰੇ ਨੂੰ ।ਕਿਸੇ ਹੋਰ ਨੂੰ। [ਸੰਸ:, 'ਦ੍ਵਿਪਦ' ਤੋਂ ਹੀ 'ਬਿਬ' ਬਣਦਾ ਹੈ]

ਜਨਨੀ- ਮਾਤਾ। ਉਦਰ-ਪੇਟ,ਗਰਭ। ਉਦਕ- ਪਾਣੀ।ਜਿਸ ਗਰਭਾਸ਼ਯ ਵਿਚ ਬੱਚਾ ਹੁੰਦਾ ਹੈ, ਉਸ ਵਿਚ ਬੱਚੇ ਦੇ ਉਦਾਲੇ ਪਾਣੀ ਹੁੰਦਾ ਹੈ।

ਅਹਾਰੁ-ਖੁਰਾਕ।ਭੋਜਨ। ਅਗਨਿ ਤੋਂ ਭਾਵ ਪੇਟ ਦੀ ਜਠਰਾ ਅਗਨੀ ਤੋਂ ਹੈ।

ਪਿੰਡੁ ਕੀਆ- ਸਰੀਰ ਬਣਾਇਆ। ਦਸ ਦੁਆਰਾ- ਦਸ ਦਰਵਾਜਿਆਂ ਵਾਲਾ। ਨੌਂ ਦੁਆਰੇ ਮੂੰਹ ਨੱਕ ਆਦਿ ਹਨ ਤੇ ਦਸਮਾਂ ਦਸਮਾਂ ਦੁਆਰ ਕਪਾਲ ਵਿਚ ਹੈ।

ਕੁੰਮੀ- ਕਛੂ ਕੁੰਮੇ ਦੀ ਮਦੀਨ। ਤਨ- ਬੱਚਾ, ਭਾਵ ਹੈ ਅੰਡਾ। ਕੁੰਮੀ ਅੰਡੇ ਰੇਤੇ ਬਰੇਤਿਆਂ ਵਿਚ ਦੇ ਜਾਂਦੀ ਹੈ, ਬੱਚੇ ਆਪੇ ਅੰਡੇ ਤੋਂ ਨਿਕਲਦੇ ਤੇ ਪਲਦੇ ਹਨ। ਮਾਂ ਨਾ ਸੇਂਦੀ ਹੈ ਨਾ ਪਾਲਦੀ।

ਪੰਖ-ਖੰਭ। ਖੀਰ-ਦੁਧ। ਪਾਖਣਿ-ਪੱਥਰ ਵਿਚ। ਤਾਚੋ- ਉਸ ਨੂੰ।

ਪੂਰਨ- ਦੇ ਦੋ ਅਰਥ ਹਨ। ਸਾਰੇ ਪਰੀ ਪੂਰਨ ਤੇ ਪਾਲਣਾ ਕਰਨੇਵਾਲਾ। ਏਥੇ ਪਾਲਣਾ ਕਰਨੇ ਵਾਲਾ ਅਰਥ ਵਧੇਰੇ ਢੁੱਕਦਾ ਹੈ।

[ਆਸਾ ਫਰੀਦ ਜੀ, ਚਉਪਦਾ-੧]

ਆਸਾ ਸੇਖ ਫਰੀਦ ਜੀਉ ਕੀ ਬਾਣੀ ੴ ਸਤਿਗੁਰ ਪ੍ਰਸਾਦਿ॥

ਮੂਲ	ਅਰਥ
ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ ॥ ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥੧॥	ਜਿਨ੍ਹਾਂ ਨੂੰ ਖ਼ੁਦਾ ਨਾਲ ਪਿਆਰ ਹੈ ਉਹੋ ਸੱਚੇ ਹਨ। ਜਿਨ੍ਹਾਂ ਦੇ ਮਨ ਵਿਚ (ਕੁਛ) ਹੋਰ ਹੈ (ਤੇ) ਮੂੰਹ ਵਿਚ (ਕੁਛ) ਹੋਰ ਹੈ, ਓਹ ਕੱਚੇ (= ਝੂਠੇ) ਕਹੇ ਜਾਂਦੇ ਹਨ। ॥੧॥
ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ ॥ ਵਿਸਰਿਆ ਜਿਨ੍ ਨਾਮੁ ਤੇ ਭੁਇ ਭਾਰੁ ਥੀਏ ॥੧॥ ਰਹਾਉ ॥	(ਜੋ ਸੱਚੇ ਹਨ ਓਹ ਤਾਂ) ਰਬ ਦੇ ਦਰਸ਼ਨ ਦੇ ਪਿਆਰ ਰੰਗ ਵਿਚ (ਰਤੇ=) ਰੰਗੇ ਹੋਏ ਹੁੰਦੇ ਹਨ (ਪ੍ਰੰਤੂ) ਜਿਨ੍ਹਾਂ ਨੂੰ ਨਾਮ ਵਿਸਰਿਆ ਹੋਇਆ ਹੈ ਓਹ ਧਰਤੀ ਨੂੰ ਭਾਰੂ ਹੋ ਰਹੇ ਹਨ। ॥੧॥ ਰਹਾਉ॥
ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ ॥ ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ ॥੨॥	(ਰੱਬ ਜੀ ਦੇ) ਦਰ ਦੇ ਫ਼ਕੀਰ ਓਹੀ ਹਨ (ਜੋ ਰਬ ਜੀ ਨੇ) ਆਪ (ਅਪਣੇ) ਲੜ ਲਾ ਲਏ ਹਨ,ਓਹੀ (ਧਰਤੀ ਤੇ) ਆਏ ਸਫਲ ਹਨ,ਉਨ੍ਹਾਂ ਨੂੰ ਜਨਮ ਦੇਣ ਵਾਲੀ ਮਾਉਂ ਵੀ ਧੰਨ ਹੈ, (ਭਾਵ ਸਫਲ ਹੈ)॥੨॥
ਪਰਵਦਗਾਰ ਅਪਾਰ ਅਗਮ ਬੇਅੰਤ ਤੂ ॥ ਜਿਨਾ ਪਛਾਤਾ ਸਚੁ ਚੁੰਮਾ ਪੈਰ ਮੂੰ ॥੩॥	(ਹੇ ਖ਼ੁਦਾ!) ਤੂੰ (ਸਭਨੂੰ) ਪਾਲਣ ਵਾਲਾ ਹੈਂ, ਤੇਰਾ ਪਾਰ ਨਹੀਂ (ਪਾਯਾ ਜਾ ਸਕਦਾ, ਤੂੰ ਸਾਡੀ) ਪਹੁੰਚ ਤੋਂ ਪਰੇ ਹੈਂ ਤੇ ਅਨੰਤ ਹੈਂ, ਜਿਨ੍ਹਾਂ ਨੇ (ਤੈਨੂੰ) ਪਛਾਣ ਲੀਤਾ ਹੈ ਮੈਂ (ਉਹਨਾਂ ਦੇ) ਪੈਰ ਚੁੰਮਦਾ ਹਾਂ॥੩॥
ਤੇਰੀ ਪਨਹ ਖੁਦਾਇ ਤੂ ਬਖਸੰਦਗੀ॥ ਸੇਖ ਫਰੀਦੈ ਖੈਰੁ ਦੀਜੈ ਬੰਦਗੀ ॥੪॥੧॥	ਹੇ ਖ਼ੁਦਾ ! (ਮੈਂ) ਤੇਰੀ ਸ਼ਰਣ ਆਇਆ ਹਾਂ ਤੂੰ ਬਖਸ਼ਿਸ਼ (ਦੇ ਬਿਰਦ ਵਾਲਾ) ਹੈਂ; ਸ਼ੇਖ਼ ਫ਼ਰੀਦ ਨੂੰ (ਅਪਣੀ) ਭਗਤੀ ਦੀ ਖ਼ੈਰ (ਦਾਨ) ਦਿਓ॥੪॥੧॥

ਵਜਾਖਜਾ-ਸੱਚੇ ਪ੍ਰੇਮ ਤੇ ਮਨੋਂ ਹੋਰ ਤੇ ਮੁੱਖੋਂ ਹੋਰ ਅਰਥਾਤ ਕੱਚਿਆਂ ਦਾ ਟਾਕਰਾ ਕਰਕੇ ਸੱਚਿਆਂ ਦੀ ਸਲਾਹੁਤ ਕਰਦੇ ਹੋਏ ਸੱਚਿਆਂ ਦੀ ਸੇਵਾ ਮੰਗੀ ਹੈ ਤੇ ਖ਼ੁਦਾ ਤੋਂ ਕੀਤੇ ਕਰਮਾਂ ਦੀ ਬਖਸ਼ਿਸ਼ ਤੇ ਭਗਤੀ ਦਾ ਦਾਨ ਮੰਗਿਆ ਹੈ।

ਅੰਕ ੧ ਵਿਚ ਮਨ ਵਿਚ ਕਪਟ ਤੇ ਮੂੰਹ ਵਿਚ ਪਲੋਸਵੀਆਂ ਗਲਾਂ ਕਰਨੇ ਵਾਲੇ ਕੱਚੇ ਯਾ ਕੂੜੇ ਤੇ ਅੰਦਰੋਂ ਬਾਹਰੋਂ ਮੁੱਹਬਤ ਕਰਨ ਵਾਲਿਆਂ ਨੂੰ ਸੱਚੇ ਕਿਹਾ ਹੈ। ਇਹ ਜੀਵਨ ਤੇ ਘਟਦੀ ਗਲ ਹੈ। ਪਰ ਰਹਾਉ ਤੋਂ ਪਤਾ ਲਗਦਾ ਹੈ ਕਿ ਸ਼ੇਖ਼ ਜੀ ਰੱਬ ਨਾਲ ਦਿਲੋਂ ਹੋਕੇ ਪਿਆਰ ਕਰਨ ਵਾਲੇ ਨੂੰ ਸਚਾ ਕਹਿ ਰਹੇ ਹਨ ਤੇ ਜੋ ਕਪਟੀ ਮਨ ਵਿਚ ਲਾਲਚੀ ਲੋਭੀ ਹਨ, ਕਾਮ ਆਦਿ ਵਿਚ ਲਗ ਰਹੇ ਹਨ ਤੇ ਉਤੋਂ ਗਲਾਂ ਰਬ ਦੇ ਪਜਾਰ ਦੀਆਂ ਕਰਦੇ ਹਨ ਉਨ੍ਹਾਂ ਨੂੰ ਕੱਚਾ ਆਖਦੇ ਹਨ। ਰਹਾਉ ਵਿਚ

ਸੱਚੇ ਪੁਰਖਾਂ ਦੀ ਨਿਸ਼ਾਨੀ ਦੱਸਦੇ ਹਨ ਕਿ ਓਹ ਸਾਈਂ ਪ੍ਰੇਮ ਵਿਚ ਰੰਗ ਰਤੜੇ ਹੁੰਦੇ ਹਨ। ਤੇ ਕੱਚਿਆਂ ਨੂੰ, ਜੋ ਸਾਈਂ ਦੇ ਨਾਮ ਤੋਂ ਗ਼ਾਫ਼ਲ ਹਨ, ਪ੍ਰਿਥਵੀ ਦਾ ਭਾਰ ਦੱਸਦੇ ਹਨ। ਭਾਰੂ ਵਸਤੂ ਤੋਂ ਕਾਹਲੇ ਪਈਦਾ ਹੈ ਕਿ ਕਦੋਂ ਦੂਰ ਹੋਵੇ। ਸੋ ਧਰਤੀ ਨੂੰ ਜਾਨ ਪਾਕੇ ਸ੍ਰੀ ਫਰੀਦ ਜੀ ਆਖਦੇ ਹਨ ਕਿ ਧਰਤੀ ਬੀ ਉਹਨਾਂ ਤੋਂ ਅੱਕੀ ਹੋਈ ਹੈ। ਉਨ੍ਹਾਂ ਨੂੰ ਭਾਰੂ ਸਮਝਦੀ, ਉਹ ਚਾਹੁੰਦੀ ਹੈ ਕਿ ਏਹ ਛੇਤੀ ਮਗਰੋਂ ਲਹਿਣ। ਸੈਨਤ ਹੈ ਕਿ ਉਹ ਅਪਣੇ ਪਾਪ ਕਰਮਾਂ ਕਰਕੇ ਜਗਤ ਦੁਖ ਦਾਤਾ ਬਣ ਰਹੇ ਹਨ। ਉਨ੍ਹਾਂ ਦੇ ਜੀਣੇ ਦਾ ਫਲ ਕੁਛ ਨਹੀਂ,ਉਲਟਾ ਅਵਗੁਣ ਹੈ।

ਅੰਕ ੨ - ਦਰਵੇਸ਼ ਦਾ ਅਰਥ ਹੈ ਜੋ ਦਰਵਾਜ਼ੇ ਨਾਲ ਲਟਕਿਆ ਖੜਾ ਰਹੇ। ਭਾਵ ਹੈ ਮੰਗਤਾ ਹੋਕੇ ਆਸਾਵੰਦ ਰਹੇ। ਦਰਵਾਜ਼ੇ ਤੇ ਖੜਾ ਅਰਥਾਤ ਫਕੀਰ ਉਹ ਹੈ ਜਿਨ੍ਹਾਂ ਨੂੰ ਸਾਂਈ ਕਬੂਲ ਪਾ ਲਵੇ। ਉਹਨਾਂ ਦਾ ਆਪਾ ਸਫਲ, ਉਹਨਾਂ ਦੀ ਮਾਤਾ (ਪਿਤਾ) ਸਫਲ।

ਅੰਕ ੩ ਵਿਚ ਵਾਹਿਗੁਰੂ ਦੀ ਮਹਿੰਮਾ ਕਰਦੇ ਹੋਏ ਉਸ ਪਾਸੇ ਰੱਬ ਦੇ ਸੱਚੇ ਪਜਾਰਿਆਂ ਦੇ ਪੈਰ ਚੁੰਮਣੇ ਮੰਗਦੇ ਹਨ, ਭਾਵ ਹੈ ਸਤਿਸੰਗ ਦੇਹ ਸਤਿ ਪੁਰਖ ਦਾ ਤੇ ਉਸ ਦੀ ਸੇਵਾ ਬਖ਼ਸ਼।

ਅੰਕ ੪ ਵਿਚ ਖ਼ੁਦਾ ਤੋਂ ਬਖ਼ਸ਼ਿਸ਼ ਮੰਗਦੇ ਹਨ ਤੇ ਬੰਦਗੀ ਮੰਗਦੇ ਹਨ। ਬਖ਼ਸ਼ਿਸ ਪਿਛਲੇ ਗੁਨਾਹਾਂ ਦੀ ਤੇ ਬੰਦਗੀ ਅਗੋਂ ਨੂੰ ਭਗਤੀ ਭਾਵ ਵਿਚ ਸੱਚੇ ਦਿਲੋਂ ਲਗੇ ਰਹਿਣ ਦੀ।

ਨਿਰੁਕ੍ਤ-ਮੁਹਬਤਿ- [ਅ਼: ਮੁਹੱਬਤ] ਪਿਆਰ। ਹਿਤ।

ਕਾਂਢੇ- [ਪੁ:, ਪੰਜਾ:] ਕਹੀਦੇ ਹਨ। ਚੁਣਕੇ ਕੱਢੇ ਜਾਂਦੇ ਹਨ।

ਰਤੇ- ਰਚੇ ਹੋਏ, ਰੰਗੇ ਹੋਏ।

ਇਸਕ- [ਅ਼:, ਇਸ਼ਕ਼] ਪ੍ਰੇਮ।

ਖੁਦਾਇ- [ਫਾ:, ਖ਼ੁਦਾ] ਖ਼ੁਦਾ ਦੇ , ਵਾਹਿਗੁਰੂ ਦੇ।

ਰੰਗਿ- ਪ੍ਰੇਮ ਵਿਚ।

ਭੁਇ ਭਾਰੁ- ਧਰਤੀ ਉਤੇ ਭਾਰੂ। ਵੀਚਾਰ ਵਜਾਖਜਾ ਵਿਚ ਆ ਚੁਕੀ ਹੈ।

ਲੜਿ ਲਾਇ-ਅਪਣੇ ਲੜ। ਲਾੜਾ ਲਾੜੀ ਨੂੰ ਵਿਆਹ ਕਰਕੇ ਅਪਣੇ ਲੜ ਲਾਉਂਦਾ ਹੈ ਉਸ ਤੋਂ ਮੁਹਾਵਰਾ ਹੈ ਕਿਸੇ ਨੂੰ ਅਪਣਾ ਲੈਣਾ।

ਦਰਿ-ਦਰਵਾਜ਼ੇ ਉਤੇ।

ਦਰਵੇਸ਼- [ਫਾ:, ਦਰ+ ਆਵੇਜ਼= ਜੋ ਦਰਵਾਜ਼ੇ ਪਰ ਲਟਕਿਆ ਰਹੇ। ਦਰ ਨੂੰ ਚੰਬੜਿਆ ਰਹੇ। ਇਨਸਾਨ ਦੇ ਦਰ ਨੂੰ ਚੰਬੜੇ ਤਾਂ 'ਮੰਗਤਾ'। ਖ਼ੁਦਾ ਦੇ ਦਰ ਨੂੰ ਚੰਬੜੇ ਤਾਂ 'ਪਹੁੰਚ ਵਾਲਾ ਫ਼ਕੀਰ'] ਫ਼ਕੀਰ।

ਪਰਵਦਗਾਰ- [ਫ਼ਾ:, ਪਰਵਰਦਗਾਰ] ਪਾਲਣ ਵਾਲਾ

ਅਪਾਰ- ਜਿਸ ਦਾ ਪਾਰ ਨ ਹੋਵੇ।

ਅਗਮ-ਮਨ ਇੰਦ੍ਰਿਆਂ ਦੀ ਪਹੁੰਚ ਤੋਂ ਪਰੇ।

ਬੇਅੰਤ- ਜਿਸ ਦਾ ਅੰਤ ਨਾ ਹੋਵੇ। ਅਨੰਤ।

ਚੁੰਮਾ ਪੈਰ ਮੂੰ- ਮੈਂ ਪੈਰ ਚੁੰਮਾਂ।

ਪਨਹ- [ਫ਼ਾ:, ਪਨਾਹ] ਸ਼ਰਣ।

ਬਖਸੰਦਗੀ-ਬਖ਼ਸ਼ਿਸ਼।

ਬੰਦਗੀ- [ਫਾ:,] ਭਗਤੀ।

[ਆਸਾ ਫਰੀਦ ਜੀ, ਅਸਟਪਦੀ-੨]

ਮੂਲ	ਅਰਥ
ਆਸਾ ॥ ਬੋਲੈ ਸੇਖ ਫਰੀਦੁ ਪਿਆਰੇ ਅਲਹ ਲਗੇ ॥ ਇਹੁ ਤਨੁ ਹੋਸੀ ਖਾਕ ਨਿਮਾਣੀ ਗੋਰ ਘਰੇ ॥੧॥	ਸ਼ੇਖ਼ ਫ਼ਰੀਦ ਆਖਦਾ ਹੈ (ਸੁਣ) ਹੇ ਅੱਲਾ ਵਿਚ ਲਗੇ ਹੋਏ ਪਿਆਰੇ! ਇਹ ਸਰੀਰ (ਇਕ ਦਿਨ) ਨਿਮਾਣੀ ਗੋਰ ਰੂਪੀ ਘਰ ਵਿਚ ਜਾਕੇ ਮਿੱਟੀ ਹੋ ਜਾਏਗਾ ॥੧॥

ਆਜੁ ਮਿਲਾਵਾ ਸੇਖ ਫਰੀਦ ਟਾਕਿਮ ਕੂੰਜੜੀਆ ਮਨਹੁ ਮਚਿੰਦੜੀਆ ॥੧॥ ਰਹਾਉ ॥

(ਹਾਂ) ਹੇ ਸ਼ੇਖ਼ ਫ਼ਰੀਦ! ਅਜ ਹੀ (ਤੇਰਾ) ਮਿਲਾਪ (ਅੱਲਾ) ਨਾਲ ਹੋ ਜਾਏ (ਜੇ ਤੂੰ) ਰੋਕ ਲਵੇਂ ਇੰਦ੍ਰੀਆਂ ਨੂੰ ਜੋ ਮਨ ਦੀਆਂ ਮਚਾਈਆਂ ਹੋਈਆਂ (ਭਾਵ ਚੰਚਲ ਕੀਤੀਆਂ ਰਹਿੰਦੀਆਂ) ਹਨ॥ ੧॥ ਰਹਾਉ॥

[ਮਚਕਾਉਣ ਵਾਲੇ ਮਨ ਤੇ ਮਚਕਾਈਆਂ ਹੋਈਆਂ ਇੰਦ੍ਰੀਆਂ ਨੂੰ ਟਾਕਣ ਯਾ ਵੱਸ ਕਰਨ ਦਾ ਉਪਾਉ- ਵੈਰਾਗ-ਨਿਰੂਪਣ ਕਰਦੇ ਹਨ]

ਜੇ ਜਾਣਾ ਮਰਿ ਜਾਈਐ ਘੁਮਿ ਨ ਆਈਐ ॥ ਝੂਠੀ ਦੁਨੀਆ ਲਗਿ ਨ ਆਪੁ ਵਞਾਈਐ ॥੨॥

ਜੇ (ਇਹ ਇਕ ਗੱਲ) ਸਮਝ ਲਈਏ ਕਿ ਮਰ ਜਾਈਦਾ ਹੈ ਤੇ ਫੇਰ ਮੁੜਕੇ (ਦੁਨੀਆਂ ਵਿਚ) ਨਹੀਂ ਆਈਦਾ (ਤਦ ਇਸ) ਝੂਠੀ ਦੁਨੀਆਂ ਵਿਚ ਲੱਗਕੇ (= ਮਗਨ ਹੋਕੇ) ਆਪਾ (ਆਪ ਬਿਰਥਾ) ਨਾ ਗੁਆ ਦੇਵੀਏ (ਭਾਵ ਇਸ ਵਿਚ ਵੈਰਾਗ ਰਖੀਏ)॥ ੨॥

[ਹੁਣ ਦੂਜਾ ਉਪਾਉ ਸੁੱਚੇ ਉੱਚੇ ਆਚਰਣ ਦਾ ਦੱਸਦੇ ਹਨ:]

ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ॥

(ਜਦ ਬੋਲੀਏ) ਸੱਚ ਬੋਲੀਏ (ਅਤੇ) ਧਰਮ (ਦੇ ਕੰਡੇ ਉਤੇ ਤੁਲਿਆ ਹੋਇਆ ਸੱਚ ਬੋਲੀਏ) ਝੂਠ (ਕਦੇ) ਨਾ ਬੋਲੀਏ। [ਹੁਣ ਤੀਸਰੀ ਗੱਲ ਦੱਸਦੇ ਹਨ ਇੰਦ੍ਰੇ ਦਮਨ ਤੇ ਸਾਂਈ ਮਿਲਾਵੇ ਲਈ:]

ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ ॥੩॥

ਜੋ ਰਾਹ ਗੁਰੂ ਦੱਸੇ ਮੁਰੀਦਾਂ (ਸਿਖਾਂ) ਨੂੰ (ਉਸ ਉਪਰ) ਚੱਲਣਾ ਚਾਹੀਏ,(ਭਾਵ ਨਾਮ ਆਦਿਕ ਜੋ ਉਪਦੇਸ਼ ਗੁਰੂ ਦੱਸੇ ਉਸ ਦੀ ਕਮਾਈ ਕਰਨੀ ਚਾਹੀਏ)॥ ੩॥

[ਹੁਣ ਸੈਨਤ ਨਾਲ ਸਤਿਸੰਗ ਦਾ ਉਪਦੇਸ਼ ਕਰਦੇ ਹਨ:]

ਛੈਲ ਲੰਘੰਦੇ ਪਾਰਿ ਗੋਰੀ ਮਨੁ ਧੀਰਿਆ ॥

(ਦੇਖੋ) ਛਬੀਲੇ ਸੁਹਣੇ (ਜਦ ਨਦੀ ਤਰਕੇ) ਪਾਰ ਲੰਘ ਜਾਂਦੇ ਹਨ (ਤਦ ਸੁਹਲ ਸੁਬਕ) ਸੁੰਦਰੀਆਂ ਦੇ ਮਨ ਬੀ ਧੀਰਜ (ਹੌਸਲੇ) ਦੇ ਘਰ ਆ ਜਾਂਦੇ ਹਨ (ਕਿ ਅਸੀਂ ਬੀ ਤਰ ਕੇ ਪਾਰ ਹੋ ਜਾਵਾਂਗੀਆਂ),ਭਾਵ ਇਹ ਕਿ ਮਹਾਂਪੁਰਖਾਂ ਨੂੰ ਸੰਸਾਰ ਸਾਗਰ ਨੂੰ ਤਰ ਲੈਂਦਿਆਂ ਵੇਖਕੇ ਜਗਯਾਸੂਆਂ ਨੂੰ ਹੌਸਲਾ ਬੱਝ ਜਾਂਦਾ ਹੈ ਕਿ ਇਹ ਸਾਗਰ ਅਣਤਾਰੂ ਨਹੀਂ, ਇਸ ਨੂੰ ਤਰ ਸਕੀਦਾ ਹੈ। ਮੁਰਾਦ ਹੈ ਸਤਿਸੰਗ ਕਰੋ ਜੋ ਨਾਮ ਆਰਾਧਨ ਵਿਚ ਹੌਸਲਾ ਨਾ ਹਿਰੇ)।

[ਉਹੋ ਵੈਰਾਗ ਹੋਰ ਦ੍ਰਿੜ ਕਰਨ ਲਈ ਮਾਯਕ ਪ੍ਰੇਮ ਦੇ ਮਾੜੇ ਫਲ ਤੇ ਸੰਸਾਰ ਦੀ ਅਸਾਰਤਾ ਦੱਸਦੇ ਹਨ ਕਿ ਲੱਗਾ ਹੋਇਆ ਜਗਯਾਸੂ ਬੀ ਵੈਰਾਗ ਤੋਂ ਨਾ ਉੱਕੇ]

ਕੰਚਨ ਵੰਨੇ ਪਾਸੇ ਕਲਵਤਿ ਚੀਰਿਆ ॥੪॥

(ਪਰ ਦੇਖੋ ਜੋ ਕੋਈ ਗੁਰ ਦੱਸਿਆ ਵਾਟ ਛਡਕੇ) ਸੋਨੇ ਵਾਲੇ ਪਾਸੇ ਲਗ ਗਿਆ ਉਹਦੇ ਪਾਸੇ ਕਲਵੱਤ੍ਰ (ਆਰੇ) ਨਾਲ (ਚੀਰੇ ਜਾਣ ਵਾਂਙੂ) ਚੀਰੇ ਗਏ ॥ ੪ ॥

ਸੇਖ ਹੈਯਾਤੀ ਜਗਿ ਨ ਕੋਈ ਥਿਰੁ ਰਹਿਆ ॥ ਜਿਸੁ ਆਸਣਿ ਹਮ ਬੈਠੇ ਕੇਤੇ ਬੈਸਿ ਗਇਆ ॥੫॥

ਹੇ ਸ਼ੇਖ਼ (ਫ਼ਰੀਦ! ਇਸ) ਜਗਤ ਵਿਚ ਜੀਵਨ ਕਰਕੇ ਕੋਈ ਥਿਰ ਨਹੀਂ ਰਿਹਾ,(ਭਾਵ ਅਮਰ ਹੋਕੇ ਕੋਈ ਸਦਾ ਜੀਉਂਦਾ ਨਹੀਂ ਰਿਹਾ। ਦੇਖੋ) ਜਿਸ ਆਸਣ (ਟਿਕਾਣੇ) ਤੇ ਅਸੀਂ ਬੈਠੇ ਹਾਂ ਕਿੰਨੇ ਹੀ (ਇਸ ਆਸਣ ਉੱਤੇ ਅਗੇ) ਬੈਠ ਗਏ ਹਨ॥ ੫॥

[ਹੁਣ ਜਗਤ ਅਨਿਸਥਿਰਤਾ ਦੇ ਚਾਰ ਨਮੂਨੇ ਦਿਖਾਲਦੇ ਹਨ:]

ਕਤਿਕ ਕੂੰਜਾਂ ਚੇਤਿ ਡਉ ਸਾਵਣਿ ਬਿਜੁਲੀਆਂ ॥

ਸੀਆਲੇ ਸੋਹੰਦੀਆਂ ਪਿਰ ਗਲਿ ਬਾਹੜੀਆਂ ॥੬॥

ਕੱਤਕ (ਦੇ ਮਹੀਨੇ) ਕੂੰਜਾਂ (ਆਉਂਦੀਆਂ ਹਨ, ਪਰ ਹੁਨਾਲੇ ਚਲੀਆਂ ਜਾਂਦੀਆਂ ਹਨ), ਚੇਤ (ਦੇ ਮਹੀਨੇ) ਜੰਗਲਾਂ ਨੂੰ ਅੱਗ (ਲਗਣ ਦਾ ਨਜ਼ਾਰਾ ਹੁੰਦਾ ਹੈ, ਪਰ ਫੇਰ ਉਹ ਨਹੀਂ ਰਹਿੰਦਾ), ਸਾਵਣਿ (ਵਿਚ ਵਰਖਾ ਬੱਦਲ ਤੇ) ਬਿਜਲੀਆਂ (ਦੇ ਲਿਸ਼ਕਾਰੇ ਅਤੇ) ਸਿਆਲ ਵਿਚ 'ਪਤੀ ਦੇ ਗਲ ਲਿਪਟੀਆਂ' (ਮਹੇਲੀਆਂ ਦੀਆਂ) ਬਾਂਹਾਂ ਸ਼ੋਭਦੀਆਂ ਹਨ। [ਤਿਵੇਂ ਇਸ ਸੰਸਾਰ ਵਿਚ ਮਾਨੁਖ ਸਦਾ ਨਹੀਂ ਰਹਿੰਦਾ, ਜੀਵਨ ਚਮਕਾਰੇ ਵਾਂਙੂ ਛਿਨ ਭੰਗਰ ਹੈ] ॥੬॥

ਚਲੇ ਚਲਣਹਾਰ ਵਿਚਾਰਾ ਲੇਇ ਮਨੋ॥ ਗੰਢੇਦਿਆਂ ਛਿਅ ਮਾਹ ਤੁੜੰਦਿਆ ਹਿਕੁ ਖਿਨੋ ॥੭॥

ਮਨ ਵਿਚ (ਚੰਗੀ ਤਰ੍ਹਾਂ) ਵਿਚਾਰ ਕਰ ਲਓ ਕਿ ਸਰੀਰ ਚੱਲਣਹਾਰ (ਹਨ. ਜੀਵ ਏਹ ਇਸ ਲੋਕ ਵਿਚ ਸਦਾ ਨਹੀਂ ਰਹਿਣਗੇ ਇਕ ਦਿਨ) ਚਲੇ ਜਾਣਗੇ। (ਪ੍ਰਤਖ ਦੇਖ ਲਓ ਜਿਸ ਨੂੰ) ਬਣਾਉਂਦਿਆਂ ਛੇ ਮਹੀਨੇ ਲਗਦੇ ਹਨ। (ਉਸ ਨੂੰ) ਟੁਟਦਿਆਂ ਇਕ ਛਿਨ ਲਗਦੀ ਹੈ॥੭॥

ਜਿਮੀ ਪੁਛੈ ਅਸਮਾਨ ਫਰੀਦਾ ਖੇਵਟ ਕਿੰਨਿ ਗਏ ॥ ਜਾਲਣ ਗੋਰਾਂ ਨਾਲਿ ਉਲਾਮੇ ਜੀਅ ਸਹੇ ॥੮॥੨॥

[ਹੁਣ ਦੱਸਦੇ ਹਨ ਕਿ ਜੋ ਜੀਵ ਮਰ ਮਰ ਜਾ ਰਹੇ ਹਨ ਫਨਾਹ ਨਹੀਂ ਹੋ ਰਹੇ. ਓਹ ਹੈਨ ਤੇ ਦੁਖ ਭੋਗ ਰਹੇ ਹਨ। ਇਹ ਗੱਲ ਜ਼ਿਮੀਂ ਅਸਮਾਨ ਦੀ ਪ੍ਰਸ਼ਨੋਤਰੀ ਵਿਚ ਦੱਸ ਰਹੇ ਹਨ:] ਫਰੀਦਾ ! ਜ਼ਿਮੀਂ ਪੁੱਛਦੀ ਹੈ ਅਸਮਾਨ ਨੂੰ ਕਿ ਖੇਵਟ (ਮਲਾਹ) ਕਿੱਥੇ ਗਏ?(ਉਸ ਨੇ ਉੱਤਰ ਦਿੱਤਾ) ਕਬਰਾਂ ਨਾਲ (ਜੱਫਰ) ਜਾਲ ਰਹੇ ਹਨ ਤੇ ਜੀਉ (ਕੀਤੇ ਕਰਮਾਂ ਦੇ) ਉਲ੍ਹਾਮੇ ਸਹਿ ਰਿਹਾ ਹੈ॥੮॥੨॥

ਵਯਾਖਯਾ-ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਵਿਸ਼ਾਲ ਹ੍ਰਿਦਾ ਜਿਨ੍ਹਾਂ ਨੇ ਆਪਣੇ ਧਰਮ ਪੁਸਤਕ ਵਿਚ ਬਿਨਾ ਜ਼ਾਤ ਪਾਤ ਮਜ਼ਹਬ ਧਰਮ ਦਾ ਪੱਖ ਪਾਤ ਕੀਤੇ ਦੇ ਨਾਮ ਰਸੀਆ ਆਤਮਾਵਾਂ ਦੀ ਬਾਣੀ ਅੰਗੀਕਾਰ ਕੀਤੀ। ਸ਼ੇਖ਼ ਫਰੀਦ ਜੀ ਮੁਸਲਮਾਨ ਸਨ, ਮੁਸਲਮਾਨੀ ਖ਼ਯਾਲ ਤੇ ਲਫ਼ਜ਼ ਉਨ੍ਹਾਂ ਦੀ ਵਰਤੋਂ ਵਿਚ ਸਨ; ਗੁਰੂ ਜੀ ਨੇ ਉਨ੍ਹਾਂ ਦੀ ਬਾਣੀ ਉਨ੍ਹਾਂ ਦੇ ਇਨ੍ਹਾਂ ਖਯਾਲਾਂ ਵਾਲੀ ਹੋਣ ਕਰਕੇ ਨਹੀਂ ਲਈ ਪਰ ਤੱਤ ਸਿਧਾਂਤ ਦਾ ਆਸ਼ਾ ਲੈਣਾ ਹੈ ਜੋ ਗੁਰੂ ਜੀ ਨੇ ਲੈ ਕੇ ਬਾਣੀ ਅੰਗੀਕਾਰ ਕੀਤੀ, ਇਹ ਸ਼ਬਦ ਬੀ ਲਗ ਪਗ ਆਪ ਨੂੰ ਸੰਬੋਧਨ ਕਰਕੇ ਹੀ ਉਚਾਰਿਆ ਗਿਆ ਹੈ। "ਆਜੁ ਮਿਲਾਵਾ ਸੇਖ ਫਰੀਦ " ਵਿਚ ਆਪ ਨੂੰ ਸੰਬੋਧਨ ਕਰ ਰਹੇ ਹਨ।

ਅੰਕ ੧ - ਅੱਲਹ ਨਾਲ ਲਗੇ ਨੂੰ ਸੰਬੋਧਨ ਕਰਕੇ ਕਹਿ ਰਹੇ ਹਨ, ਇਹ ਬੀ ਬਹੁਤੀ ਗਲੇ ਆਪ ਨੂੰ ਹੀ ਕਹਿ ਰਹੇ ਹਨ। ਟਾਕਿਮ ਵਿਚ ਬੀ 'ਮੈ ਰੋਕ ਲਵਾਂ ਦਾ' ਦਾ ਅਰਥ ਹੈ। ਇਸ ਅੰਕ ਵਿਚ ਸਰੀਰ ਨੂੰ ਛਿਨ ਭੰਗਰ ਦੱਸ ਕੇ ਵੈਰਾਗ ਦਾ ਉਪਦੇਸ਼ ਹੈ।

ਰਹਾਉ ਵਿਚ ਸਾਈਂ ਮਿਲਣ ਦੀ ਤਰਕੀਬ ਦੱਸਦੇ ਹਨ। ਪਹਿਲੀ ਹੈ ਇੰਦ੍ਰਿਆਂ ਨੂੰ ਅਪਣੇ ਵਿਸ਼ੇ ਸਪਰਸ਼ਾਂ ਤੋਂ ਰੋਕਣਾ,ਦੂਜੀ ਹੈ ਮਨ ਨੂੰ ਵਸੀਕਾਰ ਵਿਚ ਕਰਨਾ ਜੋ ਇੰਦ੍ਰੀਆਂ ਨੂੰ ਪ੍ਰੇਰਦਾ ਤੇ ਉਕਸਾਉਂਦਾ ਹੈ।ਮਨ ਇੰਦ੍ਰਿਆਂ ਦਾ ਨਿਗ੍ਰਹੁ ਇਹ ਰਹਾਉ ਦਾ ਭਾਵ ਹੈ।

ਅੰਕ ੨ ਵਿਚ ਸੰਸਾਰ ਨੂੰ ਨਾਸ਼ਮਾਨ ਤੇ ਆਪਣੀ ਮੌਤ ਨੂੰ ਯਾਦ ਕਰਕੇ ਝੂਠੀ ਦੁਨੀਆਂ ਵਿਚ ਖਚਿਤ ਨਾ ਹੋਣਾ ਉਪਾਉ ਦੱਸਿਆ ਹੈ। ਜੋ ਮਨ ਤੇ ਇੰਦ੍ਰਿਆਂ ਨੂੰ ਨਾਸ਼ਮਾਨ ਤੇ ਛਿਨ ਭੰਗਰੀ ਭੋਗਾਂ ਤੋਂ ਹੋੜਦਾ ਹੈ ਤੇ ਆਪਾ ਅਧੋਗਤੀ ਨੂੰ ਜਾਣੋਂ ਬਚਾਉਂਦਾ ਹੈ।

ਅੰਕ ੩ ਵਿਚ ਆਚਰਣ ਯਾ ਇਖ਼ਲਾਕ ਉੱਚਾ ਕਰਨ ਦਾ ਉਪਦੇਸ਼ ਹੈ। ਮਨ ਇੰਦ੍ਰੇ ਦਾ ਵਸੀਕਰਨਾ ਆਪਣੇ ਆਪ ਦਾ ਪ੍ਰਯਤਨ ਹੈ। ਸੱਚ ਬੋਲਣਾ ਜਗਤ ਨਾਲ ਵਰਤਾਰੇ ਨੂੰ ਸੁੱਚਾ ਕਰਨ ਲਈ ਹੈ। ਸੱਚ ਬੋਲਣਾ ਸਾਰੇ ਪਾਪਾਂ ਦੀ ਜੜ ਕੱਟਦਾ ਹੈ, ਪਰ ਫੇਰ ਨਾਲ ਧਰਮ ਕਿਹਾ ਹੈ। ਸਚ ਬੋਲੀਏ ਤੇ ਉਹ ਸਚ ਬੋਲੀਏ ਜਿਸ ਨਾਲ ਅਪਣੀ ਸੁਰਤ ਵਿਚ ਧਰਮ ਭਾਵ ਵਧੇ ਤੇ ਸੁਣਨ ਵਾਲੇ ਧਰਮ ਭਾਵਨਾਂ ਵਿਚ ਆਉਣ।

ਅਗਲੀ ਤੁਕ ਵਿਚ ਆਤਮ ਉਧਾਰ ਦਾ ਉਪਦੇਸ਼ ਹੈ ਕਿ ਗੁਰੂ ਜੋ ਰਸਤਾ ਕਮਾਈ ਦਾ ਦੱਸੇ ਉਸ ਤੇ ਤੁਰੋ। ਗੁਰੂ ਨੇ ਨਾਮ, ਕੀਰਤਨ, ਧਿਆਨ ਆਦਿ ਗਲਾਂ ਦੱਸਣੀਆਂ ਹਨ, ਜਿਨ੍ਹਾਂ ਨਾਲ ਮਨ ਨਿਰਮਲ ਹੋ ਕੇ ਸ਼ੁੱਧ ਆਤਮ ਭਾਵ ਉਪਜਣਾ ਹੈ।

ਅੰਕ ੪ ਵਿਚ ਸਤਿਸੰਗ ਦੀ ਮਤਿ ਦਿਤੀ ਹੈ। ਪਰ ਕਾਵ੍ਯ ਦੇ ਨੁਕਤੇ ਤੋਂ ਕੈਸੀ ਉੱਤਮ ਰੀਤ ਵਰਤੀ ਹੈ। ਜੋ ਕਿਹਾ ਹੈ ਉਹਦਾ ਭਾਵ ਇਹ ਹੈ,ਸੰਤਾਂ, ਮਹਾਤਮਾਂ, ਕਾਮਯਾਬ ਜਗਜਾਸੂਆਂ ਨੂੰ ਭਵ ਸਾਗਰ ਤੋਂ ਪਾਰ ਹੁੰਦੇ ਦੇਖਕੇ ਨਵੇਂ ਲਗੇ ਜਗਜਾਸੂਆਂ ਨੂੰ ਧੀਰਜ ਬੱਝਦਾ ਹੈ। ਜਿਵੇਂ ਕਹਾਵਤ ਹੈ 'ਖਰਬੂਜ਼ੇ ਨੂੰ ਦੇਖਕੇ ਖਰਬੂਜ਼ਾ ਰੰਗ ਫੜਦਾ ਹੈ'। ਸੋ ਦੱਸੇ ਸਾਧਨ ਕਰਦਿਆਂ ਸਤਿਸੰਗ ਕਰੋ ਇਹ ਉਪਦੇਸ਼ ਹੈ, ਪ੍ਰਤੱਖ ਅਪਣੇ ਸਾਹਮਣੇ ਸਿਰੇ ਚੜ੍ਹਦਿਆਂ ਨੂੰ ਦੇਖਕੇ ਹੌਸਲਾ ਹਿੰਮਤ ਤੇ ਚਾਉ ਵਧੇਗਾ। ਪਰ ਇਹ ਗਲ ਗੋਰੀ ਛੈਲ ਦਾ ਅਲੰਕਾਰ ਬੰਨ੍ਹ ਕੇ ਦੱਸੀ ਹੈ। ਛੈਲਾ ਸੁਹਣੇ ਜੁਆਨ ਛਬੀ ਵਾਲੇ ਗੱਭਰੂ ਨੂੰ ਕਹੀਦਾ ਹੈ, ਤੇ ਗੋਰੀ ਸੁਹਣੀ ਚਾਉ ਭਰੀ ਮੁਟਿਆਰ ਨੂੰ ਆਖੀਦਾ ਹੈ। ਛੈਲ ਤੋਂ ਮੁਰਾਦ ਸੰਤ ਮਹਾਤਮਾ ਦੀ ਲਈ ਹੈ ਤੇ ਗੋਰੀ ਤੋਂ ਜਗਜਾਸੂ ਦੀ। ਦੋਹਾਂ ਵਿਚ ਸੰਬੰਧ ਆਤਮ ਪ੍ਰੇਮ ਦਾ ਲਿਆ ਹੈ।

ਦੂਜੀ ਸਤਰ ਵਿਚ ਸੋਨੇ ਦੇ ਪ੍ਰੇਮੀਆਂ ਦਾ ਅੰਤ ਦੁਖੀ ਹੋਣਾ ਦੱਸਿਆ ਹੈ। 'ਪਾਸੇ' ਪਦ ਦੇਹੁਰੀ ਦੀਪਕ ਹੈ ਤੇ ਸ਼ਲੇਖ ਹੈ।

ਅੰਕ ੫ -ਫੇਰ ਵੈਰਾਗ ਸੂਚਨਾ ਹੈ, ਇਹ ਉਪਦੇਸ਼ ਸੰਤਾ ਮਹੰਤਾਂ ਪ੍ਰਤੀ ਜਾਪਦਾ ਹੈ ਯਾ ਰਾਜੇ ਵਡੇ ਲੋਕਾਂ ਪ੍ਰਤੀ ਬੀ, ਕਿ ਜਿਸ ਉਚੇ ਟਿਕਾਣੇ ਬੈਠੇ ਹਾਂ ਕਿੰਨੇ ਹੀ ਬੈਠ ਗਏ ਹਨ ਅੱਗੇ, ਮਾਣ ਨ ਕਰੋ ਤੇ ਇਸ ਆਸਣ ਬੈਠਣ ਨੂੰ ਸਦੈਵੀ ਨਾ ਸਮਝੋ।

ਅੰਕ ੬ ਵਿਚ ਚਾਰ ਮਿਸਾਲਾਂ ਦੇਕੇ ਜਗਤ ਦੇ ਵਾਕਿਆਤ ਨੂੰ,ਉਮਰ ਨੂੰ, ਜੀਵਨ ਨੂੰ, ਐਸ਼੍ਵਰਜ ਨੂੰ ਚਮਤਕਾਰ ਮਾਤ੍ਰ ਜਣਾਇਆ ਹੈ।

ਅੰਕ ੭ ਵਿਚ ਚੱਲਣਹਾਰ ਜੀਵ ਨੂੰ ਚੱਲਦਾ ਦੱਸਿਆ ਤੇ ਆਮ ਵਰਤੋਂ ਦੱਸੀ ਕਿ ਹਰ ਸ਼ੈ ਦੇ ਬਨਾਉਣ ਵਿਚ ਬਹੁਤ ਵਕਤ ਤੇ ਭੱਜ ਜਾਣ ਵਿਚ ਥੋੜਾ ਵਕਤ ਲਗਦਾ ਹੈ, ਇਸ ਵਿਚ ਸੈਂਨਤ ਜਾਪਦੀ ਹੈ ਇਹ ਕਿ ਮਾਨੁਖ ਦੀ ਦੇਹ ਬਣਦੀ ਹੈ ਕਿੰਨੇ ਚਿਰ ਵਿਚ ਤੇ ਬਿਨਸ ਛਿਨ ਵਿਚ ਜਾਂਦਾ ਹੈ। ਕਈ ਦਾਨੇ ਇਹ ਢੁਕਾਉ ਢੁਕਾਉਣ ਲਈ ਬੱਚੇ ਦੇ ਵਿਚ ਜਾਨ ਪੈਣ ਦਾ ਸਮਾਂ ਪਿਛਲੇ ਛੇ ਮਹੀਨੇ ਗਿਣਦੇ ਹਨ।

ਅੰਕ ੮ ਵਿਚ ਮੁਸਲਮਾਨੀ ਮਤਿ ਅਨੁਸਾਰ ਰੂਹਾਂ ਦਾ ਮੌਤ ਤੋਂ ਬਾਦ ਦੁਖੀ ਹੋਣਾ ਦੱਸਿਆ ਹੈ, ਉਹਨਾਂ ਦਾ ਮਤ ਹੈ ਕਿ ਜਦ ਕਿਆਮਤ ਆਵੇਗੀ ਮੁਰਦੇ ਸਭ ਜੀ ਉਠਣਗੇ ਤੇ ਤਦੋਂ ਨਿਆਂ ਹੋਵੇਗਾ, ਤਦ ਤਕ ਕਬਰਾਂ ਵਿਚ ਰਹਿਣਗੇ। ਇਸੇ ਕਰਕੇ ਫਰੀਦ ਜੀ ਨੇ ਗੋਰ ਨਿਮਾਣੀ ਨੂੰ ਘਰ ਕਿਹਾ ਹੈ, ਸੋ ਤਦ ਤਕ ਕਬਰਾਂ ਨਾਲ ਸਮਾਂ ਕੱਟਣਗੇ ਤੇ ਕੀਤੇ ਕਰਮਾਂ ਤੇ ਪਛੋਤਾਉਂਦੇ ਰਹਿਣਗੇ, ਚਾਹੋ ਆਪੇ ਚਾਹੋ ਮੁਨਕਰ ਨਕੀਰ ਫਰਿਸ਼ਤਿਆਂ ਤੋਂ ਉਲ੍ਹਾਮੇ ਸਹਿਣਗੇ। ਸੋ ਇਹ ਮੁਸਲਮਾਨੀ ਈਮਾਨ ਅਸਾਂ ਨਹੀਂ ਸਿੱਖਣਾ। ਇਸ ਨਿਸ਼ਚੇ ਵਿਚ ਅਨਜਾਯ ਬੀ ਹੈ। ਇਕ ਆਦਮੀ ਦੇ ਮਰਨ ਤੋਂ ਹਜ਼ਾਰਹਾ ਸਾਲ ਮਗਰੋਂ ਕਿਆਮਤ ਆਈ, ਇਕ ਅਜ ਕਬਰ ਵਿਚ ਪਿਆ ਤੇ ਕਲ ਕਿਆਮਤ ਆ ਗਈ। ਇਕ ਨੇ ਹਜ਼ਾਰਹਾ ਵਰ੍ਹੇ ਉਲ੍ਹਾਮੇ ਸਹੇ ਇਕ ਨੇ ਇਕ ਦਿਨ ਹੀ ਉਲ੍ਹਾਮੇ ਸਹੇ। ਇਨ੍ਹਾਂ ਗੱਲਾਂ ਕਰਕੇ ਗੁਰ ਆਸ਼ਯ ਕੇਵਲ ਇਹ ਸਿੱਧਾਂਤ ਲੈਣੇ ਤੋਂ ਹੈ ਕਿ ਪਾਪੀ ਪੁਰਖ ਮਰਕੇ ਸੁਖੀ ਨਹੀਂ ਹੋਣਗੇ, ਪਛੁਤਾਵੇ ਦਾ

ਦੁੱਖ ਭੋਗਣਗੇ! ਇਹ ਗਲ ਸਿਖ ਧਰਮ ਵਿਰੁੱਧ ਨਹੀਂ ਹੈ।

'ਖੇਵਟ ਕਿੰਨਿ ਗਏ' ਦਾ ਭਾਵ ਹੈ: ਆਗੂ ਕਿੱਥੇ ਗਏ। ਕਈ ਦਾਨੇ ਰਾਜੇ ਆਦਿਕ ਇਨਸਾਨੀ ਆਗੂ ਲੈਂਦੇ ਹਨ ਤੇ ਕਈ ਦਾਨੇ ਧਰਮ ਦੇ ਆਗੂ ਸੰਤ ਮੁਰਸ਼ਿਦ ਆਦਿ ਵਡਕੇ ਲੈਂਦੇ ਹਨ।ਪਰ ਅਗੇ ਤੁਕ ਪਈ ਹੈ 'ਜਾਲਣ ਗੋਰਾਂ ਨਾਲਿ ਉਲਾਮੇ ਜੀਅ ਸਹੇ'।ਸੋ ਇਹ ਖੇਵਟ ਦੀ ਮੁਰਾਦ ਮੁਰਸ਼ਦ ਸੰਤ ਆਦਿ ਨਹੀਂ ਹੋ ਸਕਦੀ। ਜੇ ਰਾਜੇ ਆਦਿਕ ਇਨਸਾਨਾਂ ਦੀ ਰਹਿਬਰੀ ਕਰਨ ਵਾਲੇ ਮਾਯਾਧਾਰੀ ਆਗੂ ਲਈਏ ਤਾਂ ਅੱਗੇ ਪਿਛੇ ਉਨ੍ਹਾਂ ਦਾ ਜ਼ਿਕਰ ਨਹੀਂ। ਜਾਪਦਾ ਹੈ ਕਿ ਜੇ ਇਹ ਭਾਵ ਲਈਏ ਕਿ ਸਰੀਰ ਰੂਪੀ ਬੇੜੀ ਨੂੰ ਤੋਰਨ ਵਾਲੇ 'ਮਲਾਹ' ਰੂਹਾਂ ਕਿੱਥੇ ਗਈਆਂ? ਤਾਂ ਜ੍ਵਾਬ ਹੈ ਕਿ ਰੂਹਾਂ ਕਬਰਾਂ ਵਿਚ 'ਸਮਾ ਜਾਲ'(ਕੱਟ) ਰਹੀਆਂ ਹਨ ਤੇ ਉਲ੍ਹਮੇ ਸਹਿ ਰਹੀਆਂ ਹਨ ਕਿ ਕਿਉਂ ਮਾੜੇ ਕਰਮ ਕੀਤੇ। ਤਦ ਲੇਖਕ ਜੀ ਦੇ ਭਾਵ ਦੇ ਵਧੇਰੇ ਨੇੜੇ ਢੁੱਕ ਪਈਦਾ ਹੈ।

ਨਿਰੁਕ੍ਤ– ਅਲਹ-ਪਰਮੇਸ਼ੁਰ। ਪਿਛਲੇ ਸ਼ਬਦ ਵਿਚ ਪਦ 'ਖੁਦਾਇ ' ਵਰਤਿਆ ਸੀ ਜੋ ਫਾਰਸੀ ਦਾ ਸੀ, ਇਸ ਵਿਚ 'ਅਲਹ ' ਪਦ ਵਰਤਿਆ ਹੈ ਜੋ ਅ਼ਰਬੀ ਦਾ ਹੈ।

ਲਗੇ- ਲਗੇ ਹੋਏ। (ਅ) 'ਲੱਗੋ' ਅਰਥ ਵੀ ਕਰਦੇ ਹਨ।

ਨਿਮਾਣੀ ਗੋਰ ਘਰੇ- ਗੋਰ ਨਿਮਾਣੀ ਰੂਪੀ ਘਰ ਵਿਚ।

ਟਾਕਿਮ- [ਲਹਿੰਦਾ ਪੰਜਾ:,] ਮੈਂ ਟਾਕ (=ਰੋਕ) ਲਵਾਂ*।

ਕੂੰਜੜੀਆ-ਕੂੰਜਾਂ। ਲਾਕਸ਼ਣਿਕ ਅਰਥ ਲੈਣਾ ਹੈ ਇੰਦ੍ਰੀਆਂ, ਜੋ ਭੋਗਾਂ ਦੇ ਮਗਰ ਤਾਂਘਦੀਆਂ ਰਹਿੰਦੀਆਂ ਹਨ। (ਅ) ਕੂੰਜੜੀਆਂ ਦਾ ਅਰਥ ਵਾਸ਼ਨਾ ਬੀ ਕਰਦੇ ਹਨ।

ਮਨਹੁ-ਮਨ ਕਰਕੇ, ਮਨ ਦੀਆਂ, ਮਨ ਤੋਂ।

ਮਚਿੰਦੜੀਆ- ਮਚਾਈਆਂ ਹੋਈਆ।ਉਕਸਾਈਆਂ ਯਾ ਪ੍ਰੇਰੀਆਂ ਹੋਈਆਂ। ਬਾਬਾ ਫਰੀਦ ਜੀ ਨੇ 'ਮਨ ਪ੍ਰੇਰਕ' ਤੇ 'ਇੰਦ੍ਰੀਆਂ ਪ੍ਰੇਰਿਕ' ਭਾਵ ਲਿਆ ਜਾਪਦਾ ਹੈ।

ਘੁਮਿ ਨ ਆਈਐ- ਮੁੜਕੇ ਨਾ ਆਈਏ ,ਇਹ ਬੀ ਇਸਲਾਮੀ ਮਤ ਹੈ ਕਿ ਮੁੜਕੇ ਜਨਮ ਨਹੀਂ ਹੁੰਦਾ, ਚਾਹੋ ਕਈ ਸੂਫੀ ਫਕੀਰਾਂ ਨੇ ਪੁਨਰ ਜਨਮ ਮੰਨਿਆਂ ਹੈ। ਅਸਾਂ ਏਥੇ 'ਮਾਨੁਖ ਅਵਤਾਰ ਦੁਰਲਭ' ਭਾਵ ਲੈਣਾ ਹੈ।

ਵਞਾਈਐ-ਜ਼ਾਇਆ ਕਰੀਏ, ਗੁਆ ਲਈਏ, ਨਿਸ਼ਫਲ ਗੁਆਈਏ।

ਵਾਟ- [ਸੰਸ:, ਵਾਟ:] ਰਸਤਾ। ਤਰੀਕਾ। ਪਰਮਾਰਥ ਦਾ ਰਾਹ

ਜੋਲੀਐ- ਤੁਰ ਪਈਏ। ਜੁਲੀਏ।

ਛੈਲ- [ਪ੍ਰਾ:, ਛਇੱਲ੍ਹ। ਸੰਸਕ੍ਰਿਤ ਪਦ 'ਛਵਿ ਤੋਂ ਛੈਲ, ਛੈਲਾ] ਸੁਹਣਾ ਬਾਂਕਾ ਜੁਆਨ, ਜਿਸ ਤੇ ਇਸਤ੍ਰੀਆਂ ਮੋਹਿਤ ਹੋਣ। ਇਹ ਪਦ ਏਥੇ ਸੰਤ ਯਾ ਮਹਾਂ ਪੁਰਖ ਦੇ ਅਰਥਾਂ ਵਿਚ ਵਰਤਿਆ ਗਿਆ ਹੈ।

ਗੋਰੀ- [ਸੰਸ: ਗੋਰੀ= ਚਿੱਟੀ ਸੁਹਣੀ ਕੰਨਯਾ ੮ ਕੁ ਬਰਸ ਦੀ] ਪੰਜਾਬੀ ਵਿਚ ਗੋਰੀ ਜੁਆਨ ਸੁਹਣੀ ਵਰ ਪ੍ਰਾਪਤੀ ਦੀ ਵਰੇਸ ਵਾਲੀ ਮੁਟਿਆਰ ਨੂੰ ਕਹਿੰਦੇ ਹਨ। ਕਈ ਵੇਰ ਨਵ ਵਿਵਾਹਤਾ ਨੂੰ ਪਤੀ ਲਾਡ ਨਾਲ ਗੋਰੀ ਕਰਕੇ ਪੁਕਾਰਦਾ ਹੈ। ਏਥੇ ਭਾਵ ਜਗਯਾਸੂ ਤੋਂ ਹੈ ਜੋ ਸਾਧਨ ਕਰ ਰਹੇ ਹਨ, ਪਰ ਅਜੇ ਗੁਰਮੁਖ ਪਦਵੀ ਤੇ ਨਹੀਂ ਅੱਪੜੇ ।

ਕੰਚਨ ਵੰਨੇ- ਸੋਨੇ ਦੇ ਰੰਗ ਦੇ, ਭਾਵ ਸੁਹਣੇ। (ਅ) ਕੰਚਨ= ਸੋਨਾ+ਵੰਨੇ=ਵਲ ਨੂੰ। (੨) ਸੋਨੇ ਵਲ ਨੂੰ, ਭਾਵ ਮਾਯਾ ਕੱਠੀ ਕਰਨ ਵਲ ਨੂੰ।

---

*ਗੁਰੂ ਗ੍ਰੰਥ ਕੋਸ਼ ਵਿਚ ਇਹ ਅਰਥ ਲਿਖ ਆਏ ਹਾਂ:'ਮੈਂ ਰੋਕ ਲਵਾਂ'।

ਪਾਸੇ-ਪਾਸਾ, ਸਰੀਰ ਦਾ ਅੰਗ। ਸ਼ਲੇਖ ਹੈ।੨.ਪਾਸੇ=ਪੱਖ ਨੂੰ

ਕੰਚਨ ਵੰਨੇ ਪਾਸੇ ਕਲਵਤਿ ਚੀਰਿਆ-ਜੋ ਸੋਨੇ ਵਲ ਨੂੰ (ਲਗੇ ਰਹੇ ਉਨ੍ਹਾਂ ਦੇ) ਅੰਗ ਆਰੇ ਨਾਲ ਚੀਰੇ ਗਏ । ਕਲਵਤਿ- [ਸੰਸ:, ਕਰਪਤ੍ਰੰ। ਪ੍ਰਾ:, ਕਰਵਤ੍ਤੁ। ਹਿੰਦੀ, ਕਰਵਤ। ਪੰਜਾਬੀ, ਕਲਵਤ੍ਰ, ਕਲਵਤਿ]ਪ੍ਰਸਿਧ ਕਾਸ਼ੀ ਯਾ ਪ੍ਰਯਾਗ ਦਾ ਆਰਾ, ਜਿਸ ਹੇਠ ਬੈਠਕੇ ਆਪ ਚਿਰਵਾਂਦੇ ਸਨ , ਆਮ ਅਰਥ 'ਆਰੇ' ਦਾ ਲੀਤਾ ਜਾਂਦਾ ਹੈ।

ਹੈਯਾਤੀ- [ਅ:, ਹੱਯਾਤ=ਜ਼ਿੰਦਗੀ। ਜੀਵਨ] ਜੀਵਨ ਕਰਕੇ। ਉਮਰਾ ਕਰਕੇ। ਤੁਕ ਦਾ ਭਾਵ ਹੈ ਕਿ ਇਨਸਾਨੀ ਜੀਵਨ ਸਦੈਵੀ ਨਹੀ ਹੈ।

ਆਸਣਿ- [ਸੰਸ:, ਆਸਨਮੑ] ਬੈਠਣ ਦੀ ਸ਼ੈ। ਬੈਠਣ ਦਾ ਥਾਂ ਟਿਕਾਣਾ ਆਦਿ, ਗੱਦੀ ।

ਇਥੋਂ ਇਕ ਇਸ਼ਾਰਾ ਮਿਲਦਾ ਹੈ ਕਿ ਇਹ ਸ਼ਬਦ 'ਇਬ੍ਰਾਹੀਮ ਫਰੀਦ' ਦਾ ਲਿਖਿਆ ਹੈ, ਜੋ ਗੁਰੂ ਨਾਨਕ ਦੇਵ ਜੀ ਨੂੰ ਮਿਲਿਆ ਸੀ। ਇਹ ਫ਼ਰੀਦ ਸਾਨੀ* ਯਾ ਸਾਲਸ† ਬੀ ਕਹਾਉਂਦੇ ਸਨ‡।

ਇਸ ਤੁਕ ਵਿਚ ਉਹ ਘਰ ਦੀ ਗੱਲ ਕਰਦੇ ਹਨ ਜਿਸ ਗੱਦੀ ਤੇ ਮੈਂ ਬੈਠਾ ਹਾਂ ਕਿੰਨੇ ਅਗੇ ਬੈਠ ਗਏ ਹਨ। ਜੇ ਪਹਿਲੇ ਫਰੀਦ ਜੀ ਨੂੰ ਗਿਣੀਏ ਤਾਂ ਸ਼ੇਖ ਬ੍ਰਾਹਮ (ਇਬ੍ਰਾਹੀਮ) ਬਾਹਰਵੇਂ ਥਾਂ ਸੀ। ਸੋ ਕਿੰਨੇ ਹੀ ਪਹਿਲੋਂ ਫਰੀਦ ਗੱਦੀ ਤੇ ਬੈਠ ਚੁਕੇ ਸਨ।ਇਹ ਵਿਸ਼ਾ ਅਜੇ ਹੋਰ ਖੋਜ ਦਾ ਲੋੜਵੰਦ ਹੈ।

ਡਉ-ਬਨ ਅਗਨੀ। ਜੰਗਲਾਂ ਨੂੰ ਲੱਗੀ ਯਾ ਬੇਲਿਆਂ ਦੇ ਕਾਨੇ ਪਿਲਛੀਆਂ ਦੀ ਅੱਗ।

ਜਿਮੀ ਪੁਛੈ ਅਸਮਾਨ- ਇਹ ਵਾਕ ਅਲੰਕਾਰਕ ਹੈ ਕਿ ਮਰਕੇ ਰੂਹਾਂ ਜੋ ਸਰੀਰ ਛੋੜ ਗਈਆਂ ਓਹ ਉਡ ਅਸਮਾਨੇ ਗਈਆਂ, ਇਸ ਕਰਕੇ ਅਸਮਾਨ ਤੋਂ ਪੁਛ ਹੈ, ਉਹ ਕਹਿੰਦਾ ਹੈ ਜ਼ਿਮੀਏ ਤੇਰੇ ਹੀ ਵਿਚ ਕਬਰਾਂ ਵਿਚ ਪਏ ਸਮਾਂ ਕੱਟਦੇ ਹਨ ਤੇ ਪਛੋਤਾਵੇ ਵਿਚ ਹਨ, ਮੇਰੇ ਪਾਸ ਨਹੀਂ ਆਏ।ਭਾਵ ਐਉਂ ਬੀ ਲਈਦਾ ਹੈ ਕਿ ਮੁਰੀਦ ਪੀਰ ਨੂੰ ਪੁੱਛਦਾ ਹੈ।ਬਾਕੀ ਵੇਰਵਾ ਵਯਾਖਯਾ ਵਿਚ ਆ ਚੁਕਾ ਹੈ।

ਖੇਵਟ- [ਸੰਸ:, ਕੈਵਰ੍ਤ:। ਪ੍ਰਾ:, ਕੇਵਟ੍ਟ।ਹਿੰਦੀ, ਕੈਵਟ, ਕੇਵਟ। ਪੰਜਾ:, ਖੇਵਟ] ਮਲਾਹ।

ਸਰੀਰ ਰੂਪੀ ਬੇੜੀ ਨੂੰ ਟੋਰਨ ਵਾਲਾ (ਅ) ਰਹਿਬਰ ਚਾਹੋ ਰਾਜੇ ਆਦਿ, ਚਾਹੋ ਪੀਰ ਮੁਰਸ਼ਿਦ ਆਦਿ । ਵਿਸ਼ੇਸ਼ ਵਿਚਾਰ ਵਯਾਖਯਾ ਵਿਚ ਆ ਚੁਕੀ ਹੈ

ਗੋਰਾਂ- [ਫ਼ਾ:,] ਕਬਰਾਂ। ਉਲਾਮੇ-ਕੀਤੇ ਕਰਮਾਂ ਦੇ ਮਿਹਣੇ, ਪਛੁਤਾਵੇ।

[ਆਸਾ ਰਾਗ ਸਮਾਪਤ]

---

* ਦੂਸਰਾ।† ਤੀਸਰਾ। ‡ਇਨ੍ਹਾਂ ਦਾ ਦੇਹਾਂਤ ਸੰਮਤ ੧੬੧੦ ਬਿ: ਵਿਚ ਹੋਇਆ।

ੴ ਸਤਿਗੁਰ ਪ੍ਰਸਾਦਿ॥

ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ

ਪੋਥੀ	ਪੰਨੇ	ਪੰਨਾ ਸ੍ਰੀ ਗੁਰੂ ਗ੍ਰੰਥ ਸਾਹਿਬ	ਪਹਿਲੀ ਛਾਪ	ਦੂਜੀ ਛਾਪ	ਤੀਜੀ ਛਾਪ	ਚੌਥੀ ਛਾਪ	ਪੰਜਵੀ ਛਾਪ
1.	1–510	1–53	ਫਰਵਰੀ, 1958	ਨਵੰਬਰ, 1961	ਫਰਵਰੀ, 1992	ਜਨਵਰੀ, 1997	
2.	511–1034	53–150	ਅਕਤੂਬਰ, 1958	ਅਗਸਤ, 1963	ਜੂਨ, 1992	ਅਕਤੂਬਰ, 1997	
3.	1035–1550	151–242	ਅਗਸਤ, 1959	ਜਨਵਰੀ, 1968	ਅਗਸਤ, 1992	ਫਰਵਰੀ, 1998	ਜਨਵਰੀ, 2002
4.	1551–2052	242–333	ਅਕਤੂਬਰ, 1960	ਜਨਵਰੀ, 1972	ਫਰਵਰੀ, 1994	ਫਰਵਰੀ, 2000	
5.	2053–2550	333–407	ਅਪ੍ਰੈਲ, 1961	ਜੁਲਾਈ, 1974	ਦਸੰਬਰ, 1997		
6.	2551–3076	407–488	ਜੂਨ, 1962	ਜੁਲਾਈ, 1975	ਅਕਤੂਬਰ, 1992	ਜਨਵਰੀ, 1998	ਜਨਵਰੀ, 2002
7.	3077–3662	489–607	ਨਵੰਬਰ, 1962	ਫਰਵਰੀ, 1981	ਫਰਵਰੀ, 1994		

ਸੰਤ ਕਵੀ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਜੋ ਸੇਵਾ ਧਾਰਮਕ, ਸਾਹਿਤਕ, ਸਾਂਸਕ੍ਰਿਤਿਕ ਅਤੇ ਸਮਾਜਕ ਖੇਤਰ ਵਿੱਚ ਕੀਤੀ ਹੈ ਉਸਦਾ ਨਵੇਕਲਾ ਹੀ ਅਸਥਾਨ ਹੈ। ਉਨ੍ਹਾਂ ਦਾ ਸੰਦੇਸ਼ ਹਰ ਕੌਮ, ਦੇਸ਼ ਤੇ ਪ੍ਰਾਣੀ ਲਈ ਸਾਂਝਾ ਹੈ। ਸਰਬੱਤ ਦੇ ਭਲੇ ਲਈ, ਸਮਾਜਕ ਚੇਤਨਾ ਤੇ ਆਤਮਕ ਉੱਚਤਾ ਨੂੰ ਮੁੱਖ ਰੱਖਕੇ ਉਨ੍ਹਾਂ ਨੇ ਕਈ ਧਾਰਮਕ, ਵਿਦਿਅਕ, ਸਮਾਜਕ ਤੇ ਸਾਹਿਤਕ ਸੰਸਥਾਵਾਂ ਦੀ ਸਥਾਪਨਾ ਕੀਤੀ। ਜਿੱਥੇ ਉਨ੍ਹਾਂ ਨੂੰ ਨਵੀਨ ਪੰਜਾਬੀ ਸਾਹਿਤ ਦਾ ਪਿਤਾਮਾ ਮੰਨਿਆ ਜਾਂਦਾ ਹੈ ਉੱਥੇ ਉਨ੍ਹਾਂ ਦੀਆਂ ਸਰਬਪੱਖੀ ਸੇਵਾਵਾਂ ਸਦਕਾ ਉਨ੍ਹਾਂ ਨੂੰ ਪੰਜਾਬ ਦਾ ਛੇਵਾਂ ਦਰਿਆ ਕਿਹਾ ਜਾਂਦਾ ਹੈ।

ਸਿੱਖ ਪਰੰਪਰਾ ਤੇ ਧਾਰਮਕ ਬੁਨਿਆਦਾਂ ਦੇ ਅਧਾਰ ਤੇ ਗੁਰਬਾਣੀ ਦੀ ਗੂੜ੍ਹ ਵਿਆਖਿਆ ਰਚਿਤ ਭਾਈ ਸਾਹਿਬ ਦੇ ਸਾਹਿਤ ਨੇ ਸਿੱਖ ਕੌਮ ਨੂੰ ਸਦਾ ਹਲੂਣਾ ਦਿੱਤਾ ਅਤੇ ਚੜ੍ਹਦੀ ਕਲਾ ਵਲ ਜਾਣ ਦੀ ਪ੍ਰੇਰਨਾ ਦਿੱਤੀ। ਉਨ੍ਹਾਂ ਵਲੋਂ 1899 'ਚ ਜਾਰੀ ਕੀਤਾ ਸਪਤਾਹਿਕ ਖਾਲਸਾ ਸਮਾਚਾਰ ਇੱਕੋ-ਇੱਕ ਪੰਜਾਬੀ ਅਖਬਾਰ ਹੈ ਜੋ ਹੁਣ ਤਕ ਲਗਾਤਾਰ ਛਪ ਰਿਹਾ ਹੈ।

ਭਾਈ ਵੀਰ ਸਿੰਘ ਸਾਹਿਤ ਸਦਨ

ਭਾਈ ਵੀਰ ਸਿੰਘ ਮਾਰਗ, ਨਵੀਂ ਦਿੱਲੀ-110 001

ਫ਼ੋਨ : 3363510, ਫ਼ੈਕਸ : 3734347